ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

## ਸਟੀਕ

ਭਾਗ ਗਿਆਰ੍ਹਵਾਂ

ਡਾ. ਅਜੀਤ ਸਿੰਘ ਔਲਖ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਗਿਆਰ੍ਹਵੀ

੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਗਿਆਰ੍ਹਵੀ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੩)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 11th, Part IIIrd)

(Life of Sri Guru Gobind Singh Ji)

Translated by Dr. Ajit Singh Aulakh.

ISBN : 81-7601-852-X

ਪਹਿਲੀ ਐਡੀਸ਼ਨ ਜੂਨ 2007

(16 ਜੂਨ) 2 ਹਾੜ, ਬਾਬਤ ਨਾਨਕਸ਼ਾਹੀ ਸੰਮਤ 539

(ਸ਼ਹੀਦੀ ਜੋੜ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ)

ਭੇਟਾ : 550-00

ਗੁਰਇਤਿਹਾਸ ਵਿਚ ਕਈ ਥਾਵਾਂ ਤੇ ਕਵੀ ਜੀ ਦੇ ਲਿਖੇ ਨੂੰ ਇਤਿਹਾਸਕ ਪਖੋਂ ਠੀਕ ਨਹੀਂ ਮੰਨਿਆ ਜਾ ਸਕਦਾ, ਮਗਰ ਕਿਉਂਕਿ ਸਾਡੇ ਪਾਸ ਇਹੀ ਇਕ ਸਭ ਤੋਂ ਪੁਰਾਣਾ ਗੁਰਇਤਿਹਾਸ ਦਾ ਸਰੋਤ ਹੈ, ਇਸ ਲਈ ਕਈ ਪਦਾਂ ਦੇ ਅਸੀਂ ਅਰਥ ਕਰਨ ਤੋਂ ਹੀ ਅਸਮਰੱਥ ਰਹੇ ਹਾਂ। ਮਗਰ ਕਈ ਅਰਥ ਕੇਵਲ ਇਤਿਹਾਸ ਦੀ ਲੜੀ ਨੂੰ ਜੋੜਨ ਵਾਸਤੇ ਕੀਤੇ ਹਨ। ਇਸ ਅਸਮਰੱਥਾ ਵਾਸਤੇ ਅਸੀਂ ਖਿਮਾਂ ਦੇ ਜਾਚਕ ਹਾਂ।

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ/ਫੈਕਸ : 91-183-2542346, 2547974, 2557973

E.mail : csjs@vsnl.com, csjsexports@vsnl.com

Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਗਿਆਰ੍ਹਵੀਂ

## ਤਤਕਰਾ

### ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੩)

### ਛੇਵੀਂ ਰੁੱਤ


| ਪ੍ਰਸੰਗ | ਅਧਿਆਇ | ਪੰਨਾ |
|---|---|---|
| ਜੰਗ ਅਰੰਭ | ੯ | ੧੩ |
| ਜੰਗ ਜਾਰੀ | ੧੦ | ੧੯ |
| ਦੂਸਰੇ ਦਿਨ ਦਾ ਜੰਗ | ੧੧ | ੨੫ |
| ਰਾਤੀਂ ਵੈਰੀਆਂ ਦੀਆਂ ਸਲਾਹਾਂ, ਤੀਜੇ ਦਿਨ ਦਾ ਜੰਗ | ੧੨ | ੩੪ |
| ਸੂਬਿਆਂ ਨੇ ਤੋਪਾਂ ਚਲਾਉਣੀਆਂ | ੧੩ | ੪੧ |
| ਘੇਰਾ, ਗੁਰੂ ਜੀ ਨੇ ਤੀਰ ਚਲਾਉਣੇ | ੧੪ | ੪੮ |
| ਸਤਿਗੁਰੂ ਜੀ ਦੀ ਤੀਰ ਨਾਲ ਚਿੱਠੀ | ੧੫ | ੫੬ |
| ਸਿੰਘਾਂ ਦਾ ਰਾਤੀਂ ਹੱਲਾ | ੧੬ | ੬੩ |
| ਬਾਘਨ ਤੇ ਬਿੱਜਘੋਖ ਦੇ ਗੋਲੇ ਚਲਾਉਣੇ | ੧੭ | ੭੧ |
| ਘੇਰਾ ਜਾਰੀ, ਭਾਈ ਕਨ੍ਹੱਈਆ ਜੀ | ੧੮ | ੭੮ |
| ਵੈਰੀ ਦੀ ਫੌਜ ਦੇ ਬਜ਼ਾਰ ਵਿਚੋਂ ਰਸਦ ਲਿਆਂਦੀ | ੧੯ | ੮੫ |
| ਚੋਰ ਦੀ ਸ਼ਰ੍ਹਾ ਕੀਤਿਆਂ ਤੁਰਕ ਨਹੀਂ ਬਣਦਾ | ੨੦ | ੯੦ |
| ਧਨ ਜਾਣ ਤੇ ਸੋਗ ਨਾ ਕਰਨਾ, ਲੀਕਾਂ ਦਾ ਦ੍ਰਿਸ਼ਟਾਂਤ | ੨੧ | ੯੭ |
| ਵੈਰੀਆਂ ਦੇ ਜਲ ਰੋਕਣ ਤੇ ਫਿਰ ਜਾਰੀ ਕਰਨਾ | ੨੨ | ੧੦੩ |
| ਖਾਲਸੇ ਦੇ ਲੰਗਰ ਮਸਤਾਨੇ | ੨੩ | ੧੦੯ |
| ਇਕ ਸਿੱਖ ਨੇ ਪਾਰਸ ਭੇਟਾ ਕੀਤਾ | ੨੪ | ੧੧੬ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਮਾਤਾ ਜੀ ਦੀ ਸਿਫ਼ਾਰਸ਼ | ੨੫ | ੧੨੩ |
| ਪਹਾੜੀਆਂ ਨੇ ਇੱਟਾਂ ਪੱਥਰ ਖਜ਼ਾਨਾ ਜਾਣ ਕੇ ਲੁੱਟੇ | ੨੬ | ੧੨੯ |
| ਵਕੀਲ ਦਾ ਆਉਣਾ | ੨੭ | ੧੩੫ |
| ਅਨੰਦਪੁਰ ਛੱਡਣ ਦੀਆਂ ਸਲਾਹਾਂ, ਬਿਦਾਵਾ | ੨੮ | ੧੪੧ |
| ਮਾਤਾ ਜੀ ਤੇ ਸਿੰਘਾਂ ਦਾ ਨਿਕਲਣ ਹਿਤ ਕਹਿਣਾ | ੨੯ | ੧੪੮ |
| ਬਿਦਾਵਾ ਲਿਖਾਇਆ, ਨਿਕਲਣ ਦੀ ਤਿਆਰੀ | ੩੦ | ੧੫੫ |
| ਅਨੰਦਪੁਰ ਛੱਡਣਾ | ੩੧ | ੧੬੨ |
| ਪਿੱਛੋਂ ਪਹਾੜੀਆਂ ਤੇ ਸੂਬਿਆਂ ਨੇ ਆ ਪੈਣਾ, ਉਦੇ ਸਿੰਘ ਬੱਧ | ੩੨ | ੧੬੮ |
| ਭਾਈ ਜੀਵਨ ਸਿੰਘ ਬੱਧ | ੩੩ | ੧੭੭ |
| ਚਮਕੌਰ ਦੀ ਗੜ੍ਹੀ ਵਿਚ ਯੁੱਧ | ੩੪ | ੧੮੭ |
| ਚਮਕੌਰ ਵਿਚ ਸਾਵਧਾਨੀ | ੩੫ | ੧੯੬ |
| ਚਮਕੌਰ ਯੁੱਧ ਆਰੰਭ | ੩੬ | ੨੦੩ |
| ਚਮਕੌਰ ਗੜ੍ਹੀ ਵਿਚੋਂ ਨਿਕਲ ਕੇ ਸਿੰਘਾਂ ਦਾ ਜੂਝਣਾ | ੩੭ | ੨੧੦ |
| ਚਮਕੌਰ ਜੰਗ ਜਾਰੀ | ੩੮ | ੨੧੭ |
| ਬਾਬਾ ਅਜੀਤ ਸਿੰਘ ਜੀ ਦਾ ਯੁੱਧ | ੩੯ | ੨੨੪ |
| ਬਾਬਾ ਜੁਝਾਰ ਸਿੰਘ ਦਾ ਯੁੱਧ | ੪੦ | ੨੩੨ |
| ਪੰਥ ਨੂੰ ਗੁਰਤਾ, ਚਮਕੌਰ ਵਿਚੋਂ ਨਿਕਲਣਾ | ੪੧ | ੨੩੮ |
| ਮਾਛੀਵਾੜਾ | ੪੨ | ੨੪੫ |
| ਪਿੱਛੇ ਚਮਕੌਰ ਵਿਚ ਭਾਈ ਸੰਤ ਸਿੰਘ ਹੋਰਾਂ ਦਾ ਸ਼ਹੀਦ ਹੋਣਾ | ੪੩ | ੨੫੧ |
| ਤਿੰਨਾਂ ਸਿੰਘਾਂ ਦਾ ਗੁਰੂ ਜੀ ਨੂੰ ਮਿਲਣਾ, ਗੁਲਾਬੇ ਮਸੰਦ ਦੇ ਬਾਗ਼ ਵਿਚ ਡੇਰਾ | ੪੪ | ੨੫੬ |
| ਮਾਛੀਵਾੜਾ, ਵਾਰੀ | ੪੫ | ੨੬੨ |
| ਉੱਚ ਦੇ ਪੀਰਾਂ ਦੇ ਪੀਰ | ੪੬ | ੨੬੯ |
| ਕਰਦ ਭੇਟ, ਨੂਰਪੁਰੀਏ ਸੱਯਦ ਦੀ ਗਵਾਹੀ | ੪੭ | ੨੭੭ |
| ਮਾਲਵੇ ਪਹੁੰਚਣਾ, ਨਬੀ ਖਾਂ ਗ਼ਨੀ ਖਾਂ ਵਿਦਾ | ੪੮ | ੨੮੪ |
| ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ | ੪੯ | ੨੯੨ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਵਾਗੀ ਨੂਰੇ ਨੇ ਆ ਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ | ੫੦ | ੩੦੧ |
| ਮਾਹੀ ਨੇ ਸਾਕਾ ਸੁਨਾਉਣਾ | ੫੧ | ੩੧੦ |
| ਸਰਾਪ ਦੇਣਾ | ੫੨ | ੩੧੬ |
| ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ, ਦੀਨੇ ਪਹੁੰਚਣਾ | ੫੩ | ੩੨੩ |
| ਰਾਇ ਕੱਲ੍ਹੇ ਦੀ ਵੰਸ਼ ਦਾ ਹਾਲ | ੫੪ | ੩੩੦ |
| ਧਰਮ ਸਿੰਘ ਨੂੰ ਸ਼ਹੀਦ ਸਿੰਘ ਮਿਲਿਆ, ਸ਼ਮੀਰ | ੫੫ | ੩੩੮ |
| ਗੁਰੂ ਜੀ ਦਾ ਸੀਤ ਪ੍ਰਸਾਦ ਦੱਬ ਦਿੱਤਾ, | | |
| ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿਚ ਭੋਗਾਏ | ੫੬ | ੩੪੬ |
| ਸਿਰਹੰਦ ਵਾਸੀ ਦਿਆਲ ਦਾਸ ਨੂੰ ਵਰ, ਜ਼ਫਰਨਾਮਾ | ੫੭ | ੩੫੬ |
| ਜ਼ਫਰਨਾਮਾ ਭੇਜਣਾ, ਦੀਨਿਓਂ ਚੜ੍ਹਨਾ | ੫੮ | ੩੬੯ |


ਛੇਵੀਂ ਰੁੱਤ ਸਮਾਪਤ ਹੋਈ॥

## ਐਨ ਪਹਿਲਾ


| | | |
|---|---|---|
| ਮੰਗਲਾ ਚਰਨ, ਭਗਤਾ ਗਮਨ | ੧ | ੩੭੮ |
| ਭਾਈ ਬਹਿਲੋ ਦੀ ਵੰਸ਼, ਘੁੰਘਣੀਆ ਸਿੰਘ | ੨ | ੩੮੭ |
| ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ ਪਿੰਡਾਂ ਵਿਚ ਜਾਣਾ | ੩ | ੩੯੪ |
| ਕੋਟ ਕਪੂਰਾ | ੪ | ੪੦੩ |
| ਸਿਰਹੰਦ ਤੋਂ ਫੌਜ ਦੀ ਚੜ੍ਹਾਈ, ਢਿੱਲਵੀਂ ਕੋਲ ਪਾਸ | ੫ | ੪੦੯ |
| ਇਕ ਦਿਵਾਨੇ ਦਾ ਨਿਸਤਾਰਾ | ੬ | ੪੧੬ |
| ਖਿਦਰਾਣੇ ਵੱਲ ਨੂੰ ਚਲਣਾ, ਜੁਗਰਾਜ ਜੱਟ | ੭ | ੪੨੪ |
| ਮਾਝੇ ਦੇ ਸਿੰਘਾਂ ਦਾ ਬਿਦਾਵਾ | ੮ | ੪੩੦ |
| ਮਾਝੇ ਦੇ ਸਿੱਖਾਂ ਨੇ ਮੁੜ ਕੇ ਤੁਰਕਾਂ ਨਾਲ ਜੁੱਧ ਆਰੰਭਣਾ | ੯ | ੪੩੭ |
| ਤੁਰਕਾਂ ਨਾਲ ਖਿਦਰਾਣੇ ਜੰਗ | ੧੦ | ੪੪੪ |
| ਮਾਈ ਭਾਗੋ, ਤੁਰਕਾਂ ਦਾ ਪਿੱਛੇ ਮੁੜਨਾ | ੧੧ | ੪੫੧ |
| ਗੁਰੂ ਜੀ ਦੀਆਂ ਬਖਸ਼ਿਸ਼ਾਂ, ਮਹਾਂ ਸਿੰਘ ਨੂੰ ਵਰ | ੧੨ | ੪੫੭ |
| ਮਾਈ ਭਾਗੋ, ਚਿਰਜੀਵੀ ਨੂੰ ਤਾਰਨਾ | ੧੩ | ੪੬੪ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਖੇਸ ਦਾ ਭੇਸ, ਡੋਗਰਾਂ ਨੂੰ ਬਖਸ਼ਿਸ਼, ਬਾਜੀਦਪੁਰ | ੧੪ | ੪੭੧ |
| ਘੋਗੜ ਉਧਾਰ, ਹੁਕਮ ਨਾਥ | ੧੫ | ੪੭੮ |
| ਕਾਂ, ਸਰਪ ਉਧਾਰ; ਬੈਰਾੜਾਂ ਨੇ ਤਨਖਾਹਾਂ ਮੰਗਣੀਆਂ | ੧੬ | ੪੮੫ |
| ਬੈਰਾੜਾਂ ਨੂੰ ਤਨਖਾਹਾਂ ਦਿੱਤੀਆਂ, ਦਾਨ ਸਿੰਘ ਨੂੰ ਅੰਮ੍ਰਿਤ ਛਕਾਇਆ | ੧੭ | ੪੯੧ |
| ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਇਆ, ਦਿਵਾਨੇ ਨੂੰ ਬਖਸ਼ਿਸ਼ | ੧੮ | ੪੯੭ |
| ਸਫੈਦ ਸਰੋਵਰ, ਤਲਵੰਡੀ ਡੱਲੇ ਪਾਸ | ੧੯ | ੫੦੫ |
| ਡੱਲੇ ਪਾਸ ਬਾਹਰ ਡੇਰਾ, ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ | ੨੦ | ੫੧੩ |
| ਚੱਕੇ ਦੀ ਮਾਈ ਨੂੰ ਪੁੱਤਰਾਂ ਦੇ ਵਰ, ਭਾਈ ਭਗਤੂ ਵੰਸ਼ | ੨੧ | ੫੨੦ |
| ਗੋਦੜੀਆ ਸਿੰਘ, ਭਾਗੋ, ਡੱਲਾ ਤੇ ਵਜ਼ੀਰ ਖਾਂ ਦਾ ਪਰਵਾਨਾ | ੨੨ | ੫੨੬ |
| ਰਾਮ ਸਿੰਘ ਦੇ ਘਰ ਭਾਈ ਕੇ ਚੱਕ, ਦਿਆਲ ਦਾਸ | ੨੩ | ੫੩੩ |
| ਬਠਿੰਡੇ ਵਿਚੋਂ ਕਾਣਾ ਦੈਂਤ ਕੱਢਣਾ | ੨੪ | ੫੩੯ |
| ਸੱਸੀ ਦਾ ਗੀਤ, ਬਠਿੰਡੇ ਦੀ ਕਥਾ, ਦਿਆਲ ਦਾਸ ਬਖਸ਼ਿਆ | ੨੫ | ੫੪੬ |
| ਮੀਂਹ ਵਰਸਾਇਆ, ਤਾਪ ਹਟਾਇਆ | ੨੬ | ੫੫੪ |
| ਮੀਂਹ ਪਵਾਇਆ ਤੇ ਬੰਦ ਕਰਵਾਇਆ, ਭਾਈ ਭੂਲਣ ਸਿੰਘ | ੨੭ | ੫੬੧ |
| ਸੰਗਤ ਨੂੰ ਜੰਗ ਕਰਨੀ ਸਿਖਾਈ, ਡੱਲੇ ਨੂੰ ਅੰਮ੍ਰਿਤ ਛਕਾਉਣਾ | ੨੮ | ੫੬੮ |
| ਪਟਿਆਲਾ, ਨਾਭਾ ਅਤੇ ਜੀਂਦ ਦੇ ਵਡੇਰੇ | ੨੯ | ੫੭੫ |
| ਕਪੂਰੇ ਦੀ ਮੌਤ, ਧਰਤੀ ਸੱਚ ਤੇ ਖਲੋਤੀ ਹੈ | ੩੦ | ੫੮੧ |
| ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ | ੩੧ | ੫੮੭ |
| ਦੱਖਣ ਜਾਣ ਦੀ ਸਲਾਹ, ਅਭੈ ਰਾਮ, ਦੀਵਾਨੇ ਨੱਸੇ | ੩੨ | ੫੯੬ |
| ਡੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ | ੩੩ | ੬੦੪ |
| ਮਰੇ ਕਬੂਤਰ ਜਿਵਾਏ, ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼ | ੩੪ | ੬੧੩ |
| ਭਾਈ ਰਾਮ ਸਿੰਘ ਦਾ ਨੱਸਣਾ | ੩੫ | ੬੧੯ |
| ਦਾਦੂ ਦ੍ਵਾਰੇ ਬਿਬੇਕ | ੩੬ | ੬੨੬ |
| ਦਾਦੂ ਦ੍ਵਾਰੇ ਦੇ ਮਹੰਤ ਵਲੋਂ ਭੰਡਾਰਾ, ਭਾਈ ਦਇਆ ਸਿੰਘ ਜੀ ਵਾਪਸ ਆਏ | ੩੭ | ੬੩੩ |
| ਸਫਰ, ਬਘੌਰ ਵਿਚ ਡੇਰਾ | ੩੮ | ੬੩੯ |
| ਬਘੌਰ ਵਿਖੇ ਜੰਗ | ੩੯ | ੬੪੫ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਬਹਾਦਰ ਸ਼ਾਹ ਨਾਲ ਮੇਲ | ੪੦ | ੬੫੨ |
| ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ | ੪੧ | ੬੫੯ |
| ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ | ੪੨ | ੬੬੭ |
| ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ | ੪੩ | ੬੭੪ |
| ਮਾਤਾ ਜੀ ਨੂੰ ਉਪਦੇਸ਼, ਪਾਲਕ ਪੁੱਤਰ | ੪੪ | ੬੮੧ |
| ਮਥਰਾ, ਬੰਦਰ, ਪਵਿੱਤ੍ਰ ਜਲ ਨਿਰਣਾ | ੪੫ | ੬੮੭ |
| ਖਾਨਖਾਨਾ ਨੂੰ ਸੁਖੀ ਕੀਤਾ, ਸ਼ਾਹ ਨਾਲ ਮੇਲ | ੪੬ | ੬੯੪ |
| ਨੌਨਿਧ ਖੱਤ੍ਰੀ, ਕੇਸ਼ | ੪੭ | ੭੦੧ |
| ਖਾਨਖਾਨਾ, ਸੱਯਦ ਨੂੰ ਕਰਾਮਾਤ ਦਾ ਉੱਤਰ | ੪੮ | ੭੦੭ |
| ਬਹਾਦਰ ਸ਼ਾਹ ਨੂੰ ਸੁਮੱਤ, ਸਿੱਖ ਸੁਤਾ ਦਾ ਧਰਮ ਰੱਖਿਆ | ੪੯ | ੭੧੪ |
| ਬਹਾਦਰ ਸ਼ਾਹ ਨਾਲ ਸ਼ਿਕਾਰ ਖੇਡਣਾ | ੫੦ | ੭੨੦ |
| ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ | ੫੧ | ੭੨੬ |


ਪਹਿਲਾ ਐਨ ਸਮਾਪਤ ਹੋਇਆ॥

## ਐਨ ਦੂਜਾ


| | | |
|---|---|---|
| ਮੰਗਲਾਚਰਨ, ਬਹਾਦਰ ਸ਼ਾਹ ਦੀ ਚਤੌੜ 'ਤੇ ਚੜ੍ਹਾਈ | ੧ | ੭੩੩ |
| ਮਾਨ ਸਿੰਘ ਦਾ ਸ਼ਹੀਦ ਹੋਣਾ, ਬੁਰਹਾਨ ਪੁਰ ਪੁੱਜਣਾ | ੨ | ੭੩੯ |
| ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ | ੩ | ੭੪੪ |
| ਨਦੇੜ ਪਹੁੰਚੇ, ਆਪਣੀ ਜਗ੍ਹਾ ਦੇ ਚਿੰਨ੍ਹ ਦੱਸੇ | ੪ | ੭੫੦ |
| ਜ਼ਮੀਨ ਮੁੱਲ ਖਰੀਦੀ, ਬੰਦਾ ਮਿਲਾਪ | ੫ | ੭੫੭ |
| ਬੰਦੇ ਨੂੰ ਬਖਸ਼ਿਸ਼ | ੬ | ੭੬੩ |
| ਬੰਦਾ ਸਿੰਘ ਬਹਾਦਰ ਨੇ ਪੈਰ ਜਮਾਉਣੇ | ੭ | ੭੬੮ |
| ਬੰਦੇ ਸਿੰਘ ਦੀ ਜਿੱਤ, ਸਢੌਰਾ ਮਾਰਨਾ | ੮ | ੭੭੪ |
| ਵਜ਼ੀਰ ਖਾਂ ਨਾਲ ਮੁਕਾਬਲਾ | ੯ | ੭੮੦ |
| ਵਜ਼ੀਰ ਖਾਂ ਨੂੰ ਮਾਰਨਾ, ਸਰਹਿੰਦ ਨੂੰ ਉਜਾੜਨਾ | ੧੦ | ੭੮੬ |
| ਪਹਾੜੀਆਂ ਤੇ ਚੜ੍ਹਾਈ | ੧੧ | ੭੯੩ |
| ਬਾਬਾ ਬੰਦਾ ਸਿੰਘ ਦਾ ਹੋਰ ਹਾਲ | ੧੨ | ੭੯੯ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਬਾਦਸ਼ਾਹ ਨੇ ਮੁਆਫੀ ਮੰਗੀ | ੧੩ | ੮੦੬ |
| ਸ਼ਿਕਾਰ ਘਾਟ, ਨਗੀਨਾ ਘਾਟ | ੧੪ | ੮੧੨ |
| ਰਾਮ ਕੁਇਰ ਜੀ ਦਾ ਪਿੱਛੇ ਮੁੜਨਾ, ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ | ੧੫ | ੮੧੮ |
| ਹਿੰਦੂ ਤੁਰਕ ਮਤਿ ਦਾ ਮੁਕਾਬਲਾ, ਖਾਲਸਾ ਤੀਜਾ | ੧੬ | ੮੨੫ |
| ਗੁਲ ਖ਼ਾਂ ਪਠਾਣ | ੧੭ | ੮੩੧ |
| ਗੁਲ ਖਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ | ੧੮ | ੮੩੭ |
| ਜ਼ਖਮ ਸਿਊਣੇ | ੧੯ | ੮੪੪ |
| ਜ਼ਖਮ ਦੇ ਤੋਪੇ ਟੁੱਟੇ | ੨੦ | ੮੫੦ |
| ਸਤਿਗੁਰੂ ਜੀ ਵਲੋਂ ਉਪਦੇਸ਼ | ੨੧ | ੮੫੬ |
| ਜੋਤੀ ਜੋਤ ਸਮਾਉਣ ਦੀ ਤਿਆਰੀ | ੨੨ | ੮੬੩ |
| ਸੰਗਤ ਨੂੰ ਉਪਦੇਸ਼ | ੨੩ | ੮੬੯ |
| ਜੋਤੀ ਜੋਤ ਸਮਾਉਣਾ | ੨੪ | ੮੭੫ |
| ਇਕ ਸੰਤ ਨੂੰ ਦਰਸ਼ਨ, ਬਾਲੇ ਰਾਇ ਦੀ ਸਹਾਇਤਾ | ੨੫ | ੮੮੨ |
| ਦੋਹਾਂ ਮਾਤਾ ਸਾਹਿਬਾਂ ਨੂੰ ਖਬਰ, ਬੰਦਾ ਸਿੰਘ ਦਾ ਘੇਰੇ ਵਿਚ ਆਉਣਾ | ੨੬ | ੮੯੦ |
| ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ | ੨੭ | ੮੯੭ |
| ਅਜੀਤ ਸਿੰਘ ਪਾਲਕ ਪੁੱਤ੍ਰ | ੨੮ | ੯੦੩ |
| ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ | ੨੯ | ੯੦੯ |
| ਅਜੀਤ ਸਿੰਘ ਨੇ ਇਕ ਬੇਨਵਾ ਫਕੀਰ ਮਾਰਨਾ | ੩੦ | ੯੧੪ |
| ਬੇਨਵੇ ਦਿਵਾਨਿਆਂ ਦੀ ਪੁਕਾਰ, ਸ਼ਾਹੀ ਮੈਨਾ ਦਾ ਅਜੀਤ ਸਿਘ ਨੂੰ ਫੜਨ ਜਾਣਾ | ੩੧ | ੯੨੦ |
| ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ, ਮਾਤਾ ਜੀ ਮਥਰਾ ਆਏ | ੩੨ | ੯੨੬ |
| ਹਠੀ ਸਿੰਘ ਦੀ ਕਰਤੂਤ, ਮਾਤਾ ਜੀ ਫਿਰ ਦਿੱਲੀ ਆਏ | ੩੩ | ੯੩੨ |
| ਮਾਤਾ ਜੀ ਦਾ ਗੁਰਪੁਰੀ ਗਮਨ | ੩੪ | ੯੩੮ |
| ਗੁਲਾਬ ਰਾਇ, ਸ਼ਿਆਮ ਸਿੰਘ | ੩੫ | ੯੪੫ |
| ਅੰਤਮ ਮੰਗਲ | ੩੬ | ੯੫੧ |


☆☆☆

# ਦੋ ਸ਼ਬਦ

ਭਾਈ ਸੰਤੋਖ ਸਿੰਘ ਜੀ ਨੇ ਜਿਸ ਸਮੇਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਿਆ ਸੀ ਤਾਂ ਉਸ ਸਮੇਂ ਤਕ ਇਹ ਖੋਜ ਨਹੀਂ ਸੀ ਹੋਈ ਕਿ ਗੁਰੂ ਜੀ ਨੂੰ ਅਚਨਚੇਤ ਕਟਾਰ ਮਾਰਨ ਵਾਲਾ ਪਠਾਣ ਕੌਣ ਸੀ। ਭਾਈ ਸੰਤੋਖ ਸਿੰਘ ਉਸ ਪਠਾਣ ਦਾ ਨਾਮ ਗੁਲ ਖਾਂ ਦੱਸਦੇ ਹਨ ਤੇ ਇਹ ਤਾਈਦ ਕਰਦੇ ਹਨ ਕਿ ਉਹ ਪੈਂਦੇ ਖਾਂ ਦਾ ਪੋਤਰਾ ਸੀ, ਪਰ ਇਸ ਤੱਥ ਵਿਚ ਕਿਸੇ ਪ੍ਰਕਾਰ ਦੀ ਸਚਾਈ ਦਿਖਾਈ ਨਹੀਂ ਦਿੰਦੀ ਹੈ। ਭਾਈ ਵੀਰ ਸਿੰਘ ਜੀ ਇਸ ਬਾਰੇ ਲਿਖਦੇ ਹਨ, 'ਸਾਨੂੰ ਬੜਾ ਦੁਖ ਹੈ ਕਿ ਗੁਰੂ ਜੀ ਦੀ ਸ਼ਹਾਦਤ ਬਾਰੇ ਅਸਲ ਭੇਦ ਹੀ ਪ੍ਰਕਾਸ਼ ਵਿਚ ਨਹੀਂ ਆਇਆ ਹੈ। ਜਿਹੜੀ ਗੱਲ ਮਹਿਮਾ ਪ੍ਰਕਾਸ਼, ਗੁਰ ਬਿਲਾਸ ਅਤੇ ਸੂਰਜ ਪ੍ਰਕਾਸ਼ ਆਦਿਕਾਂ ਨੇ ਲਿਖੀ ਹੈ ਕਿ ਗੁਰੂ ਜੀ ਆਪ ਗੁਲ ਖਾਂ ਨੂੰ ਤਾਅਨੇ ਮਾਰ ਮਾਰ ਕੇ ਉਕਸਾਉਂਦੇ ਰਹੇ, ਇਹ ਕਿਸੇ ਪ੍ਰਕਾਰ ਵੀ ਕੋਈ ਠੋਸ ਗੱਲ ਨਹੀਂ ਹੈ। ਇਸ ਦਾ ਖੰਡਨ ਤਾਂ ਉਨ੍ਹਾਂ ਦੇ ਦਿੱਤੇ ਆਪਣੇ ਹਾਲ ਤੋਂ ਹੀ ਖੰਡਨ ਹੋ ਜਾਂਦਾ ਹੈ। ਜੇ ਗੁਰੂ ਜੀ ਨੇ ਪਠਾਣ ਬੱਚੇ ਨੂੰ ਆਪਣੇ ਕਤਲ ਬਾਰੇ ਆਪ ਉਕਸਾਇਆ ਸੀ ਤਾਂ ਫਿਰ ਜਦ ਉਸ ਦੀ ਕਟਾਰ ਦਾ ਵਾਰ ਚਲ ਗਿਆ ਤਾਂ ਫਿਰ ਗੁਰੂ ਜੀ ਨੇ ਉੱਠ ਕੇ ਉਸ ਨੂੰ ਆਪਣੀ ਤਲਵਾਰ ਨਾਲ ਕਿਉਂ ਪਾਰ ਬੁਲਾਇਆ, ਇਸ ਦਾ ਕੀ ਅਰਥ ਹੈ ? ਉਸ ਨੇ ਤਾਂ ਗੁਰੂ ਜੀ ਦੀ ਮਨਸ਼ਾ ਪੂਰੀ ਕੀਤੀ ਸੀ, ਉਸ ਨੂੰ ਤਾਂ ਗੁਰੂ ਜੀ ਵਲੋਂ ਇਨਾਮ ਦੇਣਾ ਚਾਹੀਦਾ ਸੀ, ਨਾ ਕਿ ਮਾਰ ਦੇਣਾ। ਮਾਰ ਦੇਣਾ ਤਾਂ ਉਸ ਵੇਲੇ ਹੋ ਸਕਦਾ ਹੈ ਜਦ ਕੋਈ ਅਚਾਨਕ ਵਾਰ ਕਰੇ ਤਾਂ ਸੂਰਮੇ ਦਾ ਹੱਥ ਸ਼ਸਤਰ ਤੇ ਉੱਠਦਾ ਹੈ ਤੇ ਮਾਰਨ ਵਾਲੇ ਉੱਪਰ ਵਾਰ ਕਰਦਾ ਹੈ। ਏਥੇ ਇਸ ਗੱਲ ਦਾ ਆਪੇ ਖੰਡਨ ਹੋ ਜਾਂਦਾ ਹੈ ਕਿ ਗੁਰੂ ਜੀ ਪੈਂਦੇ ਖਾਂ ਦੇ ਕਤਲ ਦਾ ਬਦਲਾ ਦੇ ਰਹੇ ਸਨ। ਬਦਲਾ ਕਾਹਦਾ ਸੀ ? ਮੈਦਾਨੇ-ਜੰਗ ਵਿਚ ਮਾਰਿਆਂ ਦਾ ਬਦਲਾ ਕਾਹਦਾ ? ਗੁਰੂ ਜੀ ਜੇ ਗੁਲ ਖਾਂ ਨੂੰ ਬਦਲਾ ਦੇਣਾ ਚਾਹੁੰਦੇ ਸਨ ਤਾਂ ਫਿਰ ਤਾਂ ਬਦਲਾ ਦਿੱਤਾ ਜਾ ਚੁਕਾ ਸੀ। ਹੁਣ ਉਨ੍ਹਾਂ ਨੂੰ ਗੁਲ ਖਾਂ ਨੂੰ ਮਾਰਨ ਦੀ ਕੀ ਲੋੜ ਸੀ। ਜਦ ਉਨ੍ਹਾਂ ਗੁਲ ਖਾਂ ਨੂੰ ਮਾਰ ਦਿੱਤਾ ਤਾਂ ਫਿਰ ਇਕ ਹੋਰ ਬਦਲਾ ਸਿਰ ਚੜ੍ਹ ਗਿਆ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਉਸ ਸਮੇਂ ਕਿਹੜਾ ਐਸਾ ਵਿਅਕਤੀ ਸੀ ਜਿਸ ਨੂੰ ਗੁਰੂ ਜੀ ਦੀ ਹਸਤੀ ਬੜੀ ਰੜਕਦੀ ਸੀ। ਸਿਰਹੰਦ ਦੇ ਸੂਬੇ ਨੇ ਗੁਰੂ ਜੀ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਕਤਲ ਕੀਤਾ ਸੀ। ਗੁਰੂ ਜੀ ਦੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਦੋਸਤੀ ਸੀ। ਗੁਰੂ ਜੀ ਕਿਸੇ ਸਮੇਂ ਵੀ ਬਹਾਦਰ ਸ਼ਾਹ ਨੂੰ ਕਹਿ ਕੇ ਸਿਰਹੰਦ ਦੇ ਸੂਬੇ ਨੂੰ ਸਜ਼ਾ ਦਿਵਾ ਸਕਦੇ ਸਨ। ਉਸ ਸਮੇਂ ਸਜ਼ਾ ਵੀ ਐਸੀ ਹੁੰਦੀ ਸੀ ਕਿ ਦੋਸ਼ੀ ਨੂੰ ਪੀੜਤ ਦੇ ਹਵਾਲੇ ਕਰ ਦਿੰਦੇ ਸਨ। ਇਸ ਲਈ ਵਜ਼ੀਰ ਖਾਂ ਨੂੰ ਹਰ ਸਮੇਂ ਆਪਣੀ ਮੌਤ ਸਾਹਮਣੇ ਦਿਖਾਈ ਦਿੰਦੀ ਸੀ। ਵਜ਼ੀਰ ਖਾਂ ਨੂੰ ਇਹ ਖ਼ਬਰ ਮਿਲ ਗਈ ਸੀ ਕਿ ਬਾਦਸ਼ਾਹ ਬਹਾਦਰ ਸ਼ਾਹ ਨੂੰ ਵਜ਼ੀਰ ਖਾਂ ਦੀਆਂ ਸਾਰੀਆਂ ਕਰਤੂਤਾਂ ਦਾ ਪਤਾ ਲੱਗ ਗਿਆ ਸੀ। ਮੁਗ਼ਲ ਬਾਦਸ਼ਾਹ ਸੂਬਿਆਂ ਨੂੰ ਵੱਡਾ ਭਾਰੀ ਦੰਡ ਦਿਆ ਕਰਦੇ ਸਨ। ਬਾਦਸ਼ਾਹ ਜਹਾਂਗੀਰ ਨੇ ਇਕ ਸੂਬੇ ਨੂੰ ਕਿਸੇ ਜ਼ੁਲਮ ਕਾਰਨ ਇਕ ਹਾਥੀ ਦੇ ਪੈਰਾਂ ਥੱਲੇ ਦਬਵਾ ਕੇ ਮਾਰ ਦਿੱਤਾ ਸੀ। ਇਸ ਲਈ ਵਜ਼ੀਰ ਖਾਂ ਹਰ ਵੇਲੇ ਇਹੋ ਸੋਚਦਾ ਰਹਿੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸੇ ਪ੍ਰਕਾਰ ਧੋਖੇ ਨਾਲ ਮਰਵਾ ਦਿੱਤਾ ਜਾਵੇ। ਉਸ ਦੇ ਬਚਾਅ ਦਾ ਇਹੋ ਇਕ ਵੱਡਾ ਇਲਾਜ ਸੀ। ਜਦ ਅਸੀਂ ਵਜ਼ੀਰ ਖਾਂ ਬਾਰੇ ਖੋਜ ਕਰ ਰਹੇ ਸੀ ਤਾਂ ਸਾਡੀ ਨਜ਼ਰ ਇਕ ਲਿਖਤੀ ਪੋਥੀ ਤੇ ਪਈ ਜਿਸ ਦਾ ਨਾਮ 'ਚਤੁਰਜੁਗੀ' ਹੈ। ਇਸ ਵਿਚ ਹੋਰ ਹਾਲ ਤਾਂ ਪਹਿਲਿਆਂ ਨਾਲ ਮਿਲਦੇ-ਜੁਲਦੇ ਹੀ ਦਿੱਤੇ ਸਨ, ਪਰ ਵਿਸਾਹਘਾਤੀ ਵਾਰ ਕਰਨ ਵਾਲੇ ਪਠਾਣ ਨੂੰ ਸਿਰਹੰਦੀ ਪਠਾਣ ਲਿਖਿਆ ਸੀ, ਜਿਸ ਤੋਂ ਇਹ ਲਿਖਤੀ ਪਤਾ ਮਿਲ ਗਿਆ ਕਿ ਇਹ ਪਠਾਣ ਸਿਰਹੰਦ ਤੋਂ ਗਿਆ ਸੀ। ਓਥੇ ਦੱਸਿਆ ਹੈ ਕਿ ਪਹਿਲਾਂ ਇਹ ਪਠਾਣ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਪਾਸ ਗਿਆ ਤੇ ਉਨ੍ਹਾਂ ਪਾਸੋਂ ਗੁਰੂ ਜੀ ਬਾਰੇ ਸਾਰੀ ਪੁੱਛ ਪੜਤਾਲ ਕੀਤੀ। ਪਠਾਣ ਸਿਰਹੰਦ ਤੋਂ ਆਇਆ ਹੈ ਤੇ ਉਹ ਗੁਰੂ ਜੀ ਦਾ ਪੁਰਾਣਾ ਭਰੋਸੇਯੋਗ ਮਿੱਤਰ ਵੀ ਹੈ। ਕਾਤਲ ਦੇ ਇਸ ਯਤਨ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਡੇ ਦਿਲ ਨਾਲ ਨਹੀਂ ਬਲਕਿ ਇਕ ਸੋਚੀ ਸਮਝੀ ਸਾਜ਼ਿਸ਼ ਸੀ ਤੇ ਉਸ ਸਾਜ਼ਿਸ਼ ਦਾ ਅਸਲ ਟਿਕਾਣਾ ਸਿਰਹੰਦ ਸੀ।

ਇਹ ਪਠਾਣ ਪਹਿਲਾਂ ਦਿੱਲੀ ਜਾਂਦਾ ਹੈ, ਜਦ ਇਹ ਦਿੱਲੀ ਜਾ ਕੇ ਮਾਤਾ ਜੀ ਤੋਂ ਪੁੱਛਦਾ ਹੈ ਤਾਂ ਏਥੋਂ ਪਤਾ ਲੱਗਦਾ ਹੈ ਕਿ ਆਪਣੇ ਇਰਾਦੇ ਵਿਚ ਕਾਮਯਾਬ ਹੋਣ ਲਈ ਇਹ ਤਸੱਲੀਬਖ਼ਸ਼ ਟਿਕਾਣੇ ਤੋਂ ਪਤਾ ਲੈਣਾ ਚਾਹੁੰਦਾ ਹੈ। ਜਦ ਇਹ ਨੰਦੇੜ ਪਹੁੰਚਦਾ ਹੈ ਤਾਂ ਵਾਰ ਕਰਨ ਦਾ ਦਾਅ ਲਭਦਾ ਰਹਿੰਦਾ ਹੈ। ਕੋਈ ਵੱਡਾ ਇਤਬਾਰੀ ਹੋਣ ਕਰਕੇ ਹੀ ਗੁਰੂ ਜੀ ਇਸ ਨੂੰ ਆਪਣੇ ਨੇੜੇ ਆਉਣ ਤੋਂ ਨਹੀਂ ਰੋਕਦੇ ਸਨ।

ਪ੍ਰੋ: ਕਰਤਾਰ ਸਿੰਘ ਜੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਿਰਹੰਦ ਦੇ ਸੂਬੇ ਨੇ ਇਕ ਨੌਜਵਾਨ ਪਠਾਣ ਦੀ ਇਸ ਬਾਰੇ ਜ਼ਿੰਮੇਵਾਰੀ ਲਾਈ ਸੀ। ਉਹ ਪਠਾਣ ਪਹਿਲਾਂ ਦਿੱਲੀ ਗਿਆ ਤੇ ਮਾਤਾ ਸੁੰਦਰੀ ਜੀ ਨੂੰ ਮਿਲ ਕੇ ਉਸ ਨੇ ਗੁਰੂ ਜੀ ਦੇ ਟਿਕਾਣੇ ਦਾ ਚੰਗੀ ਤਰ੍ਹਾਂ ਪਤਾ ਕੀਤਾ ਸੀ। ਅਬਚਲ ਨਗਰ (ਨੰਦੇੜ) ਪਹੁੰਚ ਕੇ ਉਹ ਗੁਰੂ ਜੀ ਨੂੰ ਕਤਲ ਕਰਨ ਦੇ ਉਦੇਸ਼ ਨਾਲ ਦਰਬਾਰ ਦੇ ਵਿਚ ਪੁੱਜਾ। ਪਰ ਉਥੇ ਜਾ ਕੇ ਉਸ ਵੇਖਿਆ ਕਿ ਗੁਰੂ ਜੀ ਦੇ ਇਰਦ-ਗਿਰਦ ਬਹੁਤ ਸਿੱਖ ਬੈਠੇ ਸਨ। ਇਸ ਕਰਕੇ ਪਹਿਲੇ ਦਿਨ ਉਹ ਨਿਰਾਸ਼ ਹੋ ਕੇ ਵਾਪਿਸ ਆ ਗਿਆ। ਉਹ ਫਿਰ ਹਰ ਰੋਜ਼ ਸਤਿਗੁਰੂ ਜੀ ਦੇ ਦਰਬਾਰ ਵਿਚ ਜਾਣ ਲੱਗ ਗਿਆ। ਕਿਸੇ ਪ੍ਰਕਾਰ ਦਾ ਕੋਈ ਸ਼ੱਕ ਉਤਪੰਨ ਨਾ ਹੋਇਆ। ਉਹ ਪਠਾਣ ਪੰਜਾਬ ਵਿਚ ਪਹਿਲਾਂ ਵੀ ਗੁਰੂ ਜੀ ਨੂੰ ਮਿਲ ਚੁਕਾ ਸੀ ਤੇ ਉਸ ਨੇ ਗੁਰੂ ਜੀ ਦਾ ਬਹੁਤ ਆਦਰ ਸਨਮਾਨ ਕੀਤਾ ਸੀ। ਨੰਦੇੜ ਵਿਖੇ ਉਸ ਸਮੇਂ ਗੁਰੂ ਜੀ ਦੇ ਨਾਲ ਹੋਰ ਵੀ ਬਹੁਤ ਮੁਸਲਮਾਨ ਰਹਿੰਦੇ ਸਨ। ਉਹ ਰੋਜ਼ ਆਉਣ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਿਆ ਕਿ ਸ਼ਾਮ ਦਾ ਸਮਾਂ, ਇਸ ਕਾਰਜ ਵਾਸਤੇ ਬੜਾ ਢੁਕਵਾਂ ਸਮਾਂ ਸੀ। ਫਿਰ ਇਕ ਦਿਨ ਉਹ ਆਪਣੇ ਦੋ ਸਾਥੀਆਂ ਨਾਲ ਆਇਆ। ਗੁਰੂ ਜੀ ਨੇ ਪਠਾਣ ਉੱਪਰ ਕਿਸੇ ਪ੍ਰਕਾਰ ਦਾ ਵੀ ਸ਼ੱਕ ਨਾ ਕੀਤਾ। ਗੁਰੂ ਜੀ ਨੇ ਪਠਾਣ ਨੂੰ ਆਪਣੇ ਪਾਸ ਬਿਠਾਇਆ ਤੇ ਉਸ ਨੂੰ ਖਾਣ ਵਾਸਤੇ ਕੜਾਹ ਪ੍ਰਸ਼ਾਦਿ ਦਿੱਤਾ, ਜਿਸ ਨੂੰ ਪਠਾਣ ਤੁਰੰਤ ਖਾ ਗਿਆ। ਬਹੁਤੇ ਸਿੱਖ ਰਾਤ ਪੈਣ ਕਰਕੇ ਆਪਣੇ-ਆਪਣੇ ਟਿਕਾਣਿਆਂ 'ਤੇ ਚਲੇ ਗਏ ਸਨ। ਇਕੋ ਇਕ ਸਿੱਖ ਜਿਹੜਾ ਗੁਰੂ ਜੀ ਦੇ ਪਾਸ ਸੀ, ਉਹ ਸੁੱਤਾ ਪਿਆ ਸੀ। ਇਹ ਪਠਾਣ ਵਾਸਤੇ ਵੱਡਾ ਨਾਦਰ ਮੌਕਾ ਸੀ। ਬੜੇ ਜ਼ੋਰ ਨਾਲ ਉਹ ਆਪਣੇ ਪੈਰਾਂ 'ਤੇ ਉੱਛਲਿਆ ਤੇ ਕਟਾਰ ਕੱਢ ਕੇ ਉਸ ਗੁਰੂ ਜੀ ਦੇ ਪੇਟ ਵਿਚ ਖੋਭ ਦਿੱਤੀ। ਗੁਰੂ ਜੀ ਦੇ ਉੱਠਣ ਤੋਂ ਪਹਿਲਾਂ, ਪਠਾਣ ਨੇ ਇਕ ਵਾਰ ਫਿਰ ਹਮਲਾ ਕਰਨ ਦਾ ਫੈਸਲਾ ਕੀਤਾ। ਪਰ ਗੁਰੂ ਜੀ ਨੇ ਤਲਵਾਰ ਦਾ ਇਕ ਵਾਰ ਕਰਕੇ ਉਸ ਪਠਾਣ ਦਾ ਸਿਰ ਕੱਟ ਦਿੱਤਾ ਸੀ। ਫਿਰ ਗੁਰੂ ਜੀ ਨੇ ਸਿੱਖਾਂ ਨੂੰ ਆਵਾਜ਼ ਦਿੱਤੀ। ਰਾਤ ਦੇ ਸਮੇਂ ਗੁਰੂ ਜੀ ਦੇ ਆਵਾਜ਼ ਦੇਣ ਨਾਲ ਸਿੱਖ ਘਬਰਾਏ ਹੋਏ ਭੱਜੇ ਆਏ। ਪਠਾਣ ਦੇ ਦੋ ਸਾਥੀ ਜਿਹੜੇ ਬਾਹਰ ਬੈਠੇ ਸਨ ਉਨ੍ਹਾਂ ਨੇ ਹੁਣ ਭੱਜ ਜਾਣ ਦੀ ਕੋਸ਼ਿਸ਼ ਕੀਤੀ। ਪਰ ਉਹ ਫੜੇ ਗਏ ਤੇ ਸਿੰਘਾਂ ਹੱਥੋਂ ਕਤਲ ਹੋ ਗਏ। ਉਸ ਸਮੇਂ ਤੱਕ ਕਿਸੇ ਨੇ ਵੀ ਇਹ ਸ਼ੱਕ ਨਾ ਕੀਤਾ ਕਿ ਗੁਰੂ ਜੀ ਜ਼ਖਮੀ ਹੋ ਗਏ ਹਨ। ਸਿੱਖਾਂ ਨੂੰ ਕੇਵਲ ਉਸ ਸਮੇਂ ਹੀ ਪਤਾ ਲੱਗਾ ਜਦ ਗੁਰੂ ਜੀ ਉੱਠੇ ਤੇ ਉਨ੍ਹਾਂ ਦੇ ਪੇਟ ਵਿਚੋਂ ਲਹੂ ਵਗਦਾ ਵੇਖਿਆ। ਇਹ ਵੇਖ ਕੇ ਸਾਰੇ ਬਹੁਤ ਦੁਖੀ ਹੋਏ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਫਿਕਰ ਵਾਲੀ ਕੋਈ ਗੱਲ ਨਹੀਂ ਹੈ। ਉਸ ਸਮੇਂ ਜ਼ਖਮਾਂ ਨੂੰ ਸਾਫ ਕਰਕੇ ਸੀਤਾ ਗਿਆ। ਪਰ ਜਦ ਗੁਰੂ ਜੀ ਥੋੜ੍ਹੇ ਜੇਹੇ ਉਠੇ ਤਾਂ ਧਾਗੇ ਟੁੱਟ ਗਏ। ਜ਼ਖਮ ਦੁਬਾਰਾ ਸੀਤੇ ਗਏ। ਜ਼ਖਮਾਂ ਨੂੰ ਫਿਰ ਮਲ੍ਹਮ ਲਾ ਕੇ ਪੱਟੀ ਕਰ ਦਿੱਤੀ ਗਈ। ਤਿੰਨ ਚਾਰ ਦਿਨ ਤੱਕ ਗੁਰੂ ਜੀ ਬਿਸਤਰੇ ਤੋਂ ਨਾ ਉਠੇ। ਦੂਰ ਨੇੜੇ ਤੋਂ ਬਹੁਤ ਸਿੱਖ ਆਉਂਦੇ ਸਨ ਤੇ ਉਹ ਗੁਰੂ ਜੀ ਦੀ ਸਿਹਤ ਬਾਰੇ ਬਹੁਤ ਫਿਕਰਮੰਦ ਸਨ। ਉਹ ਇਹ ਸੁਣਨ ਵਾਸਤੇ ਬਹੁਤ ਉਤਾਵਲੇ ਸਨ ਕਿ ਗੁਰੂ ਜੀ ਖਤਰੇ ਤੋਂ ਬਾਹਰ ਸਨ। ਉਨ੍ਹਾਂ ਸਿੱਖਾਂ ਦੇ ਬਹੁਤ ਬੇਨਤੀਆਂ ਕਰਨ ਤੇ ਗੁਰੂ ਜੀ ਨੇ ਦਰਬਾਰ ਵਿਚ ਆਉਣਾ ਮੰਨ ਲਿਆ। ਆਪਣੇ ਮਾਲਕ ਨੂੰ ਦਰਬਾਰ ਵਿਚ ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋਏ। ਇਕ ਦਿਨ ਗੁਰੂ ਜੀ ਨੇ ਸਾਰੀ ਸੰਗਤ ਨੂੰ ਬੁਲਾਇਆ ਤੇ ਉਥੇ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਵਾਸਤੇ ਕਿਹਾ। ਤਲਵੰਡੀ ਸਾਬੋ ਵਿਖੇ ਇਕ ਸਰੂਪ ਦੀ ਸੰਪਾਦਨਾ ਕਰਕੇ ਉਹ ਆਪਣੇ ਨਾਲ ਨੰਦੇੜ ਲੈ ਕੇ ਗਏ ਸਨ। ਉਸ ਸਰੂਪ ਦੇ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਉਨ੍ਹਾਂ ਨੇ ਮੱਥਾ ਟੇਕਿਆ। ਉਨ੍ਹਾਂ ਫਿਰ ਸੰਗਤਾਂ ਨੂੰ ਦੱਸਿਆ ਕਿ ਅੱਜ ਤੋਂ ਤੁਹਾਡਾ ਸ਼ਬਦੀ ਗੁਰੂ ਗ੍ਰੰਥ ਸਾਹਿਬ ਹੈ, ਜਿਹੜਾ ਵੀ ਪ੍ਰਭੂ ਨੂੰ ਪਾਉਣਾ ਚਾਹੇਗਾ ਤੇ ਮੋਹ ਮਾਇਆ ਅਹੰਕਾਰ ਦੇ ਭਵਸਾਗਰ ਨੂੰ ਤਰਨਾ ਚਾਹੇਗਾ, ਉਹ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਏ ਸ਼ਬਦ ਦੇ ਅਭਿਆਸ ਨਾਲ ਪਾਰ ਹੋ ਜਾਵੇਗਾ।

ਉਨ੍ਹਾਂ ਕਿਹਾ ਜਿਹੜਾ ਵੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇਗਾ ਉਸ ਨੂੰ ਗੁਰੂ ਸਾਹਿਬ ਦੇ ਭਰਪੂਰ ਦਰਸ਼ਨ ਹੋਣਗੇ। ਅੱਜ ਵੀ ਅਰਦਾਸ ਵੇਲੇ ਅਸੀਂ ਗੁਰੂ ਜੀ ਦੇ ਆਦੇਸ਼ ਵਾਲੇ ਉਹ ਵਾਕ ਪੜ੍ਹਦੇ ਹਾਂ, ਜਿਨ੍ਹਾਂ ਵਿਚ ਸਤਿਗੁਰੂ ਜੀ ਵਲੋਂ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਆਗਿਆ ਹੋਈ ਹੈ :-

*"ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥*
*ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*
*ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈ ਲੇਹ॥"*

—ਡਾ: ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਗਿਆਰ੍ਹਵੀਂ

### ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੩)

ਛੇਵੀਂ ਰੁੱਤ

## ਅਧਿਆਇ ਨੌਵਾਂ

ਜੰਗ ਆਰੰਭ

ਦੋਹਰਾ-ਪੁਰਿ ਸਿਰੰਦ ਤੇ ਚਢਿ ਚਲ੍ਯੋ ਲਸ਼ਕਰ ਬਡੋ ਬਟੋਰਿ।
ਖਾਨ ਵਜੀਦਾ ਕ੍ਰੋਧਕੈ ਗਮਨਿ ਅਨੰਦਪੁਰਿ ਓਰ॥ ੧॥

ਵਜੀਦ ਖਾਂ ਸਰਹੰਦ ਤੋਂ ਵੱਡਾ ਲਸ਼ਕਰ ਇਕੱਠਾ ਕਰਕੇ ਚੜ੍ਹਾਈ ਕਰਕੇ ਬੜੇ ਕ੍ਰੋਧ ਵਿਚ ਆ ਕੇ ਅਨੰਦਪੁਰ ਵੱਲ ਚਲ ਪਿਆ ਹੈ॥ ੧॥

ਚੌਪਈ-ਸੰਗ ਚਾਰ ਸੈ ਅਰੁ ਪੰਚਾਸ। ਬਜੇ ਨਗਾਰੇ ਧੁਨਿ ਬਡ ਤ੍ਰਾਸ।
ਇਤਨੇ ਹੀ ਨਿਸ਼ਾਨ ਫਹਿਰਾਇ। ਨਿਜ ਨਿਜ ਮਿਸਲਨਿ ਅੱਗ੍ਰ ਚਲਾਇ॥੨॥

ਉਸ ਦੇ ਪਾਸ ਚਾਰ ਸੌ ਪੰਜਾਹ ਨਗਾਰੇ ਸਨ, ਜਿਹੜੇ ਬੜੇ ਉੱਚੀ ਧੁਨ ਵਿਚ ਵੱਜੇ। ਏਨੇ ਹੀ ਝੰਡੇ ਝੂਲ ਰਹੇ ਸਨ ਤੇ ਆਪਣੀਆਂ ਆਪਣੀਆਂ ਮਿਸਲਾਂ ਦੇ ਅੱਗੇ-ਅੱਗੇ ਲੈ ਕੇ ਚਲੇ ਜਾ ਰਹੇ ਹਨ॥ ੨॥

ਪੈਦਲ ਚਲਤਿ ਤੁਫੰਗ ਸੰਭਾਰੇ। ਤਜਾਰ ਤੁਰੰਗਮ ਪਰ ਅਸਵਾਰੇ।
ਤੋਪੈਂ ਚਲੀ ਅਨੇਕ ਪ੍ਰਕਾਰੀ। ਉਮਡ੍ਯੋ ਦਲ ਜਲ ਸਮ ਬਹੁ ਬਾਰੀ॥੩॥

ਪੈਦਲ ਸੈਨਾ ਬੰਦੂਕਾਂ ਸੰਭਾਲ ਕੇ ਜਾ ਰਹੀ ਸੀ, ਘੋੜ ਸਵਾਰ ਸੈਨਾ ਤਿਆਰ ਹੋ ਕੇ ਘੋੜਿਆਂ ਤੇ ਸਵਾਰ ਹੋ ਕੇ ਜਾ ਰਹੀ ਸੀ। ਅਨੇਕ ਪ੍ਰਕਾਰ ਦੀਆਂ ਤੋਪਾਂ ਚੱਲੀਆਂ ਤੇ ਬਹੁਤ ਵੱਡਾ ਦਲ ਸਮੁੰਦਰ ਦੇ ਜਲ ਵਾਂਗ ਠਾਠਾਂ ਮਾਰਦਾ ਚਲ ਪਿਆ॥ ੩॥

ਦੁੰਦਭਿ ਬਜਹਿਂ, ਪਟਹਿ, ਸ਼ਰਨਾਈ। ਰਣਸਿੰਘੇ ਬਾਜਹਿਂ ਸਮੁਦਾਈ।
ਮਹਾਂ ਕੁਲਾਹਲ ਚਾਲਤਿ ਹੋਵਾ। ਉਡੀ ਧੂਲ ਨਹਿਂ ਸੂਰਜ ਜੋਵਾ॥੪॥

ਛੋਟੇ ਨਗਾਰੇ ਦੁਦੰਭੀਆਂ ਵੱਜ ਰਹੀਆਂ ਸਨ। ਪਟਾਕੇ, ਸ਼ਹਿਨਾਈਆਂ, ਰਣਸਿੰਘੇ ਆਦਿ ਇਕੱਠੇ ਹੀ ਵੱਜ ਰਹੇ ਸਨ। ਚਲਦਿਆਂ ਮਹਾਨ ਰੌਲਾ ਮੱਚਿਆ ਹੋਇਆ ਸੀ। ਏਨੀ ਧੂੜ ਉੱਡਦੀ ਸੀ ਕਿ ਸੂਰਜ ਵਿਖਾਈ ਨਹੀਂ ਸੀ ਦੇ ਰਿਹਾ॥ ੪॥

ਕੈ ਘਨ ਘਟਾ ਬਿਥਰਿ ਕਰਿ ਚਾਲੀ। ਸ਼ਸਤ੍ਰ ਦਮੰਕਤਿ ਛਟਾ ਬਿਸਾਲੀ।
ਬਡੋ ਰੌਰ ਭਾ ਮਾਰਗ ਮਾਂਹੀ। ਕਹੀ ਬਾਤ ਸੁਨਿਯਤਿ ਕੁਛ ਨਾਂਹੀ॥੫॥

ਮਾਨੋ ਬੱਦਲ ਦੀ ਘਟਾ ਫੈਲ ਕੇ ਚਲ ਰਹੀ ਸੀ। ਹੱਥਾਂ ਵਿਚ ਫੜੇ ਹੋਏ ਸ਼ਸਤਰ ਬਿਜਲੀ ਵਾਂਗ ਚਮਕ ਰਹੇ ਸਨ। ਕਹੀ ਹੋਈ ਗੱਲ ਕਿਸੇ ਪ੍ਰਕਾਰ ਵੀ ਸੁਣਾਈ ਨਹੀਂ ਸੀ ਦਿੰਦੀ, ਰਾਹ ਦੇ ਵਿਚ ਵੱਡਾ ਰੌਲਾ ਮਚਿਆ ਹੋਇਆ ਸੀ॥ ੫॥

ਕੈ ਜਲ ਉਮਡਯੋ ਬਡੋ ਸਮੁੱਦ੍ਰ। ਬੰਧੇ ਟੋਲ ਤਰੰਗ ਅਛੁੱਦ੍ਰ।
ਗਨ ਦੇਸ਼ਨਿ ਕੇ ਆਯੁਧਧਾਰੀ। ਕਹੇ ਸ਼ਾਹ ਉਮਡੇ ਇਕ ਵਾਰੀ॥ ੬॥

ਮਾਨੋ ਸਮੁੰਦਰ ਦਾ ਜਲ ਉਮਡ ਕੇ ਆ ਰਿਹਾ ਸੀ ਤੇ ਫੌਜ ਦੇ ਬੰਨ੍ਹੇ ਹੋਏ ਟੋਲੇ ਸਮੁੰਦਰ ਦੀਆਂ ਵੱਡੀਆਂ ਤਰੰਗਾਂ ਹਨ। ਬਹੁਤ ਦੇਸ਼ਾਂ ਦੇ ਸ਼ਸਤਰਧਾਰੀ ਯੋਧੇ ਬਾਦਸ਼ਾਹ ਦੇ ਕਹਿਣ ਤੇ ਇਕੋ ਵਾਰ ਉਮਡ ਕੇ ਆ ਗਏ॥ ੬॥

ਜਥਾ ਇੰਦ੍ਰ ਕੀ ਆਗਜਾ ਪਾਇ। ਨਭ ਮਹਿਂ ਚਲੇ ਮੇਘ ਸਮੁਦਾਇ।
ਕਰਤੇ ਮਜ਼ਲ ਸਿਵਰ ਕੋ ਪਾਵੈਂ। ਹਿਤ ਅਰਾਮ ਕੇ ਨਿਸਾ ਬਿਤਾਵੈਂ॥ ੭॥

ਮਾਨੋ ਇੰਦਰ ਦੀ ਆਗਿਆ ਪਾ ਕੇ ਆਕਾਸ਼ ਵਿਚ ਬੱਦਲ ਚਲੇ ਆ ਰਹੇ ਹੋਣ। ਇਕ ਮੰਜ਼ਲ ਤੈਅ ਕਰਕੇ ਡੇਰਾ ਲਾ ਲੈਂਦੇ ਹਨ ਤੇ ਆਰਾਮ ਕਰਨ ਵਾਸਤੇ ਰਾਤ ਬਤੀਤ ਕਰਦੇ ਹਨ॥ ੭॥

ਰੋਪਰ ਉਲੰਘਿ ਸਿਰੰਦੀ ਲਸ਼ਕਰ। ਉਤਰਯੋ ਸਿਵਰ ਅੱਗ੍ਰ ਕੁਛ ਹ੍ਵੈ ਕਰਿ।
ਜ਼ਬਰਦਸਤ ਖਾਂ ਲਵਪੁਰਿ ਤਜਾਗਾ। ਗਮਨਯੋ ਲਰਨ ਜੰਗ ਅਨੁਰਾਗਾ॥ ੮॥

ਰੋਪੜ ਲੰਘ ਕੇ ਸਿਰਹੰਦੀ ਲਸ਼ਕਰ ਨੇ ਕੁਝ ਅੱਗੇ ਜਾ ਕੇ ਡੇਰਾ ਲਾ ਲਿਆ। ਉਧਰ ਲਾਹੌਰ ਦੇ ਸੂਬੇ ਜ਼ਬਰਦਸਤ ਖਾਂ ਨੇ ਲਾਹੌਰ ਸ਼ਹਿਰ ਨੂੰ ਛੱਡਿਆ ਤੇ ਬੜੇ ਪ੍ਰੇਮ ਨਾਲ ਲੜਾਈ ਕਰਨ ਵਾਸਤੇ ਚਲ ਪਿਆ॥ ੮॥

ਪੈਦਲ ਗਨ ਤੁਰੰਗਨਿ ਕੀ ਸੈਨਾ। ਚਲੇ ਸ਼ੀਘ੍ਰ ਛਾਈ ਰਜ ਗੈਨਾ।
ਤੋਪੈਂ ਤੁਪਕ ਅਨੇਕ ਪ੍ਰਕਾਰੇ। ਲੇ ਕਰਿ ਚਢਯੋ ਕਟਕ ਭਟ ਭਾਰੇ॥ ੯॥

ਬਹੁਤ ਵੱਡੀ ਪੈਦਲ ਅਤੇ ਘੋੜ ਸਵਾਰ ਸੈਨਾ ਨਾਲ ਸੀ, ਬੜੇ ਤੇਜ਼ੀ ਨਾਲ ਚਲ ਪਏ, ਜਿਨ੍ਹਾਂ ਦੇ ਕਦਮਾਂ ਦੀ ਧੂੜ ਉੱਡ ਕੇ ਆਕਾਸ਼ ਵਿਚ ਛਾ ਗਈ। ਅਨੇਕ ਪ੍ਰਕਾਰ ਦੀਆਂ ਤੋਪਾਂ, ਬੰਦੂਕਾਂ ਸਹਿਤ ਬਹੁਤ ਵੱਡੀ ਗਿਣਤੀ ਵਿਚ ਸੂਰਬੀਰ ਲੈ ਕੇ ਚੜ੍ਹਾਈ ਕਰ ਦਿੱਤੀ॥ ੯॥

ਚਾਰ ਸੈਂਕਰੇ ਅਰੁ ਪੰਚਾਸਾ। ਦੁੰਦਭਿ ਬਾਜੇ ਸ਼ਬਦ ਪ੍ਰਕਾਸ਼ਾ।
ਢੋਲ ਪਟਹਿ ਤੁਰਰੀ ਕਰਨਾਈ। ਬਾਜਿ ਉਠੇ ਬਾਦਿਤ ਸਮੁਦਾਈ॥ ੧੦॥

ਚਾਰ ਸੌ ਪੰਜਾਹ ਨਗਾਰੇ ਇਕ ਸਾਥ ਵੱਜ ਉਠੇ, ਜਿਨ੍ਹਾਂ ਕਰਕੇ ਬੜੀ ਉੱਚੀ ਆਵਾਜ਼ ਪੈਦਾ ਹੋਈ। ਢੋਲ, ਪਟਹੇ, ਤੁਰੀਆਂ, ਕਰਨਾਈਆਂ ਆਦਿ ਹੋਰ ਸਾਰੇ ਵਾਜੇ ਵੀ ਨਾਲ ਵੱਜ ਉਠੇ॥੧੦॥

ਇਤਨੇ ਹੀ ਨਿਸ਼ਾਨ ਪ੍ਰਸਥਾਨੇ। ਛੋਰੇ ਪਟ ਛੂਟਤਿ ਫਹਿਰਾਨੇ।
ਲਸ਼ਕਰ ਕੇ ਆਗੂ ਹੁਇ ਚਾਲੇ। ਕਰਤਿ ਕੂਚ ਉਠਿ ਰੌਰ ਬਿਸਾਲੇ॥ ੧੧॥

ਏਨੇ ਹੀ ਝੰਡੇ ਨਾਲ ਲੈ ਕੇ ਚਲੇ, ਜਿਨ੍ਹਾਂ ਝੰਡਿਆਂ ਦੇ ਖੁੱਲ੍ਹੇ ਕੱਪੜੇ ਲਹਿਰਾ ਰਹੇ ਸਨ। ਉਹ ਵੀ ਲਸ਼ਕਰ ਦੇ ਅੱਗੇ ਹੋ ਕੇ ਚਲ ਪਏ ਤੇ ਕੂਚ ਕਰਦਿਆਂ ਬੜੀ ਉੱਚੀ ਰੌਲਾ ਉੱਠ ਰਿਹਾ ਸੀ॥੧੧॥

ਮਾਰਗ ਉਲੰਘਿ ਜਥਾ ਕ੍ਰਮ ਸਾਰਾ। ਡੇਰਾ ਨਦੀ ਕਿਨਾਰੇ ਡਾਰਾ।
ਨੌ ਸੈ ਦੁੰਦਭਿ ਦੁਇ ਦਲ ਕੇਰੇ। ਨੌ ਸੈ ਝੰਡੇ ਝੁਲਹਿਂ ਅਗੇਰੇ॥ ੧੨॥

ਜਥਾ ਕਰਮ ਸਾਰਾ ਪੈਂਡਾ ਲੰਘ ਕੇ ਨਦੀ ਦੇ ਕਿਨਾਰੇ ਜਾ ਕੇ ਡੇਰਾ ਕਰ ਲਿਆ। ਫਿਰ ਸਿਰਹੰਦ ਅਤੇ ਲਾਹੌਰ ਦੇ ਦੋਵਾਂ ਦਲਾਂ ਦੇ ਨੌਂ ਸੌ ਨਗਾਰੇ ਹੋ ਗਏ ਤੇ ਨੌਂ ਸੌ ਹੀ ਝੰਡੇ ਅੱਗੇ ਅੱਗੇ ਝੂਲ ਰਹੇ ਸਨ॥੧੨॥

ਆਨੰਦਪੁਰਿ ਕੇ ਦ੍ਵੈ ਦਿਸ਼ਿ ਆਏ। ਦੂਰ ਦੂਰ ਸੇ ਪਰਹਿਂ ਦਿਸਾਏ।
ਦਿਸ਼ਾ ਤੀਸਰੀ ਸੈਲਨਿ ਸੈਨਾ। ਭੀਮਚੰਦ ਅਵਿਲੋਕੇ ਨੈਨਾ॥ ੧੩॥

ਅਨੰਦਪੁਰ ਵੱਲ ਦੋਵਾਂ ਪਾਸਿਆਂ ਤੋਂ ਆਏ, ਇਕ ਪਾਸੇ ਤੋਂ ਲਾਹੌਰ ਦਾ ਸੂਬਾ ਜ਼ਬਰਦਸਤ ਖਾਂ ਆਇਆ ਤੇ ਦੂਸਰੇ ਪਾਸੇ ਤੋਂ ਸਿਰਹੰਦ ਦਾ ਸੂਬਾ ਵਜ਼ੀਦ ਖਾਂ ਆਇਆ। ਦੂਰ ਦੂਰ ਤੋਂ ਪਏ ਦਿਖਾਈ ਦਿੰਦੇ ਸਨ। ਤੀਸਰੇ ਪਾਸੇ ਪਹਾੜੀ ਰਾਜਿਆਂ ਦੀ ਸੈਨਾ ਸੀ। ਭੀਮ ਚੰਦ ਨੇ ਆਪਣੀਆਂ ਅੱਖਾਂ ਨਾਲ ਵੇਖਿਆ॥੧੩॥

ਸਭਿ ਰਾਜਨ ਕੋ ਭਲੇ ਸੰਭਾਰਿ। ਚਢਿਬੇ ਹਿਤ ਤਬਿ ਲੀਨ ਹਕਾਰਿ।
ਗਜ ਬਾਜੀਨ ਅਰੋਹਨਿ ਭਏ। ਇਕ ਥਲ ਮੇਲ ਸਭਿਨਿ ਹੂੰ ਕਏ॥ ੧੪॥

ਸਾਰੇ ਰਾਜਿਆਂ ਨੂੰ ਭਲੀ ਪ੍ਰਕਾਰ ਸੰਭਾਲ ਕੇ, ਚੜ੍ਹਾਈ ਕਰਨ ਵਾਸਤੇ ਫਿਰ ਬੁਲਾ ਲਿਆ। ਹਾਥੀ ਘੋੜਿਆਂ ਤੇ ਸਵਾਰ ਹੋ ਗਏ ਤੇ ਸਾਰਿਆਂ ਨੂੰ ਇਕ ਸਥਾਨ ਤੇ ਇੱਕਠਾ ਕਰ ਲਿਆ॥੧੪॥

ਤੁਰਕਨਿ ਚਮੂੰ ਉਡੀਕਤਿ ਰਹੇ। ਜਬਿ ਆਗਮਨ ਦੁਹਨ ਕੋ ਲਹੇ।
ਤਤਛਿਨ ਕਰਿ ਤਯਾਰੀ ਚਢਿ ਆਏ। ਗਿਰ ਗਨ ਪਤੀ ਮੇਲ ਕਰਿ ਧਾਏ॥੧੫॥

ਉਹ ਬੈਠੇ ਤੁਰਕਾਂ ਦੀ ਆਮਦ ਨੂੰ ਉਡੀਕਦੇ ਰਹੇ, ਜਦ ਦੋਵਾਂ ਸੂਬਿਆਂ ਦਾ ਆਉਣਾ ਹੋ ਗਿਆ। ਫਿਰ ਪਹਾੜੀਏ ਤੁਰਤ ਤਿਆਰੀ ਕਰਕੇ ਚੜ੍ਹ ਆਏ ਤੇ ਸਾਰੇ ਪਹਾੜੀ ਰਾਜੇ ਇਕੱਠੇ ਹੋ ਕੇ ਚਲ ਆਏ॥੧੫॥

ਇਨਕੇ ਦੁੰਦਭਿ ਬਜੇ ਨਿਰਾਲੇ। ਨਿਕਸੇ ਪਰਬਤ ਲੈ ਦਲ ਜਾਲੇ।
ਜ਼ਬਰਦਸਤ ਖਾਂ ਉਤਰਜੋ ਪਾਰ। ਸਭਿ ਲਸ਼ਕਰ ਤਰਿ ਸਲਿਤਾ ਬਾਰ॥ ੧੬॥

ਇਨ੍ਹਾਂ ਦੇ ਨਗਾਰੇ ਵੱਖਰੇ ਹੀ ਵੱਜਦੇ ਸਨ ਤੇ ਬਹੁਤ ਵੱਡੇ ਪਹਾੜੀ ਦਲ ਲੈ ਕੇ ਨਿਕਲ ਪਏ। ਜ਼ਬਰਦਸਤ ਖਾਂ ਨੇ ਵੀ ਦਰਿਆ ਤੋਂ ਪਾਰ ਉਤਾਰਾ ਕੀਤਾ, ਸਾਰਾ ਲਸ਼ਕਰ ਤਰ ਕੇ ਨਦੀ ਦੇ ਪਾਣੀ ਨੂੰ ਪਾਰ ਕਰ ਗਿਆ॥੧੬॥

ਦੋਨੋ ਸੂਬੇ ਮਿਲਿ ਇਕ ਥਾਇੰ। ਕਰੀ ਸੁਚੇਤ ਚਮੂੰ ਸਮੁਦਾਇ।
ਸਭਿ ਬਿਧਿ ਕੀ ਮਸਲਤਿ ਗਿਨ ਕਰਿਕੈ। ਗਮਨੇ ਮਗ ਗਜ ਬਾਜੀ ਚਰਿਕੈ॥੧੭॥

ਦੋਵੇਂ ਸੂਬੇ ਮਿਲ ਕੇ ਇਕ ਥਾਂ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਆਪਣੀ ਸਾਰੀ ਸੈਨਾ ਨੂੰ ਸੁਚੇਤ ਕਰ ਦਿੱਤਾ। ਸਭ ਵਿਧੀਆਂ ਨਾਲ ਸਲਾਹ ਮਸ਼ਵਰਾ ਕਰਕੇ, ਹਾਥੀ ਘੋੜਿਆਂ ਤੇ ਸਾਵਰ ਹੋ ਕੇ ਚਲ ਪਏ॥੧੭॥

ਕਬਿੱਤ-ਦੁੰਦਭਿ ਸ਼ਬਦ ਭੀਮ, ਘਾਲਤਿ ਕਦੀਮ ਸੀਮ, ਤੁਪਕ ਪਠੀ, ਅਸੀਮ ਮੀਨ ਤਨ ਛੁੱਦ੍ਰ ਕੋ।
ਤੋਪੈਂ ਮਹਾਂ ਨੱਕ੍ਰ ਤੁੰਡ ਪਸਰੇ ਅਥੱਕ੍ਰ ਜਿਨ, ਸਿਪਰੈਂ ਕਮਠ ਬੇਗ ਧਾਵਤਿ ਅਮੁੱਦ੍ਰ ਕੋ।
ਸੁਧੁਜਾ ਮਤੰਗ ਤੁੰਗ ਸੈਲ ਹੈਂ ਸਪੰਖ ਰੰਗ, ਤੋਮਰ ਭੁਜੰਗ ਹੈਂ, ਤੁਰੰਗ ਜੰਤੁ ਰੁੱਦ੍ਰ ਕੋ।
ਗੁਰੂ ਕੋਪ ਤਵਾ ਪੈ ਪਰਨਿ ਧਾਏ ਜੋਰ ਕਰਿ ਚਲਜੇ ਦਲ ਆਇ ਕੈਧੋਂ ਜਲ ਹੈਂ ਸਮੁੱਦ੍ਰ ਕੋ॥੧੮॥

ਕਵੀ ਨੇ ਇਸ ਕਬਿੱਤ ਵਿਚ ਸਮੁੰਦਰ ਦਾ ਰੂਪਕ ਬੱਧਾ ਹੈ। ਜਿਹੜੇ ਨਗਾਰੇ ਵੱਜ ਰਹੇ ਹਨ, ਉਹ ਸਮੁੰਦਰ ਦੀ ਭਿਆਨਕ ਅਵਾਜ਼ ਉਠ ਰਹੀ ਹੈ। ਕਵਾਇਦ ਕਰਦਿਆਂ ਸਿਪਾਹੀ ਜੋ ਕਦਮ ਧਰਦੇ ਹਨ, ਸੋਈ ਸਮੁੰਦਰ ਦੀ ਹੱਦ-ਬੰਦੀ ਹੈ, ਬੰਦੂਕਾਂ ਮਾਨੋ ਮੱਛੀਆਂ ਹਨ। ਜਮ ਰੂਪ ਤਲਵਾਰਾਂ ਮਾਨੋ ਛੋਟੀਆਂ ਮੱਛੀਆਂ ਦੇ ਸਰੀਰ ਹਨ। ਵੱਡੀਆਂ ਤੋਪਾਂ ਜਿਨ੍ਹਾਂ ਦੇ ਮੂੰਹ ਸਿੱਧੇ ਪਸਰ ਰਹੇ ਹਨ, ਮਾਨੋ ਮਗਰਮੱਛ ਹਨ, ਢਾਲਾਂ ਮਾਨੋ ਕੱਛੂਕੁੰਮੇ ਹਨ, ਜੋ ਰੋਕ ਤੋਂ ਬਿਨਾਂ ਕਾਹਲੇ ਦੌੜਦੇ ਹਨ। ਰੰਗਦਾਰ ਝੰਡੀਆਂ ਵਾਲੇ ਹਾਥੀ ਮਾਨੋ ਖੰਭਾਂ ਵਾਲੇ ਉੱਚੇ ਪਹਾੜ ਹਨ, ਨੇਜ਼ੇ ਮਾਨੋ ਸੱਪ ਹਨ, ਘੋੜੇ ਮਾਨੋ ਸਮੁੰਦਰ ਦੇ ਭਿਆਨਕ ਜੀਵ ਜੰਤੂ ਹਨ। ਗੁਰੂ ਜੀ ਦੇ ਕ੍ਰੋਧ ਰੂਪੀ ਤਵੇ ਉਤੇ ਪੈਣ ਲਈ ਜ਼ੋਰ ਲਾ ਕੇ ਮਾਨੋ ਦਲ ਭੱਜਾ ਆ ਰਿਹਾ ਹੈ। ਭਾਵ ਸਮੁੰਦਰ ਸਮਾਨ ਦਲ ਗੁਰੂ ਕ੍ਰੋਧ ਰੂਪੀ ਤਵੇ ਉੱਤੇ ਬੂੰਦ ਵਾਂਗ ਸੜ ਜਾਵੇਗਾ॥੧੮॥

ਦੀਰਘ ਦਮਾਮੇ ਧੁਨਿ ਹੋਤਿ ਹੈ ਗੰਭੀਰ ਤਾਮੈਂ ਘੋਖ ਹੈ ਬਿਸਾਲ ਜਾਮੈ ਚਲਜੋ ਦਲ ਆਵਈ।
ਕੈਧੋਂ ਘਨ ਘਟਾ ਬਨਿ ਸ਼ਾਹੁ ਕੇ ਹੁਕਮ ਪੌਨ ਪ੍ਰੇਰੇ ਕੀਨ ਤਾਂਹੀ ਕੇ ਅਗੇਰੇ ਉਮਡਾਵਈ।

ਤੋਪਨ ਅਵਾਜ ਮਾਨੋ ਗਾਜ ਪਰੈ ਬਾਰ ਬਾਰ, ਪਾਵਕ ਪਲੀਤੇ ਕੀ ਧੁਖਤਿ ਚਮਕਾਵਈ।
ਸੁੰਦਰ ਅਨੰਦਪੁਰਿ ਸੈਲ ਜਜੋਂ ਬਿਲੰਦ ਪਰ ਗੋਰੀ ਗੋਰੇ ਓਰੇ ਕੋ ਚਹਤਿ ਬਰਖਾਵਈ ॥੧੯॥

(ਹੁਣ ਕਵੀ ਜੀ ਬੱਦਲ ਦਾ ਰੂਪਕ ਬੰਨ੍ਹਦੇ ਹਨ)। ਭਾਵ ਬਾਦਸ਼ਾਹ ਦੇ ਹੁਕਮ ਨੇ ਪੌਣ ਬਣ ਕੇ ਘਨਘੋਰ ਘਟਾ ਰੂਪੀ ਦਲਾਂ ਨੂੰ ਪ੍ਰੇਰਿਆ ਹੈ, ਜੋ ਉਸ ਦੇ ਅੱਗੇ ਅੱਗੇ ਉਮਡੇ ਆ ਰਹੇ ਹਨ। ਜਿਸ ਵੱਡੇ ਦਲ ਵਿਚ ਵੱਡੇ ਦਮਾਮਿਆਂ ਦੀ ਆਵਾਜ਼ ਇਸ ਪ੍ਰਕਾਰ ਹੋ ਰਹੀ ਹੈ ਕਿ ਮਾਨੋ ਬੱਦਲਾਂ ਦੀ ਗੰਭੀਰ ਗਰਜ ਉਠ ਰਹੀ ਹੈ ਤੇ ਉਹ ਦਲ ਚੜ੍ਹਿਆ ਆ ਰਿਹਾ ਹੈ। ਤੋਪਾਂ ਦੀ ਆਵਾਜ਼ ਮਾਨੋ ਘੜੀ-ਮੁੜੀ ਬਿਜਲੀ ਪੈ ਰਹੀ ਹੈ। ਪਲੀਤਿਆਂ ਦੀ ਅੱਗ ਦਾ ਧੁਖਣਾ ਬਿਜਲੀ ਦੀ ਚਮਕ ਹੈ। ਸੁੰਦਰ ਅਨੰਦਪੁਰ ਮਾਨੋ ਉੱਚਾ ਪਰਬਤ ਹੈ, ਜਿਸ ਉੱਤੇ ਦਲ ਰੂਪੀ ਬੱਦਲ ਗੋਲੇ ਗੋਲੀਆਂ ਰੂਪੀ ਗੜ੍ਹੇ ਵਰਸਾਉਣੇ ਚਾਹੁੰਦੇ ਹਨ॥੧੯॥

ਦੋਹਰਾ- ਇਤ ਤੇ ਲਸ਼ਕਰ ਉਮਡਿ ਕੈ ਤੁਰਕਾਨੇ ਕੇ ਆਇ।
ਉਤ ਤੇ ਸਕਲ ਪਹਾਰੀਏ ਮਿਲਿ ਕੈ ਦਲ ਸਮੁਦਾਇ॥ ੨੦॥

ਇਕ ਪਾਸੇ ਤੋਂ ਤੁਰਕਾਂ ਦੇ ਲਸ਼ਕਰ ਉਮਡ ਕੇ ਆ ਗਏ ਤੇ ਦੂਸਰੇ ਪਾਸੇ ਤੋਂ ਸਾਰੇ ਪਹਾੜੀਏ ਮਿਲ ਕੇ ਦਲ ਇਕੱਠਾ ਕਰਕੇ ਆ ਗਏ॥ ੨੦॥

ਕਬਿੱਤ-ਦਲ ਦਿੱਲੀਏਸ਼ ਅਚਲੇਸ਼ ਦੋਊ ਮਿਲਿ ਧਾਏ ਧੁਰਵਾ ਸੇ ਧੌਂਸਾਂ ਕੀ ਧੁੰਕਾਰ ਉਠੈ ਘੋਰ ਘੋਰ।
ਬਾਂਧੇ ਬਡੇ ਠੱਟ ਭੱਟ ਘੱਟ ਕੇ ਸੰਘਟ ਜੁਟ, ਲੋਹ ਕੀ ਚਮਕ ਛਟਾ ਛਬਿ ਭਾਂਤਿ ਕੋਰਿ ਕੋਰਿ।
ਗੋਰੇ ਪਰੈਂ ਓਰੇ, ਧੂੰਮ ਅਧਿਕ, ਅੰਧੇਰੋ ਧੂਲ, ਹਲਕੇ ਹਰੋਲ ਹਲਾਹਲੀ ਉਠੈ ਲੋਰਿ ਲੋਰਿ।
ਤੋ ਲੌ ਹੀ ਬਨਾਵ ਸ੍ਰੀ ਗੋਬਿੰਦ ਸਿੰਘ ਰਾਉ ਜੋ ਲੌ ਛੋਡੈ ਨ ਸਮੀਰ ਤੀਰ ਜੇਹ ਮਾਂਹਿ ਜੋਰਿ ਜੋਰਿ ॥੨੧॥

ਜਦ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਮਿਲ ਕੇ ਧੰਨ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਕਰਨ ਨੂੰ ਆਈਆਂ ਤਾਂ ਉਸ ਵੇਲੇ ਉਨ੍ਹਾਂ ਦੇ ਧੌਂਸਿਆਂ ਦੀ ਗੜਗੱਜ ਬੱਦਲ ਗੱਜਣ ਵਾਂਗ ਭਿਆਨਕ ਉਠ ਰਹੀ ਸੀ। ਸੂਰਮੇ ਜਿਹੜੇ ਬੜੀ ਠਾਠ ਬੰਨ੍ਹ ਕੇ ਆ ਰਹੇ ਸਨ, ਇੰਝ ਲੱਗ ਰਹੇ ਸਨ ਜਿਵੇਂ ਘਟਾਂ ਇਕੱਠੀਆਂ ਹੋ ਕੇ ਚੜ੍ਹ ਆਈਆਂ ਹੋਣ ਤੇ ਉਨ੍ਹਾਂ ਦੇ ਸ਼ਸਤਰ ਇੰਝ ਚਮਕ ਰਹੇ ਹਨ ਮਾਨੋ ਚਾਰੇ ਪਾਸੇ ਬਿਜਲੀ ਲਿਸ਼ਕ ਰਹੀ ਸੀ। ਗੋਲਿਆਂ ਦੀ ਗੜ੍ਹਿਆਂ ਵਾਂਗ ਵਰਖਾ ਹੋਈ, ਜਿਨ੍ਹਾਂ ਦੀ ਧੂੜ ਉਡ ਕੇ ਚਾਰ-ਚੁਫੇਰੇ ਹਨੇਰਾ ਛਾ ਗਿਆ। ਫੌਜ ਦੇ ਅੱਗੇ ਚਲਣ ਵਾਲੇ ਦਸਤੇ ਦੇ ਅੱਗੇ ਆਉਣ ਨਾਲ ਥਾਂ-ਥਾਂ ਰੌਲਾ ਪੈ ਗਿਆ। ਇਹ ਬਨਾਵਟੀ ਚੱਕਰ ਤਦ ਤਕ ਹੀ ਸੀ ਜਦ ਤਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਿੱਲੇ ਵਿਚੋਂ ਜੋੜ ਜੋੜ ਕੇ ਤੀਰਾਂ ਦੀ ਵਾਛੜ ਹਵਾ ਵਾਂਗ ਨਹੀਂ ਸੀ ਕਰ ਦਿਤੀ॥ ੨੧॥

ਰਾਜੇ, ਗਨਰਾਣੇ, ਰਾਵ, ਮੀਏਂ ਜੇ ਹਜ਼ਾਰੋਂ ਨਾਵ, ਧਾਏ ਚਿਤ ਚਾਵ ਕਰਿ, ਹੇਰਿ ਤੁਰਕਾਨ ਕੋ।
ਗੂਜਰ ਸਮੂਹ ਮਹਿਂ ਰੰਘੜ ਹੰਕਾਰ ਭਰੇ, ਬਾਈਧਾਰ ਜੋਧੇ ਲੀਨਿ ਸੰਗ ਲੇ ਪ੍ਰਜਾਨ ਕੋ।
ਸੱਯਦ, ਪਠਾਨ, ਸ਼ੇਖ, ਮੁਗਲ ਬਿਸੇਖ ਮਿਲਿ, ਕਾਬਲੀ ਕੰਧਾਰੀ ਘੰ ਮਲੇਛ ਕਿਰਮਾਨ ਕੋ।
ਦਾਉਦਜ਼ਈ ਆਏ ਪੈ ਰੁਹੇਲੇ ਬੇਗ ਧਾਏ ਦਲ, ਮਿਲਿਕੈ ਫਿਰੀਦੀ, ਆਨਿ ਤੇਜ ਕੈ ਕਿਕਾਨ ਕੋ ॥੨੨॥

ਰਾਜੇ, ਰਾਣੇ, ਰਾਵ, ਮੀਏਂ, ਤੁਰਕਾਂ ਨੂੰ ਵੇਖ ਕੇ ਚਿੱਤ ਵਿਚ ਚਾਅ ਭਰ ਕੇ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆ ਗਏ। ਗੁੱਜਰ ਅਤੇ ਰੰਘੜਾਂ ਦੇ ਸਮੂਹ ਵੀ ਬੜੇ ਹੰਕਾਰ ਵਿਚ ਭਰ ਕੇ ਆਏ ਤੇ ਬਾਈਧਾਰ ਰਾਜਿਆਂ ਵੀ ਆਪਣੇ ਸਾਰੇ ਯੋਧੇ ਲਏ ਤੇ ਨਾਲ ਪਰਜਾ ਨੂੰ ਵੀ ਇਕੱਠੀ ਕਰਕੇ ਲਿਆਏ। ਸੱਯਦ, ਪਠਾਣ, ਸ਼ੇਖ, ਮੁਗਲ ਵਿਸ਼ੇਸ਼ ਤੌਰ ਤੇ ਮਿਲ ਕੇ ਆਏ। ਕਾਬਲੀ, ਕੰਧਾਰੀ ਅਤੇ ਕਿਰਮਾਨ ਦੇ ਇਲਾਕੇ ਦੇ ਮਲੇਛ ਵੀ ਆਏ। ਦਾਊਦਜ਼ਈ, ਰੁਹੇਲੇ ਆਪਣੇ ਆਪਣੇ ਦਲ ਲੈ ਕੇ ਧਾ ਕੇ ਆਏ ਤੇ ਅਫਰੀਦੀਆਂ ਨੇ ਵੀ ਆਪਣੇ ਘੋੜੇ ਤੇਜ਼ ਕੀਤੇ ਤਾਂਕਿ ਛੇਤੀ ਤੋਂ ਛੇਤੀ ਪਹੁੰਚਿਆ ਜਾ ਸਕੇ॥ ੨੨॥

ਦੂਰ ਦੂਰ ਡੇਰੇ ਕਰਿ, ਨੇਰੇ ਹ੍ਵੈ ਨ ਧਾਰਿ ਡਰ, ਮਾਨੋ ਜਰਾਸੰਧ ਸ੍ਰੀ ਗੁਬਿੰਦ ਪਰ ਆਯੋ ਹੈ।
ਚਾਰੋਂ ਓਰ ਜਲ ਸਮ ਫੈਲ੍ਯੋ ਦਲਸਿੰਧ ਬਡੋ ਮਾਨਹੁੰ ਅਨੰਦਪੁਰ ਟਾਪੂ ਦਰਸਾਯੋ ਹੈ।
ਲਰਿਬੇ ਕੋ ਢੂਕੇ ਜਬਿ ਹੇਰੈਂ ਸਭਿ ਸਿੰਘ ਤਬਿ, ਜ੍ਵਾਲਾਬੋਨਿ ਹਾਥ ਧਰੇ ਚਾਹਤਿ ਚਲਾਯੋ ਹੈ।
ਸੁਤਰੀ ਨਗਾਰੇ ਪਰ ਮਾਰੇ ਚੋਬ ਨਾਦ ਭਾਰੇ, ਸੂਬੇ ਦ੍ਵੈ ਨਿਹਾਰੇ, ਗੁਰੂ ਤ੍ਰਾਸ ਨਹਿਂ ਪਾਯੋ ਹੈ ॥੨੩॥

ਉਨ੍ਹਾਂ ਆ ਕੇ ਆਪਣੇ ਦੂਰ-ਦੂਰ ਡੇਰੇ ਲਾਏ, ਗੁਰੂ ਜੀ ਤੋਂ ਡਰਦੇ ਨੇੜੇ ਨਹੀਂ ਸੀ ਹੁੰਦੇ, ਮਾਨੋ ਰਾਜਾ ਜਰਾਸੰਧ ਸ੍ਰੀ ਕ੍ਰਿਸ਼ਨ ਉੱਤੇ ਚੜ੍ਹਾਈ ਕਰਕੇ ਆ ਗਿਆ ਹੋਵੇ। ਚਾਰੇ ਪਾਸੇ ਸਮੁੰਦਰ ਵਰਗਾ ਵੱਡਾ ਦਲ ਜਲ ਵਾਂਗ ਫੈਲਿਆ ਹੋਇਆ ਸੀ। ਮਾਨੋ ਅਨੰਦਪੁਰ ਨੇ ਇਕ ਟਾਪੂ ਦਾ ਰੂਪ ਧਾਰਨ ਕਰ ਲਿਆ ਸੀ। ਜਦ ਲੜਾਈ ਵਾਸਤੇ ਢੁਕੇ ਤਦ ਸਾਰੇ ਸਿੰਘ ਵੇਖਦੇ ਸਨ ਕਿ ਕਦ ਅੱਗੇ ਆਉਣ। ਉਹ ਆਪਣੀਆਂ ਬੰਦੂਕਾਂ ਚਲਾਉਣੀਆਂ ਚਾਹੁੰਦੇ ਸਨ। ਉਠਾਂ ਉੱਤੇ ਧਰੇ ਨਗਾਰਿਆਂ 'ਤੇ ਜਦ ਬਹੁਤ ਉੱਚੀ-ਉੱਚੀ ਡੱਗੇ ਲਾਏ ਤਾਂ ਦੋਵਾਂ ਸੂਬਿਆਂ ਨੇ ਵੇਖਿਆ ਕਿ ਗੁਰੂ ਜੀ ਡਰੇ ਨਹੀਂ ਹਨ॥ ੨੩॥

ਸ੍ਰੀ ਅਨੰਦਪੁਰਿ ਕੇ ਬਿਲੰਦ ਥਿਰੇ ਦੂਰ ਦੂਰ, ਬ੍ਰਿੰਦ ਹੋਇ ਖਾਲਸਾ ਅਨੰਦ ਉਤਸਾਹ।
ਸੂਰਨਿ ਕੇ ਲਾਲੀ ਮੁਖ ਅਧਿਕ ਬਹਾਲੀ ਭਈ ਧੀਰਜ ਬਿਸਾਲੀ ਨਹਿਂ ਹਾਲੀ ਗੁਰ ਪਾਹਿਤੇ।
ਭੀਰੁਨਿ ਕੋ ਭਯੋ ਭਯ, ਛਾਤੀ ਧਰਕਾਤਿ ਬਹੁ, ਕੰਪ ਰਹ੍ਯੋ ਗਾਤ ਜਨੁ ਮ੍ਰਿਤੁ ਲੀਨ ਗ੍ਰਾਹਤੇ।
ਜੁਝਨਿ ਕੋ ਕੀਯੋ ਨੇਰ, ਚਾਹੈਂ ਭਟ ਭੇਰ ਭੂਰ, ਆਗੇ ਹੁਇ ਗ਼ਰੂਰ ਸੂਰ ਮਾਰਨ ਕੋ ਚਾਹਤੇ ॥੨੪॥

ਸ੍ਰੀ ਅਨੰਦਪੁਰ ਨਗਰ ਤੋਂ ਬਹੁਤ ਦੂਰ ਦੂਰ ਖੜੇ ਸਨ, ਏਧਰ ਸਾਰਾ ਖਾਲਸਾ ਅਨੰਦ ਅਤੇ ਉਤਸ਼ਾਹ ਨਾਲ ਭਰਿਆ ਸੀ। ਸੂਰਮਿਆਂ ਦੇ ਮੁਖਾਂ 'ਤੇ ਰੌਣਕ ਵਾਲੀ ਲਾਲੀ ਪ੍ਰਗਟ ਹੋਈ, ਗੁਰੂ ਜੀ ਦੇ ਪਾਸ ਹੋਣ ਕਰਕੇ, ਉਨ੍ਹਾਂ ਵਿਚ ਵਿਸ਼ਾਲ ਧੀਰਜ ਸੀ, ਕਿਸੇ ਪ੍ਰਕਾਰ ਦਾ ਵੀ ਡਰ ਨਹੀਂ ਸੀ। ਕਾਇਰਾਂ ਨੂੰ ਡਰ ਉਤਪੰਨ ਹੋਇਆ, ਉਨ੍ਹਾਂ ਦੀਆਂ ਛਾਤੀਆਂ ਧੜਕਦੀਆਂ ਸਨ ਤੇ ਉਹ ਇਸ ਪ੍ਰਕਾਰ ਕੰਬ ਰਹੇ ਸਨ ਮਾਨੋ ਮੌਤ ਨੇ ਗ੍ਰੱਸ ਲਏ ਹਨ। ਯੁੱਧ ਕਰਨ ਵਾਸਤੇ ਨੇੜਤਾ ਕੀਤੀ, ਸੂਰਬੀਰ ਵੱਡਾ ਯੁੱਧ ਕਰਨਾ ਚਾਹੁੰਦੇ ਸਨ। ਅੱਗੇ ਹੋ ਕੇ ਘੁਮੰਡੀ ਸੂਰਬੀਰਾਂ ਨੂੰ ਮਾਰਨਾ ਚਾਹੁੰਦੇ ਸਨ॥ ੨੪॥

ਥੋਰੇ ਜਿਮ ਕੇਹਰੀ ਤੇ ਤ੍ਰਾਸ ਮਾਨ ਹੋਇ ਕਰਿ ਬਨ ਮਿਰਗਾਵਲੀ ਤੇ ਆਏ ਸਮੁਦਾਇ ਹੈਂ।
ਪਕਰ੍ਯੋ ਪਲਾਯੋ ਚਹੈਂ, ਤੈਸੇ ਬਿਧਿ ਭਈ ਆਇ, ਸੂਬੇ ਦੋਊ ਰਾਜੇ ਸਭਿ ਦੇਖੈਂ ਨਿਜ ਦਾਇ ਹੈਂ।
ਸ੍ਰੀ ਮੁਖ ਹੁਕਮ ਕੀਨ, 'ਤੋਪਚੀ ! ਬਿਲੋਕਿ ਨੀਕੇ, ਜਹਾਂ ਖਰੇ ਟੋਲ ਤਹਾਂ ਗੋਰੇ ਕੋ ਪੁਜਾਇ ਹੈ।
ਸਮੁਖ ਥਿਰਨ ਨਹੀਂ ਦੇਹੁ ਰਿਪੁ ਪੁੰਜ ਹੂੰ ਕੋ, ਕਰੋ ਇਨ ਤ੍ਰਾਸ ਆਸ ਪਾਸ ਹੋਇ ਜਾਇ ਹੈਂ ॥੨੫॥

ਜਿਵੇਂ ਸ਼ੇਰ ਪਾਸੋਂ ਡਰ ਕੇ ਜੰਗਲ ਦੇ ਸਾਰੇ ਹਿਰਨ ਆ ਕੇ ਇਕ ਥਾਂ ਇਕੱਠੇ ਹੋ ਜਾਂਦੇ ਹਨ। ਉਸ ਪ੍ਰਕਾਰ ਹੀ ਉਹ ਸ਼ੇਰ ਨੂੰ ਫੜਨਾ ਜਾਂ ਭਜਾਉਣਾ ਚਾਹੁੰਦੇ ਸਨ। ਦੋਵੇਂ ਸੂਬੇ ਅਤੇ ਰਾਜੇ ਆਪਣਾ-ਆਪਣਾ ਦਾਅ ਵੇਖ ਰਹੇ ਸਨ। ਗੁਰੂ ਜੀ ਨੇ ਫਿਰ ਹੁਕਮ ਕੀਤਾ, "ਹੇ ਤੋਪਚੀ ! ਚੰਗੀ ਤਰ੍ਹਾਂ ਵੇਖੋ, ਜਿਥੇ ਟੋਲੀ ਬਣਾ ਕੇ ਖੜੇ ਹਨ, ਓਥੇ ਗੋਲੇ ਨੂੰ ਭੇਜੋ। ਇਨ੍ਹਾਂ ਨੂੰ ਸਾਹਮਣੇ ਖੜੇ ਨਾ ਹੋਣ ਦੇਵੋ, ਵੈਰੀ ਵੱਡੀ ਗਿਣਤੀ ਵਿਚ ਹੋਣ ਕਰਕੇ, ਇਨ੍ਹਾਂ ਵਿਚ ਡਰ ਉਤਪੰਨ ਕਰੋ, ਫਿਰ ਇਹ ਆਸੇ-ਪਾਸੇ ਪਰ੍ਹੇ ਹੋ ਜਾਣਗੇ' ॥ ੨੫॥

ਆਗਜਾ ਸੁਨਿ ਪ੍ਰਭੂ ਕੀ ਸੁ ਤੋਪ ਹੁਤੀ ਤਯਾਰ ਤਬਿ ਸ਼ਿਸਤ ਕੋ ਬਾਂਧਿ ਬਾਂਧਿ ਅਗਨਿ ਲਗਾਇ ਕਰਿ।
ਤੂਰਨ ਪਲੀਤਾ ਉਠ੍ਯੋ ਗਾਜ ਸਮ ਨਾਦ ਭਯੋ ਗੋਰਾ ਚਲ੍ਯੋ ਸ਼ੂੰਕਤਿ ਸਬੇਗ ਤਹਿਂ ਜਾਇ ਕਰਿ।
ਦੇਖੈਂ ਦੁਹੂੰ ਓਰ ਕੇ ਅਨੇਕ ਸੂਰਬੀਰ ਭਾਰੀ, ਲਗ੍ਯੋ ਆਇ ਦੂਰ ਤੇ ਦਿਯੋ ਹੈ ਉਥਲਾਇ ਕਰਿ।
ਤ੍ਰਾਸ ਉਪਜਾਇ ਕਰਿ ਇਤੇ ਉਤ ਧਾਇ ਕਰਿ, ਬੋਲ੍ਯੋ ਹੈ ਰਿਸਾਇ ਕਰਿ 'ਮਾਰਹੁ ਚਲਾਇ ਕਰਿ' ॥੨੬॥

ਸਤਿਗੁਰੂ ਜੀ ਦੀ ਆਗਿਆ ਸੁਣ ਕੇ, ਜਿਹੜੀ ਤੋਪ ਪਹਿਲਾਂ ਹੀ ਤਿਆਰ ਸੀ ਉਸ ਦਾ ਨਿਸ਼ਾਨਾ ਬੰਨ੍ਹ ਬੰਨ੍ਹ ਕੇ ਅੱਗ ਲਾ ਕੇ ਤੁਰਤ ਪਲੀਤਾ ਲਗਾਇਆ ਤਾਂ ਬਹੁਤ ਉੱਚੀ ਗਰਜ ਨਾਲ ਅਵਾਜ਼ ਉਠੀ ਤੇ ਤੁਰਤ ਗੋਲਾ ਉਥੇ ਸੂਕਦਾ ਹੋਇਆ ਚਲਾ ਗਿਆ। ਦੋਵਾਂ ਪਾਸਿਆਂ ਦੇ ਅਨੇਕਾਂ ਸੂਰਬੀਰ ਵੇਖ ਰਹੇ ਸਨ, ਬੜੀ ਦੂਰ ਤੋਂ ਆ ਕੇ ਲੱਗਾ ਤੇ ਵੈਰੀਆਂ ਨੂੰ ਉਲਟਾ ਕੇ ਸੁੱਟ ਦਿਤਾ, ਉਹ ਡਰਦੇ ਮਾਰੇ ਏਧਰ ਓਧਰ ਭੱਜ ਉਠੇ। ਫਿਰ ਸੂਬਾ ਗੁੱਸੇ ਵਿਚ ਆ ਕੇ ਬੋਲਿਆ, "ਤੋਪ ਚਲਾ ਕੇ ਮਾਰੋ" ॥ ੨੬ ॥

ਸੂਬਨਿ ਤੇ ਸੁਨਿ ਕੈ ਅਗਾਊ ਧਾਇ ਜਾਇ ਪਰੇ ਜਹਾਂ ਬੰਧਿ ਮੋਰਚੇ ਥਿਰਜੋ ਹੈ ਬੀਚ ਖਾਲਸਾ।
ਤੁਪਕਨ ਤਜਾਰ ਹੁਤੀ, ਏਕ ਬਾਰ ਛੋਰੀ ਮਿਲਿ, ਤੜਾਭੜ ਨਾਦ ਭਯੋ ਤਜਾਗ ਦੀਨ ਆਲਸਾ।
ਸਿੰਘ ਥਿਰੇ ਓਟ ਲੈ, ਮਲੇਛ ਲੱਛ ਢੁਕੇ ਨੇਰ, ਜਾਨੈ ਮਨ ਸਾਰੇ ਗੁਰੂ ਹੋਇ ਅਬਿ ਕਾਲਸਾ।
ਸਮੁਖ ਮਦਾਨ ਬੀਚ ਹਾਨ ਭਏ ਪ੍ਰਾਨ ਤਜਿ, ਲਾਗਿ ਲਾਗਿ ਗੋਰੀਆਂ ਗਿਰੇ ਹੈਂ ਤਰੁ ਡਾਲਸਾ ॥੨੭॥

ਸੂਬਿਆਂ ਪਾਸੋਂ ਸੁਣ ਕੇ ਅੱਗੇ ਨੂੰ ਵਧ ਕੇ ਜਾ ਪਏ, ਜਿੱਥੇ ਮੋਰਚੇ ਬੱਝੇ ਹੋਏ ਸਨ ਤੇ ਖਾਲਸਾ ਵਿਚ ਖੜਾ ਸੀ। ਖਾਲਸੇ ਦੀਆਂ ਬੰਦੂਕਾਂ ਤਿਆਰ ਸਨ, ਉਨ੍ਹਾਂ ਸਾਰਿਆਂ ਨੇ ਮਿਲ ਕੇ ਇਕੋ ਵਾਰ ਤੁਰਤ ਛੱਡੀਆਂ ਤੇ ਤੜਤੜ ਦੀ ਭਾਰੀ ਅਵਾਜ਼ ਹੋਈ। ਸਿੰਘ ਓਟ ਲੈ ਕੇ ਖੜੇ ਸਨ, ਮਲੇਛ ਲਕਸ਼ ਦੇ ਨੇੜੇ ਗਏ, ਬੇਸ਼ਕ ਸਾਰੇ ਜਾਣਦੇ ਸਨ ਕਿ ਹੁਣ ਗੁਰੂ ਜੀ ਦੇ ਹੱਥੋਂ ਸਾਡਾ ਕਾਲ ਹੋ ਜਾਵੇਗਾ। ਸਾਹਮਣੇ ਮੈਦਾਨ ਵਿਚ ਪ੍ਰਾਣ ਛੱਡ ਕੇ ਮਰ ਗਏ ਤੇ ਗੋਲੀਆਂ ਲੱਗ ਲੱਗ ਕੇ ਬ੍ਰਿਛਾਂ ਦੇ ਡਾਹਣਿਆਂ ਵਾਂਗ ਡਿੱਗ ਪਏ॥ ੨੭॥

ਸ੍ਵੈਯਾ-ਪੁੰਜ ਤੁਰੰਗ ਨਚਾਇ ਧਵਾਇ ਕੈ ਮਾਰਤਿ ਹੈਂ ਢਿਗ ਹ੍ਵੈ ਕਰਿ ਗੋਰੀ।
ਤੀਰ ਸੜਾਸੜ ਛੂਟਤਿ ਹੈਂ ਇਮ ਆਵਤਿ ਜਾਤਿ ਦੁਊਨ ਕੀ ਓਰੀ।
ਹੋਵਨਿ ਲਾਗ ਬਡੋ ਤਬਿ ਸੰਘਰ ਤੂਰਨ ਤਜਾਗ ਤੁਫੰਗਨਿ ਛੋਰੀ।
ਛੂਟਤਿ ਹੀ ਤਤਕਾਲ ਲਗੇ ਅਰਿ ਬੀਰਨ ਕੋ ਉਰ ਕੈ ਸਿਰ ਫੋਰੀ ॥੨੮॥

ਤੁਰਕ ਘੋੜਿਆਂ ਨੂੰ ਨਚਾ ਕੇ ਭਜਾਉਂਦੇ ਸਨ ਤੇ ਨੇੜੇ ਹੋ ਕੇ ਗੋਲੀਆਂ ਮਾਰਦੇ ਸਨ। ਤੀਰ ਸੜਾਸੜ ਚਲ ਰਹੇ ਸਨ ਤੇ ਇਸ ਪ੍ਰਕਾਰ ਦੋਵਾਂ ਪਾਸਿਆਂ ਤੋਂ ਤੀਰ ਆ ਜਾ ਰਹੇ ਸਨ। ਫਿਰ ਵੱਡਾ ਯੁੱਧ ਹੋਣ ਲੱਗਾ, ਤੁਰਤ ਬੰਦੂਕਾਂ ਚਲਾ ਕੇ ਛੱਡੀਆਂ, ਗੋਲੀਆਂ ਨਿਕਲਦਿਆਂ ਹੀ ਤੁਰਤ ਲੱਗ ਜਾਂਦੀਆਂ ਸਨ ਤੇ ਸੂਰਮਿਆਂ ਦੇ ਹਿਰਦੇ ਅਤੇ ਸਿਰ ਪਾੜ ਦਿੰਦੀਆਂ ਸਨ॥ ੨੮॥

ਦੋਹਰਾ- ਸਿੰਘ ਬੈਠਿ ਕਰਿ ਮੋਰਚੇ ਓਟਾ ਰਚਜੋ ਬਨਾਇ।
ਬਿਨਾ ਓਟ ਸ਼ੱਤ੍ਰੂ ਹਤੈਂ ਗਿਰਹਿਂ ਦੜਾਦੜ ਜਾਇ॥ ੨੯॥

ਸਿੰਘ ਮੋਰਚੇ ਬਣਾ ਕੇ ਓਟ ਲੈ ਕੇ ਬੈਠੇ ਸਨ ਤੇ ਵੈਰੀ ਓਟ ਤੋਂ ਬਗੈਰ ਸਨ, ਇਸ ਕਰਕੇ ਗੋਲੀਆਂ ਵੱਜ ਕੇ ਦੜਾਦੜ ਡਿੱਗ ਰਹੇ ਸਨ॥ ੨੯॥

ਸੋਰਠਾ- ਲਾਖਹੁਂ ਓਰੜ ਆਇ ਮਿਲੇ ਮਲੇਛ ਪ੍ਰਹਾਰਤੇ।
ਨਿਫਲ ਵਾਰ ਸਭਿ ਜਾਇਂ ਗੁਰ ਰੱਛਜਾ ਤੇ ਲਗਤਿ ਨਹਿਂ ॥੩੦॥

ਲੱਖਾਂ ਮਲੇਛ ਮਿਲ ਕੇ ਆ ਕੇ ਵਾਰ ਕਰਦੇ ਸਨ, ਪਰ ਗੁਰੂ ਜੀ ਦੀ ਰੱਖਿਆ ਕਰਕੇ ਸਾਰੇ ਵਾਰ ਖਾਲੀ ਜਾਂਦੇ ਸਨ ਤੇ ਕਿਸੇ ਸਿੰਘ ਨੂੰ ਵੀ ਗੋਲੀ ਨਹੀਂ ਲੱਗਦੀ ਸੀ॥ ੩੦॥

*ਛੇਵੀਂ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥*

☆☆☆

# ਅਧਿਆਇ ਦਸਵਾਂ

## ਜੰਗ ਜਾਰੀ

ਦੋਹਰਾ- ਛਿਰਜੋ ਜੰਗ ਭਟ ਭੇਰ ਭਾ, ਉਡੀ ਧੂਲ ਅਸਮਾਨ।
ਦੁਤਿਯ ਧੂਮ ਬਾਰੂਦ ਕੋ ਰਵਿ ਪ੍ਰਕਾਸ਼ ਭਾ ਹਾਨ॥ ੧॥

ਸੂਰਮਿਆਂ ਦਾ ਜੰਗ ਛਿੜ ਪਿਆ ਤੇ ਵੱਡਾ ਭੇੜ ਹੋਇਆ, ਜਿਸ ਨਾਲ ਧੂੜ ਉਡ ਕੇ ਅਸਮਾਨ ਵਿਚ ਛਾ ਗਈ। ਦੂਸਰਾ ਬਰੂਦ ਦਾ ਵੱਡਾ ਧੂੰਆਂ ਸੀ, ਜਿਸ ਕਾਰਨ ਸੂਰਜ ਦਾ ਪ੍ਰਕਾਸ਼ ਮੱਧਮ ਪੈ ਗਿਆ॥ ੧॥

ਰਸਾਵਲ ਛੰਦ- ਭਯੋ ਅੰਧਕਾਰੰ। ਦਿਖੈ ਧੂੰਮ ਧਾਰੰ। ਮਹਾਂ ਧੂਮ ਪਾਈ। 'ਹਲਾਹੱਲ' ਗਾਈ॥੨॥

ਹਨੇਰਾ ਛਾ ਗਿਆ, ਸਾਰੇ ਧੂੰਆਂ ਹੀ ਧੂੰਆਂ ਦਿਖਾਈ ਦਿੰਦਾ ਸੀ, ਮਹਾਨ ਰੌਲਾ ਮਚਿਆ ਸੀ, ਚਾਰ-ਚੁਫੇਰੇ ਸ਼ੋਰ ਹੀ ਸ਼ੋਰ ਸੁਣਾਈ ਦਿੰਦਾ ਸੀ॥ ੨॥

ਛੁਟੈਂ ਬਾਨ ਗੋਰੀ। ਦੁਹੂੰ ਓਰ ਜੋਰੀ। ਘਨੇ ਘਾਵ ਲਾਗੇ। ਲਹੂ ਚੀਰ ਪਾਗੇ॥ ੩॥

ਤੀਰ ਅਤੇ ਗੋਲੀਆਂ ਦੋਹਾਂ ਪਾਸਿਆਂ ਤੋਂ ਚਲਦੀਆਂ ਸਨ, ਬਹੁਤ ਜ਼ਖਮੀ ਹੁੰਦੇ ਸਨ, ਕੱਪੜੇ ਲਹੂ ਨਾਲ ਭਿੱਜ ਗਏ ਸਨ॥ ੩॥

ਫਿਰੇ ਛੂਛ ਘੋਰੇ। ਜ਼ਰੀ ਜ਼ੀਨ ਬੋਰੇ। ਮਿਲੈਂ ਹੇਲ ਘਾਲੈਂ। ਪੁਕਾਰੈਂ ਬਿਸਾਲੈ॥ ੪॥

ਘੋੜੇ ਖਾਲੀ ਫਿਰ ਰਹੇ ਸਨ, ਜਿਨ੍ਹਾਂ ਦੀਆਂ ਕਾਠੀਆਂ ਜ਼ਰੀ ਨਾਲ ਮੜ੍ਹੀਆਂ ਸਨ। ਮਿਲ ਕੇ ਹੱਲਾ ਕਰਦੇ ਸਨ, ਬਹੁਤ ਪੁਕਾਰ ਕਰਦੇ ਸਨ॥ ੪॥

ਡੰਭੈ ਮੋੜਿ ਤੋੜੇ। ਰਿਪੂ ਤੁੰਡ ਫੋੜੇ। ਚਲੇ ਭਾਜ ਘੋੜੇ। ਨਹੀਂ ਜਾਇਂ ਮੋੜੇ॥ ੫॥

ਮੋੜਦੇ ਹੋਏ ਪਲੀਤੇ ਨੂੰ ਚਲਾਉਂਦੇ ਸਨ ਤੇ ਵੈਰੀਆਂ ਦੇ ਮੂੰਹ ਭੰਨ ਦਿੰਦੇ ਸਨ। ਘੋੜੇ ਭੱਜ ਚਲੇ ਸਨ, ਮੋੜਿਆਂ ਵੀ ਨਹੀਂ ਮੁੜਦੇ ਸਨ॥ ੫॥

ਕਿਊ ਪਾਇ ਗੇੜੇ। ਢੁਕੇ ਜਾਇ ਨੇੜੇ। ਲਗੇ ਅੱਗ੍ਰ ਗੋਰੀ। ਗਿਰੇ ਮੂੰਡ ਫੋਰੀ॥੬॥

ਕਈ ਗੇੜੇ ਪਾ ਕੇ ਸੂਰਮੇ ਦੇ ਨੇੜੇ ਜਾ ਢੁਕਦੇ ਸਨ, ਅੱਗੇ ਗੋਲੀ ਲੱਗਦੀ ਸੀ ਤਾਂ ਸਿਰ ਪੜਵਾ ਕੇ ਡਿੱਗ ਪੈਂਦੇ ਸਨ॥੬॥

ਪਿਖੈਂ ਔਰ ਤ੍ਰਾਸੈਂ। ਨਹੀਂ ਜਾਇ ਪਾਸੈਂ। ਕਹੂੰ ਬੀਰ ਗਾਜੇ। ਨਹੀਂ ਪਾਇ ਭਾਜੇ॥੭॥

ਵੇਖ ਕੇ ਡਰ ਜਾਂਦੇ ਸਨ, ਫਿਰ ਪਾਸ ਨਹੀਂ ਸਨ ਜਾਂਦੇ, ਕਿਤੇ ਸੂਰਬੀਰ ਗੱਜਦੇ ਸਨ, ਭੱਜਣਾ ਨਹੀਂ ਪਾਉਂਦੇ ਸਨ॥੭॥

ਰੁਪੇ ਸਿੰਘ ਬੈਸੇ। ਛੁਧਾ ਸਿੰਘ ਜੈਸੇ। ਸੰਭਾਰੈਂ ਤੁਫੰਗੈਂ। ਮਹਾਂ ਕ੍ਰੋਧ ਸੰਗੈ॥ ੮॥

ਬੈਠੇ ਸਿੰਘ ਕ੍ਰੋਧ ਵਿਚ ਆ ਗਏ, ਜਿਵੇਂ ਭੁੱਖਾ ਸ਼ੇਰ ਰੋਹ ਵਿਚ ਆਉਂਦਾ ਹੈ। ਵੱਡੇ ਕ੍ਰੋਧ ਨਾਲ ਬੰਦੂਕਾਂ ਸੰਭਾਲਦੇ ਸਨ॥ ੮॥

ਪਿਖੈਂ ਜਾਂਹਿ ਨੇਰੈ। ਤਕੈਂ ਤਾਂਹਿ ਗੋਰੈ। ਮਹਾਂ ਜੰਗ ਮਾਚਾ। ਰਜੰ ਸ਼੍ਰੋਣ ਰਾਚਾ॥ ੯॥

ਜਿੱਥੇ ਵੀ ਵੈਰੀ ਨੂੰ ਨੇੜੇ ਵੇਖਦੇ ਸਨ ਤਾਂ ਤੱਕ ਕੇ ਗੋਲੀਆਂ ਮਾਰਦੇ ਸਨ। ਵੱਡਾ ਜੰਗ ਮਚ ਗਿਆ, ਧਰਤੀ ਦੀ ਧੂੜ ਖੂਨ ਨਾਲ ਰਚ ਗਈ ਸੀ॥ ੯॥

ਭ੍ਰਮੀ ਗੀਧ ਆਈ। ਪਿਖਜੋ ਮਾਸ ਖਾਈ। ਮਰੇ ਸੂਰ ਘੋਰੇ। ਪਰੇ ਪੇਟ ਫੋਰੇ ॥੧੦॥

ਘੁੰਮਦੀਆਂ ਹੋਈਆਂ ਗਿਰਝਾਂ ਆਈਆਂ ਤਾਂ ਮਾਸ ਵੇਖ ਕੇ ਖਾਣ ਲੱਗੀਆਂ। ਸੂਰਬੀਰ ਅਤੇ ਘੋੜੇ ਮਰ ਗਏ ਸਨ, ਕਈਆਂ ਦੇ ਪੇਟ ਫਟੇ ਹੋਏ ਸਨ ॥੧੦॥

ਕਿਸੂ ਟਾਂਗ ਟੂਟੀ। ਤੁਫੰਗਾਨਿ ਛੂਟੀ। ਚਮੂੰ ਦੋਨ ਜੂਟੀ। ਪਰੀ ਮਾਰ ਕੂਟੀ ॥੧੧॥

ਕਿਸੇ ਦੀ ਲੱਤ ਟੁੱਟੀ ਸੀ, ਬੰਦੂਕਾਂ ਚਲੀਆਂ, ਦੂਣੀ ਸੈਨਾ ਜੁੱਟ ਗਈ, ਮਾਰ ਕੁੱਟ ਪਈ ॥੧੧॥

ਜਬੈ ਹੇਲ ਡਾਰਾ। ਬਕੈਂ 'ਮਾਰ ਮਾਰਾ'। ਮਲੇਛੰ ਸੁ ਲੱਛੈਂ। ਭਏ ਸੋ ਪ੍ਰਤੱਛੈ ॥੧੨॥

ਜਦ ਹੱਲਾ ਕਰਦੇ ਸਨ, 'ਮਾਰ ਮਾਰ' ਬੋਲਦੇ ਸਨ। ਮਲੇਛ ਜੋ ਲੱਖਾਂ ਦੀ ਗਿਣਤੀ ਵਿਚ ਸਨ, ਉਹ ਸਾਹਮਣੇ ਪ੍ਰਤੱਖ ਹੋਏ ॥੧੨॥

ਪ੍ਰਭੂ ਜੀ ਨਿਹਾਰੇ। ਸੋ ਜੋਧਾ ਪ੍ਰਚਾਰੇ। ਉਦੇ ਸਿੰਘ ਆਦੰ। ਦਯਾ ਸਿੰਘ ਨਾਦੰ ॥੧੩॥

ਸਤਿਗੁਰੂ ਜੀ ਨੇ ਵੇਖਿਆ ਤੇ ਜੋਧਿਆਂ ਨੂੰ ਵੰਗਾਰਿਆ। ਉਦੇ ਸਿੰਘ, ਦਇਆ ਸਿੰਘ ਆਦਿ ਨੂੰ ਤੁਰੀ ਦੀ ਅਵਾਜ਼ ਕਰਕੇ ਆਪਣੇ ਪਾਸ ਬੁਲਾਇਆ ॥੧੩॥

ਇਨੈ ਕੋ ਬੁਲਾਏ। ਥਿਰੇ ਊਚ ਥਾਏ। ਪਿਖੈਂ ਜੰਗ ਮਾਚਾ। ਤੁਫੰਗੈਂ ਤਮਾਚਾ ॥੧੪॥

ਇਸ ਪ੍ਰਕਾਰ ਉਨ੍ਹਾਂ ਨੂੰ ਆਪਣੇ ਪਾਸ ਬੁਲਾਇਆ। ਆਪ ਗੁਰੂ ਜੀ ਉੱਚੇ ਸਥਾਨ ਤੇ ਖੜੇ ਹੋ ਕੇ ਜੰਗ ਵੇਖ ਰਹੇ ਸਨ ਤੇ ਬੰਦੂਕਾਂ ਅਤੇ ਪਸਤੌਲ ਚਲ ਰਹੇ ਸਨ ॥੧੪॥

ਜੰਬੂਰਾਨ ਮਾਰੈਂ। ਜੰਜੈਲਾਂ ਪ੍ਰਹਾਰੈਂ। ਕਹਜੋ 'ਸ਼ੀਘ੍ਰ ਜਾਓ। ਮਲੇਛੈਂ ਹਟਾਓ ॥੧੫॥

ਜੰਬੂਰੇ ਮਾਰਦੇ ਸਨ, ਜੰਜੈਲਾਂ ਦੇ ਵਾਰ ਕਰਦੇ ਸਨ। ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮ ਦਿੱਤਾ, "ਛੇਤੀ ਜਾਵੋ ਤੇ ਮਲੇਛਾਂ ਨੂੰ ਹਟਾਵੋ ॥੧੫॥

ਭਰੇ ਛੋਭ ਆਏ। ਗਿਨੇ ਜੋ ਨ ਜਾਏ। ਇਤੈ ਸਿੰਘ ਥੋਰੇ। ਰਿਪੂ ਪੁੰਜ ਘੋਰੇ ॥੧੬॥

ਕ੍ਰੋਧ ਨਾਲ ਭਰੇ ਆਏ ਹਨ, ਜਿਹੜੇ ਗਿਣੇ ਵੀ ਨਹੀਂ ਜਾ ਸਕਦੇ। ਏਧਰ ਸਿੰਘ ਥੋੜ੍ਹੇ ਹਨ, ਵੈਰੀ ਪਾਸ ਬਹੁਤ ਵੱਡੀ ਸੈਨਾ ਹੈ ॥੧੬॥

ਤੁਮਾਰੇ ਪਿਛਾਰੀ। ਸ਼ਹੀਦਾਨ ਭਾਰੀ। ਬਡੋ ਆਇ ਹੱਲਾ। ਨਹੀਂ ਜਾਇ ਝੱਲਾ ॥੧੭॥

ਤੁਹਾਡੇ ਪਿਛੇ ਭਾਰੀ ਸ਼ਹੀਦ ਸੈਨਾ ਹੈ। ਵੱਡਾ ਹੱਲਾ ਆ ਕੇ ਕੀਤਾ ਹੈ, ਜਿਹੜਾ ਕਿ ਝੱਲਿਆ ਨਹੀਂ ਜਾਂਦਾ ਹੈ ॥੧੭॥

ਉਭੈ ਅੱਗ੍ਰ ਜਾਵੋ। ਲਰਾਈ ਮਚਾਵੋ।' ਸੁਨੇ ਬਾਕ ਐਸੇ। ਬਲੰ ਪਾਇ ਜੈਸੇ ॥੧੮॥

ਦੋਵੇਂ ਅੱਗੇ ਜਾਵੋ ਤੇ ਲੜਾਈ ਮਚਾਵੋ।" ਜਦ ਉਨ੍ਹਾਂ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਜਿਵੇਂ ਵੱਡਾ ਬਲ ਪ੍ਰਾਪਤ ਕਰ ਲਿਆ ਹੋਵੇ ॥੧੮॥

ਨਮੋ ਠਾਨਿ ਚਾਲੇ। ਮਹਾਂ ਸ਼ੱਤ੍ਰ ਜਾਲੇ। ਲਰੇ ਅੱਗ੍ਰ ਹੋਏ। ਸਭੈ ਬੀਰ ਢੋਏ ॥੧੯॥

ਬੰਦਨਾ ਕਰਕੇ ਚਲੇ ਗਏ, ਮਹਾਨ ਸ਼ਸਤਰ ਪਾਸ ਸਨ। ਅੱਗੇ ਹੋ ਕੇ ਲੜੇ ਤੇ ਸਾਰੇ ਸੂਰਬੀਰਾਂ ਨੂੰ ਵੀ ਆਪਣੇ ਨਾਲ ਲਿਆ ॥੧੯॥

ਤਹਾਂ ਦ੍ਵੈ ਭੁਜੰਗੀ। ਗਹੇ ਹ੍ਵੈ ਨਿਸੰਗੀ। ਧਰੇ ਚਾਂਪ ਬਾਨਾ। ਕਰੇ ਓਜ ਤਾਨਾ ॥੨੦॥

ਓਥੇ ਭਾਈ ਦਇਆ ਸਿੰਘ ਅਤੇ ਭਾਈ ਉਦੈ ਸਿੰਘ ਪਹੁੰਚ ਗਏ। ਉਨ੍ਹਾਂ ਆਪਣੇ ਧਨੁੱਖਾਂ ਬਾਣਾਂ ਨੂੰ ਨਿਸ਼ੰਗ ਹੋ ਕੇ ਫੜਿਆ ਤੇ ਉਨ੍ਹਾਂ ਵਿਚ ਬਾਨ ਰੱਖੇ ਤੇ ਬੜੇ ਜ਼ੋਰ ਨਾਲ ਖਿੱਚੇ ॥ ੨੦॥

ਮਲੇਛਾਨਿ ਮਾਰੈਂ। ਪਗੰ ਅੱਗ੍ਰ ਡਾਰੈਂ। ਪਹੂਚੈ ਸੁ ਜਾਈ। ਪ੍ਰਚੰਡੈ ਲਰਾਈ॥੨੧॥

ਮਲੇਛਾਂ ਨੂੰ ਮਾਰਿਆ ਤੇ ਪੈਰ ਅੱਗੇ ਵਧਾਏ, ਉਥੇ ਪਹੁੰਚ ਗਏ ਤੇ ਪ੍ਰਚੰਡ ਯੁੱਧ ਕੀਤਾ॥ ੨੧॥

*ਪਾਧੜੀ ਛੰਦ-* ਥਿਰ ਜ਼ਬਰਦਸਤ ਅਰੁ ਖਾਂ ਵਜੀਦ। ਰਣ ਪਿਖਹਿਂ ਚਮੂੰ ਆਪਨ ਰਸੀਦ।
ਗਨ ਸੈਲਪਤੀ ਤਿਨਕੇ ਨਜੀਕ। ਦਲ ਦੋਇ ਮਿਲੇ ਰਣ ਹੋਤਿ ਨੀਕ॥੨੨॥

ਜ਼ਬਰਦਸਤ ਖਾਂ ਅਤੇ ਵਜ਼ੀਦ ਖਾਂ ਖੜ੍ਹੇ ਹੋ ਕੇ ਲੜਾਈ ਵੇਖ ਰਹੇ ਸਨ। ਉਹ ਆਪਣੀ ਪਹੁੰਚੀ ਹੋਈ ਸੈਨਾ ਨੂੰ ਵੇਖ ਰਹੇ ਸਨ। ਕਈ ਪਹਾੜੀ ਰਾਜੇ ਵੀ ਉਨ੍ਹਾਂ ਦੇ ਪਾਸ ਖੜ੍ਹੇ ਸਨ ਕਿ ਦੋਵੇਂ ਦਲ ਮਿਲ ਕੇ ਕੀ ਠੀਕ ਯੁੱਧ ਕਰ ਰਹੇ ਹਨ॥ ੨੨॥

ਸ਼ਸਤ੍ਰਨ ਪ੍ਰਹਾਰ ਬਕ 'ਮਾਰ ਮਾਰ'। ਕਸਿ ਕਸਿ ਤੁਫੰਗ ਗਨ ਡਾਰਿ ਡਾਰਿ।
ਕਰਿ ਰਵਾਂ ਦਸਤ ਤਕਿ ਦੇਤਿ ਛੋਰਿ। ਤਬਿ ਪਰੇ ਤੁਰਕ ਕਰਿ ਹੇਲ ਜ਼ੋਰ॥੨੩॥

'ਮਾਰ ਮਾਰ' ਕਹਿ ਕੇ ਸ਼ਸਤਰਾਂ ਦੇ ਵਾਰ ਕਰਦੇ ਸਨ। ਬੰਦੂਕਾਂ ਵਿਚ ਗੋਲੀਆਂ ਪਾ ਪਾ ਕੇ ਕੱਸ ਕੱਸ ਕੇ ਰਵਾਂ ਕਰਕੇ ਨਿਸ਼ਾਨਾ ਤੱਕ ਕੇ ਛੱਡ ਦਿੰਦੇ ਸਨ। ਤਦ ਤੁਰਕ ਵੱਡਾ ਹੱਲਾ ਕਰਕੇ ਪਏ॥ ੨੩॥

ਉਤ ਉਦੈ ਸਿੰਘ ਤਿਨ ਸਮੁਖ ਆਇ। ਕਰਿ ਅਧਿਕ ਕ੍ਰੋਧ ਸਰ ਗਨ ਚਲਾਇ।
ਪਿਖਿ ਤੁਰਕ ਹੇਲ ਭਾ ਰੇਲ ਪੇਲ। ਬਿਚ ਮਿਲੇ ਸਿੰਘ ਨਹਿਂ ਭੇ ਪਿਛੇਲ॥੨੪॥

ਓਧਰ ਉਦੈ ਸਿੰਘ ਉਨ੍ਹਾਂ ਦੇ ਸਾਹਮਣੇ ਆ ਗਿਆ, ਉਸ ਨੇ ਵੱਡੇ ਕ੍ਰੋਧ ਵਿਚ ਆ ਕੇ ਬਹੁਤ ਤੀਰ ਚਲਾਏ। ਤੁਰਕਾਂ ਵਲ ਵੇਖ ਕੇ ਹੱਲਾ ਕਰਕੇ ਰੇਲ ਪੇਲ ਕਰ ਦਿਤੇ। ਸਿੰਘ ਵਿਚ ਮਿਲ ਗਏ ਤੇ ਪਿਛਾਂਹ ਨਾ ਹਟੇ॥ ੨੪॥

ਬਲ ਪਰਜੋ ਖਾਲਸੇ ਪਰ ਬਿਸਾਲ। ਆਏ ਸ਼ਹੀਦ ਗੁਰ ਹੁਕਮ ਨਾਲ।
ਕੁਛ ਬਹੀ ਬਾਯੁ ਪਿਖਿਯੰਤਿ ਨਾਂਹਿ। ਇਕ ਬਾਰ ਮਾਰ ਤੁਰਕਾਨਿ ਮਾਂਹਿ॥੨੫॥

ਖਾਲਸੇ ਉਤੇ ਵਿਸ਼ਾਲ ਬਲ ਪਿਆ, ਫਿਰ ਗੁਰੂ ਜੀ ਦੇ ਹੁਕਮ ਨਾਲ ਸ਼ਹੀਦ ਸਿੰਘ ਆਏ। ਕੁਝ ਐਸੀ ਹਵਾ ਵਗੀ ਕਿ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਇਕ ਵਾਰ ਤੁਰਕਾਂ ਵਿਚ ਵੱਡੀ ਮਾਰ ਮਚ ਗਈ॥ ੨੫॥

ਗਨ ਕਰਾਚੋਲ ਚਾਲੇ ਕਰਾਲ। ਲਿਪਿ ਲਹੂ ਸੰਗ ਭੇ ਰੰਗ ਲਾਲ।
ਇਤ ਸਿੰਘ ਹਜ਼ਾਰਹੁਂ ਪਰ ਬਿਲੰਦ। ਰਿਪੁ ਤੁਰਕ ਪਰੇ, ਲਾਖਹੁਂ ਨਿਕੰਦ॥੨੬॥

ਬਹੁਤ ਵਿਕਰਾਲ ਤਲਵਾਰਾਂ ਚੱਲੀਆਂ, ਸਾਰੀ ਧਰਤੀ ਲਹੂ ਨਾਲ ਭਿੱਜ ਕੇ ਲਾਲ ਰੰਗ ਦੀ ਹੋ ਗਈ। ਏਧਰ ਹਜ਼ਾਰਾਂ ਵੱਡੇ ਵੱਡੇ ਸੂਰਬੀਰ ਸਿੰਘ ਆ ਪਏ ਤੇ ਲੱਖਾਂ ਵੈਰੀ ਤੁਰਕ ਕੱਟ ਦਿੱਤੇ॥ ੨੬॥

ਤਬਿ ਧਰੀ ਮਾਰਿ ਇਕਸਾਰ ਬੀਰ। ਕਤਲਾਮ ਸ਼ਹੀਦਨ ਕੀਨਿ ਬੀਰ।
ਨਹਿਂ ਦਿਖਤਿ ਕੋਇ ਮਾਰੰਤਿ ਜੋਇ। ਗਿਰ ਪਰਤਿ ਭੂਮ ਪਰ ਪ੍ਰਾਨ ਖੋਇ॥੨੭॥

ਤਦ ਸੂਰਬੀਰਾਂ ਨੇ ਇਕਸਾਰ ਕੱਟ ਵੱਢ ਧਾਰਨ ਕੀਤੀ। ਇਹ ਸਾਰੀ ਕਤਲੇ-ਆਮ ਸ਼ਹੀਦ ਸਿੰਘਾਂ ਨੇ ਕਰ ਦਿੱਤੀ। ਕੋਈ ਵੀ ਮਾਰਨ ਵਾਲਾ ਵਿਖਾਈ ਨਹੀਂ ਸੀ ਦਿੰਦਾ, ਪ੍ਰਾਣ ਗਵਾ ਕੇ ਵੈਰੀ ਧਰਤੀ ਉੱਤੇ ਡਿੱਗ ਪੈਂਦੇ ਸਨ॥ ੨੭॥

ਨਹਿਂ ਗਏ ਸਿੰਘ ਤਹਿਂ ਲੌ ਸੁ ਧਾਇ। ਜਹਿਂ ਅੱਗ੍ਰ ਸ਼ਹੀਦਨ ਮਾਰ ਪਾਇ।
ਕਟਿ ਗਿਰੇ ਤੁਰਕ ਰਣ ਮਹਿਂ ਹਜ਼ਾਰ। ਕਰਿ ਰਹੇ ਓਜ ਹੱਥਜਾਰ ਮਾਰਿ॥੨੮॥

ਓਥੋਂ ਤਕ ਸਿੰਘ ਹਮਲਾ ਕਰਕੇ ਨਹੀਂ ਗਏ ਸਨ, ਜਿੱਥੋਂ ਤਕ ਅੱਗੇ ਸ਼ਹੀਦਾਂ ਨੇ ਮਾਰ ਮੁਕਾਏ। ਹਜ਼ਾਰਾਂ ਤੁਰਕ ਰਣਖੇਤਰ ਵਿਚ ਕੱਟ ਕੇ ਡਿੱਗ ਪਏ, ਉਹ ਹਥਿਆਰ ਮਾਰ ਮਾਰ ਕੇ ਬਹੁਤ ਜ਼ੋਰ ਲਾਉਂਦੇ ਰਹੇ॥ ੨੮॥

ਗਿਰਤੇ ਮਰੰਤਿ ਦੇਖੰਤਿ ਬੀਰ। 'ਕਿਮ ਲਗੇ ਘਾਇ' ਨਹਿਂ ਲਖਤਿ ਧੀਰ।
ਅਟਕੈ ਨ ਕੋਇ ਘੋਰਾ ਨ ਸੂਰ। ਕਟ ਗਿਰੇ ਪਿਖਤਿ ਮਿਲਿਯੰਤਿ ਧੂਰ॥ ੨੯॥

ਗਿਰਦੇ ਮਰਦੇ ਸੂਰਬੀਰ ਦਿਖਾਈ ਦਿੰਦੇ ਸਨ, ਪਰ 'ਕਿਵੇਂ ਮਾਰੇ ਗਏ ਹਨ', ਇਹ ਕੁਝ ਦਿਖਾਈ ਨਹੀਂ ਸੀ ਦਿੰਦਾ। ਕੋਈ ਵੀ ਘੋੜਾ ਜਾਂ ਸੂਰਬੀਰ ਅੱਗੇ ਨਾ ਅਟਕਿਆ। ਕੱਟੇ ਹੋਏ ਡਿੱਗਦੇ ਅਤੇ ਧੂੜ ਵਿਚ ਮਿਲਦੇ ਵਿਖਾਈ ਦਿੰਦੇ ਸਨ॥ ੨੯॥

ਜਬਿ ਭਈ ਸ਼ਹੀਦਨਿ ਕੀ ਰਸੀਦ। ਬਿਸਮਾਇ ਰਹਜੋ ਤਬਿ ਖਾਂ ਵਜੀਦ।
ਕੁਛ ਜ਼ਬਰਦਸਤ ਨਹਿਂ ਕਹਿ ਸਕੰਤਿ। 'ਮਰਿ ਗਏ ਸ਼ੀਘ੍ਰ ਹਮ ਢਿਗ ਤਕੰਤਿ॥੩੦॥

ਜਦੋਂ ਸ਼ਹੀਦ ਆ ਪਹੁੰਚੇ, ਤਦ ਵਜ਼ੀਦ ਖਾਂ ਵੇਖ ਕੇ ਬਹੁਤ ਹੈਰਾਨ ਹੋਇਆ। ਜ਼ਬਰਦਸਤ ਖਾਂ ਵੀ ਕੁਝ ਕਹਿ ਨਹੀਂ ਸੀ ਸਕਦਾ, "ਬਹੁਤ ਛੇਤੀ ਮਰ ਜਾਂਦੇ ਹਨ, ਅਸੀਂ ਪਾਸ ਖੜ੍ਹੇ ਵੇਖਦੇ ਹੀ ਰਹਿ ਜਾਂਦੇ ਹਾਂ॥ ੩੦॥

ਦਲ ਤੁਰਕ ਮਹਿਦ ਘਾਲਜੋ ਸੁ ਹੇਲ। ਸਭਿ ਰਹੇ ਤਹਾਂ ਨਹਿਂ ਹਟਿ ਪਿਛੇਲ।
ਚਮਕੰਤਿ ਖੜਗ ਢਲਕੰਤਿ ਢਾਲ। ਕਟਯੰਤਿ ਬੀਰ ਪਗਯੰਤਿ ਲਾਲ॥ ੩੧॥

ਤੁਰਕਾਂ ਦੇ ਦਲ ਨੇ ਵੱਡਾ ਹੱਲਾ ਕੀਤਾ, ਸਾਰੇ ਉਥੇ ਖੜ੍ਹੇ ਰਹੇ, ਕੋਈ ਵੀ ਪਿੱਛੇ ਨਾ ਹਟਿਆ। ਤਲਵਾਰਾਂ ਚਮਕਦੀਆਂ ਸਨ, ਢਾਲਾਂ ਢਲਕਦੀਆਂ ਸਨ ਤੇ ਕੱਟੇ ਹੋਏ ਸੂਰਮੇ ਲਾਲ ਲਹੂ ਵਿਚ ਭਿੱਜ ਗਏ॥ ੩੧॥

ਕੁਛ ਸਿੰਘ ਅਲਪ ਹੀ ਲਖਹਿ ਜਾਹਿਂ। 'ਕਿਨ ਮਾਰ ਗੇਰ ? ਦਿਖਿਯੰਤਿ ਨਾਂਹਿ।
ਅਚਰਜ ਬਿਸਾਲ ਉਰ ਹੋਤਿ ਹੇਰਿ। ਗਿਰ ਪਰੇ ਬੀਰ ਖੇਤਹਿਂ ਬਡੇਰ' ॥ ੩੨॥

ਏਥੇ ਤਾਂ ਸਿੰਘ ਥੋੜ੍ਹੇ ਹੀ ਦਿੱਸਦੇ ਹਨ, "ਸਾਡੇ ਸੂਰਬੀਰ ਕਿਸ ਨੇ ਮਾਰ ਕੇ ਡੇਗ ਦਿੱਤੇ ਹਨ। ਇਹ ਦਿਖਾਈ ਨਹੀਂ ਦਿੰਦਾ ਹੈ।" ਵੇਖ ਕੇ ਹਿਰਦੇ ਵਿਚ ਵਿਸ਼ਾਲ ਅਸਚਰਜਤਾ ਹੁੰਦੀ ਹੈ। ਬਹੁਤ ਸੂਰਬੀਰ ਰਣਖੇਤਰ ਵਿਚ ਡਿੱਗੇ ਪਏ ਸਨ' ॥ ੩੨॥

ਇਮ ਕਹਹਿਂ ਪਰਸਪਰ ਬਹੁ ਲਰਾਹਿਂ। ਜੁਰਿ ਗਏ ਸੁਭਟ ਮਿਟਤੇ ਸੁ ਨਾਂਹਿ।
ਕਟਿ ਕਟਿ ਪਰੰਤਿ ਚਾਲਹਿ ਕ੍ਰਿਪਾਨ। ਬਹੁ ਪਰੀ ਲੋਥ ਭੈਰਵ ਸਥਾਨ॥ ੩੩॥

ਇੰਝ ਆਪਸ ਵਿਚ ਕਹਿਕੇ ਬਹੁਤ ਯੁੱਧ ਕਰਨ ਲੱਗੇ, ਜਿਹੜੇ ਸੂਰਬੀਰ ਜੁੜ ਗਏ ਹਨ, ਉਹ ਮਿਟਦੇ ਨਹੀਂ ਹਨ। ਕਿਰਪਾਨਾਂ ਚਲਣ ਨਾਲ ਕੱਟ ਕੱਟ ਕੇ ਡਿੱਗਦੇ ਜਾਂਦੇ ਸਨ। ਬਹੁਤ ਲੋਥਾਂ ਲੰਮੀਆਂ ਪੈ ਗਈਆਂ ਤੇ ਸਾਰਾ ਸਥਾਨ ਹੀ ਭਿਆਨਕ ਦਿਖਾਈ ਦੇਣ ਲੱਗਾ॥ ੩੩॥

ਗਨ ਰੁੰਡ ਮੁੰਡ ਕਹਿਂ ਤੁੰਡ ਖੰਡ। ਤਨ ਖੰਡ ਖੰਡ ਭੜਥੂ ਪ੍ਰਚੰਡ।
ਕਟਿ ਗਏ ਹਾਥ ਅਰੁ ਪਾਉਂ ਬ੍ਰਿੰਦ। ਕੇਤਿਕ ਚੁਚਾਤਿ ਸ਼੍ਰੋਣਤਿ ਬਿਲੰਦ॥ ੩੪॥

ਕਿਤੇ ਸਿਰ ਕੱਟੇ ਗਏ ਸਨ, ਕਿਤੇ ਮੂੰਹ ਕੱਟੇ ਗਏ ਸਨ, ਸਰੀਰ ਟੁਕੜੇ ਟੁਕੜੇ ਹੋ ਗਏ ਸਨ, ਪ੍ਰਚੰਡ ਭੜਥੂ ਮੱਚਿਆ ਸੀ। ਬਹੁਤ ਹੱਥ ਪੈਰ ਕੱਟੇ ਗਏ, ਕਈ ਥਾਵਾਂ 'ਤੇ ਬਹੁਤ ਲਹੂ ਚੋ-ਚੋ ਕੇ ਵਹਿ ਰਿਹਾ ਸੀ॥ ੩੪॥

ਬਡ ਉਠਜੋ ਧੂਮ ਛੂਟੈਂ ਤੁਫੰਗ। ਗੁਲਕਾਂ ਸੜਾਕ ਗੇਰੈਂ ਤੁਰੰਗ।
ਕੋ ਆਇ ਚੀਕਤੀ ਚੁਭਤਿ ਅੰਗ। ਨਹਿਂ ਬਚਹਿ ਪ੍ਰਾਣ ਹੁਇ ਪਰਤਿ ਭੰਗ॥ ੩੫॥

ਬੰਦੂਕਾਂ ਚਲਣ ਨਾਲ ਬਹੁਤ ਉੱਚਾ ਧੂੰਆਂ ਉਠਿਆ, ਗੋਲੀਆਂ ਸੜਾਕ ਕਰਕੇ ਘੋੜਿਆਂ ਨੂੰ ਡੇਗ ਲੈਂਦੀਆਂ ਸਨ। ਜਿਨ੍ਹਾਂ ਦੇ ਅੰਗਾਂ ਵਿਚ ਚੁਭ ਜਾਂਦੀਆਂ ਸਨ, ਉਹ ਚੀਕਦੇ ਆਉਂਦੇ ਸਨ, ਪ੍ਰਾਣ ਨਹੀਂ ਬਚਦੇ ਸਨ ਤੇ ਪ੍ਰਾਣ ਛੱਡ ਕੇ ਡਿਗ ਪੈਂਦੇ ਸਨ॥ ੩੫॥

ਬਹੁ ਫਿਰੀ ਜੋਗਨੀ ਸ੍ਰੋਨ ਪਾਨ। ਲੇਤੀ ਡਕਾਰ ਮੁਖ ਕਰਤਿ ਗਾਨ।
ਗਨ ਭੂਤ ਪ੍ਰੇਤ ਨਾਚੰਤਿ ਆਇ। ਭੈਰੋਂ ਕੁਰੂਪ ਅਪਨੋ ਦਿਖਾਇ॥ ੩੬॥

ਲਹੂ ਪੀਣ ਵਾਸਤੇ ਬਹੁਤ ਜੋਗਨੀਆਂ ਫਿਰੀਆਂ, ਫਿਰ ਤ੍ਰਿਪਤ ਹੋ ਕੇ ਡਕਾਰ ਮਾਰ ਕੇ ਗਾਉਣ ਲੱਗ ਗਈਆਂ। ਕਈ ਭੂਤ, ਪ੍ਰੇਤ ਨੱਚਦੇ ਆਏ ਤੇ ਭੈਰੋਂ ਨੇ ਆਪਣਾ ਕਰੂਪ ਰੂਪ ਵਿਖਾਇਆ॥ ੩੬॥

ਚਾਵੰਡ ਚਿਕਾਰ, ਕੂਕੈਂ ਸ੍ਰਿੰਗਾਲਿ। ਉਡਿ ਕਾਕ ਕੰਕ ਨਭ ਫਿਰਤਿ ਜਾਲ।
ਬਲ ਕਰਹਿਂ ਤੁਰਕ ਮਿਲਿਕੈ ਬਿਲੰਦ। ਥਲ ਮੋਰਚਾਨਿ ਕੋ ਲੇਂ ਨਿਕੰਦ॥ ੩੭॥

ਇੱਲਾਂ ਚੀਕਦੀਆਂ ਸਨ, ਗਿੱਦੜ ਕੂਕਦੇ ਸਨ ਤੇ ਸਫੈਦ ਇੱਲਾਂ ਅਤੇ ਕਾਂ ਇਕੱਠੇ ਹੋ ਕੇ ਆਕਾਸ਼ ਵਿਚ ਫਿਰਦੇ ਸਨ। ਤੁਰਕ ਮਿਲ ਕੇ ਬਹੁਤ ਸ਼ਕਤੀ ਲਾਉਂਦੇ ਸਨ। ਸਿੰਘਾਂ ਦੇ ਮੋਰਚਿਆਂ ਦੀ ਥਾਂ ਨੂੰ ਢਾਹੁੰਦੇ ਸਨ॥ ੩੭॥

'ਦੀਜੈ ਹਲਾਇ, ਥਿਰ ਸਿੰਘ ਥੋਰ। ਕਰਿ ਕਰਾਚੋਲ ਕੀ ਮਾਰ ਘੋਰ।
ਕੋ ਰਹੈ ਅਟਕ ਲਸ਼ਕਰ ਬਿਸਾਲ। ਸਮਰੱਥ ਜੀ ਤਬੇ ਜਗਤ ਜਾਲ॥ ੩੮॥

"ਇਨ੍ਹਾਂ ਨੂੰ ਹਿਲਾ ਦੇਵੋ, ਸਿੰਘ ਥੋੜ੍ਹੇ ਹਨ ਤੇ ਤਲਵਾਰਾਂ ਦੀ ਵੱਡੀ ਮਾਰ ਕਰੋ। ਵਿਸ਼ਾਲ ਲਸ਼ਕਰ ਅੱਗੇ ਕਿਹੜਾ ਅਟਕੇਗਾ। ਸਾਡਾ ਲਸ਼ਕਰ ਸਾਰੇ ਜਗਤ ਨੂੰ ਜਿੱਤਣ ਦੇ ਸਮਰੱਥ ਹੈ॥ ੩੮॥

ਅਵਰੰਗ ਮਹਾਂ ਸ਼ਾਹਾਨਸ਼ਾਹ। ਤਿਹ ਸੰਗ ਅਰਨ ਅਰਿ ਓਜ ਕਾਹ?'।
ਇਮ ਕਹਿ ਰਿਸਾਇ ਬਡ ਹੇਲ ਡਾਰਿ। ਕਟ ਗਿਰਤਿ ਮਰਤਿ ਅਸਿ ਮਾਰਿ ਮਾਰਿ॥ ੩੯॥

ਨੌਰੰਗਾ ਵੱਡਾ ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਉਸ ਨਾਲ ਅੜਨ ਦਾ ਬਲ ਕਿਸ ਵੈਰੀ ਵਿਚ ਹੈ?" ਇਸ ਪ੍ਰਕਾਰ ਕਹਿ ਕੇ ਗੁੱਸੇ ਵਿਚ ਆ ਕੇ ਵੱਡਾ ਹੱਲਾ ਕੀਤਾ। ਇਸ ਪ੍ਰਕਾਰ ਮਾਰ ਮਾਰ ਕੇ ਕੱਟ ਕੱਟ ਕੇ ਡਿੱਗਦੇ ਅਤੇ ਮਰਦੇ ਜਾਂਦੇ ਸਨ॥ ੩੯॥

ਫੂਟਹਿਂ ਪ੍ਰਚੰਡ ਬਹੁ ਮੁੰਡ ਤੁੰਡ। ਤਨ ਖੰਡ ਖੰਡ ਹ੍ਵੈ ਕਰਿ ਬਿਹੰਡ।
ਗਨ ਫਿਰੀ ਪਰੀ ਅਸਮਾਨ ਆਇ। ਭਟ ਬਰਤਿ ਘਿਰਤ ਚਿਤ ਚਾਇ ਚਾਇ॥ ੪੦॥

ਕਈ ਮੂੰਹ ਅਤੇ ਸਿਰ ਪ੍ਰਚੰਡ ਰੂਪ ਵਿਚ ਫਟ ਗਏ, ਸਰੀਰ ਟੁਕੜੇ-ਟੁਕੜੇ ਹੋ ਕੇ ਵੱਖ-ਵੱਖ ਹੋ ਗਏ। ਅਸਮਾਨ ਤੋਂ ਆ ਕੇ ਬਹੁਤ ਪਰੀਆਂ ਫਿਰ ਰਹੀਆਂ ਸਨ ਤੇ ਉਹ ਸੂਰਬੀਰਾਂ ਨੂੰ ਚਿੱਤ ਵਿਚ ਵੱਡੀ ਪ੍ਰਸੰਨਤਾ ਧਾਰ ਕੇ ਵਰ ਰਹੀਆਂ ਸਨ॥ ੪੦॥

ਭਾ ਤੁਮਲ ਜੁੱਧ ਦੋਊ ਦਿਸਾਨ। ਚਮਕੰਤਿ ਭਿਗੇ ਸ੍ਰੋਣਤ ਕ੍ਰਿਪਾਨ।
ਅਸਵਾਰ ਕਿ ਪੈਦਲ ਸੋ ਪਹੂਚ। ਕਟਿਗੇ ਬਿਸਾਲ ਭਟ ਨੀਚ ਊਚ॥ ੪੧॥

ਦੋਵੀਂ ਪਾਸੀਂ ਭਾਰੀ ਤੁਮਲ ਯੁੱਧ ਹੋਇਆ। ਕਿਰਪਾਨਾਂ ਲਹੂ ਨਾਲ ਭਿੱਜੀਆਂ ਹੋਈਆਂ ਚਮਕਦੀਆਂ ਸਨ। ਅਸਵਾਰ ਜਾਂ ਪੈਦਲ ਜਿਹੜਾ ਵੀ ਪਹੁੰਚਿਆ, ਵੱਡੀ ਗਿਣਤੀ ਵਿਚ ਵੱਡੇ ਛੋਟੇ ਸਭ ਸੂਰਬੀਰ ਕੱਟੇ ਗਏ॥ ੪੧॥

ਕਹਿਂ ਲਗਿ ਬਖਾਨ ਜਜੋਂ ਮਦਤਿ ਰਾਰ। ਜਹਿਂ ਕਹਿਂ ਬਿਥਾਰ ਲੋਥਨ ਸੁਮਾਰ।
ਇਕ ਜਾਮ ਲੋਹ ਸੋਂ ਲੋਹ ਬਾਜਿ। ਹਟਿ ਪਰੇ ਤੁਰਕ ਤਜਿ ਲਾਜ ਸਾਜ॥ ੪੨॥

ਕਿੱਥੋਂ ਤੱਕ ਵਰਣਨ ਕਰਾਂ, ਜਿਸ ਪ੍ਰਕਾਰ ਘਮਸਾਨ ਦਾ ਯੁੱਧ ਮੱਚਿਆ ਸੀ, ਜਿੱਥੇ ਕਿੱਥੇ ਲੋਥਾਂ ਅਤੇ ਜ਼ਖਮੀਆਂ ਦੇ ਢੇਰ ਲੱਗੇ ਸਨ। ਇਕ ਪਹਿਰ ਤਕ ਲੋਹੇ ਨਾਲ ਲੋਹਾ ਖੜਕਿਆ, ਫਿਰ ਤੁਰਕ ਲਾਜ ਅਤੇ ਸਾਮਾਨ ਛੱਡ ਕੇ ਪਿਛਾਂਹ ਹੱਟ ਗਏ॥ ੪੨॥

ਖਿਸਮਤਿ ਬਿਸਾਲ ਅਵਲੋਕਿ ਜੰਗ। ਅਥਿ ਅਲਪ ਕਾਲ ਦਲ ਇਤਿਕ ਭੰਗ।
ਕੇਚਿਤ ਕਹੰਤਿ 'ਹਮ ਰਹੈਂ ਹਾਰ। ਗੁਰ ਕਰਾਮਾਤ ਸਾਹਿਬ ਉਦਾਰ'॥ ੪੩॥

ਜੰਗ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਏ, ਬਹੁਤ ਥੋੜ੍ਹੇ ਸਮੇਂ ਵਿਚ ਏਨਾ ਲਸ਼ਕਰ ਮਾਰਿਆ ਗਿਆ ਸੀ। ਕਈ ਕਹਿੰਦੇ ਸਨ, "ਸਾਡੀ ਹਾਰ ਹੋ ਜਾਵੇਗੀ, ਗੁਰੂ ਜੀ ਕਰਾਮਾਤ ਦੇ ਵੱਡੇ ਸਾਹਿਬ ਹਨ"॥ ੪੩॥

ਕੇਚਿਤ ਕਹੰਤਿ 'ਬਹੁ ਓਟ ਲੀਨਿ। ਥਿਰ ਮੋਰਚਾਨ ਹੁਇ ਮਾਰ ਕੀਨਿ।
ਹਮ ਮਰੇ ਬਹੁਤ ਤਿਨ ਕੇ ਨ ਲਾਗ। ਸਮ ਥੋ ਸਥਾਨ ਥਿਰ ਲਗਤਿ ਆਗ' ॥੪੪॥

ਕਈ ਕਹਿੰਦੇ ਸਨ, "ਬਹੁਤ ਓਟ ਲਈ ਹੈ, ਮੋਰਚਿਆਂ ਵਿਚ ਖੜੇ ਹੋ ਕੇ ਬਹੁਤ ਮਾਰ ਕੀਤੀ ਹੈ। ਅਸੀਂ ਮਰਦੇ ਸੀ, ਪਰ ਉਨ੍ਹਾਂ ਦੇ ਗੋਲੀਆਂ ਅਤੇ ਤੀਰ ਨਹੀਂ ਲੱਗਦੇ ਸਨ। ਸਾਡਾ ਸਥਾਨ ਪੱਧਰਾ ਸੀ, ਇਸ ਕਰਕੇ ਅੱਗੇ ਖਲੋਤੇ ਨੂੰ ਗੋਲੀ ਅਤੇ ਤੀਰ ਆ ਲੱਗਦਾ ਸੀ"॥ ੪੪॥

ਸੂਬੇ ਦੂਊਨ ਬਿਸਮਾਇ ਚੀਤ। ਇਹ ਪ੍ਰਥਮ ਜੰਗ ਪਾਈ ਨ ਜੀਤ।
ਸਭਿ ਦਲ ਹਟਾਇ ਜੀਵੰਤਿ ਜੋਇ। ਥਿਰ ਭਏ ਸਕਲ ਹੀ ਦੂਰ ਹੋਇ॥੪੫॥

ਦੋਵੇਂ ਸੂਬੇਦਾਰ ਚਿੱਤ ਵਿਚ ਬਹੁਤ ਹੈਰਾਨ ਹੋਏ, ਇਸ ਪਹਿਲੇ ਜੰਗੀ ਹਮਲੇ ਵਿਚ ਜਿੱਤ ਨਹੀਂ ਪਾਈ ਹੈ, ਸਾਰਾ ਦਲ ਜਿਹੜਾ ਜੀਉਂਦਾ ਸੀ, ਪਿੱਛੇ ਹਟਾ ਲਿਆ ਤੇ ਗੁਰੂ ਜੀ ਦੀ ਸੈਨਾ ਤੋਂ ਬਹੁਤ ਦੂਰ ਹੋ ਕੇ ਖੜ੍ਹੇ ਹੋ ਗਏ॥ ੪੫॥

ਮਿਲਿ ਸੈਲਪਤਨਿ ਸੋਂ ਮੰਤ੍ਰ ਕੀਨ। 'ਕਿਮ ਭਯੋ ਜੰਗ ਭਟ ਪ੍ਰਾਨ ਹੀਨ?।
ਕਿਮ ਰਹੇ ਲਰਤਿ ਕਰਿ ਦਾਵ ਘਾਵ। ਸੋ ਬਿਧਿ ਬਚਾਉ ਜਿਮ ਜੀਤ ਪਾਵ॥੪੬॥

ਪਹਾੜੀ ਰਾਜਿਆਂ ਨਾਲ ਮਿਲ ਕੇ ਸਲਾਹ ਕੀਤੀ, "ਇਹ ਕਿਵੇਂ ਜੰਗ ਹੋਇਆ ਹੈ, ਬਹੁਤ ਸੂਰਬੀਰ ਮਾਰੇ ਗਏ ਹਨ? ਦਾਵ ਘਾਵ ਕਰਕੇ ਕਿਵੇਂ ਲੜਦੇ ਰਹੇ ਹਾਂ, ਕੋਈ ਬਚਾਓ ਦੀ ਵਿਧੀ ਅਪਨਾਈਏ ਜਿਸ ਨਾਲ ਜਿੱਤ ਪ੍ਰਾਪਤ ਹੋਵੇ॥ ੪੬॥

ਜਿਮ ਲਰੈਂ ਆਜ ਤਿਮ ਲਰੈਂ ਰੋਜ। ਸਭਿ ਜਾਹਿ ਫੌਜ ਕੋ ਮਿਟਹਿ ਖੋਜ।
ਨਹਿੰ ਸਿੰਘ ਮਰਜੋ ਰਣ ਦਿਖਹਿ ਕੋਇ। ਤੁਰਕਨਿ ਬਿਨਾਸ਼ ਪਿਖਿ ਤ੍ਰਾਸ ਹੋਇ'॥੪੭॥

ਜਿਵੇਂ ਅੱਜ ਲੜੇ ਹਾਂ, ਜੇ ਇਸ ਤਰ੍ਹਾਂ ਰੋਜ਼ ਲੜਦੇ ਰਹੇ ਤਾਂ ਸਾਰੀ ਫੌਜ ਦਾ ਖੋਜ ਹੀ ਮਿੱਟ ਜਾਵੇਗਾ। ਰਣਖੇਤਰ ਵਿਚ ਕੋਈ ਵੀ ਸਿੰਘ ਮਰਿਆ ਦਿਖਾਈ ਨਹੀਂ ਦੇ ਰਿਹਾ ਹੈ, ਤੁਰਕਾਂ ਦਾ ਵਿਨਾਸ਼ ਵੇਖ ਕੇ ਬੜਾ ਡਰ ਉਤਪੰਨ ਹੋਇਆ ਹੈ" ॥੪੭॥

ਤਬਿ ਭੀਮਚੰਦ ਕਰ ਬੰਦਿ ਭਾਖ। 'ਥਿਤਿ ਮੋਰਚਾਨ ਲੇ ਓਟ ਰਾਖਿ।
ਤੁਮਰੇ ਮਦਾਨ ਰਹਿਂ ਲਰਤਿ ਬੀਰ। ਬਹੁ ਪਰੀ ਮਾਰ ਕਿਮ ਧਰਹਿਂ ਧੀਰ॥੪੮॥

ਤਦ ਭੀਮ ਚੰਦ ਨੇ ਹੱਥ ਜੋੜ ਕੇ ਕਿਹਾ, "ਉਨ੍ਹਾਂ ਨੇ ਮੋਰਚਿਆਂ ਵਿਚ ਖੜ੍ਹੇ ਹੋ ਕੇ ਓਟ ਰੱਖੀ ਹੈ, ਤੁਹਾਡੇ ਸੂਰਬੀਰ ਮੈਦਾਨ ਵਿਚ ਲੜਦੇ ਰਹੇ ਹਨ। ਬਹੁਤ ਮਾਰ ਪਈ ਹੈ, ਕਿਵੇਂ ਧੀਰਜ ਧਾਰਨ ਕਰਦੇ॥ ੪੮॥

ਤੁਮ ਸੁਮਤਿਵੰਤਿ ਇਮ ਲਰਹੁ ਨਾਂਹਿ। ਹੋਵਤਿ ਪ੍ਰਭਾਤਿ ਰਣ ਜੀਤਿ ਚਾਹਿ।
ਤੋਪੈਂ ਸੰਬੂਹ ਸਭਿ ਆਇ ਜਾਇਂ। ਰਚਿ ਮੋਰਚਾਨ ਆਛੇ ਟਿਕਾਇ॥ ੪੯॥

ਤੁਸੀਂ ਬੁੱਧੀਵਾਨ ਹੋ, ਇਸ ਪ੍ਰਕਾਰ ਲੜਾਈ ਨਾ ਕਰੋ। ਸਵੇਰ ਹੋਣ ਤੇ ਜੰਗ ਜਿੱਤ ਲੈਣੀ ਚਾਹੀਦੀ ਹੈ, ਫਿਰ ਸਾਰੀਆਂ ਤੋਪਾਂ ਵੀ ਆ ਜਾਣਗੀਆਂ, ਚੰਗੇ ਮੋਰਚੇ ਬਣਾ ਕੇ, ਉਨ੍ਹਾਂ ਨੂੰ ਟਿਕਾਓ॥ ੪੯॥

ਇਕਸਾਰ ਮਾਰ ਗੋਰਾਨਿ ਦੇਹੁ। ਸਭਿ ਸੁਭਟ ਦੂਰ ਹੀ ਰਾਖਿ ਲੇਹੁ।
ਹਤਿ ਤੋਪ ਪੁੰਜ ਲਿਹੁ ਜੀਤ ਪਾਇ। ਮਮ ਬੁੱਧਿ ਆਇ ਇਸ ਰੀਤਿ ਦਾਇ॥੫੦॥

ਇਕਸਾਰ ਗੋਲੇ ਮਾਰ ਕੇ ਮਾਰ ਦੇਵੋ ਤੇ ਸਾਰੇ ਸੂਰਬੀਰਾਂ ਨੂੰ ਦੂਰ ਹੀ ਰੱਖੋ। ਬਹੁਤ ਤੋਪਾਂ ਚਲਾ ਕੇ ਮਾਰ ਲਵੋ, ਮੇਰੀ ਬੁੱਧੀ ਅਨੁਸਾਰ ਇਸ ਪ੍ਰਕਾਰ ਦਾਵ ਘਾਵ ਕਰਨਾ ਚਾਹੀਦਾ ਹੈ॥ ੫੦॥

**ਬਡ ਰਾਠ ਸੁਭਟ ਸਤਿਗੁਰ ਬਟੋਰਿ। ਬਟਪਾਰ ਅਧਿਕ, ਕੈ ਬ੍ਰਿੰਦ ਚੋਰ।**
**ਬਿਨ ਖੜਗ ਸੇਲ ਨਹਿਂ ਕਰਤਿ ਬਾਤ। ਇਕਬਾਰ ਹੇਲਤੇ ਕਟਕ ਜਾਤਿ' ॥੫੧॥**

ਬੜੇ-ਬੜੇ ਰਾਠ ਸੂਰਬੀਰ ਸਤਿਗੁਰੂ ਜੀ ਨੇ ਇਕੱਠੇ ਕੀਤੇ ਹਨ, ਇਹ ਲੁਟੇਰੇ ਜ਼ਿਆਦਾ ਹਨ, ਜਾਂ ਇਹ ਵੱਡੇ ਚੋਰ ਹਨ। ਤਲਵਾਰ ਤੇ ਨੇਜ਼ੇ ਤੋਂ ਬਗ਼ੈਰ ਇਹ ਗੱਲ ਨਹੀਂ ਕਰਦੇ ਹਨ। ਇਕੋ ਵਾਰ ਹੱਲਾ ਕਰਕੇ ਜਾ ਪੈਂਦੇ ਹਨ ਤੇ ਕੱਟਦੇ ਜਾਂਦੇ ਹਨ' ॥ ੫੧॥

*ਛੇਵੀਂ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

## *ਅਧਿਆਇ ਗਿਆਰ੍ਹਵਾਂ*

*ਦੂਸਰੇ ਦਿਨ ਦਾ ਜੰਗ*

ਦੋਹਰਾ- **ਸੁਨਿ ਸੂਬੇ ਦੋਊ ਹਟੇ ਲਸ਼ਕਰ ਕੀ ਸੁਧਿ ਲੀਨਿ।**
**ਭਏ ਸੁਮਾਰ ਸ਼ੁਮਾਰ ਬਿਨ, ਨੌ ਸੈ ਪ੍ਰਾਨ ਬਿਹੀਨ॥ ੧॥**

ਇਹ ਸੁਣ ਕੇ ਦੋਵੇਂ ਸੂਬੇ ਪਿੱਛੇ ਹਟ ਗਏ ਤੇ ਆਪਣੇ ਲਸ਼ਕਰ ਦੀ ਖ਼ਬਰਸਾਰ ਲਈ, ਬੇਸ਼ੁਮਾਰ ਜ਼ਖ਼ਮੀ ਹੋਏ ਤੇ ਨੌਂ ਸੌ ਸੂਰਬੀਰ ਮਾਰੇ ਗਏ॥੧॥

*ਭੁਜੰਗ ਪ੍ਰਯਾਤ ਛੰਦ*-**ਪੁਨੰ ਖਾਨ ਪਾਨੰ ਕਿਯੋ ਜਾਇ ਡੇਰੇ। ਟਿਕੇ ਬੀਰ ਧੀਰੰ ਲਰੇ ਜੋ ਘਨੇਰੇ।**
**ਥਿਰੇ ਸਿੰਘ ਗਾਢੇ ਲਰੈਂ ਮੋਰਚਾ ਮੈਂ। ਗੁਰੂ ਤੀਰ ਕੇਤੇ ਨਮੋ ਕੈ ਪਗਾ ਮੈਂ॥੨॥**

ਫਿਰ ਆਪਣੇ ਡੇਰੇ ਵਿਚ ਜਾ ਕੇ ਅੰਨ-ਪਾਣੀ ਛਕਿਆ, ਜਿਹੜੇ ਸੂਰਬੀਰਾਂ ਨੇ ਵੱਡਾ ਯੁੱਧ ਕੀਤਾ ਸੀ, ਉਹ ਆਰਾਮ ਕਰਨ ਵਾਸਤੇ ਟਿਕ ਗਏ। ਸਿੰਘ ਸੂਰਬੀਰ ਜਿਹੜੇ ਮੋਰਚਿਆਂ ਵਿਚ ਲੜਦੇ ਸਨ, ਉਹ ਉਥੇ ਹੀ ਸਾਵਧਾਨ ਹੋ ਕੇ ਟਿਕ ਗਏ। ਜਿਹੜੇ ਸਿੰਘ ਗੁਰੂ ਜੀ ਪਾਸ ਸਨ, ਉਹ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕਰਕੇ ਕਹਿਣ ਲੱਗੇ॥ ੨॥

**'ਬਡੀ ਮਾਰ ਹੋਈ ਮਹਾਰਾਜ ਜਾਨੋ। ਤੁਫੰਗੈਂ ਹਤੀ ਦੇਖਿ ਸ਼ੱਤ੍ਰੂ ਮਦਾਨੋ।**
**ਦੜਾਦਾੜ ਗੇਰੇ ਫਲੰ ਪੱਕ੍ਵ ਜੈਸੇ। ਮਹਾਂ ਬੁੱਧਿ ਅੰਧੇ ਹਤੇ ਸ਼ੀਘ੍ਰ ਤੈਸੇ॥੩॥**

'ਹੇ ਸਤਿਗੁਰੂ ਜੀ! ਇਹ ਜਾਣੋ, ਵੈਰੀ ਨੂੰ ਬਹੁਤ ਵੱਡੀ ਮਾਰ ਪਈ ਹੈ, ਵੈਰੀ ਨੂੰ ਮੈਦਾਨ ਵਿਚ ਵੇਖ ਕੇ ਬੰਦੂਕਾਂ ਚਲਾਈਆਂ ਹਨ ਤੇ ਪੱਕੇ ਫਲਾਂ ਵਾਂਗ ਦੜਾਦੜ ਡੇਗੇ ਹਨ, ਅਕਲ ਦੇ ਅੰਨ੍ਹਿਆਂ ਨੂੰ ਬਹੁਤ ਛੇਤੀ ਮਾਰ ਦਿੱਤਾ ਹੈ॥ ੩॥

**ਉਦੇ ਸਿੰਘ ਸੰਗੀ ਦਇਆ ਸਿੰਘ ਦੋਊ। ਪਹੂਚੇ ਜਬੈ ਹੇਲ ਕੋ ਓਜ ਜੋਊ।**
**ਗਿਰੇ ਬ੍ਰਿੰਦ ਘੋਰਾ ਮਰੇ ਬੀਰ ਮਾਨੀ। ਮਰੇ ਪੁੰਜ ਕੈਸੇ, ਨਹੀਂ ਜਾਇ ਜਾਨੀ' ॥੪॥**

ਭਾਈ ਉਦੇ ਸਿੰਘ ਅਤੇ ਉਨ੍ਹਾਂ ਦੇ ਸਾਥੀ ਭਾਈ ਦਇਆ ਸਿੰਘ ਦੋਵੇਂ ਜਦ ਪਹੁੰਚੇ ਤੇ ਜਦ ਉਨ੍ਹਾਂ ਸ਼ਕਤੀ ਧਾਰ ਕੇ ਹੱਲਾ ਕੀਤਾ ਤਾਂ ਬਹੁਤ ਘੋੜੇ ਡਿੱਗੇ ਤੇ ਅਭਿਮਾਨੀ ਸੂਰਬੀਰ ਵੱਡੀ ਗਿਣਤੀ ਵਿਚ ਮਾਰੇ ਗਏ, ਇਹ ਗੱਲ ਜਾਣੀ ਨਹੀਂ ਸੀ ਜਾਂਦੀ' ॥ ੪॥

ਪ੍ਰਭੂ ਫੇਰ ਬੋਲੇ 'ਲਰੋ ਰਾਖਿ ਦਾਊ। ਥਿਰੋ ਮੋਰਚਾ ਮੈ ਨ ਹੂਜੋ ਅਗਾਊ।
ਕਰੈ ਨੇਰ ਸ਼ੱਤ੍ਰੂ ਤਬੈ ਤਾਕ ਮਾਰਹੁ। ਸਵਾਧਾਨ ਬੈਠਹੁ ਨਹੀਂ ਏਵ ਹਾਰਹੁ' ॥ ੫ ॥

ਫਿਰ ਸਤਿਗੁਰੂ ਜੀ ਨੇ ਕਿਹਾ, "ਦਾਵ ਰੱਖ ਕੇ ਲੜੋ, ਮੋਰਚੇ ਵਿਚ ਠਹਿਰੋ ਤੇ ਅੱਗੇ ਨਾ ਜਾਵੋ, ਜਦ ਵੈਰੀ ਤੁਹਾਡਾ ਨੇੜ ਕਰੇ ਤਦ ਨਿਸ਼ਾਨੇ ਤੱਕ ਕੇ ਮਾਰੋ, ਸਾਵਧਾਨ ਹੋ ਕੇ ਬੈਠੇ ਰਹੋ, ਇਸ ਪ੍ਰਕਾਰ ਤੁਸੀਂ ਹਾਰੋਗੇ ਨਹੀਂ" ॥ ੫ ॥

ਦਿਯੋ ਸਾਲ ਪੱਤ੍ਰੰ ਲਗੇ ਘਾਵ ਜਾਂਹੀ। ਘਸਾਵੈਂ ਲਗਾਵੈਂ ਬਚਾਵੈਂ ਸੁ ਤਾਂਹੀ।
ਕੁਊ ਚਾਰ ਜਾਮੰ, ਕੁਊ ਆਠ ਜਾਮੰ। ਮਿਲੈ ਘਾਵ ਦੇਹੰ ਸੁ ਪਾਵੈਂ ਅਰਾਮੰ ॥ ੬ ॥

ਜਿਨ੍ਹਾਂ ਨੂੰ ਜ਼ਖ਼ਮ ਹੋਏ ਸਨ, ਉਨ੍ਹਾਂ ਸੂਰਬੀਰਾਂ ਨੂੰ ਸਾਲ ਪੱਤਰ ਦਿੱਤੇ, ਉਨ੍ਹਾਂ ਦੇ ਜ਼ਖ਼ਮਾਂ 'ਤੇ ਸਾਲ ਪੱਤਰ ਲਾ ਕੇ ਘਸਾ ਕੇ ਉਨ੍ਹਾਂ ਨੂੰ ਬਚਾ ਲੈਂਦੇ ਸਨ। ਕਈ ਚਾਰ ਪਹਿਰਾਂ ਵਿਚ, ਕਈ ਅੱਠਾਂ ਪਹਿਰਾਂ ਵਿਚ ਜ਼ਖ਼ਮ ਦੇ ਮਿਲਣ ਕਰਕੇ ਰਾਜ਼ੀ ਹੋ ਜਾਂਦੇ ਸਨ ਤੇ ਆਰਾਮ ਪਾਉਂਦੇ ਸਨ॥ ੬ ॥

ਮਰੇ ਸਿੰਘ ਕੇਤੇ ਗਏ ਦੇਵ ਲੋਕੰ। ਸੁਖੰ ਪਾਇ ਸਾਰੇ ਮਿਟੀ ਸਰਬ ਸ਼ੋਕੰ।
ਕਿਯੋ ਖਾਨ ਪਾਨੰ ਭਏ ਸਾਵਧਾਨੰ। ਥਿਰੇ ਮੋਰਚਾ ਮੈਂ ਮਹਾਂ ਓਜਵਾਨੰ॥ ੭ ॥

ਜਿਹੜੇ ਕਈ ਸਿੰਘ ਮਰ ਗਏ ਸਨ, ਉਹ ਸਵਰਗਾਂ ਵਿਚ ਚਲੇ ਗਏ ਸਨ, ਸੁਖ ਪਾ ਕੇ ਸਾਰਿਆਂ ਦੇ ਦੁਖ ਦੂਰ ਹੋ ਗਏ ਸਨ। ਖਾ ਪੀ ਕੇ ਸਾਰੇ ਸਾਵਧਾਨ ਹੋ ਗਏ, ਜਿਹੜੇ ਮੋਰਚਿਆਂ ਵਿਚ ਬੈਠੇ ਸਨ, ਉਹ ਮਹਾਨ ਸ਼ਕਤੀਸ਼ਾਲੀ ਸਨ॥ ੭ ॥

ਰਹੇ ਜਾਗ ਆਧੇ ਪਰੇ ਆਧ ਸੋਏ। ਤੁਫੰਗੈਂ ਚਲਾਵੈਂ ਜਿ ਢੂਕੈ ਨ ਕੋਏ।
ਬਿਤੀ ਰਾਤਿ ਐਸੇ ਭਈ ਪ੍ਰਾਤਿ ਫੇਰੰ। ਬਜੇ ਬ੍ਰਿੰਦ ਬਾਜੇ ਸੁ ਨਾਦੰ ਉਚੇਰੰ॥ ੮ ॥

ਉਨ੍ਹਾਂ ਵਿਚ ਅੱਧੇ ਜਾਗ ਰਹੇ ਸਨ ਤੇ ਅੱਧੇ ਸੁੱਤੇ ਪਏ ਸਨ, ਉਹ ਬੰਦੂਕਾਂ ਚਲਾਉਂਦੇ ਰਹਿੰਦੇ ਸਨ, ਤਾਂਕਿ ਕੋਈ ਨੇੜੇ ਨਾ ਆਵੇ। ਇਸ ਪ੍ਰਕਾਰ ਰਾਤ ਬੀਤ ਗਈ ਤੇ ਫਿਰ ਸਵੇਰ ਹੋ ਗਈ, ਫਿਰ ਬਹੁਤ ਵਾਜੇ ਵੱਜ ਉੱਠੇ ਤੇ ਬਹੁਤ ਉੱਚਾ ਸ਼ੋਰ ਗੂੰਜਿਆ॥ ੮ ॥

ਨਗਾਰੇ ਬਜੇ ਢੋਲ ਬਾਜੇ ਸ਼ਨਾਈ। ਗੁਰੂ ਪੌਰ ਮੈਂ ਨੌਬਤੰ ਸੋ ਬਜਾਈ।
ਬਜੇ ਸੰਖ ਭੇਰੀ ਇਕੰ ਬਾਰ ਨਾਦੰ। ਸਭੈ ਸ੍ਰੂਜ ਕੈ ਜਾਂਹਿ ਤੇ ਆਹਿਲਾਦੰ॥ ੯ ॥

ਨਗਾਰੇ ਵੱਜੇ, ਢੋਲ ਵੱਜੇ ਤੇ ਸ਼ਹਿਨਾਈਆਂ ਗੂੰਜ ਉਠੀਆਂ। ਗੁਰੂ ਜੀ ਦੇ ਦਰਵਾਜ਼ੇ 'ਤੇ ਨਗਾਰਾ ਵੱਜਿਆ। ਸੰਖ, ਭੇਰੀਆਂ ਵੱਜੀਆਂ ਤੇ ਇਕੋ ਵਾਰ ਉੱਚੀ ਆਵਾਜ਼ ਹੋਈ, ਜਿਨ੍ਹਾਂ ਨੂੰ ਸੁਣ ਕੇ ਸਭ ਨੂੰ ਅਨੰਦ ਪ੍ਰਾਪਤ ਹੁੰਦਾ ਹੈ॥ ੯ ॥

*ਨਿਸ਼ਾਨੀ ਛੰਦ-* ਗੁਰੂ ਹੁਕਮ ਤੇ ਬਜ ਉਠਜੋ ਰਣਜੀਤ ਨਗਾਰਾ।
'ਹਯ ਤਜਾਰੀ ਹੁਇ ਸੈਨ ਕੋ' ਪ੍ਰਭੁ ਬਾਕ ਉਚਾਰਾ।
'ਸਜਹਿਂ ਸ਼ਸਤ੍ਰ ਗਹਿ ਤੁਪਕ ਕੋ ਚਢਿਕੇ ਹਮ ਸੰਗਾ।
ਚਲਹਿਂ ਵਹਿਰ ਹਿਤ ਜੰਗ ਕੇ ਕਰਿ ਹੈਂ ਰਿਪੁ ਭੰਗਾ' ॥ ੧੦ ॥

ਗੁਰੂ ਜੀ ਦੇ ਹੁਕਮ ਨਾਲ ਰਣਜੀਤ ਨਗਾਰਾ ਵੱਜ ਉਠਿਆ ਤੇ ਫਿਰ ਸਤਿਗੁਰੂ ਜੀ ਨੇ ਬਚਨ ਕੀਤਾ, "ਘੋੜੇ ਅਤੇ ਸੈਨਾ ਤਿਆਰ ਹੋ ਜਾਵੇ। ਸ਼ਸਤਰਾਂ ਨਾਲ ਸੱਜ ਕੇ ਤੇ ਬੰਦੂਕਾਂ ਫੜ ਕੇ ਸਾਡੇ ਨਾਲ ਚੜ੍ਹ ਕੇ ਆਉਣ, ਅਸੀਂ ਵੀ ਬਾਹਰ ਚਲਾਂਗੇ ਤੇ ਜੰਗ ਕਰਕੇ ਵੈਰੀਆਂ ਨੂੰ ਮਾਰਾਂਗੇ" ॥੧੦॥

ਸੁਨਤਿ ਪ੍ਰਭੂ ਤੇ ਖਾਲਸਾ ਕੀਨਸਿ ਤਬਿ ਤਜਾਰੀ।
ਜ਼ੀਨ ਤੁਰੰਗਨ ਡਾਲ ਕਰਿ ਉਤਸਾਹਿਤ ਭਾਰੀ।

ਕਸੀ ਕਮਰ ਅਸਿ ਪਾਇ ਗਰਿ ਸਜਿ ਸਿਪਰ ਪਿਛਾਰੀ।
ਤੋਮਰ ਸੇਲਾ ਸਾਂਗ ਖਰ ਕਿਨ ਬਰਛੀ ਧਾਰੀ॥ ੧੧॥

ਗੁਰੂ ਜੀ ਪਾਸੋਂ ਸੁਣ ਕੇ ਫਿਰ ਸਾਰੇ ਖਾਲਸੇ ਨੇ ਤਿਆਰੀ ਕੀਤੀ, ਘੋੜਿਆਂ ਉੱਤੇ ਕਾਠੀਆਂ ਪਾ ਕੇ ਬਹੁਤ ਉਤਸ਼ਾਹਿਤ ਹੋ ਗਏ। ਕਮਰਕੱਸੇ ਕਰਕੇ ਉਨ੍ਹਾਂ ਗਲਾਂ ਵਿਚ ਤਲਵਾਰਾਂ ਪਾ ਲਈਆਂ, ਪਿੱਠ ਤੇ ਢਾਲਾਂ ਲਟਕਾ ਲਈਆਂ ਤੇ ਨੇਜ਼ੇ, ਸੇਲੇ, ਬਰਛੀਆਂ ਅਤੇ ਸਾਂਗ ਧਾਰਨ ਕਰ ਲਏ॥੧੧॥

ਕਿਨਹੁਂ ਧਨੁਖ ਤਰਕਸ਼ ਕਸਜੋ ਕਿਹ ਲੀਨ ਤੁਫੰਗੈ।
ਆਯੁਧ ਸਗਰੇ ਧਾਰਿ ਕਰਿ ਤਜਾਰੀ ਪ੍ਰਭੁ ਸੰਗੈ।
ਸ੍ਰੀ ਸਤਿਗੁਰ ਰਣ ਬਸਤ੍ਰ ਕੋ ਪਹਿਰੇ ਪਰਚਾਰੂ।
ਅੰਗ ਨਿਖੰਗ ਸ ਖੜਗ ਧਰਿ ਧਨੁ ਨਿਠੁਰ ਉਦਾਰੂ॥ ੧੨॥

ਕਈਆਂ ਨੇ ਧਨੁੱਖ ਬਾਨ, ਭੱਥੇ ਕੱਸ ਲਏ ਤੇ ਹੱਥਾਂ ਵਿਚ ਬੰਦੂਕਾਂ ਫੜ ਲਈਆਂ, ਸਾਰਿਆਂ ਸ਼ਸਤਰ ਧਾਰ ਕੇ ਸਤਿਗੁਰੂ ਜੀ ਦੇ ਨਾਲ ਤਿਆਰੀ ਕਰ ਲਈ। ਸ੍ਰੀ ਸਤਿਗੁਰੂ ਜੀ ਨੇ ਯੁੱਧ ਵਾਲੇ ਵਸਤਰ ਪਹਿਣ ਲਏ, ਅੰਗ ਨਾਲ ਤਿੱਖੇ ਤੀਰਾਂ ਦਾ ਭੱਥਾ ਧਾਰਨ ਕਰ ਲਿਆ ਤੇ ਗਲ ਵਿਚ ਤਲਵਾਰ ਪਹਿਣ ਕੇ ਸਖ਼ਤ ਧਨੁੱਖ ਨੂੰ ਹੱਥ ਵਿਚ ਧਾਰਨ ਕਰ ਲਿਆ॥੧੨॥

ਹੁਇ ਕਰਿ ਤਜਾਰ ਤੁਰੰਗ ਪਰ ਆਰੋਹਨ ਕੀਨੋ।
ਤਬਿ ਦੁੰਦਭਿ ਰਣਜੀਤ ਪਰ ਦੁਇ ਚੋਬਨ ਦੀਨੋ।
ਗਰਜਯੋ ਧੁਨਿ ਗੰਭੀਰ ਤੇ ਬਹੁ ਦੂਰ ਸੁਨਾਈ।
ਉਤਸਾਹਤਿ ਹੁਇ ਖਾਲਸਾ ਚਢਿ ਕੈ ਸਮੁਦਾਇ॥ ੧੩॥

ਤਿਆਰ ਹੋ ਕੇ ਘੋੜੇ 'ਤੇ ਸਵਾਰ ਹੋ ਗਏ, ਤਦ ਰਣਜੀਤ ਨਗਾਰੇ ਨੂੰ ਦੋ ਚੋਬਾਂ ਲਾਈਆਂ, ਉਹ ਬਹੁਤ ਉੱਚੀ ਆਵਾਜ਼ ਵਿਚ ਗੂੰਜਿਆ ਤੇ ਉਸ ਦੀ ਆਵਾਜ਼ ਬਹੁਤ ਦੂਰ ਤੱਕ ਸੁਣਾਈ ਦਿੱਤੀ। ਖਾਲਸਾ ਬਹੁਤ ਉਤਸ਼ਾਹਿਤ ਹੋ ਕੇ ਘੋੜਿਆਂ 'ਤੇ ਸਵਾਰ ਹੋ ਕੇ ਇਕੱਠਾ ਹੋ ਗਿਆ॥੧੩॥

ਭਏ ਪਿਛਾਰੀ ਗੁਰੂ ਕੇ ਤਜਿ ਦੁਰਗ ਜੁ ਦ੍ਵਾਰਾ।
ਵਹਿਰ ਗਏ ਹਿਤ ਲਰਨ ਕੇ ਬਡ ਮੰਡਿ ਅਖਾਰਾ।
ਜਬਰਾ ਤੁਰਕ ਵਜੀਦ ਦ੍ਵੈ, ਦੇਖਤਿ ਭਏ ਸੈਨਾ।
ਦੂਰਬੀਨ ਅਨਵਾਇਕੈ ਆਗੇ ਧਰਿ ਨੈਨਾ॥ ੧੪॥

ਕਿਲ੍ਹੇ ਦਾ ਦਵਾਰ ਛੱਡ ਸਾਰੇ ਗੁਰੂ ਜੀ ਦੇ ਪਿੱਛੇ-ਪਿੱਛੇ ਹੋ ਗਏ, ਯੁੱਧ ਕਰਨ ਵਾਸਤੇ ਬਾਹਰ ਚਲੇ ਗਏ, ਵੱਡਾ ਯੁੱਧ ਅਖਾੜਾ ਮਚਾਉਣਾ ਚਾਹੁੰਦੇ ਸਨ। ਜਬਰਾ ਅਤੇ ਵਜੀਦਾ ਦੋਵੇਂ ਤੁਰਕ ਸੈਨਾ ਨੂੰ ਵੇਖ ਰਹੇ ਸਨ, ਉਨ੍ਹਾਂ ਨੇ ਦੂਰਬੀਨ ਮੰਗਵਾ ਕੇ ਆਪਣੇ ਨੈਣਾਂ ਦੇ ਅੱਗੇ ਰੱਖੀ ਹੋਈ ਸੀ॥੧੪॥

ਭੀਮ ਚੰਦ ਬੈਠਜੋ ਨਿਕਟ ਬੂਝਨ ਕੋ ਕੀਨਾ।
'ਚਢੀ ਤੁਰੰਗਨ ਪਰ ਚਮੂੰ ਨਿਕਸੀ ਬਲ ਪੀਨਾ।
ਦੁਰਗ ਪੌਰ ਤੇ ਵਹਿਰ ਕੋ ਉਮਡਤਿ ਇਤ ਆਵੈ।
ਇਨ ਮਹਿਂ ਗੁਰ ਹੈ ਕੈ ਨਹੀ ਸਭਿ ਮੋਹਿ ਦਿਸਾਵੈਂ'॥ ੧੫॥

ਰਾਜਾ ਭੀਮ ਚੰਦ ਉਨ੍ਹਾਂ ਦੇ ਪਾਸ ਬੈਠਾ ਸੀ, ਉਸ ਨੂੰ ਪੁੱਛਣ ਲੱਗੇ "ਘੋੜਿਆਂ 'ਤੇ ਸਵਾਰ ਹੋਈ, ਬੜੀ ਬਲਵਾਨ ਸੈਨਾ ਬਾਹਰ ਨਿਕਲੀ ਹੈ, ਕਿਲ੍ਹੇ ਦੇ ਦਰਵਾਜ਼ੇ ਵਿਚੋਂ ਨਿਕਲ ਕੇ ਸਾਡੇ ਵਲ ਉਮਡਦੀ ਆ ਰਹੀ ਹੈ, ਇਹ ਜੋ ਸਾਰੇ ਮੈਨੂੰ ਦਿੱਸਦੇ ਹਨ, ਇਨ੍ਹਾਂ ਵਿਚ ਗੁਰੂ ਹੈ ਕਿ ਨਹੀਂ?" ॥੧੫॥

ਭੀਮ ਚੰਦ ਦੁਰਬੀਨ ਤੇ ਦੇਖਜੋ ਬਚ ਭਾਖੇ।
'ਪਿਖਹੁ ਖਾਨ ਜੀ! ਅੱਗ੍ਰ ਸਭਿ ਰਣ ਕੋ ਅਭਿਲਾਖੇ।
ਕੰਚਨ ਜ਼ੀਨ ਤੁਰੰਗ ਪਰ ਜ਼ਾਹਰ ਝਮਕਾਵੈ।
ਜਰੇ ਜਵਾਹਰ ਜਗਮਗਤਿ ਜੋ ਫਾਂਧਤਿ ਆਵੈਂ॥ ੧੬॥

ਭੀਮ ਚੰਦ ਨੇ ਦੂਰਬੀਨ ਨਾਲ ਵੇਖ ਕੇ ਕਿਹਾ, "ਹੇ ਖਾਨ ਜੀ! ਵੇਖੋ ਰਣਭੂਮੀ ਚਾਹੁਣ ਵਾਲੇ ਗੁਰੂ ਜੀ ਸਭ ਦੇ ਅੱਗੇ ਹਨ। ਘੋੜੇ 'ਤੇ ਸੋਨੇ ਦੀ ਕਾਠੀ ਪ੍ਰਗਟ ਰੂਪ ਵਿਚ ਚਮਕ ਰਹੀ ਹੈ ਤੇ ਗੁਰੂ ਜੀ ਦੇ ਵਸਤਰ ਹੀਰੇ ਜਵਾਹਰਾਤ ਨਾਲ ਜੜੇ ਹੋਏ ਜਗਮਗ-ਜਗਮਗ ਕਰ ਰਹੇ ਹਨ ਤੇ ਗੁਰੂ ਜੀ ਘੋੜੇ ਨੂੰ ਟਪਾਉਂਦੇ ਹੋਏ ਆ ਰਹੇ ਹਨ॥੧੬॥

ਨੀਲਾ ਬਰਣ ਛਬੀਲ ਹਯ ਤਿਸ ਪਰ ਅਸਵਾਰੂ।
ਮੋਢੇ ਸਬਜ਼ ਕਮਾਨ ਹੈ, ਗਰ ਖੜਗ ਉਦਾਰੂ।
ਜਿਗਾ ਸੀਸ ਪਰ ਦਮਕਤੀ ਲਾਗੇ ਗਨ ਹੀਰੇ।
ਊਚੀ ਕਲਗੀ ਝੂਲਤੀ ਜਿਹ ਸ਼ੋਭਤਿ ਹੀਰੇ॥ ੧੭॥

ਨੀਲੇ ਰੰਗ ਦਾ ਛੈਲ ਛਬੀਲਾ ਘੋੜਾ ਹੈ, ਉਸ ਉੱਤੇ ਗੁਰੂ ਜੀ ਸਵਾਰ ਹਨ, ਮੋਢੇ ਉੱਤੇ ਉਨ੍ਹਾਂ ਸਬਜ਼ ਰੰਗ ਦੀ ਕਮਾਨ ਧਾਰਨ ਕੀਤੀ ਹੈ ਤੇ ਗਲ ਵਿਚ ਵੱਡੀ ਤਲਵਾਰ ਪਾਈ ਹੋਈ ਹੈ। ਸਿਰ ਉੱਤੇ ਜਿਗ੍ਹਾ ਬਹੁਤ ਹੀਰਿਆਂ ਸਹਿਤ ਚਮਕ ਰਹੀ ਹੈ, ਉੱਚੀ ਕਲਗੀ ਝੂਲਦੀ ਹੈ, ਜਿਸ ਵਿਚ ਹੀਰੇ ਸ਼ੋਭ ਰਹੇ ਹਨ॥੧੭॥

ਸੋ ਗੁਬਿੰਦ ਸਿੰਘ ਸਤਿਗੁਰੂ ਹਿਤ ਲਰਨ ਅਰੂੜਾ।
ਕਰੇ ਖੇਤ ਅਬਿ ਭਟਨਿ ਕੋ ਬਲ ਗਨ ਕਰਿ ਗੂੜਾ।
ਕਰਿ ਦੀਜੈ ਤੋਪੈਂ ਸ਼ੁਰੂ, ਮਾਰਹੁ ਗਨ ਗੋਰੇ।
ਸਹਤਿ ਸੈਨ ਕੇ ਉਡਹਿ ਕਿਤ, ਨਹਿੰ ਪ੍ਰਾਪਤਿ ਟੋਰੇ' ॥੧੮॥

ਸੋ ਸਤਿਗੁਰੂ ਗੋਬਿੰਦ ਸਿੰਘ ਜੀ ਯੁੱਧ ਵਾਸਤੇ ਘੋੜ ਸਵਾਰ ਹੋਏ ਹਨ। ਹੁਣ ਯੁੱਧ ਦੇ ਮੈਦਾਨ ਵਿਚ ਵੱਡਾ ਬਲ ਧਾਰ ਕੇ ਸੂਰਮਿਆਂ ਨੂੰ ਮਾਰਨਗੇ। ਹੁਣ ਤੋਪਾਂ ਚਲਾਉਣੀਆਂ ਸ਼ੁਰੂ ਕਰ ਦੇਵੋ ਤੇ ਬਹੁਤ ਗੋਲੇ ਛੱਡੋ, ਇਹ ਸੈਨਾ ਸਹਿਤ ਹੀ ਉੱਡ ਜਾਣ ਤੇ ਟੋਲਿਆਂ ਵੀ ਨਾ ਲੱਭਣ' ॥੧੮॥

ਹੁਤੀ ਤੋਪ ਗਨ ਤਯਾਰ ਤਬਿ ਤਿਨ ਹੁਕਮ ਬਖਾਨਾ।
ਸਾਥ ਮਤਾਬੀ ਦਾਗ਼ ਦੀ ਉਠਿ ਨਾਦ ਮਹਾਂਨਾ।
ਬਹੁ ਜ੍ਵਾਲਾ ਕੋ ਬਮਨਤੀ ਤਹਿੰ ਧਰਾ ਹਿਲਾਈ।
ਧੂੰਮ ਧਾਰ ਅੰਧਾਰ ਭਾ ਕੁਛ ਲਖਜਾ ਨ ਜਾਈ॥ ੧੯॥

ਕਈ ਤੋਪਾਂ ਤਿਆਰ ਸਨ, ਉਨ੍ਹਾਂ ਨੂੰ ਚਲਾਉਣ ਦਾ ਹੁਕਮ ਕੀਤਾ। ਜਦ ਮਤਾਬੀ ਨਾਲ ਉਹ ਦਾਗ਼ ਦਿੱਤੀਆਂ ਤਾਂ ਬਹੁਤ ਉੱਚੀ ਆਵਾਜ਼ ਉੱਠੀ। ਉਨ੍ਹਾਂ ਵਿਚੋਂ ਬਹੁਤ ਅੱਗ ਨਿਕਲਦੀ ਸੀ ਤੇ ਸਾਰੀ ਧਰਤੀ ਹਿਲਾ ਦਿੱਤੀ, ਵੱਡਾ ਧੂੰਆਂ ਹੋਣ ਨਾਲ ਸਾਰੇ ਹਨੇਰਾ ਛਾ ਗਿਆ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥੧੯॥

ਹਲੇ ਸੈਲ ਤੇ ਪ੍ਰਤਿ ਧੁਨੀ ਅਰੜਾਟ ਉਠਾਏ।
ਗੋਰੇ ਗਨ ਐਸੇ ਚਲੇ ਕਿਤ ਛੁਹਨ ਨ ਪਾਏ।
ਗੁਰ ਸਮੇਤ ਸਭਿ ਖਾਲਸਾ ਰਿਪੁ ਸਨਮੁਖ ਚਾਲਾ।
ਤੜਾਭੜੀ ਬੰਦੂਕ ਕੀ ਛੋਰੀ ਤਬਿ ਜਾਲਾ॥ ੨੦॥

ਸਾਰੇ ਪਹਾੜ ਹਿਲ ਗਏ ਤੇ ਪ੍ਰਤੀ ਧੁਨੀ ਹੋਣ ਨਾਲ ਬੜੀ ਉੱਚੀ ਆਵਾਜ਼ ਦੀ ਗੂੰਜ ਪਈ, ਬਹੁਤ ਗੋਲੇ ਇਕੱਠੇ ਹੀ ਚਲੇ, ਪਰ ਉਹ ਕਿਸੇ ਨੂੰ ਵੀ ਛੂਹ ਨਾ ਸਕੇ। ਗੁਰੂ ਜੀ ਸਮੇਤ ਸਾਰਾ ਖਾਲਸਾ ਅੱਗੇ ਵੱਲ ਚਲਦਾ ਰਿਹਾ। ਤੜਤੜ ਕਰਦੀਆਂ ਫਿਰ ਬਹੁਤ ਬੰਦੂਕਾਂ ਦੀਆਂ ਗੋਲੀਆਂ ਛੱਡੀਆਂ॥ ੨੦॥

ਹੇਰੇ, ਗੋਰੇ ਗਗਨ ਕੋ ਊਚੇ ਬਹੁ ਚਾਲੇ।
ਸੂਬੇ ਗਾਰ ਨਿਕਾਰਿ ਕੈ ਝਿਰਕੰਤਿ ਬਿਸਾਲੇ।
'ਇਲਮ ਤੋਪ ਕੋ ਕਿਤ ਗਯੋ ਕਿਤ ਲਗ੍ਯੋ ਨ ਗੋਰਾ।
ਸਨਮੁਖ ਆਵਤਿ ਦਲ ਚਲ੍ਯੋ ਸਿਰ ਏਕ ਨ ਫੋਰਾ॥ ੨੧॥

ਜਦ ਸੂਬੇ ਨੇ ਵੇਖਿਆ ਕਿ ਗੋਲੇ ਨਿਕਲ ਕੇ ਬਹੁਤ ਉੱਚੇ ਅਕਾਸ਼ ਵੱਲ ਗਏ ਹਨ ਤਾਂ ਉਸ ਨੇ ਗਾਲ੍ਹਾਂ ਕੱਢ ਕੇ ਤੋਪਚੀਆਂ ਨੂੰ ਝਿੜਕਿਆ, ''ਤੁਹਾਡਾ ਤੋਪਾਂ ਚਲਾਉਣ ਦਾ ਇਲਮ ਕਿੱਥੇ ਚਲਾ ਗਿਆ ਹੈ, ਕਿਸੇ ਨੂੰ ਵੀ ਗੋਲਾ ਨਹੀਂ ਲੱਗਾ ਹੈ। ਸਾਹਮਣੇ ਤੋਂ ਸੈਨਾ ਦਲ ਚਲਦਾ ਆ ਰਿਹਾ ਹੈ, ਕਿਸੇ ਦਾ ਵੀ ਸਿਰ ਨਹੀਂ ਭੰਨਿਆ ਹੈ॥ ੨੧॥

ਕਰਿ ਨੀਚੇ ਮੁਖ ਤੋਪ ਕੋ ਪੁਨ ਸ਼ਲਖ ਪ੍ਰਹਾਰੋ।
ਸ਼ੱਤ੍ਰੂ ਹਤੇ ਇਨਾਮ ਕੋ ਲੀਜੈ ਧਨ ਭਾਰੋ'।
ਰਿਸ੍ਯੋ ਜਾਨਿ ਸੂਬਾ ਸਬੈ ਪੁਨ ਸ਼ਿਸਤ ਲਗਾਈ।
ਫੇਰਿ ਪੇਚ ਤਤਕਾਲ ਹੀ ਮੁਖ ਨੀਂਮ੍ਰ ਕਰਾਈ॥ ੨੨॥

ਤੋਪ ਦਾ ਮੂੰਹ ਨੀਵਾਂ ਕਰਕੇ ਫਿਰ ਸ਼ਲਖ ਦਾ ਵਾਰ ਕਰੋ, ਵੈਰੀ ਨੂੰ ਮਾਰ ਕੇ ਇਨਾਮ ਲਵੋ ਤੇ ਭਾਰੀ ਧਨ ਪ੍ਰਾਪਤ ਕਰੋ।'' ਇਹ ਜਾਣ ਕੇ ਕਿ ਸੂਬਾ ਬਹੁਤ ਗੁੱਸੇ ਵਿਚ ਆ ਗਿਆ ਹੈ, ਦੁਬਾਰਾ ਨਿਸ਼ਾਨਾ ਲਾਇਆ, ਫਿਰ ਤੁਰਤ ਪੇਚ ਢਿੱਲਾ ਕਰਕੇ ਤੋਪਾਂ ਦਾ ਮੂੰਹ ਨੀਵਾਂ ਕੀਤਾ॥ ੨੨॥

ਚਲੀ ਤੋਪ ਅਨਗਿਨਤ ਹੀ ਗੋਰੇ ਗਨ ਧਾਵੈਂ।
ਲਗਹਿਂ ਧਰਾ ਮਹਿਂ ਗਰਕ ਹ੍ਵੈਂ ਨਹਿ ਗੁਰ ਲਗਿ ਆਵੈਂ।
ਜਾਤਿ ਬਾਮ ਕੋ ਦਾਹਨੇ ਨਹਿਂ ਮੂਰਖ ਜਾਨੈਂ।
ਬਾਯੁ, ਬਾਰ, ਬੰਨਿ, ਆਦਿ ਗਨ ਆਇਸੁ ਪ੍ਰਭੁ ਮਾਨੈ॥ ੨੩॥

ਫਿਰ ਅਣਗਿਣਤ ਤੋਪਾਂ ਚਲੀਆਂ ਤਾਂ ਉਨ੍ਹਾਂ ਵਿਚੋਂ ਬਹੁਤ ਗੋਲੇ ਨਿਕਲੇ, ਪਰ ਉਹ ਸਾਰੇ ਨਿਕਲ ਕੇ ਧਰਤੀ ਵਿਚ ਧੱਸ ਗਏ ਤੇ ਗੁਰੂ ਜੀ ਤਕ ਨਾ ਪਹੁੰਚ ਸਕੇ। ਕੋਈ ਸੱਜੇ ਖੱਬੇ ਜਾਂਦੇ ਸਨ, ਮੂਰਖ ਜਾਣ ਨਹੀਂ ਸੀ ਸਕਦੇ। ਪੌਣ, ਜਲ ਅਤੇ ਅਗਨੀ ਪ੍ਰਭੂ ਸਤਿਗੁਰੂ ਜੀ ਦੀ ਆਗਿਆ ਮੰਨਦੇ ਸਨ॥ ੨੩॥

ਤਿਸ ਕੋ ਮਾਰ੍ਯੋ ਚਹਤਿ ਹੈਂ ਮਤਿਮੰਦ ਮਲੀਨੇ।
ਜਬਿ ਤੋਪਨ ਤੇ ਨਹਿਂ ਸਰ੍ਯੋ ਰਿਸ ਦੀਰਘ ਕੀਨੇ।

ਅਸਵਾਰੀ ਲੇ ਸੈਨ ਕੋ ਹਿਤ ਲਰਨ ਅਰੂਢੇ।
ਬਜੀ ਦੀਹ ਦੁੰਦਭਿ ਤਬੈ ਉਤਸਾਹਤਿ ਗੂਢੇ॥ ੨੪॥

ਮਾੜੀ ਮੱਤ ਵਾਲੇ ਮਲੀਨ ਐਸੇ ਸਤਿਗੁਰੂ ਜੀ ਨੂੰ ਮਾਰਨਾ ਚਾਹੁੰਦੇ ਸਨ। ਜਦ ਤੋਪਾਂ ਪਾਸੋਂ ਕੁਝ ਨਾ ਸਰਿਆ ਤਾਂ ਬਹੁਤ ਗੁੱਸਾ ਕੀਤਾ। ਘੋੜੇ ਦੀ ਅਸਵਾਰੀ ਲੈ ਕੇ ਸੈਨਾ ਨੂੰ ਨਾਲ ਲੈ ਕੇ ਲੜਨ ਵਾਸਤੇ ਆਏ। ਉਸ ਸਮੇਂ ਬਹੁਤ ਉੱਚੀ ਆਵਾਜ਼ ਵਿਚ ਨਗਾਰੇ ਵੱਜੇ ਤੇ ਸਾਰੇ ਵੱਡੇ ਉਤਸ਼ਾਹ ਨਾਲ ਭਰ ਗਏ॥ ੨੪॥

ਪਟਹਿ ਢੋਲ ਇਕਬਾਰ ਗਨ ਬਾਜੇ ਸਮੁਦਾਏ।
ਚਢੀ ਚਮੂੰ ਚਿਤ ਚੌਂਪ ਤੇ ਭਟ ਅੱਗ੍ਰਜ ਧਾਏ।
ਮਿਲਹਿਂ ਆਨਿ ਆਗੈ ਜਬਹਿ ਚਲਿ ਬਾਨ ਰੁ ਗੋਰੀ।
ਭਈ ਤੜਾਭੜ ਤੁਪਕ ਕੀ ਛੂਟੀ ਜੁਗ ਓਰੀ॥ ੨੫॥

ਪਟਹੇ, ਢੋਲ ਇਕੋ ਵਾਰ ਬਹੁਤ ਵੱਜ ਉੱਠੇ, ਸੈਨਾ ਚਿੱਤ ਵਿਚ ਪ੍ਰਸੰਨ ਹੋ ਕੇ ਚੜ੍ਹੀ ਤੇ ਸੂਰਬੀਰ ਅੱਗੇ ਵੱਲ ਵਧੇ। ਜਦ ਅੱਗੇ ਆ ਕੇ ਮਿਲੇ ਤਾਂ ਬਹੁਤ ਗੋਲੀਆਂ ਅਤੇ ਤੀਰ ਚਲੇ। ਬੰਦੂਕਾਂ ਦੀ ਤੜਤੜ ਹੋ ਗਈ ਜਦ ਸਭ ਵਿਚੋਂ ਦੋ ਦੋ ਗੋਲੀਆਂ ਚਲੀਆਂ॥ ੨੫॥

ਸ੍ਰੀ ਕਲਗ਼ੀਧਰ ਰਿਸ ਧਰੇ ਧਨੁ ਕਰਜੋ ਕਠੋਰਾ।
ਖਰ ਖਪਰੇ ਧਰਿ ਧਰਿ ਪਨਚ ਮਾਰੇ ਅਰਿ ਓਰਾ।
ਬੀਧਨ ਕੀਨੇ ਭਟ ਤੁਰਕ ਦਸ ਦਸ ਇਕਬਾਰਾ।
ਆਗੇ ਪਾਛੇ ਗਿਰਤ ਹੈਂ ਹਯ ਨਰ ਇਕ ਸਾਰਾ॥ ੨੬॥

ਸ੍ਰੀ ਕਲਗੀਧਰ ਜੀ ਨੇ ਵੱਡਾ ਗੁੱਸਾ ਧਾਰਨ ਕੀਤਾ ਤੇ ਕਠੋਰ ਧਨੁੱਖ ਵਿਚ ਤੇਜ਼ ਖਪਰੇ ਧਰ ਧਰ ਕੇ ਵੈਰੀ ਵਲ ਚਲਾਏ ਤੇ ਇਕੋ ਵਾਰ ਦਸ ਦਸ ਵੈਰੀਆਂ ਨੂੰ ਮਾਰ ਮੁਕਾਇਆ। ਘੋੜੇ ਅਤੇ ਮਨੁੱਖ ਇਕਸਾਰ ਅੱਗੇ-ਪਿੱਛੇ ਡਿੱਗਦੇ ਸਨ॥ ੨੬॥

ਉਠੀ ਧੂਲ ਅਸੁ ਖੁਰਨ ਤੇ ਛਾਦਜੋ ਅਸਮਾਨਾ।
ਭਯੋ ਧੂਮ ਪੁਨ ਦੂਸਰੇ ਅੰਧੇਰ ਮਹਾਂਨਾ।
ਘੋਰਨ ਪਰ ਘੋਰੇ ਗਿਰੇ ਤਜਿ ਤਜਿ ਕਰਿ ਪ੍ਰਾਨਾ।
ਆਗੇ ਪਾਛੇ ਸਮਝ ਤੇ ਹੋਏ ਅੱਗਜਾਨਾ॥ ੨੭॥

ਘੋੜਿਆਂ ਦੇ ਖੁਰਾਂ ਤੋਂ ਐਸੀ ਧੂੜ ਉਡੀ ਕਿ ਅਕਾਸ਼ ਨੂੰ ਢੱਕ ਲਿਆ। ਬੰਦੂਕਾਂ ਚਲਣ ਨਾਲ ਬਹੁਤ ਧੂੰਆਂ ਨਿਕਲਿਆ ਜਿਸ ਨਾਲ ਸਾਰੇ ਹਨੇਰਾ ਛਾ ਗਿਆ। ਪ੍ਰਾਣ ਛੱਡ ਛੱਡ ਕੇ ਘੋੜਿਆਂ ਉੱਤੇ ਘੋੜੇ ਡਿੱਗ ਪਏ ਤੇ ਅੱਗੇ-ਪਿੱਛੇ ਦੀ ਖ਼ਬਰ ਤੋਂ ਅਗਿਆਨੀ ਹੋ ਗਏ॥ ੨੭॥

ਹਾਥਨਿ ਧਰੈਂ ਤੁਫੰਗ ਕੋ ਗਿਰਿ ਖੇਤ ਮਝਾਰੀ।
ਕਿਤਿਕ ਤੁਰੰਗ ਨਚਾਵਤੇ ਹੁਇ ਚਮੂੰ ਅਗਾਰੀ।
ਸੱਯਦ ਮੁਗਲ ਪਠਾਨ ਗਨ ਉਮਡੰਤਿ ਰੁਹੇਲੇ।
ਤੀਰਨ ਤੋਮਰ ਤਬਰ ਕੋ ਤਰਵਾਰਨ ਮੇਲੇ॥ ੨੮॥

ਰਣਖੇਤਰ ਵਿਚ ਡਿੱਗ ਕੇ ਹੱਥ ਵਿਚ ਬੰਦੂਕ ਧਾਰਨ ਕਰਦੇ ਸਨ, ਕਈ ਘੋੜੇ ਨਚਾਉਂਦੇ ਸੈਨਾ ਦੇ ਅੱਗੇ ਆਉਂਦੇ ਸਨ।

ਸੱਯਦ, ਮੁਗ਼ਲ, ਪਠਾਣ ਤੇ ਰੁਹੇਲੇ ਵੱਡੀ ਗਿਣਤੀ ਵਿਚ ਉਮਡ ਕੇ ਆਏ ਤੇ ਤੀਰ, ਨੇਜ਼ੇ, ਤਬਰ ਤੇ ਤਲਵਾਰਾਂ ਦੇ ਵਾਰ ਕਰਦੇ ਸਨ॥ ੨੮॥

ਹਯ ਭਜਾਇ ਕਰਿ ਅੱਗ੍ਰ ਹ੍ਵੈ ਤਜਿ ਹਤਹਿਂ ਤੁਫੰਗੈਂ।
ਘਨੋ ਘੁਮੰਡ ਪ੍ਰਚੰਡ ਭਾ ਭਟ ਭੇ ਰਨ ਭੰਗੈ।
ਮਾਰ ਮਾਰ ਲਲਕਾਰ ਕਰਿ ਮਿਲਿ ਆਪਸ ਮਾਂਹੀ।
ਗੁਰੂ ਹੁਕਮ ਤੇ ਖਾਲਸਾ ਵਧਿ ਅੱਗ੍ਰ ਲਰਾਹੀ॥ ੨੯॥

ਘੋੜੇ ਭਜਾ ਕੇ ਅੱਗੇ ਹੋ ਕੇ ਬੰਦੂਕਾਂ ਚਲਾ ਕੇ ਮਾਰਦੇ ਸਨ। ਵੱਡਾ ਘੁਮੰਡ ਕਰਕੇ ਤੇ ਪ੍ਰਚੰਡ ਰੂਪ ਧਾਰ ਕੇ ਸੂਰਬੀਰ ਰਣਖੇਤਰ ਵਿਚ ਸੂਰਬੀਰਾਂ ਨੂੰ ਮਾਰਦੇ ਸਨ। ਆਪਸ ਵਿਚ ਮਿਲ ਮਿਲ ਕੇ 'ਮਾਰ ਲਵੋ, ਮਾਰ ਲਵੋ' ਦੇ ਲਲਕਾਰੇ ਮਾਰਦੇ ਸਨ। ਗੁਰੂ ਜੀ ਦੇ ਹੁਕਮ ਨਾਲ ਖਾਲਸਾ ਅੱਗੇ ਵੱਧ ਕੇ ਲੜਾਈ ਕਰਦਾ ਸੀ॥ ੨੯॥

*ਸਿਰਖੰਡੀ ਛੰਦ*- ਸਿੰਘ ਕ੍ਰੋਧ ਕਰਿ ਜੁੱਟੇ ਜ੍ਵਾਲਾਬੋਨਿ ਲੈ।
ਬਹੁਤਨਿ ਕੇ ਸਿਰ ਫੁੱਟੇ ਲਗਿ ਲਗਿ ਗੋਰੀਆਂ।
ਕੇਚਿਤ ਕਰ ਪਗ ਟੁੱਟੇ ਗਿਰੇ ਪਵੰਗਮਾ।
ਕੈ ਸਊਰ ਹਯ ਸੁੱਟੇ ਡਰ ਡਰ ਸ਼ਬਦ ਤੇ ॥ ੩੦॥

ਸਿੰਘ ਕ੍ਰੋਧ ਧਾਰ ਕੇ ਬੰਦੂਕਾਂ ਲੈ ਕੇ ਅੱਗੇ ਵੱਧ ਕੇ ਜੁੱਟ ਪਏ, ਬਹੁਤਿਆਂ ਦੇ ਸਿਰ ਗੋਲੀਆਂ ਲੱਗ ਲੱਗ ਕੇ ਪਾਟ ਗਏ ਸਨ। ਕਈਆਂ ਦੇ ਹੱਥ ਪੈਰ ਟੁੱਟ ਗਏ ਤੇ ਉਹ ਘੋੜਿਆਂ ਤੋਂ ਡਿੱਗ ਪਏ। ਕਈ ਘੋੜਿਆਂ ਨੇ ਲਲਕਾਰਿਆਂ ਤੋਂ ਡਰ ਡਰ ਕੇ ਅਸਵਾਰ ਸੁੱਟ ਦਿੱਤੇ॥ ੩੦॥

ਮਿਲਿ ਗੇ ਦਲ ਸਮੁਦਾਏ ਸੇਲਨਿ ਸਾਂਗ ਤੇ।
ਤੀਛਨ ਤੀਰ ਚਲਾਏ ਸ਼ੂੰਕਤਿ ਮਾਰਤੇ।
ਤੋਮਰ ਹਾਥ ਭ੍ਰਮਾਏ ਸਨਮੁਖ ਧਾਂਵਦੇ।
ਸ਼ੱਤ੍ਰੁਨਿ ਦੇਹਿ ਧਸਾਏ ਬਰਮੀ ਸਰਪ ਜਿਉਂ॥ ੩੧॥

ਨੇਜ਼ਿਆਂ ਬਰਛੀਆਂ ਨਾਲ ਸਾਰੇ ਦਲ ਮਿਲ ਗਏ। ਤਿੱਖੇ ਤੀਰ ਸ਼ੂਕਦੇ ਹੋਏ ਚਲਦੇ ਵੈਰੀ ਨੂੰ ਮਾਰਦੇ ਸਨ। ਨੇਜ਼ੇ ਨੂੰ ਹੱਥ ਵਿਚ ਲੈ ਕੇ ਭੰਵਾਂ ਕੇ ਸਾਹਮਣੇ ਮਾਰਦੇ ਸਨ, ਉਹ ਵੈਰੀਆਂ ਦੇ ਸਰੀਰਾਂ ਵਿਚ ਧੱਸ ਜਾਂਦੇ ਸਨ, ਜਿਵੇਂ ਸੱਪ ਵਰਮੀ ਵਿਚ ਵੜ ਜਾਂਦਾ ਹੈ॥ ੩੧॥

ਬਰਛੀਂ ਅਰੁ ਤਰਵਾਰੀਂ ਭੜਥੂ ਮੱਚਿਆ।
ਲੋਹੂ ਨਾਲ ਪਖਾਰੀ ਚਮਕਤਿ ਲਾਲ ਹ੍ਵੈ।
ਜਨੁ ਸੂਹੀ ਧਰਿ ਸਾਰੀ ਜੋਗਣ ਦਾਰੁਣਾ।
ਚਰਿਬੇ ਪਾਨ ਸੁਪਾਰੀ ਜਮ ਕੀ ਜੀਹ ਕੈ॥ ੩੨॥

ਬਰਛੀਆਂ ਅਤੇ ਤਲਵਾਰਾਂ ਨੇ ਭੜਥੂ ਮਚਾਇਆ ਸੀ, ਲਹੂ ਨਾਲ ਧੋਤੇ ਹੋਏ ਲਾਲ ਲਾਲ ਚਮਕਦੇ ਸਨ। ਮਾਨੋ ਸੂਹੇ ਰੰਗ ਦੀ ਸਾੜ੍ਹੀ ਜੋਗਣਾਂ ਨੇ ਲਾਈ ਹੈ ਜਾਂ ਜਮ ਕਾਲ ਦੀ ਜੀਭ ਹੈ ਕੇ ਪਾਨ ਸੁਪਾਰੀ ਚੱਬਦੀ ਹੈ॥ ੩੨॥

ਤੋਪੈਂ ਦੂਰ ਪਿਛਾਰੀ ਤਜਿ ਕੈ ਅੱਗ੍ਰ ਹ੍ਵੈ।
ਲਸ਼ਕਰ ਆਇ ਅਗਾਰੀ ਸੰਘਰ ਰੱਚਿਆ।

ਤੁਪਕ ਸੰਬੂਹ ਸੰਭਾਰੀ ਤੜਭੜ ਮਚ ਰਹੀ।
ਤਕ ਤਕ ਗੁਲਕਾਂ ਮਾਰੀ ਸ਼ਬਦ ਉਠੰਤਿ ਬਡ॥ ੩੩॥

ਤੋਪਾਂ ਨੂੰ ਪਿੱਛੇ ਦੂਰ ਛੱਡ ਕੇ, ਲਸ਼ਕਰ ਅੱਗੇ ਨਿਕਲ ਕੇ ਆਇਆ ਤਾਂ ਵੱਡਾ ਯੁੱਧ ਮੱਚ ਉਠਿਆ। ਸਾਰਿਆਂ ਨੇ ਬੰਦੂਕਾਂ ਸੰਭਾਲ ਲਈਆਂ ਤੇ ਤੜਤੜ ਮੱਚ ਰਹੀ ਸੀ, ਗੋਲੀਆਂ ਨਿਸ਼ਾਨੇ ਤੱਕ ਕੇ ਮਾਰਦੇ ਸਨ ਤੇ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ॥ ੩੩॥

ਉੱਠੇ ਗਜ ਛਣਕਾਰੇ ਗੋਰੀ ਠੋਕਤੇ।
ਧੁਖੇ ਪਲੀਤੇ ਭਾਰੇ ਤੋੜੇ ਡਾਂਭਤੇ।
ਦਸਤਰਵਾਂ ਕਰ ਧਾਰੇ ਛੋਰੇ ਤਾਕਿ ਕੈ।
ਬਹੁਰ ਬਰੂਦਹਿ ਡਾਰੇ ਤੂਰਨ ਤਜਾਰ ਹਿਤ॥ ੩੪॥

ਗੋਲੀਆਂ ਠੋਕਣ ਨਾਲ ਗਜਾਂ ਦੇ ਛਣਕਾਰਿਆਂ ਦੀ ਆਵਾਜ਼ ਉਠਦੀ ਸੀ। ਭਾਰੀ ਪਲੀਤੇ ਧੁੱਖਦੇ ਸਨ ਤੇ ਤੋੜੇ ਜਗਦੇ ਸਨ। ਫਿਰ ਨਿਸ਼ਾਨਾ ਤੱਕ ਕੇ ਗੋਲੀ ਚਲਾ ਦਿੰਦੇ ਸਨ। ਤੁਰਤ ਦੁਬਾਰਾ ਤਿਆਰ ਕਰਨ ਵਾਸਤੇ ਬਹੁਤ ਬਾਰੂਦ ਪਾਉਂਦੇ ਸਨ॥ ੩੪॥

ਨਰਾਜ ਛੰਦ- ਗੁਰੂ ਗੁਬਿੰਦ ਸਿੰਘ ਜੀ ਬਿਲੰਦ ਹੇਲ ਡਾਰਿਓ।
ਸਮੂਹ ਸਿੰਘ ਸੰਗ ਲੈ ਤੁਫੰਗ ਕੋ ਸੰਭਾਰਿਓ।
ਬਿਰੁੱਧ ਜੁੱਧ ਸੁੱਧ ਤੇ ਸੁਕ੍ਰੁੱਧ ਹੋਇ ਆਇਓ।
ਕਠੋਰ ਧਾਰਿ ਚਾਂਪ ਕੋ ਤੁਰੰਗ ਕੋ ਧਵਾਇਓ॥ ੩੫॥

ਗੁਰੂ ਗੋਬਿੰਦ ਸਿੰਘ ਜੀ ਨੇ ਵੱਡਾ ਹੱਲਾ ਕੀਤਾ, ਸਾਰੇ ਸਿੰਘਾਂ ਨੂੰ ਨਾਲ ਲੈ ਕੇ ਬੰਦੂਕਾਂ ਨੂੰ ਸੰਭਾਲਿਆ। ਅਕਾਰਣ ਵਿਰੋਧੀਆਂ ਦੇ ਯੁੱਧ ਕਰਨ ਕਰਕੇ ਸ਼ੁੱਧ ਕ੍ਰੋਧ ਚੜ੍ਹ ਆਇਆ। (ਸ਼ੁੱਧ ਕ੍ਰੋਧ ਉਹ ਹੈ ਜੋ ਕਿਸੇ ਧਰਮ ਉਪਕਾਰ ਦੇ ਕੰਮ ਲਈ ਆਵੇ) ਕਠੋਰ ਧਨੁੱਖ ਨੂੰ ਧਾਰ ਕੇ ਘੋੜੇ ਨੂੰ ਭਜਾਇਆ॥ ੩੫॥

ਸਮੂਹ ਬਾਨ ਤਾਨਿ ਤਾਨਿ ਤਾਨ ਤੇ ਪ੍ਰਹਾਰਤੇ।
ਦੜਾ ਦੜੀ ਤੁਰੰਗ ਬੀਰ ਭੂਮ ਬੀਚ ਡਾਰਤੇ।
ਬਹੈ ਸਬੇਗ ਬਾਯੁ ਜਜੋਂ ਪੁਰਾਤਨੇ ਤਰੋਵਰਾ।
ਉਖਾਰਿ ਮੂਲ ਗੇਰਤੇ ਭਈ ਸੰਕੀਰਣੰ ਧਰਾ॥ ੩੬॥

ਸਮੂਹ ਤੀਰ ਤਾਣ ਤਾਣ ਕੇ ਬੜੇ ਜ਼ੋਰ ਨਾਲ ਮਾਰਦੇ ਸਨ ਤੇ ਦੜਾਦੜ ਕਰਕੇ ਸੂਰਬੀਰ ਅਤੇ ਘੋੜਿਆਂ ਨੂੰ ਧਰਤੀ 'ਤੇ ਸੁੱਟੀ ਜਾਂਦੇ ਸਨ, ਮਾਨੋ ਬਹੁਤ ਤੇਜ਼ ਹਵਾ ਵਗਦੀ ਹੋਵੇ ਜਿਹੜੀ ਬ੍ਰਿਛਾਂ ਨੂੰ ਜੜ੍ਹਾਂ ਤੋਂ ਹੀ ਪੁੱਟ ਪੁੱਟ ਥੱਲੇ ਸੁੱਟੀ ਜਾਂਦੀ ਹੋਵੇ, ਇਸ ਪ੍ਰਕਾਰ ਸਾਰੀ ਧਰਤੀ ਢੱਕੀ ਗਈ॥ ੩੬॥

ਖਿਰਜੋ ਕਿ ਆਇ ਅੱਗ੍ਰ ਜੋ ਸੁ ਪ੍ਰਾਨ ਹੀਨ ਹੋਵਤੇ।
ਭਯਾਨ ਭੂਰ ਭੂਮਿਕਾ, ਭਗੋਂ ਭਗੌਲ ਜੋਵਤੇ।
ਨਹੀਂ ਜੁ ਨੈਨ ਗੋਚਰਾ ਬਚਜੋ ਸੁਜਿੰਦ ਰਾਖਕੈ।
ਇਤੇ ਉਤੇ ਪਲਾਇਗੇ, ਨ ਸਾਮੁਹਾ ਭਿਲਾਖਕੈ॥ ੩੭॥

ਜਿਹੜਾ ਵੀ ਅੱਗੇ ਆ ਕੇ ਠਹਿਰਦਾ ਹੈ, ਉਹ ਪ੍ਰਾਣਹੀਣ ਹੋ ਜਾਂਦਾ ਹੈ। ਭਿਆਨਕ ਕਾਰਜ ਕਰ ਰਹੇ ਸਨ, ਜਿਸ ਨੂੰ ਵੇਖ ਕੇ ਕਾਇਰ ਭੱਜਦੇ ਵਿਖਾਈ ਦਿੰਦੇ ਹਨ। ਜੋ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਨਹੀਂ ਆਇਆ ਉਹੀ ਪ੍ਰਾਣ ਸਹਿਤ ਬਚਿਆ। ਜਿਹੜੇ ਸਾਹਮਣੇ ਹੋਣਾ ਨਹੀਂ ਚਾਹੁੰਦੇ ਸਨ ਉਹ ਏਧਰ ਓਧਰ ਭੱਜ ਗਏ॥ ੩੭॥

ਗੁਰੂ ਸਮੇਤ ਖਾਲਸੇ ਧਵਾਇ ਜਾਹਿਂ ਜਾਹਿ ਕੋ।
ਸੰਘਾਰਿਕੈ ਸਥਾਰ ਕੀਨ ਕੋ ਟਿਕੈ ਨ ਤਾਂਹਿ ਕੋ।
ਲਗੰਤਿ ਬਾਨ ਗੋਰੀਆਂ ਦੁਓਰੀਆਂ ਸੜਾਕਤੇ।
ਪਲਾਇ ਜਾਇਂ ਜੀਵਤੇ, ਮਰੇ ਪਰੇ ਤੜਾਕਤੇ॥ ੩੮॥

ਗੁਰੂ ਜੀ ਖਾਲਸੇ ਸਮੇਤ ਵੈਰੀਆਂ ਨੂੰ ਜਿਸ ਕਿਸ ਪਾਸੇ ਦੌੜਾਈ ਜਾਂਦੇ ਸਨ, ਸਾਰੇ ਮਾਰ ਕੇ ਮਾਰ ਦਿੱਤੇ, ਕੋਈ ਵੀ ਉਨ੍ਹਾਂ ਅੱਗੇ ਨਾ ਟਿਕਿਆ। ਗੋਲੀਆਂ ਅਤੇ ਤੀਰ ਸੜਾਕ ਸੜਾਕ ਕਰਕੇ ਲੱਗਦੇ ਸਨ, ਜੀਊਂਦੇ ਭੱਜੇ ਜਾਂਦੇ ਸਨ ਤੇ ਜਿਨ੍ਹਾਂ ਨੂੰ ਤੜੱਕ ਕਰਕੇ ਗੋਲੀ ਵੱਜੀ, ਉਹ ਮਰ ਗਏ॥ ੩੮॥

ਚੌਪਈ- ਜੁਗ ਸੂਬੇ ਗਿਰਪਤਿ ਮਿਲਿ ਸਾਰੇ। ਹੇਰਿ ਚਮੂੰ ਪ੍ਰਤਿ ਗਾਰ ਉਚਾਰੇਂ।
ਬਡੇ ਜਤਨ ਤੇ ਸਨਮੁਖ ਕਰੈਂ। ਕਿਤਿਕ ਪਲਾਵੈਂ, ਕੇਤਿਕ ਮਰੈਂ॥ ੩੯॥

ਦੋਵੇਂ ਸੂਬੇ ਅਤੇ ਪਹਾੜੀ ਰਾਜੇ ਇਕੱਠੇ ਹੋ ਕੇ ਮਿਲੇ ਤੇ ਆਪਣੀ ਸੈਨਾ ਨੂੰ ਵੇਖ ਕੇ ਗਾਲ੍ਹਾਂ ਕੱਢਦੇ ਸਨ। ਬੜੇ ਯਤਨ ਨਾਲ ਸਾਹਮਣੇ ਕਰਦੇ ਸਨ, ਕਈ ਭੱਜ ਜਾਂਦੇ ਸਨ, ਕਈ ਮਰ ਜਾਂਦੇ ਸਨ॥ ੩੯॥

ਕੋ ਕੋ ਸਿੰਘ ਘਾਵ ਜੁਤਿ ਹੋਯੋ। ਗੁਰੂ ਪ੍ਰਤਾਪ ਖਾਲਸੇ ਜੋਯੋ।
ਯੌਂ ਲਸ਼ਕਰ ਤੁਰਕਨ ਕੇ ਫੇਰੇ। ਕੇਚਿਤ ਪਹੁਚੇ ਭਾਜਤਿ ਡੇਰੇ॥ ੪੦॥

ਕੋਈ ਕੋਈ ਸਿੰਘ ਘਾਇਲ ਹੋ ਜਾਂਦਾ ਸੀ, ਖਾਲਸੇ ਨੇ ਗੁਰੂ ਜੀ ਦੇ ਪ੍ਰਤਾਪ ਨੂੰ ਵੇਖਿਆ। ਇਸ ਪ੍ਰਕਾਰ ਤੁਰਕਾਂ ਦੇ ਲਸ਼ਕਰ ਨੂੰ ਵਾਪਸ ਮੋੜ ਦਿੱਤਾ। ਕਈ ਭੱਜ ਕੇ ਆਪਣੇ ਡੇਰੇ ਪਹੁੰਚ ਗਏ॥ ੪੦॥

ਸ਼ੱਤ੍ਰਨਿ ਕੇ ਦਲ ਲਰ ਕਰਿ ਹੁੱਟੇ। ਬਹੁਰ ਚੌਪ ਤੇ ਸਮੁਖ ਨ ਜੁੱਟੇ।
ਸਨੇ ਸਨੇ ਹਟ ਕਰਿ ਪੁਰਿ ਓਰੀ। ਆਵਤਿ ਪੁੰਜ ਤੁਫੰਗਨ ਛੋਰੀ॥ ੪੧॥

ਵੈਰੀਆਂ ਦੇ ਦਲ ਲੜ ਕੇ ਹੁੱਟ ਗਏ, ਫਿਰ ਖੁਸ਼ੀ ਨਾਲ ਲੜਨ ਵਾਸਤੇ ਸਾਹਮਣੇ ਆ ਕੇ ਨਾ ਲੜੇ। ਮਸਾਂ-ਮਸਾਂ ਹੱਟ ਕੇ ਨਗਰ ਵੱਲ ਆ ਗਏ ਤੇ ਆਉਣ ਲੱਗਿਆਂ ਨੇ ਬਹੁਤ ਬੰਦੂਕਾਂ ਛੱਡੀਆਂ॥ ੪੧॥

ਰਣ ਮਹਿਂ ਮਰੇ ਲੋਥ ਉਠਵਾਇ। ਘਾਇਲ ਕੋ ਸੰਭਾਲ ਸਭਿ ਥਾਇਂ।
ਆਇ ਦੁਰਗ ਮਹਿਂ ਸਤਿਗੁਰ ਬਰੇ। ਸ਼ਲਖ ਤੁਪਕ ਤੋਪਨਿ ਕੀ ਕਰੇ॥ ੪੨॥

ਯੁੱਧ ਵਿਚ ਮਰਿਆਂ ਦੀਆਂ ਲੋਥਾਂ ਚੁੱਕੀਆਂ ਤੇ ਘਾਇਲਾਂ ਦੀ ਸਭ ਥਾਂ ਸੰਭਾਲ ਕੀਤੀ। ਫਿਰ ਸਤਿਗੁਰੂ ਜੀ ਆ ਕੇ ਕਿਲ੍ਹੇ ਵਿਚ ਦਾਖਲ ਹੋ ਗਏ ਤੇ ਫਿਰ ਤੋਪਾਂ ਬੰਦੂਕਾਂ ਦੀਆਂ ਸ਼ਲਖਾਂ ਛੱਡੀਆਂ॥ ੪੨॥

ਦੁਰਜਨ ਰਾਖੇ ਦੂਰ ਹਟਾਇ। ਮਾਰੇ ਖੇਤ ਬਿਖੈ ਸਮੁਦਾਇ।
ਵਾਹਿਗੁਰੂ ਜੀ ਕੀ ਕਹਿ ਫਤੇ। ਹਰਖ ਖਾਲਸੇ ਮਹਿਂ ਭਾ ਅਤੇ॥ ੪੩॥

ਦੁਸ਼ਟਾਂ ਨੂੰ ਹਟਾ ਕੇ ਦੂਰ ਹੀ ਰਖਿਆ, ਰਣਖੇਤਰ ਵਿਚ ਬਹੁਤ ਵੈਰੀ ਮਾਰ ਮੁਕਾਏ। ਵਾਹਿਗੁਰੂ ਜੀ ਕੀ ਫ਼ਤਹਿ ਕਹਿ ਕੇ, ਖਾਲਸੇ ਵਿਚ ਵੱਡੀ ਪ੍ਰਸੰਨਤਾ ਛਾ ਗਈ॥ ੪੩॥

*ਛੇਵੀਂ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

# ਅਧਿਆਇ ਬਾਰ੍ਹਵਾਂ

## *ਰਾਤੀਂ ਵੈਰੀਆਂ ਦੀਆਂ ਸਲਾਹਾਂ, ਤੀਜੇ ਦਿਨ ਦਾ ਜੰਗ*

ਦੋਹਰਾ- ਬੀਤ ਗਯੋ ਬਾਸੁਰ ਸਰਬ ਨਿਸ ਹੋਈ ਜਬਿ ਆਇ।
ਗਿਰਪਤਿ ਸਭਿ, ਸੂਬੇ ਦੁਊ ਮਿਲੇ ਆਇ ਇਕ ਥਾਂਇ ॥੧॥

ਸਾਰਾ ਦਿਨ ਬੀਤ ਗਿਆ ਤੇ ਜਦ ਰਾਤ ਹੋ ਗਈ ਤਾਂ ਸਾਰੇ ਪਹਾੜੀ ਰਾਜੇ ਅਤੇ ਦੋਵੇਂ ਸੂਬੇ ਮਿਲ ਕੇ ਇਕ ਥਾਂ ਇਕੱਠੇ ਹੋਏ ॥੧॥

*ਲਲਿਤਪਦ ਛੰਦ*-ਮਿਲਿ ਕਰਿ ਮਸਲਤ ਲਗੇ ਬਿਚਾਰਨ 'ਜਾਇ ਨਹਿਂ ਕੁਛ ਜਾਨਾ।
ਕਲ ਤੇ ਹੁਤੇ ਗੁਰੂ ਭਟ ਓਟੇ, ਹਮਰੇ ਖਰੇ ਮਦਾਨਾ ॥ ੨ ॥

ਮਿਲ ਕੇ ਸਲਾਹ ਕਰਕੇ ਵਿਚਾਰਨ ਲੱਗੇ, "ਕੁਝ ਵੀ ਜਾਣਿਆਂ ਨਹੀਂ ਜਾਂਦਾ ਹੈ, ਕਲ੍ਹ ਤਾਂ ਗੁਰੂ ਦੇ ਸੂਰਬੀਰ ਓਟ ਵਿਚ ਖੜ੍ਹੇ ਸਨ ਤੇ ਸਾਡੇ ਸੂਰਬੀਰ ਮੈਦਾਨ ਵਿਚ ਸਨ॥ ੨ ॥

ਯਾਂ ਤੇ ਮਰੇ ਹਜ਼ਾਰਹੁਂ ਜੋਧਾ ਮਿੱਟੀ ਮਾਸ ਰਲਾਈ।
ਨਹਿਂ ਸਮੀਪ ਨਿਜ ਢੂਕਨ ਦੀਨੇ ਮਾਰ ਮਹਾਨ ਮਚਾਈ ॥੩॥

ਇਸ ਕਰਕੇ ਹਜ਼ਾਰਾਂ ਯੋਧੇ ਮਾਰੇ ਗਏ ਸਨ ਤੇ ਮਿੱਟੀ ਵਿਚ ਮਾਸ ਰਲਾ ਦਿੱਤਾ ਸੀ। ਆਪਣੇ ਪਾਸ ਨਹੀਂ ਸੀ ਢੁਕਣ ਦਿੱਤਾ ਤੇ ਮਹਾਨ ਮਾਰ ਮਚਾਈ ਸੀ॥ ੩ ॥

ਗੁਰ ਭਟ ਬਚੇ, ਮਰੇ ਬਹੁ ਹਮਰੇ, ਜਾਨ ਲੀਨ ਤਬਿ ਹੇਤਾ।
ਆਜ ਲਰੇ ਸਮ ਹ੍ਵੈ ਕਰਿ ਸਾਰੇ ਬਨਿਕੈ ਸਿੰਘ ਸੁਚੇਤਾ ॥ ੪ ॥

ਗੁਰੂ ਜੀ ਦੇ ਸੂਰਬੀਰ ਬਚ ਗਏ, ਸਾਡੇ ਬਹੁਤ ਸੂਰਮੇ ਮਰ ਗਏ, ਉਸ ਸਮੇਂ ਅਸੀਂ ਬਚਣ ਦਾ ਕਾਰਨ ਮੋਰਚਿਆਂ ਦੀ ਓਟ ਜਾਣ ਲਈ ਸੀ। ਅੱਜ ਸਾਰੇ ਬਰਾਬਰ ਹੋ ਕੇ ਲੜੇ ਹਨ। ਸਾਰੇ ਸੂਰਬੀਰ ਅਤੇ ਸਿੰਘ ਸੁਚੇਤ ਬਣ ਕੇ ਸਾਹਮਣੇ ਹੋ ਕੇ ਲੜੇ ਹਨ ॥੪॥

ਹਮਰੇ ਮਰੇ ਹਜ਼ਾਰਹੁਂ ਦੀਖਤਿ ਖੇਤ ਸੰਕਰੀਨ ਹੋਵਾ।
ਗੁਰ ਕੋ ਭਟ ਘਾਇਲ ਭਾ ਕੋ ਨਹਿਂ, ਮਰਜੋ ਨ ਰਨ ਮਹਿਂ ਜੋਵਾ ॥ ੫ ॥

ਸਾਡੇ ਹਜ਼ਾਰਾਂ ਸੂਰਬੀਰ ਮਰੇ ਦਿਖਾਈ ਦਿੰਦੇ ਹਨ, ਸਾਰਾ ਰਣਖੇਤਰ ਲਾਸ਼ਾਂ ਨਾਲ ਭਰ ਗਿਆ ਹੈ। ਗੁਰੂ ਜੀ ਦਾ ਕੋਈ ਸੂਰਬੀਰ ਜ਼ਖ਼ਮੀ ਵੀ ਨਹੀਂ ਹੋਇਆ ਹੈ, ਰਣਖੇਤਰ ਵਿਚ ਮਰਿਆ ਵੀ ਕੋਈ ਨਹੀਂ ਵੇਖਿਆ ਹੈ" ॥ ੫ ॥

ਭੀਮ ਚੰਦ ਤੇ ਆਦਿਕ ਰਾਜੇ ਹਾਥ ਬੰਦਿ ਕਰਿ ਭਾਖੇ।
'ਘਾਤ ਲਰਨ ਕੀ ਐਸੀ ਜਾਨਤਿ ਤ੍ਰਾਸ ਨ ਮਨ ਮਹਿਂ ਰਾਖੇ ॥੬॥

ਭੀਮ ਚੰਦ ਅਤੇ ਹੋਰ ਰਾਜੇ ਹੱਥ ਜੋੜ ਕੇ ਕਹਿਣ ਲੱਗੇ, "ਲੜਨ ਦਾ ਐਸਾ ਦਾਅ ਜਾਣਦੇ ਹਨ ਕਿ ਮਨ ਵਿਚ ਥੋੜ੍ਹਾ ਜਿਹਾ ਭੈ ਵੀ ਨਹੀਂ ਰੱਖਦੇ ਹਨ॥ ੬ ॥

ਏਕ ਬਾਰ ਹੀ ਹੇਲ ਘਾਲਿ ਕਰਿ, ਕਰਤ ਵਾਰ ਮਿਲਿ ਸਾਰੇ।
ਬੰਧਿ ਟੋਲ, ਕਰਿ ਘਾਤ ਹਟਤਿ ਹੈਂ, ਹੋਤ ਨ ਕਿਮ ਨਿਰਵਾਰੇ ॥੭॥

ਇਕ ਵਾਰ ਹੀ ਹੱਲਾ ਕਰਕੇ, ਸਾਰੇ ਮਿਲ ਕੇ ਵਾਰ ਕਰਦੇ ਹਨ। ਟੋਲੇ ਬੰਨ੍ਹ ਕੇ ਨਾਸ਼ ਕਰਕੇ ਪਿੱਛੇ ਹਟ ਜਾਂਦੇ ਹਨ, ਕਿਸੇ ਪ੍ਰਕਾਰ ਵੀ ਵਰਜੇ ਨਹੀਂ ਜਾ ਸਕਦੇ ਹਨ॥ ੭॥

ਆਗੇ ਲਰੇ ਘੇਰ ਹਮ ਲੀਨਸਿ, ਸੰਗ ਵਜੀਦ ਪਠਾਨਾ।
ਨੀਠ ਨੀਠ ਕਰਿ ਗਮਨਜੋ ਬਚਿ ਕੈ ਰੋਕਜੋ ਵਹਿਰ ਮਦਾਨਾ॥ ੮॥

ਅੱਗੇ ਲੜ ਕੇ ਅਸੀਂ ਘੇਰ ਲਏ ਸਨ, ਉਸ ਸਮੇਂ ਵਜ਼ੀਦ ਖਾਂ ਪਠਾਣ ਸਾਡੇ ਨਾਲ ਸੀ, ਉਸ ਸਮੇਂ ਮਸਾਂ-ਮਸਾਂ ਬਚ ਕੇ ਨਿਕਲੇ ਸਨ, ਬਾਹਰ ਮੈਦਾਨ ਵਿਚ ਰੋਕ ਲਏ ਸਨ॥ ੮॥

ਅਬਿ ਤੁਮ ਚਢਹੁ ਨ ਲਰਿਬੇ ਕਾਰਨ ਰਾਖਹੁ ਚਹੁਦਿਸ਼ਿ ਡੇਰੇ।
ਦੇਹੁ ਨ ਕਛੂ ਪ੍ਰਵੇਸ਼ਨ ਅੰਤਰਿ ਇਸ ਪ੍ਰਕਾਰ ਲਿਹੁ ਘੇਰੇ॥ ੯॥

ਹੁਣ ਤੁਸੀਂ ਲੜਾਈ ਵਾਸਤੇ ਚੜ੍ਹਾਈ ਨਾ ਕਰੋ ਤੇ ਚਾਰੇ ਪਾਸੇ ਡੇਰੇ ਲਾ ਕੇ ਰੱਖੋ, ਕਿਲ੍ਹੇ ਦੇ ਅੰਦਰ ਕੁਝ ਵੀ ਪ੍ਰਵੇਸ਼ ਨਾ ਹੋਣ ਦੇਵੋ, ਇਸ ਪ੍ਰਕਾਰ ਘੇਰਾ ਪਾ ਲਵੋ॥ ੯॥

ਦੁਰਗ ਮਝਾਰ ਖਰਚਿਬੇ ਕਾਰਨ ਜਮਾ ਨ ਵਸਤੂ ਕਾਈ।
ਘ੍ਰਿੱਤ ਸਨੇਹ ਅੰਨ ਬਹੁ ਨਾਹਿਨ ਨਹਿੰ ਬਰੂਦ ਸਮੁਦਾਈ॥ ੧੦॥

ਕਿਲ੍ਹੇ ਦੇ ਅੰਦਰ ਖਰਚੇ ਵਾਸਤੇ ਕੋਈ ਵੀ ਵਸਤੂ ਜਮ੍ਹਾਂ ਨਹੀਂ ਹੈ। ਘਿਉ ਸਹਿਤ ਅਨਾਜ ਬਹੁਤ ਨਹੀਂ ਹੈ ਅਤੇ ਨਾ ਹੀ ਬਹੁਤ ਬਰੂਦ ਪਾਸ ਹੈ॥੧੦॥

ਗੁਲਕਾਂ ਆਦਿ ਵਸਤ੍ਰ ਵਥੁ ਸਗਰੀ ਪਾਇਂ ਨ ਜਬਿ, ਨਿਕਸੈ ਹੈਂ।
ਪੁਰਿ ਗ੍ਰਾਮਨਿ ਤੇ ਮਨਹਿ ਕਰਹੁ ਸਭਿ, ਕੋਇ ਨ ਕਿਨਹੂੰ ਦੈਹੈ॥ ੧੧॥

ਜਦ ਗੋਲੀਆਂ ਆਦਿ ਸਾਰੀਆਂ ਵਸਤਾਂ ਨਹੀਂ ਪਾਉਣਗੇ, ਫਿਰ ਬਾਹਰ ਨਿਕਲਣਗੇ, ਨਗਰ, ਪਿੰਡਾਂ ਸਭ ਥਾਵਾਂ ਤੋਂ ਲੈਣੋਂ ਮਨ੍ਹਾਂ ਕਰੋ, ਕੋਈ ਵੀ ਇਨ੍ਹਾਂ ਨੂੰ ਕੁਝ ਵੀ ਨਾ ਦੇਵੇ॥੧੧॥

ਦਿਨ ਅਲਪਨਿ ਮਹਿਂ ਹੁਇ ਲਚਾਰ ਬਹੁ ਮਿਲਹਿ ਗੁਰੂ ਤਬਿ ਆਪੇ।
ਜਿਮ ਬਾਂਛਹੁ ਤਿਮ ਕਰਹੁ ਤਬਹਿ ਮਿਲਿ ਤੁਮਰੋ ਮਹਿਦ ਪ੍ਰਤਾਪੇ॥ ੧੨॥

ਥੋੜ੍ਹੇ ਦਿਨਾਂ ਵਿਚ ਹੀ ਇਹ ਲਾਚਾਰ ਹੋ ਜਾਣਗੇ, ਫਿਰ ਗੁਰੂ ਜੀ ਆਪੇ ਹੀ ਤੁਹਾਨੂੰ ਆ ਮਿਲਣਗੇ, ਫਿਰ ਜਿਵੇਂ ਚਾਹੋ, ਉਸ ਤਰ੍ਹਾਂ ਹੀ ਕਰੋ, ਤੁਹਾਡਾ ਵੱਡਾ ਪ੍ਰਤਾਪ ਹੋਵੇਗਾ॥੧੨॥

ਸਗਰੇ ਮੁਲਖਨ ਕੇ ਤੁਮ ਮਾਲਿਕ ਕੌਨ ਅਰੈ ਬਲਧਾਰੀ।
ਮਹਾਂ ਮਵਾਸੀ ਜ਼ੇਰ ਕਰੇ ਸਭਿ ਕਜਾ ਗੁਰ ਬਾਤ ਬਿਚਾਰੀ'॥ ੧੩॥

ਤੁਸੀਂ ਸਾਰੇ ਮੁਲਕਾਂ ਦੇ ਮਾਲਕ ਹੋ, ਕਿਹੜਾ ਬਲਧਾਰੀ ਤੁਹਾਡੇ ਅੱਗੇ ਅੜ ਸਕਦਾ ਹੈ, ਵੱਡੇ-ਵੱਡੇ ਆਕੀ ਤੁਸੀਂ ਅਧੀਨ ਕੀਤੇ ਹਨ, ਗੁਰੂ ਦੀ ਕੀ ਗੱਲ ਵਿਚਾਰਨੀ ਹੋਈ'॥੧੩॥

ਇਮ ਗਿਰਪਤਿਨਿ ਭਨਜੋ ਸੁਨਿ ਦੋਨਹੁਂ ਰਿਦੇ ਮਹਿਦ ਬਿਸਮਾਏ।
ਪੁਰਖ ਪ੍ਰਤਾਪਵੰਤ ਮਨ ਜਾਨਜੋਂ, ਚਲੀ ਸੁਮਤਿ ਨਹਿਂ ਕਾਏ॥ ੧੪॥

ਇਸ ਪ੍ਰਕਾਰ ਜਦ ਪਹਾੜੀ ਰਾਜਿਆਂ ਨੇ ਕਿਹਾ ਤਾਂ ਦੋਵੇਂ ਸੂਬੇ ਦਿਲ ਵਿਚ ਬਹੁਤ ਹੈਰਾਨ ਹੋਏ। ਮਨ ਵਿਚ ਵੱਡੇ ਪ੍ਰਤਾਪ ਵਾਲਾ ਪੁਰਖ ਜਾਣਿਆ, ਉਸ ਦੇ ਖਿਲਾਫ਼ ਕੋਈ ਸ੍ਰੇਸ਼ਟ ਮੱਤ ਨਹੀਂ ਚਲਦੀ ਹੈ॥੧੪॥

ਸੁਪਤਿ ਜਥਾ ਸੁਖ ਤਊ ਤ੍ਰਾਸ ਕਰਿ 'ਗੁਰ ਕੇ ਬੀਰ ਨ ਆਵਹਿਂ'।
ਲਾਖਹੁਂ ਲਸ਼ਕਰ ਜਾਗਤਿ ਆਧੇ, ਪਰਿ ਆਧੇ ਸੁਪਤਾਵੈਂ ॥੧੫ ॥

ਰਾਤ ਨੂੰ ਪਹਿਲਾਂ ਵਾਂਗ ਸੁੱਤੇ, ਪਰ ਦਿਲ ਵਿਚ ਬਹੁਤ ਡਰ ਧਾਰਨ ਕੀਤਾ ਕਿ ਕਿਤੇ ਗੁਰੂ ਦੇ ਸੂਰਬੀਰ ਨਾ ਆ ਜਾਣ। ਲੱਖਾਂ ਦੇ ਲਸ਼ਕਰ ਵਿਚ ਅੱਧੇ ਜਾਗਦੇ ਰਹੇ, ਪਰ ਅੱਧੇ ਸੌਂ ਗਏ ॥੧੫ ॥

ਇਤ ਸਤਿਗੁਰ ਕਰਿ ਖਾਨਿ ਪਾਨ ਕੋ ਸਭਿ ਕੀ ਸੁਰਤ ਸੰਭਾਰੀ।
ਸਾਲਪੱਤ੍ਰ ਦੇ ਘਾਇਲ ਸਭਿ ਕੋ ਛਦ ਕੀ ਪੀਰ ਨਿਵਾਰੀ ॥੧੬ ॥

ਏਧਰ ਸਤਿਗੁਰੂ ਜੀ ਨੇ ਖਾ ਪੀ ਕੇ ਸਭ ਦੀ ਸੁਰਤ ਸੰਭਾਲ ਕੀਤੀ। ਸਾਰੇ ਘਾਇਲਾਂ ਨੂੰ ਸਾਲ ਪੱਤਰ ਦਿੱਤੇ ਤੇ ਜ਼ਖਮਾਂ ਦੀ ਪੀੜ ਦੂਰ ਕੀਤੀ ॥੧੬ ॥

ਜੋ ਮਰਿ ਗਏ ਕਰੇ ਸਸਕਾਰਨਿ ਮਨ ਬਾਂਛਤ ਕੋ ਦੈ ਕੈ।
ਪਹੁਚੇ ਸ੍ਰੀ ਸਤਿਗੁਰ ਕੇ ਲੋਕਹਿਂ ਜਨਮ ਮਰਨ ਦੁਖ ਖੈ ਕੈ ॥੧੭ ॥

ਜਿਹੜੇ ਮਰ ਗਏ ਸਨ, ਉਨ੍ਹਾਂ ਦਾ ਸਸਕਾਰ ਕਰ ਦਿੱਤਾ ਤੇ ਮਨ-ਭਾਉਂਦੇ ਉਨ੍ਹਾਂ ਨੂੰ ਵਰ ਦਿੱਤੇ, ਉਹ ਸਾਰੇ ਸਤਿਗੁਰੂ ਜੀ ਦੇ ਲੋਕ ਵਿਚ ਪਹੁੰਚ ਗਏ ਤੇ ਜਨਮ ਮਰਨ ਦਾ ਉਨ੍ਹਾਂ ਦਾ ਦੁੱਖ ਦੂਰ ਹੋ ਗਿਆ ॥੧੭ ॥

ਸੁਪਤਿ ਜਥਾ ਸੁਖ ਰਾਤਿ ਬਿਤਾਈ ਉਠਿ ਕਰਿ ਅੰਮ੍ਰਿਤ ਵੇਲੇ।
ਗੁਰਬਾਨੀ ਕੋ ਪਠਹਿ ਖਾਲਸਾ ਨਾਮ ਵਾਹਿਗੁਰੂ ਲੇ ਲੇ ॥੧੮ ॥

ਸੌਂ ਕੇ ਪਹਿਲਾਂ ਸੁਖ ਨਾਲ ਰਾਤ ਬਤੀਤ ਕੀਤੀ ਤੇ ਫਿਰ ਅੰਮ੍ਰਿਤ ਵੇਲੇ ਜਾਗ ਪਏ। ਖਾਲਸਾ ਵਾਹਿਗੁਰੂ ਦਾ ਨਾਮ ਲੈ ਲੈ ਗੁਰਬਾਣੀ ਦਾ ਪਾਠ ਕਰਦਾ ਸੀ ॥੧੮ ॥

ਆਸਾਵਾਰ ਰਬਾਬੀ ਗਾਵੈਂ ਸੁਨਹਿਂ ਏਕ ਮਨ ਹੋਏ।
ਸੌਚ ਸ਼ਨਾਨ ਠਾਨਿ ਕਰਿ ਸਗਰੇ ਰਿਸ ਤੇ ਤੁਰਕਨਿ ਜੋਏ ॥੧੯ ॥

ਰਬਾਬੀ ਆਸਾ ਦੀ ਵਾਰ ਦਾ ਗਾਇਨ ਕਰਦੇ ਸਨ ਤੇ ਸਾਰੇ ਇਕ ਮਨ ਹੋ ਕੇ ਸੁਣਦੇ ਸਨ। ਸਾਰੇ ਸੌਚ ਇਸਨਾਨ ਕਰਕੇ, ਕ੍ਰੋਧ ਨਾਲ ਤੁਰਕਾਂ ਬਾਰੇ ਵਿਚਾਰਦੇ ਸਨ ॥੧੯ ॥

ਹੁਕਮ ਗੁਰੂ ਕੀਨੋ ਸਭਿਹਿਨਿ ਕੋ 'ਨਿਜ ਮੁਰਚੇ ਸਵਧਾਨਾ।
ਅੱਗ੍ਰ ਜਾਇ ਨਹਿਂ ਆਯੁਧ ਖਾਵਹੁ ਥਿਰੇ ਰਹਹੁ ਨਿਜ ਥਾਨਾ' ॥੨੦ ॥

ਸਾਰਿਆਂ ਨੂੰ ਗੁਰੂ ਜੀ ਨੇ ਹੁਕਮ ਕੀਤਾ ਸੀ, "ਆਪਣੇ ਮੋਰਚੇ ਵਿਚ ਸਾਵਧਾਨ ਰਹੋ, ਅੱਗੇ ਜਾ ਕੇ ਹਥਿਆਰਾਂ ਦੀ ਮਾਰ ਨਾ ਖਾਵੋ, ਆਪਣੇ ਹੀ ਸਥਾਨ ਤੇ ਬੈਠੇ ਰਹੋ" ॥ ੨੦ ॥

ਮਾਨਿ ਹੁਕਮਿ ਕੋ ਥਿਰਜੋ ਖਾਲਸਾ ਜ੍ਵਾਲਾਬਮਨੀ ਛੋਰੈਂ।
ਤੁਰਕ ਪਹਾਰੀ ਉਠੇ ਪ੍ਰਾਤਿ ਪਿਖਿ ਜਗਤ ਜੂਠ ਮੁਖ ਜੋਰੈਂ ॥੨੧ ॥

ਖਾਲਸਾ ਗੁਰੂ ਜੀ ਦਾ ਹੁਕਮ ਮੰਨ ਕੇ ਆਪਣੇ ਹੀ ਸਥਾਨ 'ਤੇ ਬੈਠਾ ਰਿਹਾ ਤੇ ਬੰਦੂਕਾਂ ਚਲਾਉਂਦੇ ਰਹੇ। ਤੁਰਕ ਪਹਾੜੀਏ ਸਵੇਰ ਹੋਣ 'ਤੇ ਉਠੇ ਤੇ ਜਗਤ ਜੂਠ ਹੁੱਕੇ ਨਾਲ ਮੂੰਹ ਜੋੜਦੇ ਸਨ ॥ ੨੧ ॥

ਮ੍ਰਿਤਕ ਸੰਬੰਧੀ ਹੁਤੇ ਜੁ ਨੇਰੇ ਦਾਹ ਕਰੇ ਦਫਨਾਏ।
ਰਹੇ ਸ਼ੇਖ ਗੋਮਾਇ ਗੀਧ ਗਨ ਸਭਿ ਕੇ ਆਮਿਖ ਖਾਏ ॥੨੨ ॥

ਜਿਹੜੇ ਨਜ਼ਦੀਕੀ ਸੰਬੰਧੀ ਮਰ ਗਏ ਸਨ, ਉਨ੍ਹਾਂ ਦਾ ਦਾਹ ਸਸਕਾਰ ਕਰ ਦਿੱਤਾ ਜਾਂ ਦਫ਼ਨ ਕਰ ਦਿੱਤੇ। ਬਾਕੀਆਂ ਦਾ ਮਾਸ ਗਿਦੜਾਂ ਅਤੇ ਗਿਰਝਾਂ ਨੇ ਖਾਧਾ॥ ੨੨ ॥

ਕਾਕ ਕੰਕ ਚਾਵੰਡਾ ਚੀਕਤਿ ਹਯ ਨਰ ਮਾਸ ਅਹਾਰਾ।
ਬ੍ਰਿੰਦ ਭ੍ਰਮਾਵੈਂ ਉਡ ਅਕਾਸ਼ ਮਹਿਂ ਕੇਤਿਕ ਭੂਮਿ ਮਝਾਰਾ॥੨੩॥

ਕਾਂ, ਇੱਲਾਂ, ਗਿਰਝਾਂ ਚੀਕਦੀਆਂ ਸਨ ਤੇ ਘੋੜਿਆਂ ਅਤੇ ਮਨੁੱਖਾਂ ਦਾ ਮਾਸ ਖਾਂਦੀਆਂ ਸਨ। ਅਕਾਸ਼ ਵਿਚ ਉੱਡ ਕੇ ਬਹੁਤ ਭਾਉਂਦੀਆਂ ਸਨ, ਕਈ ਧਰਤੀ ਤੇ ਬੈਠੀਆਂ ਸਨ॥ ੨੩ ॥

ਜਿਤਿਕ ਅਨੰਦਪੁਰਿ ਕੇ ਮਗ ਪਹੁੰਚਨਿ ਸਭਿ ਰੋਕੇ ਚਹੂੰ ਓਰੇ।
ਡੇਰੇ ਕਰੇ ਅਨੇਕ ਜੂਥਪਤਿ ਘੇਰਜੋ ਭੈ ਕਰਿ ਘੋਰੇ॥ ੨੪ ॥

ਜਿੰਨੇ ਵੀ ਅਨੰਦਪੁਰ ਨੂੰ ਜਾਣ ਵਾਲੇ ਪਹੁੰਚ ਮਾਰਗ ਸਨ, ਸਾਰਿਆਂ ਨੂੰ ਚਾਰੇ ਪਾਸਿਆਂ ਤੋਂ ਰੋਕ ਲਿਆ, ਸੈਨਾਪਤੀਆਂ ਨੇ ਥਾਂ-ਥਾਂ ਬਹੁਤ ਡੇਰੇ ਕੀਤੇ ਤੇ ਬਹੁਤ ਭੈ ਦੇ ਕੇ ਅਨੰਦਪੁਰ ਨੂੰ ਘੇਰ ਲਿਆ॥ ੨੪ ॥

ਨਿਕਟ ਨ ਢੂਕੇ ਲਰਿਬੇ ਕਾਰਨ ਦੂਰ ਦੂਰ ਕਰਿ ਫੇਰੇ।
ਜਥਾ ਸ਼ੇਰ ਤੇ ਡਰ ਕਰਿ ਰੁਕਤੇ ਗਨ ਗਜਰਾਜ ਬਡੇਰੇ॥੨੫॥

ਲੜਾਈ ਵਾਸਤੇ ਨੇੜੇ ਨਹੀਂ ਸੀ ਢੁਕਦੇ ਤੇ ਦੂਰ-ਦੂਰ ਡੇਰੇ ਲਾ ਕੇ ਬੈਠੇ ਸਨ, ਜਿਵੇਂ ਸ਼ੇਰ ਦਾ ਡਰ ਕਰਕੇ ਹਾਥੀ ਬਹੁਤ ਦੂਰ ਹੀ ਰੁਕ ਜਾਂਦੇ ਹਨ॥ ੨੫ ॥

ਦਿਵਸ ਢਰਜੋ ਤਬਿ ਸਤਿਗੁਰ ਮਾਦਿਕ ਦੋਨਹੁ ਢਿਗ ਮੰਗਵਾਏ।
ਸੇਵਕ ਲੇ ਚਾਮੀ ਕਰ ਸੰਪਟ, ਸਾਰ ਅਫੀਮੈ ਲਜਾਏ॥੨੬॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੬॥

ਲਘੁਏਲਾ ਗਨਗਿਰੀ ਬਦਾਮਹਿਂ ਬਿਜੀਆ ਜੁਤਿ ਸਰਦਾਈ।
ਭਰਜੋ ਕਟੋਰਾ ਦਿਯੋ ਗੁਰੂ ਕਰ ਪਾਨ ਕੀਨਿ ਸਮੁਦਾਈ॥੨੭॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੭॥

ਮਾਵਾ ਪੁਨ ਅਫੀਮ ਕੋ ਖਾਯੋ ਪੁਨ ਬਿਜੀਆ ਲਘੁ ਪਾਨਾ।
ਚਢਿ ਤੁਰੰਗ ਪਰ ਗਮਨੇ ਸੋਚਹਿ ਫਿਰ ਆਏ ਤਿਸ ਥਾਨਾ॥੨੮॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੮॥

ਥਾਨ ਉਤੰਗ ਅਨੰਦਪੁਰਿ ਜਿਹਠਾਂ ਹੈ ਪੂਰਬ ਦਿਸ਼ਿ ਜੋਈ।
ਤਿਸ ਹੀ ਦਿਸ਼ ਮਹਿਂ ਕੋਸ ਅਢਾਈ ਸੂਬੇ ਉਤਰੇ ਦੋਈ॥੨੯॥

ਜਿੱਥੇ ਅਨੰਦਪੁਰ ਵਿਚ ਬਹੁਤ ਉੱਚਾ ਸਥਾਨ ਸੀ, ਜਿਹੜਾ ਅਨੰਦਪੁਰ ਤੋਂ ਪੂਰਬ ਵਾਲੇ ਪਾਸੇ ਹੈ, ਉਸ ਪਾਸੇ ਦੋਵਾਂ ਸੂਬਿਆਂ ਨੇ ਢਾਈ ਕੋਹ ਦੂਰ ਡੇਰਾ ਕੀਤਾ॥ ੨੯ ॥

ਤੰਬੂ ਸ਼ਮਿਯਾਨੇ ਬਹੁ ਤਾਨੇ ਦੂਰ ਦੂਰ ਲਗਿ ਹੇਰੇ।
ਅਨਿਕ ਬਰਣ ਕੇ ਸ਼ਜਾਮ ਲਾਲ ਗਨ ਲਾਗੇ ਸੇਤ ਬਡੇਰੇ॥੩੦॥

ਤੰਬੂ ਸ਼ਾਮਿਆਨੇ ਬਹੁਤ ਤਾਣੇ, ਜਿਥੋਂ ਬਹੁਤ ਦੂਰ-ਦੂਰ ਤਕ ਦਿਖਾਈ ਦਿੰਦਾ ਸੀ। ਤੰਬੂਆਂ ਦੇ ਰੰਗ ਵੱਖ-ਵੱਖ ਪ੍ਰਕਾਰ ਦੇ ਸਨ, ਇਨ੍ਹਾਂ ਵਿਚ ਕਾਲੇ, ਲਾਲ ਅਤੇ ਚਿੱਟੇ ਰੰਗ ਦੇ ਤੰਬੂ ਬਹੁਤ ਲੱਗੇ ਹੋਏ ਸਨ॥ ੩੦ ॥

ਥਾਨ ਥਾਨ ਝੰਡੇ ਬਡ ਗਾਡੇ ਬਹੁਤ ਬਰਣ ਕੇ ਸੋਈ।
ਬੈਠਿ ਊਚ ਥਲ ਪ੍ਰਭੁ ਬਿਲੋਕਤਿ ਲਸ਼ਕਰ ਸ਼ੱਤ੍ਰੁਨਿ ਜੋਈ॥ ੩੧॥

ਥਾਂ-ਥਾਂ ਵੱਡੇ ਵੱਡੇ ਝੰਡੇ ਗੱਡੇ ਸਨ, ਜਿਹੜੇ ਬਹੁਤ ਰੰਗ-ਬਰੰਗੇ ਸਨ, ਸਤਿਗੁਰੂ ਜੀ ਉੱਚੀ ਥਾਂ ਬੈਠ ਕੇ ਵੈਰੀਆਂ ਦੇ ਲਸ਼ਕਰ ਨੂੰ ਵੇਖਦੇ ਸਨ॥ ੩੧॥

ਬੈਠੇ ਲਗੇ ਸੁਚੇਤਾ ਕਰਨੇ ਨਿਰਮਲ ਨੀਰ ਸ਼ਨਾਨੇ।
ਬਸਤ੍ਰ ਪਹਿਰ ਕਰਿ ਥਿਰਤਾ ਕੀਨੀ ਆਇ ਸਿੰਘ ਤਿਸ ਥਾਨੇ॥ ੩੨॥

ਸਤਿਗੁਰੂ ਜੀ ਨਿਰਮਲ ਜਲ ਵਿਚ ਇਸ਼ਨਾਨ ਕਰਕੇ ਸੁਚੇਤ ਹੋਣ ਲੱਗੇ। ਫਿਰ ਵਸਤਰ ਪਹਿਣ ਕੇ ਦੀਵਾਨ ਵਿਚ ਬੈਠ ਗਏ ਤੇ ਸਿੰਘ ਇਕੱਠੇ ਹੋ ਕੇ ਉਥੇ ਆ ਗਏ॥ ੩੨॥

ਲਗਯੋ ਦਿਵਾਨ ਖਾਲਸੇ ਕੇਰਾ ਬਸਤ੍ਰ ਸ਼ਸਤ੍ਰ ਤਨ ਸਾਜੇ।
ਜਾਮ ਦਿਵਸ ਤੇ ਸੂਬੇ ਚਢਿਕੈ ਸੰਗ ਲੀਨ ਸਭਿ ਰਾਜੇ॥ ੩੩॥

ਖਾਲਸੇ ਦਾ ਫਿਰ ਦੀਵਾਨ ਲੱਗ ਗਿਆ, ਸਾਰਿਆਂ ਨੇ ਆਪਣੇ ਸਰੀਰ ਉੱਤੇ ਵਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ। ਪਹਿਰ ਦਿਨ ਬੀਤ ਜਾਣ 'ਤੇ ਸੂਬੇ ਸਾਰੇ ਰਾਜਿਆਂ ਨੂੰ ਆਪਣੇ ਨਾਲ ਲੈ ਕੇ ਘੋੜਿਆਂ ਤੇ ਚੜ੍ਹ ਕੇ ਆਏ॥ ੩੩॥

ਥੋਰੇ ਨਰ ਲੇ ਸੰਗ ਸੁ ਗਮਨੇ ਦ੍ਰਿਸ਼ਟਿ ਅਨੰਦ ਪੁਰਿ ਓਰੀ।
ਚਲਤਿ ਚਲਤਿ ਕੁਛ ਨਿਕਟ ਪਹੂਚੇ ਭੀਮ ਚੰਦ ਕਰ ਜੋਰੀ॥ ੩੪॥

ਥੋੜ੍ਹੇ ਮਨੁੱਖ ਵੀ ਨਾਲ ਲੈ ਕੇ ਆਏ ਤੇ ਅਨੰਦਪੁਰ ਵੱਲ ਵੇਖਣ ਲੱਗੇ। ਚਲਦੇ ਚਲਦੇ ਕੁਝ ਨੇੜੇ ਪਹੁੰਚੇ ਤਾਂ ਫਿਰ ਭੀਮ-ਚੰਦ ਨੇ ਹੱਥ ਜੋੜੇ॥ ੩੪॥

ਜ਼ੋਰਦਸਤ ਅਰੁ ਖਾਂ ਵਜੀਦ ਪਿਖਿ ਬੋਲੇ ਰਾਜਨਿ ਸੰਗਾ।
'ਸਗਰੇ ਦ੍ਰਿਸ਼ਟਿ ਲਗਾਇ ਬਿਲੋਕਹੁ ਬਹੁ ਨਰ ਥਾਨ ਉਤੰਗਾ'॥ ੩੫॥

ਜ਼ਬਰਦਸਤ ਅਤੇ ਵਜ਼ੀਦਾ ਵੇਖ ਕੇ ਰਾਜਿਆਂ ਨੂੰ ਕਹਿਣ ਲੱਗੇ, ''ਸਾਰੇ ਨਜ਼ਰ ਲਗਾ ਕੇ ਵੇਖੋ ਉਸ ਉੱਚੇ ਸਥਾਨ ਵਿਚ ਬਹੁਤ ਪੁਰਸ਼ ਹਨ''॥ ੩੫॥

ਦੂਰਬੀਨ ਪੁਨ ਲਾਇ ਨਿਹਾਰੇ ਤੁਰਕਨਿ ਬਾਕ ਉਚਾਰਾ।
'ਇਹ ਕੋ ਹੈ ਥਿਰਿਓ ਮੰਚ ਊਪਰ ਢਿਗ ਲਗਿ ਸਭਾ ਉਦਾਰਾ॥ ੩੬॥

ਫਿਰ ਦੂਰਬੀਨ ਲਾ ਕੇ ਵੇਖ ਕੇ ਤੁਰਕਾਂ ਨੇ ਕਿਹਾ, ''ਇਹ ਉੱਚੇ ਮੰਚ ਉੱਤੇ ਕੌਣ ਬੈਠਾ ਹੈ, ਜਿਨ੍ਹਾਂ ਦੇ ਲਾਗੇ ਬਹੁਤ ਲੋਕ ਬੈਠੇ ਹਨ?॥ ੩੬॥

ਬਾਰੰਬਾਰ ਚਮਰ ਕੋ ਢੋਰਤਿ ਸੂਰਜ ਮੁਖੀ ਅਗਾਰੀ।
ਜ਼ੇਵਰ ਜਰੇ ਜਵਾਹਰ ਜ਼ਾਹਰ ਜਗਮਗ ਜਗਮਗ ਕਾਰੀ॥ ੩੭॥

ਬਾਰ-ਬਾਰ ਚੌਰ ਏਧਰ ਓਧਰ ਫਿਰ ਰਿਹਾ ਹੈ ਤੇ ਅਗਲੇ ਪਾਸੇ ਪੱਖਾ ਝੱਲਿਆ ਜਾ ਰਿਹਾ ਹੈ। ਉਨ੍ਹਾਂ ਦੇ ਭੂਸ਼ਨ ਸਾਰੇ ਹੀਰੇ ਜਵਾਹਰਾਤ ਨਾਲ ਜੜੇ ਹਨ, ਜਿਹੜੇ ਜਗਮਗ ਜਗਮਗ ਕਰ ਕੇ ਚਮਕ ਰਹੇ ਹਨ॥ ੩੭॥

ਸੀਸ ਪਾਗ ਪਰ ਜਿਗਾ ਮਨੋਹਰ ਕਲਗ਼ੀ ਝੁਲਤਿ ਉਤੰਗੀ।
ਧਨੁਖ ਧਰੇ, ਦ੍ਵੈ ਤਰਕਸ਼ ਆਗੇ ਪੂਰਨ ਸੰਗ ਖਤੰਗੀ॥ ੩੮॥

ਸਿਰ 'ਤੇ ਪੱਗ ਉੱਤੇ ਮਨੋਹਰ ਜਿਗ੍ਹਾ ਲੱਗੀ ਹੈ ਤੇ ਉੱਚੀ ਕਲਗੀ ਝੂਲਦੀ ਹੈ। ਧਨੁੱਖ ਅਤੇ ਭੱਥਾ ਦੋਵੇਂ ਅੱਗੇ ਧਰੇ ਹਨ, ਜਿਹੜਾ ਤੀਰਾਂ ਨਾਲ ਭਰਿਆ ਹੋਇਆ ਹੈ॥ ੩੮॥

ਖੜਗ ਗਾਤਰੇ ਥਿਰਜੋ ਪ੍ਰਕਾਸ਼ਤਿ ਮਹਿਦ ਮਜਾਜ ਉਚੇਰੇ।
ਸ਼ਾਹਨਸ਼ਾਹੁ ਮਨਹੁ ਕੋ ਬੈਠਜੋ ਬੰਦਹਿਂ ਚਰਨ ਘਨੇਰੇ॥ ੩੯॥

ਤਲਵਾਰ ਗਾਤਰੇ ਵਿਚ ਚਮਕ ਰਹੀ ਹੈ, ਬੜੀ ਆਣ ਬਾਣ ਨਾਲ ਸੱਜ ਕੇ ਬੈਠੇ ਹੋਏ ਹਨ। ਮਾਨੋ ਕੋਈ ਬਾਦਸ਼ਾਹ ਬੈਠਾ ਹੈ, ਬਹੁਤ ਲੋਕ ਚਰਨਾਂ 'ਤੇ ਬੰਦਨਾ ਕਰ ਰਹੇ ਹਨ॥ ੩੯॥

ਸਿੰਘ ਸੈਂਕਰੇ ਸੰਗ ਅਲਖਾਲਤਿ ਸਭਾ ਬਿਸਾਲ ਲਗਾਈ।
ਸਨਧਬੱਧ ਸਭਿ ਸੇਲੇ ਸਾਂਗਨ ਖੜਗ ਤੁਪਕ ਸਮੁਦਾਈ॥ ੪੦॥

ਸੈਂਕੜੇ ਸਿੱਖ ਆਲੇ-ਦੁਆਲੇ ਬੈਠੇ ਹੋਏ ਹਨ ਤੇ ਵਿਸ਼ਾਲ ਸਭਾ ਲਾਈ ਹੋਈ ਹੈ। ਸਾਰੇ ਹਥਿਆਰਬੰਧ ਹੋ ਕੇ ਬੈਠੇ ਹਨ ਤੇ ਸੇਲੇ, ਸਾਂਗਾਂ, ਤਲਵਾਰਾਂ, ਬੰਦੂਕਾਂ ਸਭ ਨੇ ਧਾਰਨ ਕੀਤੀਆਂ ਹੋਈਆਂ ਹਨ॥ ੪੦॥

ਗੁਰ ਕੋ ਜਥੇਦਾਰ ਹੈ ਕੋਈ ਕਿਧੌਂ ਪੁੱਤ੍ਰ ਤਿਨ ਕੇਰਾ।
ਸ੍ਰੀ ਗੁਬਿੰਦ ਸਿੰਘ ਆਪ ਕਿਧੌਂ ਇਹ ਦਿਪਹਿ ਪ੍ਰਤਾਪ ਉਚੇਰਾ॥ ੪੧॥

ਕੀ ਕੋਈ ਗੁਰੂ ਜੀ ਦਾ ਜਥੇਦਾਰ ਹੈ ਜਾਂ ਗੁਰੂ ਜੀ ਦਾ ਕੋਈ ਪੁੱਤਰ ਹੈ ਜਾਂ ਗੁਰੂ ਗੋਬਿੰਦ ਸਿੰਘ ਆਪ ਹਨ, ਜਿਨ੍ਹਾਂ ਦਾ ਏਨਾ ਉੱਚਾ ਪ੍ਰਤਾਪ ਪ੍ਰਕਾਸ਼ ਰਿਹਾ ਹੈ ?॥ ੪੧॥

ਭੋ ਅਚਲੇਂਦ੍ਰ! ਚਿਨਾਰੀ ਕਰਿਯਹੁ ਨੀਕੇ ਮੋਹਿ ਬਤਾਵਹੁ।
ਕੌਨ ਅਹੈ ਇਤ ਸਨਮੁਖ ਬੈਠਜੋ ਸਕਲ ਭੇਦ ਸਮੁਝਾਵਹੁ'॥ ੪੨॥

ਹੇ ਪਹਾੜੀ ਰਾਜਾ ਗਨ! ਚੰਗੀ ਤਰ੍ਹਾਂ ਪਛਾਣ ਕੇ ਸਾਨੂੰ ਦੱਸੋ, ਇਹ ਸਾਹਮਣੇ ਕੌਣ ਬੈਠਾ ਹੈ, ਇਸ ਬਾਰੇ ਸਾਰਾ ਭੇਦ ਸਮਝਾਵੋ ?"॥ ੪੨॥

ਭੀਮ ਚੰਦ ਸੁਨਿਕੈ ਕਰ ਬੰਦੇ ਭਲੇ ਪਛਾਨਿ ਬਖਾਨਾ।
'ਇਹੀ ਗੁਬਿੰਦ ਸਿੰਘ ਕਲਹਿ ਮੂਲ ਸਭਿ ਕੀਨੇ ਜੰਗ ਮਹਾਂਨਾ॥ ੪੩॥

ਭੀਮ ਚੰਦ ਨੇ ਇਸ ਪ੍ਰਕਾਰ ਸੁਣ ਕੇ ਹੱਥ ਜੋੜੇ ਤੇ ਭਲੀ ਪ੍ਰਕਾਰ ਪਛਾਣ ਕੇ ਕਿਹਾ, "ਇਹ ਗੋਬਿੰਦ ਸਿੰਘ ਜੀ ਕਲ੍ਹਾ ਦੇ ਮੂਲ ਬੈਠੇ ਹਨ, ਜਿਨ੍ਹਾਂ ਨੇ ਬਹੁਤ ਵੱਡੇ-ਵੱਡੇ ਜੰਗ ਕੀਤੇ ਹਨ॥ ੪੩॥

ਜਹਿਂ ਕਹਿਂ ਲਰਜੋ ਬਿਜਯ ਕੋ ਪ੍ਰਾਪਤਿ ਮਨਹੁਂ ਵਸਤੁ ਇਸ ਕੇਰੀ।
ਕਬਹੁਂ ਸ਼ੱਤ੍ਰ ਕੋ ਦੀਨਸਿ ਨਾਂਹਿਨ, ਸੈਲਨਿ ਚਮੂੰ ਨਿਬੇਰੀ॥ ੪੪॥

ਜਿੱਥੇ ਕਿੱਥੇ ਲੜ ਕੇ ਜਿੱਤ ਪ੍ਰਾਪਤ ਕੀਤੀ ਹੈ ਮਾਨੋ ਜੈ ਰੂਪ ਵਸਤੂ ਏਸੇ ਦੀ ਹੈ। ਕਦੀ ਵੀ ਵੈਰੀ ਨੂੰ ਜਿੱਤ ਨਹੀਂ ਦਿੱਤੀ ਹੈ ਤੇ ਸਾਰੀ ਪਹਾੜੀ ਸੈਨਾ ਖਪਾ ਦਿੱਤੀ ਹੈ॥ ੪੪॥

ਆਦਿ ਕੇਸਰੀ ਚੰਦ ਸੰਘਾਰੇ ਧਨੁ ਬਿੱਦਜਾ ਮੈਂ ਭਾਰੀ।
ਪੈਂਡਖਾਨ ਬਡ ਤੀਰਮਦਾਜੰ ਇਕ ਸਰ ਤੇ ਲਿਯ ਮਾਰੀ॥ ੪੫॥

ਕੇਸਰੀ ਚੰਦ ਆਦਿ ਸੂਰਬੀਰ ਮਾਰ ਦਿੱਤੇ ਹਨ, ਧਨੁੱਖ ਵਿੱਦਿਆ ਵਿਚ ਵੱਡੇ ਪ੍ਰਬੀਨ ਹਨ। ਪੈਂਡੇ ਖਾਨ ਵਰਗੇ ਵੱਡੇ ਤੀਰ-ਅੰਦਾਜ਼ ਨੂੰ ਇਕੋ ਤੀਰ ਨਾਲ ਮਾਰ ਲਿਆ ਸੀ॥ ੪੫॥

ਮਰੇ ਬਿਲੋਕਹੁ ਲਰੇ ਪਿਛਾਰੀ ਤੀਰਨਿ ਸੰਗ ਪਰੋਏ।
ਪਰਹਿਂ ਪਾਰ, ਨਹਿਂ ਥਿਰਹਿਂ ਦੇਹਿ ਮਹਿਂ, ਬਿਸਮਤਿ ਹ੍ਵੈ ਹੈ ਜੋਏ॥ ੪੬॥

ਵੈਰੀ ਜੋ ਪਿੱਛੇ ਹੋ ਕੇ ਲੜੇ ਹਨ, ਤੁਹਾਡੇ ਵੇਖਦਿਆਂ ਹੀ ਮਾਰ ਲਏ ਹਨ, ਸੂਰਬੀਰ ਕਿਵੇਂ ਤੀਰਾਂ ਨਾਲ ਪ੍ਰੋਤੇ ਹਨ। ਗੁਰੂ ਜੀ ਵਲੋਂ ਛੱਡਿਆ ਤੀਰ ਆਰ-ਪਾਰ ਹੋ ਜਾਂਦਾ ਹੈ, ਸਰੀਰ ਦੇ ਵਿਚ ਅਟਕਦਾ ਨਹੀਂ, ਜਿਸ ਨੂੰ ਵੇਖ ਕੇ ਹੈਰਾਨ ਹੋਈਦਾ ਹੈ॥ ੪੬॥

ਪਾਛੇ ਪਾਵ ਨ ਘਾਲਜੋ ਕਬਿਹੂੰ ਬਲ ਕਰਿ ਕਰਿ ਪਚਹਾਰੇ।
ਦਲ ਸਕੇਲਿ ਬਹੁ ਕਰੀ ਸੂਰਤਾ ਟਰਜੋ ਨ ਕਿਮ ਹੀ ਟਾਰੇ॥ ੪੭॥

ਕਦੀ ਵੀ ਪਿਛਾਂਹ ਪੈਰ ਨਹੀਂ ਧਰਿਆ ਹੈ, ਬਹੁਤ ਸ਼ਕਤੀ ਲਾ ਲਾ ਕੇ ਹਾਰ ਗਏ ਹਾਂ, ਦਲ ਇਕੱਠਾ ਕਰਕੇ ਬਹੁਤ ਸੂਰਮਗਤੀ ਕਰਦੇ ਹਨ ਤੇ ਕਿਸੇ ਤਰ੍ਹਾਂ ਵੀ ਟਾਲਣ ਨਾਲ ਟੱਲਦੇ ਨਹੀਂ ਹਨ॥ ੪੭॥

ਪ੍ਰਥਮ ਕਥਾ ਮੈਂ ਸੁਨੀ ਕ੍ਰਿਸ਼ਨ ਜੀ ਭਯੋ ਸੁ ਅਤਿਰਥਿ ਜੋਧਾ।
ਥੋਰੇ ਘਨੇ ਸ਼ੱਤ੍ਰੂ ਨਹਿਂ ਗਿਨਤੋ ਲਰਿ ਮਾਰਹਿ ਧਰਿ ਕ੍ਰੋਧਾ॥ ੪੮॥

ਪਹਿਲਾਂ ਮੈਂ ਕ੍ਰਿਸ਼ਨ ਜੀ ਬਾਰੇ ਇਸ ਪ੍ਰਕਾਰ ਸੁਣਿਆ ਹੈ, ਜਿਹੜੇ ਬੜੇ ਮਹਾਨ ਯੋਧੇ ਹੋਏ ਹਨ। ਵੈਰੀ ਥੋੜ੍ਹੇ ਹਨ ਜਾਂ ਬਹੁਤ ਹਨ, ਉਹ ਇਸ ਬਾਰੇ ਗਿਣਤੀਆਂ ਨਹੀਂ ਸਨ ਕਰਦੇ, ਕਰੋਧ ਧਾਰ ਕੇ ਲੜਾਈ ਕਰਕੇ ਸਭ ਨੂੰ ਮਾਰ ਲੈਂਦੇ ਸਨ॥ ੪੮॥

ਰਾਮਚੰਦ ਅਤਿਰਥੀ ਭਏ ਹੈਂ ਸੋ ਸੁਨਿਬੇ ਮਹਿਂ ਆਏ।
ਤਿਮ ਸਮ ਪਿਖਜੋ ਬਿਲੋਚਨ ਤੇ ਇਹ ਹਨੈ ਲਰਤਿ ਸਮੁਦਾਏ॥ ੪੯॥

ਰਾਮਚੰਦਰ ਜੀ ਵੀ ਬੜੇ ਮਹਾਨ ਯੋਧੇ ਹੋਏ ਹਨ, ਉਨ੍ਹਾਂ ਬਾਰੇ ਵੀ ਸੁਣਨ ਵਿਚ ਆਇਆ ਹੈ, ਉਸ ਪ੍ਰਕਾਰ ਇਨ੍ਹਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਤੇ ਇਹ ਲੜਦੇ ਹੋਏ ਵੈਰੀਆਂ ਦੇ ਵੱਡੇ ਦਲ ਨੂੰ ਮਾਰ ਲੈਂਦੇ ਹਨ॥ ੪੯॥

ਤੁਮ ਸਮਰਥ ਹੋ ਜਗ ਕੇ ਮਾਲਿਕ ਗਹਹੁ ਕਿ ਮਾਰਨ ਕੀਜੈ।
ਗਿਰ ਰਾਜੇ ਦਲ ਪ੍ਰਜਾ ਸਹਿਤ ਸਭਿ ਹਾਰ ਪਰੇ ਲਖਿ ਲੀਜੈ॥ ੫੦॥

ਤੁਸੀਂ ਜਗਤ ਦੇ ਮਾਲਕ ਹਰ ਪ੍ਰਕਾਰ ਸਮਰੱਥ ਹੋ, ਫੜੋ ਜਾਂ ਮਾਰ ਦੇਵੋ, ਪਹਾੜੀ ਰਾਜੇ ਆਪਣੇ ਦਲਾਂ ਅਤੇ ਪਰਜਾ ਸਹਿਤ ਸਾਰੇ ਹਾਰ ਗਏ ਹਨ, ਇਹ ਸਮਝ ਲਵੋ॥ ੫੦॥

ਹੁਇ ਲਚਾਰ ਹਮ ਹਜ਼ਰਤ ਕੇ ਢਿਗ ਪਹੁਚੇ ਦੱਖਣ ਜਾਈ।
ਤੁਮ ਸਮੇਤ ਲਸ਼ਕਰ ਬਹੁ ਆਨਜੋਂ ਦ੍ਵੈ ਕਰਿ ਚੁਕੇ ਲਰਾਈ'॥ ੫੧॥

ਅਸੀਂ ਲਾਚਾਰ ਹੋ ਕੇ ਦੱਖਣ ਦੇ ਵਿਚ ਬਾਦਸ਼ਾਹ ਦੇ ਪਾਸ ਪਹੁੰਚੇ ਸੀ, ਤੁਹਾਡੇ ਸਮੇਤ ਲਸ਼ਕਰ ਬਹੁਤ ਆਇਆ ਸੀ ਤੇ ਤੁਸੀਂ ਵੀ ਦੋ ਲੜਾਈਆਂ ਕਰ ਚੁੱਕੇ ਹੋ'॥ ੫੧॥

ਇਮ ਸੁਨਿਕੈ ਬਲ ਸਤਿਗੁਰ ਕੇਰਾ ਸੂਬੇ ਕ੍ਰੁੱਧਤਿ ਦੋਈ।
'ਦੇਖਿ ਨ੍ਰਿਪਤ ! ਤੁਝ ਆਗੇ ਅਬਿ ਹਮ ਗਹੈਂ ਕਿ ਮਾਰੈਂ ਸੋਈ'॥ ੫੨॥

ਇਸ ਪ੍ਰਕਾਰ ਸਤਿਗੁਰੂ ਜੀ ਦੇ ਬਲ ਬਾਰੇ ਸੁਣ ਕੇ, ਦੋਵੇਂ ਸੂਬੇ ਬੜੇ ਕ੍ਰੋਧ ਵਿਚ ਆ ਗਏ ਤੇ ਕਹਿਣ ਲੱਗੇ, "ਹੇ ਰਾਜਾ ਗਨ ! ਵੇਖੋ, ਤੁਹਾਡੇ ਸਾਹਮਣੇ ਹੀ ਹੁਣ ਅਸੀਂ ਫੜ ਲਵਾਂਗੇ ਜਾਂ ਮਾਰ ਦੇਵਾਂਗੇ"॥ ੫੨॥

*ਛੇਵੀਂ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

☆☆☆

# ਅਧਿਆਇ ਤੇਰ੍ਹਵਾਂ

## ਸੂਬਿਆਂ ਨੇ ਤੋਪਾਂ ਚਲਾਉਣੀਆਂ

ਦੋਹਰਾ- ਅਵਲੋਕੈ ਦ੍ਰਿਗ ਕ੍ਰੋਧ ਤੇ ਜ਼ਬਰਦਸਤ ਕਹਿ ਬਾਤ।
'ਸੁਨਿ ਬਜੀਦ ਖਾਂ ਅਬਿ ਇਹਾਂ ਬੈਠੇ ਕਰਿਅਹਿ ਘਾਤ॥ ੧॥

ਬੜੇ ਕ੍ਰੋਧ ਨਾਲ ਗੁਰੂ ਜੀ ਵੱਲ ਵੇਖ ਕੇ ਜ਼ਬਰਦਸਤ ਖਾਂ ਨੇ ਕਿਹਾ, "ਹੇ ਵਜ਼ੀਦ ਖਾਂ! ਸੁਣੋ, ਹੁਣ ਏਥੇ ਬੈਠੇ ਹੀ ਗੁਰੂ ਜੀ 'ਤੇ ਹਮਲਾ ਕਰੀਏ॥੧॥

ਲਲਿਤਪਦ ਛੰਦ-ਅਲਪ ਬਿਸਾਲ ਤੋਪ ਗਨ ਆਨਹੁਂ ਏਕ ਬਾਰ ਦਿਹੁ ਛੋਰੀ।
ਸ਼ਿਸਤ ਲਗਾਇ ਹਤੋਂ ਮੈਂ ਆਪੇ ਤਜਿ ਗੋਰਾ ਗੁਰ ਓਰੀ'॥ ੨॥

ਛੋਟੀਆਂ ਵੱਡੀਆਂ ਸਭ ਤੋਪਾਂ ਮੰਗਵਾਵੋ ਤੇ ਭਰ ਕੇ ਇਕੋ ਵਾਰ ਹੀ ਛੱਡ ਦੇਵੋ, ਨਿਸ਼ਾਨੇ ਮੈਂ ਆਪ ਖ਼ੁਦ ਲਗਾਵਾਂਗਾ ਤੇ ਗੋਲੇ ਗੁਰੂ ਜੀ ਵਾਲੇ ਪਾਸੇ ਛੱਡਾਂਗਾ"॥ ੨॥

ਹੁਕਮ ਦੀਨ ਤਤਕਾਲ ਮੰਗਾਈ ਲਸ਼ਕਰ ਮਾਂਹਿ ਜੁ ਠਾਂਢੀ।
ਸੁਭਟ ਹਜ਼ਾਰਹੁਂ ਮਿਲਿ ਕਰਿ ਜੋਰੀ ਹੇਰਨ ਕੋ ਰੁਚਿ ਬਾਢੀ॥ ੩॥

ਹੁਕਮ ਦੇ ਕੇ ਤੁਰਤ ਤੋਪਾਂ ਮੰਗਵਾ ਲਈਆਂ, ਜਿਹੜੀਆਂ ਤੁਰਕਾਂ ਦੇ ਲਸ਼ਕਰ ਵਿਚ ਖੜੀਆਂ ਸਨ। ਹਜ਼ਾਰਾਂ ਸੂਰਬੀਰਾਂ ਨੇ ਮਿਲ ਕੇ ਤੋਪਾਂ ਨੂੰ ਜੋੜਿਆ, ਜਿਨ੍ਹਾਂ ਵਿਚ ਤੋਪਾਂ ਨੂੰ ਚਲਦਿਆਂ ਵੇਖਣ ਦੀ ਰੁਚੀ ਬਹੁਤ ਵਧੀ ਸੀ॥ ੩॥

ਬ੍ਰਿਖਭ ਤੁਰੰਗਨਿ ਐਂਚਨ ਕਰਿ ਕੈ ਅਰੁ ਮਾਨਵ ਸਮੁਦਾਈ।
ਬਲ ਤੇ ਪੇਲ ਧਕੇਲਤਿ ਲਜਾਏ ਨਹੀਂ ਬਿਲੰਬ ਲਗਾਈ॥ ੪॥

ਬਲਦਾਂ ਅਤੇ ਘੋੜਿਆਂ ਨੇ ਖਿੱਚ ਕੇ ਲਿਆਂਦੀਆਂ ਅਤੇ ਬਹੁਤ ਮਨੁੱਖ ਵੀ ਨਾਲ ਲੱਗੇ। ਬੜੀ ਸ਼ਕਤੀ ਲਾ ਕੇ ਧੱਕ ਕੇ ਲਿਆਏ ਤੇ ਕਿਸੇ ਪ੍ਰਕਾਰ ਦੀ ਦੇਰੀ ਨਾ ਹੋਣ ਦਿੱਤੀ॥ ੪॥

ਕਰੀ ਬਰੋਬਰ ਥਿਰ ਇਕ ਬੇਰੀ ਗਜ ਤੇ ਉਤਰਜੋ ਸੂਬਾ।
ਊਚ ਨੀਚ ਤੋਪਨ ਮੁਖ ਕਰਿ ਕੈ ਤਕੈ ਸ਼ਿਸਤ ਹੁਇ ਕੂਬਾ॥ ੫॥

ਇਕ ਵਾਰ ਬਰਾਬਰ ਬਰਾਬਰ ਖੜੀਆਂ ਕੀਤੀਆਂ ਤੇ ਫਿਰ ਸੂਬਾ ਹਾਥੀ ਤੋਂ ਹੇਠਾਂ ਉਤਰਿਆ। ਫਿਰ ਤੋਪਾਂ ਦੇ ਮੂੰਹ ਹੇਠਾਂ ਉੱਤੇ ਕਰਕੇ ਤੇ ਕੁੱਬੇ ਹੋ ਹੋ ਕੇ ਵੇਖ ਵੇਖ ਕੇ ਨਿਸ਼ਾਨਾ ਬੰਨ੍ਹਿਆ॥ ੫॥

ਸਰਬ ਸਭਾ ਕੋ ਅਰੁ ਸਤਿਗੁਰ ਕੋ ਤਾਕਿ ਤਾਕਿ ਬਿਧਿ ਨੀਕੀ।
ਥੈਲੀ ਭਰਿ ਬਰੂਦ ਅਰੁ ਗੋਰਾ ਕਰਿ ਕਰਿ ਮਤਿ ਨਿਜ ਹੀ ਕੀ॥ ੬॥

ਸਾਰੀ ਸਭਾ ਅਤੇ ਸਤਿਗੁਰੂ ਜੀ ਵੱਲ ਸੇਧ ਤਕ ਤਕ ਕੇ ਚੰਗੀ ਵਿਧੀ ਅਨੁਸਾਰ ਗੋਲੇ ਅਤੇ ਬਾਰੂਦ ਦੀਆਂ ਥੈਲੀਆਂ ਭਰਕੇ ਆਪਣੇ ਦਿਲ ਦੀ ਮੱਤ ਅਨੁਸਾਰ ਤੋਪਾਂ ਵਿਚ ਪਾਏ॥ ੬॥

ਉਤ ਸਿੰਘਨ ਗਤਿ ਇਨ ਕੀ ਪਿਖਿ ਕਰਿ ਬ੍ਰਿੰਦ ਤੋਪ ਅਨਮਾਨੀ।
'ਮਹਾਰਾਜ ਅਵਿਲੋਕਹੁ ਉਤ ਕੋ ਨੀਚਨ ਦੁਰਮਤਿ ਠਾਨੀ॥ ੭॥

ਓਧਰ ਸਿੰਘਾਂ ਵੀ ਉਨ੍ਹਾਂ ਦੀ ਐਸੀ ਗਤੀ ਵੇਖ ਕੇ ਬਹੁਤ ਤੋਪਾਂ ਦੇ ਚਲਣ ਦਾ ਅਨੁਮਾਨ ਲਾ ਕੇ ਕਿਹਾ, "ਮਹਾਰਾਜ! ਓਧਰ ਵੇਖੋ ਨੀਚਾਂ ਨੇ ਕੈਸੀ ਦੁਸ਼ਟਤਾ ਧਾਰਨ ਕੀਤੀ ਹੈ॥ ੭॥

ਖਰੇ ਮਤੰਗ ਤੁਰੰਗਮ ਪੁੰਜੰ ਮਾਨਵ ਜਹਿੰ ਸਮੁਦਾਏ।
ਤਹਾਂ ਤੋਪ ਗਨ ਲਜਾਵਨ ਕੀਨੀ ਹਮ ਹੇਰੀ ਦ੍ਰਿਗ ਲਾਏ॥ ੮॥

ਜਿੱਥੇ ਬਹੁਤ ਹਾਥੀ ਅਤੇ ਘੋੜੇ ਖੜ੍ਹੇ ਹਨ, ਅਤੇ ਬਹੁਤ ਮਨੁੱਖ ਵੀ ਇਕੱਠੇ ਹੋ ਕੇ ਆਏ ਹਨ, ਉਥੇ ਉਨ੍ਹਾਂ ਨੇ ਬਹੁਤ ਤੋਪਾਂ ਲਿਆਂਦੀਆਂ ਹਨ, ਇਹ ਅਸੀਂ ਆਪਣੀਆਂ ਅੱਖਾਂ ਨਾਲ ਵੇਖੀਆਂ ਹਨ॥ ੮॥

ਅਸ ਨਹਿਂ ਹੋਇ ਆਇ ਗਨ ਗੋਰ ਲਗਹਿਂ ਦਿਵਾਨ ਮਝਾਰੇ।
ਅੰਗ ਭੰਗ ਕਰਿ ਪ੍ਰਾਨ ਬਿਨਾਸਹਿਂ ਔਚਕ ਗਜ਼ਬ ਗੁਜ਼ਾਰੇਂ॥ ੯॥

ਐਸਾ ਨਾ ਹੋਵੇ ਕਿ ਬਹੁਤ ਗੋਲੇ ਦੀਵਾਨ ਦੇ ਵਿਚ ਆ ਕੇ ਲੱਗਣ, ਸਾਰਿਆਂ ਦੇ ਅੰਗ ਭੰਗ ਕਰ ਦੇਣ, ਪ੍ਰਾਣਾਂ ਦੇ ਨਾਸ਼ ਕਰ ਦੇਣ ਤੇ ਅਚਾਨਕ ਹੀ ਗਜ਼ਬ ਢਾਹ ਦੇਣ॥ ੯॥

ਸਨਮੁਖਿ ਤੇ ਉਠਿ ਦਿਸ਼ਾ ਦੂਸਰੀ ਥਿਰਹੁ ਲਗਾਇ ਦਿਵਾਨਾ।
ਤੁਰਕ ਸ਼ੱਤ੍ਰੂ ਕੋ ਕਹਾਂ ਭਰੋਸਾ ਦੁਸ਼ਟ ਸੁ ਬੇਈਮਾਨਾ॥ ੧੦॥

ਏਥੇ ਸਾਹਮਣੇ ਤੋਂ ਉੱਠ ਕੇ ਦੂਸਰੇ ਪਾਸੇ ਬੈਠ ਕੇ ਦੀਵਾਨ ਲਾਵੋ। ਤੁਰਕ ਵੈਰੀ ਦਾ ਕੀ ਭਰੋਸਾ ਹੈ, ਜਿਹੜੇ ਦੁਸ਼ਟ ਵੱਡੇ ਬੇਈਮਾਨ ਹਨ॥੧੦॥

ਜਬਿ ਨਿਰਮੋਹ ਆਪ ਪ੍ਰਭੁ ਉਤਰੇ ਰਾਜਨਿ ਦਗ਼ਾ ਗੁਜ਼ਾਰਾ।
ਤੋਪ ਸਮੁਖ ਕਰਿ ਤਾਕਿ ਸ਼ਿਸਤ ਕੋ ਗੋਰਾ ਔਚਕ ਮਾਰਾ॥ ੧੧॥

ਜਦ ਸਤਿਗੁਰੂ ਜੀ ਨੇ ਨਿਰਮੋਹ ਗੜ੍ਹ ਵਿਚ ਉਤਾਰਾ ਕੀਤਾ ਸੀ ਤਾਂ ਰਾਜਿਆਂ ਨੇ ਦਗ਼ਾ ਕੀਤਾ ਸੀ। ਤੋਪ ਨੂੰ ਸਾਹਮਣੇ ਰੱਖ ਕੇ ਨਿਸ਼ਾਨਾ ਤਕ ਕੇ ਅਚਾਨਕ ਗੋਲਾ ਚਲਾ ਦਿੱਤਾ ਸੀ॥੧੧॥

ਤੈਸੀ ਬਿਧਿ ਇਨਕੀ ਅਬਿ ਦੀਖਤਿ ਰਚਜੋ ਪਾਪ ਮਤਿ ਪਾਪੀ।
ਬਿਨਾ ਜੰਗ ਤੇ ਮਾਰਨ ਚਾਹਤਿ ਮੰਦ ਮਹਿਦ ਸੰਤਾਪੀ॥ ੧੨॥

ਉਸ ਤਰ੍ਹਾਂ ਦੀ ਇਨ੍ਹਾਂ ਦੀ ਵਿਧੀ ਦਿਖਾਈ ਦਿੰਦੀ ਹੈ, ਪਾਪੀ ਬਿਧੀ ਵਿਚ ਪਾਪ ਦੀ ਰਚਨਾ ਕੀਤੀ ਹੈ। ਲੜਾਈ ਲੜਨ ਤੋਂ ਬਗ਼ੈਰ ਹੀ ਮਾਰਨਾ ਚਾਹੁੰਦੇ ਹਨ, ਮਾੜੀ ਮੱਤ ਵਾਲੇ ਵੱਡੇ ਸੰਤਾਪੀ ਹਨ॥੧੨॥

ਆਛੀ ਬਾਤ ਦਾਸਿ ਕਰਿ ਬਿਨਤੀ ਜੈਸੀ ਬਿਧਿ ਲਖਿ ਪਾਈ।
ਆਗੇ ਜਿਮ ਰਾਵਰਿ ਹੁਇ ਮਰਜ਼ੀ ਕਰਹੁ ਜਥਾ ਮਨਭਾਈ'॥ ੧੩॥

ਜਿਸ ਪ੍ਰਕਾਰ ਚੰਗੀ ਗੱਲ ਲੱਗੀ ਹੈ, ਦਾਸ ਨੇ ਬੇਨਤੀ ਕੀਤੀ ਹੈ, ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਮਨ-ਭਾਉਂਦੀ ਗੱਲ ਕਰੋ" ॥੧੩॥

ਸੁਨਿ ਕਰਿ ਸ੍ਰੀ ਕਲਗ਼ੀਧਰ ਬੋਲੇ 'ਸੁਨਹੁ ਖਾਲਸਾ ਪਜਾਰੇ!।
ਕਾਲਕੋਚ ਤਨ ਪਹਿਰਨ ਕੀਨੀ ਬ੍ਰਹਮ ਕੋਚ ਉਰਧਾਰੇ॥ ੧੪॥

ਇਹ ਸੁਣ ਕੇ ਸ੍ਰੀ ਕਲਗੀਧਰ ਜੀ ਬੋਲੇ, "ਹੇ ਪਿਆਰੇ ਖਾਲਸਾ! ਸੁਣੋ ਅਸੀਂ ਆਪਣੇ ਸਰੀਰ ਉੱਤੇ ਕਾਲ ਕਵਚ ਪਹਿਣੀ ਹੈ ਤੇ ਹਿਰਦੇ ਵਿਚ ਬ੍ਰਹਮ ਕਵਚ ਧਾਰਨ ਕੀਤਾ ਹੋਇਆ ਹੈ॥੧੪॥

ਜਿਸ ਤੇ ਸੇਲ ਸਾਂਗ, ਸਰ, ਸ਼ਕਤੀ, ਤੋਮਰ, ਗੋਰੀ, ਗੋਰਾ।
ਕੰਟਕ ਦੁਸ਼ਟ ਅਨੇਕ ਜਤਨ ਤੇ ਮਾਰਹਿਂ ਜੇ ਹਮ ਓਰਾ॥ ੧੫॥

ਜਿਸ ਕਾਰਨ ਬਰਛਾ, ਸਾਂਗ, ਤੀਰ, ਬਰਛੀ, ਨੇਜ਼ਾ, ਗੋਲੀ, ਗੋਲਾ ਆਦਿ ਜੇ ਦੁਸ਼ਟ ਵੈਰੀ ਅਨੇਕਾਂ ਯਤਨ ਕਰਕੇ ਵੀ ਸਾਡੇ ਵੱਲ ਮਾਰੇ॥੧੫॥

ਏਕ ਨ ਲਾਗ ਸਕਹਿ ਤਨ ਹਮਰੇ ਸਭਿ ਉਪਾਇ ਨਿਫਲਾਵੈਂ।
ਮਹਾਂ ਕਾਲ ਕਾਲੀ ਰਖਵਾਰੀ ਦੇ ਕਰਿ ਹਾਥ ਬਚਾਵੈਂ॥ ੧੬॥

ਸਾਡੇ ਸਰੀਰ ਨੂੰ ਇਕ ਵੀ ਲੱਗ ਨਹੀਂ ਸਕਦਾ ਹੈ ਤੇ ਉਨ੍ਹਾਂ ਦੇ ਸਾਰੇ ਉਪਾਅ ਬੇਅਰਥ ਜਾਣਗੇ, ਮਹਾਂ ਕਾਲ ਅਕਾਲ ਪੁਰਖ ਸਾਡਾ ਰਖਵਾਲਾ ਹੈ, ਉਹ ਸਾਨੂੰ ਹੱਥ ਦੇ ਕੇ ਬਚਾਉਂਦੇ ਹਨ॥੧੬॥

ਸਰਬ ਲੋਹ ਕੀ ਰੱਛਾ ਹਮ ਕੋ ਊਠਤਿ ਬੈਠਤਿ ਚਾਲੇ।
ਪੇਸ਼ ਨ ਜਾਇ ਮਲੇਛਨਿ ਕੋ ਕੁਛ ਕਰਤਿ ਉਪਾਇ ਬਿਸਾਲੇ॥ ੧੭॥

ਸਾਨੂੰ ਸਰਬ ਲੋਹ ਦੀ ਰੱਖਿਆ ਹੈ, ਉੱਠਦਿਆਂ, ਬੈਠਦਿਆਂ, ਚਲਦਿਆਂ ਮਲੇਛਾਂ ਦੀ ਸਾਡੇ ਉੱਤੇ ਕੋਈ ਪੇਸ਼ ਨਹੀਂ ਜਾਵੇਗੀ ਬੇਸ਼ਕ ਉਹ ਵਿਸ਼ਾਲ ਉਪਾਅ ਕਰ ਲੈਣ'॥੧੭॥

ਇਤਨੀ ਕਹਤਿ ਹੁਤੇ ਸ੍ਰੀ ਸਤਿਗੁਰ ਛੁਟੀ ਤੋਪ ਸਮੁਦਾਈ।
ਗਾਜ ਗਾਜ ਕਰਿ ਬਾਰ ਬਾਰ ਜਨੁ ਗਿਰੀ ਸੁ ਗਿਰ ਪਰ ਆਈ॥ ੧੮॥

ਸਤਿਗੁਰੂ ਜੀ ਇਹ ਕੁਝ ਕਹਿ ਹੀ ਰਹੇ ਸਨ, ਕਿ ਬਹੁਤ ਤੋਪਾਂ ਇਕੱਠੀਆਂ ਚਲੀਆਂ। ਬਿਜਲੀ ਵਾਂਗ ਗੱਜ ਕੇ ਬਾਰ-ਬਾਰ ਦੂਰ ਪਹਾੜਾਂ 'ਤੇ ਆ ਕੇ ਡਿੱਗੀਆਂ॥੧੮॥

ਅੰਧ ਧੁੰਧ ਇਕ ਬਾਰ ਭਯੋ ਤਬਿ ਉਠਯੋ ਧੂੰਮ ਨਭ ਛਾਯੋ।
ਖਰੇ ਤੁਰੰਗ ਮਤੰਗ ਨ ਦੀਖਤਿ ਨਿਕਟ ਸਥਾਨ ਹਿਲਾਯੋ॥ ੧੯॥

ਇਕ ਵਾਰ ਧੂੰਏ ਨਾਲ ਹਨੇਰਾ ਹੋ ਗਿਆ ਤੇ ਧੂੰਆਂ ਸਾਰੇ ਅਕਾਸ਼ ਵਿਚ ਛਾ ਗਿਆ। ਖੜੇ ਹਾਥੀ, ਘੋੜੇ ਦਿਖਾਈ ਨਹੀਂ ਸੀ ਦਿੰਦੇ, ਨੇੜੇ ਦੇ ਸਾਰੇ ਸਥਾਨ ਨੂੰ ਹਿਲਾ ਦਿੱਤਾ॥੧੯॥

ਪ੍ਰਤਿ ਧੁਨਿ ਉਠੀ ਸੈਲ ਅਰੜਾਏ ਸ਼ਬਦ ਸਹੈਂ ਨਹਿੰ ਸ੍ਰੋਨਾ।
ਕੜਕੈਂ ਤੋਪਾਂ ਬਲ ਬਰੂਦ ਤੇ ਆਗੈ ਅਟਕਹਿ ਕੌਨਾ॥ ੨੦॥

ਉਲਟੀ ਗੂੰਜ ਉਠਣ ਨਾਲ ਸਾਰੇ ਪਹਾੜ ਗੱਜ ਉੱਠੇ ਤੇ ਉੱਚੀ ਆਵਾਜ਼ ਕੰਨਾਂ ਤੋਂ ਬਰਦਾਸ਼ਤ ਨਹੀਂ ਸੀ ਹੁੰਦੀ। ਤੋਪਾਂ ਬਰੂਦ ਦੇ ਬਲ ਨਾਲ ਕੜਕਦੀਆਂ ਸਨ ਤੇ ਉਨ੍ਹਾਂ ਅੱਗੇ ਕੌਣ ਅਟਕ ਸਕਦਾ ਸੀ॥ ੨੦॥

ਸਗਰੇ ਗੋਰੇ ਗਿਰ ਕੇ ਸਿਰ ਤੇ ਊਚੇ ਨਭ ਕੋ ਜਾਈ।
ਥਿਰਯੋ ਦਿਵਾਨ ਸਕਲ ਬਿਚ ਸ੍ਰੀ ਪ੍ਰਭੁ ਕਿਹ ਕੋ ਛੂਹਨ ਨ ਪਾਈ॥ ੨੧॥

ਸਾਰੇ ਗੋਲੇ ਪਹਾੜ ਦੇ ਸਿਰ 'ਤੇ ਬੜੇ ਉੱਚੇ ਉੱਠ ਕੇ ਅਕਾਸ਼ ਵੱਲ ਜਾਂਦੇ ਸਨ। ਸਤਿਗੁਰੂ ਜੀ ਦੀਵਾਨ ਵਿਚ ਬੈਠੇ ਰਹੇ ਤੇ ਕੋਈ ਵੀ ਗੋਲਾ ਕਿਸੇ ਨੂੰ ਛੂਹ ਨਾ ਸਕਿਆ॥ ੨੧॥

ਊਪਰ ਮੁਖ ਕਰਿ ਦੇਖਤਿ ਹੈਂ ਸਿੰਘ, ਸ਼ੂਕਤਿ ਜਾਹਿੰ ਅਕਾਸ਼ਾ।
ਪਰੈ ਸਿਵਰ ਜੇ ਤੁਰਕਨਿ ਘਾਲੇ ਤਿਨ ਕੋ ਕਰਤਿ ਬਿਨਾਸ਼ਾ॥ ੨੨॥

ਸਿੰਘ ਉੱਪਰ ਮੂੰਹ ਕਰਕੇ ਵੇਖਦੇ ਸਨ, ਸਾਰੇ ਗੋਲੇ ਸ਼ੂਕਦੇ ਹੋਏ ਅਕਾਸ਼ ਵੱਲ ਜਾਂਦੇ ਸਨ। ਉਹ ਸਾਰੇ ਤੁਰਕਾਂ ਦੇ ਤੰਬੂਆਂ ਵਿਚ ਜਾ ਕੇ ਡਿੱਗਦੇ ਸਨ ਤੇ ਉਨ੍ਹਾਂ ਦਾ ਵਿਨਾਸ਼ ਕਰ ਰਹੇ ਸਨ॥ ੨੨॥

ਸੁਭਟ ਪਵੰਗਮ ਕਰੇ ਸੰਘਾਰਨਿ ਹਾਹਾਕਾਰ ਮਚਾਯੋ।
ਪਿਖਿ ਸੂਬੇ ਤੋਪਨ ਮੁਖ ਊਚਾ ਫੇਰਜੋ ਪੇਚ ਨਿਵਾਯੋ॥ ੨੩॥

ਸੂਰਬੀਰਾਂ ਅਤੇ ਘੋੜਿਆਂ ਨੂੰ ਮਾਰ ਰਹੇ ਸਨ ਤੇ ਸਾਰੇ ਹਾਹਾਕਾਰ ਮੱਚ ਉੱਠਿਆ। ਇਹ ਵੇਖ ਕੇ ਸੂਬੇ ਨੇ ਪੇਚ ਫੇਰ ਕੇ ਤੋਪ ਦਾ ਮੂੰਹ ਨੀਵਾਂ ਕਰ ਦਿੱਤਾ॥ ੨੩॥

ਸਗਰੀ ਮਹਿਂ ਥੈਲੀ ਪੁਨ ਘਾਲੀ ਗੋਰਾ ਗਜ ਤੇ ਠੋਕਾ।
ਕਰੀ ਤਜਾਰ ਪੁਨ ਤਾਕਿ ਸ਼ਿਸਤ ਕੋ ਬਾਰੰਬਾਰ ਬਿਲੋਕਾ॥ ੨੪॥

ਸਾਰੀਆਂ ਤੋਪਾਂ ਵਿਚ ਗੋਲਿਆਂ ਦੀਆਂ ਥੈਲੀਆਂ ਪਾਈਆਂ ਤੇ ਗੋਲੇ ਗਜਾਂ ਨਾਲ ਠੋਕੇ। ਫਿਰ ਨਿਸ਼ਾਨੇ ਤੱਕ ਕੇ ਤਿਆਰ ਕੀਤੀਆਂ ਤੇ ਬਾਰ-ਬਾਰ ਸ਼ਿਸਤ ਨੂੰ ਚੰਗੀ ਤਰ੍ਹਾਂ ਵੇਖਿਆ॥ ੨੪॥

ਦੁਤਿਯ ਸ਼ਲਖ ਫਿਰ ਤਾਕਿ ਪ੍ਰਹਾਰੀ ਦਾਰੁਣ ਨਾਦ ਉਠਾਵਾ।
ਧੂਮਧਾਰ ਤਹਿਂ ਜਿਤ ਕਿਤ ਪਸਰੀ ਨਹਿਂ ਦੇਖਨਿ ਕੁਛ ਪਾਵਾ॥ ੨੫॥

ਫਿਰ ਦੂਸਰੀ ਸ਼ਲਖ ਤੱਕ ਕੇ ਮਾਰੀ ਤੇ ਬੜੀ ਉੱਚੀ ਆਵਾਜ਼ ਉੱਠੀ। ਜਿਥੇ ਕਿਥੇ ਧੂੰਆਂਧਾਰ ਪਸਰ ਗਈ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੨੫॥

ਗਿਰ ਕੀ ਜਰ ਮਹਿਂ ਗੋਰੇ ਸਗਰੇ ਜਾਇ ਲਗੇ ਇਕ ਬਾਰੀ।
ਪਿਖਹਿ ਖਾਲਸਾ ਹਰਖਤਿ ਹ੍ਵੈ ਕਰਿ ਤੁਰਕਨਿ ਕੀ ਮਤਿ ਮਾਰੀ॥ ੨੬॥

ਸਾਰੇ ਗੋਲੇ ਇਕੋ ਵਾਰ ਪਹਾੜ ਦੀ ਜੜ੍ਹ ਵਿਚ ਜਾ ਲੱਗੇ। ਇਹ ਵੇਖ ਕੇ ਖਾਲਸਾ ਬਹੁਤ ਪ੍ਰਸੰਨ ਹੋਇਆ ਕਿ ਤੁਰਕਾਂ ਦੀ ਮੱਤ ਮਾਰੀ ਗਈ ਹੈ॥ ੨੬॥

ਜਗਤ ਪਤੀ ਕੋ ਚਾਹਤਿ ਹਤਿਬੇ ਸੀਪਨਿ ਸਿੰਧ ਉਲੀਚੈਂ।
ਭਗਨੌਂ ਸੈਲ ਮਸ਼ਕ ਜਿਮ ਚਿਤਵਤਿ, ਕੀਟ ਸੁਮੇਰੁ ਖੀਚੈ॥ ੨੭॥

ਜਗਤ ਦੇ ਮਾਲਕ ਨੂੰ ਮਾਰਨਾ ਚਾਹੁੰਦੇ ਹਨ, ਸਿੱਪੀਆਂ ਨਾਲ ਸਮੁੰਦਰ ਨੂੰ ਡੋਂਟਣਾ ਲੋੜਦੇ ਹਨ। ਜਿਵੇਂ ਮੱਛਰ ਇਹ ਵਿਚਾਰਦਾ ਹੋਵੇ ਕਿ ਮੈਂ ਪੱਥਰਾਂ ਨੂੰ ਭਜਾ ਲਵਾਂਗਾ, ਜਿਵੇਂ ਕੀੜਾ ਸੁਮੇਰ ਪਰਬਤ ਨੂੰ ਖਿੱਚ ਲਵੇ॥ ੨੭॥

ਬਿਸਮਤਿ ਸੂਬੇ ਸਰਬ ਤੋਪ ਗਨ ਕ੍ਰੁੱਧਤਿ ਹ੍ਵੈ ਕਸਵਾਈ।
ਕਰਿ ਕਰਿ ਬੁਧਿ ਬਲ ਅਨਿਕ ਘਾਤ ਤੇ ਛੋਰਿ ਦਈ ਸਮੁਦਾਈ॥ ੨੮॥

ਸੂਬੇ ਨੇ ਹੈਰਾਨ ਹੋ ਕੇ ਕ੍ਰੋਧ ਵਿਚ ਆ ਕੇ ਸਾਰੀਆਂ ਤੋਪਾਂ ਦੁਬਾਰਾ ਕਸਵਾਈਆਂ। ਆਪਣੀ ਬੁੱਧੀ ਦਾ ਬਲ ਲਾ ਲਾ ਕੇ ਅਨੇਕ ਪ੍ਰਕਾਰ ਦੇ ਦਾਅ ਘਾਤ ਕਰਕੇ ਸਾਰੀਆਂ ਤੋਪਾਂ ਛੱਡ ਦਿੱਤੀਆਂ॥ ੨੮॥

ਨੀਚੇ ਮੁਖ ਜਬਿ ਕਰਹਿਂ ਤੋਪ ਕੋ ਗਿਰ ਕੀ ਜਰ ਮਹਿਂ ਲਾਗੈਂ।
ਜੇ ਊਚੋ ਕਰਿ ਛੋਰਹਿਂ ਗੋਰਾ ਤਤਛਿਨ ਜਾਵਤਿ ਆਗੈ॥ ੨੯॥

ਜਦ ਤੋਪਾਂ ਦੇ ਨੀਵੇਂ ਮੂੰਹ ਕਰਕੇ ਛੱਡਦੇ ਸਨ ਤਾਂ ਉਹ ਪਹਾੜ ਦੀਆਂ ਜੜ੍ਹਾਂ ਵਿਚ ਲੱਗਦੇ ਸਨ, ਪਰ ਜੇ ਉੱਚੇ ਕਰਕੇ ਛੱਡਦੇ ਸਨ ਤਾਂ ਗੋਲੇ ਤੁਰਤ ਅੱਗੇ ਅਕਾਸ਼ ਵਿਚ ਚਲੇ ਜਾਂਦੇ ਸਨ॥ ੨੯॥

ਸੂਕਤਿ ਨਭ ਮਹਿਂ ਨਿਫਲ ਪਰੈ ਕਿਤ ਬਾਂਮ ਕਿ ਦਾਹਨ ਜਾਈ।
ਸਰਬ ਸਭਾ ਯੁਤਿ ਸਤਿਗੁਰ ਬੈਸੇ ਚਿੰਤਾ ਕਿਸਹੁ ਨ ਕਾਈ॥ ੩੦॥

ਸੂਕਦੇ ਹੋਏ ਵਿਅਰਥ ਅਕਾਸ਼ ਵਿਚ ਸੱਜੇ ਖੱਬੇ ਚਲੇ ਜਾਂਦੇ ਸਨ। ਸਾਰੀ ਸਭਾ ਸਹਿਤ ਸਤਿਗੁਰੂ ਜੀ ਬੈਠੇ ਰਹੇ ਤੇ ਕਿਸੇ ਪ੍ਰਕਾਰ ਦੀ ਵੀ ਉਨ੍ਹਾਂ ਨੂੰ ਚਿੰਤਾ ਨਾ ਹੋਈ॥ ੩੦॥

ਬਾਰ ਬਾਰ ਤਾਕਤਿ ਪੁਨ ਛੋਰਹਿ ਕਰਿ ਕਰਿ ਨਿਜ ਮਤਿ ਆਛੇ।
ਨਹਿਂ ਦਿਵਾਨ ਮਹਿਂ ਗੋਰਾ ਲਾਗ੍ਯੋ ਜਹਿਂ ਮਾਰਨ ਕੋ ਬਾਂਛੇ॥ ੩੧॥

ਫਿਰ ਆਪਣੀ ਮੱਤ ਨੂੰ ਚੰਗੀ ਤਰ੍ਹਾਂ ਟਿਕਾਣੇ ਕਰ ਕਰਕੇ ਬਾਰ-ਬਾਰ ਨਿਸ਼ਾਨੇ ਤੱਕ ਤੱਕ ਕੇ ਤੋਪਾਂ ਛੱਡਦੇ ਸਨ ਪਰ ਦਿਵਾਨ ਵਿਚ ਕੋਈ ਵੀ ਗੋਲਾ ਨਾ ਲਗਿਆ, ਜਿਸ ਨੂੰ ਮਾਰਨ ਦੀ ਇੱਛਾ ਧਾਰਨ ਕੀਤੀ ਹੋਈ ਸੀ॥ ੩੧॥

ਇਕ ਕੀ ਨਿੰਦਾ ਦੂਸਰ ਕਰਿ ਕਰਿ ਤਾਕਿ ਤਾਕਿ ਕਰਿ ਛੋਰੈਂ।
ਜੇਤਿਕ ਬਿੱਦ੍ਯਾ ਕਰਿ ਪਚਿ ਹਾਰੇ ਗਯੋ ਨ ਸਤਿਗੁਰ ਧੋਰੈ॥ ੩੨॥

ਗੋਲ-ਅੰਦਾਜ਼ ਇਕ ਦੂਸਰੇ ਨੂੰ ਨਾਲਾਇਕ ਕਹਿ ਕਹਿ ਕੇ ਆਪ ਗੋਲੇ ਚਲਾਉਂਦੇ ਸਨ। ਜਿੰਨੀ ਵੀ ਵਿੱਦਿਆ ਸੀ ਲਾ ਲਾ ਕੇ ਹਾਰ ਗਏ ਪਰ ਕੋਈ ਵੀ ਗੋਲਾ ਸਤਿਗੁਰੂ ਜੀ ਦੇ ਨੇੜੇ ਨਾ ਗਿਆ॥ ੩੨॥

ਤਜੀ ਸੈਂਕਰੇ ਮੁਹੁਰਮੁਹੁ ਸਭਿ, ਪਾਇ ਬਰੂਦ ਰੁ ਗੋਰਾ।
ਧੂੰਮਧਾਰ ਤੇ ਅੰਧ ਧੁੰਦ ਭਾ ਅਧਿਕ ਮਚ੍ਯੋ ਤਬਿ ਸ਼ੋਰਾ॥ ੩੩॥

ਸੈਂਕੜੇ ਤੋਪਾਂ ਬਾਰ ਬਾਰ ਬਰੂਦ ਅਤੇ ਗੋਲੇ ਪਾ ਕੇ ਛੱਡੀਆਂ। ਜਦ ਤੋਪਾਂ ਦੇ ਅੰਨ੍ਹੇ ਧੂੰਏਂ ਨਾਲ ਬਹੁਤ ਹਨੇਰਾ ਛਾ ਗਿਆ ਤਦ ਬਹੁਤ ਸ਼ੋਰ ਮੱਚਿਆ॥ ੩੩॥

ਜਤਨ ਕਰਤਿ ਅਰੁ ਤੋਪ ਚਲਾਵਤਿ ਤਬਿ ਸੰਧ੍ਯਾ ਹੁਇ ਆਈ।
ਬਹੁ ਬਿਸਮਾਇ ਰਹੇ ਪਛੁਤਾਵਤਿ ਬਡੀ ਘਾਤ ਅਬਿ ਪਾਈ॥ ੩੪॥

ਤੋਪਾਂ ਚਲਾਉਣ ਦੇ ਯਤਨ ਕਰਦਿਆਂ ਫਿਰ ਸ਼ਾਮ ਹੋ ਗਈ। ਬੜੇ ਹੈਰਾਨ ਹੋ ਕੇ ਪਛੁਤਾਉਂਦੇ ਰਹੇ, ਹੁਣ ਵੱਡਾ ਦਾਅ ਲੱਗਾ ਸੀ॥ ੩੪॥

ਲਗਤਿ ਜਿ ਗੋਰੇ ਗੁਰ ਸਮੇਤ ਅਬਿ ਹੋਤਿ ਸੰਘਾਰਨਿ ਸਾਰੇ।
ਫਤੇ ਮੁਹਿੰਮ ਲੇਤਿ ਕਰਿ ਸਗਰੀ ਕਾਰਜ ਹੋਤਿ ਸੁਧਾਰੇ॥ ੩੫॥

ਜੇ ਗੁਰੂ ਜੀ ਸਮੇਤ ਗੋਲੇ ਲੱਗਦੇ ਤਾਂ ਹੁਣ ਤਕ ਸਾਰੇ ਮਾਰੇ ਜਾਂਦੇ ਤਾਂ ਸਾਰੀ ਮੁਹਿੰਮ ਹੀ ਫ਼ਤਹਿ ਕਰ ਲੈਂਦੇ ਤੇ ਸਾਡਾ ਕਾਰਜ ਪੂਰਾ ਹੋ ਜਾਂਦਾ॥ ੩੫॥

ਤਮ ਪਸਰ੍ਯੋ, ਪਰਕਾਸ਼ ਹਾਨ ਭਾ, ਹਟਿ ਡੇਰੇ ਕੋ ਚਾਲੇ।
ਭੀਮਚੰਦ ਸੋਂ ਬੂਝ੍ਯੋ ਸੂਬੇ 'ਅਚਰਜ ਪਿਖ੍ਯੋ ਬਿਸਾਲੇ॥ ੩੬॥

ਸਾਰੇ ਹਨੇਰਾ ਫੈਲ ਗਿਆ ਚਾਨਣਾ ਖਤਮ ਹੋ ਗਿਆ, ਫਿਰ ਵਾਪਸ ਡੇਰੇ ਵੱਲ ਚਲ ਪਏ। ਫਿਰ ਸੂਬਿਆਂ ਨੇ ਭੀਮ ਚੰਦ ਨੂੰ ਪੁੱਛਿਆ, ''ਇਹ ਵੱਡਾ ਅਸਚਰਜ ਵੇਖਿਆ ਹੈ॥ ੩੬॥

ਇਹ ਕ੍ਯਾ ਭਯੋ ਨ ਜਾਨ੍ਯੋਂ ਜਾਈ ਗੋਰੇ ਪੁੰਜ ਚਲਾਏ।
ਕਿਸਨੇ ਪਤਾ ਦਿਯੋ ਕੁਛ ਨਾਂਹੀ ਸਤਿਗੁਰ ਨਹਿਂ ਨ ਉਠਾਏ॥ ੩੭॥

ਇਹ ਕੀ ਹੋਇਆ ਹੈ, ਕੁਝ ਵੀ ਜਾਣਿਆ ਨਹੀਂ ਜਾਂਦਾ ਹੈ ਬਹੁਤ ਗੋਲੇ ਚਲਾਏ ਹਨ। ਕਿਸੇ ਗੋਲੇ ਨੇ ਕੁਝ ਵੀ ਪਤਾ ਨਹੀਂ ਦਿੱਤਾ ਹੈ ਤੇ ਸਤਿਗੁਰੂ ਜੀ ਉਸ ਥਾਂ ਤੋਂ ਉੱਠੇ ਤਕ ਨਹੀਂ ਹਨ॥ ੩੭॥

ਊਚੇ ਥਲ ਕਰਿ ਲਗ੍ਯੋ ਨ ਗੋਰਾ ਟਿੱਬਾ ਕਿਧੌਂ ਕੁਢਾਲਾ।
ਕਿਧੌਂ ਗਿਰਦ ਮੈਂ ਹੁਤੋ ਨਿਸ਼ਾਨਾ ਕੈ ਗੁਰ ਅਜ਼ਮਤ ਵਾਲਾ॥ ੩੮॥

ਉੱਚਾ ਸਥਾਨ ਹੋਣ ਕਰਕੇ ਗੋਲਾ ਨਹੀਂ ਲੱਗਾ ਜਾਂ ਢਾਲਵਾਂ ਟਿੱਬਾ ਸੀ ਜਾਂ ਨਿਸ਼ਾਨਾ ਹੀ ਬੇਢੰਗਾ ਸੀ ਜਾਂ ਗੁਰੂ ਜੀ ਕਰਾਮਾਤ ਵਾਲੇ ਹਨ॥ ੩੮॥

ਗਏ ਊਚ ਕੈ ਨੀਚੇ ਲਾਗੇ ਬਾਮ ਦਾਹਨੇ ਹੋਏ।
ਨਹੀਂ ਤ੍ਰਾਸ ਭੀ ਕਿਸ ਨੇ ਪਾਯੋ ਉਠਨ ਕਹਾਂ ਕਿਤ ਕੋਏ॥ ੩੯॥

ਕਈ ਗੋਲੇ ਬਹੁਤ ਉੱਚੇ ਚਲੇ ਗਏ, ਕਈ ਹੇਠਾਂ ਲੱਗੇ, ਕਈ ਖੱਬੇ ਸੱਜੇ ਚਲੇ ਗਏ। ਕਿਸੇ ਨੇ ਵੀ ਡਰ ਨਹੀਂ ਪਾਇਆ ਹੈ, ਕਿਸੇ ਨੇ ਉੱਠਣਾ ਤਾਂ ਕੀ ਸੀ'॥ ੩੯॥

ਰਾਜੇ ਭਨਯੋਂ 'ਚਲੇ ਗਨ ਗੋਰੇ ਮੈਂ ਭੀ ਅਚਰਜ ਮਾਨਾ।
ਜਾਇ ਨ ਜਾਨੀ ਕਜਾ ਕੁਛ ਹੋਯੋ ਕਜਾ ਮੈਂ ਕਰੌਂ ਬਖਾਨਾ॥ ੪੦॥

ਰਾਜੇ ਨੇ ਕਿਹਾ, "ਬਹੁਤ ਗੋਲੇ ਚਲੇ ਹਨ, ਮੈਂ ਵੀ ਅਸਚਰਜ ਮੰਨਿਆ ਹੈ। ਇਹ ਜਾਣਿਆਂ ਨਹੀਂ ਜਾਂਦਾ ਹੈ ਕਿ ਕੀ ਹੋਇਆ ਹੈ, ਇਸ ਕਰਕੇ ਮੈਂ ਇਸ ਬਾਰੇ ਕੀ ਕਹਿ ਸਕਦਾ ਹਾਂ॥ ੪੦॥

ਪ੍ਰਥਮ ਲਰਾਈ ਵਹਿਰ ਨਿਕਾਰੇ ਤਹਿਂ ਹਮ ਤੋਪ ਚਲਾਈ।
ਗੁਰ ਕੌ ਲਗੀ ਨ, ਸਿਖ ਇਕ ਮਾਰਯੋ ਦਿਯੋ ਪਤਾ ਢਿਗ ਜਾਈ॥ ੪੧॥

ਪਹਿਲਾਂ ਵੀ ਇਕ ਵਾਰ ਲੜਾਈ ਵਿਚ ਅਸੀਂ ਇਨ੍ਹਾਂ ਨੂੰ ਕਿਲ੍ਹੇ ਵਿਚੋਂ ਬਾਹਰ ਕੱਢ ਕੇ ਤੋਪ ਚਲਾਈ ਸੀ। ਉਹ ਗੋਲਾ ਗੁਰੂ ਜੀ ਨੂੰ ਨਹੀਂ ਲੱਗਾ ਸੀ ਤੇ ਇਕ ਸਿੱਖ ਮਰ ਗਿਆ ਸੀ ਤੇ ਕਿਸੇ ਨੇ ਜਾ ਕੇ ਉਨ੍ਹਾਂ ਨੂੰ ਪਤਾ ਦੇ ਦਿੱਤਾ ਸੀ॥ ੪੧॥

ਹੁਤੋ ਤੋਪਚੀ ਬਿੱਦਯਾ ਨਿਪਨੂ ਮਾਰਤਿ ਦੂਸਰ ਗੋਰਾ।
ਪਿਖਿ ਸਿਖ ਮਰਯੋ ਸੰਧਿ ਸਰ ਧਨੁ ਗੁਰ ਤਾਤਕਾਲ ਖਰ ਛੋਰਾ॥ ੪੨॥

ਸਾਡਾ ਤੋਪਚੀ ਤੋਪ ਵਿੱਦਿਆ ਵਿਚ ਬੜਾ ਮਾਹਰ ਸੀ, ਜਦ ਉਹ ਦੂਸਰਾ ਗੋਲਾ ਮਾਰਨ ਲੱਗਾ। ਤਦ ਗੁਰੂ ਜੀ ਨੇ ਵੇਖਿਆ ਕਿ ਇਕ ਸਿੱਖ ਗੋਲਾ ਲੱਗ ਕੇ ਮਰ ਗਿਆ ਹੈ, ਤਾਂ ਗੁਰੂ ਜੀ ਨੇ ਤਿੱਖਾ ਤੀਰ ਚਾਪ ਵਿਚ ਰੱਖ ਕੇ ਤੁਰਤ ਛੱਡ ਦਿੱਤਾ॥ ੪੨॥

ਕੋਸਿਕ ਹੁਤੋ ਪ੍ਰਮਾਨ ਬੀਚ ਕੌ ਲਗਯੋ ਭਾਲ ਮਹਿਂ ਜਾਈ।
ਮਰਯੋ ਸੁ, ਇਕ ਸਰ ਔਰ ਚਲਾਯੋ ਨਿਕਟ ਖਰੋ ਤਿਸ ਭਾਈ॥ ੪੩॥

ਤੋਪਚੀ ਅੰਦਾਜ਼ਨ ਇਕ ਕੋਹ ਦੀ ਵਾਟ ਦੂਰ ਬੈਠਾ ਸੀ ਜਦ ਉਸ ਦੇ ਮੱਥੇ ਵਿਚ ਆ ਕੇ ਤੇਜ਼ ਤੀਰ ਲੱਗਾ। ਉਹ ਉਥੇ ਹੀ ਮਰ ਗਿਆ, ਫਿਰ ਇਕ ਹੋਰ ਤੀਰ ਚਲਾਇਆ, ਉਸ ਦਾ ਭਰਾ ਉਸ ਦੇ ਨੇੜੇ ਖੜਾ ਸੀ॥ ੪੩॥

ਤਿਸ ਕੇ ਲਗਯੋ ਮਰਯੋ ਸੋ ਤਤਛਿਨ ਤੁਪਚੀ ਰਹਯੋ ਨ ਕੋਈ।
ਯੌਂ ਇਕ ਬਾਰ ਭਈ ਬਿਧਿ ਮਾਰਨ ਕੀਨਿ ਸੁਨਾਵਨ ਸੋਈ॥ ੪੪॥

ਦੂਸਰਾ ਤੀਰ ਉਸ ਨੂੰ ਆ ਲੱਗਾ ਤੇ ਉਹ ਤੁਰਤ ਮਰ ਗਿਆ, ਫਿਰ ਕੋਈ ਵੀ ਤੋਪਚੀ ਨਾ ਰਿਹਾ। ਇਸ ਪ੍ਰਕਾਰ ਇਕ ਵਾਰ ਮਾਰਨ ਦੀ ਵਿਧੀ ਪ੍ਰਾਪਤ ਹੋਈ ਸੀ, ਉਹ ਆਪ ਜੀ ਨੂੰ ਸੁਣਾ ਦਿੱਤੀ ਹੈ॥ ੪੪॥

ਤਿਸ ਤੁਪਚੀ ਨੇ ਪਤਾ ਦਿਯੋ ਢਿਗ ਖਰੋ ਅੱਗ੍ਰ ਸਿਖ ਮਾਰਾ।
ਤੁਮਰੋ ਗੋਰਾ ਨਿਕਟ ਨ ਪਹੁੰਚਯੋ ਟਿੱਬਾ ਹੁਤੋ ਕੁਢਾਰਾ॥ ੪੫॥

ਉਸ ਤੋਪਚੀ ਨੇ ਪਤਾ ਤਾਂ ਦਿਖਾ ਦਿੱਤਾ ਸੀ, ਜੋ ਗੁਰੂ ਜੀ ਦੇ ਕੋਲ ਅੱਗੇ ਖੜਾ ਸਿੱਖ ਮਾਰਿਆ ਗਿਆ ਸੀ। ਤੁਹਾਡੇ ਗੋਲੇ ਨੇੜੇ ਨਹੀਂ ਪਹੁੰਚੇ ਹਨ ਕਿਉਂਕਿ ਟਿੱਬੇ ਕੁਢਾਲੇ ਸਨ॥ ੪੫॥

ਕਜਾ ਅਬਿ ਭਯੋ, ਨ ਬੀਤ ਗਯੋ ਕੁਛ, ਕਈ ਬਾਰ ਇਮ ਹੋਵੈ।
ਤੋਪ ਤੁਪਕ ਇਹ ਬੁਰੀ ਬਲਾਇ ਸੁ ਲਗਤਿ ਪ੍ਰਾਨ ਕੋ ਖੋਵੈ'॥ ੪੬॥

ਹੁਣ ਕੀ ਹੋਇਆ ਹੈ, ਵੇਲਾ ਕੁਝ ਬੀਤ ਤਾਂ ਨਹੀਂ ਗਿਆ, ਕਈ ਵਾਰ ਇਸ ਤਰ੍ਹਾਂ ਹੁੰਦਾ ਹੈ। ਤੋਪਾਂ ਬੰਦੂਕਾਂ ਬੁਰੀਆਂ ਬਲਾਵਾਂ ਹਨ, ਜਿਹੜੀਆਂ ਲੱਗਦਿਆਂ ਪ੍ਰਾਣ ਕੱਢ ਦਿੰਦੀਆਂ ਹਨ'॥ ੪੬॥

ਜ਼ੋਰਦਸਤ ਕਹਿ 'ਮੈਂ ਇਮ ਜਾਨੀ ਮੰਤ੍ਰ ਸਿੱਧ ਇਨ ਕੀਨਾ।
ਸਾਰ ਬੰਦ ਕਰਿ ਨਿਸ਼ਚਲ ਬੈਠਜੋ ਕਛੂ ਤ੍ਰਾਸ ਨਹਿੰ ਚੀਨਾ॥ ੪੭॥

ਜ਼ਬਰਦਸਤ ਨੇ ਕਿਹਾ, "ਮੈਂ ਇਸ ਪ੍ਰਕਾਰ ਜਾਣਿਆ ਹੈ ਕਿ ਗੁਰੂ ਜੀ ਨੇ ਕੋਈ ਮੰਤਰ ਸਿੱਧ ਕੀਤਾ ਹੈ। ਮੰਤਰਾਂ ਨਾਲ ਸ਼ਸਤਰਾਂ ਦੇ ਅਸਰ ਨੂੰ ਬੰਨ੍ਹ ਕੇ ਬੈਠੇ ਰਹੇ ਹਨ ਤੇ ਕਿਸੇ ਪ੍ਰਕਾਰ ਦਾ ਵੀ ਡਰ ਨਹੀਂ ਜਾਣਿਆ ਹੈ॥ ੪੭॥

ਨਤੁ ਗੋਰੇ ਮੈਂ ਬਹੁਤ ਚਲਾਏ ਇਲਮ ਲਖੋਂ ਮੈਂ ਭਾਰੀ।
ਹਤਜੋ ਨ ਕੋ, ਸਮੀਪ ਨਹਿੰ ਪਹੁੰਚਜੋ, ਯਾਂਤੇ ਰਿਦੈ ਬਿਚਾਰੀ'॥ ੪੮॥

ਨਹੀਂ ਤਾਂ ਗੋਲੇ ਮੈਂ ਬਹੁਤ ਚਲਾਏ ਹਨ, ਇਨ੍ਹਾਂ ਵਿਚ ਭਾਰੀ ਇਲਮ ਪਛਾਣਦਾ ਹਾਂ। ਕੋਈ ਵੀ ਮਰਿਆ ਨਹੀਂ ਹੈ, ਨਾ ਗੋਲਾ ਹੀ ਉੱਥੇ ਪਹੁੰਚਿਆ ਹੈ, ਇਸ ਕਰਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ ਹੈ'॥ ੪੮॥

ਸੁਨਤਿ ਵਜੀਦ ਖਾਨ ਸਮੁਝਾਇਸਿ 'ਮੰਤ੍ਰ ਨ ਸਿਧ ਕੁਛ ਜਾਨੋ।
ਪ੍ਰਥਮ ਜੁੱਧ ਮਹਿਂ ਅਧਿਕ ਵਿਰੁੱਧਜੋ ਕਰੇ ਬੀਰ ਗਨ ਹਾਨੋ॥ ੪੯॥

ਇਹ ਸੁਣ ਕੇ ਵਜ਼ੀਦ ਖਾਨ ਨੇ ਸਮਝਾਇਆ, "ਕੋਈ ਵੀ ਮੰਤਰ ਸਿੱਧ ਹੋਇਆ ਨਾ ਜਾਣੋ। ਪਹਿਲੇ ਯੁੱਧ ਵਿਚ ਵੀ ਵੱਡਾ ਵਿਰੋਧ ਕੀਤਾ ਸੀ ਤੇ ਬਹੁਤ ਸੂਰਬੀਰਾਂ ਨੂੰ ਮਾਰਿਆ ਸੀ॥ ੪੯॥

ਸਾਹਿਬ ਚੰਦ ਜੂਥਪਤਿ ਗੁਰ ਕੋ ਮਾਰਜੋ ਬੀਚ ਲਰਾਈ।
ਨੀਠ ਨੀਠ ਕਰਿ ਲੋਥ ਉਠਾਈ ਜ਼ੋਰ ਲਾਇ ਸਮੁਦਾਈ'॥ ੫੦॥

ਸਾਹਿਬ ਚੰਦ ਜਿਹੜਾ ਗੁਰੂ ਜੀ ਦਾ ਸੈਨਾਪਤੀ ਸੀ, ਉਸ ਨੂੰ ਲੜਾਈ ਵਿਚ ਮਾਰ ਲਿਆ ਸੀ। ਬੜੀ ਮੁਸ਼ਕਲ ਨਾਲ ਮਸੀਂ-ਮਸੀਂ ਉਸ ਦੀ ਲੋਥ ਚੁੱਕੀ ਸੀ ਤੇ ਸਾਰੇ ਸੂਰਬੀਰਾਂ ਨੇ ਬਹੁਤ ਜ਼ੋਰ ਪਾਇਆ ਸੀ'॥ ੫੦॥

ਇਮ ਬਾਤਨਿ ਕੋ ਕਰਤਿ ਪਹੂਚੇ ਨਿਜ ਡੇਰੇ ਬਿਸਰਾਮੇ।
ਖਾਨ ਪਾਨ ਕਰਿ ਸੋਵਤਿ ਨਿੰਦ੍ਰਾ ਸਗਲੇ ਟਿਕੇ ਨਿਸਾ ਮੇਂ॥ ੫੧॥

ਇਸ ਪ੍ਰਕਾਰ ਗੱਲਾਂ ਕਰਦੇ ਆਪਣੇ ਡੇਰਿਆਂ ਵਿਚ ਪਹੁੰਚੇ ਤੇ ਉੱਥੇ ਜਾ ਕੇ ਵਿਸ਼ਰਾਮ ਕੀਤਾ। ਖਾ ਪੀ ਕੇ ਸੌਂ ਗਏ ਤੇ ਰਾਤ ਸਮੇਂ ਸਾਰੇ ਟਿਕ ਗਏ॥ ੫੧॥

ਇਤ ਸਤਿਗੁਰ ਸੋਦਰ ਪਠਿ ਸੰਧਜਾ ਚੌਂਕੀ ਪੂਰਨ ਹੋਈ।
ਖਰੋ ਗਿਰੰਥੀ ਕਰਿ ਅਰਦਾਸਹਿ ਸਿਰ ਨਿੰਮ੍ਰੇ ਸਭਿ ਕੋਈ॥ ੫੨॥

ਏਧਰ ਸਤਿਗੁਰੂ ਜੀ ਨੇ ਸੋਦਰ ਦਾ ਪਾਠ ਕੀਤਾ, ਇਸ ਪ੍ਰਕਾਰ ਸ਼ਾਮ ਦੀ ਚੌਂਕੀ ਪੂਰੀ ਹੋਈ। ਗ੍ਰੰਥੀ ਨੇ ਖੜ੍ਹੇ ਹੋ ਕੇ ਫਿਰ ਅਰਦਾਸ ਕੀਤੀ ਤੇ ਸਾਰਿਆਂ ਨੇ ਆਪਣੇ ਸਿਰ ਨਿਵਾਏ॥ ੫੨॥

ਕੂਰ ਤੁਰਕ ਝਖ ਮਾਰਿ ਰਹੇ ਸਭਿ ਕਛੂ ਨ ਬਸ ਬਲ ਚਾਲਾ।
ਫਤੇ ਗੁਰੂ ਕੀ ਸਭਿਨਿ ਬੁਲਾਈ ਊਚੇ ਨਾਦ ਉਠਾਲਾ॥ ੫੩॥

ਝੂਠੇ ਤੁਰਕ ਬਹੁਤ ਝੱਖ ਮਾਰਦੇ ਰਹੇ ਪਰ ਉਨ੍ਹਾਂ ਦਾ ਕੁਝ ਵੀ ਵੱਸ ਨਾ ਚਲਿਆ। ਸਾਰਿਆਂ ਨੇ ਉੱਚੀ ਆਵਾਜ਼ ਵਿਚ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ॥ ੫੩॥

ਹਰਖਤਿ ਭਏ ਅਸਤ ਰਵਿ ਹੋਯੋ ਗੇ ਸਤਿਗੁਰ ਨਿਜ ਥਾਨਾ।
ਕਿਤਿਕ ਖਾਲਸਾ ਥਿਰਯੋ ਮੋਰਚੇ ਹ੍ਵੈ ਕਰਿ ਬਹੁ ਸਵਧਾਨਾ॥ ੫੪॥

ਜਦ ਸੂਰਜ ਡੁੱਬ ਗਿਆ ਤਾਂ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ ਤੇ ਸਤਿਗੁਰੂ ਜੀ ਆਪਣੇ ਸਥਾਨ 'ਤੇ ਚਲੇ ਗਏ। ਕੁਝ ਖਾਲਸਾ ਆਪਣੇ-ਆਪਣੇ ਮੋਰਚਿਆਂ ਵਿਚ ਟਿਕ ਗਿਆ ਤੇ ਉਨ੍ਹਾਂ ਨੇ ਬਹੁਤ ਸਾਵਧਾਨੀ ਧਾਰਨ ਕੀਤੀ॥ ੫੪॥

ਖਾਨ ਪਾਨ ਕਰਿ ਪੌਢੇ ਸੁਪਤੇ ਤ੍ਰਾਸ ਨ ਮਾਨਤਿ ਕੋਈ।
ਜਥਾ ਗੁਹਾ ਮਹਿਂ ਕੇਹਰਿ ਬਾਸੈ ਗਜ ਸਮਾਨ ਰਿਪੁ ਜੋਈ॥ ੫੫॥

ਖਾ ਪੀ ਕੇ ਲੰਮੇ ਪੈ ਕੇ ਸੌਂ ਗਏ, ਕੋਈ ਵੀ ਡਰ ਨਹੀਂ ਸੀ ਮੰਨਦਾ। ਜਿਵੇਂ ਗੁਫਾ ਵਿਚ ਸ਼ੇਰ ਰਹਿੰਦਾ ਹੋਵੇ ਤੇ ਹਾਥੀ ਵਾਂਗ ਵੈਰੀ ਹੋਵੇ॥ ੫੫॥

ਦੋਨਹੁੰ ਦਿਸ਼ਾ ਨਿਸਾ ਮਹਿਂ ਟਿਕ ਗੇ ਆਪ ਆਪਨੇ ਥਾਨਾ।
ਘੇਰਾ ਪਾਇ ਪਰੇ ਚਹੁੰਦਿਸ਼ਿ ਮਹਿਂ ਡਰਤਿ ਨ ਰਣ ਕੋ ਠਾਨਾ॥ ੫੬॥

ਦੋਵਾਂ ਪਾਸਿਆਂ ਦੇ ਸੂਰਬੀਰ ਰਾਤ ਸਮੇਂ ਆਪਣੇ-ਆਪਣੇ ਸਥਾਨਾਂ 'ਤੇ ਟਿਕ ਗਏ। ਚਾਰੇ ਪਾਸੇ ਵੈਰੀ ਘੇਰਾ ਪਾ ਕੇ ਬੈਠੇ ਸਨ ਤੇ ਡਰਦੇ ਮਾਰੇ ਯੁੱਧ ਨਹੀਂ ਸਨ ਕਰਦੇ॥ ੫੬॥

*ਛੇਵੀਂ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

## ਅਧਿਆਇ ਚੌਦ੍ਹਵਾਂ

*ਘੇਰਾ, ਗੁਰੂ ਜੀ ਨੇ ਤੀਰ ਚਲਾਉਣੇ*

ਦੋਹਰਾ- ਉਠੇ ਬਹੁਰ ਜਬਿ ਪ੍ਰਾਤ ਭੀ ਬਾਦਤ ਬਜੈਂ ਬਿਸਾਲ।
ਸੰਖ ਨਫੀਰੀ ਨੌਬਤਾਂ ਰਣਸਿੰਘੇ ਤਤਕਾਲ॥ ੧॥

ਜਦ ਸਵੇਰੇ ਸਵੱਖਤੇ ਉੱਠੇ ਤਾਂ ਬਹੁਤ ਵਾਜੇ ਵੱਜ ਉੱਠੇ। ਸੰਖ, ਨਫੀਰੀਆਂ, ਨੌਬਤਾਂ, ਰਣਸਿੰਘੇ ਆਦਿ ਤੁਰਤ ਗੂੰਜ ਉਠੇ॥੧॥

ਲਲਿਤਪਦ ਛੰਦ-ਬਜੇ ਨਗਾਰੇ ਦੋਊ ਦਿਸ਼ਿ ਮਹਿਂ ਉਤਸਾਹਤਿ ਭਟ ਹੋਏ।
ਸੌਚ ਸ਼ਨਾਨ ਬਨੇ ਸਵਧਾਨਾ ਨਿਜ ਨਿਜ ਥਾਨ ਖਰੋਏ॥੨॥

ਦੋਵਾਂ ਪਾਸਿਆਂ ਦੇ ਸੂਰਬੀਰ ਨਗਾਰੇ ਆਦਿ ਵੱਜਦੇ ਸੁਣ ਕੇ ਬਹੁਤ ਉਤਸ਼ਾਹਿਤ ਹੋਏ। ਸੌਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ ਤੇ ਆਪਣੇ-ਆਪਣੇ ਸਥਾਨਾਂ ਤੇ ਖੜ੍ਹੇ ਹੋ ਗਏ॥ ੨॥

ਰੋਕਹਿਂ ਤੁਰਕ ਪੰਥ ਜੇ ਪੁੰਜਹਿਂ ਜੋ ਚਾਹਤਿ ਪੁਰਿ ਜਾਯੋ।
ਬ੍ਰਿੰਦ ਵਪਾਰੀ ਵਰਜ ਦੀਏ ਸਭਿ 'ਲੂਟ ਲੇਹਿਂਗੇ ਆਯੋ'॥ ੩॥

ਸਾਰੇ ਰਾਹਾਂ ਤੋਂ ਜਿਹੜੇ ਸਿੰਘ ਆਉਂਦੇ ਸਨ ਤੇ ਅਨੰਦਪੁਰ ਨਗਰ ਵਿਚ ਜਾਣਾ ਚਾਹੁੰਦੇ ਸਨ, ਉਨ੍ਹਾਂ ਨੂੰ ਤੁਰਕ ਰੋਕਦੇ ਸਨ। ਬਹੁਤ ਵਪਾਰੀਆਂ ਨੂੰ ਵਰਜ ਦਿੱਤਾ ਤੇ ਕਿਹਾ, ''ਜੇ ਆਵੇਂਗੇ ਤਾਂ ਲੁੱਟ ਲਵਾਂਗੇ'' ॥ ੩॥

ਨਿਕਟਿ ਗ੍ਰਾਮ ਅਰੁ ਪੁਰਿ ਜਨ ਜੇਈ ਸਭਿ ਮਹਿਂ ਡਿੰਡਮ ਫੇਰਾ।
'ਆਨੰਦ ਪੁਰਿ ਮਹਿਂ ਕੁਛ ਪਹੁਚਾਵੈ ਉਚਿਤ ਸਜ਼ਾਇ ਬਡੇਰਾ॥ ੪॥

ਨੇੜੇ ਪਿੰਡਾਂ ਅਤੇ ਸ਼ਹਿਰਾਂ ਦੇ ਜਿਹੜੇ ਲੋਕ ਸਨ, ਸਾਰਿਆਂ ਵਿਚ ਢੰਡੋਰਾ ਫੇਰ ਦਿੱਤਾ, ''ਜਿਹੜਾ ਵੀ ਅਨੰਦਪੁਰ ਵਿਚ ਕੁਝ ਪਹੁੰਚਾਵੇਗਾ, ਉਹ ਉਚਿਤ ਸਜ਼ਾ ਪਾਵੇਗਾ ॥ ੪॥

ਕਰੋ ਨ ਕੁਛ ਵਿਵਹਾਰ ਤਹਾਂ ਕੋ, ਕਰਹਿ ਜਿ ਦੇਵੈ ਲੇਵੈ।
ਦੁਰ ਕਰਿ ਕਰਹਿ ਬਿਦਤ ਹੁਇ ਪਕਰੈਂ ਸਦਨ ਲੂਟ ਤਿਹ ਲੇਵੈਂ॥ ੫॥

ਉਨ੍ਹਾਂ ਨਾਲ ਕਿਸੇ ਪ੍ਰਕਾਰ ਦਾ ਵਪਾਰ ਨਾ ਕਰੋ, ਜੋ ਵਪਾਰ ਕਰੇਗਾ, ਸੌਦਾ ਦੇਵੇਗਾ ਜਾਂ ਲਵੇਗਾ, ਜਿਹੜਾ ਲੁਕ ਛਿਪ ਕੇ ਕਰੇਗਾ, ਪ੍ਰਗਟ ਹੋਣ ਤੇ ਉਸ ਨੂੰ ਫੜ ਲਵਾਂਗੇ ਤੇ ਉਨ੍ਹਾਂ ਦੇ ਘਰ ਲੁੱਟ ਲਵਾਂਗੇ'' ॥ ੫॥

ਰੋਪਰ ਅਰੁ ਹੁਸ਼ੀਆਰ ਪੁਰਾ ਪੁਰਿ ਇੱਤਜਾਦਿਕ ਸਭਿ ਠਾਕੇ।
ਦੂਰ ਦੂਰ ਚਹੁਦਿਸ਼ਿ ਕਰਿ ਡੇਰੇ ਤ੍ਰਸਤਿ ਅਨੰਦਪੁਰਿ ਤਾਕੇ॥ ੬॥

ਰੋਪੜ ਅਤੇ ਹੁਸ਼ਿਆਰਪੁਰ ਨਗਰਾਂ ਨੂੰ ਇਸ ਪ੍ਰਕਾਰ ਸਭ ਨੂੰ ਰੋਕ ਲਿਆ। ਦੂਰ-ਦੂਰ ਚਾਰੇ ਪਾਸੇ ਡੇਰੇ ਲਾ ਕੇ ਅਨੰਦਪੁਰ ਆਉਣ ਤੇ ਡਰ ਉਤਪੰਨ ਕੀਤਾ॥ ੬॥

ਇਮ ਘੇਰਾ ਕਰਿ ਲਸ਼ਕਰ ਉਤਰਜੋ ਆਇ ਜਾਇ ਨਹਿਂ ਕੋਈ।
ਕਬਿ ਕਬਿ ਚਢਹਿ ਖਾਲਸਾ ਇਤ ਉਤ, ਅਰਹਿਂ ਅਰੀ ਰਣ ਹੋਈ॥ ੭॥

ਇਸ ਪ੍ਰਕਾਰ ਘੇਰਾ ਪਾ ਕੇ ਲਸ਼ਕਰ ਨੂੰ ਉਤਾਰਿਆ ਤੇ ਕੋਈ ਵੀ ਆ ਜਾ ਨਹੀਂ ਸੀ ਸਕਦਾ। ਕਦੀ-ਕਦੀ ਖਾਲਸਾ ਏਧਰ ਓਧਰ ਚੜ੍ਹਦਾ ਸੀ, ਜਿਹੜਾ ਵੈਰੀ ਅਗੋਂ ਅੜਦਾ ਸੀ, ਉਸ ਨਾਲ ਯੁੱਧ ਕਰਦੇ ਸਨ॥ ੭॥

ਚਲਹਿਂ ਤੋਪ ਬੰਦੂਕ ਤੀਰ ਗਨ ਮਾਰਨ ਮਰਿਬੋ ਹੋਵੈ।
ਮਰਹਿਂ ਸੈਂਕਰੇ ਤੁਰਕ ਜਿ ਦਿਨ ਪ੍ਰਤਿ ਸਮੁਖ ਪ੍ਰਾਨ ਕੋ ਖੋਵੈਂ॥ ੮॥

ਬਹੁਤ ਤੋਪਾਂ, ਬੰਦੂਕਾਂ ਅਤੇ ਤੀਰ ਚਲਦੇ ਸਨ ਤੇ ਮਰਨ ਮਾਰਨ ਹੁੰਦਾ ਸੀ। ਪ੍ਰਤਿ ਦਿਨ ਸੈਂਕੜੇ ਤੁਰਕ ਮਰ ਜਾਂਦੇ ਸਨ ਜਿਹੜੇ ਸਾਹਮਣੇ ਹੋ ਕੇ ਪ੍ਰਾਣ ਗਵਾ ਲੈਂਦੇ ਸਨ॥ ੮॥

ਕਬਿ ਕਬਿ ਰਹੈਂ ਮੋਰਚਨਿ ਬੈਠੇ ਨਿਜ ਨਿਜ ਥਲ ਸਵਧਾਨਾ।
ਕਬਹੁੰ ਤੁਫੰਗ ਤੋਪ ਕੋ ਛੋਰਹਿਂ ਹਾਨ ਕਰਹਿਂ ਅਰਿ ਪ੍ਰਾਨਾ॥ ੯॥

ਕਦੀ-ਕਦੀ ਮੋਰਚਿਆਂ ਵਿਚ ਆਪਣੇ-ਆਪਣੇ ਸਥਾਨਾਂ ਤੇ ਸਾਵਧਾਨ ਹੋ ਕੇ ਬੈਠੇ ਰਹਿੰਦੇ ਸਨ। ਕਦੀ-ਕਦੀ ਬੰਦੂਕਾਂ ਤੋਪਾਂ ਛੱਡਦੇ ਸਨ ਤੇ ਵੈਰੀ ਦੇ ਪ੍ਰਾਣ ਕੱਢ ਲੈਂਦੇ ਸਨ॥ ੯॥

ਕਬਿ ਕਬਿ ਨੇਰ ਅਚਾਨਕ ਹੁਇ ਜਬਿ, ਚਲਹਿਂ ਤੁਪਕ ਸਮੁਦਾਯਾ।
ਬਾਜ ਮਨਿੰਦੈ ਬ੍ਰਿੰਦ ਖਾਲਸਾ ਖਗ ਸ਼ੱਤ੍ਰੁਨਿ ਪਰਧਾਯਾ॥ ੧੦॥

ਕਦੀ-ਕਦੀ ਜਦ ਅਚਾਨਕ ਨੇੜੇ ਹੋ ਜਾਂਦੇ ਸਨ ਤਾਂ ਦੋਵਾਂ ਪਾਸਿਆਂ ਤੋਂ ਬੰਦੂਕਾਂ ਚਲਦੀਆਂ ਸਨ। ਬਾਜ਼ ਵਾਂਗ ਸਰਬ ਖ਼ਾਲਸਾ ਪੰਛੀਆਂ ਵਰਗੇ ਵੈਰੀ 'ਤੇ ਧਾਵਾ ਬੋਲ ਦਿੰਦਾ ਸੀ॥੧੦॥

ਸ੍ਰੀ ਅਜੀਤ ਸਿੰਘ ਸਾਹਿਬਜ਼ਾਦਾ ਸਾਹਿਬ ਨਿਕਟ ਹਕਾਰਾ।
'ਸੰਵਾਧਾਨ ਬਨਿ ਰਹੋ ਕੇਸਗੜ੍ਹ ਕਰਹੁ ਰਿਪੁਨਿ ਤਹਿਂ ਮਾਰਾ॥ ੧੧॥

ਸ੍ਰੀ ਅਜੀਤ ਸਿੰਘ ਸਾਹਿਬਜ਼ਾਦੇ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਤੇ ਕਿਹਾ, ''ਸਾਵਧਾਨ ਬਣੇ ਰਹੋ ਤੇ ਕੇਸਗੜ੍ਹ ਜਾ ਕੇ ਵੈਰੀਆਂ ਨੂੰ ਮਾਰੋ॥੧੧॥

ਸਿੰਘ ਪੰਜ ਸੈ ਰਾਖ ਸੰਗ ਨਿਜ, ਵਹਿਰ ਦੂਰ ਨਹਿਂ ਜਾਵੇਂ।
ਤਹਿਂ ਸ਼ੱਤ੍ਰੂ ਜੋ ਨੇਰਿ ਕਰਜੋ ਚਹਿ ਮਾਰ ਤੁਫੰਗ ਖਪਾਵੇ॥ ੧੨॥

ਆਪਣੇ ਨਾਲ ਪੰਜ ਸੌ ਸਿੰਘ ਰੱਖੋ ਤੇ ਬਾਹਰ ਦੂਰ ਤਕ ਨਾ ਜਾਵੇ, ਉਥੇ ਜਿਹੜਾ ਵੀ ਵੈਰੀ ਨੇੜੇ ਆਵੇ, ਉਸ ਨੂੰ ਬੰਦੂਕਾਂ ਚਲਾ ਕੇ ਮਾਰ ਦੇਵੋ॥੧੨॥

ਨਿਸ ਮਹਿਂ ਜਾਗ੍ਰਨ ਕਰਹੁ ਬਿਲੋਕਹੁ ਸੁਧ ਰਖਿ ਸ਼ੱਤ੍ਰਨਿ ਕੇਰੀ।
ਜ੍ਵਾਲਾਬਮਣੀ ਤਜਾਰ ਧਰਹੁ ਨਿਤ ਹਿੰਦੂ ਤੁਰਕ ਲਿਹੁ ਬੈਰੀ॥ ੧੩॥

ਰਾਤ ਸਮੇਂ ਜਾਗਦੇ ਰਹੋ ਤੇ ਵੈਰੀਆਂ ਨੂੰ ਵੇਖੋ ਅਤੇ ਉਨ੍ਹਾਂ ਦੀ ਪੂਰੀ ਖ਼ਬਰ ਸਾਰ ਰੱਖੋ। ਆਪਣੀਆਂ ਬੰਦੂਕਾਂ ਸਦਾ ਤਿਆਰ ਰੱਖੋ ਤੇ ਹਿੰਦੂ ਤੁਰਕ ਵੈਰੀਆਂ ਨੂੰ ਮਾਰ ਲਵੋ''॥੧੩॥

ਪਿਤਾ ਹੁਕਮ ਸੁਨਿ ਸ੍ਰੀ ਅਜੀਤ ਸਿੰਘ ਤਿਸ ਮੁਰਚੇ ਮਹਿਂ ਬਾਸਾ।
ਸਦਾ ਸੁਚੇਤ ਰਹਤਿ ਗਹਿ ਸ਼ਸਤ੍ਰਨਿ ਨਿਜ ਰਿਪੁ ਪੁੰਜ ਬਿਨਾਸਾ॥ ੧੪॥

ਆਪਣੇ ਪਿਤਾ ਜੀ ਦਾ ਹੁਕਮ ਸੁਣ ਕੇ ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਮੋਰਚੇ ਵਿਚ ਰਹਿਣ ਲੱਗਾ। ਸ਼ਸਤਰਾਂ ਨੂੰ ਫੜ ਕੇ ਸਦਾ ਸੁਚੇਤ ਰਹਿੰਦਾ ਸੀ ਤੇ ਆਪਣੇ ਵੈਰੀ ਦਾ ਬਹੁਤ ਵਿਨਾਸ਼ ਕਰਦਾ ਸੀ॥੧੪॥

ਨਾਹਰ ਸਿੰਘ ਅਰੁ ਸ਼ੇਰ ਸਿੰਘ ਦ੍ਵੈ ਲੋਹ ਕੋਟ ਮਹਿਂ ਛੋਰੇ।
ਸਿੰਘ ਪੰਜ ਸੈ ਸੰਗ ਕਰੇ ਨਿਤ ਕਰਤਾ ਸੰਘਰ ਘੋਰੇ॥ ੧੫॥

ਨਾਹਰ ਸਿੰਘ ਅਤੇ ਸ਼ੇਰ ਸਿੰਘ ਦੋਵਾਂ ਨੂੰ ਲੋਹਗੜ੍ਹ ਵਿਚ ਛੱਡ ਦਿੱਤਾ ਤੇ ਸਾਹਿਬਜ਼ਾਦਾ ਪੰਜ ਸੌ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਨਿਤ ਘੋਰ ਸੰਘਰਸ਼ ਕਰਦਾ ਸੀ॥੧੫॥

ਸਵਾਧਾਨ ਦਿਨ ਮਹਿਂ ਨਿਤ ਰਹਿਤੇ ਤਥਾ ਰਾਤਿ ਤਕਰਾਈ।
ਸ਼ੱਤ੍ਰੂ ਸਮੀਪ ਹੋਨਿ ਨਹਿਂ ਦੇਵਹਿਂ ਤਜੈਂ ਤੁਪਕ ਸਮੁਦਾਈ॥ ੧੬॥

ਦਿਨ ਸਮੇਂ ਸਦਾ ਸਾਵਧਾਨ ਰਹਿੰਦੇ ਸਨ ਤੇ ਰਾਤ ਸਮੇਂ ਤਕੜਾਈ ਕਰ ਦਿੰਦੇ ਸਨ। ਵੈਰੀ ਨੂੰ ਨੇੜੇ ਹੋਣ ਨਹੀਂ ਸਨ ਦਿੰਦੇ, ਸਾਰੇ ਇਕੱਠੀਆਂ ਬੰਦੂਕਾਂ ਛੱਡਦੇ ਸਨ॥੧੬॥

ਕਬਿ ਹੁਇ ਵਹਿਰ ਕਰੈਂ ਰਣ ਜੁਝਹਿਂ ਰਿਪੁ ਗਨ ਕਰਤਿ ਬਿਨਾਸ਼ਾ।
ਗੁਰਬਾਣੀ ਸੰਗ ਧਜਾਨ ਪਢਹਿਂ ਨਿਤ ਜੀਵਨ ਗੁਰ ਭਰਵਾਸਾ॥ ੧੭॥

ਜਦ ਬਾਹਰ ਹੁੰਦੇ ਸਨ ਤਾਂ ਯੁੱਧ ਕਰਕੇ ਬਹੁਤ ਵੈਰੀਆਂ ਨੂੰ ਮਾਰਦੇ ਸਨ। ਗੁਰਬਾਣੀ ਨੂੰ ਬੜੇ ਧਿਆਨ ਨਾਲ ਪੜ੍ਹਦੇ ਸਨ ਤੇ ਸਦਾ ਗੁਰੂ ਭਰਵਾਸੇ ਜੀਉਂਦੇ ਸਨ॥੧੭॥

ਅਗਮ ਪੁਰੇ ਆਲਮ ਸਿੰਘ ਜੋਧਾ ਸਿੰਘ ਪੰਜ ਸੈ ਲੀਨੇ।
ਤਹਾਂ ਸੁਚੇਤ ਰਹੇ ਗਹਿ ਸ਼ਸਤ੍ਰਨਿ ਰਿਪੁ ਢਿਗ ਹੋਨਿ ਨ ਦੀਨੇ॥ ੧੮॥

ਨਗਰ ਦੇ ਅੱਗੇ ਆਲਮ ਸਿੰਘ ਯੋਧਾ ਪੰਜ ਸੌ ਸਿੰਘ ਨਾਲ ਲੈ ਕੇ ਸ਼ਸਤਰ ਫੜ ਕੇ ਸੁਚੇਤ ਰਹਿੰਦਾ ਸੀ ਤੇ ਵੈਰੀ ਨੂੰ ਪ ਹੋਣ ਨਹੀਂ ਦਿੰਦਾ ਸੀ॥੧੮॥

ਉਦੈ ਸਿੰਘ ਬਲਵੰਤ ਬਹਾਦਰ ਊਚ ਦਮਦਮੇ ਛੋਰਾ।
ਇਕ ਸੌ ਸਿੰਘ ਸੰਗ ਮੈਂ ਰਖਿ ਕਰਿ ਸ਼ੱਤ੍ਰਨਿ ਕੋ ਸਿਰ ਫੋਰਾ॥ ੧੯॥

ਉਦੈ ਸਿੰਘ ਵੱਡੇ ਬਲਵਾਨ ਬਹਾਦਰ ਯੋਧੇ ਨੂੰ ਉੱਚੇ ਦਮਦਮੇ ਵਿਚ ਛੱਡਿਆ ਸੀ, ਉਹ ਇਕ ਸੌ ਸਿੰਘ ਨਾਲ ਲੈ ਵੈਰੀਆਂ ਦੇ ਸਿਰ ਭੰਨਦਾ ਸੀ॥੧੯॥

ਮੁਹਕਮ ਸਿੰਘ ਸਾਹਿਬ ਸਿੰਘ ਜੋਧਾ ਥਿਰੇ ਹੋਲ ਗੜ੍ਹ ਥਾਨਾ।
ਸਿੰਘ ਚਾਰ ਸੈ ਸੰਗ ਰਾਖ ਕਰਿ ਰਹੈਂ ਸਦਾ ਸਵਧਾਨਾ॥ ੨੦॥

ਮੁਹਕਮ ਸਿੰਘ ਅਤੇ ਸਾਹਿਬ ਸਿੰਘ ਯੋਧੇ ਹੋਲਗੜ੍ਹ ਵਾਲੇ ਸਥਾਨ 'ਤੇ ਨਿਯੁਕਤ ਸਨ। ਚਾਰ ਸੌ ਸਿੰਘ ਆਪਣੇ ਨਾ ਰੱਖ ਕੇ, ਉਹ ਸਦਾ ਸਾਵਧਾਨ ਰਹਿੰਦੇ ਸਨ॥ ੨੦॥

ਸ੍ਰੀ ਗੁਰੁ ਪ੍ਰਭੁ ਥਿਰ ਰਹੈਂ ਅਨੰਦਪੁਰਿ ਕਬਿ ਕਬਿ ਲਾਇਂ ਦਿਵਾਨਾ।
ਅਪਨੋ ਆਪ ਦਿਖਾਵਹਿਂ ਤੁਰਕਨਿ ਹੋਇ ਪਰੈ ਘਮਸਾਨਾ॥ ੨੧॥

ਸ੍ਰੀ ਗੁਰੂ ਜੀ ਆਪ ਅਨੰਦਪੁਰ ਵਿਚ ਰਹਿੰਦੇ ਸਨ ਤੇ ਕਦੀ-ਕਦੀ ਦੀਵਾਨ ਲਾਉਂਦੇ ਸਨ। ਜਦ ਤੁਰਕਾਂ ਨਾ ਘਮਸਾਨ ਆ ਪੈਂਦਾ ਸੀ ਤਾਂ ਆਪਣੇ ਆਪ ਨੂੰ ਵਿਖਾਉਂਦੇ ਸਨ॥ ੨੧॥

ਗਿਰਨਿ ਦਿਸ਼ਾ ਮਹਿਂ ਦਇਆ ਸਿੰਘ ਰਹਿ ਰਾਖਹਿ ਬਹੁ ਤਕਰਾਈ।
ਇਮ ਸਤਿਗੁਰ ਮੁਰਚਨਿ ਮਹਿਂ ਥਾਪੇ ਨਿਜ ਜੋਧਾ ਸਮੁਦਾਈ॥ ੨੨॥

ਪਹਾੜੀਆਂ ਵਾਲੇ ਪਾਸੇ ਭਾਈ ਦਇਆ ਸਿੰਘ ਰਹਿ ਕੇ ਵੱਡੀ ਤਕੜਾਈ ਰੱਖਦੇ ਸਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਆਪਣੇ ਸਾਰੇ ਸੂਰਬੀਰਾਂ ਨੂੰ ਮੋਰਚਿਆਂ ਵਿਚ ਸਥਾਪਤ ਕੀਤਾ ਸੀ॥ ੨੨॥

ਜੁਗ ਸੂਬੇ ਆਪਸ ਮਹਿਂ ਮਿਲਿ ਕਰਿ ਪੂਰਬ ਦਿਸ਼ਿ ਕਿਯ ਡੇਰਾ।
ਚਮੂੰ ਸਿਰੰਦੀ ਸਕਲ ਪਸਾਰੀ ਗਿਰ ਸਤੁੱਦ੍ਰਵ ਲਗਿ ਘੇਰਾ॥ ੨੩॥

ਦੋਵਾਂ ਸੂਬਿਆਂ ਨੇ ਆਪਸ ਵਿਚ ਸਲਾਹ ਕਰਕੇ ਪੂਰਬ ਵਾਲੇ ਪਾਸੇ ਡੇਰਾ ਕੀਤਾ ਸੀ। ਸਿਰਹੰਦੀ ਸੈਨਾ ਸਾਰੀ ਖਿਲਾ ਹੋਈ ਸੀ ਤੇ ਪਹਾੜ ਤੋਂ ਲੈ ਕੇ ਸਤਲੁਜ ਦਰਿਆ ਤਕ ਘੇਰਾ ਪਾਇਆ ਹੋਇਆ ਸੀ॥ ੨੩॥

ਦੱਖਨ ਦਿਸ਼ਿ ਦਿੱਲੀ ਕੋ ਲਸ਼ਕਰ ਅਗਮ ਪੁਰੇ ਲਗਿ ਸਾਰੇ।
ਤੋਪ ਤੁਪਕ ਤਜਾਰੀ ਕਰਿ ਤਰਕਸ਼ ਤਹਾਂ ਮੋਰਚੇ ਧਾਰੇ॥ ੨੪॥

ਦੱਖਣ ਵਾਲੇ ਪਾਸੇ ਦਿੱਲੀ ਦੇ ਸੂਬੇ ਦਾ ਲਸ਼ਕਰ ਸੀ, ਜਿਹੜੇ ਨਗਰ ਤਕ ਫੈਲੇ ਹੋਏ ਸਨ। ਤੋਪਾਂ, ਬੰਦੂਕਾਂ ਅਤੇ ਤੀ ਕਮਾਨਾਂ ਦੀ ਤਿਆਰੀ ਕਰਕੇ ਮੋਰਚੇ ਧਾਰਨ ਕੀਤੇ ਹੋਏ ਸਨ॥ ੨੪॥

ਪਸ਼ਚਮ ਦਿਸ਼ ਮਹਿਂ ਲਵਪੁਰਿ ਸੈਨਾ ਆਪਸ ਮਹਿਂ ਮਿਲਿ ਡੇਰੇ।
ਅੰਤਰ ਨਹੀਂ ਤਨਕ ਭੀ ਰਾਖਜੋ ਦਿੜ੍ਹ ਹ੍ਵੈ ਘਾਲਜੋ ਘੇਰੇ॥ ੨੫॥

ਪੰਜਵੇਂ ਪਾਸੇ ਲਾਹੌਰ ਦੀ ਸੈਨਾ ਨੇ ਆਪਸ ਵਿਚ ਮਿਲ ਕੇ ਡੇਰੇ ਲਾਏ ਹੋਏ ਸਨ। ਵਿਚ ਥੋੜ੍ਹੀ ਵੀ ਵਿੱਥ ਨਹੀਂ ਰੱਖੀ ਸੀ, ਇਸ ਪ੍ਰਕਾਰ ਦ੍ਰਿੜ੍ਹਤਾ ਨਾਲ ਘੇਰਾ ਪਾਇਆ ਹੋਇਆ ਸੀ॥ ੨੫॥

ਪਰਬਤ ਦਿਸ਼ ਪਰਬਤ ਪਤਿ ਗਨ ਕੀ ਚਮੂੰ ਪਰੀ ਸਵਧਾਨਾ।
ਗਜ ਬਾਜੀ ਗਨ ਲਗੇ ਤਬੇਲੇ ਸ਼ਬਦ ਉਠੈਂ ਜਹਿਂ ਨਾਨਾ॥ ੨੬॥

ਪਹਾੜਾਂ ਵਾਲੇ ਪਾਸੇ ਪਹਾੜੀ ਰਾਜਿਆਂ ਦੀ ਵੱਡੀ ਸੈਨਾ ਸਾਵਧਾਨ ਹੋ ਕੇ ਪਈ ਸੀ। ਹਾਥੀਆਂ, ਘੋੜਿਆਂ ਦੇ ਤਬੇਲੇ ਲੱਗੇ ਹੋਏ ਸਨ, ਜਿਨ੍ਹਾਂ ਵਿਚੋਂ ਬਹੁਤ ਪ੍ਰਕਾਰ ਦੀਆਂ ਆਵਾਜ਼ਾਂ ਉੱਠ ਰਹੀਆਂ ਸਨ॥ ੨੬॥

ਲਾਖਹੁਂ ਲਸ਼ਕਰ ਚਹੁਦਿਸ਼ਿ ਉਤਰਜੋ ਤੰਬੂ ਗਨ ਸ਼ਮਿਯਾਨੇ।
ਜਹਿਂ ਕਹਿਂ ਪਿਖਿਯਤਿ ਕਪੜ ਕੋਟ ਕੋ, ਬਰਨ ਬਰਨ ਬਰ ਬਾਨੇ॥ ੨੭॥

ਲੱਖਾਂ ਦਾ ਲਸ਼ਕਰ ਚਾਰੇ ਪਾਸੇ ਉੱਤਰਿਆ ਸੀ ਤੇ ਬਹੁਤ ਤੰਬੂ ਅਤੇ ਸ਼ਾਮਿਆਨੇ ਲੱਗੇ ਹੋਏ ਸਨ। ਜਿੱਥੇ ਕਿੱਥੇ ਕੱਪੜਿਆਂ ਦੇ ਕੋਟ ਦਿੱਸਦੇ ਸਨ ਤੇ ਸੈਨਾ ਦੇ ਲੋਕ ਰੰਗ-ਬਰੰਗੇ ਸ੍ਰੇਸ਼ਟ ਭੇਸ ਪਹਿਣੇ ਹੋਏ ਦਿਖਾਈ ਦਿੰਦੇ ਸਨ॥ ੨੭॥

ਤਿਮ ਝੰਡੇ ਚਹੁੰਦਿਸ਼ਿ ਮਹਿਂ ਊਚੇ ਝੂਲਤਿ ਨਾਨਾ ਰੰਗਾ।
ਗਜ ਚਿੰਘਾਰਤਿ ਹਯਨਿ ਹਿਰੇਖਾ ਊਠਤਿ ਸ਼ਬਦ ਉਤੰਗਾ॥ ੨੮॥

ਉਸ ਪ੍ਰਕਾਰ ਹੀ ਚਾਰੇ ਪਾਸੇ ਕਈ ਰੰਗਾਂ ਦੇ ਉੱਚੇ ਝੰਡੇ ਝੂਲਦੇ ਸਨ। ਹਾਥੀ ਚੰਘਾੜਦੇ ਸਨ, ਘੋੜੇ ਹਿਣਕਦੇ ਸਨ ਤੇ ਊਠ ਉੱਚੀ ਆਵਾਜ਼ ਵਿਚ ਅੜਾਉਂਦੇ ਸਨ॥ ੨੮॥

ਲਕਰੀ ਘਾਸ ਨਿਖੁਟੀ ਜਹਿਂ ਕਹਿਂ ਦੂਰ ਦੂਰ ਤੇ ਆਨੈਂ।
ਭਰਤੀ ਅੰਨ ਘਨੀ ਚਲਿ ਆਵਤਿ ਦੇਸ਼ ਬਿਦੇਸ਼ ਮਹਾਨੈ॥ ੨੯॥

ਜਿੱਥੇ ਕਿੱਥੇ ਲੱਕੜ ਤੇ ਘਾਹ ਮੁਕ ਗਿਆ, ਬਹੁਤ ਦੂਰ-ਦੂਰ ਤੋਂ ਲਿਆਉਂਦੇ ਸਨ। ਸਿੰਘਾਂ ਦੀ ਸੈਨਾ ਅਤੇ ਅਨਾਜ ਦੇਸ਼ਾਂ ਵਿਦੇਸ਼ਾਂ ਵਿਚੋਂ ਬਹੁਤ ਚਲ ਕੇ ਆਉਂਦਾ ਸੀ॥ ੨੯॥

ਅੰਤਰ ਨਹੀਂ ਪ੍ਰਵੇਸ਼ਨਿ ਦੇਵੈਂ ਚਹੁਦਿਸ਼ਿ ਰਖਿ ਤਕਰਾਈ।
ਸ੍ਰੀ ਅਨੰਦਪੁਰਿ ਇਸ ਬਿਧਿ ਘੇਰਜੋ ਮਿਲਿ ਮੂਰਖ ਸਮੁਦਾਈ॥ ੩੦॥

ਪਰ ਸਿੰਘਾਂ ਅਤੇ ਅਨਾਜ ਨੂੰ ਅੰਦਰ ਪ੍ਰਵੇਸ਼ ਨਹੀਂ ਸੀ ਕਰਨ ਦਿੰਦੇ, ਚਾਰੇ ਪਾਸੇ ਤਕੜਾਈ ਕੀਤੀ ਹੋਈ ਸੀ। ਸਾਰੇ ਮੂਰਖਾਂ ਨੇ ਅਨੰਦਪੁਰ ਨੂੰ ਇਸ ਪ੍ਰਕਾਰ ਘੇਰਿਆ ਹੋਇਆ ਸੀ॥ ੩੦॥

ਰਹੈਂ ਮੋਰਚੇ ਨਿਜ ਨਿਜ ਨਿਸ ਮਹਿਂ ਸਿੰਘ ਕਿ ਤੁਰਕ ਪਹਾਰੀ।
ਜਾਗ੍ਰਤਿ ਰਖੈਂ ਸੁਚੇਤੀ ਸਭਿ ਬਿਧਿ ਠਾਂਢੇ ਬਾਰੋ ਬਾਰੀ॥ ੩੧॥

ਰਾਤ ਨੂੰ ਸਿੰਘ, ਪਹਾੜੀਏ ਅਤੇ ਤੁਰਕ ਆਪਣੇ-ਆਪਣੇ ਮੋਰਚਿਆਂ ਵਿਚ ਰਹਿੰਦੇ ਸਨ। ਜਾਗਦੇ ਰਹਿ ਕੇ ਸਾਵਧਾਨੀ ਰੱਖਦੇ ਸਨ ਤੇ ਸਭ ਵਿਧੀਆਂ ਨਾਲ ਵਾਰੋ-ਵਾਰੀ ਖੜ੍ਹੇ ਹੁੰਦੇ ਸਨ॥ ੩੧॥

ਦਿਨ ਮਹਿਂ ਜੇ ਪ੍ਰਧਾਨ ਅਰੁ ਰਾਜੇ ਸਭਿ ਸੂਬਿਨਿ ਢਿਗ ਜਾਵੈਂ।
ਕਰਹਿਂ ਬਾਰਤਾ ਅਨਿਕ ਬਿਧਿਨਿ ਕੀ ਜਤਨ ਸਮੂਹ ਬਨਾਵੈਂ॥ ੩੨॥

ਦਿਨ ਸਮੇਂ ਸਾਰੇ ਰਾਜੇ ਅਤੇ ਉਨ੍ਹਾਂ ਦੇ ਵਜ਼ੀਰ ਸੂਬਿਆਂ ਦੇ ਪਾਸ ਜਾਂਦੇ ਸਨ। ਉਥੇ ਜਾ ਕੇ ਅਨੇਕਾਂ ਵਿਧੀਆਂ ਬਣਾਉਣ ਦੀਆਂ ਗੱਲਾਂ ਕਰਦੇ ਸਨ ਤੇ ਅਨੇਕਾਂ ਯਤਨ ਬਣਾਉਂਦੇ ਸਨ॥ ੩੨॥

ਜ਼ੇਰਦਸਤ ਅਰੁ ਖਾਨ ਵਜੀਦਾ ਭੀਮਚੰਦ ਕਹਿਲੂਰੀ।
ਅਪਰ ਗਿਰਸ਼ੁਰ ਬਨਹਿਂ ਸਲਾਮੀ ਭੂਪਚੰਦ ਹੰਡੂਰੀ॥ ੩੩॥

ਜ਼ਬਰਦਸਤ ਖਾਂ, ਵਜ਼ੀਦ ਖਾਂ, ਭੀਮ ਚੰਦ ਕਹਿਲੂਰੀ, ਭੂਪਚੰਦ ਹੰਡੂਰੀ ਅਤੇ ਹੋਰ ਪਹਾੜੀ ਰਾਜੇ ਸੂਬਿਆਂ ਨੂੰ ਸਲਾਮ ਕਰਦੇ ਸਨ॥ ੩੩॥

ਬਹੁ ਪ੍ਰਕਾਰ ਕੀ ਮਸਲਤਿ ਗਿਨਤੇ ਬਿਨਤੀ ਭਨਹਿਂ ਬਡੇਰੀ।
ਕਰਹਿਂ ਕੁਸ਼ਾਮਦ ਤੁਰਕਨਿ ਕੇਰੀ ਕੋਪ ਨ ਹੁਇਂ ਕਿਸ ਬੇਰੀ॥ ੩੪॥

ਬਹੁਤ ਪ੍ਰਕਾਰ ਦੀਆਂ ਸਲਾਹਾਂ ਗਿਣਦੇ ਸਨ ਤੇ ਵੱਡੀਆਂ-ਵੱਡੀਆਂ ਬੇਨਤੀਆਂ ਕਰਦੇ ਸਨ। ਤੁਰਕਾਂ ਦੀ ਬਹੁਤ ਖੁਸ਼ਾਮਦ ਕਰਦੇ ਸਨ ਕਿ ਕਿਸੇ ਸਮੇਂ ਉਹ ਗੁੱਸੇ ਵਿਚ ਨਾ ਆ ਜਾਣ॥ ੩੪॥

ਇਤ ਸਤਿਗੁਰ ਢਿਗ ਦੋਨ ਸਮੇਂ ਮਹਿਂ ਭਲੇ ਸਿੰਘ ਚਲਿ ਆਵਹਿਂ।
ਦਰਸ਼ਨ ਪਰਸਹਿਂ ਹਰਖਹਿਂ ਉਰ ਮਹਿਂ ਬੰਦਹਿਂ ਸੀਸ ਨਿਵਾਵਹਿਂ॥ ੩੫॥

ਏਧਰ ਸਤਿਗੁਰੂ ਜੀ ਦੇ ਪਾਸ ਦੋਵੇਂ ਸਮੇਂ ਭਲੇ ਸਿੰਘ ਚਲ ਕੇ ਆਉਂਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਹਿਰਦੇ ਵਿਚ ਬੜੇ ਪ੍ਰਸੰਨ ਹੁੰਦੇ ਸਨ ਤੇ ਬੰਦਨਾ ਕਰਕੇ ਸਿਰ ਨਿਵਾਉਂਦੇ ਸਨ॥ ੩੫॥

ਸਭਾ ਲਗਹਿ ਕਹਿਂ ਅਨਿਕ ਬਾਰਤਾ ਸੁਨਿ ਸੁਨਿ ਕਰਿ ਗੁਰ ਬੈਨਾ।
ਬਹੁਰ ਮੋਰਚੇ ਥਿਰਹਿਂ ਆਪਨੇ ਕਰੈਂ ਗੁਜ਼ਾਰਨਿ ਰੈਨਾ॥ ੩੬॥

ਸਭਾ ਲੱਗਦੀ ਸੀ ਜਾਂ ਕੋਈ ਹੋਰ ਗੱਲ ਹੁੰਦੀ ਸੀ, ਗੁਰੂ ਜੀ ਦੇ ਬਚਨ ਸੁਣ ਸੁਣ ਕੇ ਫਿਰ ਆਪਣੇ-ਆਪਣੇ ਮੋਰਚਿਆਂ ਵਿਚ ਟਿਕ ਜਾਂਦੇ ਸਨ ਤੇ ਉਥੇ ਰਾਤ ਬਤੀਤ ਕਰਦੇ ਸਨ॥ ੩੬॥

ਅੰਤਰ ਅੰਨ ਲਵਨ ਘ੍ਰਿਤ ਆਦਿਕ ਸੋ ਬਰਤਨ ਮਹਿਂ ਆਵੈ।
ਬੰਦ ਵਹਿਰ ਤੇ ਭਯੋ ਸਰਬ ਕੁਛ ਨਹਿਂ ਪ੍ਰਵੇਸ਼ਬੋ ਪਾਵੈ॥ ੩੭॥

ਅੰਦਰ ਅਨਾਜ, ਲੂਣ, ਘਿਉ ਆਦਿ ਜਿਹੜਾ ਵੀ ਵਰਤੋਂ ਵਿਚ ਆਉਂਦਾ ਸੀ, ਉਹ ਸਾਰਾ ਹੀ ਬਾਹਰ ਤੋਂ ਆਉਣਾ ਬੰਦ ਹੋ ਗਿਆ ਤੇ ਕੁਝ ਵੀ ਅੰਦਰ ਦਾਖਲ ਨਹੀਂ ਸੀ ਹੋ ਸਕਦਾ॥ ੩੭॥

ਇਕ ਦਿਨ ਕਲਗੀਧਰ ਆਨੰਦਪੁਰਿ ਬੈਠੇ ਸਭਾ ਲਗਾਈ।
ਚਮਰ ਚਲਾਚਲ ਢੋਰਤਿ ਸਿਰ ਪਰ ਪਿਖਹਿ ਚਮੂੰ ਸਮੁਦਾਈ॥ ੩੮॥

ਇਕ ਦਿਨ ਸਤਿਗੁਰੂ ਜੀ ਆਨੰਦਪੁਰ ਵਿਚ ਸਭਾ ਲਾ ਕੇ ਬੈਠੇ ਸਨ। ਏਧਰ ਉਧਰ ਚੌਰ ਨੂੰ ਗੁਰੂ ਜੀ ਦੇ ਸਿਰ ਤੇ ਫਿਰਦੇ ਨੂੰ ਸਾਰੀ ਸੈਨਾ ਨੇ ਵੇਖਿਆ॥ ੩੮॥

ਦੂਰ ਦੂਰ ਲਗਿ ਕਰਹਿਂ ਬਿਲੋਕਨ ਇਤ ਉਤ ਦ੍ਰਿਸ਼ਟਿ ਚਲਾਵੈਂ।
ਤੰਬੂ ਸ਼ਮਿਯਾਨੇ ਗਨ ਝੰਡੇ ਜਿਤ ਕਿਤ ਦ੍ਰਿਸ਼ਟੀ ਆਵੈਂ॥ ੩੯॥

ਸੈਨਾ ਵਾਲੇ ਦੂਰ-ਦੂਰ ਤਕ ਦ੍ਰਿਸ਼ਟ ਲਾ ਕੇ ਏਧਰ ਉਧਰ ਵੇਖਦੇ ਸਨ। ਤੰਬੂ, ਸ਼ਾਮਿਆਨੇ ਤੇ ਬਹੁਤ ਝੰਡੇ ਜਿੱਥੇ ਕਿੱਥੇ ਦ੍ਰਿਸ਼ਟੀ ਵਿਚ ਆਉਂਦੇ ਸਨ॥ ੩੯॥

ਸ਼ਾਲਮਲੀ ਕੋ ਬ੍ਰਿੱਛ ਹੁਤੋ ਇਕ ਜਿਹ ਸਕੰਧ ਸਮੁਦਾਯਾ।
ਤੁੰਗ ਅਧਿਕ ਵਿਸਤਾਰ ਸਹਿਤ ਸੋ ਸਘਨ ਪੱਤ੍ਰ ਕੀ ਛਾਯਾ॥ ੪੦॥

ਸਿੰਬਲ ਦਾ ਇਕ ਬ੍ਰਿਛ ਸੀ ਜਿਹੜਾ ਵੱਡੇ-ਵੱਡੇ ਟਾਹਣਿਆਂ ਸਮੇਤ ਸੀ, ਉਹ ਵਿਸਥਾਰ ਸਹਿਤ ਬਹੁਤ ਉੱਚਾ ਸੀ ਤੇ ਉਸ ਦੇ ਪੱਤਿਆਂ ਦੀ ਬੜੀ ਸੰਘਣੀ ਛਾਂ ਸੀ॥ ੪੦॥

ਤਿਸ ਕੇ ਤਰੇ ਥਿਰੇ ਦ੍ਵੈ ਸੂਬੇ ਚੌਪਰ ਖੇਲ ਮਚਾਏ।
ਭੀਮਚੰਦ ਨ੍ਰਿਪ ਭੂਪਚੰਦ ਤੇ ਆਦਿ ਨਿਕਟ ਗਿਰਰਾਏ॥ ੪੧॥

ਉਸ ਦਰੱਖਤ ਦੇ ਥੱਲੇ ਦੋਵੇਂ ਸੂਬੇ ਠਹਿਰੇ ਹੋਏ ਸਨ, ਜਿਹੜੇ ਉਸ ਸਮੇਂ ਚੋਪੜ ਦੀ ਖੇਡ, ਖੇਡ ਰਹੇ ਸਨ। ਭੀਮ ਚੰਦ ਅਤੇ ਭੂਪ ਚੰਦ ਆਦਿ ਪਹਾੜੀ ਰਾਜੇ, ਉਨ੍ਹਾਂ ਦੇ ਪਾਸ ਬੈਠੇ ਸਨ॥ ੪੧॥

ਬਡੀ ਸਭਾ ਜੁਤਿ ਬੈਠੇ ਤਿਹਠਾਂ ਤੁਰਕ ਮਿਲੇ ਪਰਧਾਨਾ।
ਰਿਦੇ ਅਨੰਦਤਿ ਕਰਹਿਂ ਕੁਸ਼ਾਮਤ ਕਹਿ ਕਹਿ ਬਾਤਨ ਨਾਨਾ॥ ੪੨॥

ਉਥੇ ਸਾਰੇ ਪਹਾੜੀ ਰਾਜੇ ਆਪਣਿਆਂ ਵਜ਼ੀਰਾਂ ਸਮੇਤ ਇਕੱਠੇ ਹੋ ਕੇ ਸਭਾ ਸਹਿਤ ਬੈਠੇ ਸਨ। ਹਿਰਦੇ ਵਿਚ ਬੜੇ ਪ੍ਰਸੰਨ ਹੋ ਕੇ ਸੂਬਿਆਂ ਦੀ ਖ਼ੁਸ਼ਾਮਦ ਕਰ ਰਹੇ ਸਨ ਤੇ ਕਈ ਪ੍ਰਕਾਰ ਦੀਆਂ ਚਾਪਲੋਸੀਆਂ ਵਾਲੀਆਂ ਗੱਲਾਂ ਕਰ ਰਹੇ ਸਨ॥ ੪੨॥

ਧਨੁਖ ਕਠੋਰ ਗੁਰੂ ਕੇ ਆਗੇ ਹਾਥ ਬਿਖੇ ਗਹਿਲੀਨਾ।
ਕੰਚਨ ਲਪਟਜੋ ਸੁੰਦਰ ਖਪਰਾ ਤੀਛਨ ਭੀਛਨ ਕੀਨਾ॥ ੪੩॥

ਗੁਰੂ ਜੀ ਦੇ ਅੱਗੇ ਭਾਰੀ ਕਠੋਰ ਧਨੁੱਖ ਪਿਆ ਸੀ, ਉਸਨੂੰ ਗੁਰੂ ਜੀ ਨੇ ਆਪਣੇ ਹੱਥ ਵਿਚ ਲਿਆ। ਸੋਨਾ ਦੀ ਮੁੱਠੀ ਲੱਗੇ ਵਾਲਾ ਇਕ ਸੁੰਦਰ ਤਿੱਖਾ ਤੀਰ ਹੱਥ ਵਿਚ ਲਿਆ॥ ੪੩॥

ਤਰਕਸ਼ ਤੇ ਤਬਿ ਕਰਜੋ ਨਿਕਾਸਨ ਸੰਧਿ ਪਨਚ ਮਹਿ ਸੋਈ।
ਕਰਿ ਕੈ ਤਾਨ ਕਾਨ ਲਗਿ ਤਾਨਾ ਸ਼ਬਦ ਬਡੋ ਤਬਿ ਹੋਈ॥ ੪੪॥

ਤਦ ਉਸ ਤੀਰ ਨੂੰ ਭੱਥੇ ਵਿਚੋਂ ਬਾਹਰ ਕੱਢਿਆ ਤੇ ਫਿਰ ਉਸ ਨੂੰ ਧਨੁੱਖ ਦੇ ਚਿੱਲੇ ਵਿਚ ਰੱਖਕੇ ਧਨੁੱਖ ਨੂੰ ਫਿਰ ਸਾਰੇ ਜ਼ੋਰ ਨਾਲ ਕੰਨਾਂ ਤੱਕ ਖਿੱਚ ਕੇ ਛੱਡਿਆ ਤਾਂ ਉਸ ਸਮੇਂ ਬਹੁਤ ਉੱਚੀ ਆਵਾਜ਼ ਪੈਦਾ ਹੋਈ॥ ੪੪॥

ਕਰਿ ਉਦੇਸ਼, ਸੂਬਾ ਜਹਿਂ ਬੈਠਜੋ ਤਿਤ ਕੋ ਸਤਿਗੁਰ ਤਜਾਗਾ।
ਹੁਤੋ ਪ੍ਰਯੰਕ ਥਿਰਜੋ ਜਿਸ ਊਪਰ ਪਾਵੇ ਮਹਿਂ ਸਰ ਲਾਗਾ॥ ੪੫॥

ਨਿਸ਼ਾਨਾ ਵੇਖ ਕੇ ਜਿੱਥੇ ਸੂਬੇ ਬੈਠੇ ਹੋਏ ਸਨ, ਉਸ ਪਾਸੇ ਸਤਿਗੁਰੂ ਜੀ ਨੇ ਤੀਰ ਨੂੰ ਛੱਡ ਦਿੱਤਾ। ਜਿਸ ਪਲੰਘ ਉੱਤੇ ਦੋਵੇਂ ਸੂਬੇ ਬੈਠੇ ਸਨ, ਉਸ ਪਲੰਘ ਦੇ ਇਕ ਪਾਵੇ ਵਿਚ ਤੀਰ ਜਾ ਕੇ ਲੱਗਾ॥ ੪੫॥

ਖਪਰਾ ਲਗਤਿ ਫਟਜੋ ਸੋ ਤਤਖਿਨ ਔਚਕ ਉਦਕੇ ਸਾਰੇ।
ਤੀਛਨ ਭੀਛਨ ਕੀਨ ਨਿਰੀਛਨ 'ਖਪਰਾ ਇਹ ਗੁਰ ਮਾਰੇ'॥ ੪੬॥

ਤੀਰ ਲੱਗਣ ਨਾਲ ਉਹ ਪਾਵਾ ਤੁਰਤ ਫਟ ਗਿਆ ਤੇ ਉਥੇ ਬੈਠੇ ਸਾਰੇ ਤ੍ਰਬਕ ਕੇ ਉੱਠ ਖੜ੍ਹੇ ਹੋਏ। ਤਿੱਖੇ ਤੀਰ ਦਾ ਫਿਰ ਨਿਰੀਖਣ ਕੀਤਾ ਤੇ ਕਹਿਣ ਲੱਗੇ, "ਇਹ ਤੀਰ ਗੁਰੂ ਜੀ ਨੇ ਮਾਰਿਆ ਹੈ"॥ ੪੬॥

ਜ਼ੋਰਦਸਤ ਨਿਜ ਦਸਤ ਨਿਕਾਸਜੋ ਕਹਿ ਬਜੀਦ ਖਾਂ ਸੰਗਾ।
'ਇਤੀ ਦੂਰ ਸਰ ਪਹੁੰਚਜੋ ਜਿਨ ਕੋ ਕਹਾਂ ਓਜ ਨਰ ਅੰਗਾ॥ ੪੭॥

ਜ਼ਬਰਦਸਤ ਖਾਂ ਨੇ ਆਪਣੇ ਹੱਥ ਨਾਲ ਪਾਵੇ ਵਿਚੋਂ ਕੱਢਿਆ ਤੇ ਵਜ਼ੀਦ ਖਾਂ ਨੂੰ ਕਹਿਣ ਲੱਗਾ, "ਜਿਸ ਦਾ ਏਥੋਂ ਤਕ ਤੀਰ ਪਹੁੰਚ ਗਿਆ ਹੈ, ਉਸ ਵਿਚ ਕਿੰਨੀ ਸ਼ਕਤੀ ਹੋਵੇਗੀ, ਇਕ ਮਨੁੱਖੀ ਅੰਗਾਂ ਵਿਚ ਭਲਾ ਕਿੱਥੇ ਏਨਾ ਜ਼ੋਰ ਹੈ॥ ੪੭॥

ਕੋਸ ਅਢਾਈ ਅਹੈ ਅਨੰਦ ਪੁਰਿ ਜਹਿਂ ਤੇ ਬੈਠਿ ਪ੍ਰਹਾਰਾ।
ਨਰ ਤਨ ਕੋ ਕੁਛ ਇਹ ਬਲ ਨਾਂਹਿਨ ਅਜ਼ਮਤਿ ਕੋ ਬਲ ਭਾਰਾ ॥ ੪੮॥

ਵੇਖੋਂ ਅਨੰਦਪੁਰ ਢਾਈ ਕੋਹ ਦੂਰ ਹੈ, ਜਿੱਥੋਂ ਬੈਠ ਕੇ ਇਹ ਵਾਰ ਕੀਤਾ ਹੈ, ਇਹ ਮਨੁੱਖਾ ਸਰੀਰ ਦਾ ਬਲ ਨਹੀਂ ਹੈ, ਇਹ ਕਿਸੇ ਕਰਾਮਾਤ ਕਰਕੇ ਭਾਰੀ ਬਲ ਪ੍ਰਾਪਤ ਹੋਇਆ ਹੈ' ॥ ੪੮॥

ਰਤਨ ਜਰੇ ਬਰ ਬਾਗਰ ਉਪਰ, ਹੇਰਤਿ ਸਰਬ ਸਰਾਹਾ।
'ਕੰਚਨ ਲਿਪਤਿ ਮੋਟ ਬਡ ਕਾਨੋ ਲੋਹ ਪੁਲਾਦੀ ਆਹਾ॥ ੪੯॥

ਤੀਰ ਦਾ ਪਿਛਲਾ ਹਿੱਸਾ ਸ੍ਰੇਸ਼ਟ ਰਤਨਾਂ ਨਾਲ ਜੜਿਆ ਹੋਇਆ ਹੈ, ਉਸ ਨੂੰ ਵੇਖ ਕੇ ਸਭ ਨੇ ਤੀਰ ਦੀ ਸ਼ਲਾਘਾ ਕੀਤੀ। 'ਫੁਲਾਦੀ ਤੀਰ ਦੇ ਪਿਛਲੇ ਪਾਸੇ ਸੋਨਾ ਲੱਗਾ ਹੋਇਆ ਹੈ॥ ੪੯॥

ਮੁਖੀ ਅਹੈ ਕਰ ਤਲ ਸਮ ਆਯੁਤ, ਨਰ ਤਨ ਕੌਨ ਚਲਾਵੈ।
ਅਜ਼ਮਤਿ ਜੁਤਿ ਗੁਰ ਕਰੈ ਪ੍ਰਹਾਰਨਿ ਇਤੀ ਦੂਰ ਪਹੁਚਾਵੈ॥ ੫੦॥

ਤੀਰ ਦੀ ਮੁਖੀ ਹੱਥ ਦੀ ਤਲੀ ਵਾਂਗ ਚੌੜੀ ਹੈ, ਕਿਹੜਾ ਮਨੁੱਖ ਇਸ ਨੂੰ ਚਲਾ ਸਕਦਾ ਹੈ। ਕਰਾਮਾਤ ਸਹਿਤ ਗੁਰੂ ਜੀ ਹਨ, ਜਿਹੜੇ ਤੀਰ ਨੂੰ ਏਡੀ ਦੂਰ ਪਹੁੰਚਾ ਸਕਦੇ ਹਨ॥ ੫੦॥

ਕਹਹੁ ਲਗੈ ਇਹ ਬਚਹਿ ਕੌਨ ਤਬਿ ਜਥਾ ਤੋਪ ਕੋ ਗੋਰਾ।
ਭੜਭੜਾਇ ਹਮ ਪਰੇ ਸਭੈ ਅਬਿ 'ਰਖਿ ਖੁਦਾਇ ਤਨ ਮੋਰਾ' ॥ ੫੧॥

ਕਹੋ ਜੋ ਇਹ ਕਿਸੇ ਦੇ ਲੱਗ ਜਾਵੇ ਤਾਂ ਉਹ ਕਿਵੇਂ ਬਚ ਸਕਦਾ ਹੈ, ਇਹ ਤਾਂ ਜਿਵੇਂ ਤੋਪ ਦਾ ਗੋਲਾ ਹੈ। ਹੁਣ ਅਸੀਂ ਸਾਰੇ ਅਬੜਵਾਹੇ ਘਬਰਾ ਉੱਠੇ ਹਾਂ, ਖ਼ੁਦਾ ਨੇ ਮੇਰੇ ਸਰੀਰ ਨੂੰ ਰੱਖ ਲਿਆ ਹੈ' ॥ ੫੧॥

ਤਜਜੋ ਖੇਲ ਚੌਪਰ ਕੋ ਤਬਿ ਹੀ ਕਹਿ ਕਹਿ ਸਭਿ ਬਿਸਮਾਏ।
ਦੂਰਬੀਨ ਤਬਿ ਲਾਵਨ ਕੀਨੀ ਬੈਠੇ ਪ੍ਰਭੁ ਸੁਹਾਏ॥ ੫੨॥

ਤਦ ਚੌਪੜ ਦੀ ਖੇਡ ਨੂੰ ਛੱਡ ਦਿੱਤਾ, ਕਹਿ ਕਹਿ ਕੇ ਸਾਰੇ ਹੈਰਾਨ ਹੋ ਰਹੇ ਸਨ। ਜਦ ਦੂਰਬੀਨ ਲਾ ਕੇ ਵੇਖਿਆ ਤਾਂ ਅੱਗੇ ਗੁਰੂ ਜੀ ਸ਼ੋਭ ਰਹੇ ਸਨ॥ ੫੨॥

ਸਭਾ ਸਹਿਤ ਅਵਲੋਕਤਿ ਸਗਰੇ ਚਮਰ ਚਲਾਚਲ ਚਾਰੂ।
ਪਾਨ ਕਮਾਨ ਧਰੇ ਜੁਤਿ ਬਾਨਹਿ ਦੀਪਤਿ ਸ਼ੋਭ ਉਦਾਰੂ॥ ੫੩॥

ਸਭਾ ਸਹਿਤ ਸਾਰਿਆਂ ਨੇ ਵੇਖਿਆ, ਸੁੰਦਰ ਚੌਰ ਗੁਰੂ ਜੀ ਦੇ ਸਿਰ ਉੱਤੇ ਏਧਰ ਓਧਰ ਫਿਰ ਰਿਹਾ ਸੀ। ਪਾਸ ਤੀਰਾਂ ਸਹਿਤ ਧਨੁੱਖ ਬਾਣ ਧਰਿਆ ਸੀ, ਜਿਹੜਾ ਬੜਾ ਸੁੰਦਰ ਸ਼ੋਭ ਰਿਹਾ ਸੀ॥ ੫੩॥

*ਛੇਵੀਂ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ ॥੧੪॥*

☆☆☆

# ਅਧਿਆਇ ਪੰਦਰ੍ਹਵਾਂ

## *ਸਤਿਗੁਰੂ ਜੀ ਦੀ ਤੀਰ ਨਾਲ ਚਿੱਠੀ*

ਦੋਹਰਾ- ਜਥਾ ਬਾਰਤਾ ਪਰਸਪਰ ਗਿਰਪਤਿ ਸੂਬਨ ਕੀਨਿ।
ਤਥਾ ਪ੍ਰਭੂ ਜਾਨਤਿ ਭਏ ਜੋ ਨਿਸ਼ਚੈ ਚਿਤ ਚੀਨ॥ ੧॥

ਜਿਵੇਂ ਵੀ ਸੂਬਿਆਂ ਅਤੇ ਪਹਾੜੀ ਰਾਜਿਆਂ ਨੇ ਆਪਸ ਵਿਚ ਮਿਲ ਕੇ ਗੱਲਾਂ ਕੀਤੀਆਂ, ਉਸ ਤਰ੍ਹਾਂ ਹੀ ਪ੍ਰਭੂ ਸਤਿਗੁਰੂ ਜੀ ਸਭ ਕੁਝ ਆਪਣੇ ਚਿੱਤ ਵਿਚ ਜਾਣ ਗਏ॥੧॥

*ਲਲਿਤਪਦ ਛੰਦ*-ਕਾਗਦ ਕੋ ਸ਼੍ਰੀ ਸਤਿਗੁਰ ਲੇਕਰਿ ਹਰਫ ਫਾਰਸੀ ਕੇਰੇ।
ਲਿਖਤਿ ਭਏ ਤਿਸ ਊਪਰ ਆਛੇ ਰਿਪੁਨਿ ਬ੍ਰਿਤੰਤ ਘਨੇਰੇ॥ ੨॥

ਫਿਰ ਇਕ ਕਾਗਜ਼ ਲੈ ਕੇ ਸਤਿਗੁਰੂ ਜੀ ਨੇ ਉਸ ਉੱਤੇ ਫ਼ਾਰਸੀ ਹਰਫ਼ ਲਿਖੇ ਤੇ ਉਸ ਉੱਤੇ ਵੈਰੀਆਂ ਦਾ ਚੰਗੀ ਤਰ੍ਹਾਂ ਬਿਰਤਾਂਤ ਲਿਖ ਦਿੱਤਾ॥ ੨॥

'ਦਾਨਸ਼ਵੰਦਨ ਦਾਨਸ਼ ਕੀਨਸਿ ਬਿੱਦਜਾ ਕੋ ਅੱਭਜਾਸਾ।
ਕਰਹਿ ਨਿਤਾਪ੍ਰਤਿ ਹੁਇ ਤਿਹ ਪ੍ਰਾਪਤਿ ਸੁਭਟ ਧਰਹਿਂ ਭਰਵਾਸਾ॥੩॥

"ਤੁਸੀਂ ਅਕਲਮੰਦਾਂ ਨੇ ਦਾਨਾਈ ਕੀਤੀ ਹੈ ਕਿ ਇਹ ਕਰਾਮਾਤ ਹੈ, ਇਹ ਤਾਂ ਧਨੁੱਖ ਵਿੱਦਿਆ ਦਾ ਅਭਿਆਸ ਹੈ। ਜੋ ਨਿਤ ਕਰੇਗਾ ਉਸਨੂੰ ਪ੍ਰਾਪਤ ਹੋਵੇਗੀ, ਸੂਰਬੀਰ ਇਸ 'ਤੇ ਭਰਵਾਸਾ ਕਰਦੇ ਹਨ॥ ੩॥

ਕਰਾਮਾਤ ਕੋ ਕਹਿਰ ਕਹੈ ਬਡ ਕਰਤਿ ਨ ਰਨ ਕੇ ਮਾਂਹੀ।
ਇਹ ਤੋ ਕਰਮ ਕਰੀਮ ਕਰਜੋ ਕੁਲ ਕਰਤਾ ਪੁਰਖ ਅਲਾਹੀ॥ ੪॥

ਕਰਾਮਾਤ ਨੂੰ ਕਹਿਰ ਕਹਿੰਦੇ ਹਨ, ਵੱਡੀ ਕਰਾਮਾਤ ਰਣਖੇਤਰ ਵਿਚ ਨਹੀਂ ਕਰਦੇ ਹਨ, ਪਰ ਇਹ ਤਾਂ ਕੁੱਲ ਦੇ ਕਰਤਾ ਪੁਰਖ ਇਲਾਹੀ ਨੇ ਕਰਮ ਕੀਤਾ ਹੈ॥ ੪॥

ਭੂਤ ਭਵਿਖਜਤ ਵਰਤਮਾਨ ਮਹਿਂ ਵਿਦਜਾ ਜਿਨਹੁ ਕਮਾਈ।
ਦੁਰਗਮ ਕੋ ਭੀ ਸੁਗਮ ਕਰਤਿ ਹੈਂ, ਦੁਲਭ ਸੁਲਭ ਹੁਇ ਜਾਈ' ॥੫॥

ਭੂਤ, ਭਵਿੱਖ, ਵਰਤਮਾਨ ਵਿਚ ਜਿਸ ਨੇ ਵੀ ਇਸ ਵਿੱਦਿਆ ਦੀ ਕਮਾਈ ਕੀਤੀ ਹੈ, ਉਹ ਔਖੇ ਕੰਮ ਨੂੰ ਵੀ ਸੌਖਾ ਬਣਾ ਲੈਂਦੇ ਹਨ ਤੇ ਜਿਹੜਾ ਦੁਰਲੱਭ ਹੈ, ਉਹ ਆਸਾਨੀ ਨਾਲ ਲੱਭ ਜਾਂਦਾ ਹੈ" ॥ ੫॥

ਲਿਖਜੋ ਪੱਤ੍ਰ ਸੋ ਕਰਜੋ ਇਕੱਤ੍ਰ ਧਾਗੇ ਸੋਂ ਸਰ ਬੰਧਾ।
ਬਹੁਰੋ ਧਨੁਖ ਕਠੋਰ ਲਿਯੋ ਕਰ ਬਾਨ ਪਨਚ ਮਹਿਂ ਸੰਧਾ॥ ੬॥

ਉਹ ਪੱਤਰ ਲਿਖ ਕੇ ਇਕੱਠਾ ਕੀਤਾ ਤੇ ਇਕ ਧਾਗੇ ਨਾਲ ਤੀਰ ਨਾਲ ਬੰਨ੍ਹ ਦਿੱਤਾ। ਫਿਰ ਹੱਥ ਵਿਚ ਬਾਣ ਲੈ ਕੇ ਸਖ਼ਤ ਧਨੁੱਖ ਨੂੰ ਹੱਥ ਵਿਚ ਫੜਿਆ ਤੇ ਚਿੱਲੇ ਵਿਚ ਰੱਖਿਆ॥ ੬॥

ਤਾਨਿ ਕਾਨ ਲਗਿ ਬਲ ਤੇ ਛੋਡਜੋ ਚਲਜੋ ਸ਼ੂੰਕ ਅਸਮਾਨਾ।
ਦਾਰੁਨ ਸ਼ਬਦ ਚਾਂਪ ਤੇ ਹੋਵਾ ਬੈਠੇ ਪਿਖਹਿਂ ਸੁਜਾਨਾ॥ ੭॥

ਫਿਰ ਕੰਨਾਂ ਤੱਕ ਖਿੱਚ ਕੇ ਵੱਡੇ ਬਲ ਨਾਲ ਛੱਡਿਆ, ਜਿਹੜਾ ਸ਼ੂਕਦਾ ਹੋਇਆ ਅਸਮਾਨ ਵੱਲ ਚਲੇ ਗਿਆ। ਧਨੁੱਖ ਦੇ ਚਿੱਲੇ ਦੀ ਬੜੀ ਭਿਆਨਕ ਆਵਾਜ਼ ਹੋਈ, ਚਤੁਰ ਲੋਕ ਬੈਠੇ ਵੇਖ ਰਹੇ ਸਨ॥ ੭॥

ਗਿਰਪਤਿ ਤੁਰਕ ਜਹਾਂ ਬਿਸਮਾਏ ਕਰੈਂ ਪਰਸਪਰ ਬਾਤੀ।
ਸ਼ਾਲਮਲੀ ਕੋ ਬਡੋ ਕਾਂਡ ਜੋ ਜਿਸ ਤਰੁ ਤਰ ਨਰ ਪਾਤੀ॥ ੮॥

ਪਹਾੜੀ ਰਾਜੇ ਅਤੇ ਤੁਰਕ ਜਿੱਥੇ ਹੈਰਾਨ ਹੋਏ ਆਪਸ ਵਿਚ ਗੱਲਾਂ ਕਰ ਰਹੇ ਸਨ। ਸਿੰਬਲ ਦੇ ਵੱਡੇ-ਵੱਡੇ ਟਾਹਣਿਆਂ ਵਾਲੇ ਬ੍ਰਿਛ ਦੇ ਥੱਲੇ ਜਿੱਥੇ ਬਹੁਤ ਮਨੁੱਖਾਂ ਦੀ ਪੰਗਤੀ ਬੈਠੀ ਸੀ॥ ੮॥

ਬਡੇ ਸ਼ਬਦ ਜੁਤਿ ਲਗਜੋ ਜਾਇ ਕਰ ਸਭਿਨਿ ਕਰੇ ਦ੍ਰਿਗ ਊਚੇ।
ਕਹਾਂ ਬਿਲੋਕੈਂ ਲਗਜੋ ਆਨਿ ਕਰਿ ਦੂਸਰ ਬਾਨ ਪਹੂਚੇ॥ ੯॥

ਵੱਡੀ ਆਵਾਜ਼ ਸਹਿਤ ਜਾ ਕੇ ਲੱਗਾ ਤੇ ਸਾਰਿਆਂ ਨੇ ਆਪਣੇ ਨੈਣ ਉੱਚੇ ਕਰ ਲਏ। ਕੀ ਵੇਖਦੇ ਹਨ ਕਿ ਦੂਸਰਾ ਬਾਨ ਪਹੁੰਚ ਕੇ ਆ ਕੇ ਲੱਗਾ ਹੈ॥ ੯॥

ਨੀਕੇ ਪਿਖਜੋ ਸੁ ਕਾਗਦ ਲਟਕਤਿ ਬੰਧਜੋ ਤਾਗੇ ਸੰਗਾ।
ਅਚਰਜ ਹ੍ਵੈ ਕਰਿ ਦਾਸ ਚਢਾਯਹੁ 'ਆਨਹੁ ਕਾਢਿ ਖਤੰਗਾ' ॥੧੦॥

ਜਦ ਚੰਗੀ ਤਰ੍ਹਾਂ ਵੇਖਿਆ ਤਾਂ ਉਸ ਦੇ ਨਾਲ ਧਾਗੇ ਨਾਲ ਬੰਨ੍ਹਿਆ ਹੋਇਆ ਕਾਗਜ਼ ਲਟਕ ਰਿਹਾ ਸੀ। ਹੈਰਾਨ ਹੋ ਕੇ ਇਕ ਸੇਵਕ ਨੂੰ ਚੜ੍ਹਾਇਆ, "ਇਸ ਤੀਰ ਨੂੰ ਕੱਢ ਕੇ ਲਿਆਵੇ" ॥੧੦॥

ਤ੍ਰਸਤਹਿ ਹੁਇ ਕਰਿ ਤੂਰਨ ਚਢਿ ਕਰਿ ਕਾਢਜੋ ਠਾਨਿ ਉਪਾਏ।
ਲੇ ਕਰਿ ਜ਼ੋਰਦਸਤ ਅਵਲੋਕਜੋ ਖੋਲਜੋ ਦਸਤ ਲਗਾਏ॥ ੧੧॥

ਡਰਦੇ ਹੋਏ ਨੇ ਤੁਰਤ ਦਰੱਖਤ 'ਤੇ ਚੜ੍ਹ ਕੇ ਉਪਾਅ ਕਰਕੇ ਤੀਰ ਨੂੰ ਕੱਢਿਆ। ਫਿਰ ਲੈ ਕੇ ਜ਼ਬਰਦਸਤ ਖਾਂ ਨੇ ਹੱਥ ਲਾ ਕੇ ਖੋਲ੍ਹ ਕੇ ਵੇਖਿਆ॥੧੧॥

ਪਿਖੇ ਲਿਖੇ ਹੈਂ ਹਰਫ ਪਾਰਸੀ ਬਨੀ ਬੈਤ ਬਿਚ ਬਾਚੀ।
ਲਖਜੋ ਮਾਇਨਾ ਸਭਿਨਿ ਸੁਨਾਯਹੁ 'ਇਹ ਬਿੱਦਜਾ ਬਿਧਿ ਸਾਚੀ॥੧੨॥

ਉਸ ਨੇ ਫ਼ਾਰਸੀ ਵਿਚ ਲਿਖੇ ਹੋਏ ਹਰਫ਼ ਵੇਖੇ ਤੇ ਬੈਂਤਾਂ ਵਿਚ ਬਣੀ ਹੋਈ ਇਬਾਰਤ ਪੜ੍ਹੀ। ਜਿਵੇਂ ਉਸ ਦਾ ਮਾਇਨਾ ਸਮਝਿਆ ਸੀ, ਉਸ ਨੂੰ ਸਭ ਨੂੰ ਸੁਣਾਇਆ, "ਇਹ ਸੱਚੀ ਵਿਦਿਆ ਦੀ ਵਿਧੀ ਹੈ॥੧੨॥

ਅਜ਼ਮਤ ਕੀ ਅਜ਼ਮਾਇਸ਼ ਨਾਹਿਨ ਇਹ ਅੱਭਜਾਸ ਪ੍ਰਤਾਪਾ।
ਜਿਨਹੁਂ ਕੀਨ ਤੀਨ ਕੋ ਬਹੁ ਪ੍ਰਾਪਤਿ ਧਰੈਂ ਭਰੋਸਾ ਆਪਾ॥ ੧੩॥

ਏਥੇ ਅਜ਼ਮਤ ਦੀ ਕੋਈ ਅਜ਼ਮਾਇਸ਼ ਨਹੀਂ ਹੈ, ਇਹ ਅਭਿਆਸ ਦਾ ਪ੍ਰਤਾਪ ਹੈ। ਜਿਹੜੇ ਅਭਿਆਸ ਕਰਦੇ ਹਨ, ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਤੇ ਉਹ ਫਿਰ ਆਪਣੇ ਆਪ 'ਤੇ ਭਰੋਸਾ ਧਾਰਨ ਕਰਦੇ ਹਨ॥੧੩॥

ਕਰਾਮਾਤ ਕੀ ਨਿੰਦਾ ਕੀਨੀ ਬਿੱਦਜਾ ਕੀ ਬਡਿਆਈ।
ਜਿਨ ਬੁਧਿ ਬਲ ਤੇ ਬਹੁ ਅਭਜਾਸੀ ਸੋ ਦੁਰਲਭ ਭੀ ਪਾਈ ॥੧੪॥

ਕਰਾਮਾਤ ਦੀ ਨਿੰਦਿਆ ਕੀਤੀ ਹੈ ਤੇ ਵਿੱਦਿਆ ਦੀ ਵਡਿਆਈ ਕੀਤੀ ਹੈ। ਜਿਸ ਨੇ ਬੁੱਧੀ ਦੇ ਬਲ ਨਾਲ ਬਹੁਤ ਅਭਿਆਸ ਕੀਤਾ ਹੈ, ਉਨ੍ਹਾਂ ਨੇ ਹੀ ਇਹ ਦੁਰਲੱਭ ਵਿੱਦਿਆ ਪਾਈ ਹੈ"॥੧੪॥

**ਕਹਿ ਵਜੀਦ ਖਾਂ 'ਅਹੈ ਇਸੀ ਬਿਧਿ ਜਿਨ ਅੱਭਯਾਸ ਕਮਾਵਾ।**
**ਅਸ ਕੋ ਵਸਤੁ ਜੁ ਪ੍ਰਾਪਤਿ ਹੋਇ ਨ ਲੇਤਿ ਜੁ ਕਰਤਿ ਉਪਾਵਾ॥੧੫॥**

ਵਜ਼ੀਦ ਖਾਂ ਨੇ ਕਿਹਾ, "ਇਸ ਤਰ੍ਹਾਂ ਹੀ ਹੈ, ਜਿਸ ਨੇ ਵੀ ਇਸ ਵਿਧੀ ਅਨੁਸਾਰ ਅਭਿਆਸ ਕੀਤਾ ਹੈ, ਐਸੀ ਕੋਈ ਵਸਤੂ ਨਹੀਂ ਜਿਹੜੀ ਪ੍ਰਾਪਤ ਨਾ ਹੋਵੇ, ਉਹ ਪ੍ਰਾਪਤ ਕਰ ਲੈਂਦਾ ਹੈ, ਜਿਹੜਾ ਉਪਾਵ ਕਰਦਾ ਹੈ॥੧੫॥

**ਅਚਰਜ ਅਪਰ ਬਿਚਾਰਹੁ ਚਿਤ ਮਹਿਂ ਹਮ ਤੁਮ ਬਾਤੈਂ ਕੀਨੀ।**
**ਕੋਸ ਅਢਾਈ ਪਰ ਸੋ ਬੈਠੇ ਤਿਹ ਠਾਂ ਸਗਰੀ ਚੀਨੀ॥ ੧੬॥**

ਹੋਰ ਵੀ ਚਿੱਤ ਵਿਚ ਅਸਚਰਜ ਗੱਲ ਬਾਰੇ ਵਿਚਾਰ ਕਰੋ, ਜਿਹੜੀਆਂ ਅਸੀਂ ਮਿਲ ਕੇ ਆਪਸ ਵਿਚ ਗੱਲਾਂ ਕੀਤੀਆਂ ਸਨ, ਉਹ ਗੁਰੂ ਜੀ ਨੇ ਢਾਈ ਕੋਹ ਤੇ ਬੈਠਿਆਂ ਹੀ ਸਾਰੀਆਂ ਗੱਲਾਂ ਜਾਣ ਲਈਆਂ ਹਨ॥੧੬॥

**ਗੁਰੂ ਗੰਭੀਰ ਧੀਰ ਧਰਿ ਭਾਰੀ ਸਭਿ ਘਟਿ ਅੰਤਰਜਾਮੀ।**
**ਕੌਨ ਕਰੈ ਸਮਸਰਤਾ ਤਿਨ ਕੀ ਕਰਾਮਾਤ ਕੋ ਸੁਾਮੀ'॥ ੧੭॥**

ਗੰਭੀਰ ਗੁਰੂ ਜੀ ਨੇ ਭਾਰੀ ਧੀਰਜ ਧਾਰਨ ਕੀਤਾ ਹੈ ਤੇ ਉਹ ਸਭ ਦੇ ਦਿਲਾਂ ਦੀ ਜਾਣਨ ਵਾਲੇ ਅੰਤਰਜਾਮੀ ਹਨ, ਉਨ੍ਹਾਂ ਦੀ ਕੋਣ ਬਰਾਬਰੀ ਕਰ ਸਕਦਾ ਹੈ, ਉਹ ਕਰਾਮਾਤ ਦੇ ਮਾਲਕ ਹਨ"॥੧੭॥

**ਇਮ ਕਹਿ ਸੁਨਿ ਕਰਿ ਬਹੁ ਬਿਸਮਾਏ ਮਿਲੇ ਆਨਿ ਸਮੁਦਾਈ।**
**ਪਢਹਿਂ ਪੱਤ੍ਰ ਕੋ ਬਾਨ ਬਿਲੋਕਹਿਂ ਕਰਹਿਂ ਤਰੀਫ ਬਡਾਈ॥ ੧੮॥**

ਇਸ ਪ੍ਰਕਾਰ ਕਹਿ ਸੁਣ ਕੇ ਬਹੁਤ ਹੈਰਾਨ ਹੋਏ, ਫਿਰ ਹੋਰ ਵੀ ਬਹੁਤ ਲੋਕ ਆ ਮਿਲੇ। ਪੱਤਰ ਪੜ੍ਹ ਕੇ ਬਾਣ ਨੂੰ ਵੇਖਦੇ ਸਨ ਤੇ ਬਹੁਤ ਵਡਿਆਈ ਅਤੇ ਤਾਰੀਫ਼ ਕਰਦੇ ਸਨ॥੧੮॥

**ਸੱਯਦ, ਸ਼ੇਖ, ਪਠਾਨ, ਮੁਗ਼ਲ ਗਨ ਆਨਿ ਆਨਿ ਪਰਵਾਰੇ।**
**ਸਭਿ ਗਿਰਪਤ ਜੁਤਿ ਸਚਿਵਨਿ ਬੈਠੇ ਗੁਰ ਕੋ ਸੁਜਸ ਉਚਾਰੇਂ॥੧੯॥**

ਬਹੁਤ ਸੱਯਦ, ਸ਼ੇਖ, ਪਠਾਣ, ਮੁਗ਼ਲ ਆ ਆ ਕੇ ਘੇਰਾ ਪਾ ਰਹੇ ਸਨ। ਸਾਰੇ ਪਹਾੜੀ ਰਾਜੇ ਆਪਣੇ ਵਜ਼ੀਰਾਂ ਸਮੇਤ ਗੁਰੂ ਜੀ ਦਾ ਜੱਸ ਉਚਾਰਨ ਕਰਦੇ ਸਨ॥੧੯॥

**'ਇਤੀ ਸ਼ਕਤਿ ਕੋ ਧਾਰਨਹਾਰੋ ਨਰ ਲੀਲਾ ਅਨੁਸਾਰੀ।**
**ਹਮ ਸੋਂ ਲਰਤਿ ਬਿਤਯੋ ਚਿਰ ਕਾਲਾ ਨਹਿਂ ਕੁਛ ਬਿਘਨ ਬਿਥਾਰੀ'॥੨੦॥**

"ਏਨੀ ਸ਼ਕਤੀ ਨੂੰ ਧਾਰਨ ਵਾਲੇ ਹਨ ਤੇ ਮਨੁੱਖੀ ਲੀਲ੍ਹਾ ਅਨੁਸਾਰ ਰਹਿ ਰਹੇ ਹਨ, ਸਾਡੇ ਨਾਲ ਲੜਦਿਆਂ ਬਹੁਤ ਸਮਾਂ ਬੀਤ ਗਿਆ ਹੈ, ਕੋਈ ਵਿਘਨ ਵੀ ਨਹੀਂ ਫੈਲਾਇਆ ਹੈ"॥ ੨੦॥

**ਨਿਜ ਨਿਜ ਉਰ ਮਹਿਂ ਡਰ ਸਭਿ ਧਰਿ ਧਰਿ ਗਮਨੇ ਉਠਿ ਉਠਿ ਡੇਰੇ।**
**ਅਸ ਨਹਿਂ ਹੋਹਿ ਗੁਰੂ ਰਿਸ ਕਰਿ ਉਰ ਸਰ ਤੇ ਹਮ ਹਤਿ ਗੇਰੇ॥੨੧॥**

ਆਪਣੇ-ਆਪਣੇ ਦਿਲ ਵਿਚ ਡਰ ਧਾਰ ਕੇ ਸਾਰੇ ਉੱਠ ਉੱਠ ਕੇ ਆਪਣੇ ਡੇਰਿਆਂ ਨੂੰ ਚਲੇ ਗਏ। ਐਸਾ ਨਾ ਹੋਵੇ ਕਿ ਗੁਰੂ ਜੀ ਦਿਲ ਵਿਚ ਗੁੱਸਾ ਕਰਕੇ ਤੀਰ ਮਾਰ ਕੇ ਸਾਨੂੰ ਮਾਰ ਦੇਵਣ॥ ੨੧॥

ਕੋਸ ਅਢਾਈ ਹਤੇ ਨਿਸ਼ਾਨਾ ਕਜਾ ਛੋਰਹਿ ਕਿਸ ਤਾਂਈ।
ਤਊ ਹਮਹਿਂ ਸਮ ਲਰਤਿ ਕਰਤਿ ਰਣ ਇਹ ਤੇ ਬਹੁ ਬਡਿਆਈ ॥੨੨॥

ਜਿਹੜੇ ਢਾਈ ਕੋਹ ਤਕ ਨਿਸ਼ਾਨਾ ਲਾ ਸਕਦੇ ਹਨ, ਉਹ ਕਿਸੇ ਨੂੰ ਕਿਵੇਂ ਛੱਡਣਗੇ। ਫਿਰ ਵੀ ਸਾਡੇ ਵਰਗਿਆਂ ਨਾਲ ਲੜਾਈ ਕਰਦੇ ਹਨ, ਇਹ ਉਨ੍ਹਾਂ ਦੀ ਵੱਡੀ ਵਡਿਆਈ ਹੈ॥ ੨੨॥

ਸਗਰੇ ਰਿਦੇ ਬਿਚਾਰਤਿ ਮਹਿਮਾ ਵਹਿਰ ਕਹੈਂ ਬਹੁ ਨਾਂਹੀ।
ਸਭਿ ਬਿਧਿ ਅਧਿਕ ਪ੍ਰਤਾਪੀ ਜਾਨਹਿਂ 'ਭਜੋ ਨ ਕੋ ਭਵ ਮਾਂਹੀ' ॥੨੩॥

ਸਾਰੇ ਆਪਣੇ ਹਿਰਦੇ ਵਿਚ ਮਹਿਮਾ ਵਿਚਾਰਦੇ ਸਨ, ਬਾਹਰ ਬਹੁਤ ਕੁਝ ਨਹੀਂ ਸਨ ਕਹਿੰਦੇ। ਸਾਰੀਆਂ ਵਿਧੀਆਂ ਨਾਲ ਵੱਡਾ ਪ੍ਰਤਾਪ ਜਾਣਦੇ ਸਨ ਤੇ ਕਹਿੰਦੇ ਸਨ, "ਐਸਾ ਕੋਈ ਵੀ ਧਰਤੀ 'ਤੇ ਨਹੀਂ ਹੈ"॥ ੨੩॥

ਉਤ ਸਤਿਗੁਰ ਅਵਲੋਕਤਿ ਚਹੁ ਦਿਸ਼ ਤੰਬੂ ਗਨ ਸ਼ਮਿਯਾਨੇ।
ਗਜ ਬਾਜੀ ਕੇ ਪੁੰਜ ਖਰੇ ਬਹੁ ਸਿੰਘਨਿ ਸੰਗ ਬਖਾਨੇ॥ ੨੪॥

ਉਧਰ ਸਤਿਗੁਰੂ ਜੀ ਚਾਰੇ ਪਾਸੇ ਤੰਬੂਆਂ ਅਤੇ ਸ਼ਾਮਿਆਨਿਆਂ ਵੱਲ ਵੇਖ ਰਹੇ ਸਨ, ਬਹੁਤ ਹਾਥੀ ਘੋੜੇ ਖੜ੍ਹੇ ਸਨ, ਫਿਰ ਗੁਰੂ ਜੀ ਸਿੰਘਾਂ ਨੂੰ ਕਹਿਣ ਲੱਗੇ॥ ੨੪॥

'ਆਦਿ ਨ ਅੰਤ ਸੈਨ ਕੋ ਲਖਿਯਤਿ ਪਰੀ ਚਹੂੰਦਿਸ਼ ਮਾਂਹੀ।
ਮਤਿ ਕਾਚੀ ਇਤ ਪਰੇ ਪਰਬਤੀ ਚੇਰੇ ਤੁਰਕਨਿ ਚਾਹੀ' ॥ ੨੫॥

"ਸੈਨਾ ਦਾ ਕੋਈ ਆਦਿ ਅੰਤ ਹੀ ਨਹੀਂ ਲੱਭਦਾ ਹੈ, ਚਾਰੇ ਪਾਸਿਆਂ ਵਿਚ ਸੈਨਾ ਹੀ ਸੈਨਾ ਪਈ ਹੈ। ਮਾੜੀ ਮੱਤ ਵਾਲੇ ਪਹਾੜੀਏ ਵੀ ਪਏ ਹਨ, ਉਹ ਤੁਰਕਾਂ ਦੇ ਗ਼ੁਲਾਮ ਬਣਨਾ ਚਾਹੁੰਦੇ ਹਨ" ॥ ੨੫॥

ਦਯਾ ਸਿੰਘ ਕਰ ਜੋਰਿ ਉਚਾਰੀ 'ਆਜ ਤੁਰਕ ਪਤਿ ਰਾਜਾ।
ਸਿੰਧੁ ਮੇਖਲਾ ਅਵਨੀ ਲੀਨਸਿ ਫਿਰੈ ਸੀਸ ਪਰ ਤਾਜਾ॥ ੨੬॥

ਫਿਰ ਦਇਆ ਸਿੰਘ ਨੇ ਹੱਥ ਜੋੜ ਕੇ ਕਿਹਾ, "ਅੱਜ ਤੁਰਕ ਬਾਦਸ਼ਾਹ ਦਾ ਰਾਜ ਹੈ। ਸਮੁੰਦਰ ਤਕ ਉਸ ਸਾਰੀ ਧਰਤੀ ਲੈ ਲਈ ਹੈ ਤੇ ਉਸ ਦੇ ਸਿਰ 'ਤੇ ਤਾਜ ਸ਼ੋਭਦਾ ਹੈ॥ ੨੬॥

ਕਹੂੰ ਮਵਾਸ ਨ ਜਗ ਮਹਿਂ ਛੋਰਯੋ ਦੇਸ਼ ਬਿਦੇਸ਼ ਅਸ਼ੇਸ਼ੂ।
ਹਾਲਾ ਭਰੈਂ ਤੁਰਕਪਤਿ ਆਗੈ ਅਵਰੰਗ ਭਯੋ ਵਿਸ਼ੇਸ਼ੂ॥ ੨੭॥

ਉਸ ਨੇ ਕੋਈ ਵੀ ਆਕੀ ਜਗ ਵਿਚ ਨਹੀਂ ਛੱਡਿਆ ਹੈ, ਕੋਈ ਵੀ ਦੇਸ਼ ਵਿਦੇਸ਼ ਬਾਕੀ ਨਹੀਂ ਛੱਡਿਆ ਹੈ, ਸਾਰੇ ਤੁਰਕ ਬਾਦਸ਼ਾਹ ਨੂੰ ਹਾਲਾ ਭਰਦੇ ਹਨ ਤੇ ਨੌਰੰਗਾ ਇਕ ਵਿਸ਼ੇਸ਼ ਬਾਦਸ਼ਾਹ ਹੈ॥ ੨੭॥

ਅਰਹਿ ਕੋਨ, ਹੇ ਪ੍ਰਭੁ ! ਇਨ ਸਨਮੁਖ ਉਦੈ ਅਸਤ ਤੁਰਕਾਨਾ।
ਆਪ ਲਰਹੁ ਸਭਿ ਸਫਾ ਉਠਾਵਹੁ ਜਗ ਮਹਿਂ ਰਹਿ ਹਿੰਦੁਵਾਨਾ ॥੨੮॥

ਹੇ ਪ੍ਰਭੂ ਜੀ ! ਉਸ ਦੇ ਅੱਗੇ ਕੌਣ ਅੜੇ, ਇਨ੍ਹਾਂ ਦੇ ਸਾਹਮਣੇ ਤੁਰਕ ਰਾਜ ਵਿਚ ਸੂਰਜ ਚੜ੍ਹਦਾ ਅਤੇ ਡੁੱਬਦਾ ਹੈ। ਆਪ ਲੜ ਕੇ ਇਨ੍ਹਾਂ ਦਾ ਸਫਾਇਆ ਕਰ ਦਿਉ ਤਾਂਕਿ ਜਗਤ ਵਿਚ ਹਿੰਦੂ ਧਰਮ ਰਹਿ ਜਾਵੇ॥ ੨੮॥

ਰਾਜੇ ਕੁਛ ਰਜਪੂਤ ਰਹੇ ਜਗ, ਤਿਨ ਕੀ ਬਹੁ ਮਤਿ ਮਾਰੀ।
ਦੇ ਕੰਨਿਜਾ ਤੁਰਕਨਿ ਕੋ ਜੀਵਤਿ ਧਿਕ ਤਿਨ ਕੀ ਸਰਦਾਰੀ ॥੨੯॥

ਜਗਤ ਵਿਚ ਕੁਝ ਰਾਜਪੂਤ ਰਾਜੇ ਰਹੇ ਹਨ, ਉਨ੍ਹਾਂ ਦੀ ਵੀ ਬਹੁਤ ਮੱਤ ਮਾਰੀ ਹੈ, ਉਹ ਆਪਣੀਆਂ ਲੜਕੀਆਂ ਦੇ ਡੋਲੇ ਤੁਰਕਾਂ ਨੂੰ ਦੇ ਕੇ ਵੀ ਜੀਉਂਦੇ ਹਨ, ਧਿਰਕਾਰ ਉਨ੍ਹਾਂ ਦੀ ਸਰਦਾਰੀ ਹੈ॥ ੨੯॥

ਉਦੈ ਅਸਤ ਕੀ ਲੀਨ ਜਮੀਜਤ ਰੱਜਤ ਸਭਿ ਨਰ ਹੋਏ।
ਤੁਮ ਪ੍ਰਭੁ ਲਰਹੁ ਕਿ ਮਾਰਹੁ ਤੁਰਕਨਿ ਅਪਰ ਨ ਜਗ ਮਹਿਂ ਕੋਏ ॥੩੦॥

ਚੜ੍ਹਣ, ਡੁੱਬਣ ਦੀ ਤਸੱਲੀ ਲੈਂਦੇ ਹਨ ਤੇ ਸਾਰੇ ਮਨੁੱਖ ਪਰਜਾ ਬਣ ਗਏ ਹਨ। ਪ੍ਰਭੂ ਜੀ ! ਤੁਸੀਂ ਲੜ ਕੇ ਤੁਰਕਾਂ ਨੂੰ ਮਾਰੋ, ਹੋਰ ਜਗਤ ਵਿਚ ਕੋਈ ਨਹੀਂ ਹੈ, ਜਿਹੜਾ ਇਨ੍ਹਾਂ ਨੂੰ ਮਾਰੇ'' ॥ ੩੦॥

ਇੱਤਯਾਦਿਕ ਕਹਿ ਸੁਨਿ ਸ੍ਰੀ ਸਤਿਗੁਰ ਸੰਧਯਾ ਸਮੈਂ ਪਛਾਨਾ।
ਉਠਿ ਕਰਿ ਚਲੇ ਬੰਦਨਾ ਠਾਨਹਿਂ ਸਿੰਘ ਜੋਰਿ ਜੁਗ ਪਾਨਾ ॥ ੩੧ ॥

ਇਸ ਪ੍ਰਕਾਰ ਕਹਿ ਸੁਣ ਕੇ ਗੁਰੂ ਜੀ ਨੇ ਸ਼ਾਮ ਦਾ ਸਮਾਂ ਜਾਣਿਆ। ਉੱਠ ਕੇ ਚਲੇ ਗਏ, ਸਾਰੇ ਸਿੰਘ ਹੱਥ ਜੋੜ ਕੇ ਦੋਵਾਂ ਚਰਨਾਂ 'ਤੇ ਬੰਦਨਾ ਕਰਦੇ ਸਨ॥ ੩੧॥

ਨਿਜ ਨਿਜ ਮੁਰਚਨਿ ਮਹਿਂ ਸਵਧਾਨੀ ਦੁਹੁਦਿਸ਼ਿ ਮਹਿਂ ਤਕਰਾਈ।
ਖਾਨ ਪਾਨ ਕਰਿ ਗਾਢੇ ਹੋਵਤਿ ਸੁਪਤੇ ਰਾਤਿ ਬਿਤਾਈ॥ ੩੨ ॥

ਆਪਣੇ-ਆਪਣੇ ਮੋਰਚਿਆਂ ਵਿਚ ਸਾਵਧਾਨ ਹੋ ਗਏ ਤੇ ਦੋਵੀਂ ਪਾਸੀਂ ਤਕੜਾਈ ਹੋ ਗਈ। ਖਾ ਪੀ ਕੇ ਤਕੜੇ ਹੁੰਦੇ ਸਨ ਤੇ ਸੌਂ ਕੇ ਰਾਤ ਬਤੀਤ ਕੀਤੀ॥ ੩੨॥

ਦਿਨ ਪ੍ਰਤਿ ਤੋਪ ਤੁਪਕ ਬਹੁ ਛੂਟਹਿਂ ਮੁਰਚਨਿ ਰਹੈ ਲਰਾਈ।
ਇਕ ਦਿਸ਼ ਨਦੀ ਦੁਤਿਯ ਦਿਸ਼ ਗਿਰ ਗਨ ਸ਼ਬਦ ਹੋਤਿ ਸਮੁਦਾਈ ॥੩੩॥

ਪ੍ਰਤਿ ਦਿਨ ਬਹੁਤ ਤੋਪਾਂ ਅਤੇ ਬੰਦੂਕਾਂ ਚਲਦੀਆਂ ਸਨ ਤੇ ਮੋਰਚਿਆਂ ਵਿਚ ਲੜਾਈ ਹੁੰਦੀ ਰਹਿੰਦੀ ਸੀ। ਇਕ ਪਾਸੇ ਸਤਲੁਜ ਨਦੀ ਸੀ ਦੂਸਰੇ ਪਾਸੇ ਪਹਾੜ ਸਨ, ਜਿਸ ਕਰਕੇ ਬਹੁਤ ਉੱਚੀ ਆਵਾਜ਼ ਗੂੰਜਦੀ ਸੀ॥ ੩੩॥

ਜਿਤ ਦਿਸ਼ਿ ਪਰਹਿ ਜੰਗ ਨਰ ਦੀਰਘੁ ਤਿਤ ਦਿਸ਼ਿ ਸਿੰਘ ਸਿਧਾਵੈਂ।
ਖੜਗ ਪ੍ਰਹਾਰਨ ਲਾਗ ਪਹੁੰਚ ਕਰਿ ਰਿਪੁ ਕੀ ਚਮੂੰ ਭਜਾਵੈਂ॥ ੩੪ ॥

ਜਿਸ ਪਾਸੇ ਬਹੁਤ ਮਨੁੱਖਾਂ ਦਾ ਯੁੱਧ ਹੁੰਦਾ ਸੀ, ਉਸੇ ਪਾਸੇ ਸਿੰਘ ਚਲੇ ਜਾਂਦੇ ਸਨ। ਉਹ ਪਹੁੰਚ ਕੇ ਤਲਵਾਰਾਂ ਚਲਾ ਕੇ ਵੈਰੀ ਦੀ ਸੈਨਾ ਨੂੰ ਭਜਾ ਦਿੰਦੇ ਸਨ॥ ੩੪॥

ਕਈ ਬਾਰ ਗਨ ਮਰਹਿਂ ਪਹਾਰੀ ਕਈ ਬਾਰ ਤੁਰਕਾਨਾ।
ਜਿਤ ਦਿਸ਼ਿ ਪਰਹਿ ਜ਼ੋਰ ਬਲ ਦਲ ਕੋ ਘਾਲਹਿਂ ਬਡ ਘਮਸਾਨਾ ॥੩੫॥

ਕਈ ਵਾਰ ਬਹੁਤ ਪਹਾੜੀਏ ਮਰਦੇ ਸਨ, ਕਈ ਵਾਰੀ ਬਹੁਤ ਤੁਰਕ ਮਰ ਜਾਂਦੇ ਸਨ, ਜਿਸ ਪਾਸੇ ਵੀ ਬਲਵਾਨ ਦਲ ਦਾ ਜ਼ੋਰ ਪੈ ਜਾਂਦਾ ਸੀ, ਉਥੇ ਹੀ ਵੱਡਾ ਘਮਸਾਨ ਛੇੜ ਦਿੰਦੇ ਸਨ॥ ੩੫॥

ਯਾਂਤੇ ਡਰਤਿ, ਨ ਕਰਤਿ ਲਰਾਈ ਦਬਕਹਿਂ ਮੁਰਚਨਿ ਮਾਂਹੀ।
ਨਿਜ ਨਿਜ ਥਲ ਮਹਿਂ ਥਿਰ ਹੁਇ ਬੈਠਤਿ ਓਟ ਕਰਹਿਂ ਬਡ ਤਾਂਹੀ ॥੩੬॥

ਇਸ ਕਰਕੇ ਡਰਦੇ ਲੜਾਈ ਨਹੀਂ ਸਨ ਕਰਦੇ, ਮੋਰਚਿਆਂ ਵਿਚ ਦਬਕੇ ਹੋਏ ਬੈਠੇ ਰਹਿੰਦੇ ਸਨ। ਆਪਣੇ-ਆਪਣੇ ਸਥਾਨਾਂ 'ਤੇ ਹੀ ਬੈਠੇ ਰਹਿੰਦੇ ਸਨ ਤੇ ਇਕ ਵੱਡੀ ਓਟ ਲੈ ਲੈਂਦੇ ਸਨ॥ ੩੬॥

ਭੀਮਚੰਦ ਸੂਬਨਿ ਸੰਗ ਮਿਲਿ ਕਰਿ ਨਿਤ ਸੀਖ੍ਯਾ ਅਸ ਦੇਤਾ।
'ਗੁਰ ਢਿਗ ਤਸਕਰ ਗਨ ਬਟਪਾਰੇ ਤਿਨ ਤੇ ਰਹਹੁ ਸੁਚੇਤਾ ॥ ੩੭ ॥

ਭੀਮ ਚੰਦ ਸੂਬਿਆਂ ਨੂੰ ਮਿਲ ਕੇ ਨਿਤ ਇਸ ਪ੍ਰਕਾਰ ਸਿੱਖਿਆ ਦਿੰਦਾ, "ਗੁਰੂ ਜੀ ਪਾਸ ਬਹੁਤ ਚੋਰ ਅਤੇ ਡਾਕੂ ਹਨ, ਇਸ ਕਰਕੇ ਉਸ ਪਾਸੋਂ ਸੁਚੇਤ ਰਹੋ॥ ੩੭॥

ਮੱਦ੍ਰ ਦੇਸ਼ ਆਦਿਕ ਜੇ ਰਾਠਹਿ ਬੀਨ ਬੀਨ ਕਰਿ ਰਾਖੇ।
ਨਿਸ ਮਹਿਂ ਅਧਿਕ ਬਲੀ ਸੇ ਹੋਵਤਿ ਮਹਾਂ ਤਿਮਰ ਅਭਿਲਾਖੇ ॥ ੩੮ ॥

ਪੰਜਾਬ ਦੇਸ਼ ਵਿਚ ਜਿਹੜੇ ਵੱਡੇ-ਵੱਡੇ ਰਾਠ ਹਨ, ਉਨ੍ਹਾਂ ਨੂੰ ਚੁਣ-ਚੁਣ ਕੇ ਰੱਖਿਆ ਹੈ। ਰਾਤ ਨੂੰ ਇਹ ਵੱਡੇ ਬਲਵਾਨ ਹੋ ਜਾਂਦੇ ਹਨ, ਇਹ ਹਮੇਸ਼ਾ ਹਨੇਰਾ ਹੀ ਭਾਲਦੇ ਹਨ॥ ੩੮॥

ਅਸ ਨਹਿਂ ਹੋਇ ਨਿਕਸ ਕਰਿ ਨਿਸ ਮਹਿਂ ਪਰਹਿਂ ਮੋਰਚੇ ਮਾਂਹੀ।
ਕਤਲ ਕਰਹਿਂਗੇ, ਔਚਕ ਧਾਵਹਿਂ, ਕੁਛ ਬਸ ਚਾਲਹਿ ਨਾਂਹੀ ॥ ੩੯ ॥

ਐਸਾ ਨਾ ਹੋਵੇ ਕਿ ਰਾਤ ਨੂੰ ਨਿਕਲ ਕੇ, ਮੋਰਚਿਆਂ ਉੱਤੇ ਹਮਲਾ ਕਰ ਦੇਣ। ਅਚਾਨਕ ਧਾਵਾ ਬੋਲ ਕੇ ਕਤਲ ਕਰ ਦੇਣਗੇ, ਫਿਰ ਕੁਝ ਵੀ ਵੱਸ ਨਹੀਂ ਚਲੇਗਾ॥ ੩੯॥

ਬਹੁਤੇ ਅਹੈਂ ਲੋਹਗੜ ਮਹਿਂ ਸੋ ਰਾਖਹੁ ਬਹੁ ਤਕਰਾਈ।
ਫੇਰਾ ਆਪ ਕਰਹੁ ਤਿਸ ਦਿਸ਼ ਮਹਿਂ ਤਜਿ ਸਿਪਾਹ ਸਮੁਦਾਈ' ॥ ੪੦ ॥

ਬਹੁਤੇ ਸਿੰਘ ਲੋਹਗੜ੍ਹ ਕਿਲ੍ਹੇ ਵਿਚ ਹਨ, ਉਨ੍ਹਾਂ ਨੂੰ ਬਹੁਤ ਤਕੜਾਈ ਕਰਕੇ ਰੱਖੋ। ਉਸ ਪਾਸੇ ਤੁਸੀਂ ਫੇਰਾ ਮਾਰੋ ਤੇ ਵੱਡੇ ਲਸ਼ਕਰ ਨੂੰ ਉਥੇ ਛੱਡੋ" ॥ ੪੦ ॥

ਇੱਤ੍ਯਾਦਿਕ ਸੁਨ ਜ਼ੋਰਦਸਤ ਜੋ ਕਈ ਬਾਰ ਕਰਿ ਫੇਰੇ।
ਸੱਯਦ ਸ਼ੇਖ ਘਨੇ ਤਹਿਂ ਤ੍ਯਾਗੇ ਕਰਿ ਸਵਧਾਨ ਬਡੇਰੇ ॥ ੪੧ ॥

ਇਸ ਪ੍ਰਕਾਰ ਸੁਣ ਕੇ ਜ਼ਬਰਦਸਤ ਖਾਂ ਜੋ ਕਈ ਵਾਰ ਓਧਰ ਫੇਰਾ ਮਾਰ ਚੁਕਿਆ ਸੀ, ਉਸ ਨੇ ਵੱਡੇ ਸਾਵਧਾਨ ਕਰਕੇ ਕਈ ਸੱਯਦ ਅਤੇ ਸ਼ੇਖ ਉਥੇ ਛੱਡ ਦਿੱਤੇ॥ ੪੧॥

ਜਮਾਦਾਰ ਭਾਰੀ ਤਹਿਂ ਛੋਰਾ ਨਾਮ ਸ਼ਰਫਲੀ ਜਾਂਹੀ।
'ਸੁਪਤਹੁ ਨਹਿਂ ਨਿਸ ਮਹਿਂ ਬਨ ਗਾਫਲ ਸ਼ਸਤ੍ਰ ਰਾਖਿ ਕਰ ਮਾਂਹੀ ॥ ੪੨ ॥

ਉਸ ਨੇ ਵੱਡੇ ਸੂਰਬੀਰ ਜਮਾਂਦਾਰ ਸ਼ਰਫਅਲੀ ਨੂੰ ਉਥੇ ਛੱਡਿਆ ਤੇ ਉਸ ਨੂੰ ਕਿਹਾ, "ਸੁਸਤ ਬਣ ਕੇ ਸ਼ਸਤਰਾਂ ਨੂੰ ਹੱਥ ਵਿਚ ਫੜ ਕੇ ਰਾਤ ਨੂੰ ਸੌਣਾ ਨਹੀਂ ਹੈ॥ ੪੨॥

ਸਵਾਧਾਨ ਦੇਖਤਿ ਉਤ ਰਹੀਏ ਦ੍ਰਿਗ ਉਘਾਰ ਕਰਿ ਨੀਕੇ।
ਨਹਿਂ ਆਲਸ ਕਿਸ ਰੀਤਿ ਕਰਹੁ ਤੁਮ ਗਢ ਹੁਇ ਗਯੋ ਨਜੀਕੇ' ॥ ੪੩ ॥

ਸਾਵਧਾਨ ਬਣ ਕੇ ਵੇਖਦੇ ਰਹੋ ਤੇ ਅੱਖਾਂ ਚੰਗੀ ਤਰ੍ਹਾਂ ਉਘਾੜ ਕੇ ਰੱਖੋ। ਕਿਸੇ ਰੀਤੀ ਨਾਲ ਵੀ ਆਲਸ ਨਹੀਂ ਕਰਨਾ ਹੈ, ਕਿਉਂਕਿ ਮੋਰਚਾ ਕਿਲ੍ਹੇ ਦੇ ਨੇੜੇ ਹੀ ਆ ਗਿਆ ਹੈ" ॥ ੪੩ ॥

ਸੁਨਤਿ ਸ਼ਰਫਲੀ ਬਾਕ ਬਖਾਨਾ 'ਕਜਾ ਨਬਾਬ ਇਮ ਭਾਖ੍ਯੋ।
ਹਜ਼ਰਤ ਕੋ ਇਕਬਾਲ ਬਡੇਰਾ ਬਿਜੈ ਕਰਨ ਅਭਿਲਾਖ੍ਯੋ ॥ ੪੪ ॥

ਇਹ ਸੁਣ ਕੇ ਸ਼ਰਫਅਲੀ ਨੇ ਕਿਹਾ, "ਕੀ ਨਵਾਬ ਨੇ ਇਸ ਪ੍ਰਕਾਰ ਕਿਹਾ ਹੈ। ਬਾਦਸ਼ਾਹ ਦਾ ਵੱਡਾ ਇਕਬਾਲ ਹੈ, ਜਿੱਤ ਪ੍ਰਾਪਤ ਕਰਨ ਦੀ ਵੱਡੀ ਅਭਿਲਾਸ਼ਾ ਹੈ॥ ੪੪॥

ਕਿਸ ਕੋ ਪ੍ਰਾਨ ਨ ਪਜਾਰੇ ਹੋਵਹਿਂ ਜੋ ਹਮਰੇ ਪਰ ਆਵੈ।
ਕੇਤਿਕ ਗਢ ਮਹਿਂ ਨਰਭਟ ਠਹਿਰੇ ਨਿਕਸ ਜੁ ਮਾਰ ਮਚਾਵੈਂ॥ ੪੫॥

ਜਿਸ ਨੂੰ ਆਪਣੇ ਪ੍ਰਾਣ ਨਾ ਪਿਆਰੇ ਹੋਣ, ਉਹ ਸਾਡੇ 'ਤੇ ਹਮਲਾ ਕਰਦਾ ਹੈ। ਕਈ ਕਿਲ੍ਹਿਆਂ ਵਿਚ ਸੂਰਬੀਰ ਠਹਿਰੇ ਹਨ ਜਿਹੜੇ ਨਿਕਲ ਕੇ ਮਾਰ ਮਚਾਉਂਦੇ ਹਨ॥ ੪੫॥

ਕਈ ਹਜ਼ਾਰ ਸਿਪਾਹ ਬਿਲੋਕਹੁ ਰਿਪੁ ਕੋ ਤ੍ਰਾਸ ਕਰੰਤੀ।
ਨੀਠ ਨੀਠ ਸਿਖ ਥਿਰੇ ਦੁਰਗ ਮਹਿਂ ਵਹਿਰ ਮ੍ਰਿਤੁ ਦਿਖਰੰਤੀ॥ ੪੬॥

ਕਈ ਹਜ਼ਾਰ ਸਿਪਾਹੀ ਵੇਖੋ, ਵੈਰੀ ਨੂੰ ਜਿਹੜੇ ਡਰ ਉਤਪੰਨ ਕਰਦੇ ਹਨ, ਬੜੀ ਮੁਸ਼ਕਲ ਨਾਲ ਮਸਾਂ-ਮਸਾਂ ਸਿੱਖ ਕਿਲ੍ਹੇ ਵਿਚ ਠਹਿਰੇ ਹਨ, ਕਿਉਂਕਿ ਬਾਹਰ ਉਨ੍ਹਾਂ ਨੂੰ ਮੌਤ ਦਿਖਾਈ ਦਿੰਦੀ ਹੈ॥ ੪੬॥

ਹੁਕਮ ਕਰੋ ਤੋ ਹੇਲਾ ਘਾਲਹਿਂ ਤੋਰਹਿਂ ਗਢ ਦਰਵਾਜਾ।
ਕਹਿ ਕਰਿ ਕਹਾਂ ਤ੍ਰਾਸ ਦਿਖਰਾਵੋ ਹਮ ਹੈਂ ਸੁਭਟ ਸਮਾਜਾ' ॥ ੪੭॥

ਹੁਕਮ ਕਰੋ ਤਾਂ ਹਮਲਾ ਕਰੀਏ, ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜੀਏ, ਕਹਿ ਕੇ ਕਿਉਂ ਡਰ ਵਿਖਾਉਂਦੇ ਹੋ, ਅਸੀਂ ਤਾਂ ਸੂਰਬੀਰ ਯੋਧੇ ਹਾਂ" ॥ ੪੭॥

ਇਮ ਤਕਰਾਈ ਕਰਤਿ ਮੋਰਚਨਿ ਸੂਬੇ ਫਿਰ 'ਦਿਸ਼ਿ ਚਾਰੋਂ।
'ਨਿਕਟ ਨ ਢੂਕਹੁ ਥਿਰੇ ਰਹਹੁ ਥਲ ਘੇਰਾ ਪੁਰਿ ਕੋ ਡਾਰੋ॥ ੪੮॥

ਇਸ ਪ੍ਰਕਾਰ ਫਿਰ ਕੇ ਸੂਬੇ ਨੇ ਚਾਰੇ ਪਾਸੇ ਤਕੜਾਈ ਕਰ ਦਿੱਤੀ। "ਨੇੜੇ ਨਾ ਜਾਵੋ, ਨਗਰ ਨੂੰ ਘੇਰਾ ਪਾ ਕੇ ਖੜ੍ਹੇ ਰਹੋ॥ ੪੮॥

ਲਰਿਬੇ ਮਹਿਂ ਸਮਤਾ ਨਹਿਂ ਬਨਿ ਹੈ ਮਰਹਿਂ ਹਜ਼ਾਰੋਂ ਜੋਧਾ।
ਮਾਰ ਕੂਟ ਪੁਨ ਪ੍ਰਵਿਸ਼ਹਿਂ ਅੰਤਰ ਚਲਹਿ ਨ ਬਸ ਕਿਯ ਕ੍ਰੋਧਾ॥ ੪੯॥

ਲੜਨ ਵਿਚ ਬਰਾਬਰੀ ਨਹੀਂ ਬਣਦੀ ਹੈ, ਹਜ਼ਾਰਾਂ ਯੋਧੇ ਮਰ ਜਾਣਗੇ। ਮਾਰ ਕੁੱਟ ਕੇ ਫਿਰ ਅੰਦਰ ਚਲੇ ਜਾਣਗੇ, ਕ੍ਰੋਧ ਕਰਨ ਨਾਲ ਕੁਝ ਵੀ ਵੱਸ ਨਹੀਂ ਚਲੇਗਾ॥ ੪੯॥

ਅੰਨ ਆਦਿ ਵਸਤੂ ਖੁਰ ਜੈ ਹੈ ਤਉ ਗੁਰ ਵਹਿਰ ਨਿਕਾਸਹਿਂ।
ਜੇ ਕਰਿ ਲਰਤਿ ਰਹੈਂ ਸਿੰਘਨਿ ਸਨ ਲਾਖਹੁਂ ਸੁਭਟ ਬਿਨਾਸਹਿਂ॥ ੫੦॥

ਜਦ ਅਨਾਜ ਵਸਤਾਂ ਖੁਰ ਜਾਣਗੀਆਂ ਤਾਂ ਗੁਰੂ ਜੀ ਨੂੰ ਬਾਹਰ ਕੱਢਾਂਗੇ। ਜੇ ਇਸ ਪ੍ਰਕਾਰ ਸਿੰਘਾਂ ਨਾਲ ਲੜਦੇ ਰਹੇ ਤਾਂ ਲੱਖਾਂ ਸੂਰਬੀਰ ਮਰਵਾ ਲਵਾਂਗੇ॥ ੫੦॥

ਤਊ ਨ ਸਰ ਹੋਵਹਿ ਰਣ ਮੰਡਹਿਂ ਅਪਰ ਉਪਾਵ ਨ ਕੋਈ'।
ਸਗਰੇ ਗਿਰਪਤਿ ਤੁਰਕ ਪ੍ਰਧਾਨਾ ਇਹ ਮਸਲਤ ਦ੍ਰਿਢ ਹੋਈ॥ ੫੧॥

ਫਿਰ ਵੀ ਸਾਡੇ ਪਾਸੋਂ ਯੁੱਧ ਨਹੀਂ ਜਿੱਤਿਆ ਜਾਵੇਗਾ, ਹੋਰ ਕੋਈ ਉਪਾਅ ਨਹੀਂ ਹੈ।" ਸਾਰੇ ਪਹਾੜੀ ਰਾਜਿਆਂ ਅਤੇ ਉਨ੍ਹਾਂ ਦੇ ਵਜ਼ੀਰਾਂ ਨਾਲ ਮਿਲ ਕੇ ਇਹ ਸਲਾਹ ਪੱਕੀ ਹੋਈ ਹੈ॥ ੫੧॥

ਲਰਿਬੇ ਤੇ ਸਭਿ ਅੰਗ ਬਚਾਵਹਿਂ ਮਾਨਿ ਮਰਨ ਕੋ ਤ੍ਰਾਸਾ।
ਘੇਰਾ ਪਾਇ ਖਿਰੇ ਚਹੁੰ ਦਿਸ਼ਿ ਮਹਿਂ ਚਿਰੰਕਾਲ ਜੈ ਆਸਾ ॥ ੫੨ ॥

ਲੜਨ ਤੋਂ ਸਾਰੇ ਅੰਗਾਂ ਨੂੰ ਬਚਾਵੇ ਤੇ ਮਰਨ ਦਾ ਡਰ ਮੰਨੋ। ਘੇਰਾ ਪਾ ਕੇ ਚਾਰੇ ਪਾਸੇ ਖੜ੍ਹੇ ਰਹੋ ਤੇ ਜੈ ਦੀ ਆਸ਼ਾ ਇਸ ਪ੍ਰਕਾਰ ਧਾਰੋ ਕਿ ਇਹ ਚਿਰਾਕੀ ਹੋਵੇਗੀ' ॥ ੫੨ ॥

ਕੇਤਿਕ ਦਿਨ ਬੀਤੇ ਇਸ ਭਾਂਤੀ ਪਰਜੋ ਚੁਗਿਰਦੇ ਘੇਰਾ।
ਸਿੰਘਨ ਕੇ ਉਤਸਾਹ ਵਧੈ ਨਿਤ ਰਿਪੁ ਸਨ ਲਰਿਬੇ ਕੇਰਾ ॥ ੫੩ ॥

ਇਸ ਪ੍ਰਕਾਰ ਕਈ ਦਿਨ ਬੀਤ ਗਏ, ਚਾਰੇ ਪਾਸੇ ਘੇਰਾ ਪਿਆ ਹੋਇਆ ਸੀ। ਸਿੰਘਾਂ ਦਾ ਸਦਾ ਉਤਸ਼ਾਹ ਵਧਦਾ ਸੀ, ਵੈਰੀ ਨਾਲ ਉਹ ਲੜਨਾ ਚਾਹੁੰਦੇ ਸਨ ॥ ੫੩ ॥

*ਛੇਵੀਂ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੫॥*

## ਅਧਿਆਇ ਸੋਲ੍ਹਵਾਂ

*ਸਿੰਘਾਂ ਦਾ ਰਾਤੀਂ ਹੱਲਾ*

ਦੋਹਰਾ- ਹੁਤੋ ਦੂਰ ਕੁਛ ਲੋਹਗੜ ਆਨੰਦ ਪੁਰਿ ਤੇ ਸੋਇ।
ਢੁਕੇ ਮੋਰਚੇ ਨਿਕਟ ਤਿਹਿ ਦਿਨ ਪ੍ਰਤਿ ਗ਼ਾਫਲ ਹੋਇ ॥ ੧ ॥

ਅਨੰਦਪੁਰ ਤੋਂ ਲੋਹਗੜ੍ਹ ਕੁਝ ਦੂਰੀ 'ਤੇ ਸੀ, ਉਸ ਦੇ ਪਾਸ ਜਿਹੜੇ ਵੈਰੀ ਦੇ ਮੋਰਚੇ ਸਨ, ਉਹ ਪ੍ਰਤੀ ਦਿਨ ਸੁਸਤ ਹੁੰਦੇ ਜਾ ਰਹੇ ਸਨ ॥੧॥

ਲਲਿਤਪਦ ਛੰਦ-ਇਕ ਦਿਨ ਨਿਸਾ ਭਈ ਅੰਧਿਆਰੀ ਸ਼ੇਰ ਸਿੰਘ ਬਚ ਭਾਖਾ।
'ਨਾਹਰ ਸਿੰਘ ਜੀ ! ਸਵਾਧਾਨ ਬਨਿ ਸੁਨਿ ਮੇਰੀ ਅਭਿਲਾਖਾ ॥੨ ॥

ਇਕ ਦਿਨ ਰਾਤ ਬਹੁਤ ਹਨੇਰੀ ਸੀ ਤਾਂ ਸ਼ੇਰ ਸਿੰਘ ਨੇ ਬਚਨ ਕੀਤਾ, "ਹੇ ਨਾਹਰ ਸਿੰਘ ਜੀ ! ਸਾਵਧਾਨ ਬਣ ਕੇ ਮੇਰੀ ਅਭਿਲਾਸ਼ਾ ਸੁਣੋ ॥ ੨ ॥

ਸ੍ਰੀ ਅਨੰਦਪੁਰਿ ਤੇ ਕੁਛ ਅੰਤਰ, ਨੇਰ ਨਹੀ ਲਖਿ ਸੋਊ।
ਯਾਂ ਤੇ ਨਿਕਟ ਮੋਰਚੇ ਲਜਾਵਤਿ ਮਨ ਵਧਾਇ ਸਭਿ ਕੋਊ ॥ ੩ ॥

ਸ੍ਰੀ ਅਨੰਦਪੁਰ ਤੋਂ ਕੁਝ ਫ਼ਰਕ ਹੈ, ਇਹ ਸਮਝੋ ਸਾਡਾ ਮੋਰਚਾ ਲੋਹਗੜ੍ਹ ਨੇੜੇ ਨਹੀਂ ਹੈ। ਵੈਰੀ ਆਪਣੇ ਮੋਰਚੇ ਬਹੁਤ ਨੇੜੇ ਲਿਆ ਰਹੇ ਹਨ ਤੇ ਸਾਰਿਆਂ ਦਾ ਦਿਲ ਬਹੁਤ ਵਧਿਆ ਹੈ ॥ ੩ ॥

ਅਗਮ ਪੁਰੇ ਅਰੁ ਹੋਲ ਗੜੀ ਮਹਿਂ ਅਪਰ ਕੇਸ ਗੜ ਸਾਰੇ।
ਦੂਰ ਦੂਰ ਹੈਂ ਸਭਿ ਥਲ ਮੁਰਚੇ ਢੂਕੇ ਨਿਕਟ ਹਮਾਰੇ ॥ ੪ ॥

ਅਗਮਪੁਰੇ, ਹੋਲਗੜ੍ਹ ਅਤੇ ਹੋਰ ਕੇਸਗੜ੍ਹ ਵਿਚ ਸਾਰੇ ਹੀ ਥਾਈਂ ਥਲ ਮੋਰਚੇ ਦੂਰ-ਦੂਰ ਸਥਿਤ ਹਨ, ਪਰ ਏਥੇ ਵੈਰੀ ਦੇ ਮੋਰਚੇ ਸਾਡੇ ਬਿਲਕੁਲ ਨੇੜੇ ਆ ਗਏ ਹਨ ॥ ੪ ॥

ਅਬਿ ਨਿਸ ਮਹਾਂ ਅੰਧੇਰ ਗੁਬਾਰੀ ਦੁਰਜਨ ਗ਼ਾਫਲ ਭਾਰੇ।
ਧਰੇ ਭਰੋਸਾ ਸੁਪਤ ਪਰੇ ਬਹੁ ਕੋ ਇਕ ਜਾਗਨ ਹਾਰੇ॥ ੫॥

ਅੱਜ ਰਾਤ ਮਹਾਂ ਹਨੇਰਾ ਹੈ, ਦੁਸ਼ਟ ਭਾਰੀ ਲਾਪ੍ਰਵਾਹ ਅਤੇ ਗਾਫ਼ਲ ਹੋ ਗਏ ਹਨ। ਭਰੋਸਾ ਧਾਰ ਕੇ ਬਹੁਤੇ ਸੁੱਤੇ ਪਏ ਹਨ, ਕੋਈ ਇਕ ਅੱਧਾ ਜਾਗ ਰਿਹਾ ਹੈ॥ ੫॥

ਊਪਰ ਪਰਹੁ ਕ੍ਰਿਪਾਨਨਿ ਐਂਚਹੁ ਕਰਹੁ ਲਥੇਰ ਪਥੇਰਾ।
ਏਕ ਵਾਰ ਕਰਿ ਕਰਹੁ ਕਿਨਾਰਾ ਪਰਿਹੈ ਰੌਰ ਘਨੇਰਾ॥ ੬॥

ਉਨ੍ਹਾਂ ਦੇ ਉੱਪਰ ਕਿਰਪਾਨਾਂ ਖਿੱਚ ਕੇ ਪੈ ਜਾਵੋ ਤੇ ਸਾਰਿਆਂ ਨੂੰ ਲਥੇੜ ਪਥੇੜ ਕਰ ਦੇਵੋ। ਇਕ ਵਾਰ ਕਰਕੇ ਵਾਪਸ ਆ ਜਾਵੋ ਤਦ ਵੱਡਾ ਰੌਲਾ ਪੈ ਜਾਵੇਗਾ॥ ੬॥

ਨਹੀਂ ਪਛਾਨ ਪਰਸਪਰ ਹੋਵੈ ਕਟਹਿਂ ਪਰਸਪਰ ਸਾਰੇ।
ਹੋਤਿ ਪ੍ਰਾਤਿ ਕੇ ਕਰਹਿਂ ਫਰਕ ਫਿਰ ਨਿਕਟ ਨ ਆਇਂ ਹਮਾਰੇ॥ ੭॥

ਆਪਸ ਵਿਚ ਪਛਾਣ ਵੀ ਨਹੀਂ ਹੋਵੇਗੀ ਤੇ ਆਪਸ ਵਿਚ ਲੜ ਕੇ ਕੱਟੇ ਜਾਣਗੇ। ਸਵੇਰ ਹੋਣ ਤੇ ਫ਼ਰਕ ਵੇਖਣਗੇ, ਫਿਰ ਸਾਡੇ ਨੇੜੇ ਨਹੀਂ ਰਹਿਣਗੇ'॥ ੭॥

ਸੁਨਿ ਨਾਹਰ ਸਿੰਘ ਤਿਹ ਸਮੁਝਾਯਹੁ 'ਹੁਕਮ ਨ ਪ੍ਰਭੁ ਬਖਾਨਾ।
ਨਿਤ ਪ੍ਰਤਿ ਕਹਤਿ 'ਨ ਨਿਕਸਹੁ ਬਾਹਰ ਦੁਰਗ ਰਹਹੁ ਸਵਧਾਨਾ'॥ ੮॥

ਇਹ ਸੁਣ ਕੇ ਨਾਹਰ ਸਿੰਘ ਨੇ ਉਸ ਨੂੰ ਸਮਝਾਇਆ, "ਸਤਿਗੁਰੂ ਜੀ ਨੇ ਇਹ ਹੁਕਮ ਨਹੀਂ ਕੀਤਾ ਹੈ, ਸਦਾ ਇਹ ਕਹਿੰਦੇ ਰਹਿੰਦੇ ਹਨ, "ਬਾਹਰ ਨਾ ਨਿਕਲੋ, ਕਿਲ੍ਹੇ ਦੇ ਅੰਦਰ ਹੀ ਸਾਵਧਾਨ ਰਹੋ"॥ ੮॥

ਅਬਿ ਬੂਝਨ ਕੀ ਬਿਧਿ ਨਹਿਂ ਬਨਿ ਹੈ ਕ੍ਰਿਪਾਸਿੰਧੁ ਸੁਖ ਮਾਂਹੀ।
ਨਹੀਂ ਜਗਾਵਨ ਕੈਸੇ ਹੋਵਹਿ ਕੁਤੋ ਕਹਹਿਂ ਤੁਵ ਪਾਹੀ'॥ ੯॥

ਹੁਣ ਪੁੱਛਣ ਦੀ ਵਿਧੀ ਨਹੀਂ ਬਣਦੀ ਹੈ, ਕਿਰਪਾ ਦੇ ਸਾਗਰ ਇਸ ਸਮੇਂ ਆਰਾਮ ਫ਼ੁਰਮਾ ਰਹੇ ਹਨ। ਹੁਣ ਕਿਸੇ ਪ੍ਰਕਾਰ ਵੀ ਜਗਾਇਆ ਨਹੀਂ ਜਾ ਸਕਦਾ ਹੈ, ਅਸੀਂ ਤੈਨੂੰ ਆਪਣੀ ਕੀ ਸਲਾਹ ਦੱਸੀਏ'॥ ੯॥

ਸ਼ੇਰ ਸਿੰਘ ਪੁਨ ਕਹਜੋ 'ਲਖਹੁ ਇਮ ਰਾਜਨੀਤ ਕੀ ਬਾਤੀ।
ਸਮਾ ਪਾਇ ਰਿਪੁ ਤੇ ਨ ਚੁਕੈ ਕਿਮ ਨਿਸ਼ਚੈ ਕਰਹਿ ਸੁ ਘਾਤੀ॥ ੧੦॥

ਸ਼ੇਰ ਸਿੰਘ ਨੇ ਫਿਰ ਕਿਹਾ, "ਤੁਸੀਂ ਇਸ ਪ੍ਰਕਾਰ ਰਾਜਨੀਤੀ ਦੀ ਗੱਲ ਸਮਝੋ, ਜਦ ਵੈਰੀ ਨੂੰ ਮਾਰਨ ਦਾ ਸਮਾਂ ਮਿਲੇ ਤਾਂ ਉਸ ਨੂੰ ਗਵਾਉਣਾ ਨਹੀਂ ਚਾਹੀਦਾ, ਇਸ ਦਾਵ ਨੂੰ ਪੱਕੀ ਤਰ੍ਹਾਂ ਨਿਸ਼ਚਿਤ ਕਰੋ॥੧੦॥

ਤੁਰਕਨਿ ਕੋ ਮਾਰਨ ਮਤਿ ਗੁਰ ਕੋ ਇਹ ਬਿਧਿ ਤਿਨ ਅਨੁਸਾਰੇ।
ਪ੍ਰਭੁ ਬੂਝਨਿ ਕੀ ਅਬਿ ਨਹਿਂ ਆਛੀ, ਸੁਨਿ ਹੈਂ ਸਕਲ ਸਕਾਰੇ॥ ੧੧॥

ਤੁਰਕਾਂ ਨੂੰ ਮਾਰਨਾ ਗੁਰੂ ਜੀ ਦਾ ਮੱਤ ਹੈ, ਇਸ ਵਿਧੀ ਨਾਲ ਅਸੀਂ ਉਨ੍ਹਾਂ ਦੀ ਆਗਿਆ ਅਨੁਸਾਰ ਹਾਂ। ਸਤਿਗੁਰੂ ਜੀ ਨੂੰ ਪੁੱਛਣ ਦੀ ਗੱਲ ਹੁਣ ਚੰਗੀ ਨਹੀਂ ਹੈ, ਸਵੇਰ ਨੂੰ ਉਹ ਸਾਰੀ ਗੱਲ ਸੁਣ ਹੀ ਲੈਣਗੇ॥੧੧॥

ਅਬਿ ਮੈਂ ਭਲੀ ਭਾਂਤਿ ਰਿਪੁ ਜੋਹੇ ਪਰੇ ਸੁਪਤ ਇਕ ਸਾਰਾ।
ਬਹੁਰ ਘਾਤ ਇਹ ਹਾਥ ਨ ਆਵੈ ਕਰਹੁ ਸੰਘਾਰ ਸਥਾਰਾ॥ ੧੨॥

ਹੁਣ ਮੈਂ ਭਲੀ ਪ੍ਰਕਾਰ ਵੈਰੀਆਂ ਨੂੰ ਵੇਖਿਆ ਹੈ, ਸਾਰੇ ਇਕਸਾਰ ਸੁੱਤੇ ਪਏ ਹਨ। ਫਿਰ ਇਹ ਮੌਕਾ ਹੱਥ ਨਹੀਂ ਆਉਣਾ ਹੁਣੇ ਸਾਰਿਆਂ ਨੂੰ ਮਾਰ ਦੇਵੋ॥੧੨॥

ਛਕਿ ਅਫੀਮ ਮੈਂ ਬਾਹਰ ਗਮਨਜੋਂ ਆਵਤਿ ਜਾਤਿ ਨਿਹਾਰੇ।
ਗ਼ਾਫਲ ਪਰੇ ਤ੍ਰਾਸ ਬਿਨ ਹ੍ਵੈ ਕੈ ਆਛੀ ਬਿਧਿ ਲਿਹੁ ਮਾਰੇ॥੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੩॥

ਸਨੇ ਸਨੇ ਸਭਿ ਸਿੰਘ ਜਗਾਏ ਸੁੱਖਾ ਪੀਵਨ ਕੀਨੋ।
ਸੌਚ ਸ਼ਨਾਨ ਠਾਨਿ ਕਰਿ ਸਗਰੇ ਖੜਗ ਸਿਪਰ ਧਰਿ ਲੀਨੋ॥੧੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥੧੪॥

ਜਾਮ ਨਿਸਾ ਤੇ ਤਯਾਰੀ ਠਾਨਤਿ ਅਪਰ ਦੁ ਘਰੀ ਬਿਤਾਈ।
ਖਟ ਘਟਿਕਾ ਜਬਿ ਰਹੀ ਰਾਤਿ ਲਖਿ ਸਿੰਘ ਤਯਾਰ ਸਮੁਦਾਈ॥੧੫॥

ਪਹਿਰ ਰਾਤ ਤੋਂ ਤਿਆਰੀ ਕਰ ਰਹੇ ਸਨ, ਫਿਰ ਹੋਰ ਦੋ ਘੜੀਆਂ ਬਤੀਤ ਕੀਤੀਆਂ। ਜਦ ਛੇ ਘੜੀਆਂ ਰਾਤ ਰਹਿ ਗਈ ਤੇ ਫਿਰ ਸਾਰਿਆਂ ਨੇ ਤਿਆਰੀ ਕਰ ਲਈ॥੧੫॥

ਸਭਿ ਕੋ ਸਮੁਝਾਵਨ ਕਰਿ ਨੀਕੇ 'ਇਕ ਇਕ ਖੜਗ ਪ੍ਰਹਾਰੇ।
ਬਹੁਰ ਸ਼ੱਤ੍ਰ ਕੇ ਬੀਚ ਨ ਰਹੀਏ ਹੂਜੈ ਤੁਰਤ ਕਿਨਾਰੇ'॥੧੬॥

ਸਾਰਿਆਂ ਨੂੰ ਚੰਗੀ ਤਰ੍ਹਾਂ ਸਮਝਾਇਆ, "ਇਕ ਇਕ ਤਲਵਾਰ ਦਾ ਵਾਰ ਕਰੋ, ਫਿਰ ਵੈਰੀ ਦੇ ਵਿਚ ਨਾ ਰਹੋ, ਫਿਰ ਤੁਰਤ ਲਾਂਭੇ ਹੋ ਜਾਵੋ"॥੧੬॥

ਪੌਰ ਲੋਹਗੜ ਕੋ ਤਬਿ ਖੋਲਜੋ ਨਿਕਸੇ ਸਿੰਘ ਜੁਝਾਰੇ।
ਖੜਗ ਸਿਪਰ ਦ੍ਵੈ ਕਰ ਮਹਿਂ ਲੀਨੇ ਅਛਿਨ ਅਛਿਨ ਪਗ ਧਾਰੇ॥੧੭॥

ਫਿਰ ਲੋਹਗੜ੍ਹ ਦਾ ਦਰਵਾਜ਼ਾ ਖੋਲ੍ਹਿਆ ਤੇ ਜੁਝਾਰੂ ਸਿੰਘ ਬਾਹਰ ਨਿਕਲ ਆਏ। ਤਲਵਾਰ ਢਾਲ ਦੋਵੇਂ ਹੱਥ ਵਿਚ ਲਏ ਤੇ ਆਹਿਸਤਾ-ਆਹਿਸਤਾ ਪੈਰ ਧਰਦੇ ਸਨ॥੧੭॥

ਮੋਨ ਧਰੇ ਕੁਛ ਕਰੇ ਸ਼ਬਦ ਨਹਿਂ ਔਚਕ ਪਰੇ ਸੁ ਜਾਈ।
ਮੁੰਡੀਆ ਨਗਨ ਤੁਰਕ ਕਟ ਡਾਰੇ ਸਭਿਨਿ ਕ੍ਰਿਪਾਨ ਚਲਾਈ॥੧੮॥

ਮੋਨ ਧਾਰਨ ਕੀਤਾ ਹੋਇਆ ਸੀ, ਕੋਈ ਵੀ ਸ਼ਬਦ ਬੋਲਦੇ ਨਹੀਂ ਸਨ, ਅਚਾਨਕ ਜਾ ਕੇ ਪੈ ਗਏ। ਤੁਰਕਾਂ ਦੀਆਂ ਨੰਗੀਆਂ ਸਿਰੀਆਂ ਕੱਟ ਸੁੱਟੀਆਂ, ਸਾਰਿਆਂ ਨੇ ਆਪਣੀਆਂ ਕਿਰਪਾਨਾਂ ਦੇ ਵਾਰ ਕੀਤੇ॥੧੮॥

ਮਾਰਿ ਮਾਰਿ ਕਰਿ ਰੌਰ ਮਚਾਯਹੁ ਕੂਦਤਿ ਸਿੰਘ ਜੁਝਾਰੇ।
ਨੀਂਦ ਮਾਂਹਿ ਤੇ ਪਲਕ ਨ ਖੁਲਤੀ ਮਾਰਿ ਖੜਗ ਕਟਿ ਡਾਰੇ॥੧੯॥

ਮਾਰ ਮਾਰ ਕੇ ਰੌਲਾ ਮਚਾ ਦਿੱਤਾ, ਜੁਝਾਰੂ ਸਿੰਘ ਕੁੱਦਦੇ ਸਨ, ਨੀਂਦ ਵਿਚ ਅੱਖਾਂ ਨਹੀਂ ਸਨ ਖੁੱਲ੍ਹਦੀਆਂ, ਤਲਵਾਰ ਮਾਰ ਕੇ ਸਿਰ ਕੱਟ ਦਿੰਦੇ ਸਨ॥ ੧੯॥

ਆਧੀ ਘੜੀ ਕ੍ਰਿਪਾਨ ਬਹੀ ਬਹੁ ਰੁੰਡ ਮੁੰਡ ਗਨ ਹੋਏ।
ਸ਼ਸਤ੍ਰ ਸੰਭਾਰ ਨ ਕਿਸਕੀ ਹੋਈ ਕਟਿ ਕਟਿ ਧਰਿ ਪਰ ਸੋਏ॥੨੦॥

ਅੱਧੀ ਘੜੀ ਤਕ ਕਿਰਪਾਨ ਚਲਦੀ ਰਹੀ, ਬਹੁਤ ਤੁਰਕ ਰੁੰਡ ਮੁੰਡ ਹੋ ਗਏ। ਕਿਸੇ ਨੂੰ ਵੀ ਸ਼ਸਤਰਾਂ ਦੀ ਸੰਭਾਲ ਨਹੀਂ ਸੀ, ਕੱਟ ਕੱਟ ਕੇ ਧਰਤੀ ਤੇ ਸੌਂ ਗਏ॥ ੨੦॥

ਕਿਸਕੋ ਮੁੰਡ ਤੁੰਡ ਕਿਹ ਕਾਹਜੋ ਕਿਸਕੀ ਗ੍ਰੀਵਾ ਨਜਾਰੀ।
ਕਿਹ ਸਿਕੰਧ, ਭੁਜ, ਹਾਥ ਕਟਜੋ ਕਿਹ, ਕਟ ਕਿਸ ਪੇਟ ਪਿਛਾਰੀ॥੨੧॥

ਕਿਸੇ ਦਾ ਸਿਰ ਕੱਟਿਆ ਗਿਆ, ਕਿਸੇ ਦਾ ਮੂੰਹ ਕੱਟਿਆ ਗਿਆ, ਕਿਸੇ ਦੀ ਧੌਣ ਵੱਖਰੀ ਹੋ ਗਈ। ਕਿਸੇ ਦਾ ਮੋਢਾ ਕੱਟਿਆ ਗਿਆ, ਕਿਸੇ ਦੀ ਬਾਂਹ ਕੱਟੀ ਗਈ, ਕਿਸੇ ਦਾ ਹੱਥ ਕੱਟਿਆ ਗਿਆ, ਕਿਸੇ ਦਾ ਲੱਕ ਕੱਟਿਆ ਗਿਆ, ਕਿਸੇ ਦਾ ਪੇਟ ਕੱਟਿਆ ਗਿਆ ਤੇ ਕਿਸੇ ਦੀ ਪਿਛਾੜੀ ਕੱਟੀ ਗਈ॥ ੨੧॥

ਜੰਘ ਕਟੀ, ਜਾਨੁ ਕਿਸ ਕਾਟਜੋ, ਕਿਸ ਕੇ ਚਰਨ ਬਿਦਾਰੇ।
ਲੋਚਨ, ਕਰਨ ਕਟੇ ਬਿਲਲਾਵਤਿ ਇਕ ਬਾਰੀ ਇਮ ਮਾਰੇ॥ ੨੨॥

ਕਿਸੇ ਦੀਆਂ ਲੱਤਾਂ ਕੱਟੀਆਂ ਗਈਆਂ, ਕਿਸੇ ਦੇ ਪੱਟ ਕੱਟੇ ਗਏ, ਕਿਸੇ ਦੇ ਪੈਰ ਦੂਰ ਕਰ ਦਿੱਤੇ। ਅੱਖਾਂ ਅਤੇ ਕੰਨ ਕੱਟੇ ਜਾਣ ਵਾਲੇ ਵਿਰਲਾਪ ਕਰਦੇ ਸਨ, ਇਕ ਵਾਰ ਵਿਚ ਹੀ ਇਸ ਪ੍ਰਕਾਰ ਮਾਰ ਦਿੱਤੇ॥ ੨੨॥

ਭਯੋ ਸਥਾਰ ਖੇਤ ਮਹਿਂ ਤੁਰਕਨਿ ਜਿਮ ਕਾਸ਼ਟ ਕਟਿ ਡਾਰੇ।
ਨਿਸਾ ਅੰਧੇਰ ਸ਼ੋਰ ਬਡ ਮਾਚਾ ਦਿਖਤਿ ਨ ਹਾਥ ਪਸਾਰੇ॥ ੨੩॥

ਤੁਰਕਾਂ ਦੇ ਰਣਖੇਤਰ ਵਿਚ ਸੱਥਰ ਵਿਛ ਗਏ, ਜਿਵੇਂ ਦਰੱਖਤ ਕੱਟ ਕੇ ਸੁੱਟੇ ਹੋਣ। ਹਨੇਰੀ ਰਾਤ ਵਿਚ ਵੱਡਾ ਸ਼ੋਰ ਮੱਚਿਆ, ਹੱਥ ਪਸਾਰ ਕੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ॥ ੨੩॥

ਨਿਕਟ ਕਿ ਦੂਰ ਹੁਤੇ ਗਨ ਡੇਰੇ ਸਨਧ ਬੱਧ ਹੁਇ ਧਾਏ।
ਸਿੰਘ ਕਿਨਾਰਾ ਕਰਿ ਤਤਛਿਨ ਮਹਿਂ ਦੁਰਗ ਬਿਖੈ ਸਭਿ ਆਏ॥੨੪॥

ਨੇੜੇ ਦੂਰ ਤੁਰਕਾਂ ਦੇ ਬਹੁਤ ਡੇਰੇ ਸਨ, ਉਹ ਹਥਿਆਰਬੰਧ ਹੋ ਕੇ ਭੱਜੇ ਆਏ। ਸਿੰਘ ਤੁਰਤ ਕਿਨਾਰਾ ਕਰਕੇ ਕਿਲ੍ਹੇ ਦੇ ਵਿਚ ਆ ਗਏ ਸਨ॥ ੨੪॥

ਚਲਨਿ ਲਗੀ ਗਨ ਤੁਪਕ ਮਿਲੇ ਪੁਨ ਕਛੂ ਪਛਾਨ ਨ ਹੋਈ।
ਆਪਸ ਬਿਖੈ ਕਟਨ ਸਭਿ ਲਾਗੇ ਸੂਝ ਬੂਝ ਨਹਿਂ ਕੋਈ॥ ੨੫॥

ਫਿਰ ਬਹੁਤ ਬੰਦੂਕਾਂ ਚਲਣ ਲੱਗਿਆਂ, ਪਰ ਕਿਸ ਨੂੰ ਵੀ ਕੁਝ ਵੀ ਪਛਾਣ ਨਾ ਹੋਈ। ਆਪਸ ਵਿਚ ਸਭ ਕੱਟਣ ਲੱਗੇ, ਕਿਸੇ ਨੂੰ ਵੀ ਕੋਈ ਸੁਝ-ਬੁਝ ਨਹੀਂ ਸੀ॥ ੨੫॥

ਗੁਲਕਾਂ ਸੰਗ ਮਰੇ ਤਬਿ ਅਨਗਨ ਕਟੇ ਖੜਗ ਕੇ ਸੰਗਾ।
ਇਤ ਉਤ ਲਖੈਂ ਸਿੰਘ ਇਹ ਆਵਤਿ ਕਰਤਿ ਆਪ ਮਹਿਂ ਜੰਗਾ॥੨੬॥

ਫਿਰ ਅਣਗਿਣਤ ਗੋਲੀਆਂ ਨਾਲ ਮਾਰੇ ਗਏ ਤੇ ਕਈ ਤਲਵਾਰਾਂ ਨਾਲ ਕੱਟੇ ਗਏ। ਏਧਰ ਓਧਰ ਵੇਖ ਰਹੇ ਸਨ ਕਿ ਸਿੰਘ ਆ ਰਹੇ ਹਨ, ਪਰ ਆਪਸ ਵਿਚ ਜੰਗ ਕਰੀ ਜਾ ਰਹੇ ਸਨ॥ ੨੬॥

ਰਸਾਵਲ ਛੰਦ-ਪਿਤਾ ਪੂਤ ਮਾਰਾ। ਕਿ ਭ੍ਰਾਤੰ ਪ੍ਰਹਾਰਾ।
ਕਰਾਚੋਲ ਚਾਲੇ। ਨ ਜਾਂਹੀ ਸੰਭਾਲੇ॥ ੨੭॥

ਪਿਤਾ ਨੇ ਪੁੱਤਰ ਮਾਰ ਦਿੱਤਾ, ਕਿਸੇ ਨੇ ਭਰਾ ਨੂੰ ਮਾਰ ਦਿੱਤਾ ਤਲਵਾਰਾਂ ਚਲਦੀਆਂ ਸਨ ਤੇ ਸੰਭਾਲੇ ਨਹੀਂ ਜਾਂਦੇ ਸਨ॥ ੨੭॥

ਕਿਸੂ ਨਾਂਹਿ ਪੂਛੈ। ਸੁਧੀ ਤੇ ਸੁ ਛੂਛੈ।
ਕਰੈਂ ਓਜ ਧਾਵੈਂ। ਪ੍ਰਹਾਰੰ ਚਲਾਵੈਂ॥ ੨੮॥

ਕਿਸੇ ਨੇ ਵੀ ਨਾ ਪੁੱਛਿਆ, ਇਕ ਦੂਸਰੇ ਵਲੋਂ ਬੇਖ਼ਬਰੇ ਸਨ। ਬੜਾ ਜ਼ੋਰ ਲਾ ਕੇ ਹਮਲਾ ਕਰਦੇ ਸਨ, ਵਾਰ ਚਲਾਉਂਦੇ ਸਨ॥ ੨੮॥

ਕਟੈਂ ਆਪ ਮਾਂਹੀ। ਦਿਖੇ ਕੋਇ ਨਾਂਹੀ।
ਪਛਾਨੈਂ ਨ ਆਨਾ। ਪ੍ਰਹਾਰੈਂ ਕ੍ਰਿਪਾਨਾਂ॥ ੨੯॥

ਆਪਸ ਵਿਚ ਕੱਟੇ ਗਏ, ਕੋਈ ਵੀ ਦਿਖਾਈ ਨਹੀਂ ਸੀ ਦਿੰਦਾ। ਦੂਸਰੇ ਨੂੰ ਪਛਾਣਦੇ ਨਹੀਂ ਸਨ, ਕਿਰਪਾਨਾਂ ਦੇ ਵਾਰ ਕਰਦੇ ਸਨ॥ ੨੯॥

ਤਿਸੀ ਮੋਰਚਾ ਮੈਂ। ਸੰਘਾਰੇ ਤਮਾਮੈ।
ਬਹਜੋ ਸ੍ਰੋਣ ਜਾਈ। ਥਿਰਾ ਲੋਥ ਛਾਈ॥ ੩੦॥

ਉਸੇ ਮੋਰਚੇ ਵਿਚ, ਸਾਰੇ ਮਾਰ ਦਿੱਤੇ। ਖ਼ੂਨ ਬਹਿ ਰਿਹਾ ਸੀ, ਸਾਰੇ ਲੋਥਾਂ ਹੀ ਲੋਥਾਂ ਪਈਆਂ ਸਨ॥ ੩੦॥

ਸੁਨਜੋ ਰੌਰ ਸੂਬੇ। ਮਹਾਂ ਚਿੰਤ ਡੂਬੇ।
ਕਟਜੋ ਮੋਰਚਾ ਕੋ। ਸੁਨਜੋ ਸ਼ੋਰ ਤਾਂਕੋ॥ ੩੧॥

ਜਦ ਸੂਬੇ ਨੇ ਰੌਲਾ ਸੁਣਿਆ ਤਾਂ ਮਹਾਨ ਚਿੰਤਾ ਵਿਚ ਡੁੱਬ ਗਿਆ, ਮੋਰਚਾ ਕੱਟਿਆ ਗਿਆ ਹੈ, ਉਨ੍ਹਾਂ ਦਾ ਸ਼ੋਰ ਸੁਣਾਈ ਦਿੰਦਾ ਹੈ॥ ੩੧॥

'ਬਡੋ ਗ਼ਜ਼ਬ ਹੋਵਾ। ਨਹੀਂ ਮੂਢ ਜੋਵਾ।
ਬਨੈ ਕੋ ਉਪਾਵਾ? ਅੰਧੇਰਾ ਸੁ ਛਾਵਾ॥ ੩੨॥

ਸੂਬਾ ਕਹਿਣ ਲੱਗਾ, ''ਵੱਡਾ ਗਜ਼ਬ ਹੋਇਆ ਹੈ, ਮੂਰਖਾਂ ਨੇ ਵੇਖਿਆ ਨਹੀਂ ਕੀ ਉਪਾਉ ਬਣ ਸਕਦਾ ਸੀ? ਵੱਡਾ ਹਨੇਰਾ ਛਾਇਆ ਹੋਇਆ ਸੀ॥ ੩੨॥

ਨਹੀਂ ਰਾਤਿ ਜਾਗੇ। ਤਬੈ ਦਾਵ ਲਾਗੇ।
ਪਰੇ ਸਿੰਘ ਜਾਈ। ਲਖੇ ਜਾਹੁ ਭਾਈ'॥ ੩੩॥

ਰਾਤ ਨੂੰ ਜਾਗੇ ਨਹੀਂ ਹਨ, ਤਦ ਹੀ ਦੁਸ਼ਮਨ ਦਾ ਦਾਅ ਲੱਗ ਗਿਆ ਹੈ, ਸਿੰਘ ਉਨ੍ਹਾਂ ਨੂੰ ਜਾ ਪਏ ਹਨ। ਹੇ ਭਰਾਵੋ! ਉਨ੍ਹਾਂ ਨੂੰ ਜਾ ਕੇ ਵੇਖੋ''॥ ੩੩॥

ਦੋਹਰਾ- ਇਸ ਪ੍ਰਕਾਰ ਕਟਿ ਮੋਰਚਾ ਫਤੇ ਖਾਲਸਾ ਪਾਇ।
ਤੁਰਕ ਮੂਢ ਮਤਿ ਹੋਇ ਕਰਿ ਨਾਸ਼ ਭਏ ਦੁਖ ਪਾਇ॥ ੩੪॥

ਇਸ ਪ੍ਰਕਾਰ ਮੋਰਚੇ ਨੂੰ ਕੱਟ ਕੇ ਖਾਲਸੇ ਨੇ ਫ਼ਤਹਿ ਪ੍ਰਾਪਤ ਕੀਤੀ। ਮੂਰਖ ਮੱਤ ਵਾਲੇ ਤੁਰਕਾਂ ਨੇ ਨਾਸ ਹੋ ਕੇ ਵੱਡਾ ਦੁਖ ਪਾਇਆ॥ ੩੪॥

ਚੌਪਈ- ਕੰਚਨ ਕੇ ਮੰਦਰ ਬਡ ਸੁੰਦਰ। ਹੀਰਾ ਮੁਕਤਾ ਲਾਗੇ ਅੰਦਰ।
ਨੀਕੇ ਕਾਰੀਗਰਨਿ ਸੁਧਾਰੀ। ਤਰੁ ਕੀ ਪੰਕਤਿ ਬੇਲ ਬਿਥਾਰੀ॥ ੩੫॥

ਸੋਨੇ ਦਾ ਘਰ ਬੜਾ ਸੁੰਦਰ ਸੀ, ਜਿਸ ਦੇ ਅੰਦਰ ਹੀਰੇ ਮੋਤੀ ਜੜੇ ਹੋਏ ਸਨ। ਚੰਗੇ ਕਾਰੀਗਰਾਂ ਨੇ ਉਸ ਨੂੰ ਸੁਧਾਰ ਕੇ ਬਣਾਇਆ ਸੀ। ਅੰਦਰ ਦਰੱਖਤ ਦੇ ਪੱਤਿਆਂ ਦੀ ਵੇਲ ਬਣਾਈ ਹੋਈ ਸੀ॥ ੩੫॥

ਬਹੁਤ ਬਫ਼ੂਰਜ ਮਨਿ ਦਮਕਾਈ। ਅਸ ਘਰ ਸਭਿ ਰੁਤ ਮਹਿਂ ਸੁਖਦਾਈ।
ਸਤਿਗੁਰ ਤਿਸ ਕੇ ਬੀਚ ਬਿਰਾਜੇ। ਰੁਚਿਰ ਪ੍ਰਯੰਕ ਤਰੇ ਛਬਿ ਛਾਜੇ॥ ੩੬॥

ਲਸਨੀਆਂ ਨਾਮ ਦੀ ਮਣੀ ਚਮਕਦੀ ਹੈ, ਐਸਾ ਘਰ ਸਾਰੀਆਂ ਰੁੱਤਾਂ ਵਿਚ ਸੁਖਦਾਈ ਹੁੰਦਾ ਹੈ। ਸਤਿਗੁਰੂ ਜੀ ਉਸ ਦੇ ਵਿਚ ਬਿਰਾਜ ਰਹੇ ਸਨ। ਸੁੰਦਰ ਪਲੰਘ ਦੇ ਉੱਪਰ ਉਨ੍ਹਾਂ ਦੀ ਛਵੀ ਫੱਬ ਰਹੀ ਹੈ॥ ੩੬॥

ਰਚੇ ਪੁਰਟ ਕੇ ਪਾਵੇ ਚਾਰੂ। ਸਬਜ਼ ਮਣੀ ਖਚਿ ਕੀ ਗੁਲਜ਼ਾਰੂ।
ਮੂੰਗਾ ਅਧਿਕ ਜਾਂਹਿ ਕੇ ਜਰਜੋ। ਕਿਸੀ ਦੇਸ਼ ਕੋ ਸੁੰਦਰ ਘਰਜੋ॥ ੩੭॥

ਪਲੰਘ ਦੇ ਚਾਰੇ ਪਾਵੇ ਸੋਨੇ ਦੇ ਬਣੇ ਹਨ, ਜਿਨ੍ਹਾਂ ਦੀ ਪੰਨੇ ਦੀ ਗੁਲਜ਼ਾਰ ਨਾਲ ਜੜਤ ਕੀਤੀ ਹੋਈ ਹੈ। ਜਿਸ ਵਿਚ ਬਹੁਤ ਮੂੰਗੇ ਜੜੇ ਹੋਏ ਹਨ। ਕਿਸੇ ਦੇਸ਼ ਵਿਚ ਸੁੰਦਰ ਘੜਿਆ ਗਿਆ ਹੈ॥ ੩੭॥

ਰੁਚਿਰ ਮਖ਼ਮਲੀ ਛਾਦਿ ਬਿਛੌਨਾ। ਸੇਜ ਬੰਦ ਸੁੰਦਰ ਦੁਤਿ ਭੌਨਾ।
ਗੁੰਫੇ ਜ਼ਰੀਦਾਰ ਲਟਕੰਤੇ। ਤਿਸ ਪਰ ਪ੍ਰਭੂ ਬਿਸ੍ਰਾਮ ਕਰੰਤੇ॥ ੩੮॥

ਸੁੰਦਰ ਮਖ਼ਮਲੀ ਵਿਛੌਣਾ ਵਿਛਾਇਆ ਹੋਇਆ ਹੈ। ਭਵਨ ਵਿਚ ਸੇਜਬੰਦ ਸੁੰਦਰ ਢੰਗ ਨਾਲ ਚਮਕ ਰਹੇ ਹਨ। ਜ਼ਰੀਦਾਰ ਗੁੰਫੇ ਲਟਕ ਰਹੇ ਹਨ। ਉਸ ਉੱਤੇ ਪ੍ਰਭੂ ਜੀ ਵਿਸਰਾਮ ਕਰਦੇ ਹਨ॥ ੩੮॥

ਰੌਰਾ ਸੁਨਿ ਕਰਿ ਨਿੰਦ੍ਰਾ ਤਜਾਗੀ। ਚੌਂਕੀਦਾਰ ਹਕਾਰਸਿ ਆਗੀ।
ਤਿਸ ਕੋ ਕਹਜੋ 'ਪਠਹੁ ਨਰ ਕੋਈ। ਕਹਾਂ ਜੰਗ ਮਾਚਜੋ ਲਿਹੁ ਜੋਈ ?॥ ੩੯॥

ਸਤਿਗੁਰੂ ਜੀ ਨੇ ਰੌਲਾ ਸੁਣ ਕੇ ਨੀਂਦ ਛੱਡ ਦਿੱਤੀ ਤੇ ਚੌਕੀਦਾਰ ਨੂੰ ਆਪਣੇ ਪਾਸ ਬੁਲਾਇਆ। ਉਸ ਨੂੰ ਕਿਹਾ, "ਕਿਸੇ ਮਨੁੱਖ ਨੂੰ ਭੇਜੋ ਕਿ ਕਿੱਥੇ ਲੜਾਈ ਮੱਚੀ ਹੋਈ ਹੈ ?॥ ੩੯॥

ਤਹਿਂ ਕੋ ਸਿੰਘ ਲਜਾਉ ਮਮ ਤੀਰ। ਸਰਬ ਬਾਤ ਜੋ ਕਹੈ ਸਧੀਰ'।
ਸੁਨਿ ਬਾਹਰ ਤੇ ਸਿੰਘ ਪਠਾਯੋ। ਦੌਰਜੋ ਤੁਰਤ ਲੋਹਗੜ੍ਹ ਆਯੋ॥ ੪੦॥

ਉਥੋਂ ਦੇ ਕਿਸੇ ਸਿੰਘ ਨੂੰ ਮੇਰੇ ਪਾਸ ਲਿਆਵੋ, ਜਿਹੜਾ ਸਾਰੀ ਗੱਲਬਾਤ ਧੀਰਜ ਸਹਿਤ ਵਰਣਨ ਕਰੇ।" ਇਹ ਸੁਣ ਕੇ ਚੌਕੀਦਾਰ ਨੇ ਇਕ ਸਿੰਘ ਨੂੰ ਭੇਜਿਆ। ਉਹ ਦੌੜ ਕੇ ਤੁਰਤ ਲੋਹਗੜ੍ਹ ਆ ਗਿਆ॥ ੪੦॥

ਸ਼ੇਰ ਸਿੰਘ ਨਾਹਰ ਸਿੰਘ ਮਿਲਜੋ। 'ਗੁਰੂ ਪਠਾਯੋ ਮੈਂ ਇਤ ਮਿਲਯੋ।
ਕਿਮ ਰੌਰਾ ਮਾਚਜੋ ਤੁਮ ਓਰੀ। ਸੁਧਿ ਲੈਬੇ ਹਿਤ ਆਯੋ ਦੌਰੀ॥ ੪੧॥

ਸ਼ੇਰ ਸਿੰਘ ਅਤੇ ਨਾਹਰ ਸਿੰਘ ਨੂੰ ਮਿਲਿਆ, "ਗੁਰੂ ਜੀ ਨੇ ਭੇਜਿਆ ਹੈ, ਇਸ ਕਰਕੇ ਮੈਂ ਆਪ ਜੀ ਨੂੰ ਮਿਲਿਆ ਹਾਂ। ਤੁਹਾਡੇ ਵੱਲ ਕਿਵੇਂ ਰੌਲਾ ਮੱਚਿਆ ਹੈ, ਮੈਂ ਦੌੜ ਕੇ ਖ਼ਬਰ ਲੈਣ ਵਾਸਤੇ ਆਇਆ ਹਾਂ॥ ੪੧॥

ਅਪਨੇ ਸਿੰਘ ਸੰਗ ਕਰਿ ਦੀਜੈ। ਪਠਹੁ ਤੁਰਤ ਨਹਿਂ ਬਿਲਮ ਲਗੀਜੈ'।
ਸੁਨਿ ਗੁਰ ਨਾਮ ਬਤਾਇ ਬ੍ਰਿਤੰਤਾ। 'ਫਤੇ ਲਈ ਕਹੀਏ ਭਗਵੰਤਾ'॥ ੪੨॥

ਆਪਣੇ ਸਿੰਘ ਮੇਰੇ ਨਾਲ ਕਰ ਦੇਵੋ, ਤੁਰਤ ਭੇਜੋ ਤੇ ਕੋਈ ਦੇਰ ਨਾ ਲਾਵੋ।" ਗੁਰੂ ਜੀ ਦਾ ਨਾਮ ਸੁਣ ਕੇ ਉਨ੍ਹਾਂ ਬ੍ਰਿਤਾਂਤ ਸੁਣਾਇਆ, "ਅਸੀਂ ਫ਼ਤਹਿ ਪ੍ਰਾਪਤ ਕੀਤੀ ਹੈ, ਇਹ ਸਤਿਗੁਰੂ ਜੀ ਨੂੰ ਕਹੋ"॥ ੪੨॥

ਸੰਗ ਜਵਾਹਰ ਸਿੰਘ ਪਠਾਯੋ। ਤਤਛਿਨ ਚਲਜੋ ਗੁਰੂ ਢਿਗ ਆਯੋ।
ਬੈਠੇ ਪ੍ਰਭੁ ਬੂਝਜੋ ਤਿਸ ਤਾਂਈ। 'ਕਸ ਰੌਰਾ ਮਾਚਜੋ ਸਮੁਦਾਈ ?'॥ ੪੩॥

ਉਸ ਸਿੰਘ ਦੇ ਨਾਲ ਜਵਾਹਰ ਸਿੰਘ ਨੂੰ ਭੇਜਿਆ, ਉਹ ਤੁਰਤ ਚਲ ਕੇ ਸਤਿਗੁਰੂ ਪਾਸ ਆਇਆ। ਸਤਿਗੁਰੂ ਜੀ ਬੈਠੇ ਸਨ, ਉਨ੍ਹਾਂ ਉਸ ਨੂੰ ਪੁੱਛਿਆ, "ਏਡਾ ਉੱਚੀ ਰੌਲਾ ਕਿਵੇਂ ਮੱਚਿਆ ਸੀ ?" ॥ ੪੩ ॥

ਕਹਜੋ ਜਵਾਹਰ ਸਿੰਘ ਕਰ ਜੋਰਿ। 'ਪ੍ਰਭੁ ਜੀ ਭਯੋ ਮੋਰਚੇ ਸ਼ੋਰ।
ਸ਼ੇਰ ਸਿੰਘ ਨਾਹਰ ਸਿੰਘ ਦੋਈ। ਮੰਤ੍ਰ ਕੀਨ ਮੁਰਚਾ ਢਿਗ ਹੋਈ॥ ੪੪ ॥

ਜਵਾਹਰ ਸਿੰਘ ਨੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ ! ਮੋਰਚੇ ਵਿਚ ਸ਼ੋਰ ਮੱਚਿਆ ਸੀ। ਸ਼ੇਰ ਸਿੰਘ ਨਾਹਰ ਸਿੰਘ ਦੋਵਾਂ ਨੇ ਸਲਾਹ ਕੀਤੀ ਕਿ ਵੈਰੀ ਦਾ ਮੋਰਚਾ ਬਹੁਤ ਨੇੜੇ ਆ ਗਿਆ ਹੈ॥ ੪੪ ॥

ਸਗਰੇ ਸੁਪਤੇ ਤੁਰਕ ਨਿਹਾਰੇ। ਤੁਮਰੀ ਦਿਸ਼ਿ ਤੇ ਡਰ ਉਰ ਧਾਰੇ।
ਸ਼ੇਰ ਸਿੰਘ ਤਬਿ ਕਹਜੋ ਸੁਨਾਈ। ਹਾਥ ਜੋਰਿ ਹਮ ਲੇਂ ਬਖ਼ਸ਼ਾਈ॥ ੪੫ ॥

ਸਾਰੇ ਤੁਰਕਾਂ ਨੂੰ ਸੁੱਤੇ ਹੋਏ ਵੇਖਿਆ, ਤੁਹਾਡੇ ਪਾਸੇ ਤੋਂ ਦਿਲ ਵਿਚ ਡਰ ਧਾਰਨ ਕੀਤਾ। ਸ਼ੇਰ ਸਿੰਘ ਨੇ ਫਿਰ ਕਹਿ ਕੇ ਸੁਣਾਇਆ ਕਿ ਹੱਥ ਜੋੜ ਕੇ ਅਸੀਂ ਬਖਸ਼ਾ ਲਵਾਂਗੇ॥ ੪੫ ॥

ਨਿਸ ਅੰਧਜਾਰੀ ਪਿਖਿ ਕਰਿ ਪਰੇ। ਚਰਮ ਧਰੇ ਖਗ ਨੰਗੇ ਕਰੇ।
ਕਟੀਆ ਕਰਤਿ ਭਏ ਤੁਰਕਾਨਾ। 'ਹਾਇ ਖ਼ੁਦਾਇ ਅਲਾਹਿ' ਬਖਾਨਾ॥ ੪੬ ॥

ਹਨੇਰੀ ਰਾਤ ਵੇਖ ਕੇ ਪੈ ਗਏ, ਢਾਲਾਂ ਧਾਰ ਕੇ ਤਲਵਾਰਾਂ ਨੰਗੀਆਂ ਕਰ ਲਈਆਂ ਤੇ ਫਿਰ ਤੁਰਕਾਂ ਨੂੰ ਕੱਟਣ ਲੱਗ ਗਏ, ਉਹ 'ਹਾਇ ਖ਼ੁਦਾ ਅੱਲਾਹ' ਕਹਿਣ ਲੱਗ ਗਏ॥ ੪੬ ॥

ਆਧੀ ਘਰੀ ਕ੍ਰਿਪਾਨ ਬਜਾਏ। ਕੋ ਹਤਿ ਹ੍ਵੈ ਕੋ ਘਾਇ ਪਲਾਏ।
ਤੁਪਕ ਤਮਾਚੇ ਖੜਗ ਨਿਖੰਗਾ। ਕਰਾਚੋਲ ਬਹੁ ਲੂਟ ਨਿਸੰਗਾ॥ ੪੭ ॥

ਅੱਧੀ ਘੜੀ ਤਕ ਕਿਰਪਾਨ ਚਲਾਈ, ਕੋਈ ਮਾਰਿਆ ਗਿਆ, ਕੋਈ ਜ਼ਖ਼ਮੀ ਹੋ ਕੇ ਭੱਜ ਗਿਆ। ਬੰਦੂਕਾਂ, ਪਸਤੌਲ, ਅਤੇ ਤੀਰ ਚਲਾਏ ਤੇ ਤਲਵਾਰਾਂ ਚਲਾ ਕੇ ਫਿਰ ਨਿਸ਼ੰਗ ਹੋ ਕੇ ਲੁੱਟਿਆ॥ ੪੭ ॥

ਜਬਹਿ ਮਤਾਬੀ ਜਰੇ ਮਸਾਲਾ। ਜਿਤ ਕਿਤ ਭਯੋ ਪ੍ਰਕਾਸ਼ ਬਿਸਾਲਾ।
ਆਇ ਆਪਨੇ ਦੁਰਗ ਸਮਾਏ। ਕਿਸ ਕੋ ਲਗੀ ਨ ਤਾਤੀ ਬਾਏ॥ ੪੮ ॥

ਜਦ ਮਤਾਬੀ ਦਾ ਮਸਾਲਾ ਬਲਦਾ ਸੀ ਤਾਂ ਜਿੱਥੇ ਕਿੱਥੇ ਬਹੁਤ ਪ੍ਰਕਾਸ਼ ਹੁੰਦਾ ਸੀ। ਫਿਰ ਆ ਕੇ ਆਪਣੇ ਕਿਲ੍ਹੇ ਵਿਚ ਸਮਾ ਗਏ, ਕਿਸੇ ਸਿੰਘ ਨੂੰ ਤੱਤੀ ਹਵਾ ਵੀ ਨਾ ਲੱਗੀ॥ ੪੮ ॥

ਤੁਰਤ ਫਤੇ ਕੋ ਦੁੰਦਭਿ ਬਾਜਾ। ਬਹੁ ਤੁਰਕਨਿ ਕੋ ਲੂਟਿ ਸਮਾਜਾ।
ਆਪ ਸਹਾਇਕ ਹ੍ਵੈ ਕਰਿਵਾਯੋ। ਮਾਰਿ ਖਾਲਸਾ ਉਰ ਹਰਖਾਯੋ' ॥ ੪੯ ॥

ਤੁਰਤ ਫ਼ਤਹਿ ਦਾ ਨਗਾਰਾ ਵਜਾ ਦਿੱਤਾ, ਤੁਰਕਾਂ ਦਾ ਬਹੁਤ ਸਾਜ਼ੋ-ਸਾਮਾਨ ਲੁੱਟ ਲਿਆ। ਸਤਿਗੁਰੂ ਜੀ ਨੇ ਆਪ ਸਹਾਇਕ ਹੋ ਕੇ ਕਾਰਜ ਕਰਵਾਇਆ ਹੈ। ਖਾਲਸਾ ਤੁਰਕਾਂ ਨੂੰ ਮਾਰ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ ਹੈ' ॥ ੪੯ ॥

ਇਤਨੇ ਮਹਿਂ ਹੋਈ ਭੁਨਸਾਰਾ। ਸੋਚ ਸ਼ਨਾਨ ਗੁਰੂ ਤਨ ਧਾਰਾ।
ਦੋਨਹੁੰ ਜਥੇਦਾਰ ਬੁਲਵਾਏ। ਆਇ ਤਬਹਿ ਪਗ ਸੀਸ ਨਿਵਾਏ॥ ੫੦ ॥

ਏਨੇ ਵਿਚ ਤੜਕਾ ਹੋ ਗਿਆ, ਗੁਰੂ ਜੀ ਨੇ ਉੱਠ ਕੇ ਸੋਚ ਇਸ਼ਨਾਨ ਕੀਤਾ। ਫਿਰ ਦੋਵੇਂ ਜਥੇਦਾਰ ਬੁਲਵਾਏ। ਉਨ੍ਹਾਂ ਨੇ ਆ ਕੇ ਚਰਨਾਂ 'ਤੇ ਸਿਰ ਨਿਵਾਏ॥ ੫੦ ॥

ਭਏ ਪ੍ਰਸੰਨ ਦੇਖਿ ਗੋਸਾਈਂ। 'ਸਾਧ ਸਾਧ' ਸਭਿਹੂੰਨਿ ਅਲਾਈ।
'ਇਸ ਬਿਧਿ ਹੀ ਮਾਰਨ ਰਿਪੁ ਬਨੈ। ਬਚੈ ਆਪ ਬਲ ਛਲ ਤੇ ਹਨੈ॥ ੫੧॥

ਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। 'ਸ਼ਾਬਾਸ਼ ਸ਼ਾਬਾਸ਼' ਸਾਰਿਆਂ ਨੂੰ ਕਿਹਾ, "ਇਸ ਵਿਧੀ ਨਾਲ ਵੈਰੀ ਨੂੰ ਮਾਰਨਾ ਬਣਦਾ ਹੈ। ਆਪਣਾ ਬਚਾਅ ਕਰਕੇ ਵੈਰੀ ਨੂੰ ਵਲ ਛਲ ਨਾਲ ਮਾਰੇ॥ ੫੧॥

ਦੀਜੈ ਤੁਰਕਨ ਸਦਾ ਸਜ਼ਾਇ। ਰਾਜ ਤੇਜ ਇਨ ਦੇਹੁ ਖਪਾਇ।
ਸਨੇ ਸਨੇ ਲਯਤਾ ਸਭਿ ਲਹੈਂ। ਨਹੀਂ ਨਗਾਰਬੰਦ ਕੋ ਰਹੈ॥ ੫੨॥

ਤੁਰਕਾਂ ਨੂੰ ਸਦਾ ਸਜ਼ਾ ਦੇਵੋ, ਇਨ੍ਹਾਂ ਦੇ ਰਾਜ ਤੇਜ ਨੂੰ ਖਪਾ ਦੇਵੋ। ਹੌਲੀ-ਹੌਲੀ ਸਾਰੇ ਖਤਮ ਹੋ ਜਾਣਗੇ। ਇਨ੍ਹਾਂ ਪਾਸ ਨਗਾਰਾ ਵਜਾਉਣ ਵਾਲਾ ਕੋਈ ਨਗਾਰਚੀ ਵੀ ਨਹੀਂ ਰਹੇਗਾ॥ ੫੨॥

ਗਿਰਪਤਿ ਬਨਿ ਹੈਂ ਤਬੈ ਅਧੀਨ। ਰਹੈਂ ਖਾਲਸੇ ਆਗੇ ਦੀਨ।
ਇਮ ਕਹਿ ਕਰਿ ਬਰ ਸਤਿਗੁਰ ਪੂਰੇ। ਸਿਰੋਪਾਇ ਮੰਗਵਾਇਸਿ ਰੂਰੇ॥ ੫੩॥

ਪਹਾੜੀ ਰਾਜੇ ਫਿਰ ਸਾਰੇ ਸਾਡੇ ਅਧੀਨ ਹੋ ਜਾਣਗੇ ਤੇ ਖਾਲਸੇ ਦੇ ਅੱਗੇ ਦੀਨ ਬਣ ਕੇ ਰਹਿਣਗੇ।" ਇਸ ਪ੍ਰਕਾਰ ਸਤਿਗੁਰੂ ਜੀ ਨੇ ਵਰ ਕਹਿ ਕੇ ਸੁੰਦਰ ਸਿਰੋਪੇ ਮੰਗਵਾਏ॥ ੫੩॥

ਬਖਸ਼ੇ ਜਥੇਦਾਰ ਜੇ ਦੋਇ। ਸ਼ੇਰ ਸਿੰਘ ਨਾਹਰ ਸਿੰਘ ਸੋਇ।
ਸਭਿ ਸਿੰਘਨਿ ਕੋ ਹੁਕਮ ਬਖਾਨਾ। ਪੁਰਹੁ ਕਾਮਨਾ ਮਨ ਕੀ ਨਾਨਾ॥ ੫੪॥

ਉਹ ਦੋਵਾਂ ਜਥੇਦਾਰਾਂ ਨੂੰ ਬਖਸ਼ੇ, ਜਿਹੜੇ ਸ਼ੇਰ ਸਿੰਘ ਅਤੇ ਨਾਹਰ ਸਿੰਘ ਦੋ ਜਥੇਦਾਰ ਸਨ। ਸਾਰੇ ਸਿੰਘਾਂ ਨੂੰ ਹੁਕਮ ਕੀਤਾ ਕਿ ਆਪਣੇ ਮਨ ਦੀਆਂ ਭਿੰਨ-ਭਿੰਨ ਪ੍ਰਕਾਰ ਦੀਆਂ ਕਾਮਨਾਂ ਪੂਰੀਆਂ ਕਰੋ॥ ੫੪॥

ਸਭਿ ਪਰ ਖੁਸ਼ੀ ਕਰੀ ਹਰਖਾਇ। ਗਏ ਆਪ ਗਢ ਦੇਖਨਿ ਥਾਇਂ।
ਸਰਬ ਪ੍ਰਕਾਰ ਕਰੀ ਤਕਰਾਈ। ਗੁਲਕਾਂ ਅਰੁ ਬਰੂਦ ਸਮੁਦਾਈ॥ ੫੫॥

ਪ੍ਰਸੰਨ ਹੋ ਕੇ ਸਭ ਉੱਤੇ ਆਪਣੀ ਖੁਸ਼ੀ ਕੀਤੀ, ਫਿਰ ਆਪ ਕਿਲ੍ਹੇ ਵਾਲਾ ਸਥਾਨ ਵੇਖਣ ਗਏ। ਸਭ ਪ੍ਰਕਾਰ ਦੀ ਤਕੜਾਈ ਕੀਤੀ ਤੇ ਗੋਲੀਆਂ ਅਤੇ ਬਾਰੂਦ ਬਹੁਤ ਦਿੱਤਾ॥ ੫੫॥

ਬਹੁਰ ਸਭਾ ਮਹਿਂ ਆਨਿ ਬਿਰਾਜੇ। ਜਿਨ ਦੇਖਤਿ ਅਘ ਜੈ ਹੈਂ ਭਾਜੇ।
ਸੁੰਦਰ ਸੂਰਤ ਮੋਹਤਿ ਮਨ ਕੋ। ਸਾਬਤ ਸਿੱਖ ਰਹੇ, ਧੰਨ ਤਿਨ ਕੋ॥ ੫੬॥

ਫਿਰ ਸਭ ਵਿਚ ਆ ਕੇ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਭੱਜ ਜਾਂਦੇ ਹਨ। ਸੁੰਦਰ ਸੂਰਤ ਮਨ ਨੂੰ ਮੋਹਦੀ ਹੈ। ਜਿਹੜੇ ਸਿੱਖ ਕੇਸਾਂ ਸਹਿਤ ਰਹਿਤ ਵਿਚ ਸਾਬਤ ਰਹਿੰਦੇ ਹਨ, ਅਜਿਹੇ ਸਿੱਖ ਧੰਨ ਹਨ॥ ੫੬॥

*ਛੇਵੀਂ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥*

☆☆☆

# ਅਧਿਆਇ ਸਤਾਰ੍ਹਵਾਂ

### ਬਾਘਨ ਤੇ ਬਿੱਜਘੋਖ ਦੇ ਗੋਲੇ ਚਲਾਉਣੇ

ਦੋਹਰਾ- ਸ਼ੇਰ ਸਿੰਘ ਜੋਧਾ ਮਹਾਂ ਨਾਹਰ ਸਿੰਘ ਤੇ ਆਦਿ।
ਸਭਿਨਿ ਸਿੰਘ ਮਨੁ ਕਾਮਨਾ ਦਈ ਕਰੇ ਅਹਿਲਾਦ॥ ੧॥

ਸ਼ੇਰ ਸਿੰਘ ਨਾਹਰ ਸਿੰਘ ਆਦਿ ਜਿਹੜੇ ਮਹਾਨ ਯੋਧੇ ਸਨ, ਸਾਰੇ ਸਿੰਘਾਂ ਨੂੰ ਦਿਲ ਦੀਆਂ ਮਨੋਕਾਮਨਾ ਦੇ ਕੇ ਸ੍ਰੀ ਗੁਰੂ ਜੀ ਨੇ ਖੁਸ਼ੀ ਕੀਤੀ॥ ੧॥

*ਲਲਿਤਪਦ ਛੰਦ*-ਦੇਵਨਿ ਕੋ ਭੀ ਦੁਰਲਭ ਦੀਰਘ ਚਾਰ ਪਦਾਰਥ ਦੀਨੇ।
ਅੰਤ ਸਮੈਂ ਦੈ ਅਪਨ ਸਮੀਪਾ ਮਹਾਂ ਕ੍ਰਿਤਾਰਥ ਕੀਨੇ॥ ੨॥

ਜਿਹੜੇ ਚਾਰ ਪਦਾਰਥ ਦੇਵਤਿਆਂ ਨੂੰ ਵੀ ਦੁਰਲੱਭ ਸਨ, ਉਹ ਵੱਡੇ ਚਾਰ ਪਦਾਰਥ ਸਿੰਘਾਂ ਨੂੰ ਦਿੱਤੇ। ਅੰਤ ਸਮੇਂ ਆਪਣੀ ਨੇੜਤਾ ਦੇ ਕੇ ਸਾਰਿਆਂ ਨੂੰ ਕ੍ਰਿਤਾਰਥ ਕੀਤਾ॥ ੨॥

ਥਾਨ ਥਾਨ ਪ੍ਰਤਿ ਮੁਰਚਨਿ ਮਾਂਹੀ ਕਰੇ ਸਿੰਘ ਸਵਧਾਨਾ।
'ਹੋਨਿ ਸਮੀਪ ਨ ਦੀਜੈ ਦੁਰਜਨ ਸ਼ਸਤ੍ਰਨ ਤੇ ਕਰਿ ਹਾਨਾ'॥ ੩॥

ਥਾਂ-ਥਾਂ ਮੋਰਚਿਆਂ ਵਿਚ ਸਿੰਘਾਂ ਨੂੰ ਸਾਵਧਾਨ ਕਰ ਦਿੱਤਾ "ਇਨ੍ਹਾਂ ਦੁਸ਼ਟ ਵੈਰੀਆਂ ਨੂੰ ਨੇੜੇ ਨਾ ਹੋਣ ਦੇਵੋ, ਸ਼ਸਤਰ ਚਲਾ ਕੇ ਇਨ੍ਹਾਂ ਨੂੰ ਮਾਰੋ"॥ ੩॥

ਬਿਨਾਂ ਤ੍ਰਾਸ ਇਕ ਗੁਰ ਕੀ ਆਸਾ ਸਿੰਘ ਸੁਚੇਤ ਰਹੰਤੇ।
ਦੁਸ਼ਟ ਸਮੀਪੀ ਹੋਨਿ ਨ ਪਾਵੈਂ ਲਾਖਹੁਂ ਗਿਰਦ ਭ੍ਰਮੰਤੇ॥ ੪॥

ਇਕ ਗੁਰੂ ਜੀ ਦੇ ਡਰ ਤੋਂ ਬਗੈਰ, ਆਸਾ ਸਿੰਘ ਸੁਚੇਤ ਰਹਿੰਦੇ ਹਨ। ਦੁਸ਼ਟ ਵੈਰੀ ਨੇੜੇ ਹੋਣ ਨਹੀਂ ਪਾਉਂਦੇ ਹਨ, ਬੇਸ਼ਕ ਲੱਖਾਂ ਦੀ ਗਿਣਤੀ ਵਿਚ ਇਰਦ ਗਿਰਦ ਘੁੰਮਦੇ ਹਨ॥ ੪॥

ਉਤ ਸੂਬੇ ਦੋਨਹੁਂ ਮਿਲਿ ਬੈਠੇ ਭੀਮਚੰਦ ਢਿਗ ਆਯੋ।
ਗਿਰਪਤਿ ਅਪਰ ਹੰਡੂਰੀ ਆਦਿਕ ਮਿਲੇ ਆਨਿ ਇਕ ਥਾਯੋ॥ ੫॥

ਓਧਰ ਦੋਵੇਂ ਸੂਬੇ ਮਿਲ ਕੇ ਬੈਠੇ ਸਨ, ਉਥੇ ਭੀਮਚੰਦ ਉਨ੍ਹਾਂ ਦੇ ਪਾਸ ਆਇਆ। ਹੋਰ ਪਹਾੜੀ ਰਾਜੇ ਜਿਨ੍ਹਾਂ ਵਿਚ ਹੰਡੂਰੀ ਆਦਿ ਵੀ ਸ਼ਾਮਲ ਸਨ, ਮਿਲ ਕੇ ਇਕ ਥਾਂ ਇਕੱਠੇ ਹੋਏ॥ ੫॥

ਤੁਰਕ ਮੁਸਾਹਿਬ ਸਜਾਨੇ ਮੁਖਿ ਜੋ ਬੈਠੇ ਸਰਬ ਸਭਾ ਮੈਂ।
ਸ਼ੋਕ ਪਰਾਜੈ ਤੇ ਚਿਤ ਉਪਜਯੋ ਤਜਿ ਉਤਸਾਹ ਤਮਾਮੈ॥ ੬॥

ਤੁਰਕ ਮੁਸਾਹਿਬ ਜਿਹੜੇ ਸਿਆਣੇ ਸਨ ਤੇ ਮੁਖੀ ਸਨ, ਉਹ ਸਭਾ ਵਿਚ ਬੈਠੇ ਸਨ, ਉਨ੍ਹਾਂ ਦੇ ਚਿੱਤ ਵਿਚ ਹਾਰ ਜਾਣ ਕਰਕੇ ਬੜਾ ਦੁੱਖ ਉਤਪੰਨ ਹੋਇਆ ਸੀ ਤੇ ਸਾਰਿਆਂ ਨੇ ਉਤਸ਼ਾਹ ਨੂੰ ਛੱਡ ਦਿੱਤਾ ਸੀ॥ ੬॥

ਭਾਜਿ ਬਚੇ ਜੇ ਮੁਰਚੇ ਮਹਿਂ ਤੇ ਸੋ ਤਤਕਾਲ ਬੁਲਾਏ।
ਕਰਨ ਲਗੇ ਦਰਿਯਾਫਤ ਤਿਨ ਕੀ 'ਕਿਸ ਬਿਧਿ ਦੁਸ਼ਮਨ ਆਏ ?॥੭॥

ਮੋਰਚੇ ਵਿਚੋਂ ਜਿਹੜੇ ਭੱਜ ਕੇ ਬਚ ਗਏ ਸਨ, ਉਨ੍ਹਾਂ ਨੂੰ ਤੁਰਤ ਬੁਲਾਇਆ। ਉਨ੍ਹਾਂ ਪਾਸੋਂ ਪੁੱਛਣ ਲੱਗੇ, "ਕਿਸ ਵਿਧੀ ਨਾਲ ਵੈਰੀ ਆਏ ਸਨ ? ॥ ੭॥

ਕਿਮ ਆਲਸ ਬਹੁ ਕਰੇ ਦਬਾਵਨਿ ਗ਼ਾਫਲ ਹ੍ਵੈ ਕਰਿ ਸੋਏ।
ਭਈ ਪਰਾਜੈ ਸੁਬਕੀ ਹਮ ਕੋ ਜਹਿਂ ਕਹਿਂ ਸੁਨਿ ਸਭਿ ਕੋਏ' ॥ ੮ ॥

ਕਿਵੇਂ ਆਲਸ ਬਹੁਤ ਕੀਤਾ ਸੀ, ਕਿਵੇਂ ਗ਼ਾਫਲ ਹੋ ਕੇ ਸੁੱਤਿਆਂ ਨੂੰ ਸਿੰਘਾਂ ਨੇ ਆ ਕੇ ਦਬਾ ਲਿਆ। ਤੁਹਾਡੀ ਹਾਰ ਹੋਈ ਹੈ, ਸਾਡੀ ਇਸ ਵਿਚ ਛੁਟਿਆਈ ਹੋਦੀ ਹੈ, ਜਿਸ ਨੂੰ ਸਭ ਕੋਈ ਥਾਂ-ਥਾਂ ਸੁਣੇਗਾ" ॥ ੮ ॥

ਕਹਤਿ ਭਏ ਸਭਿ 'ਸੁਨਿ ਨਵਾਬ ਜੀ! ਰਖੀ ਘਨੀ ਤਕਰਾਈ।
ਜਾਨਿ ਫਜਰ ਕੋ ਵਖਤ ਹੋਇ ਅਬਿ ਨਰ ਬਹੁਤੇ ਅਲਸਾਈ ॥ ੯ ॥

ਸਾਰੇ ਸੁਣ ਕੇ ਕਹਿਣ ਲੱਗੇ, "ਹੇ ਨਵਾਬ ਜੀ ! ਸੁਣੋ, ਅਸੀਂ ਵੱਡੀ ਤਕੜਾਈ ਰੱਖੀ ਹੈ। ਇਹ ਜਾਣ ਕੇ ਕਿ ਸਵੇਰ ਦਾ ਵੇਲਾ ਹੋ ਗਿਆ ਹੈ, ਬਹੁਤ ਮਨੁੱਖ ਅਲਸਾ ਗਏ ॥ ੯ ॥

ਕਰਤਿ ਰੋਜ ਹੀ ਰਹੇ ਇਸੀ ਬਿਧਿ ਫਜਰ ਵਖਤ ਅਲਸਾਏ।
ਦਿਨ ਮਹਿਂ ਲਰਿ ਹੈਂ ਇਹ ਬਿਸਾਸ ਧਰਿ ਜਾਗਤਿ ਕਿਤਿਕ ਰਹਾਏ ॥੧੦ ॥

ਰੋਜ਼ ਹੀ ਇਸ ਪ੍ਰਕਾਰ ਹੀ ਕਰਦੇ ਰਹੇ ਹਾਂ, ਸਵੇਰਾ ਹੋਣ ਦੇ ਸਮੇਂ ਅਲਸਾ ਜਾਂਦੇ ਸੀ। ਇਹ ਵਿਸ਼ਵਾਸ ਧਾਰ ਕੇ ਕਿ ਦਿਨ ਸਮੇਂ ਲੜਾਈ ਹੋਵੇਗੀ, ਕਈ ਜਾਗਦੇ ਰਹਿੰਦੇ ਸੀ ॥ ੧੦ ॥

ਇਤਨੇ ਮਹਿਂ ਤਸਕਰ ਕੀ ਸਮਸਰ ਆਨਿ ਪਰੇ ਸਮੁਦਾਈ।
ਪਗਿਯਾ ਕੀ ਨਹਿਂ ਸੁੱਧਿ ਸੰਭਾਰੀ ਆਯੁਧ ਕਹਾਂ ਉਠਾਈ ॥ ੧੧ ॥

ਏਨੇ ਵਿਚ ਚੋਰਾਂ ਵਾਂਗ ਸਾਰੇ ਸਿੰਘ ਇਕੱਠੇ ਹੋ ਕੇ ਆ ਪਏ। ਅਸੀਂ ਆਪਣੀਆਂ ਪਗੜੀਆਂ ਦੀ ਵੀ ਸੋਝੀ ਨਹੀਂ ਸੰਭਾਲੀ ਹੈ, ਹਥਿਆਰ ਕਿਵੇਂ ਚੁੱਕਦੇ ॥ ੧੧ ॥

ਸੁਪਤ ਕਟੇ, ਕੋ ਉਠਨ ਨ ਪਾਏ, ਕਿਨਹਿਂ ਨ ਬਸਤ੍ਰ ਸੰਭਾਰਾ।
ਇਮ ਜ਼ੁਲਮੀਂ ਤਤਕਾਲ ਕਰਤਿ ਹੀ ਸਕਲ ਮੋਰਚਾ ਮਾਰਾ ॥ ੧੨ ॥

ਸੁੱਤੇ ਹੀ ਕੱਟੇ ਗਏ, ਕੋਈ ਵੀ ਉੱਠ ਨਾ ਸਕਿਆ, ਕਿਸੇ ਨੇ ਵੀ ਆਪਣੇ ਕੱਪੜੇ ਨਾ ਸੰਭਾਲੇ। ਇਸ ਪਰ ਜ਼ਾਲਮਾਂ ਨੇ ਤੁਰਤ ਹਮਲਾ ਕਰਕੇ ਸਾਰਾ ਮੋਰਚਾ ਮਾਰ ਲਿਆ ਹੈ ॥ ੧੨ ॥

ਯਾ ਖ਼ੁਦਾਇ ਹਮ ਜਾਨਤਿ ਕਜਾ ਥੇ ਦਗ਼ਾ ਕਰਹਿਂ ਸੰਘਾਰੈਂ।
ਏਕ ਘਰੀ ਦਰਮਜਾਨ ਪਰੀ ਨਹਿਂ, ਇਮ ਏ ਗਜ਼ਬ ਗੁਜ਼ਾਰੈਂ ॥ ੧੩ ॥

ਯਾ ਖ਼ੁਦਾ ਅਸੀਂ ਕੀ ਜਾਣਦੇ ਸੀ ਕਿ ਦਗ਼ਾ ਕਰਕੇ ਮਾਰ ਦੇਣਗੇ। ਸੌਣ ਵਿਚ ਇਕ ਘੜੀ ਦੇਰ ਨਹੀਂ ਪਈ, ਇਸ ਪ੍ਰਕਾਰ ਇਹ ਗਜ਼ਬ ਢਾਹਿਆ ਹੈ ॥ ੧੩ ॥

ਸੂਤੇ ਜਾਗਤਿ ਨਹੀਂ ਬਰਾਬਰ ਔਚਕ ਖੜਗ ਪ੍ਰਹਾਰੈਂ।
ਪੁਨ ਆਪਸ ਮਹਿਂ ਭਿੜੇ ਭੂਲ ਭਟ ਭੂਰ ਭਯਾਨਕ ਮਾਰੇ' ॥ ੧੪ ॥

ਸੁੱਤੇ ਜਾਗਦਿਆਂ ਦੇ ਬਰਾਬਰ ਨਹੀਂ ਹੋ ਸਕਦੇ, ਅਚਾਨਕ ਤਲਵਾਰਾਂ ਦੇ ਵਾਰ ਕੀਤੇ ਹਨ। ਫਿਰ ਸੂਰਬੀਰ ਭੁੱਲ ਕੇ ਆਪਸ ਵਿਚ ਹੀ ਭਿੜ ਪਏ, ਇਸ ਤਰ੍ਹਾਂ ਵੀ ਬੜੀ ਭਿਆਨਕਤਾ ਨਾਲ ਸੂਰਮਿਆਂ ਨੂੰ ਆਪਸ ਵਿਚ ਮਾਰਿਆ ਹੈ" ॥ ੧੪ ॥

ਜ਼ਬਰਦਸਤ ਅਰੁ ਖਾਨ ਵਜੀਦਾ ਸੂਬੇ ਡੂਬੇ ਲਾਜਾ।
ਰਿਦੇ ਕ੍ਰੋਧ ਕਰਿ ਨੇਤ੍ਰ ਫੇਰਿ ਕਰਿ ਤਾੜਜੋ ਗਿਰਪਤਿ ਰਾਜਾ॥ ੧੫॥

ਜ਼ਬਰਦਸਤ ਖਾਂ ਅਤੇ ਵਜ਼ੀਦ ਖਾਂ ਦੋਵੇਂ ਸੂਬੇ ਸ਼ਰਮ ਵਿਚ ਡੁੱਬ ਗਏ। ਫਿਰ ਉਨ੍ਹਾਂ ਹਿਰਦੇ ਵਿਚ ਕ੍ਰੋਧ ਧਾਰ ਕੇ ਤੇ ਅੱਖਾਂ ਫੇਰ ਕੇ ਪਹਾੜੀ ਰਾਜਿਆਂ ਨੂੰ ਤਾੜਨਾ ਕੀਤੀ॥ ੧੫॥

'ਆਪ ਨਿਚਿੰਤ ਹੋਇ ਕਰਿ ਬੈਠੇ ਸ਼ਾਹ ਚਮੂੰ ਮਰਿਵਾਈ।
ਕਈ ਹਜ਼ਾਰ ਮਰੀ ਬਹੁ ਨਿਬਰੀ ਅਪਕੀਰਤਿ ਜਗ ਛਾਈ॥ ੧੬॥

'ਆਪ ਨਿਸ਼ਚਿੰਤ ਹੋ ਕੇ ਬੈਠੇ ਹੋ, ਬਾਦਸ਼ਾਹ ਦੀ ਫੌਜ ਮਰਵਾ ਦਿੱਤੀ ਹੈ। ਕਈ ਹਜ਼ਾਰ ਫੌਜ ਮਰ ਕੇ ਖਤਮ ਹੋ ਗਈ ਹੈ ਤੇ ਜਗਤ ਵਿਚ ਸਾਡੀ ਨਿੰਦਿਆ ਛਾ ਗਈ ਹੈ॥ ੧੬॥

ਕਹਜੋ ਸ਼ਾਹੁ ਸਨ ਜਬਿ ਤੁਮ ਪਹੁਚੇ 'ਸਤਿਗੁਰ ਢਿਗ ਨਹਿਂ ਸੈਨਾ'।
ਅਬਿ ਇਹ ਲਰਤਿ ਕੌਨ ਬਿਚ ਹ੍ਵੈ ਕੈ ਕਜੋਂ ਨ ਕਹਤਿ ਕੁਛ ਬੈਨਾ ? ॥੧੭॥

ਜਦ ਤੁਸੀਂ ਬਾਦਸ਼ਾਹ ਪਾਸ ਗਏ ਸੀ ਤਾਂ ਤੁਸੀਂ ਕਿਹਾ ਸੀ ਕਿ ''ਸਤਿਗੁਰੂ ਪਾਸ ਕੋਈ ਸੈਨਾ ਨਹੀਂ ਹੈ।'' ਹੁਣ ਇਹ ਕੌਣ ਵਿਚ ਹੋ ਕੇ ਲੜਾਈ ਕਰਦਾ ਹੈ, ਇਸ ਬਾਰੇ ਕਿਉਂ ਨਹੀਂ ਕੁਝ ਬੋਲਦੇ ਹੋ ?॥ ੧੭॥

ਹਜ਼ਰਤ ਸੁਨਹਿ ਮੁਹਿੰਮ ਮਹਾਂ ਇਮ ਲਰਿ ਕਰਿ ਲਸ਼ਕਰ ਗਾਰਾ।
ਕ੍ਰੋਧ ਕਰਹਿ ਤਬਿ ਕੌਨ ਸਹਾਰੈ ਬਿਨਸੈ ਰਾਜ ਤੁਮਾਰਾ॥ ੧੮॥

ਜਦ ਬਾਦਸ਼ਾਹ ਸੁਣੇਗਾ ਕਿ ਵੱਡੀ ਮੁਹਿੰਮ ਵਿਚ ਸਾਰੇ ਲਸ਼ਕਰ ਨੂੰ ਲੜ ਕੇ ਗਾਲ ਦਿੱਤਾ ਹੈ। ਜਦ ਉਹ ਕ੍ਰੋਧ ਕਰੇਗਾ ਤਾਂ ਫਿਰ ਕੌਣ ਸਹਾਰੇਗਾ, ਫਿਰ ਤੁਹਾਡਾ ਰਾਜ ਖਤਮ ਹੋ ਜਾਵੇਗਾ॥ ੧੮॥

ਰਾਤਿ ਮੋਰਚਾ ਕਟਜੋ ਨਿਕਟ ਤੁਮ ਭਏ ਨ ਆਨਿ ਸਹਾਈ।
ਨਹੀਂ ਭੇਤ ਅੰਤਰ ਤੇ ਲੇ ਕਰਿ ਸੁਧ ਨਹਿਂ ਪ੍ਰਥਮ ਸੁਨਾਈ॥ ੧੯॥

ਰਾਤ ਤੁਹਾਡੇ ਨੇੜੇ ਹੀ ਮੋਰਚਾ ਕੱਟਿਆ ਗਿਆ, ਤੁਸੀਂ ਆ ਕੇ ਕਿਸੇ ਪ੍ਰਕਾਰ ਦੀ ਵੀ ਸਹਾਇਤਾ ਨਹੀਂ ਕੀਤੀ ਹੈ। ਅੰਦਰ ਤੋਂ ਕੋਈ ਭੇਦ ਲੈ ਕੇ, ਸਾਨੂੰ ਪਹਿਲਾਂ ਖ਼ਬਰ ਕਿਉਂ ਨਹੀਂ ਸੁਣਾਈ ਹੈ॥ ੧੯॥

ਲਰਿਬੇ ਕੋ ਤੁਮ ਨਹਿਂ ਬਲ ਘਾਲਹੁ ਬੈਠ ਹੋਇ ਕਿਨਾਰੇ।
ਹਮ ਅਬਿ ਕੂਚ ਕਰਹਿਂ ਚਢਿ ਜਾਵਹਿਂ ਪਾਛੇ ਤੁਮ ਕੋ ਮਾਰੇ' ॥੨੦॥

ਲੜਾਈ ਵਾਸਤੇ ਤੁਸੀਂ ਤਾਕਤ ਨਹੀਂ ਲਾਉਂਦੇ ਹੋ, ਇਕ ਪਾਸੇ ਹੋ ਕੇ ਬੈਠ ਗਏ ਹੋ। ਅਸੀਂ ਹੁਣ ਚੜ੍ਹਾਈ ਕਰਕੇ ਕੂਚ ਕਰ ਜਾਵਾਂਗੇ, ਬਾਅਦ ਵਿਚ ਤੁਹਾਨੂੰ ਮਾਰਨਗੇ' ॥ ੨੦॥

ਭੀਮ ਚੰਦ ਅਰੁ ਭੂਪ ਚੰਦ ਜੁਗ ਹਾਥ ਬੰਦਿ ਕਰਿ ਬੋਲੇ।
'ਕਿਮ ਨਬਾਬ ਜੀ ! ਦੋਸ਼ ਹਮਾਰੋ ਸੁਧ ਕੁਛ ਰਹੀ ਨ ਓਲੇ॥ ੨੧॥

ਭੀਮ ਚੰਦ ਅਤੇ ਭੂਪ ਚੰਦ ਦੋਵੇਂ ਹੱਥ ਜੋੜ ਕੇ ਬੋਲੇ, ''ਹੇ ਨਵਾਬ ਜੀ ! ਇਸ ਵਿਚ ਕਿਵੇਂ ਸਾਡਾ ਦੋਸ਼ ਹੈ, ਸਾਨੂੰ ਤਾਂ ਕੋਈ ਖ਼ਬਰ ਨਹੀਂ, ਅਸੀਂ ਤਾਂ ਓਹਲੇ ਸੀ॥ ੨੧॥

ਹਮ ਨਿਤ ਕਹਤਿ ਰਹਤਿ ਹਿਤ ਅਤਿਜੁਤਿ ਤਸਕਰ ਗਨ ਬਟਪਾਰਾ।
ਕਰੇ ਬਟੋਰਨ ਠੌਰ ਠੌਰ ਤੇ ਗੁਰ ਕੋ ਭਟ ਦਲ ਭਾਰਾ॥ ੨੨॥

ਅਸੀਂ ਤਾਂ ਬਹੁਤ ਹਿਤ ਨਾਲ ਨਿਤ ਕਹਿੰਦੇ ਰਹਿੰਦੇ ਹਾਂ, ਗੁਰੂ ਜੀ ਪਾਸ ਚੋਰ ਅਤੇ ਡਾਕੂ ਬਹੁਤ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਥਾਂ-ਥਾਂ ਤੋਂ ਇਕੱਠੇ ਕਰਕੇ ਭਾਰੀ ਸੂਰਮਿਆਂ ਦਾ ਦਲ ਬਣਾਇਆ ਹੈ॥ ੨੨॥

ਸਭਿ ਤੇ ਅੱਗ੍ਰ ਮੋਰਚਾ ਹੋਯਸਿ ਰਹੇ ਨ ਬਿਚ ਸਵਧਾਨੇ।
ਕਰੀ ਸਿਆਨਪ ਕਿਨਹੂੰ ਨਾਂਹਿਨ ਪੁੰਜ ਪ੍ਰਾਨ ਕਿਯ ਹਾਨੇ॥ ੨੩॥

ਸਭ ਤੋਂ ਅਗਲਾ ਮੋਰਚਾ ਸੀ, ਜਿਹੜਾ ਆਪਣੇ ਆਪ ਵਿਚ ਸਾਵਧਾਨ ਨਹੀਂ ਰਿਹਾ ਹੈ। ਕਿਸੇ ਨੇ ਵੀ ਸਿਆਣਪ ਨਹੀਂ ਕੀਤੀ ਹੈ, ਬਹੁਤ ਜਾਨਾਂ ਗਵਾਈਆਂ ਹਨ॥ ੨੩॥

ਲਰਿਬੇ ਤੇ ਸਰਬਰ ਨਹਿਂ ਹੋਵਹੁ ਲਾਖਹੁਂ ਚਮੂੰ ਖਪਾਵੈ।
ਰਹਹੁ ਦੂਰ ਥਿਰ ਹ੍ਵੈ ਕਰਿ ਸਗਰੇ ਨਿਕਟ ਹੋਨ ਨਹਿਂ ਪਾਵੈਂ॥ ੨੪॥

ਲੜਾਈ ਵਾਸਤੇ ਮੁਕਾਬਲਾ ਨਹੀਂ ਕਰਦੇ ਹੋ, ਇਸ ਪ੍ਰਕਾਰ ਲੱਖਾਂ ਦੀ ਗਿਣਤੀ ਵਿਚ ਸੈਨਾ ਖੱਪ ਜਾਵੇਗੀ। ਸਾਰੇ ਦੂਰ ਹੋ ਕੇ ਠਹਿਰੋ, ਕੋਈ ਵੀ ਨੇੜੇ ਨਾ ਜਾਵੇ॥ ੨੪॥

ਅੰਨ ਆਦਿ ਰੋਕਨਿ ਕਰਿ ਰਖੀਅਹਿ, ਆਛੀ ਬਾਤ ਇਸੀ ਮਹਿਂ।
ਜਾਗ੍ਰਤਿ ਰਹੈਂ ਰਾਤਿ ਕੋ ਸਗਰੇ ਜੋ ਭਟ ਥਾਨ ਤਿਸੀ ਮਹਿਂ॥ ੨੫॥

ਅਨਾਜ ਆਦਿ ਰੋਕ ਰੱਖੀਏ, ਚੰਗੀ ਗੱਲ ਏਸੇ ਵਿਚ ਹੈ। ਰਾਤ ਨੂੰ ਸਾਰੇ ਜਾਗਦੇ ਰਹਿਣ, ਜਿਹੜਾ ਵੀ ਸੂਰਬੀਰ ਜਿਸ ਸਥਾਨ 'ਤੇ ਵੀ ਹੈ॥ ੨੫॥

ਹਮ ਅਨੁਸਾਰਿ ਆਪਿ ਕੇ ਸਭਿ ਬਿਧਿ ਕਰਹਿਂ ਕਾਰ ਜਿਮ ਭਾਖਹੁ।
ਲਰਨ ਮਰਨ ਜੀਤਨਿ ਅਰੁ ਹਾਰਨ ਦਿਸ਼ਿ ਖੁਦਾਇ ਅਭਿਲਾਖਹੁ ॥੨੬॥

ਅਸੀਂ ਸਾਰੀਆਂ ਵਿਧੀਆਂ ਨਾਲ ਤੁਹਾਡੀ ਆਗਿਆ ਅਨੁਸਾਰ ਹਾਂ, ਉਸ ਪ੍ਰਕਾਰ ਹੀ ਕਾਰਜ ਕਰਾਂਗੇ ਜਿਵੇਂ ਕਹੋਗੇ। ਲੜਨਾ, ਮਰਨਾ, ਜਿੱਤਣਾ ਅਤੇ ਹਾਰਨਾ ਖ਼ੁਦਾ ਪਾਸੋਂ ਮੰਗਣ ਦੀ ਅਭਿਲਾਸ਼ਾ ਰੱਖੋ'' ॥ ੨੬॥

ਕਿਤਿਕ ਹਜ਼ਾਰ ਦਰਬ ਗਿਰਪਤਿ ਸਭਿ ਸੂਬਨਿ ਕੋ ਪੁਨ ਦੀਨਾ।
ਜਬਿ ਕੁਛ ਰਿਸਹਿਂ ਇਸੀ ਬਿਧ ਤ੍ਰਾਸਹਿਂ ਕਈ ਬਾਰ ਧਨ ਲੀਨਾ ॥੨੭॥

ਫਿਰ ਪਹਾੜੀ ਰਾਜਿਆਂ ਨੇ ਕਈ ਹਜ਼ਾਰ ਧਨ ਸੂਬਿਆਂ ਨੂੰ ਦਿੱਤਾ। ਜਦ ਵੀ ਕਦੀ ਇਸ ਪ੍ਰਕਾਰ ਗੁੱਸੇ ਹੋਏ ਤਾਂ ਪਹਾੜੀ ਰਾਜਿਆਂ ਨੇ ਡਰ ਕੇ ਕਈ ਵਾਰ ਧਨ ਦਿੱਤਾ॥ ੨੭॥

ਚਢਿ ਸਗਰੇ ਪੁਨ ਗਏ ਬਿਲੋਕਨ ਪਰਜੋ ਮੋਰਚਾ ਛੂਛਾ।
ਕਾਕ ਕੰਕ ਗਨ ਗੀਧ ਸ੍ਵਾਨ ਪਲ ਖਾਹਿਂ, ਦੇਖਿ ਤਬਿ ਪੂਛਾ॥ ੨੮॥

ਫਿਰ ਸਾਰੇ ਘੋੜਿਆਂ 'ਤੇ ਸਵਾਰ ਹੋ ਕੇ ਵੇਖਣ ਗਏ, ਉਥੇ ਜਾ ਕੇ ਵੇਖਿਆ ਮੋਰਚਾ ਖਾਲੀ ਪਿਆ ਸੀ। ਕਾਂ, ਇੱਲਾਂ, ਗਿਰਝਾਂ ਅਤੇ ਕੁੱਤੇ ਮਿਲ ਕੇ ਮਾਸ ਖਾ ਰਹੇ ਸਨ, ਵੇਖ ਕੇ ਫਿਰ ਪੁੱਛਿਆ॥ ੨੮॥

'ਜਬਿ ਪਹੁੰਚੇਂ ਤਬਿ ਗੁਲਕਾ ਲਾਗੈ ਲੋਥ ਪਰੀ ਸਮੁਦਾਈ।
ਦਫਨਾਵਨ ਕੀ ਬਿਧਿ ਨਹਿਂ ਬਨਤੀ, ਪਰੇ ਰਹੈਂ ਤਿਸ ਠਾਈ॥ ੨੯॥

''ਜਦ ਲੋਥਾਂ ਚੁੱਕਣ ਪਹੁੰਚਾਂਗੇ ਤਦ ਸਿੱਖਾਂ ਵਲੋਂ ਗੋਲੀਆਂ ਲਗਣਗੀਆਂ ਤੇ ਲੋਥਾਂ ਬਹੁਤ ਵੱਡੀ ਗਿਣਤੀ ਵਿਚ ਹਨ। ਦਫਨਾਉਣ ਦੀ ਵਿਧੀ ਨਹੀਂ ਬਣਦੀ ਹੈ, ਇਸ ਕਰਕੇ ਸਲਾਹ ਕੀਤੀ ਕਿ ਇਸ ਥਾਂ ਹੀ ਲੋਥਾਂ ਨੂੰ ਪਈਆਂ ਰਹਿਣ ਦੇਵੋ॥ ੨੯॥

ਦੂਰ ਮੋਰਚਾ ਹਟਿ ਕਰਿ ਬਾਂਧਹੁ, ਨਿਤ ਰਹੀਅਹਿ ਸਵਧਾਨਾ।
ਗੁਰ ਤੇ ਫਤੇ ਨ ਕਬਹੂੰ ਲੀਨਸਿ ਕਈ ਬਾਰ ਰਨ ਠਾਨਾ' ॥ ੩੦ ॥

ਮੋਰਚਾ ਦੂਰ ਪਿਛਾਂਹ ਹਟ ਕੇ ਬਣਾਵੋ ਤੇ ਸਦਾ ਸਾਵਧਾਨ ਰਹੋ। ਗੁਰੂ ਜੀ ਉੱਤੇ ਕਦੀ ਵੀ ਫ਼ਤਹਿ ਪ੍ਰਾਪਤ ਨਹੀਂ ਕੀਤੀ ਹੈ, ਕਈ ਵਾਰ ਯੁੱਧ ਕੀਤਾ ਹੈ'' ॥ ੩੦ ॥

ਇਮ ਸੁਚੇਤ ਕਰਿ ਸਭਿ ਥਲ ਫਿਰ ਕਰਿ ਜੁਗ ਸੂਬੇ ਅਰੁ ਰਾਜੇ।
ਪੁਨ ਪਹੁੰਚੇ ਨਿਜ ਸਿਵਰ ਬਿਖੈ ਖਲ ਨਹਿਂ ਕੁਛ ਦੁੰਦਭਿ ਬਾਜੇ ॥ ੩੧ ॥

ਇਸ ਪ੍ਰਕਾਰ ਖ਼ਬਰਦਾਰ ਕਰਦੇ, ਦੋਵੇਂ ਸੂਬੇ ਅਤੇ ਪਹਾੜੀ ਰਾਜੇ ਸਭ ਥਾਵਾਂ 'ਤੇ ਫਿਰੇ। ਫਿਰ ਆਪਣੇ ਡੇਰੇ ਵਿਚ ਪਹੁੰਚ ਗਏ। ਕੋਈ ਵੀ ਢੋਲ ਜਾਂ ਨਗਾਰਾ ਨਹੀਂ ਸੀ ਵੱਜ ਰਿਹਾ ॥ ੩੧ ॥

ਪ੍ਰਥਮ ਪਹਿਰ ਜੁਗ ਦਿਨ ਕੇ ਬੀਤੇ ਢਰਜੋ ਦੁਪਹਿਰਾ ਹੇਰਾ।
ਸਤਿਗੁਰ ਬਿਜੀਆ ਤਬਿ ਅਨਾਇ ਕਰਿ ਤੂਰਨਿ ਆਨਤਿ ਚੇਰਾ ॥ ੩੨ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ ॥ ੩੨ ॥

ਜਰੇ ਜਵਾਹਰ ਕੰਚਨ ਸੰਪਟ ਲੇ ਅਫੀਮ ਕੋ ਆਏ।
ਮਾਵੇ ਕੋ ਪ੍ਰਮਾਣ ਕਰਿ ਤੇਤਿਕ ਸ੍ਰੀ ਗੁਰ ਮੁਖ ਮਹਿਂ ਪਾਏ ॥ ੩੩ ॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ ॥ ੩੩ ॥

ਸੌਚ ਸ਼ਨਾਨ ਠਾਨਿ ਕਰਿ ਬੈਠੇ ਊਚੇ ਥਲ ਭਗਵੰਤਾ।
ਸਿੰਘ ਸੁਚੇਤਾ ਕਰਿ ਕਰਿ ਪਹੁੰਚੇ ਦਰਸਹਿਂ ਮੁਖ ਦੁਤਿਵੰਤਾ ॥ ੩੪ ॥

ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਉੱਚੇ ਸਥਾਨ 'ਤੇ ਬੈਠ ਗਏ। ਸਿੰਘ ਸੁਚੇਤਤਾ ਕਰ ਕਰ ਪਹੁੰਚੇ, ਤਾਂਕਿ ਸਤਿਗੁਰੂ ਜੀ ਦੇ ਜਾਹੋ-ਜਲਾਲ ਵਾਲੇ ਮੁਖ ਦੇ ਦਰਸ਼ਨ ਕਰੀਏ ॥ ੩੪ ॥

ਲਗਜੋ ਦਿਵਾਨ ਖਾਲਸੇ ਸ਼ੋਭਤਿ ਜਿਮ ਜਾਦਵ ਸਮੁਦਾਯਾ।
ਰੂਪ ਗੁਬਿੰਦ ਗੁਬਿੰਦ ਸਿੰਘ ਜੀ ਸ਼ਸਤ੍ਰਨਿ ਸਹਿਤ ਸੁਹਾਯਾ ॥ ੩੫ ॥

ਜਦ ਦੀਵਾਨ ਲੱਗਾ ਤਾਂ ਖਾਲਸਾ ਇਸ ਪ੍ਰਕਾਰ ਸ਼ੋਭ ਰਿਹਾ ਸੀ ਮਾਨੋ ਯਾਦਵ ਇਕੱਠੇ ਹੋ ਕੇ ਸ੍ਰੀ ਕ੍ਰਿਸ਼ਨ ਪਾਸ ਬੈਠੇ ਹੋਣ। ਕ੍ਰਿਸ਼ਨ ਰੂਪ ਗੁਰੂ ਗੋਬਿੰਦ ਸਿੰਘ ਜੀ ਸ਼ਸਤਰਾਂ ਸਹਿਤ ਸ਼ੋਭ ਰਹੇ ਸਨ ॥ ੩੫ ॥

ਕਿਧੌਂ ਕੁਬੇਰ ਥਿਰਜੋ ਬਿਚ ਜੱਛਨ ਜ਼ੇਵਰ ਜੋਤਿ ਸੁਹਾਵੈ।
ਦੇਵਨ ਗਨ ਮਹਿਂ ਕਿਧੌਂ ਇੰਦ੍ਰ ਹੈ ਮੁਦਤਿ ਮਹਾਂ ਦੁਤਿ ਪਾਵੈ ॥ ੩੬ ॥

ਮਾਨੋ ਕੁਬੇਰ ਜੱਛਾਂ ਵਿਚ ਬੈਠੇ ਸਨ ਤੇ ਜ਼ੇਵਰਾਂ ਦੀ ਜੋਤੀ ਸ਼ੋਭ ਰਹੀ ਸੀ। ਦੇਵਤਿਆਂ ਵਿਚ ਮਾਨੋ ਇੰਦਰ ਬੈਠੇ ਹੋਣ, ਪ੍ਰਸੰਨ ਹੋ ਕੇ ਮਹਾਂ ਪ੍ਰਕਾਸ਼ ਪਾ ਰਹੇ ਹੋਣ ॥ ੩੬ ॥

ਕੈ ਮੁਨਿ ਗਨ ਮਹਿਂ ਰਾਮਚੰਦ੍ਰ ਜੀ ਥਿਰੇ ਸ਼ੁਭਤਿ ਸੁਖਦਾਈ।
ਤੁੰਗ ਸਥਲ ਪਰ ਸ੍ਰੀ ਪ੍ਰਭੁ ਥਿਰ ਤਬਿ ਚਹੁੰਦਿਸ਼ਿ ਦ੍ਰਿਸ਼ਟਿ ਲਗਾਈ ॥ ੩੭ ॥

ਮਾਨੋ ਮੁਨੀਆਂ ਵਿਚ ਰਾਮਚੰਦਰ ਜੀ ਬੈਠ ਕੇ ਸੁਖਦਾਈ ਸ਼ੋਭਾ ਪਾ ਰਹੇ ਹੋਣ। ਉੱਚੇ ਸਥਾਨ ਤੇ ਸ੍ਰੀ ਸਤਿਗੁਰੂ ਜੀ ਨੇ ਬੈਠ ਕੇ ਚਾਰੇ ਪਾਸੇ ਦ੍ਰਿਸ਼ਟੀ ਲਗਾਈ ॥ ੩੭ ॥

ਪਰੇ ਜਹਾਂ ਕਹਿਂ ਦੀਰਘ ਡੇਰੇ ਤੰਬੂ ਗਨ ਸ਼ਮਿਯਾਨੇ।
ਝੰਡੇ ਥਾਨ ਥਾਨ ਪਰ ਝੂਲਤਿ ਬਹੁਤ ਬਰਨ ਕੇ ਬਾਨੇ॥ ੩੮॥

ਜਿੱਥੇ ਕਿੱਥੇ ਵੱਡੇ-ਵੱਡੇ ਡੇਰੇ ਲੱਗੇ ਹੋਏ ਸਨ, ਬਹੁਤ ਤੰਬੂ ਅਤੇ ਸ਼ਾਮਿਆਨੇ ਲੱਗੇ ਹੋਏ ਸਨ। ਥਾਂ-ਥਾਂ ਝੰਡੇ ਝੂਲ ਰਹੇ ਸਨ, ਜਿਨ੍ਹਾਂ ਦੇ ਕੱਪੜੇ ਬਹੁਤ ਰੰਗ-ਬਰੰਗੇ ਸਨ॥ ੩੮॥

ਸਿਵਰ ਪਿਖਯੋ ਪੁਨ ਸੂਬਨਿ ਕੇਰਾ ਤੰਬੂ ਲਗਯੋ ਬਨਾਤੀ।
ਤਾਨਯੋ ਸ਼ਮਿਯਾਨਾ ਬਹੁ ਦੀਰਘ ਮਖ਼ਮਲ ਕੋ ਬਹੁ ਭਾਂਤੀ॥ ੩੯॥

ਫਿਰ ਸੂਬਿਆਂ ਦਾ ਡੇਰਾ ਵੇਖਿਆ, ਜਿਨ੍ਹਾਂ ਨੇ ਬਨਾਤ ਦਾ ਤੰਬੂ ਲਾਇਆ ਹੋਇਆ ਸੀ। ਬਹੁਤ ਵੱਡਾ ਸ਼ਾਮਿਆਨਾ ਲਾਇਆ ਹੋਇਆ ਸੀ, ਜਿਸ ਨੂੰ ਬਹੁਤ ਭਾਂਤ ਦੀ ਮਖ਼ਮਲ ਲੱਗੀ ਹੋਈ ਸੀ॥ ੩੯॥

ਥਿਰੇ ਲੋਕ ਬਹੁ ਖਰੇ ਹਜ਼ਾਰਹੁਂ ਸ਼ਸਤ੍ਰਨਿ ਜੁਤਿ ਸਵਧਾਨਾ।
ਤਿਹ ਬਿਲੋਕਿ ਮੁਸਕਾਇ ਕਹਯੋ ਪ੍ਰਭੁ 'ਇਹ ਸਨਮੁਖ ਡਰ ਹਾਨਾ ॥੪੦॥

ਬਹੁਤ ਲੋਕ ਉਥੇ ਖੜ੍ਹੇ ਸਨ, ਹਜ਼ਾਰਾਂ ਸੂਰਬੀਰ ਸ਼ਸਤਰਾਂ ਸਹਿਤ ਸਾਵਧਾਨ ਸਨ, ਉਨ੍ਹਾਂ ਨੂੰ ਵੇਖ ਕੇ ਸਤਿਗੁਰੂ ਜੀ ਮੁਸਕਰਾਏ ਅਤੇ ਕਿਹਾ, "ਇਹ ਵੈਰੀ ਸਾਹਮਣੇ ਹੀ ਡਰ ਨਾਸ਼ ਕਰਕੇ ਬੈਠੇ ਹਨ"॥ ੪੦॥

ਉਦੈ ਸਿੰਘ ਕਰ ਜੋਰਿ ਉਚਾਰੀ, 'ਜਬਹਿ ਪ੍ਰਹਾਰੇ ਬਾਨਾ।
ਤਬਿ ਡਰਿ ਕਰਿ ਥਿਰ ਦੂਰ ਰਹਤਿ ਭਾ ਬਹੁ ਦਿਨ ਬਿਤੇ, ਸੁਹਾਨਾ ॥੪੧॥

ਫਿਰ ਉਦੈ ਸਿੰਘ ਨੇ ਹੱਥ ਜੋੜ ਕੇ ਕਿਹਾ, "ਜਦੋਂ ਆਪ ਜੀ ਨੇ ਤੀਰ ਮਾਰੇ ਸਨ, ਤਦ ਇਹ ਡਰ ਕੇ ਦੂਰ ਬੈਠਣ ਲੱਗ ਗਏ ਸਨ। ਇਸ ਗੱਲ ਨੂੰ ਬਹੁਤ ਦਿਨ ਬੀਤ ਗਏ ਹਨ, ਪਰ ਹੁਣ ਮੁੜ ਇਸ ਸੁਹਣੇ ਸਥਾਨ ਉੱਤੇ॥ ੪੧॥

ਪ੍ਰਥਮ ਰੀਤਿ ਹੀ ਬੈਠਨ ਲਾਗੇ ਕਹਾਂ ਤੀਰ ਨਿਤ ਮਾਰੈਂ।
ਅਪਨੋ ਆਪ ਦਿਖਾਵਨ ਕਰਤੇ ਤੁਰਕ ਕਹਾਂ ਲਗਿ ਹਾਰੈਂ ॥ ੪੨॥

ਪਹਿਲਾਂ ਵਾਂਗ ਹੀ ਬੈਠਣ ਲੱਗ ਗਏ ਹਨ, ਵੈਰੀ ਵਿਚਾਰਦੇ ਹਨ ਕਿ ਗੁਰੂ ਜੀ ਕਿਹੜੇ ਰੋਜ਼-ਰੋਜ਼ ਤੀਰ ਮਾਰਦੇ ਹਨ। ਤੁਰਕ ਆਪਣੇ ਆਪ ਨੂੰ ਵਿਖਾਉਂਦੇ ਹਨ ਕਿ ਕਿੱਥੋਂ ਤਕ ਸਿੱਖਾਂ ਤੋਂ ਹਾਰੇ ਰਹੀਏ ਭਾਵ ਪਿੱਛੇ ਰਹੀਏ"॥ ੪੨॥

ਸੁਨਿਕੈ ਸ਼੍ਰੀ ਪ੍ਰਭੁ ਹੁਕਮ ਕਰਯੋ ਤਬਿ 'ਜੁਗ ਤੋਪਨ ਕੋ ਲਯਾਵੋ।
ਇਸ ਥਲ ਊਚੇ ਪਰ ਥਿਰ ਕਰਿਕੈ ਗੋਰਾ ਡਾਰਿ ਚਲਾਵੋ' ॥ ੪੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਦੋਵਾਂ ਤੋਪਾਂ ਨੂੰ ਲਿਆਵੋ। ਇਸ ਉੱਚੇ ਸਥਾਨ 'ਤੇ ਖੜੀਆਂ ਕਰਕੇ ਗੋਲੇ ਪਾ ਕੇ ਚਲਾਵੋ"॥ ੪੩॥

ਸੁਨਿ ਆਇਸੁ ਕੋ ਸਿੰਘ ਤੁਰਤ ਹੀ ਗਏ ਤੋਪ ਜਹਿਂ ਠਾਢੀ।
ਐਂਚਨ ਕਰਿ ਆਨੀ ਤਤਛਿਨ ਮਹਿਂ ਚੋਂਪ ਰਿਦੇ ਮਹਿਂ ਬਾਢੀ॥ ੪੪॥

ਆਗਿਆ ਸੁਣ ਕੇ ਸਿੰਘ ਤੁਰਤ ਹੀ ਗਏ ਤੇ ਜਿੱਥੇ ਤੋਪ ਖੜ੍ਹੀ ਸੀ ਉਥੋਂ ਚੁੱਕ ਕੇ ਤੁਰਤ ਲੈ ਆਏ, ਉਨ੍ਹਾਂ ਦੇ ਹਿਰਦੇ ਵਿਚ ਬੜਾ ਚਾਅ ਵਧਿਆ ਸੀ॥ ੪੪॥

ਇਕ ਕੋ ਬਾਘਨ ਨਾਮ ਧਰਯੋ ਪ੍ਰਭੁ ਬਿੱਜਘੋਖ ਕਹਿਂ ਦੂਜੀ।
ਕਰ ਦਿਵਾਨ ਆਗੇ ਥਿਰ ਦੋਨਹੁਂ ਚੰਦਨ ਪੁਸ਼ਪਨਿ ਪੂਜੀ॥ ੪੫॥

ਇਕ ਤੋਪ ਦਾ ਨਾਮ ਬਾਘਨ ਰੱਖਿਆ ਸੀ ਤੇ ਦੂਸਰੀ ਨੂੰ ਸਤਿਗੁਰੂ ਜੀ ਬਿੱਜਘੋਖ ਕਹਿੰਦੇ ਸਨ। ਦੋਵਾਂ ਨੂੰ ਦੀਵਾਨ ਅੱਗੇ ਖੜ੍ਹੀਆਂ ਕਰਕੇ ਚੰਦਨ ਅਤੇ ਫੁੱਲਾਂ ਨਾਲ ਉਨ੍ਹਾਂ ਪੂਜਾ ਕੀਤੀ॥ ੪੫॥

ਕਬਿੱਤ-ਗੁਰੂ ਕੇ ਪ੍ਰਤਾਪ ਕੀ ਦੁਲਾਰਨ ਕਰਨ ਵਾਰੀ, ਕਿਧੋਂ ਗੁਰੂ ਮੂਰਤ ਕੀ ਰੱਛਾ ਰੂਪ ਧਾਰੀ ਹੈ।
ਕਿਧੋਂ ਬਿਜੈ ਆਪਨੋ ਸਰੂਪ ਧਾਰਿ ਠਾਂਢੀ ਢਿਗ, ਕਿਧੋਂ ਰੂਪ ਕਾਲਕਾ ਕੋ ਦਾਸਨ ਉਧਾਰੀ ਹੈ।
ਸਿੰਘਨਿ ਸਹਾਇ ਹੇਤੁ ਦੇਤਿ ਹੈ ਦਿਖਾਈ ਸੋਇ, ਕਿਧੋਂ ਮ੍ਰਿਤੁ ਦੁਰਜਨ ਕੀ ਦਾਰੁਨ ਸੁਧਾਰੀ ਹੈ।
ਹਿੰਦੁ ਕੋ ਧਰਮ ਧਰਾ ਧਾਰਿਬੇ ਕੋ, ਧੀਰ ਧਰਿ ਸ੍ਰੀ ਗੁਬਿੰਦ ਸਿੰਘ ਤੋਪ ਉਪਮਾ ਬਿਚਾਰੀ ਹੈ ॥੪੬॥

ਗੁਰੂ ਜੀ ਦੇ ਪ੍ਰਤਾਪ ਨੂੰ ਖਿੜਾਉਣ ਵਾਲੀ ਜਾਂ ਗੁਰੂ ਮੂਰਤ ਦੀ ਰੱਖਿਆ ਨੇ ਹੀ ਰੂਪ ਧਾਰਿਆ ਹੈ ਜਾਂ ਵਿਜੈ ਆਪਣਾ ਸਰੂਪ ਧਾਰ ਕੇ ਪਾਸ ਖੜ੍ਹੀ ਕੀਤੀ ਹੈ ਜਾਂ ਦਾਸਾਂ ਦਾ ਉਧਾਰ ਕਰਨ ਵਾਸਤੇ ਕਾਲਕਾ ਦਾ ਰੂਪ ਧਾਰਨ ਕੀਤਾ ਹੈ। ਸਿੰਘਾਂ ਦੀ ਸਹਾਇਤਾ ਵਾਸਤੇ ਉਹ ਦਿਖਾਈ ਦਿੰਦੀ ਹੈ ਜਾਂ ਵੈਰੀਆਂ ਦੀ ਭਿਆਨਕ ਮੌਤ ਚੰਗੀ ਤਰ੍ਹਾਂ ਬਣਾਈ ਹੈ। ਹਿੰਦ ਦੇ ਧਰਮ ਨੂੰ ਧਰਤੀ ਤੇ ਰੱਖਣ ਲਈ ਧੀਰਜਧਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੋਪ ਦੀ ਉਪਮਾ ਮੈਂ ਵਿਚਾਰੀ ਹੈ॥ ੪੬॥

ਗਾਢੇ ਗਢ ਢਾਹਿਬੇ ਕੋ, ਦੀਹ ਦਲ ਦਾਹਿਬੇ ਕੋ, ਖਾਲਸਾ ਉਮਾਹਿਬੇ ਕੋ ਦੁਰਜਨ ਬਿਹਾਲਕਾ।
ਤੁਰਕਨਿ ਕੋ ਤੇਜ ਤ੍ਰਿਨ ਸੰਚੈ ਸਮ ਬਧਯੋ ਬਹੁ ਤਾਂਕੇ ਛਾਰ ਕਰਿਬੇ ਕਹੁ ਮਾਨਹੁ ਜੋਤਿ ਜ੍ਵਾਲਕਾ।
ਮੇਘਨ ਕੇ ਬੀਚ ਬਸੇ ਗਾਜਿ ਗਾਜਿ ਗਾਜ ਜੋਇ ਦੂਜੇ ਦੇਹ ਧਾਰੇ ਜਨੁ ਆਈ ਖਲੁ ਘਾਲਕਾ।
ਦਾਸ ਪ੍ਰਤਿਪਾਲਿਕਾ, ਸੁ ਖਾਲਿਕ ਕੀ ਖਾਲਿਕਾ, ਸਰੂਪ ਮਨੋ ਕਾਲ ਕਾ, ਪ੍ਰਗਟ ਭਈ ਕਾਲਕਾ॥੪੭॥

ਪੱਕੇ ਕਿਲ੍ਹੇ ਢਾਹੁਣ ਵਾਸਤੇ, ਭਿਆਨਕ ਲਸ਼ਕਰਾਂ ਨੂੰ ਮਾਰਨ ਵਾਸਤੇ ਤੇ ਖਾਲਸੇ ਨੂੰ ਉਤਸ਼ਾਹਤ ਕਰਨ ਵਾਸਤੇ ਤੇ ਦੁਸ਼ਟਾਂ ਨੂੰ ਬੇਹਾਲ ਕਰਨ ਲਈ ਇਹ ਤੋਪ ਬਣਾਈ ਹੈ। ਤੁਰਕਾਂ ਦਾ ਤੇਜ ਘਾਹ ਦੇ ਢੇਰ ਵਾਂਗ ਵਧਿਆ ਹੈ, ਉਸ ਨੂੰ ਸਾੜਨ ਵਾਸਤੇ ਇਹ ਜਵਾਲਾ ਦੀ ਮਾਨੋ ਜੋਤ ਹੈ। ਬਿਜਲੀ ਜੋ ਗੱਜ ਗੱਜ ਕੇ ਬੱਦਲਾਂ ਵਿਚ ਵੱਸਦੀ ਹੈ ਮਾਨੋ ਉਹੋ ਹੀ ਦੂਜੀ ਦੇਹ ਤੋਪ ਦੀ ਸ਼ਕਲ ਧਾਰ ਕੇ ਵੈਰੀਆਂ ਨੂੰ ਨਾਸ਼ ਕਰਨ ਹਿਤ ਆਈ ਹੈ। ਕਰਤਾਰ ਦੀ ਬਣਾਈ ਹੋਈ ਇਹ ਤੋਪ ਮਾਨੋ ਕਾਲ ਦਾ ਸਰੂਪ ਹੈ ਜਾਂ ਕਾਲਕਾ ਪ੍ਰਗਟ ਹੋਈ ਹੈ॥ ੪੭॥

ਸ੍ਵੈਯਾ-ਸ੍ਰੀ ਮੁਖ ਤੇ ਤਬਿ ਲੇ ਕਰਿ ਆਇਸੁ ਡਾਰਿ ਬਰੂਦ ਕਸਯੋ ਤਬਿ ਗੋਰਾ।
ਤੰਬੂ ਬਨਾਤੀ ਸੋਂ ਸੂਤ ਬੰਧਯੋ ਮੁਖ ਕੀਨ ਬਰੋਬਰ ਸ਼ੱਤ੍ਰਨਿ ਓਰਾ।
ਤਾਕ ਭਲੇ ਤਬਿ ਤਯਾਰ ਕਰੀ ਤਤਕਾਲ ਪਲੀਤੇ ਪੈ ਲਾਇਸਿ ਤੋਰਾ।
ਗਾਜ ਗਿਰੀ ਜਨੁ ਦੀਹ ਅਵਾਜ ਤੇ ਘੂਕ ਸਬੇਗ ਰਿਪੂ ਸਿਰ ਫੋਰਾ ॥੪੮॥

ਫਿਰ ਸਤਿਗੁਰੂ ਜੀ ਪਾਸੋਂ ਆਗਿਆ ਲੈ ਕੇ ਬਰੂਦ ਪਾ ਕੇ ਗੋਲਾ ਕੱਸ ਦਿੱਤਾ, ਬਨਾਤੀ ਤੰਬੂ ਦਾ ਨਿਸ਼ਾਨਾ ਬੰਨ੍ਹਿਆ। ਤੁਰਕਾਂ ਦਾ ਬਨਾਤੀ ਤੰਬੂ ਡੋਰਾਂ ਨਾਲ ਬੰਨ੍ਹਿਆ ਸੀ, ਤਿਨ੍ਹਾਂ ਵੈਰੀਆਂ ਵੱਲ ਬਰਾਬਰ ਤੋਪ ਦਾ ਮੂੰਹ ਕੀਤਾ। ਭਲੀ ਪ੍ਰਕਾਰ ਨਿਸ਼ਾਨਾ ਤੱਕ ਕੇ ਤਿਆਰ ਕੀਤੀ ਤੇ ਫਿਰ ਤੁਰਤ ਪਲੀਤੇ ਨੂੰ ਤੋੜਾ ਲਾਇਆ। ਵੱਡੀ ਆਵਾਜ਼ ਨਾਲ ਚੱਲੀ ਤੇ ਘੂਕਦੀ ਹੋਈ ਨੇ ਬੜੀ ਛੇਤੀ ਜਾ ਕੇ ਵੈਰੀ ਦਾ ਸਿਰ ਭੰਨ ਦਿੱਤਾ॥ ੪੮॥

ਬਾਘਨ ਛੋਰਿਕੈ ਤਯਾਰ ਕਰੀ, ਬਿਜਘੋਖ ਕੋ ਸੂੰਕ ਚਲਯੋ ਤਬਿ ਗੋਰਾ।
ਸੂਬੇ ਕੋ ਝੰਡਾ ਖਰਾ ਅਵਿਲੋਕ ਕੈ ਤਾਕ ਕੈ ਮਾਰਤਿ ਭੇ ਤਿਸ ਓਰਾ।
ਫੇਰ ਕਸੀ ਨਹਿਂ ਦੇਰ ਲਗੀ ਉਰ ਕੰਪ ਉਠੇ ਸੁਨਿਕੈ ਰਵਿਘੋਰਾ।
ਥੈਲੀ ਕੋ ਪਾਇ ਕੈ ਠੋਕਤਿ ਹੈਂ ਗਜ, ਦੇਤਿ ਪਲੀਤੇ ਮਹਿਂ ਤੂਰਨ ਤੋਰਾ॥੪੯॥

ਬਾਘਨ ਦਾ ਗੋਲਾ ਛੱਡ ਕੇ ਫਿਰ ਬਿਜਘੋਖ ਤਿਆਰ ਕੀਤੀ, ਸ਼ੂਕਦਾ ਹੋਇਆ ਤਦ ਗੋਲਾ ਚਲਿਆ। ਸੂਬੇ ਦਾ ਖੜਾ ਝੰਡਾ ਵੇਖ ਕੇ ਉਸ ਦਾ ਨਿਸ਼ਾਨਾ ਤੱਕ ਕੇ ਉਸ ਵੱਲ ਗੋਲਾ ਮਾਰਿਆ। ਫਿਰ ਕੁਝ ਵੀ ਨਾ ਦੇਰ ਲੱਗੀ, ਭਿਆਨਕ ਆਵਾਜ਼ ਸੁਣ ਕੇ ਦਿਲ ਕੰਬ ਉੱਠੇ। ਥੈਲੀ ਨੂੰ ਪਾ ਕੇ ਗਜ ਠੋਕਦੇ ਹਨ ਤੇ ਪਲੀਤੇ ਵਿਚ ਤੁਰਤ ਤੋੜਾ ਪਾਉਂਦੇ ਹਨ॥ ੪੯॥

ਦੋਹਰਾ- ਤੰਬੂ ਕਲਸ ਉਡਾਇਕੈ ਝੰਡਾ ਦਿਯੋ ਗਿਰਾਇ।
ਟੂਟ ਪਰਜੋ ਧਰ ਪਰ ਤਬੈ ਸ਼ੋਰ ਉਠਜੋ ਸਮੁਦਾਇ॥ ੫੦॥

ਤੰਬੂ ਦਾ ਕਲਸ ਉਡਾ ਕੇ ਝੰਡੇ ਨੂੰ ਡੇਗ ਦਿੱਤਾ। ਟੁੱਟ ਕੇ ਉਹ ਧਰਤੀ 'ਤੇ ਡਿੱਗ ਪਿਆ, ਤਦ ਬਹੁਤ ਉੱਚੀ ਸ਼ੋਰ ਉੱਠਿਆ॥ ੫੦॥

*ਛੇਵੀਂ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

# *ਅਧਿਆਇ ਅਠਾਰ੍ਹਵਾਂ*

*ਘੇਰਾ ਜਾਰੀ, ਭਾਈ ਕਨ੍ਹੱਈਆ ਜੀ*

ਦੋਹਰਾ- ਇਸ ਪ੍ਰਕਾਰ ਗੋਰੇ ਚਲੇ ਲਗੇ ਸੁ ਲਸ਼ਕਰ ਮਾਂਹਿ।
ਝੰਡਾ ਟੂਟਿ ਜੁਗ ਖੰਡ ਭਾ ਤੰਬੂ ਥਿਰੇ ਸੁ ਨਾਂਹਿ॥ ੧॥

ਇਸ ਪ੍ਰਕਾਰ ਗੋਲੇ ਚਲੇ, ਜਿਹੜੇ ਲਸ਼ਕਰ ਵਿਚ ਜਾ ਕੇ ਲੱਗੇ। ਝੰਡਾ ਟੁੱਟ ਗਿਆ, ਦੂਸਰਾ ਤੰਬੂ ਟੁਕੜੇ-ਟੁਕੜੇ ਹੋ ਗਿਆ, ਉਥੇ ਕੁਝ ਵੀ ਖੜਾ ਨਾ ਰਿਹਾ॥੧॥

ਸ੍ਵੈਯਾ-ਖਾਨ ਵਜੀਦ, ਲਹੌਰਪਤੀ ਜੁਗ ਦੇਖਿਕੈ ਗੋਰਨਿ ਕੀ ਅਸ ਮਾਰਾ।
ਛੋਰਿ ਭਜੇ ਅਪਨੋ ਥਲ ਤਾਂਛਿਨ ਆਯੁਧ ਨਾ ਤਨ ਚੀਰ ਸੰਭਾਰਾ।
ਵਾਹਨ ਕੋਨ ਉਡੀਕ ਕਰੈ ਤਬਿ ਹੋਇ ਬਿਹਾਲ ਭਜੇ ਸਿਰਦਾਰਾ।
ਬੀਚ ਥਿਰੇ ਦਲ ਆਪਨ ਕੇ ਨਹਿੰ, ਤੁਰਨ ਦੋਰਿਕੈ ਕੀਨ ਕਿਨਾਰਾ॥ ੨॥

ਵਜੀਦ ਖਾਂ ਅਤੇ ਲਾਹੌਰ ਦਾ ਸੂਬੇਦਾਰ, ਦੋਵੇਂ ਗੋਲਿਆਂ ਦੀ ਐਸੀ ਮਾਰ ਵੇਖ ਕੇ ਆਪਣੇ ਸਥਾਨ ਨੂੰ ਛੱਡ ਕੇ ਭੱਜ ਉਠੇ ਤੇ ਉਸ ਸਮੇਂ ਨਾ ਕੋਈ ਹਥਿਆਰ ਅਤੇ ਨਾ ਹੀ ਕੋਈ ਕੱਪੜਾ ਸੰਭਾਲਿਆ। ਫਿਰ ਆਪਣੇ ਵਾਹਣਾਂ ਦੀ ਕੌਣ ਉਡੀਕ ਕਰੇ, ਤਦ ਬੇਹਾਲ ਹੋ ਕੇ ਦੋਵੇਂ ਸਰਦਾਰ ਭੱਜ ਉਠੇ। ਫਿਰ ਆਪਣੇ ਸਥਾਨ ਵਿਚ ਨਾ ਠਹਿਰੇ, ਤੁਰਕਾਂ ਨੇ ਭੱਜ ਕੇ ਕਿਨਾਰਾ ਕੀਤਾ॥ ੨॥

ਗੋਰਨ ਅਸ ਮਾਰ ਕਰੀ ਜੁਗ ਤੋਪ ਛੁਟੈਂ ਤਬਿ ਬਾਰੰਬਾਰਾ।
ਮਾਰ ਦੀਏ ਤੁਰਕਾਨ ਮਹਾਂ ਭਟ, ਕੀਨ ਬਿਚਾਰ ਨ ਹ੍ਵੈ ਉਪਚਾਰਾ।
ਭਾਜਤਿ ਹੈਂ ਤਜਿ ਕੈ ਪਟ ਆਯੁਧ, ਤ੍ਰਾਸ ਭਯੋ ਤੁਰਕਾਨ ਮੈਂ ਭਾਰਾ।
ਫੂਟਿ ਗਏ ਸਿਰ, ਟੂਟਿ ਗਏ ਪਗ, ਛੂਟਿ ਗਏ ਹੱਥਜਾਰ ਨ ਧਾਰਾ॥ ੩॥

ਗੋਲਿਆਂ ਦੀ ਐਸੀ ਮਾਰ ਕੀਤੀ, ਦੋ ਤੋਪਾਂ ਬਾਰ-ਬਾਰ ਚਲਦੀਆਂ ਸਨ। ਤੁਰਕਾਂ ਦੇ ਬਹੁਤ ਸੂਰਮੇ ਮਾਰ ਦਿੱਤੇ, ਉਨ੍ਹਾਂ ਫਿਰ ਵਿਚਾਰ ਕੀਤੀ ਕਿ ਇਸਦਾ ਕੋਈ ਇਲਾਜ ਨਹੀਂ ਹੋ ਸਕਣਾ ਹੈ। ਕੱਪੜੇ ਅਤੇ ਹਥਿਆਰ ਛੱਡ ਕੇ ਭੱਜਦੇ ਹਨ ਤੇ

ਤੁਰਕਾਂ ਵਿਚ ਭਾਰੀ ਡਰ ਛਾ ਗਿਆ। ਸਿਰ ਫਟ ਗਏ, ਪੈਰ ਟੁੱਟ ਗਏ, ਫਿਰ ਧਾਰੇ ਹੋਏ ਹਥਿਆਰ ਵੀ ਹੱਥਾਂ ਵਿਚੋਂ ਨਿਕਲ ਗਏ॥ ੩ ॥

ਦੀਰਘ ਦੂਰ ਇਤੀ ਲਗਿ ਆਵਹਿ ਤੋਪ ਦਰਾਜ ਕਹਾਂ ਅਸ ਭਾਰੀ?
ਬ੍ਰਿੰਦ ਬਿਤੇ ਦਿਨ ਕੀਨੇ ਨਿਵੇਸ ਕੋ ਕੋਇ ਨ ਪਹੁਚਿ ਸਕ੍ਯੋ ਨਹਿਂ ਮਾਰੀ।
ਆਜ ਕਹਾਂ ਇਹ ਕੌਤਕ ਭਾ ਜਿਮ ਪੂਰਬ ਤੀਰ ਅਏ ਇਕਬਾਰੀ।
ਹਿੰਦੁਨਿ ਕੋ ਇਹ ਪੀਰ ਕਹਾਵਤਿ ਹੈ ਕਰਾਮਾਤ ਕਿ ਆਇ ਅਗਾਰੀ ॥੪ ॥

ਬਹੁਤ ਦੂਰ ਡੇਰੇ ਲਾਏ ਸਨ ਪਰ ਉਥੋਂ ਤਕ ਵੀ ਗੋਲੇ ਆਉਂਦੇ ਸਨ, ਐਡੀ ਭਾਰੀ ਦਰਾਜ ਤੋਪ ਕਿੱਥੋਂ ਆਈ ਹੈ ? ਇਥੇ ਨਿਵਾਸ ਕੀਤਿਆਂ ਨੂੰ ਕਈ ਦਿਨ ਬੀਤ ਗਏ ਹਨ, ਕੋਈ ਗੋਲਾ ਵੀ ਨਹੀਂ ਪਹੁੰਚ ਸਕਿਆ ਹੈ, ਨਾ ਕਿਸੇ ਨੇ ਮਾਰਿਆ ਹੈ। ਅੱਜ ਇਹ ਕੀ ਕੌਤਕ ਹੋਇਆ ਹੈ, ਜਿਵੇਂ ਪਹਿਲਾਂ ਇਕੋ ਵਾਰ ਤੀਰ ਆਏ ਸਨ। ਹਿੰਦੂਆਂ ਦੇ ਇਹ ਪੀਰ ਕਹਾਉਂਦੇ ਹਨ, ਕਰਾਮਾਤ ਕਰਕੇ ਇਹ ਗੋਲੇ ਅੱਗੇ ਆਏ ਹਨ॥ ੪ ॥

ਅੰਗ ਤੁਰੰਗਨਿ ਭੰਗ ਭਏ, ਬਹੁ ਬੀਰ ਗਿਰੇ ਲਗਿ ਕੈ ਤਨ ਗੋਰੇ।
ਓਟ ਮਹਿਂ ਜਾਇ ਖਰੇ ਥਿਰ ਹੋਵਤਿ, ਹੇਰਤਿ ਬ੍ਰਿੰਦ ਨਿਵੇਸ ਕੀ ਓਰੇ।
ਸੰਝ ਭਈ ਲਗਿ ਛੂਟਤਿ ਦੋਨਹੁ ਬਾਘਨ ਸੋ ਬਿਜਘੋਖਨ ਘੋਰੇ।
ਬੇਗ ਤੇ ਜਾਤਿ ਕਰੈਂ ਉਤਪਾਤ ਲਗੈਂ ਭਟ ਗਾਤ ਨ ਜੀਵਤਿ ਛੋਰੈਂ ॥੫ ॥

ਘੋੜਿਆਂ ਦੇ ਅੰਗ ਟੁੱਟ ਗਏ, ਬਹੁਤ ਸੂਰਬੀਰ ਗੋਲੇ ਲੱਗਣ ਨਾਲ ਡਿੱਗ ਪਏ, ਓਟ ਵਿਚ ਜਾ ਕੇ ਖੜ੍ਹੇ ਹੋ ਜਾਂਦੇ ਸਨ। ਨਿਵਾਸ ਸਥਾਨ ਵੱਲ ਬਹੁਤ ਵੇਖਦੇ ਸਨ। ਸ਼ਾਮ ਹੋਣ ਤਕ ਦੋਵੇਂ ਤੋਪਾਂ ਬਾਘਨ ਤੇ ਬਿਜਘੋਖਨ ਚਲਦੀਆਂ ਰਹੀਆਂ। ਬੜੀ ਛੇਤੀ ਜਾ ਕੇ ਲਗਦੀਆਂ ਸਨ ਤੇ ਸਭ ਕੁਝ ਤਬਾਹ ਕਰ ਦਿੰਦੀਆਂ ਸਨ ਤੇ ਸੂਰਬੀਰਾਂ ਨੂੰ ਜੀਉਂਦੇ ਨਹੀਂ ਛੱਡਦੀਆਂ ਸਨ ॥੫ ॥

ਸੋਦਰ ਕੋ ਸੁਨਿ ਸ੍ਰੀ ਗੁਰ ਪੂਰਨ ਹੋਤਿ ਅੰਧੇਰ ਉਠੇ ਘਰ ਆਏ।
ਤੋਪਨ ਆਨ ਸਥਾਨ ਕਰੀ ਥਿਰ ਵਾਹਿਗੁਰੂ ਕੀ ਫਤੇ ਗਰਜਾਏ।
ਦੇਗ ਦਈ ਬਰਤਾਇ ਤਬੈ ਕਰਿ ਖਾਨ ਰੁ ਪਾਨ ਥਿਰੇ ਨਿਜ ਥਾਏ।
ਹ੍ਵੈ ਸਵਧਾਨ ਰਹੈਂ ਤੁਰਕਾਨ ਤੇ, ਮਾਰਹਿਂ ਸਦਾ ਨਹਿਂ ਮਾਰ ਕੁ ਖਾਏਂ ॥੬ ॥

ਸੋਦਰ ਰਹਰਾਸਿ ਦੀ ਬਾਣੀ ਨੂੰ ਸੁਣ ਕੇ ਪੂਰਨ ਸਤਿਗੁਰੂ ਜੀ ਹਨੇਰਾ ਹੋਇਆ ਵੇਖ ਕੇ ਉੱਠ ਕੇ ਘਰ ਨੂੰ ਆ ਗਏ। ਤੋਪਾਂ ਕਿਸੇ ਹੋਰ ਸਥਾਨ 'ਤੇ ਖੜੀਆਂ ਕਰ ਦਿੱਤੀਆਂ ਤੇ ਵਾਹਿਗੁਰੂ ਜੀ ਕੀ ਫ਼ਤਹਿ ਗਜਾਈ। ਲੰਗਰ ਫਿਰ ਵਰਤਾ ਦਿੱਤਾ ਤੇ ਸਾਰੇ ਖਾ ਪੀ ਕੇ ਆਪਣੇ-ਆਪਣੇ ਸਥਾਨਾਂ 'ਤੇ ਚਲੇ ਗਏ। ਤੁਰਕਾਂ ਤੋਂ ਸਾਵਧਾਨ ਹੋ ਕੇ ਰਹਿੰਦੇ ਸਨ। ਸਦਾ ਮਾਰਦੇ ਸਨ ਤੇ ਮਾਰ ਨਹੀਂ ਖਾਂਦੇ ਸਨ॥ ੬ ॥

ਖਾਨ ਵਜੀਦ ਲਹੌਰ ਪਤੀ ਤਬਿ ਤੂਰਨ ਲੀਨ ਉਠਾਇਕੇ ਡੇਰਾ।
ਆਨ ਸਥਾਨ ਜਹਾਂ ਦਿਢ ਓਟ ਹੈ ਬਾਸਿਬੇ ਹੇਤ ਸੁਚੇਤ ਹ੍ਵੈ ਹੇਰਾ।
ਤੰਬੂ ਉਖਾਰ ਲਏ ਸਗਰੇ ਉਤ ਕੀਨੇ ਲਗਾਵਨਿ ਜਾਨਿ ਅਛੇਰਾ।
ਰਾਤਿ ਕੋ ਜਗਤਿ ਹ੍ਵੈ ਸਵਧਾਨ ਸਿਪਾਹਨ ਕੋ ਬਹੁ ਬਾਰ ਹੀ ਟੇਰਾ ॥੭ ॥

ਵਜੀਦ ਖਾਂ ਅਤੇ ਲਾਹੌਰ ਦੇ ਸੂਬੇ ਨੇ ਫਿਰ ਤੁਰਤ ਆਪਣਾ ਡੇਰਾ ਉਥੋਂ ਚੁੱਕ ਲਿਆ। ਉਹ ਡੇਰੇ ਨੂੰ ਕਿਸੇ ਹੋਰ ਜਗ੍ਹਾ ਲੈ ਗਏ ਜਿੱਥੇ ਪੱਕੀ ਓਟ ਸੀ ਤੇ ਰਹਿਣ ਵਾਸਤੇ ਬੜੇ ਸੁਚੇਤ ਹੋ ਕੇ ਵੇਖਿਆ। ਤੰਬੂ ਸਾਰੇ ਪੁੱਟ ਲਏ ਤੇ ਉਥੇ ਜਾ ਲਾਏ, ਜਿਥੇ ਚੰਗਾ ਸਥਾਨ ਸਮਝਿਆ। ਰਾਤ ਨੂੰ ਸਾਵਧਾਨ ਹੋ ਕੇ ਜਾਗਦੇ ਸਨ ਤੇ ਸਿਪਾਹੀਆਂ ਨੂੰ ਬਹੁਤ ਵਾਰ ਸੁਚੇਤ ਰਹਿਣ ਨੂੰ ਕਹਿੰਦੇ ਸਨ॥ ੭॥

ਤ੍ਰਾਸ ਧਰੇ ਨਿਸ ਬਾਸੁਰ ਮਹਿਂ ਕਰਿ ਦੂਰ ਹੀ ਦੂਰ ਨਿਵੇਸ ਪਰੇ ਹੈਂ।
ਜੋ ਕਿਸ ਦੇਸ਼ ਤੇ ਸਿੰਘ ਇਕੱਤ੍ਰ ਹ੍ਵੈ ਆਨਿ ਅਨੰਦਪੁਰੇ ਸੁ ਬਰੇ ਹੈਂ।
ਘਾਤ ਅਨੇਕਨਿ ਤੇ ਪ੍ਰਵਿਸ਼ੈਂ ਸ਼ਰਧਾ ਗੁਰ ਭਾਉ ਬਿਸਾਲ ਧਰੇ ਹੈਂ।
ਹੋਤਿ ਜਬੈ ਸੁਧ ਤੋ ਪਛੁਤਾਵਹਿਂ ਯੌ ਤੁਰਕਾਨਿ ਕੀ ਹਾਨ ਕਰੇ ਹੈਂ॥ ੮ ॥

ਸੂਬੇ ਦਿਨ ਰਾਤ ਬਹੁਤ ਡਰਦੇ ਸਨ ਤੇ ਆਪਣਾ ਨਿਵਾਸ ਸਥਾਨ ਦੂਰ-ਦੂਰ ਲਈ ਜਾਂਦੇ ਸਨ। ਜਿਹੜੇ ਸਿੰਘ ਕਿਸੇ ਦੇਸ਼ ਤੋਂ ਇਕੱਠੇ ਹੋ ਕੇ ਆਏ ਸਨ, ਉਹ ਅਨੰਦਪੁਰ ਵਿਚ ਆ ਦਾਖਲ ਹੋਏ ਸਨ। ਅਨੇਕਾਂ ਪ੍ਰਕਾਰ ਦੇ ਦਾਅ ਘਾਅ ਲਾ ਕੇ ਉਹ ਅਨੰਦਪੁਰ ਵਿਚ ਪ੍ਰਵੇਸ਼ ਕਰ ਜਾਂਦੇ ਸਨ, ਦਿਲ ਵਿਚ ਗੁਰੂ ਜੀ ਵਾਸਤੇ ਵਿਸ਼ਾਲ ਸ਼ਰਧਾ ਧਾਰਨ ਕੀਤੀ ਸੀ। ਜਦੋਂ ਤੁਰਕਾਂ ਨੂੰ ਇਸ ਬਾਰੇ ਪਤਾ ਲੱਗਦਾ ਸੀ ਕਿ ਹੋਰ ਸਿੰਘ ਆ ਕੇ ਅੰਦਰ ਚਲੇ ਗਏ ਸਨ, ਤਦ ਪਛਤਾਉਂਦੇ ਸਨ ਕਿ ਇਸ ਪ੍ਰਕਾਰ ਦਿਨੋਂ-ਦਿਨ ਤੁਰਕਾਂ ਦੀ ਹਾਨੀ ਕਰਨਗੇ, ਕਿਉਂਕਿ ਗੁਰੂ ਜੀ ਵਾਸਤੇ ਅੰਦਰ ਹੋਰ ਕੁਮਕ ਪਹੁੰਚ ਰਹੀ ਸੀ॥ ੮॥

ਦੋਹਰਾ- ਲਗੇ ਮੋਰਚੇ ਅਨੰਦਪੁਰਿ ਦੂਰ ਦੂਰ ਕਰਿ ਘੇਰ।
ਲਾਖਹੁਂ ਫੌਜਾਂ ਚਹੁਂਦਿਸ਼ਨਿ ਉਤਰੇ ਡੇਰ ਬਡੇਰ॥ ੯ ॥

ਅਨੰਦਪੁਰ ਦੇ ਦੂਰ ਦੂਰ ਘੇਰਾ ਪਾ ਕੇ ਮੋਰਚੇ ਲੱਗੇ ਸਨ, ਲੱਖਾਂ ਫੌਜਾਂ ਚਾਰੇ ਪਾਸੇ ਉਤਰੀਆਂ ਸਨ ਤੇ ਉਨ੍ਹਾਂ ਵੱਡੇ-ਵੱਡੇ ਡੇਰੇ ਲਾਏ ਸਨ॥ ੯॥

ਚੌਪਈ- ਦ੍ਵੈ ਤ੍ਰੈ ਮਾਸ ਬੀਤ ਇਮ ਗਏ। ਦੂਰ ਦੂਰ ਹਟਿ ਡੇਰੇ ਕਏ।
'ਗੁਰ ਕੇ ਸੰਗ ਲਰਜੋ ਨਹਿਂ ਜਾਈ। ਸੁਭਟ ਹਜ਼ਾਰਹੁਂ ਦੇਤਿ ਖਪਾਈ॥੧੦ ॥

ਦੋ ਤਿੰਨ ਮਹੀਨੇ ਇਸ ਪ੍ਰਕਾਰ ਬੀਤ ਗਏ, ਤੁਰਕਾਂ ਅਤੇ ਪਹਾੜੀਆਂ ਨੇ ਦੂਰ-ਦੂਰ ਹਟ ਕੇ ਡੇਰੇ ਕੀਤੇ ਹੋਏ ਸਨ। ਤੁਰਕ ਸਰਦਾਰ ਇਸ ਪ੍ਰਕਾਰ ਕਹਿੰਦੇ ਹਨ, "ਗੁਰੂ ਜੀ ਦੇ ਨਾਲ ਲੜਿਆ ਨਹੀਂ ਜਾਂਦਾ, ਹਜ਼ਾਰਾਂ ਸੂਰਬੀਰਾਂ ਨੂੰ ਖਪਾ ਦਿੰਦੇ ਹਨ॥ ੧੦॥

ਉਤਰੇ ਰਹੋ ਘੇਰਿ ਪੁਰਿ ਸਾਰੋ। ਜਬਿ ਨਹਿਂ ਪ੍ਰਾਪਤਿ ਹੋਇ ਅਹਾਰੋ।
ਮਿਲਹਿ ਆਪ ਕੈ ਨਿਕਸਿ ਸਿਧਾਵੈ। ਬਿਨਾਂ ਅੰਨ ਕਿਮ ਕਾਲ ਬਿਤਾਵੈ॥੧੧ ॥

ਸਾਰੇ ਨਗਰ ਨੂੰ ਘੇਰ ਕੇ ਡੇਰਾ ਜਮਾਈ ਰੱਖੋ, ਜਦ ਭੋਜਨ ਪ੍ਰਾਪਤ ਨਹੀਂ ਹੋਵੇਗਾ ਤਾਂ ਆਪ ਨੂੰ ਮਿਲ ਪੈਣਗੇ ਜਾਂ ਨਿਕਲ ਕੇ ਚਲੇ ਜਾਣਗੇ। ਅਨਾਜ ਤੋਂ ਬਗੈਰ ਕਿਵੇਂ ਸਮਾਂ ਬਤੀਤ ਕਰਨਗੇ" ॥੧੧॥

ਤ੍ਰਾਸ ਧਾਰਿ ਜੋ ਮੁਰਚੇ ਨੇਰੇ। ਸੋ ਭੀ ਕਰੇ ਦੂਰ ਥਲ ਡੇਰੇ।
ਏਕ ਉਪਾਵ ਸਿੱਧ ਸਭਿ ਕਰੈਂ। ਅੰਨ ਆਦਿ ਅੰਤਰ ਨਹਿਂ ਬਰੈ॥ ੧੨ ॥

ਜਿਹੜੇ ਮੋਰਚੇ ਨੇੜੇ ਸਨ, ਉਨ੍ਹਾਂ ਵੀ ਡਰ ਮੰਨ ਕੇ ਦੂਰ-ਦੂਰ ਜਾ ਕੇ ਡੇਰੇ ਲਾ ਲਏ। ਇਕ ਉਪਰਾਲਾ ਸਾਰੇ ਸਿੱਧ ਕਰਦੇ ਸਨ ਕਿ ਅਨਾਜ ਆਦਿ ਅੰਦਰ ਨਹੀਂ ਜਾਣਾ ਚਾਹੀਦਾ ਹੈ॥ ੧੨॥

ਜਮਾ ਨਹੀਂ ਗੁਰ ਕੇ ਘਰ ਮਾਂਹੀ। ਆਇ ਉਪਾਇਨ ਖਰਚ ਸੁ ਖਾਹੀਂ।
ਅੰਨ ਹਜ਼ਾਰਹੁ ਮਣ ਨਿਤ ਚਹੀਏ। ਜਿਸ ਕੋ ਖਾਇ ਪ੍ਰਾਣ ਨਿਰਬਹੀਏ॥੧੩ ॥

ਬਹੁਤਾ ਅਨਾਜ ਗੁਰੂ ਘਰ ਵਿਚ ਜਮ੍ਹਾਂ ਨਹੀਂ ਹੈ। ਉਪਹਾਰ ਆਉਣ ਨਾਲ ਖਰਚ ਕੇ ਖਾਂਦੇ ਹਨ। ਹਜ਼ਾਰਾਂ ਮਣ ਅਨਾਜ ਨਿਤ ਚਾਹੀਦਾ ਹੈ, ਜਿਸ ਨੂੰ ਖਾ ਕੇ ਪ੍ਰਾਣ ਬਚਦੇ ਹਨ॥ ੧੩॥

ਸਾਧ ਕਨ੍ਹੱਯਾ ਇਕ ਗੁਰ ਪਾਸ। ਸਭਿ ਮਹਿਂ ਆਤਮ ਲਖ੍ਯੋ ਪ੍ਰਕਾਸ਼।
ਰਾਗ ਨ ਦ੍ਵੈਖ ਹਰਖ ਨਹਿਂ ਸ਼ੋਕ। ਸ਼ੱਤ੍ਰ ਮਿੱਤ੍ਰ ਨਹਿ ਭਾਸੈ ਲੋਕ॥ ੧੪॥

ਇਕ ਕਨ੍ਹੱਈਆ ਨਾਮ ਦਾ ਸਾਧੂ ਗੁਰੂ ਜੀ ਪਾਸ ਰਹਿੰਦਾ ਸੀ, ਉਹ ਸਾਰਿਆਂ ਵਿਚ ਇਕੋ ਆਤਮਾ ਦਾ ਪ੍ਰਕਾਸ਼ ਸਮਝਦਾ ਸੀ। ਉਸ ਨੂੰ ਨਾ ਕਿਸੇ ਨਾਲ ਪ੍ਰੇਮ ਸੀ, ਨਾ ਕਿਸੇ ਨਾਲ ਈਰਖਾ ਸੀ ਤੇ ਨਾ ਹੀ ਉਸਨੂੰ ਕਿਸੇ ਪ੍ਰਕਾਰ ਦਾ ਦੁਖ ਸੁਖ ਸੀ, ਉਸ ਨੂੰ ਕੋਈ ਵੀ ਆਪਣਾ ਵੈਰੀ ਨਹੀਂ ਸੀ ਲੱਗਦਾ॥੧੪॥

ਮਸ਼ਕ ਨੀਰ ਕੀ ਭਰਿ ਢਿਗ ਰਾਖੈ। ਕਰਹਿ ਪਿਲਾਵਨਿ ਜੋ ਅਭਿਲਾਖੈ।
ਸਿੰਘ ਮੋਰਚੇ ਮਹਿਂ ਥਿਰ ਜੇਈ। ਜਲ ਤੇ ਤ੍ਰਿਪਤ ਕਰਹਿ ਫਿਰਿ ਤੇਈ॥ ੧੫॥

ਉਹ ਪਾਣੀ ਦੀ ਮਸ਼ਕ ਭਰ ਕੇ ਆਪਣੇ ਪਾਸ ਰੱਖਦਾ ਸੀ ਤੇ ਜਿਹੜਾ ਪਾਣੀ ਮੰਗਦਾ ਸੀ, ਉਸ ਨੂੰ ਪਿਲਾਉਂਦਾ ਸੀ। ਜਿਹੜੇ ਸਿੰਘ ਮੋਰਚੇ ਵਿਚ ਸਥਿਰ ਸਨ, ਫਿਰ ਕੇ ਉਨ੍ਹਾਂ ਨੂੰ ਜਲ ਪਿਲਾ ਕੇ ਤ੍ਰਿਪਤ ਕਰਦਾ ਸੀ॥੧੫॥

ਨਿਕਟ ਮੋਰਚੇ ਤੁਰਕਨਿ ਕੇਰੇ। ਨੀਰ ਨ ਪ੍ਰਾਪਤਿ ਪਯਾਸ ਬਡੇਰੇ।
ਸਭਿ ਦਿਨ ਮੁਰਚੇ ਬਿਖੈ ਬਿਤਾਵੈਂ। ਤਿਮਰ ਭਏ ਤੇ ਉਠਿ ਕਰਿ ਜਾਵੈਂ॥ ੧੬॥

ਜਿਹੜੇ ਤੁਰਕਾਂ ਦੇ ਨੇੜੇ ਮੋਰਚੇ ਸਨ, ਉਨ੍ਹਾਂ ਨੂੰ ਪਾਣੀ ਪ੍ਰਾਪਤ ਨਹੀਂ ਸੀ ਹੁੰਦਾ ਤੇ ਪਿਆਸ ਬਹੁਤ ਲੱਗਦੀ ਸੀ। ਉਹ ਸਾਰਾ ਦਿਨ ਮੋਰਚੇ ਦੇ ਵਿਚ ਬਤੀਤ ਕਰਦੇ ਸਨ, ਹਨੇਰਾ ਹੋਣ 'ਤੇ ਉੱਠ ਕੇ ਜਾਂਦੇ ਸਨ॥੧੬॥

ਪ੍ਰਾਤ ਹੋਨਿ ਤੇ ਪ੍ਰਥਮ ਅੰਧੇਰੇ। ਥਿਰਹਿਂ ਜਾਇ ਜੋ ਭਟ ਤਿਸ ਬੇਰੇ।
ਦਿਨ ਮਹਿਂ ਭੂਖ ਪਿਪਾਸਾ ਸਹੈਂ। ਨਿਕਸਨਿ ਤਿਮਰ ਭਏ ਤੇ ਲਹੈਂ॥ ੧੭॥

ਸਵੇਰਾ ਹੋਣ ਤੇ ਹਨੇਰੇ ਹਨੇਰੇ ਵਿਚ ਉਹ ਸੂਰਬੀਰ ਫਿਰ ਜਾ ਕੇ ਆਪਣੇ ਮੋਰਚਿਆਂ ਵਿਚ ਟਿਕਦੇ ਸਨ। ਦਿਨ ਸਮੇਂ ਭੁੱਖ ਪਿਆਸ ਬਰਦਾਸ਼ਤ ਕਰਦੇ ਸਨ। ਉਹ ਰਾਤ ਦਾ ਹਨੇਰਾ ਹੋਣ 'ਤੇ ਹੀ ਨਿਕਲ ਪਾਉਂਦੇ ਸਨ॥੧੭॥

ਤਿਨ ਪਰ ਭੀ ਕਰਿ ਕ੍ਰਿਪਾ ਕਨ੍ਹੱਯਾ। ਭਰਿ ਭਰਿ ਮਸ਼ਕ ਨੀਰ ਬਹੁ ਦੱਯਾ।
ਜਿਤੇ ਮੋਰਚੇ ਮਹਿਂ ਭਟ ਰਹੈਂ। ਦੁਹਨ ਦਿਸ਼ਨਿ ਕੇ ਦੁਰਿ ਦੁਰਿ ਬਹੈਂ॥ ੧੮॥

ਉਨ੍ਹਾਂ ਉੱਤੇ ਵੀ ਭਾਈ ਕਨ੍ਹੱਈਆ ਕ੍ਰਿਪਾ ਕਰਦਾ ਸੀ, ਮਸ਼ਕਾਂ ਭਰ-ਭਰ ਬਹੁਤ ਪਾਣੀ ਦਿੰਦਾ ਸੀ। ਜਿੰਨੇ ਵੀ ਮੋਰਚਿਆਂ ਵਿਚ ਸੂਰਬੀਰ ਰਹਿੰਦੇ ਸਨ, ਦੋਵਾਂ ਪਾਸਿਆਂ ਦੇ ਸੂਰਬੀਰ ਲੁਕ ਲੁਕ ਕੇ ਬੈਠਦੇ ਸਨ॥੧੮॥

ਜਲ ਦੁਰਲਭ ਦੋਨਹੁਂ ਦਿਸ਼ਿ ਹੋਇ। ਯਾਂਤੇ ਦੇਤਿ ਸਾਧ ਮਤਿ ਸੋਇ।
ਜਿਮ ਸਿੰਘਨਿ ਕੋ ਜਾਇ ਪਿਲਾਵੈ। ਤਿਮ ਤੁਰਕਨਿ ਕੋ ਨਿਤ ਤ੍ਰਿਪਤਾਵੈ॥੧੯॥

ਪਾਣੀ ਦੋਵੀਂ ਪਾਸੀਂ ਦੁਰਲੱਭ ਹੋ ਜਾਂਦਾ ਸੀ, ਇਸ ਕਰਕੇ ਸਾਧ ਬੁੱਧੀ ਵਾਲਾ ਭਾਈ ਕਨ੍ਹਈਆ ਉਨ੍ਹਾਂ ਨੂੰ ਪਾਣੀ ਦਿੰਦਾ ਸੀ। ਜਿਵੇਂ ਸਿੰਘਾਂ ਨੂੰ ਜਾ ਕੇ ਪਾਣੀ ਪਿਲਾਉਂਦਾ ਸੀ, ਉਸ ਪ੍ਰਕਾਰ ਹੀ ਤੁਰਕਾਂ ਨੂੰ ਵੀ ਪਾਣੀ ਦੇ ਕੇ ਤ੍ਰਿਪਤ ਕਰਦਾ ਸੀ॥੧੯॥

ਤਿਸ ਕੋ ਦੇਖਿ ਖਾਲਸਾ ਰਿਸੈ। 'ਜਲ ਕਯੋਂ ਦੇਤਿ ਰਿਪੁਨਿ ਗਨ ਬਿਸੈਂ?।
ਕਈ ਬਾਰ ਤਿਸ ਦੇਤਿ ਹਟਾਇ। ਸੋ ਨਹਿਂ ਮਿਟੈ ਦੇਤਿ ਜਲ ਜਾਇ' ॥੨੦॥

ਉਸਨੂੰ ਵੇਖ ਕੇ ਖਾਲਸਾ ਗੁੱਸਾ ਕਰਦਾ ਸੀ, "ਇਹ ਜਲ ਕਿਉਂ ਦਿੰਦਾ ਹੈ, ਏਥੇ ਤਾਂ ਬਹੁਤ ਵੈਰੀ ਰਹਿੰਦੇ ਹਨ ? ਕਈ ਵਾਰ ਇਸ ਨੂੰ ਹਟਾਇਆ ਹੈ ਪਰ ਇਹ ਹਟਦਾ ਨਹੀਂ ਹੈ, ਫਿਰ ਜਾ ਕੇ ਵੈਰੀਆਂ ਨੂੰ ਪਾਣੀ ਦੇ ਦਿੰਦਾ ਹੈ"॥ ੨੦॥

ਇਕ ਦਿਨ ਦਇਆ ਸਿੰਧੁ ਕੇ ਪਾਸਿ। ਹਿਤ ਪੁਕਾਰ ਕੀਨੀ ਅਰਦਾਸ।
'ਹਮ ਬਹੁ ਤੰਗ ਕਰੈਂ ਰਿਪੁ ਬ੍ਰਿੰਦ। ਦਬਕ ਮੋਰਚੇ ਰਹੈਂ ਬਿਲੰਦ॥ ੨੧॥

ਇਕ ਦਿਨ ਦਇਆ ਦੇ ਸਾਗਰ ਸਤਿਗੁਰੂ ਜੀ ਪਾਸ ਪੁਕਾਰ ਕਰਕੇ ਬੇਨਤੀ ਕੀਤੀ, "ਅਸੀਂ ਆਪਣੇ ਵੱਡੇ ਵੈਰੀ ਨੂੰ ਬਹੁਤ ਤੰਗ ਕਰਦੇ ਹਾਂ, ਉਹ ਆਪਣੇ ਮੋਰਚਿਆਂ ਵਿਚ ਡਰਦੇ ਮਾਰੇ ਲੁਕ ਕੇ ਰਹਿੰਦੇ ਹਨ॥ ੨੧॥

ਖਾਨ ਪਾਨ ਨਹਿਂ ਪਹੁੰਚਨਿ ਦੇਤਿ। ਸਗਰੇ ਦਿਨ ਦੁਖ ਦੈਬੇ ਹੇਤ।
ਤਬਿ ਜਲ ਲੇ ਕਰਿ ਸਾਧ ਕਨੱਯਾ। ਦੇਤਿ ਤਿਨੈ ਬਹੁ ਕਰਿ ਤ੍ਰਿਪਤੱਯਾ॥੨੨॥

ਅਸੀਂ ਕੁਝ ਖਾਣ ਪੀਣ ਵਾਸਤੇ ਵੀ ਉਨ੍ਹਾਂ ਨੂੰ ਪਹੁੰਚਣ ਨਹੀਂ ਦਿੰਦੇ ਹਾਂ। ਸਾਰਾ ਦਿਨ ਉਨ੍ਹਾਂ ਨੂੰ ਦੁੱਖ ਦਿੰਦੇ ਹਾਂ। ਫਿਰ ਉਥੇ ਜਲ ਲੈ ਕੇ ਭਾਈ ਕਨ੍ਹੱਈਆ ਪਹੁੰਚ ਜਾਂਦਾ ਹੈ ਤੇ ਉਨ੍ਹਾਂ ਨੂੰ ਬਹੁਤ ਪਾਣੀ ਦੇ ਕੇ ਤ੍ਰਿਪਤ ਕਰਦਾ ਹੈ॥ ੨੨॥

ਰਹੇ ਹਟਾਇ ਨਹੀਂ ਇਮ ਮਾਨੈ। ਯਾਂਤੇ ਇਸ ਮਹਿਂ ਦੋਸ਼ ਪਛਾਨੈਂ।
ਗਿਰਪਤਿ ਗਨ ਸੋਂ ਮਿਲਜੋ ਲਖੀਜੈ। ਕੁਛ ਲਾਲਚ ਕਰਿ ਦੇਤਿ ਜਨੀਜੈ॥੨੩॥

ਅਸੀਂ ਬਹੁਤ ਵਰਜ ਰਹੇ ਹਾਂ ਪਰ ਉਹ ਮੰਨਦਾ ਨਹੀਂ, ਇਸ ਕਰਕੇ ਅਸੀਂ ਉਸ ਵਿਚ ਦੋਸ਼ ਪਛਾਣਦੇ ਹਾਂ। ਉਹ ਪਹਾੜੀ ਰਾਜਿਆਂ ਨਾਲ ਮਿਲਿਆ ਜਾਪਦਾ ਹੈ। ਉਹ ਕੁਝ ਲਾਲਚ ਕਰਕੇ ਪਾਣੀ ਦਿੰਦਾ ਪ੍ਰਤੀਤ ਹੁੰਦਾ ਹੈ॥ ੨੩॥

ਨਤੁ ਹਮ ਰਿਪੁ ਕੋ ਕਰਿ ਕਰਿ ਤੰਗ। ਮਾਰੇ ਹੁਤੇ ਸਰੀਰਨਿ ਭੰਗ।
ਇਮ ਪੁਕਾਰ ਸੁਨਿ ਸਿੰਘਨਿ ਕੇਰੀ। ਸਾਧ ਹਕਾਰਜੋ ਢਿਗ ਤਿਸ ਬੇਰੀ॥੨੪॥

ਨਹੀਂ ਤਾਂ ਅਸੀਂ ਵੈਰੀ ਨੂੰ ਤੰਗ ਕਰ ਕਰ ਕੇ, ਮਾਰ ਕੇ ਉਨ੍ਹਾਂ ਦੇ ਸਰੀਰ ਨਾਸ਼ ਕਰ ਦਿੱਤੇ ਹੁੰਦੇ।" ਇਸ ਪ੍ਰਕਾਰ ਸਿੰਘਾਂ ਦੀ ਪੁਕਾਰ ਸੁਣ ਕੇ, ਗੁਰੂ ਜੀ ਨੇ ਸਾਧੂ ਕਨ੍ਹੱਈਏ ਨੂੰ ਆਪਣੇ ਪਾਸ ਬੁਲਾਇਆ॥ ੨੪॥

ਨਿਕਟ ਬਿਠਾਇ ਸਹਿਤ ਸਨਮਾਨਾ। ਸ੍ਰੀ ਮੁਖ ਤੇ ਤਬਿ ਬਾਕ ਬਖਾਨਾ।
'ਕਹਹੁ ਸਾਧ ਕਜੋਂ ਸਹਹੁ ਬਿਖਾਦਾ ? ਬੈਠੇ ਕਜੋਂ ਨ ਰਹਹੁ ਅਹਿਲਾਦਾ॥੨੫॥

ਗੁਰੂ ਜੀ ਨੇ ਉਸ ਨੂੰ ਬੜਾ ਸਨਮਾਨ ਦੇ ਕੇ ਆਪਣੇ ਪਾਸ ਬਿਠਾਇਆ। ਸਤਿਗੁਰੂ ਜੀ ਨੇ ਫਿਰ ਮੁਖ ਤੋਂ ਬਚਨ ਕੀਤਾ, "ਹੇ ਸਾਧੂ! ਦੱਸੋ ਕਿਉਂ ਝਗੜਾ ਬਰਦਾਸ਼ਤ ਕਰਦੇ ਹੋ, ਅਨੰਦ ਪ੍ਰਸੰਨ ਹੋ ਕੇ ਬੈਠੇ ਕਿਉਂ ਨਹੀਂ ਰਹਿੰਦੇ ਹੋ॥ ੨੫॥

ਬੀਚ ਜੰਗ ਕੇ ਇਤ ਉਤ ਫਿਰੋ। ਜਲ ਅਚਵਾਵਨ ਹਿਤ ਧਰੋ।
ਸਿੰਘਨਿ ਤੁਮ ਪਰ ਕਰੀ ਪੁਕਾਰਾ। ਰਿਪੁ ਗਨ ਕੋ ਦੁਖ ਮਹਿਂ ਦੇਂ ਬਾਰਾ॥੨੬॥

ਜੰਗ ਦੇ ਵਿਚ ਏਧਰ ਓਧਰ ਫਿਰਦੇ ਹੋ, ਜਲ ਪਿਆਉਣ ਦਾ ਹਿਤ ਧਾਰਨ ਕੀਤਾ ਹੈ। ਸਿੰਘਾਂ ਨੇ ਤੁਹਾਡੇ 'ਤੇ ਪੁਕਾਰ ਕੀਤੀ ਹੈ, ਬਹੁਤ ਵੈਰੀਆਂ ਨੂੰ ਤੁਸੀਂ ਦੁੱਖ ਸਮੇਂ ਪਾਣੀ ਦਿੰਦੇ ਹੋ॥ ੨੬॥

ਜੇ ਨਹਿਂ ਮਿਟੈਂ ਪਿਲਾਵਨ ਚਾਹੈਂ। ਸਿੰਘਨ ਕੋ ਦਿਹੁ ਨਿਜ ਪਖ ਮਾਂਹੈ।
ਹਮਰੋ ਬੈਰ ਗਿਰੀਸ਼ਨਿ ਸੰਗ। ਨਾਹਕ ਲਰਤੇ ਹੇਤ ਨ ਜੰਗ॥ ੨੭॥

ਜੇ ਹਟਣਾ ਨਹੀਂ ਹੈ, ਪਾਣੀ ਪਿਆਉਣਾ ਚਾਹੁੰਦੇ ਹੋ ਤਾਂ ਆਪਣੇ ਪੱਖੀ ਸਿੰਘਾਂ ਨੂੰ ਪਾਣੀ ਦੇਵੋ। ਸਾਡਾ ਪਹਾੜੀ ਰਾਜਿਆਂ ਨਾਲ ਵੈਰ ਹੈ। ਜੰਗ ਦਾ ਕਾਰਨ ਕੋਈ ਨਹੀਂ, ਫਜ਼ੂਲ ਵਿਚ ਸਾਡੇ ਨਾਲ ਲੜਦੇ ਹਨ॥ ੨੭॥

ਗ੍ਰਾਮ ਨਗਰ ਤਿਨ ਕੋ ਨਹਿਂ ਰੋਕਜੋ। ਜਰਤਿ ਮੂਢ ਮਤਿ ਹਮਹਿਂ ਬਿਲੋਕਜੋ।
ਜਾਇ ਤੁਰਕ ਕੀ ਸ਼ਰਨੀ ਪਰੇ। ਹਮਰੋ ਦੋਸ਼ ਸੁਨਾਵਨ ਕਰੇ॥ ੨੮॥

ਉਨ੍ਹਾਂ ਦਾ ਪਿੰਡ ਨਗਰ ਨਹੀਂ ਮੱਲਿਆ ਹੈ। ਮੂਰਖ ਮੱਤ ਵਾਲੇ ਸਾਨੂੰ ਵੇਖ ਵੇਖ ਕੇ ਸੜਦੇ ਹਨ। ਉਹ ਤੁਰਕਾਂ ਦੀ ਜਾ ਕੇ ਸ਼ਰਨੀਂ ਪੈ ਗਏ ਹਨ ਤੇ ਸਾਡੇ ਦੋਸ਼ ਉਨ੍ਹਾਂ ਨੂੰ ਸੁਣਾਉਂਦੇ ਹਨ॥ ੨੮॥

ਨਿਜ ਸਹਾਇ ਲਸ਼ਕਰ ਲੇ ਆਏ। ਕਈ ਲਾਖ ਦੇਖਹੁ ਭਟ ਛਾਏ।
ਅਨਿਕ ਜਤਨ ਕੈ ਕਟਕ ਬਟੋਰਾ। ਪੁਰਿ ਕੋ ਘੇਰ ਲੀਨਿ ਚਹੁੰ ਓਰਾ॥੨੯॥

ਆਪਣੀ ਸਹਾਇਤਾ ਵਾਸਤੇ ਸ਼ਾਹੀ ਲਸ਼ਕਰ ਲੈ ਆਏ ਹਨ, ਲੱਖਾਂ ਦੀ ਗਿਣਤੀ ਵਿਚ ਸੂਰਬੀਰ ਚਾਰ-ਚੁਫੇਰੇ ਛਾਏ ਹਨ। ਅਨੇਕਾਂ ਯਤਨ ਕਰਕੇ ਇਹ ਵੱਡੀ ਸੈਨਾ ਇਕੱਠੀ ਕੀਤੀ ਹੈ, ਨਗਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਹੈ॥ ੨੯॥

ਹਮਹਿਂ ਅਲੰਬ ਅਕਾਲ ਪੁਰਖ ਕੋ। ਸਭਿ ਜਗ ਕਰਤਾ ਜੋ ਦੁਖ ਸੁਖ ਕੋ।
ਸ਼ੱਤ੍ਰੁਨਿ ਆਨ ਮੋਰਚੇ ਲਾਏ। ਤਿਨਕੋ ਸਿੰਘ ਹਨਹਿਂ ਸਮੁਦਾਏ॥੩੦॥

ਸਾਨੂੰ ਕੇਵਲ ਇਕ ਅਕਾਲ ਪੁਰਖ ਦਾ ਆਸਰਾ ਹੈ, ਉਹ ਸਾਰੇ ਜਗਤ ਦੇ ਦੁਖ ਸੁਖ ਕਰਨ ਵਾਲਾ ਹੈ। ਵੈਰੀਆਂ ਨੇ ਆ ਕੇ ਮੋਰਚੇ ਲਾ ਲਏ ਹਨ, ਉਨ੍ਹਾਂ ਸਭ ਨੂੰ ਸਿੰਘ ਮਾਰਦੇ ਹਨ॥ ੩੦॥

ਨਹਿਂ ਬੈਰੀ ਗਨ ਕੋ ਜਲ ਦੇਹੁ। ਇਹ ਸਿੱਖਜਾ ਉਰ ਮਹਿਂ ਧਰਿ ਲੇਹੁ'।
ਸਾਧ ਕਨ੍ਹੱਯਾ ਸੁਨਿ ਗੁਰ ਬਾਨੀ। ਹਾਥਿ ਜੋਰਿ ਕਰਿ ਤਬਹਿ ਬਖਾਨੀ॥੩੧॥

ਵੈਰੀਆਂ ਨੂੰ ਜਲ ਨਾ ਦੇਵੇ, ਇਹ ਸਿੱਖਿਆ ਹਿਰਦੇ ਵਿਚ ਧਾਰ ਲਵੇ।'' ਸਾਧੂ ਕਨ੍ਹੱਈਆ ਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਤਦ ਬੋਲਿਆ॥ ੩੧॥

'ਸ੍ਰੀ ਪ੍ਰਭੁ ਜੀ ਤੁਮਰੇ ਉਪਦੇਸ਼ੂ। ਮੈਂ ਉਰ ਧਾਰਨ ਕਰੌਂ ਹਮੇਸ਼ੂ।
ਸਦਾ ਚਲੌਂ ਤਿਨਕੇ ਅਨੁਸਾਰੀ। ਨਹਿਂ ਬਿਪਰਜੈ ਕਰਿ ਹੌਂ ਕਾਰੀ॥੩੨॥

'ਹੇ ਸਤਿਗੁਰੂ ਜੀ! ਤੁਹਾਡੇ ਉਪਦੇਸ਼ ਨੂੰ ਮੈਂ ਸਦਾ ਹੀ ਹਿਰਦੇ ਵਿਚ ਧਾਰਨ ਕਰਦਾ ਹਾਂ। ਸਦਾ ਤੁਹਾਡੇ ਉਪਦੇਸ਼ ਅਨੁਸਾਰ ਮੈਂ ਚਲਦਾ ਹਾਂ, ਮੈਂ ਕਦੀ ਵੀ ਇਸ ਦੇ ਉਲਟ ਕਾਰਜ ਨਹੀਂ ਕਰਦਾ ਹਾਂ॥ ੩੨॥

ਜਹਾਂ ਕਹਾਂ ਇਕ ਰੂਪ ਤੁਮਾਰਾ। ਨਹਿਂ ਦੂਸਰ ਮੈਂ ਕਹੂੰ ਨਿਹਾਰਾ।
ਜਿਤਿਕ ਚਰਾਚਰ ਜਗਤ ਬਨਾਯੋ। ਚੌਰਾਸੀ ਲਖ ਜੂਨ ਸੁਹਾਯੋ॥੩੩॥

ਜਿੱਥੇ ਕਿੱਥੇ ਤੁਹਾਡਾ ਇਕ ਰੂਪ ਹੈ, ਮੈਂ ਦੂਸਰਾ ਰੂਪ ਕਦੀ ਨਹੀਂ ਵੇਖਿਆ ਹੈ। ਜਿਨ੍ਹਾਂ ਇਹ ਜਗਤ ਬਣਾਇਆ ਹੈ, ਇਸ ਵਿਚ ਜਿਹੜੀ ਚੌਰਾਸੀ ਲੱਖ ਜੂਨ ਸ਼ੋਭ ਰਹੀ ਹੈ॥ ੩੩॥

ਸਭਿ ਮਹਿਂ ਰਹੇ ਬਿਰਾਜ ਸਮਾਨਾ। ਸ਼ੱਤ੍ਰ ਮਿੱਤ੍ਰ ਕੋ ਜਾਇ ਨ ਜਾਨਾ।
ਸਭਿ ਥਲ ਤੁਮਰੋ ਰੂਪ ਨਿਹਾਰੋਂ। ਭੇਦ ਭਿੰਨ ਕੋ ਨਹੀਂ ਬਿਚਾਰੋਂ॥੩੪॥

ਸਾਰਿਆਂ ਵਿਚ ਆਪ ਜੀ ਇਕ ਸਮਾਨ ਬਿਰਾਜ ਰਹੇ ਹੋ, ਵੈਰੀ ਮਿੱਤਰ ਕੋਈ ਵੀ ਜਾਣਿਆਂ ਨਹੀਂ ਜਾਂਦਾ ਹੈ। ਸਭ ਥਾਂ ਤੁਹਾਡਾ ਹੀ ਰੂਪ ਵੇਖਦਾ ਹਾਂ, ਕੋਈ ਵੀ ਭੇਦ ਭਿੰਨ ਨਹੀਂ ਵਿਚਾਰਦਾ ਹਾਂ॥ ੩੪॥

ਮੋਕੋ ਤੋ ਇਮ ਹੀ ਦ੍ਰਿਸ਼ਟਾਵੈ। ਤੁਮ ਬਿਨ ਦੂਸਰ ਨਦਰ ਨ ਆਵੈ।
ਇਮ ਰਾਵਰ ਕੋ ਹੈ ਉਪਦੇਸ਼ੂ। ਸੋ ਉਰਧਾਰਜੋ ਬਿਨਾ ਕਲੇਸ਼ੂ॥੩੫॥

ਮੈਨੂੰ ਤਾਂ ਇਸ ਪ੍ਰਕਾਰ ਹੀ ਨਜ਼ਰ ਆਉਂਦਾ ਹੈ, ਤੁਹਾਡੇ ਬਗੈਰ ਕੋਈ ਦੂਸਰਾ ਦਿਖਾਈ ਨਹੀਂ ਦਿੰਦਾ ਹੈ। ਇਸ ਪ੍ਰਕਾਰ ਆਪ ਜੀ ਦਾ ਉਪਦੇਸ਼ ਹੈ, ਉਸ ਨੂੰ ਮੈਂ ਕਿਸੇ ਕਲੇਸ਼ ਤੋਂ ਬਗੈਰ ਹਿਰਦੇ ਵਿਚ ਧਾਰਨ ਕੀਤਾ ਹੈ॥ ੩੫॥

ਇਤ ਸਿੰਘਨ ਮਹਿਂ ਆਪ ਬਿਰਾਜੈਂ। ਉਤ ਤੁਰਕਨ ਮਹਿਂ ਤੁਮ ਹੀ ਛਾਜੈਂ।
ਨਹੀਂ ਪਹਾਰੀ ਮਹਿਂ ਕੋ ਦੂਜਾ। ਜਹਿਂ ਕਹਿਂ ਕਰਹਿਂ ਆਪਕੀ ਪੂਜਾ ॥੩੬॥

ਇਸ ਪ੍ਰਕਾਰ ਸਿੰਘਾਂ ਵਿਚ ਆਪ ਹੀ ਬਿਰਾਜਦੇ ਹੋ, ਓਧਰ ਤੁਰਕਾਂ ਵਿਚ ਵੀ ਆਪ ਹੀ ਸੱਜ ਰਹੇ ਹੋ। ਪਹਾੜੀਆਂ ਵਿਚ ਵੀ ਕੋਈ ਦੂਸਰਾ ਨਹੀਂ ਹੈ। ਜਿੱਥੇ ਕਿੱਥੇ ਆਪ ਜੀ ਦੀ ਪੂਜਾ ਹੁੰਦੀ ਹੈ॥ ੩੬॥

ਜਲ ਥਲ ਸਕਲ ਗਗਨ ਅਰ ਅਵਨੀ। ਅਹੈ ਖੇਲ ਰਾਵਰ ਕੀ ਰਵਨੀ।
ਇਮ ਸੁਨਿ ਸੰਤ ਕਨੱ੍ਯੇ ਪਾਸ। ਪਰਮ ਪ੍ਰਸੰਨ ਭਏ ਗੁਨ ਰਾਸ ॥੩੭॥

ਜਲ, ਥਲ, ਸਾਰੇ ਅਕਾਸ਼ ਅਤੇ ਸਾਰੀਆਂ ਧਰਤੀਆਂ ਉੱਤੇ ਇਹ ਸਾਰੇ ਸੁਹਣੇ ਖੇਲ ਆਪ ਜੀ ਦੇ ਹੀ ਹਨ।'' ਇਸ ਪ੍ਰਕਾਰ ਸੰਤ ਕਨ੍ਹੱਈਏ ਪਾਸੋਂ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥ ੩੭॥

ਸ੍ਰੀ ਮੁਖ ਤੇ ਮੁਸਕਾਇ ਬਖਾਨਾ। 'ਸੁਨਹੁ ਖਾਲਸਾ ਮਯਾ ਨਿਧਾਨਾ !।
ਸਾਧ ਬ੍ਰਿਤੀ ਇਨ ਲਖ੍ਯੋ ਚਰਿੱਤ੍ਰ। ਇਕ ਬਚਿੱਤ੍ਰ ਮਹਿਂ ਸ਼ੱਤ੍ਰ ਨ ਮਿੱਤ੍ਰ॥੩੮॥

ਸਤਿਗੁਰੂ ਜੀ ਫਿਰ ਮੁਖ ਤੋਂ ਮੁਸਕਰਾ ਕੇ ਬੋਲੇ, ''ਹੇ ਕਿਰਪਾ ਨਿਧਾਨ ਖਾਲਸਾ ਜੀ ! ਸੁਣੋ, ਇਹ ਕਨ੍ਹੱਈਆ ਸਾਧੂ ਬ੍ਰਿਤੀ ਵਾਲਾ ਹੈ, ਇਸ ਨੇ ਇਹ ਚਰਿੱਤਰ ਸਮਝ ਲਿਆ ਹੈ ਕਿ ਅਨੇਕਤਾ ਅਸਲ ਵਿਚ ਇਕ ਹੈ, ਇਸ ਵਿਚ ਵੈਰੀ ਮਿੱਤਰ ਦਾ ਕੋਈ ਭੇਦ ਨਹੀਂ ਹੈ॥ ੩੮॥

ਇਸ ਕੋ ਕਿਸ ਬਿਧਿ ਕਹਹੁ ਨ ਕੋਈ। ਕਰਹਿ ਜਥੋਚਿਤ ਜਿਮ ਉਰ ਹੋਈ।
ਨਹਿਂ ਬੈਰੀ ਇਸ ਕੇ ਉਰ ਭਾਸਾ। ਪ੍ਰਭੁ ਇਕ ਸਭਿ ਮਹਿਂ ਲਖ੍ਯੋ ਤਮਾਸਾ॥੩੯॥

ਇਸ ਨੂੰ ਕਿਸੇ ਵਿਧੀ ਵੀ ਕੁਝ ਨਾ ਕਹੋ, ਜਿਵੇਂ ਵੀ ਇਸ ਦੇ ਚਿੱਤ ਵਿਚ ਹੋਵੇ ਉਸ ਤਰ੍ਹਾਂ ਹੀ ਇਹ ਕਰੇ। ਇਸ ਨੂੰ ਕੋਈ ਵੀ ਵੈਰੀ ਨਹੀਂ ਲੱਗਦਾ ਹੈ। ਇਹ ਇਕ ਪ੍ਰਭੂ ਦਾ ਤਮਾਸ਼ਾ ਸਭ ਵਿਚ ਪਹਿਚਾਣਦਾ ਹੈ॥ ੩੯॥

ਊਚ ਭੂਮਿਕਾ ਮਹਿਂ ਮਨ ਥਿਰ੍ਯੋ। ਨਾਨਾ ਤਜ੍ਯਾਗ ਏਕ ਰਸ ਢਰ੍ਯੋ।
ਧੰਨ ਜਨਮ ਅਪਨੋ ਇਨ ਕੀਨਾ। ਜਿਸਕੋ ਬਖਸ਼ੇ,ਹੁਇ ਦੁਖ ਹੀਨਾ॥੪੦॥

ਇਸ ਦਾ ਮਨ ਉੱਚੀ ਭੂਮਿਕਾ ਵਿਚ ਟਿਕਿਆ ਹੈ, ਜਿਹੜਾ ਅਨੇਕਤਾ ਨੂੰ ਛੱਡ ਕੇ ਇਕ ਰਸ ਢਲ ਗਿਆ ਹੈ। ਇਸ ਆਪਣਾ ਧੰਨ ਜਨਮ ਕਰ ਲਿਆ ਹੈ। ਜਿਸਦੀ ਬਖਸ਼ਿਸ਼ ਨਾਲ ਦੁਖ ਦੂਰ ਹੋ ਜਾਂਦੇ ਹਨ॥ ੪੦॥

ਇਹ ਭੀ ਅਪਨੋ ਪੰਥ ਪ੍ਰਕਾਸ਼ੈ। ਬਹੁ ਲੋਕਨਿ ਕੀ ਕੁਮਤਿ ਬਿਨਾਸ਼ੈ।
ਸੁਨਿ ਪ੍ਰਭੁ ਤੇ ਸਭਿ ਸਿੰਘ ਅਨੰਦੇ। ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ॥੪੧॥

ਇਹ ਵੀ ਆਪਣੇ ਪੰਥ ਦਾ ਪ੍ਰਕਾਸ਼ ਕਰੇਗਾ, ਬਹੁਤ ਲੋਕਾਂ ਦੀ ਮਾੜੀ ਮੱਤ ਦਾ ਨਾਸ਼ ਕਰੇਗਾ।'' ਸਤਿਗੁਰੂ ਜੀ ਪਾਸੋਂ ਸੁਣ ਕੇ ਸਾਰੇ ਸਿੰਘ ਪ੍ਰਸੰਨ ਹੋ ਗਏ। ਈਰਖਾ ਨੂੰ ਛੱਡ ਕੇ ਬ੍ਰਹਮ ਅਨੰਦ ਪ੍ਰਾਪਤ ਕੀਤਾ॥ ੪੧॥

ਤਿਸ ਦਿਨ ਤੇ ਨਹਿਂ ਕਿਸ ਕੁਛ ਕਹ੍ਯੋ। ਤਿਮ ਹੀ ਜਲ ਕੋ ਪਜ੍ਯਾਵਤਿ ਰਹ੍ਯੋ।
ਸਰਬ ਮੋਰਚੇ ਮਹਿਂ ਫਿਰਿ ਕਰਿਕੈ। ਜਲ ਕੋ ਦੇਤਿ ਮਸ਼ਕ ਨਿਤਿ ਭਰਿਕੈ॥੪੨॥

ਉਸ ਦਿਨ ਤੋਂ ਬਾਅਦ ਫਿਰ ਕਿਸੇ ਨੇ ਕੁਝ ਨਾ ਕਿਹਾ, ਪਹਿਲਾਂ ਵਾਂਗ ਹੀ ਉਹ ਪਾਣੀ ਪਿਆਉਂਦਾ ਰਿਹਾ। ਸਾਰੇ ਮੋਰਚਿਆਂ ਵਿਚ ਫਿਰ ਫਿਰ ਕੇ ਨਿਤ ਮਸ਼ਕ ਭਰ ਕੇ ਜਲ ਦਿੰਦਾ ਰਿਹਾ॥ ੪੨॥

ਇਸਕੋ ਨਹਿਂ ਮਾਰਿਤ ਕੋ ਗੋਰੀ। ਫਿਰਤਿ ਰਹੈ ਲਰਤੇ ਜੁਗ ਓਰੀ।
ਸਾਧ ਜਾਨਿ ਕਰਿ ਬੰਦਨ ਕਰੈਂ। ਜਲ ਕੋ ਲੇਤਿ ਤ੍ਰਿਖਾ ਕੋ ਹਰੈਂ॥੪੩॥

ਉਸ ਨੂੰ ਕੋਈ ਵੀ ਗੋਲੀ ਨਹੀਂ ਮਾਰਦਾ ਸੀ, ਦੋਵਾਂ ਪਾਸਿਆਂ ਦੇ ਯੁੱਧ ਵਿਚ ਫਿਰਦਾ ਰਿਹਾ। ਦੋਵੇਂ ਪਾਸੇ ਸਾਧ ਜਾਣ ਕੇ ਬੰਦਨਾ ਕਰਦੇ ਸਨ ਤੇ ਜਲ ਲੈ ਕੇ ਪਿਆਸ ਦੂਰ ਕਰਦੇ ਸਨ॥ ੪੩॥

ਇਮ ਘੇਰਾ ਕਰਿ ਅੰਨ ਹਟਾਯੋ। ਕੇਤਿਕ ਦਿਨ ਲਗਿ ਅੰਤਰ ਖਾਯੋ।
ਲਗਯੋ ਨਿਖੁਟਨਿ ਅੰਨ ਮਹਾਨੇ। ਜੋ ਅਵੱਸ਼ ਚਹਿਯਤਿ ਨਿਤ ਖਾਨੇ॥੪੪॥

ਇਸ ਪ੍ਰਕਾਰ ਘੇਰਾ ਪਾ ਕੇ ਕਿਲ੍ਹੇ ਅੰਦਰ ਅਨਾਜ ਜਾਣ ਤੋਂ ਰੋਕ ਦਿੱਤਾ। ਕਈ ਦਿਨਾਂ ਤਕ ਅੰਦਰ ਅਨਾਜ ਖਾਧਾ। ਫਿਰ ਅਨਾਜ ਦੀ ਬਹੁਤ ਟੋਟ ਹੋਣ ਲੱਗ ਗਈ, ਜਿਹੜਾ ਨਿਤ ਖਾਣ ਵਾਸਤੇ ਅਵੱਸ਼ ਚਾਹੀਦਾ ਸੀ॥ ੪੪॥

*ਛੇਵੀਂ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

## ਅਧਿਆਇ ਉਨੀਵਾਂ

### ਵੈਰੀ ਦੀ ਫੌਜ ਦੇ ਬਜ਼ਾਰ ਵਿਚੋਂ ਰਸਦ ਲਿਆਂਦੀ

ਦੋਹਰਾ- ਅੰਨ ਭਯੋ ਥੋਰਾ ਜਬੈ ਛੁਧਤਿ ਰਹਤਿ ਨਰ ਬ੍ਰਿੰਦ।
ਚਿਤਵਹਿਂ ਜਤਨ ਅਨੇਕ ਹੀ ਮਿਲਹਿਂ ਸਿੰਘ ਬਲਵੰਦ॥੧॥

ਜਦ ਅਨਾਜ ਥੋੜ੍ਹਾ ਰਹਿ ਗਿਆ ਤਾਂ ਬਹੁਤ ਮਨੁੱਖ ਭੁੱਖੇ ਰਹਿਣ ਲੱਗੇ। ਬਹੁਤ ਬਲਵਾਨ ਸਿੰਘ ਫਿਰ ਮਿਲ ਕੇ ਅਨੇਕਾਂ ਜਤਨਾਂ ਬਾਰੇ ਸੋਚਣ ਲੱਗੇ॥੧॥

ਚੌਪਈ- ਕੇਤਿਕ ਸਿੰਘ ਬਿਸਾਲ ਜੁਝਾਰੇ। ਮਿਲਿ ਆਪਸ ਮਹਿਂ ਮਸਲਤ ਧਾਰੇ।
ਜਹਾਂ ਬਿਲੋਕੈਂ ਅੰਨ ਮਹਾਂਨਾ। ਬਿਪਨੀ ਆਦਿ ਵਿਖੈ ਸਵਧਾਨਾ॥੨॥

ਕਈ ਸਿੰਘ ਵਿਸ਼ਾਲ ਜੁਝਾਰੂ ਸਨ, ਉਹ ਆਪਸ ਵਿਚ ਮਿਲ ਕੇ ਸਲਾਹ ਕਰਦੇ ਸਨ। ਜਿਥੇ ਵੀ ਬਹੁਤ ਵੱਡੀ ਮਾਤਰਾ ਵਿਚ ਅਨਾਜ ਵੇਖੀਏ, ਦੁਕਾਨਾਂ ਬਜ਼ਾਰਾਂ ਵਿਚ ਸਾਰੇ ਬਹੁਤ ਸਾਵਧਾਨੀ ਕੀਤੀ ਹੋਈ ਹੈ॥ ੨॥

ਆਛੀ ਰੀਤਿ ਜੋਹਿ ਸਭਿ ਲੀਨਾ। ਆਵਨ ਜਾਨਿ ਘਾਤ ਸਭਿ ਚੀਨਾ।
ਤੁਰਕ ਸ਼ੱਤ੍ਰੁਗਨ ਹੁਇ ਜੁਤਿ ਆਲਸ। ਤਬਿ ਪਹੁਂਚਨਿ ਕੀ ਠਾਨੀ ਲਾਲਸ॥੩॥

ਚੰਗੀ ਰੀਤੀ ਨਾਲ ਸਭ ਕੁਝ ਵੇਖ ਲਿਆ ਤੇ ਆਉਣ ਜਾਣ ਦਾ ਦਾਵ ਸਾਰਾ ਪਛਾਣ ਲਿਆ। ਤੁਰਕ ਵੈਰੀ ਸਾਰੇ ਹੀ ਆਲਸ ਸਹਿਤ ਹੋ ਗਏ ਸਨ, ਤਦ ਉਥੇ ਪਹੁੰਚਣ ਦੀ ਲਾਲਸਾ ਧਾਰਨ ਕੀਤੀ॥ ੩॥

ਹੋਇ ਤੁਰੰਗਨਿ ਪਰ ਅਸਵਾਰ। ਸਨਧਬੱਧ ਹੁਇ ਬਲ ਕੋ ਧਾਰਿ।
ਗਏ ਅਚਾਨਕ ਬਡੇ ਬਜਾਰੂ। ਭਏ ਪ੍ਰਵੇਸ਼ਨਿ ਬੀਰ ਜੁਝਾਰੂ॥ ੪॥

ਫਿਰ ਸਾਰੇ ਘੋੜਿਆਂ ਤੇ ਸਵਾਰ ਹੋ ਗਏ, ਹਥਿਆਰਬੰਦ ਹੋ ਕੇ ਬਲ ਧਾਰਨ ਕੀਤਾ। ਫਿਰ ਅਚਾਨਕ ਵੱਡੇ ਬਜ਼ਾਰ ਵਿਚ ਪਹੁੰਚ ਗਏ ਤੇ ਜੁਝਾਰੂ ਸੂਰਬੀਰ ਬਜ਼ਾਰ ਵਿਚ ਪ੍ਰਵੇਸ਼ ਕਰ ਗਏ॥ ੪॥

ਸ਼ੇਰ ਸਿੰਘ ਜਿਨ ਮਹਿਂ ਮੁਖਿ ਜੋਧਾ। ਪਰੇ ਤੁਰਕ ਗਨ ਪਰ ਧਰਿ ਕ੍ਰੋਧਾ।
ਅਰਧਨਿ ਕਹਯੋ 'ਉਠਾਵਨ ਕੀਜੈ। ਅੰਨ ਘ੍ਰਿਤ ਬਹੁ ਸਿਤਾ ਲਈਜੈ॥੫॥

ਜਿਨ੍ਹਾਂ ਵਿਚ ਸ਼ੇਰ ਸਿੰਘ ਮੁੱਖ ਯੋਧਾ ਸੀ, ਉਹ ਤੁਰਕਾਂ ਉੱਤੇ ਵੱਡਾ ਕ੍ਰੋਧ ਧਾਰ ਕੇ ਪੈ ਗਏ। ਅੱਧਿਆਂ ਨੂੰ ਕਿਹਾ, ''ਤੁਸੀਂ ਅਨਾਜ, ਘਿਉ ਅਤੇ ਖੰਡ ਚੁੱਕ ਲਵੋ॥ ੫॥

ਇੱਤਜਾਦਿਕ ਵਥੁ ਭੱਖਜਨ ਕੇਰੀ। ਲੀਜਹਿ ਲੂਟ ਧਾਰਿ ਬਿਨ ਦੇਰੀ।
ਸਭਿਹਿਨ ਤੇ ਆਗੇ ਹਟਿ ਆਵੋ। ਨਹਿਂ ਸ਼ੱਤ੍ਰੁਨਿ ਮਹਿ ਬਿਲਮ ਲਗਾਵੋ' ॥੬॥

ਇਸ ਪ੍ਰਕਾਰ ਦੀਆਂ ਜਿਹੜੀਆਂ ਖਾਣ ਵਾਲੀਆਂ ਵਸਤਾਂ ਹਨ, ਉਨ੍ਹਾਂ ਨੂੰ ਕਿਸੇ ਦੇਰੀ ਤੋਂ ਬਗੈਰ ਲੁੱਟ ਲਵੋ ਤੇ ਸਾਰਿਆਂ ਦੇ ਸਾਹਮਣੇ ਵਾਪਸ ਆ ਜਾਵੋ, ਵੈਰੀਆਂ ਵਿਚ ਬਹੁਤ ਦੇਰ ਨਾ ਲਗਾਵੋ'' ॥ ੬॥

ਇਮ ਕਹਿ ਪਰੇ ਧਾਇ ਕਰਿ ਸੂਰੇ। ਵਸਤੁਨਿ ਸੋਂ ਬਜ਼ਾਰ ਜਹਿਂ ਪੂਰੇ।
ਜਿਸ ਦਿਸ਼ਿ ਚਮੂੰ ਸ਼ਸਤ੍ਰ ਗਨ ਧਾਰੀ। ਤਿਤ ਦਿਸ਼ ਸ਼ੇਰ ਸਿੰਘ ਬਲ ਭਾਰੀ॥੭॥

ਇਸ ਪ੍ਰਕਾਰ ਕਹਿ ਕੇ ਸੂਰਬੀਰ ਹਮਲਾ ਕਰਕੇ ਪੈ ਗਏ, ਜਿਸ ਬਜ਼ਾਰ ਵਿਚ ਸਾਰੀਆਂ ਵਸਤਾਂ ਮੌਜੂਦ ਸਨ। ਜਿਸ ਪਾਸੇ ਸੈਨਾ ਨੇ ਬਹੁਤ ਹਥਿਆਰ ਧਾਰਨ ਕੀਤੇ ਹੋਏ ਸਨ, ਉਸ ਪਾਸੇ ਸ਼ੇਰ ਸਿੰਘ ਸੂਰਬੀਰ ਨੇ ਭਾਰੀ ਬਲ ਧਾਰਨ ਕੀਤਾ ਹੋਇਆ ਸੀ॥ ੭॥

ਹਲਾਹੂਲ ਬੋਲਤਿ ਬਿਚ ਬਰੇ। ਬਨਕਨ ਤੇ ਵਸਤੂ ਗਨ ਧਰੇ।
ਸਰਬ ਲੂਟ ਕਰਿ ਪੋਟ ਬੰਧਾਈ। ਆਧੇ ਸਿੰਘਨਿ ਲੀਨਿ ਉਠਾਈ॥ ੮॥

ਹਲਾਹੂਲ ਬੋਲਦੇ ਬਜ਼ਾਰ ਵਿਚ ਜਾ ਵੜੇ ਤੇ ਬਾਣੀਆਂ ਪਾਸੋਂ ਬਹੁਤ ਵਸਤਾਂ ਧਰਾਈਆਂ। ਸਾਰੀਆਂ ਵਸਤਾਂ ਲੁੱਟ ਕੇ ਪੰਡਾਂ ਬੰਨ੍ਹਵਾ ਲਈਆਂ ਤੇ ਅੱਧੇ ਸਿੰਘਾਂ ਨੇ ਉਹ ਪੰਡਾਂ ਚੁੱਕ ਲਈਆਂ॥ ੮॥

ਭਈ ਤੁਰਕ ਦਲ ਮਹਿਂ ਸੁਧਿ ਸਾਰੇ। ਤਤਛਿਨ ਦੁੰਦਭਿ ਬਜੇ ਜੁਝਾਰੇ।
ਸ਼ਸਤ੍ਰ ਸੰਭਾਰਤਿ ਹੋਵਤਿ ਤਜਾਰ। ਕੋ ਘੋਰਨਿ ਪੈ ਹ੍ਵੈ ਅਸਵਾਰ॥ ੯॥

ਜਦ ਸਾਰੇ ਤੁਰਕ ਦਲ ਨੂੰ ਪਤਾ ਲੱਗਾ ਤਾਂ ਤੁਰਤ ਨਗਾਰੇ ਵੱਜ ਉਠੇ। ਉਹ ਸ਼ਸਤਰ ਸੰਭਾਲ ਕੇ ਤਿਆਰ ਹੋ ਗਏ ਤੇ ਕਈ ਘੋੜਿਆਂ ਉੱਤੇ ਸਵਾਰ ਹੋ ਗਏ॥ ੯॥

ਕੇਤਿਕ ਤੁਪਕ ਪਦਾਤੀ ਛੋਰੇ। ਭੇ ਮੁਕਾਬਲੇ ਸਿੰਘਨਿ ਓਰੇ।
ਦੋ ਸੈ ਜ੍ਵਾਲਾਬਮਨੀ ਤਜਾਰ। ਰਵਾਂ ਦਸਤ ਕਰਿਕੈ ਇਕ ਬਾਰ॥ ੧੦॥

ਕਈ ਬੰਦੂਕਾਂ ਛੱਡਦੇ ਹੋਏ, ਸਿੰਘਾਂ ਨਾਲ ਮੁਕਾਬਲਾ ਕਰਨ ਵਾਸਤੇ ਆ ਗਏ। ਸਿੰਘਾਂ ਦੀਆਂ ਦੋ ਸੌ ਬੰਦੂਕਾਂ ਪਹਿਲਾਂ ਹੀ ਤਿਆਰ ਸਨ, ਉਨ੍ਹਾਂ ਸਾਰੀਆਂ ਬੰਦੂਕਾਂ ਇਕੋ ਵਾਰ ਛੱਡ ਦਿੱਤੀਆਂ॥੧੦॥

ਸ਼ੇਰ ਸਿੰਘ ਤਕਕਾਲ ਛੁਰਾਈ। ਗਿਰੇ ਦੜਾ ਦੜ ਜੇ ਅਗੁਵਾਈ।
ਉਤ ਸੂਬੇ ਅਰੁ ਗਿਰਪਤਿ ਸਾਰੇ। ਭਟਨ ਤਜਾਰ ਕਹਿ ਬਾਰੰ ਬਾਰੇ॥ ੧੧॥

ਸ਼ੇਰ ਸਿੰਘ ਨੇ ਤੁਰਤ ਬੰਦੂਕਾਂ ਚਲਵਾ ਦਿੱਤੀਆਂ, ਜਿਹੜੇ ਵੀ ਸਾਹਮਣੇ ਆਏ, ਉਹ ਦੜਾਦੜ ਧਰਤੀ 'ਤੇ ਡਿੱਗ ਪਏ। ਓਧਰ ਸੂਬੇ ਅਤੇ ਪਹਾੜੀ ਰਾਜੇ, ਸੂਰਮਿਆਂ ਨੂੰ ਬਾਰ-ਬਾਰ ਕਹਿ ਕੇ ਤਿਆਰ ਕਰ ਰਹੇ ਸਨ॥੧੧॥

'ਘੇਰਹੁ ਦੁਰਗ ਬਿਖੈ ਨਹਿਂ ਬਰੈਂ। ਹਤਹੁ ਸ਼ੱਤ੍ਰੂ ਸਭਿ ਬਾਹਰ ਮਰੈਂ'।
ਲੈ ਲੈ ਤੁਪਕ ਚਰਮ ਤਰਵਾਰੈਂ। ਤ੍ਰਾਸ ਸਮੇਤ ਹੋਇ ਪਰਵਾਰੈ॥ ੧੨॥

ਉਹ ਕਹਿੰਦੇ ਸਨ, ''ਇਨ੍ਹਾਂ ਨੂੰ ਘੇਰ ਲਵੋ, ਫਿਰ ਕਿਲ੍ਹੇ ਵਿਚ ਨਾ ਜਾ ਵੜਨ, ਵੈਰੀਆਂ ਨੂੰ ਮਾਰੋ ਤਾਂ ਕਿ ਕਿਲ੍ਹੇ ਦੇ ਬਾਹਰ ਹੀ ਮਾਰੇ ਜਾਣ।'' ਬੰਦੂਕਾਂ, ਢਾਲਾਂ ਅਤੇ ਤਲਵਾਰਾਂ ਲੈ ਲੈ ਕੇ ਡਰ ਸਹਿਤ ਇਕੱਠੇ ਹੋ ਰਹੇ ਸਨ॥੧੨॥

ਪ੍ਰਥਮ ਛੁਟੀ ਗਨ ਗੋਰੀ ਤੀਰ। ਪੁਨ ਤਰਵਾਰਨਿ ਹ੍ਵੈ ਕਰ ਬੀਰ॥
ਤਛਾ ਮੁੱਛ ਕਰਿਤੇ ਚਲਿ ਆਏ। ਕਰੇ ਸੰਘਾਰਨ ਜੇ ਅਗੁਵਾਏ॥੧੩॥

ਪਹਿਲਾਂ ਬਹੁਤ ਗੋਲੀਆਂ ਅਤੇ ਤੀਰ ਚਲੇ, ਫਿਰ ਸੂਰਬੀਰਾਂ ਨੇ ਤਲਵਾਰਾਂ ਖਿੱਚ ਲਈਆਂ ਤੇ ਕੱਟਦੇ ਵਢਦੇ ਚਲੇ ਆਏ। ਜਿਹੜਾ ਵੀ ਅੱਗੇ ਆਉਂਦਾ ਸੀ, ਉਸ ਨੂੰ ਮਾਰ ਦਿੰਦੇ ਸਨ॥੧੩॥

ਅਪਨੇ ਘਾਇਲ ਮ੍ਰਿਤਕ ਉਠਾਏ। ਪਹੁੰਚਿ ਲੋਹਗੜ੍ਹ ਕੇ ਨਿਯਰਾਏ।
ਤਹਿਂ ਤੇ ਦਗੀ ਤੋਪ ਬਹੁ ਭਾਰੀ। ਗੋਰੇ ਚਲਨ ਲਗੇ ਤਿਸ ਬਾਰੀ॥੧੪॥

ਆਪਣੇ ਘਾਇਲ ਅਤੇ ਮਰੇ ਹੋਏ ਚੁੱਕ ਲਏ ਤੇ ਲੋਹਗੜ੍ਹ ਕਿਲ੍ਹੇ ਦੇ ਨੇੜੇ ਪਹੁੰਚ ਗਏ। ਉਥੋਂ ਬਹੁਤ ਭਾਰੀ ਤੋਪ ਦਾਗੀ ਤੇ ਉਸ ਸਮੇਂ ਤੋਪ ਵਿਚੋਂ ਗੋਲੇ ਚਲਣ ਲੱਗੇ॥੧੪॥

ਹਟਿ ਕਰਿ ਤੁਰਕ ਬਰੇ ਨਿਜ ਲਸ਼ਕਰ। ਸਿੰਘ ਲੋਹਗੜ ਪ੍ਰਵਿਸ਼ੇ ਬਲ ਧਰਿ।
ਲੂਟਿ ਅੰਨ ਲੇ ਪੋਟ ਬਰੇ ਹੈਂ। ਮਨ ਭਾਵਤਿ ਪੁਨ ਅਚਨ ਕਰੇ ਹੈਂ॥੧੫॥

ਤੁਰਕ ਹਟ ਕੇ ਆਪਣੇ ਲਸ਼ਕਰਾਂ ਵਿਚ ਜਾ ਵੜੇ ਤੇ ਸਿੰਘ ਬਲ ਧਾਰ ਕੇ ਲੋਹਗੜ੍ਹ ਵਿਚ ਪ੍ਰਵੇਸ਼ ਕਰ ਗਏ। ਅਨਾਜ ਦੀਆਂ ਪੰਡਾਂ ਲੁਟ ਕੇ ਕਿਲ੍ਹੇ ਦੇ ਅੰਦਰ ਦਾਖਲ ਹੋ ਗਏ। ਮਨ-ਭਾਉਂਦਾ ਫਿਰ ਭੋਜਨ ਛੱਕਦੇ ਸਨ॥੧੫॥

ਰਹੇ ਬਿਸੂਰਤਿ ਤੁਰਕ ਘਨੇਰੇ। 'ਗ਼ਜ਼ਬ ਗੁਜ਼ਾਰਜੋ ਔਚਕ ਹੇਰੇ।
ਬ੍ਰਿੰਦ ਸੁਭਟ ਸੰਘਾਰਨ ਕੀਨੇ। ਲੂਟ ਬਜ਼ਾਰ ਵਸਤੁ ਗਨ ਲੀਨੇ॥੧੬॥

ਤੁਰਕ ਇਹ ਵੇਖ ਕੇ ਬਹੁਤ ਦੁਖੀ ਹੋਏ, "ਅਚਾਨਕ ਵੇਖਿਆ ਹੈ ਕਿ ਸਿੰਘਾਂ ਨੇ ਗਜ਼ਬ ਗੁਜ਼ਾਰ ਦਿੱਤਾ ਹੈ। ਬਹੁਤ ਸੂਰਬੀਰਾਂ ਨੂੰ ਮਾਰ ਦਿੱਤਾ ਹੈ ਅਤੇ ਬਜ਼ਾਰ ਵਿਚੋਂ ਬਹੁਤ ਵਸਤਾਂ ਲੁੱਟ ਕੇ ਲੈ ਗਏ ਹਨ॥੧੬॥

ਬਹੁਰ, ਸਿੰਘ ਜੀਵਤ ਗਢ ਬਰੇ। ਹਮ ਲਾਖੋਂ ਪਰ ਨਿਜ ਬਲ ਕਰੇ'।
ਭੀਮ ਚੰਦ ਸੂਬੇ ਢਿਗ ਆਯੋ। ਬੈਠਜੋ ਨਿਕਟ 'ਸਲਾਮ' ਅਲਾਯੋ॥੧੭॥

ਫਿਰ ਸਿੰਘ ਜੀਉਂਦੇ ਕਿਲ੍ਹੇ ਵਿਚ ਜਾ ਵੜੇ ਹਨ, ਸਾਡੇ ਲੱਖਾਂ ਉੱਤੇ ਉਨ੍ਹਾਂ ਆਪਣੀ ਸ਼ਕਤੀ ਲਾਈ ਹੈ।" ਭੀਮ ਚੰਦ ਰਾਜਾ ਸੂਬਿਆਂ ਦੇ ਪਾਸ ਆਇਆ ਤੇ ਪਾਸ ਬੈਠ ਕੇ 'ਸਲਾਮ' ਬੋਲਿਆ॥੧੭॥

ਕਹਜੋ ਬੰਦਿ ਕਰ 'ਗਜ਼ਬ ਗੁਜ਼ਾਰਾ। ਲਸ਼ਕਰ ਕੋ ਲੁਟ ਲੀਨ ਬਜ਼ਾਰਾ'।
ਇਤਨੇ ਮਹਿਂ ਬਨੀਏਂ ਗਨ ਆਏ। ਲੂਟਨ ਕੋ ਬਿਰਤੰਤ ਬਤਾਏ॥੧੮॥

ਹੱਥ ਜੋੜ ਕੇ ਬੋਲਿਆ, "ਸਿੰਘਾਂ ਨੇ ਗਜ਼ਬ ਗੁਜ਼ਾਰ ਦਿੱਤੀ ਹੈ, ਫੌਜੀ ਸੈਨਾ ਦੇ ਬਜ਼ਾਰ ਨੂੰ ਹੀ ਲੁੱਟ ਲਿਆ ਹੈ।" ਏਨੇ ਵਿਚ ਬਹੁਤ ਬਾਣੀਏ ਆਏ, ਉਨ੍ਹਾਂ ਨੇ ਲੁੱਟਣ ਦਾ ਸਾਰਾ ਬਿਰਤਾਂਤ ਸੁਣਾਇਆ॥੧੮॥

ਘਨੋ ਅੰਨ ਕੈ ਘ੍ਰਿਤ ਮਿਸਟਾਨਾ। 'ਇਹ ਲੇ ਗਏ ਬਜਾਇ ਕ੍ਰਿਪਾਨਾ।
ਅਪਰ ਵਸਤੁ ਕੋ ਹਾਥ ਨ ਡਾਰਾ। ਸਭਿ ਤੇ ਪੂਰਨ ਹੁਤੋ ਬਜ਼ਾਰਾ'॥੧੯॥

ਬਹੁਤ ਅਨਾਜ, ਘਿਉ ਅਤੇ ਮਿੱਠਾ, "ਕਿਰਪਾਨਾਂ ਵਜਾ ਕੇ ਲੈ ਗਏ ਹਨ। ਹੋਰ ਕਿਸੇ ਵਸਤੂ ਨੂੰ ਹੱਥ ਨਹੀਂ ਲਾਇਆ ਹੈ, ਬਜ਼ਾਰ ਸਭ ਵਸਤਾਂ ਨਾਲ ਭਰਿਆ ਪਿਆ ਸੀ'॥੧੯॥

ਸੁਨਿਕੈ ਭੀਮਚੰਦ ਤਬਿ ਕਹਜੋ। 'ਅੰਤਰ ਕੋ ਬ੍ਰਿਤੰਤ ਇਮ ਲਹਜੋ।
ਅੰਨ ਗਯੋ ਬੁਰ ਛੁਧਾ ਦੁਖਾਏ। ਯਾਂ ਤੇ ਸਿੰਘ ਬਾਜ਼ ਸਮ ਆਏ॥੨੦॥

ਇਹ ਸੁਣ ਕੇ ਭੀਮਚੰਦ ਨੇ ਕਿਹਾ, "ਅੰਦਰ ਦਾ ਇਸ ਪ੍ਰਕਾਰ ਦਾ ਬ੍ਰਿਤਾਂਤ ਜਾਣਿਆ ਹੈ ਕਿ ਅਨਾਜ ਬਹੁਤ ਥੁੜ ਗਿਆ ਹੈ, ਇਸ ਕਰਕੇ ਭੁੱਖ ਤੋਂ ਦੁਖੀ ਹੋਏ ਹਨ, ਇਸ ਕਰਕੇ ਸਿੰਘਾਂ ਨੇ ਆ ਕੇ ਬਾਜ਼ ਵਾਂਗ ਝਪਟਾ ਮਾਰਿਆ ਹੈ॥ ੨੦॥

ਅਬਿ ਗੁਰ ਨਿਕਸੈਗੋ ਪੁਰਿ ਛੋਰਿ। ਨਿਸ ਮਹਿਂ ਕਬਹਿ ਜਾਇ ਕਿਤਿ ਓਰ।
ਜਮਾ ਨਹੀਂ ਕੁਛ ਪੁਰਿ ਕੇ ਅੰਤਰ। ਹਮ ਤੇ ਜਾਨਤਿ ਹਾਲ ਨਿਰੰਤਰ॥ ੨੧॥

ਹੁਣ ਗੁਰੂ ਜੀ ਨਗਰ ਛੱਡ ਕੇ ਨਿਕਲ ਜਾਣਗੇ, ਰਾਤ ਦੇ ਸਮੇਂ ਕਿਸੇ ਪਾਸੇ ਚਲੇ ਜਾਣਗੇ। ਹੁਣ ਨਗਰ ਦੇ ਅੰਦਰ ਕੁਝ ਵੀ ਜਮ੍ਹਾਂ ਨਹੀਂ ਰਿਹਾ ਹੈ, ਅਸੀਂ ਸਦਾ ਹੀ ਨਿਰੰਤਰ ਹਾਲ ਜਾਣਦੇ ਰਹੇ ਹਾਂ॥ ੨੧॥

ਸਰ ਮੁਹਿੰਮ ਅਬਿ ਜਾਨੀ ਪਰੈ। ਬਿਨਾ ਅੰਨ ਕੋ ਧੀਰ ਨ ਧਰੈ।
ਤਬਿ ਸੂਬੇ ਡੂਬੇ ਵਿਚ ਲਾਜਾ। ਲੁਟਜੇ ਬਜ਼ਾਰ ਬੁਰੋ ਬਡ ਕਾਜਾ॥ ੨੨॥

ਮੁਹਿੰਮ ਹੁਣ ਫ਼ਤਹਿ ਹੋਈ ਜਾਣ ਪੈਂਦੀ ਹੈ, ਅਨਾਜ ਤੋਂ ਬਗੈਰ ਉਹ ਧੀਰਜ ਨਹੀਂ ਧਾਰਨਗੇ।" ਤਦ ਸੂਬੇ ਲਾਜ ਵਿਚ ਡੁੱਬ ਗਏ, ਬਜ਼ਾਰ ਲੁੱਟ ਲਿਆ ਹੈ, ਇਹ ਵੱਡਾ ਬੁਰਾ ਕੰਮ ਹੋਇਆ ਹੈ॥ ੨੨॥

ਜਥੇਦਾਰ ਨਿਜ ਸਰਬ ਹਕਾਰੇ। ਤਾੜਨ ਕਰਤੇ ਬਾਕ ਉਚਾਰੇ।
'ਕਹਾਂ ਸਿੰਘ ਤੁਮ ਲਾਖਹੁੰ ਬੀਰ ? ਡਰਤਿ, ਨ ਲਰਤਿ, ਰਹਹੁ ਮਨ ਭੀਰੁ ! ॥੨੩॥

ਫਿਰ ਸਾਰੇ ਜਥੇਦਾਰਾਂ ਨੂੰ ਬੁਲਾ ਲਿਆ ਤੇ ਤਾੜਨਾ ਦੇ ਕੇ ਬਹੁਤ ਸਖ਼ਤ ਬਚਨ ਉਚਾਰਨ ਕੀਤੇ, "ਤੁਹਾਡੇ ਵਾਸਤੇ ਸਿੰਘ ਕੀ ਹਨ, ਤੁਸੀਂ ਲੱਖਾਂ ਦੀ ਗਿਣਤੀ ਵਿਚ ਸੂਰਬੀਰ ਹੋ, ਡਰਦੇ ਮਾਰੇ ਲੜਦੇ ਨਹੀਂ ਹੋ ਤੇ ਮਨ ਵਿਚ ਕਾਇਰ ਬਣ ਕੇ ਰਹਿੰਦੇ ਹੋ॥ ੨੩॥

ਅਬਿ ਤੇ ਆਗੇ ਰਹੀਅਹੁ ਤਯਾਰ। ਸਭਿਨਿ ਤੁਰੰਗ ਜ਼ੀਨ ਕੋ ਡਾਰਿ।
ਜਿਤ ਕਿਤ ਦੇਖਹੁ ਸਿੰਘ ਜਿ ਆਏ। ਰੋਕਹੁ ਤੁਰਤ ਧਾਇ ਅਗੁਵਾਏ॥ ੨੪॥

ਹੁਣ ਅੱਗੇ ਤੋਂ ਸਦਾ ਤਿਆਰ ਰਹੋ, ਸਾਰੇ ਘੋੜਿਆਂ 'ਤੇ ਕਾਠੀਆਂ ਪਾ ਕੇ ਰੱਖੋ, ਜਿੱਥੇ ਕਿਤੇ ਵੀ ਵੇਖਦੇ ਹੋ ਕਿ ਸਿੰਘ ਆਏ ਹਨ ਤਾਂ ਅੱਗੇ ਵਧ ਕੇ ਤੁਰਤ ਉਨ੍ਹਾਂ ਨੂੰ ਰੋਕੋ॥ ੨੪॥

ਆਲਸ ਕਾਜ ਕਰਜੋ ਪਰਿ ਰਹੇ। ਵਸਤੁ ਲੁਟਾਇ ਮਾਰ ਕੋ ਲਹੇ।
ਪ੍ਰਥਮ ਮੋਰਚਾ ਸਕਲ ਕਟਾਵਾ। ਅਪਜਸੁ ਭਯੋ ਸਰਬ ਬਿਦਤਾਵਾ॥ ੨੫॥

ਵੱਡਾ ਸੁਸਤੀ ਵਾਲਾ ਕੰਮ ਕੀਤਾ ਹੈ, ਚੁੱਪ ਕਰਕੇ ਪਏ ਰਹੇ ਹੋ, ਵਸਤਾਂ ਲੁਟਾ ਕੇ ਮਾਰ ਵੀ ਖਾਧੀ ਹੈ। ਪਹਿਲਾਂ ਸਾਰਾ ਮੋਰਚਾ ਕਟਵਾ ਲਿਆ, ਤੁਹਾਡੀ ਵੱਡੀ ਨਿੰਦਿਆ ਸਾਰੇ ਪ੍ਰਗਟ ਹੋਈ ਹੈ॥ ੨੫॥

ਜਹਿਂ ਕਹਿਂ ਮਾਰਿ ਜਾਤਿ ਹੈਂ ਸਿੰਘ। ਜਿਮ ਗਜ ਗਨ ਪਰ ਧਾਵਤਿ ਸਿੰਘ।
ਕਹਾਂ ਭਯੋ ਤੁਮ ਕੋ ਬਲ ਹਾਰਾ? ਬਿਜੈ ਨ ਪ੍ਰਾਪਤਿ ਭੀ ਕਿਸ ਬਾਰਾ॥ ੨੬॥

ਜਿੱਥੇ ਕਿੱਥੇ ਸਿੰਘ ਮਾਰ ਕੇ ਚਲੇ ਜਾਂਦੇ ਹਨ, ਜਿਵੇਂ ਹਾਥੀਆਂ ਉੱਤੇ ਸ਼ੇਰ ਹਮਲਾ ਕਰਦਾ ਹੈ। ਤੁਹਾਨੂੰ ਕੀ ਹੋਇਆ ਹੈ, ਤੁਸੀਂ ਆਪਣਾ ਬਲ ਹਾਰ ਗਏ ਹੋ ? ਕਿਸੇ ਸਮੇਂ ਵੀ ਵਿਜੈ ਪ੍ਰਾਪਤ ਨਹੀਂ ਹੋਈ ਹੈ' ॥ ੨੬॥

ਤਬਿ ਸੂਬੇ ਗਿਰਪਤਿ ਚਢਿ ਸਾਰੇ। ਫਿਰੇ ਚਹੂੰ ਦਿਸ਼ ਕਰਤਿ ਨਿਹਾਰੇ।
ਥਾਨ ਥਾਨ ਪਰ ਕਰਿ ਤਕਰਾਈ। ਸੁਭਟ ਮੋਰਚੇ ਦਿਏ ਬਿਠਾਈ॥ ੨੭॥

ਤਦ ਸੂਬੇ ਅਤੇ ਪਹਾੜੀ ਰਾਜੇ ਘੋੜਿਆਂ 'ਤੇ ਸਵਾਰ ਹੋ ਕੇ ਚਾਰੇ ਪਾਸੇ ਫਿਰ ਕੇ ਵੇਖਣ ਲੱਗੇ। ਥਾਂ-ਥਾਂ ਬੜੀ ਤਕੜਾਈ ਕਰਵਾ ਦਿੱਤੀ ਤੇ ਸੂਰਬੀਰਾਂ ਨੂੰ ਮੋਰਚਿਆਂ ਵਿਚ ਬਿਠਾ ਦਿੱਤਾ॥ ੨੭॥

'ਇਹਾਂ ਸੁਚੇਤ ਬਨੇ ਨਿਤ ਰਹੀਯਹਿ। ਅੱਗ੍ਰ ਵਧਨ ਕੋ ਚਿਤ ਨਹਿਂ ਚਹੀਯਹਿ।
ਗ਼ਾਫਲ ਹੋਇ ਨ ਧਰਿ ਵਿਸ਼ਵਾਸ਼ਾ। ਦੇਖਤਿ ਰਹੋ ਰਿਪੁਨਿ ਕੀ ਆਸਾ॥ ੨੮॥

''ਏਥੇ ਸਦਾ ਸੁਚੇਤ ਬਣ ਕੇ ਰਹੋ, ਅੱਗੇ ਵਧਣ ਵਾਸਤੇ ਚਿੱਤ ਵਿਚ ਨਾ ਚਾਹੋ। ਗ਼ਾਫਲ ਹੋ ਕੇ ਵੈਰੀ 'ਤੇ ਵਿਸ਼ਵਾਸ ਨਾ ਧਾਰਨ ਕਰੋ, ਵੈਰੀਆਂ ਵੱਲ ਸਦਾ ਵੇਖਦੇ ਰਹੋ॥ ੨੮॥

ਤਯਾਰ ਤੁਫੰਗ ਹਾਥ ਧਰਿ ਰਾਖਹੁ। ਨਿਕਸਹਿਂ ਸਿੰਘ ਹਤਹੁ ਚਿਤ ਮਾਖਹੁ।
ਅਸ ਨਹਿਂ ਹੋਇ ਕਾਟ ਪੁਨ ਜਾਵੈਂ। ਨਾਹਕ ਤੁਮਰੇ ਪ੍ਰਾਨ ਗਵਾਵੈਂ'॥ ੨੯॥

ਬੰਦੂਕਾਂ ਤਿਆਰ ਕਰਕੇ ਆਪਣੇ ਹੱਥਾਂ ਵਿਚ ਰੱਖੋ, ਜਦ ਸਿੰਘ ਨਿਕਲਣ ਤਾਂ ਦਿਲ ਦੇ ਗੁੱਸੇ ਨਾਲ ਉਨ੍ਹਾਂ ਨੂੰ ਮਾਰੋ। ਐਸਾ ਨਾ ਹੋਵੇ ਕਿ ਦੁਬਾਰਾ ਕੱਟ ਜਾਣ, ਫਜ਼ੂਲ ਵਿਚ ਤੁਹਾਡੇ ਪ੍ਰਾਣ ਲੈ ਲੈਣ'॥ ੨੯॥

ਇਮ ਚਹੂੰ ਓਰ ਮੋਰਚੇ ਸਾਰੇ। ਫਿਰ ਕਰਿ ਸੂਬੇ ਨ੍ਰਿਪਨ ਨਿਹਾਰੇ।
ਕਰਿ ਸਵਧਾਨ ਸਥਾਪਨ ਕਰੇ। ਭਾਂਤਿ ਭਾਂਤਿ ਕੀ ਸੀਖਯਾ ਕਰੇ॥ ੩੦॥

ਇਸ ਪ੍ਰਕਾਰ ਸਾਰੇ ਚਾਰੇ ਪਾਸੇ ਮੋਰਚੇ ਲਾ ਦਿੱਤੇ, ਸੂਬੇ ਅਤੇ ਰਾਜੇ ਫਿਰ ਕੇ ਵੇਖਦੇ ਸਨ। ਸਾਰੀ ਸੈਨਾ ਨੂੰ ਸਾਵਧਾਨ ਕਰਕੇ ਸਥਾਪਨ ਕਰ ਦਿੱਤਾ ਤੇ ਕਈ ਪ੍ਰਕਾਰ ਦੀ ਉਨ੍ਹਾਂ ਨੂੰ ਸਿੱਖਿਆ ਦਿੱਤੀ॥ ੩੦॥

ਇਤ ਸਤਿਗੁਰ ਕੇ ਢਿਗ ਜਬਿ ਗਏ। ਸ਼ੇਰ ਸਿੰਘ ਨਾਹਰ ਸਿੰਘ ਲਏ।
ਬੰਧਨ ਕਰਿ ਗੁਰ ਫਤੇ ਬੁਲਾਈ। ਲੂਟਨ ਕੀ ਸਭਿ ਗਾਥ ਸੁਨਾਈ॥ ੩੧॥

ਏਧਰ ਸਤਿਗੁਰੂ ਜੀ ਪਾਸ ਜਦ ਸ਼ੇਰ ਸਿੰਘ ਅਤੇ ਨਾਹਰ ਸਿੰਘ ਸਾਰੇ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਗਏ। ਸਾਰਿਆਂ ਨੇ ਬੰਦਨਾ ਕਰਕੇ ਗੁਰੂ ਫਤਹਿ ਬੁਲਾਈ ਤੇ ਫਿਰ ਲੁੱਟਣ ਦੀ ਸਾਰੀ ਗਾਥਾ ਸੁਣਾਈ॥ ੩੧॥

'ਸਿੰਘ ਛੁਧਾਤੁਰ ਭਏ ਬਿਸਾਲਾ। ਪਿਖਿ ਬਜ਼ਾਰ ਹੇਲੋ ਤਬਿ ਘਾਲਾ।
ਖੈਬੇ ਹੇਤੁ ਅੰਨ ਬਹੁ ਲਯਾਏ। ਤੁਰਕ ਨਿਕਟ ਪਹੁਚੇ ਗਨ ਘਾਏ'॥ ੩੨॥

''ਸਿੰਘ ਬਹੁਤ ਭੁੱਖੇ ਹੋ ਗਏ ਸਨ, ਅਸੀਂ ਫਿਰ ਤੁਰਕਾਂ ਦਾ ਅਨਾਜ ਦਾ ਬਜ਼ਾਰ ਵੇਖ ਕੇ ਹਮਲਾ ਕੀਤਾ। ਖਾਣ ਵਾਸਤੇ ਬਹੁਤ ਅਨਾਜ ਲਿਆਏ ਹਨ, ਜਿਹੜੇ ਵੀ ਤੁਰਕ ਸਾਡੇ ਪਾਸ ਪਹੁੰਚੇ ਸਨ, ਉਨ੍ਹਾਂ ਨੂੰ ਮਾਰ ਦਿੱਤਾ ਸੀ'॥ ੩੨॥

ਸ੍ਰੀ ਪ੍ਰਭੁ ਕਹਯੋ 'ਘਾਤ ਲਖਿ ਮਾਰਹੁ। ਬਹੁਤਨ ਮਹਿਂ ਨਹਿਂ ਹੇਰਿ ਪਧਾਰਹੁ।
ਖਾਨ ਪਾਨ ਜੇਤਿਕ ਕਰਿ ਪਾਵੋ। ਥਿਰੋ ਸੰਤੋਖ ਧਾਰਿ ਸੋ ਖਾਵੋ'॥ ੩੩॥

ਸ੍ਰੀ ਪ੍ਰਭੂ ਜੀ ਨੇ ਕਿਹਾ, ''ਦਾਅ ਸਮਝ ਕੇ ਮਾਰੋ, ਬਹੁਤਿਆਂ ਨੂੰ ਵੇਖ ਕੇ ਵਿਚ ਨਾ ਜਾਵੋ। ਖਾਣ ਪੀਣ ਜਿੰਨਾ ਵੀ ਕਰ ਸਕਦੇ ਹੋ, ਸੰਤੋਖ ਧਾਰ ਕੇ ਰਹੋ ਤੇ ਖਾਵੋ'॥ ੩੩॥

*ਛੇਵੀਂ ਰੁੱਤ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥*

☆☆☆

# ਅਧਿਆਇ ਵੀਹਵਾਂ

### *ਜ਼ੋਰ ਦੀ ਸ਼ਰ੍ਹਾ ਕੀਤਿਆਂ ਤੁਰਕ ਨਹੀਂ ਬਣਦਾ*

*ਦੋਹਰਾ*-ਇਕ ਸਿਖ ਗਹਿ ਲੀਨਸਿ ਤਹਾਂ ਕੈਦ ਕਰਜੋ ਬਲ ਨਾਲ।
ਸੁੰਨਤ ਕਰਿ, ਸਿਰ ਕੇਸ਼ ਹਰਿ, ਤੱਦੀ ਕੀਨ ਬਿਸਾਲ॥ ੧॥

ਇਕ ਸਿੱਖ ਨੂੰ ਉਥੇ ਫੜ ਕੇ ਤੁਰਕਾਂ ਨੇ ਬਲ ਨਾਲ ਕੈਦ ਕਰ ਲਿਆ। ਉਸ ਦੀ ਸੁੰਨਤ ਕਰ ਦਿੱਤੀ, ਸਿਰ ਦੇ ਕੇਸ ਕਤਲ ਕਰ ਦਿੱਤੇ ਤੇ ਉਸ ਉੱਤੇ ਬਹੁਤ ਜ਼ੋਰਾਵਰੀ ਕੀਤੀ॥੧॥

*ਚੌਪਈ*-ਕਹਿ ਕਰਿ ਕਲਮਾ ਤਬੈ ਪਠਾਯੋ। ਤਊ ਸਿੱਖ ਮਨ ਨਾਂਹਿ ਹਲਾਯੋ।
ਬਲ ਤੇ ਕਰੀ ਸ਼ਰ੍ਹਾ ਤਬਿ ਸਾਰੀ। ਖਾਨੇ ਕੋ ਖਵਾਇ ਤਿਸ ਬਾਰੀ॥੨॥

ਕਹਿ ਕੇ ਫਿਰ ਕਲਮਾ ਪੜ੍ਹਾਇਆ, ਫਿਰ ਵੀ ਸਿੱਖ ਨੇ ਸਿੱਖੀ ਵਲੋਂ ਆਪਣਾ ਮਨ ਨਾ ਡੁਲਾਇਆ। ਸ਼ਕਤੀ ਨਾਲ ਤੁਰਕਾਂ ਨੇ ਸਭ ਪ੍ਰਕਾਰ ਦੀ ਸ਼ਰ੍ਹਾ ਕੀਤੀ ਤੇ ਉਸ ਸਮੇਂ ਆਪਣਾ ਖਾਣਾ ਵੀ ਉਸ ਨੂੰ ਖਵਾਇਆ॥ ੨॥

ਗ਼ੁਸਲ ਕਰਾਇ ਅਪਨਿ ਬਿਧਿ ਤਾਂਹੂ। 'ਗੁਰ ਗੁਰ' ਜਪੈ ਭਲੇ ਉਰ ਮਾਂਹੂ।
ਸਰਬ ਸ਼ਰ੍ਹਾ ਕਰਿ ਦੀਨੋ ਛੋਰ। ਆਇ ਬਿਸੂਰਤਿ ਸੋ ਗੁਰ ਓਰ॥ ੩॥

ਆਪਣੀ ਵਿਧੀ ਅਨੁਸਾਰ ਉਸ ਨੂੰ ਇਸ਼ਨਾਨ ਵੀ ਕਰਵਾਇਆ, ਪਰ ਉਹ ਹਿਰਦੇ ਅੰਦਰ 'ਗੁਰੂ ਗੁਰੂ' ਜਪਦਾ ਰਿਹਾ। ਫਿਰ ਉਸ ਨੇ ਸਭ ਪ੍ਰਕਾਰ ਦੀ ਸ਼ਰ੍ਹਾ ਛੱਡ ਦਿੱਤੀ ਤੇ ਮਾਯੂਸ ਹੋ ਕੇ ਗੁਰੂ ਜੀ ਵੱਲ ਆਇਆ॥ ੩॥

ਹੁਤੋ ਸਮਾਂ ਪਠਤੇ ਰਹਿਰਾਸ। ਗੁਰ ਪਗ ਬੰਦੇ ਹ੍ਵੈ ਕਰਿ ਪਾਸ।
ਲਗਜੋ ਦਿਵਾਨ ਮਹਾਨ ਨਿਹਾਰੇ। ਹਾਥ ਜੋਰਿ ਸਿਖ ਖਰੇ ਉਚਾਰੇ॥੪॥

ਜਦ ਰਹਰਾਸਿ ਦੇ ਪਾਠ ਦਾ ਸਮਾਂ ਹੋਇਆ ਤਾਂ ਹੱਥ ਜੋੜ ਕੇ ਗੁਰੂ ਜੀ ਪਾਸ ਆਇਆ। ਮਹਾਨ ਦੀਵਾਨ ਲੱਗਾ ਉਸ ਵੇਖਿਆ ਤੇ ਫਿਰ ਹੱਥ ਜੋੜ ਕੇ ਖੜ੍ਹੇ ਹੋ ਕੇ ਉਸ ਉਚਾਰਨ ਕੀਤਾ॥ ੪॥

'ਮੈਂ ਸਿਖ ਹੌਂ, ਸਾਚੇ ਪਤਿਸ਼ਾਹਿ। ਰਣ ਮਹਿਂ ਲਰਤਿ ਗਿਰਜੋ ਛਿਤ ਮਾਂਹਿ।
ਭਈ ਮੂਰਛਾ ਹੋਸ਼ ਨ ਕੋਈ। ਪਹੁੰਚੇ ਤੁਰਕ ਆਨਿ ਸਭਿ ਕੋਈ॥ ੫॥

'ਮੈਂ ਸੱਚੇ ਪਾਤਸ਼ਾਹ ਦਾ ਸਿੱਖ ਹਾਂ, ਜੰਗ ਵਿਚ ਲੜਦਿਆਂ ਧਰਤੀ 'ਤੇ ਡਿੱਗ ਪਿਆ ਸੀ। ਬੇਹੋਸ਼ ਹੋਇਆ ਸੀ ਤੇ ਕਿਸੇ ਪ੍ਰਕਾਰ ਦੀ ਹੋਸ਼ ਨਹੀਂ ਸੀ ਰਹੀ। ਉਥੇ ਫਿਰ ਸਾਰੇ ਤੁਰਕ ਆ ਪਹੁੰਚੇ॥ ੫॥

ਛੁਟੀ ਮੂਰਛਾ ਗਹਿ ਲੇ ਗਏ। ਸ਼ਰ੍ਹਾ ਸਰਬ ਕੋ ਕਰਤੇ ਭਏ।
ਕਹਾਂ ਕਰੌਂ ਮੈਂ ਅਬੈ ਉਪਾਇ। ਹਿੰਦੂ ਜਨਮ ਸਿਖੀ ਧ੍ਰਮ ਜਾਇ॥੬॥

ਜਦ ਫੜ ਕੇ ਲੈ ਗਏ ਤਾਂ ਮੈਨੂੰ ਹੋਸ਼ ਆਈ, ਫਿਰ ਉਹ ਸਭ ਪ੍ਰਕਾਰ ਦੀ ਸ਼ਰ੍ਹਾ ਕਰਨ ਲੱਗੇ। ਹੁਣ ਮੈਂ ਕੀ ਉਪਾਅ ਕਰਾਂ, ਮੇਰਾ ਹਿੰਦੂ ਜਨਮ ਹੈ ਤੇ ਸਿੱਖੀ ਧਰਮ ਜਾਂਦਾ ਰਿਹਾ ਹੈ॥ ੬॥

ਜਿਸ ਬਿਧਿ ਰਹੈ ਰਖਹੁ ਦੁਖ ਪੈਹੌਂ। ਨਤੁ ਮੈਂ ਚਿਖਾ ਬਨਾਇ ਜਲੈ ਹੌਂ'।
ਬੂਝਜੋ ਗੁਰੂ 'ਕਰੀ ਕਿਸ ਸ਼ਰ੍ਹਾ? ਜਬਿ ਸ਼ੱਤ੍ਰੂਨ ਕੇ ਬਸ ਮਹਿਂ ਪਰਾ'॥੭॥

ਜਿਸ ਵਿਧੀ ਨਾਲ ਵੀ ਮੇਰਾ ਸਿੱਖ ਧਰਮ ਰਹੇ, ਰੱਖੋ, ਮੈਂ ਦੁੱਖ ਬਰਦਾਸ਼ਤ ਕਰ ਲਵਾਂਗਾ, ਨਹੀਂ ਤਾਂ ਮੈਂ ਚਿਖਾ ਬਣਾ ਸੜ ਕੇ ਮਰ ਜਾਵਾਂਗਾ।" ਗੁਰੂ ਜੀ ਨੇ ਪੁੱਛਿਆ, "ਸ਼ਰ੍ਹਾ ਕਿਸ ਕੀਤੀ ਸੀ, ਜਦ ਵੈਰੀਆਂ ਦੇ ਵੱਸ ਵਿਚ ਪਿਆ ਸੀ" ॥ ੭॥

ਤਬਿ ਸਿਖ ਸਭਿ ਕਰ ਜੋਰਿ ਸੁਨਾਈ। 'ਪੂਰਬ ਸੁੰਨਤ ਮੋਰ ਕਰਾਈ।
ਕਲਮਾ ਅਰੁ ਨਮਾਜ਼ ਕਰਿਵਾਇ। ਕੇਸ਼ ਬਿਅਦਬੀ,ਖਾਨ ਖਵਾਇ' ॥੮॥

ਤਦ ਸਿੱਖ ਨੇ ਹੱਥ ਜੋੜ ਕੇ ਸੁਣਾਇਆ, "ਸਭ ਤੋਂ ਪਹਿਲਾਂ ਮੇਰੀ ਸੁੰਨਤ ਕਰਵਾਈ, ਫਿਰ ਕਲਮਾ ਤੇ ਨਮਾਜ਼ ਪੜ੍ਹਵਾਈ, ਫਿਰ ਕੇਸਾਂ ਦੀ ਬੇਅਦਬੀ ਕੀਤੀ ਤੇ ਆਪਣਾ ਖਾਣਾ ਖਵਾਇਆ" ॥ ੮॥

ਸੁਨਿ ਗੁਰ ਬੂਝਜੋ 'ਕਹੁ ਤੂੰ ਸਾਚੇ। ਸੰਗ ਤੁਰਕਨੀ ਤੇ ਰਹਿ ਬਾਚੇ?'।
ਸਿਖ ਤਬਿ ਕਹਜੋ 'ਬਚਾਵਨ ਕੀਨ। ਪ੍ਰਭੁ ! ਤੁਮ ਹਾਥ ਦੇਇ ਰਖਿ ਲੀਨ' ॥੯॥

ਇਹ ਸੁਣ ਕੇ ਗੁਰੂ ਜੀ ਨੇ ਪੁੱਛਿਆ, "ਸੱਚੋ ਸੱਚ ਕਹੋ, ਕੀ ਤੁਰਕਣੀ ਦੇ ਸੰਗ ਤੋਂ ਬਚੇ ਰਹੇ ਹੋ ?" ਤਦ ਸਿੱਖ ਨੇ ਕਿਹਾ, "ਹੇ ਪ੍ਰਭੂ ! ਤੁਰਕਣੀ ਦੇ ਸੰਗ ਤੋਂ ਬਚਿਆ ਰਿਹਾ ਹਾਂ, ਤੁਸੀਂ ਹੱਥ ਦੇ ਕੇ ਮੈਨੂੰ ਰੱਖ ਲਿਆ ਹੈ" ॥ ੯॥

ਤਬੈ ਕਹਜੋ 'ਕਰਿਵਾਇ ਕਰਾਹਿ। ਦੇਹੁ ਖਾਲਸੇ ਮਹਿ ਬਰਤਾਹਿ।
ਖਰਾ ਸਿੱਖ ਤੂੰ ਹੈਂ, ਸਭਿ ਬੇਰੀ। ਬਾਂਹਿ ਗੁਰੂ ਕੇ ਪਕਰੀ ਤੇਰੀ' ॥੧੦॥

ਤਦ ਗੁਰੂ ਜੀ ਨੇ ਫੁਰਮਾਇਆ, "ਕੜਾਹ ਪ੍ਰਸ਼ਾਦਿ ਕਰਾਵੇਂ ਤੇ ਉਸ ਨੂੰ ਖਾਲਸੇ ਵਿਚ ਵਰਤਾਅ ਦੇਵੇਂ, ਤੂੰ ਸਭ ਸਮੇਂ ਖਰਾ ਸਿੱਖ ਰਿਹਾ ਹੈਂ। ਗੁਰੂਕਿਆਂ ਨੇ ਤੇਰੀ ਬਾਂਹ ਫੜੀ ਹੈ" ॥ ੧੦॥

ਹੁਤੇ ਸਿੰਘ ਜੇ ਤਬੈ ਹਜ਼ੂਰੈ। ਬੂਝਜੋ ਤਬੈ 'ਕਹਹੁ ਗੁਰ ਪੂਰੈ!।
ਮੁਸਲਮਾਨ ਕਿਸ ਬਿਧਿ ਕਰਿ ਹੋਇ ?। ਕਿਧੋਂ ਨ ਬਨੈ ਬਨਾਵੈ ਸੋਇ' ॥੧੧॥

ਉਸ ਸਮੇਂ ਜਿਹੜੇ ਸਿੱਖ ਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਸਨ, ਉਹ ਪੁੱਛਣ ਲੱਗੇ, "ਹੇ ਸਤਿਗੁਰੂ ਜੀ ! ਕਹੋ, ਇਕ ਮੁਸਲਮਾਨ ਕਿਸ ਵਿਧੀ ਨਾਲ ਹੁੰਦਾ ਹੈ ? ਜਾਂ ਮੁਸਲਮਾਨ ਕਦ ਬਣਾਇਆਂ ਵੀ ਨਹੀਂ ਬਣਦਾ ਹੈ" ॥ ੧੧॥

ਤਬਿ ਗੁਰ ਬਚਨ ਕਰਜੋ 'ਸੁਨ ਭਾਈ। ਕਰਹਿਂ ਸ਼ਰ੍ਹਾ ਜੇ ਰਿਪੁ ਬੁਰਿਆਈ।
ਰਿੰਦੇ ਭਾਵਨਾ ਜਿਸ ਨਹਿਂ ਹੋਇ। ਕਰੇ ਜ਼ੋਰ 'ਤੁਰਕ ਨ ਹ੍ਵੈ ਸੋਇ ॥੧੨॥

ਤਦ ਗੁਰੂ ਜੀ ਨੇ ਬਚਨ ਕੀਤਾ, "ਹੇ ਭਾਈ ! ਸੁਣੋ, ਜੇ ਵੈਰੀ ਜ਼ਬਰਦਸਤੀ ਸ਼ਰ੍ਹਾ ਕਰਦਾ ਹੈ, ਮਲੋ-ਮਲੀ ਮੁਸਲਮਾਨ ਬਣਾਉਂਦਾ ਹੈ, ਜਿਸ ਵਿਚ ਮੁਸਲਮਾਨ ਬਣਨ ਦੀ ਕੋਈ ਭਾਵਨਾ ਨਹੀਂ ਹੈ, ਵੱਡਾ ਜ਼ੋਰ ਧਾਰਨ ਕਰਦਾ ਹੈ, ਐਸਾ ਮਨੁੱਖ ਕਦੇ ਵੀ ਤੁਰਕ ਨਹੀਂ ਬਣਦਾ ਹੈ॥੧੨॥

ਜਬਿ ਕਾਮੀ ਹੁਇ ਕਰਤਾ ਸੰਗ। ਤਉ ਮਨ ਮਿਲਤਾ ਹੁਇ ਇਕ ਰੰਗ।
ਮੁਸਲਮਾਨ ਤਬਿ ਹੀ ਹੁਇ ਜਾਇ। ਮਨ ਹੀ ਕਾਰਨ ਲਖਹੁ ਸਬਾਇ ॥੧੩॥

ਜਦ ਕਾਮ ਵੱਸ ਹੋ ਕੇ ਤੁਰਕਣੀ ਦਾ ਸੰਗ ਕਰਦਾ ਹੈ ਤਾਂ ਦਿਲ ਅਤੇ ਮਨ ਫਿਰ ਇਕ ਰਸ ਇਕ ਰੰਗ ਮਿਲ ਜਾਂਦੇ ਹਨ, ਉਹ ਫਿਰ ਉਸ ਸਮੇਂ ਹੀ ਤੁਰਕ ਹੋ ਜਾਂਦਾ ਹੈ, ਇਹ ਸਭ ਕੁਝ ਮਨ ਦਾ ਕਾਰਨ ਸਮਝੋ। ਸਾਰੇ ਧਰਮ ਮਨ ਦੇ ਕਾਰਨ ਹੀ ਬਦਲਦੇ ਹਨ॥੧੩॥

ਬਲ ਤੇ ਨਹੀਂ ਭਾਵਨਾ ਫਿਰੈ। ਮਮ ਸਿਖ ਤੁਰਕਣਿ ਸੰਗ ਨ ਕਰੈ।
ਏਕ ਬਾਰ ਹੀ ਭੋਗੈ ਕੋਇ। ਮੁਸਲਮਾਨ ਸੋ ਤਤਛਿਨ ਹੋਇ॥ ੧੪॥

ਤਾਕਤ ਨਾਲ ਮਨੁੱਖ ਦੀ ਭਾਵਨਾ ਨਹੀਂ ਫਿਰਦੀ ਹੈ। ਮੇਰਾ ਸਿੱਖ ਤੁਰਕਣੀ ਦਾ ਸੰਗ ਨਾ ਕਰੇ। ਜੇ ਕੋਈ ਇਕ ਵਾਰੀ ਵੀ ਤੁਰਕਣੀ 'ਦਾ ਸੰਗ ਭੋਗ ਲਵੇ ਤਾਂ ਉਹ ਤੁਰਤ ਮੁਸਲਮਾਨ ਹੋ ਜਾਂਦਾ ਹੈ॥੧੪॥

ਜੋ ਨਰ ਹਿੰਦੂ ਧਰਮ ਕੋ ਧਰੈ। ਬਚੈ ਤੁਰਕਣੀ ਤੇ ਸੋ ਤਰੈ।
ਜੋ ਪਰ ਨਾਰਿ ਭੋਗ ਪਛੁਤਾਵੈ। ਕੁਛ ਪ੍ਰਾਸ਼ਚਿਤ ਅਘ ਹਿਤ ਕਰਿਵਾਵੈ॥੧੫॥

ਜਿਹੜਾ ਮਨੁੱਖ ਹਿੰਦੂ ਧਰਮ ਧਾਰਨ ਕਰਦਾ ਹੈ, ਜਿਹੜਾ ਤੁਰਕਣੀ ਤੋਂ ਬਚਦਾ ਹੈ, ਉਹ ਤਰ ਜਾਂਦਾ ਹੈ। ਜਿਹੜਾ ਮਨੁੱਖ ਪਰਾਈ ਇਸਤਰੀ ਨਾਲ ਭੋਗ ਕਰਕੇ ਪਛਤਾਉਂਦਾ ਹੈ, ਉਹ ਪਾਪ ਵਾਸਤੇ ਕੁਝ ਪ੍ਰਾਸ਼ਚਿਤ ਕਰਵਾਵੇ॥੧੫॥

ਕੈ ਗੁਰ ਸਿੱਖਨ ਤੇ ਬਖਸ਼ਾਵੈ। ਸੋ ਸਿਖ ਅਘ ਤੇ ਬਖਸ਼ਜੋ ਜਾਵੈ।
ਜੋ ਤੁਰਕਨਿ ਸਿਖ ਭੋਗਹਿ ਜਾਇ। ਸੋ ਨਹਿਂ ਬਖਸ਼ਜੋ ਜਾਇ ਕਦਾਇ॥੧੬॥

ਜਾਂ ਗੁਰੂ ਜੀ ਦੇ ਸਿੱਖਾਂ ਪਾਸੋਂ ਬਖਸ਼ਾ ਲਵੇ, ਉਹ ਸਿੱਖ ਪਾਪ ਤੋਂ ਬਖਸ਼ਿਆ ਜਾਂਦਾ ਹੈ। ਜਿਹੜਾ ਸਿੱਖ ਜਾ ਕੇ ਤੁਰਕਣੀ ਨਾਲ ਭੋਗ ਕਰਦਾ ਹੈ, ਉਹ ਸਿੱਖ ਕਦੀ ਵੀ ਬਖਸ਼ਿਆ ਨਹੀਂ ਜਾਂਦਾ ਹੈ॥੧੬॥

ਪਾਕੋ ਮੁਸਲਮਾਨ ਹ੍ਵੈ ਸੋਇ। ਪ੍ਰਥਮ ਅਜਾਨ ਜਿ ਭੂਲੇ ਕੋਇ।
ਮਿਲਿ ਤੁਰਕਨਿ ਸੰਗ ਸਿਖ ਬਨ ਜਾਇ। ਸੋ ਭੀ ਛੂਟ ਜਾਇ ਗੁਰ ਧਜਾਇ ॥੧੭॥

ਉਹ ਪੱਕਾ ਮੁਸਲਮਾਨ ਹੋ ਜਾਂਦਾ ਹੈ। ਪਹਿਲੀ ਵਾਰ ਜੇ ਕੋਈ ਅਣਜਾਣਪੁਨੇ ਵਿਚ ਭੁੱਲ ਕੇ ਤੁਰਕਣੀ ਨਾਲ ਮਿਲੇ, ਉਹ ਵੀ ਸਿੱਖ ਬਣਾਇਆ ਜਾ ਸਕਦਾ ਹੈ, ਐਸਾ ਸਿੱਖ ਗੁਰੂ ਜੀ ਨੂੰ ਧਿਆ ਕੇ, ਐਸੇ ਪਾਪ ਤੋਂ ਛੁਟਕਾਰਾ ਪਾ ਜਾਵੇਗਾ' ॥੧੭॥

ਪੁਨ ਸਿੰਘਨਿ ਬੂਝੇ ਗੁਨ ਖਾਨੀ। 'ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਨਾਏ। ਕਜੋਂ ਗੁਰ ਸ਼ਾਸਤ੍ਰ ਬਰਜ ਹਟਾਏ ?' ॥੧੮॥

ਫਿਰ ਸਿੰਘ ਗੁਣਾਂ ਦੀ ਖਾਣ, ਭਾਵ ਗੁਰੂ ਜੀ ਨੂੰ ਪੁੱਛਣ ਲੱਗੇ, "ਬਹੁਤ ਤੁਰਕ ਹਿੰਦਵਾਣੀਆਂ ਨੂੰ ਭੋਗਦੇ ਹਨ, ਜੇ ਸਿੱਖ ਬਦਲਾ ਲੈ ਕੇ ਤੁਰਕਣੀਆਂ ਭੋਗ ਲੈਣ ਤਾਂ ਇਸ ਵਿਚ ਤਾਂ ਭਲਾ ਦਿਖਾਈ ਦਿੰਦਾ ਹੈ। ਗੁਰੂ ਸ਼ਾਸਤਰ ਇਸ ਨੂੰ ਵਰਜ ਕੇ ਕਿਉਂ ਹਟਾਉਂਦਾ ਹੈ ?" ॥੧੮॥

ਸੁਨਿ ਸਤਿਗੁਰ ਬੋਲੇ ਤਿਸ ਬੇਰੇ। 'ਹਮ ਲੇ ਜਾਨੋ ਪੰਥ ਉਚੇਰੇ।
ਨਹੀਂ ਅਧੋਗਤਿ ਬਿਖੈ ਪੁਚਾਵੈਂ। ਯਾਂਤੇ ਕਲਮਲ ਕਰਨ ਹਟਾਵੈਂ॥ ੧੯॥

ਇਹ ਸੁਣ ਕੇ ਸਤਿਗੁਰੂ ਜੀ ਉਸ ਸਮੇਂ ਬੋਲੇ, "ਸਾਡੇ ਪੰਥ ਨੂੰ ਸਭ ਤੋਂ ਉੱਚਾ ਜਾਣੋ, ਅਸੀਂ ਇਸ ਨੂੰ ਢਹਿੰਦੀ ਕਲਾ ਵਿਚ ਨਹੀਂ ਪਹੁੰਚਾਉਣਾ ਚਾਹੁੰਦੇ। ਇਸ ਕਰਕੇ ਪਾਪ ਕਰਨ ਤੋਂ ਹਟਾਉਂਦੇ ਹਾਂ॥੧੯॥

ਪੰਥ ਭੂਤਨਾ ਕੋ ਹੈ ਜੋਈ। ਲਿਯੋ ਸੰਭਾਲ ਮੁਹੰਮਦ ਸੋਈ।
ਨਹਿਂ ਨੀਚਨ ਕੀ ਰੀਤਿ ਅਛੇਰੀ। ਪਿਖਿ ਅਪਮਾਨ ਕਰਹਿਂ ਸਭਿ ਬੇਰੀ॥੨੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨੦॥

'ਗੁਰ ਬਚ, ਸ਼ਾਸਤ੍ਰਨ, ਕਰੀ ਨਿਯੋਗ। ਆਸ਼੍ਰਮਾਨ ਤੇ ਮਾਨਨ ਯੋਗ'।
ਇਮ ਕਹਿ ਕਰਿ ਪੁਨ ਸਿੱਖ ਮਿਲਾਯੋ। ਕਰਜੋ ਕੜਾਹ ਸਰਬ ਵਰਤਾਯੋ॥੨੧॥

"ਗੁਰੂ ਜੀ ਦੇ ਬਚਨਾਂ 'ਤੇ ਜੋ ਸ਼ਾਸਤਰਾਂ ਨੇ ਆਗਿਆ ਕੀਤੀ ਹੈ, ਉਹ ਸਾਰੇ ਆਸ਼ਰਮਾਂ ਨੂੰ ਮੰਨਣ ਯੋਗ ਹੈ।" ਇਸ ਪ੍ਰਕਾਰ ਕਹਿ ਕੇ ਫਿਰ ਸਿੱਖ ਨੂੰ ਆਪਣੇ ਪੰਥ ਵਿਚ ਮਿਲਾ ਲਿਆ ਤੇ ਕੜਾਹ ਕਰਕੇ ਸਭ ਵਿਚ ਵਰਤਾਅ ਦਿੱਤਾ॥ ੨੧॥

ਇਸੀ ਰੀਤਿ ਸਿਖ ਕਰਤੇ ਜੰਗ। ਹੋਵਨਿ ਲਗੇ ਦੁਖਿਤ ਛੁਧਿ ਸੰਗ।
ਖਾਸ ਖਜ਼ਾਨੇ ਦਰਬ ਜਿਤੇਕ। ਪਾਵਹਿਂ ਸ਼ਤੁਦ੍ਰਵ ਬਿਖੈ ਤਿਤੇਕ॥ ੨੨॥

ਇਸ ਰੀਤੀ ਨਾਲ ਹੀ ਸਿੱਖ ਜੰਗ ਕਰਦੇ ਸਨ, ਫਿਰ ਭੁੱਖੇ ਰਹਿਣ ਕਰਕੇ ਬਹੁਤ ਦੁੱਖੀ ਹੋਣ ਲੱਗੇ। ਖਾਸ ਖਜ਼ਾਨੇ ਵਿਚ ਜਿੰਨਾ ਧਨ ਸੀ ਓਨਾ ਸਤਿਲੁਜ ਦਰਿਆ ਵਿਚ ਪਾ ਦਿੰਦੇ ਸਨ॥ ੨੨॥

**ਪਸ਼ੰਮਬਰ ਆਦਿਕ ਸਭਿ ਚੀਰ। ਫੁਕਵਾਵੈਂ ਪਾਵਕ ਪ੍ਰਭੁ ਧੀਰ।**
**ਇਸ ਬਿਧਿ ਸਰਬ ਸਮਾਜ ਨਿਬੇਰੈਂ। ਫੂਕੈਂ ਕੈ ਜਲ ਸਲਿਤਾ ਗੇਰੈਂ॥ ੨੩॥**

ਪਸ਼ਮੀਨੇ ਆਦਿ ਦੇ ਸਾਰੇ ਕੱਪੜੇ ਸਤਿਗੁਰੂ ਜੀ ਅੱਗ ਵਿਚ ਪਾ ਕੇ ਫੁਕਵਾ ਦਿੰਦੇ ਸਨ। ਇਸ ਵਿਧੀ ਨਾਲ ਸਾਰਾ ਸਾਜ਼ੋ-ਸਮਾਨ ਨਬੇੜ ਦਿੱਤਾ। ਅੱਗ ਨਾਲ ਫੂਕ ਦਿੰਦੇ ਸਨ ਜਾਂ ਨਦੀ ਵਿਚ ਡੋਰ੍ਹ ਦਿੰਦੇ ਸਨ॥ ੨੩॥

**ਲੋਕ ਪੁਕਾਰਨ ਲਾਗੇ ਪੁਰਿ ਮੈਂ। ਸਹਜੇ ਨ ਜਾਇ ਛੁਧਾ ਦੁਖ ਉਰ ਮੈਂ।**
**ਪ੍ਰਜਾ ਨਿਕਸਿ ਕਰਿ ਗਈ ਵਹਿਰ ਕੋ। ਸੁਭਟ ਸਿੰਘ ਨਹਿਂ ਤਜਾਗਜੋ ਗੁਰ ਕੋ॥੨੪॥**

ਨਗਰ ਦੇ ਲੋਕ ਪੁਕਾਰਨ ਲੱਗੇ, ਭੁੱਖ ਦਾ ਦੁੱਖ ਬਰਦਾਸ਼ਤ ਨਹੀਂ ਸੀ ਹੁੰਦਾ। ਪਰਜਾ ਨਿਕਲ ਕੇ ਬਾਹਰ ਨੂੰ ਚਲੀ ਗਈ, ਪਰ ਗੁਰੂ ਜੀ ਦੇ ਸੂਰਬੀਰਾਂ ਨੇ ਗੁਰੂ ਜੀ ਨੂੰ ਨਹੀਂ ਛੱਡਿਆ॥ ੨੪॥

**ਰਹੈਂ ਛੁਧਾਤੁਰ ਤਊ ਲਰਤਿ ਹੈਂ। ਸ਼ੱਤ੍ਰੁਨਿ ਮਾਰਤਿ ਆਪ ਮਰਤਿ ਹੈਂ।**
**ਕਹੈਂ ਸਕਲ ਮਿਲਿ 'ਅਬਿ ਨਹਿਂ ਭਾਗੈਂ। ਦੈ ਹੈਂ ਸੀਸ ਗੁਰੂ ਕੇ ਆਗੈ'॥ ੨੫॥**

ਬੇਸ਼ਕ ਭੁੱਖੇ ਰਹਿੰਦੇ ਸਨ, ਫਿਰ ਵੀ ਯੁੱਧ ਕਰਦੇ ਸਨ, ਵੈਰੀਆਂ ਨੂੰ ਮਾਰ ਕੇ ਆਪ ਮਰਦੇ ਸਨ। ਸਾਰੇ ਮਿਲ ਕੇ ਕਹਿੰਦੇ ਸਨ, "ਹੁਣ ਨਹੀਂ ਭੱਜਾਂਗੇ, ਗੁਰੂ ਜੀ ਦੇ ਅੱਗੇ ਆਪਣੇ ਸੀਸ ਦੇਵਾਂਗੇ"॥ ੨੫॥

**ਸਿਦਕ ਬਿਖੈ ਸਾਬਤ ਦ੍ਰਿੜ ਰਹੈਂ। ਸੰਕਟ ਅਨਿਕ ਪ੍ਰਕਾਰਨਿ ਸਹੈਂ।**
**ਸ੍ਰੀ ਗੁਜਰੀ ਢਿਗ ਕਰਹਿਂ ਬਖਾਨੀ। ਮਾਤ! ਗੁਰੂ ਗਤਿ ਜਾਇ ਨ ਜਾਨੀ॥੨੬॥**

ਸਿਦਕ ਵਿਚ ਦ੍ਰਿੜ੍ਹਤਾ ਨਾਲ ਸਾਬਤ ਰਹਿੰਦੇ ਸਨ ਤੇ ਅਨੇਕ ਪ੍ਰਕਾਰ ਦੇ ਸੰਕਟ ਬਰਦਾਸ਼ਤ ਕਰਦੇ ਸਨ। ਮਾਤਾ ਗੁਜਰੀ ਜੀ ਪਾਸ ਜਾ ਕੇ ਕਹਿੰਦੇ ਸਨ, "ਹੇ ਮਾਤਾ ਜੀ! ਗੁਰੂ ਜੀ ਦੀ ਗਤੀ ਜਾਣੀ ਨਹੀਂ ਜਾਂਦੀ ਹੈ॥ ੨੬॥

**ਅੰਨ ਬਿਨਾ ਸਗਰੇ ਮਰਿ ਜੈ ਹੈਂ। ਪਾਉ ਪਾਉ ਕਬਿ ਕਬਿ ਇਕ ਪੈ ਹੈਂ।**
**ਸੁਤ ਕੀ ਕ੍ਰਿਤ ਸੁਨਿ ਦੇਖਨਿ ਕਰਤੀ। ਪਰਮ ਦੁਖੀ ਚਿਤ ਚਿੰਤਾ ਧਰਤੀ॥੨੭॥**

ਅਨਾਜ ਤੋਂ ਬਗੈਰ ਸਾਰੇ ਮਰ ਜਾਵਾਂਗੇ, ਪਾਊ ਪਾਊ ਤੇ ਉਹ ਵੀ ਕਦੀ ਕਦੀ ਪ੍ਰਾਪਤ ਹੁੰਦਾ ਹੈ।" ਇਹ ਸੁਣ ਕੇ ਮਾਤਾ ਜੀ ਆਪਣੇ ਪੁੱਤਰ ਦੀ ਕਿਰਤ ਨੂੰ ਵੇਖਦੇ ਪਰਮ ਦੁਖੀ ਹੋ ਕੇ ਚਿੱਤ ਵਿਚ ਚਿੰਤਾ ਧਾਰਨ ਕਰਦੇ॥ ੨੭॥

**ਕਹਿ ਨਹਿਂ ਸਕੈ ਸ੍ਰਾਪ ਤੇ ਡਰੈ। ਰਿਸ ਤੇ ਕੁਛ ਮੁਖ ਤੇ ਕਹਿਂ ਪਰੈਂ।**
**ਸੋ ਸਭਿ ਸਾਚ ਹੋਇ ਨਹਿਂ ਟਰੈ। ਕਹਿਨ ਅਕਹਿਨ ਅਨੁਚਿਤ ਬਿਚਰੈ॥੨੮॥**

ਕੁਝ ਕਹਿ ਨਹੀਂ ਸਕਦੇ ਸਨ, ਸਰਾਪ ਤੋਂ ਡਰਦੇ ਸਨ, ਗੁੱਸੇ ਨਾਲ ਕੁਝ ਮੁਖ ਤੋਂ ਕਹਿ ਦੇਣ; ਉਨ੍ਹਾਂ ਦਾ ਕਿਹਾ ਹੋਇਆ ਸਭ ਸੱਚ ਹੋ ਜਾਂਦਾ ਹੈ, ਕੁਝ ਵੀ ਟਲਦਾ ਨਹੀਂ ਹੈ। ਕਹਿਣਾ ਤੇ ਨਾ ਕਹਿਣਾ ਅਯੋਗ ਵਿਚਾਰਦੇ ਸਨ ਭਾਵ ਨਾ ਕਹਿ ਸਕਦੀ ਹੈ ਨਾ ਚੁੱਪ ਰਹਿ ਸਕਦੀ ਹੈ॥ ੨੮॥

**ਤਊ ਨਿਕਟ ਜੋ ਦਾਸ ਘਨੇਰੇ। ਕਰਹਿਂ ਸੁਨਾਵਨ ਕਸ਼ਟ ਬਡੇਰੇ।**
**ਸਿੰਘ ਸੈਂਕਰੇ ਲਰਿ ਕਰਿ ਮਰੈਂ। ਬਚੇ ਨ ਜੀਵਨ ਆਸ਼ਾ ਧਰੈਂ॥ ੨੯॥**

ਫਿਰ ਵੀ ਜਿਹੜੇ ਬਹੁਤ ਸੇਵਕ ਪਾਸ ਰਹਿੰਦੇ ਸਨ, ਉਨ੍ਹਾਂ ਨੂੰ ਵੱਡੇ ਕਸ਼ਟ ਬਾਰੇ ਸੁਣਾਉਂਦੇ ਰਹਿੰਦੇ ਸਨ। ਸਿੰਘ ਸੈਂਕੜੇ ਲੜ ਕੇ ਮਰ ਰਹੇ ਹਨ, ਜਿਹੜੇ ਬਚੇ ਹਨ, ਉਹ ਜੀਵਨ ਦੀ ਆਸ਼ਾ ਨਹੀਂ ਧਾਰਦੇ ਹਨ॥ ੨੯॥

ਇਕ ਦਿਨ ਮਨ ਕੋ ਦ੍ਰਿੜ ਕਰਿ ਆਈ। ਸਭਿ ਬਿਧਿ ਕਰਿ ਦੁਖ ਤੇ ਤਪਤਾਈ।
ਕਲਗੀਧਰ ਕੇ ਹੁਇ ਢਿਗ ਖਰੀ। ਚਿਤ ਚਿੰਤਾ ਤੇ ਕਹਿ ਰਿਸ ਭਰੀ॥ ੩੦॥

ਮਾਤਾ ਜੀ ਇਕ ਦਿਨ ਮਨ ਨੂੰ ਦ੍ਰਿੜ੍ਹ ਕਰਕੇ ਆਈ, ਸਭ ਵਿਧੀਆਂ ਨਾਲ ਦੁੱਖ ਤੋਂ ਬਹੁਤ ਪੀੜਤ ਹੋਈ। ਸਤਿਗੁਰੂ ਜੀ ਦੇ ਪਾਸ ਹੋ ਕੇ ਖੜ੍ਹੀ ਹੋ ਗਈ। ਚਿੱਤ ਵਿਚ ਚਿੰਤਵਾਨ ਹੋ ਗੁੱਸੇ ਨਾਲ ਕਿਹਾ॥ ੩੦॥

'ਜਗ ਮਹਿਂ ਬਨ ਕਰਿ ਗੁਰੂ ਕਹਾਏ। ਸਿਖ ਮਾਰਨ ਹਿਤ ਰਚਜੋ ਉਪਾਏ।
ਨਿਤ ਉਠਿ ਸਿੰਘ ਅੱਗ੍ਰ ਹੁਇ ਲਰੈਂ। ਸਿਰ ਪਰ ਵੈਰੀ ਕੜਕਤਿ ਖਰੇ॥ ੩੧॥

''ਜਗ ਵਿਚ ਗੁਰੂ ਬਣ ਕੇ ਕਹਾਉਂਦੇ ਹੋ, ਸਿੱਖਾਂ ਨੂੰ ਮਾਰਨ ਵਾਸਤੇ ਇਹ ਉਪਾਅ ਰਚਿਆ ਹੈ। ਨਿਤ ਸਿੰਘ ਅੱਗੇ ਹੋ ਕੇ ਲੜਦੇ ਹਨ, ਸਿਰਾਂ ਉੱਤੇ ਕੜਕਦੇ ਵੈਰੀ ਖੜ੍ਹੇ ਹਨ॥ ੩੧॥

ਸਭਿ ਮਹਿਂ ਭੂਖ ਵਰਤਿ ਬਹੁ ਰਹੀ। ਨਿਸਦਿਨ ਭੋਜਨ ਪ੍ਰਾਪਤਿ ਨਹੀਂ।
ਪੂਰਬ ਦਰਬ ਪਾਇ ਦਰਿਆਇ। ਅਬਿ ਨਿਕਾਸ ਸਭਿ ਦੇਤਿ ਰੁੜਾਇ॥ ੩੨॥

ਸਾਰਿਆਂ ਵਿਚ ਬਹੁਤ ਭੁੱਖ ਵਰਤ ਰਹੀ ਹੈ, ਦਿਨ ਰਾਤ ਭੋਜਨ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੋ ਰਿਹਾ ਹੈ। ਪਹਿਲਾਂ ਵੀ ਸਾਰਾ ਧਨ ਦਰਿਆ ਵਿਚ ਪਾ ਦਿੱਤਾ ਹੈ, ਹੁਣ ਵੀ ਖਜ਼ਾਨੇ ਵਿੱਚੋਂ ਕੱਢ ਕੇ ਸਾਰਾ ਰੋੜ੍ਹ ਦਿੰਦੇ ਹੋ॥ ੩੨॥

ਕੋ ਗੁਨਾਹ ਸਿੱਖਨਿ ਅਸ ਕਰਜੋ। ਜਿਸ ਤੇ ਇਤੋ ਕਸ਼ਟ ਤਿਨ ਪਰਜੋ।
ਪਾਈਆ ਅੰਨ ਪਾਇਂ ਹਿਤ ਖਾਨੇ। ਕਿਮਿ ਲਰਿ ਸਕੈਂ ਸਿੰਘ ਬਲ ਹਾਨੇ॥ ੩੩॥

ਸਿੱਖਾਂ ਨੇ ਕਿਹੜਾ ਐਸਾ ਗੁਨਾਹ ਕੀਤਾ ਹੈ, ਜਿਸ ਕਰਕੇ ਉਨ੍ਹਾਂ ਉੱਤੇ ਏਨਾ ਕਸ਼ਟ ਆ ਪਿਆ ਹੈ। ਪਾਈਆ ਅਨਾਜ ਖਾਣ ਵਾਸਤੇ ਪ੍ਰਾਪਤ ਕਰਦੇ ਹਨ, ਇਹ ਸ਼ਕਤੀਹੀਣ ਸਿੱਖ ਕਿਵੇਂ ਯੁੱਧ ਕਰ ਸਕਣਗੇ॥ ੩੩॥

ਧੀਰਜ ਗਯੋ ਛੂਟ ਸਭਿ ਕੇਰੇ। ਤੁਰਕ ਗਿਰੀਸ਼ਨ ਚਹੁਂ ਦਿਸ਼ਿ ਘੇਰੇ।
ਘਾਲਿ ਹੇਲ ਲਾਖਹੁਂ ਚਢਿ ਮਾਰੈਂ। ਕਿਧੌਂ ਛੁਧਿਤਿ ਹ੍ਵੈ ਪਾਨ ਨਿਕਾਰੈਂ॥ ੩੪॥

ਸਾਰਿਆਂ ਦਾ ਧੀਰਜ ਜਾਂਦਾ ਰਿਹਾ ਹੈ, ਤੁਰਕਾਂ ਅਤੇ ਪਹਾੜੀ ਰਾਜਿਆਂ ਨੇ ਚਾਰੇ ਪਾਸਿਆਂ ਤੋਂ ਘੇਰਾ ਪਾਇਆ ਹੈ। ਹਮਲਾ ਕਰਕੇ ਲੱਖਾਂ ਦੀ ਗਿਣਤੀ ਵਿਚ ਚੜ੍ਹਾਈ ਕਰਕੇ ਮਾਰ ਦੇਣਗੇ ਜਾਂ ਭੁੱਖੇ ਰਹਿ ਕੇ ਹੀ ਪ੍ਰਾਣ ਨਿਕਲ ਜਾਣਗੇ॥ ੩੪॥

ਸਭਿ ਕੋ ਅੰਤ ਲਖਜੋ ਅਬਿ ਆਵੈ। ਹਮ ਸਮੇਤ ਕਿਮ ਜੀਵਨ ਪਾਵੈਂ?।
ਅਬਿ ਭੀ ਬਖਸ਼ਹੁ, ਸੰਗਤ ਤੇਰੀ। ਕਜੋਂ ਦੁਖ ਭੁਖ ਵਰਤਾਇ ਬਡੇਰੀ?'॥ ੩੫॥

ਹੁਣ ਜਾਪਦਾ ਹੈ ਕਿ ਸਭ ਦਾ ਅੰਤ ਵੇਲਾ ਆ ਗਿਆ ਹੈ, ਅਸੀਂ ਸਾਰਿਆਂ ਸਮੇਤ ਕਿਵੇਂ ਜੀਵਨ ਪਾਵਾਂਗੇ? ਹੁਣ ਵੀ ਬਖਸ਼ੋ, ਇਹ ਤੁਹਾਡੀ ਸੰਗਤ ਹੈ, ਕਿਉਂ ਵੱਡੀ ਦੁੱਖ-ਭੁੱਖ ਵਰਤਾਈ ਹੈ?''॥ ੩੫॥

ਸੁਨਿ ਮਾਤਾ ਤੇ ਆਪ ਉਚਾਰਾ। 'ਹਮ ਕੋ ਹੁਕਮ ਦੀਨਿ ਕਰਤਾਰਾ।
ਤੋ ਇਹ ਪੰਥ ਸੁਧਾਰਨ ਕਰਜੋ। ਨਾਮ ਸ਼ਨਾਨ ਆਦਿ ਗੁਨ ਭਰਜੋ॥ ੩੬॥

ਮਾਤਾ ਜੀ ਪਾਸੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, ''ਸਾਨੂੰ ਪ੍ਰਭੂ ਨੇ ਹੁਕਮ ਦਿੱਤਾ ਹੈ, ਇਸ ਕਰਕੇ ਇਹ ਪੰਥ ਤਿਆਰ ਕੀਤਾ ਹੈ, ਇਸ ਵਿਚ ਨਾਮ ਇਸ਼ਨਾਨ ਆਦਿ ਗੁਣ ਭਰੇ ਹਨ॥ ੩੬॥

ਇਸ ਕੋ ਹਮ ਬਿਰਧਾਵਨ ਕਰੈਂ। ਨਹੀਂ ਗਾਲਿਬੇ ਕੀ ਇਛ ਧਰੈਂ।
ਪੂਜਾ ਕੋ ਲੇ ਕਰਿ ਜਬਿ ਖੈ ਹੈਂ। ਤਿਸਤੇ ਪੰਥ ਘਾਟ ਬਲ ਹ੍ਵੈ ਹੈ॥ ੩੭॥

ਇਸ ਪੰਥ ਨੂੰ ਅਸੀਂ ਵਧਾਵਾਂਗੇ, ਇਨ੍ਹਾਂ ਨੂੰ ਖਤਮ ਕਰਨ ਦੀ ਇੱਛਾ ਨਹੀਂ ਧਾਰਨ ਕੀਤੀ ਹੈ। ਜਦ ਇਹ ਪੂਜਾ ਦਾ ਧਨ ਲੈ ਕੇ ਖਾਣਗੇ ਤਾਂ ਉਸ ਨਾਲ ਸਾਡੇ ਪੰਥ ਦਾ ਬਲ ਘਟ ਜਾਵੇਗਾ॥ ੩੭॥

ਸੁਨਹੁ ਮਾਤ ਇਹ ਪੂਜਾ ਅੰਸ਼। ਜ਼ਹਿਰ ਅਹੈ ਬਲ ਬੁੱਧਹਿ ਭ੍ਰੰਸ।
ਰਣ ਹਿਤ ਪੰਥ ਖਰੋ ਮੈਂ ਕੀਨ। ਛੁਧਿਤਿ ਨਗਨ ਹੀ ਨੀਕੋ ਚੀਨ॥ ੩੮॥

ਹੇ ਮਾਤਾ ਜੀ! ਸੁਣੋ, ਇਹ ਪੂਜਾ ਦੀ ਅੰਸ਼ ਜ਼ਹਿਰ ਹੈ, ਜਿਹੜੀ ਬਲ ਬੁੱਧੀ ਨਾਸ਼ ਕਰਦੀ ਹੈ। ਯੁੱਧ ਵਾਸਤੇ ਇਹ ਪੰਥ ਮੈਂ ਖੜਾ ਕੀਤਾ ਹੈ, ਇਸ ਨੂੰ ਭੁੱਖੇ ਨੰਗੇ ਨੂੰ ਚੰਗਾ ਜਾਣੋ॥ ੩੮॥

ਨਰਕ ਬਿਖੈ ਨਹਿਂ ਇਸ ਕੋ ਪਾਵੈਂ। ਬੁਰਾ ਨ ਕਰਿਹੋਂ ਗੁਨ ਸਿਖਰਾਵੈਂ।
ਜਿਸ ਬਿਧਿ ਅਹੈਂ ਪੁੱਤ੍ਰ ਹਮ ਤੇਰੇ। ਬਿਖ ਨਹਿਂ ਦੇਇ ਸਕਹਿਂ ਕਿਸ ਬੇਰੇ॥ ੩੯॥

ਇਸ ਪੰਥ ਨੂੰ ਨਰਕ ਵਿਚ ਨਹੀਂ ਪਾਵਾਂਗੇ, ਇਨ੍ਹਾਂ ਦਾ ਬੁਰਾ ਨਹੀਂ ਕਰਾਂਗਾ, ਇਨ੍ਹਾਂ ਨੂੰ ਗੁਣ ਸਿਖਾਵਾਂਗਾ। ਜਿਸ ਵਿਧੀ ਨਾਲ ਅਸੀਂ ਤੇਰੇ ਪੁੱਤਰ ਹਾਂ, ਤੂੰ ਕਿਸੇ ਵਿਧੀ ਕਿਸੇ ਸਮੇਂ ਵੀ ਸਾਨੂੰ ਜ਼ਹਿਰ ਨਹੀਂ ਖਵਾ ਸਕਦੀ ਹੈਂ॥ ੩੯॥

ਤਿਮ ਹਮ ਸਿਖ ਪੁੱਤ੍ਰਨਿ ਕਿਸ ਭਾਂਤੀ। ਬਿਖ ਪੂਜਾ ਦੇ ਕਰਿ ਹੈਂ ਘਾਤੀ?।
ਪਾਲਜੈ ਚਾਹੋਂ ਕਰੋਂ ਬਡੇਰਾ। ਭੋਗਹਿਂ ਸੁਖ ਇਤ ਉਤਹਿ ਘਨੇਰਾ॥ ੪੦॥

ਉਸ ਪ੍ਰਕਾਰ ਹੀ ਅਸੀਂ ਸਿੱਖ ਪੁੱਤਰਾਂ ਨੂੰ ਵੀ ਕਿਸੇ ਪ੍ਰਕਾਰ ਜ਼ਹਿਰ ਦੇ ਕੇ ਨਹੀਂ ਮਾਰਾਂਗੇ? ਇਨ੍ਹਾਂ ਨੂੰ ਪਾਲ ਕੇ ਵੱਡੇ ਕਰਨਾ ਚਾਹੁੰਦੇ ਹਾਂ। ਲੋਕ ਪਰਲੋਕ ਵਿਚ ਇਹ ਵੱਡਾ ਸੁਖ ਭੋਗਣਗੇ॥ ੪੦॥

ਸ਼ਤਰੁੱਦ੍ਰ ਮੈਂ ਜੋ ਧਨ ਰਾਖਾ। ਸੁੱਧ ਕਰਨ ਕੀ ਤਿਹ ਅਭਿਲਾਖਾ।
ਜਿਮ ਬਿਖ ਕੋ ਮਾਰਨ ਕਰਿ ਲੇਹੀ। ਪੁਨ ਖਾਏ ਰੋਗਨ ਹਤਿ ਦੇਹੀ॥ ੪੧॥

ਸਤਿਲੁਜ ਵਿਚ ਜਿਹੜਾ ਧਨ ਰੱਖਿਆ ਹੈ, ਉਸ ਨੂੰ ਸ਼ੁੱਧ ਕਰਨ ਦੀ ਅਭਿਲਾਸ਼ਾ ਹੈ। ਜਿਵੇਂ ਜਦ ਜ਼ਹਿਰ ਨੂੰ ਮਾਰ ਲੈਂਦੇ ਹਨ ਤੇ ਫਿਰ ਜ਼ਹਿਰ ਖਾਣ ਨਾਲ ਰੋਗ ਦੂਰ ਹੋ ਜਾਂਦੇ ਹਨ॥ ੪੧॥

ਤਿਮ ਪੂਜਾ ਕੋ ਧਨ ਸੁਧ ਹੋਇ। ਸਿੱਖ ਪੁੱਤ੍ਰਨਿ ਲੈ ਦੈ ਹੈਂ ਸੋਇ।
ਪੁਨ ਹ੍ਵੈ ਹੈ ਸਭਿ ਕੋ ਸੁਖਕਾਰੀ। ਸਮੋ ਹੋਇ ਜਬਿ ਲੇਹਿਂ ਨਿਕਾਰੀ॥ ੪੨॥

ਉਸ ਪ੍ਰਕਾਰ ਪੂਜਾ ਦਾ ਧਨ ਸ਼ੁੱਧ ਹੋ ਜਾਵੇਗਾ, ਸਿੱਖ ਪੁੱਤਰ ਉਸ ਨਾਲ ਲੈਣ ਦੇਣ ਕਰ ਲੈਣਗੇ। ਫਿਰ ਇਹ ਸਾਰਿਆਂ ਲਈ ਸੁਖਦਾਇਕ ਹੋ ਜਾਣਗੇ, ਸਮਾਂ ਆਉਣ 'ਤੇ ਫਿਰ ਦਰਿਆ ਵਿਚੋਂ ਕੱਢ ਲੈਣਗੇ॥ ੪੨॥

ਏਕ ਸਿੱਖ ਹਮਰੋ ਸੁਭ ਹੋਇ। ਪਠਹਿਂ ਤਾਂਹਿ ਧਨ ਲੈ ਹੈ ਸੋਇ।
ਨਾਮ ਦਲੀਪ ਸਿੰਘ ਬਲ ਭਾਰੋ। ਤਪ ਤਾਪਹਿ ਪੁਨ ਹੋਇ ਸੁਖਾਰੋ॥ ੪੩॥

ਇਕ ਸਿੱਖ ਸਾਡਾ ਬੜਾ ਸ਼ੁਭ ਹੋਵੇਗਾ, ਉਸ ਨੂੰ ਭੇਜਾਂਗੇ ਉਹ ਧਨ ਲੈ ਲਵੇਗਾ। ਉਸ ਵੱਡੇ ਬਲਵਾਨ ਦਾ ਨਾਮ ਦਲੀਪ ਸਿੰਘ ਹੋਵੇਗਾ। ਉਹ ਤਪ ਕਰਕੇ ਵੱਡਾ ਸੁੱਖੀ ਹੋਵੇਗਾ॥ ੪੩॥

*ਨੋਟ: ੧੮੯੯ ਵਿਚ ਮਹਾਰਾਜਾ ਦਲੀਪ ਸਿੰਘ ਪੰਜ ਬਰਸ ਦਾ ਸੀ, ਇਤਿਹਾਸ ਵਿਚ ਕੋਈ ਵਾਰਤਾ ਨਹੀਂ ਹੈ ਕਿ ੧੮੯੯ ਤੋਂ ੧੯੦੬ ਤਕ ਦਲੀਪ ਸਿੰਘ ਨੇ ਸਤਲੁਜ ਵਿਚੋਂ ਧਨ ਕੱਢਿਆ ਸੀ। ੧੯੦੬ ਵਿਚ ਮਹਾਰਾਜੇ ਦਾ ਰਾਜ ਮੁੱਕ ਗਿਆ। ਜੇ ਇਹ ਗੁਰ ਵਾਕ ਹੁੰਦੇ ਤਾਂ ਜ਼ਰੂਰ ਪੂਰੇ ਹੁੰਦੇ।*

ਦੋਹਰਾ-ਪਸ਼ਚਮ ਤੇ ਉਠਿ ਖਾਲਸਾ ਚਮਕੈ ਪੂਰਬ ਪੰਥ।
ਦੂਰੈ ਦੁਸ਼ਟ ਸਭਿ ਪਰਬਤੀ ਮੋਨ ਮੋਰਜਿ ਕੁਪੰਥ॥ ੪੪ ॥

ਪੱਛਮ ਤੋਂ ਉੱਠ ਕੇ ਖਾਲਸਾ ਪੰਥ ਪਹਿਲਾਂ ਚਮਕੇਗਾ, ਸਾਰੇ ਪਹਾੜੀਏ ਦੁਸ਼ਟ ਤੇ ਫਿਟਕਾਰੇ ਹੋਏ ਖੋਟਿਆਂ ਰਸਤਿਆਂ ਤੇ ਤੁਰਨ ਵਾਲੇ ਅਤੇ ਮੋਨ ਛੁਪ ਜਾਣਗੇ॥ ੪੪ ॥

ਖਾਲਸਾ ਮਿਲੈ ਮੇਲ ਕਰਿ ਖਾਲਸਾ ਟੂਟੇ ਦਿਵਸ।
ਮਿੱਤ੍ਰ ਹਿੰਦਵੀ ਮੋਲਵੀ ਗੋਰੇ ਸੁਨੀ ਸੁ ਵੰਸ॥ ੪੫ ॥

ਜਿਹੜਾ ਵੀ ਖਾਲਸੇ ਨਾਲ ਮੇਲ ਕਰੇਗਾ, ਉਹ ਬਚਿਆ ਰਹੇਗਾ, ਜਿਹੜਾ ਖਾਲਸੇ ਨਾਲੋਂ ਟੁੱਟ ਜਾਵੇਗਾ, ਉਹ ਇਕ ਦਿਨ ਟੁੱਟ ਜਾਵੇਗਾ। ਖਾਲਸੇ ਦੇ ਸਾਰੇ ਹੀ ਮਿੱਤਰ ਹੋਣਗੇ, ਜਿਹੜੇ ਹਿੰਦੀ, ਮੌਲਵੀ, ਗੋਰੇ ਅਤੇ ਸੁੰਨੀ ਬੰਸ ਵਾਲੇ ਹੋਣਗੇ॥ ੪੫ ॥

ਬਲੀ ਹੋਇਗਾ ਖਾਲਸਾ ਤੁਰਕ ਤੋੜੇਗਾ ਮੋਨ।
ਲੁਟੇ ਗਾਉਂ ਪਰਜਾ ਦੁਖੀ ਨਜਾਉਂ ਜਾਇਗਾ ਔਨ॥ ੪੬ ॥

ਖਾਲਸਾ ਵੱਡਾ ਬਲੀ ਹੋਵੇਗਾ ਤੇ ਮੋਨਿਆਂ ਅਤੇ ਤੁਰਕਾਂ ਨੂੰ ਤੋੜੇਗਾ। ਪਰਜਾ ਨੂੰ ਦੁਖੀ ਕਰਨ ਵਾਲਿਆਂ ਦੇ ਪਿੰਡਾਂ ਨੂੰ ਲੁਟੇਗਾ ਤੇ ਧਰਤੀ 'ਤੇ ਸਾਰੇ ਨਿਆਂ ਆ ਜਾਵੇਗਾ॥ ੪੬ ॥

ਸਿਖਣੀ ਹੁਇ ਬਿਭਚਾਰਣੀ ਪੁਰਖ ਤੁਰਕ ਕੀ ਆਸ।
ਤਾਂ ਦਿਨ ਉਪਜੇ ਖਾਲਸਾ ਸਭਿ ਬਰਨੋ ਕੋ ਪਜਾਸ' ॥ ੪੭ ॥

ਜਿਹੜੇ ਤੁਰਕ ਪੁਰਖ ਪਰਾਈਆਂ ਇਸਤਰੀਆਂ ਨੂੰ ਵਿਭਚਾਰਨੀਆਂ ਬਣਾਉਣ ਦੀ ਆਸ਼ਾ ਰੱਖਦੇ ਹਨ, ਉਨ੍ਹਾਂ ਨੂੰ ਸਿੱਖਿਆ ਹੋ ਜਾਵੇਗੀ, ਭਾਵ ਉਹ ਦੰਡਿਤ ਹੋਣਗੇ। ਤਿਸ ਦਿਨ ਖਾਲਸਾ ਉਪਜੇਗਾ, ਸਾਰੇ ਵਰਨਾਂ ਨੂੰ ਖਾਲਸਾ ਬਣਨ ਦੀ ਚਾਹ ਹੋਵੇਗੀ' ॥ ੪੭ ॥

ਸੁਨਿਕੈ ਮਾਤਾ ਤੂਸ਼ਨੀ ਨਹਿਂ ਬੋਲੀ ਸੁਤ ਹੇਰਿ।
ਅੰਤਰਜਾਮੀ ਜਾਨਿਕੈ, ਸ੍ਰੀ ਮੁਖ ਤੇ ਕਹਿਂ ਫੇਰ॥ ੪੮ ॥

ਇਹ ਸੁਣ ਕੇ ਮਾਤਾ ਜੀ ਚੁੱਪ ਹੋ ਗਏ, ਫਿਰ ਪੁੱਤਰ ਨੂੰ ਵੇਖ ਕੇ ਹੋਰ ਨਾ ਬੋਲੇ। ਅੰਤਰਜਾਮੀ ਜਾਣ ਕੇ ਫਿਰ ਮੁਖ ਤੋਂ ਕੁਝ ਨਾ ਕਿਹਾ॥ ੪੮ ॥

'ਪਜਾਰੋ ਧਨ ਹੈ ਮਾਤ ਕੋ ਇਹ ਜਾਨੀ ਅਬਿ ਜਾਇ।
ਰਹਿਣ ਦੇਤਿ ਪਰਵਾਰ ਕੋ, ਵਧਨ ਦੇਤਿ ਨਹਿਂ ਕਾਇ' ॥੪੯ ॥

''ਮਾਤਾ ਜੀ ਨੂੰ ਕੇਵਲ ਧਨ ਹੀ ਪਿਆਰਾ ਹੈ, ਇਹ ਗੱਲ ਹੁਣ ਭਲੀ ਪ੍ਰਕਾਰ ਜਾਣੀ ਜਾਂਦੀ ਹੈ। ਹੇ ਮਾਤਾ ਜੀ! ਮੇਰੇ ਸਿੱਖਾਂ ਰੂਪੀ ਪਰਿਵਾਰ ਨੂੰ ਰਹਿਣ ਦਿੰਦੀ ਤਾਂ ਚੰਗਾ ਸੀ, ਤੁਸੀਂ ਕਿਉਂ ਮੇਰੇ ਸਿੱਖਾਂ ਰੂਪੀ ਪਰਿਵਾਰ ਨੂੰ ਵੱਧਣ ਨਹੀਂ ਦਿੰਦੇ'' ॥ ੪੮ ॥

*ਛੇਵੀਂ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

☆☆☆

# ਅਧਿਆਇ ਇੱਕੀਵਾਂ

## ਧਨ ਜਾਣ ਤੇ ਸੋਗ ਨਾ ਕਰਨਾ, ਲੀਕਾਂ ਦਾ ਦ੍ਰਿਸ਼ਟਾਂਤ

ਦੋਹਰਾ-ਇਮ ਘੇਰਾ ਬਡ ਪਰ ਰਹਜੋ ਲਰਹਿ ਖਾਲਸਾ ਜਾਇ।
ਇਕ ਦਿਨ ਤਯਾਰੀ ਪ੍ਰਭੁ ਕਰੀ ਬਡ ਰਣਜੀਤ ਬਜਾਇ॥ ੧ ॥

ਇਸ ਪ੍ਰਕਾਰ ਵੱਡਾ ਘੇਰਾ ਪਿਆ ਰਿਹਾ ਤੇ ਖਾਲਸਾ ਲਗਾਤਾਰ ਲੜਦਾ ਰਿਹਾ। ਇਕ ਦਿਨ ਸਤਿਗੁਰੂ ਜੀ ਨੇ ਤਿਆਰੀ ਕੀਤੀ ਤੇ ਰਣਜੀਤ ਨਗਾਰਾ ਬੜੀ ਉੱਚੀ ਵੱਜ ਉਠਿਆ॥੧॥

ਚੌਪਈ-ਉਤ ਤੇ ਸਕਲ ਗਿਰੇਸ਼ੁਰ ਚੜ੍ਹੇ। ਮਾਰੂ ਬਜੇ ਜਥਾ ਭਟ ਲੜੇ।
ਰਣਸਿੰਙੇ ਸਰਨਾਈ ਢੋਲ। ਤੁਰਰੀ ਨਾਦ ਨਗਾਰੇ ਬੋਲ॥ ੨ ॥

ਓਧਰ ਸਾਰੇ ਪਹਾੜੀ ਰਾਜੇ ਚੜ੍ਹਾਈ ਕਰਕੇ ਆ ਗਏ। ਮਾਰੂ ਵਾਜੇ ਵੱਜ ਉੱਠੇ, ਮਾਨੋ ਸੂਰਬੀਰ ਯੁੱਧ ਕਰ ਰਹੇ ਹੋਣ। ਰਣਸਿੰਗੇ, ਸ਼ਹਿਨਾਈਆਂ, ਢੋਲ, ਤੁਰੀਆਂ ਅਤੇ ਹੋਰ ਨਗਾਰੇ ਗੱਜ ਉੱਠੇ॥ ੨ ॥

ਕਲਗੀਧਰ ਹ੍ਵੈ ਕੈ ਅਸਵਾਰ। ਚਢਜੋ ਖਾਲਸਾ ਆਯੁਧ ਧਾਰਿ॥
ਜਹਿਂ ਗਿਰਪਤਨਿ ਮੋਰਚੇ ਕਰੇ। ਡੇਰੇ ਕਰੇ ਦੂਰ ਜਹਿਂ ਪਰੇ॥ ੩ ॥

ਕਲਗੀਧਰ ਸਤਿਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਖਾਲਸਾ ਵੀ ਸ਼ਸਤਰ ਧਾਰ ਕੇ ਨਾਲ ਚੜ੍ਹ ਪਿਆ। ਜਿੱਥੇ ਪਹਾੜੀ ਰਾਜਿਆਂ ਨੇ ਮੋਰਚੇ ਬਣਾਏ ਸਨ, ਜਿੱਥੇ ਉਹ ਬਹੁਤ ਦੂਰ ਡੇਰੇ ਲਾ ਕੇ ਪਏ ਸਨ॥ ੩ ॥

ਤਿਤ ਦਿਸ਼ਿ ਕੋ ਗੁਰ ਅੱਗ੍ਰ ਸਿਧਾਰੇ। ਛੂਟੇ ਤੁਫੰਗਨਿ ਕੇ ਕੜਕਾਰੇ॥
ਜੁਟਜੋ ਖਾਲਸਾ ਜੰਗ ਮਝਾਰਾ। ਜੈ ਬਹੁ ਬਾਰੀ ਕਰੇ ਹੰਕਾਰਾ॥ ੪ ॥

ਉਸ ਪਾਸੇ ਵੱਲ ਗੁਰੂ ਜੀ ਅੱਗੇ ਚਲ ਪਏ। ਬੰਦੂਕਾਂ ਦੇ ਕੜਕਾਰੇ ਛੁੱਟ ਪਏ। ਖਾਲਸਾ ਜੰਗ ਦੇ ਵਿਚ ਜੁੜ ਗਿਆ, ਬਹੁਤ ਵਾਰੀ ਜਿੱਤ ਪ੍ਰਾਪਤ ਕਰਨ ਕਰਕੇ ਖਾਲਸੇ ਨੂੰ ਹੰਕਾਰ ਹੋ ਗਿਆ ਸੀ॥ ੪ ॥

ਆਗੇ ਵਧਜੋ ਚਲਾਵਤਿ ਗੋਰੀ। ਦੋਨਹੁੰ ਦਿਸ਼ਿ ਕੇ ਉਰ ਸਿਰ ਫੋਰੀ।
ਸਭਿ ਗਿਰਪਤੀ ਢੁਕੇ ਤਬਿ ਆਈ। ਲੈ ਲੈ ਨਿਜ ਸਿਪਾਹ ਸਮੁਦਾਈ॥੫॥

ਅੱਗੇ ਵੱਧ ਕੇ ਗੋਲੀਆਂ ਚਲਾਉਂਦੇ ਸਨ, ਦੋਵਾਂ ਪਾਸਿਆਂ ਦੇ ਸਿਰ ਫੱਟ ਰਹੇ ਸਨ। ਫਿਰ ਸਾਰੇ ਪਹਾੜੀ ਰਾਜੇ ਇਕੱਠੇ ਹੋ ਕੇ ਆਏ ਤੇ ਆਪਣੇ ਆਪਣੇ ਸਿਪਾਹੀ ਲੈ ਕੇ ਇਕ ਥਾਂ ਜੁੜ ਗਏ॥ ੫ ॥

ਜਬਿ ਆਪਸ ਮਹਿਂ ਦ੍ਵੈ ਦਲ ਜੁੱਟੇ। ਗੁਲਕਾਂ ਲਗਿ ਲਗਿ ਅੰਗਨ ਫੁੱਟੇ।
ਸਨਮੁਖ ਹੋਇ ਨਹੀਂ ਮੁਖ ਫੇਰੇ। ਬਜਜੋ ਸਾਰ ਸੋਂ ਸਾਰ ਬਡੇਰੇ॥ ੬ ॥

ਜਦ ਆਪਸ ਵਿਚ ਦੋਵੇਂ ਦਲ ਜੁੱਟ ਗਏ ਤੇ ਗੋਲੀਆਂ ਲੱਗ ਲੱਗ ਅੰਗ ਫੁੱਟ ਰਹੇ ਸਨ। ਸਾਹਮਣੇ ਹੋਇਆ ਨਹੀਂ ਸੀ ਜਾਂਦਾ, ਸਾਰੇ ਮੂੰਹ ਫੇਰ ਲੈਂਦੇ ਸਨ ਤੇ ਲੋਹੇ ਨਾਲ ਲੋਹਾ ਬਹੁਤ ਖੜਕਿਆ॥ ੬ ॥

ਖੋਵਨ ਸਿੰਘਨ ਕੋ ਹੰਕਾਰ। ਗੁਰੂ ਮੁਰੇ ਤਬਿ ਜੰਗ ਮਝਾਰ।
ਪੀਛੇ ਖਾਇ ਸ਼ਕਿਸਤ ਪਲਾਈ। ਹਟੇ ਸਕਲ ਹੀ ਕਰਤਿ ਲਰਾਈ॥੭॥

ਸਿੰਘਾਂ ਦਾ ਹੰਕਾਰ ਗਵਾਉਣ ਲਈ, ਗੁਰੂ ਜੀ ਫਿਰ ਜੰਗ ਵਿਚੋਂ ਵਾਪਸ ਮੁੜ ਪਏ। ਪਿੱਛੋਂ ਖਾਲਸੇ ਦੀ ਫੌਜ ਹਾਰ ਖਾ ਕੇ ਦੌੜ ਪਈ। ਸਾਰੇ ਹੀ ਲੜਾਈ ਕਰਦੇ ਪਿੱਛੇ ਮੁੜ ਆਏ॥ ੭॥

ਜਜੋਂ ਸਿੰਘ ਹਟਤੇ ਵਧੇ ਪਹਾਰੀ। ਭਰਿ ਰਾਬੇ ਸ਼ਲਖੈਂ ਬਹੁ ਮਾਰੀ।
ਗੁਰ ਬਿਨ ਠਹਿਰੇ ਕੌਨ ਅਗਾਰੀ। ਮਿਲੇ ਆਨਿ ਸ਼ੱਤ੍ਰੂ ਗਨ ਭਾਰੀ॥੮॥

ਜਿਵੇਂ ਸਿੰਘ ਪਿਛਾਂਹ ਹਟੇ ਤਾਂ ਉਨ੍ਹਾਂ ਸਲਖਾਂ ਭਰ ਭਰ ਬਹੁਤ ਬੰਦੂਕਾਂ ਚਲਾਈਆਂ। ਗੁਰੂ ਜੀ ਤੋਂ ਬਿਨਾਂ ਅੱਗੇ ਹੁਣ ਕੌਣ ਠਹਿਰ ਸਕਦਾ ਸੀ ਤੇ ਬਹੁਤ ਵੈਰੀ ਉਨ੍ਹਾਂ ਨੂੰ ਨੇੜੇ ਹੀ ਆ ਮਿਲੇ॥ ੮॥

ਭਾਜੇ ਸਿੰਘ ਤਹਾਂ ਲਗਿ ਆਏ। ਗੁਰ ਕੋ ਜਹਿਂ ਸਮਾਜ ਸਮੁਦਾਏ।
ਠਹਿਰੇ ਨਹੀਂ ਪੈਰ ਵਿਚ ਜੁੱਧਾ। ਪਰਜੋ ਜ਼ੋਰ ਗਨ ਰਿਪੁ ਬਹੁ ਕ੍ਰੁੱਧਾ॥੯॥

ਭੱਜਦੇ ਹੋਏ ਸਿੰਘ ਓਥੋਂ ਤੱਕ ਆ ਗਏ, ਗੁਰੂ ਜੀ ਦਾ ਜਿੱਥੇ ਸਾਰਾ ਸਮਾਜ ਸੀ, ਯੁੱਧ ਦੇ ਵਿਚ ਇਕ ਪੈਰ ਵੀ ਨਾ ਠਹਿਰੇ, ਵੈਰੀ ਦਾ ਫਿਰ ਜ਼ੋਰ ਪੈ ਗਿਆ ਤੇ ਉਹ ਬਹੁਤ ਕ੍ਰੋਧ ਧਾਰ ਕੇ ਪੈ ਗਏ॥ ੯॥

ਕਿਤਿਕ ਤਬੇਲਾ ਸੋ ਲੁਟਿ ਗਯੋ।ਧਨ ਪਟ ਆਦਿਕ ਸ਼ੱਤ੍ਰੁਨਿ ਲਯੋ।
ਖਰੇ ਭਏ ਨਹਿਂ ਸਕਹਿਂ ਹਟਾਇ। ਰਹੇ ਸਿੰਘ ਬਲ ਅਧਿਕ ਲਗਾਇ॥੧੦॥

ਕਈ ਤਬੇਲੇ ਲੁੱਟੇ ਗਏ, ਧਨ, ਰੇਸ਼ਮ ਦੇ ਕੱਪੜੇ ਆਦਿ ਵੈਰੀ ਚੁੱਕ ਕੇ ਲੈ ਗਏ। ਵੈਰੀ ਉਥੇ ਖੜੇ ਸਨ, ਹਟਾਏ ਨਹੀਂ ਸਨ ਜਾਂਦੇ, ਸਿੰਘ ਬਹੁਤ ਬਲ ਲਾ ਕੇ ਰਹਿ ਗਏ॥ ੧੦॥

ਸਿਖ ਰੋਵੈਂ ਬਹੁ ਖਰੇ ਪੁਕਾਰੈਂ। 'ਬਡ ਹੋਯੋ ਨੁਕਸਾਨ' ਉਚਾਰੈਂ।
'ਸ਼੍ਰੀ ਸਤਿਗੁਰ ਅਬਿ ਜੀਤੈਂ ਕੈਸੇ ? ਇਤੋ ਸਮਾਜ ਗਯੋ ਲੁਟ ਐਸੇ॥੧੧॥

ਸਿੱਖ ਰੋਂਦੇ ਸਨ ਤੇ ਖੜ੍ਹੇ ਹੋ ਕੇ ਪੁਕਾਰ ਕਰਦੇ ਸਨ, ਉਚਾਰਨ ਕਰਦੇ ਸਨ, "ਵੱਡਾ ਨੁਕਸਾਨ ਹੋਇਆ ਹੈ।" "ਹੇ ਸਤਿਗੁਰੂ ਜੀ! ਹੁਣ ਕਿਵੇਂ ਜਿੱਤੀਏ, ਏਨਾ ਸਾਮਾਨ ਇਸ ਪ੍ਰਕਾਰ ਲੁੱਟਿਆ ਗਿਆ ਹੈ॥ ੧੧॥

ਕਿਮ ਜੀਵੈਂ ਸ਼ਰਮਿੰਦਤਿ ਹ੍ਵੈ ਕੈ। ਗੁਰ ਕੋ ਕੁਛ ਨਹਿਂ ਸਕੈਂ ਬਚੈ ਕੈ'।
ਖਰੇ ਹੋਇ ਪੁਨ ਤਜੀ ਤੁਫੰਗੈਂ। ਭੇਦਨ ਕਰੇ ਰਿਪੁਨਿ ਕੇ ਅੰਗੈਂ॥੧੨॥

ਸ਼ਰਮਿੰਦੇ ਹੋ ਕੇ ਕਿਵੇਂ ਜੀਵਾਂਗੇ, ਗੁਰੂ ਜੀ ਦਾ ਕੁਝ ਵੀ ਬਚਾ ਨਹੀਂ ਸਕੇ ਹਾਂ।" ਖੜੇ ਹੋ ਕੇ ਫਿਰ ਬੰਦੂਕਾਂ ਛੱਡੀਆਂ ਤੇ ਵੈਰੀ ਦੇ ਅੰਗਾਂ ਨੂੰ ਕੱਟ ਸੁੱਟਿਆ॥ ੧੨॥

ਗਨ ਵਸਤੂ ਲੇ ਹਟੇ ਪਹਾਰੀ। ਮੁਰਚਨਿ ਮਹਿਂ ਕਾਇਮ ਧ੍ਰਿਤਧਾਰੀ।
ਉਦੈ ਸਿੰਘ ਆਦਿਕ ਭਟ ਬੀਰ। ਰਣ ਤੇ ਹਟਿ ਪਹੁਚੇ ਗੁਰ ਤੀਰ॥੧੩॥

ਬਹੁਤ ਵਸਤਾਂ ਲੈ ਕੇ ਪਹਾੜੀਏ ਪਿੱਛੇ ਹੱਟ ਗਏ, ਮੋਰਚਿਆਂ ਵਿਚ ਕਾਇਮ ਹੋ ਕੇ ਫਿਰ ਸਥਿਰਤਾ ਧਾਰਨ ਕੀਤੀ। ਉਦੈ ਸਿੰਘ ਆਦਿ ਸੂਰਬੀਰ ਯੁੱਧ ਤੋਂ ਹੱਟ ਕੇ ਗੁਰੂ ਜੀ ਪਾਸ ਪਹੁੰਚੇ॥ ੧੩॥

ਕਰ ਜੋਰਤਿ ਅੰਦੇਸਾ ਧਰੈਂ। ਬਾਕ ਸੁਨਾਵਨ ਪੁਨ ਪੁਨ ਕਰੈਂ।
ਮਚਜੋ ਸਭਿਨਿ ਮਹਿਂ ਹਾਹਾਕਾਰ। 'ਲੁਟਜੋ ਸਮਾਜ ਮਹਾਂ ਬਿਸ਼ੁਮਾਰ॥੧੪॥

ਹੱਥ ਜੋੜ ਕੇ ਡਰ ਧਾਰਨ ਕਰਦੇ ਸਨ, ਗੱਲ ਸੁਣਾਉਣ ਵਾਸਤੇ ਬਾਰ-ਬਾਰ ਯਤਨ ਕਰਦੇ ਸਨ। ਸਾਰਿਆਂ ਵਿਚ ਹਾਹਾਕਾਰ ਮੱਚ ਗਿਆ, "ਬੇਸ਼ੁਮਾਰ ਸਾਜ਼-ਸਾਮਾਨ ਲੁੱਟਿਆ ਗਿਆ ਹੈ॥ ੧੪॥

ਬਸਤ੍ਰ ਤੁਰੰਗਮ ਆਦਿਕ ਵਸਤੂ। ਮਹਾਰਾਜ ਲੁਟਿ ਗਈ ਸਮਸਤੂ।
ਕਈ ਹਜ਼ਾਰਨਿ ਕੋ ਕਹਾ ਗਨੇ। ਸ਼ੱਤ੍ਰੂ ਪ੍ਰਬਲ ਗਏ ਲੈ ਘਨੇ' ॥ ੧੫ ॥

ਕੱਪੜੇ, ਘੋੜੇ ਅਤੇ ਹੋਰ ਵਸਤਾਂ, ਹੇ ਮਹਾਰਾਜ ! ਸਾਰੀਆਂ ਲੁੱਟੀਆਂ ਗਈਆਂ ਹਨ। ਕਈ ਹਜ਼ਾਰਾਂ ਦਾ ਕੀ ਗਿਣਤੀ ਕਰੀਏ, ਵੈਰੀ ਬਹੁਤ ਸਾਜ਼-ਸਾਮਾਨ ਲੈ ਗਏ ਹਨ" ॥੧੫॥

ਸਭਿ ਕੇ ਉਰ ਕੋ ਗੁਰ ਦੁਖ ਲਹਜੋ। ਆਲਮ ਸਿੰਘ ਸੰਗ ਤਬਿ ਕਹਜੋ।
'ਅਵਨੀ ਪਰ ਦਿਹੁ ਐਂਚ ਲਕੀਰ। ਬਹੁ ਬਿਧਿ ਕੀ ਹੁਇ ਅਲਪ ਗਹੀਰ' ॥੧੬॥

ਗੁਰੂ ਜੀ ਨੇ ਸਾਰਿਆਂ ਦੇ ਦਿਲ ਦੇ ਦੁੱਖ ਨੂੰ ਜਾਣਿਆ ਤੇ ਫਿਰ ਆਲਮ ਸਿੰਘ ਨੂੰ ਕਹਿਣ ਲੱਗੇ, "ਧਰਤੀ ਉੱਤੇ ਲਕੀਰਾਂ ਖਿੱਚ ਦੇਵੋ, ਜਿਹੜੀਆਂ ਬਹੁਤ ਵਿਧੀਆਂ ਨਾਲ ਛੋਟੀਆਂ ਵੱਡੀਆਂ ਹੋਣ" ॥੧੬॥

ਮਾਨ ਬਚਨ ਖੈਂਚੀ ਗਨ ਰੇਖ। ਖਰੇ ਸਮੀਪੀ ਪਿਖੈਂ ਅਸ਼ੇਖ।
ਸ਼੍ਰੀ ਕਲਗੀਧਰ ਦੇਖਿ ਉਚਾਰੀ। 'ਆਲਮ ਸਿੰਘ ਮੇਟ ਦਿਹੁ ਸਾਰੀ' ॥੧੭॥

ਆਲਮ ਸਿੰਘ ਨੇ ਗੁਰੂ ਜੀ ਦਾ ਬਚਨ ਮੰਨ ਕੇ ਕਈ ਰੇਖਾਂ ਖਿੱਚੀਆਂ, ਪਾਸ ਖੜ੍ਹੇ ਬਾਕੀ ਸਿੰਘ ਵੇਖ ਰਹੇ ਸਨ। ਫਿਰ ਕਲਗੀਧਰ ਨੇ ਵੇਖ ਕੇ ਉਚਾਰਨ ਕੀਤਾ, "ਆਲਮ ਸਿੰਘ ! ਇਨ੍ਹਾਂ ਸਾਰੀਆਂ ਲਕੀਰਾਂ ਨੂੰ ਮਿਟਾ ਦੇਵੋ" ॥ ੧੭ ॥

ਸਕਲ ਬਿਲੋਕਤਿ ਮੇਟੀ ਫੇਰ। ਰਹੀ ਨ ਕੋ ਛਿਤ ਛੋਟ ਬਡੇਰ।
ਤਬਿ ਸਭਿ ਸਿੰਘ ਬੂਝਿਬੇ ਕਰੇ। 'ਹਰਖ ਸ਼ੋਕ ਭੀ ਕੁਛ ਉਰ ਧਰੇ ? ॥੧੮॥

ਫਿਰ ਸਾਰਿਆਂ ਦੇ ਵੇਖਦਿਆਂ ਆਲਮ ਸਿੰਘ ਨੇ ਲਕੀਰਾਂ ਮਿਟਾ ਦਿੱਤੀਆਂ। ਧਰਤੀ ਉੱਤੇ ਫਿਰ ਕੋਈ ਵੀ ਛੋਟੀ ਵੱਡੀ ਲਕੀਰ ਨਾ ਰਹੀ। ਤਦ ਸਾਰੇ ਸਿੰਘਾਂ ਨੂੰ ਗੁਰੂ ਜੀ ਪੁੱਛਣ ਲੱਗੇ, "ਤੁਸੀਂ ਕੁਝ ਦੁਖ ਸੁਖ ਦਿਲ ਵਿਚ ਧਾਰਨ ਕੀਤਾ ਹੈ ? ॥ ੧੮ ॥

ਕਿਧੌਂ ਭਯੋ ਨਹਿਂ, ਦੇਹੁ ਬਤਾਈ। 'ਰੇਖ ਦੇਖਿ ਕਰਿਕੈ ਬਿਨਸਾਈ'।
ਤਬਿ ਕਰ ਜੋਰਿ ਖਾਲਸੇ ਕਹਜੇ। 'ਰੇਖ ਨਿਕਾਮੀ ਹਰਖ ਨ ਲਹਜੇ ॥੧੯॥

ਜੇ ਕਿਸੇ ਪ੍ਰਕਾਰ ਦਾ ਦੁਖ ਸੁਖ ਧਾਰਨ ਨਹੀਂ ਕੀਤਾ ਹੈ ਤਾਂ ਇਹ ਦੱਸੋ ਕਿਉਂ ਧਾਰਨ ਨਹੀਂ ਕੀਤਾ ਹੈ?" ਤਦ ਹੱਥ ਜੋੜ ਕੇ ਖਾਲਸੇ ਨੇ ਕਿਹਾ, "ਕੇਵਲ ਲਕੀਰਾਂ ਕੱਢੀਆਂ ਸਨ, ਇਸ ਲਈ ਦੁਖ ਸੁਖ ਨਹੀਂ ਹੋਇਆ ਹੈ ॥ ੧੯ ॥

ਮੇਟ ਦਈ ਨਹਿਂ ਸ਼ੋਕ ਉਪਾਵਾ। ਰਿਦਾ ਸਮਾਨ ਸਭਿਨਿ ਲਖਿ ਪਾਵਾ'।
ਸੁਨਿ ਸਿੰਘਨ ਤੇ ਗੁਰੂ ਬਖਾਨਾ। 'ਹਰਖ ਨ ਸ਼ੋਕ ਜਥਾ ਤੁਮ ਜਾਨਾ ॥੨੦॥

ਇਨ੍ਹਾਂ ਨੂੰ ਮੇਟਣ ਨਾਲ ਕੋਈ ਦੁਖ ਨਹੀਂ ਪਾਇਆ ਹੈ, ਆਪਣਾ ਸਮਾਨ ਹਿਰਦਾ ਸਭ ਨੇ ਸਮਝਿਆ ਹੈ।" ਸਿੰਘਾਂ ਪਾਸੋਂ ਇਸ ਪ੍ਰਕਾਰ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਜਿਵੇਂ ਖੁਸ਼ੀ ਨਾ ਗ਼ਮੀ ਤੁਸੀਂ ਜਾਣੀ ਹੈ ॥ ੨੦ ॥

ਤਥਾ ਗੁਰੂ ਕੋ ਹੋਇ ਨ ਕੋਈ। ਹਾਨਿ ਲਾਭ ਮਹਿਂ ਸਮ ਰਹਿਂ ਜੋਈ।
ਸੰਚੇ ਜਾਇਂ ਪਦਾਰਥ ਸਾਰੇ। ਦਰਬ ਆਦਿ ਜੇ ਰਤਨ ਉਦਾਰੇ ॥ ੨੧ ॥

ਇਸ ਪ੍ਰਕਾਰ ਗੁਰੂ ਜੀ ਨੂੰ ਵੀ ਕੋਈ ਦੁਖ ਸੁਖ ਨਹੀਂ ਹੁੰਦਾ ਹੈ, ਜਿਹੜੇ ਹਾਣ ਲਾਭ ਵਿਚ ਸਮਾਨ ਬੁੱਧੀ ਰੱਖਦੇ ਹਨ। ਪਦਾਰਥ ਸਾਰੇ ਇਕੱਠੇ ਹੁੰਦੇ ਰਹਿੰਦੇ ਹਨ, ਧਨ ਆਦਿ ਜੋ ਕੀਮਤੀ ਹੀਰੇ ਜਵਾਹਰਾਤ ਹਨ ॥ ੨੧ ॥

ਗਜ ਬਾਜੀ ਜਿਨ ਮੋਲ ਬਿਸਾਲੇ। ਮੁਕਤਾ ਹੀਰੇ ਬ੍ਰਿੰਦ ਪ੍ਰਵਾਲੇ।
ਇੱਤਜਾਦਿਕ ਪਿਖਿ ਅਪਨੀ ਜਾਨਿ। ਗੁਰ ਕੋ ਹਰਖ ਨ ਹ੍ਵੈ ਹਿਤ ਮਾਨਿ ॥੨੨॥

ਹਾਥੀ, ਘੋੜੇ ਜਿਨ੍ਹਾਂ ਦਾ ਵਿਸ਼ਾਲ ਮੁੱਲ ਹੈ, ਹੀਰੇ, ਮੋਤੀ ਅਤੇ ਸਮੂਹ ਮੂੰਗੇ ਆਦਿ ਇਸ ਪ੍ਰਕਾਰ ਵੇਖ ਕੇ ਤੁਸੀਂ ਆਪਣੇ ਜਾਣੇ ਹਨ ਪਰ ਗੁਰੂ ਨੂੰ ਇਨ੍ਹਾਂ ਨੂੰ ਰੱਖਣ ਦੀ ਨਾ ਕੋਈ ਖੁਸ਼ੀ ਹੈ ਤੇ ਨਾ ਹੀ ਕੋਈ ਹੰਕਾਰ ਹੈ॥ ੨੨॥

ਲਾਖਹੁੰ ਕੋ ਸਮਾਜ ਦਿਪਤਾਈ। ਸਮਾ ਪਾਇ ਹਾਨੀ ਹੁਇ ਜਾਈ।
ਤੌ ਗੁਰ ਕੇ ਕੁਛ ਸ਼ੋਕ ਨ ਹੋਵਹਿ। ਨਾਸ਼ਵੰਤਿ ਪੂਰਬ ਹੀ ਜੋਵਹਿਂ॥੨੩॥

ਲੱਖਾਂ ਦਾ ਸਾਜ਼ੋ-ਸਾਮਾਨ ਚਮਕਦਾ ਹੈ, ਸਮਾਂ ਪਾ ਕੇ ਸਾਰਾ ਹੀ ਨਸ਼ਟ ਹੋ ਜਾਂਦਾ ਹੈ, ਫਿਰ ਵੀ ਗੁਰੂ ਨੂੰ ਕੁਝ ਵੀ ਦੁਖ ਨਹੀਂ ਹੁੰਦਾ ਹੈ, ਜਿਹੜਾ ਪਹਿਲਾਂ ਹੀ ਨਾਸ਼ਵੰਤ ਹੈ॥ ੨੩॥

ਸਮ ਚਿਤ ਸਦਾ ਰਹਹਿਂ ਆਨੰਦ। ਕਰੈਂ ਬਿਖੇਪ ਨ ਦ੍ਵੰਦ ਬਿਲੰਦ।
ਭੂਤ ਭਵਿੱਖਜਤ ਅਰੁ ਬ੍ਰਤਮਾਨ। ਹੁਯੇ ਨ ਹ੍ਵੈ ਹੈ ਰਹੈਂ ਸਮਾਨ॥੨੪॥

ਇਕ ਸਮਾਨ ਚਿੱਤ ਰੱਖ ਕੇ ਸਦਾ ਆਨੰਦਮਈ ਰਹਿੰਦੇ ਹਨ, ਵੱਡੇ ਦ੍ਵੰਦ ਹਰਖ ਸ਼ੋਕ ਆਦਿ ਵਿਖੇਪ ਕੁਝ ਨਹੀਂ ਕਰ ਸਕਦੇ। ਭੂਤ, ਭਵਿੱਖ ਅਤੇ ਵਰਤਮਾਨ ਵਿਚ ਨਾ ਹੋਏ ਹਨ, ਸਦਾ ਇਕ ਸਮਾਨ ਰਹਿੰਦੇ ਹਨ॥ ੨੪॥

ਦੋਹਰਾ-ਹਰਖ ਸੋਗ ਕਾ ਦੇਹੁਰਾ ਖਿਨ ਆਵੈ ਖਿਨ ਜਾਇ।
ਜੋ ਜਾਗੇ ਸੋ ਸੁਖੀ ਹੁਇ, ਸੋਏ ਸੋ ਦੁਖ ਪਾਇ॥ ੨੫॥

ਹਰਖ ਸੋਗ ਦਾ ਇਹ ਸਰੀਰ, ਇਕ ਪਲ ਵਿਚ ਆਉਂਦਾ ਹੈ ਤੇ ਪਲ ਵਿਚ ਚਲਾ ਜਾਂਦਾ ਹੈ। ਜਿਹੜੇ ਗਿਆਨ ਕਰਕੇ ਜਾਗਦੇ ਹਨ, ਉਹ ਸੁਖੀ ਰਹਿੰਦੇ ਹਨ, ਜਿਹੜੇ ਸੋਂਦੇ ਹਨ, ਉਹ ਦੁਖ ਪਾਉਂਦੇ ਹਨ॥ ੨੫॥

ਨਾਮ ਧਿਆਵਹੁ, ਸ਼ਬਦ ਕੋ ਅਰਥ ਬਿਚਾਰਹੁ ਨਿੱਤ।
ਗੁਰਬਾਨੀ ਸਿੱਖਜਾ ਬਿਨਾ ਤਿਨਾ ਨ ਸੋਗੀ ਮਿੱਤ॥ ੨੬॥

ਨਾਮ ਦਾ ਸਿਮਰਨ ਕਰੋ ਤੇ ਸ਼ਬਦ ਦੇ ਸਦਾ ਅਰਥ ਵਿਚਾਰੋ। ਗੁਰਬਾਣੀ ਦੀ ਸਿੱਖਿਆ ਬਗੈਰ, ਹੇ ਮਿੱਤਰ! ਤਿਨ੍ਹਾਂ ਨੂੰ ਸੋਗ ਪ੍ਰਾਪਤ ਨਹੀਂ ਹੁੰਦਾ ਹੈ॥ ੨੬॥

ਮਲਿ ਮਲਿ ਨਾਈ ਕਾਮਣੀ ਖੋੜਸ ਕਰੇ ਸ਼ਿੰਗਾਰ।
ਖਸਮ ਨ ਭਾਈ ਕਹਾਂ ਫਲ ਸੋ ਸ਼ਰਮਿੰਦੀ ਨਾਰ॥ ੨੭॥

ਜਿਹੜੀ ਇਸਤਰੀ ਮਲ ਮਲ ਕੇ ਇਸ਼ਨਾਨ ਕਰਦੀ ਤੇ ਸੋਲ੍ਹਾਂ ਸ਼ਿੰਗਾਰ ਕਰਦੀ ਹੈ, ਜੇ ਫਿਰ ਵੀ ਉਹ ਖਸਮ ਨੂੰ ਚੰਗੀ ਨਾ ਲੱਗੇ ਤਾਂ ਸ਼ਰਮਿੰਦਗੀ ਤੋਂ ਬਗੈਰ ਉਹ ਇਸਤਰੀ ਕੀ ਫਲ ਪ੍ਰਾਪਤ ਕਰਦੀ ਹੈ॥ ੨੭॥

ਗੁਰੂ ਜੁ ਆਇਆ ਨਾਮ ਧਰਿ ਲਹਿਰੀ ਲੁਭਕੀ ਦੂਰ।
ਸੋਈ ਸਿਖ, ਭਾਣਾ ਧਰੇ ਗੁਰ ਕੇ ਸਦਾ ਹਜ਼ੂਰ॥ ੨੮॥

ਗੁਰੂ ਜੀ ਦੇ ਪਾਸ ਜੋ ਸਿੰਘ ਨਾਮ ਧਾਰ ਕੇ ਆਇਆ ਹੈ ਕਿ ਮੈਂ ਗੁਰੂ ਜੀ ਦਾ ਸਿੱਖ ਹਾਂ, ਉਹ ਲੋਭ ਦੀ ਲਹਿਰ ਤੋਂ ਦੂਰ ਹੈ ਤੇ ਸਿੱਖ ਉਹ ਹੈ ਜੋ ਗੁਰੂ ਜੀ ਦੇ ਹਜ਼ੂਰ ਸਦਾ ਭਾਣਾ ਧਾਰਨ ਕਰੇ'॥ ੨੮॥

ਚੌਪਈ-ਇਮ ਸ੍ਰੀ ਸਤਿਗੁਰ ਕੇ ਸੁਨਿ ਬੈਨ। ਪਰਚੇ ਸੁਖ ਸੋਂ ਸਿੰਘ ਸਚੈਨ।
ਖਾਨ ਪਾਨ ਕਰਿ ਜਾਮਨਿ ਮਾਂਹੀ। ਸੁਪਤੇ ਕੇਚਿਤ,ਕੇਚਿਤ ਨਾਂਹੀ॥੨੯॥

ਇਸ ਪ੍ਰਕਾਰ ਸਤਿਗੁਰੂ ਜੀ ਦੇ ਬਚਨ ਸੁਣ ਕੇ ਸਿੰਘ ਚੈਨ ਨਾਲ ਸੁਖ ਪਾ ਕੇ ਪਰਚ ਗਏ। ਖਾ ਪੀ ਕੇ ਰਾਤ ਨੂੰ ਕਈ ਸੌਂ ਗਏ ਤੇ ਕਈ ਨਾ ਸੁੱਤੇ॥ ੨੯॥

ਭਈ ਪ੍ਰਾਤਿ ਸਭਿ ਸ਼ੌਚ ਸ਼ਨਾਨੇ। ਗੁਰਬਾਣੀ ਬਹੁ ਪਾਠ ਬਖਾਨੇ।
ਸੂਰਜ ਉਦੇ ਗੁਰੂ ਢਿਗ ਆਏ। ਨਹੀਂ ਸਿੰਘਨ ਕੇ ਮੁਖ ਬਿਕਸਾਏ॥ ੩੦॥

ਸਵੇਰ ਹੋਣ 'ਤੇ ਸਭ ਨੇ ਸੌਚ ਇਸ਼ਨਾਨ ਕੀਤਾ, ਗੁਰਬਾਣੀ ਦੇ ਬਹੁਤ ਪਾਠ ਕੀਤੇ। ਫਿਰ ਸੂਰਜ ਚੜ੍ਹਨ ਤੇ ਗੁਰੂ ਜੀ ਪਾਸ ਆਏ, ਸਿੰਘਾਂ ਦੇ ਮੁੱਖ ਪ੍ਰਸੰਨ ਨਹੀਂ ਸਨ॥ ੩੦॥

ਇਕਤੋ ਸ਼ੱਤ੍ਰ ਲੂਟਿ ਲੇ ਗਏ। ਦੁਤੀਏ ਭਾਜ ਪਰਾਜੈ ਲਏ।
ਇਨ ਕਾਰਨ ਤੇ ਲਾਜ ਬਿਲੋਚਨ। ਰਿਦੈ ਬਿਖੈ ਸੋਚਹਿਂ ਬਹੁ ਸੋਚਨਿ॥ ੩੧॥

ਇਕ ਤਾਂ ਵੈਰੀ ਸਾਜ਼ੋ-ਸਾਮਾਨ ਲੁੱਟ ਕੇ ਲੈ ਗਏ, ਦੂਜਰਾ ਭੱਜ ਕੇ ਹਾਰ ਪ੍ਰਾਪਤ ਕੀਤੀ। ਇਸ ਕਰਕੇ ਨੈਣ ਲਾਜ ਨਾਲ ਭਰੇ ਸਨ ਤੇ ਹਿਰਦੇ ਵਿਚ ਬਹੁਤ ਸੋਚਾਂ ਸੋਚਦੇ ਸਨ॥ ੩੧॥

ਨਹਿਂ ਉਤਸਾਹ ਕਿਸੀ ਮਹਿਂ ਦੀਖਾ। ਘਰ ਕੇ ਬਿਗਰੇ ਕਾਜ ਸਰੀਖਾ।
ਪਿਖਿ ਪ੍ਰਸੰਨ ਕਲਗੀਧਰ ਭਏ। ਪ੍ਰੇਮ ਅਪਨਿ ਮਹਿਂ ਪਰਖਨ ਕਏ॥ ੩੨॥

ਕਿਸੇ ਵਿਚ ਵੀ ਉਤਸ਼ਾਹ ਦਿਖਾਈ ਨਹੀਂ ਸੀ ਦਿੰਦਾ, ਜਿਵੇਂ ਘਰ ਦੇ ਕੰਮ ਵਿਗੜ ਜਾਣ ਨਾਲ ਉਦਾਸ ਹੋ ਜਾਈਦਾ ਹੈ। ਇਹ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਆਪਣੇ ਵਿਚ ਪ੍ਰੇਮ ਦੀ ਪਰਖ ਕੀਤੀ॥ ੩੨॥

ਅਰਪਯੋ ਸਭਿਨਿ ਅਗਾਰੀ ਸੀਸ। ਇਮ ਲਖਿ ਦਯਾ ਕਰੀ ਜਗਦੀਸ਼।
ਕਹਯੋ ਅਖਿਲ ਸਨ ਤਬਹਿ ਸੁਨਾਇ। 'ਮੇਰਾ ਸਿਖ ਸੋਈ ਚਿਤ ਭਾਇ॥ ੩੩॥

ਸਾਰਿਆਂ ਨੇ ਅੱਗੇ ਸਿਰ ਅਰਪਣ ਕੀਤਾ, ਇਸ ਪ੍ਰਕਾਰ ਵੇਖ ਕੇ ਸਤਿਗੁਰੂ ਜੀ ਨੇ ਦਇਆ ਕੀਤੀ, ਫਿਰ ਸਾਰਿਆਂ ਨੂੰ ਸੁਣਾ ਕੇ ਕਿਹਾ, "ਮੈਨੂੰ ਸੋਈ ਸਿੱਖ ਚਿਤ ਵਿਚ ਚੰਗਾ ਲੱਗਦਾ ਹੈ॥ ੩੩॥

ਚਢਹਿ ਜੰਗ ਕੋ ਸ਼ਸਤ੍ਰ ਸੁ ਧਾਰੈ। ਹਤਹਿ ਰਿਪੁਨ ਪਗ ਪਾਛ ਨ ਡਾਰੈ।
ਸ਼ੇਰ ਸਮਾਨ ਆਪਕੋ ਮਾਨੈ। ਹੇਰਿ ਸ਼ੱਤ੍ਰ ਕੋ ਰਿਸ ਮਨ ਠਾਨੈ॥ ੩੪॥

ਜਿਹੜਾ ਸ਼ਸਤਰ ਧਾਰ ਕੇ ਜੰਗ ਵਾਸਤੇ ਚੜ੍ਹਾਈ ਕਰੇ, ਵੈਰੀਆਂ ਨੂੰ ਮਾਰੇ ਤੇ ਇਕ ਪੈਰ ਵੀ ਪਿਛਾਂਹ ਨਾ ਹਟੇ। ਸ਼ੇਰ ਸਮਾਨ ਆਪਣੇ ਆਪ ਨੂੰ ਮੰਨੇ ਤੇ ਵੈਰੀ ਨੂੰ ਵੇਖ ਕੇ ਮਨ ਵਿਚ ਗੁੱਸਾ ਧਾਰਨ ਕਰੇ॥ ੩੪॥

ਨਹੀਂ ਦੀਨਤਾ ਅੰਗੀਕਾਰੈ। ਜਹਿਂ ਲਗਿ ਬਲ ਪਹੁਚੈ ਤਹਿਂ ਮਾਰੈ।
ਹਿੰਮਤ ਕੋ ਹਿਮਾਯਤੀ ਹਰਿ ਹੈ। ਜਿਤਿਕ ਹੋਇ ਉਤਸਾਹਤਿ ਕਰਿਹੈ॥ ੩੫॥

ਕਦੀ ਵੀ ਦੀਨਤਾ ਅੰਗੀਕਾਰ ਨਾ ਕਰੇ, ਜਦ ਤਕ ਸ਼ਕਤੀ ਹੈ, ਪਹੁੰਚ ਕੇ ਵੈਰੀ ਨੂੰ ਮਾਰੇ। ਹਿੰਮਤ ਨੂੰ ਹਿਮਾਇਤੀ ਜਿੱਤ ਲੈਂਦਾ ਹੈ, ਜਦ ਤਕ ਉਤਸ਼ਾਹ ਹੋਵੇ, ਯੁੱਧ ਕਰਦਾ ਰਹੇ॥ ੩੫॥

ਚਢਹੁ ਖਾਲਸਾ ਪਲਟਾ ਲੀਜੈ। ਦੁਸ਼ਟ ਅਰਿਸ਼ਟਨ ਕੋ ਹਤਿ ਕੀਜੈ'।
ਇਮ ਸਿੰਘਨ ਕੋ ਕਰਿ ਹੁਸ਼ੀਯਾਰ। ਤਤਛਿਨ ਪ੍ਰਭੁ ਜੀ ਹੁਇ ਅਸਵਾਰ॥ ੩੬॥

ਹੇ ਖਾਲਸਾ ਜੀ! ਚੜ੍ਹਾਈ ਕਰੋ ਅਤੇ ਬਦਲਾ ਲਵੋ, ਦੁਸ਼ਟ ਉਪੱਦ੍ਰਵੀਆਂ ਨੂੰ ਮਾਰ ਮੁਕਾਓ।" ਇਸ ਪ੍ਰਕਾਰ ਸਿੰਘਾਂ ਨੂੰ ਹੁਸ਼ਿਆਰ ਕਰਕੇ, ਸਤਿਗੁਰੂ ਜੀ ਤੁਰਤ ਘੋੜੇ 'ਤੇ ਸਵਾਰ ਹੋ ਗਏ॥ ੩੬॥

ਸੰਗ ਖਾਲਸਾ ਨਿਖਲ ਚਢਾਯੋ। ਜੰਗ ਗਿਰੇਸ਼ਨਿ ਸੰਗ ਮਚਾਯੋ।
ਨਿਜ ਨਿਜ ਮੁਰਚਨਿ ਤੁਰਕ ਚਮੂੰ ਗਨ। ਖਿਰੇ ਸੁਚੇਤ ਹੋਇ ਭੈ ਧਰਿ ਮਨ॥ ੩੭॥

ਨਾਲ ਸਾਰੇ ਖਾਲਸੇ ਨੂੰ ਚੜ੍ਹਾਇਆ ਤੇ ਪਹਾੜੀਆਂ ਨਾਲ ਜੰਗ ਮਚਾ ਦਿੱਤੀ। ਆਪਣੇ-ਆਪਣੇ ਮੋਰਚਿਆਂ ਵਿਚ ਸਾਰੀ ਤੁਰਕ ਸੈਨਾ ਵੀ ਦਿਲ ਵਿਚ ਭੈਅ ਮੰਨ ਕੇ ਸੁਚੇਤ ਹੋ ਕੇ ਬੈਠ ਗਈ॥ ੩੭॥

ਤਿਮ ਹੀ ਸਿੰਘ ਸਮੁਖ ਤਿਨ ਖਿਰੇ। ਤਜਾਰੀ ਤੁਪਕਨਿ ਕੀ ਕਰਿ ਧਰੇ।
ਜਿਤ ਦਿਸ਼ਿ ਮਹਿ ਸਭਿ ਪਰੇ ਪਹਾਰੀ। ਤਿਤ ਕੋ ਗਈ ਪ੍ਰਭੂ ਅਸਵਾਰੀ॥੩੮॥

ਉਸ ਤਰ੍ਹਾਂ ਹੀ ਸਿੰਘ ਉਨ੍ਹਾਂ ਦੇ ਅੱਗੇ ਖੜ੍ਹੇ ਹੋ ਗਏ ਤੇ ਬੰਦੂਕਾਂ ਦੀ ਤਿਆਰੀ ਕੀਤੀ। ਜਿਸ ਪਾਸੇ ਸਾਰੇ ਪਹਾੜੀਏ ਪਏ ਸਨ, ਓਧਰ ਪ੍ਰਭੂ ਜੀ ਅਸਵਾਰ ਹੋ ਕੇ ਗਏ॥ ੩੮॥

ਜ੍ਵਾਲਾ ਬਮਣੀ ਛੋਰਨਿ ਕਰੀ। ਬਹੁਰ ਬਰੂਦ ਰੁ ਗੋਰੀ ਭਰੀ।
ਉਤ ਤੇ ਬਾਜੇ ਬ੍ਰਿੰਦ ਨਗਾਰੇ। ਸਨਧਬੱਧ ਜੋਧਾ ਬਲਿ ਭਾਰੇ॥ ੩੯॥

ਸਾਰੀਆਂ ਬੰਦੂਕਾਂ ਛੱਡ ਦਿੱਤੀਆਂ, ਫਿਰ ਬਹੁਤ ਬਰੂਦ ਤੇ ਗੋਲੀਆਂ ਭਰੀਆਂ, ਓਧਰ ਬਹੁਤ ਨਗਾਰੇ ਵੱਜੇ, ਸ਼ਸਤਰਧਾਰੀ ਯੋਧੇ ਬਹੁਤ ਬਲਵਾਨ ਸਨ॥ ੩੯॥

*ਸੰਖਨਾਰੀ ਛੰਦ*-ਜੁਟੇ ਦੋਇ ਪਾਸੇ। ਪਰੀ ਮਾਰ ਨਾਸ਼ੇ। ਗੁਰੂ ਧੀਰ ਦੈ ਕੈ। ਅਗੈ ਸਿੰਘ ਕੈ ਕੈ॥੪੦॥

ਦੋਵੇਂ ਪਾਸੇ ਭਿੜ ਪਏ, ਮਾਰ ਪੈਣ ਨਾਲ ਖਤਮ ਹੋ ਰਹੇ ਸਨ। ਗੁਰੂ ਜੀ ਧੀਰਜ ਦੇ ਕੇ, ਸਿੰਘਾਂ ਨੂੰ ਅੱਗੇ ਕਰ ਰਹੇ ਸਨ॥ ੪੦॥

ਲਰਾਈ ਮਚਾਈ। ਤੁਫੰਗੈਂ ਚਲਾਈ। ਫੁਟੇ ਮੁੰਡ ਛਾਤੀ। ਪਰੇ ਪ੍ਰਾਨ ਹਾਤੀ॥੪੧॥

ਲੜਾਈ ਮਚਾ ਦਿੱਤੀ, ਬੰਦੂਕਾਂ ਚਲਾਈਆਂ, ਸਿਰ ਤੇ ਛਾਤੀਆਂ ਫਟ ਗਈਆਂ, ਪ੍ਰਾਣ ਨਾਸ਼ ਹੋਣ 'ਤੇ ਡਿੱਗ ਪਏ॥ ੪੧॥

ਗੁਰੂ ਓਜ ਪਾਏ। ਗਏ ਸਿੰਘ ਧਾਏ। ਬਟੇਰਾ ਦਿਸਾਵੈ। ਜਥਾ ਬਾਜ ਜਾਵੈ॥੪੨॥

ਗੁਰੂ ਜੀ ਦੀ ਸ਼ਕਤੀ ਪਾ ਕੇ, ਸਿੰਘ ਹਮਲਾ ਕਰਕੇ ਅੱਗੇ ਵਧੇ, ਜਿਵੇਂ ਬਾਜ ਝਪਟਾ ਮਾਰ ਕੇ ਧਾਵਾ ਬੋਲਦਾ ਹੈ॥ ੪੨॥

ਛੁਧਾ ਸ਼ੇਰ ਹੋਏ। ਜਥਾ ਮ੍ਰਿੱਗ ਜੋਏ। ਕਰਜੋ ਓਜ ਹੱਲਾ। ਨਹੀਂ ਕਾਹੁ ਝੱਲਾ॥੪੩॥

ਜਿਵੇਂ ਭੁੱਖਾ ਸ਼ੇਰ ਹੁੰਦਾ ਹੈ, ਜਦ ਉਹ ਹਿਰਨਾਂ ਨੂੰ ਵੇਖਦਾ ਹੈ, ਬੜੇ ਜ਼ੋਰ ਨਾਲ ਹੱਲਾ ਕਰਦਾ ਹੈ, ਜਿਹੜਾ ਕਿਸੇ ਪ੍ਰਕਾਰ ਵੀ ਝੱਲਿਆ ਨਹੀਂ ਜਾਂਦਾ ਹੈ॥ ੪੩॥

ਪਰੇ ਮੋਰਚਾ ਮੈਂ। ਦਏ ਕਾਟ ਤਾ ਮੈਂ। ਪਲਾਏ ਪਹਾਰੀ। ਤਜੀ ਧੀਰਿ ਭਾਰੀ॥੪੪॥

ਜਿਹੜੇ ਮੋਰਚੇ ਵਿਚ ਪਏ ਸਨ, ਉਹ ਉਥੇ ਹੀ ਕੱਟ ਦਿੱਤੇ, ਪਹਾੜੀਏ ਭੱਜ ਗਏ, ਭਾਰੀ ਧੀਰਜ ਛੱਡ ਗਏ॥ ੪੪॥

ਕਰਾਚੋਲ ਚਾਲੇ। ਨ ਜਾਈ ਸੰਭਾਲੇ। ਬਡੇ ਬੀਰ ਬੰਕੇ। ਲਰੇ ਜੇ ਨਿਸ਼ੰਕੇ॥੪੫॥

ਤਲਵਾਰ ਚਲਦੀ ਸੀ, ਸੰਭਾਲੀ ਨਹੀਂ ਜਾਂਦੀ ਸੀ। ਵੱਡੇ ਬਾਂਕੇ ਸੂਰਬੀਰ ਸਨ, ਜਿਹੜੇ ਨਿਸ਼ੰਕ ਹੋ ਕੇ ਲੜਦੇ ਸਨ॥ ੪੫॥

ਸੁ ਘਾਲਜੇ ਘਮੰਡਾ। ਭਏ ਖੰਡ ਖੰਡਾ। ਫਤੇ ਪਾਇ ਜੁੱਧਾ। ਹਟੇ ਸਿੰਘ ਸੁੱਧਾ॥੪੬॥

ਜਿਨ੍ਹਾਂ ਵੱਡਾ ਘੁਮੰਡ ਧਾਰਨ ਕੀਤਾ ਸੀ, ਉਹ ਟੋਟੇ-ਟੋਟੇ ਕਰ ਦਿੱਤੇ, ਯੋਧਿਆਂ ਨੇ ਫ਼ਤਹਿ ਪ੍ਰਾਪਤ ਕੀਤੀ। ਸਿੰਘ ਪਤਾ ਲੱਗਣ 'ਤੇ ਪਿੱਛੇ ਹੱਟ ਆਏ॥ ੪੬॥

ਮਹਾਂ ਮੋਦ ਕਾਯੋ। ਬਿਜੈ ਕੋ ਬਜਾਯੋ। ਬਡੋ ਨਾਦ ਹੋਵਾ। ਗੁਰੂ ਦਰਸ ਜੋਵਾ॥੪੭॥

ਮਹਾਨ ਖੁਸ਼ੀ ਹੋਈ, ਜਿੱਤ ਦਾ ਨਗਾਰਾ ਵਜਾਇਆ, ਵੱਡਾ ਨਾਦ ਹੋਇਆ, ਗੁਰੂ ਜੀ ਦੇ ਦਰਸ਼ਨ ਕੀਤੇ॥ ੪੭॥

*ਛੇਵੀਂ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

# ਅਧਿਆਇ ਬਾਈਵਾਂ

### ਵੈਰੀਆਂ ਦੇ ਜਲ ਰੋਕਣ ਤੇ ਫਿਰ ਜਾਰੀ ਕਰਨਾ

ਦੋਹਰਾ- ਊਪਰ ਤੇ ਜਲ ਅਨੰਦ ਪੁਰਿ ਲਘੁ ਨਾਰੋ ਚਲਿ ਆਇ।
ਸਕਲ ਕਾਜ ਪਿਯਨਾਦਿ ਜੇ ਕਰਤਿ ਸਿੰਘ ਸਮੁਦਾਇ॥ ੧॥

ਉੱਪਰ ਤੋਂ ਅਨੰਦਪੁਰ ਤਕ ਜਲ ਇਕ ਛੋਟੇ ਨਾਲੇ ਰਾਹੀਂ ਚਲ ਕੇ ਆਉਂਦਾ ਸੀ, ਉਹ ਸਾਰੇ ਸਿੰਘਾਂ ਦੇ ਪੀਣ, ਇਸ਼ਨਾਨ ਕਰਨ ਆਦਿ ਦੇ ਕੰਮ-ਕਾਜ ਵਿਚ ਆਉਂਦਾ ਸੀ॥ ੧॥

ਚੌਪਈ- ਤਿਤ ਦਿਸ ਡੇਰੇ ਪਰੇ ਪਹਾਰੀ। ਭੀਮ ਚੰਦ ਢਿਗ ਸਚਿਵ ਉਚਾਰੀ।
'ਜਾਤਿ ਵਹਿਰ ਤੇ ਜਲ ਵਿਚ ਘੇਰੇ। ਕਯੋਂ ਨਹਿਂ ਰੋਕਹੁ ਰਹੇ ਪਿਛੇਰੇ ? ॥੨॥

ਉਸ ਪਾਸੇ ਪਹਾੜੀਆਂ ਨੇ ਡੇਰੇ ਲਾਏ ਹੋਏ ਸਨ. ਭੀਮ ਚੰਦ ਪਾਸ ਉਸ ਦਾ ਵਜ਼ੀਰ ਕਹਿਣ ਲੱਗਾ, "ਬਾਹਰ ਦਾ ਜਲ ਘੇਰੇ ਦੇ ਅੰਦਰ ਜਾਂਦਾ ਹੈ, ਇਸਨੂੰ ਕਿਉਂ ਪਿੱਛੇ ਹੀ ਨਾ ਰੋਕ ਲਈਏ ? ॥ ੨॥

ਜਿਸ ਤੇ ਰਿਪੁ ਗਨ ਸੰਕਟ ਪਾਵੈਂ। ਕੋ ਅਸ ਨ੍ਰਿਪਤ, ਨਹੀਂ ਜੁ ਬਨਾਵੈ' ॥
ਸੁਨਤਿ ਗਿਰੇਸ਼ੁਰ ਬਹੁਤ ਪਠਾਏ। ਪਾਇ ਬੰਧ ਜਲ ਕੋ ਉਲਟਾਏ ॥੩॥

ਜਿਸ ਕਰਕੇ ਵੈਰੀ ਬਹੁਤ ਦੁੱਖ ਪਾਵੇਗਾ. ਕੋਈ ਐਸਾ ਕਾਰਨ ਨਹੀਂ ਕਿ ਜਲ ਰਹਿਤ ਹੋ ਕੇ ਵੈਰੀ ਨੂੰ ਦੁਖ ਦੇਣ ਦੀ ਸੂਰਤ ਨਾ ਬਣੇ।" ਇਹ ਸੁਣ ਕੇ ਭੀਮ ਚੰਦ ਨੇ ਬਹੁਤ ਪਹਾੜੀ ਰਾਜਿਆਂ ਨੂੰ ਭੇਜਿਆ ਤੇ ਉਨ੍ਹਾਂ ਬੰਨ੍ਹ ਲਾ ਕੇ ਪਾਣੀ ਦੀ ਦਸ਼ਾ ਹੀ ਉਲਟਾ ਦਿੱਤੀ॥ ੩॥

ਸ਼ੁਸ਼ਕ ਗਯੋ ਜਲ ਜਬਿ ਨਹਿਂ ਆਯੋ। ਖੋਟ ਪਹਾਰੀ ਕੋ ਲਖਿ ਪਾਯੋ।
ਗਏ ਸਿੰਘ ਅਰਦਾਸ ਬਖਾਨੀ। 'ਪ੍ਰਭੁ ਜੀ ! ਰੋਕ ਲਿਯੋ ਰਿਪੁ ਪਾਨੀ। ੪॥

ਜਦ ਪਾਣੀ ਸੁੱਕ ਗਿਆ ਤੇ ਹੋਰ ਨਾ ਆਇਆ ਤਾਂ ਸਿੰਘਾਂ ਨੇ ਇਸ ਬਾਰੇ ਪਹਾੜੀਆਂ ਦੀ ਖੋਟ ਸਮਝ ਲਈ। ਸਿੰਘ ਫਿਰ ਗੁਰੂ ਜੀ ਪਾਸ ਗਏ ਤੇ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਵੈਰੀਆਂ ਨੇ ਪਾਣੀ ਰੋਕ ਲਿਆ ਹੈ॥ ੪॥

ਕਰਨਿ ਸੁਚੇਤਾ ਆਦਿਕ ਕਾਰਾ। ਸਰਬ ਖਾਲਸਾ ਕਰਤਿ ਸੁਖਾਰਾ'।
ਸੁਨਿ ਬਿਨਤੀ ਨਿਜ ਦਾਸਨ ਕੇਰੀ। ਕਲਗੀਧਰ ਬੋਲੇ ਤਿਸ ਬੇਰੀ ॥੫॥

ਸੁਚਮਤਾ ਅਤੇ ਇਸ਼ਨਾਨ ਆਦਿ ਕਾਰਜ ਸਾਰਾ ਖਾਲਸਾ ਬੜੀ ਆਸਾਨੀ ਨਾਲ ਕਰ ਲੈਂਦਾ ਸੀ।" ਸਤਿਗੁਰੂ ਜੀ ਆਪਣੇ ਸੇਵਕਾਂ ਦੀ ਬਾਣੀ ਸੁਣ ਕੇ ਉਸ ਸਮੇਂ ਬੋਲੇ॥ ੫॥

'ਸਤੁੱਦ੍ਰਵ ਸਲਿਤਾ ਸ਼ਕਤਿ ਸਮੇਤਾ। ਸੋ ਜਲ ਦੇਇ ਖਾਲਸੇ ਹੇਤਾ।
ਦੁਸ਼ਟਨਿ ਕੀ ਰੋਕੀ ਨਹਿਂ ਰਹੈ। ਨਿਖਲ ਖੁਟਾਈ ਤਿਨ ਕੀ ਲਹੈ' ॥੬॥

"ਸਤਿਲੁਜ ਨਦੀ ਆਪਣੀ ਸ਼ਕਤੀ ਸਹਿਤ ਹੈ, ਖਾਲਸੇ ਵਾਸਤੇ ਉਹ ਜਲ ਦੇਵੇ। ਸਤਿਲੁਜ ਨਦੀ ਦੁਸ਼ਟਾਂ ਦੀ ਰੋਕੀ ਹੋਈ ਨਹੀਂ ਰਹੇਗੀ। ਇਹ ਸਾਰੀ ਖੋਟ ਉਨ੍ਹਾਂ ਦੀ ਜਾਪਦੀ ਹੈ" ॥ ੬॥

ਇਮ ਕਹਿ ਲਜਾਵਨਿ ਹੇਤ ਬਖਾਨਾ। ਨਿਜ ਤਰਕਸ਼ ਤੇ ਦੇ ਕਰਿ ਬਾਨਾ।
'ਪਹੁੰਚਹੁ ਸਤਦ੍ਰਵ ਕੇਰਿ ਕਿਨਾਰੇ। ਹਮਰੋ ਦਿਹੁ ਸੰਦੇਸ਼ ਉਚਾਰੇ॥ ੭॥

ਇਸ ਪ੍ਰਕਾਰ ਕਹਿ ਕੇ ਜਲ ਲਿਆਉਣ ਵਾਸਤੇ ਕਿਹਾ, ਆਪਣੇ ਭੱਥੇ ਵਿਚੋਂ ਤੀਰ ਦੇ ਕੇ ਕਿਹਾ, "ਸਤਿਲੁਜ ਦੇ ਕਿਨਾਰੇ 'ਤੇ ਪਹੁੰਚੋ, ਸਾਡਾ ਸੰਦੇਸ਼ ਉਚਾਰਨ ਕਰਕੇ ਸਤਿਲੁਜ ਨੂੰ ਸੁਣਾਓ॥ ੭॥

ਆਇ ਸੰਗ੍ਰਾਮ ਸਮੇਂ ਬਡ ਹੋਵਾ। ਸ਼ੱਤ੍ਰਨਿ ਲਾਖਹੁੰ ਲਸ਼ਕਰ ਢੋਵਾ।
ਹਮ ਤੇਰੇ ਬਹੁ ਚਿਰ ਤਟ ਬਾਸੀ। ਬਿਲਸੇ ਅਧਿਕ ਬਿਲਾਸਹਿੰ ਪਾਸੀ॥ ੮॥

ਹੁਣ ਵੱਡਾ ਸੰਗ੍ਰਾਮ ਦਾ ਸਮਾਂ ਆ ਗਿਆ ਹੈ, ਵੈਰੀਆਂ ਨੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਚੜ੍ਹਾ ਕੇ ਲਿਆਂਦਾ ਹੈ, ਅਸੀਂ ਬਹੁਤ ਦੇਰ ਤਕ ਤੇਰੇ ਕਿਨਾਰੇ 'ਤੇ ਵੱਸੇ ਹਾਂ, ਤੇਰੇ ਕਿਨਾਰੇ ਤੇ ਕਈ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਰਹੇ ਹਾਂ॥ ੮॥

ਪੰਥ ਰਚਜੋ ਜਗ ਪਾਪਨਿ ਖਾਪਨ। ਹਿੰਦੂ ਧਰਮ ਉਬਾਰਿ ਸਥਾਪਨ।
ਤੁਰਕਨਿ ਸਨ ਇਨ ਬੈਰ ਧੁਖਾਵਨ। ਲਰਿ ਕਰਿ ਨਿਤ ਰਿਪੁ ਬਲੀ ਖਪਾਵਨ॥੯॥

ਜਗਤ ਦੇ ਪਾਪਾਂ ਨੂੰ ਦੂਰ ਕਰਨ ਵਾਸਤੇ ਪੰਥ ਰਚਿਆ ਹੈ, ਹਿੰਦੂ ਧਰਮ ਨੂੰ ਉਬਾਰ ਕੇ ਉਸਦੀ ਸਥਾਪਨਾ ਕਰਨੀ ਚਾਹੁੰਦੇ ਹਾਂ, ਤੁਰਕਾਂ ਨਾਲ ਖਾਲਸੇ ਦਾ ਵੈਰ ਧੁਖ ਰਿਹਾ ਹੈ। ਯੁੱਧ ਕਰਕੇ ਨਿਤ ਬਲਵਾਨ ਵੈਰੀ ਦਾ ਨਾਸ਼ ਕਰਦੇ ਹਾਂ॥ ੯॥

ਇਸ ਕਾਰਨ ਰਣ ਮਹਿਦ ਅਖਾਰੇ। ਹਮ ਨੇ ਘਾਲੇ ਹੋਇਂ ਪਵਾਰੇ।
ਜਲ ਪਹੁੰਚਾਇ ਹਿਮਾਯਤ ਕਰੀਅਹਿ। ਇਮ ਸਿੰਘਹੁ ਤਟ ਪਹੁਚਿ ਉਚਰੀਅਹਿ॥੧੦॥

ਇਸ ਕਰਕੇ ਯੁੱਧ ਦੇ ਵੱਡੇ ਅਖਾੜੇ ਲੱਗਦੇ ਹਨ, ਅਸੀਂ ਕਈ ਯੁੱਧ ਦੇ ਪੁਆੜੇ ਪਾਏ ਹਨ। ਆਪਣਾ ਜਲ ਪਹੁੰਚਾ ਕੇ ਸਾਡੀ ਹਿਮਾਇਤ ਕਰੋ। ਹੇ ਸਿੰਘੋ! ਇਸ ਪ੍ਰਕਾਰ ਦਰਿਆ ਦੇ ਕਿਨਾਰੇ 'ਤੇ ਜਾ ਕੇ ਉਚਾਰਨ ਕਰੋ॥੧੦॥

ਬਹੁਰ ਤੀਰ ਤੇ ਤੀਰ ਲਕੀਰ। ਖੈਂਚਤਿ ਪਹੁਚਹੁ ਪੁਰਿ ਮਹਿਂ ਬੀਰ।
ਹਟਿਕੈ ਦ੍ਰਿਸ਼ਟਿ ਨ ਕਰਹੁ ਪਿਛਾਰੀ। ਬਿਨਾ ਬਿਲੋਕੇ ਗਮਹੁ ਅਗਾਰੀ॥ ੧੧॥

ਫਿਰ ਕਿਨਾਰੇ ਤੋਂ ਲੈ ਕੇ ਤੀਰ ਦੀ ਲਕੀਰ ਖਿੱਚ ਤੇ ਲਕੀਰ ਖਿੱਚਦੇ ਹੋਏ ਨਗਰ ਦੇ ਵਿਚ ਦਾਖਲ ਹੋ ਜਾਵੋ। ਫਿਰ ਕਦੀ ਵੀ ਪਿਛਾਂਹ ਮੁੜ ਕੇ ਆਪਣੀ ਦ੍ਰਿਸ਼ਟੀ ਪਿੱਛੇ ਵੱਲ ਨਾ ਕਰੋ, ਵੇਖਣ ਤੋਂ ਬਗੈਰ ਹੀ ਅੱਗੇ ਚਲਦੇ ਆਓ॥੧੧॥

ਜਿਹ ਠਾਂ ਚਹਹੁ ਤਹਾਂ ਜਲ ਆਵੈ। ਤੁਮਰੇ ਸਕਲ ਕਾਜ ਨਿਬਹਾਵੈ'।
ਸੁਨਿ ਕਲਗ਼ੀਧਰ ਕੀ ਬਰਬਾਨੀ। ਨਿਕਟ ਜਿ ਤਬਿ ਸ਼ਰਧਾ ਧਰਿ ਮਾਨੀ॥੧੨॥

ਜਿਸ ਸਥਾਨ 'ਤੇ ਵੀ ਚਾਹੋਗੇ ਜਲ ਆ ਜਾਵੇਗਾ ਤੇ ਜਲ ਤੁਹਾਡੇ ਸਾਰੇ ਕਾਰਜ ਪੂਰੇ ਕਰੇਗਾ।" ਸਤਿਗੁਰੂ ਕਲਗ਼ੀਧਰ ਜੀ ਦੀ ਸ੍ਰੇਸ਼ਟ ਬਾਣੀ ਸੁਣ ਕੇ, ਜਿਹੜੇ ਉਨ੍ਹਾਂ ਦੇ ਪਾਸ ਸਿੰਘ ਮੌਜੂਦ ਸਨ, ਉਨ੍ਹਾਂ ਬੜੀ ਸ਼ਰਧਾ ਧਾਰ ਕੇ ਗੁਰੂ ਜੀ ਦੀ ਗੱਲ ਮੰਨ ਲਈ॥੧੨॥

ਲੇ ਕਰਿ ਬਾਨ ਪ੍ਰਭੁ ਤੇ ਗਯੋ। ਜਾਇ ਕਿਨਾਰੇ ਪਹੁੰਚਤਿ ਭਯੋ।
ਸਤੁੱਦ੍ਰਵ ਕੋ ਸਭਿ ਕਹਜੋ ਸੰਦੇਸਾ। 'ਯਾਦ ਕਰਹਿਂ ਤੁਝ ਗੁਰ ਜਗਤੇਸ਼ਾ॥੧੩॥

ਉਹ ਪ੍ਰਭੂ ਜੀ ਪਾਸੋਂ ਬਾਣ ਲੈ ਕੇ ਗਏ ਤੇ ਜਾ ਕੇ ਕਿਨਾਰੇ ਤੇ ਪਹੁੰਚ ਗਏ। ਸਤਿਗੁਰੂ ਜੀ ਵਲੋਂ ਦਿੱਤਾ ਹੋਇਆ ਸਾਰਾ ਸੰਦੇਸ਼ਾ ਸਤਿਲੁਜ ਨੂੰ ਸੁਣਾਇਆ, "ਜਗਤ ਦੇ ਮਾਲਕ ਸਤਿਗੁਰੂ ਜੀ ਤੁਹਾਨੂੰ ਯਾਦ ਕਰਦੇ ਹਨ॥੧੩॥

ਸ਼੍ਰੀ ਗੁਰ ਗੋਬਿੰਦ ਸਿੰਘ ਪੁਨੀਤ। ਤੋਹਿ ਬੁਲਾਵਨ ਚਾਹਤਿ ਚੀਤ।
ਅਪਨੋ ਬਾਨ ਨਿਸ਼ਾਨੀ ਦੀਨਾ'। ਇਮ ਕਹਿ ਨਿਜ ਮੁਖ ਫੇਰਨਿ ਕੀਨਾ॥੧੪॥

ਪਵਿੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਚਿੱਤ ਵਿਚ ਤੁਹਾਨੂੰ ਬੁਲਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਆਪਣਾ ਬਾਣ ਸਾਨੂੰ ਨਿਸ਼ਾਨੀ ਵਜੋਂ ਦਿੱਤਾ ਹੈ।'' ਇਸ ਪ੍ਰਕਾਰ ਕਹਿ ਕੇ ਸਿੰਘਾਂ ਨੇ ਫਿਰ ਮੁਖ ਦੂਸਰੇ ਪਾਸੇ ਮੋੜ ਲਿਆ॥੧੪॥

ਐਂਚਿ ਲਕੀਰ ਤੀਰ ਕੀ ਤੀਰ। ਗਮਨਜੋ ਪੁਨ ਪੁਰਿ ਦਿਸ਼ਿ ਕੇ ਬੀਰ।
ਰੇਖ ਨਿਕਾਰਤਿ ਆਵਤਿ ਆਗਾ। ਸਤੁੱਦ੍ਰਵ ਜਲ ਪੀਛੇ ਤਿਸ ਲਾਗਾ॥੧੫॥

ਦਰਿਆ ਦੇ ਕਿਨਾਰੇ ਤੋਂ ਤੀਰ ਦੀ ਲੀਕ ਖਿੱਚਦੇ ਹੋਏ ਸੂਰਬੀਰ ਨਗਰ ਵੱਲ ਚਲੇ ਗਏ। ਰੇਖਾ ਕੱਢਦੇ ਹੋਏ ਅੱਗੇ-ਅੱਗੇ ਆ ਰਹੇ ਸਨ, ਸਤਿਲੁਜ ਦਾ ਪਾਣੀ ਉਸਦੇ ਪਿੱਛੇ-ਪਿੱਛੇ ਲੱਗ ਗਿਆ॥੧੫॥

ਤੀਰ ਲਕੀਰ ਨੀਰ ਗੰਭੀਰ। ਗਮਨਜੋਂ ਆਇ ਬੀਰ ਪੁਰਿ ਤੀਰ।
ਮਨ ਮਹਿਂ ਭਯੋ ਭਰਮ ਤਿਸ ਕੇਰੇ। ਆਵਤਿ ਜਲ ਕੈ ਨਹੀਂ ਪਿਛੇਰੇ॥੧੬॥

ਤੀਰ ਦੀ ਲਕੀਰ ਉਤੇ ਗੰਭੀਰ ਜਲ ਚਲਿਆ ਆ ਰਿਹਾ ਸੀ ਤੇ ਸੂਰਬੀਰ ਨਗਰ ਦੇ ਕਿਨਾਰੇ ਤੇ ਆ ਗਿਆ। ਉਸ ਸਮੇਂ ਉਸ ਦੇ ਮਨ ਵਿਚ ਭਰਮ ਪ੍ਰਗਟ ਹੋਇਆ, ਪਿੱਛੇ ਜਲ ਆਉਂਦਾ ਹੈ ਕਿ ਨਹੀਂ॥੧੬॥

ਸਤਿਗੁਰ ਕੀ ਆਗਜਾ ਇਨ ਮਾਨੀ। ਕਿਧੋਂ ਨ ਮਾਨੀ ਆਇ ਨ ਪਾਨੀ।
ਗ੍ਰੀਵ ਮੋਰਿਕੈ ਕੀਨ ਬਿਲੋਕਨ। ਆਇ ਪ੍ਰਵਾਹ, ਨ ਹੁਇ ਕਿਮ ਰੋਕਨ॥੧੭॥

ਸਤਿਗੁਰੂ ਜੀ ਦੀ ਇਸ ਆਗਿਆ ਮੰਨੀ ਹੈ ਜਾਂ ਨਹੀਂ ਮੰਨੀ ਹੈ, ਪਾਣੀ ਆਉਂਦਾ ਹੈ ਕਿ ਨਹੀਂ। ਧੋਣ ਮੋੜ ਕੇ ਪਿੱਛੇ ਵੱਲ ਵੇਖਿਆ, ਵੱਡਾ ਜਲ ਦਾ ਪ੍ਰਵਾਹ ਆ ਰਿਹਾ ਸੀ, ਕਿਸੇ ਪ੍ਰਕਾਰ ਵੀ ਰੁਕਦਾ ਨਹੀਂ ਸੀ॥੧੭॥

ਨਦੀ ਤੀਰ ਤੇ ਤੀਰ ਲਕੀਰ। ਤਹਿਂ ਕੋ ਆਵਤਿ ਨੀਰ ਗਹੀਰ।
ਗੰਗਾਧਾਰ ਸਮ ਉੱਜਲ ਧਾਰਾ। ਹੋਇ ਦੁਗਧ ਸਮ ਬੇਗਹਿ ਧਾਰਾ॥੧੮॥

ਨਦੀ ਦੇ ਕਿਨਾਰੇ ਤੋਂ ਤੀਰ ਦੀ ਲਕੀਰ ਖਿੱਚੀ ਸੀ, ਉਥੋਂ ਹੀ ਬਹੁਤ ਜਲ ਆ ਰਿਹਾ ਸੀ। ਗੰਗਾ ਦੀ ਧਾਰਾ ਵਾਂਗ ਪਾਣੀ ਬਹੁਤ ਉੱਜਲ ਸੀ। ਦੁੱਧ ਵਾਂਗ ਜਲ ਦੀ ਧਾਰਾ ਬਹੁਤ ਤੇਜ਼ ਵਹਿ ਰਹੀ ਸੀ॥੧੮॥

ਰਿਦੈ ਸਿੰਘ ਕੇ ਦੀਰਘ ਭਾਸੈ। ਜਨੁ ਜਲ ਧਾਰ ਆਇ ਲਖਿ ਤਾਸੈ।
ਬਹੁਰ ਬਿਚਾਰਤਿ ਭਾ ਉਰ ਐਸੇ। ਹਮਰੋ ਹੁਇ ਬਚਾਇ ਅਬਿ ਕੈਸੇ॥੧੯॥

ਸਿੰਘ ਦੇ ਹਿਰਦੇ ਵਿਚ ਧਾਰਾ ਬਹੁਤ ਵੱਡੀ ਲੱਗੀ, ਮਾਨੋ ਜਲ ਦਾ ਵੱਡਾ ਪ੍ਰਵਾਹ ਆ ਰਿਹਾ ਹੈ, ਇਸ ਪ੍ਰਕਾਰ ਉਸ ਜਾਣਿਆ। ਫਿਰ ਉਸ ਦਿਲ ਵਿਚ ਇਸ ਤਰ੍ਹਾਂ ਵਿਚਾਰ ਕੀਤੀ, ਜਲ ਦਾ ਏਨਾ ਵੱਡਾ ਪ੍ਰਵਾਹ ਆਉਣ ਨਾਲ ਸਾਡਾ ਬਚਾਅ ਕਿਵੇਂ ਹੋਵੇਗਾ॥੧੯॥

ਮੈਂ ਲੇ ਕਰਿ ਜਬਿ ਪੁਰਿ ਮਹਿਂ ਬਰੋਂ। ਜਹਿਂ ਕਹਿਂ ਜਲ ਬਿਸਾਲ ਕੋ ਕਰੋਂ।
ਦੁਰਗ ਆਦਿ ਸਭਿ ਸਦਨ ਗਿਰਾਵੈ। ਜਲ ਆਗੈ ਕੋ ਠਹਿਰਨ ਪਾਵੈ॥੨੦॥

ਜਦ ਮੈਂ ਇਸ ਨੂੰ ਲੈ ਕੇ ਨਗਰ ਵਿਚ ਦਾਖਲ ਹੋਵਾਂਗਾ, ਜਿੱਥੇ ਕਿੱਥੇ ਵਿਸ਼ਾਲ ਜਲ ਹੋ ਜਾਵੇਗਾ। ਕਿਲ੍ਹਾ ਆਦਿ ਤੇ ਹੋਰ ਮਕਾਨਾਂ ਨੂੰ ਡੇਗ ਦੇਵੇਗਾ। ਜਲ ਦੇ ਅੱਗੇ ਕੋਈ ਵੀ ਠਹਿਰ ਨਹੀਂ ਸਕਦਾ ਹੈ॥੨੦॥

ਨਿਸ ਕੋ ਸਮਾ, ਨ ਜਾਨੈ ਕੋਈ। ਲਖਹਿਂ ਲੋਕ ਕਜਾ ਪਰਲੈ ਹੋਈ।
ਨਰ ਨਾਰੀ ਨਿਰਨੈ ਕਜਾ ਕਰੈਂ। ਜਲ ਕੋ ਕਸ਼ਟ ਅਚਾਨਕ ਪਰੈ॥੨੧॥

ਰਾਤ ਦਾ ਸਮਾਂ ਹੈ, ਕੋਈ ਵੀ ਨਹੀਂ ਜਾਣੇਗਾ, ਲੋਕ ਇਹੋ ਸਮਝਣਗੇ ਕਿ ਕੀ ਪਰਲੋ ਆ ਗਈ ਹੈ। ਇਸਤਰੀ ਪੁਰਸ਼ ਕੀ ਨਿਰਣਾ ਕਰਨਗੇ, ਜਲ ਦਾ ਅਚਾਨਕ ਕਸ਼ਟ ਪੈ ਜਾਵੇਗਾ॥੨੧॥

ਅਬਿ ਮੈਂ ਜੇ ਕਰ ਜੋਰਿ ਹਟਾਵੇਂ। ਨਰ ਨਾਰਿਨ ਜੁਤਿ ਨਗਰ ਬਚਾਵੇਂ।
ਜੇ ਪ੍ਰਵਾਹ ਕੋ ਲੇ ਕਰਿ ਜਾਵਊਂ। ਲਗੈ ਪਾਪ ਬਲ ਹ੍ਵੈ ਨ ਮਿਟਾਵਊਂ ॥੨੨॥

ਹੁਣ ਜੇ ਮੈਂ ਇਸ ਨੂੰ ਹੱਥ ਜੋੜ ਕੇ ਹਟਾ ਦਿੰਦਾ ਹਾਂ, ਇਸਤਰੀ ਪੁਰਸ਼ਾਂ ਸਹਿਤ ਸਾਰੇ ਨਗਰ ਨੂੰ ਬਚਾ ਲਵਾਂਗਾ। ਜੇ ਇਸ ਵੱਡੇ ਪ੍ਰਵਾਹ ਨੂੰ ਨਾਲ ਲੈ ਕੇ ਜਾਵਾਂਗਾ ਤਾਂ ਮੈਨੂੰ ਵੱਡਾ ਪਾਪ ਲਗੇਗਾ ਤੇ ਮੇਰੇ ਵਿਚ ਏਨੀ ਸ਼ਕਤੀ ਨਹੀਂ ਹੈ ਕਿ ਮੈਂ ਇਸ ਨੂੰ ਰੋਕ ਸਕਾਂਗਾ॥ ੨੨॥

ਇੱਤਜਾਦਿਕ ਬਿਚਾਰ ਕਰ ਬੰਦੇ। 'ਥੰਭਹੁ ਪ੍ਰਵਾਹ ਜੁ ਬੇਗ ਬਿਲੰਦੇ'।
ਲਜਾਵਨ ਹਾਰ ਜਬੈ ਇਮ ਕਹਜੇ। ਪੁਰਿ ਤੇ ਪਰੇ ਪ੍ਰਵਾਹੁ ਹਟਿ ਰਹਜੇ॥੨੩॥

ਇਸ ਪ੍ਰਕਾਰ ਵਿਚਾਰ ਕਰਕੇ ਹੱਥ ਜੋੜੇ ਤੇ ਬੇਨਤੀ ਕੀਤੀ, "ਹੇ ਬੜੇ ਤੇਜ਼ ਆ ਰਹੇ ਜਲ ਦੇ ਪ੍ਰਵਾਹ, ਰੁਕ ਜਾਵੋ।" ਜਲ ਨੂੰ ਲਿਆਉਣ ਵਾਲੇ ਜਦ ਇਸ ਤਰ੍ਹਾਂ ਕਿਹਾ ਤਾਂ ਨਗਰ ਤੋਂ ਪਰ੍ਹੇ ਹੀ ਜਲ ਦਾ ਪ੍ਰਵਾਹ ਰੁਕ ਗਿਆ॥ ੨੩॥

ਜਬਿ ਇਸ ਕੋ ਕੁਛ ਦੀਖਜੋ ਨਾਂਹੀ। ਤਹਿਂ ਤੇ ਚਲਿ ਆਯੋ ਪੁਰਿ ਮਾਂਹੀ।
ਸ੍ਰੀ ਕਲਗੀਧਰ ਕੋ ਕਰਿ ਨਮੋ। ਹਾਥ ਜੋਰਿ ਬੋਲਜੋ ਤਿਹ ਸਮੇ॥ ੨੪॥

ਜਦ ਉਸ ਨੂੰ ਕੁਝ ਵੀ ਦਿਖਾਈ ਨਾ ਦਿੱਤਾ ਤਾਂ ਉਥੋਂ ਉਹ ਚਲ ਕੇ ਨਗਰ ਦੇ ਵਿਚ ਆ ਗਿਆ। ਸ੍ਰੀ ਕਲਗੀਧਰ ਨੂੰ ਨਮਸਕਾਰ ਕਰਕੇ ਉਸ ਸਮੇਂ ਹੱਥ ਜੋੜ ਕੇ ਬੋਲਿਆ॥ ੨੪॥

'ਸ੍ਰੀ ਪ੍ਰਭੁ! ਬਖਸ਼ਹੁ ਖਤਾ ਹਮਾਰੀ। ਰੋਕਜੋ ਆਵਤਿ ਦੀਰਘ ਬਾਰੀ।
ਜਬਿ ਮੈਂ ਤੀਰ ਲਕੀਰ ਨਿਕਾਰੀ। ਆਯੋ ਬਡੋ ਪ੍ਰਵਾਹੁ ਪਿਛਾਰੀ॥ ੨੫॥

"ਹੇ ਪ੍ਰਭੂ ਜੀ! ਮੇਰੀ ਗ਼ਲਤੀ ਬਖਸ਼ ਲਵੋ, ਮੈਂ ਜਲ ਦੇ ਵੱਡੇ ਪ੍ਰਵਾਹ ਨੂੰ ਆਉਂਦੇ ਨੂੰ ਰੋਕ ਲਿਆ ਹੈ। ਜਦ ਮੈਂ ਤੀਰ ਨਾਲ ਲਕੀਰ ਕੱਢੀ ਤਾਂ ਮੇਰੇ ਪਿੱਛੇ-ਪਿੱਛੇ ਜਲ ਦਾ ਵੱਡਾ ਪ੍ਰਵਾਹ ਆਇਆ॥ ੨੫॥

ਜਲ ਕੋ ਭੈ ਕਰਿ ਬਿਨੈ ਬਖਾਨੀ। ਹਟਜੋ ਪ੍ਰਵਾਹ ਦਿਖੰਤਿ ਨਿਸ਼ਾਨੀ।
ਭਯੋ ਲੋਪ ਪੁਨ ਦੇਖਜੋ ਨਾਂਹੀ। ਭਈ ਖਤਾ ਜਲ ਲਜਾਨਿ ਮਾਂਹੀ' ॥ ੨੬॥

ਜਲ ਦਾ ਭੈਅ ਕਰਕੇ ਮੈਂ ਬੇਨਤੀ ਕੀਤੀ, ਪ੍ਰਵਾਹ ਪਿਛਾਂਹ ਹਟ ਗਿਆ ਹੈ ਪਰ ਉਸ ਦੀ ਨਿਸ਼ਾਨੀ ਦਿੱਸ ਰਹੀ ਹੈ। ਫਿਰ ਲੋਪ ਹੋ ਗਿਆ ਹੈ, ਦੁਬਾਰਾ ਦਿਖਾਈ ਨਹੀਂ ਦਿੱਤਾ ਹੈ, ਜਲ ਲਿਆਉਣ ਵਿਚ ਵੱਡੀ ਗ਼ਲਤੀ ਹੋਈ ਹੈ" ॥ ੨੬॥

ਸੁਨਿ ਸ੍ਰੀ ਮੁਖ ਤੇ ਬੋਲੇ ਤਹੀਂ। 'ਸਮਾ ਪਾਇ ਐਹੈ ਇਤ ਸਹੀ।
ਹੁਇ ਹਿਮਾਇਤੀ ਨਾਲਾ ਨਾਮੂ। ਬਹੈ ਪ੍ਰਵਾਹ ਬਿਮਲ ਅਭਿਰਾਮੂ॥ ੨੭॥

ਸਤਿਗੁਰੂ ਜੀ ਨੇ ਸੁਣ ਕੇ ਉਸ ਨੂੰ ਕਿਹਾ, "ਸਮਾਂ ਪਾ ਕੇ ਇਹ ਗੱਲ ਵੀ ਸਹੀ ਹੋ ਜਾਵੇਗੀ, ਉਸ ਨਾਲੇ ਦਾ ਨਾਮ ਹਿਮਾਇਤੀ ਨਾਲਾ ਹੋਵੇਗਾ, ਉਸ ਦਾ ਸੁੰਦਰ ਨਿਰਮਲ ਪ੍ਰਵਾਹ ਵਹੇਗਾ॥ ੨੭॥

ਘਾਟ ਸੁਪਾਨ ਬਨਹਿਂ ਇਸ ਕੇਰੇ। ਜੇ ਮੱਜਹਿਂ ਫਲ ਪੁੰਨ ਬਡੇਰੇ।
ਕਲਮਲ ਨਾਸ਼ ਕਰਹਿਂ ਚਿਰ ਕਾਲਾ'। ਇਮ ਕਹਿ ਤੂਸ਼ਨ ਭਏ ਕ੍ਰਿਪਾਲਾ ॥੨੮॥

ਇਸ ਦੇ ਜਲ ਦਾ ਸੁੰਦਰ ਘਾਟ ਬਣੇਗਾ, ਜਿਹੜੇ ਇਸ ਵਿਚ ਇਸ਼ਨਾਨ ਕਰਨਗੇ, ਉਹ ਵੱਡੇ ਪੁੰਨ ਦਾ ਫਲ ਪ੍ਰਾਪਤ ਕਰਨਗੇ, ਚਿਰ ਕਾਲ ਦੇ ਪਾਪ ਨਾਸ਼ ਹੋ ਜਾਣਗੇ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਚੁੱਪ ਹੋ ਗਏ॥ ੨੮॥

ਇਸੀ ਰੀਤਿ ਘੇਰਾ ਪਰਿ ਰਹਜੋ। ਅੰਨ ਨਿਖੁਟਤਿ ਸਭਿ ਦੁਖ ਲਹਜੋ।
ਕਠਨ ਖੇਲ ਸਤਿਗੁਰੂ ਅਰੰਭਾ। ਸੁਨਿ ਪਿਖਿ ਸਭਿ ਕੇ ਹੋਤਿ ਅਚੰਭਾ॥ ੨੯॥

ਇਸੇ ਰੀਤੀ ਨਾਲ ਘੇਰਾ ਪਿਆ ਰਿਹਾ। ਅਨਾਜ ਮੁਕ ਜਾਣ ਨਾਲ ਸਾਰਿਆਂ ਨੇ ਵੱਡਾ ਦੁਖ ਪਾਇਆ। ਸਤਿਗੁਰੂ ਜੀ ਨੇ ਕਠਨ ਖੇਲ ਅਰੰਭਿਆ ਸੀ, ਸੁਣ ਵੇਖ ਕੇ ਸਾਰਿਆਂ ਨੂੰ ਬਹੁਤ ਹੈਰਾਨੀ ਹੁੰਦੀ ਸੀ॥ ੨੯॥

ਸਿੱਖਨਿ ਕੋ ਸੁਇਨੇ ਸਮ ਤਾਵਨਿ। ਦੇਨਿ ਕਸੌਟੀ ਸੁੱਧ ਬਨਾਵਨ।
ਜੋ ਬਾਰਹਿ ਬੰਨੀ ਲਗ ਭਯੋ। ਪਦ ਅਘਟਨ ਸੋ ਪੁਨ ਮਿਲਿ ਗਯੋ॥ ੩੦॥

ਸਿੱਖਾਂ ਨੂੰ ਸੋਨੇ ਵਾਂਗ ਤਾਪ ਰਹੇ ਸਨ, ਕਸੌਟੀ ਤੇ ਲਾ ਕੇ ਸ਼ੁੱਧ ਬਣਾ ਰਹੇ ਸਨ। ਜੋ ਨਾ ਘਟਣ ਵਾਲੀ ਅਵਸਥਾ ਨੂੰ ਪੁੱਜਾ ਜਾਂਦਾ ਹੈ ਭਾਵ ਉਸ ਨੂੰ ਫਿਰ ਵੱਟਾ ਨਹੀਂ ਲੱਗਦਾ ਹੈ, ਭਾਵ ਸਿੱਖ ਫਿਰ ਗਿਰਾਵਟ ਵਿਚ ਨਹੀਂ ਜਾਂਦਾ, ਪਰਮ ਪਦਵੀ 'ਤੇ ਟਿਕ ਜਾਂਦਾ ਹੈ॥ ੩੦॥

ਸਿੱਖੀ ਤਿੱਖੀ ਜਯੋਂ ਖਗ ਧਾਰਾ। ਤਿਸ ਪਰ ਚਲਿਬੋ ਕਠਨ ਦੁਖਾਰਾ।
ਪ੍ਰੇਮ ਲੀਨ ਦੀਨਸਿ ਮਨ ਵੱਟੇ। ਰਹੈ ਸਾਬਤੀ ਸਿਰ ਕੇ ਸੱਟੇ॥ ੩੧॥

ਸਿੱਖੀ ਤਲਵਾਰ ਦੀ ਧਾਰ ਵਾਂਗ ਤਿੱਖੀ ਹੈ, ਉਸ 'ਤੇ ਚਲਣਾ ਬੜਾ ਕਠਨ ਅਤੇ ਦੁਖਦਾਈ ਹੈ। ਪ੍ਰੇਮ ਲਿਆ ਤੇ ਮਨ ਬਦਲੇ ਵਿਚ ਦਿੱਤਾ। ਸਿਰ ਦੇ ਵੱਟੇ ਸਿਦਕ ਕਾਇਮ ਰਹਿੰਦਾ ਹੈ॥ ੩੧॥

ਜਿਨ ਪਰ ਕ੍ਰਿਪਾ ਪ੍ਰਮੇਸੁਰ ਕੀਨਿ। ਸਤਿਗੁਰ ਚਰਨ ਸੌਂਪ ਮਨ ਦੀਨ।
ਸ੍ਵਾਮੀ ਅੱਗ੍ਰ ਸੀਸ ਕੋ ਅਰਪੇ। ਕਾਟਨ ਕਰਹਿ ਤਾਂ ਕਯੋਂ ਉਰ ਡਰਪੇ॥ ੩੨॥

ਜਿਨ੍ਹਾਂ ਉੱਤੇ ਪ੍ਰਮੇਸ਼ਵਰ ਨੇ ਕਿਰਪਾ ਕੀਤੀ ਹੈ, ਉਹ ਸਤਿਗੁਰੂ ਜੀ ਦੇ ਚਰਨਾਂ ਵਿਚ ਮਨ ਨੂੰ ਸੌਂਪ ਦਿੰਦੇ ਹਨ। ਜਿਹੜੇ ਸਵਾਮੀ ਅੱਗੇ ਸੀਸ ਅਰਪਣ ਕਰਦੇ ਹਨ, ਜੇ ਸਵਾਮੀ ਸੀਸ ਕੱਟ ਲਵੇ ਤਾਂ ਮਨ ਵਿਚ ਫਿਰ ਕਿਉਂ ਡਰੇ॥ ੩੨॥

ਤਜਜੋ ਅਪਨਪੋ ਅਰਪਜੋ ਜਬੈ। ਹੰਤਾ ਕਰਹਿ ਕ੍ਰੂਰ ਹੁਇ ਤਬੈ।
ਤਿਮ ਸਭਿ ਸਿੰਘਨਿ ਅਰਪੇ ਪ੍ਰਾਨਾ। ਗੁਰ ਹਿਤ ਹੀ ਚਾਹਤਿ ਚਿਤ ਹਾਨਾ॥ ੩੩॥

ਜਦ ਆਪਣਾ ਆਪ ਅਰਪਣ ਕਰ ਦਿੱਤਾ ਆਪਣਾਪਨ ਛੱਡ ਦਿੱਤਾ, ਫਿਰ ਵੀ ਦੇਹ ਹੰਤਾ ਜਿਹੜਾ ਕਰੇ ਤਾਂ ਉਸ ਸਮੇਂ ਉਹ ਕ੍ਰੂਰ ਕਾਰਜ ਕਰਦਾ ਹੈ। ਉਸ ਪ੍ਰਕਾਰ ਹੀ ਸਭ ਸਿੰਘਾਂ ਨੇ ਗੁਰੂ ਜੀ ਨੂੰ ਪ੍ਰਾਣ ਅਰਪਣ ਕੀਤੇ ਹਨ। ਗੁਰੂ ਜੀ ਵਾਸਤੇ ਹੀ ਚਿੱਤ ਵਿਚ ਸ਼ਹੀਦ ਹੋਣਾ ਚਾਹੁੰਦੇ ਹਨ॥ ੩੩॥

ਮਹਾਂ ਛੁਧਿਤਿ ਹ੍ਵੈ ਦਿਵਸ ਗੁਜਾਰੈਂ। ਕਟ ਕਸਿ ਰਹੈਂ ਤੁਫੰਗਨ ਮਾਰੈਂ।
ਪਾਉ ਪਾਉ ਭਰ ਕਬਿ ਕਬਿ ਅੰਨ। ਬਨੇ ਗੁਰੂ ਘਰ ਤੇ ਅਚਵੰਨ॥ ੩੪॥

ਮਹਾਂ ਭੁੱਖੇ ਰਹਿ ਕੇ ਦਿਨ ਗੁਜ਼ਾਰਦੇ ਹਨ। ਹਰ ਵੇਲੇ ਕਮਰਕੱਸਾ ਕੱਸ ਛੱਡਦੇ ਹਨ ਤੇ ਬੰਦੂਕਾਂ ਚਲਾਉਂਦੇ ਹਨ। ਪਾਉ-ਪਾਉ ਭਰ ਕਦੀ-ਕਦੀ ਅਨਾਜ ਮਿਲਦਾ ਹੈ, ਜਿਹੜਾ ਗੁਰੂ ਘਰ ਵਿਚ ਬਣਦਾ ਹੈ ਉਹ ਖਾਂਦੇ ਹਨ॥ ੩੪॥

ਕੇਚਿਤ ਕਰਿ ਅਬੇਰ ਨਿਕਸੰਤੇ। ਤਿਮਰ ਭਏ ਬਡ ਨਹੀਂ ਦਿਖੰਤੇ।
ਜਾਇ ਵਹਿਰ ਤੇ ਲਜਾਵਨਿ ਕਰੈਂ। ਕੇਚਿਤ ਨਾਮ ਆਸਰੇ ਥਿਰੈਂ॥ ੩੫॥

ਕਈ ਦੇਰ ਨਾਲ ਬਾਹਰ ਨਿਕਲਦੇ ਹਨ, ਵੱਡੇ ਹਨੇਰੇ ਹੋਏ ਨੂੰ ਵੀ ਨਹੀਂ ਵੇਖਦੇ ਹਨ। ਬਾਹਰੋਂ ਜਾ ਕੇ ਅਨਾਜ ਲਿਆਉਂਦੇ ਹਨ। ਕਈ ਨਾਮ ਦੇ ਆਸਰੇ ਹੀ ਜੀਉਂਦੇ ਹਨ॥ ੩੫॥

ਇਕ ਦਿਨ ਸਿੰਘਨ ਕਰੀ ਸਲਾਹਾ। ਆਨਹਿੰ ਅੰਨ ਗ੍ਰਾਮ ਕਿਸ ਮਾਂਹਾ।
ਕਰਿ ਮਸਲਤ ਨਿਸ ਮਹਿਂ ਚਲਿ ਗਏ। ਦੂਰ ਦੂਣ ਮਹਿਂ ਪ੍ਰਾਪਤਿ ਭਏ॥ ੩੬॥

ਇਕ ਦਿਨ ਸਿੰਘਾਂ ਨੇ ਸਲਾਹ ਕੀਤੀ ਕਿ ਕਿਸੇ ਪਿੰਡ ਵਿਚੋਂ ਜਾ ਕੇ ਅਨਾਜ ਲਿਆਈਏ। ਸਲਾਹ ਕਰਕੇ ਰਾਤ ਨੂੰ ਚਲੇ ਗਏ ਤੇ ਬਹੁਤ ਦੂਰ ਦੂਣ ਵਿਚ ਪਹੁੰਚ ਗਏ॥ ੩੬॥

ਜਾਇ ਤਹਾਂ ਇਕ ਗ੍ਰਾਮ ਨਿਹਾਰਯੋ। ਬਰੇ ਅਚਾਨਕ ਅਰਯੋ ਸੁ ਮਾਰਯੋ।
ਟੋਰਿ ਸਦਨ ਕੋ ਅੰਨ ਜਿਤੇਕ। ਬੰਧਯੋ ਪੋਟਨ ਬਿਖੈ ਤਿਤੇਕ॥ ੩੭॥

ਉਥੇ ਜਾ ਕੇ ਇਕ ਪਿੰਡ ਵੇਖਿਆ, ਅਚਾਨਕ ਪਿੰਡ ਦੇ ਅੰਦਰ ਚਲੇ ਗਏ ਤੇ ਜਿਹੜਾ ਅੜਿਆ ਉਸ ਨੂੰ ਮਾਰ ਲਿਆ। ਜਿੰਨਾ ਵੀ ਘਰਾਂ ਵਿਚੋਂ ਅਨਾਜ ਲੱਭਾ, ਓਨਾਂ ਹੀ ਪੰਡਾਂ ਵਿਚ ਬੰਨ੍ਹ ਲਿਆ॥ ੩੭॥

ਕੇਤਿਕ ਲਾਦ ਲੀਨ ਨਿਜ ਘੋਰੇ। ਘ੍ਰਿਤ ਮਿਸਟਾਨ ਪਾਇ ਜੋ ਟੋਰੇ।
ਵਸਤੁ ਜੁ ਖੈਬੇ ਕੀ ਤਹਿਂ ਪਾਈ। ਸੋ ਸਭਿ ਸਿੰਘਨਿ ਲੀਨਿ ਉਚਾਈ॥੩੮॥

ਕਈਆਂ ਨੇ ਆਪਣੇ ਘੋੜਿਆਂ 'ਤੇ ਲੱਦ ਲਿਆ, ਘਿਉ ਮਿੱਠਾ ਜਿੰਨਾ ਵੀ ਢੂੰਡਣ ਨਾਲ ਲੱਭਾ ਸੀ। ਵਸਤੂ ਜਿਹੜੀ ਖਾਣ ਵਾਲੀ ਪਾਈ ਉਹ ਸਭ ਸਿੰਘਾਂ ਨੇ ਚੁੱਕ ਲਈ॥ ੩੮॥

ਲੇ ਕਰਿ ਨਿਕਸਿ ਚਲੇ ਮਗ ਪਰੇ। ਪੀਛੇ ਰੋਰ ਮਹਾਂ ਨਰ ਕਰੇ।
ਗਹਿ ਗਹਿ ਹਾਥਨਿ ਮਹਿਂ ਹੱਥਯਾਰੇ। ਮਿਲਿ ਕਰਿ ਪਰੇ ਸੰਬ੍ਹੂਹ ਪਿਛਾਰੇ॥੩੯॥

ਲੈ ਕੇ ਨਿਕਲ ਕੇ ਰਸਤੇ ਪੈ ਗਏ, ਪਿੱਛੇ ਮਨੁੱਖ ਬਹੁਤ ਰੌਲਾ ਮਚਾ ਰਹੇ ਸਨ। ਹੱਥਾਂ ਵਿਚ ਹਥਿਆਰ ਫੜ ਫੜ ਕੇ, ਸਾਰੇ ਮਿਲ ਕੇ ਪਿੱਛੇ ਪੈ ਗਏ॥ ੩੯॥

ਜਿਨ ਸਿਰ ਪੋਟ ਸੁ ਆਗੈ ਕਰੇ। ਪਾਛੇ ਰਹੇ ਤੁਪਕ ਕਰ ਧਰੇ।
ਪਰੇ ਗੈਲ ਸੇ ਮਾਰ ਹਟਾਏ। ਤਮ ਮਹਿਂ ਡਰਤਿ ਨ ਕੋ ਨਿਯਰਾਏ॥੪੦॥

ਜਿਨ੍ਹਾਂ ਦੇ ਸਿਰਾਂ 'ਤੇ ਪੰਡਾਂ ਸਨ, ਉਨ੍ਹਾਂ ਨੂੰ ਅੱਗੇ ਲਾ ਲਿਆ, ਪਿੱਛੇ ਉਹ ਰਹਿ ਗਏ ਜਿਨ੍ਹਾਂ ਬੰਦੂਕਾਂ ਧਾਰਨ ਕੀਤੀਆਂ ਹੋਈਆਂ ਸਨ, ਜਿਹੜੇ ਪਿੱਛੇ ਪਏ, ਉਹ ਮਾਰ ਕੇ ਹਟਾ ਦਿੱਤੇ, ਹਨੇਰੇ ਵਿਚ ਡਰਦਾ ਕੋਈ ਨੇੜੇ ਨਹੀਂ ਸੀ ਆਉਂਦਾ॥ ੪੦॥

ਖੈਬੇ ਹਿਤ ਦਿਨ ਕਿਤਿਕ ਗੁਜ਼ਾਰਾ। ਆਨਯੋ ਅੰਨ ਤ੍ਰਾਸ ਨਿਰਵਾਰਾ।
ਬਰੇ ਦੁਰਗ ਮਹਿਂ ਫਤੇ ਬੁਲਾਈ। ਬਿਸਰਾਮੇ ਕਰਿ ਤਯਾਰ ਸੁ ਖਾਈ॥੪੧॥

ਖਾਣ ਵਾਸਤੇ ਕਈ ਦਿਨ ਗੁਜ਼ਾਰੇ, ਅਨਾਜ ਲਿਆ ਕੇ ਡਰ ਦੂਰ ਕੀਤਾ। ਕਿਲ੍ਹੇ ਵਿਚ ਦਾਖਲ ਹੋ ਕੇ ਫ਼ਤਹਿ ਬੁਲਾਈ, ਬਿਸਰਾਮ ਕਰਕੇ ਤਿਆਰ ਕਰਕੇ ਖਾਣਾ ਖਾਧਾ॥ ੪੧॥

ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਬਹੁਰ ਛੁਧਾ ਤੇ ਸਿਖ ਬਿਕੁਲਾਏ।
ਬ੍ਰਿੱਛਨ ਕੀ ਲੇਂ ਛੀਲ ਉਤਾਰੀ। ਕੂਟ ਕਰੈਂ ਖੈਬੇ ਹਿਤ ਤਯਾਰੀ॥ ੪੨॥

ਕਈ ਦਿਨ ਇਸ ਪ੍ਰਕਾਰ ਬਤੀਤ ਕੀਤੇ, ਫਿਰ ਭੁੱਖ ਨਾਲ ਸਿੱਖ ਵਿਆਕੁਲ ਹੋ ਗਏ। ਦਰੱਖਤਾਂ ਦੀਆਂ ਫਿਰ ਛਿੱਲਾਂ ਲਾਹੀਆਂ ਤੇ ਕੁੱਟ ਕੇ ਖਾਣ ਵਾਸਤੇ ਤਿਆਰ ਕੀਤੀਆਂ॥ ੪੨॥

ਕੇਤਿਕ ਲੇ ਤਰੁਵਰ ਕੇ ਪਾਤ। ਧਰਹਿਂ ਅਗਨ ਪਰ ਰੀਂਧਹਿਂ ਖਾਤ।
ਕੇਤਿਕ ਫਿਰਿਕੈ ਜਿਤ ਕਿਤ ਟੋਰ। ਫਲ ਫੂਲਨ ਕੋ ਆਨਹਿਂ ਤੋਰ॥੪੩॥

ਕਈ ਦਰੱਖਤਾਂ ਦੇ ਪੱਤੇ ਲੈਂਦੇ ਸਨ ਤੇ ਅੱਗ ਉੱਤੇ ਧਰ ਕੇ ਰਿੰਨ੍ਹ ਕੇ ਖਾਂਦੇ ਸਨ। ਕਈ ਜਿੱਥੇ ਕਿੱਥੇ ਫਿਰ ਕੇ ਜੋ ਵੀ ਲੱਭਦਾ ਸੀ, ਫਲ ਫੁੱਲਾਂ ਨੂੰ ਤੋੜ ਕੇ ਲੈ ਆਉਂਦੇ ਸਨ॥ ੪੩॥

ਅਧਿਕ ਛੁਧਾ ਕੋ ਸਿੰਘ ਸਹਾਰੈਂ। ਹੋਇ ਜੰਗ ਤੌ ਆਯੁਧ ਮਾਰੈਂ।
ਅਰਪਹਿਂ ਸੀਸ ਨਹੀਂ ਕਿਤ ਜਾਵੈਂ। ਗੁਰ ਹਿਤ ਦੈ ਹੈਂ ਦੇਰ ਨ ਲਾਵੈਂ ॥੪੪॥

ਬਹੁਤ ਵੱਡੀ ਭੁੱਖ ਨੂੰ ਸਿੰਘ ਬਰਦਾਸ਼ਤ ਕਰਦੇ ਸਨ, ਹੋਵੇ ਜੰਗ ਤਾਂ ਹਥਿਆਰ ਮਾਰੀਏ, "ਆਪਣੇ ਸੀਸ ਅਰਪਣ ਕਰੀਏ ਤੇ ਕਿਸੇ ਪਾਸੇ ਵੀ ਨਾ ਜਾਈਏ। ਗੁਰੂ ਜੀ ਵਾਸਤੇ ਸਿਰ ਅਰਪਣ ਕਰਨ ਵਿਚ ਕਿਸੇ ਪ੍ਰਕਾਰ ਦੀ ਦੇਰ ਨਾ ਲਾਈਏ" ॥ ੪੪ ॥

*ਛੇਵੀਂ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ ॥ ੨੨ ॥*

## *ਅਧਿਆਇ ਤੇਈਵਾਂ*

### *ਖਾਲਸੇ ਦੇ ਲੰਗਰ ਮਸਤਾਨੇ*

ਦੋਹਰਾ- ਪਾਵੈਂ ਸੰਕਟ ਛੁਧਾ ਕੋ ਤਊ ਰਹੈਂ ਧ੍ਰਿਤਿ ਧਾਰਿ।
ਲਰਹਿਂ ਜੰਗ ਕੈ ਅੰਨ ਹਿਤ ਕਰਹਿਂ ਉਪਾਇ ਬਿਚਾਰ ॥ ੧ ॥

ਸਿੰਘ ਭੁੱਖ ਕਰਕੇ ਬਹੁਤ ਦੁੱਖ ਪਾਉਂਦੇ ਸਨ, ਪਰ ਫਿਰ ਵੀ ਧੀਰਜ ਧਾਰ ਕੇ ਰਹਿੰਦੇ ਸਨ, ਜੰਗ ਵਾਸਤੇ ਲੜਦੇ ਹਾਂ ਜਾਂ ਅਨਾਜ ਵਾਸਤੇ ਲੜਦੇ ਹਾਂ, ਇਸ ਬਾਰੇ ਉਪਾਅ ਵਿਚਾਰ ਕਰਦੇ ਸਨ ॥੧॥

ਚੌਪਈ- ਅਰਧ ਨਿਸਾ ਮਹਿਂ ਨਿਕਸੇ ਫੇਰ। ਮਿਲਿ ਕਰਿ ਸਿੰਘ ਸੁ ਭੂਖ ਬਡੇਰ।
ਗਏ ਕੋਸ ਕੇਤਿਕ ਚਲਿ ਜਬੈ। ਗ੍ਰਾਮ ਅਪਰ ਅਵਲੋਕਯੋ ਤਬੈ ॥ ੨ ॥

ਫਿਰ ਅੱਧੀ ਰਾਤ ਜਾਣ 'ਤੇ ਉਹ ਸਿੰਘ ਫਿਰ ਨਿਕਲੇ ਸਨ ਜਿਹੜੇ ਵੱਡੀ ਭੁੱਖ ਅਨੁਭਵ ਕਰਦੇ ਸਨ। ਜਦ ਕਈ ਕੋਹ ਚਲ ਕੇ ਗਏ, ਤਦ ਇਕ ਹੋਰ ਪਿੰਡ ਵੇਖਿਆ ॥ ੨ ॥

ਬਰੇ ਜਾਇ ਤਿਨ ਸਦਨ ਮਝਾਰੇ। ਸਭਿਹਿਨਿ ਕੋ ਦੈ ਕੈ ਡਰ ਭਾਰੇ।
ਅੰਨ ਨਿਕਾਸਿ ਲੀਨ ਮਨ ਭਾਯੋ। ਬੰਧਿ ਬੰਧਿ ਕਰਿ ਸੀਸ ਉਠਾਯੋ ॥ ੩ ॥

ਪਿੰਡ ਵਿਚ ਜਾ ਕੇ ਲੋਕਾਂ ਦੇ ਘਰਾਂ ਵਿਚ ਜਾ ਵੜੇ ਤੇ ਜਾ ਕੇ ਸਾਰਿਆਂ ਨੂੰ ਭਾਰੀ ਡਰ ਦਿੱਤਾ ਤੇ ਮਨ-ਭਾਉਂਦਾ ਅਨਾਜ ਉਨ੍ਹਾਂ ਪਾਸੋਂ ਬਾਹਰ ਕਢਵਾਇਆ। ਪੰਡਾਂ ਬੰਨ੍ਹ ਬੰਨ੍ਹ ਕੇ ਸਿਰਾਂ 'ਤੇ ਚੁੱਕ ਲਿਆ ॥ ੩ ॥

ਜਿਤਿਕ ਉਠਾਇ ਲੀਨ ਲੇ ਚਲੇ। ਹ੍ਵੈ ਸੁਚੇਤ ਹਟਤਯੋਂ ਸਭਿ ਮਿਲੇ।
ਲਰਯੋ ਨ ਕੋਊ ਮਿਲਯੋ ਨ ਅਰੀ। ਆਇ ਦੁਰਗ ਮਹਿਂ ਖੁਸ਼ੀ ਸੁ ਕਰੀ ॥੪॥

ਜਿੰਨਾ ਵੀ ਚੁੱਕਿਆ ਗਿਆ ਲੈ ਕੇ ਚਲ ਪਏ, ਸੁਚੇਤ ਹੋ ਕੇ ਫਿਰ ਸਾਰੇ ਪਿਛਾਂਹ ਹੱਟ ਕੇ ਮਿਲੇ। ਕੋਈ ਵੀ ਲੜਿਆ ਨਹੀ ਤੇ ਨਾ ਹੀ ਵੈਰੀ ਮਿਲਿਆ ਤੇ ਕਿਲ੍ਹੇ ਵਿਚ ਦਾਖਲ ਹੋ ਕੇ ਵੱਡੀ ਖੁਸ਼ੀ ਕੀਤੀ ॥ ੪ ॥

ਤੁਰਕਨ ਕੇ ਸੂਬੇ ਸੈਲੇਸ਼। ਮਿਲਿਕੈ ਚਿੰਤਾ ਕਰੀ ਵਿਸ਼ੇਸ਼।
'ਕਿਤ ਕੋ ਜਾਇ ਸਿੰਘ ਲੇ ਆਵੈਂ। ਅੰਤਰ ਅੰਨ ਬਰੇ ਭਟ ਖਾਵੈਂ ॥ ੫ ॥

ਤੁਰਕਾਂ ਦੇ ਸੂਬਿਆਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਵਿਸ਼ੇਸ਼ ਚਿੰਤਾ ਕੀਤੀ, "ਕਿਸੇ ਪਾਸੇ ਵੀ ਜਾ ਕੇ ਸਿੰਘ ਅਨਾਜ ਲੈ ਆਉਂਦੇ ਹਨ ਤੇ ਜਦ ਅੰਦਰ ਅਨਾਜ ਪਹੁੰਚ ਜਾਂਦਾ ਹੈ ਤਾਂ ਸੂਰਬੀਰ ਮਿਲ ਕੇ ਖਾਂਦੇ ਹਨ" ॥ ੫ ॥

ਸੁਨਿ ਗਿਰਪਤਨ ਰਾਹੁ ਦਿਖਰਾਏ। ਇਤ ਕੋ ਗਏ ਉਤਹੁਂ ਚਲਿ ਆਏ।
ਦੇਖਿ ਘਾਤ ਸਿੰਘਨ ਕੀ ਸਾਰੀ। ਤੁਰਕਨਿ ਰਖੀ ਚਮੂੰ ਕਰਿ ਤਯਾਰੀ ॥ ੬ ॥

ਇਹ ਸੁਣ ਕੇ ਪਹਾੜੀ ਰਾਜੇ ਰਾਹ ਵਿਖਾਉਂਦੇ ਸਨ, ਏਧਰ ਨੂੰ ਗਏ ਹਨ ਤੇ ਉਸ ਪਾਸੇ ਤੋਂ ਚਲ ਕੇ ਆਏ ਹਨ। ਸਿੰਘਾਂ ਦੇ ਸਾਰੇ ਦਾਅ-ਪੇਚਾਂ ਨੂੰ ਵੇਖ ਕੇ, ਤੁਰਕਾਂ ਨੇ ਸਾਰੀ ਸੈਨਾ ਤਿਆਰ ਕਰ ਰੱਖੀ ॥ ੬ ॥

ਦਸ ਬੀਸਕ ਨਰ ਹੇਰਨ ਹਾਰੇ। ਸਭਿ ਮਾਰਗ ਕੋ ਕਰਤਿ ਨਿਹਾਰੇ।
ਲਗੇ ਰਹੇ ਲੈਬੇ ਹਿਤ ਭੇਤ। ਨਹਿਂ ਜਾਨਜੋਂ ਸਿੰਘਨ ਸੰਕੇਤ ॥ ੭ ॥

ਦਸ ਵੀਹ ਮਨੁੱਖ ਵੇਖਣ ਵਾਲੇ ਰੱਖ ਲਏ, ਜਿਹੜੇ ਸਾਰੇ ਰਾਹਾਂ ਦੀ ਨਿਗਰਾਨੀ ਕਰਦੇ ਸਨ। ਉਹ ਭੇਦ ਲੈਣ ਵਾਸਤੇ ਲੱਗੇ ਰਹੇ, ਸਿੰਘ ਤੁਰਕਾਂ ਦੇ ਇਸ ਸੰਕੇਤ ਨੂੰ ਨਾ ਜਾਣ ਸਕੇ ॥ ੭ ॥

ਇਕਠੇ ਹੋਇ ਗਮਨ ਤਬਿ ਕੀਨ। ਅੰਨ ਲੈਨ ਕੋ ਜਿਤ ਦਿਸ਼ ਚੀਨ।
ਦੂਰ ਗਏ ਜਬਿ ਚਲਿ ਕਰਿ ਸੋਊ। ਗ੍ਰਾਮ ਜਹਾਂ ਜਾਨਤਿ ਬੇ ਜੋਊ ॥ ੮ ॥

ਇਕੱਠੇ ਹੋ ਕੇ ਉਹ ਫਿਰ ਚਲ ਪਏ, ਅਨਾਜ ਲੈਣ ਚਲੇ ਗਏ, ਜਿਸ ਪਾਸੇ ਵੀ ਠੀਕ ਸਮਝਿਆ। ਜਦ ਉਹ ਬਹੁਤ ਦੂਰ ਚਲ ਕੇ ਗਏ, ਜਿਸ ਪਿੰਡ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਸਨ ॥ ੮ ॥

ਤੁਰਕਨਿ ਕੇ ਨਰ ਹੇਰਿ ਸਿਧਾਏ। ਗਏ ਸਿੰਘ ਜਿਤਕੋ ਸੁ ਬਤਾਏ।
ਚਢੀ ਚਮੂੰ ਭਾਰੀ ਤਤਕਾਲਾ। ਘਾਟਾ ਰੋਕਜੋ ਜਾਇ ਬਿਸਾਲਾ ॥ ੯ ॥

ਤੁਰਕਾਂ ਦੇ ਮਨੁੱਖ ਵੇਖ ਕੇ ਚਲੇ ਗਏ, ਓਧਰ ਚਲੇ ਗਏ ਜਿਸ ਪਾਸੇ ਸਿੰਘਾਂ ਦੇ ਜਾਣ ਬਾਰੇ ਦੱਸਿਆ ਸੀ। ਤੁਰਤ ਫਿਰ ਬਹੁਤ ਫੌਜ ਚੜ੍ਹ ਪਈ, ਉਨ੍ਹਾਂ ਨੇ ਜਾ ਕੇ ਇਕ ਤੰਗ ਰਾਹ ਭਾਵ ਘਾਟੇ ਨੂੰ ਚਾਰ-ਚੁਫੇਰੇ ਤੋਂ ਰੋਕ ਲਿਆ ॥ ੯ ॥

ਲੇ ਕਰਿ ਅੰਨ ਹਟੇ ਮਗ ਤਾਂਹੀ। ਭਯੋ ਭੇੜ ਭਾਰੀ ਭਟ ਜਾਂਹੀ।
ਜਬਿ ਦੁਇ ਦਿਸ਼ਿਨਿ ਪਿਖੇ ਰਿਪੁ ਆਏ। ਬਨੇ ਸੁਚੇਤ ਸੂਰ ਸਮੁਦਾਏ ॥ ੧੦ ॥

ਜਦ ਸਿੰਘ ਅਨਾਜ ਲੈ ਕੇ ਉਸ ਰਾਹ ਵਾਪਸ ਆ ਰਹੇ ਸਨ, ਉਥੇ ਸੂਰਬੀਰਾਂ ਦਾ ਭਾਰੀ ਭੇੜ ਹੋਇਆ। ਜਦ ਦੋਵਾਂ ਪਾਸਿਆਂ ਨੇ ਵੇਖ ਲਿਆ ਕਿ ਵੈਰੀ ਆਏ ਹਨ ਤਾਂ ਸਾਰੇ ਸੂਰਬੀਰ ਸੁਚੇਤ ਹੋ ਗਏ ॥੧੦ ॥

ਛੁਟੀ ਬ੍ਰਿੰਦ ਤਬਿ ਜ੍ਵਾਲਾਬਮਣੀ। ਗੁਲਕ ਬਰੂਦ ਭਰੀ ਅਰਿਦਮਣੀ।
ਸਿਰ ਤੇ ਪੋਟ ਉਤਾਰੀ ਸਬੈ। ਸ਼ੱਤ੍ਰੁਨਿ ਸਮੁਖ ਸਿੰਘ ਭੇ ਤਬੈ ॥ ੧੧ ॥

ਫਿਰ ਬਹੁਤ ਬੰਦੂਕਾਂ ਚੱਲੀਆਂ, ਵੈਰੀਆਂ ਨੂੰ ਮਾਰਨ ਵਾਸਤੇ ਬੰਦੂਕਾਂ ਦੁਬਾਰਾ ਗੋਲੀਆਂ ਅਤੇ ਬਰੂਦ ਨਾਲ ਭਰੀਆਂ। ਸਿਰ ਤੋਂ ਸਾਰਿਆਂ ਨੇ ਪੰਡਾਂ ਨੂੰ ਉਤਾਰਿਆ, ਸਾਰੇ ਸਿੰਘ ਫਿਰ ਵੈਰੀਆਂ ਦੇ ਸਾਹਮਣੇ ਹੋ ਗਏ ॥੧੧ ॥

ਛੋਰਿ ਤੁਫੰਗਨ ਕੋ ਤਤਕਾਲੇ। ਆਗੇ ਭਏ ਖੜਗ ਗਹਿ ਢਾਲੇ।
ਖਰੇ ਰੋਕ ਸ਼ੱਤ੍ਰੂ ਜਹਿਂ ਘਾਟੇ, ਤਹਿਂ ਲੋ ਪਹੁਚਿ ਬੋਲ ਬਹੁ ਡਾਟੇ ॥ ੧੨ ॥

ਬੰਦੂਕਾਂ ਤੁਰਤ ਚਲਾ ਕੇ, ਨੇਜ਼ੇ ਅਤੇ ਤਲਵਾਰਾਂ ਲੈ ਕੇ ਅੱਗੇ ਹੋ ਗਏ ਜਿੱਥੇ ਵੈਰੀ ਘਾਟੇ ਨੂੰ ਰੋਕ ਕੇ ਖੜੇ ਸਨ, ਉਥੇ ਪਹੁੰਚ ਕੇ ਬੋਲ ਕੇ ਬਹੁਤ ਡਾਂਟਿਆ ॥੧੨ ॥

ਨਿਕਸਨਿ ਜਤਨ ਬਿਲੋਕਿ ਬਿਚਾਰੇ। ਨਹਿਂ ਪ੍ਰਾਪਤ ਕਜਾ ਕਰਹਿਂ ਬਿਚਾਰੇ।
ਆਪਸ ਬਿਖੈ ਕਹਿਨ ਤਬਿ ਲਾਗੇ। 'ਸਿੰਘਹੁ ਸੁਨਹੁ ਬਚਤਿ ਨਹਿਂ ਭਾਗੇ ॥੧੩॥

ਵੇਖ ਕੇ ਨਿਕਲਣ ਦਾ ਯਤਨ ਵਿਚਾਰਿਆ, ਪਰ ਇਹ ਪਤਾ ਨਹੀਂ ਸੀ ਲਗਦਾ ਕਿ ਕੀ ਕਰੀਏ। ਆਪਸ ਵਿਚ ਫਿਰ ਕਹਿਣ ਲੱਗੇ, "ਸਿੰਘੋ ! ਸੁਣੋ, ਭੱਜਣ ਨਾਲ ਬਚ ਨਹੀਂ ਸਕਦੇ ਹਾਂ॥੧੩॥

ਜੇ ਅਬਿ ਮਿਲਹਿਂ ਤਊ ਨਹਿਂ ਛੋਰਹਿਂ। ਮਾਰਨ ਮਰਨ ਹਮਹੁਂ ਸਨ ਲੋਰਹਿਂ।
ਯਾਂਤੇ ਪ੍ਰਾਨ ਦੇਨ ਹੀ ਬਨੇ। ਧਰਮ ਗਏ ਕਜਾ ਜੀਵਹੁ ਘਨੇ॥ ੧੪॥

ਜੇ ਹੁਣ ਮਿਲਾਂਗੇ ਤਦ ਵੀ ਨਹੀਂ ਛੱਡਣਗੇ, ਸਾਡੇ ਨਾਲ ਲੜ ਕੇ ਮਰਨ ਮਾਰਨ ਕਰਨਾ ਚਾਹੁੰਦੇ ਹਨ। ਇਸ ਕਰਕੇ ਪ੍ਰਾਣ ਦੇਣੇ ਹੀ ਬਣਦੇ ਹਨ, ਧਰਮ ਗਵਾ ਕੇ ਕੀ ਜੀਣਾ ਹੋਇਆ॥੧੪॥

ਦੋਨਹੁਂ ਲੋਕ ਨਹੀਂ ਅਬਿ ਖੋਵਹੁ। ਮਰਨਿ ਸਮੈਂ ਗੀਦੀ ਨਹਿਂ ਹੋਵਹੁ।
ਸਨਮੁਖ ਗਮਨਹੁ ਜਹਿਂ ਰਿਪੁ ਘਾਟੇ। ਕਾਟਹੁ ਖੜਗਨ ਤੇ ਅਧਵਾਟੇ॥੧੫॥

ਦੋਵੇਂ ਲੋਕ ਹੁਣ ਨਾ ਗਵਾਵੋ ਤੇ ਮਰਨ ਸਮੇਂ ਕਾਇਰ ਨਾ ਹੋਵੋ। ਜਿੱਥੇ ਵੈਰੀ ਘਾਟੇ ਵਿਚ ਖੜਾ ਹੈ, ਉਸ ਦੇ ਸਾਹਮਣੇ ਜਾਵੋ ਤੇ ਤਲਵਾਰਾਂ ਨਾਲ ਵੈਰੀ ਨੂੰ ਅਧਵਾਟੇ ਕੱਟ ਦੇਵੋ॥੧੫॥

ਘਟ ਮਹਿਂ ਪ੍ਰਾਨ ਰਹੇ ਥਿਰ ਜਾਵਦ। ਬਾਹਹੁ ਤਰਵਾਰਨ ਕੋ ਤਾਵਦ।
ਸ੍ਰੀ ਕਲਗੀਧਰ ਸਿਮਰਤਿ ਮਰਹੁ। ਜਨਮ ਮਰਨ ਭਵਜਲ ਤੇ ਤਰਹੁ' ॥੧੬॥

ਜਦ ਤਕ ਹਿਰਦੇ ਵਿਚ ਪ੍ਰਾਣ ਸਥਿਤ ਰਹਿਣ, ਤਦ ਤਕ ਤਲਵਾਰਾਂ ਮਾਰਦੇ ਰਹੋ। ਸ੍ਰੀ ਕਲਗੀਧਰ ਨੂੰ ਯਾਦ ਕਰਦੇ ਮਰੋ ਤੇ ਜਨਮ ਮਰਨ ਭਵਜਲ ਤਰ ਕੇ ਪਾਰ ਕਰ ਜਾਵੋ" ॥੧੬॥

ਇਮ ਕਹਿ ਕਰਵਾਰਨ ਕਰਿ ਨੰਗੀ। ਛੁਧਿਤਿ ਸ੍ਰਮਿਤ ਬਹੁ ਦੁਰਬਲ ਅੰਗੀ।
ਗੁਰ ਕੇ ਪ੍ਰੇਮ ਅਧਿਕ ਬਲ ਭਰਜੇ। ਭਿੜੇ ਭੇੜ ਭਟ ਸੰਘਰ ਕਰਜੇ॥ ੧੭॥

ਇਸ ਪ੍ਰਕਾਰ ਕਹਿ ਕੇ ਤਲਵਾਰਾਂ ਨੰਗੀਆਂ ਕਰ ਲਈਆਂ। ਭੁੱਖ ਅਤੇ ਥਕਾਵਟ ਨਾਲ ਸਰੀਰ ਦੇ ਅੰਗ ਬਹੁਤ ਦੁਰਬਲ ਹੋ ਗਏ ਸਨ। ਗੁਰੂ ਜੀ ਦੇ ਪ੍ਰੇਮ ਨੇ ਵਾਧੂ ਬਲ ਭਰ ਦਿੱਤਾ, ਭੇੜ ਭਿੜ ਕੇ ਸੂਰਬੀਰਾਂ ਨੇ ਵੱਡਾ ਸੰਘਰਸ਼ ਕੀਤਾ॥੧੭॥

ਕਿਹ ਇਕ ਦੁਇ ਕਿਹ ਤ੍ਰੈ ਅਰੁ ਚਾਰੇ। ਮਾਰਿ ਮਾਰਿ ਕਰਿ ਮਰੇ ਜੁਝਾਰੇ।
ਪੰਚ,ਖਸ਼ਟ,ਕਿਹ ਸਪਤ,ਅਸ਼ਟ ਹਤਿ। ਗਿਰੇ ਪ੍ਰਾਣ ਦੀਨੇ ਰਣ ਗੁਰ ਹਿਤ॥੧੮॥

ਕੀ ਇਕ ਦੋ, ਕੀ ਤਿੰਨ ਅਤੇ ਚਾਰ, ਮਾਰ ਮਾਰ ਕੇ ਜੁਝਾਰੂ ਮਰ ਗਏ, ਪੰਜ ਛੇ ਕਿ ਸੱਤ ਅੱਠ ਮਾਰ ਕੇ ਡਿੱਗ ਕੇ ਪ੍ਰਾਣ ਛੱਡ ਦਿੱਤੇ ਤੇ ਗੁਰੂ ਜੀ ਵਾਸਤੇ ਯੁੱਧ ਕੀਤਾ॥੧੮॥

ਤੁਰਕਨਿ ਚਮੂੰ ਹਜ਼ਾਰਹੁਂ ਧਾਈ। ਥੋਰੇ ਸਿੰਘ ਕਹਾਂ ਬਨਿ ਆਈ।
ਤੁਰਕ ਸੈਂਕਰੇ ਲੇ ਕਰਿ ਸੰਗ। ਮਰੇ ਬੀਰ ਕਰਿ ਕੈ ਬਡ ਜੰਗ॥ ੧੯॥

ਤੁਰਕਾਂ ਦੀ ਸੈਨਾ ਹਜ਼ਾਰਾਂ ਵਿਚ ਚੜ੍ਹ ਕੇ ਆਈ, ਥੋੜ੍ਹੇ ਸਿੰਘ ਸਨ, ਕਿੱਥੇ ਲੜਾਈ ਬਣਦੀ ਸੀ। ਸੈਂਕੜੇ ਤੁਰਕਾਂ ਨੂੰ ਲੈ ਕੇ ਸਿੰਘ ਸੂਰਬੀਰ ਵੱਡਾ ਯੁੱਧ ਕਰਕੇ ਮਰ ਗਏ॥੧੯॥

ਕਰੇ ਕਤਲ ਸਭਿ ਤੁਰਕਨਿ ਘੇਰਿ। ਤਹਿਂ ਤੇ ਹਟੇ ਮਾਰ ਕਰਿ ਫੇਰ।
ਇਤ ਸਤਿਗੁਰ ਕੋ ਸੁਧ ਨਹਿਂ ਪਾਈ। ਚਢੇਂ ਤਿਨੋ ਹਿਤ ਲੇਤਿ ਬਚਾਈ॥੨੦॥

ਤੁਰਕਾਂ ਨੇ ਫਿਰ ਸਾਰੇ ਸਿੰਘ ਘੇਰ ਕੇ ਕਤਲ ਕਰ ਦਿੱਤੇ, ਉਨ੍ਹਾਂ ਨੂੰ ਮਾਰ ਕੇ ਫਿਰ ਪਿਛਾਂਹ ਹਟ ਗਏ। ਏਧਰ ਸਤਿਗੁਰੂ ਜੀ ਨੂੰ ਖ਼ਬਰ ਪ੍ਰਾਪਤ ਨਾ ਹੋਈ, ਨਹੀਂ ਤਾਂ ਉਨ੍ਹਾਂ ਵਾਸਤੇ ਚੜ੍ਹਾਈ ਕਰਕੇ ਬਚਾ ਲੈਂਦੇ॥ ੨੦॥

ਪੁਨ ਰੁਕਿ ਗਏ ਨ ਮਾਰਗ ਪਾਯੋ। ਤੁਰਕਨਿ ਦਲ ਦੀਰਘ ਚਲਿ ਆਯੋ।
ਇਤ ਅਨੰਦਪੁਰਿ ਧਰਤਿ ਪ੍ਰਤੀਛਨ। ਨਹਿਂ ਆਏ ਤਬਿ ਕਰੇ ਨਿਰੀਛਨ ॥੨੧॥

ਫਿਰ ਰੁਕ ਗਏ, ਰਾਹ ਪ੍ਰਾਪਤ ਨਾ ਹੋਇਆ, ਤੁਰਕ ਦਲ ਵੱਡੀ ਗਿਣਤੀ ਵਿਚ ਚੜ੍ਹ ਕੇ ਆ ਗਿਆ। ਏਧਰ ਅਨੰਦਪੁਰ ਦੀ ਧਰਤੀ ਤੇ ਇੰਤਜ਼ਾਰ ਕਰ ਰਹੇ ਸਨ, ਜਦ ਵਾਪਸ ਨਾ ਆਏ ਤਾਂ ਉਨ੍ਹਾਂ ਨੇ ਨਿਰਣਾ ਕੀਤਾ॥ ੨੧॥

ਹੁਇ ਨਿਰਾਸ ਗੁਰ ਕੇ ਢਿਗ ਗਏ। ਸਕਲ ਬ੍ਰਿਤੰਤ ਬਤਾਵਤਿ ਭਏ।
'ਅਮੁਕੇ ਸਿੰਘ ਅੰਨ ਕੇ ਕਾਰਨ। ਗਏ ਹੁਤੇ ਮਿਲਿਗੇ ਰਿਪੁ ਦਾਰੁਨ॥ ੨੨॥

ਤਾਂ ਸਿੰਘ ਨਿਰਾਸ਼ ਹੋ ਕੇ ਗੁਰੂ ਜੀ ਪਾਸ ਗਏ ਤੇ ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਣਾਇਆ, "ਫਲਾਨੇ ਸਿੰਘ ਅਨਾਜ ਦੇ ਕਾਰਨ ਬਾਹਰ ਗਏ ਸਨ ਜਿਨ੍ਹਾਂ ਨੂੰ ਭਿਆਨਕ ਵੈਰੀ ਮਿਲ ਗਏ ਜਾਪਦੇ ਹਨ॥ ੨੨॥

ਘਾਟਾ ਰੋਕਿ ਸੰਘਾਰਨਿ ਕਰੇ। ਏਕ ਨ ਬਚਜੋ ਲਰੇ ਤਹਿਂ ਮਰੇ।
ਕ੍ਰਿਪਾ ਸਿੰਧੁ ਤਿਨ ਕੀ ਗਤਿ ਕਰੀਅਹਿ। ਸੇਵਕ ਲਖਿ ਨਿਜ ਬਿਰਦ ਬਿਚਰੀਅਹਿ' ॥੨੩॥

ਘਾਟਾ ਰੋਕ ਕੇ ਸਾਰੇ ਮਾਰ ਦਿੱਤੇ ਹਨ, ਇਕ ਵੀ ਨਹੀਂ ਬਚਿਆ, ਸਾਰੇ ਉਥੇ ਲੜ ਕੇ ਮਰ ਗਏ ਹਨ। ਹੇ ਕਿਰਪਾ ਦੇ ਸਾਗਰ! ਉਨ੍ਹਾਂ ਦੀ ਗਤੀ ਕਰੋ, ਸੇਵਕ ਜਾਣ ਕੇ ਆਪਣੇ ਦਿਆਲੂ ਬਿਰਦ ਬਾਰੇ ਵਿਚਾਰ ਕਰੋ" ॥ ੨੩॥

ਸੁਨਿ ਸ੍ਰੀ ਮੁਖ ਫੁਰਮਾਵਤਿ ਭਏ। 'ਬਿਨਾ ਹੁਕਮ ਤੇ ਵੈ ਕਜੋਂ ਗਏ।
ਬੂਝਤਿ ਹਮ ਕੋ ਪੁਨ ਵੈ ਜਾਤੇ। ਬਨਤਿ ਸਹਾਇਕ ਤਬਿ ਸਭਿ ਭਾਂਤੇ॥ ੨੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਹੁਕਮ ਤੋਂ ਬਗੈਰ ਉਹ ਕਿਉਂ ਗਏ ਹਨ, ਸਾਨੂੰ ਪੁੱਛਦੇ ਫਿਰ ਉਹ ਚਲੇ ਜਾਂਦੇ, ਫਿਰ ਸਭ ਪ੍ਰਕਾਰ ਅਸੀਂ ਉਨ੍ਹਾਂ ਦੇ ਸਹਾਇਕ ਬਣਦੇ॥ ੨੪॥

ਤਊ ਸਾਬਤੀ ਸੋਂ ਦੇ ਪ੍ਰਾਨ। ਕਰੋਂ ਪਲਤ ਮਹਿਂ ਬਹੁ ਕੱਲਜਾਨ।
ਜਹਿਂ ਸਤਿਸੰਗਤਿ ਬਾਸਹਿ ਮੇਰੀ। ਤਹਾਂ ਬਾਸ ਦੀਨਸਿ ਹਿਤ ਹੇਰੀ॥ ੨੫॥

ਫਿਰ ਵੀ ਸਾਬਤ ਦਿਲ ਨਾਲ ਉਨ੍ਹਾਂ ਨੇ ਪ੍ਰਾਣ ਦਿੱਤੇ ਹਨ, ਪਰਲੋਕ ਵਿਚ ਮੈਂ ਉਨ੍ਹਾਂ ਦਾ ਬਹੁਤ ਕਲਿਆਣ ਕਰਾਂਗਾ। ਜਿੱਥੇ ਮੇਰੀ ਸਤਿਸੰਗਤ ਵਸਦੀ ਹੈ, ਉਨ੍ਹਾਂ ਦਾ ਹਿਤ ਵੇਖ ਕੇ ਉਥੇ ਵਾਸਾ ਦੇਵਾਂਗਾ॥ ੨੫॥

ਮੁਕਤਿ ਸਮੀਪ ਦਈ ਸਭਿ ਹੀ ਕੋ। ਬਹੁਤ ਅਨੰਦ ਪਾਇਂ ਹਿਤ ਜੀ ਕੋ।
ਰਖਹਿਂ ਸਾਬਤੀ ਜੋ ਸਿਖ ਮੇਰੇ। ਦੇਹਿਂ ਪ੍ਰਾਨ ਨਹਿਂ ਲਾਵਤਿ ਦੇਰੇ॥ ੨੬॥

ਮੁਕਤੀ ਅਤੇ ਸਮੀਪਤਾ ਸਾਰਿਆਂ ਨੂੰ ਦਿੱਤੀ ਹੈ, ਉਹ ਆਪਣੀ ਮਨਮਰਜ਼ੀ ਦਾ ਅਨੰਦ ਪਾਉਣਗੇ। ਜਿਹੜੇ ਮੇਰੇ ਸਿੱਖ ਸਾਬਤ ਸਿਦਕ ਰੱਖਦੇ ਹਨ, ਉਹ ਪ੍ਰਾਣ ਦੇਣ ਲੱਗੇ ਦੇਰ ਨਹੀਂ ਕਰਦੇ ਹਨ॥ ੨੬॥

ਸਹਿਕਾਮੀ ਸਭਿ ਲੈ ਹੈਂ ਰਾਜ। ਭੋਗੈਂ ਭੂਅ ਕੋ ਸਕਲ ਸਮਾਜ।
ਪੁਨ ਸਤਿਸੰਗ ਕਰੈਂ ਭਵ ਤਰੈਂ। ਨਿਸ਼ਕਾਮੀ ਗਤਿ ਲੇ ਰਣ ਮਰੈਂ ॥ ੨੭॥

ਜਿਹੜੇ ਸਹਿਕਾਮੀ ਹਨ, ਉਹ ਸਾਰੇ ਰਾਜ ਲੈਣਗੇ, ਭੂਮੀ ਉੱਪਰ ਰਾਜ ਭੋਗਣਗੇ ਤੇ ਉਨ੍ਹਾਂ ਪਾਸ ਹਰ ਪ੍ਰਕਾਰ ਦਾ ਸਾਜ਼-ਸਾਮਾਨ ਅਤੇ ਧਨ ਦੌਲਤ ਹੋਵੇਗੀ। ਫਿਰ ਸਤਿਸੰਗ ਕਰਕੇ ਭਵਸਾਗਰ ਤਰ ਜਾਣਗੇ। ਨਿਸ਼ਕਾਮੀ ਜਿਹੜੇ ਯੁੱਧ ਵਿਚ ਸ਼ਹੀਦ ਹੋਣਗੇ, ਉਹ ਮੁਕਤੀ ਪ੍ਰਾਪਤ ਕਰਨਗੇ" ॥ ੨੭॥

ਇੱਤਜਾਦਿਕ ਕਹਿ ਤੂਸ਼ਨਿ ਹੋਏ। ਛੁਧਿਤਿ ਸੁਭਟ ਰਹਿਂ ਪੁਰਿ ਸਭਿ ਕੋਏ।
ਆਦਿ ਪ੍ਰਸਾਦੀ ਹਾਥੀ ਖਰੇ। ਲਾਖਹੁਂ ਧਨ ਕੇ ਹਯ ਛੁਧ ਮਰੇ॥ ੨੮॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਚੁੱਪ ਹੋ ਗਏ, ਨਗਰ ਵਿਚ ਸਾਰੇ ਸੂਰਬੀਰ ਭੁੱਖੇ ਹੀ ਰਹਿੰਦੇ ਸਨ। ਪ੍ਰਸਾਦੀ ਹਾਥੀ ਆਦਿ ਖੜੇ ਸਨ। ਲੱਖਾਂ ਦਾ ਧਨ ਖਰਚ ਕੇ ਖਰੀਦੇ ਹੋਏ ਘੋੜੇ ਭੁੱਖੇ ਮਰ ਗਏ ਸਨ॥ ੨੮॥

ਐਸੋ ਕਛੂ ਸ੍ਵਾਂਗ ਵਰਤਾਯੋ। ਪਰਖਯੋ ਸਿਦਕ ਜਿਨਹੁਂ ਠਹਿਰਾਯੋ।
ਇਕ ਗੁਰ ਦਰਸ਼ਨ ਕੇਰ ਅਧਾਰ। ਕਟ ਕਸਿ ਸਿੰਘ ਰਹੈਂ ਹੁਸ਼ਿਯਾਰ॥ ੨੯॥

ਗੁਰੂ ਜੀ ਨੇ ਐਸਾ ਕੁਝ ਸਾਂਗ ਵਰਤਾਇਆ ਸੀ, ਜਿਹੜੇ ਸਿੱਖਾਂ ਦਾ ਸਿਦਕ ਪਰਖ ਰਹੇ ਸਨ। ਇਕ ਗੁਰੂ ਜੀ ਦੇ ਦਰਸ਼ਨਾਂ ਦਾ ਆਧਾਰ ਸੀ। ਕਮਰਕੱਸੇ ਕੱਸ ਕੇ ਸਿੰਘ ਹਰ ਵੇਲੇ ਹੁਸ਼ਿਆਰ ਰਹਿੰਦੇ ਸਨ॥ ੨੯॥

ਕਬਿ ਕਬਿ ਪਾਉ ਅੰਨ ਕੋ ਖਾਵੈਂ। ਪਠਿ ਬਾਨੀ ਸਤਿਨਾਮ ਧਿਆਵੈਂ।
ਏਕ ਰਜਤਪਣ ਸੇਰ ਬਿਕੰਤਾ। ਸੋ ਭੀ ਖੋਜਤਿ ਕਹੂੰ ਲਭੰਤਾ॥ ੩੦॥

ਕਦੀ-ਕਦੀ ਪਾਉ ਅੰਨ ਖਾਂਦੇ ਸਨ, ਬਾਣੀ ਪੜ੍ਹ ਕੇ ਸਤਿਨਾਮ ਦਾ ਸਿਮਰਨ ਕਰਦੇ ਸਨ। ਇਕ ਰੁਪਏ ਸੇਰ ਅਨਾਜ ਵਿਕਦਾ ਸੀ, ਉਹ ਵੀ ਬੜੀ ਖੋਜ ਕਰਨ ਤੇ ਕਿਸੇ ਪਾਸੋਂ ਮਿਲਦਾ ਸੀ॥ ੩੦॥

ਲਾਖਹੁਂ ਕੇ ਹਯ ਖਰੇ ਤਬੇਲੇ। ਖਾਇਂ ਮਲੀਦਾ ਸਦਾ ਮਹੇਲੇ।
ਤਿਨ ਕੋ ਦੇਤਿ ਨਹੀਂ ਬਹੁ ਖਾਨੇ। ਦੁਰਬਲ ਹੋਏ ਮਾਸ ਸੁਕਾਨੇ॥ ੩੧॥

ਲੱਖਾਂ ਦੇ ਘੋੜੇ ਤਬੇਲੇ ਵਿਚ ਖੜੇ ਸਨ, ਉਹ ਨਿਹਾਰੀਆਂ ਖਾਂਦੇ ਸਨ, ਜਿਹੜੀਆਂ ਗੁੜ, ਛੋਲਿਆਂ ਦਾ ਆਟਾ ਆਦਿ ਮਿਲ ਕੇ ਬਣਦੀਆਂ ਸਨ। ਉਨ੍ਹਾਂ ਨੂੰ ਹੁਣ ਖਾਣ ਨੂੰ ਕੁਝ ਵੀ ਨਹੀਂ ਦਿੰਦੇ ਸਨ, ਉਹ ਘੋੜੇ ਹੁਣ ਦੁਰਬਲ ਹੋ ਕੇ ਸੁੱਕ ਗਏ ਸਨ॥ ੩੧॥

ਤਿਮ ਹਾਥੀ ਜਿਨ ਕੀਮਤਿ ਨਾਂਹਿ। ਲਾਖਹੁਂ ਖਰਚੈਂ ਤਊ ਨ ਪਾਹਿਂ।
ਤ੍ਰਿਣ ਦਾਨੇ ਬਿਨ ਸੂਕਤਿ ਖਰੇ। ਤਿਨ ਕੇ ਦਾਸ ਛੁਧਾ ਦੁਖ ਭਰੇ॥ ੩੨॥

ਉਸ ਪ੍ਰਕਾਰ ਹੀ ਹਾਥੀਆਂ ਦਾ ਹਾਲ ਸੀ, ਜਿਨ੍ਹਾਂ ਦੀ ਕੀਮਤ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ। ਲੱਖਾਂ ਰੁਪਏ ਖਰਚ ਕੇ ਵੀ ਉਹ ਪ੍ਰਾਪਤ ਨਹੀਂ ਸੀ ਹੁੰਦੇ। ਘਾਹ ਦਾਣੇ ਬਗੈਰ ਉਹ ਵੀ ਸੁੱਕੇ ਹੋਏ ਖੜੇ ਸਨ, ਉਨ੍ਹਾਂ ਦੇ ਸੇਵਕ ਭੁੱਖੇ ਰਹਿ ਰਹਿ ਦੁੱਖ ਬਰਦਾਸ਼ਤ ਕਰ ਰਹੇ ਸਨ॥ ੩੨॥

ਅਤਿ ਸੂਖਮ ਜਿਨ ਭਏ ਸਰੀਰ। ਧਰਹਿਂ ਕਹਾਂ ਲਗਿ ਭੂਖੇ ਧੀਰ।
ਸਗਰੇ ਸਿੰਘਨ ਕੀ ਗਤਿ ਤੈਸੇ। ਛੁਧਾ ਕਸ਼ਟ ਸਭਿ ਕੋ ਇਕ ਜੈਸੇ॥ ੩੩॥

ਅਤੀ ਸੂਖਮ ਜਿਨ੍ਹਾਂ ਦੇ ਸਰੀਰ ਹਨ, ਉਹ ਭੁੱਖੇ ਕਿਥੋਂ ਤਕ ਧੀਰਜ ਧਾਰ ਸਕਦੇ ਸਨ। ਸਾਰੇ ਸਿੰਘਾਂ ਦੀ ਤੈਸੀ ਗਤੀ ਸੀ, ਭੁੱਖ ਦਾ ਕਸ਼ਟ ਸਾਰਿਆਂ ਨੂੰ ਇਕ ਜੈਸਾ ਹੀ ਸੀ॥ ੩੩॥

ਕੇਤਿਕ ਦਿਨ ਇਮ ਛੁਧਤਿ ਬਿਤਾਏ। ਏਕ ਸਮੈ ਚਲਿ ਕਰਿ ਤਹਿਂ ਆਏ।
ਖਾਸ ਤੁਰੰਗ ਮਤੰਗ ਤਵੇਲਾ। ਜਿਨ ਪਰ ਬੀਤਯੋ ਕਾਲ ਦੁਹੇਲਾ॥ ੩੪॥

ਕਈ ਦਿਨ ਇਸ ਪ੍ਰਕਾਰ ਭੁੱਖਿਆਂ ਬਤੀਤ ਕੀਤੇ, ਇਕ ਸਮੇਂ ਗੁਰੂ ਜੀ ਉਥੇ ਚਲ ਕੇ ਆਏ, ਜਿਹੜਾ ਘੋੜਿਆਂ ਅਤੇ ਹਾਥੀਆਂ ਦਾ ਖਾਸ ਤਬੇਲਾ ਸੀ, ਜਿਨ੍ਹਾਂ ਉੱਤੇ ਕਾਲ ਦਾ ਵੱਡਾ ਦੁਖ ਛਾਇਆ ਹੋਇਆ ਸੀ॥ ੩੪॥

ਜਬੈ ਹਯਨਿ ਮਹਿਂ ਗਏ ਗੁਸਾਈਂ। ਹੇਰਿ ਹੇਰਿ ਹਹਿਰਤਿ ਹਿਹਨਾਈ।
ਧਰ ਪਰ ਖੁਰ ਹਤਿ ਸ਼ਬਦ ਉਠਾਵੈਂ। ਗਜ ਫੁੰਕਾਰਤਿ ਸੁੰਡ ਭ੍ਰਮਾਵੈਂ॥ ੩੫॥

ਜਦ ਸਤਿਗੁਰੂ ਜੀ ਘੋੜਿਆਂ ਵਿਚ ਗਏ ਤਾਂ ਵੇਖ-ਵੇਖ ਕੇ ਘੋੜੇ ਹਿਣਕਦੇ ਸਨ। ਧਰਤੀ ਉੱਤੇ ਖੁਰ ਮਾਰ ਕੇ ਆਵਾਜ਼ ਪੈਦਾ ਕਰਦੇ ਸਨ। ਹਾਥੀ ਫੁੰਕਾਰੇ ਮਾਰਦੇ ਸਨ ਤੇ ਸੁੰਡ ਭਵਾਉਂਦੇ ਸਨ॥ ੩੫॥

ਤਿਨ ਕੇ ਸੇਵਕ ਦੁਇ ਕਰ ਜੋਰਿ। ਬਿਨੈ ਕਰੀ ਲਹਿ ਛੁਧਿ ਦੁਖ ਘੋਰ।
'ਸ੍ਰੀ ਪ੍ਰਭੁ ਜੀ! ਅਬਿ ਹ੍ਵੈਂ ਹਤਿ ਪ੍ਰਾਨ। ਬਿਨਾ ਅੰਨ ਤੇ ਜੀਵਨ ਹਾਨ॥ ੩੬॥

ਉਨ੍ਹਾਂ ਦੇ ਸੇਵਕਾਂ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਜਿਹੜੇ ਭੁੱਖ ਕਰਕੇ ਘੋਰ ਦੁੱਖ ਬਰਦਾਸ਼ਤ ਕਰ ਰਹੇ ਸਨ, "ਹੇ ਸ੍ਰੀ ਪ੍ਰਭੂ ਜੀ! ਹੁਣ ਇਹ ਪ੍ਰਾਣ ਗਵਾ ਬਹਿਣਗੇ, ਅਨਾਜ ਤੋਂ ਬਗੈਰ ਇਨ੍ਹਾਂ ਦਾ ਜੀਵਨ ਨਾਸ਼ ਹੋ ਜਾਵੇਗਾ॥ ੩੬॥

ਭੋਜਨ ਦੇਹੁ ਕਿ ਦਿਹੁ ਸੰਤੋਸ਼ਾ। ਜਿਸ ਤੇ ਹਮ ਕੋ ਹੋਇ ਭਰੋਸਾ।
ਆਪ ਕ੍ਰਿਪਾਲ ਕਰਹੁ ਪ੍ਰਭੁ ਕਰੁਨਾ। ਨਰ ਘੇਰੇ ਮਹਿਂ ਸਭਿ ਤੁਮ ਸ਼ਰਨਾ॥ ੩੭॥

ਭੋਜਨ ਦੇਵੋ ਜਾਂ ਇਨ੍ਹਾਂ ਨੂੰ ਸੰਤੋਖ ਦੇਵੋ, ਜਿਸ ਕਰਕੇ ਸਾਨੂੰ ਭਰੋਸਾ ਹੋਵੇ, ਆਪ ਕ੍ਰਿਪਾਲ ਹੋ, ਇਸ ਕਰਕੇ ਪ੍ਰਭੂ ਜੀ ਕਿਰਪਾ ਕਰੋ, ਇਸ ਮਨੁੱਖੀ ਘੇਰੇ ਵਿਚ ਸਭ ਤੁਹਾਡੀ ਸ਼ਰਨ ਵਿਚ ਹਨ॥ ੩੭॥

ਹਾਡ ਚਾਮ ਕੇ ਤਨ ਬਨਿ ਰਹੇ। ਬਲ ਪਲ ਰਕਤ ਨ ਰੰਚਕ ਅਹੇ।
ਸਹੈਂ ਕਹਾਂ ਲਗਿ ਸੰਕਟ ਏਤ। ਚਹੀਏ ਨਿੱਤ ਜੁ ਖੈਬੇ ਹੇਤ'॥ ੩੮॥

ਹੱਡੀਆਂ ਅਤੇ ਚੰਮ ਦੇ ਇਹ ਸਰੀਰ ਬਣੇ ਹਨ, ਸ਼ਕਤੀ, ਮਾਸ ਅਤੇ ਲਹੂ ਰੰਚਕ ਭਰ ਵੀ ਨਹੀਂ ਰਿਹਾ ਹੈ। ਏਨਾ ਸੰਕਟ ਕਦ ਤਕ ਬਰਦਾਸ਼ਤ ਕਰਾਂਗੇ, ਜਿਹੜਾ ਨਿਤ ਖਾਂਦੇ ਹਾਂ, ਉਹ ਪ੍ਰਾਪਤ ਹੋਣਾ ਚਾਹੀਦਾ ਹੈ"॥ ੩੮॥

ਸੁਨਿ ਸਭਿ ਤੇ ਅਨਸੁਨ ਹੀ ਕੀਨਿ। ਬ੍ਰਿਤੀ ਉਦਾਸ ਨ ਉੱਤਰ ਦੀਨ।
ਦ੍ਰਿਸ਼ਟਿ ਬਿਖੈ ਕਰਿ ਸਭਿ ਇਕ ਸਾਰੀ। ਗਏ ਬਹੁਰ ਤੂਸ਼ਨ ਮੁਖ ਧਾਰੀ॥ ੩੯॥

ਗੁਰੂ ਜੀ ਨੇ ਸਭ ਪਾਸੋਂ ਸੁਣ ਕੇ ਅਣਸੁਣੀ ਹੀ ਕੀਤੀ, ਉਦਾਸ ਬ੍ਰਿਤੀ ਹੋਣ ਕਰਕੇ ਕੋਈ ਵੀ ਉੱਤਰ ਨਾ ਦਿੱਤਾ। ਦ੍ਰਿਸ਼ਟੀ ਵਿਚ ਭਵਿੱਖ ਨੂੰ ਇਕ ਸਾਰ ਕਰਕੇ, ਫਿਰ ਮੁਖ ਵਿਚ ਚੁਪ ਧਾਰ ਕੇ ਚਲੇ ਗਏ॥ ੩੯॥

ਸ਼੍ਰੋਤਾ ਸੁਨਹੁ ਕਹਤਿ ਬ੍ਰਿਧ ਭਾਈ। ਕਿਤ ਮਗ ਮੈਂ ਪਹੁੰਚਜੋ ਤਹਿਂ ਜਾਈ।
ਦਰਸ਼ਨ ਕਰਿ ਪਦ ਟੇਕਜੋ ਮਾਥਾ। ਖੁਸ਼ੀ ਕਰੀ ਬਹੁ ਸ੍ਰੀ ਗੁਰ ਨਾਥਾ॥ ੪੦॥

ਇਹ ਸ੍ਰੋਤਾ ਗਨ ਸੁਣੋ, ਭਾਈ ਰਾਮ ਕੁਇਰ ਸਾਹਿਬ ਜੀ ਕਹਿੰਦੇ ਹਨ ਕਿ ਮੈਂ ਕੋਈ ਰਸਤਾ ਪਾ ਕੇ ਉਥੇ ਅਨੰਦਪੁਰ ਘੇਰੇ ਵਿਚ ਜਾ ਪਹੁੰਚਾ। ਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ। ਗੁਰੂ ਨਾਥ ਜੀ ਨੇ ਮੇਰੇ ਉੱਤੇ ਬਹੁਤ ਖੁਸ਼ੀ ਕੀਤੀ॥ ੪੦॥

ਬਹੁਰ ਜਾਇ ਮੈਂ ਡੇਰਾ ਕਰਜੋ। ਸਰਬ ਦੁਰਗ ਸਿੰਘਨਿ ਸੁਨਿ ਪਰਜੋ।
ਮਿਲਿਕੈ ਸਭਿ ਆਏ ਮੁਝ ਪਾਸ। ਮਹਾਂ ਛੁਧਾਤੁਰ ਜਿਯਨ ਨ ਆਸ॥ ੪੧॥

ਫਿਰ ਜਾ ਕੇ ਮੈਂ ਡੇਰਾ ਕੀਤਾ। ਸਾਰੇ ਕਿਲ੍ਹੇ ਵਿਚ ਸਿੰਘਾਂ ਨੇ ਮੇਰੇ ਬਾਰੇ ਸੁਣ ਲਿਆ। ਸਾਰੇ ਮਿਲ ਕੇ ਮੇਰੇ ਪਾਸ ਆਏ, ਸਾਰੇ ਬਹੁਤ ਭੁੱਖੇ ਸਨ ਤੇ ਜੀਵਨ ਦੀ ਕੋਈ ਆਸ ਨਹੀਂ ਸੀ॥ ੪੧॥

ਕਹਜੋ ਸਭਿਨਿ 'ਸਤਿਗੁਰ ਕੇ ਪਾਸ। ਚਲਿਕੈ ਆਪ ਕਰਹੁ ਅਰਦਾਸ।
ਸਾਥ ਸੁਖੀ ਰਖਿ ਰਿਪੁ ਕੋ ਮਾਰਨ। ਇਹ ਕੀਨਸਿ ਉਪਦੇਸ਼ ਉਚਾਰਨਿ॥ ੪੨॥

ਸਾਰਿਆਂ ਨੇ ਕਿਹਾ, "ਸਤਿਗੁਰੂ ਜੀ ਦੇ ਪਾਸ ਆਪ ਜੀ ਚਲ ਕੇ ਅਰਦਾਸ ਕਰੋ। ਸਾਥੀਆਂ ਨੂੰ ਸੁਖੀ ਰੱਖ ਕੇ ਵੈਰੀਆਂ ਨੂੰ ਮਾਰਨਾ ਹੈ, ਇਹ ਉਪਦੇਸ਼ ਉਚਾਰਨ ਕਰੋ॥ ੪੨॥

ਸੋ ਅਬਿ ਸਮਾ ਆਪ ਪ੍ਰਭੁ ਕਰੀਏ। ਮਰਤਿ ਸਭਿਨਿ ਕੇ ਪ੍ਰਾਨ ਉਬਰੀਏ।
ਦੇਹੁ ਅੰਨ ਜਿਸ ਤੇ ਬਚਿ ਰਹੈਂ। ਨਹੀਂ ਛੁਧਾ ਕੇ ਸੰਕਟ ਸਹੈਂ'॥ ੪੩॥

ਸੋ ਸਮਾਂ ਹੁਣ ਪ੍ਰਭੂ ਜੀ ਕਰੋ, ਸਾਰਿਆਂ ਦੇ ਮਰਨ ਤੋਂ ਪ੍ਰਾਣ ਬਚਾਈਏ। ਇਨ੍ਹਾਂ ਨੂੰ ਅਨਾਜ ਦੇਵੋ, ਜਿਸ ਕਾਰਨ ਬਚੇ ਰਹਿਣ, ਨਹੀਂ ਤਾਂ ਭੁੱਖ ਕਰਕੇ ਬਹੁਤ ਸੰਕਟ ਪਾਉਣਗੇ"॥ ੪੩॥

ਸਭਿ ਕੀ ਗਤਿ ਜੁਤਿ ਕਸ਼ਟ ਨਿਹਾਰੀ। ਜਥਾ ਕ੍ਰਿਖੀ ਸੂਕਤਿ ਬਿਨ ਬਾਰੀ।
ਇਕ ਦਿਨ ਬੀਚ ਪਾਇ, ਗੁਰ ਪਾਸ। ਸਭਿ ਦਿਸ਼ ਤੇ ਕੀਨਸਿ ਅਰਦਾਸ॥੪੪॥

ਸਾਰਿਆਂ ਦੀ ਹਾਲਤ ਕਸ਼ਟ ਸਹਿਤ ਵੇਖੀ, ਜਿਵੇਂ ਫਸਲ ਪਾਣੀ ਤੋਂ ਬਗੈਰ ਸੁੱਕ ਰਹੀ ਹੋਵੇ। ਮੈਂ ਇਕ ਦਿਨ ਦਾ ਫਰਕ ਪਾ ਕੇ, ਗੁਰੂ ਜੀ ਦੇ ਪਾਸ ਗਿਆ ਤੇ ਸਾਰਿਆਂ ਵਲੋਂ ਅਰਦਾਸ ਕੀਤੀ॥ ੪੪॥

'ਹਾਥ ਜੋਰਿ ਮੈਂ ਕਹੌਂ ਬ੍ਰਿਤੰਤ। ਸੁਨੀਏ ਪ੍ਰਭੁ ਮਾਲਕ ਭਗਵੰਤ!।
ਨਿਜ ਕੁਟੰਬ ਕੀ ਸੁਧਿ ਨਹਿੰ ਲੇਤਿ। ਜਿਨ ਕੋ ਆਇ ਪੁਜਜੋ ਮ੍ਰਿਤੁ ਹੇਤ॥੪੫॥

"ਹੱਥ ਜੋੜ ਕੇ ਮੈਂ ਬੇਨਤੀ ਕਰਦਾ ਹਾਂ, ਹੇ ਮਾਲਕ ਭਗਵੰਤ, ਪ੍ਰਭੂ ਜੀ! ਸੁਣੋ, ਆਪਣੇ ਪਰਿਵਾਰ ਦੀ ਖ਼ਬਰ ਨਹੀਂ ਲੈਂਦੇ ਹੋ, ਜਿਨ੍ਹਾਂ ਦੀ ਮਿਰਤੂ ਨੇੜੇ ਆ ਪੁੱਜੀ ਹੈ॥ ੪੫॥

ਬਿਨ ਭੋਜਨ ਇਕ ਦਿਨ ਬਿਤਵਾਇ। ਪ੍ਰਾਨੀ ਕੀ ਸੁਧਿ ਬੁਧਿ ਸਭਿ ਜਾਇ।
ਬੀਤਜੋ ਮਾਸ ਛੁਧਿਤਿ ਹੀ ਰਹਿਤੇ। ਨਹੀਂ ਪਾਉ ਭੀ ਇਕ ਦਿਨ ਲਹਿਤੇ॥੪੬॥

ਭੋਜਨ ਤੋਂ ਬਗੈਰ ਇਕ ਦਿਨ ਬਤੀਤ ਕਰਨ ਨਾਲ, ਪ੍ਰਾਣੀ ਦੀ ਸਾਰੀ ਸੁੱਧ ਬੁੱਧ ਚਲੀ ਜਾਂਦੀ ਹੈ। ਭੁੱਖੇ ਰਹਿ ਕੇ ਇਕ ਮਹੀਨਾ ਬੀਤ ਗਿਆ ਹੈ, ਪਾਉ ਰਾਸ਼ਨ ਵੀ ਇਕ ਦਿਨ ਵਿਚ ਨਹੀਂ ਮਿਲਦਾ ਹੈ॥ ੪੬॥

ਕਸਿ ਕਟ ਬਹੁਰੋ ਜੰਗ ਕਰੰਤੇ। ਬਿਨ ਅਧਾਰ ਯਾਂ ਤੇ ਬਿਸਮੰਤੇ।
ਰਾਤਿ ਸਕਲ ਮਹਿੰ ਜਾਗ੍ਰਨ ਕਰੈਂ। ਬੈਠਿ ਮੋਰਚਨਿ ਦਿਨ ਮਹਿੰ ਲਰੈਂ॥੪੭॥

ਕਮਰਕੱਸੇ ਕੱਸੇ ਹੋਏ ਹਨ ਤੇ ਫਿਰ ਜੰਗ ਕਰਦੇ ਹਨ, ਅਧਾਰ ਤੋਂ ਬਗੈਰ ਹਨ, ਇਸ ਕਰਕੇ ਅਰਾਮ ਪ੍ਰਾਪਤ ਨਹੀਂ ਕਰਦੇ ਹਨ। ਸਾਰੀ ਰਾਤ ਜਾਗਦੇ ਰਹਿੰਦੇ ਹਨ, ਰਾਤ ਮੋਰਚਿਆਂ ਵਿਚ ਬੈਠੇ ਰਹਿੰਦੇ ਹਨ, ਦਿਨ ਸਮੇਂ ਫਿਰ ਲੜਦੇ ਹਨ॥ ੪੭॥

ਬਾਰਨ, ਬਾਜੀ, ਬੀਰ ਬਿਸਾਲੇ। ਸਰਬ ਭਾਂਤ ਕੇ ਸੇਵਕ ਜਾਲੇ।
ਦਰਸ ਆਪ ਕੋ, ਇਸੀ ਭਰੋਸੇ। ਬੀਤਹਿ ਸਭਿ ਦਿਨ ਧਰਿ ਸੰਤੋਸ਼ੇ॥ ੪੮॥

ਹਾਥੀ, ਘੋੜੇ, ਵਿਸ਼ਾਲ ਸੂਰਬੀਰ ਹਨ, ਸਰਬ ਪ੍ਰਕਾਰ ਦੇ ਜਿਹੜੇ ਸੇਵਕਾਂ ਦੇ ਸਮੂਹ ਹਨ। ਆਪ ਜੀ ਦੇ ਦਰਸ਼ਨਾਂ ਦੇ ਭਰੋਸੇ ਰਹਿੰਦੇ ਹਨ, ਉਹ ਸਾਰਾ ਦਿਨ ਸੰਤੋਖ ਧਾਰ ਕੇ ਬਤੀਤ ਕਰਦੇ ਹਨ॥ ੪੮॥

ਜੀਵਨ ਹੇਤੁ ਅਪਰ ਨਹਿੰ ਜਾਨਾ। ਧਜਾਨ ਆਪ ਕੋ ਜਾਇ ਨ ਪ੍ਰਾਨਾ।
ਸਭਿ ਅਲਪੱਗਜ ਕਹਾਂ ਗਤਿ ਜਾਨੈਂ। ਲਖਹੁ ਆਪ ਹੀ ਜੋ ਕ੍ਰਿਤ ਠਾਨੈਂ॥੪੯॥

ਜੀਵਨ ਵਾਸਤੇ ਹੋਰ ਕੁਝ ਨਹੀਂ ਜਾਣਿਆ ਹੈ, ਆਪ ਜੀ ਦਾ ਧਿਆਨ ਧਾਰਨ ਕਰਕੇ, ਪ੍ਰਾਣ ਨਹੀਂ ਜਾਂਦੇ ਹਨ। ਸਾਰੇ ਛੋਟੀ ਬੁੱਧੀ ਵਾਲੇ ਹਨ, ਇਸ ਕਰਕੇ ਗਤੀ ਨਹੀਂ ਜਾਣਦੇ ਹਨ, ਆਪ ਹੀ ਸਮਝੋ ਜਿਹੜੀ ਕਿਰਤ ਆਪ ਜੀ ਧਾਰ ਰਹੇ ਹੋ॥ ੪੯॥

ਅਬਿ ਮਰਿਬੇ ਮਹਿਂ ਦੇਰ ਨ ਕੋਈ। ਬੋਲ ਸਕਹਿਂ ਨਹਿਂ ਬਿਹਬਲ ਹੋਈ।
ਚਹੁੰ ਓਰ ਤੁਰਕਨਿ ਕੋ ਘੇਰਾ। ਯਾਂਤੇ ਸਭਿ ਕੋ ਕਸ਼ਟ ਬਡੇਰਾ ॥੫੦॥

ਹੁਣ ਮਰਨ ਵਿਚ ਕੋਈ ਦੇਰ ਨਹੀਂ ਹੈ, ਉਹ ਬਿਹਬਲ ਹੋਏ ਬੋਲ ਵੀ ਨਹੀਂ ਸਕਦੇ ਹਨ। ਚਾਰੇ ਪਾਸੇ ਤੁਰਕਾਂ ਦਾ ਘੇਰਾ ਹੈ, ਇਸ ਕਰਕੇ ਸਭ ਨੂੰ ਵੱਡਾ ਕਸ਼ਟ ਹੈ'' ॥ ੫੦ ॥

*ਛੇਵੀਂ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ ॥ ੨੩ ॥*

## *ਅਧਿਆਇ ਚੌਵੀਵਾਂ*

### *ਇਕ ਸਿੱਖ ਨੇ ਪਾਰਸ ਭੇਟਾ ਕੀਤਾ*

*ਦੋਹਰਾ-* ਸੁਨਿ ਕਰਿ ਬਿਨੈ ਜੁ ਮੈਂ ਕਹੀ ਕ੍ਰਿਪਾ ਨਿਧਾਨ ਸੁਜਾਨ।
ਦੇਨਿ ਲਗੇ ਪੁਨ ਅੰਨ ਕੋ ਪਰਖੇ ਸਿੰਘ ਮਹਾਨ ॥ ੧ ॥

ਮੇਰੀ ਬੇਨਤੀ ਸੁਣ ਕੇ ਜਿਹੜੀ ਮੈਂ ਕਿਰਪਾ ਨਿਧਾਨ ਸਤਿਗੁਰੂ ਜੀ ਨੂੰ ਕਹੀ ਸੀ, ਸਤਿਗੁਰੂ ਜੀ ਫਿਰ ਆਪਣੇ ਸਿੰਘਾਂ ਨੂੰ ਅਨਾਜ ਦੇਣ ਲੱਗੇ, ਜਿਨ੍ਹਾਂ ਸਿੰਘਾਂ ਨੂੰ ਉਨ੍ਹਾਂ ਹਰ ਪ੍ਰਕਾਰ ਪਰਖ ਲਿਆ ਸੀ ॥੧॥

*ਚੌਪਈ-* ਦੇ ਕਰਿ ਕਸ਼ਟ ਸ਼ੁੱਧ ਉਰ ਕਰੇ। ਉਚਿਤ ਮਹਾਂ ਸੁਖ ਕੋ ਉਰ ਧਰੇ।
ਤ੍ਰਿਪਤਿ ਭਏ ਸਭਿ ਪਾਇ ਅਹਾਰਾ। ਗਜ ਬਾਜੀਨਿ ਦੀਨਿ ਤਬਿ ਚਾਰਾ ॥੨॥

ਉਨ੍ਹਾਂ ਨੂੰ ਕਸ਼ਟ ਦੇ ਕੇ ਉਨ੍ਹਾਂ ਦੇ ਹਿਰਦੇ ਸ਼ੁੱਧ ਕੀਤੇ ਸਨ, ਉਨ੍ਹਾਂ ਨੇ ਉਚਿਤ ਮਹਾਂ ਸੁਖ ਹਿਰਦੇ ਵਿਚ ਧਾਰਨ ਕੀਤਾ। ਭੋਜਨ ਪਾ ਕੇ ਸਾਰੇ ਤ੍ਰਿਪਤ ਹੋ ਗਏ, ਫਿਰ ਹਾਥੀਆਂ ਘੋੜਿਆਂ ਨੂੰ ਵੀ ਚਾਰਾ ਦਿੱਤਾ ॥ ੨ ॥

ਜੇ ਮਰਿ ਗਏ ਗੁਰੂ ਪੁਰਿ ਬਸੇ। ਜੀਵਤਿ ਲਰਤਿ ਫਿਰਤਿ ਕਟ ਕਸੇ।
ਕੇਤਿਕ ਦਿਵਸ ਬਿਤੇ ਸੁਖ ਪਾਈ। ਕਿਸੂ ਦੇਸ਼ ਤੇ ਸੰਗਤਿ ਆਈ ॥ ੩ ॥

ਜਿਹੜੇ ਮਰ ਗਏ ਉਹ ਗੁਰੂ ਜੀ ਦੀ ਪੁਰੀ ਵਿਚ ਜਾ ਵੱਸੇ, ਜਿਹੜੇ ਜੀਉਂਦੇ ਸਨ ਉਹ ਕਮਰਕੱਸੇ ਕਰਕੇ ਲੜਦੇ ਫਿਰਦੇ ਸਨ। ਕਈ ਦਿਨ ਬਤੀਤ ਕਰਨ ਤੋਂ ਬਾਅਦ ਸੁਖ ਪਾ ਕੇ, ਕਿਸੇ ਦੇਸ਼ ਤੋਂ ਸੰਗਤ ਆਈ ॥ ੩ ॥

ਘੇਰਾ ਹੇਰਿ ਠਠਕ ਹਿਯ ਰਹੇ। ਜਤਨ ਰਚਹਿਂ ਕਿਮ ਗੁਰਮੁਖਿ ਲਹੇ।
ਘਾਤ ਪਾਇ ਕਿਸ ਨੂੰ ਧਨ ਦੀਨੋ। ਅੰਤਰਿ ਜਾਇ ਪ੍ਰਵੇਸ਼ਨ ਕੀਨੋ ॥ ੪ ॥

ਘੇਰਾ ਵੇਖ ਕੇ ਉਹ ਰੁਕੇ ਰਹੇ, ਬਹੁਤ ਯਤਨ ਕਰਦੇ ਰਹੇ ਕਿ ਕਿਸੇ ਪ੍ਰਕਾਰ ਗੁਰੂ ਜੀ ਦੇ ਮੁਖ ਦੇ ਦਰਸ਼ਨ ਹੋ ਸਕਣ। ਮੌਕਾ ਪਾ ਕੇ ਕਿਸੇ ਨੂੰ ਧਨ ਦਿੱਤਾ ਤੇ ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰ ਗਏ ॥ ੪ ॥

ਸਤਿਗੁਰ ਕੇ ਦਰਸ਼ਨ ਸੁਖੁ ਪਾਇ। ਭਾਂਤਿ ਭਾਂਤਿ ਕੀ ਭੇਟ ਚਢਾਇ।
ਏਕ ਸਿਖ ਤਿਨ ਮਹਿਂ ਗੁਨਵੰਤਾ। ਪਾਰਸ ਪਾਸ ਛੁਪਾਇ ਰਖੰਤਾ ॥ ੫ ॥

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਦੇ ਸਨ ਤੇ ਭਾਂਤ-ਭਾਂਤ ਦੀਆਂ ਭੇਟਾਂ ਅਰਪਣ ਕਰਦੇ ਸਨ। ਉਨ੍ਹਾਂ ਵਿਚ ਇਕ ਸਿੱਖ ਵੱਡਾ ਗੁਣਵਾਨ ਸੀ। ਉਹ ਆਪਣੇ ਪਾਸ ਪਾਰਸ ਛੁਪਾ ਕੇ ਰੱਖਦਾ ਸੀ ॥ ੫ ॥

ਤੁਰਕ ਆਦਿ ਜੇ ਅਪਰ ਨਰੇਸ਼ਾ। ਤਿਨ ਤੇ ਧਾਰਹਿ ਤ੍ਰਾਸ ਵਿਸ਼ੇਖਾ।
ਦੇਖਿ ਦਸ਼ਾ ਤਹਿਂ ਸਿੰਘਨਿ ਕੇਰੀ। ਨਿਖੁਟੀ ਸਕਲ ਵਸਤੁ ਇਸ ਬੇਰੀ॥ ੬॥

ਤੁਰਕ ਆਦਿ ਜਿਹੜੇ ਹੋਰ ਰਾਜੇ ਸਨ, ਉਨ੍ਹਾਂ ਪਾਸੋਂ ਉਹ ਬਹੁਤ ਡਰ ਧਾਰਨ ਕਰਦਾ ਸੀ। ਉਸ ਨੇ ਸਿੰਘਾਂ ਦੀ ਹਾਲਤ ਵੇਖੀ। ਇਸ ਸਮੇਂ ਸਾਰੀਆਂ ਵਸਤਾਂ ਖਤਮ ਹੋ ਚੁਕੀਆਂ ਸਨ॥ ੬॥

ਸਭਿ ਹੀ ਕਸ਼ਟ ਪਾਇ ਕਰਿ ਰਹੇ। ਮਨ ਭਾਵਤਿ ਭੋਜਨ ਨਹਿਂ ਲਹੇ।
ਇਹ ਪਾਰਸ ਮੈਂ ਗੁਰ ਕੋ ਦੈ ਕੈ। ਦਾਰਿਦ ਸਕਲ ਬਿਨਾਸ਼ੀ ਕੈ ਕੈ॥ ੭॥

ਸਾਰੇ ਹੀ ਕਸ਼ਟ ਪਾ ਕੇ ਰਹਿ ਰਹੇ ਸਨ, ਮਨ-ਭਾਉਂਦਾ ਭੋਜਨ ਨਸੀਬ ਨਹੀਂ ਸੀ ਹੁੰਦਾ। ਉਸ ਨੇ ਸੋਚਿਆ ਕਿ ਇਹ ਪਾਰਸ ਮੈਂ ਗੁਰੂ ਜੀ ਨੂੰ ਦੇ ਕੇ ਸਾਰੀ ਗ਼ਰੀਬੀ ਦੂਰ ਕਰ ਦੇਵਾਂਗਾ॥ ੭॥

ਸੁਖ ਸੋ ਲਹੈਂ ਮਹਾਂ ਫਲ ਏਹ। ਪ੍ਰਭੁ ਪ੍ਰਸੰਨ ਹੋਇਂ ਜਬਿ ਲੇਹਿਂ।
ਇਮ ਬਿਚਾਰ ਤਤਕਾਲ ਨਿਕਾਸਾ। ਧਰਜੋ ਚਰਨ ਅਰਬਿੰਦਨਿ ਪਾਸਾ॥ ੮॥

ਸਿੰਘ ਸਭ ਵਸਤੂਆਂ ਨੂੰ ਬੜੇ ਸੁਖ ਨਾਲ ਲੈਣਗੇ, ਇਸ ਦਾ ਬੜਾ ਫਲ ਪ੍ਰਾਪਤ ਹੋਵੇਗਾ। ਸਤਿਗੁਰੂ ਜੀ ਵੀ ਪਾਰਸ ਲੈ ਕੇ ਬਹੁਤ ਪ੍ਰਸੰਨ ਹੋਣਗੇ। ਇਸ ਪ੍ਰਕਾਰ ਵਿਚਾਰ ਕੇ ਤੁਰਤ ਪਾਰਸ ਕੱਢਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਪਾਸ ਰੱਖ ਦਿੱਤਾ॥ ੮॥

ਮਨ ਮਹਿਂ ਕਰਿ ਹੰਕਾਰ ਘਨੇਰਾ। ਹਾਥ ਜੋਰਿ ਬੋਲਜੋ ਤਿਸ ਬੇਰਾ।
'ਪ੍ਰਭੁ ਜੀ! ਇਹ ਪਾਰਸ ਮੈਂ ਦੀਨ। ਜਿਸ ਤੇ ਸਭਿ ਦਾਰਿਦ ਹੁਇ ਹੀਨ॥ ੯॥

ਮਨ ਦੇ ਵਿਚ ਉਸ ਵੱਡਾ ਹੰਕਾਰ ਧਾਰਨ ਕੀਤਾ, ਉਸ ਸਮੇਂ ਹੱਥ ਜੋੜ ਕੇ ਬੋਲਿਆ, "ਪ੍ਰਭੂ ਜੀ! ਇਹ ਪਾਰਸ ਮੈਂ ਦਿੱਤਾ ਹੈ, ਜਿਸ ਨਾਲ ਹਰ ਪ੍ਰਕਾਰ ਦੀ ਗ਼ਰੀਬੀ ਦੂਰ ਹੋ ਜਾਵੇਗੀ॥ ੯॥

ਸ਼੍ਰੀ ਗੁਰ ਕੋ ਬਹੁ ਕਾਜ ਸੁਧਾਰੈ। ਤੁਰਕਨਿ ਤੇ ਨਾਂਹਿਨ ਦਲ ਹਾਰੈ।
ਮਨ ਭਾਵਤਿ ਧਨ ਕਰੈ, ਗੁਸਾਈਂ! ਦੁਖ ਸੁਖ ਸਭਿ ਕੋ ਦੇਹਿ ਗੁਵਾਈ॥੧੦॥

ਇਹ ਸਤਿਗੁਰੂ ਜੀ ਦੇ ਬਹੁਤ ਕਾਰਜ ਸੁਧਾਰੇਗਾ, ਫਿਰ ਤੁਹਾਡੀ ਸੈਨਾ ਤੁਰਕਾਂ ਪਾਸੋਂ ਨਹੀਂ ਹਾਰੇਗੀ। ਹੇ ਮਾਲਕ! ਮਨ-ਭਾਉਂਦਾ ਧਨ ਪ੍ਰਾਪਤ ਕਰੋ, ਇਹ ਤੁਹਾਡੇ ਸਾਰੇ ਦੁਖ ਸੁਖ ਦੂਰ ਕਰ ਦੇਵੇਗਾ" ॥ ੧੦॥

ਇਮ ਕਹਿ ਮਨ ਮਹਿਂ ਗਰਬ ਕਰੰਤਾ। ਮੈਂ ਗੁਰ ਪਰ ਉਪਕਾਰ ਧਰੰਤਾ।
ਜਾਨਿ ਰਿਦੇ ਕੀ ਕਰ ਮਹਿਂ ਗਹਜੋ। ਨੀਕੀ ਰੀਤਿ ਸੁ ਪਾਰਸ ਲਹਜੋ॥ ੧੧॥

ਇਸ ਪ੍ਰਕਾਰ ਕਹਿ ਕੇ ਮਨ ਵਿਚ ਹੰਕਾਰ ਧਾਰਨ ਕਰਦਾ ਸੀ, ਕਿ ਮੈਂ ਗੁਰੂ ਜੀ ਉੱਤੇ ਵੱਡਾ ਉਪਕਾਰ ਕੀਤਾ ਹੈ। ਉਸ ਮਨੁੱਖ ਦੇ ਹਿਰਦੇ ਦੀ ਗੱਲ ਜਾਣ ਕੇ ਗੁਰੂ ਜੀ ਨੇ ਪਾਰਸ ਨੂੰ ਆਪਣੇ ਹੱਥ ਵਿਚ ਫੜਿਆ ਤੇ ਚੰਗੀ ਰੀਤ ਨਾਲ ਪਾਰਸ ਨੂੰ ਵੇਖਿਆ॥ ੧੧॥

ਪੁਨ ਜਲ ਮਹਿਂ ਸੋ ਦਯੋ ਬਗਾਈ। ਜਹਿਂ ਤੇ ਖੋਜੇ ਹਾਥ ਨ ਆਈ।
ਹੇਰਤਿ ਸਿੱਖ ਭਯੋ ਹੈਰਾਨਾ। ਇਕ ਟਕ ਪ੍ਰਭੁ ਕੋ ਦੇਖਨਿ ਠਾਨਾ॥ ੧੨॥

ਫਿਰ ਉਨ੍ਹਾਂ ਪਾਰਸ ਨੂੰ ਜਲ ਦੇ ਵਿਚ ਸੁੱਟ ਦਿੱਤਾ, ਜਿੱਥੇ ਖੋਜਣ ਨਾਲ ਵੀ ਪਾਰਸ ਲੱਭ ਨਹੀਂ ਸੀ ਸਕਦਾ। ਸਿੱਖ ਵੇਖ ਕੇ ਬਹੁਤ ਹੈਰਾਨ ਹੋਇਆ ਤੇ ਇਕ ਟਕ ਪ੍ਰਭੂ ਜੀ ਵੱਲ ਵੇਖਣ ਲੱਗਾ॥ ੧੨॥

ਵਸਤੁ ਅਮੋਲਕ ਦੁਰਲਭ ਭਾਰੀ॥ ਕਿਤਹੂੰ ਨ ਪੱਜਤਿ ਜਗਤ ਮਝਾਰੀ।
ਤਿਸ ਕੀ ਕੀਮਤਿ ਗੁਰੂ ਨ ਜਾਨੀ। ਪਾਹਨ ਸਮ ਗੇਰਜੋ ਬਿਚ ਪਾਨੀ॥੧੩॥

ਅਮੋਲਕ ਵਸਤੂ ਭਾਰੀ ਦੁਰਲੱਭ ਸੀ, ਜਗਤ ਵਿਚ ਇਹ ਕਿਸੇ ਸਥਾਨ ਤੋਂ ਵੀ ਪ੍ਰਾਪਤ ਨਹੀਂ ਹੋ ਸਕਦੀ ਹੈ। ਉਸ ਦੀ ਕੀਮਤ ਗੁਰੂ ਜੀ ਨੇ ਨਹੀਂ ਜਾਣੀ ਹੈ, ਪੱਥਰ ਵਾਂਗ ਪਾਣੀ ਵਿਚ ਸੁੱਟ ਦਿੱਤਾ ਹੈ॥੧੩॥

ਕਜੋਂ ਮੈਂ ਦਿਯੋ ਬਿਸੂਰਤ ਘਨੋ। ਭਯੋ ਚਿੰਤ ਬਸਿ ਕੈਦੀ ਮਨੋ।
ਉਰ ਸੰਤਾਪ ਮੇਟਿਬੇ ਕਾਰਨ। ਸ੍ਰੀ ਪ੍ਰਭੁ ਕੀਨੋ ਬਾਕ ਉਚਾਰਨ॥੧੪॥

ਕਿਉਂ ਮੈਂ ਦਿੱਤਾ, ਬੜਾ ਦੁਖੀ ਹੋਇਆ ਮਨ ਚਿੰਤਾ ਦੇ ਵੱਸ ਹੋ ਕੇ ਕੈਦੀ ਹੋ ਗਿਆ। ਉਸ ਦੇ ਦਿਲ ਦੇ ਸੰਤਾਪ ਨੂੰ ਦੂਰ ਕਰਨ ਵਾਸਤੇ ਪ੍ਰਭੂ ਜੀ ਨੇ ਬਚਨ ਉਚਾਰਨ ਕੀਤਾ॥੧੪॥

'ਕਹਾਂ ਦਰਬ ਤੇਰੋ ਕੁਛ ਗਯੋ? ਮੁਖ ਮੁਰਝਾਇ ਬਿਸੂਰਤਿ ਭਯੋ।
ਪਥਰੀ ਅਰਪਨ ਕਰਿ ਧਰਿ ਭਾਇ। ਲਖੀ ਨਿਕੰਮੀ ਦਈ ਬਗਾਇ'॥੧੫॥

"ਤੇਰਾ ਕਿਹੜਾ ਧਨ ਗਿਆ ਹੈ? ਤੇਰਾ ਚਿਹਰਾ ਮੁਰਝਾ ਕੇ ਝੂਰ ਰਿਹਾ ਹੈ। ਪੱਥਰੀ ਅਰਪਣ ਕਰਕੇ ਪ੍ਰੇਮ ਭਾਵਨਾ ਧਾਰਨ ਕਰੋ, ਅਸੀਂ ਨਿਕੰਮੀ ਵਸਤੂ ਜਾਣ ਕੇ ਸੁੱਟ ਦਿੱਤੀ ਹੈ"॥੧੫॥

ਕਰ ਜੋਰਤਿ ਸਿਖ ਕਹਿਤ ਅਗੇਰੇ। 'ਪਥਰੀ ਜਿਨ ਜਾਨਹੁ ਗੁਰ ਮੇਰੇ!।
ਨਹਿਂ ਅਵਨੀ ਥਲ ਮਹਿਂ ਕਿਸ ਥਾਨਾ। ਇਹ ਪਾਰਸ ਜਾਨਹੁਂ ਗੁਨਵਾਨਾ॥੧੬॥

ਹੱਥ ਜੋੜ ਕੇ ਸਿੱਖ ਕਹਿਣ ਲੱਗਾ, "ਹੇ ਸਤਿਗੁਰੂ ਜੀ! ਇਸ ਨੂੰ ਤੁਸੀਂ ਪੱਥਰੀ ਨਾ ਜਾਣੋ, ਅਜਿਹੀ ਵਸਤੂ ਇਸ ਧਰਤੀ ਦੇ ਕਿਸੇ ਥਾਂ ਵੀ ਮੌਜੂਦ ਨਹੀਂ, ਇਸ ਨੂੰ ਗੁਣਵਾਨ ਪਾਰਸ ਜਾਣੋ॥੧੬॥

ਬਾਜੀ, ਬਾਰਨ, ਬੀਰ ਬਿਸਾਲੇ। ਦੇਖੇ ਛੁਧਤਿ ਸਭੈ ਜਨ ਜਾਲੇ।
ਲਰਤਿ ਘਨੋ ਤੁਰਕਨ ਕੇ ਸੰਗ। ਜਾਨਜੋਂ ਦਾਰਿਦ ਕੇਰ ਪ੍ਰਸੰਗ॥੧੭॥

ਘੋੜੇ, ਹਾਥੀ, ਸੂਰਮੇ ਸਾਰੇ ਹੀ ਬਹੁਤ ਭੁੱਖੇ ਵੇਖੇ ਹਨ। ਉਹ ਤੁਰਕਾਂ ਨਾਲ ਘੋਰ ਯੁੱਧ ਕਰਦੇ ਹਨ, ਮੈਂ ਇਸ ਗ਼ਰੀਬੀ ਦੇ ਪ੍ਰਸੰਗ ਨੂੰ ਜਾਣਿਆ ਹੈ॥੧੭॥

ਦੈ ਹੌਂ ਗੁਰ ਕੋ ਦਰਬ ਉਪਾਵੈਂ। ਰਖਿ ਸੈਨਾ ਬਡ ਜੰਗ ਮਚਾਵੈਂ।
ਸਗਲ ਜਗਤ ਹ੍ਵੈ ਹੈ ਅਨੁਸਾਰੀ। ਜਿਸਕੋ ਚਹੈਂ ਰਖੈਂ ਦੈਂ ਮਾਰੀ॥੧੮॥

ਇਹ ਗੁਰੂ ਜੀ ਨੂੰ ਧਨ ਪੈਦਾ ਕਰਨ ਵਾਸਤੇ ਦਿੱਤਾ ਹੈ, ਤਾਂਕਿ ਸੈਨਾ ਰੱਖ ਕੇ ਵੱਡਾ ਜੰਗ ਮਚਾਉਣ। ਸਾਰਾ ਜਗਤ ਤੁਹਾਡੀ ਆਗਿਆ ਅਨੁਸਾਰ ਹੋ ਜਾਵੇਗਾ, ਜਿਸ ਨੂੰ ਚਾਹੋ ਰੱਖੋ, ਜਿਸ ਨੂੰ ਚਾਹੋ ਮਾਰ ਦੇਵੋ॥੧੮॥

ਰਾਵਰ ਕਰੀ ਕ੍ਰਿਤ ਅਬਿ ਐਸੇ। ਗੇਰਜੋ ਪਾਰਸ ਪਾਹਨ ਜੈਸੇ'।
ਸੁਨਿ ਗੁਰ ਸਿਥਲ ਹੋਇ ਕਰ ਕਹਜੋ। 'ਸੋ ਹਮ ਨੇ ਪਾਰਸ ਨਹਿਂ ਲਹਜੋ॥੧੯॥

ਆਪ ਜੀ ਨੇ ਹੁਣ ਐਸੀ ਕ੍ਰਿਤ ਕੀਤੀ ਹੈ, ਪਾਰਸ ਨੂੰ ਇਕ ਪੱਥਰ ਵਾਂਗ ਸੁੱਟ ਦਿੱਤਾ ਹੈ।" ਇਹ ਸੁਣ ਕੇ ਗੁਰੂ ਜੀ ਨੇ ਢਿੱਲੇ ਜਿਹੇ ਹੋ ਕੇ ਕਿਹਾ, "ਅਸੀਂ ਉਸ ਨੂੰ ਪਾਰਸ ਨਹੀਂ ਸਮਝਿਆ ਹੈ॥੧੯॥

ਜੇ ਕੀਮਤਿ ਜਾਨਤਿ ਬਡ ਤਾਂਹੀ। ਤੋ ਕਜੋਂ ਗੇਰ ਦੇਤਿ ਜਲ ਮਾਂਹੀ।
ਅਬਿ ਚਿੰਤਾ ਨਿਜ ਰਿਦੈ ਬਿਸਾਰੋ। ਪਾਰਸ ਹਮਰੋ ਦੇਹ ਬਿਚਾਰੋ॥੨੦॥

ਜੇ ਉਸ ਦੀ ਵੱਡੀ ਕੀਮਤ ਜਾਣਦੇ ਤਾਂ ਉਸ ਨੂੰ ਜਲ ਵਿਚ ਕਿਉਂ ਸੁੱਟ ਦਿੰਦੇ। ਹੁਣ ਆਪਣੇ ਹਿਰਦੇ ਦੀ ਚਿੰਤਾ ਵਿਸਾਰ ਦੇਵੋ। ਸਾਡਾ ਸਰੀਰ ਹੀ ਪਾਰਸ ਹੈ, ਇਸ ਬਾਰੇ ਵਿਚਾਰ ਕਰੋ॥ ੨੦॥

ਸਭਿ ਮਾਇਆ ਜਿਨ ਕੇ ਅਨੁਸਾਰੀ। ਚਹੈਂ ਦੇਤਿ ਚਹਿ ਛੀਨੈਂ ਸਾਰੀ।
ਸੁਨਿ ਸਿਖ ਤੂਸ਼ਨ ਮਨ ਮਹਿਂ ਕਹਜੋ। ਕਿਮ ਜਾਨਹਿਂ ਕੁਛ ਹਮ ਨਹਿਂ ਲਹਜੋ॥੨੧॥

ਸਾਰੀ ਮਾਇਆ ਜਿਸ ਦੀ ਆਗਿਆ ਅਨੁਸਾਰ ਹੈ, ਚਾਹੇ ਸਾਰੀ ਦੇ ਦੇਈਏ, ਚਾਹੇ ਸਾਰੀ ਖੋਹ ਲਈਏ।" ਸਿੱਖ ਚੁੱਪ ਕਰਕੇ ਮਨ ਵਿਚ ਕਹਿਣ ਲੱਗਾ, ਕਿਵੇਂ ਜਾਣੀਏ ਮੈਂ ਤਾਂ ਕੁਝ ਵੇਖਿਆ ਨਹੀਂ ਹੈ॥ ੨੧॥

ਸਕਲ ਜਗਤ ਕੇ ਮਾਲਿਕ ਜੋਈ। ਤੌ ਪਾਰਸ ਦਿਖਰਾਵਹਿਂ ਸੋਈ।
ਕੈ ਪਾਰਸ ਸਮ ਛੁਇ ਕੈ ਕਾਹੂੰ। ਕੰਚਨ ਕਰਹਿਂ ਬਨਾਵਨਿ ਤਾਂਹੂੰ॥ ੨੨॥

ਜੇ ਸਾਰੇ ਜਗਤ ਦੇ ਮਾਲਕ ਹਨ ਤਾਂ ਪਾਰਸ ਬਣ ਕੇ ਮੈਨੂੰ ਵਿਖਾਉਣ, ਕੀ ਪਾਰਸ ਵਾਂਗ ਕਿਸੇ ਵਸਤੂ ਨੂੰ ਛੂਹਣ ਨਾਲ ਉਸ ਨੂੰ ਸੋਨਾ ਬਣਾ ਦਿੰਦੇ ਹਨ॥ ੨੨॥

ਪਤਾ ਰਿਦੇ ਮੋਰੇ ਤਬਿ ਆਵੈ। ਬਿਨ ਦੇਖੇ ਕਿਮ ਮਨ ਪਤਿਆਵੈ।
ਇੱਤਜਾਦਿਕ ਗਿਨਤੀ ਬਹੁ ਕਰਿਕੈ। ਬੈਠਿ ਰਹਜੋ ਚਿਤ ਚਿੰਤਾ ਧਰਿਕੈ॥੨੩॥

ਮੇਰੇ ਹਿਰਦੇ ਵਿਚ ਤਦ ਹੀ ਗਿਆਨ ਹੋਵੇਗਾ, ਵੇਖਣ ਤੋਂ ਬਗੈਰ ਮੈਂ ਕਿਵੇਂ ਪਤੀਜ ਜਾਵਾਂ। ਇਸ ਪ੍ਰਕਾਰ ਬਹੁਤ ਗਿਣਤੀਆਂ ਕਰਕੇ, ਚਿੱਤ ਵਿਚ ਚਿੰਤਾ ਧਾਰ ਕੇ ਬੈਠਾ ਰਿਹਾ॥ ੨੩॥

ਤਿਸ ਕੀ ਲਖਿ ਕੈ ਗਤਿ ਮਹਾਰਾਜਾ। ਸਿਖ ਕੋ ਭਰਮ ਮਿਟਾਵਨਿ ਕਾਜਾ।
ਕਰਨਿ ਪਿਸ਼ਾਬ ਉਠੇ ਚਲਿ ਗਏ। ਬੈਠਿ ਨਿਕਟ ਹੀ ਛੋਰਤਿ ਭਏ॥ ੨੪॥

ਸਤਿਗੁਰੂ ਜੀ ਉਸ ਦੀ ਗਤੀ ਸਮਝ ਕੇ ਤੇ ਸਿੱਖ ਦਾ ਭਰਮ ਦੂਰ ਕਰਨ ਵਾਸਤੇ, ਪਿਸ਼ਾਬ ਕਰਨ ਵਾਸਤੇ ਗੁਰੂ ਜੀ ਉੱਠ ਕੇ ਚਲੇ ਗਏ। ਨੇੜੇ ਬੈਠ ਕੇ ਹੀ ਪਿਸ਼ਾਬ ਕੀਤਾ॥ ੨੪॥

ਉਠਿ ਕਰਿ ਖਰੇ ਭਏ ਤਬਿ ਹੇਰੇ। ਤਿਹ ਸਿਖ ਕੋ ਲੇ ਆਖਜ ਨੇਰੇ।
ਆਨਹੁ ਜਲ ਕੋ ਹਾਥ ਪਖਾਰੈਂ। ਸੁਨਿ ਕਰਿ ਲੇ ਪਹੁੰਚਜੋ ਤਿਸ ਬਾਰੈਂ॥੨੫॥

ਫਿਰ ਉੱਠ ਕੇ ਖੜ੍ਹੇ ਹੋ ਕੇ ਉਸ ਸਿੱਖ ਵੱਲ ਵੇਖਿਆ ਤੇ ਉਸ ਸਿੱਖ ਦਾ ਨਾਮ ਲੈ ਕੇ ਬੁਲਾਇਆ। ਜਲ ਲਿਆਵੋ, ਹੱਥ ਸਾਫ ਕਰੀਏ। ਇਹ ਸੁਣ ਕੇ ਉਹ ਸਿੱਖ ਪਾਣੀ ਲੈ ਕੇ ਪਹੁੰਚ ਗਿਆ॥ ੨੫॥

ਖਿਤ ਹ੍ਵੈ ਗੁਰ ਕੇ ਹਾਥ ਧੁਵਾਏ। ਸਿਖ ਪਿਸ਼ਾਬ ਦਿਸ਼ ਦ੍ਰਿਸ਼ਟਿ ਚਲਾਏ।
ਜਹਿਂ ਜਹਿਂ ਧਾਰਾ ਧਰਨੀ ਪਰੀ। ਕੁੰਦਨ ਕੀ ਜਗਮਗ ਦੁਤਿ ਕਰੀ॥ ੨੬॥

ਖੜ੍ਹੇ ਹੋ ਕੇ ਸਿੱਖ ਨੇ ਗੁਰੂ ਜੀ ਦੇ ਹੱਥ ਧਵਾਏ, ਸਿੱਖ ਨੇ ਪਿਸ਼ਾਬ ਵੱਲ ਆਪਣੀ ਨਜ਼ਰ ਚਲਾਈ। ਜਿੱਥੇ ਜਿੱਥੇ ਧਰਤੀ ਤੇ ਧਾਰ ਪਈ ਸੀ, ਉੱਥੇ ਸੋਨਾ ਜਗਮਗ ਕਰਕੇ ਚਮਕ ਰਿਹਾ ਸੀ॥ ੨੬॥

ਕਿਤਿਕ ਦੇਰਿ ਲਗਿ ਰਹਜੋ ਬਿਚਾਰਤਿ। ਠੀਕ ਕਰਨ ਕੋ ਨੀਕ ਨਿਹਾਰਤਿ।
ਚਾਮੀਕਰ ਭਾ ਨਿਸ਼ਚੈ ਕੀਨ। ਬੈਠਜੋ ਆਨਿ ਹਰਖ ਤੇ ਹੀਨ॥ ੨੭॥

ਕਾਫੀ ਦੇਰ ਤਕ ਉਹ ਵਿਚਾਰਦਾ ਰਿਹਾ। ਤਸੱਲੀ ਕਰਨ ਲਈ ਚੰਗੀ ਤਰ੍ਹਾਂ ਵੇਖਦਾ ਰਿਹਾ। ਫਿਰ ਇਹ ਨਿਸ਼ਚਾ ਹੋ ਗਿਆ ਕਿ ਸੋਨਾ ਹੀ ਹੈ। ਫਿਰ ਪ੍ਰਸੰਨਤਾ ਰਹਿਤ ਹੋ ਕੇ ਬੈਠ ਗਿਆ॥ ੨੭॥

ਮਹਿਮਾ ਲਖੀ, ਤਊ ਪਛੁਤਾਵੈ। ਕਜੋਂ ਮੈਂ ਦਿਯੋ ਜਿ ਬਾਦ ਗੁਵਾਵੈਂ।
ਮਨਹੁਂ ਲੂਟ ਲੀਨੋ ਬਨ ਮਾਂਹੂ। ਗਿਨਤੀ ਗਨਤਿ ਅਨਿਕ ਮਨ ਮਾਂਹੂ॥੨੮॥

ਮਹਿਮਾ ਸਮਝ ਗਿਆ ਸੀ, ਫਿਰ ਵੀ ਪਛਤਾਉਂਦਾ ਸੀ, ਮੈਂ ਪਾਰਸ ਕਿਉਂ ਦੇਣਾ ਸੀ ਜੇ ਬਾਅਦ ਵਿਚ ਗਵਾਉਣਾ ਹੀ ਸੀ। ਮਾਨੋ ਮੈਨੂੰ ਜੰਗਲ ਵਿਚ ਲੁੱਟ ਲਿਆ ਹੈ। ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ॥ ੨੮॥

ਸਿਖ ਕੀ ਚਿੰਤਾ ਹਤਨੇ ਹੇਤਾ। ਬੋਲੇ ਸ੍ਰੀ ਸੋਢੀ ਕੁਲ ਕੇਤਾ।
'ਜੇ ਅਭਿਲਾਖਤਿ ਹੈ ਚਿਤ ਪਾਰਾਸ। ਤੌ ਜਲ ਮਹਿਂ ਬਰੀਐ ਤਜਿ ਆਰਸ॥੨੯॥

ਸਿੱਖ ਦੀ ਚਿੰਤਾ ਦੂਰ ਕਰਨ ਵਾਸਤੇ, ਸੋਢੀ ਕੁਲ ਦੇ ਸ਼ਿਰੋਮਣੀ ਬੋਲੇ, ''ਜੇ ਚਿੱਤ ਵਿਚ ਪਾਰਸ ਦੀ ਅਭਿਲਾਸ਼ਾ ਹੈ ਤਾਂ ਆਲਸ ਛੱਡ ਕੇ ਜਲ ਵਿਚ ਵੜ ਜਾਵੇ॥ ੨੯॥

ਟੁਬਕੀ ਲਾਉ ਬੀਨ ਲੈ ਆਉ। ਰਖਹੁ ਸਮੀਪ ਰਿਦੈ ਹਰਖਾਉ'।
ਉਠਿ ਨ ਸਕੈ ਸੁਨਿ ਕੈ ਦਬਿ ਲਾਜਾ। ਛੋਰਿ ਨ ਸਕੈ ਲਹੈ ਬਡ ਕਾਜਾ॥੩੦॥

ਡੁਬਕੀ ਲਾਵੇ ਤੇ ਲੱਭ ਕੇ ਲੈ ਆਵੇ, ਆਪਣੇ ਪਾਸ ਰੱਖ ਕੇ ਹਿਰਦੇ ਵਿਚ ਪ੍ਰਸੰਨ ਹੋਵੇ।'' ਇਹ ਸੁਣ ਕੇ ਸਿੱਖ ਲਾਜ ਦਾ ਮਾਰਿਆ ਉੱਠ ਨਹੀਂ ਸੀ ਸਕਦਾ। ਛੱਡ ਵੀ ਨਹੀਂ ਸਕਦਾ ਸੀ, ਵੱਡਾ ਕਾਰਜ ਸਮਝਦਾ ਸੀ॥ ੩੦॥

ਕਿਤਿਕ ਬਿਲਮ ਕਰਿ ਕਹਿਂ ਗੁਰ ਬਾਨੀ। 'ਲਿਹੁ ਪਾਰਸ ਬਰੀਅਹਿ ਬਿਚ ਪਾਨੀ'।
ਨਹਿਂ ਉਠਿ ਸਕਜੋ ਬਹੁਰ ਗੁਰ ਕਹਜੋ। ਨੀਠ ਨੀਠ ਉਠਿ ਬਰਿਬੋ ਚਹਜੋ॥੩੧॥

ਕੁਝ ਦੇਰ ਬਾਅਦ ਗੁਰੂ ਜੀ ਨੇ ਬਚਨ ਕੀਤਾ, ''ਪਾਣੀ ਵਿਚ ਵੜ ਕੇ ਪਾਰਸ ਵੇਖ ਲਵੇ।'' ਉੱਠ ਨਾ ਸਕਿਆ ਤਾਂ ਫਿਰ ਗੁਰੂ ਜੀ ਨੇ ਕਿਹਾ। ਮਸੀਂ-ਮਸੀਂ ਉੱਠ ਕੇ ਪਾਣੀ ਵਿਚ ਵੜਨਾ ਚਾਹੁੰਦਾ ਸੀ॥ ੩੧॥

ਮੂੰਦੇ ਨੈਨ ਕਾਨ ਅਰੁ ਨਾਸਾ। ਲਾਵਤਿ ਟੁਬਕੀ ਪਿਖਜੋ ਤਮਾਸ਼ਾ।
ਪਾਰਸ ਸੰਚੇ ਗੰਜ ਘਨੇਰੇ। ਜਬਰ ਜਵਾਹਰ ਜੋਤਿ ਬਡੇਰੇ॥ ੩੨॥

ਫਿਰ ਉਸ ਨੇ ਅੱਖਾਂ, ਕੰਨ ਅਤੇ ਨਾਸਾਂ ਬੰਦ ਕਰ ਲਈਆਂ ਤੇ ਡੁਬਕੀ ਲਾ ਕੇ ਤਮਾਸ਼ਾ ਵੇਖਿਆ। ਪਾਰਸਾਂ ਦਾ ਉਥੇ ਢੇਰ ਪਿਆ ਸੀ, ਜਿਹੜੇ ਸਾਰੇ ਬਹੁਤ ਚਮਕ ਰਹੇ ਸਨ॥ ੩੨॥

ਬਰਣ ਬਰਣ ਕੀ ਮਣਿ ਗਣ ਜਹਾਂ। ਪਿਖਤਿ ਸਿੱਖ ਬਿਸਮਜੋ ਮਨ ਮਹਾਂ।
ਹੀਰੇ ਉੱਜਲ ਮੁਕਤਾ ਗੋਲ। ਪਰੇ ਬਿਕੀਮਤ ਜਹਾਂ ਅਤੋਲ॥ ੩੩॥

ਰੰਗ-ਬਰੰਗੀਆਂ ਜਿਥੇ ਬਹੁਤ ਮਣੀਆਂ ਪਈਆਂ ਸਨ, ਉਨ੍ਹਾਂ ਨੂੰ ਵੇਖ ਕੇ ਸਿੱਖ ਬਹੁਤ ਹੈਰਾਨ ਹੋਇਆ। ਹੀਰੇ ਬਹੁਤ ਉੱਜਲ ਸਨ ਤੇ ਗੋਲ-ਗੋਲ ਮੋਤੀ ਪਏ ਸਨ, ਜਿਹੜੇ ਬਹੁਤ ਕੀਮਤੀ ਅਤੇ ਤੋਲ ਰਹਿਤ ਸਨ॥ ੩੩॥

ਸੁਨੇ ਨ ਦੇਖੇ ਅਜਬ ਜਵਾਹਰ। ਬਿਦਤ ਜੋਤਿ ਜਿਨ ਹੂੰ ਕੀ ਜ਼ਾਹਰ।
ਨੌ ਨਿੱਧਾਂ ਗੁਰ ਕੇਰਿ ਖਜ਼ਾਨਾ। ਪਿਖੀ ਬਿਭੂਤਿ ਮਹਾਂਨ ਮਹਾਨਾ॥ ੩੪॥

ਐਸੇ ਅਜੀਬ ਜਵਾਹਰਾਤ ਨਾ ਕਿਤੇ ਸੁਣੇ ਅਤੇ ਵੇਖੇ ਸਨ, ਜਿਨ੍ਹਾਂ ਦੀ ਜੋਤੀ ਜ਼ਾਹਰਾ ਤੌਰ ਤੇ ਪ੍ਰਗਟ ਹੋ ਰਹੀ ਸੀ। ਗੁਰੂ ਜੀ ਪਾਸ ਨੌ ਨਿੱਧ ਖਜ਼ਾਨਾ ਹੈ। ਗੁਰੂ ਜੀ ਦੇ ਮਹਾਨ ਧਨ ਦੌਲਤ ਨੂੰ ਵੇਖਿਆ॥ ੩੪॥

ਨਿਕਸਜੋ ਤਤ ਛਨ ਭ੍ਰਮ ਕੋ ਖੋਵਾ। ਪਿਖਿ ਪਰਚਾ ਨਿਰਮਲ ਸਿਖ ਹੋਵਾ।
ਲਪਟਜੋ ਚਰਨ ਸਰੋਜਨ ਜਾਈ। 'ਛਮਹੁ ਛਮਹੁ ਲਖਿ ਦਾਸ ਗੁਸਾਈਂ!॥੩੫॥

ਤੁਰਤ ਬਾਹਰ ਨਿਕਲ ਕੇ ਆਪਣੇ ਭਰਮ ਨੂੰ ਗਵਾਇਆ। ਕਰਾਮਾਤ ਵੇਖ ਕੇ ਸਿੱਖ ਦਾ ਮਨ ਨਿਰਮਲ ਹੋ ਗਿਆ। ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲਿਪਟ ਗਿਆ, "ਹੇ ਮਾਲਕ! ਆਪਣਾ ਦਾਸ ਸਮਝ ਕੇ, ਮੈਨੂੰ ਬਖਸ਼ ਲਵੋ, ਬਖਸ਼ ਲਵੋ॥ ੩੫॥

ਅਹੋਂ ਅਜਾਨ, ਨ ਮਹਿਮਾ ਜਾਨੀ। ਅਬਿ ਜਾਨੀ ਜੇ ਕਰੁਨਾ ਠਾਨੀ।
ਲਖਯੋ ਨਹੀਂ ਕੁਛ ਭੇਵ ਤੁਮਾਰਾ। ਕਹਾਂ ਚਰਿੱਤ੍ਰ ਆਪ ਨੇ ਧਾਰਾ॥ ੩੬॥

ਮੈਂ ਅੰਜਾਣ ਹਾਂ, ਆਪ ਜੀ ਦੀ ਮਹਿਮਾ ਨਹੀਂ ਜਾਣੀ ਹੈ, ਹੁਣ ਜਾਣੀ ਹੈ ਜਦ ਆਪ ਜੀ ਨੇ ਕਿਰਪਾ ਕੀਤੀ ਹੈ। ਤੁਹਾਡਾ ਕੁਝ ਭੇਦ ਨਹੀਂ ਸਮਝਿਆ ਹਾਂ, ਆਪ ਜੀ ਨੇ ਕੈਸਾ ਚਰਿੱਤਰ ਧਾਰਨ ਕੀਤਾ ਹੈ॥ ੩੬॥

ਕੋਟਹੁਂ ਸੁਰਤਰੁ ਅਰ ਸੁਰਧੇਨੁ। ਕੋਟਹੁਂ ਪਾਰਸ ਤੁਮ ਪਗ ਰੇਨੁ।
ਮੈਂ ਮੂਰਖ ਗਰਬਯੋ ਕੁਛ ਥੋਰੇ। ਜਾਨੇ ਨਹਿਂ ਐਸ਼੍ਵਰਜ ਪ੍ਰਭੁ ਤੋਰੇ॥ ੩੭॥

ਕਰੋੜਾਂ ਕਲਪ ਬ੍ਰਿਛ ਅਤੇ ਧੇਨ ਗਊਆਂ, ਕਰੋੜਾਂ ਪਾਰਸ ਤੁਹਾਡੇ ਚਰਨਾਂ ਦੀ ਧੂੜ ਹਨ। ਮੈਂ ਮੂਰਖ ਕੁਝ ਹੰਕਾਰ ਕਰ ਬੈਠਾ ਸੀ। ਹੇ ਪ੍ਰਭੂ! ਮੈਂ ਤੁਹਾਡੇ ਧਨ ਦੌਲਤ ਬਾਰੇ ਜਾਣ ਨਹੀਂ ਸਕਿਆ ਸੀ॥ ੩੭॥

ਸਭਿ ਜਗ ਮੰਗਤ ਇਕ ਤੁਮ ਦਾਤੇ। ਦਾਨ ਆਪ ਕੋ ਸੁਰ ਨਰ ਖਾਤੇ।
ਪਾਰਸ ਧਾਤ ਛੁਏ ਜਬਿ ਕੋਊ। ਕੰਚਨ ਰੂਪ ਹੋਤਿ ਹੈ ਸੋਊ॥ ੩੮॥

ਸਾਰਾ ਜਗਤ ਮੰਗਤਾ ਹੈ ਤੇ ਤੁਸੀਂ ਦਾਤੇ ਹੋ, ਆਪ ਜੀ ਵਲੋਂ ਦਿੱਤਾ ਦਾਨ ਦੇਵਤੇ ਅਤੇ ਮਨੁੱਖ ਖਾਂਦੇ ਹਨ। ਪਾਰਸ ਧਾਤ ਨੂੰ ਜਿਹੜਾ ਛੂਹ ਜਾਂਦਾ ਹੈ, ਉਹ ਸੋਨਾ ਰੂਪ ਹੋ ਜਾਂਦਾ ਹੈ॥ ੩੮॥

ਤੁਮਰੋ ਥੁਕ ਧਰਨ ਪਰ ਪਰੈ। ਮਾਟੀ ਤੇ ਪਾਰਸ ਕੋ ਕਰੈ।
ਚਹਹੁ ਦਾਸ ਕੋ ਨਉ ਨਿਧਿ ਦੈਹੋ। ਛੀਨ ਇੰਦ੍ਰ ਕੋ ਰੰਕ ਬਨੈਹੋ॥ ੩੯॥

ਤੁਹਾਡਾ ਥੁਕ ਵੀ ਜੇ ਧਰਤੀ 'ਤੇ ਪੈਂਦਾ ਹੈ ਤਾਂ ਉਹ ਮਿੱਟੀ ਤੋਂ ਪਾਰਸ ਬਣ ਜਾਂਦਾ ਹੈ। ਜੇ ਚਾਹੋ ਤਾਂ ਆਪਣੇ ਦਾਸਾਂ ਨੂੰ ਨੌ ਨਿਧਾਂ ਦੇ ਸਕਦੇ ਹੋ। ਇੰਦਰ ਪਾਸੋਂ ਸਭ ਕੁਝ ਖੋਹ ਕੇ ਗ਼ਰੀਬ ਬਣਾ ਸਕਦੇ ਹੋ॥ ੩੯॥

ਸਕਲ ਕਲਾ ਸਮਰਥ ਸੁਖ ਦਾਤਾ। ਅਬਿ ਕੁਛ ਭੇਦ ਆਪ ਕੋ ਜਾਤਾ॥
ਸੁਨਿ ਕਲਗੀਧਰ ਪੁਨ ਸਮੁਝਾਯੋ। 'ਤੇਰੇ ਉਰ ਕੋ ਭਰਮ ਮਿਟਾਯੋ॥ ੪੦॥

ਹੇ ਸੁਖਾਂ ਦੇ ਦਾਤਾ! ਤੁਸੀਂ ਸਰਬ ਕਲਾ ਸਮਰੱਥ ਹੋ, ਅੱਜ ਤੁਹਾਡਾ ਕੁਝ ਭੇਦ ਜਾਣਿਆ ਹੈ।" ਇਹ ਸੁਣ ਕੇ ਫਿਰ ਕਲਗੀਧਰ ਨੇ ਸਮਝਾਇਆ, "ਤੇਰੇ ਹਿਰਦੇ ਦੇ ਭਰਮ ਨੂੰ ਮਿਟਾਇਆ ਹੈ॥ ੪੦॥

ਆਗੇ ਸਿੱਖਯਾ ਦ੍ਰਿੜ੍ਹ ਇਮ ਧਰੀਏ। ਮਹਾਂ ਪੁਰਖ ਕੇ ਨਿਕਟ ਸਿਧਰੀਏ।
ਉਰ ਮੈਂ ਧਰਹੁ ਨ ਗਰਬ ਬਡਾਈ। ਸਭਿ ਬਿਧਿ ਨਿਜ ਮਹਿਂ ਲਖਿ ਲਘੁਤਾਈ॥੪੧॥

ਅੱਗੇ ਤੋਂ ਇਸ ਪ੍ਰਕਾਰ ਦ੍ਰਿੜ੍ਹ ਸਿੱਖਿਆ ਧਾਰਨ ਕਰੋ, ਜਦ ਕਿਸੇ ਮਹਾਂਪੁਰਖ ਦੇ ਪਾਸ ਜਾਈਏ ਤਾਂ ਹਿਰਦੇ ਵਿਚ ਕਦੀ ਵੀ ਹੰਕਾਰ ਨਾ ਧਾਰਨ ਕਰੀਏ, ਸਭ ਪ੍ਰਕਾਰ ਆਪਣੇ ਵਿਚ ਛੋਟਾਪਨ ਸਮਝੀਏ॥ ੪੧॥

ਆਦਿ ਤੁਰਕਪਤਿ ਅਪਰ ਨਰੇਸ਼ਾ। ਲਾਖਹੁਂ ਲਖਹਿਂ ਜਿ ਸ਼ੱਤ੍ਰੂ ਅਸ਼ੇਸ਼ਾ।
ਏਕ ਬਾਨ ਕੀ ਮਾਰ ਨ ਸੋਈ। ਕਰੌਂ ਭਸਮ ਸਗਰੋ ਜਗ ਜੋਈ॥ ੪੨॥

ਤੁਰਕ ਬਾਦਸ਼ਾਹ ਅਤੇ ਹੋਰ ਰਾਜੇ, ਲੱਖਾਂ ਦੀ ਗਿਣਤੀ ਵਿਚ ਜਿਹੜੇ ਸਾਨੂੰ ਪੂਰਨ ਵੈਰੀ ਸਮਝਦੇ ਹਨ, ਉਹ ਸਾਡੇ ਇਕ ਤੀਰ ਦੀ ਮਾਰ ਨਹੀਂ ਹਨ, ਅਸੀਂ ਸਾਰੇ ਜਗਤ ਨੂੰ ਹੀ ਭਸਮ ਕਰ ਸਕਦੇ ਹਾਂ॥ ੪੨॥

ਮਾਨੁਖ ਬਪੁਰੇ ਕਹਾਂ ਅਗਾਰੀ। ਕਰੇਂ ਸੁਰਾਸੁਰ ਤ੍ਰਾਸਤਿ ਭਾਰੀ।
ਕਲੀ ਕਾਲ ਨਰ ਲੀਲਾ ਜੈਸੇ। ਬਰਤੈਂ ਤਿਸ ਅਨੁਸਾਰੀ ਤੈਸੇ॥ ੪੩॥

ਮਨੁੱਖ ਵਿਚਾਰੇ ਸਾਡੇ ਅੱਗੇ ਕੀ ਹਨ, ਦੇਵਤੇ ਅਤੇ ਰਾਕਸ਼ ਵੀ ਸਾਥੋਂ ਭਾਰੀ ਡਰਦੇ ਹਨ। ਕਲਜੁਗ ਵਿਚ ਮਨੁੱਖਾਂ ਦੀ ਜੈਸੀ ਲੀਲ੍ਹਾ ਹੈ, ਸਾਰੇ ਉਸ ਅਨੁਸਾਰ ਹੀ ਵਰਤਾਰਾ ਕਰਦੇ ਹਨ॥ ੪੩॥

ਬਾਜੀ, ਬਾਰਨ, ਬੀਰ ਜੁ ਝੂਖੇ। ਸਹਜੇ ਅਨੇਕ ਰੀਤਿ ਇਨ ਦੂਖੇ।
ਸ਼ੁੱਧ ਆਤਮੇ ਹੁਇ ਹੁਇ ਮਰੈਂ। ਸੰਚਤਿ ਕਰਮ ਸਕਲ ਹੀ ਜਰੈਂ॥ ੪੪॥

ਘੋੜੇ, ਹਾਥੀ ਅਤੇ ਸੂਰਬੀਰ ਜਿਹੜੇ ਜੂਝੇ ਹਨ, ਇਨ੍ਹਾਂ ਨੇ ਅਨੇਕ ਰੀਤੀਆਂ ਨਾਲ ਦੁਖ ਬਰਦਾਸ਼ਤ ਕੀਤੇ ਹਨ। ਸ਼ੁੱਧ ਆਤਮਾ ਹੋ ਹੋ ਕੇ ਮਰਦੇ ਹਨ। ਸੰਚਤ ਕਰਮ ਜਿਨ੍ਹਾਂ ਦਾ ਅਜੇ ਫਲ ਹੋਣਾ ਹੈ, ਉਹ ਸਭ ਸੜ ਜਾਣਗੇ॥ ੪੪॥

ਮੁਕਤਿ ਸਮੀਪ ਲਹੈਂ ਪੁਨ ਸਾਰੇ। ਨ੍ਰਿਪਤਿ ਬਨਹਿਂ ਜੇ ਕਾਮਨ ਧਾਰੇ।
ਚਾਰ ਪਦਾਰਥ ਕਰ ਤਲ ਪਾਵੈਂ। ਬਿਨ ਤਪ ਤਪੇ ਹਾਥ ਨਹਿਂ ਆਵੈਂ॥ ੪੫॥

ਮੁਕਤੀ ਪ੍ਰਾਪਤ ਕਰਕੇ ਸਾਰੇ ਸਾਡੀ ਨੇੜਤਾ ਪ੍ਰਾਪਤ ਕਰਨਗੇ, ਜਿਹੜੇ ਕਾਮਨਾ ਧਾਰਨਗੇ, ਉਹ ਧਰਤੀ ਦੇ ਰਾਜੇ ਬਣਨਗੇ। ਚਾਰ ਪਦਾਰਥ ਆਪਣੇ ਹੱਥ ਵਿਚ ਪ੍ਰਾਪਤ ਕਰਨਗੇ, ਜਿਹੜੇ ਚਾਰ ਪਦਾਰਥ ਤਪ ਤਾਪਣ ਨਾਲ ਵੀ ਹੱਥ ਵਿਚ ਨਹੀਂ ਆਉਂਦੇ ਹਨ॥ ੪੫॥

ਸਭਿ ਬਿਧਿ ਇਨ ਕੋ ਕਰਹਿਂ ਭਲੇਰੋ। ਜੋ ਇਕ ਬਾਰ ਬਨਜੋ ਸਿਖ ਮੇਰੋ।
ਹੁਇ ਸਹਾਇ ਕਰਿ ਹੌਂ ਕਲਜਾਨਾ। ਜਨਮ ਮਰਨ ਗਨ ਸੰਕਟ ਹਾਨਾ॥ ੪੬॥

ਸਭ ਪ੍ਰਕਾਰ ਇਨ੍ਹਾਂ ਦਾ ਭਲਾ ਕਰਾਂਗੇ, ਜਿਹੜਾ ਵੀ ਇਕ ਵਾਰ ਮੇਰਾ ਸਿੱਖ ਬਣੇਗਾ। ਉਨ੍ਹਾਂ ਦਾ ਮੈਂ ਸਹਾਇਕ ਬਣ ਕੇ ਕਲਿਆਣ ਕਰਾਂਗਾ, ਜਨਮ ਮਰਨ ਅਤੇ ਹੋਰ ਸਾਰੇ ਸੰਕਟ ਦੂਰ ਕਰਾਂਗਾ॥ ੪੬॥

ਇਸ ਤੇ ਆਦਿ ਹੇਤ ਹੈਂ ਆਨ। ਜਾਨੈਂ ਮੇਰੇ ਸਿੱਖ ਮਹਾਨ।
ਸਿੱਖ ਤਬਿ ਕਹਜੋ 'ਖੇਲ ਸਭਿ ਠਾਨੋ। ਅਪਨੇ ਚਰਿਤ ਆਪ ਹੀ ਜਾਨੋ॥ ੪੭॥

ਇਸ ਤੋਂ ਉਪਰੰਤ ਹੋਰ ਵੀ ਹੇਤ ਹਨ, ਮੇਰੇ ਮਹਾਨ ਸਿੱਖ ਇਸ ਬਾਰੇ ਜਾਣਦੇ ਹਨ।'' ਸਿੱਖ ਨੇ ਤਦ ਕਿਹਾ, ''ਸਭ ਖੇਡਾਂ ਖੇਡਦੇ ਹੋ, ਪਰ ਆਪਣਾ ਚਰਿੱਤਰ ਆਪ ਹੀ ਜਾਣਦੇ ਹੋ॥ ੪੭॥

ਹਮ ਅਲਪੱਗਜ ਕਹਾਂ ਕਹਿ ਜਾਨੈਂ। ਜਥਾ ਜੋਗ ਤੁਮ ਕੌਤਕ ਠਾਨੈਂ।
ਸੁਨਿ ਪ੍ਰਸੰਨ ਗੁਰ ਤਾਂਹਿ ਬਖਾਨਾ। 'ਮਾਂਗਹੁ ਬਰ ਇੱਛਾ ਜਿਮ ਠਾਨਾ॥ ੪੮॥

ਅਸੀਂ ਥੋੜ੍ਹੀ ਬੁੱਧੀ ਵਾਲੇ ਕੀ ਜਾਣਦੇ ਹਾਂ, ਯਥਾ ਯੋਗ ਤੁਸੀਂ ਕੌਤਕ ਕਰਦੇ ਹੋ।'' ਇਹ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, ''ਵਰ ਮੰਗੋ ਜਿਵੇਂ ਤੁਸੀਂ ਇੱਛਾ ਧਾਰਨ ਕੀਤੀ ਹੈ''॥ ੪੮॥

ਹਾਥ ਜੋਰਿ ਸਿਖ ਤਬੈ ਸੁਨਾਯੋ। 'ਤੁਮ ਦਰਸ਼ਨ ਤੇ ਸਭਿ ਕਿਛ ਪਾਯੋ।
ਜੇ ਅਬਿ ਦਯੋ ਚਹਤਿ ਗੁਰ ਮੇਰੇ। ਮੇਟ ਦੇਹੁ ਭਵਜਲ ਕੇ ਫੇਰੇ॥ ੪੯॥

ਹੱਥ ਜੋੜ ਕੇ ਫਿਰ ਸਿੱਖ ਨੇ ਸੁਣਾਇਆ, ''ਤੁਹਾਡੇ ਦਰਸ਼ਨ ਕਰਕੇ ਸਭ ਕੁਝ ਪਾ ਲਿਆ ਹੈ। ਜੇ ਹੁਣ ਮੇਰੇ ਗੁਰੂ ਜੀ! ਕੁਝ ਦੇਣਾ ਚਾਹੁੰਦੇ ਹੋ ਤਾਂ ਭਵਜਲ ਦਾ ਫੇਰਾ ਮਿਟਾ ਦੇਵੋ॥ ੪੯॥

ਤੁਮਰੇ ਸੰਗ ਪ੍ਰਸੰਗ ਜਿ ਮੇਰਾ। ਜੇ ਨਰ ਪਢਹਿਂ, ਸੁਨਹਿਂ ਇਕ ਬੇਰਾ।
ਸੋ ਸਿਖ ਸ਼ਰਧਾ ਗੁਰ ਕੀ ਪਾਇ। ਤੁਮਰੇ ਚਰਨਨਿ ਜਾਇ ਸਮਾਇ॥ ੫੦॥

ਤੁਹਾਡੇ ਨਾਲ ਜਿਹੜਾ ਮੇਰਾ ਪ੍ਰਸੰਗ ਹੋਇਆ ਹੈ, ਜਿਹੜਾ ਮਨੁੱਖ ਇਕ ਵਾਰ ਪੜ੍ਹੇ ਜਾਂ ਸੁਣੇ, ਉਹ ਸਿੱਖ ਗੁਰੂ ਜੀ ਦੀ ਸ਼ਰਧਾ ਪਾਏ ਤੇ ਤੁਹਾਡੇ ਚਰਨਾਂ ਵਿਚ ਜਾ ਕੇ ਸਮਾ ਜਾਵੇ"॥ ੫੦॥

ਗੁਰੂ 'ਤਥਾਸਤੁ' ਤਬਿ ਕਹਿ ਦੀਨ। ਪਾਸ ਰਹਜੋ ਪੁਨ ਸਿੱਖ ਪ੍ਰਬੀਨ।
ਪ੍ਰੇਮ ਪਾਇ ਗੁਰ ਸੌਂ ਲਿਵਲਾਗੀ। ਮੁਕਤਿ ਉਚਿਤ ਹੋਯੋ ਬਡਭਾਗੀ॥ ੫੧॥

ਗੁਰੂ ਜੀ ਨੇ ਫਿਰ ਕਿਹਾ, "ਇਸ ਤਰ੍ਹਾਂ ਹੀ ਹੋਵੇਗਾ।" ਉਹ ਚਤੁਰ ਸਿੱਖ ਫਿਰ ਗੁਰੂ ਜੀ ਦੇ ਪਾਸ ਰਿਹਾ। ਪ੍ਰੇਮ ਪਾ ਕੇ ਗੁਰੂ ਜੀ ਨਾਲ ਲਿਵ ਲੱਗ ਗਈ ਤੇ ਉਚਿਤ ਮੁਕਤੀ ਪ੍ਰਾਪਤ ਕਰਕੇ ਵੱਡੇ ਭਾਗਾਂ ਵਾਲਾ ਹੋ ਗਿਆ॥ ੫੧॥

*ਛੇਵੀਂ ਰੁੱਤ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥*

## *ਅਧਿਆਇ ਪੰਝੀਵਾਂ*

*ਮਾਤਾ ਜੀ ਦੀ ਸਿਫ਼ਾਰਸ਼*

ਦੋਹਰਾ-ਕੇਤਿਕ ਦਿਨ ਬੀਤੇ ਬਹੁਰ ਬਨੀ ਕਠਨ ਸਭਿਹੂੰਨ।
ਖਾਨ ਪਾਨ ਨਿਖੁਟਜੋ ਜਬੈ ਛੁਧਤਿ, ਤ੍ਰਿਪਤਿ ਕਿਸ ਹੂੰ ਨ॥ ੧॥

ਕਈ ਦਿਨ ਬੀਤ ਗਏ ਫਿਰ ਸਾਰਿਆਂ ਵਾਸਤੇ ਬਹੁਤ ਮੁਸ਼ਕਲ ਬਣ ਗਈ। ਖਾਣ ਪੀਣ ਦਾ ਸਭ ਸਾਮਾਨ ਜਦ ਮੁੱਕ ਗਿਆ ਤਾਂ ਭੁੱਖੇ ਰਹਿਣ ਲੱਗੇ ਤੇ ਕਿਸੇ ਪ੍ਰਕਾਰ ਵੀ ਤ੍ਰਿਪਤ ਨਹੀਂ ਸੀ ਹੁੰਦੇ॥ ੧॥

ਚੌਪਈ-ਮਾਰਗ ਘਾਟੇ ਰੋਕਨ ਕਰੇ। ਥਲ ਥਲ ਪ੍ਰਤਿ ਸਵਧਾਨੀ ਧਰੇ।
ਮਰੇ ਸਿੰਘ ਬਾਹਰ ਜਿਸ ਦਿਨ ਤੇ। ਬਰਜਨ ਭੇ ਸਤਿਗੁਰੂ ਬਚਨ ਤੇ॥੨॥

ਸਾਰੇ ਮਾਰਗ ਅਤੇ ਘਾਟੇ ਰੋਕ ਲਏ, ਹਰ ਥਾਂ ਵਿਖੇ ਸਾਵਧਾਨੀ ਧਾਰਨ ਕੀਤੀ, ਜਿਸ ਦਿਨ ਦੇ ਸਿੰਘ ਬਾਹਰ ਮਾਰੇ ਗਏ ਸਨ, ਉਸ ਦਿਨ ਤੋਂ ਸਤਿਗੁਰੂ ਜੀ ਨੇ ਬਚਨ ਕਰਕੇ ਵਰਜ ਦਿੱਤੇ॥ ੨॥

ਲੈਬੇ ਹੇਤ ਅੰਨ ਕੋ ਫੇਰੇ। ਗਮਨੇ ਨਹੀਂ ਪਰੇ ਬਿਚ ਘੇਰੇ।
ਲਰਿਬੇ ਹੇਤ ਨਿਕਸਿ ਨਿਤ ਜੈਹੈਂ। ਅਧਿਕ ਛੁਧਤਿ ਹੀ ਜੰਗ ਮਚੈ ਹੈਂ॥੩॥

ਫਿਰ ਅਨਾਜ ਲੈਣ ਵਾਸਤੇ ਨਹੀਂ ਗਏ ਹਨ ਅਤੇ ਘੇਰੇ ਵਿਚ ਪਏ ਰਹੇ ਹਨ। ਲੜਨ ਵਾਸਤੇ ਨਿਤ ਨਿਕਲ ਕੇ ਜਾਂਦੇ ਸਨ, ਬਹੁਤ ਭੁੱਖੇ ਰਹਿ ਕੇ ਹੀ ਯੁੱਧ ਮਚਾਉਂਦੇ ਸਨ॥ ੩॥

ਤਰੁਵਰੁ ਕੀ ਛੀਲਕ ਲੇ ਕੋਈ। ਖਾਵੈਂ ਰੀਧਨ ਕਰਿ ਕਰਿ ਸੋਈ।
ਘਾਸ ਕਿ ਬੂਟਾ ਦਲ ਫਲ ਲੇਤਿ। ਅਚਵਹਿਂ ਪ੍ਰਾਨ ਰਾਖਿਬੇ ਹੇਤ॥੪॥

ਕੋਈ ਦਰੱਖਤਾਂ ਦੀਆਂ ਛਿਲਾਂ ਖਾਂਦਾ ਸੀ, ਉਨ੍ਹਾਂ ਛਿੱਲਾਂ ਦਾ ਰਿੰਨ੍ਹ-ਰਿੰਨ੍ਹ ਕੇ ਸੇਵਨ ਕਰਦੇ ਸਨ, ਘਾਹ ਜਾਂ ਦਰੱਖਤਾਂ ਦੇ ਪੱਤੇ ਜਾਂ ਫਲ ਖਾਂਦੇ ਸਨ, ਪ੍ਰਾਣ ਰੱਖਣ ਵਾਸਤੇ ਇਨ੍ਹਾਂ ਨੂੰ ਖਾਂਦੇ ਸਨ॥ ੪॥

ਕੇਚਿਤ ਗੁਰਬਾਨੀ ਪਠਿ ਕਰਿਕੈ। ਇਸੀ ਆਸਰੇ ਰਹਤਿ ਬਿਚਰਿਕੈ।
ਮੁਨੀ ਹੋਤਿ ਜਿਮ ਪੌਨ ਅਹਾਰੀ। ਅੰਤਰਮੁਖੀ ਬ੍ਰਿੱਤਿ ਕੋ ਧਾਰੀ॥੫॥

ਕਈ ਗੁਰਬਾਣੀ ਦਾ ਪਾਠ ਕਰਕੇ ਏਸੇ ਆਸਰੇ ਹੀ ਰਹਿ ਕੇ ਫਿਰਦੇ ਸਨ। ਜਿਵੇਂ ਮੁਨੀ ਪੌਣ ਅਹਾਰੀ ਹੁੰਦੇ ਹਨ, ਉਸ ਤਰ੍ਹਾਂ ਸਿੰਘਾਂ ਨੇ ਅੰਤਰਮੁਖੀ ਬ੍ਰਿਤੀ ਧਾਰਨ ਕੀਤੀ ਸੀ॥ ੫॥

ਤਨਹੰਤਾ ਕੋ ਤਜਤਿ ਬਿਤਾਵੈਂ। ਛੁਧਿਤਿ ਕਸ਼ਟ ਤੇ ਨਹੀਂ ਡੁਲਾਵੈਂ।
ਇਕ ਦਿਨ ਸਤਿਗੁਰ ਤਰੁਵਰੁ ਹੇਰੇ। ਬੂਝੇ ਸੰਗ ਹੁਤੇ ਤਿਸ ਬੇਰੇ॥ ੬॥

ਦੇਹ ਹੰਤਾ ਨੂੰ ਛੱਡ ਕੇ ਸਮਾਂ ਬਤੀਤ ਕਰਦੇ ਸਨ ਤੇ ਭੁੱਖ ਦੇ ਕਸ਼ਟ ਤੋਂ ਨਹੀਂ ਡੋਲਦੇ ਸਨ। ਇਕ ਦਿਨ ਸਤਿਗੁਰੂ ਜੀ ਨੇ ਦਰੱਖਤ ਵੇਖੇ, ਜਿਹੜੇ ਸਿੰਘ ਉਨ੍ਹਾਂ ਦੇ ਨਾਲ ਸਨ, ਉਨ੍ਹਾਂ ਪਾਸੋਂ ਉਸ ਸਮੇਂ ਪੁੱਛਿਆ॥ ੬॥

'ਇਹ ਕਿਸ ਬ੍ਰਿੱਛਨਿ ਛੀਲ ਉਤਾਰੀ'। ਸੁਨਤਿ ਦਾਸ ਗਨ ਤਬਹਿ ਉਚਾਰੀ।
'ਭੁਖ ਦੁਖ ਤੇ ਬ੍ਯਾਕੁਲ ਬਹੁ ਹ੍ਵੈ ਕੈ। ਸਿੰਘ ਅਚੈਂ ਵਿਚ ਅਗਨਿ ਰਿਝੈ ਕੈ' ॥੭॥

"ਇਹ ਬ੍ਰਿਛਾਂ ਦੀ ਛਿਲ ਕਿਸ ਉਤਾਰੀ ਹੈ।" ਇਹ ਸੁਣ ਕੇ ਕਈ ਸੇਵਕਾਂ ਨੇ ਉਚਾਰਨ ਕੀਤਾ, "ਭੁੱਖ ਦੇ ਦੁਖ ਨਾਲ ਬਹੁਤ ਵਿਆਕੁਲ ਹੋ ਕੇ ਸਿੰਘ ਇਨ੍ਹਾਂ ਨੂੰ ਪਾਣੀ ਵਿਚ ਉਬਾਲ ਕੇ ਖਾਂਦੇ ਹਨ"॥ ੭॥

ਤਬਿ ਗੁਰ ਕਹ੍ਯੋ 'ਹਟਾਵਨ ਕੀਜੈ। ਇਸ ਭੋਜਨ ਤੇ ਰੋਗੀ ਥੀਜੈ'।
ਬਰਜਨ ਕੀਨੇ ਸਭਿ ਹੀ ਫੇਰ। ਵਹਿਰ ਪਰ੍ਯੋ ਸ਼ੱਤ੍ਰਨਿ ਕੋ ਘੇਰ॥ ੮॥

ਤਦ ਗੁਰੂ ਜੀ ਨੇ ਕਿਹਾ, "ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਹਟਾਓ, ਇਸ ਭੋਜਨ ਨਾਲ ਉਹ ਰੋਗੀ ਹੋ ਜਾਣਗੇ।" ਫਿਰ ਸਾਰਿਆਂ ਨੂੰ ਵਰਜ ਦਿੱਤਾ, ਬਾਹਰ ਵੈਰੀ ਦਾ ਘੇਰਾ ਪਿਆ ਸੀ॥ ੮॥

ਕਿਤਿਕ ਅਸ਼ਰਧਕ ਮਾਤ ਸੁਨਾਵੈਂ। 'ਗੁਰ ਮਤਵਾਲੇ ਬਾਕ ਅਲਾਵੈਂ।
ਤੁਮ ਕਰਿ ਜਤਨ ਬਚਾਵਹੁ ਸਾਰੇ। ਨਤੁ ਹੋਵੈ ਸਭਿ ਕੇਰ ਸੰਘਾਰੇ॥ ੯॥

ਕਈ ਸਿੰਘ ਜਿਹੜੇ ਸ਼ਰਧਾ ਰਹਿਤ ਸਨ, ਉਹ ਮਾਤਾ ਜੀ ਨੂੰ ਸੁਣਾਉਣ ਲੱਗੇ, "ਗੁਰੂ ਜੀ ਮਤਵਾਲੇ ਬਚਨ ਕਹਿੰਦੇ ਹਨ, ਤੁਸੀਂ ਯਤਨ ਕਰਕੇ ਸਾਰਿਆਂ ਨੂੰ ਬਚਾਵੋ, ਨਹੀਂ ਤਾਂ ਸਾਰੇ ਹੀ ਮਾਰੇ ਜਾਵਾਂਗੇ॥ ੯॥

ਬਨਿਕੈ ਦੀਨ ਜਾਇ ਘਿਘਆਵੈਂ। ਕ੍ਯੋਂ ਨਹਿਂ ਇਨ ਕੈ ਪ੍ਰਾਨ ਬਚਾਵੈਂ।
ਜੋ ਸੰਗ੍ਰਾਮ ਸਦਾ ਹੀ ਚਹੈਂ। ਬਖਸ਼ੋ ਭੋਜਨ ਲਰਿਤੇ ਰਹੈਂ॥ ੧੦॥

ਇਹ ਦੀਨ ਬਣ ਕੇ ਜਾ ਜਾ ਕੇ ਗੁਰੂ ਜੀ ਪਾਸ ਘਿਘਿਆਉਂਦੇ ਹਨ, ਇਨ੍ਹਾਂ ਦੇ ਪ੍ਰਾਣ ਕਿਉਂ ਨਹੀਂ ਬਚਾਉਂਦੇ। ਜਿਹੜੇ ਸਦਾ ਹੀ ਯੁੱਧ ਕਰਨਾ ਚਾਹੁੰਦੇ ਹਨ ਇਨ੍ਹਾਂ ਨੂੰ ਭੋਜਨ ਬਖਸ਼ੋ ਤਾਂਕਿ ਲੜਦੇ ਰਹਿਣ॥ ੧੦॥

ਰਣ ਕੋ ਤਜਾਗਨ ਜੇ ਮਨ ਠਾਨੈਂ। ਤਜਹਿਂ ਅਨੰਦਪੁਰਿ ਕਹੂੰ ਪਯਾਨੈਂ।
ਚਮਰਾ ਹਾਡ ਰਹੇ ਤਨ ਕੇਰੇ। ਭੇ ਪਿੰਜਰ ਸੁਕਿ ਮਾਸ ਘਨੇਰੇ॥ ੧੧॥

ਜਿਨ੍ਹਾਂ ਨੇ ਯੁੱਧ ਨੂੰ ਤਿਆਗਣ ਦਾ ਮਨ ਬਣਾਇਆ ਹੈ, ਉਹ ਅਨੰਦਪੁਰ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਣਗੇ। ਉਨ੍ਹਾਂ ਦੇ ਸਰੀਰ ਵਿਚ ਕੇਵਲ ਹੱਡੀਆਂ ਅਤੇ ਚਮੜਾ ਹੀ ਰਹਿ ਗਿਆ ਹੈ, ਸਾਰਾ ਮਾਸ ਸੁੱਕ ਕੇ ਪਿੰਜਰ ਹੋ ਗਿਆ ਹੈ॥ ੧੧॥

ਜੀਵ ਦਾਨ ਸਭਿ ਕੋ ਅਬਿ ਦੀਜੈ। ਜਾਨ ਆਪਨੇ ਰੱਛਾ ਕੀਜੈ'।
ਇੱਤ੍ਯਾਦਿਕ ਕਹਿ ਜਨਨੀ ਸਾਥ। ਲ੍ਯਾਏ ਜਹਿਂ ਬੈਠੇ ਗੁਰ ਨਾਥ॥ ੧੨॥

ਹੁਣ ਜੀਵਨ ਦਾਨ ਸਾਰਿਆਂ ਨੂੰ ਦੇਵੋ, ਉਨ੍ਹਾਂ ਨੂੰ ਆਪਣੇ ਜਾਣ ਕੇ ਰੱਖਿਆ ਕਰੋ।" ਇਸ ਪ੍ਰਕਾਰ ਮਾਤਾ ਜੀ ਨਾਲ ਕਹਿ ਕੇ, ਮਾਤਾ ਜੀ ਨੂੰ ਉਥੇ ਲੈ ਕੇ ਆਏ, ਜਿੱਥੇ ਸਤਿਗੁਰੂ ਜੀ ਬੈਠੇ ਸਨ॥ ੧੨॥

ਸਨੇ ਸਨੇ ਸੁ ਪ੍ਰਸੰਗ ਚਲਾਯੋ। ਸ਼ੰਕਤਿ ਪ੍ਰਭੁ ਤੇ ਨੀਠ ਸੁਨਾਯੋ।
'ਮਹਾਂ ਛੁਧਾ ਬਜਾਪੀ ਸਭਿ ਮਹੀਆ। ਨਿਰਬਲ ਭੇ ਸਰੀਰ ਜਹਿਂ ਕਹੀਆ' ॥੧੩॥

ਹੌਲੀ-ਹੌਲੀ ਉਹ ਪ੍ਰਸੰਗ ਚਲਾਇਆ, ਸਤਿਗੁਰੂ ਜੀ ਪਾਸੋਂ ਡਰਦਿਆਂ ਮਸੀਂ-ਮਸੀਂ ਸੁਣਾਇਆ, "ਸਾਰਿਆਂ ਵਿਚ ਮਹਾਂ ਭੁੱਖ ਵਿਆਪਕ ਹੋ ਗਈ ਹੈ, ਜਿਸ ਕਿਸ ਦਾ ਸਰੀਰ ਬਹੁਤ ਨਿਰਬਲ ਹੋ ਗਿਆ ਹੈ" ॥ ੧੩॥

ਸ੍ਰੀ ਗੁਜਰੀ ਬੋਲੀ 'ਇਮ ਕਰੋ। ਇਨ ਕੋ ਤ੍ਰਿਪਤ ਕਰੋ ਤੋ ਲਰੋ।
ਜੇ ਨਹਿਂ ਮਾਨਹੁ, ਕੀਜਹਿ ਪਜਾਨਾ। ਇਨ ਦ੍ਵੈ ਬਿਨ ਨਹਿਂ ਬਾਚਹਿਂ ਪ੍ਰਾਨਾ ॥੧੪॥

ਮਾਤਾ ਗੁਜਰੀ ਜੀ ਬੋਲੀ, "ਇਸ ਤਰ੍ਹਾਂ ਕਰੋ, ਇਨ੍ਹਾਂ ਨੂੰ ਤ੍ਰਿਪਤ ਕਰੋ ਤੇ ਲੜੋ, ਜੇ ਨਹੀਂ ਮੰਨਦੇ ਹੋ ਤਾਂ ਏਥੋਂ ਤੁਰ ਚਲੋ। ਇਨ੍ਹਾਂ ਦੋ ਉਪਾਵਾਂ ਬਗੈਰ ਪ੍ਰਾਣ ਨਹੀਂ ਬਚਣਗੇ॥ ੧੪॥

ਹੇਰਹੁ ਸਰਬ ਸ਼ਰੀਰਨਿ ਹਾਲਾ। ਨਿਰਬਲ ਦੁਰਬਲ ਭਏ ਬਿਸਾਲਾ।
ਜੀਵਤਿ ਰਹੈਂ ਕਰੈਂ ਪੁਨ ਦਾਈਆ। ਲੇਹਿਂ ਅਨੰਦਪੁਰ ਅਪਨ ਛੁਡਾਈਆ ॥੧੫॥

ਸਾਰੇ ਸਰੀਰਾਂ ਦਾ ਹਾਲ ਵੇਖੋ, ਬਹੁਤ ਨਿਰਬਲ ਅਤੇ ਦੁਰਬਲ ਹੋ ਗਏ ਹਨ। ਜੇ ਜੀਉਂਦੇ ਰਹਿਣਗੇ ਤਾਂ ਫਿਰ ਦਾਈਆ ਕਰਨਗੇ, ਫਿਰ ਆਪਣੇ ਅਨੰਦਪੁਰ ਨੂੰ ਛੁਡਵਾ ਲੈਣਗੇ॥ ੧੫॥

ਮਰੇ ਪਿਛਾੜੀ ਕਛੂ ਨ ਫੇਰ। ਪਰੇ ਸੁ ਦੀਖਹਿਂ ਮਾਟੀ ਢੇਰ।
ਜੀਵਨ ਲਗਿ ਹੀ ਸਭਿ ਕਿਛ ਜਾਨੈਂ। ਜੋ ਜਗ ਮਹਿਂ ਬਿਹਾਰ ਸਭਿ ਠਾਨੈਂ ॥੧੬॥

ਫਿਰ ਪਿੱਛੋ ਕੋਈ ਵੀ ਨਹੀਂ ਮਰੇਗਾ, ਇਕ ਮਿੱਟੀ ਦਾ ਢੇਰ ਹੀ ਪਿਆ ਦਿੱਸੇਗਾ। ਜਦ ਤਕ ਜੀਵਨ ਹੈ ਤਦ ਤਕ ਹੀ ਸਭ ਕੁਝ ਜਾਣਿਆ ਜਾਂਦਾ ਹੈ, ਜਿਹੜੇ ਜਗਤ ਦੇ ਵਿਹਾਰ ਹਨ, ਉਹ ਸਾਰੇ ਕਰਦੇ ਹਨ॥੧੬॥

ਨਾਂਹਿ ਤ ਸਕਲ ਸਿੰਘ ਇਮ ਕਹੈਂ। ਆਇਸੁ ਬਿਖੈ ਆਪ ਕੀ ਅਹੈਂ।
ਕਰਹੁ ਹੁਕਮ ਸੰਗ੍ਰਾਮ ਮਚਾਵੈਂ। ਸ਼ੱਤ੍ਰ ਹਜ਼ਾਰਨਿ ਕੋ ਤਨ ਘਾਵੈਂ॥ ੧੭॥

ਨਹੀਂ ਤਾਂ ਸਾਰੇ ਸਿੰਘ ਇਸ ਪ੍ਰਕਾਰ ਕਹਿਣਗੇ, ਅਸੀਂ ਤੁਹਾਡੀ ਆਗਿਆ ਵਿਚ ਹਾਂ। ਹੁਕਮ ਕਰੋ ਯੁੱਧ ਮਚਾਈਏ, ਹਜ਼ਾਰਾਂ ਵੈਰੀਆਂ ਨੂੰ ਮਾਰ ਦੇਈਏ॥ ੧੭॥

ਆਪ ਮਰੈਂ ਤਿਨ ਕੇ ਵਿਚ ਬਰਿਕੈ। ਸਗਰੇ ਸੰਕਟ ਦੇਹੁ ਨਿਵਰਿਕੈ।
ਸਗਲ ਕੁਟੰਬ ਆਪ ਕੋ ਜਾਨ। ਦੀਜੈ ਅਬੈ ਪ੍ਰਾਨ ਕੋ ਦਾਨ॥ ੧੮॥

ਉਨ੍ਹਾਂ ਦੇ ਵਿਚ ਵੜ ਕੇ ਆਪ ਮਰਾਂਗੇ, ਦੇਹ ਦੇ ਸਾਰੇ ਸੰਕਟ ਦੂਰ ਕਰ ਲਵਾਂਗੇ। ਸਾਰਾ ਪਰਿਵਾਰ ਆਪ ਜੀ ਨੂੰ ਜਾਣਿਆ ਹੈ, ਹੁਣ ਸਾਨੂੰ ਪ੍ਰਾਣ ਦਾਨ ਦੇਵੋ" ॥ ੧੮॥

ਇਮ ਸੁਨਿ ਮਾਤਾ ਤੇ ਸਿਖ ਬੈਸੇ। ਸਭਿਨਿ ਸੁਨਾਇ ਭਨਜੋਂ ਗੁਰ ਐਸੇ।
'ਪੂਜਾ ਕੋ ਧਨ ਨਿਕਟ ਹਮਾਰੇ। ਸੋ ਨਹਿਂ ਦੈਬੋ ਬਨਹਿ ਅਹਾਰੇ॥ ੧੯॥

ਮਾਤਾ ਜੀ ਅਤੇ ਬੈਠੇ ਸਿੱਖਾਂ ਤੋਂ ਇਸ ਪ੍ਰਕਾਰ ਸੁਣ ਕੇ, ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਇਸ ਪ੍ਰਕਾਰ ਬੋਲੇ, "ਪੂਜਾ ਦਾ ਧਨ ਸਾਡੇ ਪਾਸ ਹੈ ਉਸਦਾ ਭੋਜਨ ਦੇਣਾ ਬਣਦਾ ਨਹੀਂ ਹੈ॥ ੧੯॥

ਸੋ ਛੁਟਵਾਇ ਮਨਿੰਦ ਹਲਾਹਲ। ਰਚਜੋ ਪੰਥ ਹਮ ਦੀਨੀ ਪਾਹੁਲ।
ਜੇ ਕਰਿ ਅਚਹਿਂ, ਨ ਵਧਹਿ ਪ੍ਰਤਾਪੂ। ਨਹਿਂ ਰਣ ਵਿਖੈ ਹੋਹਿਂ ਰਿਪੁ ਖਾਪੂ ॥੨੦॥

ਉਸਨੂੰ ਅਸੀਂ ਜ਼ਹਿਰ ਵਰਗਾ ਜਾਣ ਕੇ ਛੁਟਵਾ ਲਿਆ ਹੈ, ਅਸੀਂ ਪਾਹੁਲ ਦੇ ਕੇ ਇਸ ਪੰਥ ਦੀ ਰਚਨਾ ਕੀਤੀ ਹੈ। ਜੇ ਇਹ ਉਸਦਾ ਭੋਜਨ ਖਾਣਗੇ ਤਾਂ ਪ੍ਰਤਾਪ ਨਹੀਂ ਵਧੇਗਾ ਤਾਂ ਯੁੱਧ ਵਿਚ ਵੈਰੀ ਮਾਰਿਆਂ ਨਹੀਂ ਜਾ ਸਕੇਗਾ॥ ੨੦॥

**ਜਗ ਮਹਿਂ ਰਹੈਂ ਦਾਰਿਦੀ ਸਦਾ। ਮਰਹਿਂ ਨਰਕ ਮਹਿਂ ਵਾਸੈਂ ਤਦਾ।**
**ਮੁਗਲ ਪਠਾਨਨਿ ਸੋਂ ਛਿਤ ਛਾਈ। ਕਿਮ ਤਿਨ ਸਨ ਕਰਿ ਸਕਹਿਂ ਲਰਾਈ ॥੨੧॥**

ਫਿਰ ਜਗਤ ਵਿਚ ਸਦਾ ਗ਼ਰੀਬ ਰਹਿਣਗੇ ਤੇ ਮਰ ਕੇ ਇਨ੍ਹਾਂ ਦਾ ਨਰਕਾਂ ਵਿਚ ਵਾਸਾ ਹੋਵੇਗਾ। ਮੁਗਲ ਪਠਾਣ ਜਿਹੜੇ ਧਰਤੀ 'ਤੇ ਛਾਏ ਹਨ ਫਿਰ ਉਨ੍ਹਾਂ ਨਾਲ ਕਿਵੇਂ ਲੜਾਈ ਕਰ ਸਕਣਗੇ॥ ੨੧॥

**ਸਚਿਵ, ਸੈਨ, ਦੂਗ, ਕੋਸ਼, ਰੁ ਦੇਸ਼। ਲੱਛਣ ਨ੍ਰਿਪ ਕੇ ਅਹੈਂ ਵਿਸ਼ੇਸ਼।**
**ਤਿਨ ਕੋ ਮਾਰਿ, ਗਰਦ ਮਹਿਂ ਮੇਲਨ। ਹਤਿ ਕਰਿ ਤੀਰ ਤੁਫੰਗਨਿ ਸੇਲਨ ॥੨੨॥**

ਵਜ਼ੀਰ, ਸੈਨਾ, ਕਿਲ੍ਹਾ, ਖਜ਼ਾਨਾ ਅਤੇ ਦੇਸ਼, ਇਕ ਰਾਜੇ ਦੇ ਇਹੋ ਵਿਸ਼ੇਸ਼ ਲੱਛਣ ਹਨ। ਤੁਰਕਾਂ ਨੂੰ ਮਾਰ ਕੇ ਮਿੱਟੀ ਵਿਚ ਮਿਲਾਉਣਾ ਹੈ, ਤੀਰ, ਬੰਦੂਕਾਂ ਅਤੇ ਨੇਜ਼ੇ ਚਲਾ ਕੇ ਮਾਰਨਾ ਹੈ॥ ੨੨॥

**ਅਬਿ ਤਪ ਕਰਹਿਂ ਸ਼ਕਤਿ ਕੋ ਪਾਵੈਂ। ਏਕ ਸਿੰਘ ਲਾਖਹੁਂ ਪਰ ਧਾਵੈ।**
**ਖੜਗਕੇਤੁ ਨਿਤ ਬਨੈ ਸਹਾਇ। ਸੁਤ ਪਰ ਹੋਤਿ ਪਿਤਾ ਜਿਸ ਭਾਇ॥ ੨੩॥**

ਹੁਣ ਤਪ ਕਰਕੇ ਸ਼ਕਤੀ ਨੂੰ ਪਾਉਣਗੇ, ਇਕ ਸਿੰਘ ਲੱਖਾਂ ਉੱਤੇ ਭਾਰੂ ਹੋਵੇਗਾ। ਅਕਾਲ ਪੁਰਖ ਨਿਤ ਸਹਾਇਕ ਬਣੇਗਾ, ਜਿਵੇਂ ਪਿਤਾ ਆਪਣੇ ਪੁੱਤਰ ਦੀ ਸਹਾਇਤਾ ਕਰਦਾ ਹੈ॥ ੨੩॥

**ਗੋਦ ਮਾਤ ਦੇਵੀ ਕੇ ਪਾਯਹੁ। ਨਿਤ ਪ੍ਰਤਿਪਾਲਨ ਬਨੈ ਸਹਾਯਹੁ।**
**ਛੁਧਾ ਪਿਪਾਸਾ ਕਸ਼ਟ ਬਿਸਾਲੇ। ਬਨਹਿਂ ਪੰਥ ਕੋ, ਲੇ ਸਭਿ ਝਾਲੇ॥ ੨੪॥**

ਮਾਤਾ ਦੇਵੀ ਦੀ ਗੋਦ ਪਾਈ ਹੈ, ਸਹਾਇਕ ਬਣ ਨਿਤ ਪ੍ਰਤਿਪਾਲਣ ਕਰਦੀ ਹੈ। ਭੁੱਖ ਪਿਆਸ ਦਾ ਜਿਹੜਾ ਵੱਡਾ ਕਸ਼ਟ ਪੰਥ ਨੂੰ ਆ ਬਣਿਆ ਹੈ, ਉਹ ਸਭ ਝੱਲ ਲੈਣਗੇ'॥ ੨੪॥

**ਇਮ ਕੇਤਿਕ ਦਿਨ ਭਨਤਿ ਸੁਨੰਤੇ। ਮਹਾਂ ਛੁਧਤਿ ਕੇ ਭਏ ਬ੍ਰਿਤੰਤੇ।**
**ਉਤ ਰਾਜੇ ਮਿਲਿ ਮਿਲਿ ਪਛੁਤਾਵਹਿਂ। ਉਜਰਜੋ ਦੇਸ਼ ਦਰਬ ਖਰਚਾਵੈਂ ॥੨੫॥**

ਇਸ ਪ੍ਰਕਾਰ ਕਈ ਦਿਨ ਕਹਿੰਦੇ ਸੁਣਦੇ ਰਹੇ। ਮਹਾਂ ਭੁੱਖ ਦਾ ਬ੍ਰਿਤਾਂਤ ਚਲਦਾ ਸੀ। ਓਧਰ ਰਾਜੇ ਮਿਲ-ਮਿਲ ਪਛੁਤਾਉਂਦੇ ਸਨ, ਦੇਸ਼ ਉਜੜ ਗਿਆ ਸੀ, ਤੁਰਕ ਬਹੁਤ ਖਰਚਾ ਕਰਵਾਉਂਦੇ ਸਨ॥ ੨੫॥

**ਨਹਿਂ ਮੁਹਿੰਮ ਕਿਮ ਪੂਰਨ ਭਈ। ਸ੍ਰੀ ਗੁਰ ਦ੍ਰਿੜਤਾ ਅਤਿਸ਼ੈ ਲਈ।**
**ਲਾਖਹੁਂ ਫੌਜਾਂ ਖਰਚ ਬਿਸਾਲੇ। ਲਕਰੀ ਘਾਸ ਅੰਨ ਤੇ ਜਾਲੇ॥ ੨੬॥**

ਉਨ੍ਹਾਂ ਦੀ ਮੁਹਿੰਮ ਕਿਸੇ ਪ੍ਰਕਾਰ ਵੀ ਪੂਰਨ ਨਹੀਂ ਸੀ ਹੋ ਰਹੀ, ਗੁਰੂ ਜੀ ਨੇ ਵੱਡੀ ਦ੍ਰਿੜਤਾ ਫੜੀ ਹੋਈ ਸੀ। ਲੱਖਾਂ ਫੌਜਾਂ ਦਾ ਵਿਸ਼ਾਲ ਖਰਚਾ ਸੀ, ਲੱਕੜੀ, ਘਾਹ ਅਤੇ ਅਨਾਜ ਬਹੁਤ ਲੱਗਦਾ ਸੀ॥ ੨੬॥

**ਹੋਨਿ ਨ ਪਾਵੈ ਕਤਹੂੰ ਖੇਤੀ। ਸੈਲ ਦੇਸ਼ ਭਾ ਅਪਦਾ ਸੇਤੀ।**
**ਗੁਰ ਕੋ ਲਿਖਹਿਂ 'ਤਜਹਿਂ ਪੁਰ ਜਾਹਿਂ। ਏਕ ਬਾਰ ਹੁਇ ਹਮਰੇ ਪਾਹਿ॥ ੨੭॥**

ਖੇਤੀ ਕਿਸੇ ਪ੍ਰਕਾਰ ਪੈਦਾ ਨਹੀਂ ਸੀ ਹੋ ਰਹੀ, ਪਹਾੜੀ ਦੇਸ਼ ਬਿਪਤਾ ਸਹਿਤ ਰਹਿ ਰਿਹਾ ਸੀ। ਗੁਰੂ ਜੀ ਨੂੰ ਲਿਖਦੇ ਸਨ, 'ਨਗਰ ਛੱਡ ਕੇ ਚਲੇ ਜਾਵੋ, ਇਕ ਵਾਰ ਨਗਰ ਸਾਡੇ ਪਾਸ ਹੋਵੇ॥ ੨੭॥

ਲਸ਼ਕਰ ਫੇਰ ਸਕਲ ਚਢਿ ਜਾਵੈ। ਤਬਹਿ ਬਸਨ ਹਿਤ ਸਤਿਗੁਰ ਆਵੈਂ।
ਇਮ ਸਲਾਹ ਕਰਿ ਲਿਖੇ ਪਠਾਏ। ਸ੍ਰੀ ਕਲਗੀਧਰ ਕੇ ਢਿਗ ਆਏ॥ ੨੮॥

ਤੁਰਕ ਸੈਨਾ ਦਾ ਸਾਰਾ ਲਸ਼ਕਰ ਜਦ ਚੜ੍ਹਾਈ ਕਰਕੇ ਚਲੇ ਜਾਵੇ, ਫਿਰ ਸਤਿਗੁਰੂ ਜੀ ਵੱਸਣ ਵਾਸਤੇ ਵਾਪਸ ਆ ਜਾਣ।" ਇਸ ਪ੍ਰਕਾਰ ਸਲਾਹ ਕਰਕੇ ਲਿਖ ਕੇ ਭੇਜਿਆ ਤੇ ਸ੍ਰੀ ਕਲਗੀਧਰ ਦੇ ਪਾਸ ਆਏ॥ ੨੮॥

ਸੁਨਿ ਕਰਿ ਸਤਿਗੁਰ ਨਾਂਹਿਨ ਮਾਨੀ। ਕਪਟੀ ਪਰਬਤ ਕੇ ਨਰ ਜਾਨੀ।
ਪੂਜਤਿ ਪਾਹਨ, ਭੀ ਮਤਿ ਪਾਹਨ। ਮ੍ਰਿਦੁਲ ਕਦਾਚਿਤ ਲਖੀਅਹਿ ਨਾਹਿਨ॥੨੯॥

ਇਹ ਸੁਣ ਕੇ ਸਤਿਗੁਰੂ ਜੀ ਨਹੀਂ ਮੰਨੇ, ਪਹਾੜਾਂ ਦੇ ਕਪਟੀ ਮਨੁੱਖਾਂ ਨੂੰ ਉਹ ਜਾਣਦੇ ਸਨ। ਜਿਹੜੇ ਪੱਥਰਾਂ ਨੂੰ ਪੂਜਦੇ ਹਨ, ਉਨ੍ਹਾਂ ਦੀ ਬੁੱਧੀ ਵੀ ਪੱਥਰਾਂ ਵਰਗੀ ਹੈ, ਇਨ੍ਹਾਂ ਨੂੰ ਕਦੀ ਵੀ ਨਰਮ ਦਿਲ ਨਾ ਸਮਝੋ॥ ੨੯॥

ਸਭਿ ਸਿੰਘਨ ਮਹਿਂ ਨਹੀਂ ਜਨਾਈ। ਕਈ ਬੇਰ ਲਿਖ ਪੱਤ੍ਰ ਪਠਾਈ।
ਇਕ ਦਿਨ ਸਿੰਘਨ ਲਗ੍ਯੋ ਦਿਵਾਨਾ। ਸਭਿ ਮਹਿਂ ਆਵਤਿ ਭਾ ਪਰਵਾਨਾ॥੩੦॥

ਉਹ ਸਾਰੇ ਸਿੰਘਾਂ ਨੂੰ ਨਹੀਂ ਦੱਸਦੇ ਸਨ, ਪਹਾੜੀਆਂ ਨੇ ਕਈ ਵਾਰ ਚਿੱਠੀਆਂ ਲਿਖ ਕੇ ਭੇਜੀਆਂ ਸਨ। ਇਕ ਦਿਨ ਸਿੰਘਾਂ ਦਾ ਦੀਵਾਨ ਲੱਗਾ ਸੀ, ਸਾਰਿਆਂ ਦੇ ਵੇਖਦਿਆਂ ਪਰਵਾਨਾ ਆਇਆ॥ ੩੦॥

ਲੈਕੇ ਪੰਮਾ ਤਿਨਹੁਂ ਅਮਾਤ। ਕਰਤਿ ਸਪਥ ਕੋ ਭਾਖਤਿ ਬਾਤ।
'ਨਹਿਂ ਰਾਜਨ ਕੇ ਮਨ ਛਲ ਕੋਈ। ਚਹੈਂ ਕਿ ਜੰਗ ਸਮਾਪਤਿ ਹੋਈ'॥ ੩੧॥

ਉਨ੍ਹਾਂ ਵਲੋਂ ਪੰਮਾ ਮੰਤਰੀ ਪਰਵਾਨਾ ਲੈ ਕੇ ਆਇਆ, ਉਸ ਨੇ ਸੁਗੰਧ ਚੁੱਕ ਕੇ ਗੱਲ ਕੀਤੀ, "ਰਾਜਿਆਂ ਦੇ ਮਨ ਵਿਚ ਕੋਈ ਛੱਲ ਨਹੀਂ ਹੈ, ਉਹ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਜੰਗ ਸਮਾਪਤ ਹੋ ਜਾਵੇ"॥ ੩੧॥

ਪਠ੍ਯੋ ਸਭਿਨਿ ਮਹਿਂ ਸੁਨਿ ਇਸ ਭਾਂਤੀ। 'ਕਰਿਕੈ ਧਰਮ ਲਿਖੀ ਹਮ ਪਾਤੀ।
ਜਿਤਿਕ ਸਮਾਜ ਆਦਿ ਧਨ ਭਾਰੇ। ਲੇਕਰਿ ਨਿਕਸਹੁ ਸਭਿ ਸੰਭਾਰੇ॥ ੩੨॥

ਇਸ ਪ੍ਰਕਾਰ ਸੁਣ ਕੇ ਸਾਰਿਆਂ ਵਿਚ ਪਰਵਾਨਾ ਪੜ੍ਹਿਆ, "ਧਰਮ ਕਰਕੇ ਅਸੀਂ ਚਿੱਠੀ ਲਿੱਖੀ ਹੈ, ਜਿੰਨਾ ਵੀ ਸਾਜ਼ੋ-ਸਾਮਾਨ ਅਤੇ ਭਾਰੀ ਧਨ ਹੈ, ਸਭ ਕੁਝ ਸੰਭਾਲ ਕੇ ਲੈ ਕੇ ਨਿਕਲ ਜਾਵੋ॥ ੩੨॥

ਜਿਤ ਚਿਤ ਬਾਂਛਹੁ ਤਿਤਹਿ ਪਯਾਨਹੁ। ਤੁਰਕ ਰੁ ਹਮ ਤੇ ਸ਼ੰਕ ਨ ਮਾਨਹੁ।
ਦਿਸ਼ ਜਿਤ ਕਹਹੁ ਛੋਰ ਦੇਂ ਰਾਹੂ। ਨਿਜ ਪਰਵਾਰ ਸਹਿਤ ਚਲਿ ਜਾਹੂ'॥੩੩॥

ਜਿਸ ਪਾਸੇ ਵੀ ਚਿੱਤ ਚਾਹੇ, ਉਸੇ ਪਾਸੇ ਹੀ ਚਲੇ ਜਾਵੋ, ਤੁਰਕਾਂ ਅਤੇ ਸਾਡੇ ਉੱਤੇ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਕਰੋ। ਜਿਸ ਪਾਸੇ ਵੀ ਕਹੋ, ਅਸੀਂ ਰਾਹ ਛੱਡ ਦੇਵਾਂਗੇ, ਆਪਣੇ ਪਰਿਵਾਰ ਸਹਿਤ ਚਲੇ ਜਾਵੋ"॥ ੩੩॥

ਸੁਨਿ ਬੀਰਨ ਕੋ ਧੀਰਜ ਆਯੋ। ਸ੍ਰੀ ਗੁਜਰੀ ਢਿਗ ਜਾਇ ਬਤਾਯੋ।
'ਸ੍ਰੀ ਪ੍ਰਭੁ ਮਾਨਹਿਂ ਨਹਿਂ ਇਹ ਪਾਤੀ। ਤੁਮ ਬਿਨ ਕਹਿ ਨ ਸਕਹਿਂ ਹਿਤ ਬਾਤੀ'॥੩੪॥

ਇਹ ਸੁਣ ਕੇ ਸੂਰਬੀਰਾਂ ਨੂੰ ਕੁਝ ਧੀਰਜ ਆਇਆ, ਉਨ੍ਹਾਂ ਨੇ ਮਾਤਾ ਗੁਜਰੀ ਜੀ ਨੂੰ ਜਾ ਦੱਸਿਆ, "ਸਤਿਗੁਰੂ ਜੀ ਇਹ ਚਿੱਠੀ ਨਹੀਂ ਮੰਨਣਗੇ, ਤੁਹਾਡੇ ਬਗੈਰ ਇਹ ਹਿੱਤ ਵਾਲੀ ਗੱਲ ਕਹਿ ਨਹੀਂ ਸਕਾਂਗੇ"॥ ੩੪॥

ਇਮ ਕਹਿ ਮਾਤਾ ਕੋ ਸੰਗ ਲਜਾਏ। ਮਨਵਾਯੋ ਚਾਹਿਤ ਸਮੁਦਾਏ।
ਸ੍ਰੀ ਗੁਜਰੀ ਬੈਠੀ ਹੁਇ ਨੇਰੇ। ਸਕਲ ਖਾਲਸਾ ਮਿਲਿ ਤਿਸ ਬੇਰੇ॥ ੩੫॥

ਇਸ ਪ੍ਰਕਾਰ ਕਹਿ ਕੇ ਮਾਤਾ ਜੀ ਨੂੰ ਆਪਣੇ ਨਾਲ ਲਿਆਏ। ਸਾਰੇ ਹੀ ਗੁਰੂ ਜੀ ਨੂੰ ਮੰਨਵਾਉਣਾ ਚਾਹੁੰਦੇ ਸਨ। ਮਾਤਾ ਗੁਜਰੀ ਜੀ ਬੈਠ ਕੇ ਨੇੜੇ ਹੋ ਗਏ, ਸਾਰਾ ਖਾਲਸਾ ਉਸ ਸਮੇਂ ਇਕੱਠਾ ਹੋ ਗਿਆ ਸੀ॥ ੩੫॥

ਸ੍ਰੀ ਗੁਜਰੀ ਸੁਤ ਕੋ ਸਮੁਝਾਵੈ। 'ਅਬਿ ਤੇ ਬਾਤ ਭਲੀ ਹੁਇ ਜਾਵੈ।
ਸਭਿ ਰਿਪੁ ਕਰਹੀਂ ਧਰਮ ਇਮਾਨ। ਨਿਕਸਹੁ ਸਭਿਨਿ ਬਚਾਵਹੁ ਪ੍ਰਾਨ॥੩੬॥

ਮਾਤਾ ਗੁਜਰੀ ਜੀ ਆਪਣੇ ਪੁੱਤਰ ਨੂੰ ਸਮਝਾਉਂਦੇ ਸਨ, "ਹੁਣ ਤਾਂ ਚੰਗੀ ਗੱਲ ਹੋ ਜਾਵੇਗੀ। ਸਾਰੇ ਵੈਰੀ ਧਰਮ ਇਮਾਨ ਦੇ ਰਹੇ ਹਨ, ਬਾਹਰ ਨਿਕਲ ਕੇ ਸਾਰਿਆਂ ਦੇ ਪ੍ਰਾਣ ਬਚਾ ਲਵੋ॥ ੩੬॥

ਸੁਖੀ ਸਾਥਿ ਅਰੁ ਤੁਮ ਸੁਖ ਪਾਵੋ। ਕਹੇ ਮਾਤ ਕੇ ਬਾਤ ਕਮਾਵੋ।
ਤਜਹੁ ਅਨੰਦਪੁਰਿ ਦੇਰਿ ਨ ਕੀਜੈ। ਪ੍ਰਾਨ ਦਾਨ ਸਭਿਹਿਨਿ ਕੋ ਦੀਜੈ॥੩੭॥

ਸੁਖ ਸਾਥ ਨਿਕਲ ਕੇ ਤੁਸੀਂ ਸੁੱਖ ਪਾਵੋ, ਮਾਤਾ ਦੀ ਕਹੀ ਹੋਈ ਗੱਲ ਨੂੰ ਪੂਰਾ ਕਰੋ। ਅਨੰਦਪੁਰ ਛੱਡਣ ਵਿਚ ਹੁਣ ਦੇਰ ਨਾ ਕਰੋ, ਪ੍ਰਾਣ ਦਾਨ ਸਾਰਿਆਂ ਨੂੰ ਦੇਵੋ॥ ੩੭॥

ਜੇ ਹੁਇ ਅੰਤਰ ਖਰਚ ਬਿਸਾਲਾ। ਬਨਹਿ ਲਰਨ ਤੁਮ ਕੋ ਚਿਰਕਾਲਾ।
ਸਰਬ ਭਾਂਤਿ ਕੋ ਸੰਕਟ ਅੰਤਰ। ਤਜਾਗਨਿ ਕੋ ਸੁਭ ਲਖਹੁ ਨਿਰੰਤਰ॥੩੮॥

ਜੇ ਅੰਦਰ ਵਿਸ਼ਾਲ ਖਰਚਾ ਹੋਵੇ, ਤਾਂ ਤੁਸੀਂ ਬਾਹਰ ਨਿਕਲ ਕੇ ਲੰਮੇ ਸਮੇਂ ਤੱਕ ਯੁੱਧ ਕਰ ਸਕਦੇ ਹੋ। ਅੰਦਰ ਸਭ ਪ੍ਰਕਾਰ ਦੇ ਸੰਕਟ ਹਨ, ਸਦਾ ਇਸਨੂੰ ਤਿਆਗਣਾ ਸ਼ੁਭ ਸਮਝੋ॥ ੩੮॥

ਕੇਵਲ ਚਹੈਂ ਭੂਮਿਕਾ ਸੋਈ। ਕਪਟ ਘਾਤ ਕੋ ਕਰੈਂ ਨ ਕੋਈ।
ਅਬਹਿ ਸਮਾ ਆਛੈ ਨਿਕਸੈਬੋ। ਅਵਸਰ ਬਿਤਜੋ ਹਾਥ ਨਹਿਂ ਪੈਬੋ॥ ੩੯॥

ਉਹ ਕੇਵਲ ਭੂਮੀ ਚਾਹੁੰਦੇ ਹਨ, ਕਪਟ, ਘਾਤ ਕਿਸੇ ਪ੍ਰਕਾਰ ਦਾ ਵੀ ਕਰਨਗੇ ਨਹੀਂ। ਹੁਣ ਸਮਾਂ ਚੰਗੀ ਤਰ੍ਹਾਂ ਨਿਕਲਣ ਦਾ ਹੈ, ਮੌਕਾ ਬੀਤ ਜਾਣ 'ਤੇ ਫਿਰ ਹੱਥ ਨਹੀਂ ਆਉਂਦਾ ਹੈ॥ ੩੯॥

ਦੇਖਹੁ ਛੁਧਿਤਿ ਕਿਤੇ ਦਿਨ ਬੀਤੇ। ਜੁਝਹਿਂ ਰੈਨ ਦਿਵਸ ਨਿਰਭੀਤੇ।
ਉਤ ਗਿਰਪਤਿ ਅਰੁ ਸ਼ਾਹ ਸਮੇਤ। ਅਹਦ ਧਰਮ ਕੌ ਕਰਹਿਂ ਸੰਕੇਤ॥ ੪੦॥

ਵੇਖੋ ਭੁੱਖੇ ਰਹਿ ਕੇ ਕਿੰਨੇ ਦਿਨ ਬਤੀਤ ਕੀਤੇ ਹਨ। ਕਈ ਦਿਨ ਰਾਤ ਭੁੱਖੇ ਰਹਿ ਕੇ ਜੂਝਦੇ ਰਹੇ ਹਾਂ। ਉਧਰ ਰਾਜੇ ਬਾਦਸ਼ਾਹ ਸਮੇਤ ਅਹਿਦ ਧਰਮ ਦਾ ਇਕਰਾਰ ਕਰਦੇ ਹਨ॥ ੪੦॥

ਹੇਰਹੁ ਲਸ਼ਕਰ ਬਡਜੋ ਬਡੇਰਾ। ਖ੍ਵਾਜੇ ਆਨਿ ਕੀਨ ਅਬਿ ਡੇਰਾ।
ਬੀੜੋ ਕੋ ਉਠਾਇ ਢਿਗ ਸ਼ਾਹੂ। ਹਤਨਿ ਕਿ ਪਕਰਨਿ ਆਯਹੁ ਪਾਹੂ॥ ੪੧॥

ਵੇਖੋ ਲਸ਼ਕਰ ਬਹੁਤ ਵੱਧ ਗਿਆ ਹੈ, ਖਵਾਜੇ ਮਰਦੂਦ ਨੇ ਆ ਡੇਰਾ ਲਾਇਆ ਹੈ। ਉਸ ਨੇ ਬਾਦਸ਼ਾਹ ਦੇ ਪਾਸ ਬੀੜਾ ਚੁਕਿਆ ਹੈ, ਉਹ ਤੁਹਾਨੂੰ ਮਾਰਨ ਜਾਂ ਫੜਨ ਵਾਸਤੇ ਪਾਸ ਆਇਆ ਹੈ॥ ੪੧॥

ਚੁਕਹੁ ਨਹੀਂ ਲਿਹੁ ਸਭਿਨਿ ਬਚਾਇ। ਜੀਵਨ ਕੇ ਸਮ ਭਲੀ ਨ ਕਾਇ।
ਜੀਵਨ ਤੇ ਸਗਰੇ ਬਿਵਹਾਰ। ਜੀਵਤਿ ਕਰਿ ਹੈਂ ਜਤਨ ਹਜ਼ਾਰ'॥ ੪੨॥

ਹੁਣ ਅਟਕੋ ਨਹੀਂ ਸਭ ਨੂੰ ਬਚਾ ਲਵੋ, ਜੀਵਨ ਵਰਗੀ ਕੋਈ ਵੀ ਭਲੀ ਗੱਲ ਨਹੀਂ ਹੈ। ਜੀਵਨ ਕਰਕੇ ਸਾਰੇ ਵਿਹਾਰ ਚਲਦੇ ਹਨ, ਜੀਉਂਦਾ ਮਨੁੱਖ ਹਜ਼ਾਰਾਂ ਯਤਨ ਕਰਦਾ ਹੈ"॥ ੪੨॥

ਸਿੰਘਨਿ ਅਰੁ ਜਨਨੀ ਤੇ ਸੁਨਿਕੈ। ਸ੍ਰੀ ਪ੍ਰਭੁ ਸਭਿ ਤੇ ਬੇ ਰੁਖ਼ ਬਨਿਕੈ।
ਕੁਛ ਕਠੋਰਤਾ ਸਹਿਤ ਬਖਾਨਾ। 'ਪਰਬਤ ਬਾਸੀ ਗਨ ਡੁਗਰਾਨਾ॥ ੪੩॥

ਸਿੰਘਾਂ ਅਤੇ ਮਾਤਾ ਜੀ ਪਾਸੋਂ ਸੁਣ ਕੇ, ਸ੍ਰੀ ਪ੍ਰਭੂ ਨੇ ਸਾਰਿਆਂ ਤੋਂ ਬੇਰੁਖ਼ ਬਣ ਕੇ ਕੁਝ ਕਠੋਰਤਾ ਸਹਿਤ ਕਿਹਾ, ''ਪਰਬਤ ਵਾਸੀ ਸਾਰੇ ਡੋਗਰੇ ਹਨ॥ ੪੩॥

ਨਿਤ ਹੀ ਪੂਜਤਿ ਬਹੁਤ ਪਖਾਨਾ। ਯਾਂਤੇ ਮਤਿ ਪਾਖਾਨ ਸਮਾਨਾ।
ਸਭਿ ਕੂੜੇ ਕੂੜਾ ਕਰ ਜੋਰਾ। ਕੂੜੋ ਪੰਮਾ ਫਿਰਤਿ ਬਹੋਰਾ॥ ੪੪॥

ਇਹ ਸਦਾ ਪੱਥਰਾਂ ਦੀ ਪੂਜਾ ਕਰਦੇ ਹਨ, ਇਸ ਕਰਕੇ ਇਨ੍ਹਾਂ ਦੀ ਬੁੱਧੀ ਪੱਥਰਾਂ ਵਰਗੀ ਹੈ, ਕੂੜਾ ਜੋੜ ਤੋੜ ਕਰਕੇ, ਝੂਠਾ ਪੰਮਾ ਚੱਕਰ ਲਾਉਂਦਾ ਫਿਰਦਾ ਹੈ॥ ੪੪॥

ਵਧਹਿ ਖਾਲਸਾ ਜਾਨਹਿਂ ਨਾਂਹੀ। ਲੈ ਹੈ ਪਲਟਾ ਛੋਰਹਿ ਕਾਂਹੀ?।
ਇਨਕੋ ਕਿਮ ਹ੍ਵੈ ਹੈ ਪਤਿਆਰਾ॥ ਇਨ ਕੇ ਕਹੇ ਕਹਾਂ ਇਤਬਾਰਾ॥ ੪੫॥

ਇਹ ਜਾਣਦੇ ਨਹੀਂ ਹਨ ਕਿ ਖਾਲਸਾ ਬਹੁਤ ਵਧੇਗਾ, ਉਹ ਬਦਲਾ ਲੈਣਗੇ ਤੇ ਕਿਸੇ ਨੂੰ ਵੀ ਛੱਡਣਗੇ ਨਹੀਂ। ਇਨ੍ਹਾਂ ਦਾ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਹੈ, ਇਨ੍ਹਾਂ ਦੇ ਕਹਿਣ ਉੱਤੇ ਕਿਵੇਂ ਇਤਬਾਰ ਕੀਤਾ ਜਾ ਸਕਦਾ ਹੈ॥ ੪੫॥

ਚਵਗੱਤਾ ਭੀ ਮੂਰਖ ਮੱਤਾ। ਗਿਰਪਤਿ ਜੁਤਿ ਕੂਰੇ ਰਸ ਰੱਤਾ।
ਨਹਿਂ ਥਿਰ ਬੁੱਧੀ ਚਪਲ ਅਜਾਨੇ। ਇਨ ਕੋ ਕੂਰ ਇਨਹਿਂ ਕਰਿ ਹਾਨੇ ॥੪੬॥

ਚੋਗੱਤਾ ਔਰੰਗਾ ਵੀ ਮੂਰਖ ਮੱਤ ਵਾਲਾ ਹੈ, ਪਹਾੜੀ ਰਾਜਿਆਂ ਸਹਿਤ ਝੂਠੇ ਰਸ ਵਿਚ ਰੰਗਿਆ ਹੈ। ਸਥਿਰ ਬੁੱਧੀ ਨਹੀਂ ਹੈ, ਮੂਰਖ ਵੱਡੇ ਹੁਸ਼ਿਆਰ ਬਣਦੇ ਹਨ। ਇਨ੍ਹਾਂ ਦਾ ਝੂਠ ਹੀ ਇਨ੍ਹਾਂ ਦਾ ਨਾਸ਼ ਕਰੇਗਾ'॥ ੪੬॥

*ਛੇਵੀਂ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

## ਅਧਿਆਇ ਛੱਬੀਵਾਂ

### *ਪਹਾੜੀਆਂ ਨੇ ਇੱਟਾਂ ਪੱਥਰ ਖਜ਼ਾਨਾ ਜਾਣ ਕੇ ਲੁੱਟੇ*

ਦੋਹਰਾ-ਕਹਜੋ ਬਹੁਤ ਸਤਿਗੁਰ ਪ੍ਰਭੂ, ਜਨਨੀ ਆਦਿ ਜਿ ਸਿੱਖ।
ਨਹਿਂ ਮਨ ਲਜਾਵਤਿ ਸਾਚ ਕੋ ਹੋਇ ਜੁ ਬਾਤ ਭਵਿੱਖ॥ ੧॥

ਆਪਣੇ ਮਾਤਾ ਜੀ ਅਤੇ ਹੋਰ ਸਿੱਖਾਂ ਨੂੰ ਸਤਿਗੁਰੂ ਜੀ ਨੇ ਬਹੁਤ ਕਿਹਾ। ਪਰ ਜਿਹੜੀ ਗੱਲ ਭਵਿੱਖ ਵਿਚ ਹੋਣੀ ਹੈ, ਉਹ ਗੱਲ ਮਾਤਾ ਜੀ ਅਤੇ ਹੋਰ ਸਿੱਖ ਆਪਣੇ ਮਨ ਵਿਚ ਨਹੀਂ ਲਿਆਉਂਦੇ ਹਨ॥ ੧॥

ਚੌਪਈ- ਸ੍ਰੀ ਕਲਗੀਧਰ ਤਬਹਿ ਬਿਚਾਰਾ। ਇਨਹੁਂ ਦਿਖਾਵਹੁਂ ਕਰਿ ਪਤਿਆਰਾ।
ਪੰਮਾ ਅਪਨਿ ਹਜ਼ੂਰ ਹਕਾਰਜੋ। ਸਭਿਨਿ ਸੁਨਾਵਤਿ ਤਿਸੈ ਉਚਾਰਜੋ ॥੨ ॥

ਸ੍ਰੀ ਕਲਗੀਧਰ ਨੇ ਫਿਰ ਵਿਚਾਰ ਕੀਤੀ ਕਿ ਇਨ੍ਹਾਂ ਨੂੰ ਅਜ਼ਮਾਇਸ਼ ਕਰਕੇ ਵਿਖਾ ਦੇਈਏ ਤਾਂ ਭਰੋਸਾ ਕਰਨਗੇ। ਸਤਿਗੁਰੂ ਜੀ ਨੇ ਪੰਮੇ ਨੂੰ ਆਪਣੇ ਪਾਸ ਬੁਲਾਇਆ, ਸਾਰਿਆਂ ਨੂੰ ਸੁਣਾ ਕੇ ਉਸ ਨੂੰ ਕਿਹਾ॥ ੨॥

'ਅਵਰੰਗਾ ਅਰੁ ਗਿਰਪਤਿ ਸਾਰੇ। ਸਹਤ ਸਮਾਜ ਜਿ ਚਹਤਿ ਨਿਕਾਰੇ।
ਪੰਚ ਹਜ਼ਾਰ ਬ੍ਰਿਖਭ ਬਨਜਾਰੇ। ਭੇਜ ਦੇਹੁ ਹਮ ਕੋਸ਼ ਨਿਕਾਰੇਂ॥ ੩॥

''ਨੌਰੰਗਾ ਅਤੇ ਸਾਰੇ ਪਹਾੜੀ ਰਾਜੇ, ਸਾਰੇ ਸਾਜ਼ੋ-ਸਾਮਾਨ ਸਹਿਤ ਜੇ ਕੱਢਣਾ ਚਾਹੁੰਦੇ ਹਨ ਤਾਂ ਪੰਜ ਹਜ਼ਾਰ ਵਪਾਰ ਕਰਨ ਵਾਲੇ ਬਲਦ ਭੇਜ ਦੇਵੋ, ਅਸੀਂ ਸਾਰਾ ਖਜ਼ਾਨਾ ਬਾਹਰ ਭੇਜਾਂਗੇ॥ ੩॥

ਪ੍ਰਥਮ ਹਮਾਰੀ ਦੌਲਤ ਜਾਵੈ। ਤਿਸ ਪਸ਼ਚਾਤੀ ਨਿਕਰਿ ਸਿਧਾਵੈਂ।
ਅਪਰ ਸਮਾਜ ਸਾਥ ਹਮ ਰਾਖੈਂ। ਜੰਗਲ ਦੇਸ਼ ਜਾਨਿ ਅਭਿਲਾਖੈਂ' ॥ ੪॥

ਪਹਿਲਾਂ ਸਾਡੀ ਦੌਲਤ ਜਾਵੇ, ਉਸ ਤੋਂ ਬਾਅਦ ਅਸੀਂ ਸਾਰੇ ਨਿਕਲ ਕੇ ਜਾਵਾਂਗੇ। ਹੋਰ ਸਾਮਾਨ ਨੂੰ ਅਸੀਂ ਆਪਣੇ ਪਾਸ ਰੱਖਾਂਗੇ। ਮਾਲਵੇ ਦੇਸ਼ ਵਿਚ ਸਾਡੀ ਜਾਣ ਦੀ ਅਭਿਲਾਸ਼ਾ ਹੈ'' ॥ ੪॥

ਇਮ ਸੁਨਿ ਪੰਮਾ ਬਾਹਰ ਗਯੋ। ਗਿਰਪਤਿ ਸਾਥ ਕਹਤਿ ਬਿਧ ਭਯੋ।
ਸੁਨਿਕੈ ਹਰਖੇ ਸਭਿ ਹੀ ਮਾਨੀ। ਉਮਰਾਵਨ ਭੀ ਨੀਕੇ ਜਾਨੀ॥ ੫॥

ਇਸ ਪ੍ਰਕਾਰ ਸੁਣ ਕੇ ਪੰਮਾ ਬਾਹਰ ਗਿਆ, ਪਹਾੜੀ ਰਾਜਿਆਂ ਨੂੰ ਉਹ ਜਾ ਕੇ ਕਹਿਣ ਲੱਗਾ। ਸਾਰੇ ਪਹਾੜੀ ਰਾਜੇ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਦੀਆਂ ਸਾਰੀਆਂ ਗੱਲਾਂ ਮੰਨ ਲਈਆਂ। ਉਮਰਾਵ ਅਤੇ ਸੂਬਿਆਂ ਨੇ ਵੀ ਇਹ ਗੱਲ ਚੰਗੀ ਜਾਣੀ॥ ੫॥

ਨਿਤ ਕੋ ਰਣ ਮੁਹਿੰਮ ਮਿਟ ਜਾਇ। ਆਪੋ ਅਪਨੇ ਸਦਨ ਸਿਧਾਇਂ।
ਲਸ਼ਕਰ ਬਿਖੈ ਬ੍ਰਿਖਭ ਬਨਜਾਰੇ। ਕਰੇ ਬਟੋਰਨ ਤਤਛਿਨ ਸਾਰੇ॥ ੬॥

ਨਿਤ ਦੇ ਯੁੱਧ ਦੀ ਮੁਹਿੰਮ ਖਤਮ ਹੋ ਜਾਵੇਗੀ, ਆਪੋ ਆਪਣੇ ਘਰਾਂ ਨੂੰ ਚਲੇ ਜਾਵਾਂਗੇ। ਲਸ਼ਕਰ ਵਿਚ ਜਿਹੜੇ ਲਾਦੂ ਬਲਦ ਸਨ, ਸਾਰੇ ਤੁਰਤ ਇਕੱਠੇ ਕਰ ਲਏ॥ ੬॥

ਬ੍ਰਿਖਭ ਗੋਨ ਜੁਤਿ ਪੰਜ ਹਜ਼ਾਰ। ਭੇਜ ਦੀਏ ਸਤਿਗੁਰ ਦਰਬਾਰ।
ਆਨਿ ਥਿਰੇ ਢਿਗ ਪ੍ਰਭੁ ਪੁਨ ਕਹਯੋ। 'ਧਰਮ ਇਮਾਨ ਦੁਹਨ ਜਿਮ ਲਹਯੋ॥੭॥

ਛੱਟਾਂ ਸਮੇਤ ਪੰਜ ਹਜ਼ਾਰ ਬਲਦ ਸਤਿਗੁਰੂ ਜੀ ਦੇ ਦਰਬਾਰ ਵਿਚ ਭੇਜ ਦਿੱਤੇ। ਜਦ ਸਤਿਗੁਰੂ ਪਾਸ ਆ ਕੇ ਖੜੇ ਹੋ ਗਏ ਤਾਂ ਸਤਿਗੁਰੂ ਜੀ ਨੇ ਕਿਹਾ, ''ਪਹਾੜੀਆਂ ਨੇ ਧਰਮ, ਤੁਰਕਾਂ ਨੇ ਈਮਾਨ ਜਿਵੇਂ ਦੋਹਾਂ ਨੇ ਵਿਚ ਲਿਆਉਣਾ ਦਰਸਾਇਆ ਹੈ॥ ੭॥

ਸੋ ਕਰਿ ਕੈ ਹਮਰੇ ਢਿਗ ਆਨੋ। ਤੌ ਹਮ ਜਾਨੈਂ ਸਾਚ ਬਖਾਨੋ'।
ਪੁਨ ਪੰਮਾ ਪਹੁੰਚਯੋ ਸਭਿ ਪਾਸ। ਕਹਯੋ ਗੁਰੂ ਕੋ ਕੀਨ ਪ੍ਰਕਾਸ਼॥ ੮॥

ਸਾਡੇ ਪਾਸ ਉਹ ਸੁਗੰਧਾਂ ਚੁੱਕ ਕੇ ਲਿਆਓ, ਫਿਰ ਅਸੀਂ ਸਮਝਾਂਗੇ ਕਿ ਤੁਸੀਂ ਸੱਚ ਕਹਿ ਰਹੇ ਹੋ।'' ਫਿਰ ਪੰਮਾ ਸਾਰਿਆਂ ਦੇ ਪਾਸ ਪਹੁੰਚਿਆ, ਜੋ ਗੁਰੂ ਜੀ ਨੇ ਫੁਰਮਾਇਆ ਸੀ, ਉਸ ਨੂੰ ਸਾਰਿਆਂ ਦੇ ਪਾਸ ਜਾ ਕੇ ਸੁਣਾਇਆ॥ ੮॥

ਧਰਮ ਗਿਰੇਸ਼ੁਨਿ ਤਬਿ ਕਰਿ ਦੀਨ। ਸ਼ਿਵ ਠਾਕਰ ਕੀ ਆਨਹਿ ਕੀਨ।
ਤੁਰਕਨ ਕਰਯੋ ਇਮਾਨ ਪਠਾਵਾ। ਜਿਮ ਪ੍ਰਭੁ ਕਹਯੋ ਤਥਾ ਮੰਗਵਾਵਾ॥ ੯॥

ਪਹਾੜੀ ਰਾਜਿਆਂ ਨੇ ਫਿਰ ਧਰਮ ਕਰ ਦਿੱਤਾ, ਸ਼ਿਵ ਠਾਕਰ ਦੀ ਸੁਗੰਧ ਚੁੱਕੀ। ਤੁਰਕਾਂ ਨੇ ਈਮਾਨ ਕਰ ਭੇਜਿਆ ਹੈ ਭਾਵ ਸੁਗੰਧ ਕਰਕੇ ਕੁਰਾਨ ਘੱਲਿਆ ਹੈ। ਜਿਵੇਂ ਸਤਿਗੁਰੂ ਜੀ ਨੇ ਕਿਹਾ ਹੈ, ਉਸ ਤਰ੍ਹਾਂ ਹੀ ਮੰਗਵਾ ਲਿਆ ਹੈ॥ ੯॥

ਸਤਿਗੁਰ ਕੋਸ਼ਪ ਕੋ ਬੁਲਵਾਯੋ। ਪ੍ਰਥਮ ਸਭਿਨਿ ਤੇ ਕਰਿ ਸਮੁਝਾਯੋ।
'ਟੂਟੀ ਪਨਹੀ ਜ਼ੀਨ ਪੁਰਾਨੇ। ਬੁਰਦ ਪੋਸ਼ ਹੈਂ ਜਿਤਕ ਮਹਾਨੇ॥ ੧੦॥

ਸਤਿਗੁਰੂ ਜੀ ਨੇ ਫਿਰ ਖਜ਼ਾਨਚੀ ਨੂੰ ਬੁਲਵਾਇਆ, ਪਹਿਲਾਂ ਸਾਰਿਆਂ ਨੂੰ ਸਮਝਾਇਆ, "ਟੁੱਟੀਆਂ ਜੁੱਤੀਆਂ ਅਤੇ ਪੁਰਾਣੀਆਂ ਕਾਠੀਆਂ, ਅਤੇ ਜਿੰਨੇ ਵੀ ਪੁਰਾਣੇ ਜਾਮੇ ਅਤੇ ਕੱਪੜੇ ਹਨ॥ ੧੦॥

ਮਰੇ ਤੁਰੰਗਮ ਚਰਮ ਅਨੇਕ। ਸੰਚਵਾਇ ਕਰਿ ਹਾਡ ਜਿਤੇਕ।
ਸੰਚਿ ਠੀਕਰੀ ਬਾਸਨ ਫੂਟੇ। ਜੀਰਣ ਬਸਤ੍ਰ ਸਾਜ ਸਭਿ ਟੂਟੇ॥ ੧੧॥

ਮਰੇ ਹੋਏ ਘੋੜਿਆਂ ਦੀਆਂ ਜਿਹੜੀਆਂ ਅਨੇਕਾਂ ਖੱਲਾਂ ਹਨ ਅਤੇ ਜਿੰਨੀਆਂ ਵੀ ਉਨ੍ਹਾਂ ਦੀਆਂ ਹੱਡੀਆਂ ਹਨ, ਸਾਰੀਆਂ ਹੀ ਇਕੱਠੀਆਂ ਕਰਵਾਓ। ਟੁੱਟੇ ਬਰਤਨਾਂ ਦੀਆਂ ਸਾਰੀਆਂ ਠੀਕਰੀਆਂ ਇਕੱਠੀਆਂ ਕਰੋ। ਸਾਰੇ ਪੁਰਾਣੇ ਵਸਤਰ ਅਤੇ ਟੁੱਟੇ ਹੋਏ ਸਾਜ਼ ਇਕੱਠੇ ਕਰੋ॥ ੧੧॥

ਸਕਲ ਗੋਨ ਭਰਿ ਕੀਜਹਿ ਤਜਾਰੀ। ਨਿਸਾ ਪਰਹਿ ਦਿਹੁ ਵਹਿਰ ਨਿਕਾਰੀ'।
ਕੋਟਵਾਲ ਕੀਨੋ ਤਿਮ ਕਾਜੂ। ਲੀਓ ਸਕੇਲ ਪੁਰਾਨ ਸਮਾਜੂ॥ ੧੨॥

ਸਾਰੀਆਂ ਛੱਟਾਂ ਭਰ ਕੇ ਤਿਆਰੀ ਕਰੋ, ਰਾਤ ਪੈਣ 'ਤੇ ਛੱਟਾਂ ਸਹਿਤ ਬਲਦਾਂ ਨੂੰ ਬਾਹਰ ਕੱਢ ਦੇਵੋ।" ਕੋਤਵਾਲ ਨੇ ਗੁਰੂ ਜੀ ਦੇ ਕਹਿਣ ਅਨੁਸਾਰ ਹੀ ਕਾਰਜ ਕੀਤਾ। ਸਾਰਾ ਪੁਰਾਣਾ ਸਾਜ਼-ਸਾਮਾਨ ਇਕੱਠਾ ਕਰ ਲਿਆ॥ ੧੨॥

ਬ੍ਰਿੰਦ ਚੰਡਾਲ ਚਮਾਰਨ ਪ੍ਰੇਰੇ। ਬਿਸ਼ਟਾ ਅਸਤ ਭਰੰਤਿ ਘਨੇਰੇ।
ਪੁਨ ਘੋਰਨ ਕੀ ਲੀਦ ਭਰਾਈ। ਸੂਕੇ ਗੀਲ ਚਰਮ ਸਮੁਦਾਈ॥ ੧੩॥

ਬਹੁਤ ਚੰਡਾਲਾਂ ਆਦਿ ਨੂੰ ਪ੍ਰੇਰਿਆ ਤੇ ਵਿਠਾਂ ਅਤੇ ਹੱਡੀਆਂ ਨਾਲ ਛੱਟਾਂ ਭਰਵਾ ਲਈਆਂ। ਫਿਰ ਛੱਟਾਂ ਵਿਚ ਘੋੜਿਆਂ ਦੀ ਲਿੱਦ ਭਰਵਾਈ, ਸੁੱਕੇ ਗਿੱਲੇ ਵਿਚ ਚਮੜੇ ਪਵਾਏ॥ ੧੩॥

ਜਿਨ ਤੇ ਬਹੁ ਗਿਲਾਨ ਦੁਰਗੰਧਾ। ਐਸੋ ਮਾਸ ਪਾਇ ਦਿਯ ਬੰਧਾ।
ਜਿਸ ਕੇ ਛੁਹੇ ਧਰਮ ਹੁਇ ਹਾਨੀ। ਐਸੇ ਭਰਿ ਭਰਿ ਗੋਨ ਮਹਾਨੀ॥ ੧੪॥

ਜਿਨ੍ਹਾਂ ਵਿਚੋਂ ਬਹੁਤ ਭੈੜੀ ਦੁਰਗੰਧ ਆਉਂਦੀ ਸੀ, ਐਸਾ ਮਾਸ ਭਰ ਕੇ ਛੱਟਾਂ ਬੰਨ੍ਹ ਦਿੱਤੀਆਂ। ਜਿਸ ਨੂੰ ਛੂਹਣ ਨਾਲ ਵੀ ਧਰਮ ਦੀ ਹਾਨੀ ਹੁੰਦੀ ਸੀ, ਐਸੀਆਂ ਛੱਟਾਂ ਚੰਗੀ ਤਰ੍ਹਾਂ ਭਰ ਦਿੱਤੀਆਂ॥ ੧੪॥

ਪੰਜ ਹਜ਼ਾਰ ਗੋਨ ਭਰਿਵਾਈ। ਬਿਨ ਦੇਖੇ ਤੇ ਸਰਬ ਸਿਵਾਈ।
ਨਿਸਾ ਪਰੀ ਲਗਿ ਕੀਨਸ ਤਜਾਰੀ। 'ਲਾਦਹੁ' ਆਗਜਾ ਗੁਰੂ ਉਚਾਰੀ॥੧੫॥

ਪੰਜ ਹਜ਼ਾਰ ਛੱਟਾਂ ਭਰਵਾ ਲਈਆਂ, ਦੇਖਣ ਤੋਂ ਬਗੈਰ ਹੀ ਸਾਰੀਆਂ ਛੱਟਾਂ ਦੀ ਸਿਲਾਈ ਕਰਵਾ ਲਈ। ਰਾਤ ਪੈਣ ਤਕ ਤਿਆਰੀ ਕੀਤੀ, "ਇਨ੍ਹਾਂ ਨੂੰ ਬਲਦਾਂ ਉਤੇ ਲੱਦ ਦੇਵੋ", ਗੁਰੂ ਜੀ ਨੇ ਆਗਿਆ ਉਚਾਰਨ ਕੀਤੀ॥ ੧੫॥

ਵਹਿਰ ਸਭਿਨਿ ਢਿਗ ਲਿਖੇ ਪਠਾਏ। 'ਅਬਿ ਚਾਹਤਿ ਹਮ ਨਿਕਰ ਸਿਧਾਏ'।
ਸੁਧ ਤਹਿਂ ਪਸਰੀ ਅਪਨਿ ਬਿਰਾਨੇ। 'ਛੋਰਿ ਦੁਰਗ ਪ੍ਰਭੁ ਚਲੇ ਪਯਾਨੇ॥ ੧੬॥

ਬਾਹਰ ਸਾਰਿਆਂ ਨੂੰ ਲਿਖ ਕੇ ਭੇਜ ਦਿੱਤਾ, "ਹੁਣ ਅਸੀਂ ਬਾਹਰ ਨਿਕਲ ਕੇ ਜਾਣਾ ਚਾਹੁੰਦੇ ਹਾਂ।" ਆਪਣੇ, ਬਿਗਾਨੇ ਸਾਰਿਆਂ ਵਿਚ ਇਹ ਖਬਰ ਫੈਲ ਗਈ, "ਸਤਿਗੁਰੂ ਜੀ ਕਿਲ੍ਹੇ ਨੂੰ ਛੱਡ ਕੇ ਚੱਲੇ ਹਨ॥ ੧੬॥

ਪ੍ਰਥਮ ਖਜ਼ਾਨਾ ਕਰਹਿਂ ਨਿਕਾਰਨ। ਬਹੁਰ ਗੁਰੂ ਕਰਿ ਕੂਚ ਪਧਾਰਨ'।
ਅੰਤਰ ਸਭਿਨਿ ਸੁਨੀ ਇਹ ਬਾਤ। ਲਸ਼ਕਰ ਸਗਰੇ ਮਹਿਂ ਬੱਖਜਾਤ॥ ੧੭॥

ਪਹਿਲਾਂ ਆਪਣਾ ਖਜ਼ਾਨਾ ਕੱਢਣ ਲੱਗੇ ਹਨ, ਫਿਰ ਗੁਰੂ ਜੀ ਕੂਚ ਕਰਕੇ ਚਲੇ ਜਾਣਗੇ।'' ਅੰਦਰ ਵੀ ਸਾਰਿਆਂ ਨੇ ਇਹ ਗੱਲ ਸੁਣੀ ਤੇ ਸਾਰੇ ਲਸ਼ਕਰ ਵਿਚ ਵੀ ਇਹ ਗੱਲ ਪ੍ਰਗਟ ਹੋ ਗਈ॥ ੧੭॥

ਗਿਰਪਤਿ ਰਾਜੇ ਜੇਤਿਕ ਰਾਨੇ। ਉਰ ਹਰਖੇ ਰਣ ਮਿਟਜੋ ਮਹਾਨੇ।
ਜ਼ੋਰਦਸਤ, ਖ੍ਵਾਜਾ, ਰੁ ਵਜੀਦ। ਵਹਿਰ ਗੁਰੂ ਕੀ ਲਖੀ ਰਸੀਦ॥ ੧੮॥

ਪਹਾੜੀ ਰਾਜੇ ਅਤੇ ਜਿੰਨੇ ਵੀ ਰਾਣੇ ਸਨ, ਦਿਲ ਵਿਚ ਬਹੁਤ ਪ੍ਰਸੰਨ ਹੋਏ ਕਿ ਵੱਡਾ ਯੁੱਧ ਖ਼ਤਮ ਹੋ ਗਿਆ ਹੈ। ਜ਼ਬਰਦਸਤ ਖਾਂ, ਖ੍ਵਾਜਾ ਮਰਦੂਦ ਅਤੇ ਵਜੀਦ ਖਾਂ ਨੇ ਵੀ ਗੁਰੂ ਜੀ ਦੇ ਬਾਹਰ ਨਿਕਲਣ ਦੀ ਗੱਲ ਜਾਣੀ॥ ੧੮॥

ਰਿਦੇ ਮੁਦਿਤ ਭੇ ਸ਼ੋਕ ਮਿਟਾਏ। ਕ੍ਰਿਖਿ ਮੁਰਝਾਇ ਮਨੋ ਜਲ ਪਾਏ।
ਕੋਟਵਾਲ ਗੁਰ ਕੇ ਢਿਗ ਗਯੋ। ਹਾਥ ਜੋਰਿ ਪੁਨ ਭਾਖਤਿ ਭਯੋ॥ ੧੯॥

ਸਾਰੇ ਦੁਖ ਮਿਟਾ ਕੇ ਬਹੁਤ ਪ੍ਰਸੰਨ ਹੋਏ, ਮਾਨੋ ਸੁੱਕ ਰਹੀ ਖੇਤੀ ਨੂੰ ਪਾਣੀ ਮਿਲ ਗਿਆ ਹੋਵੇ। ਕੋਤਵਾਲ ਗੁਰੂ ਜੀ ਦੇ ਪਾਸ ਗਿਆ ਤੇ ਹੱਥ ਜੋੜ ਕੇ ਫਿਰ ਕਹਿਣ ਲੱਗਾ॥ ੧੯॥

'ਰਾਤਿ ਅੰਧੇਰੀ ਤਿਮਰ ਮਹਾਨਾ। ਮਗ ਨਹਿਂ ਸੂਝੇ ਆਵਨ ਜਾਨਾ।
ਨਹੀਂ ਤੇਲ ਜੇ ਜਲਹਿਂ ਮਸਾਲਾ। ਚਲਤੇ ਹੋਇ ਪ੍ਰਕਾਸ਼ ਬਿਸਾਲਾ॥ ੨੦॥

ਹਨੇਰੀ ਰਾਤ ਹੈ ਤੇ ਕੁਝ ਵੀ ਵਿਖਾਈ ਨਹੀਂ ਦਿੰਦਾ ਹੈ, ਆਉਣ ਜਾਣ ਦਾ ਰਾਹ ਵਿਖਾਈ ਨਹੀਂ ਦਿੰਦਾ ਹੈ। ਸਾਡੇ ਪਾਸ ਤੇਲ ਵੀ ਨਹੀਂ ਹੈ, ਜਿਸ ਨਾਲ ਮਸਾਲਾਂ ਜਗਾ ਲਈਏ, ਚਲਦਿਆਂ ਹੋਇਆਂ ਜਿਸ ਨਾਲ ਵੱਡੀ ਰੌਸ਼ਨੀ ਹੋਵੇ॥ ੨੦॥

ਜਿਮ ਆਇਸੁ ਹੁਇ ਬਨਹਿ ਉਪਾਇ'। ਸੁਨਿਕੈ ਸ੍ਰੀ ਗੋਬਿੰਦ ਸਿੰਘ ਰਾਇ।
ਅਪਨਿ ਹਾਥ ਤੇ ਬਰਛਾ ਦੀਨ। 'ਲੇਹੁ ਕੂਪ ਢਿਗ ਜਾਹੁ ਪ੍ਰਬੀਨ॥ ੨੧॥

ਜਿਵੇਂ ਆਪ ਜੀ ਦੀ ਆਗਿਆ ਹੋਵੇ, ਉਸ ਤਰ੍ਹਾਂ ਹੀ ਉਪਾਅ ਕਰੀਏ।'' ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥ ਨਾਲ ਬਰਛਾ ਦਿੱਤਾ ਤੇ ਕਿਹਾ, ''ਇਸ ਨੂੰ ਲੈ ਕੇ ਖੂਹ ਦੇ ਪਾਸ ਜਾਵੋ॥ ੨੧॥

ਤਿਸ ਉਪਰ ਤੋਮਰ ਧਰਿ ਦੀਜੈ। ਇਕ ਦਿਸ਼ਿ ਤੇਲ ਨਿਕਾਸਨਿ ਕੀਜੈ।
ਦੂਸਰ ਦਿਸ਼ਾ ਰਹੈ ਜਲ ਤੈਸੇ। ਖਾਨ ਪਾਨ ਹਿਤ ਲੀਜੈ ਵੈਸੇ॥ ੨੨॥

ਉਸ ਉੱਪਰ ਬਰਛਾ ਧਰ ਦੇਵੋ ਤੇ ਇਕ ਪਾਸੇ ਤੇਲ ਕੱਢੀ ਜਾਵੋ ਦੂਸਰੇ ਪਾਸੇ ਪਹਿਲਾਂ ਵਾਂਗ ਹੀ ਜਲ ਰਹੇਗਾ, ਖਾਣ ਪੀਣ ਵਾਸਤੇ ਪਹਿਲਾਂ ਵਾਂਗ ਹੀ ਲਵੋ॥ ੨੨॥

ਅਹੈਂ ਬ੍ਰਿਖਭ ਜੋ ਪੰਚ ਹਜ਼ਾਰ। ਦਸ ਹਜ਼ਾਰ ਤਿਹ ਸੀਂਗ ਬਿਚਾਰ।
ਸਭਿ ਪਰ ਦਿਹੁ ਮਸਾਲ ਬੰਧਵਾਇ। ਤੇਲ ਕੂਪ ਤੇ ਲਿਹੁ ਨਿਕਸਾਇ' ॥੨੩॥

ਇਹ ਜਿਹੜੇ ਪੰਜ ਹਜ਼ਾਰ ਬਲਦ ਹਨ, ਉਨ੍ਹਾਂ ਦੇ ਦਸ ਹਜ਼ਾਰ ਸਿੰਗ ਹਨ, ਸਾਰੇ ਸਿੰਗਾਂ ਨਾਲ ਇਕ ਇਕ ਮਸਾਲ ਬੰਨ੍ਹ ਦੇਵੋ ਤੇ ਤੇਲ ਨੂੰ ਖੂਹ ਵਿਚੋਂ ਕੱਢ ਲਵੋ'' ॥ ੨੩॥

ਲੇ ਗੁਰ ਕਰ ਤੇ ਤੋਮਰ ਆਏ। ਧਰੇ ਕੂਪ ਪਰ ਕਾਢਨ ਲਾਏ।
ਦੇਖਤਿ ਬਿਸਮੈ ਹੁਇ ਕਰਿ ਸਾਰੇ। ਬੰਧਿ ਮਸਾਲਨਿ ਸਗਰੇ ਡਾਰੇ॥ ੨੪॥

ਕੋਤਵਾਲ ਨੇ ਗੁਰੂ ਜੀ ਦੇ ਹੱਥ ਵਿਚੋਂ ਬਰਛਾ ਲਿਆ ਤੇ ਖੂਹ ਵਿਚੋਂ ਤੇਲ ਕੱਢਣ ਵਾਸਤੇ, ਉੱਪਰ ਰੱਖ ਦਿੱਤਾ। ਅਜਿਹਾ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ ਤੇ ਸਾਰੇ ਬਲਦਾਂ ਦੇ ਸਿੰਗਾਂ ਨਾਲ ਮਸਾਲਾਂ ਬੰਨ੍ਹ ਦਿੱਤੀਆਂ॥ ੨੪॥

ਲੋਕ ਸੈਂਕਰੇ ਲਗੇ ਸੁਧਾਰਨ। ਕਰੀ ਮਸਾਲਨ ਤਤਛਿਨ ਜਾਰਨ।
ਹੁਕਮ ਗੁਰੂ ਕੋ ਪੁਨ ਇਮ ਭਾਯੋ। 'ਖੀਨ ਖਾਬ ਜੇਤਿਕ ਬਚਿ ਗਯੋ॥ ੨੫॥

ਸੈਂਕੜੇ ਲੋਕ ਇਸ ਕਾਰਜ ਵਿਚ ਜੁੱਟ ਗਏ, ਤੁਰਤ ਸਾਰੀਆਂ ਮਸਾਲਾਂ ਜਗਾ ਦਿੱਤੀਆਂ, ਫਿਰ ਗੁਰੂ ਜੀ ਨੇ ਇਸ ਪ੍ਰਕਾਰ ਹੁਕਮ ਕੀਤਾ, "ਜਿੰਨਾ ਵੀ ਖੀਨ ਖਾਬ ਬਚ ਗਿਆ ਹੈ॥ ੨੫॥

ਦ੍ਵੈ ਦ੍ਵੈ ਗਜ ਗੂਨਨ ਪਰ ਡਾਰੇ'। ਤਿਮ ਹੀ ਤਤਛਿਨ ਤਿਨ ਪਰ ਧਾਰੇ।
ਦਸ ਹਜ਼ਾਰ ਜਬਿ ਜਰੀ ਮਸਾਲਾ। ਜਿਤ ਕਿਤ ਦਿਪਤ ਪ੍ਰਕਾਸ਼ ਬਿਸਾਲਾ॥੨੬॥

ਦੋ ਦੋ ਗਜ਼ ਇਨ੍ਹਾਂ ਛੱਟਾਂ ਉੱਤੇ ਪਾ ਦੇਵੋ।" ਉਸ ਤਰ੍ਹਾਂ ਹੀ ਤੁਰਤ ਉਨ੍ਹਾਂ ਛੱਟਾਂ ਉਤੇ ਸੁੰਦਰ ਕੱਪੜੇ ਪਾ ਦਿੱਤੇ। ਦਸ ਹਜ਼ਾਰ ਜਦ ਮਸਾਲਾਂ ਜਗੀਆਂ, ਜਿੱਥੇ ਕਿੱਥੇ ਵੱਡਾ ਪ੍ਰਕਾਸ਼ ਹੋ ਰਿਹਾ ਸੀ॥ ੨੬॥

ਲਸ਼ਕਰ ਵਹਿਰ ਤਜਾਰ ਪਿਖਿ ਹੋਏ। ਮਨ ਮਹਿਂ ਚਹਿਂ ਲੂਟਜੋ ਸਭਿ ਕੋਏ।
ਲਾਖਹੁਂ ਬੀਰ ਤਜਾਰ ਹੁਇ ਠਾਂਢੇ। ਦੇਖਤਿ ਦਰਬ ਗੁਰੂ ਅਬਿ ਕਾਢੇ॥ ੨੭॥

ਇਹ ਵੇਖ ਕੇ ਬਾਹਰ ਖੜੇ ਲਸ਼ਕਰ ਤਿਆਰ ਹੋ ਗਏ, ਮਨ ਵਿਚ ਸਾਰੇ ਹੀ ਗੁਰੂ ਜੀ ਦੇ ਖਜ਼ਾਨੇ ਨੂੰ ਲੁੱਟਣਾ ਚਾਹੁੰਦੇ ਸਨ। ਲੱਖਾਂ ਸੂਰਬੀਰ ਤਿਆਰ ਹੋ ਕੇ ਖੜੇ ਸਨ, ਵੇਖ ਰਹੇ ਸਨ ਕਿ ਗੁਰੂ ਜੀ ਨੇ ਹੁਣ ਧਨ ਬਾਹਰ ਕੱਢਿਆ ਹੈ॥ ੨੭॥

ਊਚੇ ਅਹੈ ਮੋਰਚਾ ਜੋਈ। ਤਿਸ ਕੇ ਢਿਗ ਢਿਗ ਕੀਨੇ ਸੋਈ।
ਸਨੇ ਸਨੇ ਸਭਿ ਬ੍ਰਿਖਭ ਨਿਕਾਰੇ। ਊਪਰ ਤੋਪਹਿਂ ਕੀਨਸਿ ਤਜਾਰੇ॥ ੨੮॥

ਜਿਹੜਾ ਉੱਚੇ ਥਾਂ 'ਤੇ ਮੋਰਚਾ ਲੱਗਾ ਹੋਇਆ ਸੀ, ਉਸ ਦੇ ਨੇੜੇ-ਨੇੜੇ ਬਲਦਾਂ ਨੂੰ ਕੀਤਾ। ਹੌਲੀ-ਹੌਲੀ ਸਾਰੇ ਬਲਦਾਂ ਨੂੰ ਕੱਢ ਦਿੱਤਾ ਤੇ ਉੱਪਰ ਤੋਪਾਂ ਤਿਆਰ ਕੀਤੀਆਂ॥ ੨੮॥

ਬਹੁ ਜ੍ਵਾਲਾ ਬਮਨੀ ਗਹਿ ਹਾਥ। ਖਰੇ ਕਰੇ ਤਹਿਂ ਸਿੰਘ ਗਨ ਨਾਥ।
ਆਪ ਅਨੰਦਪੁਰੇ ਚਲਿ ਬੈਸੇ। ਕਪਟੀ ਹਤਹਿਂ, ਪਿਖਿਨਿ ਕੋ ਤੈਸੇ॥ ੨੯॥

ਬਹੁਤ ਬੰਦੂਕਾਂ ਹੱਥ ਵਿਚ ਫੜੀਆਂ ਤੇ ਸਤਿਗੁਰੂ ਜੀ ਨੇ ਉਥੇ ਬਹੁਤ ਸਿੰਘਾਂ ਨੂੰ ਖੜਿਆਂ ਕੀਤਾ। ਆਪ ਅਨੰਦਪੁਰ ਵਿਚ ਚਲ ਕੇ ਬੈਠ ਗਏ, ਇਹ ਵੇਖਣ ਵਾਸਤੇ ਕਿ ਕਪਟੀਆਂ ਨੂੰ ਕਿਵੇਂ ਮਾਰਦੇ ਹਾਂ॥ ੨੯॥

ਹਾਂਕਤਿ ਚਾਲੇ ਬ੍ਰਿੰਦ ਲਬਾਨੇ। ਪਸਰਜੋ ਸਭਿਨਿ ਪ੍ਰਕਾਸ਼ ਮਹਾਨੇ।
ਰਾਜਨ ਕੀ ਸਿਪਾਹ ਗਨ ਆਈ। ਸਨੇ ਸਨੇ ਦੇਖਤਿ ਨਿਕਟਾਈ॥ ੩੦॥

ਬਹੁਤ ਲੁਬਾਣੇ ਬਲਦਾਂ ਨੂੰ ਹਿੱਕ ਕੇ ਚਲ ਪਏ, ਸਾਰੇ ਬਹੁਤ ਪ੍ਰਕਾਸ਼ ਫੈਲ ਗਿਆ। ਰਾਜਿਆਂ ਦੀ ਬਹੁਤ ਸੈਨਾ ਆਈ, ਹੌਲੀ-ਹੌਲੀ ਵੇਖ ਕੇ ਨੇੜੇ ਆ ਗਈ॥ ੩੦॥

ਖੀਨਖਾਬ ਕੀ ਚਮਕਤਿ ਜ਼ਰੀ। ਜਾਨੀ ਦੌਲਤ ਅਚਰਜ ਭਰੀ।
'ਕੰਚਨ ਚਾਂਦੀ ਹੋਇਂ ਜਵਾਹਰ। ਪਿਖਿਯਤਿ ਬਡ ਪ੍ਰਭਾਉ ਹੀ ਜ਼ਾਹਰ'॥ ੩੧॥

ਖੀਨ ਖਾਬ ਦੀ ਜ਼ਰੀ ਚਮਕਦੀ ਸੀ, ਇੰਝ ਜਾਪਦਾ ਸੀ, ਜਿਵੇਂ ਛੱਟਾਂ ਵਿਚ ਅਸਚਰਜ ਦੌਲਤ ਭਰੀ ਹੈ। "ਸੋਨਾ, ਚਾਂਦੀ ਅਤੇ ਹੀਰੇ ਜਵਾਹਰਾਤ ਹੋਣਗੇ, ਵੇਖ ਕੇ ਵੱਡਾ ਪ੍ਰਭਾਵ ਪ੍ਰਗਟ ਹੁੰਦਾ ਸੀ"॥ ੩੧॥

ਸੁਨਿ ਰਾਜਨ ਭੀ ਧਰਮ ਬਿਸਾਰਾ। ਉਮਰਾਵਨਿ ਇਮਾਨ ਕੋ ਹਾਰਾ।
'ਸਪਤ ਮਾਸ ਦੁਖ ਪਾਵਤਿ ਰਹੇ। ਲਰਤਿ ਹਜ਼ਾਰੋਂ ਮ੍ਰਿਤੁ ਕੋ ਲਹੇ॥ ੩੨॥

ਸੁਣ ਕੇ ਰਾਜਿਆਂ ਵੀ ਧਰਮ ਵਿਸਾਰ ਦਿੱਤਾ ਤੇ ਉਮਰਾਵ ਵੀ ਆਪਣੇ ਇਮਾਨ ਨੂੰ ਹਾਰ ਗਏ ਕਹਿੰਦੇ ਸਨ, "ਸਤ ਮਹੀਨੇ ਦੁਖ ਪਾਉਂਦੇ ਰਹੇ ਹਾਂ, ਲੜਦਿਆਂ ਹਜ਼ਾਰਾਂ ਨੇ ਮ੍ਰਿਤੂ ਪਾਈ ਹੈ॥ ੩੨॥

ਦਰਬ ਕਰੋਰਹੁੰ ਬਿਚ ਤੇ ਚਾਲਾ। ਜਿਸ ਤੇ ਤ੍ਰਿਪਤੈ ਸੈਨ ਬਿਸਾਲਾ।
ਖਾਲੀ ਦੁਰਗ ਰਹੇ ਕਜਾ ਲੈ ਹੈਂ। ਚਢਹਿ ਗੁਰੂ ਕਿਸ ਦੇਸ਼ ਸਿਧੈ ਹੈ ॥੩੩॥

ਕਰੋੜਾਂ ਰੁਪਏ ਦਾ ਧਨ ਕਿਲ੍ਹੇ ਵਿਚੋਂ ਨਿਕਲ ਕੇ ਬਾਹਰ ਚੱਲਿਆ ਹੈ, ਜਿਸ ਨਾਲ ਵਿਸ਼ਾਲ ਸੈਨਾ ਤ੍ਰਿਪਤ ਹੋ ਜਾਵੇਗੀ, ਖਾਲੀ ਕਿਲ੍ਹਿਆਂ ਵਿਚੋਂ ਕੀ ਲਵਾਂਗੇ। ਗੁਰੂ ਜੀ ਚੜ੍ਹਾਈ ਕਰਕੇ ਕਿਸੇ ਹੋਰ ਦੇਸ਼ ਵਿਚ ਚਲੇ ਜਾਣਗੇ" ॥ ੩੩॥

ਵਧਜੋ ਲੋਭ ਮਨ ਬਿਖੈ ਘਨੇਰਾ। ਧਰਮ ਇਮਾਨ ਹਤਜੋ ਤਿਸ ਬੇਰਾ।
ਸ਼ਿਵ ਠਾਕਰ ਅਰ ਕਸਮ ਕੁਰਾਨਾ। ਬਜਾਪਜੋ ਲੋਭ, ਦਯੋ ਕਰਿ ਹਾਨਾ॥੩੪॥

ਮਨ ਵਿਚ ਬਹੁਤ ਜਿਆਦਾ ਲੋਭ ਵਧਿਆ, ਉਸ ਸਮੇਂ ਧਰਮ ਇਮਾਨ ਨੂੰ ਕਤਲ ਕਰ ਦਿੱਤਾ। ਵੱਡਾ ਲੋਭ ਵਿਆਪਕ ਹੋ ਗਿਆ ਤੇ ਸ਼ਿਵ ਠਾਕਰ ਅਤੇ ਕੁਰਾਨ ਦੀਆਂ ਕਸਮਾਂ ਆਦਿ ਭੁਲਾ ਦਿੱਤੀਆਂ॥ ੩੪॥

ਪਰੇ ਪਹਾਰੀ ਪੂਰਬ ਆਇ। ਭਯੋ ਰੌਰ ਦਈ ਲੂਟ ਮਚਾਇ।
ਮਿਲਿ ਮਿਲਿ ਨਰ ਦਸ ਬੀਸ ਕਿ ਚਾਲੀ। ਬ੍ਰਿਖਭ ਸਹਿਤ ਸਭਿ ਗੋਨ ਸੰਭਾਲੀ॥੩੫॥

ਪਹਿਲਾਂ ਪਹਾੜੀਏ ਆ ਕੇ ਪੈ ਗਏ, ਵੱਡਾ ਰੌਲਾ ਮੱਚ ਗਿਆ ਤੇ ਸਭ ਨੇ ਲੁੱਟ ਮਚਾ ਦਿੱਤੀ। ਦਸ ਵੀਹ ਮਨੁੱਖ ਮਿਲ ਮਿਲ ਕੇ ਚਲਦੇ ਸਨ, ਬਲਦਾਂ ਸਹਿਤ ਉਨ੍ਹਾਂ ਸਾਰੀਆਂ ਛੱਟਾਂ ਸੰਭਾਲ ਲਈਆਂ॥ ੩੫॥

ਤਿਨ ਪਰ ਸਾਠ ਕਿ ਸੌ ਮਿਲਿ ਆਏ। ਕਰਿ ਬਲ ਬਾਹਨ ਛੀਨਤਿ ਜਾਏ।
ਸੋ ਨਹਿੰ ਦੇਤਿ ਲਰਨ ਜੜ ਲਾਗੇ। ਸ਼ਸਤ੍ਰ ਪਰੇ ਚਲਿ, ਕੇਤਿਕ ਭਾਗੇ॥ ੩੬॥

ਬਲਦਾਂ ਉੱਤੇ ਸੱਠ ਜਾਂ ਸੌ ਸੌ ਮਿਲ ਕੇ ਆਉਂਦੇ ਸਨ, ਬਾਹਾਂ ਦੇ ਬਲ ਕਰਕੇ ਇਕ ਦੂਸਰੇ ਪਾਸੋਂ ਛੱਟਾਂ ਖੋਹਦੇ ਜਾਂਦੇ ਸਨ। ਉਹ ਨਹੀਂ ਦਿੰਦੇ ਸਨ, ਇਸ ਕਰਕੇ ਮੂਰਖ ਲੜਨ ਲੱਗੇ। ਫਿਰ ਸ਼ਸਤਰ ਚਲ ਪਏ ਤੇ ਕਈ ਭੱਜ ਗਏ॥ ੩੬॥

ਪਰਜੋ ਰੌਰ ਕੋਸਨ ਲਗਿ ਸੁਨਿਯਤਿ। ਜਨੁ ਸਮੁੰਦ੍ਰ ਮਥਿਬੇ ਕਹੁ ਜਨੀਯਤਿ।
ਜਬਿ ਆਪਸ ਮਹਿਂ ਰਾਰ ਮਚਾਈ। ਤਬਿ ਊਪਰ ਤੇ ਤੋਪ ਚਲਾਈ॥ ੩੭॥

ਪਿਆ ਹੋਇਆ ਰੌਲਾ ਕੋਹਾਂ ਤਕ ਸੁਣਾਈ ਦਿੰਦਾ ਸੀ, ਮਾਨੋ ਸਮੁੰਦਰ ਨੂੰ ਰਿੜਕਣ ਲੱਗੇ ਸਨ। ਜਦ ਆਪਸ ਵਿਚ ਬਹੁਤ ਰੌਲਾ ਮਚਾਇਆ, ਤਦ ਗੁਰੂ ਜੀ ਨੇ ਉੱਪਰ ਤੋਂ ਤੋਪ ਚਲਵਾਈ॥ ੩੭॥

ਗਾਜਤਿ ਗਾਜ ਸਮਾਨ ਮਹਾਂਨੀ। ਕਰੇ ਸ਼ੱਤ੍ਰ ਸਮੁਦਾਇ ਸੁ ਹਾਨੀ।
ਲਗੀ ਹੋਨਿ ਗੋਰਨਿ ਕੀ ਮਾਰ। ਜਿਸ ਤੇ ਮਰੇ ਹਜ਼ਾਰ ਜੁਝਾਰ॥ ੩੮॥

ਤੋਪ ਬਿਜਲੀ ਵਾਂਗ ਬੜੀ ਉੱਚੀ ਆਵਾਜ਼ ਵਿਚ ਕੜਕੀ ਤੇ ਸਾਰੇ ਇਕੱਠੇ ਹੋਏ ਵੈਰੀਆਂ ਨੂੰ ਮਾਰ ਮੁਕਾਇਆ। ਫਿਰ ਗੋਲਿਆਂ ਦੀ ਮਾਰ ਪੈਣ ਲੱਗੀ, ਜਿਸ ਕਾਰਨ ਹਜ਼ਾਰਾਂ ਸੂਰਬੀਰ ਮਾਰੇ ਗਏ॥ ੩੮॥

ਕੁਛ ਆਪਸ ਮਹਿਂ ਮੂਰਖ ਮਰੇ। ਕੁਛ ਸਤਿਗੁਰੂ ਮਾਰ ਅਰਿ ਹਰੇ।
ਲੇ ਲੇ ਗੋਨ ਗਏ ਨਿਜ ਡੇਰੇ। ਧਰੇ ਛੁਪਾਇ ਨਹੀਂ ਦ੍ਰਿਗ ਹੇਰੇ॥ ੩੯॥

ਕੁਝ ਮੂਰਖ ਆਪਸ ਵਿਚ ਲੜ ਕੇ ਮਰ ਗਏ, ਕੁਝ ਸਤਿਗੁਰੂ ਜੀ ਨੇ ਮਾਰ ਕੇ ਦੂਰ ਕੀਤੇ। ਛੱਟਾਂ ਨੂੰ ਲੈ ਲੈ ਕੇ ਆਪਣੇ ਆਪਣੇ ਡੇਰਿਆਂ ਵਿਚ ਜਾਂਦੇ ਸਨ। ਧਰ ਕੇ ਛੁਪਾਉਂਦੇ ਨਹੀਂ ਸਨ, ਆਪਣੀਆਂ ਅੱਖਾਂ ਨਾਲ ਵੇਖਦੇ ਸਨ॥ ੩੯॥

ਨਿਜ ਨਿਜ ਮਹਿਂ ਕਰਿ ਕਰਿ ਤਕਰਾਈ। ਖਾਨ ਪਾਨ ਥਲ ਗੂਨ ਛਪਾਈ।
ਜਹਿਂ ਪੂਜਾ ਠਾਕਰ ਕੀ ਕਰੈਂ। ਸਾਂਭ ਸਾਂਭ ਕਰਿ ਗੁਪਤੀ ਧਰੈਂ॥ ੪੦॥

ਨਿਜ ਨਿਜ ਵਿਚ ਤਕੜਾਈ ਕਰਕੇ, ਖਾਣ ਪੀਣ ਵਾਲੇ ਸਥਾਨਾਂ 'ਤੇ ਛੱਟਾਂ ਛੁਪਾ ਲਈਆਂ। ਜਿੱਥੇ ਠਾਕਰ ਦੀ ਪੂਜਾ ਕਰਦੇ ਸਨ, ਉਥੇ ਗੰਦ ਦੀਆਂ ਭਰੀਆਂ ਛੱਟਾਂ ਲੁਕਾ-ਲੁਕਾ ਕੇ ਰੱਖ ਲਈਆਂ॥ ੪੦॥

ਜਾਨਹਿਂ ਹਮ ਸਭਿ ਕਿਛ ਲੇ ਆਏ। ਪੁੱਤ੍ਰ ਪੌਤ੍ਰ ਲਗਿ ਬੈਠਹਿਂ ਖਾਏ।
ਲਰਨ ਮਰਨ ਸਫਲੋ ਅਬਿ ਭਯੋ। ਘਾਲੀ ਘਾਲ ਜਿਤਿਕ ਧਨ ਲਯੋ॥ ੪੧॥

ਸਾਰੇ ਜਾਣਦੇ ਸਨ ਕਿ ਅਸੀਂ ਬਹੁਤ ਕੁਝ ਲੁੱਟ ਕੇ ਲੈ ਕੇ ਆਏ ਹਾਂ, ਸਾਡੇ ਪੁੱਤਰ ਪੋਤਰੇ ਬੈਠ ਕੇ ਖਾਣਗੇ। ਹੁਣ ਸਾਡਾ ਲੜਨਾ ਮਰਨਾ ਸਫਲ ਹੋਇਆ ਹੈ। ਵੱਡੀ ਘਾਲ ਘਾਲ ਕੇ ਇਹ ਧਨ ਪ੍ਰਾਪਤ ਕੀਤਾ ਹੈ॥ ੪੧॥

ਰਖੀ ਦੁਰਾਇ ਭਏ ਥਿਰ ਡੇਰੇ। ਮੁਖ ਤੂਸ਼ਨ ਮਨ ਮੁਦਤਿ ਬਡੇਰੇ।
ਨਹਿਂ ਜਾਨਹਿਂ ਮੂਰਖ ਅਲਪੱਗਜ। ਚਾਹੈਂ ਛਲਜੋ ਗੁਰੂ ਸਰਬੱਗਜ॥ ੪੨॥

ਛੱਟਾਂ ਲੁਕਾ ਕੇ ਆਪਣੇ ਡੇਰਿਆਂ ਵਿਚ ਚਲੇ ਗਏ। ਮੁਖ ਚੁੱਪ ਸਨ, ਪਰ ਮਨ ਅਤਿ ਪ੍ਰਸੰਨ ਸਨ। ਥੋੜੀ ਮੱਤ ਵਾਲੇ ਮੂਰਖ ਜਾਣਦੇ ਨਹੀਂ ਸਨ, ਸਰਬ ਸਮਰੱਥ ਗੁਰੂ ਜੀ ਨੂੰ ਛਲਣਾ ਚਾਹੁੰਦੇ ਸਨ॥ ੪੨॥

ਸੁਮਤਿ ਨਿਧਾਨ ਗੁਰੂ ਮਨ ਭਾਯੋ। ਅਜਬ ਦਗ਼ੇ ਪਰ ਦਗ਼ਾ ਦਿਖਾਯੋ।
ਛਲ ਕੋ ਕਰਤਿ ਧਰਮ ਛਲਵਾਯੋ। ਨਰਕ ਉਚਿਤ ਭੇ ਕਛੂ ਨ ਪਾਯੋ॥ ੪੩॥

ਸ੍ਰੇਸ਼ਟ ਬੁੱਧੀ ਦੇ ਕੋਸ਼ ਗੁਰੂ ਜੀ ਦੇ ਮਨ ਨੂੰ ਚੰਗਾ ਲੱਗਾ ਤਾਂ ਉਨ੍ਹਾਂ ਨੇ ਅਜੀਬ ਦਗ਼ੇ ਉੱਤੇ ਦਗ਼ਾ ਕਰ ਵਿਖਾਇਆ। ਪਹਾੜੀਆਂ ਨੇ ਛਲ ਕਰਦਿਆਂ ਆਪਣਾ ਧਰਮ ਗਵਾ ਲਿਆ ਤੇ ਨਰਕਾਂ ਨੂੰ ਜਾਣ ਲਈ ਉਚਿਤ ਹੋ ਗਏ ਤੇ ਕੁਝ ਵੀ ਪ੍ਰਾਪਤ ਨਾ ਕੀਤਾ॥ ੪੩॥

ਮਹਾਂ ਪੁਰਖ ਸੋਂ ਜੋ ਛਲ ਠਾਨੈ। ਛਲਜੋ ਜਾਇ ਦ੍ਵੈ ਲੋਕ ਸੁ ਹਾਨੈ।
ਲੂਟਿ ਗਵਾਰ ਸਰਬ ਲੇ ਗਏ। ਨਿਸ ਮਹਿਂ ਨਹੀਂ ਨਿਹਾਰਤਿ ਭਏ॥ ੪੪॥

ਮਹਾਂਪੁਰਖਾਂ ਨਾਲ ਜਿਹੜਾ ਵੀ ਛਲ ਕਰਦਾ ਹੈ, ਉਹ ਆਪ ਛਲਿਆ ਜਾਂਦਾ ਹੈ ਤੇ ਦੋਵੇਂ ਲੋਕ ਵੀ ਗਵਾ ਲੈਂਦਾ ਹੈ। ਗਵਾਰ ਸਭ ਕੁਝ ਲੁੱਟ ਕੇ ਲੈ ਗਏ, ਰਾਤ ਸਮੇਂ ਵੇਖਦੇ ਨਹੀਂ ਸਨ ਕਿ ਕੀ ਗੰਦਮੰਦ ਲੁੱਟ ਕੇ ਲਿਆਏ ਸਨ॥ ੪੪॥

*ਛੇਵੀਂ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥*

## *ਅਧਿਆਇ ਸਤਾਈਵਾਂ*

*ਵਕੀਲ ਦਾ ਆਉਣਾ*

ਦੋਹਰਾ- ਭਏ ਪ੍ਰਭਾਤਿ ਬਿਲੋਕਤੇ ਨਿਜ ਨਿਜ ਥਾਇਂ ਛੁਪਾਇ।
ਤੰਬੂ ਮਹਿਂ ਠਾਕੁਰ ਨਿਕਟ ਖੋਲੀ ਗੋਨ ਬਨਾਇ॥ ੧॥

ਜਦ ਸਵੇਰ ਹੋਈ ਤਾਂ ਜਿੱਥੇ-ਜਿੱਥੇ ਆਪਣੀਆਂ ਛੱਟਾ ਲੁਕਾਈਆਂ ਸਨ, ਉਨ੍ਹਾਂ ਨੂੰ ਵੇਖਣ ਲੱਗੇ। ਤੰਬੂ ਵਿਚ ਠਾਕਰ ਦੀ ਮੂਰਤੀ ਦੇ ਲਾਗੇ ਛੱਟ ਨੂੰ ਚੰਗੀ ਤਰ੍ਹਾਂ ਖੋਲ੍ਹਿਆ ॥੧॥

ਚੌਪਈ-ਦਾਸਨ ਆਦਿਕ ਸਕਲ ਹਟਾਏ। ਆਪਹਿ ਖੋਲਨ ਕੋ ਲਲਚਾਏ।
ਅੰਤਰ ਤੇ ਕਰਿ ਡਾਰ ਨਿਕਾਰੇ। ਚਮਰੇ ਪਨਹੀ ਹਾਡ ਨਿਹਾਰੇ॥ ੨ ॥

ਦਾਸ ਆਦਿ ਸਾਰੇ ਹਟਾ ਦਿੱਤੇ ਤੇ ਛੱਟਾਂ ਨੂੰ ਆਪ ਹੀ ਆਪਣੇ ਹੱਥੀਂ ਖੋਲ੍ਹਣ ਨੂੰ ਲਲਚਾ ਗਏ। ਫਿਰ ਛੱਟਾਂ ਦੇ ਅੰਦਰ ਹੱਥ ਪਾ ਕੇ ਵਸਤਾਂ ਨੂੰ ਕੱਢਣ ਲੱਗੇ। ਉਸ ਵਿਚ ਚਮੜੇ ਦੀਆਂ ਜੁੱਤੀਆਂ ਅਤੇ ਹੱਡ ਵੇਖੇ॥ ੨॥

ਹੇਰਤਿ ਗੇਰਹਿਂ ਦੂਰ ਬਗਾਵਹਿਂ। ਬਿਸ਼ਟਾ ਹਾਥ ਲਗੇ ਪਛਤਾਵਹਿਂ।
ਇਕ ਤੋ ਅਪਨਾ ਧਰਮ ਗਵਾਯੋ। ਦੁਤੀਏ ਲੇਤੇ ਜੰਗ ਮਚਾਯੋ॥ ੩ ॥

ਵੇਖਦਿਆਂ ਹੀ ਦੂਰ ਵਗਾਹ ਕੇ ਮਾਰਦੇ ਸਨ, ਗੰਦਗੀ ਹੱਥ ਨੂੰ ਲੱਗੀ ਵੇਖ ਕੇ ਬਹੁਤ ਪਛੁਤਾਏ। ਇਕ ਤਾਂ ਆਪਣਾ ਧਰਮ ਗਵਾਇਆ, ਦੂਸਰਾ ਛੱਟਾਂ ਲੈਣ ਵੇਲੇ ਜੰਗ ਮਚਾਇਆ॥ ੩॥

ਤ੍ਰਿਤੀ ਨਿਪਾਕ ਜੁ ਛੂਵਤਿ ਭਏ। ਮਾਰੇ ਬਿਨਾ ਮੂਢ ਮਰਿ ਗਏ।
ਲੱਜਤਿ ਆਪਸ ਮਹਿਂ ਨਹਿਂ ਕਹੈਂ। ਰਿਦੈ ਬਿਸੂਰਨ ਕੋ ਬਹੁ ਲਹੈਂ ॥ ੪ ॥

ਤੀਸਰੇ ਛੂਹਣ ਨਾਲ ਹੀ ਨਾਪਾਕ ਹੋ ਗਏ, ਮਾਰਨ ਤੋਂ ਬਗੈਰ ਹੀ ਮੂਰਖ ਮਰ ਗਏ। ਸ਼ਰਮਿੰਦੇ ਹੋਏ ਆਪਸ ਵਿਚ ਕੁਝ ਵੀ ਨਹੀਂ ਸੀ ਕਹਿੰਦੇ। ਹਿਰਦੇ ਬਹੁਤ ਬੁਰੀ ਹਾਲਤ ਵਿਚ ਦਿਖਾਈ ਦਿੰਦੇ ਸਨ॥ ੪॥

ਧਿਕ ਧਿਕ ਅਪਨੋ ਜਨਮ ਬਖਾਨੈਂ। ਧਰਮਹੀਨ ਕੀ ਦੁਰਗਤਿ ਜਾਨੈਂ।
ਭਯੋ ਸਭਿਨਿ ਕੋ ਤਬਿ ਉਪਹਾਸਾ। ਬਿਕਸੇ ਸਤਿਗੁਰ ਪੇਖਿ ਤਮਾਸ਼ਾ ॥੫ ॥

ਧਿਰਕਾਰ ਧਿਰਕਾਰ ਆਪਣੇ ਜੰਮਣ ਨੂੰ ਕਹਿੰਦੇ ਸਨ, ਧਰਮਹੀਨ ਦੀ ਦੁਰਗਤੀ ਹੋਈ ਜਾਣਦੇ ਸਨ। ਸਾਰਿਆਂ ਨਾਲ ਵੱਡਾ ਮਜ਼ਾਕ ਹੋਇਆ। ਸਤਿਗੁਰੂ ਜੀ ਵੱਡਾ ਤਮਾਸ਼ਾ ਵੇਖ ਕੇ ਬਹੁਤ ਪ੍ਰਸੰਨ ਹੋਏ॥ ੫॥

ਕਹਤਿ ਸਿੰਘ ਜੇ ਨਿਕਟ ਹਕਾਰੇ। 'ਕਹਿਂ ਦੁਰਜਨ ਕੇ ਧਰਮ ਨਿਹਾਰੇ ?।
ਸਭਿ ਤੁਮ ਹਮਰੇ ਪਾਸ ਬਖਾਨਤਿ। ਗਿਰਪਤਿ ਤੁਰਕ ਧਰਮ ਕੋ ਠਾਨਤਿ ॥ ੬ ॥

ਜਿਹੜੇ ਸਿੰਘ ਧੰਮੋ ਮੰਤਰੀ ਦੀ ਗੱਲ ਮੰਨ ਲੈਣ ਵਾਸਤੇ ਕਹਿੰਦੇ ਸਨ, ਉਨ੍ਹਾਂ ਨੂੰ ਪਾਸ ਬੁਲਾਇਆ ਅਤੇ ਕਿਹਾ, "ਕੀ ਤੁਸੀਂ ਦੁਸ਼ਟਾਂ ਦੇ ਧਰਮ ਨੂੰ ਵੇਖਿਆ ਹੈ ? ਤੁਸੀਂ ਸਾਰੇ ਮੇਰੇ ਪਾਸ ਕਹਿੰਦੇ ਸੀ ਕਿ ਪਹਾੜੀ ਰਾਜਿਆਂ ਅਤੇ ਤੁਰਕਾਂ ਨੇ ਧਰਮ ਈਮਾਨ ਧਾਰਨ ਕੀਤਾ ਹੈ॥ ੬॥

ਸਭਿ ਪਰਬਤ ਬਾਸੀ ਮਤਿ ਕਾਚੇ। ਇਹ ਕਬਿ ਬੈਨ ਭਨਹਿਂ ਨਹਿਂ ਸਾਚੇ।
ਹਮ ਕਹਿ ਰਹੇ ਨ ਛਲ ਤੁਮ ਜਾਨਾ। ਜੇ ਕਰਤੇ ਤਜਿ ਦੁਰਗ ਪਜਾਨਾ ॥ ੭ ॥

ਸਾਰੇ ਪਹਾੜੀਏ ਮੱਤ ਦੇ ਕੱਚੇ ਹਨ, ਇਹ ਕਦੇ ਵੀ ਸੱਚੀ ਗੱਲ ਨਹੀਂ ਕਰਦੇ ਹਨ, ਅਸੀਂ ਕਹਿ ਰਹੇ ਸੀ, ਇਹ ਛਲ ਤੁਸੀਂ ਜਾਣਿਆ ਨਹੀਂ ਹੈ। ਜੇ ਅਸੀਂ ਵਿਸ਼ਵਾਸ ਕਰਦੇ 'ਤੇ ਕਿਲ੍ਹਾ ਛੱਡ ਕੇ ਚਲੇ ਜਾਂਦੇ॥ ੭॥

ਤੁਰਕ ਗਿਰੇਸ਼ੁਨਿ ਕੀ ਬਡ ਸੈਨਾ। ਸਭਿ ਆਵਤਿ ਹਮ ਪਰ, ਪਿਖਨੈਨਾ।
ਜੂਝਤਿ ਸਕਲ ਸਿੰਘ ਬਡ ਬੀਰ। ਲਾਖਹੁਂ ਲਸ਼ਕਰ ਅਰਿ ਕੀ ਭੀਰ ॥੮ ॥

ਤੁਰਕ ਅਤੇ ਪਹਾੜੀ ਰਾਜਿਆਂ ਦੀ ਵੱਡੀ ਸੈਨਾ, ਸਾਡੇ ਵੇਖਦੇ-ਵੇਖਦੇ ਹੀ ਸਾਡੇ ਉੱਤੇ ਹਮਲਾ ਕਰਕੇ ਆ ਪੈਂਦੇ। ਸਾਰੇ ਸਿੰਘ ਸੂਰਬੀਰ ਮਾਰੇ ਜਾਂਦੇ, ਜਦ ਲੱਖਾਂ ਵੈਰੀਆਂ ਦੇ ਲਸ਼ਕਰ ਦੀ ਭੀੜ ਸਾਨੂੰ ਆ ਘੇਰਦੀ॥ ੮॥

ਹੋਤਿ ਲਚਾਰੀ ਹਮ ਕੋ ਤਬੈ। ਜੂਝ ਜਾਤਿ ਦਲ ਸਿੰਘਨਿ ਤਬੈ।
ਅਬਿ ਤੇ ਸਭਿ ਕੋ ਭਈ ਪ੍ਰਤੀਤ। ਦੁਰਜਨ ਕਰਤਿ ਦਗ਼ਾ ਛਲ ਚੀਤ॥ ੯॥

ਫਿਰ ਅਸੀਂ ਲਾਚਾਰ ਹੋ ਜਾਂਦੇ ਤੇ ਸਿੰਘਾਂ ਦਾ ਸਾਰਾ ਦਲ ਜੂਝ ਜਾਂਦਾ। ਹੁਣ ਤਾਂ ਸਾਰਿਆਂ ਨੂੰ ਪ੍ਰਤੀਤ ਆ ਗਈ ਹੈ। ਦੁਸ਼ਟ ਚਿੱਤ ਵਿਚ ਛਲ ਧਾਰ ਕੇ ਦਗ਼ਾ ਕਰਦੇ ਹਨ॥ ੯॥

ਤੁਰਕ ਪਹਾਰੀ ਪਰ ਬਿਸਵਾਸ। ਧਰੈ ਨ ਮਮ ਸਿਖ ਜੋ ਮਤਿ ਰਾਸ।
ਅਪਰ ਕਿਤਿਕ ਦਿਨ ਕਸ਼ਟ ਸਹੀਜੈ। ਭਲੋ ਜਾਨਿ ਨਿਜ ਧੀਰਜ ਕੀਜੈ॥੧੦॥

ਮੇਰਾ ਬੁੱਧੀਵਾਨ ਸਿੱਖ ਤੁਰਕਾਂ ਅਤੇ ਪਹਾੜੀਆਂ ਉੱਤੇ ਕਦੀ ਵੀ ਵਿਸ਼ਵਾਸ ਧਾਰਨ ਨਾ ਕਰੇ। ਹੋਰ ਕੁਝ ਦਿਨ ਕਸ਼ਟ ਬਰਦਾਸ਼ਤ ਕਰੋ, ਆਪਣਾ ਭਲਾ ਜਾਣ ਕੇ ਧੀਰਜ ਧਾਰਨ ਕਰੋ॥੧੦॥

ਬਿਜੈ ਪਰਾਜੈ ਸੁਖ ਦੁਖ ਜੋਈ। ਗੁਰ ਉਰ ਸਮਸਰ ਚਾਹ ਨ ਕੋਈ।
ਸਤ ਚੇਤਨ ਅਨੰਦਾਤਮ ਬ੍ਰਹਮ। ਇਸ ਬਿਨ ਦ੍ਵੈਤ ਅਪਰ ਸਭਿ ਭਰਮ॥੧੧॥

ਹਾਰ ਜਿੱਤ ਅਤੇ ਜਿਹੜਾ ਦੁਖ ਸੁਖ ਹੈ, ਗੁਰ ਹਿਰਦੇ ਵਿਚ ਸਭ ਕੁਝ ਬਰਾਬਰ ਹੈ ਤੇ ਹੋਰ ਕੋਈ ਚਾਹਤ ਨਹੀਂ ਹੈ। ਸਤ ਚੇਤਨ ਅਨੰਦ ਬ੍ਰਹਮ ਹੈ, ਇਸ ਤੋਂ ਬਗੈਰ ਹੋਰ ਸਭ ਦ੍ਵੈਤ ਅਤੇ ਭਰਮ ਹੈ॥੧੧॥

ਅਸ ਨਿਸ਼ਚਾ ਜਿਨ ਕੇ ਉਰ ਸਾਚੇ। ਸੋ ਕਹੁ ਕਜੋਂ ਕੂਰੇ ਕਚ ਰਾਚੇ।
ਯਾਂਤੇ ਲਖਹੁ ਖਾਲਸੇ ਹੇਤਾ। ਇਹ ਸਭਿ ਹੋਵਤਿ ਖੇਲ ਸਚੇਤਾ॥ ੧੨॥

ਜਿਸ ਦੇ ਹਿਰਦੇ ਵਿਚ ਸੱਚੇ ਪ੍ਰਭੂ ਦਾ ਐਸਾ ਨਿਸ਼ਚਾ ਹੈ, ਉਹ ਦੱਸੋ ਕਿਉਂ ਝੂਠੇ ਕੂੜ ਨਾਲ ਰਚੇਗਾ। ਇਸ ਕਰਕੇ ਸਮਝ ਲਵੋ ਕਿ ਇਹ ਸਭ ਕੁਝ ਖਾਲਸੇ ਦੇ ਹਿਤ ਲਈ ਜਾਣ ਬੁਝ ਕੇ ਐਸਾ ਖੇਲ ਹੋ ਰਿਹਾ ਹੈ॥੧੨॥

ਜਿਤਨੋ ਸੰਕਟ ਸੁਖ ਅਧਿਕੰਤਾ। ਪ੍ਰਭੁ ਨੇਤ ਇਮ ਨਿਤ ਬਰਤੰਤਾ।
ਸ੍ਰੀ ਨਾਨਕ ਇਮ ਬਾਕ ਬਖਾਨਾ। ਦੁਖ ਦਾਰੂ ਸੁਖ ਰੋਗ ਮਹਾਨਾ॥ ੧੩॥

ਜਿੰਨੇ ਵੀ ਸੰਕਟ ਅਤੇ ਸੁਖ ਹਨ, ਪ੍ਰਭੂ ਦਾ ਨੀਯਤ ਕੀਤਾ ਹੋਣਹਾਰ ਭਾਣਾ ਇਸ ਪ੍ਰਕਾਰ ਹੀ ਵਾਪਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਬਚਨ ਕੀਤਾ ਹੈ ਕਿ ਦੁਖ ਦਾਰੂ ਅਤੇ ਸੁਖ ਵੱਡਾ ਰੋਗ ਹੈ॥੧੩॥

ਅੰਤਰ ਥਿਰੋ, ਨਚਿੰਤ ਕਰਾਰੇ। ਫਿਰ ਮਨ ਭਾਵਤਿ ਲੇਹੁ ਅਹਾਰੇ।
ਸ੍ਰੀ ਅਸਿਧੁਜ ਕੇ ਪਿਖਹੁ ਤਮਾਸ਼ੇ। ਬਿਬਿਧ ਬਿਧਨਿ ਕੇ ਅਜਬ ਪ੍ਰਕਾਸ਼ੇ॥੧੪॥

ਨਿਸ਼ਚਿੰਤ ਅਤੇ ਤੱਕੜੇ ਹੋ ਕੇ ਅੰਦਰ ਟਿਕੋ, ਫਿਰ ਮਨ-ਭਾਉਂਦਾ ਭੋਜਨ ਲਵੋ। ਅਕਾਲ ਪੁਰਖ ਦੇ ਤਮਾਸ਼ੇ ਵੇਖੋ ਜਿਹੜੇ ਭਿੰਨ-ਭਿੰਨ ਵਿਧੀਆਂ ਨਾਲ ਅਜੀਬ ਪ੍ਰਕਾਰ ਪ੍ਰਕਾਸ਼ਦੇ ਹਨ॥੧੪॥

ਅਵਨੀ ਰਾਜ ਤੇਜ ਬਿਰਧਾਵਨਿ। ਸਿਰ ਸ਼ੱਤ੍ਰੁਨਿ ਕੇ ਚਰਨ ਟਿਕਾਵਨਿ।
ਅਲਪ ਬੀਜ ਤੇ ਬਹੁ ਬਿਸਥਾਰਨਿ। ਬਹੁ ਬਿਸਤਰ ਕੋ ਮੂਲ ਉਖਾਰਨਿ॥੧੫॥

ਖਾਲਸੇ ਦਾ ਧਰਤੀ ਉੱਤੇ ਰਾਜ ਤੇਜ ਵਧਾਉਣ ਲਈ ਤੇ ਵੈਰੀਆਂ ਦੇ ਸਿਰ 'ਤੇ ਚਰਨ ਟਿਕਾਉਣ ਲਈ, ਛੋਟੇ ਬੀਜ ਤੋਂ ਬਹੁਤ ਵਿਸਥਾਰ ਕਰਨ ਲਈ, ਅਸੀਂ ਤੁਰਕਾਂ ਦੇ ਬਹੁਤ ਫੈਲੇ ਹੋਏ ਰਾਜ ਦੀ ਜੜ੍ਹ ਉਖੇੜ ਦੇਣੀ ਹੈ॥੧੫॥

ਇਨ ਕੇ ਹੇਤੁ ਤਪਹਿੰ ਗਨ ਤਪਨੇ। ਤਪੁ ਕੋ ਤਪਹਿੰ ਜਾਨ ਹਿਤ ਅਪਨੇ।
ਇੱਤਜਾਦਿਕ ਕੀਨਸਿ ਹਮ ਸੰਗ। ਦੁਖ ਪੈ ਹੈਂ ਇਹ ਸਭਿ ਸੁਖ ਭੰਗਿ॥੧੬॥

ਇਨ੍ਹਾਂ ਗੱਲਾਂ ਵਾਸਤੇ ਸਾਰੇ ਤਪ ਸਾਧ ਰਹੇ ਹਾਂ, ਜੋ ਆਪਣਾ ਭਲਾ ਸਮਝ ਕੇ ਤਪ ਨੂੰ ਤਾਪਣਗੇ, ਐਸਿਆਂ ਨੂੰ ਅਸੀਂ ਆਪਣਾ ਸੰਗੀ ਬਣਾਇਆ ਹੈ। ਇਹ ਸਾਰੇ ਸੁੱਖਾਂ ਦਾ ਨਾਸ਼ ਕਰਕੇ ਦੁਖ ਪਾਉਣਗੇ॥੧੬॥

ਪਲਟਾ ਲੇਹਿ ਖਾਲਿਸਾ ਮੇਰਾ। ਕੇਤਿਕ ਦਿਨ ਮਹਿਂ, ਬਡੀ ਨ ਦੇਰਾ।
ਦਗਾ ਬੁਰਾ, ਸਿੰਘਹੁ ਨਹਿਂ ਕਰੀਏ। ਰਣ ਮਹਿਂ ਲਰਤੇ ਸ਼ੱਤ੍ਰੂ ਸੰਘਰੀਏ॥੧੭॥

ਮੇਰਾ ਖਾਲਸਾ ਬਦਲਾ ਲਵੇਗਾ, ਕੁਝ ਹੀ ਦਿਨਾਂ ਵਿਚ, ਕੋਈ ਬਹੁਤੀ ਦੇਰ ਨਹੀਂ ਲਗੇਗੀ। ਹੇ ਸਿੰਘੋ ਦਗਾ ਅਤੇ ਬੁਰਾ ਨਾ ਕਰੀਏ, ਯੁੱਧ ਵਿਚ ਲੜ ਕੇ ਵੈਰੀ ਨੂੰ ਮਾਰੀਏ॥੧੭॥

ਮਾਤਾ ਆਦਿ ਲੋਕ ਸਭਿ ਘਰ ਕੇ। ਗੁਰ ਪਰ ਸਿਦਕ ਧਰਜੇ ਹਿਤ ਧਰਿਕੇ।
ਕਹਜੋ ਗੁਰੂ ਕੋ ਸਾਚੋ ਜਾਨਜੋ। ਗਿਰਪਤਿ ਤੁਰਕਨ ਕੂਰ ਬਖਾਨਜੇ॥੧੮॥

ਮਾਤਾ ਜੀ ਆਦਿ ਜਿਹੜੇ ਘਰ ਦੇ ਲੋਕ ਸਨ ਉਨ੍ਹਾਂ ਨੇ ਹਿਤ ਧਾਰ ਕੇ ਗੁਰੂ ਜੀ ਉੱਤੇ ਸਿਦਕ ਧਾਰਨ ਕੀਤਾ। ਗੁਰੂ ਜੀ ਦੇ ਕਹੇ ਨੂੰ ਸੱਚਾ ਜਾਣਿਆ ਤੇ ਪਹਾੜੀ ਰਾਜਿਆਂ ਅਤੇ ਤੁਰਕਾਂ ਦੇ ਕਹੇ ਨੂੰ ਝੂਠ ਸਮਝਿਆ॥੧੮॥

ਇਸ ਪ੍ਰਕਾਰ ਕਹਿ ਸਿਖ ਸਮੁਝਾਏ। ਭਲੇ ਮਹਾਤਮ ਫਲਹਿ ਸੁਨਾਏ।
ਤਉ ਸੰਤੋਖ ਨਹੀਂ ਕਿਨ ਕੀਨਾ। ਮਹਾਂ ਕਸ਼ਟ ਸਿਰ ਊਪਰ ਚੀਨਾ॥੧੯॥

ਗੁਰੂ ਜੀ ਨੇ ਇਸ ਪ੍ਰਕਾਰ ਕਹਿ ਕੇ ਸਿੱਖਾਂ ਨੂੰ ਸਮਝਾਇਆ, ਭਲੇ ਮਹਾਤਮ ਦਾ ਫਲ ਸੁਣਾਇਆ। ਫਿਰ ਵੀ ਕਿਸੇ ਨੇ ਸੰਤੋਖ ਨਾ ਕੀਤਾ, ਆਪਣੇ ਸਿਰ ਉੱਪਰ ਮਹਾਂ ਕਸ਼ਟ ਜਾਣਿਆ॥੧੯॥

ਕੁਛ ਧੀਰਜ ਧਰਿ ਸਿਖ ਪੁਨ ਰਹੇ। ਗੁਰ ਬਚ ਤੇ ਨਿਜ ਨੀਕੋ ਲਹੇ।
ਮੁਰਚਨਿ ਮਹਿਂ ਰਾਖਹਿਂ ਤਕਰਾਈ। ਸਭਿ ਨਿਸ ਜਾਗਹਿਂ ਰਖਿ ਚੁਕਸਾਈ॥੨੦॥

ਫਿਰ ਸਿੱਖ ਕੁਝ ਧੀਰਜ ਧਾਰ ਕੇ ਰਹੇ। ਗੁਰ ਬਚਨ ਕਰਕੇ ਆਪਣੇ ਆਪ ਨੂੰ ਭਲਾ ਜਾਣਿਆ। ਮੋਰਚਿਆਂ ਵਿਚ ਤਕੜਾਈ ਰੱਖਦੇ ਸਨ ਤੇ ਚੌਕਸੀ ਰੱਖ ਕੇ ਸਾਰੀ ਰਾਤ ਜਾਗਦੇ ਸਨ॥ ੨੦॥

ਬਿਨਾ ਅੰਨ ਤੇ ਭਏ ਲਚਾਰ। ਇਕ ਗੁਰ ਦਰਸ਼ਨ ਕੇ ਆਧਾਰ।
ਸੰਕਟ ਸਹੈਂ ਕਸੇ ਕਟ ਰਹੈਂ। ਆਯੁਧ ਧਰੇ ਰਿਪੁਨਿ ਕੋ ਲਹੈਂ॥ ੨੧॥

ਅਨਾਜ ਤੋਂ ਬਗੈਰ ਬਹੁਤ ਲਾਚਾਰ ਹੋ ਗਏ, ਇਕ ਗੁਰੂ ਜੀ ਦੇ ਦਰਸ਼ਨਾਂ ਦਾ ਆਧਾਰ ਸੀ। ਸੰਕਟ ਬਰਦਾਸ਼ਤ ਕਰਦੇ ਸਨ ਤੇ ਕਮਰਕੱਸਾ ਕੱਸ ਕੇ ਰੱਖਦੇ ਸਨ। ਸ਼ਸਤਰ ਧਾਰਨ ਕਰਕੇ ਵੈਰੀਆਂ ਨੂੰ ਵੇਖਦੇ ਸਨ॥ ੨੧॥

ਤਊ ਕਸ਼ਟ ਤੇ ਧੀਰਜ ਹਾਲੀ। ਬਲ, ਪਲ, ਸ਼੍ਰੋਣਤ, ਤੇ ਤਨ ਖਾਲੀ।
ਕਹਾਂ ਕਰੈਂ ਕਛੁ ਲਖਜੋ ਨ ਜਾਈ। ਗੁਰ ਚਰਿੱਤ੍ਰ ਕੋ ਪਾਰ ਨਾ ਪਾਈ॥੨੨॥

ਫਿਰ ਵੀ ਕਸ਼ਟ ਕਰਕੇ ਧੀਰਜ ਨਹੀਂ ਸੀ ਰਿਹਾ, ਸ਼ਕਤੀ, ਮਾਸ ਅਤੇ ਖ਼ੂਨ ਤੋਂ ਤਨ ਖਾਲੀ ਸੀ। ਕੀ ਕਰਨ ਕੁਝ ਜਾਣਿਆ ਨਹੀਂ ਸੀ ਜਾਂਦਾ, ਗੁਰੂ ਜੀ ਦੇ ਚਰਿੱਤਰ ਦਾ ਪਾਰਾਵਾਰ ਨਹੀਂ ਸੀ ਪਾ ਸਕਦੇ॥ ੨੨॥

ਅਧਿਕ ਛੁਧਾ ਦੁਖ ਸਹਜੋ ਨ ਪਰੈ। ਦ੍ਰਿਸ਼ਟਿ ਭਿ ਨਹੀਂ ਅੰਨ, ਕਹਾ ਕਰੈਂ।
ਘਾਟ ਬਾਟ ਕੀ ਸਭਿ ਤਕਰਾਈ। ਤੁਰਕ ਗਿਰੇਸ਼ੁਨਿ ਕੀਨ ਬਨਾਈ॥ ੨੩॥

ਵੱਡੀ ਭੁੱਖ ਦਾ ਦੁਖ ਬਰਦਾਸ਼ਤ ਨਹੀਂ ਸੀ ਹੁੰਦਾ, ਕਿਤੇ ਵੀ ਅਨਾਜ ਵਿਖਾਈ ਨਹੀਂ ਸੀ ਦਿੰਦਾ, ਕੀ ਕਰਦੇ। ਘਾਟਾਂ ਦੇ ਰਾਹਾਂ ਦੀ ਸਖਤ ਤਕੜਾਈ ਹੋ ਗਈ ਸੀ। ਤੁਰਕ ਅਤੇ ਪਹਾੜੀ ਰਾਜੇ ਬੜੀ ਸਾਵਧਾਨੀ ਵਰਤ ਰਹੇ ਸਨ॥ ੨੩॥

ਕਿਤਿਕ ਬਿਤੇ ਦਿਨ ਜਬਿ ਇਸ ਭਾਂਤੀ। ਪੁਨ ਆਈ ਅਵਰੰਗ ਕੀ ਪਾਤੀ।
ਕਸਮ ਕੁਰਾਨ ਆਦਿ ਕੀ ਖਾਈ। 'ਤੁਮਰੋ ਬੁਰੋ ਨ ਚਿਤਹਿਂ ਕਦਾਈ॥ ੨੪॥

ਜਦ ਕਈ ਦਿਨ ਇਸ ਪ੍ਰਕਾਰ ਬੀਤ ਗਏ, ਫਿਰ ਔਰੰਗੇ ਦੀ ਚਿੱਠੀ ਆਈ, ਜਿਸ ਵਿਚ ਕੁਰਾਨ ਆਦਿ ਦੀ ਕਸਮ ਖਾਧੀ ਸੀ, "ਤੁਹਾਡਾ ਅਸੀਂ ਕਦੀ ਵੀ ਬੁਰਾ ਨਹੀਂ ਚਿਤਵਦੇ ਹਾਂ॥ ੨੪॥

ਜੇ ਕੈਸੇ ਤੁਮ ਬੁਰਾ ਤਕਾਵੈਂ। ਨਹਿਂ ਦਰਗਾਹ ਠੌਰ ਹਮ ਪਾਵੈਂ।
ਸਚ ਜਾਨੋ ਇਹੁ ਲਿਖਯੋ ਹਮਾਰੋ। ਤਜੋ ਅਬੈ ਸੰਗ੍ਰਾਮ ਅਖਾਰੋ॥ ੨੫॥

ਜੇ ਕਿਸੇ ਤਰ੍ਹਾਂ ਵੀ ਤੁਹਾਡਾ ਬੁਰਾ ਤੱਕੀਏ ਤਾਂ ਦਰਗਾਹ ਵਿਚ ਅਸੀਂ ਟਿਕਾਣਾ ਨਾ ਪਾਈਏ। ਇਸ ਸਾਡੇ ਲਿਖੇ ਹੋਏ ਨੂੰ ਸੱਚ ਜਾਣੋ, ਹੁਣ ਸੰਗ੍ਰਾਮ ਦਾ ਅਖਾੜਾ ਛੱਡ ਦੇਵੋ॥ ੨੫॥

ਹਮਰੀ ਓਰ ਆਪ ਚਲਿ ਆਵਹੁ। ਹੁਇ ਹੈ ਮੇਲ ਸਦਾ ਹਰਖਾਵਹੁ।
ਇਤ ਆਵਨ ਜੇ ਚਾਹਤਿ ਨਾਂਹੀ। ਮਨ ਭਾਵਤਿ ਬਿਚਰਹੁ ਜਗ ਮਾਂਹੀ॥ ੨੬॥

ਸਾਡੇ ਵਲ ਚਲ ਕੇ ਆਵੋ, ਮੇਲ ਕਰਕੇ ਸਦਾ ਪ੍ਰਸੰਨ ਰਹੋ। ਜੇ ਏਧਰ ਆਉਣਾ ਚਾਹੁੰਦੇ ਨਹੀਂ ਤਾਂ ਆਪਣੇ ਮਨ ਦੀ ਮਰਜ਼ੀ ਅਨੁਸਾਰ ਜਗ ਵਿਚ ਫਿਰੋ॥ ੨੬॥

ਏਕ ਬਾਰ ਤਜਿ ਦੁਰਗ ਲਰਾਈ। ਇਹ ਮਾਨਹੁਂ ਬਨਿ ਮੇਲ ਤਦਾਈ'।
ਸੁਨਿ ਗੁਰ ਕਹਯੋ 'ਨ ਸਾਚ ਤੁਮਾਰੇ। ਕਰਹੁ ਅਨਤ, ਮੁਖ ਆਨ ਉਚਾਰੇ' ॥੨੭॥

ਇਕ ਵਾਰ ਕਿਲ੍ਹਾ ਅਤੇ ਲੜਾਈ ਛੱਡ ਦੇਵੋ, ਇਹ ਮੰਨੋਗੇ ਤਦ ਹੀ ਸਾਡਾ ਤੁਹਾਡਾ ਮੇਲ ਸੰਭਵ ਹੋਵੇਗਾ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਹਾਡੇ ਪਾਸ ਸੱਚ ਨਹੀਂ ਹੈ, ਤੁਸੀਂ ਕਰਦੇ ਹੋਰ ਹੋ ਤੇ ਤੁਹਾਡਾ ਮੂੰਹ ਕੁਝ ਹੋਰ ਕਹਿੰਦਾ ਹੈ"॥ ੨੭॥

ਪੁਨ ਅਵਰੰਗ ਢਿਗ ਲਿਖਯੋ ਪਠਾਯੋ। ਸੁਨਿਕੈ ਲਿਖਿ ਕਰਿ ਫੇਰ ਪੁਚਾਯੋ।
ਭਲੋ ਵਕੀਲ ਲਵਾਇ ਪ੍ਰਵਾਨਾ। ਸਭਿ ਗਿਰਪਤਿ ਕੀਨੋ ਇਕ ਥਾਨਾ॥ ੨੮॥

ਫਿਰ ਨੌਰੰਗੇ ਨੂੰ ਲਿਖ ਕੇ ਭੇਜਿਆ, ਸੁਣ ਕੇ ਫਿਰ ਲਿਖ ਕੇ ਪਹੁੰਚਾਇਆ, ਭਲੀ ਪ੍ਰਕਾਰ ਵਕੀਲ ਪ੍ਰਵਾਨਾ ਲਿਆਇਆ। ਸਾਰੇ ਪਹਾੜੀ ਰਾਜੇ ਇਕ ਥਾਂ ਇਕੱਠੇ ਕੀਤੇ॥ ੨੮॥

ਕਰਿ ਸਲਾਹ ਸਭਿ ਆਨ ਪਵਾਈ। ਰਾਜਨਿ ਕੇ ਵਕੀਲ ਸਮੁਦਾਈ।
ਜੇ ਪ੍ਰਥਮੈ ਲੂਟਨ ਕੋ ਗਏ। ਤਿਨ ਕੋ ਦੰਡ ਦੇਤਿ ਨ੍ਰਿਪ ਭਏ॥ ੨੯॥

ਸਲਾਹ ਕਰਕੇ ਸਾਰਿਆਂ ਨੂੰ ਸੌਂਹ ਪਵਾਈ, ਰਾਜਿਆਂ ਦੇ ਸਾਰੇ ਵਕੀਲ ਇਕੱਠੇ ਹੋਏ। ਜਿਹੜੇ ਪਹਿਲਾਂ ਲੁੱਟਣ ਗਏ ਸਨ, ਉਨ੍ਹਾਂ ਨੂੰ ਰਾਜਿਆਂ ਨੇ ਸਜ਼ਾਵਾਂ ਦਿੱਤੀਆਂ॥ ੨੯॥

ਸਭਿ ਸ਼ਰਮਿੰਦਤਿ ਭਏ ਲੁਟੇਰੇ। ਲੀਨ ਦਰਬ ਖਤਾ ਤਿਨ ਹੇਰੇ।
ਸ਼ਾਹ ਦੂਤ ਲੇ ਗਿਰਪਤਿ ਦੂਤ। ਅੰਤਰ ਬਰੇ ਕਰਨਿ ਕੋ ਸੂਤ॥ ੩੦॥

ਸਾਰੇ ਲੁਟੇਰੇ ਸ਼ਰਮਿੰਦੇ ਹੋਏ, ਧਨ ਲੈਣ ਦੀ ਗਲਤੀ ਉਨ੍ਹਾਂ ਵੇਖ ਲਈ ਸੀ। ਸ਼ਾਹੀ ਦੂਤ, ਰਾਜਿਆਂ ਦੇ ਦੂਤ ਨੂੰ ਨਾਲ ਲੈ ਕੇ ਸੁਲਾਹ ਕਰਨ ਵਾਸਤੇ ਕਿਲ੍ਹੇ ਦੇ ਅੰਦਰ ਦਾਖਲ ਹੋਏ॥ ੩੦॥

ਜਹਿਂ ਸਤਿਗੁਰ ਬੈਠੇ ਤਹਿਂ ਆਏ। ਸਕਲ ਜੋਰਿ ਕਰ ਸੀਸ ਨਿਵਾਏ।
ਬੈਠੇ ਨਿਕਟ ਕਹਯੋ ਨਿਜ ਕਾਜ। 'ਸੁਨੀਅਹਿ ਗੁਰੂ ਗਰੀਬ ਨਿਵਾਜ! ॥ ੩੧॥

ਜਿੱਥੇ ਸਤਿਗੁਰੂ ਜੀ ਬੈਠੇ ਸਨ, ਉਥੇ ਆਏ, ਸਾਰਿਆਂ ਨੇ ਹੱਥ ਜੋੜ ਕੇ ਸਿਰ ਨਿਵਾਏ। ਪਾਸ ਬੈਠ ਕੇ ਆਪਣੇ ਕਾਰਜ ਬਾਰੇ ਕਿਹਾ, 'ਹੇ ਗੁਰੂ ਗਰੀਬ ਨਿਵਾਜ ਜੀ! ਸੁਣੋ॥ ੩੧॥

ਪਰਵਾਨਾ ਲਿਖਿ ਸ਼ਾਹ ਪਠਾਯੋ। ਮੈਂ ਲੇਕਰਿ ਤਹਿਂ ਤੇ ਚਲਿ ਆਯੋ।
ਹਜ਼ਰਤ ਚਿਤ ਕੋ ਹਿਤ ਕਰਿ ਕਹਜੋ। ਮਿਲਿਬੋ ਰਾਵਰ ਕੇ ਸੰਗ ਚਹਜੋ॥ ੩੨॥

ਪਰਵਾਨਾ ਬਾਦਸ਼ਾਹ ਨੇ ਲਿਖ ਕੇ ਭੇਜਿਆ ਹੈ, ਮੈਂ ਲੈ ਕੇ ਉਥੋਂ ਚਲ ਕੇ ਆਇਆ ਹਾਂ। ਬਾਦਸ਼ਾਹ ਨੇ ਚਿੱਤ ਵਿਚ ਹਿਤ ਕਰਕੇ ਕਿਹਾ ਹੈ, ਉਹ ਆਪ ਜੀ ਨਾਲ ਮਿਲਣਾ ਚਾਹੁੰਦੇ ਹਨ॥ ੩੨॥

ਉਤ ਮੁਹਿੰਮ ਕਰਿ ਅਟਕਜੋ ਸੋਇ। ਨਤੁ ਆਵਤਿ ਇਤ ਹਾਜ਼ਰ ਹੋਇ।
ਮੁਝ ਸੋਂ ਬਾਤੇਂ ਕਰੈਂ ਜ਼ੁਬਾਨੀ। ਪਰਵਦਿਗਾਰ ਮਿਲਿਨਿ ਕੀ ਜਾਨੀ॥ ੩੩॥

ਓਧਰ ਮੁਹਿੰਮ ਕਰਕੇ ਅਟਕਿਆ ਹੈ, ਨਹੀਂ ਤਾਂ ਏਧਰ ਆ ਕੇ ਹਾਜ਼ਰ ਹੁੰਦਾ। ਮੇਰੇ ਨਾਲ ਜ਼ਬਾਨੀ ਗੱਲਾਂ ਕੀਤੀਆਂ ਹਨ, ਉਹ ਪਰਵਿਦਗਾਰ ਦੇ ਮਿਲਾਪ ਦੀ ਗੱਲ ਜਾਨਣੀ ਚਾਹੁੰਦੇ ਹਨ॥ ੩੩॥

ਸ਼ਾਹੁ ਸਮੀਪ ਤਰੀਫ ਤੁਮਾਰੀ। ਬਹੁ ਲੋਕਨਿ ਸਭਿ ਰੀਤਿ ਉਚਾਰੀ।
ਬਲੀ ਬਹਾਦੁਰ ਪੀਰਨ ਪੀਰ। ਜਨੁ ਖੁਦਾਇ ਹੀ ਆਪ ਸਰੀਰ॥ ੩੪॥

ਬਾਦਸ਼ਾਹ ਦੇ ਪਾਸ ਤੁਹਾਡੀ ਤਾਰੀਫ ਬਹੁਤ ਲੋਕਾਂ ਨੇ ਸਭ ਰੀਤੀਆਂ ਨਾਲ ਉਚਾਰਨ ਕੀਤੀ ਹੈ। ਕਹਿੰਦੇ ਹਨ ਕਿ ਬਲੀ ਬਹਾਦਰ ਪੀਰਾਂ ਦੇ ਪੀਰ ਹਨ, ਮਾਨੋ ਖ਼ੁਦਾ ਨੇ ਆਪ ਸਰੀਰ ਧਾਰਨ ਕੀਤਾ ਹੈ॥ ੩੪॥

ਕਾਜ਼ੀ ਅਰ ਉਮਰਾਵ ਘਨੇਰੇ। ਕਰਤਿ ਆਪ ਕੋ ਸੁਜਸੁ ਬਡੇਰੇ।
ਸੁਨਿ ਸੁਨਿ ਅਭਿਲਾਖਾ ਬਡ ਸ਼ਾਹੂ। ਯਾਂਤੇ ਮੋਹਿ ਪਠਜੋ ਤੁਮ ਪਾਹੂ॥ ੩੫॥

ਕਾਜ਼ੀ ਅਤੇ ਬਹੁਤ ਉਮਰਾਵ ਆਪ ਜੀ ਦਾ ਸ੍ਰੇਸ਼ਟ ਜੱਸ ਕਰਦੇ ਹਨ। ਸੁਣ ਸੁਣ ਕੇ ਬਾਦਸ਼ਾਹ ਦੀ ਵੱਡੀ ਅਭਿਲਾਸ਼ਾ ਵਧੀ ਹੈ, ਇਸ ਕਰਕੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ॥ ੩੫॥

ਹਜ਼ਰਤ ਨਿਜ ਕਰ ਤੇ ਲਿਖਿ ਦੀਨਿ। ਹਰਫ ਜੁ ਥੋਰੇ ਲੀਜਹਿ ਚੀਨਿ।
ਅਹਿਦ ਕਰੇ ਬਿਚ ਦਿਯੋ ਖੁਦਾਇ। ਸਪਥ ਮੁਹੰਮਦ ਕੀ ਤਿਨ ਖਾਇ॥ ੩੬॥

ਬਾਦਸ਼ਾਹ ਨੇ ਇਹ ਚਿੱਠੀ ਆਪਣੇ ਹੱਥਾਂ ਨਾਲ ਲਿਖ ਕੇ ਦਿੱਤੀ ਹੈ, ਇਹ ਜਿਹੜੇ ਥੋੜੇ ਲਫਜ਼ ਹਨ, ਪਹਿਚਾਣ ਲਵੋ, ਖ਼ੁਦਾ ਦੀ ਕਸਮ ਪਾ ਕੇ ਵਾਹਦਾ ਕੀਤਾ ਹੈ ਤੇ ਮੁਹੰਮਦ ਦੀ ਸੌਂਹ ਖਾਧੀ ਹੈ॥ ੩੬॥

ਜਿਮ ਰਾਵਰ ਕੋ ਮਨ ਪਤਿਆਵੈ। ਤਿਮ ਤੁਮ ਚਲਹੁ ਨ ਕੋ ਅਟਕਾਵੈ।
ਜੇ ਹਜ਼ਰਤ ਕੋ ਆਸ਼ੈ ਐਸੇ। ਅਪਰ ਬੁਰੋ ਕਰਿ ਸਕੈ ਸੁ ਕੈਸੇ?॥ ੩੭॥

ਜਿਵੇਂ ਵੀ ਆਪ ਜੀ ਦਾ ਮਨ ਵਿਸ਼ਵਾਸ ਕਰੇ, ਉਸ ਪ੍ਰਕਾਰ ਤੁਸੀਂ ਚਲੋ, ਕੋਈ ਵੀ ਰੋਕੇਗਾ ਨਹੀਂ। ਜੇ ਬਾਦਸ਼ਾਹ ਦਾ ਹੀ ਅਜਿਹਾ ਆਸ਼ਾ ਹੈ, ਫਿਰ ਹੋਰ ਕੋਈ ਕਿਵੇਂ ਰੋਕ ਸਕਦਾ ਹੈ?॥ ੩੭॥

ਗਿਰਪਤਿ ਸਗਰੇ ਕਰਿ ਕਰਿ ਆਨ। ਪਠੇ ਆਪ ਕੇ ਢਿਗ ਪਰਧਾਨ।
ਠਾਕੁਰ ਧੇਨੁ ਧਰਮ ਬਿਚ ਦੀਨੇ। ਤਜਹੁ ਜੰਗ ਅਬਿ ਆਛ ਸੁ ਚੀਨੇ॥ ੩੮॥

ਸਾਰੇ ਰਾਜਿਆਂ ਨੇ ਸੌਂਹ ਚੁਕ ਕੇ ਆਪ ਜੀ ਦੇ ਪਾਸ ਮੰਤਰੀ ਭੇਜੇ ਹਨ। ਠਾਕਰ ਅਤੇ ਗਊ ਦੀ ਸੌਂਹ ਚੁੱਕੀ ਹੈ, ਜੰਗ ਛੱਡੋ, ਇਸ ਗੱਲ ਨੂੰ ਚੰਗਾ ਸਮਝੋ' ॥ ੩੮॥

ਪੁਨ ਪੰਮਾ ਬੋਲਜੋ ਕਰ ਜੋਰਿ। 'ਸ਼੍ਰੀ ਪ੍ਰਭੁ ਸਭਿ ਨੰਮ੍ਰੀ ਤੁਮ ਓਰ।
ਨਹਿੰ ਪੂਰਬ ਕੀ ਬਾਤ ਬਿਚਾਰੋ। ਕਾਜ ਅਚਾਨਕ ਕਰਜੋ ਬਿਗਾਰੋ॥ ੩੯॥

ਫਿਰ ਪੰਮਾ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ ਸਾਰੇ ਤੁਹਾਡੇ ਅੱਗੇ ਝੁਕਦੇ ਹਨ, ਪਹਿਲਾਂ ਵਾਲੀ ਗੱਲ ਨਾ ਵਿਚਾਰੋ, ਜਿਹੜਾ ਅਚਾਨਕ ਹੀ ਕੀਤੇ ਹੋਏ ਕਾਰਜ ਨੂੰ ਵਿਗਾੜ ਦਿੱਤਾ ਸੀ॥ ੩੯॥

ਕਿਸ ਰਾਜੇ ਕੋ ਮਤਿ ਇਮ ਨਾਂਹੀ। ਪਰੇ ਲੁਟੇਰੇ ਬੈਲਨਿ ਮਾਂਹੀ।
ਕਰਿ ਸਾਬਤ ਸਭਿ ਹੀ ਗਹਿ ਲੀਨੇ। ਮਾਰਨ ਕਰੇ ਕੈਦ ਬਹੁ ਕੀਨੇ॥ ੪੦॥

ਕਿਸੇ ਰਾਜੇ ਦੀ ਵੀ ਬਲਦਾਂ ਨੂੰ ਲੁੱਟਣ ਦੀ ਸਲਾਹ ਨਹੀਂ ਸੀ, ਕੁਝ ਲੁਟੇਰੇ ਬਲਦਾਂ ਨੂੰ ਲੁੱਟਣ ਪੈ ਗਏ ਸਨ। ਸਾਬਤ ਕਰਕੇ ਸਾਰੇ ਲੁਟੇਰੇ ਹੀ ਫੜ ਲਏ ਹਨ, ਉਨ੍ਹਾਂ ਨੂੰ ਬਹੁਤ ਮਾਰਿਆ ਤੇ ਬਹੁਤ ਲੁਟੇਰੇ ਕੈਦ ਕਰ ਲਏ ਹਨ॥ ੪੦॥

ਪਰਜੋ ਸਭਿਨਿ ਮਹਿਂ ਅਬਿ ਡਰ ਭਾਰੀ। ਨਹਿਂ ਕੋ ਹੇਰਹਿਂ ਓਰ ਤੁਹਾਰੀ।
ਏਕ ਬਾਰ ਤਜਿ ਦੁਰਗ ਸਿਧਾਰਹੁ। ਪੁਨ ਬਿਚਰਹੁ ਜਹਿਂ ਇੱਛਾ ਧਾਰਹੁ' ॥੪੧॥

ਹੁਣ ਸਾਰਿਆਂ ਵਿਚ ਵੱਡਾ ਡਰ ਪੈ ਗਿਆ ਹੈ, ਤੁਹਾਡੇ ਵੱਲ ਕੋਈ ਵੇਖੇਗਾ ਵੀ ਨਹੀਂ। ਇਕ ਵਾਰ ਕਿਲ੍ਹਾ ਛੱਡ ਕੇ ਚਲੇ ਜਾਵੋ, ਫਿਰ ਜਿੱਥੇ ਤੁਹਾਡੀ ਮਰਜ਼ੀ ਹੈ ਫਿਰੋ' ॥ ੪੧॥

ਇੱਤਜਾਦਿਕ ਦੂਤਨ ਬਚ ਕਹੇ। ਜਿਮ ਕੰਚਨ ਘਟ ਮਹਿਂ ਬਿਖ ਅਹੇ।
ਕਹੀ ਲਾਪਚਾਰੀ ਸਭਿ ਬਾਤ। ਗੁਰ ਕੇ ਉਰ ਸਗਰੀ ਬਿੱਖਜਾਤ॥ ੪੨॥

ਇਸ ਪ੍ਰਕਾਰ ਦੂਤਾਂ ਨੇ ਬਚਨ ਕੀਤੇ, ਜਿਵੇਂ ਸੋਨੇ ਦੇ ਘੜੇ ਵਿਚ ਜ਼ਹਿਰ ਹੋਵੇ। ਸਾਰੀਆਂ ਚਾਪਲੂਸੀ ਦੀਆਂ ਗੱਲਾਂ ਕੀਤੀਆਂ, ਗੁਰੂ ਜੀ ਦੇ ਹਿਰਦੇ ਵਿਚ ਸਭ ਪਹਿਲਾਂ ਹੀ ਪ੍ਰਗਟ ਸਨ॥ ੪੨॥

*ਛੇਵੀਂ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## ਅਧਿਆਇ ਅਠਾਈਵਾਂ

### *ਅਨੰਦਪੁਰ ਛੱਡਣ ਦੀਆਂ ਸਲਾਹਾਂ, ਬਿਦਾਵਾ*

ਦੋਹਰਾ-ਸੁਨਿ ਸਭਿ ਤੇ ਸਤਿਗੁਰ ਕਹਜੋ 'ਇਹ ਦਰੋਗ ਕੀ ਬਾਤ।
ਬੰਚਕਤਾ ਤੁਮ ਕਰਤਿ ਹੋ ਰਾਜ ਤੇਜ ਹੁਇ ਘਾਤ॥ ੧॥

ਸਾਰਿਆਂ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਇਹ ਸਾਰੀਆਂ ਗੱਲਾਂ ਝੂਠੀਆਂ ਹਨ, ਤੁਸੀਂ ਠੱਗੀ ਕਰਦੇ ਹੋ, ਰਾਜ ਤੇਜ ਵਾਸਤੇ ਦਾਅ ਲਾਉਂਦੇ ਹੋ॥ ੧॥

ਚੌਪਈ-ਜਿਮ ਆਗੇ ਸਭਿ ਕੀਨਸਿ ਆਨ। ਬਹੁਰ ਬਿਨਾਸ਼ਜੋ ਧਰਮ ਇਮਾਨ।
ਨਿਜ ਤੇ ਪ੍ਰਥਕ ਬਨਾਇ ਲੁਟੇਰੇ। ਨਰਕ ਸਹੇਰਜੋ ਕਸ਼ਟ ਬਡੇਰੇ॥ ੨॥

ਜਿਵੇਂ ਪਹਿਲਾਂ ਸੌਂਹ ਚੁੱਕੀ ਸੀ, ਫਿਰ ਧਰਮ ਇਮਾਨ ਛੱਡ ਦਿੱਤਾ ਸੀ। ਆਪ ਹੀ ਪਹਿਲਾਂ ਲੁਟੇਰੇ ਬਣਾਏ ਸਨ, ਨਰਕ ਸਹੇੜ ਕੇ ਤੁਸੀਂ ਵੱਡਾ ਦੁਖ ਪਾਉਗੇ॥ ੨॥

ਇਮ ਹੀ ਰਾਜ ਤੇਜ ਤੁਮ ਹਾਰੋ। ਜਗ ਤੇ ਸਫਾ ਉਠਹਿ ਇਕ ਬਾਰੋ।
ਇਮ ਕਹਿ ਤੂਸ਼ਨ ਭਏ ਗੁਸਾਈਂ। ਹਾਰੇ ਕਹਿ ਵਕੀਲ ਸਮੁਦਾਈ॥ ੩॥

ਇਸ ਪ੍ਰਕਾਰ ਹੀ ਤੁਸੀਂ ਰਾਜ ਤੇਜ ਹਾਰ ਜਾਵੋਗੇ, ਜਗਤ ਵਿਚੋਂ ਤੁਹਾਡਾ ਇਕ ਵਾਰ ਸਫਾਇਆ ਹੋ ਜਾਵੇਗਾ।'' ਇਹ ਕਹਿ ਕੇ ਸਤਿਗੁਰੂ ਜੀ ਚੁਪ ਕਰ ਗਏ। ਸਾਰੇ ਦੂਤ ਕਹਿ ਕੇ ਹਾਰ ਗਏ॥ ੩॥

ਸ੍ਰੀ ਗੁਜਰੀ ਢਿਗ ਸੁਧਿ ਤਬਿ ਗਈ। ਦੂਤਨਿ ਕਹੀ ਸੁ 'ਅਨਬਨ ਭਈ।
ਨਹਿਂ ਮਾਨਹਿਂ ਕਲਗੀਧਰ ਕਿਸ ਕੀ। ਤਿਨ ਸੋਂ ਬੋਲਹਿਂ ਬਾਨੀ ਰਿਸ ਕੀ' ॥੪॥

ਮਾਤਾ ਗੁਜਰੀ ਜੀ ਪਾਸ ਫਿਰ ਖਬਰ ਪਹੁੰਚੀ। ਦੂਤਾਂ ਨੇ ਜਿਹੜੀ ਗੱਲ ਕਹੀ ਸੀ, 'ਉਹ ਮੰਨੀ ਨਹੀਂ ਹੈ, ਸਤਿਗੁਰੂ ਜੀ ਨੇ ਉਨ੍ਹਾਂ ਨਾਲ ਬੜੇ ਕ੍ਰੋਧ ਭਰੇ ਬਚਨ ਕੀਤੇ ਹਨ' ॥ ੪॥

ਸੁਨਿਕੈ ਅਪਨੇ ਨਿਕਟ ਹਕਾਰੇ। ਸਗਲੇ ਮਾਤਾ ਪਾਸ ਪਧਾਰੇ।
ਕਹਿਵਤ ਸ਼ਾਹੁ ਗਿਰੇਸ਼ਨਿ ਕੇਰੀ। ਸਰਬ ਵਕੀਲਨਿ ਭਾਖੀ ਫੇਰੀ॥ ੫॥

ਇਹ ਸੁਣ ਕੇ ਮਾਤਾ ਜੀ ਨੇ ਦੂਤਾਂ ਨੂੰ ਆਪਣੇ ਪਾਸ ਬੁਲਾਇਆ ਤਾਂ ਸਾਰੇ ਮਾਤਾ ਜੀ ਪਾਸ ਚਲੇ ਗਏ। ਬਾਦਸ਼ਾਹ ਅਤੇ ਰਾਜਿਆਂ ਵਲੋਂ ਕਹੀ ਹੋਈ ਗੱਲ ਕਹਿਣ ਲੱਗੇ। ਦੂਤਾਂ ਨੇ ਫਿਰ ਸਾਰੀ ਗੱਲ ਮਾਤਾ ਜੀ ਨੂੰ ਸੁਣਾਈ॥ ੫॥

'ਸੁਨਹੁ ਮਾਤ ਪਰਤੀਤ ਕਰੀਜੈ। ਸਭਿ ਕੀ ਕਹੀ ਸਾਚ ਲਖਿ ਲੀਜੈ।
ਸਤਿਗੁਰ ਨਹਿਂ ਮਾਨਹਿਂ, ਕਹਿ ਰਹੇ। ਪ੍ਰਥਮ ਬਾਰਤਾ ਪਰ ਰਿਸ ਲਹੇ॥ ੬॥

''ਹੇ ਮਾਤਾ ਜੀ ! ਸੁਣੋ, ਸਾਡੇ 'ਤੇ ਵਿਸ਼ਵਾਸ ਕਰੋ, ਸਾਰਿਆਂ ਦੀ ਕਹੀ ਹੋਈ ਗੱਲ ਸੱਚ ਮੰਨ ਲਵੋ। ਸਤਿਗੁਰੂ ਜੀ ਨਹੀਂ ਮੰਨਦੇ ਹਨ, ਉਹ ਪਹਿਲਾਂ ਕੀਤੀ ਗੱਲ ਦਾ ਗੁੱਸਾ ਕਰਦੇ ਹਨ॥ ੬॥

ਸਰਬ ਲੁਟੇਰੇ ਕੈਦ ਪਰੇ ਹੈਂ। ਦੰਡ ਸਾਸਨਾ ਦੇਨਿ ਕਰੇ ਹੈਂ।
ਅਬਿ ਕਰ ਜੋਰਿ ਖਤਾ ਬਖਸ਼ਾਵੈਂ। ਤਊ ਨਹੀਂ ਮਨ ਮਹਿਂ ਕੁਛ ਲਜਾਵੈਂ' ॥੭॥

ਸਾਰੇ ਲੁਟੇਰੇ ਕੈਦ ਕਰ ਲਏ ਹਨ, ਉਨ੍ਹਾਂ ਨੂੰ ਦੰਡ ਅਤੇ ਸਜ਼ਾਵਾਂ ਦੇ ਰਹੇ ਹਨ। ਹੁਣ ਹੱਥ ਜੋੜ ਕੇ ਗਲਤੀ ਬਖਸ਼ਾਉਂਦੇ ਹਨ, ਫਿਰ ਵੀ ਸਤਿਗੁਰੂ ਜੀ ਮਨ ਵਿਚ ਕੁਝ ਵੀ ਨਹੀਂ ਲਿਆਉਂਦੇ ਹਨ'' ॥ ੭॥

ਸੁਨਿ ਕਰਿ ਮਾਤਾ ਉਰ ਬਿਰਮਾਈ। ਏਤੀ ਸਪਥ ਸਾਚ ਇਨ ਖਾਈ।
ਸਕਲ ਸਿੰਘ ਅਰੁ ਮਾਤਾ ਮਿਲੇ। ਨਿਕਸਨਿ ਪੁਰਿ ਤੇ ਮਾਨਜੋ ਭਲੇ॥ ੮॥

ਇਹ ਸੁਣ ਕੇ ਮਾਤਾ ਜੀ ਹਿਰਦੇ ਵਿਚ ਬਹੁਤ ਹੈਰਾਨ ਹੋਈ। ਇਹ ਸੌਂਹ ਇਨ੍ਹਾਂ ਨੇ ਸੱਚੀ ਖਾਧੀ ਹੈ। ਸਾਰੇ ਸਿੰਘ ਅਤੇ ਮਾਤਾ ਜੀ ਗੁਰੂ ਜੀ ਨੂੰ ਮਿਲੇ। ਨਗਰ ਵਿਚੋਂ ਨਿਕਲਣਾ ਭਲਾ ਮੰਨਿਆ॥ ੮॥

'ਜਜੋ ਕਜੋਂ ਕਹਿ ਕਰਿ ਗੁਰੂ ਨਿਕਾਰੋ। ਤਬਿ ਮਿਟ ਹੈ ਇਹ ਜੰਗ ਅਖਾਰੋ।
ਆਨਿ ਗੁਰੂ ਢਿਗ ਕਰਜੋ ਜਵਾਬ। 'ਮਹਾਰਾਜ! ਅਬਿ ਤਜਹੁ ਸ਼ਿਤਾਬ॥ ੯॥

''ਜਿਵੇਂ ਕਿਵੇਂ ਕਹਿ ਕੇ ਗੁਰੂ ਜੀ ਨੂੰ ਨਗਰ ਵਿਚੋਂ ਕੱਢੋ, ਤਦ ਸਭ ਜੰਗ ਦੇ ਅਖਾੜੇ ਖਤਮ ਹੋ ਜਾਣਗੇ।'' ਫਿਰ ਉਨ੍ਹਾਂ ਨੇ ਆ ਕੇ ਗੁਰੂ ਜੀ ਪਾਸ ਕਿਹਾ, ''ਹੇ ਮਹਾਰਾਜ ! ਹੁਣ ਇਸ ਨਗਰ ਨੂੰ ਤੁਰਤ ਛੱਡ ਦੇਵੋ॥ ੯॥

ਛੁਧਾ ਕਸ਼ਟ ਹਮ ਬਹੁਤ ਸਹਾਰਜੋ। ਹੁਇ ਲਚਾਰ ਤੁਮ ਪਾਸ ਉਚਾਰਜੋ।
ਨਿਕਸੇ ਚਹੈਂ ਪ੍ਰਾਨ ਛੁਧਿਆਰੇ। ਕਿਮ ਹਮ ਰਾਖਹਿਂ ਧੀਰਜ ਧਾਰੇ' ॥ ੧੦॥

ਅਸੀਂ ਭੁੱਖ ਦਾ ਕਸ਼ਟ ਬਹੁਤ ਬਰਦਾਸ਼ਤ ਕੀਤਾ ਹੈ ਤੇ ਲਚਾਰ ਹੋ ਕੇ ਤੁਹਾਡੇ ਪਾਸ ਉਚਾਰਨ ਕੀਤਾ ਹੈ। ਭੁੱਖ ਨਾਲ ਸਾ
ਪ੍ਰਾਣ ਨਿਕਲਣਾ ਚਾਹੁੰਦੇ ਹਨ, ਅਸੀਂ ਕਿਵੇਂ ਧੀਰਜ ਧਾਰ ਕੇ ਰੱਖੀਏ' ॥੧੦॥

ਇਤਨੇ ਮਹਿਂ ਮਾਤਾ ਚਲਿ ਆਈ। ਬੈਠਿ ਨਿਕਟ ਸੁਤ ਕੋ ਸਮੁਝਾਈ।
'ਕਰੋਂ ਅਬਿ ਚਾਹਤਿ ਸਭਿ ਕੋ ਮਾਰਜੋ। ਸਿੱਖਨਿ ਤੁਮਰਾ ਕਹਾਂ ਬਿਗਾਰਜੋ ॥੧੧॥

ਏਨੇ ਵਿਚ ਮਾਤਾ ਜੀ ਚਲ ਕੇ ਆ ਗਈ, ਪਾਸ ਬੈਠ ਕੇ ਉਸ ਪੁੱਤਰ ਨੂੰ ਸਮਝਾਇਆ, 'ਹੁਣ ਸਾਰਿਆਂ ਨੂੰ ਕਿਉ
ਮਰਵਾਉਣਾ ਚਾਹੁੰਦੇ ਹੋ, ਸਿੱਖਾਂ ਨੇ ਤੁਹਾਡਾ ਕੀ ਵਿਗਾੜਿਆ ਹੈ॥ ੧੧॥

ਮਰੇ ਹਜ਼ਾਰਹੁਂ ਲਰਿ ਲਰਿ ਆਗੇ। ਬਚੇ, ਅੰਨ ਬਿਨ ਮਰਿਬੇ ਲਾਗੇ।
ਹੇਲਾ ਪਰੈ ਕਤਲ ਹੁਇ ਜੈ ਹੈਂ। ਕੋ ਲਾਖਹੁਂ ਲਸ਼ਕਰ ਅਟਕੈ ਹੈ॥ ੧੨॥

ਪਹਿਲਾਂ ਵੀ ਹਜ਼ਾਰਾਂ ਲੜ ਲੜ ਕੇ ਮਰ ਗਏ ਹਨ, ਹੁਣ ਅਨਾਜ ਤੋਂ ਬਗੈਰ ਮਰਨ ਲੱਗੇ ਹਨ। ਹਮਲਾ ਹੋਣ 'ਤੇ ਕਤਲ
ਹੋ ਜਾਣਗੇ, ਲੱਖਾਂ ਦੇ ਲਸ਼ਕਰ ਅੱਗੇ ਕੌਣ ਅਟਕ ਸਕਦਾ ਹੈ॥ ੧੨॥

ਸ਼ਾਹੁ ਗਿਰੇਸ਼੍ਵਰ ਭਾਖਤਿ ਸਾਰੇ। ਕਿਮ ਇਹ ਕੂਰ ਬਨਹਿਂ, ਧ੍ਰਮ ਹਾਰੇ।
ਜੇ ਨਹਿਂ ਮਾਨਹੁਗੇ ਇਹ ਬਾਤ। ਤਜਹਿਂ ਸਾਥ ਤੁਮਰੋ ਬੱਖਜਾਤ॥ ੧੩॥

ਬਾਦਸ਼ਾਹ ਅਤੇ ਪਹਾੜੀ ਰਾਜੇ ਸਾਰੇ ਕਹਿੰਦੇ ਹਨ। ਕਿਵੇਂ ਝੂਠੇ ਹੋ ਕੇ ਸਾਰੇ ਹੀ ਧਰਮ ਹਾਰ ਜਾਣਗੇ। ਜੇ ਇਹ ਗੱਲ ਨਹੀ
ਮੰਨੋਗੇ, ਇਹ ਪ੍ਰਗਟ ਰੂਪ ਵਿਚ ਤੁਹਾਡਾ ਸਾਥ ਛੱਡ ਜਾਣਗੇ॥ ੧੩॥

ਘਰ ਕੇ ਭੀ ਸਗਰੇ ਤਜਿ ਜਾਵੈਂ। ਜਿਤ ਕਿਤ ਹ੍ਵੈ ਕਰਿ ਪ੍ਰਾਨ ਬਚਾਵੈਂ।
ਪੁਨ ਏਕਲ ਰਹਿ ਕਰਹਹੁ ਕਹਾਂ। ਸਭਿਹਿਨਿ ਕੋ ਪ੍ਰਾਨਨ ਪ੍ਰਿਯ ਮਹਾਂ ॥੧੪॥

ਘਰ ਵਾਲੇ ਵੀ ਸਾਰੇ ਛੱਡ ਜਾਣਗੇ, ਜਿੱਥੇ ਕਿੱਥੇ ਹੋ ਕੇ ਪ੍ਰਾਣ ਬਚਾਉਣਗੇ। ਫਿਰ ਇਕੱਲੇ ਰਹਿ ਕੇ ਕੀ ਕਰੋਗੇ, ਸਾਰਿਆ
ਨੂੰ ਪ੍ਰਾਣ ਪਿਆਰੇ ਹਨ' ॥ ੧੪॥

ਸੁਨਿ ਸਿੰਘਨ ਤੇ ਅਰੁ ਬਚ ਮਾਤਹਿ। ਰਿਸ ਕਰਿ ਕਹਿਤ ਭਏ ਬਿੱਖਜਾਤਹਿ।
'ਜੋ ਅਬਿ ਨਿਕਸਹਿ ਬਚਹਿ ਸੁ ਨਾਈ। ਹਮਰੋ ਦੋਸ਼ ਲਖਹੁ ਨਹਿਂ ਕਾਈ ॥੧੫॥

ਸਿੰਘਾਂ ਪਾਸੋਂ ਅਤੇ ਮਾਤਾ ਜੀ ਦੇ ਬਚਨ ਸੁਣ ਕੇ, ਗੁੱਸੇ ਵਿਚ ਆ ਕੇ ਗੁਰੂ ਜੀ ਪ੍ਰਗਟ ਰੂਪ ਵਿਚ ਕਹਿਣ ਲੱਗੇ, "ਜਿਹੜਾ
ਹੁਣ ਨਿਕਲੇਗਾ ਉਹ ਬਚੇਗਾ ਨਹੀਂ, ਇਸ ਵਿਚ ਸਾਡਾ ਕੋਈ ਦੋਸ਼ ਨਾ ਸਮਝੋ॥ ੧੫॥

ਪਸਰਹਿ ਜਹਿਂ ਕਹਿਂ ਇਹੀ ਪ੍ਰਸੰਗ। ਹਤੇ ਗਏ ਸਗਰੇ ਬਿਚ ਜੰਗ।
ਸੁਨਿ ਕਰਿ ਬਿਸਮੈ ਬਹੁਰ ਬਿਚਾਰਹਿਂ। ਅਸਮੰਜਸ ਕਰੋਂ ਭਈ ਉਚਾਰਹਿਂ ॥੧੬॥

ਜਿੱਥੇ ਕਿੱਥੇ ਇਹੋ ਪ੍ਰਸੰਗ ਫੈਲੇਗਾ, ਸਾਰੇ ਜੰਗ ਵਿਚ ਮਾਰੇ ਗਏ। ਸੁਣ ਕੇ ਹੈਰਾਨ ਹੋਵੋਗੇ ਫਿਰ ਵਿਚਾਰੋਗੇ ਕਿ ਸਤਿਗੁਰੂ ਜੀ
ਸਾਡੇ ਉਲਟ ਕਿਵੇਂ ਹੋ ਗਏ ਹਨ॥ ੧੬॥

ਕਰੋਂ ਨ ਭਏ ਸਤਿਗੁਰ ਰਖਵਾਰੇ। ਜੋ ਸੰਗੀ ਸਦ ਰਹਿਬੇ ਹਾਰੇ।
ਯਾਂਤੇ ਲਿਖਿ ਲਿਖਿ ਸਕਲ ਬਿਦਾਵਾ। ਚਲੇ ਜਾਹੁ ਜਿਤ ਜਿਹ ਮਨ ਭਾਵਾ ॥੧੭॥

ਸਤਿਗੁਰੂ ਜੀ ਸਾਡੇ ਰਖਵਾਲੇ ਕਿਉਂ ਨਹੀਂ ਬਣੇ ਹਨ, ਜਿਹੜੇ ਸਦਾ ਹੀ ਸਾਡੇ ਸੰਗੀ ਰਹਿਣਹਾਰੇ ਹਨ। ਇਸ ਕਰਕੇ
ਸਾਰੇ ਬਿਦਾਵਾ ਲਿਖ ਲਿਖ ਕੇ ਚਲੇ ਜਾਵੋ, ਜਿਸ ਜਿਸ ਦੇ ਮਨ ਨੂੰ ਚੰਗਾ ਲੱਗਦਾ ਹੈ॥ ੧੭॥

ਜੇ ਹੋਵਹੁ ਹਮਰੇ ਅਨੁਸਾਰੀ। ਤੋ ਚਿਤ ਚਾਹ ਕਰੈਂ ਰਖਵਾਰੀ।
ਖੜਗ ਕੇਤੁ ਪ੍ਰਭੁ ਬਨਹਿ ਸਹਾਇ। ਰਿਪੁ ਤੇ ਦੇ ਕਰਿ ਹਾਥ ਬਚਾਇਂ॥੧੮॥

ਜੇ ਸਾਡੀ ਆਗਿਆ ਅਨੁਸਾਰ ਹੋਵੋਗੇ ਤਾਂ ਤੁਹਾਡੀ ਚਿੱਤ ਚਾਹੀ ਰਖਵਾਲੀ ਕਰਾਂਗੇ। ਅਕਾਲ ਪੁਰਖ ਪ੍ਰਭੂ ਜੀ ਤੁਹਾਡੇ ਸਹਾਇਕ ਬਣਨਗੇ, ਵੈਰੀ ਪਾਸੋਂ ਹੱਥ ਦੇ ਕੇ ਬਚਾਉਣਗੇ॥ ੧੮॥

ਦੋਨਹੁ ਬਾਤਨ ਮਹਿਂ ਜਿਮ ਭਾਵੈ। ਸੋ ਕਰਿ ਚਲੋ, ਨ ਕੋ ਅਟਕਾਵੈ'।
ਮਾਤਾ ਕੀ ਰਿਸ ਲਖਿ ਕਰਿ ਸਹੀ। ਬਿਨ ਸਨੇਹ ਬਾਨੀ ਗੁਰ ਕਹੀ॥੧੯॥

ਦੋਵਾਂ ਗੱਲਾਂ ਵਿਚੋਂ ਜਿਹੜੀ ਤੁਹਾਨੂੰ ਚੰਗੀ ਲਗਦੀ ਹੈ, ਉਸ ਤਰ੍ਹਾਂ ਹੀ ਕਰੋ, ਤੁਹਾਨੂੰ ਕੋਈ ਵੀ ਅਟਕਾਵੇਗਾ ਨਹੀਂ।'' ਮਾਤਾ ਜੀ ਦਾ ਗੁੱਸਾ ਸਹੀ ਸਮਝ ਕੇ ਗੁਰੂ ਜੀ ਨੇ ਸਨੇਹ ਰਹਿਤ ਬਚਨ ਕਹੇ॥ ੧੯॥

ਭਈ ਕਸ਼ਟ ਤੇ ਬਿਹਬਲ ਮਾਈ। ਕਹਾਂ ਕਰੈ ਕੁਛ ਕਹੀ ਨ ਜਾਈ।
ਸੁਤ ਪਜਾਰੋ ਕਿਮ ਤਜਾਗਨ ਕਰੈ। ਨਹਿਂ ਤਜਾਗੇ, ਜਾਨਹਿ ਹਮ ਮਰੈਂ॥੨੦॥

ਮਾਤਾ ਜੀ ਕਸ਼ਟ ਕਰਕੇ ਬਹੁਤ ਵਿਆਕੁਲ ਹੋ ਗਏ ਹਨ, ਕੀ ਕਰ ਸਕਦੇ ਹਨ, ਕੋਈ ਵੀ ਗੱਲ ਕਹੀ ਨਹੀਂ ਜਾਂਦੀ ਹੈ। ਪਿਆਰੇ ਪੁੱਤਰ ਨੂੰ ਕਿਵੇਂ ਛੱਡ ਸਕਦੀ ਹੈ, ਨਹੀਂ ਛੱਡ ਸਕਦੀ ਹੈ, ਜਾਣਦੀ ਹੈ, ਅਸੀਂ ਮਰ ਜਾਵਾਂਗੇ॥ ੨੦॥

ਤਿਮਹੀ ਦੁਬਿਧਾ ਸਿੰਘਨਿ ਬਜਾਪੀ। ਪ੍ਰਣ ਥੋ ਗੁਰ ਤਜਿ ਹੈਂ ਨ ਕਦਾਪੀ।
'ਹਮ ਨਹਿਂ ਸਿੱਖ ਗੁਰੂ ਤੁਮ ਨਾਂਹੀ'। ਇਹ ਕਿਮ ਲਿਖੀ ਜਾਇ ਪ੍ਰਭੁ ਪਾਹੀ॥੨੧॥

ਉਸ ਪ੍ਰਕਾਰ ਦੀ ਦੁਬਿਧਾ ਸਿੰਘਾਂ ਵਿਚ ਵਿਆਪਕ ਹੋਈ ਹੈ, ਪ੍ਰਣ ਕੀਤਾ ਸੀ ਕਿ ਗੁਰੂ ਜੀ ਨੂੰ ਕਦੀ ਵੀ ਨਹੀਂ ਛੱਡਾਂਗੇ। ''ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ।'' ਇਹ ਸਤਿਗੁਰੂ ਪਾਸ ਕਿਵੇਂ ਲਿਖਿਆ ਜਾ ਸਕਦਾ ਹੈ॥ ੨੧॥

ਚਿਤ ਸੋਚਨ ਕੋ ਸੋਚਤਿ ਸਾਰੇ। ਕੁਛ ਨ ਸਕਹਿਂ ਕਰਿ, ਦੁਬਿਧਾ ਧਾਰੇ।
ਗਏ ਵਕੀਲ ਸਭਿਨਿ ਸਨ ਕਹਜੋ। 'ਸਤਿਗੁਰ ਰਣ ਕੋ ਹਠ ਧਰਿ ਰਹਜੋ॥੨੨॥

ਚਿੱਤ ਵਿਚ ਸੋਚਣ ਵਾਸਤੇ ਸਾਰੇ ਸੋਚਦੇ ਹਨ, ਪਰ ਦੁਬਿਧਾ ਧਾਰ ਕੇ ਕੁਝ ਵੀ ਕਰ ਨਹੀਂ ਸਕਦੇ ਹਨ। ਸਾਰੇ ਸ਼ਾਹੀ ਅਤੇ ਰਾਜਿਆਂ ਦੇ ਦੂਤ ਚਲੇ ਗਏ ਤੇ ਸਾਰਿਆਂ ਨੂੰ ਜਾ ਕੇ ਕਹਿਣ ਲੱਗੇ, ''ਸਤਿਗੁਰੂ ਜੀ ਨੇ ਯੁੱਧ ਵਾਸਤੇ ਹਠ ਧਾਰਨ ਕੀਤਾ ਹੈ''॥ ੨੨॥

ਤਊ ਬਾਤ ਇਕ ਬਿਧਿ ਬਨਿ ਆਵੈ। ਮਾਤਾ ਕੋ ਹਮ ਪੁਨ ਸਮੁਝਾਵੈਂ।
ਬਿਨਤੀ ਕਰੈਂ ਗਿਰੀਸ਼ੁਨਿ ਦਿਸ਼ ਤੇ। ਦੇਹਿਂ ਭਰੋਸਾ ਬਿਧ ਜਿਸ ਕਿਸ ਤੇ॥੨੩॥

ਫਿਰ ਵੀ ਇਕ ਪ੍ਰਕਾਰ ਗੱਲ ਬਣ ਸਕਦੀ ਹੈ ਜੇ ਮਾਤਾ ਜੀ ਨੂੰ ਅਸੀਂ ਫਿਰ ਸਮਝਾਈਏ। ਰਾਜਿਆਂ ਵਾਲੇ ਪਾਸੇ ਤੋਂ ਉਨ੍ਹਾਂ ਨੂੰ ਬੇਨਤੀ ਕਰੀਏ, ਜਿਸ ਕਿਸ ਵਿਧੀ ਨਾਲ ਉਨ੍ਹਾਂ ਨੂੰ ਭਰੋਸਾ ਦੇਈਏ॥ ੨੩॥

ਸੋ ਅਪਨੇ ਸੁਤ ਕੋ ਸਮੁਝਾਵੈ। ਜਜੋਂ ਕਜੋਂ ਕਰਿ ਨਿਕਸਨਿ ਮਨਵਾਵੈ।
ਜੇ ਜਨਨੀ ਕੋ ਕਹਜੋ ਨ ਮਾਨੈਂ। ਤਊ ਇਮ ਹੋਇ ਬਾਤ, ਹਮ ਜਾਨੈਂ॥੨੪॥

ਉਹ ਆਪਣੇ ਪੁੱਤਰ ਨੂੰ ਸਮਝਾਵੇ, ਜਿਵੇਂ ਕਿਵੇਂ ਕਰਕੇ ਕਿਲ੍ਹੇ ਵਿਚੋਂ ਬਾਹਰ ਨਿਕਲਣਾ ਮੰਨਵਾਵੇ। ਜੇ ਆਪਣੀ ਮਾਤਾ ਜੀ ਦਾ ਕਿਹਾ ਨਹੀਂ ਮੰਨਣਗੇ, ਤਦ ਇਸ ਤਰ੍ਹਾਂ ਗੱਲ ਹੋਵੇਗੀ, ਇਹ ਅਸੀਂ ਜਾਣਦੇ ਹਾਂ॥ ੨੪॥

ਪੋਤ੍ਰੇ ਆਦਿਕ ਗੁਰ ਪਰਿਵਾਰ। ਨਿਕਰਹਿਂ ਵਹਿਰ ਬਿਨਾ ਅਨੁਸਾਰ।
ਇਸ ਬਿਧਿ ਭੇਦ ਪਰੈ ਗੁਰ ਘਰ ਮਹਿਂ। ਹੋਇ ਇਕਾਕੀ ਸਮਝੈਂ ਉਰ ਮਹਿਂ॥੨੫॥

ਪੋਤਰੇ ਆਦਿ ਗੁਰੂ ਦਾ ਪਰਿਵਾਰ, ਆਗਿਆ ਤੋਂ ਬਗੈਰ ਬਾਹਰ ਨਿਕਲ ਜਾਣਗੇ। ਇਸ ਪ੍ਰਕਾਰ ਗੁਰੂ ਘਰ ਵਿਚ ਫੁੱਟ ਪੈ ਜਾਵੇਗੀ, ਉਹ ਫਿਰ ਹਿਰਦੇ ਵਿਚ ਆਪਣੇ ਆਪ ਨੂੰ ਇਕੱਲਾ ਸਮਝਣਗੇ॥ ੨੫॥

ਬਹੁਰ ਆਪ ਭੀ ਨਿਕਰਨ ਕਰੈਂ। ਠਹਿਰਹਿਂ ਨਹੀਂ ਜੰਗ ਪਰਹਰੈਂ'।
ਭੀਮ ਚੰਦ ਖ਼੍ਵਾਜਾ ਮਰਦੂਦ। ਕਹਜੋ ਵਕੀਲਨਿ ਜੋ ਮਉਜੂਦ॥ ੨੬॥

ਫਿਰ ਆਪ ਵੀ ਨਿਕਲ ਜਾਣਗੇ, ਠਹਿਰਣਗੇ ਨਹੀਂ ਜੰਗ ਛੱਡ ਦੇਣਗੇ।'' ਭੀਮ ਚੰਦ ਅਤੇ ਖ਼੍ਵਾਜਾ ਮਰਦੂਦ ਨੇ ਉਨ੍ਹਾਂ ਦੂਤਾਂ ਨੂੰ ਕਿਹਾ ਜਿਹੜੇ ਉਥੇ ਮੌਜੂਦ ਸਨ॥ ੨੬॥

'ਇਹ ਨੀਕੀ ਤੁਮ ਨੀਤਿ ਬਿਚਾਰੀ। ਕਰਹੁ ਜਤਨ ਇਸ ਕੋ ਮਤਿ ਭਾਰੀ'।
ਕਹਿਲੂਰੀ ਕਹਿ 'ਲਿਹੁ ਮਮ ਨਾਮੂ। ਕਰਹੁ ਮਾਤ ਕੇ ਚਰਣ ਪ੍ਰਣਾਮੂ॥ ੨੭॥

''ਇਹ ਤੁਸੀਂ ਚੰਗੀ ਨੀਤੀ ਵਿਚਾਰੀ ਹੈ, ਇਹ ਯਤਨ ਕਰੋ, ਇਹ ਵੱਡੇ ਬੁੱਧੀਮਾਨਾਂ ਵਾਲੀ ਗੱਲ ਹੈ।'' ਕਹਿਲੂਰੀ ਭੀਮ ਚੰਦ ਨੇ ਕਿਹਾ, ''ਮੇਰਾ ਨਾਮ ਲਵੋ ਤੇ ਮਾਤਾ ਜੀ ਦੇ ਚਰਨਾਂ 'ਤੇ ਪ੍ਰਣਾਮ ਕਰੋ॥ ੨੭॥

ਜਿਮ ਹਮ ਧਰਮ ਕਰੈਂ, ਕਹਿ ਦੀਜੈ। ਏਕ ਬਾਰ ਪੁਰਿ ਤਜਾਗਨ ਕੀਜੈ।
ਧਨ ਆਦਿਕ ਸਾਮੱਗ੍ਰੀ ਭਾਰੀ। ਲੀਜਹਿ ਅਪਨੀ ਸਰਬ ਸੰਭਾਰੀ॥ ੨੮॥

ਜਿਵੇਂ ਅਸੀਂ ਧਰਮ ਕਰਾਂਗੇ, ਉਸ ਪ੍ਰਕਾਰ ਕਹਿ ਦੇਵੋ, ਇਕ ਵਾਰ ਨਗਰ ਛੱਡ ਦੇਣ। ਧਨ ਆਦਿ ਭਾਰੀ ਸਮੱਗਰੀ ਸਾਰੀ ਚੰਗੀ ਤਰ੍ਹਾਂ ਸੰਭਾਲ ਲੈਣ॥ ੨੮॥

ਮੈਂ ਹੁਇ ਚਲਿਹੌਂ ਸੰਗ ਤੁਮਾਰੇ। ਦੇਊਂ ਲੰਘਾਇ ਬ੍ਰਿੰਦ ਦਲ ਸਾਰੇ।
ਪੁਨ ਗਮਨਹੁ ਚਿਤ ਚਾਹਤਿ ਜਹਾਂ। ਲਸ਼ਕਰ ਪਰੇ ਮੋਹਿ ਦੁਖ ਮਹਾਂ॥ ੨੯॥

ਮੈਂ ਤੁਹਾਡੇ ਨਾਲ ਹੋ ਕੇ ਜਾਵਾਂਗਾ ਤੇ ਕਹਾਂਗਾ ਕਿ ਮੈਂ ਤੁਹਾਡੇ ਸਾਰੇ ਸੈਨਾ ਦਲ ਲੰਘਾ ਦੇਵਾਂਗਾ, ਫਿਰ ਜਿੱਥੇ ਮਰਜ਼ੀ ਹੈ ਉਥੇ ਚਲੇ ਜਾਵੋ, ਲਸ਼ਕਰ ਪੈਣ 'ਤੇ ਮੈਨੂੰ ਬਹੁਤ ਦੁਖ ਹੋਵੇਗਾ॥ ੨੯॥

ਦੇਸ਼ ਗਿਰਨਿ ਕੋ ਭਯੋ ਬਿਨਾਸ਼ੀ। ਉਜਰੀ ਪ੍ਰਜਾ ਕਹਾਂ ਕ੍ਰਿਖ ਰਾਸੀ।
ਯਾਂ ਤ ਚਹੌਂ ਜੁ ਮਿਟੈ ਬਖੇਰਾ। ਮਾਨਹੁ ਬਿਨੈ ਸਹਿਤ ਬਚ ਮੇਰਾ॥ ੩੦॥

ਪਹਾੜੀਆਂ ਦਾ ਦੇਸ਼ ਤਬਾਹ ਹੋ ਗਿਆ ਹੈ, ਸਾਰੀ ਪਰਜਾ ਉੱਜੜ ਗਈ ਹੈ, ਹੁਣ ਖੇਤੀ ਦੀ ਪੂੰਜੀ ਕਿੱਥੇ ਹੈ ? ਇਸ ਕਰਕੇ ਮੈਂ ਇਹ ਝਗੜਾ ਮੁਕਾਉਣਾ ਚਾਹੁੰਦਾ ਹਾਂ, ਮੇਰਾ ਇਹ ਬਚਨ ਬੇਨਤੀ ਸਹਿਤ ਮੰਨੋ॥ ੩੦॥

ਉਤ ਹਜ਼ਰਤ ਬਹੁ ਲਿਖੇ ਪਠਾਏ। ਹਿਤ ਕਰਿ ਮਿਲਿਬੇ ਹੇਤੁ ਬੁਲਾਏ'।
ਇੱਤਜਾਦਿਕ ਦੂਤਨਿ ਸਨ ਕਹਿਕੈ। ਪਠੇ ਮਾਤ ਢਿਗ 'ਨਿਕਸਹਿਂ ਚਹਿਕੈ' ॥੩੧॥

ਓਧਰ ਬਾਦਸ਼ਾਹ ਨੇ ਬਹੁਤ ਲਿਖ ਕੇ ਭੇਜਿਆ ਹੈ, ਸਨੇਹ ਕਰਕੇ ਮਿਲਣ ਵਾਸਤੇ ਬੁਲਾਇਆ ਹੈ।'' ਇਸ ਪ੍ਰਕਾਰ ਭੀਮ ਚੰਦ ਨੇ ਦੂਤਾਂ ਨੂੰ ਕਹਿ ਕੇ ਮਾਤਾ ਜੀ ਪਾਸ ਭੇਜਿਆ, ''ਜਿਸ ਪ੍ਰਕਾਰ ਮਰਜ਼ੀ ਨਾਲ ਬਾਹਰ ਨਿਕਲ ਜਾਣ'' ॥ ੩੧॥

ਪ੍ਰਥਮ ਸਕਲ ਹੀ ਗੁਰ ਢਿਗ ਆਏ। ਹਾਥ ਜੋਰਿ ਕਰਿ ਸੀਸ ਨਿਵਾਏ।
ਬੈਠਿ ਗਏ ਬਿਰਤਾਂਤ ਬਖਾਨਾ। 'ਸ੍ਰੀ ਸਤਿਗੁਰੂ ਸੁਜਾਨ ਮਹਾਨਾ!॥ ੩੨॥

ਪਹਿਲਾਂ ਸਾਰੇ ਗੁਰੂ ਜੀ ਪਾਸ ਆਏ, ਹੱਥ ਜੋੜ ਕੇ ਸਿਰ ਨਿਵਾਏ, ਬੈਠ ਕੇ ਬ੍ਰਿਤਾਂਤ ਕਿਹਾ, ''ਹੇ ਸਤਿਗੁਰੂ ਜੀ! ਤੁਸੀਂ ਮਹਾਨ ਚਤੁਰ ਹੋ॥ ੩੨॥

ਉਮਰਾਵਨ ਅਰੁ ਗਿਰਪਤਿ ਸਾਰੇ। ਸਭਿ ਇਕ ਥਲ ਮਿਲਿ ਇਕ ਮਤ ਧਾਰੇ।
ਹਜ਼ਰਤ ਲਿਖਿ ਤਾਕੀਦ ਪਠਾਈ। ਬੋਲਨ ਆਪ ਸਾਥ ਲਲਚਾਈ॥ ੩੩॥

ਸਾਰੇ ਉਮਰਾਵ ਅਤੇ ਪਹਾੜੀ ਰਾਜਿਆਂ ਨੇ, ਇਕ ਸਥਾਨ ਤੇ ਇਕੱਠੇ ਹੋ ਕੇ ਇਹ ਸਲਾਹ ਕੀਤੀ ਹੈ ਤੇ ਬਾਦਸ਼ਾਹ ਨੇ ਵੀ ਲਿਖ ਕੇ ਤਾਕੀਦ ਕੀਤੀ ਹੈ, ਆਪ ਜੀ ਨਾਲ ਬੋਲਣ ਲਈ ਲਲਚਾਏ ਹਨ॥ ੩੩॥

ਬਿਬਿਧਿ ਬਿਧਿਨਿ ਕੇ ਗੁਨਿ ਸੁਨ ਥਾਰੇ। ਆਵਹਿਂ ਆਪ ਕਿ ਲੇਹਿਂ ਹਕਾਰੇ।
ਸ਼ਾਹੁ ਆਪ ਜੇ ਚਾਹਤਿ ਐਸੇ। ਬਿੱਪ੍ਰੀ ਅਪਰ ਕਰੈ ਕੋ ਕੈਸੇ॥ ੩੪॥

ਕਈ ਪ੍ਰਕਾਰ ਦੇ ਤੁਹਾਡੇ ਗੁਣ ਸੁਣੇ ਹਨ, ਆਪ ਆਉਣਗੇ ਜਾਂ ਬੁਲਾ ਲੈਣਗੇ। ਬਾਦਸ਼ਾਹ ਆਪ ਜੀ ਨੂੰ ਏਨਾ ਚਾਹੁੰਦੇ ਹਨ, ਹੋਰ ਵਿਚਾਰੇ ਕੀ ਕਰ ਸਕਦੇ ਹਨ॥ ੩੪॥

ਤਜਹੁ ਜੰਗ ਕੀ ਬਾਤ ਨ ਨੀਕੀ। ਜਿਸ ਮਹਿਂ ਮ੍ਰਿਤੁ ਹੋਇ ਸਭਿ ਹੀ ਕੀ।
ਏਕ ਬਾਰ ਤਜਿ ਦੁਰਗ ਸਿਧਾਰਹੁ। ਪੁਨ ਜਹਿਂ ਇੱਛਾ ਤਹਾਂ ਬਿਹਾਰਹੁ'॥੩੫॥

ਜੰਗ ਛੱਡੋ, ਇਹ ਚੰਗੀ ਗੱਲ ਨਹੀਂ ਜਿਸ ਵਿਚ ਸਾਰਿਆਂ ਦੀ ਮੌਤ ਹੁੰਦੀ ਹੈ। ਇਕ ਵਾਰ ਕਿਲ੍ਹਾ ਛੱਡ ਕੇ ਚਲੇ ਜਾਵੋ, ਫਿਰ ਜਿੱਥੇ ਤੁਹਾਡੀ ਇੱਛਾ ਹੈ, ਉਥੇ ਫਿਰੋ"॥ ੩੫॥

ਕਹੀ ਨ ਤਿਨਕੀ ਸਤਿਗੁਰ ਮਾਨੀ। 'ਤੁਮ ਸਭਿ ਝੂਠ ਕਹਤਿ ਹੋ ਬਾਨੀ।
ਜੋ ਨਿਤ ਪੂਜਾ ਕਰਹਿਂ ਪਖਾਨ। ਤਿਨ ਕੀ ਬੁੱਧਿ ਪਖਾਨ ਸਮਾਨ॥ ੩੬॥

ਉਨ੍ਹਾਂ ਦੀ ਕਹੀ ਹੋਈ ਗੱਲ ਸਤਿਗੁਰੂ ਜੀ ਨੇ ਨਾ ਮੰਨੀ ਅਤੇ ਕਹਿਣ ਲੱਗੇ, "ਤੁਸੀਂ ਸਭ ਝੂਠ ਬੋਲਦੇ ਹੋ। ਜਿਹੜੇ ਨਿਤ ਪੱਥਰਾਂ ਦੀ ਪੂਜਾ ਕਰਦੇ ਹਨ, ਉਨ੍ਹਾਂ ਦੀ ਬੁੱਧੀ ਵੀ ਪੱਥਰਾਂ ਵਰਗੀ ਹੋ ਗਈ ਹੈ॥ ੩੬॥

ਅਰ ਅਵਰੰਗ ਕੋ ਕਹਾਂ ਬਿਸਾਸੂ। ਰਾਜ ਹੇਤ ਕਰਿ ਪਿਤਾ ਬਿਨਾਸੂ।
ਬਡਾ ਭ੍ਰਾਤ ਜੋ ਦਾਰਸ਼ਕੋਹ। ਸਤਿਸੰਗੀ ਤਿਹ ਸੋਂ ਕਰਿ ਧ੍ਰੋਹ॥ ੩੭॥

ਹੋਰ ਨੌਰੰਗੇ ਦਾ ਕੀ ਵਿਸ਼ਵਾਸ ਹੈ, ਰਾਜ ਪ੍ਰਾਪਤ ਕਰਨ ਲਈ, ਉਸ ਆਪਣੇ ਪਿਤਾ ਨੂੰ ਮਾਰ ਦਿੱਤਾ ਸੀ। ਵੱਡਾ ਭਰਾ ਦਾਰਾਸ਼ਕੋਹ ਜਿਹੜਾ ਸਤਿਸੰਗੀ ਸੀ, ਉਸ ਨਾਲ ਵੀ ਵੱਡਾ ਧ੍ਰੋਹ ਕੀਤਾ ਸੀ॥ ੩੭॥

ਮਾਰਿ ਦਿਯੋ ਨਹਿਂ ਬਿਲਮ ਲਗਾਈ। ਤਿਮ ਹੀ ਅਪਰ ਹਤੇ ਜੁਗ ਭਾਈ।
ਸੋ ਅਬਿ ਕਹਾਂ ਅਹਦ ਕੋ ਜਾਨਹਿ। ਦੌਲਤ ਹੀ ਖ਼ੁਦਾਇ ਕਰਿ ਮਾਨੈ॥੩੮॥

ਉਸ ਨੂੰ ਮਾਰ ਦਿੱਤਾ, ਕੁਝ ਵੀ ਦੇਰ ਨਾ ਕੀਤੀ, ਉਸ ਤਰ੍ਹਾਂ ਹੀ ਦੂਸਰੇ ਦੋ ਭਰਾਵਾਂ ਨਾਲ ਕੀਤਾ। ਹੁਣ ਅਸੀਂ ਉਸ ਦੇ ਵਾਹਿਦੇ ਨੂੰ ਕੀ ਜਾਣੀਏ, ਜਿਸ ਨੇ ਦੌਲਤ ਨੂੰ ਹੀ ਖ਼ੁਦਾ ਕਰਕੇ ਮੰਨਿਆ ਹੈ"॥ ੩੮॥

ਇੱਤ੍ਯਾਦਿਕ ਸਤਿਗੁਰੂ ਸੁਨਾਈ। ਪੁਨ ਉਠਿ ਗਏ ਜਹਾਂ ਥਿਰ ਮਾਈ।
ਭੇਦ ਦੰਡ ਸੋ ਬਾਕ ਮਿਲਾਵੈਂ। ਬਹੁ ਬਿਧਿ ਤੇ ਮਾਤਹਿਂ ਸਮੁਝਾਵੈਂ॥ ੩੯॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਸੁਣਾਇਆ, ਫਿਰ ਉੱਠ ਕੇ ਉਥੇ ਚਲੇ ਗਏ, ਜਿਥੇ ਮਾਤਾ ਜੀ ਬੈਠੇ ਸਨ। ਭੇਦ ਦੰਡ ਦੋਹਾਂ ਭਾਵਾਂ ਨਾਲ ਮਿਲਾ ਕੇ ਗੱਲਾਂ ਕਰਕੇ ਮਾਤਾ ਜੀ ਨੂੰ ਸਮਝਾਉਣ ਲੱਗੇ॥ ੩੯॥

'ਸੁਨਹੁ ਮਾਤ! ਬਾਤਹਿ ਬਿੱਖਜਾਤ। ਨ੍ਰਿਪ ਉਮਰਾਵ ਸਪਥ ਸਭਿ ਖਾਤਿ।
ਜਿਮ ਮਨ ਮਾਨਹਿ ਧਰਮ ਕਰਾਵਹੁ। ਤਿਨ ਪਰ ਨਿਜ ਬਿੱਸ੍ਵਾਸ ਟਿਕਾਵਹੁ॥੪੦॥

ਕਹਿਣ ਲੱਗੇ, "ਹੇ ਮਾਤਾ ਜੀ! ਸੁਣੋ, ਇਹ ਗੱਲ ਪ੍ਰਗਟ ਹੈ, ਰਾਜੇ ਉਮਰਾਵ ਸਾਰੇ ਸੌਂਹਾਂ ਖਾਂਦੇ ਹਨ, ਜਿਵੇਂ ਮਨ ਮੰਨਦਾ ਹੈ, ਉਸ ਤਰ੍ਹਾਂ ਹੀ ਉਨ੍ਹਾਂ ਪਾਸੋਂ ਧਰਮ ਕਰਵਾ ਭਾਵ ਸੌਂਹ ਚੁੱਕਵਾ ਲਵੋ, ਉਨ੍ਹਾਂ ਉੱਤੇ ਆਪਣਾ ਭਰੋਸਾ ਟਿਕਾਵੋ॥ ੪੦॥

ਨਿਕਸਹੁ ਵਹਿਰ ਨ ਕਰਹੁ ਅੰਦੇਸ਼ਾ। ਲੇਹੁ ਬਚਾਇ ਪ੍ਰਵਾਰ ਅਸ਼ੇਸ਼ਾ।
ਥਿਰੇ ਕੌਨ ਕਾਰਜ ਸਰ ਜਾਇ। ਜੇ ਨਿਕਸਹੁ ਕਹਾ ਹੁਇ ਬਿਗਰਾਇ॥ ੪੧॥

ਬਾਹਰ ਨਿਕਲੋ, ਕਿਸੇ ਪ੍ਰਕਾਰ ਦਾ ਵੀ ਡਰ ਨਾ ਮੰਨੋ, ਆਪਣਾ ਬਾਕੀ ਸਾਰਾ ਪਰਿਵਾਰ ਬਚਾ ਲਵੋ, ਏਥੇ ਰਹਿਣ ਨਾਲ ਕਿਹੜਾ ਕਾਰਜ ਸਰ ਜਾਵੇਗਾ, ਜੇ ਬਾਹਰ ਨਿਕਲ ਜਾਵੋਗੇ ਤਾਂ ਤੁਹਾਡਾ ਕੀ ਵਿਗੜ ਜਾਵੇਗਾ॥ ੪੧॥

ਜਹਿਂ ਕਹਿਂ ਸੰਗਤਿ ਹੈ ਗੁਰ ਕੇਰੀ। ਜਹਿਂ ਬੈਠਹੁ ਤਹਿਂ ਆਇ ਘਨੇਰੀ।
ਨਗਰ ਤੁਮਾਰਾ ਰਹੈ ਸਦਾਇ। ਅਬਿ ਨਿਕਸਹੁ ਦਿਹੁ ਰਾਰ ਮਿਟਾਇ॥ ੪੨॥

ਜਿੱਥੇ ਕਿੱਥੇ ਗੁਰੂ ਦੀ ਸੰਗਤ ਹੈ, ਜਿੱਥੇ ਵੀ ਬੈਠ ਜਾਣਗੇ, ਉਥੇ ਹੀ ਬਹੁਤ ਸੰਗਤ ਆਵੇਗੀ। ਤੁਹਾਡਾ ਇਹ ਨਗਰ ਸਦਾ ਹੀ ਰਹੇਗਾ, ਹੁਣ ਨਿਕਲ ਕੇ ਰੌਲਾ ਖਤਮ ਕਰ ਦੇਵੋ॥ ੪੨॥

ਲਾਖਹੁਂ ਲੋਕ ਵਹਿਰ ਹਰਖਾਵਹਿਂ। ਸਿਖ ਸੰਗਤਿ ਤੁਮਰੀ ਸੁਖ ਪਾਵਹਿ।
ਨਾਹਕ ਇਨ ਕਰਿ ਰਖਜੋ ਬਖੇਰਾ। ਮਾਤਾ! ਤੁਮ ਮਿਟਾਇ ਇਕ ਬੇਰਾ॥ ੪੩॥

ਲੱਖਾਂ ਲੋਕ ਬਾਹਰ ਪ੍ਰਸੰਨ ਹੋਣਗੇ, ਤੁਹਾਡੀ ਸਿੱਖ ਸੰਗਤ ਸੁਖ ਪਾਵੇਗੀ। ਫਜ਼ੂਲ ਵਿਚ ਇਨ੍ਹਾਂ ਨੇ ਇਹ ਬਖੇੜਾ ਖੜਾ ਕੀਤਾ ਹੈ, ਹੇ ਮਾਤਾ ਜੀ! ਤੁਸੀਂ ਇਸ ਨੂੰ ਇਕ ਵਾਰ ਮਿਟਾ ਦੇਵੋ॥ ੪੩॥

ਪ੍ਰਥਮੈ ਗੁਰ ਸੁਤ ਕੋ ਸਮੁਝਾਓ। ਜਿਮ ਮਾਨਹਿਂ ਤਿਮ ਹੀ ਮਨਵਾਓ।
ਨਹੀਂ ਸੁਭਾਵ ਫਿਰੈ ਜੇ ਫੇਰੇ। ਅਹੈ ਸੁਭਾਵ ਬਿਸਾਲ ਕਰੇਰੇ॥ ੪੪॥

ਪਹਿਲਾਂ ਆਪਣੇ ਗੁਰੂ ਪੁੱਤਰ ਨੂੰ ਸਮਝਾਵੋ, ਜਿਵੇਂ ਵੀ ਮੰਨੇ, ਉਸ ਪ੍ਰਕਾਰ ਹੀ ਮੰਨਵਾ ਲਵੋ, ਜੇ ਤੁਹਾਡੇ ਪ੍ਰੇਰਿਆਂ ਵੀ ਨਾ ਪ੍ਰੇਰੇ ਜਾਣ, ਕਿਉਂਕਿ ਉਨ੍ਹਾਂ ਦਾ ਸੁਭਾਵ ਬਹੁਤ ਕਰੜਾ ਹੈ॥ ੪੪॥

ਤੌ ਅਪਨੀ ਤਜਾਰੀ ਤੁਮ ਕਰੋ। ਪੰਥ ਦੇਸ਼ ਜੰਗਲ ਕੇ ਪਰੋ।
ਪੀਛੇ ਆਪ ਨਿਕਸਿ ਕਰਿ ਐ ਹੈਂ। ਕੈ ਤੁਮਰੇ ਹੀ ਸੰਗ ਮਿਲੈ ਹੈਂ॥ ੪੫॥

ਤਾਂ ਤੁਸੀਂ ਆਪਣੇ ਜਾਣ ਦੀ ਤਿਆਰੀ ਕਰੋ, ਮਾਲਵੇ ਦੇਸ਼ ਦੇ ਰਸਤੇ ਪੈ ਜਾਵੋ, ਬਾਅਦ ਵਿਚ ਉਹ ਆਪੇ ਨਿਕਲ ਕੇ ਆ ਜਾਣਗੇ ਜਾਂ ਤੁਹਾਡੇ ਨਾਲ ਹੀ ਆ ਮਿਲਣਗੇ॥ ੪੫॥

ਵਧਜੋ ਬਖੇਰਾ ਇਮ ਹੁਇ ਥੋਰਾ। ਜੇ ਨਹਿਂ ਮਾਨਹੁਂ ਰਣ ਹੁਇ ਘੋਰਾ।
ਇਮ ਸ੍ਰੀ ਗੁਜਰੀ ਕੋ ਸਮੁਝਾਯੋ। ਜਜੋਂ ਕਜੋਂ ਨਿਕਸਨਿ ਕੋ ਠਹਿਰਾਯੋ॥ ੪੬॥

ਵਧਿਆ ਹੋਇਆ ਬਿਖੇੜਾ ਇਸ ਪ੍ਰਕਾਰ ਥੋੜਾ ਹੋ ਜਾਵੇਗਾ, ਜੇ ਨਹੀਂ ਮੰਨਣਗੇ ਤਾਂ ਘੋਰ ਯੁੱਧ ਹੋਵੇਗਾ।" ਦੂਤਾਂ ਇਸ ਪ੍ਰਕਾਰ ਮਾਤਾ ਗੁਜਰੀ ਜੀ ਨੂੰ ਸਮਝਾਇਆ, ਜਿਵੇਂ ਕਿਵੇਂ ਕਰਕੇ ਨਿਕਲਣ ਵਾਸਤੇ ਮੰਨਵਾ ਲਿਆ॥ ੪੬॥

ਕਹਜੋ ਮਾਤ ਤਬਿ 'ਤੁਮ ਅਬਿ ਜਾਵਹੁ। ਧਰਮ ਇਮਾਨ ਦੁਹਨਿ ਤੇ ਲਜਾਵਹੁ।
ਮੈਂ ਸੁਤ ਕੋ ਸਮੁਝਾਇ ਦਿਖਾਵਊਂ। ਦੇਖਤਿ ਰਿਦੇ ਪ੍ਰਤੀਤ ਉਪਾਵਊਂ॥ ੪੭॥

ਫਿਰ ਮਾਤਾ ਜੀ ਨੇ ਕਿਹਾ, "ਤੁਸੀਂ ਹੁਣ ਜਾਵੋ ਤੇ ਧਰਮ-ਇਮਾਨ ਦੋਵੇਂ ਲੈ ਕੇ ਆਵੋ। ਮੈਂ ਪੁੱਤਰ ਨੂੰ ਸਮਝਾ ਕੇ ਵਿਖਾ ਦੇਵਾਂਗੀ ਤੇ ਧਰਮ ਇਮਾਨ ਵੇਖਦਿਆਂ ਹੀ ਉਨ੍ਹਾਂ ਦੇ ਹਿਰਦੇ ਵਿਚ ਪ੍ਰਤੀਤ ਪ੍ਰਗਟ ਕਰਾਂਗੀ॥ ੪੭॥

ਠਾਕੁਰ ਧੇਨੁ ਬਿੱਪ੍ਰ ਲੈ ਆਵੈ। ਕਰੇ ਸਪਥ ਗਿਰਪਤੀ ਪਠਾਵੈ।
ਹਜ਼ਰਤ ਦਿਸ਼ ਤੇ ਸੱਯਦ ਆਵੈ। ਆਨ ਸਮੇਤ ਕੁਰਾਨ ਉਠਾਵੈ ॥ ੪੮ ॥

ਬ੍ਰਾਹਮਣ ਠਾਕੁਰ ਅਤੇ ਗਊ ਲੈ ਆਵੇ ਤੇ ਸੌਂਹ ਚੁੱਕਣ ਵਾਸਤੇ ਪਹਾੜੀ ਰਾਜੇ ਭੇਜਣ। ਬਾਦਸ਼ਾਹ ਵਾਲੇ ਪਾਸੇ ਤੋਂ ਸੱਯਦ ਆਵੇ। ਸੁਗੰਧ ਸਹਿਤ ਉਹ ਕੁਰਾਨ ਸਿਰ ਉੱਤੇ ਚੁੱਕੇ" ॥ ੪੮ ॥

'ਆਛੀ ਬਾਤ ਮਾਤ ਹਮ ਜਾਇਂ। ਜਿਮ ਤੁਮ ਉਚਰਹੁ ਤਿਮ ਲੇ ਆਇਂ।
ਕਹਿ ਕਰਿ ਦੂਤ ਵਹਿਰ ਕੋ ਗਏ। ਨ੍ਰਿਪਨਿ ਪ੍ਰਸੰਗ ਸੁਨਾਵਤਿ ਭਏ ॥ ੪੯ ॥

"ਚੰਗੀ ਗੱਲ ਹੈ, ਮਾਤਾ ਜੀ ਅਸੀਂ ਚਲਦੇ ਹਾਂ, ਜਿਵੇਂ ਤੁਸੀਂ ਕਿਹਾ ਹੈ ਉਸ ਤਰ੍ਹਾਂ ਹੀ ਲੈ ਆਉਂਦੇ ਹਾਂ।" ਇਹ ਕਹਿ ਕੇ ਦੂਤ ਬਾਹਰ ਚਲੇ ਗਏ ਤੇ ਰਾਜਿਆਂ ਨੂੰ ਜਾ ਕੇ ਸਾਰਾ ਪ੍ਰਸੰਗ ਸੁਣਾਉਣ ਲੱਗੇ ॥ ੪੯ ॥

*ਛੇਵੀਂ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ ॥ ੨੮ ॥*

## ਅਧਿਆਇ ਉਣੱਤੀਵਾਂ

*ਮਾਤਾ ਜੀ ਤੇ ਸਿੰਘਾਂ ਦਾ ਨਿਕਲਣ ਹਿਤ ਕਹਿਣਾ*

ਦੋਹਰਾ-ਸ੍ਰੀ ਗੁਜਰੀ ਕੇ ਸੰਗ ਮਿਲਿ ਛੁਧਤਿ ਸਿੰਘ ਸਮੁਦਾਇ।
ਕਰ ਮਸਲਤ ਆਵਤਿ ਭਏ ਜਹਿਂ ਬੈਠੇ ਗੁਰਰਾਇ ॥ ੧ ॥

ਮਾਤਾ ਗੁਜਰੀ ਜੀ ਦੇ ਨਾਲ ਸਾਰੇ ਭੁੱਖੇ ਸਿੰਘ ਮਿਲ ਕੇ ਇਕੱਠੇ ਹੋ ਕੇ ਸਲਾਹ ਕਰਕੇ ਉਥੇ ਆ ਗਏ ਜਿਥੇ ਸਤਿਗੁਰੂ ਜੀ ਬੈਠੇ ਸਨ ॥ ੧ ॥

ਚੌਪਈ-ਪੂਰਬ ਸਿੱਖਨਿ ਬਿਨੈ ਬਖਾਨੀ। 'ਸਤਿਗੁਰ ਕੀਜੈ ਕ੍ਰਿਪਾ ਮਹਾਨੀ।
ਅਪਨੇ ਜਾਨਿ ਪ੍ਰਾਨ ਦਿਹੁ ਦਾਨਾ। ਮਤੋ ਜੰਗ ਕੋ ਕਰੀਅਹਿ ਹਾਨਾ ॥੨ ॥

ਪਹਿਲੇ ਸਿੱਖਾਂ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਮਹਾਨ ਕ੍ਰਿਪਾ ਕਰੋ, ਆਪਣੇ ਜਾਣ ਕੇ, ਸਾਨੂੰ ਪ੍ਰਾਣਾਂ ਦਾ ਦਾਨ ਦੇਵੋ, ਜੰਗ ਦੇ ਮਤੇ ਨੂੰ ਦੂਰ ਕਰੀਏ ॥ ੨ ॥

ਦਾਈਆ ਬਹੁਰ ਖਾਲਸੇ ਕੇਰਾ। ਲਰਹਿ ਸਮਾਜ ਬਟੋਰਿ ਬਡੇਰਾ।
ਜੰਗਲ ਚਲਹੁ ਮਵਾਸੀ ਮਹਾਂ। ਪਹੁੰਚ ਨ ਸਕੈ ਤੁਰਕ ਦਲ ਜਹਾਂ ॥੩ ॥

ਖਾਲਸੇ ਦਾ ਬਹੁਤ ਦਾਈਆ ਹੈ, ਵੱਡਾ ਸਾਜ਼ੋ-ਸਾਮਾਨ ਇਕੱਠਾ ਕਰਕੇ ਲੜਦਾ ਹੈ। ਮਾਲਵੇ ਦੇਸ਼ ਵਿਚ ਚਲੋ, ਜਿੱਥੇ ਬਹੁਤ ਮਹਿਫੂਜ਼ ਸਥਾਨ ਹਨ, ਉਥੇ ਤੁਰਕ ਦਲ ਪਹੁੰਚ ਹੀ ਨਹੀਂ ਸਕਦਾ ਹੈ ॥ ੩ ॥

ਇਹਾਂ ਦੁਰਗ ਮਹਿਂ ਨਿਬਰਜੋ ਸਰਬ। ਅੰਨ ਨ ਪ੍ਰਾਪਤਿ ਖਰਚੇ ਦਰਬ।
ਅਪਰ ਸਮੱਗ੍ਰੀ ਕਿਮ ਕਰ ਆਵੈ। ਬਿਤਜੋ ਸਮੈਂ ਬਹੁ ਜੰਗ ਮਚਾਵੈਂ ॥੪ ॥

ਏਥੇ ਕਿਲ੍ਹੇ ਵਿਚ ਸਭ ਕੁਝ ਖਤਮ ਹੋ ਗਿਆ ਹੈ, ਧਨ ਖਰਚ ਕੇ ਵੀ ਅਨਾਜ ਪ੍ਰਾਪਤ ਨਹੀਂ ਹੁੰਦਾ ਹੈ। ਹੋਰ ਸਮੱਗਰੀ ਕਿਵੇਂ ਹੱਥ ਵਿਚ ਆਵੇਗੀ, ਜੰਗ ਕਰਦਿਆਂ ਬਹੁਤ ਸਮਾਂ ਬੀਤ ਗਿਆ ਹੈ ॥ ੪ ॥

ਨਿਕਸੇ ਹੁਇ ਬਹੁ ਬਿਧਿ ਕੱਲਜਾਨ। ਹੋਹਿ ਸਰਬ ਕੁਛ, ਬਚਹਿਂ ਜਿ ਪ੍ਰਾਨ।
ਛੁਧਾ ਕਸ਼ਟ ਤੇ ਜੇ ਮਰਿ ਗਏ। ਪੁਨ ਕੋ ਲਰਹਿ ਖਾਕ ਹਮ ਭਏ॥ ੫॥

ਬਾਹਰ ਨਿਕਲਣ ਨਾਲ ਬਹੁਤ ਵਿਧੀਆਂ ਨਾਲ ਕਲਿਆਣ ਹੋਵੇਗਾ। ਜੇ ਪ੍ਰਾਣ ਬਚ ਜਾਣਗੇ ਤਾਂ ਸਭ ਕੁਝ ਹੋ ਜਾਵੇਗਾ। ਜੇ ਭੁੱਖ ਦੇ ਦੁੱਖ ਨਾਲ ਮਰ ਗਏ, ਜਦ ਅਸੀਂ ਖਾਕ ਹੋ ਜਾਵਾਂਗੇ ਤਾਂ ਫਿਰ ਕੌਣ ਲੜੇਗਾ॥ ੫॥

ਦੇਖਹੁ ਸਿੱਖਨਿ ਕੋ ਹਿਤ ਕਰਿਕੈ। ਘਾਲੀ ਘਾਲ ਖੇਦ ਬਹੁ ਭਰਿਕੈ।
ਅਬਹਿ ਬਿਦਾਵਾ ਨਾਂਹਿ ਲਿਖਾਵੋ। ਖਾਰਜ ਸਿੱਖੀ ਤੇ ਨ ਕਰਾਵੋ॥ ੬॥

ਸਿੱਖਾਂ ਦਾ ਹਿਤ ਕਰਕੇ ਵੇਖੋ, ਬਹੁਤ ਦੁਖ ਭਰ ਕੇ ਘਾਲਣਾ ਘਾਲੀ ਹੈ। ਹੁਣ ਬਿਦਾਵਾ ਨਾ ਲਿਖਾਵੋ, ਸਿੱਖੀ ਤੋਂ ਸਾਨੂੰ ਖਾਰਜ ਨਾ ਕਰਾਵੋ॥ ੬॥

ਛੁਧਾ ਕਸ਼ਟ ਤੇ ਲਿਖਿ ਕਰਿ ਦੈਂਗੇ। ਪ੍ਰਾਨ ਬਚਾਵਨਿ ਹੇਤੁ ਚਹੈਂਗੇ।
ਮਰਨ ਲਗਜੋ ਨਰ ਕਜਾ ਨਹਿਂ ਕਰੈ। ਜੀਵਨ ਹੇਤੁ ਸਰਬ ਪਰਹਰੈ॥ ੭॥

ਭੁੱਖ ਦਾ ਕਸ਼ਟ ਕਰਕੇ ਬਿਦਾਵਾ ਲਿਖ ਦੇਵਾਂਗੇ, ਆਪਣੇ ਪ੍ਰਾਣ ਬਚਾਉਣ ਵਾਸਤੇ ਬਿਦਾਵਾ ਲਿਖਣਾ ਚਾਹਾਂਗੇ। ਮਰਨ ਲਗਿਆਂ ਮਨੁੱਖ ਕੀ ਨਹੀਂ ਕਰਦਾ ਹੈ, ਜ਼ਿੰਦਗੀ ਵਾਸਤੇ ਸਭ ਕੁਝ ਛੱਡ ਦਿੰਦਾ ਹੈ॥ ੭॥

ਅਪਨਿ ਪੰਥ ਕੇ ਬਨਹੁ ਸਹਾਇ। ਲੇਹੁ ਕਸ਼ਟ ਤੇ ਪ੍ਰਾਨ ਬਚਾਇ'।
ਸੁਨਿ ਕਰਿ ਦੀਨ ਬੈਨ ਗੁਰ ਬੋਲੇ। 'ਧੀਰਜ ਧਰਹੁ, ਨਹੀਂ ਮਨ ਡੋਲੇ॥ ੮॥

ਆਪਣੇ ਪੰਥ ਦੇ ਸਹਾਇਕ ਬਣੋ, ਇਸ ਕਸ਼ਟ ਤੋਂ ਸਾਡੇ ਪ੍ਰਾਣ ਬਚਾ ਲਵੋ।'' ਸਿੰਘਾਂ ਦੇ ਦੀਨ ਬਚਨ ਸੁਣ ਕੇ ਗੁਰੂ ਜੀ ਬੋਲੇ, ''ਧੀਰਜ ਧਾਰਨ ਕਰੋ, ਮਨ ਨੂੰ ਨਾ ਡੁਲਾਵੋ॥ ੮॥

ਹਮ ਤੁਮਰੇ ਸੁਖ ਹੂੰ ਕੋ ਚਾਹੈਂ। ਨਹਿਂ ਜਾਨਹੁਂ, ਇਹ ਛਲੀ ਮਹਾਂ ਹੈਂ।
ਗੁਜਰਹਿ ਬੁਰਾ ਤੁਮਾਰੇ ਸਿਰ ਪਰ। ਚਹੌਂ ਬਚਾਵਨਿ ਤਿਸਤੇ ਹਿਤ ਧਰਿ॥ ੯॥

ਅਸੀਂ ਤੁਹਾਡੇ ਸੁੱਖ ਨੂੰ ਹੀ ਚਾਹੁੰਦੇ ਹਾਂ, ਇਸ ਨੂੰ ਮਹਾਂ ਛਲ ਨਾ ਜਾਣੋ। ਤੁਹਾਡੇ ਸਿਰ ਉੱਪਰ ਬੁਰਾ ਗੁਜ਼ਰ ਰਿਹਾ ਹੈ, ਇਸ ਤੋਂ ਮੈਂ ਹਿਤ ਧਾਰ ਕੇ ਬਚਾਉਣਾ ਚਾਹੁੰਦਾ ਹਾਂ॥ ੯॥

ਕਿਤਿਕ ਕਾਲ ਇਮ ਔਰ ਬਿਤਾਵੋ। ਪੁਨ ਮਨ ਭਾਵਤਿ ਭੋਜਨ ਖਾਵੋ।
ਬਾਸੁਰ ਬੀਸ ਕਿ ਬਸਹੁ ਉਨੀਸ। ਕੈ ਅਠਾਰ ਸਿਮਰਹੁ ਜਗਦੀਸ਼॥ ੧੦॥

ਇਸ ਪ੍ਰਕਾਰ ਕੁਝ ਸਮਾਂ ਹੋਰ ਬਤੀਤ ਕਰੋ, ਫਿਰ ਮਨ-ਭਾਉਂਦਾ ਭੋਜਨ ਖਾਵੋ, ਉਨੀਂ ਵੀਹ ਦਿਨ ਏਥੇ ਹੋਰ ਵੱਸੋ ਜਾਂ ਅਠਾਰਾਂ ਦਿਨ ਪ੍ਰਭੂ ਦਾ ਸਿਮਰਨ ਕਰੋ॥ ੧੦॥

ਕਿਧੌਂ ਸਪਤ ਦਸ ਖੋੜਸ ਰਹੋ। ਕੈ ਦਸ ਪੰਚ ਥਿਰਹੁ ਸੁਖ ਲਹੋ।
ਇਤਨੇ ਦਿਨ ਮਹਿਂ ਦੋਨਹੁਂ ਲੋਕ। ਕਰਹੁ ਸੁਧਾਰਨ ਮੇਟਹੁ ਸ਼ੋਕ'॥ ੧੧॥

ਜਾਂ ਸਤਾਰਾਂ ਦਿਨ ਹੋਰ ਰਹੋ ਜਾਂ ਪੰਦਰਾਂ ਦਿਨ ਰਹਿ ਕੇ ਫਿਰ ਸੁਖ ਪਾਵੋ। ਏਨੇ ਦਿਨਾਂ ਵਿਚ ਦੁਖ ਮਿਟਾ ਕੇ ਦੋਵੇਂ ਲੋਕ ਸੁਧਾਰ ਲਵੋ''॥ ੧੧॥

ਪੁਨ ਸਿਖ ਕਹੈਂ 'ਸੁਨਹੁ ਗੁਰ ਪੂਰੇ! ਅਬਿ ਤੇ ਨਿਕਸਨ ਬਨਹਿ ਜ਼ਰੂਰੇ।
ਏਕ ਦਿਵਸ ਭੀ ਬਸਜੋ ਨ ਜਾਈ। ਨਿਕਸਨ ਕੋ ਚਾਹਤਿ ਸਮੁਦਾਈ॥ ੧੨॥

ਫਿਰ ਸਿੱਖਾਂ ਨੇ ਕਿਹਾ, "ਹੇ ਪੂਰਨ ਗੁਰੂ ਜੀ ! ਸੁਣੋ, ਹੁਣ ਨਿਕਲਣਾ ਜ਼ਰੂਰੀ ਬਣਦਾ ਹੈ। ਇਕ ਦਿਨ ਵੀ ਹੋਰ ਰਿਹਾ ਨਹੀਂ ਜਾਂਦਾ, ਸਾਰੇ ਹੀ ਨਿਕਲਣਾ ਚਾਹੁੰਦੇ ਹਨ॥ ੧੨॥

ਬਜਾਕੁਲ ਭਏ ਛੁਧਿਤਿ ਧ੍ਰਿਤ ਹਾਰਾ। ਸ਼ੱਤ੍ਰੁਨਿ ਸਨ ਲਰਿ ਕਿਯੋ ਅਖਾਰਾ।
ਹਾਰਿ ਪਰੇ ਮੂਰਖ ਝਖ ਮਾਰਿ। ਯਾਂਤੇ ਕਰਿਹੈਂ ਸਪਥ ਉਦਾਰ॥ ੧੩॥

ਭੁੱਖ ਨਾਲ ਧੀਰਜ ਹਾਰ ਕੇ ਵਿਆਕੁਲ ਹੋ ਗਏ ਹਾਂ, ਵੈਰੀਆਂ ਨਾਲ ਲੜ ਕੇ ਯੁੱਧ ਕੀਤਾ ਹੈ। ਮੂਰਖ ਝੱਖ ਮਾਰ ਕੇ ਹਾਰ ਗਏ ਹਨ, ਇਸ ਕਰਕੇ ਬਹੁਤ ਕਸਮਾਂ ਖਾਂਦੇ ਹਨ॥ ੧੩॥

ਅਬਿ ਨਿਕਸਨ ਹੀ ਤੁਮ ਕੋ ਬਨੈਂ। ਜਿਸ ਤੇ ਰਹੈਂ ਪ੍ਰਾਨ ਕੇ ਸਨੈਂ।
ਪੁਨ ਗੁਰ ਕਹਜੋ 'ਪੰਚ ਦਸ਼ ਦਜੋਸਾ। ਜੇ ਨਹਿਂ ਰਹਿਤੇ ਧਾਰਿ ਭਰੋਸਾ॥੧੪॥

ਹੁਣ ਤੁਹਾਨੂੰ ਨਿਕਲਣਾ ਹੀ ਬਣਦਾ ਹੈ, ਜਿਸ ਕਰਕੇ ਪ੍ਰਾਣਾਂ ਸਹਿਤ ਰਹੀਏ।" ਫਿਰ ਗੁਰੂ ਜੀ ਨੇ ਕਿਹਾ, "ਜੇ ਪੰਦਰਾਂ ਦਿਨ ਭਰੋਸਾ ਧਾਰ ਕੇ ਨਹੀਂ ਰਹਿੰਦੇ ਹੋ॥ ੧੪॥

ਚੌਦਹਿ, ਤੇਰਾ, ਦ੍ਵਾਦਸ਼ ਰਹੋ। ਪੁਨ ਮਨ ਭਾਵਤਿ ਸੁਖ ਸਭਿ ਲਹੋ।
ਇਕਾਦਸ਼, ਦਸ਼, ਨੌ, ਅਸ਼ਟ ਬਸੀਜੈ। ਰਿਪੁ ਹਟ ਜਾਹਿਂ ਇਹਾਂ ਸੁਖ ਲੀਜੈ॥੧੫॥

ਤਾਂ ਚੌਦਾਂ, ਤੇਰਾਂ ਜਾਂ ਬਾਰਾਂ ਦਿਨ ਰਹੋ, ਫਿਰ ਸਾਰੇ ਮਨ-ਭਾਉਂਦਾ ਸੁਖ ਪ੍ਰਾਪਤ ਕਰੋ, ਗਿਆਰ੍ਹਾਂ, ਦਸ, ਨੌਂ ਜਾਂ ਅੱਠ ਦਿਨ ਰਹੀਏ, ਵੈਰੀ ਹਟ ਜਾਵੇਗਾ, ਫਿਰ ਏਥੇ ਹੀ ਸੁਖ ਪ੍ਰਾਪਤ ਕਰੋ॥ ੧੫॥

ਜੇ ਓਰਕ ਹੀ ਕਰਹੁ ਪਿਆਰੇ! ਸਪਤ ਦਿਵਸ ਲਹੁ ਧੀਰਜ ਧਾਰੇ।
ਅਬਿ ਨਿਕਸ ਹੁਇ ਗਜ਼ਬ ਗੁਜ਼ਾਰਨ। ਬਚਹੁ ਨਹੀਂ ਹੁਇ ਸਭਿਨਿ ਸੰਘਾਰਨ॥੧੬॥

ਹੇ ਪਿਆਰੇ ! ਜੇ ਤੁਸੀਂ ਓੜਕ ਹੀ ਕਰਨੀ ਚਾਹੁੰਦੇ ਹੋ ਤਾਂ ਸੱਤ ਦਿਨ ਹੋਰ ਧੀਰਜ ਧਾਰ ਲਵੋ। ਹੁਣ ਨਿਕਲਣ ਨਾਲ ਗਜ਼ਬ ਗੁਜ਼ਰ ਜਾਵੇਗੀ, ਬਚੋਗੇ ਨਹੀਂ, ਸਾਰੇ ਮਾਰੇ ਜਾਵੋਗੇ॥ ੧੬॥

ਜਿਮ ਬਾਲਿਕ ਪਿਖਿ ਰੂਪ ਅਗਨਿ ਕੋ। ਬਰਨਿ ਚਹੈ ਨਹਿਂ ਲਖੈ ਜਰਨ ਕੋ।
ਮਾਤਾ ਪਿਤਾ ਸੰਭਾਰਨ ਕਰੈਂ। ਬਰਜਤਿ ਪਕਰਹਿਂ ਬੀਚ ਨ ਪਰੈ॥ ੧੭॥

ਜਿਵੇਂ ਬਾਲਕ ਅੱਗ ਦਾ ਰੂਪ ਵੇਖ ਕੇ, ਵਿਚ ਵੜਨਾ ਚਾਹੁੰਦਾ ਹੈ, ਆਪਣੇ ਸੜ ਜਾਣ ਬਾਰੇ ਨਹੀਂ ਸਮਝਦਾ ਹੈ। ਮਾਤਾ ਪਿਤਾ ਉਸ ਦੀ ਸੰਭਾਲ ਕਰਦੇ ਹਨ, ਵਰਜਦੇ ਹਨ, ਫੜਦੇ ਹਨ ਕਿ ਕਿਸੇ ਤਰ੍ਹਾਂ ਅੱਗ ਵਿਚ ਨਾ ਵੜ ਜਾਵੇ॥ ੧੭॥

ਤਜੌਂ ਹਮ ਤੁਮ ਕੋ ਬਹੁ ਬਰਜੰਤੇ। ਬੁਰਾ ਹੋਤਿ ਸਿਰ ਨਹੀਂ ਲਖੰਤੇ।
ਸੁਨਿ ਸਿਖ ਕਹੈਂ 'ਬੁਰਾ ਅਬਿ ਨਾਂਹੀ। ਲਖਿਯਤਿ ਬੁਰਾ ਦੁਰਗ ਕੇ ਮਾਂਹੀ॥੧੮॥

ਉਸ ਪ੍ਰਕਾਰ ਹੀ ਅਸੀਂ ਤੁਹਾਨੂੰ ਬਹੁਤ ਵਰਜਦੇ ਹਾਂ, ਤੁਹਾਨੂੰ ਬੁਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ।" ਇਹ ਸੁਣ ਕੇ ਸਿੱਖ ਬੋਲੇ, "ਹੁਣ ਕੋਈ ਬੁਰਾ ਨਹੀਂ ਦਿਖਾਈ ਦਿੰਦਾ ਹੈ, ਹਰ ਪ੍ਰਕਾਰ ਦਾ ਬੁਰਾ ਇਸ ਕਿਲ੍ਹੇ ਵਿਚ ਰਹਿਣਾ ਹੈ॥ ੧੮॥

ਅੰਨ ਬਿਨਾ ਸਗਰੇ ਮਰਿ ਜੈ ਹੈਂ। ਕੈ ਮਿਲਿ ਸ਼ੱਤ੍ਰੂ ਕਤਲ ਕਰਿ ਦੈ ਹੈਂ।
ਦੋਨਹੁ ਮਹਿਂ ਤੇ ਇਕ ਹ੍ਵੈ ਜੈ ਹੈ। ਬਚਹਿਂ ਨ ਪੁਨ, ਨ ਉਪਾਇ ਬਨੈ ਹੈ॥੧੯॥

ਅਨਾਜ ਬਗੈਰ ਸਾਰੇ ਮਰ ਜਾਵਾਂਗੇ, ਜਾਂ ਵੈਰੀ ਮਿਲ ਕੇ ਸਾਨੂੰ ਕਤਲ ਕਰ ਦੇਵੇਗਾ। ਦੋਵਾਂ ਵਿਚੋਂ ਇਕ ਜ਼ਰੂਰ ਹੋ ਜਾਵੇਗਾ, ਫਿਰ ਬਚਾਂਗੇ ਨਹੀਂ ਅਤੇ ਨਾ ਹੀ ਕੋਈ ਉਪਾਅ ਬਣੇਗਾ॥ ੧੯॥

ਅਬਿਤੋ ਰਹਜੋ ਜਾਇ ਨਹਿਂ ਸ੍ਵਾਮੀ। ਲਖਹੁ ਖੇਦ ਅਬਿ ਅੰਤਰਜਾਮੀ!'।
ਇਮ ਬੋਲਤਿ ਭੇ ਸਿੰਘ ਅਗਾਰੀ। ਪੁਨ ਸ਼੍ਰੀ ਗੁਜਰੀ ਆਨਿ ਉਚਾਰੀ॥ ੨੦॥

ਹੁਣ ਤਾਂ ਸਵਾਮੀ ਰਿਹਾ ਨਹੀਂ ਜਾਂਦਾ ਹੈ, ਹੇ ਅੰਤਰਜਾਮੀ ਸਤਿਗੁਰੂ ਜੀ! ਹੁਣ ਆਪਣੇ ਹਿਰਦੇ ਵਿਚ ਇਸ ਦੁਖ ਨੂੰ ਸਮਝੋ।'' ਇਸ ਪ੍ਰਕਾਰ ਸਿੰਘ ਅੱਗੇ ਬੋਲ ਰਹੇ ਸਨ, ਫਿਰ ਮਾਤਾ ਗੁਜਰੀ ਜੀ ਨੇ ਆ ਕੇ ਉਚਾਰਨ ਕੀਤਾ॥ ੨੦॥

'ਹਠ ਨਹਿਂ ਗਹਹੁ ਪੁੱਤ੍ਰ! ਅਬਿ ਚਲੀਏ। ਰਿਪੁ ਤੇ ਵਹਿਰ ਤੁਰਤ ਹੀ ਠਿਲੀਏ।
ਨਿਜ ਕੁਟੰਬ ਕੋ ਲੇਹੁ ਬਚਾਇ। ਭਈ ਬਾਤ ਓਰਕ ਕੀ ਆਇ॥ ੨੧॥

''ਹੇ ਪੁੱਤਰ! ਹੱਠ ਨਾ ਕਰੋ, ਹੁਣ ਚਲੀਏ, ਵੈਰੀ ਤੋਂ ਬਾਹਰ ਤੁਰਤ ਹੀ ਲੰਘ ਜਾਈਏ। ਆਪਣੇ ਪਰਿਵਾਰ ਨੂੰ ਬਚਾ ਲਵੋ, ਹੁਣ ਓੜਕ ਦੀ ਗੱਲ ਹੋ ਗਈ ਹੈ॥ ੨੧॥

ਜਿਮ ਤੁਮਰੇ ਉਰ ਹੁਇ ਬਿੱਸ੍ਵਾਸਾ। ਤਥਾ ਸਪਥ ਕਰਵਾਉ ਅਨਾਸ਼ਾ।
ਮੈਂ ਕਹਿ ਦਿਯੋ ਨ੍ਰਿਪਤ ਤੇ ਬਿੱਪ੍ਰ। ਆਨਹਿ ਆਨ ਧੇਨੁ ਕੀ ਛਿੱਪ੍ਰ॥ ੨੨॥

ਜਿਵੇਂ ਤੁਹਾਡੇ ਹਿਰਦੇ ਵਿਚ ਵਿਸ਼ਵਾਸ ਹੋ ਜਾਵੇ, ਉਸ ਪ੍ਰਕਾਰ ਵੈਰੀਆਂ ਪਾਸੋਂ ਸੱਚੀ ਸੌਂਹ ਚੁਕਵਾਓ। ਮੈਂ ਕਹਿ ਦਿੱਤਾ ਹੈ ਕਿ ਬ੍ਰਾਹਮਣ ਰਾਜੇ ਪਾਸੋਂ ਗਾਂ ਦੀ ਸੁਗੰਧ ਚੁਕਵਾਉਣ ਤੇ ਇਸ ਵਿਚ ਕੋਈ ਦੇਰ ਨਾ ਕਰਨ॥ ੨੨॥

ਸ਼ਾਹੁ ਦਿਸ਼ਾ ਤੇ ਸੱਯਦ ਆਵੈ। ਸਿਰ ਪਰ ਅਹਿਦ ਕੁਰਾਨ ਉਠਾਵੈ।
ਇਤੋ ਧਰਮ ਠਾਨਤਿ ਹੈਂ ਬਾਹਰ। ਕਹਾਂ ਬਿਨਾਸ਼ੈਂਗੇ ਕਰਿ ਜ਼ਾਹਰ॥ ੨੩॥

ਬਾਦਸ਼ਾਹ ਵਾਲੇ ਪਾਸੇ ਤੋਂ ਇਕ ਸੱਯਦ ਆਵੇ, ਉਹ ਵਾਹਦੇ ਵਜੋਂ ਸਿਰ 'ਤੇ ਕੁਰਾਨ ਚੁੱਕੇ, ਜੇ ਪ੍ਰਗਟ ਰੂਪ ਵਿਚ ਇਸ ਪ੍ਰਕਾਰ ਦੀਆਂ ਕਸਮਾਂ ਚੁੱਕਣਗੇ, ਫਿਰ ਜ਼ਾਹਰਾ ਤੌਰ 'ਤੇ ਇਨ੍ਹਾਂ ਤੋਂ ਕਿਵੇਂ ਮੁਕਰਨਗੇ॥ ੨੩॥

ਅਬਿ ਤੋ ਬਨੈ ਬਾਤ ਮਨ ਭਾਈ। ਪੁਨ ਅਵਸਰ ਅਸ ਹਾਥ ਨ ਆਈ।
ਪ੍ਰਬਲ ਸ਼ੱਤ੍ਰੂ ਪੁਨ ਚਢਿ ਗਢਿ ਬਰੈ। ਕਹੋ ਕੌਨ ਤਬਿ ਬਰਜਨ ਕਰੈ॥ ੨੪॥

ਹੁਣ ਤਾਂ ਮਨ-ਭਾਉਂਦੀ ਗੱਲ ਬਣੇਗੀ, ਫਿਰ ਐਸਾ ਮੌਕਾ ਹੱਥ ਨਹੀਂ ਆਵੇਗਾ। ਸ਼ਕਤੀਸ਼ਾਲੀ ਵੈਰੀ ਜੇ ਚੜ੍ਹਾਈ ਕਰਕੇ ਕਿਲ੍ਹੇ ਵਿਚ ਆ ਵੜੇ, ਦੱਸੋ ਫਿਰ ਉਨ੍ਹਾਂ ਨੂੰ ਕੌਣ ਰੋਕੇਗਾ॥ ੨੪॥

ਬਹੁਤ ਬਿਸਤਰੀ, ਬੇ ਬਸ ਹੋਇ। ਇਕ ਛਿਨ ਮਹਿਂ ਮਰਿ ਹੈ ਸਭਿ ਕੋਇ।
ਜੇ ਤ੍ਰੀਮਤਿ ਨਿਜ ਹਤੈਂ ਕਟਾਰ। ਮਰਿ ਮਰਿ ਜਾਇਂ ਉਦਰ ਕੋ ਫਾਰਿ॥ ੨੫॥

ਬਹੁਤ ਫੈਲੀ ਹੋਈ ਸੈਨਾ ਅੱਗੇ ਬੇਬਸ ਹੋ ਜਾਵਾਂਗੇ, ਫਿਰ ਇਕ ਛਿਨ ਵਿਚ ਸਾਰੇ ਮਾਰੇ ਜਾਣਗੇ। ਜੇ ਇਸਤਰੀਆਂ ਆਪਣੀਆਂ ਕਟਾਰਾਂ ਮਾਰ ਕੇ, ਆਪਣੇ ਪੇਟ ਫਾੜ ਕੇ ਮਰ ਜਾਣਗੀਆਂ॥ ੨੫॥

ਐਸੋ ਗਜ਼ਬ ਕਰਜੋ ਕਿਮ ਚਹੋ। ਨਰ ਤ੍ਰਿਯ ਮਰੇ ਆਪ ਕਯਾ ਲਹੋ'।
ਸੁਨਿ ਮਾਤਾ ਕੋ ਪੁਨ ਸਮੁਝਾਯੋ। 'ਭੇਦ ਨ ਦੁਸ਼ਟਨ ਕੋ ਤੁਮ ਪਾਯੋ॥ ੨੬॥

ਇਸ ਪ੍ਰਕਾਰ ਦਾ ਗਜ਼ਬ ਕਿਵੇਂ ਕਰਨਾ ਚਾਹੁੰਦੇ ਹੋ, ਇਸਤਰੀ ਪੁਰਸ਼ ਸਾਰੇ ਮਰ ਜਾਣਗੇ ਤਾਂ ਆਪ ਨੂੰ ਕੀ ਮਿਲੇਗਾ?'' ਗੁਰੂ ਜੀ ਨੇ ਮਾਤਾ ਜੀ ਪਾਸੋਂ ਸੁਣ ਕੇ ਫਿਰ ਸਮਝਾਇਆ, ''ਤੁਸੀਂ ਇਨ੍ਹਾਂ ਦੁਸ਼ਟਾਂ ਦਾ ਭੇਦ ਨਹੀਂ ਪਾਇਆ ਹੈ॥ ੨੬॥

ਪ੍ਰਥਮ ਦਿਖਾਇ ਨ ਭਈ ਪ੍ਰਤੀਤ। ਤਿਨ ਪਰ ਧਰਹੁ ਭਰੋਸਾ ਚੀਤ।
ਜਿਸ ਕੁਟੰਬ ਕੋ ਚਹੈਂ ਬਚਾਯੋ। ਕਿਮ ਸ਼ੱਤ੍ਰੂ ਛੋਰਹਿ ਮਿਲਿ ਜਾਯੋ॥ ੨੭॥

ਪਹਿਲਾਂ ਜੋ ਕੁਝ ਮੈਂ ਵਿਖਾਇਆ ਹੈ, ਉਸ ਉੱਤੇ ਵਿਸ਼ਵਾਸ ਨਹੀਂ ਕੀਤਾ ਹੈ, ਉਨ੍ਹਾਂ ਉੱਪਰ ਚਿੱਤ ਵਿਚ ਭਰੋਸਾ ਧਾਰਨ ਕਰਦੇ ਹੋ। ਜਿਸ ਪਰਿਵਾਰ ਨੂੰ ਤੁਸੀਂ ਬਚਾਉਣਾ ਚਾਹੁੰਦੇ ਹੋ, ਉਸ ਨੂੰ ਵੈਰੀ ਮਿਲ ਕੇ ਕਿਵੇਂ ਛੱਡੇਗਾ॥ ੨੭॥

ਬੁਰੀ ਹੋਨਿ ਸੋ ਭਲੀ ਪਰੇਖੀ। ਜਿਮ ਹੁਇ ਭਲੀ ਬੁਰੀ ਸੋ ਦੇਖੀ।
ਤੁਮ ਜਾਨਹੁ ਜਿਨ ਜਿਨ ਜਨ ਜਾਨਾ। ਲਿਖਹੁ ਬਿਦਾਵਾ ਕਰਹੁ ਪਯਾਨਾ ॥੨੮॥

ਜੋ ਬੁਰਾ ਹੋਣਾ ਹੈ, ਉਹ ਪਹਿਲਾਂ ਹੀ ਪਰਖ ਲਿਆ ਹੈ, ਜਿਵੇਂ ਹੋਣਾ ਹੈ, ਉਹ ਭਲੀ ਬੁਰੀ ਵੇਖ ਲਈ ਹੈ, ਤੁਸੀਂ ਜਾਣੋ, ਜਿਸ ਜਿਸ ਮਨੁੱਖ ਨੇ ਜਾਣਾ ਹੈ, ਬਿਦਾਵਾ ਲਿਖੇ ਤੇ ਚਲੇ ਜਾਵੇ॥ ੨੮॥

ਸਭਿ ਜਾਨਹਿਂ ਗੁਰ ਰਹੇ ਹਟਾਇ। ਨਹਿਂ ਬਚ ਮਾਨੇ ਮਰੇ ਸੁ ਜਾਇ।
ਅਸ ਹਠ ਕੇ ਬਚ ਸੁਨਿ ਕਰਿ ਸਾਰੇ। ਬਿਹਬਲ ਚਿੰਤਤਿ ਖਰੇ ਦੁਖਾਰੇ॥੨੯॥

ਤੁਸੀਂ ਸਾਰੇ ਜਾਣਦੇ ਹੋ ਕਿ ਗੁਰੂ ਜੀ ਵਰਜ ਰਹੇ ਹਨ, ਜਿਹੜਾ ਵੀ ਬਚਨ ਨਹੀਂ ਮੰਨੇਗਾ ਉਹ ਹੀ ਮਾਰਿਆ ਜਾਵੇਗਾ।'' ਇਸ ਪ੍ਰਕਾਰ ਹੱਠ ਦੇ ਬਚਨ ਸੁਣ ਕੇ ਸਾਰੇ ਬਿਹਬਲ ਅਤੇ ਚਿੰਤਾ ਸਹਿਤ ਹੋ ਕੇ ਅਤੇ ਦੁਖੀ ਖੜੇ ਸਨ॥ ੨੯॥

ਪੌਤ੍ਰ ਜੁਗਮ ਥੋਰੀ ਬਯ ਵਾਰੇ। ਸ੍ਰੀ ਗੁਜਰੀ ਚਿਤ ਕੋ ਅਤਿ ਪ੍ਯਾਰੇ।
ਨਿਸ਼ਚੈ ਕਰਤਿ ਸੰਗ ਇਨ ਲੈ ਕੈ। ਕਰੋਂ ਬਚਾਵਨ ਪੁਰਿ ਨਿਕਸੈ ਕੈ॥ ੩੦॥

ਦੋ ਪੋਤਰੇ ਛੋਟੀ ਉਮਰ ਵਾਲੇ ਸਨ, ਮਾਤਾ ਗੁਜਰੀ ਦੇ ਚਿੱਤ ਨੂੰ ਉਹ ਅਤੀ ਪਿਆਰੇ ਸਨ। ਮਾਤਾ ਜੀ ਨੇ ਨਿਸ਼ਚਾ ਕੀਤਾ ਕਿ ਇਨ੍ਹਾਂ ਨੂੰ ਨਾਲ ਲੈ ਕੇ ਨਗਰ ਵਿਚੋਂ ਨਿਕਲ ਜਾਵਾਂ॥ ੩੦॥

ਭਯੋ ਕਸ਼ਟ ਚਿਤ ਕਹ੍ਯੋ ਨ ਜਾਇ। ਬੈਠੀ ਬਹੁਰ ਜਾਇ ਨਿਜ ਥਾਇ।
ਮਿਲਿ ਕਰਿ ਸਿੰਘ ਜਾਇ ਢਿਗ ਬੈਸੇ। ਇਕ ਇਮਿ ਸੰਕਟ ਸਭਿ ਕੋ ਤੈਸੇ॥੩੧॥

ਬੜਾ ਕਸ਼ਟ ਪਿਆ ਸੀ, ਚਿੱਤ ਵਿਚ ਕੁਝ ਕਿਹਾ ਨਹੀਂ ਜਾਂਦਾ ਸੀ। ਮਾਤਾ ਜੀ ਫਿਰ ਆਪਣੇ ਨਿਜੀ ਸਥਾਨ 'ਤੇ ਜਾ ਬੈਠੇ। ਸਿੰਘ ਵੀ ਮਿਲ ਕੇ ਪਾਸ ਬੈਠ ਗਏ, ਇਸ ਪ੍ਰਕਾਰ ਸਾਰਿਆਂ ਵਾਸਤੇ ਇਕੋ ਜਿਹਾ ਸੰਕਟ ਸੀ॥ ੩੧॥

ਮਾਤ ਬਿਲੋਚਨ ਤੇ ਜਲ ਜਾਵਤਿ। ਬਾਰਿ ਬਾਰਿ ਪੋਂਛਤਿ ਦੁਖ ਪਾਵਤਿ।
ਮਹਿਲ ਗੁਰੂ ਕੇ ਦੋਨਹੁਂ ਰੋਦਤਿ। ਬੈਠੀ ਸਾਸ ਸਮੀਪ ਅਮੋਦਤ॥ ੩੨॥

ਮਾਤਾ ਜੀ ਦੇ ਨੈਣਾਂ ਵਿਚੋਂ ਜਲ ਵਗਦਾ ਸੀ, ਬਾਰ-ਬਾਰ ਅੱਖਾਂ ਪੂੰਝ ਕੇ ਦੁਖ ਪਾਉਂਦੇ ਸਨ। ਗੁਰੂ ਜੀ ਦੇ ਦੋਵੇਂ ਮਹਿਲ ਰੋਂਦੇ ਸਨ, ਪਾਸ ਸੱਸ ਬੈਠੀ ਵੀ ਬਹੁਤ ਦੁਖੀ ਸੀ॥ ੩੨॥

ਤਿਮ ਹੀ ਬਜਾਕਲ ਸਿੰਘ ਬਿਸਾਲੇ। ਪਿਖਹਿਂ ਮਾਤ ਲੋਚਨ ਜਲ ਡਾਲੇ।
ਕੁਛ ਕਰਿ ਸਕਹਿਂ ਨ ਬਹੁ ਬਿਕੁਲਾਏ। ਨਿਕਰਨ ਠੀਕ ਮਤੋ ਠਹਿਰਾਏ॥੩੩॥

ਉਸ ਪ੍ਰਕਾਰ ਹੀ ਸਿੰਘ ਬਹੁਤ ਵਿਆਕੁਲ ਸਨ, ਉਹ ਮਾਤਾ ਜੀ ਦੀਆਂ ਅੱਖਾਂ ਦੇ ਅੱਥਰੂ ਵੇਖ ਰਹੇ ਸਨ। ਉਹ ਕੁਝ ਵੀ ਕਰ ਨਹੀਂ ਸੀ ਸਕਦੇ, ਬਹੁਤ ਵਿਆਕੁਲ ਸਨ। ਬਾਹਰ ਨਿਕਲਣਾ ਹੀ ਠੀਕ ਮਤਾ ਠਹਿਰਾਇਆ॥ ੩੩॥

'ਸਤਿਗੁਰ ਹੁਇ ਬੈਠੇ ਮਤਵਾਲੇ। ਹਿਤ ਅਨਹਿਤ ਨਹਿਂ ਸਕਹਿਂ ਕੁਢਾਲੇ।
ਇਨ ਹਠ ਰਣ ਕੋ ਮਨ ਮਹਿਂ ਧਾਰਜੋ। ਨਿਕਸਨ ਸਮੋਂ ਨ ਭਲੋ ਬਿਚਾਰਜੋ' ॥੩੪॥

ਉਹ ਸੋਚਦੇ ਸਨ, ''ਸਤਿਗੁਰੂ ਜੀ ਮਸਤ ਹੋਏ ਬੈਠੇ ਹਨ, ਉਹ ਹਿਤ ਅਤੇ ਅਨਹਿਤ ਨੂੰ ਨਹੀਂ ਪਛਾਣ ਸਕਦੇ, ਐਸੀ ਭੈੜੀ ਗੱਲ ਆ ਬਣੀ ਹੈ, ਇਨ੍ਹਾਂ ਨੇ ਮਨ ਵਿਚ ਯੁੱਧ ਕਰਨ ਦਾ ਹੱਠ ਧਾਰਨ ਕੀਤਾ ਹੈ, ਬਾਹਰ ਨਿਕਲਣ ਬਾਰੇ ਭਲੀ ਪ੍ਰਕਾਰ ਵਿਚਾਰਿਆ ਨਹੀਂ ਹੈ'' ॥ ੩੪॥

ਬਾਰਿ ਬਾਰਿ ਪਛੁਤਾਵਤਿ ਮਾਤਾ। ਕਹਾਂ ਕਰਮ ਮਮ ਲਿਖਜੋ ਬਿਧਾਤਾ।
ਸਭਿ ਤੇ ਪੂਰਬ ਮੈਂ ਕਿਮ ਮਰੋਂ। ਸੁਤ ਪੌਤ੍ਰਨਿ ਦੁਖ ਜਿਯਤਿ ਨ ਭਰੋਂ॥ ੩੫॥

ਮਾਤਾ ਜੀ ਬਾਰ-ਬਾਰ ਪਛੁਤਾਅ ਰਹੇ ਹਨ, ਵਿਧਾਤਾ ਨੇ ਮੇਰੇ ਕੈਸੇ ਕਰਮ ਲਿਖੇ ਹਨ। ਸਭ ਤੋਂ ਪਹਿਲਾਂ ਮੈਂ ਕਿਵੇਂ ਮਰਾਂ, ਪੁੱਤਰ ਪੋਤਰਿਆਂ ਦਾ ਦੁਖ ਜੀਉਂਦੀ ਨਹੀਂ ਬਰਦਾਸ਼ਤ ਕਰ ਸਕਾਂਗੀ॥ ੩੫॥

ਸ੍ਰੀ ਬਾਬਾ ਨਾਨਕ ਸੁਖ ਕਰੇ। ਸੰਕਟ ਪਰਜੋ ਅਧਿਕ ਸੋ ਹਰੇ।
ਸ੍ਰੀ ਦੇਵੀ ਮਾਤਾ ਸੁਖ ਦਾਤੀ! ਸੁਤ ਕੀ ਮਤਿ ਕੀਜੈ ਅਵਿਦਾਤੀ॥ ੩੬॥

ਹੇ ਬਾਬਾ ਨਾਨਕ ਜੀ! ਸੁਖ ਬਖਸ਼ੋ, ਜਿਹੜਾ ਵੱਡਾ ਸੰਕਟ ਆ ਪਿਆ ਹੈ, ਇਸ ਨੂੰ ਦੂਰ ਕਰੋ। ਹੇ ਦੇਵੀ ਮਾਤਾ! ਸੁੱਖਾਂ ਦੀ ਦਾਤੀ, ਮੇਰੇ ਪੁੱਤਰ ਦੀ ਮੱਤ ਨੂੰ ਉੱਜਲ ਕਰੋ॥ ੩੬॥

ਜਿਮ ਅਪਨੋ ਪਰਵਾਰ ਬਚਾਵੈਂ। ਸੋ ਪ੍ਰਕਾਰ ਇਨ ਕੋ ਫੁਰਿ ਆਵੈ।
ਕਯਾ ਮੈਂ ਕਰੋਂ ਪੁੱਤ੍ਰ ਨਹਿਂ ਮਾਨੈ। ਕਹਾਂ ਦੈਵ ਹਮ ਗਤਿ ਕੋ ਠਾਨੈ॥ ੩੭॥

ਜਿਵੇਂ ਉਹ ਆਪਣਾ ਪਰਿਵਾਰ ਬਚਾ ਲੈਣ, ਉਸ ਪ੍ਰਕਾਰ ਇਨ੍ਹਾਂ ਨੂੰ ਸੋਝੀ ਆ ਜਾਵੇ। ਮੈਂ ਕੀ ਕਰਾਂ ਪੁੱਤਰ ਹੀ ਨਹੀਂ ਮੰਨਦਾ ਹੈ, ਅਸੀਂ ਕਿਵੇਂ ਦੇਵਗਤੀ ਨੂੰ ਸਮਝ ਸਕੀਏ॥ ੩੭॥

ਲਿਖਹਿਂ ਬਿਦਾਵਾ ਜੇ ਚਲਿ ਜਾਵੈਂ। ਬਚਹਿਂ ਨਹੀਂ ਸੁਤ ਬਾਕ ਅਲਾਵੈਂ।
ਜਯੋਂ ਕਯੋਂ ਕਹਜੋ ਸਾਚ ਜਿਨ ਕੇਰਾ। ਪਰਖਜੋ ਬਹੁਤ ਬਾਰਿ ਦ੍ਰਿਗ ਹੇਰਾ॥ ੩੮॥

ਜੇ ਬਿਦਾਵਾ ਲਿਖ ਕੇ ਚਲੇ ਜਾਈਏ, ਤਾਂ ਬਚਾਂਗੇ ਨਹੀਂ, ਪੁੱਤਰ ਨੇ ਬਚਨ ਕੀਤਾ ਹੈ। ਜਿਵੇਂ ਕਿਵੇਂ ਇਨ੍ਹਾਂ ਦਾ ਕਿਹਾ, ਸੱਚਾ ਹੁੰਦਾ ਹੈ, ਬਹੁਤ ਵਾਰ ਪਰਖਿਆ ਹੈ ਤੇ ਇਨ੍ਹਾਂ ਅੱਖਾਂ ਨਾਲ ਵੇਖਿਆ ਹੈ॥ ੩੮॥

ਰਹੈਂ ਦੁਰਗ ਮਹਿਂ, ਨੀਕ ਨ ਸੋਈ। ਨਿਕਰਨ ਮਸਲਤਿ ਕਹਿ ਸਭਿ ਕੋਈ।
ਅਬਿ ਅਰਿ ਮਾਨਹਿ, ਕਰਹਿ ਨਿਕਾਰਨ। ਪੁਨ ਹਟਿ ਜਾਇ ਕਰੈ ਬਿਚ ਮਾਰਨ॥ ੩੯॥

ਕਿਲ੍ਹੇ ਵਿਚ ਰਹੀਏ, ਉਹ ਵੀ ਠੀਕ ਨਹੀਂ ਹੈ, ਬਾਹਰ ਨਿਕਲਣ ਬਾਰੇ ਹੀ ਸਾਰੇ ਕਹਿੰਦੇ ਹਨ। ਹੁਣ ਵੈਰੀ ਮੰਨਦਾ ਹੈ, ਬਾਹਰ ਕੱਢਣਾ ਚਾਹੁੰਦਾ ਹੈ। ਫਿਰ ਆਪਣੇ ਕਹੇ ਤੋਂ ਮੁਕਰ ਵੀ ਸਕਦਾ ਹੈ ਤੇ ਕਿਲ੍ਹੇ ਵਿਚ ਹੀ ਮਾਰ ਦੇਵੇਗਾ॥ ੩੯॥

ਇਮ ਹੀ ਸਿੰਘ ਧਰੈਂ ਦੁਚਿਤਾਈ। ਚਹੈਂ ਵਹਿਰ, ਗੁਰ ਤਜਜੋ ਨ ਜਾਈ।
ਜਿਨ ਆਗੇ ਘਾਲਨ ਕੋ ਘਾਲ। ਸੇਵਾ ਕਰਤੇ ਰਹੇ ਬਿਸਾਲ॥ ੪੦॥

ਇਸ ਪ੍ਰਕਾਰ ਹੀ ਸਿੰਘਾਂ ਨੇ ਦੁਚਿੱਤੀ ਧਾਰਨ ਕੀਤੀ ਹੋਈ ਸੀ, ਬਾਹਰ ਜਾਣਾ ਚਾਹੁੰਦੇ ਸਨ, ਪਰ ਗੁਰੂ ਜੀ ਨੂੰ ਛੱਡਿਆ ਵੀ ਨਹੀਂ ਜਾਂਦਾ ਸੀ। ਜਿਨ੍ਹਾਂ ਅੱਗੇ ਬਹੁਤ ਘਾਲਣਾ ਘਾਲੀਆਂ ਸਨ ਤੇ ਬਹੁਤ ਸੇਵਾ ਕਰਦੇ ਰਹੇ ਸਨ॥ ੪੦॥

ਜੁਗ ਲੋਕਨਿ ਕੇ ਜੌਨ ਸਹਾਈ। ਅਸ ਗੁਰ ਪੂਰਨ ਕਿਮ ਤਜਿ ਜਾਈਂ।
ਗੁਰੂ ਸਮੈਂ ਇਸ ਹਠ ਕੋ ਧਾਰਾ। ਨਹਿਂ ਨਿਕਸਹਿਂ ਚਹਿਂ ਜੰਗ ਅਖਾਰਾ॥ ੪੧॥

ਜਿਹੜੇ ਦੋਵਾਂ ਲੋਕਾਂ ਵਿਚ ਸਹਾਇਕ ਹਨ, ਐਸੇ ਪੂਰਨ ਗੁਰੂ ਜੀ ਨੂੰ ਕਿਵੇਂ ਛੱਡ ਕੇ ਚਲੇ ਜਾਣ। ਗੁਰੂ ਜੀ ਨੇ ਇਸ ਸਮੇਂ ਹੱਠ ਧਾਰਨ ਕੀਤਾ ਹੈ, ਉਹ ਨਿਕਲਣਾ ਨਹੀਂ ਚਾਹੁੰਦੇ ਹਨ, ਯੁੱਧ ਦਾ ਅਖਾੜਾ ਲਾਉਣਾ ਚਾਹੁੰਦੇ ਹਨ॥ ੪੧॥

ਮਿਲਿ ਸੋ ਦੋ ਸੈ ਮਸਲਤ ਕਰੈਂ। ਬਨੀ ਕਠਨਤਾ ਧੀਰ ਨ ਧਰੈਂ।
ਛੁਧਾ ਕਸ਼ਟ ਬਡ ਜਾਇ ਨ ਝਾਲਾ। ਅਬਿ ਲੌ ਕਾਟਜੋ ਕਾਲ ਦੁਖਾਲਾ॥ ੪੨॥

ਜੋ ਦੋ ਜੋ ਮਿਲ ਕੇ ਸਲਾਹਾਂ ਕਰਦੇ ਸਨ, ਬਹੁਤ ਕਠਨਾਈ ਆ ਬਣੀ ਸੀ, ਧੀਰਜ ਨਹੀਂ ਸੀ ਧਾਰਨ ਕਰਦੇ। ਭੁੱਖ ਦਾ ਕਸ਼ਟ ਝੱਲਿਆ ਨਹੀਂ ਸੀ ਜਾਂਦਾ, ਹੁਣ ਤਕ ਬਹੁਤ ਦੁਖੀ ਸਮਾਂ ਕੱਟਿਆ ਹੈ॥ ੪੨॥

ਨੀਠ ਨੀਠ ਕਿਮ ਰਹਿਗੇ ਪ੍ਰਾਨਾ। ਰਹਜੋ ਨ ਜਾਇ ਅਬਹਿ ਗਢ ਥਾਨਾ।
ਅੰਨ ਬਿਨਾ ਤਰਸਾਇਂ ਘਨੇਰੇ। ਨਹਿਂ ਪ੍ਰਾਪਤ ਪੁਨ ਹੈਂ ਦਿਢ ਘੇਰੇ॥ ੪੩॥

ਮਸੀਂ-ਮਸੀਂ ਕਿਵੇਂ ਪ੍ਰਾਣ ਬਚੇ ਹਨ, ਹੁਣ ਕਿਲ੍ਹੇ ਵਾਲੇ ਸਥਾਨ ਵਿਚ ਰਿਹਾ ਨਹੀਂ ਜਾਂਦਾ ਹੈ। ਅਨਾਜ ਬਗੈਰ ਬਹੁਤ ਤਰਸ ਗਏ ਸਨ, ਦ੍ਰਿੜ੍ਹ ਘੇਰਾ ਪੈਣ ਕਰਕੇ ਫਿਰ ਅਨਾਜ ਪ੍ਰਾਪਤ ਨਹੀਂ ਸੀ ਹੋਇਆ॥ ੪੩॥

ਸਪਤ ਦਿਵਸ ਮਹਿਂ ਕਹਿਂ ਤੇ ਆਵੈ। ਨਾਹਕ ਸਭਿ ਕੇ ਪ੍ਰਾਨ ਗਵਾਵੈਂ।
ਨਹੀਂ ਮਵਾਸ ਰਹਜੋ ਅਬਿ ਜਾਇ। ਛੁਧਤ ਮਰੈਂ ਸਿਖ ਤੋ ਛੁਟਕਾਇ॥ ੪੪॥

ਸਤਾਂ ਦਿਨਾਂ ਵਿਚ ਅਨਾਜ ਕਿਥੋਂ ਆ ਜਾਵੇਗਾ, ਫਜ਼ੂਲ ਵਿਚ ਸਾਰਿਆਂ ਦੇ ਪ੍ਰਾਣ ਗਵਾਉਣਗੇ। ਹੁਣ ਪਨਾਹ ਲੈ ਕੇ ਰਿਹਾ ਨਹੀਂ ਜਾਂਦਾ, ਸਿੱਖ ਭੁੱਖੇ ਰਹਿ ਕੇ ਮਰਨ ਤਦ ਛੁਟਕਾਰਾ ਹੁੰਦਾ ਹੈ॥ ੪੪॥

ਨਾਹਕ ਲਰਨ ਮਰਨ ਅਬਿ ਇਹਾਂ। ਸਤਿਗੁਰ ਕੇ ਉਰ ਆਇ ਨ ਕਹਾਂ।
ਸਭਿ ਜੇ ਨਿਕਸਿ ਚਲਹੁ ਗੇ ਰਾਹੂ। ਰਹਿਹੈਂ ਗੁਰੂ ਦੁਰਗ ਕੇ ਮਾਹੂ?॥ ੪੫॥

ਹੁਣ ਏਥੇ ਫਜ਼ੂਲ ਵਿਚ ਲੜਨਾ ਮਰਨਾ ਹੈ, ਸਤਿਗੁਰੂ ਜੀ ਦੇ ਦਿਲ ਵਿਚ ਕੋਈ ਗੱਲ ਵੀ ਨਹੀਂ ਆਵੇਗੀ। ਜੇ ਸਾਰੇ ਮਾਰਗ ਵਿਚ ਨਿਕਲ ਚਲੋਗੇ ਤਾਂ ਕੀ ਗੁਰੂ ਜੀ ਫਿਰ ਕਿਲ੍ਹੇ ਵਿਚ ਰਹਿਣਗੇ?॥ ੪੫॥

ਚਲੈਂ ਸੰਗ ਹੀ ਇਨ ਬਨ ਆਵੈ। ਭਲੀ ਨਹੀਂ ਇਹ ਲਿਖਤ ਕਰਾਵੈਂ।
ਸਿੱਖੀ ਬੀਜ ਜਾਇ ਜਗ ਮਾਂਹੀ। ਨਿੰਦਾ ਹੁਇ ਹਮਰੀ ਜਹਿਂ ਕਾਂਹੀ॥ ੪੬॥

ਇਨ੍ਹਾਂ ਨੂੰ ਸਾਡੇ ਨਾਲ ਹੀ ਚਲਣਾ ਬਣਦਾ ਹੈ, ਇਹ ਚੰਗਾ ਨਹੀਂ ਕਿ ਸਾਥੋਂ ਲਿਖਵਾ ਕੇ ਲੈਣ। ਫਿਰ ਸਿੱਖੀ ਬੀਜ ਹੀ ਜੱਗ ਵਿਚੋਂ ਚਲਾ ਜਾਵੇਗਾ ਤੇ ਜਿੱਥੇ ਕਿੱਥੇ ਸਾਡੀ ਨਿੰਦਿਆ ਹੋਵੇਗੀ॥ ੪੬॥

ਚਲਹਿਂ ਨਿਕਸਿ ਪ੍ਰਭੁ ਬਿਨਾ ਲਿਖਾਏ। ਸਭਿ ਹੀ ਸੁਭ ਕਾਰਜ ਬਨਿ ਜਾਏ।
ਨਾਂਹਿਤ ਲਿਖਹੁ ਬਿਦਾਵਾ ਚਲਹੁ। ਜੀਵਤਿ ਰਹੋ ਫੇਰ ਕਬਿ ਮਿਲਹੁ॥ ੪੭॥

ਸਤਿਗੁਰੂ ਜੀ ਪਾਸੋਂ ਲਿਖਾਏ ਤੋਂ ਬਗੈਰ ਹੀ ਨਿਕਲ ਚਲੀਏ, ਫਿਰ ਸਾਰੇ ਸ਼ੁਭ ਕਾਰਜ ਬਣ ਜਾਣਗੇ। ਨਹੀਂ ਤਾਂ ਬਿਦਾਵਾ ਲਿਖ ਕੇ ਚਲੋ, ਜੀਉਂਦੇ ਰਹੋ ਤੇ ਫਿਰ ਕਦੀ ਮਿਲ ਲਵੋ'॥ ੪੭॥

ਇੱਤਜਾਦਿਕ ਸਭਿ ਦੁਰਗ ਮਝਾਰਾ। ਮਿਲਿ ਮਿਲਿ ਜਹਿਂ ਜਹਿਂ ਕਰਹਿਂ ਉਚਾਰਾ।
ਚਲਾ ਚਲੀ ਸਭਿਹਿਨਿ ਮਹਿਂ ਭਈ। ਛੁਧਿਤਿ ਅਧਿਕ ਤੇ ਧੀਰ ਨ ਲਈ॥ ੪੮॥

ਇਸ ਪ੍ਰਕਾਰ ਕਿਲ੍ਹੇ ਵਿਚ ਜਿੱਥੇ ਕਿੱਥੇ ਮਿਲ ਕੇ ਉਚਾਰਨ ਕਰਦੇ ਸਨ। ਚਲਾ ਚਲੀ ਸਾਰਿਆਂ ਵਿਚ ਹੋ ਗਈ, ਬਹੁਤ ਭੁੱਖੇ ਹੋਣ ਕਰਕੇ, ਧੀਰਜ ਪ੍ਰਾਪਤ ਨਹੀਂ ਸੀ ਹੋ ਰਿਹਾ॥ ੪੮॥

*ਛੇਵੀਂ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

☆☆☆

# ਅਧਿਆਇ ਤੀਹਵਾਂ

*ਬਿਦਾਵਾ ਲਿਖਾਇਆ, ਨਿਕਲਣ ਦੀ ਤਿਆਰੀ*

ਦੋਹਰਾ- ਢਿਗ ਖ੍ਵਾਜੇ ਮਰਦੂਦ ਕੇ ਲਿਖਾ ਨੁਰੰਗ ਪਠਾਇ।
'ਕਸਮ ਖ਼ੁਦਾਇ ਕੁਰਾਨ ਦੀ ਕਸਮ ਪਿਕੰਬਰ ਖਾਇ॥ ੧॥

ਖ੍ਵਾਜੇ ਮਰਦੂਦ ਦੇ ਪਾਸ ਨੌਰੰਗੇ ਨੇ ਲਿਖ ਕੇ ਭੇਜਿਆ, "ਖ਼ੁਦਾ ਕੁਰਾਨ, ਅਤੇ ਪੈਗੰਬਰ ਦੀ ਕਸਮ ਖਾ ਕੇ॥ ੧॥

ਚੌਪਈ-ਮੋਹਿ ਹਾਥ ਕੋ ਲਿਖ੍ਯੋ ਸੁ ਲੈ ਕੇ। ਸੱਯਦ ਕਿਸੇ ਭਲੇ ਕੋ ਦੈ ਕੇ।
ਸਿਰ ਪਰ ਧਰਿਕੈ ਜਾਇ ਕੁਰਾਨ। ਮਿਲਹਿ ਗੁਰੂ ਸੰਗ ਕਰਹਿ ਬਖਾਨ॥੨॥

ਮੇਰੇ ਹੱਥ ਦਾ ਜੋ ਲਿਖਿਆ ਹੈ, ਉਸ ਨੂੰ ਲੈ ਕੇ ਤੇ ਕਿਸੇ ਭਲੇ ਸੱਯਦ ਨੂੰ ਦੇ ਕੇ ਤੇ ਸਿਰ ਉਤੇ ਕੁਰਾਨ ਧਰ ਕੇ ਤੇ ਗੁਰੂ ਜੀ ਨੂੰ ਮਿਲ ਕੇ ਕਹੋ॥ ੨॥

ਜਿਸ ਬਿਧਿ ਕਰਿ ਗੁਰ ਮਨ ਪਤਿਆਵੈ। ਸੋ ਕਰਿ ਦੇਹੁ ਨਿਕਸਿ ਜਿਮ ਆਵੈ।
ਜਯੋਂ ਕਯੋਂ ਕਰਿ ਗੁਰ ਕਰਹੁ ਨਿਕਾਰਨਿ। ਮੁਝ ਲਗਿ ਪਹੁੰਚਹਿ ਤਜਿ ਰਣ ਦਾਰੁਨ॥ ੩॥

ਜਿਸ ਵਿਧੀ ਨਾਲ ਵੀ ਗੁਰੂ ਜੀ ਦਾ ਮਨ ਵਿਸ਼ਵਾਸ ਕਰ ਲਵੇ, ਉਸ ਤਰ੍ਹਾਂ ਹੀ ਕਰ ਦੇਵੋ, ਜਿਵੇਂ ਉਹ ਨਿਕਲ ਕੇ ਆ ਸਕਣ, ਜਿਵੇਂ ਕਿਵੇਂ ਕਰਕੇ ਗੁਰੂ ਜੀ ਨੂੰ ਬਾਹਰ ਕੱਢੋ, ਜਿਹੜੇ ਇਸ ਭਿਆਨਕ ਯੁੱਧ ਨੂੰ ਛੱਡ ਕੇ ਮੇਰੇ ਪਾਸ ਪਹੁੰਚ ਸਕਣ'॥ ੩॥

ਸਭਿ ਉਮਰਾਵ ਬ੍ਰਿੰਦ ਗਿਰ ਰਾਜੇ। ਮਿਲੇ ਏਕ ਥਲ ਮਸਲਤ ਕਾਜੇ।
ਸਕਲ ਵਕੀਲ ਭਏ ਮਉਜੂਦ। ਤਬਿ ਬੋਲਯੋ ਖ੍ਵਾਜਾ ਮਰਦੂਦ॥੪॥

ਸਭ ਉਮਰਾਵ ਤੇ ਪਹਾੜੀ ਰਾਜੇ, ਫਿਰ ਇਕ ਥਾਂ ਬੈਠ ਕੇ ਸਲਾਹ ਕਰਨ ਲੱਗੇ। ਰਾਜਿਆਂ ਦੇ ਸਾਰੇ ਵਕੀਲ ਵੀ ਉਥੇ ਮੌਜੂਦ ਸਨ। ਤਦ ਖ੍ਵਾਜਾ ਮਰਦੂਦ ਬੋਲਿਆ॥ ੪॥

'ਹਜ਼ਰਤ ਲਿਖਿ ਭੇਜਯੋ ਪਰਵਾਨਾ। ਜਿਮ ਮਾਤਾ ਚਹਿ ਧਰਮ ਇਮਾਨਾ।
ਤਿਮ ਲਿਖਿ ਪਠਹੁ ਨ ਬਿਲਮ ਲਗਾਵਹੁ। ਸਭਿ ਰਾਜੇ ਦਿਜ ਭਲੇ ਬੁਲਾਵਹੁ॥੫॥

"ਬਾਦਸ਼ਾਹ ਨੇ ਪਰਵਾਨਾ ਲਿਖ ਕੇ ਭੇਜਿਆ ਹੈ, ਜਿਵੇਂ ਮਾਤਾ ਜੀ ਧਰਮ ਇਮਾਨ ਚਾਹੁੰਦੇ ਹਨ, ਉਸ ਪ੍ਰਕਾਰ ਹੀ ਲਿਖ ਕੇ ਭੇਜੋ ਤੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ ਤੇ ਸਾਰੇ ਰਾਜੇ ਭਲੀ ਪ੍ਰਕਾਰ ਬ੍ਰਾਹਮਣ ਬੁਲਾਵੋ॥ ੫॥

ਇਤ ਅੰਤਰ ਤੇ ਨਿਕਸ ਨ ਹਾਰੇ। ਉਤ ਹਜ਼ਰਤ ਤੂਰਨਤਾ ਧਾਰੇ।
ਦਿਨ ਮਹਿਂ ਇਕ ਦੁਇ ਸ਼ੁਤਰ ਸਊਰ। ਭੇਜਤਿ ਸ਼ਾਹ ਅਹੇ ਬਹੁ ਦੂਰ॥੬॥

ਏਧਰੋਂ ਗੁਰੂ ਜੀ ਅੰਦਰੋਂ ਨਾ ਨਿਕਲੇ ਹਨ ਅਤੇ ਨਾ ਹੀ ਹਾਰੇ ਹਨ, ਉਧਰ ਬਾਦਸ਼ਾਹ ਬਹੁਤ ਜਲਦੀ ਕਰਨ ਵਾਸਤੇ ਕਹਿ ਰਿਹਾ ਹੈ। ਦਿਨ ਵਿਚ ਇਕ ਦੋ ਵਾਰ ਸਾਂਢਣੀ ਸਵਾਰ ਨੂੰ ਏਧਰ ਬਹੁਤ ਦੂਰ ਭੇਜਦਾ ਹੈ"॥ ੬॥

ਜ਼ੋਰਦਸਤ ਬੋਲਯੋ 'ਇਕ ਮਾਈ। ਨਿਕਸਯੋ ਚਹੈਂ ਸਿੰਘ ਸਮੁਦਾਈ।
ਰਹੇ ਸੁ ਓਦਰ ਅੰਨ ਬਿਹੀਨੇ। ਗਏ ਵਕੀਲ ਦੇਖਿ ਸਭਿ ਚੀਨੇ॥੭॥

ਜ਼ਬਰਦਸਤ ਖਾਂ ਬੋਲਿਆ, "ਇਕ ਮਾਤਾ ਜੀ ਅਤੇ ਸਾਰੇ ਸਿੰਘ ਨਿਕਲਣਾ ਚਾਹੁੰਦੇ ਹਨ, ਉਹ ਅਨਾਜ ਤੋਂ ਬਗੈਰ ਬਹੁਤ ਦੁਖੀ ਹਨ, ਜਿਹੜੇ ਵਕੀਲ ਅੰਦਰ ਗਏ ਹਨ, ਉਨ੍ਹਾਂ ਸਭ ਵੇਖਿਆ ਹੈ" ॥ ੭॥

ਭੀਮਚੰਦ ਕਹਿ 'ਸੁਨਹੁ ਨਵਾਬ!। ਇਸ ਕਾਰਜ ਕੋ ਕਰਹੁ ਸ਼ਿਤਾਬ।
ਮੋਰ ਵਕੀਲ ਮਾਤ ਸਮੁਝਾਈ। ਅਸ ਨਹਿਂ ਹੋਇ ਬਹੁਰ ਫਿਰ ਜਾਈ' ॥ ੮॥

ਭੀਮ ਚੰਦ ਨੇ ਕਿਹਾ, "ਹੇ ਨਵਾਬ! ਸੁਣੋ, ਇਸ ਕਾਰਜ ਨੂੰ ਛੇਤੀ ਕਰੋ, ਮੇਰੇ ਵਕੀਲ ਨੇ ਮਾਤਾ ਜੀ ਨੂੰ ਸਮਝਾਇਆ ਹੈ, ਅਜਿਹਾ ਨਾ ਹੋਵੇ ਕਿ ਉਹ ਬਾਅਦ ਵਿਚ ਮੁਕਰ ਜਾਵੇ" ॥ ੮॥

ਕਹਯੋ ਵਜੀਦ 'ਕਰਹੁ ਅਬਿ ਤਯਾਰ। ਸੱਯਦ ਦਿਜਬਰ ਲੀਨ ਹਕਾਰਿ।
ਧੇਨੁ ਚੂਨ ਕੀ ਧਰਿ ਕਰਿ ਥਾਰੀ। ਰਾਖੇ ਸਾਲਗਰਾਮ ਅਗਾਰੀ॥ ੯॥

ਵਜੀਦ ਖਾਂ ਨੇ ਕਿਹਾ, "ਹੁਣ ਤਿਆਰੀ ਕਰੋ, ਸੱਯਦ, ਬ੍ਰਾਹਮਣ ਬੁਲਾ ਲਏ ਹਨ, ਆਟੇ ਦੀ ਗਊ ਥਾਲੀ ਵਿਚ ਧਰ ਕੇ ਅੱਗੇ ਸਾਲਗਰਾਮ ਰੱਖੇ ਹਨ॥ ੯॥

ਲਿਖਿ ਕਾਗਦ ਪਰ ਸਪਥ ਸਭਿਨਿ ਕੀ। ਧੇਨੁ ਨਿਕਟ ਧਰਿ ਛੁਰੀ ਨਗਨ ਕੀ।
'ਸ੍ਰੀ ਗੁਰ! ਤਕਹਿਂ ਜਿ ਬੁਰਾ ਤਿਹਾਰੋ। ਲਗਹਿ ਪਾਪ ਗੋ ਬੱਧ ਕੋ ਭਾਰੋ॥੧੦॥

ਕਾਗਜ਼ ਉਤੇ ਸਾਰਿਆਂ ਦੀ ਸੌਂਹ ਲਿਖ ਕੇ ਗਊ ਦੇ ਨੇੜੇ ਧਰ ਕੇ ਉਤੇ ਨੰਗੀ ਛੁਰੀ ਰੱਖੀ। ਸ੍ਰੀ ਗੁਰੂ ਜੀ! ਜੇ ਤੁਹਾਡਾ ਬੁਰਾ ਤੱਕਣਗੇ ਤਾਂ ਗਊ ਕਤਲ ਦਾ ਵੱਡਾ ਪਾਪ ਲਗੇਗਾ॥ ੧੦॥

ਸਭਿ ਹਮ ਪਰਹਿਂ ਧਰਮ ਤੇ ਦੂਰ। ਜੋ ਤੁਮ ਸੋਂ ਹਮ ਬੋਲਹਿਂ ਕੂਰ।
ਸ਼ਾਲਗਰਾਮ ਇਸ਼ਟ ਕੀ ਆਨ। ਤਕਹਿਂ ਬੁਰਾ ਅਘ ਲਾਗਹਿ ਆਨ' ॥ ੧੧॥

ਅਸੀਂ ਸਾਰੇ ਧਰਮ ਤੋਂ ਦੂਰ ਹੋ ਜਾਈਏ, ਜੇ ਅਸੀਂ ਤੁਹਾਡੇ ਨਾਲ ਝੂਠ ਬੋਲੀਏ। ਸਾਲਗਰਾਮ ਸਾਡੇ ਇਸ਼ਟ ਦੀ ਸੌਂਹ ਹੈ, ਜੇ ਅਸੀਂ ਬੁਰਾ ਤੱਕਾਂਗੇ ਤਾਂ ਸਾਨੂੰ ਪਾਪ ਲੱਗੇ" ॥ ੧੧॥

ਜੰਮੂਪਤਿ ਭੂਪਤਿ ਕਹਿਲੂਰੀ। ਗਿਰਪਤਿ ਸਭਿ ਆਦਿਕ ਹੰਡੂਰੀ।
ਲਿਖਿ ਲਿਖਿ ਸਪਥ ਮੁਹਰ ਸਭਿ ਕਰੀ। ਦਿਜਬਰ ਅਰੁ ਵਕੀਲ ਤਿਸ ਘਰੀ॥੧੨॥

ਜੰਮੂ ਦਾ ਰਾਜਾ ਅਤੇ ਕਹਿਲੂਰ ਦਾ ਰਾਜਾ ਤੇ ਹੋਰ ਹੰਡੂਰੀ ਆਦਿ ਪਹਾੜੀ ਰਾਜੇ, ਸੌਂਹ ਲਿਖ-ਲਿਖ ਸਾਰਿਆਂ ਨੇ ਮੁਹਰ ਲਾਈ। ਬ੍ਰਾਹਮਣ ਅਤੇ ਵਕੀਲ ਉਸ ਸਮੇਂ॥ ੧੨॥

ਸੱਯਦ ਸਿਰ ਪਰ ਧਰੀ ਕੁਰਾਨ। ਲਿਖਾ ਨੁਰੰਗ ਕਾ ਲੀਨਸਿ ਪਾਨ।
ਦੋਨਹੁਂ ਕੋ ਆਗੈ ਸਭਿ ਕਰਿਕੈ। ਬ੍ਰਿੰਦ ਵਕੀਲ ਗਏ ਗਢ ਬਰਿਕੈ॥ ੧੩॥

ਸੱਯਦ ਨੇ ਸਿਰ ਉੱਤੇ ਕੁਰਾਨ ਰੱਖ ਲਈ ਤੇ ਨੌਰੰਗੇ ਦੇ ਹੱਥ ਦਾ ਲਿਖਿਆ ਹੋਇਆ ਪੱਤਰ ਆਪਣੇ ਪਾਸ ਲਿਆ, ਦੋਵਾਂ ਨੂੰ ਸਭ ਦੇ ਅੱਗੇ ਕਰਕੇ ਬਹੁਤ ਵਕੀਲ ਕਿਲ੍ਹੇ ਦੇ ਅੰਦਰ ਪ੍ਰਵੇਸ਼ ਕਰ ਗਏ॥ ੧੩॥

ਪ੍ਰਥਮ ਗੁਰੂ ਪਗ ਬੰਦਨ ਕੀਨਿ। ਸ਼ਾਹੁ ਹਕੀਕਤ ਸਭਿ ਕਹਿ ਦੀਨਿ।
'ਇਹ ਦੇਖਹੁ ਹਜ਼ਰਤ ਨਿਜ ਹਾਥ। ਲਿਖਿ ਕਰਿ ਪਠਯੋ ਆਪ ਕੇ ਸਾਥ॥੧੪॥

ਪਹਿਲਾਂ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਅਤੇ ਬਾਦਸ਼ਾਹ ਵਲੋਂ ਕਹੀ ਹੋਈ ਗੱਲ ਸਾਰੀ ਕਹਿ ਦਿੱਤੀ, "ਇਹ ਵੇਖੋ, ਬਾਦਸ਼ਾਹ ਨੇ ਆਪਣੇ ਹੱਥ ਨਾਲ ਲਿਖਿਆ ਹੈ ਤੇ ਆਪ ਜੀ ਪਾਸ ਭੇਜਿਆ ਹੈ॥ ੧੪॥

ਇਹ ਸੱਯਦ ਸਿਰ ਧਰੀ ਕੁਰਾਨ। ਕਸਮ ਪਿਕੰਬਰ ਲਿਖੀ ਮਹਾਨ।
ਬੀਚ ਖ਼ੁਦਾਇ ਦਿਯੋ ਕਰਿ ਨੇਹੂ। ਮਿਲਿਬੇ ਕੀ ਅਭਿਲਾਖ ਅਛੇਹੂ॥ ੧੫॥

ਇਸ ਸੱਯਦ ਨੇ ਸਿਰ ਉੱਤੇ ਕੁਰਾਨ ਧਰੀ ਹੈ ਤੇ ਪੈਗੰਬਰ ਦੀ ਮਹਾਨ ਕਸਮ ਲਿਖੀ ਹੈ। ਪ੍ਰੇਮ ਕਰਕੇ ਵਿਚ ਖ਼ੁਦਾ ਨਾਮ ਦਿੱਤਾ ਹੈ ਤੇ ਆਪ ਜੀ ਨਾਲ ਮਿਲਣ ਦੀ ਅਭਿਲਾਸ਼ਾ ਪ੍ਰਗਟ ਕੀਤੀ ਹੈ॥ ੧੫॥

ਇਹ ਦਿਜ ਸਭਿ ਗਿਰਪਤਨਿ ਪਠਾਯੋ। ਸਾਲਗ੍ਰਾਮ ਸਿਰ ਧਰਿ ਕਰਿ ਆਯੋ।
ਨਿਜ ਨਿਜ ਮੁਹਰ ਲਿਖਤ ਕਰਿ ਦੀਨੀ। ਥਾਲੀ ਬਿਖੈ ਧੇਨੁ ਥਿਰ ਕੀਨੀ॥ ੧੬॥

ਇਸ ਬ੍ਰਾਹਮਣ ਨੂੰ ਸਾਰੇ ਪਹਾੜੀ ਰਾਜਿਆਂ ਨੇ ਭੇਜਿਆ ਹੈ ਤੇ ਸਾਲਗਰਾਮ ਨੂੰ ਸਿਰ ਉੱਤੇ ਧਰ ਕੇ ਲਿਆਇਆ ਹੈ, ਆਪਣੀ-ਆਪਣੀ ਮੁਹਰ ਲਿਖ ਕੇ ਲਾਈ ਹੈ ਤੇ ਥਾਲੀ ਵਿਚ ਗਊ ਰੱਖੀ ਹੈ॥ ੧੬॥

ਅਬਿ ਤੌ ਕਰੋ ਰਿਦੈ ਬਿਸਵਾਸੂ। ਚਲਿ ਕਰਿ ਮਿਲਹੁ ਸ਼ਾਹੁ ਚਹਿ ਪਾਸੂ।
ਸੁਨਿ ਗੁਰ ਨਹਿਂ ਮਨ ਲਜਾਵਤਿ ਭਏ। ਤਬਿ ਮਾਤਾ ਕੇ ਤੀਰ ਸਿਧਏ॥ ੧੭॥

ਹੁਣ ਤਾਂ ਹਿਰਦੇ ਵਿਚ ਵਿਸ਼ਵਾਸ ਕਰੋ ਤੇ ਬਾਦਸ਼ਾਹ ਨੂੰ ਚਲ ਕੇ ਮਿਲੋ।" ਇਹ ਸੁਣ ਕੇ ਗੁਰੂ ਜੀ ਮਨ ਵਿਚ ਵਿਸ਼ਵਾਸ ਨਹੀਂ ਸੀ ਲਿਆਉਂਦੇ। ਤਦ ਦੂਤ ਫਿਰ ਮਾਤਾ ਜੀ ਪਾਸ ਗਏ॥ ੧੭॥

ਮਸਤਕ ਟੇਕਿ ਬੈਠਿ ਕਰਿ ਭਾਖਾ। 'ਸੁਨਹੁ ਮਾਤ! ਜਿਮ ਤੁਮ ਅਭਿਲਾਖਾ।
ਸੋ ਬਿਧਿ ਹਜ਼ਰਤ ਕੀਨਿ ਪਠਾਈ। ਤਿਮ ਹੀ ਸਪਥ ਗਿਰੇਸ਼ੁਨਿ ਖਾਈ॥ ੧੮॥

ਮੱਥਾ ਟੇਕ ਕੇ ਬੈਠ ਕੇ ਕਿਹਾ, "ਹੇ ਮਾਤਾ ਜੀ! ਸੁਣੋ, ਜਿਵੇਂ ਤੁਸੀਂ ਅਭਿਲਾਸ਼ਾ ਕੀਤੀ ਸੀ, ਉਸ ਪ੍ਰਕਾਰ ਬਾਦਸ਼ਾਹ ਨੇ ਕਸਮ ਖਾ ਕੇ ਚਿੱਠੀ ਭੇਜੀ ਹੈ, ਉਸ ਪ੍ਰਕਾਰ ਹੀ ਪਹਾੜੀ ਰਾਜਿਆਂ ਵੀ ਕਸਮ ਖਾਧੀ ਹੈ॥ ੧੮॥

ਲੇ ਨਿਕਸਹੁ ਅਪਨੋ ਪਰਿਵਾਰਾ। ਜਿਤ ਇੱਛਾ ਤਿਤ ਕਰਹੁ ਪਧਾਰਾ।
ਪੁਨ ਸਤਿਗੁਰ ਥਿਰ ਰਹੇਂ ਨ ਇਹਾਂ। ਨਿਕਸ ਚਲਹਿੰਗੇ ਪਹੁੰਚਹੁ ਜਹਾਂ॥ ੧੯॥

ਆਪਣਾ ਪਰਿਵਾਰ ਲੈ ਕੇ ਨਿਕਲ ਜਾਵੋ, ਜਿਧਰ ਵੀ ਤੁਹਾਡੀ ਇੱਛਾ ਹੈ, ਉਧਰ ਹੀ ਚਲੇ ਜਾਵੋ। ਫਿਰ ਸਤਿਗੁਰੂ ਜੀ ਏਥੇ ਨਹੀਂ ਰਹਿਣਗੇ, ਨਿਕਲ ਕੇ ਓਥੇ ਪਹੁੰਚ ਜਾਣਗੇ ਜਿੱਥੇ ਤੁਸੀਂ ਜਾਵੋਗੇ"॥ ੧੯॥

ਦੇਖਿ ਅਨੰਦਤਿ ਜਨਨੀ ਭਈ। ਸੁਤ ਸਮੁਝਾਵਨਿ ਕੋ ਪੁਨ ਗਈ।
ਕਹਿਂ ਲਗਿ ਕਹੌਂ ਕਥਾ ਬਿਸਥਾਰਾ। ਨਹਿਂ ਮਾਨੈਂ ਬਹੁ ਭਾਂਤਿ ਉਚਾਰਾ॥ ੨੦॥

ਇਹ ਵੇਖ ਕੇ ਗੁਰੂ ਜੀ ਦੇ ਮਾਤਾ ਜੀ ਬਹੁਤ ਪ੍ਰਸੰਨ ਹੋਏ, ਫਿਰ ਪੁੱਤਰ ਨੂੰ ਸਮਝਾਉਣ ਵਾਸਤੇ ਗਈ। ਕਿਥੋਂ ਤੱਕ ਮੈਂ ਕਥਾ ਵਿਸਥਾਰ ਨਾਲ ਕਹਾਂ, ਗੁਰੂ ਜੀ ਮੰਨੇ ਨਹੀਂ, ਬਹੁਤ ਪ੍ਰਕਾਰ ਮਾਤਾ ਜੀ ਨੇ ਕਿਹਾ॥ ੨੦॥

ਰਾਇ ਗੁਲਾਬ ਸ਼ਾਮ ਸਿੰਘ ਦੋਊ। 'ਜਨਨੀ ਭਨੈ ਮਾਨ ਲਿਹੁ ਸੋਊ।
ਕਰਿ ਲੀਨੇ ਬਡ ਜੰਗ ਅਖਾਰੇ। ਨਿਕਸਹੁ ਲਿਹੁ ਬਚਾਇ ਪਰਵਾਰੇ'॥ ੨੧॥

ਗੁਲਾਬ ਰਾਇ ਅਤੇ ਸ਼ਾਮ ਸਿੰਘ ਦੋਵੇਂ ਕਹਿਣ ਲੱਗੇ, "ਜੋ ਮਾਤਾ ਜੀ ਕਹਿੰਦੇ ਹਨ, ਇਸ ਨੂੰ ਮੰਨ ਲਵੋ, ਬਹੁਤ ਜੰਗੀ ਅਖਾੜੇ ਕਰ ਲਏ ਹਨ ਤੇ ਹੁਣ ਪਰਿਵਾਰ ਨੂੰ ਬਚਾ ਕੇ ਨਿਕਲ ਜਾਵੋ"॥ ੨੧॥

ਭਈ ਕੋਪ ਮਨ ਮਾਤ ਬਡੇਰੀ। ਲਿਖਯੋ ਬਿਦਾਵਾ 'ਜਨਿਨਿ ਨ ਤੇਰੀ'।
ਉਠਿ ਕਰਿ ਆਈ ਕੀਨਸਿ ਤਜਾਰੀ। ਜੁਗ ਪੋਤ੍ਰੇ ਪ੍ਰਿਯ ਕਰੇ ਅਗਾਰੀ॥ ੨੨॥

ਫਿਰ ਮਾਤਾ ਜੀ ਬਹੁਤ ਗੁੱਸੇ ਵਿਚ ਆ ਗਏ ਤੇ ਉਸ ਨੇ ਬਿਦਾਵਾ ਲਿਖ ਦਿੱਤਾ, "ਮੈਂ ਤੇਰੀ ਮਾਤਾ ਨਹੀਂ ਹਾਂ" ਤੇ ਉਠ ਕੇ ਆ ਗਈ ਤੇ ਤਿਆਰੀ ਕਰਨ ਲੱਗੀ ਤੇ ਆਪਣੇ ਦੋਵਾਂ ਪਿਆਰੇ ਪੋਤਰਿਆਂ ਨੂੰ ਅੱਗੇ ਲਾ ਲਿਆ॥ ੨੨॥

ਉਚਰਜੋ ਸੂਤ ਸੰਗ ਤਤਕਾਲਾ। 'ਸਜੰਦਨ ਕੀਜੈ ਤਯਾਰ ਬਿਸਾਲਾ।
ਤ੍ਰਿਪਤ ਤੁਰੰਗਨ ਦੇਹੁ ਨਿਹਾਰੀ। ਡਾਰੋ ਜ਼ੀਨ ਨ ਧਰੋ ਅਵਾਰੀ'॥ ੨੩॥

ਫਿਰ ਤੁਰਤ ਰਥਵਾਨ ਨੂੰ ਕਹਿਣ ਲੱਗੀ, "ਵਿਸ਼ਾਲ ਰੱਥ ਤਿਆਰ ਕਰੋ, ਘੋੜਿਆਂ ਨੂੰ ਤ੍ਰਿਪਤ ਕਰਨ ਵਾਸਤੇ ਨਿਹਾਰੀ ਦੇਵੋ ਤੇ ਘੋੜਿਆਂ ਉੱਤੇ ਕਾਠੀਆਂ ਪਾਉਣ ਵਿਚ ਕੋਈ ਦੇਰੀ ਨਾ ਲਾਵੋ"॥ ੨੩॥

ਦੇਖਿ ਮਾਤ ਕੀ ਗਤਿ ਧ੍ਰਿਤ ਹਾਲੇ। ਲਿਖਿਨਿ ਬਿਦਾਵਾ ਸਿੰਘ ਦੁਖਾਲੇ।
ਕਾਗਦ ਦੀਹ ਕਲਮ ਰੁਸ਼ਨਾਈ। ਸ੍ਰੀ ਕਲਗ਼ੀਧਰ ਪਾਸ ਰਖਾਈ॥ ੨੪॥

ਮਾਤਾ ਜੀ ਦੀ ਗਤੀ ਅਤੇ ਧੀਰਜ ਹਿਲਿਆ ਵੇਖ ਕੇ, ਦੁਖੀ ਸਿੰਘ ਵੀ ਬਿਦਾਵਾ ਲਿਖਣ ਲੱਗੇ। ਵੱਡਾ ਕਾਗਜ਼, ਕਲਮ ਅਤੇ ਸਿਆਹੀ ਸ੍ਰੀ ਕਲਗ਼ੀਧਰ ਨੇ ਆਪਣੇ ਪਾਸ ਰਖਵਾ ਲਈ॥ ੨੪॥

ਲਾਗੇ ਲਿਖਿਨਿ ਬਿਦਾਵਾ ਸਾਰੇ। ਚਹੈਂ ਬਚਾਯੋ ਪ੍ਰਾਨਨ ਪਯਾਰੇ।
ਮਹਾਂ ਕਸ਼ਟ ਸਭਿ ਕੋ ਤਬਿ ਹੋਵਾ। ਕਰਯੋ ਜੁ ਪ੍ਰਣ ਸੋ ਸਗਰੋ ਖੋਵਾ॥ ੨੫॥

ਸਾਰੇ ਸਿੰਘ ਬਿਦਾਵਾ ਲਿਖਣ ਲੱਗੇ, ਆਪਣੇ ਪਿਆਰੇ ਪ੍ਰਾਣਾਂ ਨੂੰ ਬਚਾਉਣਾ ਚਾਹੁੰਦੇ ਸਨ। ਮਹਾਂ ਦੁਖ ਫਿਰ ਸਾਰਿਆਂ ਨੂੰ ਹੋਇਆ। ਜਿਹੜਾ ਗੁਰੂ ਜੀ ਨਾਲ ਪ੍ਰਣ ਕੀਤਾ ਸੀ, ਉਹ ਸਾਰਾ ਗਵਾ ਲਿਆ॥ ੨੫॥

ਗੁਰੂ ਤਜੇ ਨਹਿਂ ਤਜਯੋ ਸਰੀਰ। ਪਛੁਤਾਵਤਿ ਚਿਤ ਭਏ ਅਧੀਰ।
ਪਿਖਹਿਂ ਪਰਸਪਰ ਲਿਖਤੇ ਜਾਹਿਂ। ਹੋਇ ਉਦਾਸ ਗੁਰੂ ਲਿਖਵਾਹਿਂ॥ ੨੬॥

ਗੁਰੂ ਜੀ ਨੂੰ ਛੱਡ ਦਿੱਤਾ ਹੈ, ਸਰੀਰ ਨਹੀਂ ਛੱਡਿਆ ਹੈ, ਚਿੱਤ ਵਿਚ ਪਛੁਤਾਉਂਦੇ ਧੀਰਜ ਰਹਿਤ ਹੋ ਗਏ। ਆਪਸ ਵਿਚ ਵੇਖਦੇ ਲਿਖਦੇ ਜਾਂਦੇ ਸਨ, ਗੁਰੂ ਜੀ ਉਦਾਸ ਹੋਏ ਲਿਖਵਾਉਂਦੇ ਜਾਂਦੇ ਸਨ॥ ੨੬॥

ਚਾਲੀ ਸਿੰਘ ਰਹੇ ਹਠ ਧਾਰਿ। ਨਹੀਂ ਲਿਖਹਿਂ, ਗੁਰ ਕੀਨਿ ਉਚਾਰ।
'ਤੁਮ ਭੀ ਲਿਖਹੁ ਬਨਹੁ ਸਭਿ ਸੰਗੀ। ਕਯੋਂ ਹਟਿ ਰਹੇ, ਨ ਹੁਇ ਇਕ ਰੰਗੀ' ॥੨੭॥

ਚਾਲੀ ਸਿੰਘ ਹਠ ਧਾਰ ਕੇ ਰਹਿ ਗਏ, ਉਹ ਲਿਖਦੇ ਨਹੀਂ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਉਚਾਰਨ ਕਰਕੇ ਵੀ ਕਿਹਾ, "ਤੁਸੀਂ ਵੀ ਲਿਖੋ ਤੇ ਸਾਰੇ ਸੰਗੀ ਬਣੋ, ਕਿਉਂ ਹਟੇ ਰਹੇ ਹੋ, ਇਕ ਰੰਗ ਨਹੀਂ ਹੋਏ ਹੋ"॥ ੨੭॥

ਉਦੈ ਸਿੰਘ ਆਲਮ ਸਿੰਘ ਆਦਿ। ਸੁਨਿ ਪਿਖਿ ਕੈ ਬਿਸਮੇ ਸੰਬਾਦ।
ਕਹਨਿ ਲਗੇ 'ਹਮ ਲਿਖਹਿਂ ਨ ਕੋਈ। ਘਾਲੀ ਘਾਲ ਬਾਦ ਹੁਇ ਸੋਈ॥ ੨੮॥

ਉਦੈ ਸਿੰਘ, ਆਲਮ ਸਿੰਘ ਆਦਿ ਅਜਿਹਾ ਵਾਰਤਾਲਾਪ ਸੁਣ ਕੇ ਅਤੇ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਕਹਿਣ ਲੱਗੇ, "ਅਸੀਂ ਕਿਸੇ ਪ੍ਰਕਾਰ ਦਾ ਬਿਦਾਵਾ ਨਹੀਂ ਲਿਖਾਂਗੇ, ਜਿਹੜੀ ਘਾਲਣਾ ਘਾਲੀ ਹੈ, ਉਹ ਬੇਕਾਰ ਹੋ ਜਾਵੇਗੀ ਅਤੇ ਵਿਅਰਥ ਜਾਵੇਗੀ॥ ੨੮॥

ਦੋਨਹੁਂ ਲੋਕਨਿ ਸੰਗ ਸਹਾਈ। ਅਸ ਗੁਰ ਕੋ ਕਯੋਂ ਕਰਿ ਤਜਿ ਜਾਈਂ।
ਨਿਕਸਹੁ ਦੁਰਗ ਕਿ ਰਹੀਐ ਅੰਤਰ। ਹਮ ਨਹਿਂ ਛੋਰੈਂ ਸੰਗ ਨਿਰੰਤਰ' ॥੨੯॥

ਤੁਸੀਂ ਦੋਵਾਂ ਲੋਕਾਂ ਵਿਚ ਸਹਾਇਕ ਬਣੋਗੇ, ਐਸੇ ਗੁਰੂ ਜੀ ਨੂੰ ਕਿਵੇਂ ਛੱਡ ਕੇ ਚਲੇ ਜਾਈਏ। ਕਿਲ੍ਹੇ ਵਿਚੋਂ ਬਾਹਰ ਨਿਕਲੋ ਜਾਂ ਅੰਦਰ ਰਹੋ, ਅਸੀਂ ਕਦੀ ਵੀ ਤੁਹਾਡਾ ਸਾਥ ਨਹੀਂ ਛੱਡਾਂਗੇ"॥ ੨੯॥

ਇਕ ਦੁਇ ਬਾਰਿ ਕਹਯੋ ਗੁਰ ਫੇਰ। 'ਕਯੋਂ ਤੁਮ ਲਿਖਹੁ ਨ ਲਾਵਹੁ ਦੇਰ'।
ਹਾਥ ਜੋਰਿ ਸਭਿ ਕਰੀ ਪ੍ਰਣਾਮ। 'ਹਮ ਤੌ ਰਹੈਂ ਆਪ ਕੀ ਸ਼ਾਮ' ॥ ੩੦॥

ਗੁਰੂ ਜੀ ਨੇ ਫਿਰ ਇਕ ਦੋ ਵਾਰ ਕਿਹਾ, "ਤੁਸੀਂ ਕਿਉਂ ਲਿਖਦੇ ਨਹੀਂ ਦੇਰ ਕਰ ਰਹੇ ਹੋ।" ਸਾਰਿਆਂ ਨੇ ਹੱਥ ਜੋੜ ਕੇ ਪ੍ਰਣਾਮ ਕੀਤੀ ਅਤੇ ਕਿਹਾ, "ਅਸੀਂ ਤਾਂ ਸਦਾ ਆਪ ਜੀ ਦੀ ਸ਼ਰਨ ਵਿਚ ਰਹਾਂਗੇ" ॥ ੩੦॥

ਦਯਾ ਸਿੰਘ ਤੇ ਆਦਿਕ ਪੰਚੇ। ਪੰਚਹੁੰ ਮੁਕਤੇ ਸਿੱਖੀ ਸੰਚੇ।
ਦਸ ਇਹ ਰਹੇ ਤੀਸ ਸਿਖ ਔਰ। ਉਦੈ ਸਿੰਘ ਆਦਿਕ ਭਟ ਮੌਰ॥ ੩੧॥

ਦਇਆ ਸਿੰਘ ਆਦਿ ਜਿਹੜੇ ਪੰਜ ਪਿਆਰੇ ਸਨ, ਪੰਜੇ ਮੁਕਤੇ ਸਿੱਖ ਜਿਹੜੇ ਸਿੱਖੀ ਵਿਚ ਰੰਗੇ ਹੋਏ ਸਨ, ਦਸ ਇਹ ਰਹੇ ਤੇ ਤੀਹ ਸਿੱਖ ਹੋਰ ਰਹੇ, ਉਦੈ ਸਿੰਘ ਆਦਿ ਜਿਹੜੇ ਸ਼੍ਰੋਮਣੀ ਸੂਰਬੀਰ ਸਨ॥ ੩੧॥

ਚਾਲੀ ਸਿੰਘ ਨਹੀਂ ਤਬਿ ਲਿਖਯੋ। ਅਪਰ ਸਭਿਨਿ ਲਿਖਿ ਦੀਨਸਿ ਪਿਖਯੋ।
ਰਹਯੋ ਬੀਜ ਉਰ ਗੁਰੂ ਬਿਚਾਰਾ। ਵਧੈ ਪੰਥ ਪੁਨ ਮੋਹਿ ਉਦਾਰਾ॥ ੩੨॥

ਚਾਲੀ ਸਿੰਘਾਂ ਨੇ ਫਿਰ ਬਿਦਾਵਾ ਨਾ ਲਿਖਿਆ, ਹੋਰ ਸਾਰਿਆਂ ਦਾ ਲਿਖਿਆ ਹੋਇਆ ਪੜ੍ਹਿਆ। ਗੁਰੂ ਜੀ ਨੇ ਵਿਚਾਰ ਕੀਤੀ ਕਿ ਸਿੱਖੀ ਦਾ ਬੀਜ ਰਹਿ ਗਿਆ ਹੈ, ਮੇਰਾ ਪੰਥ ਹੁਣ ਬਹੁਤ ਵਧੇਗਾ॥ ੩੨॥

ਹੁਇ ਸਾਬਤ ਰਣ ਜੂਝਹਿ ਜੋਈ। ਅਵਨੀ ਰਾਜ ਭੋਗ ਹੈ ਸੋਈ।
ਕਾਗਦ ਲਿਖਯੋ ਜੇਬ ਲੇ ਡਾਰਾ। ਬਹੁਰ ਵਕੀਲਨਿ ਪਾਸ ਹਕਾਰਾ॥ ੩੩॥

ਸਾਬਤ ਸਬੂਤ ਜਿਹੜਾ ਯੁੱਧ ਵਿਚ ਜੂਝੇਗਾ, ਉਹ ਧਰਤੀ 'ਤੇ ਰਾਜ ਭੋਗੇਗਾ। ਲਿਖਿਆ ਹੋਇਆ ਕਾਗਜ਼ ਜੇਬ ਵਿਚ ਪਾ ਲਿਆ ਤੇ ਫਿਰ ਬਾਦਸ਼ਾਹ ਅਤੇ ਰਾਜਿਆਂ ਦੇ ਵਕੀਲਾਂ ਨੂੰ ਆਪਣੇ ਪਾਸ ਬੁਲਾਇਆ॥ ੩੩॥

'ਸਭਿ ਕੀ ਆਨ ਕਰੀ ਲਿਖਿ ਜੋਈ। ਕਾਗਦ ਹਮ ਕੋ ਦੀਜੈ ਸੋਈ'।
ਕਹਿਲੂਰੀ ਆਦਿਕ ਸਭਿ ਲਿਖਯੋ। ਸੋ ਕਾਗਦ ਕਰ ਮਹਿਂ ਲੈ ਪਿਖਯੋ॥ ੩੪॥

"ਜਿਸ ਕਾਗਜ਼ ਉਤੇ ਸਭ ਦੀ ਸੌਂਹ ਲਿਖੀ ਹੋਈ ਹੈ ਉਹ ਕਾਗਜ਼ ਮੈਨੂੰ ਦੇ ਦੇਵੋ।" ਜਿਸ ਕਾਗਜ਼ ਉੱਪਰ ਕਹਿਲੂਰੀ ਆਦਿ ਸਭ ਨੇ ਲਿਖਿਆ ਸੀ, ਉਹ ਕਾਗਜ਼ ਹੱਥ ਵਿਚ ਲੈ ਕੇ ਵੇਖਿਆ॥ ੩੪॥

ਪੁਨ ਅਵਰੰਗ ਕੋ ਲਿਖਯੋ ਮੰਗਾਯੋ। ਲਿਯੋ ਸੰਭਾਰ ਜੇਬ ਮਹਿਂ ਪਾਯੋ।
ਸਭਿ ਕੋ ਕਹਯੋ 'ਤਯਾਰ ਹੁਇ ਜਾਵੋ। ਨਿਕਸਹੁ ਵਹਿਰ ਭਲੇ ਮਗ ਪਾਵਹੁ' ॥੩੫॥

ਫਿਰ ਨੌਰੰਗੇ ਦਾ ਲਿਖਿਆ ਹੋਇਆ ਮੰਗਵਾਇਆ ਤੇ ਉਸ ਨੂੰ ਸੰਭਾਲ ਕੇ ਜੇਬ ਵਿਚ ਪਾ ਲਿਆ। ਫਿਰ ਸਾਰਿਆਂ ਨੂੰ ਕਿਹਾ, "ਤਿਆਰ ਹੋ ਜਾਵੋ, ਬਾਹਰ ਨਿਕਲ ਕੇ ਭਲੀ ਪ੍ਰਕਾਰ ਮਾਰਗ ਵਿਚ ਪੈ ਜਾਵੋ" ॥ ੩੫॥

ਤੰਬੂ ਦੀਰਘ ਅਲਪ ਬਨਾਤੀ। ਨਾਨਾ ਚਿੱਤ੍ਰਿਤ ਬਨੀ ਕਨਾਤੀ।
ਇਕ ਥਲ ਕਰਿ ਕੈ ਆਗ ਲਗਾਈ। ਬਸਤ੍ਰਾਦਿਕ ਸਭਿ ਦੀਏ ਜਲਾਈ॥ ੩੬॥

ਵੱਡੇ ਤੰਬੂ ਤੇ ਛੋਟੇ ਤੰਬੂ ਜਿਹੜੇ ਬਨਾਤ ਦੇ ਬਣੇ ਹੋਏ ਸਨ, ਕਈ ਪ੍ਰਕਾਰ ਦੇ ਚਿਤਰਾਂ ਵਾਲੀਆਂ ਜਿਹੜੀਆਂ ਕਨਾਤਾਂ ਬਣੀਆਂ ਹੋਈਆਂ ਸਨ, ਉਨ੍ਹਾਂ ਸਭ ਨੂੰ ਇਕ ਥਾਂ ਇਕੱਠੀਆਂ ਕਰਕੇ ਅੱਗ ਲਾ ਦਿੱਤੀ। ਵਸਤਰ ਆਦਿ ਸਾਰੇ ਸਾੜ ਦਿੱਤੇ॥੩੬॥

ਬਚਯੋ ਖਜ਼ਾਨਾ ਜੇਤਿਕ ਸ਼ੇਖ। ਪਾਯਹੁ ਸਤੁਦ੍ਰਵ ਬਿਖੇ ਅਸ਼ੇਖ।
ਬਾਸਨ ਕੰਚਨ ਰਜਤ ਕਿ ਪੀਤਰ। ਡਾਰਿ ਦੀਏ ਸਭਿ ਜਲ ਕੇ ਭੀਤਰ॥ ੩੭॥

ਜਿਹੜਾ ਖਜ਼ਾਨਾ ਬਾਕੀ ਬਚਿਆ ਸੀ, ਉਹ ਸਾਰਾ ਸਤਿਲੁਜ ਦਰਿਆ ਵਿਚ ਪਾ ਦਿੱਤਾ। ਸੋਨੇ, ਚਾਂਦੀ ਅਤੇ ਪਿੱਤਲ ਦੇ ਜਿਹੜੇ ਬਰਤਨ ਸਨ, ਉਨ੍ਹਾਂ ਸਭ ਨੂੰ ਜਲ ਦੇ ਵਿਚ ਸੁੱਟ ਦਿੱਤਾ॥ ੩੭॥

ਕਿਤਿਕ ਵਸਤੁ ਗਾਡੀ ਵਿਚ ਧਰਨੀ। ਵਹਿਰ ਨ ਰਾਖੀ ਕਛੁ ਅਰਿ ਹਰਨੀ।
ਅਗਨਿ ਕਿ ਜਲ ਕੈ ਧਰਨਿ ਗਡਾਈ। ਸੋ ਸਭਿ ਦਫਤਰ ਪਰ ਲਿਖਵਾਈ॥੩੮॥

ਕਈ ਵਸਤਾਂ ਧਰਤੀ ਵਿਚ ਦੱਬ ਦਿੱਤੀਆਂ, ਵੈਰੀ ਦੇ ਲੁੱਟਣ ਵਾਸਤੇ ਕੋਈ ਵੀ ਵਸਤੂ ਬਾਹਰ ਨਾ ਰਹਿਣ ਦਿੱਤੀ। ਅਗਨੀ ਨਾਲ ਸਾੜ ਦਿੱਤੀਆਂ ਜਾਂ ਜਲ ਵਿਚ ਸੁੱਟ ਦਿੱਤੀਆਂ ਜਾਂ ਧਰਤੀ ਵਿਚ ਗੱਡ ਦਿੱਤੀਆਂ। ਇਸ ਪ੍ਰਕਾਰ ਸਭ ਵਸਤਾਂ ਅਗਨੀ, ਜਲ ਜਾਂ ਧਰਤੀ ਦੇ ਲੇਖੇ ਪਾ ਦਿੱਤੀਆਂ॥ ੩੮॥

ਤਿਨ ਕੇ ਨਾਮ ਲਿਖੀ ਸਭਿ ਵਸਤੂ। ਥਾਨ ਥਾਨ ਪ੍ਰਤਿ ਸੌਂਪਿ ਸਮਸਤੂ।
ਤੀਛਨ ਸ਼ਸਤ੍ਰ ਸਕਲ ਕਢਵਾਏ। ਸਿੰਘਨ ਕੇ ਅੰਗਨ ਲਗਵਾਏ॥ ੩੯॥

ਉਨ੍ਹਾਂ ਸਥਾਨਾਂ ਦੇ ਨਾਮ ਸਾਰੀਆਂ ਵਸਤਾਂ ਲਿਖ ਦਿੱਤੀਆਂ। ਪ੍ਰਤੀ ਥਾਂ ਥਾਂ ਉਨ੍ਹਾਂ ਵਸਤਾਂ ਦੀ ਸੌਂਪਣਾ ਕਰ ਦਿੱਤੀ। ਤਿੱਖੇ ਸ਼ਸਤਰ ਸਾਰੇ ਕਢਵਾਏ ਤੇ ਸਿੰਘਾਂ ਦੇ ਅੰਗਾਂ ਨਾਲ ਲਵਾ ਦਿੱਤੇ॥ ੩੯॥

ਪੁਨ ਸ੍ਰੀ ਮੁਖ ਸਭਿ ਕੋ ਫੁਰਮਾਏ। 'ਨਿਕਸਹੁ ਰਾਤ ਮਹਾਂ ਤਮ ਛਾਏ।
ਭੋਰ ਹੋਤਿ ਲੌ ਪਹੁੰਚਹੁ ਦੂਰ। ਸਾਵਧਾਨ ਹੂਜਹੁ ਬਨਿ ਸੂਰ'॥ ੪੦॥

ਫਿਰ ਗੁਰੂ ਜੀ ਨੇ ਆਪਣੇ ਮੁੱਖ ਤੋਂ ਸਭ ਨੂੰ ਫੁਰਮਾਇਆ, "ਰਾਤ ਨੂੰ ਬਾਹਰ ਨਿਕਲੋ ਜਦ ਬਹੁਤ ਹਨੇਰਾ ਛਾਇਆ ਹੋਵੇ। ਸਵੇਰ ਹੁੰਦਿਆਂ ਬਹੁਤ ਦੂਰ ਪਹੁੰਚ ਜਾਵੋ, ਸੂਰਬੀਰ ਬਣ ਕੇ ਸਾਵਧਾਨ ਹੋ ਜਾਵੋ"॥ ੪੦॥

ਇੱਕੀ ਸੈ ਕੋਸਨਿ ਲਗਿ ਰਾਜੂ। ਅਪਰ ਕਹਾਂ ਲਗਿ ਗਿਨਹਿਂ ਸਮਾਜੂ।
ਸੈਨ ਕੋਸ਼ ਅਨਗਨ ਜਿਸ ਪਾਸੀ। ਪਚ ਹਾਰਜੋ ਅਵਰੰਗ ਬਲਰਾਸੀ॥ ੪੧॥

ਇੱਕੀ ਸੌ ਕੋਹ ਤਕ ਰਾਜ ਹੈ, ਹੋਰ ਕਿੱਥੋਂ ਤਕ ਸਾਜ਼ੋ-ਸਾਮਾਨ ਗਿਣੀਏ, ਸੈਨਾ, ਧਨ ਅਣਗਿਣਤ ਜਿਸ ਪਾਸ ਹੈ, ਉਹ ਨੌਰੰਗਾ ਸ਼ਕਤੀ ਦਾ ਖਜ਼ਾਨਾ ਬੁਰੀ ਤਰ੍ਹਾਂ ਹਾਰ ਗਿਆ ਹੈ॥ ੪੧॥

ਆਨੰਦਪੁਰਿ ਕੇ ਹੇਤੁ ਛੁਡਾਵਨਿ। ਸਭਿ ਗਿਰਪਤਿ ਕੇ ਦਲ ਚਢਿ ਆਵਨਿ।
ਮੂਰਖ ਲਾਇ ਲਾਇ ਬਲ ਹਾਰੇ। ਦੇਸ਼ ਬਿਦੇਸ਼ ਸੂਰਮਾ ਸਾਰੇ॥ ੪੨॥

ਆਨੰਦਪੁਰ ਨੂੰ ਛੁਡਵਾਉਣ ਵਾਸਤੇ ਸਾਰੇ ਪਹਾੜੀ ਰਾਜਿਆਂ ਦੀ ਸੈਨਾ ਚੜ੍ਹ ਕੇ ਆ ਗਈ ਸੀ। ਮੂਰਖ ਬਲ ਲਾ ਲਾ ਕੇ ਹਾਰ ਗਏ, ਦੇਸ਼ਾਂ ਬਿਦੇਸ਼ਾਂ ਦੇ ਸਭ ਸੂਰਮੇ ਆਏ ਸਨ॥ ੪੨॥

ਕਿਸ ਕੋ ਬਲ ਨਹਿਂ ਚਲਜੋ ਕਦਾਈ। ਪਚਿ ਪਚਿ ਬੈਠੇ ਰਿਪੁ ਸਮੁਦਾਈ।
ਨਹੀਂ ਦੂਣ ਛੋਰੀ ਕਿਸ ਕਾਲ। ਰਾਖਜੋ ਅਪਨੋ ਤੇਜ ਬਿਸਾਲ॥ ੪੩॥

ਕਿਸੇ ਦਾ ਕਦੀ ਵੀ ਬਲ ਨਹੀਂ ਚਲਿਆ ਹੈ, ਸਾਰੇ ਵੈਰੀ ਹਾਰ ਹਾਰ ਕੇ ਬੈਠ ਗਏ ਸਨ। ਕਿਸੇ ਸਮੇਂ ਵੀ ਦੂਨ ਨਹੀਂ ਛੱਡੀ ਹੈ ਤੇ ਗੁਰੂ ਜੀ ਨੇ ਆਪਣਾ ਵਿਸ਼ਾਲ ਤੇਜ ਰੱਖਿਆ ਹੈ॥ ੪੩॥

ਸਿੱਖ ਸਖਾ ਕੋ ਬਾਯੁ ਨ ਤਾਤੀ। ਸੁਖ ਸੋਂ ਸੁਪਤਿ ਨ ਦਿਏ ਅਰਾਤੀ।
ਗਿਰ ਕੇ ਜਨਰਾਜੇ ਸਮੁਦਾਈ। ਅਪਨਿ ਤੇਜ ਤਰ ਰਖੇ ਦਬਾਈ॥ ੪੪॥

ਸਿੱਖ ਸਖਾ ਨੂੰ ਤੱਤੀ ਹਵਾ ਨਹੀਂ ਲੱਗੀ ਹੈ, ਸੁਖ ਨਾਲ ਸੁੱਤੇ ਹਨ, ਵੈਰੀ ਨੂੰ ਲਾਗੇ ਨਹੀਂ ਲੱਗਣ ਦਿੱਤਾ ਹੈ। ਪਹਾੜੀ ਲੋਕ ਤੇ ਸਾਰੇ ਰਾਜੇ, ਆਪਣੇ ਤੇਜ ਥੱਲੇ ਦਬਾ ਕੇ ਰੱਖੇ ਹਨ॥ ੪੪॥

ਗੁਰੂ ਬਹਾਦਰ ਬਡੇ ਬਡੇਰੇ। ਰਿਪੁ ਦਸ ਲਾਖ ਨ ਢੂਕੇ ਨੇਰੇ।
ਕੋਸ ਕੋਸ ਲਗਿ ਦੂਰ ਟਿਕਾਏ। ਮਾਰ ਹਜ਼ਾਰਹੁਂ ਬੀਰ ਖਪਾਏ॥ ੪੫॥

ਗੁਰੂ ਗੋਬਿੰਦ ਸਿੰਘ ਜੀ ਆਪ ਵੱਡੇ ਸੂਰਬੀਰਾਂ ਦੇ ਸੂਰਬੀਰ ਹਨ, ਦਸ ਲੱਖ ਵੈਰੀ ਨੂੰ ਪਾਸ ਨਹੀਂ ਢੁੱਕਣ ਦਿੱਤਾ ਹੈ। ਕੋਹ ਕੋਹ ਦੇ ਫਾਸਲੇ 'ਤੇ ਦੂਰ ਟਿਕਾਈ ਰੱਖੇ ਹਨ, ਹਜ਼ਾਰਾਂ ਸੂਰਬੀਰ ਮਾਰ ਕੇ ਖਪਾ ਦਿੱਤੇ ਹਨ॥ ੪੫॥

ਸੋ ਪ੍ਰਭੁ ਆਪ ਦੁਰਗ ਕੋ ਛੋਰਿ। ਚਹਜੋ ਪਯਾਨਾ ਦੱਛਨ ਓਰ।
ਸਭਿ ਕੇ ਗਰਬ ਬਡੇ ਕਰਿ ਭੰਜਨ। ਸੰਤਨਿ ਜਨ ਕੇ ਮਨ ਕਰਿ ਰੰਜਨ॥ ੪੬॥

ਸੋ ਸਤਿਗੁਰੂ ਜੀ ਆਪ ਕਿਲ੍ਹੇ ਨੂੰ ਛੱਡ ਕੇ ਦੱਖਣ ਵਾਲੇ ਪਾਸੇ ਜਾਣਾ ਚਾਹੁੰਦੇ ਹਨ। ਸਾਰਿਆਂ ਦੇ ਵੱਡੇ ਗੌਰਵ ਭੰਨ ਦਿੱਤੇ ਹਨ, ਸੰਤ ਜਨਾਂ ਦੇ ਮਨ ਦੇ ਦੁਖ ਦੂਰ ਕੀਤੇ ਹਨ॥ ੪੬॥

ਮਹਾਂ ਪ੍ਰਤਾਪ ਦਿਖਾਇ ਬਿਚੱਛਨਿ। ਚਾਹਤਿ ਭਏ ਜਾਨਿ ਪੁਨ ਦੱਛਨ।
ਜਿਮ ਸ੍ਰੀ ਕ੍ਰਿਸ਼ਨ ਕੀਨ ਰਣ ਸੁਥਰਾ। ਪੁਨ ਦੱਛਨ ਗਮਨੇ ਤਜਿ ਮਥੁਰਾ॥ ੪੭॥

ਵਿਲੱਖਣ ਮਹਾਂ ਪ੍ਰਤਾਪ ਵਿਖਾਇਆ ਹੈ, ਫਿਰ ਦੱਖਣ ਵਿਚ ਜਾਣਾ ਚਾਹੁੰਦੇ ਹਨ। ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਸਾਫ ਸੁਥਰੇ ਯੁੱਧ ਕੀਤੇ ਸਨ, ਮਥਰਾ ਨੂੰ ਛੱਡ ਕੇ ਫਿਰ ਦੱਖਣ ਵਿਚ ਚਲੇ ਗਏ ਸਨ॥ ੪੭॥

ਸਿਖ ਕੁਟੰਬ ਤੇ ਭਏ ਉਦਾਸ। ਤਜਜੋ ਸਨੇਹ ਜਾਨਿ ਦੁਖ ਰਾਸ।
ਚਲਜੋ ਚਹਤਿ ਤਜਿ ਕਰਿ ਧਨ ਧਾਮੂ। ਜਿਮ ਤਜਿ ਔਧਿ ਗਏ ਸ੍ਰੀ ਰਾਮੂ॥ ੪੮॥

ਸਿੱਖਾਂ ਤੋਂ ਤੇ ਪਰਿਵਾਰ ਵਲੋਂ ਉਦਾਸ ਹੋ ਗਏ ਸਨ, ਵੱਡਾ ਦੁਖ ਜਾਣ ਕੇ ਸਨੇਹ ਛੱਡ ਦਿੱਤਾ ਸੀ। ਧਨ ਅਤੇ ਘਰ ਛੱਡ ਕੇ ਜਾਣਾ ਚਾਹੁੰਦੇ ਸਨ, ਜਿਵੇਂ ਅਯੁੱਧਿਆ ਛੱਡ ਕੇ ਸ੍ਰੀ ਰਾਮ ਜੀ ਚਲੇ ਗਏ ਸਨ॥ ੪੮॥

ਕਹੋ ਕਹਾਂ ਲਗਿ ਗੁਰੂ ਬਡਾਈ। ਜਿਨ ਕੇ ਚਲਿਤ ਲਖੇ ਨਹਿਂ ਜਾਈਂ।
ਰਹਿਨ ਦੁਰਗ ਮਹਿਂ ਕਿਨੇ ਨ ਮਾਨਜੋ। 'ਚਲਹੁ ਤਯਾਰ ਹ੍ਵੈ' ਤਬਹਿ ਬਖਾਨਜੋ॥ ੪੯॥

ਮੈਂ ਕਿੱਥੋਂ ਤੱਕ ਗੁਰੂ ਜੀ ਦੀ ਵਡਿਆਈ ਕਹਾਂ, ਜਿਨ੍ਹਾਂ ਦੇ ਚਰਿੱਤਰ ਸਮਝੇ ਨਹੀਂ ਜਾ ਸਕਦੇ ਹਨ। ਕਿਲ੍ਹੇ ਵਿਚ ਰਹਿਣਾ ਕਿਸੇ ਵੀ ਨਾ ਮੰਨਿਆ, "ਤਿਆਰ ਹੋ ਕੇ ਚਲੋ" ਉਸੇ ਵੇਲੇ ਕਹਿ ਦਿੱਤਾ॥ ੪੯॥

ਸ਼ਾਹ ਗਿਰੇਸ਼ ਵਕੀਲ ਘਨੇਰੇ। ਭੇਦ ਦੰਡ ਕਰਿ ਜਤਨ ਬਡੇਰੇ।
ਗੁਰੂ ਅਭੁੱਲ ਮਨਾਏ ਨਿਕਸਨਿ। ਮਾਤ ਖਾਲਸੇ ਕੋ ਕਹਿਬੋ ਮਨਿ॥ ੫੦॥

ਬਾਦਸ਼ਾਹ ਔਰੰਗਜ਼ੇਬ, ਪਹਾੜੀ ਰਾਜੇ ਅਤੇ ਉਨ੍ਹਾਂ ਦੇ ਸਾਰੇ ਵਕੀਲ ਬਹੁਤ ਪ੍ਰਕਾਰ ਦੇ ਪਖੰਡ ਕਰਕੇ ਗੁਰੂ ਜੀ ਨੂੰ ਕੱਢਣ ਬਾਰੇ ਯਤਨ ਕਰਦੇ ਰਹੇ ਸਨ, ਪਰ ਗੁਰੂ ਜੀ ਉਨ੍ਹਾਂ ਦੇ ਕਹੇ ਨਿਕਲਣਾ ਨਹੀਂ ਮੰਨੇ। ਪਰ ਅਭੁੱਲ ਗੁਰੂ ਜੀ ਨੂੰ ਮਾਤਾ ਜੀ ਅਤੇ ਖਾਲਸੇ ਨੇ ਕਿਲ੍ਹੇ ਵਿਚੋਂ ਨਿਕਲਣਾ ਮੰਨਾਇਆ, ਜਿਨ੍ਹਾਂ ਦਾ ਕਹਿਣਾ ਮੰਨ ਕੇ ਗੁਰੂ ਜੀ ਨੂੰ ਨਿਕਲਣਾ ਪਿਆ॥ ੫੦॥

*ਛੇਵੀਂ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

☆☆☆

# ਅਧਿਆਇ ਇਕੱਤੀਵਾਂ

## ਅਨੰਦਪੁਰ ਛੱਡਣਾ

ਦੋਹਰਾ-ਸਭਿਨਿ ਸੁਨਜੋ ਗੁਰ ਬਾਕ ਕੋ ਭਏ ਤਯਾਰ ਸਮੁਦਾਇ।
ਆਯੁਧ ਗਨ ਸਿੰਘਨਿ ਧਰੇ ਹੁਇ ਸਵਧਾਨ ਤਦਾਇ॥ ੧॥

ਸਾਰਿਆਂ ਨੇ ਗੁਰੂ ਜੀ ਦੇ ਬਚਨਾਂ ਨੂੰ ਸੁਣਿਆ ਤੇ ਸਾਰੇ ਤਿਆਰ ਹੋ ਗਏ। ਸਿੰਘਾਂ ਨੇ ਬਹੁਤ ਹਥਿਆਰ ਧਾਰਨ ਕਰ ਲਏ ਤੇ ਉਸੇ ਸਮੇਂ ਸਾਵਧਾਨ ਹੋ ਗਏ॥ ੧॥

ਚੌਪਈ-ਅਪਨੇ ਅਪਨੇ ਬੰਧਿ ਬੰਧਿ ਭਾਰ। ਸ਼ਸਤ੍ਰ ਧਰੇ, ਸਿਰ ਲੀਨਸਿ ਧਾਰਿ।
ਜਿਸ ਕੋ ਸ਼ਕਤਿ ਉਠਾਵਨ ਕੇਰੀ। ਸੋ ਤਿਨ ਸੀਸ ਧਰੀ ਤਿਸ ਬੇਰੀ ॥੨ ॥

ਆਪਣੀਆਂ ਆਪਣੀਆਂ ਪੰਡਾਂ ਬੰਨ੍ਹ ਕੇ ਸਿਰ 'ਤੇ ਚੁੱਕ ਲਈਆਂ ਤੇ ਸ਼ਸਤਰ ਸਰੀਰ ਤੇ ਧਾਰ ਲਏ। ਜਿਨ੍ਹਾਂ ਵਿਚ ਚੁੱਕਣ ਦੀ ਸ਼ਕਤੀ ਸੀ, ਉਸ ਸਮੇਂ ਉਸ ਨੇ ਪੰਡ ਨੂੰ ਸਿਰ 'ਤੇ ਚੁੱਕ ਲਿਆ॥ ੨॥

ਚਾਰ ਘਟੀ ਜਬਿ ਨਿਸਾ ਗੁਜ਼ਾਰੀ। ਨੀਕੇ ਭਈ ਸਭਿਨਿ ਕੀ ਤਯਾਰੀ।
ਸ੍ਰੀ ਮੁਖ ਤੇ ਤਬਿ ਹੁਕਮ ਬਖਾਨਾ। 'ਕਰੈ ਇਕੱਤ੍ਰ ਬਿਹੀਰ ਪਿਆਨਾ ॥੩ ॥

ਚਾਰ ਘੜੀ ਜਦ ਰਾਤ ਗੁਜ਼ਾਰੀ ਤਾਂ ਸਾਰਿਆਂ ਨੇ ਚੰਗੀ ਤਰ੍ਹਾਂ ਤਿਆਰੀ ਕਰ ਲਈ। ਸਤਿਗੁਰੂ ਜੀ ਨੇ ਫਿਰ ਮੁਖ ਤੋਂ ਹੁਕਮ ਕੀਤਾ, ''ਵਹੀਰ ਇਕੱਠੀ ਹੋ ਕੇ ਤੁਰ ਪਵੇ''॥ ੩॥

ਸੁਨਿ ਆਇਸੁ ਕੋ ਨਰ ਚਲਿ ਪਰੇ। ਦੁਰਗ ਵਹਿਰ ਨਿਕਸੇ ਦੁਖ ਭਰੇ।
ਪੂਰਬ ਦਿਸ਼ ਕੋ ਮੁਖ ਕਰਿ ਚਲੇ। ਕੋ ਆਗੈ ਕੋ ਪਾਛੈ ਮਿਲੇ ॥੪ ॥

ਆਗਿਆ ਸੁਣ ਕੇ ਸਾਰੇ ਮਨੁੱਖ ਚਲ ਪਏ। ਦੁਖ ਭਰੇ ਕਿਲ੍ਹੇ ਵਿਚੋਂ ਬਾਹਰ ਨਿਕਲੇ। ਪੂਰਬ ਵਾਲੇ ਪਾਸੇ ਮੂੰਹ ਕਰਕੇ ਚਲ ਪਏ। ਕੋਈ ਅੱਗੇ ਕੋਈ ਪਿੱਛੇ ਮਿਲਦਾ ਸੀ॥ ੪॥

ਪਹਿਰ ਨਿਸਾ ਬੀਤੀ ਜਿਸ ਕਾਲਾ। ਮਾਤਾ ਤਯਾਰ ਸਮਾਜ ਸੰਭਾਲਾ।
ਇਕ ਖੱਚਰ ਪਰ ਲਾਦੀ ਮੁਹਰੈਂ। ਇਕ ਦੁਇ ਦਾਸ ਚਲੇ ਕਰਿ ਮੁਹਰੈ ॥੫ ॥

ਜਿਸ ਸਮੇਂ ਪਹਿਰ ਰਾਤ ਬੀਤ ਗਈ, ਮਾਤਾ ਨੇ ਚਲ ਕੇ ਸਾਮਾਨ ਸੰਭਾਲਿਆ, ਇਕ ਖੱਚਰ ਉਤੇ ਮੁਹਰਾਂ ਲੱਦੀਆਂ, ਇਕ ਦੋ ਦਾਸ ਅੱਗੇ-ਅੱਗੇ ਚਲ ਪਏ॥ ੫॥

ਲਘੁ ਪੋਤ੍ਰੇ ਦੋਨਹੁ ਲੇ ਸਾਥ। 'ਸਜੰਦਨ ਚਢਹੁ' ਕਹਜੋ ਗੁਰਨਾਥ।
ਪ੍ਰਥਮ ਅਪਨਿ ਤੇ ਦੂਊ ਚਢਾਏ। ਬਹੁਰ ਚਢੀ ਮਾਤਾ ਸਹਿਸਾਏ ॥੬ ॥

ਦੋਵੇਂ ਛੋਟੇ ਪੋਤਰੇ ਆਪਣੇ ਨਾਲ ਲੈ ਲਏ, ਗੁਰੂ ਜੀ ਨੇ ਕਿਹਾ, ''ਰੱਥਾਂ ਵਿਚ ਚੜ੍ਹ ਜਾਵੋ।'' ਆਪਣੇ ਆਪ ਤੋਂ ਪਹਿਲਾਂ ਦੋਵੇਂ ਪੋਤਰੇ ਚੜ੍ਹਾਏ, ਫਿਰ ਹੌਲੀ-ਹੌਲੀ ਮਾਤਾ ਜੀ ਵੀ ਚੜ੍ਹ ਗਏ॥ ੬॥

ਸਤਿਗੁਰ ਮਹਿਲ ਸੁੰਦਰੀ ਮਾਤ। ਅਰੁ ਸਾਹਿਬਦੇਵੀ ਚਿਤ ਸ਼ਾਂਤ।
ਨਮੋ ਕਰੀ ਗੁਰ ਕੋ ਕਰ ਜੋਰੇ। ਦੋਨਹੁੰ ਤਬਿ ਅਰੂਢਿ ਕਰਿ ਡੋਰੇ ॥੭ ॥

ਸਤਿਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ, ਜਿਨ੍ਹਾਂ ਦਾ ਚਿੱਤ ਸ਼ਾਂਤਮਈ ਸੀ, ਗੁਰੂ ਜੀ ਨੂੰ ਹੱਥ ਜੋੜ ਕੇ ਬੰਦਨਾ ਕੀਤੀ ਤੇ ਦੋਵੇਂ ਡੋਲਿਆਂ ਵਿਚ ਚੜ੍ਹ ਗਈਆਂ॥ ੭॥

ਆਇਸ ਪਾਇ ਨਿਕਸਿ ਕਰਿ ਚਾਲੀ। ਸ਼ਜਾਮ ਜਾਮਨੀ ਬਹੁ ਤਮ ਵਾਲੀ।
ਅਪਰ ਜਿ ਨਰ ਨਹਿਂ ਲਰਨੇ ਹਾਰੇ। ਸੋ ਮਿਲਿ ਮਿਲਿ ਕਰਿ ਵਹਿਰ ਪਧਾਰੇ॥੮॥

ਆਗਿਆ ਪਾ ਕੇ ਨਿਕਲ ਕੇ ਚਲੀਆਂ ਗਈਆਂ, ਕਾਲੀ ਰਾਤ ਬਹੁਤ ਹਨੇਰੇ ਵਾਲੀ ਸੀ। ਹੋਰ ਮਨੁੱਖ ਜਿਹੜੇ ਯੁੱਧ ਕਰਨ ਵਾਲੇ ਨਹੀਂ ਸਨ, ਉਹ ਮਿਲ ਮਿਲ ਕੇ ਬਾਹਰ ਚਲੇ ਗਏ॥ ੮॥

ਗਯੋ ਬਹੀਰ ਉਲੰਘਿ ਕਈ ਕੋਸ। ਬੈਠੇ ਸਤਿਗੁਰ ਦੁਰਗ ਸਰੋਸ।
ਸਨੇ ਸਨੇ ਸਭਿ ਕਰਿ ਕਰਿ ਤਜਾਰ। ਚਲੇ ਲੋਕ ਸਭਿ ਪੰਥ ਮਝਾਰ॥ ੯॥

ਜਦ ਸਾਰੀ ਵਹੀਰ ਕਈ ਕੋਹ ਪੈਂਡਾ ਕਰਕੇ ਅੱਗੇ ਚਲੇ ਗਈ ਤਾਂ ਸਤਿਗੁਰੂ ਜੀ ਉਸ ਸਮੇਂ ਕਿਲ੍ਹੇ ਵਿਚ ਬੈਠੇ ਸਨ। ਹੋਲੀ-ਹੋਲੀ ਸਾਰਿਆਂ ਨੂੰ ਤਿਆਰ ਕਰ ਕਰ, ਸਾਰੇ ਲੋਕ ਮਾਰਗ ਵਿਚ ਚਲ ਪਏ॥ ੯॥

ਸਾਵਧਾਨ ਜੋ ਸ਼ਸਤ੍ਰ ਸਮੇਤ। ਰਖੇ ਸਿੰਘ ਢਿਗ ਲਰਿਬੇ ਹੇਤ।
ਡੇਢਕ ਜਾਮ ਜਾਮਨੀ ਗਈ। ਤਬਿ ਸਤਿਗੁਰ ਨਿਜ ਤਜਾਰੀ ਕਈ॥ ੧੦॥

ਜਿਹੜੇ ਸ਼ਸਤਰਾਂ ਸਮੇਤ ਸਨ, ਉਹ ਸਾਵਧਾਨ ਹੋ ਗਏ, ਗੁਰੂ ਜੀ ਨੇ ਕੁਝ ਸਿੰਘ ਯੁੱਧ ਵਾਸਤੇ ਆਪਣੇ ਪਾਸ ਰੱਖੇ। ਡੇਢ ਪਹਿਰ ਰਾਤ ਚਲੀ ਗਈ ਤਦ ਸਤਿਗੁਰੂ ਜੀ ਨੇ ਆਪਣੀ ਤਿਆਰੀ ਕੀਤੀ॥ ੧੦॥

ਨਿਕਸੇ ਪ੍ਰਥਮ ਗਏ ਤਿਸ ਜਾਇ। ਸ੍ਰੀ ਗੁਰ ਤੇਗ ਬਹਾਦਰ ਥਾਇ।
ਖਰੇ ਖੋਇ ਦਰਬਾਰ ਅਗਾਰੀ। ਕਰਿ ਅਰਦਾਸ ਬੰਦਨਾ ਧਾਰੀ॥ ੧੧॥

ਪਹਿਲਾਂ ਨਿਕਲ ਕੇ ਉਥੇ ਗਏ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸੀ। ਗੁਰੂ ਜੀ ਦਰਬਾਰ ਦੇ ਅੱਗੇ ਖੜੇ ਹੋ ਗਏ ਤੇ ਅਰਦਾਸ ਕਰਕੇ ਬੰਦਨਾ ਕੀਤੀ॥ ੧੧॥

ਬਹੁਰੋ ਊਚੇ ਕੀਨ ਬਖਾਨ। 'ਹੈ ਕੋ ਸਾਧ ਰਹੈ ਇਸ ਥਾਨ?
ਝਾਰੂ ਦੀਪਕ ਨਿਤ ਪ੍ਰਤਿ ਕਰੈ। ਸ੍ਰੀ ਗੁਰਦੇਵ ਸੇਵ ਹਿਤ ਧਰੈ'॥ ੧੨॥

ਫਿਰ ਉੱਚੀ ਆਵਾਜ਼ ਵਿਚ ਕਿਹਾ, "ਹੈ ਕੋਈ ਸਾਧ, ਜਿਹੜਾ ਇਸ ਸਥਾਨ ਵਿਖੇ ਰਹੇ? ਝਾੜੂ ਦੀਵਾ ਨਿਤਾਪ੍ਰਤੀ ਕਰੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਧਾਰਨ ਕਰੇ"॥ ੧੨॥

ਤੀਨ ਬਾਰਿ ਗੁਰ ਬਚਨ ਉਚਾਰਾ। ਨਹਿਂ ਕੋ ਬੋਲਜੋ ਡਰ ਉਰ ਧਾਰਾ।
ਅਚਰਜ ਸ੍ਵਾਂਗ ਬਿਸਾਲ ਅਰੰਭੇ। ਰਹੀ ਨ ਧੀਰਜ ਭਏ ਅਚੰਭੇ॥ ੧੩॥

ਤਿੰਨ ਵਾਰ ਗੁਰੂ ਜੀ ਨੇ ਉਚਾਰਨ ਕੀਤੀ, ਪਰ ਡਰ ਧਾਰ ਕੇ ਕੋਈ ਵੀ ਨਾ ਬੋਲਿਆ। ਅਸਚਰਜ ਵਿਸ਼ਾਲ ਸਵਾਂਗ ਆਰੰਭ ਕੀਤੇ, ਕਿਸੇ ਨੂੰ ਵੀ ਧੀਰਜ ਨਾ ਰਿਹਾ, ਬਹੁਤ ਹੈਰਾਨ ਹੋਏ॥ ੧੩॥

ਇਕ ਗੁਰਬਖਸ਼ ਸਾਧ ਢਿਗ ਖਰਜੋ। ਤਿਸੈ ਬਿਲੋਕਤਿ ਬਾਕ ਉਚਰਜੋ।
'ਬਸਹੁ ਇਹਾਂ ਤੁਮ ਸੇਵਾ ਕਰੋ। ਕਰਿ ਸੇਵਾ ਨਿਜ ਜਨਮ ਸੁਧਰੋ'॥ ੧੪॥

ਇਕ ਗੁਰਬਖਸ਼ ਨਾਮੀ ਸਾਧ ਪਾਸ ਖੜਾ ਸੀ, ਉਸ ਨੂੰ ਵੇਖ ਕੇ ਬਚਨ ਕੀਤਾ, "ਤੁਸੀਂ ਏਥੇ ਰਹਿ ਕੇ ਸੇਵਾ ਕਰੋ ਤੇ ਸੇਵਾ ਕਰਕੇ ਆਪਣਾ ਜਨਮ ਸੁਧਾਰੋ"॥ ੧੪॥

ਮਹਾਂਦੇਵ ਤਿਸਕਾ ਗੁਰ ਬੋਲਾ। 'ਖਾਇ ਕਹਾਂ ਤੇ ਰਹੈ ਅਡੋਲਾ?।
ਮਹਾਂ ਕੁਮਤਿ ਧਰਿ ਨੀਚ ਪਹਾਰੀ। ਕਰਹਿਂ ਬੈਰ ਪਸ਼ਚਾਤ ਤੁਮਾਰੀ॥ ੧੫॥

ਮਹਾਂਦੇਵ ਉਸ ਦਾ ਗੁਰੂ ਬੋਲਿਆ, "ਅਡੋਲ ਰਹਿ ਕੇ ਕਿਥੋਂ ਖਾਵੇਗਾ? ਨੀਚ ਪਹਾੜੀਏ ਵੱਡੀ ਭੈੜੀ ਮੱਤ ਧਾਰ ਕੇ ਤੁਹਾਡੇ ਬਾਅਦ ਵੈਰ ਧਾਰਨ ਕਰਨਗੇ॥ ੧੫॥

ਭੋਜਨ ਚਹੀਐ ਨਿਤ ਪ੍ਰਤਿ ਖਾਨੇ। ਤੁਮ ਬਿਨ ਹਮ ਕੋ ਕੁਊ ਨ ਜਾਨੇ।
ਕਹੈਂ ਕਹਾਂ ਰਾਵਰ ਸਭਿ ਜਾਨੇ। ਸੇਵਹਿ ਨਿਤ, ਕਰਿ ਦੇਹੁ ਠਿਕਾਨੇ'॥ ੧੬॥

ਨਿਤਾਪ੍ਰਤੀ ਖਾਣ ਵਾਸਤੇ ਭੋਜਨ ਚਾਹੀਦਾ ਹੈ, ਤੁਹਾਡੇ ਬਗੈਰ ਸਾਨੂੰ ਕੌਣ ਜਾਣਦਾ ਹੈ। ਅਸੀਂ ਕੀ ਕਹਾਂਗੇ, ਆਪ ਸਭ ਜਾਣਦੇ ਹੋ, ਨਿਤ ਸੇਵਾ ਕਰਾਂਗੇ, ਠਿਕਾਣਾ ਕਰ ਦੇਵੋ"॥ ੧੬॥

ਸੁਨਿ ਸ੍ਰੀ ਮੁਖਿ ਤੇ ਤਿਸਹਿ ਉਚਾਰਾ। 'ਇਹ ਸਾਚੋ ਹੈ ਗੁਰ ਦਰਬਾਰਾ।
ਅੰਨ ਭਰੀ ਗਾਡੀ ਇਹ ਖਰੀ। ਸੋ ਸੰਭਾਰਿ ਰਾਖੋ ਲਿਹੁ ਧਰੀ॥ ੧੭॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ, "ਇਹ ਗੁਰੂ ਜੀ ਦਾ ਸੱਚਾ ਦਰਬਾਰ ਹੈ, ਅਨਾਜ ਦੀ ਭਰੀ ਇਹ ਗੱਡੀ ਏਥੇ ਖੜੀ ਹੈ, ਇਸ ਨੂੰ ਸੰਭਾਲ ਕੇ ਧਾਰਨ ਕਰੋ॥ ੧੭॥

ਸੰਧਯਾ ਸਮੈਂ ਸਦਾ ਗੁਰ ਦਰਸ਼ਨ। ਬਰਤਹਿ ਵਿਚ ਦਿਵਾਨ ਕੇ ਪਰਸਨ।
ਕਿਸ ਪ੍ਰਕਾਰ ਹ੍ਵੈ ਕਮੀ ਨ ਕਾਈ। ਨਿਸ ਦਿਨ ਹਮ ਤੁਮ ਹੋਹਿਂ ਸਹਾਈ॥੧੮॥

ਸਵੇਰੇ ਸ਼ਾਮ ਸਦਾ ਗੁਰੂ ਜੀ ਦੇ ਦਰਸ਼ਨ ਹੋਣਗੇ, ਦੀਵਾਨ ਦੇ ਵਿਚ ਦਰਸ਼ਨ ਪਰਸਨ ਹੋਣਗੇ। ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਹੋਵੇਗੀ, ਦਿਨ ਰਾਤ ਅਸੀਂ ਤੁਹਾਡੇ ਸਹਾਇਕ ਹੋਵਾਂਗੇ॥ ੧੮॥

ਨਹਿਂ ਕਿਮ ਗ਼ਮੀ ਕਰਹੁ ਮਨ ਮਾਂਹੀ। ਇਸ ਥਲ ਕਮੀ ਹੋਇ ਕਿਮ ਨਾਂਹੀ'।
ਇੱਤ੍ਯਾਦਿਕ ਕਹਿ ਧੀਰਜ ਦੀਨੀ। ਤਬਿ ਤਿਨ ਸੁਨਿ ਪਦ ਬੰਦਨ ਕੀਨੀ॥੧੯॥

ਮਨ ਵਿਚ ਕਿਸੇ ਪ੍ਰਕਾਰ ਦਾ ਗ਼ਮ ਅਨੁਭਵ ਨਾ ਕਰੋ, ਇਸ ਥਾਂ ਵਿਖੇ ਕਿਸੇ ਪ੍ਰਕਾਰ ਦੀ ਕਮੀ ਨਹੀਂ ਹੋਵੇਗੀ।" ਇਸ ਪ੍ਰਕਾਰ ਕਹਿ ਕੇ ਧੀਰਜ ਦਿੱਤਾ, ਤਦ ਉਨ੍ਹਾਂ ਨੇ ਸੁਣ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੧੯॥

ਰਹ੍ਯੋ ਧੀਰ ਧਰਿ ਗੁਰ ਬਚ ਮਾਨੇ। ਪ੍ਰਭੁ ਪ੍ਰਕਰਮਾ ਕਰਤਿ ਪਯਾਨੇ।
ਸਜ੍ਯੋ ਤੁਰੰਗਮ ਤਤਛਿਨ ਆਯੋ। ਭਏ ਅਰੂਢਨ ਚਲਨੋ ਭਾਯੋ॥ ੨੦॥

ਗੁਰੂ ਜੀ ਦੇ ਬਚਨ ਮੰਨ ਕੇ ਧੀਰਜ ਧਾਰ ਕੇ ਗੁਰਬਖਸ਼ ਸਾਧ ਉਥੇ ਰਹਿ ਪਿਆ। ਸਤਿਗੁਰੂ ਜੀ ਗੁਰੂ ਤੇਗ ਬਹਾਦਰ ਜੀ ਦੇ ਸਥਾਨ ਦੀਆਂ ਪਰਿਕਰਮਾਂ ਕਰਕੇ ਚਲ ਪਏ। ਇਕ ਸੱਜਿਆ ਹੋਇਆ ਘੋੜਾ ਤੁਰਤ ਆਇਆ ਤੇ ਸਤਿਗੁਰੂ ਜੀ ਚੱਲਣ ਵਾਸਤੇ ਘੋੜੇ 'ਤੇ ਸਵਾਰ ਹੋ ਗਏ॥ ੨੦॥

ਦਯਾ ਸਿੰਘ ਆਲਮ ਸਿੰਘ ਸਾਥ। ਉਦੈ ਸਿੰਘ ਆਗੈ ਚਲਿ ਨਾਥ।
ਮੁਕਤੇ ਸਿੰਘ ਬਾਮ ਦਿਸ਼ਿ ਚਲੇ। ਮੁਹਕਮ ਸਿੰਘ ਸਾਹਿਬ ਸਿੰਘ ਭਲੇ॥੨੧॥

ਦਇਆ ਸਿੰਘ ਆਲਮ ਸਿੰਘ ਗੁਰੂ ਜੀ ਦੇ ਨਾਲ-ਨਾਲ ਹੋ ਗਏ ਤੇ ਉਦੈ ਸਿੰਘ ਗੁਰੂ ਜੀ ਦੇ ਅੱਗੇ-ਅੱਗੇ ਚਲ ਪਿਆ। ਮੁਕਤੇ ਸਿੰਘ ਖੱਬੇ ਪਾਸੇ ਚਲੇ ਤੇ ਮੁਹਕਮ ਸਿੰਘ ਸਾਹਿਬ ਸਿੰਘ ਭਲੀ ਪ੍ਰਕਾਰ ਨਾਲ-ਨਾਲ ਚਲ ਪਏ॥ ੨੧॥

ਪ੍ਰਭੁ ਕੇ ਦਾਹਨ ਪਾਸੇ ਹੋਇ। ਪੀਛੇ ਚਲੇ ਸਿੰਘ ਸਭਿ ਕੋਇ।
ਸਤਿਗੁਰ ਕੋ ਲੇ ਬੀਚ ਪਯਾਨੇ। ਚਢ੍ਯੋ ਅਜੀਤ ਸਿੰਘ ਧਨੁ ਪਾਨੇ॥ ੨੨॥

ਉਹ ਦੋਵੇਂ ਸਤਿਗੁਰੂ ਜੀ ਦੇ ਸੱਜੇ ਪਾਸੇ ਹੋ ਗਏ ਤੇ ਬਾਕੀ ਸਾਰੇ ਸਿੰਘ ਪਿੱਛੇ-ਪਿੱਛੇ ਚਲ ਪਏ। ਸਤਿਗੁਰੂ ਜੀ ਨੂੰ ਵਿਚ ਲੈ ਕੇ ਚਲ ਪਏ। ਸਾਹਿਬਜ਼ਾਦਾ ਅਜੀਤ ਸਿੰਘ ਧਨੁੱਖ ਧਾਰ ਕੇ ਨਾਲ ਚਲ ਪਿਆ॥ ੨੨॥

ਜ਼ੋਰਾਵਰ ਸਿੰਘ ਦੂਸਰ ਨੰਦ। ਚਲੇ ਪਿਤਾ ਪਸ਼ਚਾਤ ਅਮੰਦ।
ਹਿੰਮਤ ਸਿੰਘ ਆਦਿਕ ਸਿਖ ਘਨੇ। ਧਨੁਖ ਤੁਫੰਗ ਅੰਗ ਧਰਿ ਬਨੇ॥ ੨੩॥

ਜ਼ੋਰਾਵਰ ਸਿੰਘ ਦੂਸਰਾ ਪੁੱਤਰ ਛੇਤੀ-ਛੇਤੀ ਪਿਤਾ ਜੀ ਦੇ ਪਿੱਛੇ ਚਲ ਪਿਆ। ਹਿੰਮਤ ਸਿੰਘ ਆਦਿ ਹੋਰ ਬਹੁਤ ਸਿੱਖਾਂ ਨੇ ਧਨੁੱਖ ਅਤੇ ਬੰਦੂਕਾਂ ਧਾਰਨ ਕੀਤੀਆਂ ਹੋਈਆਂ ਸਨ॥ ੨੩॥

ਤੋੜੇ ਸੁਲਗਤਿ ਕਸੇ ਦੁਗਾੜੇ। ਜੜੇ ਕਲਾ ਪਰ ਮੋੜਤਿ ਝਾੜੇ।
ਲਈ ਬਰੂਦ ਜਮਾਇ ਪਲੀਤੇ। ਕਿਨ ਸਰਪੋਸ ਉਘਾਰਨਿ ਕੀਤੇ॥ ੨੪॥

ਬੰਦੂਕ ਦੀ ਨਾਲੀ ਵਿਚ ਦੋ-ਦੋ ਗੋਲੀਆਂ ਕੱਸੀਆਂ ਸਨ ਤੇ ਤੋੜੇ ਸੁਲਗਦੇ ਸਨ। ਕਲਾ ਉੱਤੇ ਜੜੇ ਹੋਏ ਮੋੜ ਕੇ ਝਾੜੇ ਸਨ। ਬਰੂਦ ਲੈ ਕੇ ਪਲੀਤੇ ਜਮਾਏ ਹੋਏ ਸਨ। ਕਈਆਂ ਨੇ ਆਪਣੀ ਤੋੜੇਦਾਰ ਬੰਦੂਕ ਦੇ ਪਲੀਤੇ ਦੇ ਢੱਕਣ ਖੋਲ੍ਹੇ ਹੋਏ ਸਨ॥ ੨੪॥

ਕੇਤਿਕ ਖਚਰਨਿ ਤੀਰਨ ਭਾਰ। ਲਾਦ ਲਈ ਚਾਲੀ ਪ੍ਰਭੁ ਲਾਰ।
ਫਨੀਅਰ ਸੇ ਖਪਰੇ ਖਰ ਖਰੇ। ਸੇਲੇ, ਤੋਮਰ, ਸਾਂਗਨਿ ਧਰੇ॥ ੨੫॥

ਕਈ ਖੱਚਰਾਂ 'ਤੇ ਤੀਰਾਂ ਦੀਆਂ ਪੰਡਾਂ ਰੱਖੀਆਂ ਹੋਈਆਂ ਸਨ। ਉਹ ਲੱਦੀਆਂ ਹੋਈਆਂ ਸਤਿਗੁਰੂ ਜੀ ਦੇ ਨਾਲ-ਨਾਲ ਹੀ ਲਾਈਨਾਂ ਵਿਚ ਜਾ ਰਹੀਆਂ ਸਨ। ਫਨੀਅਰ ਸੱਪਾਂ ਵਰਗੇ ਤੀਰ ਬਹੁਤ ਤਿੱਖੇ ਸਨ। ਬਰਛੇ, ਨੇਜ਼ੇ ਅਤੇ ਸਾਂਗ ਵੀ ਖੱਚਰਾਂ ਉੱਤੇ ਧਰੇ ਹੋਏ ਸਨ॥ ੨੫॥

ਸਨੇ ਸਨੇ ਗਮਨਹਿਂ ਮਗ ਬੀਚ। ਦੂਰ ਖਰੇ ਪਿਖਿ ਊਚ ਰੁ ਨੀਚ।
ਕੇਤਿਕ ਕੋਸ ਪ੍ਰਭੂ ਪ੍ਰਸਥਾਨੇ। ਅੰਧ ਭਏ ਰਿਪੁ ਨਾਂਹਿ ਨ ਜਾਨੇ॥ ੨੬॥

ਰਾਹ ਦੇ ਵਿਚ ਹੌਲੀ-ਹੌਲੀ ਜਾ ਰਹੇ ਸਨ। ਦੂਰ ਖੜ੍ਹ ਕੇ ਉੱਚਾ ਨੀਂਵਾਂ ਥਾਂ ਵੇਖਦੇ ਸਨ। ਕਈ ਕੋਹਾਂ ਤਕ ਸਤਿਗੁਰੂ ਜੀ ਚਲੇ ਗਏ, ਵੈਰੀ ਅੰਨ੍ਹੇ ਹੋ ਗਏ, ਇਸ ਬਾਰੇ ਜਾਣ ਨਾ ਸਕੇ॥ ੨੬॥

ਕਰਹਿਂ ਪ੍ਰਤੀਖਨ ਨਿਕਸਹਿਂ ਜਬੈ। ਘੇਰਿ ਗੁਰੂ ਕੋ ਗਹਿ ਲਿਹੁ ਤਬੈ।
ਰਾਮ ਘਨੌਲੇ ਲਗਿ ਚਲਿ ਆਏ। ਸਿੰਘ ਪੰਚ ਸੈ ਗੋਲ ਬਨਾਏ॥ ੨੭॥

ਉਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਨਿਕਲਦੇ ਹਨ ਤੇ ਗੁਰੂ ਜੀ ਨੂੰ ਘੇਰ ਕੇ ਫੜ ਲਈਏ। ਗੁਰੂ ਜੀ ਰਾਮ ਘਨੌਲੇ ਪਿੰਡ ਅੱਠ ਨੌਂ ਕੋਹ ਦੀ ਵਿੱਥ 'ਤੇ ਚਲ ਕੇ ਆ ਗਏ। ਪੰਜ ਸੌ ਸਿੰਘ ਗੋਲ ਦਾਇਰਾ ਬਣਾ ਕੇ ਚਲੇ ਆ ਰਹੇ ਸਨ॥ ੨੭॥

ਦੁਰਜਨ ਖਰੇ ਰਹੇ ਪਸ਼ਚਾਤੀ। ਕਰਿ ਅਨੁਮਾਨ ਸਕਲ ਸੁਧਿ ਜਾਤੀ।
ਗੁਰੂ ਦੁਰਗ ਮਹਿਂ ਅਬਿ ਥਿਰ ਨਾਂਹੀ। ਰੌਰਾ ਨਹਿਂ ਲਖੀਅਤਿ ਦਿਸ਼ ਤਾਂਹੀ॥੨੮॥

ਦੁਸ਼ਟ ਬਾਅਦ ਵਿਚ ਖੜੇ ਰਹੇ, ਫਿਰ ਅਨੁਮਾਨ ਲਾ ਕੇ ਸਾਰੀ ਗੱਲ ਜਾਣੀ। ਗੁਰੂ ਜੀ ਹੁਣ ਕਿਲ੍ਹੇ ਦੇ ਵਿਚ ਨਹੀਂ ਹਨ, ਉਸ ਪਾਸੇ ਕੁਝ ਵੀ ਰੌਲਾ ਸੁਣਾਈ ਨਹੀਂ ਦਿੰਦਾ ਹੈ॥ ੨੮॥

ਜਾਨਜੋਂ ਪਰੈ ਅਗਾਰੀ ਗਏ। ਮਾਰਗ ਦੂਰ ਉਲੰਘਤਿ ਭਏ।
ਇਮ ਲਖਿ ਕਰਿ ਅਸਵਾਰ ਧਵਾਏ। ਸੂਨ ਪਰਜੋ ਗਢ ਦੇਖਜੋ ਜਾਏ॥ ੨੯॥

ਇਹ ਪਤਾ ਲੱਗਦਾ ਹੈ ਕਿ ਅੱਗੇ ਚਲੇ ਗਏ ਹਨ, ਬਹੁਤ ਪੈਂਡਾ ਦੂਰ ਲੰਘ ਗਏ ਹਨ। ਇਸ ਪ੍ਰਕਾਰ ਸਮਝ ਕੇ ਘੋੜਿਆਂ ਉੱਤੇ ਸਵਾਰ ਹੋ ਕੇ, ਘੋੜੇ ਭਜਾਏ ਤੇ ਜਾ ਕੇ ਕਿਲ੍ਹੇ ਨੂੰ ਖਾਲੀ ਵੇਖਿਆ॥ ੨੯॥

ਤਬਿ ਖ੍ਵਾਜਾ ਮਰਦੂਦ ਗ਼ੁਲਾਮ। ਰਿਸਿ ਬੋਲ੍ਯੋ ਦਲ ਸੰਗ ਤਮਾਮ।
'ਘੇਰਹੁ ਅੱਗ੍ਰ ਜਾਇ ਕਰਿ ਐਸੇ। ਜਿਸ ਤੇ ਨਿਕਸਿ ਜਾਇ ਨਹਿਂ ਕੈਸੇ' ॥੩੦॥

ਤਦ ਗੁਲਾਮ ਖ੍ਵਾਜਾ ਮਰਦੂਦ ਗੁੱਸੇ ਵਿਚ ਆ ਕੇ ਸਭ ਨੂੰ ਕਹਿਣ ਲੱਗਾ, "ਅੱਗੇ ਜਾ ਕੇ ਇਸ ਪ੍ਰਕਾਰ ਘੇਰ ਲਵੋ ਕਿ ਕਿਸੇ ਪ੍ਰਕਾਰ ਵੀ ਨਿਕਲ ਕੇ ਨਾ ਜਾ ਸਕੇ" ॥੩੦॥

ਜਥੇਦਾਰ ਸਰਦਾਰ ਘਨੇਰੇ। ਕਰਿ ਕਰਿ ਕ੍ਰੁੱਧਤਿ ਸਗਰੇ ਪ੍ਰੇਰੇ।
ਭੀਮ ਚੰਦ ਕੋ ਭਾਖਿ ਪਠਾਯੋ। 'ਤੈਂ ਅਪਨੋ ਦਲ ਕ੍ਯੋਂ ਅਟਕਾਯੋ॥੩੧॥

ਸਾਰੇ ਜਥੇਦਾਰਾਂ ਅਤੇ ਸਰਦਾਰਾਂ ਨੂੰ ਕ੍ਰੋਧ ਧਾਰ ਧਾਰ ਕੇ ਬਹੁਤ ਪ੍ਰੇਰਿਆ। ਭੀਮ ਚੰਦ ਨੂੰ ਕਹਿ ਕੇ ਭੇਜਿਆ, "ਤੂੰ ਆਪਣਾ ਦਲ ਕਿਉਂ ਰੋਕਿਆ ਹੈ?॥੩੧॥

ਪ੍ਰੇਰਹੁ ਸਭਿ ਪਰਬਤ ਕੀ ਸੈਨਾ। ਘੇਰਹਿ ਜਾਇ, ਗਹੈ ਪਿਖਿ ਨੈਨਾ'।
ਖਾਨ ਵਜੀਦ ਸਿਰੰਦੀ ਧਾਯੋ। ਲਾਖਹੁਂ ਲਸ਼ਕਰ ਲੇ ਉਮਡਾਯੋ॥੩੨॥

ਪਹਾੜੀਆਂ ਦੀ ਸਾਰੀ ਸੈਨਾ ਨੂੰ ਪ੍ਰੇਰੋ, ਜਾ ਕੇ ਘੇਰ ਲਵੋ ਤੇ ਅੱਖਾਂ ਨਾਲ ਵੇਖ ਕੇ ਫੜ ਲਵੋ।" ਸਿਰਹੰਦ ਦਾ ਵਜੀਦ ਖਾਂ ਵੀ ਆਪਣੀ ਸੈਨਾ ਲੈ ਕੇ ਗਿਆ ਤੇ ਲੱਖਾਂ ਦਾ ਲਸ਼ਕਰ ਲੈ ਕੇ ਉਮੜ ਕੇ ਪੈ ਗਿਆ॥੩੨॥

ਜ਼ੋਰਦਸਤ ਸੂਬਾ ਲਵਪੁਰਿ ਕੋ। ਦੌਰ ਚਲ੍ਯੋ ਪਕਰਨਿ ਸ਼੍ਰੀ ਗੁਰ ਕੋ।
ਬੇਸ਼ੁਮਾਰ ਜਿਮ ਨਿਸ ਅੰਧਜਾਰੀ। ਸੈਨਾ ਉਮਡੀ ਸਭਿ ਇਕਵਾਰੀ॥੩੩॥

ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖਾਂ ਵੀ ਗੁਰੂ ਜੀ ਨੂੰ ਫੜਨ ਵਾਸਤੇ ਦੌੜ ਪਿਆ। ਬੇਅੰਤ ਸੈਨਾ ਹਨੇਰੀ ਰਾਤ ਵਾਂਗ ਇਕੋ ਵਾਰ ਉਮੜ ਪਈ॥੩੩॥

ਗੁਰ ਸੂਰਜ ਕੋ ਪਕਰਨ ਹੇਤ। ਗਹਿ ਗਹਿ ਆਯੁਧ ਉਮਡੇ ਖੇਤ।
ਕੋ ਆਗੈ ਕੋਊ ਪਸ਼ਚਾਤ। ਦੌਰਤਿ ਜਾਤਿ ਗਿਰੈ ਕੋ ਖਾਤ॥੩੪॥

ਗੁਰੂ ਰੂਪੀ ਸੂਰਜ ਨੂੰ ਫੜਨ ਵਾਸਤੇ, ਹਥਿਆਰ ਫੜ ਫੜ ਕੇ ਸਾਰੇ ਉਮੜ ਪਏ। ਕੋਈ ਅੱਗੇ ਜਾਂਦਾ ਸੀ, ਕੋਈ ਪਿੱਛੇ ਜਾਂਦਾ ਸੀ, ਦੌੜਦੇ ਜਾਂਦੇ ਸਨ ਤੇ ਕਈ ਖੱਡਿਆਂ ਵਿਚ ਡਿੱਗ ਪੈਂਦੇ ਸਨ॥੩੪॥

ਕਿਤਿਕ ਪਰਸਪਰ ਲਗਹਿਂ ਧਕੇਲੇ। ਬਾਜੀ ਲਰਤਿ ਸਊਰਨਿ ਮੇਲੇ।
ਕਰਿ ਤੂਰਨਤਾ ਪਹੁਚੇ ਆਇ। ਸਿੰਘਨ ਕੋ ਪੀਛੇ ਜਹਿਂ ਜਾਇ॥੩੫॥

ਕਈਆਂ ਨੂੰ ਆਪਸ ਵਿਚ ਧੱਕੇ ਲਗਦੇ ਸਨ। ਸਵਾਰ ਘੋੜਿਆਂ ਨੂੰ ਵੱਧ ਵੱਧ ਕੇ ਦੁੜਾਉਂਦੇ ਹਨ ਤਾਂ ਘੋੜੇ ਆਪਸ ਵਿਚ ਖਹਿ ਕੇ ਲੜ ਪੈਂਦੇ ਹਨ। ਬੜੀ ਛੇਤੀ ਕਰਕੇ ਉਥੇ ਆ ਪਹੁੰਚੇ ਜਿਥੇ ਸਿੰਘ ਅੱਗੇ-ਅੱਗੇ ਜਾਂਦੇ ਸੀ॥੩੫॥

ਸੁਨਿਕੈ ਸ਼ਬਦ ਹਟਾਵਨ ਕਰੇ। 'ਕੌਨ ਅਹੋ ਤੁਮ? ਰਹੀਅਹਿ ਖਰੇ-!'।
ਦੁਇ ਦਿਸ਼ ਦੁਸ਼ਮਨ ਜਾਨੇ ਗਏ। ਸ਼ਸਤ੍ਰਨਿ ਗਹਿ ਸੁਚੇਤ ਸਭਿ ਭਏ॥੩੬॥

ਸਿੰਘਾਂ ਨੇ ਆਵਾਜ਼ ਸੁਣ ਕੇ ਹਟਾ ਦਿੱਤੇ, "ਤੁਸੀਂ ਕੌਣ ਹੋ? ਏਥੇ ਖੜੇ ਰਹੋ।" ਜਦ ਦੋਵੀਂ ਪਾਸੀਂ ਦੁਸ਼ਮਣ ਵੇਖੇ ਤਾਂ ਸ਼ਸਤਰ ਫੜ ਕੇ ਸਾਰੇ ਸੁਚੇਤ ਹੋ ਗਏ॥੩੬॥

ਜ੍ਵਾਲਾ ਬਮਣੀ ਦੁਸ਼ਟਨਿ ਦਮਣੀ। ਛੁਟਨਿ ਲਗੀ ਸਨਮੁਖ ਰਿਪੁ ਸ਼ਮਣੀ।
ਦਗਾ ਕਰ੍ਯੋ ਮਿਲਿ ਤੁਰਕ ਪਹਾਰੀ। ਤਬਿ ਜਾਨੀ ਸਿੰਘਨਿ ਸੁਧਿ ਸਾਰੀ॥੩੭॥

ਬੰਦੂਕਾਂ ਦੁਸ਼ਟਾਂ ਨੂੰ ਮਾਰਨ ਲੱਗੀਆਂ ਤੇ ਵੈਰੀ ਦਾ ਨਾਸ਼ ਕਰਨ ਵਾਲੀਆਂ ਵੈਰੀ ਦੇ ਸਾਹਮਣੇ ਚਲਣ ਲੱਗੀਆਂ। ਤੁਰਕਾਂ ਅਤੇ ਪਹਾੜੀਆਂ ਨੇ ਮਿਲ ਕੇ ਦਗ਼ਾ ਕੀਤਾ, ਤਦ ਸਿੰਘਾਂ ਨੇ ਸਾਰੀ ਗੱਲ ਜਾਣ ਲਈ॥ ੩੭॥

**ਇਸੀ ਹੇਤੁ ਸਤਿਗੁਰੂ ਹਟਾਵਤਿ। ਸਮੁਝਿ ਸਿੰਘ ਸਭਿ ਚਿਤ ਪਛੁਤਾਵਤਿ।**
**ਅਬਿ ਕਜਾ ਹੋਇ ਛੋਰਿ ਗੜ੍ਹ ਧਾਏ। ਲਰਿਬੋ ਸਨਮੁਖ ਹੀ ਬਨਿ ਆਏ॥ ੩੮॥**

ਇਸੇ ਕਰਕੇ ਸਤਿਗੁਰੂ ਜੀ ਵਰਜਦੇ ਸਨ, ਸਾਰੇ ਸਿੰਘ ਸਮਝ ਕੇ ਚਿੱਤ ਵਿਚ ਪਛੁਤਾਉਂਦੇ ਸਨ। ਹੁਣ ਕੀ ਹੋ ਸਕਦਾ ਹੈ, ਕਿਲ੍ਹਾ ਛੱਡ ਕੇ ਦੌੜ ਆਏ ਹਾਂ। ਹੁਣ ਸਾਹਮਣੇ ਹੋ ਕੇ ਲੜਨਾ ਹੀ ਬਣਦਾ ਹੈ॥ ੩੮॥

**ਸ੍ਰੀ ਗੁਰ ਕਿਤਿਕ ਦੂਰ ਚਲਿ ਆਗੇ। ਖਰੇ ਅਜੀਤ ਸਿੰਘ ਰਿਸ ਜਾਗੇ।**
**ਤੁਰਕਨਿ ਅਨੀ ਕਿ ਮੁਗਲ ਪਠਾਨਾ। ਘਿਰੇ ਆਨਿ ਕਰਿ ਆਯੁਧ ਪਾਨਾ॥ ੩੯॥**

ਸਤਿਗੁਰੂ ਜੀ ਚਲ ਕੇ ਅੱਗੇ ਕਾਫੀ ਦੂਰ ਚਲੇ ਗਏ, ਖੜੇ ਸਾਹਿਬਜ਼ਾਦਾ ਅਜੀਤ ਸਿੰਘ ਵਿਚ ਗੁੱਸਾ ਜਾਗਿਆ। ਵੈਰੀ ਤੁਰਕ ਅਤੇ ਮੁਗਲ ਪਠਾਣ, ਯੁੱਧ ਧਾਰ ਆ ਕੇ ਘੇਰ ਲਏ॥ ੩੯॥

**ਛੁਟੇ ਤੜਾਭੜ ਤੁਪਕ ਤੜਾਕੇ। ਮਿਲੇ ਬੀਰ ਢਿਗ ਅਧਿਕ ਲੜਾਕੇ।**
**ਸ਼ਜਾਮ ਤਿਮਰ ਮਹਿਂ ਧੁਖੇ ਪਲੀਤੇ। ਚਮਕਹਿਂ ਬਹੁ ਪ੍ਰਕਾਸ਼ ਕੋ ਕੀਤੇ॥ ੪੦॥**

ਤੜਾਭੜ ਕਰਦੀਆਂ ਬੰਦੂਕਾਂ ਚਲਦੀਆਂ ਸਨ, ਵੱਡੇ ਲੜਾਕੇ ਸੂਰਬੀਰ ਆਪਸ ਵਿਚ ਆ ਭਿੜੇ। ਹਨੇਰੀ ਰਾਤ ਵਿਚ ਪਲੀਤੇ ਧੁਖਦੇ ਸਨ ਤੇ ਚਮਕ ਕੇ ਬਹੁਤ ਪ੍ਰਕਾਸ਼ ਕਰਦੇ ਸਨ॥ ੪੦॥

**ਜਿਮ ਖੱਦਜੋਤਨਿ ਕੋ ਸਮੁਦਾਈ। ਚਮਕਤਿ ਹੈ ਇਸ ਬਿਧਿ ਦਮਕਾਈ।**
**ਸ਼ਬਦ ਹੋਤਿ ਜਿਮ ਗਾਜਤਿ ਗਾਜ। ਸੈਲ ਟੋਲ ਪਰ ਭਟ ਤਰੁ ਸਾਜ॥ ੪੧॥**

ਜਿਵੇਂ ਜੁਗਨੂੰਆਂ ਦਾ ਸਮੂਹ ਚਮਕਦਾ ਹੈ, ਇਸ ਵਿਧੀ ਨਾਲ ਪ੍ਰਕਾਸ਼ ਹੋਇਆ। ਇਸ ਪ੍ਰਕਾਰ ਉੱਚੀ ਆਵਾਜ਼ ਉਠਦੀ ਸੀ, ਜਿਵੇਂ ਬਿਜਲੀ ਕੜਕਦੀ ਹੈ ਇਸ ਪ੍ਰਕਾਰ ਪ੍ਰਕਾਸ਼ ਹੋਇਆ। ਪਹਾੜ ਉੱਪਰ ਜਿਵੇਂ ਬ੍ਰਿੱਛਾਂ ਦਾ ਸਾਮਾਨ ਹੁੰਦਾ ਹੈ, ਇਸ ਪ੍ਰਕਾਰ ਸੂਰਮਿਆਂ ਦੇ ਟੋਲਿਆਂ ਦੇ ਟੋਲੇ ਆ ਰਹੇ ਸਨ॥ ੪੧॥

**ਦੂਰ ਦੂਰ ਲਗਿ ਸ਼ਬਦ ਸੁਨੰਤੇ। ਗੁਲਕਾ ਸੂਕਤਿ ਛੁਟੈਂ ਤੁਰੰਤੇ।**
**ਚਮੂੰ ਤੁਰਕ ਕੀ ਚੜ੍ਹਿ ਕਰਿ ਆਈ। ਤ੍ਰਾਸਹਿਂ ਦੂਰ ਦੂਰ ਥਿਰਤਾਈ॥ ੪੨॥**

ਦੂਰ-ਦੂਰ ਤਕ ਆਵਾਜ਼ ਸੁਣਾਈ ਦਿੰਦੀ ਸੀ, ਗੋਲੀਆਂ ਸ਼ੂਕਦੀਆਂ ਹੋਈਆਂ ਤੁਰਤ ਫੁਰਤ ਨਿਕਲ ਰਹੀਆਂ ਸਨ। ਤੁਰਕਾਂ ਦੀ ਸੈਨਾ ਚੜ੍ਹ ਕੇ ਆ ਗਈ ਸੀ, ਡਰਦੀ ਹੋਈ ਦੂਰ-ਦੂਰ ਹੀ ਖੜੀ ਰਹੀ॥ ੪੨॥

*ਛੇਵੀਂ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

★★★

# ਅਧਿਆਇ ਬੱਤੀਵਾਂ

*ਪਿੱਛੋਂ ਪਹਾੜੀਆਂ ਤੇ ਸੂਬਿਆਂ ਨੇ ਆ ਪੈਣਾ, ਉਦੇ ਸਿੰਘ ਬੱਧ*

ਦੋਹਰਾ-ਕੀਰਤਪੁਰ ਕੋ ਉਲੰਘਿ ਕੈ ਪੁਨ ਆਏ ਨਿਰਮੋਹ।
ਮੁਗਲ ਪਠਾਨਨ ਆਇਕੈ ਲਰੇ, ਲਖਜੋ ਤਬਿ ਧ੍ਰੋਹ॥ ੧॥

ਕੀਰਤਪੁਰ ਨੂੰ ਲੰਘ ਕੇ ਫਿਰ ਨਿਰਮੋਹਗੜ੍ਹ ਆ ਗਏ, ਜਦ ਮੁਗਲ ਪਠਾਣ ਆ ਕੇ ਲੜੇ ਤਾਂ ਸਿੰਘਾਂ ਨੇ ਤੁਰਕਾਂ ਦੇ ਛਲ ਨੂੰ ਜਾਣਿਆ॥ ੧॥

ਰਾਇ ਗੁਲਾਬ ਰੁ ਸ਼ਜਾਮ ਸਿੰਘ ਪਿਖਿ ਲਿਖ ਪੱਤ੍ਰਾ ਦੀਨ।
'ਜਾਹੁ ਰਾਜ ਸਿਰਮੌਰ ਕੇ ਮਿਲਹੁ ਭੂਪ ਤਬਿ ਚੀਨ'॥ ੨॥

ਗੁਰੂ ਜੀ ਨੇ ਗੁਲਾਬ ਰਾਇ ਅਤੇ ਸ਼ਿਆਮ ਸਿੰਘ ਨੂੰ ਵੇਖ ਕੇ ਚਿੱਠੀ ਲਿਖ ਦਿੱਤੀ ਤੇ ਕਿਹਾ, "ਜਾਵੋ, ਸਿਰਮੌਰ ਦੇ ਰਾਜੇ ਨੂੰ ਵੇਖ ਕੇ ਮਿਲੋ"॥ ੨॥

ਤੁਰਕਨਿ ਸੰਗ ਬਿਰੋਧ ਹਮ ਏਹ ਭੇਜੇ ਤੁਮ ਪਾਸ।
ਦੇਹੁ ਗ੍ਰਾਮ ਸੇਵਹੁ ਇਨਹੁਂ ਬਾਸਹਿਂ ਕਰਹਿਂ ਅਵਾਸ॥ ੩॥

ਤੁਰਕਾਂ ਨਾਲ ਸਾਡਾ ਵਿਰੋਧ ਹੈ, ਇਨ੍ਹਾਂ ਨੂੰ ਅਸੀਂ ਤੁਹਾਡੇ ਪਾਸ ਭੇਜਿਆ ਹੈ, ਇਨ੍ਹਾਂ ਨੂੰ ਇਕ ਪਿੰਡ ਦੇਵੋ, ਇਨ੍ਹਾਂ ਦੀ ਸੇਵਾ ਕਰੋ ਇਹ ਆਪਣਾ ਘਰ ਬਣਾ ਕੇ ਵਾਸਾ ਕਰਨ॥ ੩॥

ਲਈ ਲਿਖਤ ਨ੍ਰਿਪ ਢਿਗ ਗਏ ਗੁਰ ਕੋ ਲਿਖਯੋ ਪਛਾਨਿ।
ਗ੍ਰਾਮ ਦਯੋ ਗਿਰਵੀ ਤਬੈ ਬਸੇ ਤਿਸੀ ਇਸਥਾਨ॥ ੪॥

ਉਹ ਦੋਵੇਂ ਚਿੱਠੀ ਲੈ ਕੇ ਰਾਜੇ ਦੇ ਪਾਸ ਗਏ, ਰਾਜੇ ਨੇ ਗੁਰੂ ਜੀ ਦਾ ਲਿਖਿਆ ਪਛਾਣ ਲਿਆ ਤੇ ਉਨ੍ਹਾਂ ਨੂੰ ਗਿਰਵੀ ਨਾਮ ਪਿੰਡ ਦਿੱਤਾ ਤੇ ਉਹ ਉਥੇ ਹੀ ਵੱਸ ਗਏ॥ ੪॥

ਨਰਾਜ ਛੰਦ- ਗੁਰੂ ਗੁਬਿੰਦ ਸਿੰਘ ਜੀ ਖਰੇ ਕਛੂਕ ਹੋਇਕੈ।
ਲਰੇ ਪਿਛਾਰਿ ਆਨਿ ਕੈ ਸੁਨੰਤਿ ਨਾਦ ਜੋਇਕੈ।
ਮਨਿੰਦ ਟੀਡ ਬ੍ਰਿੰਦ ਕੇ ਬਿਲੰਦ ਸ਼ੋਰ ਘਾਲਿਓ।
ਤੁਫੰਗ ਛੋਰਿ ਛੋਰਿ ਕੈ ਅਗਾਊ ਪਾਉਂ ਡਾਲਿਓ॥ ੫॥

ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਦੇਰ ਖੜੇ ਹੋ ਕੇ ਇਹ ਜਾਣਿਆਂ ਕਿ ਤੁਰਕ ਪਿੱਛੋਂ ਦੀ ਆ ਕੇ ਲੜੇ ਹਨ। ਟਿੱਡੀ ਦਲ ਵਾਂਗ ਵੱਡਾ ਸ਼ੋਰ ਮਚਾਇਆ ਸੀ, ਬੰਦੂਕਾਂ ਛੱਡ-ਛੱਡ ਕੇ ਅੱਗੇ ਪੈਰ ਵਧਾਏ॥ ੫॥

ਸੁਨੰਤਿ ਨਾਦ ਜਾਨਿਕੈ ਧੁਖੇ ਪਲੀਤ ਹੇਰਿਕੈ।
ਕਰੰਤਿ ਸੁਧ ਤਾਂਹਿ ਓਰ ਗੋਰਿ ਛੋਰਿ ਟੇਰਿਕੈ।
ਅਜੀਤ ਸਿੰਘ ਪਾਇ ਰੋਪਿ ਠਾਂਢ ਗਾਢ ਹੋਇਓ।
ਰੁਕੇ ਸੁਲੱਛ ਸੂਰਮੇ ਮਨੋ ਕਪਾਟ ਜੋਇਓ॥ ੬॥

ਉੱਚੀ ਆਵਾਜ਼ ਸੁਣ ਕੇ ਅਤੇ ਪਲੀਤੇ ਧੁੱਖਦੇ ਵੇਖ ਕੇ, ਉਸ ਪਾਸੇ ਗੋਲੀਆਂ ਛੱਡ ਕੇ ਖ਼ਬਰ ਕਰਦੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਪੈਰ ਜਮਾ ਕੇ ਪੱਕੀ ਤਰ੍ਹਾਂ ਖੜਾ ਹੋ ਗਿਆ ਤੇ ਲੱਖਾਂ ਵੈਰੀ ਰੁਕ ਗਏ, ਮਾਨੋ ਉਨ੍ਹਾਂ ਦੇ ਅੱਗੇ ਤਖਤੇ ਜੜ੍ਹੇ ਹੋਏ ਸਨ॥ ੬॥

ਕਿਧੋਂ ਪ੍ਰਵਾਹ ਨੀਰ ਕੋ ਪਹਾਰ ਹੋਇ ਰੋਕਿਓ।
ਬਿਸਾਲ ਜੰਗ ਮੰਡਿਕੈ ਖਰੇ ਕਰੇ ਬਿਲੋਕਿਓ।
ਸਮੂਹ ਹੂਹ ਦੇਤਿ ਹੈਂ ਨ ਖੇਤ ਸਿੰਘ ਛੋਰਿਓ।
ਸੜਾਸੜੀ ਤਤਾਰਚੇ ਪ੍ਰਹਾਰ ਬ੍ਰਿੰਦ ਮੋਰਿਓ॥ ੭॥

ਜਾਂ ਪਾਣੀ ਦੇ ਪ੍ਰਵਾਹ ਨੂੰ ਪਹਾੜ ਬਣ ਕੇ ਰੋਕਿਆ ਸੀ, ਵਿਸ਼ਾਲ ਜੰਗ ਅਰੰਭ ਕਰਕੇ ਵੈਰੀਆਂ ਨੂੰ ਖੜੇ ਕਰ ਲਿਆ ਤੇ ਉਨ੍ਹਾਂ ਨੇ ਵੇਖਿਆ ਸਾਰੇ ਹੀ ਡੱਟ ਕੇ ਯੁੱਧ ਲੜ ਰਹੇ ਹਨ ਤੇ ਸਿੰਘਾਂ ਨੇ ਰਣਖੇਤਰ ਨੂੰ ਨਹੀਂ ਛੱਡਿਆ ਹੈ। ਸਰਸਰ ਕਰਦੇ ਤੀਰਾਂ ਨੂੰ ਛੱਡ ਕੇ ਸਮੂਹ ਸੈਨਾ ਦਾ ਮੂੰਹ ਮੋੜ ਦਿੱਤਾ॥ ੭॥

ਸਮਾਨ ਸਰਪ ਫੂੰਕਤੇ ਸਰੀਰ ਫੋਰਿ ਪਾਰ ਹ੍ਵੈਂ।
ਲਗੇ ਨ ਫੇਰ ਜੀਵਤੇ ਗਿਰੰਤਿ ਤੁੰਡ ਭਾਰ ਹ੍ਵੈ।
ਤੜ੍ਫੰਤਿ ਕੋ ਹੁੰਕਾਰਤੇ, ਪੁਕਾਰਤੇ, ਬਿਹਾਲ ਕੋ।
ਦੜ੍ਰੰਤਿ ਕੋ ਤੁਰੰਗ ਤੇ ਬੜ੍ਰੰਤਿ ਪਾਇ ਕਾਲ ਕੋ॥ ੮॥

ਸੱਪਾਂ ਵਾਂਗ ਫੁੰਕਾਰੇ ਮਾਰਦੇ ਤੀਰ ਸਰੀਰ ਨੂੰ ਪਾੜ ਕੇ ਪਾਰ ਹੋ ਜਾਂਦੇ ਸਨ। ਜਿਨ੍ਹਾਂ ਨੂੰ ਵੀ ਤੀਰ ਲੱਗਦਾ ਸੀ, ਉਹ ਝੱਟ ਮੂੰਹ ਭਾਰ ਡਿੱਗ ਪੈਂਦਾ ਸੀ। ਕਈ ਤੜਫਦੇ ਹੋਏ ਹੂੰਗਦੇ ਸਨ ਤੇ ਬਿਹਾਲ ਹੋ ਕੇ ਪੁਕਾਰ ਕਰਦੇ ਸਨ। ਕਈ ਘੋੜਿਆਂ ਦੇ ਖ਼ੁਰਾਂ ਨਾਲ ਦਰੜੇ ਜਾਂਦੇ ਹਨ ਤੇ ਬਰੜ ਬਰੜ ਕਰਦੇ ਮਰ ਜਾਂਦੇ ਹਨ॥ ੮॥

ਗੁਰੂ ਸੁ ਨੰਦ ਸੂਰਮਾ ਹਠੀਲ ਜੰਗ ਖੇਤ ਕੋ।
ਅਜੀਤ ਸਿੰਘ ਨਾਮ ਕੀ ਸੁ ਲਾਜ ਰਾਖਿ ਜੇਤ ਕੋ।
ਬਹੀਰ ਦੂਰ ਜਾਇਕੈ ਪਹੂੰਚਿਓ ਸੰਭਾਰਿ ਕੈ।
ਰਿਪੂਨ ਕੀ ਨ ਆਂਚ ਲਾਗ ਛੇਮ ਤੇ ਪਧਾਰਿ ਕੈ॥ ੯॥

ਗੁਰੂ ਜੀ ਦਾ ਪੁੱਤਰ ਬੜਾ ਹਠੀ ਸੂਰਬੀਰ ਹੈ ਜਿਹੜਾ ਬੜੀ ਦ੍ਰਿੜ੍ਹਤਾ ਨਾਲ ਜੰਗ ਕਰਦਾ ਹੈ। ਉਹ ਜਿੱਤਣ ਵਾਸਤੇ ਅਜੀਤ ਸਿੰਘ ਨਾਮ ਦੀ ਲਾਜ ਰੱਖਦਾ ਹੈ। ਵਹੀਰ ਦੂਰ ਜਾ ਕੇ ਸੰਭਾਲ ਕੇ ਪਹੁੰਚਾ ਦਿੱਤੀ, ਵੈਰੀਆਂ ਵਲੋਂ ਆਂਚ ਵੀ ਨਾ ਲੱਗੀ, ਠੀਕ-ਠਾਕ ਸਾਰੇ ਪਹੁੰਚ ਗਏ॥ ੯॥

ਗੁਰੂ ਗੁਬਿੰਦ ਸਿੰਘ ਜੀ ਸਨੇ ਸਨੇ ਪਜਾਨਿ ਕੈ।
ਸੁਨੰਤਿ ਨਾਦ ਜੰਗ ਕੋ ਤੁਫੰਗ ਕੇ ਮਹਾਂਨ ਕੈ।
'ਲਰੈ ਸੁ ਕੋਨ?' ਬੂਝਿਓ ਸਮੂਹ ਕੀ ਸੰਭਾਰ ਲੈ।
'ਬਿਲੰਦ ਬੀਰ ਕੋਨ ਹੈ? ਬਿਲੋਕਿ ਰੋਕ ਸਾਰ ਲੈ'॥ ੧੦॥

ਗੁਰੂ ਗੋਬਿੰਦ ਸਿੰਘ ਜੀ ਹੌਲੀ-ਹੌਲੀ ਚਲਦੇ ਗਏ, ਜੰਗ ਹੋਣ ਦੀ ਉੱਚੀ ਆਵਾਜ਼ ਨੂੰ ਸੁਣਦੇ, ਗੋਲੀਆਂ ਚਲਣ ਦਾ ਬੜਾ ਉੱਚਾ ਨਾਦ ਉੱਠ ਰਿਹਾ ਸੀ। ਉਹ ਸੋਚਦੇ ਸਨ, "ਇਹ ਕੌਣ ਲੜ ਰਿਹਾ ਹੈ?" ਸਾਰਿਆਂ ਦੀ ਖ਼ਬਰ ਸਾਰ ਲੈ ਕੇ ਪੁੱਛਿਆ, "ਇਹ ਵੱਡਾ ਸੂਰਬੀਰ ਕੌਣ ਹੈ, ਜਿਸ ਨੇ ਸਾਰੇ ਵੈਰੀਆਂ ਨੂੰ ਰੋਕ ਲਿਆ ਹੈ? ਜਾਓ ਵੇਖ ਕੇ ਖ਼ਬਰ ਲਿਆਓ"॥ ੧੦॥

ਸੋਰਠਾ-ਟਿੱਬੀ ਸ਼ਜਾਮ ਸਥਾਨ ਠਾਂਢੇ ਭਏ ਬਿਚਾਰਿ ਕੈ।
ਸੰਗ ਨ ਪੁੱਤ੍ਰ ਮਹਾਂਨ ਜਾਨਜੋ। ਤਿਨ ਰਣ ਘਾਲਿਓ॥ ੧੧॥

ਕਾਲੀ ਟਿੱਬੀ ਦੇ ਸਥਾਨ ਤੇ ਖੜੇ ਹੋ ਕੇ ਵਿਚਾਰ ਕੀਤੀ, ਨਾਲ ਵੱਡਾ ਸੂਰਬੀਰ ਪੁੱਤਰ ਨਹੀਂ ਹੈ, ਉਸੇ ਨੇ ਯੁੱਧ ਕੀਤਾ ਹੈ॥ ੧੧॥

ਰਸਾਵਲ ਛੰਦ- ਬਡੋ ਜੰਗ ਨਾਦੰ। ਸੁਨਜੋ ਬੀਰ ਬਾਦੰ।
ਖਰੇ ਆਪ ਹੋਏ। ਢਿਗੈ ਸਿੰਘ ਜੋਏ॥ ੧੨॥

ਜੰਗ ਦਾ ਬਹੁਤ ਉੱਚੀ ਰੌਲਾ ਤੇ ਸੂਰਬੀਰਾਂ ਦਾ ਸ਼ੋਰ ਸੁਣਿਆ। ਸਤਿਗੁਰੂ ਜੀ ਆਪਣੇ ਸਾਥੀ ਸਿੰਘਾਂ ਸਹਿਤ ਖੜੇ ਹੋ ਗਏ॥ ੧੨॥

'ਰਖੇ ਰੋਕਿ ਬੀਰੰ। ਧਰੀ ਪੁੱਤ੍ਰ ਧੀਰੰ।
ਸਹਾਈ ਸਿਧਾਵੋ। ਚਲੇ ਮੇਲ ਆਵੋ'॥ ੧੩॥

"ਉਸ ਨੇ ਸੂਰਬੀਰਾਂ ਨੂੰ ਰੋਕ ਰੱਖਿਆ ਹੈ, ਪੁੱਤਰ ਨੇ ਵੱਡਾ ਧੀਰਜ ਧਾਰਨ ਕੀਤਾ ਹੈ, ਜਾ ਕੇ ਉਸ ਦੀ ਸਹਾਇਤਾ ਕਰੋ ਤੇ ਉਸ ਨੂੰ ਨਾਲ ਮਿਲਾ ਕੇ ਚਲੇ ਆਵੋ"॥ ੧੩॥

ਉਦੇ ਸਿੰਘ ਜੋਧਾ। ਚਲਜੋ ਧਾਰਿ ਕ੍ਰੋਧਾ।
'ਕਰੋ ਮੋਹਿ ਆਗਜਾ। ਜਹਾਂ ਜੁੱਧ ਜਾਗਜਾ॥ ੧੪॥

ਸੂਰਬੀਰ ਉਦੇ ਸਿੰਘ, ਵੱਡਾ ਕ੍ਰੋਧ ਧਾਰ ਕੇ ਚਲ ਪਿਆ ਤੇ ਕਹਿਣ ਲੱਗਾ, "ਮੈਨੂੰ ਆਗਿਆ ਦੇਵੋ, ਜਿੱਥੇ ਯੁੱਧ ਹੋ ਰਿਹਾ ਹੈ॥ ੧੪॥

ਪਹੂਚੋਂ ਸੁ ਜਾਈ। ਬਨੀਜੈ ਸਹਾਈ।
ਸੁਪੁੱਤ੍ਰੂ ਤੁਹਾਰਾ। ਜਹਾਂ ਓਜ ਭਾਰਾ'॥ ੧੫॥

ਉਥੇ ਜਾ ਕੇ ਪਹੁੰਚਾਂ। ਆਪ ਜੀ ਸਹਾਇਕ ਬਣੋ। ਤੁਹਾਡਾ ਪੁੱਤਰ ਹੈ, ਜਿੱਥੇ ਭਾਰੀ ਯੁੱਧ ਹੋ ਰਿਹਾ ਹੈ"॥ ੧੫॥

ਸੁਨੀ ਦਾਸ ਬਾਨੀ। ਸੁ ਆਗਜਾ ਬਖਾਨੀ।
'ਕਰੋ ਜੁੱਧ ਜਾਓ। ਸਭੈ ਸ਼ੱਤ੍ਰੂ ਘਾਓ॥ ੧੬॥

ਸਤਿਗੁਰੂ ਜੀ ਨੇ ਆਪਣੇ ਸੇਵਕ ਦੀ ਗੱਲ ਸੁਣੀ ਤਾਂ ਆਗਿਆ ਦੇ ਦਿੱਤੀ, "ਜਾ ਕੇ ਯੁੱਧ ਕਰੋ, ਸਾਰੇ ਵੈਰੀਆਂ ਨੂੰ ਮਾਰ ਦੇਵੋ॥ ੧੬॥

ਬਨੇ ਬੇਇਮਾਨਾ। ਸਫਾ ਹੋਇ ਹਾਨਾ।
ਪਹਾਰੀ ਨ੍ਰਿਪਾਲਾ। ਮਹਾਂ ਮੂਢ ਜਾਲਾ॥ ੧੭॥

ਉਹ ਬੇਇਮਾਨ ਬਣ ਗਏ ਹਨ, ਤੁਰਕਾਂ ਦੀ ਸਫਾ ਹੀ ਨਾਸ਼ ਹੋ ਜਾਵੇਗੀ। ਪਹਾੜੀ ਰਾਜੇ, ਵੱਡੇ ਮਹਾਂ ਮੂਰਖ ਹਨ॥ ੧੭॥

ਤਿਨੋ ਧਰਮ ਨਾਸ਼ਾ। ਕੁਕਰਮੰ ਪ੍ਰਕਾਸ਼'॥
ਉਦੇ ਸਿੰਘ ਮਾਨੀ। ਕਰੀ ਸਾਵਧਾਨੀ॥ ੧੮॥

ਇਨ੍ਹਾਂ ਦਾ ਧਰਮ ਨਾਸ਼ ਹੋ ਗਿਆ, ਇਨ੍ਹਾਂ ਵੱਡਾ ਕੁਕਰਮ ਕੀਤਾ ਹੈ।" ਉਦੇ ਸਿੰਘ ਨੇ ਗੱਲ ਮੰਨ ਲਈ ਤੇ ਸਾਵਧਾਨੀ ਕੀਤੀ॥ ੧੮॥

ਹਟਜੋ ਬੀਰ ਭਾਰੀ। ਕਰੰ ਚਾਪ ਧਾਰੀ। ਲਏ ਤੀਰ ਤੀਖੇ। ਫਨੀਚੇ ਸਰੀਖੇ ॥੧੯॥

ਭਾਰੀ ਯੋਧਾ ਪਿੱਛੇ ਵਲ ਮੁੜ ਗਿਆ, ਹੱਥ ਵਿਚ ਧਨੁੱਖ ਧਾਰਨ ਕੀਤਾ ਸੀ। ਤਿੱਖੇ ਤੀਰ ਲਏ, ਜਿਹੜੇ ਸੱਪਾਂ ਵਰਗੇ ਸਨ॥ ੧੯॥

ਕਿਤੇ ਸਿੰਘ ਸੰਗੀ। ਚਲੇ ਹੈਂ ਭੁਜੰਗੀ। ਜਹਾਂ ਸੈਨ ਰੋਕੀ। ਦਿਸ਼ਾ ਸੋ ਬਿਲੋਕੀ ॥੨੦॥

ਕਈ ਸਿੰਘ ਆਪਣੇ ਨਾਲ ਲੈ ਲਏ, ਮੇਰੇ ਨਾਲ ਹੋ ਕੇ ਸੂਰਮੇ ਲੜਨਗੇ, ਜਿੱਥੇ ਸੈਨਾ ਰੋਕੀ ਹੋਈ ਸੀ, ਉਸ ਪਾਸੇ ਵਲ ਵੇਖਿਆ॥ ੨੦॥

ਗੁਰੂ ਪਾਇ ਹੇਰੇ। ਸੁ ਪਜਾਰੇ ਘਨੇਰੇ। ਧਰਜ਼ੋ ਸੀਸ ਜਾਈ। 'ਪ੍ਰਲੋਕੰ ਸਹਾਈ ॥੨੧॥

ਗੁਰੂ ਜੀ ਦੇ ਚਰਨ ਵੇਖੇ, ਉਹ ਬਹੁਤ ਪਿਆਰੇ ਸਨ, ਉਨ੍ਹਾਂ ਉੱਤੇ ਸਿਰ ਧਰਿਆ ਭਾਵ ਮੱਥਾ ਟੇਕਿਆ, "ਪਰਲੋਕ ਵਿਚ ਮੇਰੇ ਸਹਾਇਕ ਬਣੋ॥ ੨੧॥

ਗਹੋ ਬਾਹੁ ਮੇਰੀ। ਪਰਜੋ ਸ਼ਰਨਿ ਤੇਰੀ'। ਗੁਰੂ ਦੀਨ ਥਾਪੀ। 'ਕਰੋ ਸ਼ੱਤ੍ਰ ਖਾਪੀ ॥੨੨॥

ਮੇਰੀ ਬਾਂਹ ਫੜੋ, ਮੈਂ ਤੁਹਾਡੀ ਸ਼ਰਨ ਆਇਆ ਹਾਂ।" ਗੁਰੂ ਜੀ ਨੇ ਥਾਪੀ ਦਿੱਤੀ, "ਵੈਰੀ ਨੂੰ ਮਾਰ ਮੁਕਾਓ॥ ੨੨॥

ਜਹਾਂ ਮੋਹਿ ਬਾਸਾ। ਰਖੋਂ ਤੋਹਿ ਪਾਸਾ। ਧਰੋ ਮੇਰਿ ਧਜਾਨਾ। ਜੁੱਝੋ ਸ਼ੱਤ੍ਰ ਹਾਨਾ ॥੨੩॥

ਜਿੱਥੇ ਮੇਰਾ ਵਾਸਾ ਹੈ, ਉਥੇ ਤੈਨੂੰ ਪਾਸ ਰੱਖਾਂਗਾ, ਮੇਰਾ ਧਿਆਨ ਧਾਰਨ ਕਰੋ ਤੇ ਯੁੱਧ ਕਰਕੇ ਵੈਰੀ ਦਾ ਨਾਸ਼ ਕਰੋ॥ ੨੩॥

ਦੋਹਰਾ-ਜਿਤਿਕ ਰਿਦੇ ਮਹਿਂ ਕਾਮਨਾ ਪੰਥ ਸ੍ਰਦਾਰੀ ਪਾਇਂ।
ਭੋਗਹਿਂ ਧਰਨੀ ਰਾਜ ਕੋ, ਮੋਹਿ ਮਿਲਹਿਂ ਪੁਨ ਆਇ ॥ ੨੪॥

ਜਿੰਨੀ ਵੀ ਹਿਰਦੇ ਵਿਚ ਕਾਮਨਾ ਹੈ, ਪੰਥ ਵਿਚ ਸਰਦਾਰੀ ਪਾਉਗੇ, ਧਰਤੀ ਦਾ ਰਾਜ ਭੋਗ ਕੇ ਫਿਰ ਮੈਨੂੰ ਆ ਮਿਲਣਾ॥ ੨੪॥

ਰਸਾਵਲ ਛੰਦ- ਜਿਤੇ ਮੋਹਿ ਸੰਗੀ। ਲਰੈਂਗੇ ਭੁਜੰਗੀ। ਬਨੈ ਤੂੰ ਪ੍ਰਧਾਨਾ। ਭੁਗੈਂ ਸੁਖ ਨਾਨਾ ॥੨੫॥

ਜਿੰਨੇ ਵੀ ਮੇਰੇ ਸੰਗੀ ਹਨ, ਉਹ ਸੂਰਮੇ ਮੇਰੇ ਨਾਲ ਹੋ ਕੇ ਲੜਨਗੇ, ਤੂੰ ਉਨ੍ਹਾਂ ਦਾ ਮੁਖੀਆ ਹੋਵੇਂਗਾ ਤੇ ਕਈ ਪ੍ਰਕਾਰ ਦੇ ਸੁਖ ਭੋਗੇਂਗਾ" ॥ ੨੫॥

ਬਰੰ ਐਸ ਦੀਨੋ। ਮਹਾਂ ਮੋਦ ਕੀਨੋ। ਨਮੋ ਕੀਨਿ ਚਾਲਾ। ਸੁ ਜੋਧਾ ਬਿਸਾਲਾ ॥੨੬॥

ਸਤਿਗੁਰੂ ਜੀ ਨੇ ਉਦੇ ਸਿੰਘ ਨੂੰ ਐਸੇ ਵਰ ਦਿੱਤੇ, ਉਸ ਉਤੇ ਬਹੁਤ ਖੁਸ਼ੀ ਕੀਤੀ। ਉਹ ਨਮਸਕਾਰ ਕਰਕੇ ਚਲਾ ਗਿਆ, ਜਿਹੜਾ ਮਹਾਨ ਯੋਧਾ ਸੀ॥ ੨੬॥

ਬਡੀ ਸ਼ੀਘ੍ਰ ਧਾਯੋ। ਤਿਸੀ ਥਾਂਵ ਆਯੋ। ਗੁਰੂ ਨੰਦ ਜੋਧਾ। ਦਲੰ ਪੁੰਜ ਰੋਧਾ ॥੨੭॥

ਬੜੀ ਛੇਤੀ ਚਲਾ ਗਿਆ ਤੇ ਉਸ ਸਥਾਨ ਵਿਖੇ ਆ ਗਿਆ, ਜਿੱਥੇ ਗੁਰੂ ਪੁੱਤਰ ਯੋਧਾ ਖੜਾ ਸੀ ਅਤੇ ਜਿਸ ਨੇ ਸਾਰੇ ਵੈਰੀ ਦੇ ਦਲ ਨੂੰ ਰੋਕ ਰੱਖਿਆ ਸੀ॥ ੨੭॥

ਬਡੇ ਊਚ ਗਾਜਾ। ਮਹਾਂ ਜੁੱਧ ਸਾਜਾ। ਤਜੇ ਤੀਰ ਤੀਖੇ। ਬਿਧੇ ਬੀਰ ਦੀਖੇ ॥੨੮॥

ਉਦੇ ਸਿੰਘ ਬੜੀ ਉੱਚੀ ਗੱਜਿਆ ਤੇ ਮਹਾਨ ਯੁੱਧ ਆਰੰਭ ਕਰ ਦਿੱਤਾ। ਤਿੱਖੇ ਤੀਰ ਛੱਡੇ ਤੇ ਬਲਵਾਨ ਸੂਰਬੀਰਾਂ ਨੂੰ ਵਿੰਨ੍ਹ ਕੇ ਰੱਖ ਦਿੱਤਾ॥ ੨੮॥

ਗੁਰੂ ਨੰਦ ਆਛੇ। ਕਰੇ ਬੋਲ ਪਾਛੇ। ਭਯੋ ਆਪ ਆਗੇ। ਮਹਾਂ ਕ੍ਰੋਧ ਜਾਗੇ ॥੨੯॥

ਗੁਰੂ ਜੀ ਦੇ ਪੁੱਤਰ ਅਜੀਤ ਸਿੰਘ ਨੂੰ ਆਵਾਜ਼ ਦੇ ਕੇ ਪਿੱਛੇ ਕੀਤਾ ਤੇ ਆਪ ਉਦੇ ਸਿੰਘ ਅੱਗੇ ਹੋ ਗਿਆ, ਉਸ ਸਮੇਂ ਉਸ ਵਿਚ ਮਹਾਨ ਕ੍ਰੋਧ ਜਾਗ ਪਿਆ॥ ੨੯॥

ਕਹਜੋ 'ਪੰਥ ਜਾਓ। ਗੁਰੂ ਪੈ ਸਿਧਾਓ। ਖਰੇ ਸੋ ਉਡੀਕੈਂ। ਚਲੈਂ ਫੇਰ ਨੀਕੇ' ॥੩੦॥

ਫਿਰ ਅਜੀਤ ਸਿੰਘ ਨੂੰ ਕਿਹਾ, "ਅੱਗੇ ਚਲੇ ਜਾਵੋ ਤੇ ਗੁਰੂ ਜੀ ਪਾਸ ਪਹੁੰਚ ਜਾਵੋ, ਉਹ ਖੜੇ ਹੋ ਕੇ ਤੁਹਾਡੀ ਉਡੀਕ ਕਰ ਰਹੇ ਹਨ, ਫਿਰ ਚੰਗੀ ਤਰ੍ਹਾਂ ਚਲੇ ਜਾਣਗੇ" ॥ ੩੦॥

ਕਹੈ ਬਾਰ ਬਾਰੀ। 'ਚਲੀਜੈ ਅਗਾਰੀ'। ਗੁਰੂ ਪੁੱਤ੍ਰ ਜੋਧਾ। ਪਿਖੇ ਸ਼ੱਤ੍ਰੁ ਕ੍ਰੋਧਾ ॥੩੧॥

ਬਾਰ-ਬਾਰ ਕਿਹਾ, "ਅੱਗੇ ਚਲੇ ਜਾਵੋ" ਗੁਰੂ ਪੁੱਤਰ ਯੋਧਾ, ਵੈਰੀ ਦੇ ਕ੍ਰੋਧ ਨੂੰ ਵੇਖ ਰਿਹਾ ਸੀ॥ ੩੧॥

ਨਹੀਂ ਜਾਨ ਚਾਹਾ। ਰਣੈਂ ਖੇਤ ਮਾਂਹਾ। ਪਿਤਾ ਬਾਕ ਜਾਨਾ। ਨ ਮੇਟੋਂ ਪਛਾਨਾ ॥੩੨॥

ਜਾਣਾ ਨਹੀਂ ਸੀ ਚਾਹੁੰਦਾ, ਰਣਖੇਤਰ ਵਿਚ ਯੁੱਧ ਕਰਨਾ ਚਾਹੁੰਦਾ ਸੀ। ਜਦ ਪਿਤਾ ਜੀ ਦੇ ਬਚਨਾਂ ਨੂੰ ਜਾਣਿਆ ਤਾਂ ਇਹ ਗੱਲ ਪਛਾਣੀ ਕਿ ਉਨ੍ਹਾਂ ਦੇ ਹੁਕਮਾਂ ਨੂੰ ਟਾਲਿਆ ਨਹੀਂ ਜਾ ਸਕਦਾ॥ ੩੨॥

ਗੁਰੂ ਓਰ ਚਾਲਾ। ਬਡੋ ਜੁੱਧ ਘਾਲਾ। ਉਦੇ ਸਿੰਘ ਗਾਢਾ। ਰਿਪੂ ਰੋਕਿ ਠਾਢਾ ॥੩੩॥

ਸਾਹਿਬਜ਼ਾਦਾ ਅਜੀਤ ਸਿੰਘ ਫਿਰ ਗੁਰੂ ਜੀ ਵੱਲ ਚਲ ਪਿਆ। ਉਦੇ ਸਿੰਘ ਨੇ ਫਿਰ ਵੱਡਾ ਯੁੱਧ ਕੀਤਾ, ਵੈਰੀ ਨੂੰ ਰੋਕ ਰੱਖਿਆ॥ ੩੩॥

ਦੋਹਰਾ- ਗੁਰ ਢਿਗ ਜੀਵਨ ਸਿੰਘ ਇਕ ਰੰਘਰੇਟਾ ਬਡ ਬੀਰ।
ਤਿਸ ਕੋ ਸ੍ਰੀ ਮੁਖ ਤੇ ਕਹਜੋ 'ਗਛ ਅਜੀਤ ਸਿੰਘ ਤੀਰ' ॥ ੩੪॥

ਗੁਰੂ ਜੀ ਪਾਸ ਜੀਵਨ ਸਿੰਘ ਨਾਮ ਦਾ ਇਕ ਵੱਡਾ ਸੂਰਬੀਰ ਰੰਘਰੇਟਾ ਸਿੰਘ ਸੀ, ਉਸ ਨੂੰ ਗੁਰੂ ਜੀ ਨੇ ਕਿਹਾ, "ਅਜੀਤ ਸਿੰਘ ਦੇ ਪਾਸ ਜਾਵੋ" ॥ ੩੪॥

ਲਲਿਤਪਦ ਛੰਦ-ਹਾਥ ਜੋਰਿ ਧਰਿ ਧੀਰਜ ਬੋਲਜੋ 'ਮਮ ਚਿਤ ਕੀ ਤੁਮ ਜਾਨੀ।
ਪਹੁੰਚਜੋਂ ਚਹੌਂ ਤਿਨਹੁਂ ਢਿਗ ਮੈਂ ਚਲਿ, ਆਇਸੁ ਆਪ ਬਖਾਨੀ ॥੩੫॥

ਭਾਈ ਜੀਵਨ ਸਿੰਘ ਹੱਥ ਜੋੜ ਕੇ ਧੀਰਜ ਧਾਰ ਕੇ ਬੋਲਿਆ, "ਮੇਰੇ ਚਿੱਤ ਦੀ ਗੱਲ ਤੁਸੀਂ ਜਾਣੀ ਹੈ, ਮੈਂ ਚਲ ਕੇ ਉਨ੍ਹਾਂ ਦੇ ਪਾਸ ਪਹੁੰਚਣਾ ਚਾਹੁੰਦਾ ਹਾਂ, ਆਪ ਜੀ ਨੇ ਹੁਣ ਆਗਿਆ ਕੀਤੀ ਹੈ॥ ੩੫॥

ਇਸ ਸਲਿਤਾ ਲਗਿ ਮੈਂ ਲੇ ਪਹੁਚੌਂ ਹਿੰਮਤ ਏਤਿਕ ਦੀਨੀ।
ਆਗੇ ਚਹਹੁ ਸੁ ਕਰਹੁ ਕ੍ਰਿਪਾਨਿਧਿ! ਪਰੀ ਲਰਾਈ ਪੀਨੀ' ॥ ੩੬॥

ਇਸ ਨਦੀ ਤਕ ਮੈਂ ਉਸ ਨੂੰ ਲੈ ਕੇ ਪਹੁੰਚਦਾ ਹਾਂ, ਆਪ ਜੀ ਨੇ ਏਨੀ ਹਿੰਮਤ ਬਖਸ਼ੀ ਹੈ ਕਿ ਇਸ ਨਦੀ ਤਕ ਅਜੀਤ ਸਿੰਘ ਜੀ ਨੂੰ ਲੈ ਕੇ ਆ ਪਹੁੰਚਾਂਗਾ। ਹੇ ਕਿਰਪਾਨਿਧ ਅੱਗੇ ਜਿਸ ਤਰ੍ਹਾਂ ਚਾਹੋ, ਕਰੋ, ਵੱਡਾ ਯੁੱਧ ਮੱਚ ਗਿਆ ਹੈ" ॥ ੩੬॥

ਸਰਸਾ ਨਾਮ ਹੁਤੋ ਇਕ ਨਾਲਾ ਤਿਸ ਕੇ ਤਟ ਗੁਰ ਠਾਢੇ।
ਸੁਨਿਕੈ ਜੀਵਣ ਸਿੰਘ ਤੇ ਬੋਲੇ 'ਗਮਨਹੁ ਹ੍ਵੈ ਕਰਿ ਗਾਢੇ॥ ੩੭॥

ਉਸ ਨਦੀ ਦਾ ਨਾਮ ਸਰਸਾ ਸੀ, ਜਿਸ ਦੇ ਕਿਨਾਰੇ ਗੁਰੂ ਜੀ ਖੜੇ ਸਨ, ਗੁਰੂ ਜੀ ਜੀਵਨ ਸਿੰਘ ਪਾਸੋਂ ਸੁਣ ਕੇ ਬੋਲੇ, "ਦ੍ਰਿੜ੍ਹਤਾ ਧਾਰ ਕੇ ਜਾਵੋ॥ ੩੭॥

ਪਹੁਚੋ ਇਸ ਨਾਲੇ ਕੇ ਤਟ ਲੋ ਇਹ ਮਰਜ਼ੀ ਜੇ ਤੇਰੀ।
ਆਇ ਇਹਾਂ ਲਗਿ ਹੀ ਤੂੰ ਪਹੁਚੈ ਆਗੇ ਗਮਨ ਨ ਹੋਰੀ॥ ੩੮॥

ਜੇ ਤੇਰੀ ਇਹੋ ਮਰਜ਼ੀ ਹੈ ਤਾਂ ਇਸ ਨਦੀ ਤਕ ਉਸ ਨੂੰ ਲੈ ਕੇ ਪਹੁੰਚੋ, ਤੂੰ ਏਥੋਂ ਤਕ ਹੀ ਪਹੁੰਚੇਂਗਾ, ਤੇਰੇ ਪਾਸੋਂ ਅੱਗੇ ਨਹੀਂ ਜਾਇਆ ਜਾਵੇਗਾ॥ ੩੮॥

ਕਹਤਿ ਜਹਾਂ ਲਗਿ ਪਹੁੰਚਨ ਤੈਂ ਅਬਿ, ਤਹਿਂ ਲੌ ਆਇਂ ਨਿਸੰਸੈ।
ਬਿਲਮ ਨ ਕਰਹੁ ਪਜਾਨਹੁ ਸਨਮੁਖ ਸਮੁਦਾਈ ਰਿਪੁ ਧ੍ਰੰਸੈ'॥ ੩੯॥

ਹੁਣ ਤੂੰ ਜਿਥੋਂ ਤਕ ਪਹੁੰਚਣ ਲਈ ਕਹਿੰਦਾ ਹੈ, ਏਥੋਂ ਤਕ ਸ਼ੰਕਾ ਰਹਿਤ ਹੋ ਕੇ ਪਹੁੰਚ ਜਾਵੇ, ਹੁਣ ਦੇਰ ਨਾ ਕਰੋ ਸਾਰਿਆਂ ਦੇ ਸਾਹਮਣੇ ਚਲੇ ਜਾਵੋ ਤੇ ਵੈਰੀ ਨੂੰ ਨਾਸ਼ ਕਰ ਦੇਵੋ"॥ ੩੯॥

ਸੁਨਿ ਪ੍ਰਭੁ ਬਾਕ, ਗਯੋ ਹਠ ਕਰਿਕੈ, ਸ਼ੀਘ੍ਰ ਪਹੂੰਚਜੋ ਜਾਈ।
ਊਚੇ ਬੋਲਤਿ ਸਿੰਘ ਪਛਾਨਤਿ ਫੈਲਜੋ ਤਮ ਸਮੁਦਾਈ॥ ੪੦॥

ਪ੍ਰਭੂ ਜੀ ਦੇ ਬਚਨ ਸੁਣ ਕੇ ਤੁਰਤ ਹੱਠ ਕਰਕੇ ਚਲਾ ਗਿਆ ਤੇ ਉਥੇ ਜਾ ਪਹੁੰਚਾ। ਉੱਚੀ ਬੋਲਣ ਤੇ ਸਿੰਘਾਂ ਨੇ ਪਛਾਣਿਆ ਸਾਰੇ ਹਨੇਰਾ ਫੈਲਿਆ ਹੋਇਆ ਸੀ॥ ੪੦॥

ਸਨੇ ਸਨੇ ਮਾਰਤਿ ਰਿਪੁ ਗਨ ਕੋ ਆਵਤਿ ਗੁਰ ਸੁਤ ਚਾਲਾ।
ਮਿਲਜੋ ਜਾਇ ਸਭਿ ਬਾਤ ਬਖਾਨੀ 'ਚਲੀਅਹਿ ਮਗ ਇਸ ਕਾਲਾ॥ ੪੧॥

ਹੌਲੀ-ਹੌਲੀ ਬਹੁਤ ਵੈਰੀਆਂ ਨੂੰ ਮਾਰਦਾ ਗੁਰੂ ਪੁੱਤਰ ਚਲਿਆ ਆ ਰਿਹਾ ਸੀ। ਮਿਲ ਕੇ ਜਾ ਕੇ ਸਾਰੀ ਗੱਲ ਕੀਤੀ, "ਇਸ ਸਮੇਂ ਮਾਰਗ ਵਿਚ ਚਲ ਪਵੋ॥ ੪੧॥

ਕਰੈਂ ਪ੍ਰਤੀਖਨ, ਮੋਹਿ ਪਠਾਯੋ, ਉਦੇ ਸਿੰਘ ਰਿਪੁ ਰੋਕੇ'।
ਸੁਨਿ ਅਜੀਤ ਸਿੰਘ ਸੁਭਟ ਪ੍ਰਭੁ ਸੁਤ ਮਿਟੇ ਤੁਰਕ ਅਵਲੋਕੇ॥ ੪੨॥

ਸਤਿਗੁਰੂ ਜੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ, ਮੈਨੂੰ ਲੈਣ ਵਾਸਤੇ ਭੇਜਿਆ ਹੈ, ਉਦੇ ਸਿੰਘ ਨੇ ਓਧਰ ਵੈਰੀ ਨੂੰ ਰੋਕ ਰੱਖਿਆ ਹੈ।" ਇਹ ਸੁਣ ਕੇ ਪ੍ਰਭੂ ਪੁੱਤਰ ਅਜੀਤ ਸਿੰਘ ਸੂਰਬੀਰ ਨੇ ਕਿਹਾ ਵੇਖੋ ਸਾਰੇ ਤੁਰਕ ਦੂਰ ਰੋਕੇ ਹੋਏ ਹਨ॥ ੪੨॥

ਤਊ ਗਮਨ ਕਰਿ ਸਨੇ ਸਨੇ ਚਲਿ ਲਰਤਿ ਉਦੇ ਸਿੰਘ ਜਾਨਾ।
ਆਗੇ ਸਤਿਗੁਰ ਕੇ ਬਿਹੀਰ ਸਭਿ, ਰਣ ਤੇ ਤ੍ਰਸਤਿ ਪਜਾਨਾ॥ ੪੩॥

ਫਿਰ ਵੀ ਸਹਿਜੇ-ਸਹਿਜੇ ਚਲੇ, ਕਿਉਂਕਿ ਜਾਣ ਲਿਆ ਹੈ ਕਿ ਉਦੇ ਸਿੰਘ ਲੜ ਰਿਹਾ ਹੈ। ਗੁਰੂ ਜੀ ਦੇ ਅੱਗੇ ਜੋ ਵਹੀਰ ਸੀ, ਉਹ ਸਾਰੇ ਜੰਗ ਤੋਂ ਡਰਦੇ ਭੱਜੇ ਜਾ ਰਹੇ ਸਨ॥ ੪੩॥

ਸਨੇ ਸਨੇ ਤਿਨ ਰੱਛਕ ਹ੍ਵੈ ਕਰਿ ਮਾਰਗ ਸ਼੍ਰੀ ਪ੍ਰਭੁ ਚਾਲੇ।
ਰੋਪਰ ਲਗਿ ਨਿਰਬਾਹ ਕਰੇ ਸਭਿ, ਪੀਛੇ ਜੰਗ ਬਿਸਾਲੇ॥ ੪੪॥

ਉਸ ਵਹੀਰ ਦੇ ਰਖਵਾਲੇ ਹੋ ਕੇ ਸਹਿਜੇ-ਸਹਿਜੇ ਗੁਰੂ ਜੀ ਨਾਲ ਜਾਂਦੇ ਰੋਪੜ ਤਕ ਸਾਰੇ ਪਹੁੰਚਾ ਦਿੱਤੇ, ਪਿੱਛੋਂ ਉਦੇ ਸਿੰਘ ਵਾਲਾ ਭਾਰੀ ਯੁੱਧ ਹੁੰਦਾ ਰਿਹਾ॥ ੪੪॥

ਸਿੰਘ ਪੰਚ ਸੈ ਸੰਗ ਹੁਤੇ ਭਟ ਗਢ ਕੋ ਜਬਿ ਤਜਿ ਆਏ।
ਕੇਤਿਕ ਉਦੇ ਸਿੰਘ ਕੇ ਸੰਗੀ ਲਰਤਿ ਜੰਗ ਮਹਿਂ ਜਾਏ॥ ੪੫॥

ਗੁਰੂ ਜੀ ਨਾਲ ਪੰਜ ਸੌ ਸਿੱਖ ਸੀ ਜਦ ਕਿਲ੍ਹੇ ਨੂੰ ਛੱਡ ਕੇ ਆਏ ਸਨ। ਕਈ ਉਦੇ ਸਿੰਘ ਦੇ ਸਾਥੀ, ਜੰਗ ਵਿਚ ਜਾ ਕੇ ਲੜਦੇ ਸਨ॥ ੪੫॥

ਕੇਤਿਕ ਗੁਰ ਸੁਤ ਕੇ ਹੁਇ ਸੰਗੀ ਜ੍ਵਾਲਾ ਬਮਣੀ ਛੋਰੈਂ।
ਔਰ ਸਕਲ ਕਲਗ਼ੀਧਰ ਕੇ ਢਿਗ ਮਿਲਹਿਂ, ਸ਼ੱਤ੍ਰੂ ਹਤਿ ਮੋਰਹਿਂ॥ ੪੬॥

ਕਈ ਗੁਰੂ ਪੁੱਤਰ ਦੇ ਸਾਥੀ ਬਣੇ ਸਨ, ਜਿਹੜੇ ਬੰਦੂਕਾਂ ਚਲਾਉਂਦੇ ਸਨ। ਹੋਰ ਸਾਰੇ ਕਲਗੀਧਰ ਦੇ ਪਾਸ ਆ ਮਿਲੇ, ਵੈਰੀ ਨੂੰ ਮਾਰ ਕੇ ਮੋੜਦੇ ਸਨ॥ ੪੬ ॥

ਸੁਨਹੁ ਉਦੇ ਸਿੰਘ ਸੌਂ ਰਣ ਭਾ ਜਿਮ ਢੂਕੇ ਤੁਰਕ ਪਹਾਰੀ।
ਜਾਨਜੋਂ ਗੁਰੂ ਇਹਾਂ ਰਣ ਘਾਲਤਿ, ਪਕਰ ਕਿਧੌਂ ਲਿਹੁ ਮਾਰੀ॥ ੪੭॥

ਜਿਵੇਂ ਉਦੇ ਸਿੰਘ ਨਾਲ ਜੰਗ ਹੋਇਆ, ਉਸ ਬਾਰੇ ਸੁਣੋ। ਪਹਾੜੀਏ ਅਤੇ ਤੁਰਕ ਜਦ ਢੁੱਕ ਕੇ ਨੇੜੇ ਆ ਗਏ। ਉਨ੍ਹਾਂ ਇਹ ਜਾਣਿਆ ਕਿ ਗੁਰੂ ਜੀ ਏਥੇ ਯੁੱਧ ਕਰ ਰਹੇ ਹਨ, ਉਨ੍ਹਾਂ ਸੋਚਿਆ ਇਨ੍ਹਾਂ ਨੂੰ ਫੜ ਲਈਏ ਜਾਂ ਮਾਰ ਦੇਈਏ॥ ੪੭॥

ਪਾਇ ਜ਼ੋਰ ਅਨਗਨਤ ਚਮੂੰ ਤਬਿ ਉਮਡੀ ਓਰੜ ਆਈ।
ਧੁਖਹਿਂ ਪਲੀਤੇ, ਛੁਟਹਿਂ ਗੁਲਕਾ, ਗਿਰਹਿਂ ਬੀਰ ਸਮੁਦਾਈ॥ ੪੮॥

ਜ਼ੋਰ ਪਾ ਕੇ ਫਿਰ ਅਣਗਿਣਤ ਸੈਨਾ ਉਮਡ ਕੇ ਆ ਪਈ। ਪਲੀਤੇ ਧੁੱਖਦੇ ਸਨ, ਗੋਲੀਆਂ ਚਲਦੀਆਂ ਸਨ ਤੇ ਸਾਰੇ ਸੂਰਬੀਰ ਡਿੱਗ ਰਹੇ ਸਨ॥ ੪੮॥

ਰੁਪਜੋ ਉਦੈ ਸਿੰਘ ਤਜਤਿ ਨ ਥਲ ਕੋ ਹਤਹਿ ਤੀਰ ਕਰਿ ਕ੍ਰੋਧਾ।
ਲਲਕਾਰਤਿ 'ਮਾਰਹੁ ਰਿਪੁ ਗਨੁ ਕੋ' ਇਮ ਕਹਿ ਆਗਾ ਰੋਧਾ॥ ੪੯॥

ਕ੍ਰੋਧ ਵਿਚ ਆਇਆ ਉਦੇ ਸਿੰਘ ਆਪਣਾ ਸਥਾਨ ਨਹੀਂ ਸੀ ਛੱਡ ਰਿਹਾ, ਬੜੇ ਕ੍ਰੋਧ ਵਿਚ ਆ ਕੇ ਤੀਰ ਚਲਾ ਕੇ ਵੈਰੀ ਨੂੰ ਮਾਰ ਰਿਹਾ ਸੀ। ਕਈ ਵੈਰੀਆਂ ਨੂੰ ਲਲਕਾਰ ਕੇ ਮਾਰਦਾ ਸੀ, ਇਸ ਪ੍ਰਕਾਰ ਕਹਿ ਕੇ ਅੱਗਾ ਰੋਕਦਾ ਸੀ॥ ੪੯॥

ਤਮ ਮਹਿਂ ਗਿਰਹਿਂ ਤੁਰਕ, ਗਿਰਬਾਸੀ, ਘਾਲਹਿਂ ਹੇਲ ਬਿਸਾਲੇ।
ਬਹੁਤ ਅਲਪ ਕੁਛ ਲਖੇ ਨ ਜਾਂਹੀ ਭਾ ਸੰਗ੍ਰਾਮ ਕਰਾਲੇ॥ ੫੦॥

ਹਨੇਰੇ ਵਿਚ ਤੁਰਕ ਅਤੇ ਪਹਾੜੀਏ ਡਿੱਗਦੇ ਜਾਂਦੇ ਸਨ ਤੇ ਵੱਡਾ ਹੱਲਾ ਕਰਦੇ ਸਨ। ਸਿੰਘਾਂ ਦੀ ਬਹੁਤ ਥੋੜੀ ਗਿਣਤੀ ਸੀ, ਫਿਰ ਵੀ ਜਾਣਿਆ ਨਹੀਂ ਸੀ ਜਾਂਦਾ, ਵਿਕਰਾਲ ਯੁੱਧ ਹੋ ਰਿਹਾ ਸੀ॥ ੫੦॥

ਹੜ ਹੜ ਹਸਤਿ ਜੋਗਨੀ ਨਾਚਹਿਂ ਭੂਤ ਪ੍ਰੇਤ ਬੈਤਾਲਾ।
ਜੰਬੁਕ ਬ੍ਰਿੰਦ ਪੁਕਾਰੈਂ ਦਾਰੁਣ ਆਮਿਖ ਭਖੈਂ ਬਿਸਾਲਾ॥ ੫੧॥

ਹੜਹੜ ਕਰਦੀਆਂ ਜੋਗਨੀਆਂ ਹੱਸਦੀਆਂ ਸਨ, ਭੂਤ, ਪ੍ਰੇਤ ਤੇ ਬੇਤਾਲ ਨੱਚਦੇ ਸਨ। ਗਿੱਦੜ ਬਹੁਤ ਹਵਾਂਕਦੇ ਸਨ, ਭਿਆਨਕ ਰੂਪ ਧਾਰ ਕੇ ਬਹੁਤ ਮਾਸ ਖਾਂਦੇ ਸਨ॥ ੫੧॥

ਤਮ ਮਹਿਂ ਜਿਮ ਜੀਂਗਣ ਝਮਕੰਤੇ ਧੁਖੈਂ ਪਲੀਤੇ ਪੁੰਜਾ।
ਤੜ ਭੜ ਸ਼ਬਦ ਧਾਨ ਬਹੁ ਲੈ ਜਿਮ ਭਾੜ ਬਿਖੈ ਕਿਨ ਭੁੰਜਾ॥ ੫੨॥

ਜਿਵੇਂ ਰਾਤ ਵਿਚ ਜੁਗਨੂੰ ਟਿਮਟਮਾਂਦੇ ਹਨ, ਇਸ ਪ੍ਰਕਾਰ ਬੰਦੂਕਾਂ ਦੇ ਪਲੀਤੇ ਧੁੱਖਦੇ ਸਨ, ਤੜਤੜ ਦੀ ਬਹੁਤ ਆਵਾਜ਼ ਹੋ ਰਹੀ ਸੀ, ਜਿਵੇਂ ਭੱਠੀ ਵਿਚ ਕੋਈ ਧਾਨ ਭੁੰਨ ਰਿਹਾ ਹੋਵੇ॥ ੫੨॥

ਗਿਰਹਿਂ ਸਿੰਘ ਸਨਮੁਖ ਹਤਿ ਸ਼ੱਤ੍ਰੁਨਿ ਬਰੈਂ ਬਰੰਗਨ ਆਈ।
ਲੋਥ ਪੋਥਨਾ ਹੋਤਿ ਜਹਾਂ ਕਹਿਂ ਅਟਕ ਪੈਰ ਗਿਰ ਜਾਈ॥ ੫੩॥

ਸਿੰਘਾਂ ਸਾਹਮਣੇ ਜਿਹੜੇ ਵੈਰੀ ਮਰ ਕੇ ਡਿੱਗ ਪੈਂਦੇ ਸਨ, ਦੇਵ ਇਸਤਰੀਆਂ ਉਨ੍ਹਾਂ ਨੂੰ ਵਰ ਕੇ ਲੈ ਜਾਂਦੀਆਂ ਸਨ, ਜਿੱਥੇ ਕਿੱਥੇ ਲੋਥਾਂ ਉੱਤੇ ਲੋਥਾਂ ਚੜ੍ਹੀਆਂ ਸਨ, ਜਿਨ੍ਹਾਂ ਵਿਚ ਪੈਰ ਅਟਕ ਕੇ ਮਨੁੱਖ ਡਿੱਗ ਪੈਂਦੇ ਸਨ॥ ੫੩॥

ਤਿਸ ਊਪਰ ਤੀਜਾ ਗਿਰ ਪਰਿ ਹੈ ਦਰੜੇ ਆਪਸ ਮਾਂਹੀ।
ਪਰੇ ਕਰਾਹੈਂ ਉਠਿ ਹੁੰਕਾਰਾ 'ਹਾਇ ਹਾਇ' ਬਹੁ ਪ੍ਰਾਹੀਂ॥ ੫੪॥

ਉਨ੍ਹਾਂ ਲੋਥਾਂ ਉੱਤੇ ਹੀ ਤੀਸਰਾ ਡਿੱਗ ਪੈਂਦਾ ਸੀ ਤੇ ਆਪਸ ਵਿਚ ਦਰੜੇ ਜਾਂਦੇ ਸਨ, ਪਏ-ਪਏ ਕਰਾਹੁੰਦੇ ਸਨ ਤੇ ਉੱਠ ਕੇ ਹਾਇ-ਹਾਇ ਕਰਕੇ ਬਹੁਤ ਹੂੰਗਦੇ ਸਨ॥ ੫੪॥

ਬਿਨ ਮਾਰੇ ਸ਼ੱਤ੍ਰੂ ਗਨ ਮਰਿ ਗੇ ਗਿਰੇ ਠੋਕਰਾਂ ਖੈ ਕੇ।
ਜ਼ੋਰਦਸਤ ਅਰੁ ਖਾਨ ਵਜੀਦਾ ਬੋਲੇ ਊਚ ਰਿਸੈ ਕੇ॥ ੫੫॥

ਬਿਨ ਮਾਰਿਆਂ ਹੀ ਬਹੁਤ ਵੈਰੀ ਮਰ ਗਏ, ਠੋਕਰਾਂ ਖਾ ਕੇ ਡਿੱਗ ਕੇ ਮਰ ਗਏ। ਜ਼ਬਰਦਸਤ ਖਾਂ ਅਤੇ ਵਜੀਦ ਖਾਂ, ਗੁੱਸੇ ਵਿਚ ਆ ਕੇ ਬੜੀ ਉੱਚੀ ਦਿੱਤੀ ਬੋਲੇ॥ ੫੫॥

'ਕਹਾਂ ਭਯੋ ਤੁਮ ਕਜੋਂ ਬਲ ਹਾਰਜੋ, ਅਲਪ ਸਿੰਘ ਨਹਿਂ ਮਾਰੇ।
ਪਕਰੋ ਗੁਰ ਕੋ ਨਹਿਂ ਤ ਮਾਰ ਦਿਹੁ ਲਾਖਹੁ ਤੁਮ ਬਲ ਹਾਰੇ'॥ ੫੬॥

"ਤੁਹਾਨੂੰ ਕੀ ਹੋ ਗਿਆ ਹੈ, ਸ਼ਕਤੀ ਹਾਰ ਗਏ ਹੋ, ਥੋੜ੍ਹੇ ਸਿੰਘਾਂ ਨੂੰ ਵੀ ਮਾਰ ਨਹੀਂ ਸਕੇ ਹੋ, ਗੁਰੂ ਜੀ ਨੂੰ ਫੜੋ, ਜਾਂ ਮਾਰ ਦੇਵੋ, ਲੱਖਾਂ ਦੀ ਗਿਣਤੀ ਵਿਚ ਹੋ ਕੇ ਵੀ ਤੁਸੀਂ ਬਲ ਹਾਰ ਗਏ ਹੋ"॥ ੫੬॥

ਜਥੇਦਾਰ ਜੇ ਨਿਕਟ ਖਰੇ ਥੇ ਦੇ ਕਰਿ ਗਾਰਿ ਪਠਾਏ।
'ਜਾਨ ਨ ਪਾਵੈ ਗੁਰੁ ਜੰਗ ਕਰਿ, ਪਕਰਹੁ' ਕਹਿ ਕਹਿ ਧਾਏ॥ ੫੭॥

ਜਥੇਦਾਰ ਜਿਹੜੇ ਪਾਸ ਖੜੇ ਸਨ, ਉਨ੍ਹਾਂ ਨੂੰ ਗਾਲ੍ਹਾਂ ਕੱਢ ਕੇ ਭੇਜਿਆ, "ਗੁਰੂ ਜੀ ਜੰਗ ਕਰਕੇ ਚਲੇ ਨਾ ਜਾਣ, ਧਾਵੇ ਬੋਲ ਬੋਲ ਕੇ ਉਨ੍ਹਾਂ ਨੂੰ ਫੜੋ॥ ੫੭॥

'ਹਜ਼ਰਤਿ ਬਖਸ਼ੈ ਬਹੁ ਬਖਸ਼ੀਸ਼ਾਂ ਜੇ ਗੁਰ ਗਹਿ ਲੇ ਚਾਲੈਂ'।
ਇਮ ਕਹਿ ਸੁਨਿ ਕਰਿ ਧਾਇ ਪਰ ਖਲ ਤਜੀ ਤੁਫੰਗਨਿ ਜਾਲੈਂ॥ ੫੮॥

ਬਾਦਸ਼ਾਹ ਤੁਹਾਨੂੰ ਬਹੁਤ ਬਖਸ਼ੀਸ਼ਾਂ ਦੇਵੇਗਾ, ਜੇ ਗੁਰੂ ਜੀ ਨੂੰ ਫੜ ਕੇ ਲੈ ਜਾਵਾਂਗੇ।" ਇਸ ਪ੍ਰਕਾਰ ਕਹਿ ਸੁਣ ਕੇ ਅੱਗੇ ਹਮਲਾ ਕੀਤਾ ਤੇ ਮੂਰਖਾਂ ਨੇ ਬਹੁਤ ਬੰਦੂਕਾਂ ਛੱਡੀਆਂ॥ ੫੮॥

ਰਸਾਵਲ ਛੰਦ-ਹਜ਼ਾਰੋਂ ਸੰਘਾਰੇ। ਖਰੇ ਧੀਰ ਧਾਰੇ। ਨਹੀਂ ਸਿੰਘ ਹਾਲੇ। ਬਡੇ ਹੇਲ ਘਾਲੇ॥੫੯॥

ਹਜ਼ਾਰਾਂ ਮਾਰੇ, ਪਰ ਸਿੰਘ ਧੀਰਜ ਧਾਰ ਕੇ ਖੜੇ ਰਹੇ, ਹਿੱਲੇ ਨਹੀਂ, ਵੱਡਾ ਹਮਲਾ ਕੀਤਾ॥ ੫੯॥

ਲਗੈ ਆਨ ਗੋਰੀ। ਤਨੁ ਦੇਤਿ ਫੋਰੀ। ਮਿਲੈਂ ਹੱਥ ਵੱਥੈਂ। ਮਹਾਂ ਓਜ ਸੱਥੈ॥੬੦॥

ਗੋਲੀ ਆਣ ਲੱਗਦੀ ਸੀ, ਸਰੀਰ ਪਾੜ ਦਿੰਦੀ ਸੀ, ਹੱਥ ਵੱਥੋ ਹੋ ਕੇ ਮਿਲਦੇ ਸਨ, ਬਹੁਤ ਸ਼ਕਤੀ ਲਾਉਂਦੇ ਸਨ॥੬੦॥

ਤੁਫੰਗਨਿ ਡਾਰੀ। ਕ੍ਰਿਪਾਨੈ ਨਿਕਾਰੀ। ਜੁਟੇ ਸਿੰਘ ਸੂਰੇ। ਬਡੇ ਕ੍ਰੋਧ ਪੂਰੇ॥੬੧॥

ਬੰਦੂਕਾਂ ਸੁੱਟ ਦਿੱਤੀਆਂ, ਕ੍ਰਿਪਾਨਾਂ ਕੱਢ ਲਈਆਂ, ਸਿੰਘ ਸੂਰਬੀਰ ਜੁੱਟ ਪਏ, ਵੱਡਾ ਕ੍ਰੋਧ ਧਾਰਨ ਕੀਤਾ॥ ੬੧॥

ਦਗਾ ਦੁਸ਼ਟ ਕੀਨੇ। ਅਧਰਮੀ ਸੁ ਚੀਨੇ। ਲਰੇ ਮਾਰ ਕੇਤੇ। ਗਿਰੇ ਸਿੰਘ ਖੇਤੇ॥੬੨॥

ਦੁਸ਼ਟਾਂ ਨੇ ਦਗ਼ਾ ਕੀਤਾ ਸੀ, ਧਰਮ ਰਹਿਤ ਸਮਝੇ, ਕਈ ਲੜ ਕੇ ਮਾਰ ਦਿੱਤੇ, ਕਈ ਯੁੱਧ ਦੇ ਮੈਦਾਨ ਵਿਚ ਸਿੰਘ ਡਿੱਗ ਪਏ॥ ੬੨॥

ਰਹੇ ਫੇਰ ਥੋਰੇ। ਪਰਜੋ ਖੇਤ ਘੋਰੇ। ਉਦੇ ਸਿੰਘ ਕ੍ਰੋਧਾ। ਰੁਪਜੋ ਪੈਰ ਜੋਧਾ॥੬੩॥

ਫਿਰ ਸਿੰਘ ਬਹੁਤ ਥੋੜ੍ਹੇ ਰਹਿ ਗਏ, ਰਣਖੇਤਰ ਵਿਚ ਘੋਰਾ ਪੈ ਗਿਆ। ਉਦੇ ਸਿੰਘ ਨੇ ਬਹੁਤ ਕ੍ਰੋਧ ਧਾਰਨ ਕੀਤਾ, ਯੋਧਾ ਬਹੁਤ ਗੁੱਸੇ ਵਿਚ ਆ ਗਿਆ॥ ੬੩॥

ਹਟਜੋ ਨਾਂਹਿ ਪਾਛੇ। ਤਜੈ ਬਾਨ ਆਛੇ। ਮਿਲੇ ਸ਼ੱਤ੍ਰ ਆਈ। ਚਹੂੰ ਓਰ ਧਾਈ ॥੬੪ ॥

ਉਹ ਪਿੱਛੇ ਨਾ ਹਟਿਆ, ਚੰਗੀ ਤਰ੍ਹਾਂ ਤੀਰ ਛੱਡਦਾ ਸੀ, ਵੈਰੀ ਆ ਮਿਲੇ, ਚਾਰੇ ਪਾਸੇ ਧਾਵਾ ਬੋਲ ਕੇ ਪੈ ਗਏ॥ ੬੪ ॥

ਘਿਰਜੋ ਬੀਚ ਘੇਰੇ। ਬਿਲੋਕੇ ਚੁਫੇਰੇ। ਤਊ ਧੀਰ ਧਾਰੇ। ਤਜੈ ਤੀਰ ਸਾਰੇ ॥੬੫ ॥

ਸੂਰਬੀਰ ਘੇਰੇ ਵਿਚ ਘਿਰ ਗਿਆ, ਚਾਰ-ਚੁਫੇਰੇ ਵੇਖਿਆ, ਫਿਰ ਵੀ ਧੀਰਜ ਧਾਰਿਆ। ਸਾਰੇ ਤੀਰ ਛੱਡ ਦਿੱਤੇ॥ ੬੫ ॥

ਭਯੋ ਛੂਛ ਭਾਥਾ। ਤਜਜੋ, ਚਾਮ ਹਾਥਾ। ਕਰਾਚੋਲ ਕਾਢੇ। ਕਿਤੇ ਦੁਸ਼ਟ ਬਾਢੇ ॥੬੬ ॥

ਉਦੇ ਸਿੰਘ ਦਾ ਤੀਰਾਂ ਵਾਲਾ ਭੱਥਾ ਖਾਲੀ ਹੋ ਗਿਆ, ਚਮੜੇ ਨੂੰ ਛੱਡ ਦਿੱਤਾ, ਤਲਵਾਰ ਕੱਢੀ, ਕਈ ਦੁਸ਼ਟਾਂ ਨੂੰ ਕੱਟ ਦਿੱਤਾ॥ ੬੬ ॥

ਜਿਤੇ ਸਿੰਘ ਸੰਗੀ। ਕ੍ਰਿਪਾਨੈਂ ਸੁ ਨੰਗੀ। ਲਏ ਘੇਰ ਸਾਰੇ। ਜਥਾ ਖੇਤ ਬਾਰੇ ॥੬੭ ॥

ਜਿੰਨੇ ਵੀ ਸੰਗੀ ਸਿੰਘ ਸਨ, ਸਾਰਿਆਂ ਨੇ ਤਲਵਾਰਾਂ ਨੰਗੀਆਂ ਕੀਤੀਆਂ, ਸਾਰਿਆਂ ਨੂੰ ਘੇਰ ਲਿਆ, ਵਾੜ ਜਿਵੇਂ ਖੇਤ ਨੂੰ ਘੇਰਦੀ ਹੈ॥ ੬੭ ॥

ਮਨੋ ਚੰਦ ਭਾਨਾ। ਪ੍ਰਵਾਰੇ ਮਹਾਨਾ। ਚਲੇ ਬਾਨ ਗੋਰੀ। ਦਈ ਦੇਹਿ ਫੋਰੀ ॥੬੮ ॥

ਮਾਨੋ ਚੰਦ ਸੂਰਜ ਨੂੰ ਉਸ ਦੇ ਪਰਿਵਾਰ ਨੇ ਘੇਰਾ ਪਾ ਲਿਆ ਹੋਵੇ। ਗੋਲੀਆਂ ਅਤੇ ਤੀਰ ਚਲਦੇ ਸਨ ਤੇ ਦੇਹੀ ਨੂੰ ਪਾੜ ਦਿੰਦੇ ਸਨ॥ ੬੮ ॥

ਬਡੇ ਖੱਗ ਬਾਹੇ। ਮਹਾਂ ਸ਼ੱਤ੍ਰ ਗਾਹੇ। ਗਿਰੇ ਸਿੰਘ ਮਾਰੇ। ਸੁ ਸੁਰਗੀ ਸਿਧਾਰੇ ॥੬੯ ॥

ਬਹੁਤ ਤਲਵਾਰਾਂ ਚਲਾਈਆਂ, ਬਹੁਤ ਵੈਰੀ ਮਾਰੇ, ਮਰੇ ਹੋਏ ਸਿੰਘ ਡਿੱਗਦੇ ਜਾਂਦੇ ਸਨ, ਉਹ ਸਵਰਗਾਂ ਵਿਚ ਚਲੇ ਜਾਂਦੇ ਸਨ॥ ੬੯ ॥

ਉਦੇ ਸਿੰਘ ਏਕੂ। ਪ੍ਰਹਾਰੇ ਅਨੇਕੂ। ਜਿਤੈ ਕੂਦਿ ਜਾਵੈ। ਤਿਤੈ ਮਾਰਿ ਘਾਵੈ ॥੭੦ ॥

ਇਕ ਉਦੇ ਸਿੰਘ ਨੇ, ਅਨੇਕ ਮਾਰ ਦਿੱਤੇ, ਜਿੰਨੇ ਵੀ ਕੁਦ ਜਾਂਦੇ ਸਨ, ਓਨੇ ਹੀ ਮਾਰ ਦਿੰਦੇ ਸਨ॥ ੭੦ ॥

ਨਹੀਂ ਨੇਰ ਢੂਕੇ। 'ਹਤੋ' ਭਾਖਿ ਕੂਕੇ। ਨਹੀਂ ਨੇਰ ਹੋਵੈਂ। ਰੁਪਜੋ ਸਿੰਘ ਜੋਵੈਂ ॥੭੧ ॥

ਕੋਈ ਵੀ ਨੇੜੇ ਨਹੀਂ ਆਉਂਦਾ ਸੀ, 'ਮਾਰ ਦੇਵੋ' ਕਹਿ ਕੇ ਪੁਕਾਰਦੇ ਸਨ, ਪਰ ਨੇੜੇ ਨਹੀਂ ਹੁੰਦੇ ਸਨ, ਸਿੰਘ ਨੂੰ ਗੁੱਸੇ ਵਿਚ ਆਇਆ ਵੇਖਦੇ ਸਨ॥ ੭੧ ॥

ਦੋਹਰਾ-ਤੁਰਕ ਪਹਾਰੀ ਬਹੁ ਹਤੇ ਖੇਤ ਪਰਜੋ ਸਮੁਦਾਇ।
ਗੁਰ ਪ੍ਰਤਾਪ ਤੇ ਏਕ ਹੀ ਲਰਤਿ ਲਾਖ ਰਿਪੁ ਆਇ॥ ੭੨ ॥

ਬਹੁਤ ਤੁਰਕ ਪਹਾੜੀਏ ਮਰੇ ਹੋਏ ਰਣਖੇਤਰ ਵਿਚ ਪਏ ਸਨ। ਗੁਰੂ ਜੀ ਦੇ ਪ੍ਰਤਾਪ ਨਾਲ ਇਕ ਹੀ ਲੜ ਰਿਹਾ ਸੀ, ਲੱਖਾਂ ਵੈਰੀ ਲੜਨ ਵਾਸਤੇ ਆਏ ਸਨ॥ ੭੨ ॥

ਚੌਪਈ-ਬਹੁ ਜ੍ਵਾਲਾਬਮਣੀ ਤਬਿ ਤਜਾਰੀ। ਉਦੇ ਸਿੰਘ ਕੇ ਕੇਤਿਕ ਲਾਗੀ।
ਘਾਇਲ ਭਯੋ ਸ਼੍ਰੋਣ ਨਿਚੁਰੰਤਾ। ਭੀਗੇ ਸਰਬ ਚੀਰ ਦਿਖਰੰਤਾ॥ ੭੩ ॥

ਫਿਰ ਬਹੁਤ ਬੰਦੂਕਾਂ ਛੱਡੀਆਂ, ਉਦੇ ਸਿੰਘ ਨੂੰ ਕਈ ਗੋਲੀਆਂ ਲੱਗੀਆਂ, ਘਾਇਲ ਹੋ ਗਿਆ, ਲਹੂ ਵਗਦਾ ਸੀ। ਸਾਰੇ ਵਸਤਰ ਭਿੱਜੇ ਹੋਏ ਦਿਖਾਈ ਦਿੰਦੇ ਸਨ॥ ੭੩ ॥

ਨਹੀਂ ਮੂਰਛਾ ਪਾਇ ਸੁ ਤਾਂਹਿ। ਬਹੁਰੋ ਖੜਗ ਹਨੈ ਰਨ ਮਾਂਹਿ।
ਸ੍ਰੀ ਗੁਰ ਇਹੀ ਜਾਨਿ ਰਿਪੁ ਅਰੇ। ਹ੍ਵੈ ਕਰਿਕ ਹਤਿ, ਘਾਇਲ ਕੋ ਮਰੇ ॥੭੪ ॥

ਫਿਰ ਵੀ ਉਹ ਬੇਹੋਸ਼ ਨਾ ਹੋਇਆ, ਫਿਰ ਵੀ ਉਹ ਰਣਖੇਤਰ ਵਿਚ ਤਲਵਾਰ ਚਲਾਉਂਦਾ ਸੀ। ਇਹੋ ਹੀ ਗੁਰੂ ਜੀ ਹਨ, ਵੈਰੀ ਇਹ ਜਾਣ ਕੇ ਅੜ ਗਏ। ਬਾਕੀ ਦੇ ਸਾਥੀ ਘਾਇਲ ਹੋ ਕੇ ਮਰ ਰਹੇ ਹਨ ਤੇ ਕਈ ਮਰ ਗਏ ਹਨ, ਵੈਰੀ ਇਹ ਸਮਝ ਰਹੇ ਹਨ॥ ੨੪॥

ਕਰਿ ਕਰਿ ਹੇਲਾ ਧਾਇ ਢਿਗ ਢੂਕੇ। 'ਮਾਰ ਮਾਰ' ਕਰਿ ਕੈ ਮੁਖ ਕੂਕੇ।
ਤਊ ਨਿਕਟ ਨਹਿਂ ਪਹੁਚੇ ਰਿਪੁ ਗਨ। ਮਾਰਹਿ ਜੋਧਾ ਇਮ ਲਖਿ ਡਰ ਮਨ॥੨੫॥

ਹੱਲਾ ਕਰ ਕਰ ਵੱਧ ਕੇ ਅੱਗੇ ਢੁੱਕ ਗਏ, ''ਮਾਰ ਲਵੋ ਮਾਰ ਲਵੋ'' ਮੁੱਖ ਤੋਂ ਪੁਕਾਰਦੇ ਸਨ। ਫਿਰ ਵੀ ਵੈਰੀ ਨੇੜੇ ਨਹੀਂ ਪਹੁੰਚਦੇ ਸਨ ਕਿਤੇ ਯੋਧੇ ਸਾਨੂੰ ਮਾਰ ਨਾ ਲੈਣ, ਇਸ ਪ੍ਰਕਾਰ ਮਨ ਵਿਚ ਡਰ ਮੰਨਦੇ ਸਨ॥ ੨੫॥

ਡੇਢ ਪਹਿਰ ਲੌ ਰਿਪੁ ਦਲ ਰੋਕੇ। ਹਨੇ ਧਾਇ ਜਿਤ ਜਾਇ ਬਿਲੋਕੇ।
ਦੇਵ ਬਧੂ ਲੇ ਆਇ ਬਿਬਾਨੇ। 'ਮੈਂ ਬਰ ਹੌਂ, ਮੈਂ ਬਰੌਂ' ਬਖਾਨੇ॥ ੨੬॥

ਡੇਢ ਪਹਿਰ ਤਕ ਵੈਰੀ ਦੇ ਦਲ ਨੂੰ ਰੋਕਿਆ, ਦੌੜ ਕੇ ਮਾਰੇ, ਜਿਹੜੇ ਵੀ ਜਾ ਕੇ ਵੇਖੇ। ਦੇਵਤਿਆਂ ਦੀਆਂ ਇਸਤਰੀਆਂ ਬਿਬਾਨ ਲੈ ਕੇ ਆਈਆਂ, ''ਮੈਂ ਵਰਾਂਗੀ, ਮੈਂ ਵਰਾਂਗੀ'', ਆਪਸ ਵਿਚ ਕਹਿੰਦੀਆਂ ਸਨ॥ ੨੬॥

'ਐਸੋ ਮਹਾਂਬੀਰ ਮਮ ਲਾਯਕ। ਲਰਹਿ ਇਕਾਕੀ ਲਾਖਹੁਂ ਘਾਇਕ'।
ਚਲੀ ਹਜ਼ਾਰਹੁਂ ਜਬੈ ਤੁਫੰਗੀ। ਫੋਰਿ ਦਏ ਸਗਰੇ ਹੀ ਅੰਗੀ॥ ੨੭॥

''ਐਸਾ ਮਹਾਂ ਯੋਧਾ ਮੇਰੇ ਲਾਇਕ ਹੈ, ਇਕੱਲੇ ਨੇ ਲੜ ਕੇ ਲੱਖਾਂ ਨੂੰ ਮਾਰਿਆ ਹੈ।'' ਜਦ ਹਜ਼ਾਰਾਂ ਬੰਦੂਕਾਂ ਚਲੀਆਂ ਤੇ ਸਾਰੇ ਹੀ ਅੰਗ ਭੰਗ ਕਰ ਦਿੱਤੇ॥ ੨੭॥

ਮਸਤਕ ਬਿਖੈ ਲਗੀ ਜਬਿ ਗੋਰੀ। ਗਿਰਯੋ ਸਮੁਖ ਹੀ ਸ਼ੱਤ੍ਰੁਨਿ ਓਰੀ।
ਰਿਸ ਤੇ ਕਟਹਿ ਅਧਰ ਸੰਗ ਦੰਤਾ। ਭਯੋ ਉਦੇ ਸਿੰਘ ਕੋ ਇਮ ਅੰਤਾ॥ ੨੮॥

ਜਦ ਉਦੇ ਸਿੰਘ ਦੇ ਮੱਥੇ ਵਿਚ ਗੋਲੀ ਲੱਗੀ ਤਾਂ ਵੈਰੀਆਂ ਦੇ ਸਾਹਮਣੇ ਵੈਰੀਆਂ ਵਾਲੇ ਪਾਸੇ ਡਿੱਗ ਪਿਆ। ਫਿਰ ਗੁੱਸੇ ਨਾਲ ਔਧ ਵਿਚੋਂ ਕੱਟ ਦਿੱਤਾ, ਇਸ ਪ੍ਰਕਾਰ ਉਦੇ ਸਿੰਘ ਦਾ ਅੰਤ ਹੋ ਗਿਆ॥ ੨੮॥

ਦੇਖਿ ਦੇਵਤਾ ਸਭਿ ਬਿਸਮਾਏ। ਗੁਰ ਪ੍ਰਤਾਪ ਜਾਨਹਿਂ ਸਮੁਦਾਏ।
ਸਤਿਗੁਰ ਸਿਮਰਤਿ ਉਰ ਕਰਿ ਧ੍ਯਾਨ। ਉਦੇ ਸਿੰਘ ਛੋਰੇ ਤਬਿ ਪ੍ਰਾਨ॥ ੨੯॥

ਦੇਵਤੇ ਵੇਖ ਕੇ ਬਹੁਤ ਹੈਰਾਨ ਹੋਏ, ਸਾਰੇ ਗੁਰੂ ਜੀ ਦਾ ਪ੍ਰਤਾਪ ਜਾਣਦੇ ਸਨ। ਹਿਰਦੇ ਵਿਚ ਧਿਆਨ ਧਾਰ ਕੇ ਸਤਿਗੁਰੂ ਜੀ ਦਾ ਸਿਮਰਨ ਕੀਤਾ, ਉਦੇ ਸਿੰਘ ਨੇ ਪ੍ਰਾਣ ਛੱਡ ਦਿੱਤੇ॥ ੨੯॥

*ਛੇਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥*

## *ਅਧਿਆਇ ਤੇਤੀਵਾਂ*

### *ਭਾਈ ਜੀਵਨ ਸਿੰਘ ਬੱਧ*

ਦੋਹਰਾ-ਸਭਿ ਸਿੰਘਨ ਕੋ ਸੰਗਿ ਲੈ ਉਦੇ ਸਿੰਘ ਬਲ ਸੂਰ।
ਗੁਰੂ ਨਿਕਟ ਪਦ ਪਾਇ ਬਡ ਜਗ ਮਹਿਂ ਜਸ ਭਰਪੂਰ॥ ੧॥

ਸਾਰੇ ਸਿੰਘਾਂ ਨੂੰ ਨਾਲ ਲੈ ਕੇ ਉਦੇ ਸਿੰਘ ਸੂਰਬੀਰ ਨੇ ਜੱਸ ਭਰਪੂਰ ਗੁਰੂ ਜੀ ਦੇ ਪਾਸ ਵਾਲੀ ਜਗਤ ਵਿਚ ਸਭ ਤੋਂ ਵੱਡੀ ਪਦਵੀ ਪ੍ਰਾਪਤ ਕੀਤੀ॥ ੧॥

ਭੁਜੰਗ ਪ੍ਰਯਾਤ ਛੰਦ-ਸਭੈ ਸਿੰਘ ਸੂਰੇ ਜਬੈ ਮਾਰ ਲੀਨੇ। ਪਹਾਰੀ ਮਲੇਛੈਂ ਬਿਲੋਕੈਂ ਸੁ ਚੀਨੇ।
ਮਹਾਂ ਮੋਦ ਧਾਰਜੋ 'ਗੁਰੂ ਮਾਰ ਲੀਨੋ। ਫਤੇ ਆਜ ਹੋਈ, ਨਹੀਂ ਜਾਨਿ ਦੀਨੋ ॥੨॥

ਜਦ ਸਾਰੇ ਸਿੰਘ ਸੂਰਬੀਰ ਮਾਰ ਲਏ ਤਾਂ ਪਹਾੜੀਆਂ ਅਤੇ ਮਲੇਛਾਂ ਨੇ ਵੇਖ ਕੇ ਪਛਾਣਿਆ ਕਿ ਗੁਰੂ ਜੀ ਇਹੋ ਹਨ। ਬੜਾ ਅਨੰਦ ਧਾਰਨ ਕੀਤਾ, "ਅਸੀਂ ਗੁਰੂ ਜੀ ਨੂੰ ਮਾਰ ਲਿਆ ਹੈ, ਅੱਜ ਫ਼ਤਹਿ ਪ੍ਰਾਪਤ ਕੀਤੀ ਹੈ ਤੇ ਗੁਰੂ ਜੀ ਨੂੰ ਜਾਣ ਨਹੀਂ ਦਿੱਤਾ ਹੈ॥ ੨॥

ਜਿਸੀ ਨੇ ਪਹਾਰੀ ਘਨੇਰੇ ਖਪਾਏ। ਚਿਰੰਕਾਲ ਬੀਤਾ ਮਹਾਂ ਜੰਗ ਪਾਏ।
ਘਨੀ ਸ਼ਾਹ ਕੀ ਸੈਨ ਜੁਝੰਤਿ ਮਾਰੀ। ਕਿਤੇ ਮਾਸ ਬੀਤੇ ਦਿਯੋ ਖੇਦ ਭਾਰੀ ॥੩॥

ਜਿਸ ਨੇ ਬਹੁਤ ਪਹਾੜੀਏ ਖਪਾਏ ਸਨ, ਮਹਾਨ ਜੰਗ ਛੇੜੀ ਨੂੰ ਲੰਮਾ ਸਮਾਂ ਬੀਤ ਗਿਆ ਹੈ। ਬਾਦਸ਼ਾਹ ਦੀ ਬਹੁਤ ਸੈਨਾ ਯੁੱਧ ਕਰਕੇ ਮਾਰੀ ਹੈ। ਕਈ ਮਹੀਨੇ ਬੀਤ ਗਏ ਹਨ, ਭਾਰੀ ਦੁਖ ਦਿੱਤਾ ਹੈ॥ ੩॥

ਨਹੀਂ ਖੇਤ ਤੇ ਹਾਰ ਲੈਕੰ ਪਧਾਰੇ। ਬਡੇ ਕੇਸਰੀ ਚੰਦ ਤੇ ਆਦਿ ਮਾਰੇ।
ਬਡੋ ਬੀਰ ਥੋ ਪੈਂਡਖਾਨੰ ਬਿਦਾਰਾ। ਮਹਾਂ ਓਜ ਤੇ ਤਾਂਹਿ ਕੋ ਆਜ ਮਾਰਾ ॥੪॥

ਯੁੱਧ ਖੇਤਰ ਵਿਚੋਂ ਕਦੀ ਵੀ ਹਾਰ ਕੇ ਨਹੀਂ ਗਏ ਹਨ, ਵੱਡੇ-ਵੱਡੇ ਕੇਸਰੀ ਚੰਦ ਵਰਗੇ ਆਦਿ ਮਾਰ ਦਿੱਤੇ ਹਨ, ਵੱਡਾ ਸੂਰਬੀਰ ਸੀ, ਪੈਂਡੇ ਖਾਂ ਆਦਿ ਮਾਰ ਮੁਕਾਏ ਹਨ, ਬੜੀ ਸ਼ਕਤੀ ਲਾ ਕੇ ਉਸ ਗੁਰੂ ਜੀ ਨੂੰ ਅੱਜ ਮਾਰਿਆ ਹੈ॥ ੪॥

ਬਡੀ ਦੂਣ ਸੈਲਾਨ ਕੀ ਸੈਲ ਜੋਗਾ। ਉਜਾਰੀ, ਪ੍ਰਹਾਰੇ ਜੁ ਥੇ ਬੀਰ ਲੋਗਾ।
ਘਨੇ ਦੇਸ਼ ਦੇਸ਼ੰ ਜਸੰ ਜਾਂਹਿ ਗਾਵੈਂ। ਧਰੈਂ ਤ੍ਰਾਸ ਜੋਧੇ ਨਹੀਂ ਨੇਰ ਜਾਵੈਂ ॥੫॥

ਪਹਾੜੀ ਦੂਨ ਸੈਰ ਕਰਨ ਦੇ ਲਾਇਕ ਸੀ, ਜਿਹੜੇ ਸੂਰਬੀਰ ਲੋਕ ਸਨ, ਉਨ੍ਹਾਂ ਨੇ ਵਾਰ ਕਰਕੇ ਸਾਰੀ ਦੂਨ ਉਜਾੜ ਦਿੱਤੀ। ਬਹੁਤ ਦੇਸ਼ਾਂ ਦੇਸਾਂਤਰਾਂ ਵਿਚ ਜਿਸ ਦਾ ਜੱਸ ਗਾਉਂਦੇ ਹਨ, ਯੋਧੇ ਉਨ੍ਹਾਂ ਪਾਸੋਂ ਬਹੁਤ ਡਰਦੇ ਸਨ ਤੇ ਨੇੜੇ ਨਹੀਂ ਸਨ ਜਾਂਦੇ॥ ੫॥

ਲਰੰਤੇ ਚਹਜੋ ਜੋ ਸਦਾ ਜੀਤ ਲੇਤਾ। ਅਰੇ ਲਾਖ ਬੈਰੀ ਨਹੀਂ ਪੀਠ ਦੇਤਾ।
ਸਭੈ ਹਿੰਦੁਵਾਨਾ ਗੁਰੂ ਜਾਨਿ ਮਾਨੈ। ਮਰਜੋ ਆਜ ਸੋਊ ਘਨੇ ਬੀਰ ਹਾਨੈ ॥੬॥

ਹਰ ਸਮੇਂ ਯੁੱਧ ਕਰਨਾ ਚਾਹੁੰਦੇ ਸਨ ਤੇ ਯੁੱਧ ਵਿਚ ਸਦਾ ਜਿੱਤ ਪ੍ਰਾਪਤ ਕਰਦੇ ਸਨ। ਲੱਖਾਂ ਵੈਰੀਆਂ ਨਾਲ ਅੜ ਜਾਂਦੇ ਸਨ, ਪਰ ਕਿਸੇ ਨੂੰ ਪਿੱਠ ਨਹੀਂ ਵਿਖਾਉਂਦੇ ਸਨ। ਸਾਰੇ ਹਿੰਦੂ ਉਨ੍ਹਾਂ ਨੂੰ ਆਪਣਾ ਗੁਰੂ ਜਾਣ ਕੇ ਮੰਨਦੇ ਸਨ, ਅੱਜ ਆਪ ਵੀ ਮਾਰਿਆ ਗਿਆ ਹੈ, ਬੇਸ਼ਕ ਸਾਡੇ ਬਹੁਤ ਸੂਰਬੀਰ ਮਾਰੇ ਹਨ॥ ੬॥

ਭਯੋ ਜੰਗ ਕੋ ਅੰਤ ਹੋਤੋ ਹਮੇਸ਼ਾ। ਰਹੈ ਜੀਵਤੋ ਭੇੜ ਪਾਵੈ ਵਿਸ਼ੇਸ਼ਾ।
ਕਹੈਂ ਆਪ ਮਹਿ ਯੋਂ ਮਲੇਛੈਂ ਪਹਾਰੀ। ਨਹੀਂ ਮੂਢ ਜਾਨੈਂ ਗੁਰੂ ਖੇਲ ਧਾਰੀ ॥੭॥

ਉਸ ਜੰਗ ਦਾ ਹੁਣ ਅੰਤ ਹੋ ਗਿਆ ਹੈ, ਜਿਹੜੀ ਹਮੇਸ਼ਾ ਹੁੰਦੀ ਰਹਿੰਦੀ ਸੀ, ਜੇ ਜੀਉਂਦਾ ਰਹਿੰਦਾ ਤਾਂ ਵਿਸ਼ੇਸ਼ ਜੰਗ ਦੇ ਅਖਾੜੇ ਲਾਉਂਦਾ।" ਮਲੇਛ ਅਤੇ ਪਹਾੜੀਏ ਆਪਸ ਵਿਚ ਇਸ ਪ੍ਰਕਾਰ ਕਹਿ ਰਹੇ ਸਨ। ਮੂਰਖ ਇਹ ਨਹੀਂ ਸਨ ਜਾਣਦੇ ਕਿ ਗੁਰੂ ਜੀ ਨੇ ਇਹ ਖੇਡ ਧਾਰਨ ਕੀਤੀ ਹੈ॥ ੭॥

ਬਡੇ ਤੀਰ ਮਾਰੇ ਹਯੰਗਾਤ ਪਾਰੇ। ਨਰੰ ਬਾਪੁਰੇ ਤੇ ਕਹੋਂ ਕਜੋਂ ਨ ਮਾਰੇ ?
ਜਥਾ ਨੀਰ ਰੋਕੇ ਗਿਰੰ, ਅੱਗ੍ਰ ਰੋਕਾ। ਢਹੇ ਤੇ ਚਲੇ ਫੈਲ ਤੈਸੇ ਬਿਲੋਕਾ ॥੮॥

ਵੱਡੇ ਤੀਰ ਮਾਰੇ ਜਿਹੜੇ ਘੋੜਿਆਂ ਦੇ ਸਰੀਰਾਂ ਨੂੰ ਵੀ ਪਾਰ ਕਰ ਗਏ, ਮਨੁੱਖ ਵਿਚਾਰੇ ਤਾਂ ਦੱਸੋ ਕਿਉਂ ਨਾ ਮਾਰੇ ਜਾਂਦੇ ? ਜਿਵੇਂ ਪਹਾੜ ਪਾਣੀ ਦੇ ਵਹਿਣ ਨੂੰ ਰੋਕ ਲੈਂਦੇ ਹਨ, ਇਸ ਪ੍ਰਕਾਰ ਭਾਈ ਜੀਵਨ ਸਿੰਘ ਨੇ ਆਉਂਦੇ ਵੈਰੀ ਦਾ ਅੱਗਾ ਰੋਕ ਲਿਆ॥ ੮॥

ਦਲੰ ਅੱਗ੍ਰ ਦੌਰਯੋ ਮਿਲੇ ਤਾਂਹਿ ਆਈ। ਗੁਰੂ ਨੰਦ ਸੰਗੇ ਜਹਾਂ ਥੀ ਲਰਾਈ।
ਨਦੀ ਸੋ ਚਢੀ ਮੀਂਹ ਵੁੱਠਯੋ ਉਚਾਏ। ਕਿਤੇ ਸਿੰਘ ਕੋ ਬੇਗ ਬੀਚੇ ਬਹਾਏ॥੯॥

ਦਲ ਦੇ ਅੱਗੇ ਦੌੜ ਕੇ ਉਥੇ ਆ ਮਿਲਿਆ, ਜਿੱਥੇ ਗੁਰੂ ਪੁੱਤਰ ਨਾਲ ਲੜਾਈ ਹੋ ਰਹੀ ਸੀ। ਕਿਸੇ ਉੱਚੇ ਥਾਂ ਮੀਂਹ ਪੈਣ ਕਰਕੇ ਉਹ ਨਦੀ ਬਹੁਤ ਚੜ੍ਹ ਗਈ ਸੀ। ਕਈ ਸਿੰਘ ਨਦੀ ਦੇ ਵੇਗ ਵਿਚ ਹੀ ਰੁੜ੍ਹ ਗਏ॥ ੯॥

*ਨਰਾਜ ਛੰਦ-* ਅਜੀਤ ਸਿੰਘ ਸੂਰਮਾ ਪ੍ਰਵਾਹ ਪਾਰ ਹੋਇਓ।
ਲਰੇ ਮਲੇਛ ਬਾਹਨੀ ਬਿਸਾਲ ਬ੍ਰਿੰਦ ਢੋਇਓ।
ਛੁਟੰਤਿ ਹੈਂ ਤੁਫੰਗ ਚੈ, ਚਲਾਇੰ ਤੀਰ ਤੀਛਨਾ।
ਲਗੰਤਿ ਫੋਰ ਦੇਤਿ ਹੈਂ ਸਰੀਰ ਕੋ, ਨਿਰੀਛਨਾ॥ ੧੦॥

ਅਜੀਤ ਸਿੰਘ ਸੂਰਮਾ ਪ੍ਰਵਾਹ ਨੂੰ ਪਾਰ ਕਰ ਗਿਆ। ਵਿਸ਼ਾਲ ਫੌਜੀ ਢੋ ਕੇ ਮਲੇਛ ਸੈਨਾ ਨੇ ਯੁੱਧ ਕੀਤਾ। ਬਹੁਤ ਬੰਦੂਕਾਂ ਚਲਦੀਆਂ ਸਨ ਤੇ ਤਿੱਖੇ ਤੀਰ ਚਲਾਉਂਦੇ ਸਨ। ਲਗਦਿਆਂ ਹੀ ਸਰੀਰ ਨੂੰ ਪਾੜ ਦਿੰਦੇ ਸਨ, ਸਾਰੇ ਇਹ ਵੇਖਦੇ ਸਨ॥ ੧੦॥

ਦੁ ਓਰੀਆਂ ਜੁ ਗੋਰੀਆਂ ਕਸੰਤਿ ਫੇਰ ਛੋਰੀਆਂ।
ਸ਼ੁਕੰਤਿ ਸੀਸ ਊਪਰੇ ਲਗੰਤਿ ਦੇਹਿ ਫੋਰੀਆਂ।
ਮਚਾਇ ਸ਼ੋਰ ਠੋਰ ਕੋ ਅਮੋਰ ਠੌਰ ਜੰਗ ਕੇ।
ਮਿਲੇ ਪ੍ਰਬੀਰ ਮਾਰਤੇ ਹਕਾਰਿ ਸ਼ੱਤ੍ਰ ਸੰਗ ਕੇ॥ ੧੧॥

ਦੋਵੇਂ ਪਾਸੇ ਦੇ ਗੋਲੀਆਂ ਕੱਸ ਕੇ ਫਿਰ ਛੱਡਦੇ ਸਨ, ਸ਼ੂਕਦੀਆਂ ਜਾਂਦੀਆਂ ਸਨ ਤੇ ਸਰੀਰਾਂ ਨੂੰ ਲੱਗ ਕੇ ਪਾੜ ਦਿੰਦੀਆਂ ਸਨ। ਜੰਗ ਦੀ ਜੋ ਅਮੋੜ ਥਾਂ ਸੀ, ਉਸ ਥਾਂ 'ਤੇ ਸ਼ੋਰ ਜਾ ਮਚਾਇਆ। ਸੰਗ ਦੇ ਵੈਰੀਆਂ ਭਾਵ ਤੁਰਕਾਂ ਨੂੰ ਵੰਗਾਰ ਕੇ ਮਾਰਨ ਵਾਲੇ ਸੂਰਮੇ ਜਾ ਮਿਲੇ॥ ੧੧॥

*ਦੋਹਰਾ-* ਨਦੀ ਤੀਰ ਲਗਿ ਆਇਗੋ ਸਿਖ ਰੰਘਰੇਟਾ ਜੋਇ।
ਪਿਖਿ ਕੈ ਦਲ ਬਲ ਰਿਪੁਨਿ ਕੋ ਭਯੋ ਨੇਰ ਕਿਧ ਢੋਇ॥ ੧੨॥

ਨਦੀ ਦੇ ਕਿਨਾਰੇ ਤਕ ਜਦ ਰੰਘਰੇਟਾ ਸਿੱਖ ਜੀਵਨ ਸਿੰਘ ਆਇਆ ਤਾਂ ਵੈਰੀ ਦੀ ਸ਼ਕਤੀ ਨੂੰ ਵੇਖ ਕੇ ਵੈਰੀਆਂ ਦੇ ਨੇੜੇ ਹੋ ਗਿਆ॥ ੧੨॥

ਅਪਰ ਸਿੰਘ ਕੇਤਿਕ ਖਿਰੇ ਹੋਨਿ ਲਗਯੋ ਸੰਗ੍ਰਾਮ।
ਨਿਕਟ ਢੁਕੇ, ਰੋਕੇ, ਹਤੇ, ਪਹੁੰਚਤਿ ਭਟ ਜਮ ਧਾਮ॥ ੧੩॥

ਹੋਰ ਕਈ ਸਿੰਘ ਵੀ ਖਲੋ ਗਏ ਤੇ ਯੁੱਧ ਹੋਣ ਲੱਗਾ, ਨੇੜੇ ਹੋ ਕੇ ਰੋਕੇ, ਮਾਰੇ ਤੇ ਸੂਰਬੀਰ ਜਮਾਂ ਦੇ ਘਰ ਪਹੁੰਚ ਜਾਂਦੇ ਸਨ॥ ੧੩॥

*ਸ੍ਵੈਯਾ-* ਜੀਵਨ ਸਿੰਘ ਖਿਰਯੋ ਤਿਹਠਾਂ ਗਨ। ਸਿੰਘਨਿ ਹਾਥ ਤੁਫੰਗ ਸੰਭਾਰੇ।
ਪਾਇ ਬਰੂਦ ਕਸੈਂ ਗੁਲਕਾ ਦੁਇ ਠੋਕਨ ਤੇ ਛਣਕੈਂ ਗਜ ਭਾਰੇ।

ਹਾਥਨਿ ਪੈ ਧਰਿ ਤਾਕ ਰਵਾਂ ਕਰਿ ਡਾਂਭਤਿ ਪਾਵਕ ਤੂਰਨ ਧਾਰੇ।
ਮਾਰਤਿ ਹੈਂ ਢਿਗ ਆਵਤਿ ਨਾ, ਡਰ ਦੇਤਿ ਮਹਾਂ, ਰਹਿਂ ਦੂਰ ਬਿਡਾਰੇ॥ ੧੪॥

ਭਾਈ ਜੀਵਨ ਸਿੰਘ ਉਸ ਥਾਂ ਖਲੋ ਗਿਆ, ਸਾਰੇ ਸਿੰਘਾਂ ਨੇ ਆਪਣੇ ਹੱਥਾਂ ਵਿਚ ਬੰਦੂਕਾਂ ਸੰਭਾਲੀਆਂ। ਬਰੂਦ ਪਾ ਕੇ ਦੋ ਗੋਲੀਆਂ ਠੋਕੀਆਂ ਤੇ ਭਾਰੀ ਗਜਾਂ ਦੀ ਛਣਕਾਰ ਹੋਈ। ਹੱਥਾਂ ਵਿਚ ਫੜ ਕੇ ਨਿਸ਼ਾਨੇ ਤੱਕ ਕੇ ਜਦ ਮਾਰਦੇ ਸਨ ਤਾਂ ਤੁਰਤ ਵਿਚੋਂ ਅੱਗ ਪ੍ਰਗਟ ਹੁੰਦੀ ਸੀ। ਜਦ ਮਾਰਦੇ ਸਨ ਤਾਂ ਕੋਈ ਵੀ ਪਾਸ ਨਹੀਂ ਆਉਂਦਾ ਸੀ, ਬਹੁਤ ਡਰ ਵਿਖਾਉਂਦੇ ਸਨ ਤੇ ਬਹੁਤ ਦੂਰ-ਦੂਰ ਹੀ ਰਹਿੰਦੇ ਸਨ॥ ੧੪॥

ਹੇਲ ਕੋ ਘਾਲਿ ਬਿਸਾਲ ਪਰੇ ਖਲ ਮਾਰਤਿ ਬੋਲਨ ਕੇ ਲਲਕਾਰੇ।
ਖਾਇਕੈ ਮਾਰ ਹਟੈਂ ਪਿਛੁਵਾਇਕੈ, ਕੋ ਮਰਿ ਜਾਤਿ ਤ੍ਰਸੰਤਿ ਨਿਹਾਰੇ।
ਜੀਵਣ ਸਿੰਘ ਰੁਪਜੋ ਪਗ ਠਾਢ ਹ੍ਵੈ ਛੋਰਿ ਤੁਫੰਗਨਿ ਸੰਗ ਪ੍ਰਹਾਰੇ।
ਹੇਲ ਕੋ ਝਾਲਤਿ, ਚਾਲਤਿ ਮੰਦਹਿ, ਘਾਲਤਿ ਸ਼ੱਤ੍ਰਨਿ ਕੋ ਦੁਖ ਭਾਰੇ॥ ੧੫॥

ਵੱਡਾ ਹੱਲਾ ਕਰਕੇ ਪੈ ਗਏ, ਢਾਲਾਂ ਨੂੰ ਖੜਕਾਉਂਦੇ ਸਨ ਤੇ ਬੋਲ-ਬੋਲ ਵੱਡੇ ਲਲਕਾਰੇ ਮਾਰਦੇ ਸਨ। ਮਾਰ ਖਾ ਕੇ ਪਿੱਛੇ ਹਟ ਜਾਂਦੇ ਸਨ, ਕਈ ਵੇਖ ਕੇ ਹੀ ਡਰ ਨਾਲ ਮਰ ਜਾਂਦੇ ਸਨ। ਭਾਈ ਜੀਵਨ ਸਿੰਘ ਬਹੁਤ ਗੁੱਸੇ ਵਿਚ ਆ ਗਿਆ ਤੇ ਖੜੇ ਹੋ ਕੇ ਬੰਦੂਕ ਨਾਲ ਵਾਰ ਕਰਨ ਲੱਗਾ। ਹੱਲੇ ਨੂੰ ਝੱਲਦੇ ਸਨ, ਹੋਲੀ-ਹੋਲੀ ਚਲਦੇ ਸਨ ਤੇ ਵੈਰੀ ਨੂੰ ਭਾਰੀ ਦੁਖੀ ਕਰਦੇ ਸਨ॥ ੧੫॥

ਕੇਤਿਕ ਸਿੰਘ ਗਏ ਮਰਿਕੈ ਗੁਲਕਾਂ ਲਗਿ ਫੂਟ ਪਰੇ ਨਿਜ ਅੰਗਾ।
ਰੋਕਨ ਕੇ ਹਿਤ ਠੋਕਤਿ ਹੈਂ ਗਜ ਬ੍ਰਿੰਦ ਬਿਲੋਕਤਿ ਛੋਰਿ ਤੁਫੰਗਾ।
ਘਾਇਲ ਘੂਮਤਿ ਝੂਮ ਗਿਰੈਂ ਜਿਮ ਬਾਯੁ ਉਖਾਰਿ ਕਰੈ ਤਰੁ ਭੰਗਾ।
ਪੁੰਜ ਮਿਲੈਂ ਹਿਤ ਭੰਜਨ ਕੇ ਹੁਇ ਗੰਜਨ ਸ੍ਰੋਣ ਤਰੰਗ ਸੁਰੰਗਾ॥ ੧੬॥

ਕਈ ਸਿੰਘ ਗੋਲੀਆਂ ਲੱਗ ਕੇ ਮਰ ਗਏ, ਗੋਲੀਆਂ ਲੱਗਣ ਨਾਲ ਉਨ੍ਹਾਂ ਦੇ ਸਰੀਰ ਦੇ ਅੰਗ ਫਟ ਗਏ। ਰੋਕਣ ਵਾਸਤੇ ਬੰਦੂਕਾਂ ਵਿਚ ਗਜ ਠੋਕਦੇ ਹਨ, ਫਿਰ ਬੰਦੂਕਾਂ ਛੱਡ ਕੇ ਵੇਖਦੇ ਹਨ। ਘਾਇਲ ਘੁੰਮ ਕੇ ਝੂਮ ਕੇ ਡਿੱਗ ਪੈਂਦੇ ਸਨ, ਜਿਵੇਂ ਹਨੇਰੀ ਦਰੱਖਤਾਂ ਨੂੰ ਜੜ੍ਹੋਂ ਪੁੱਟ ਕੇ ਸੁੱਟ ਦਿੰਦੀ ਹੈ। ਬਹੁਤ ਤੁਰਕ ਸਿੰਘਾਂ ਨੂੰ ਮਾਰਨ ਲਈ ਮਿਲ ਕੇ ਆ ਪੈਂਦੇ ਹਨ, ਪਰ ਲਹੂ ਨਾਲ ਲਾਲ ਰੰਗੇ ਹੋ ਕੇ ਆਪ ਮਾਰੇ ਜਾਂਦੇ ਹਨ॥ ੧੬॥

ਆਨ ਪਰੇ ਕਰਿ ਜੋਰ ਮਹਾਂ ਚਹੂੰ ਓਰਨ ਤੇ ਰਣ ਘੋਰ ਮਚਾਯੋ।
ਤੀਰ ਤਿਸੀ ਸਲਿਤਾ ਥਿਰ ਹੋਇ ਬਡੋ ਚਲਤਾ ਜਲ ਬੇਗ ਬਹਾਯੋ।
ਛੋਡ ਦਈ ਇਕ ਸੰਗ ਤੁਫੰਗਨ ਸਿੰਘ ਜਿਤੇਕ ਸਮੂਹਨਿ ਘਾਯੋ।
ਜੀਵਨ ਸਿੰਘ ਸਮੇਤ ਗਿਰੇ ਸਭਿ ਪ੍ਰਾਨ ਦਏ ਗੁਰ ਕੇ ਪੁਰਿ ਪਾਯੋ॥ ੧੭॥

ਚਾਰੇ ਪਾਸਿਆਂ ਤੋਂ ਵੱਡਾ ਜ਼ੋਰ ਪਾ ਕੇ ਮਲੇਛ ਅਤੇ ਪਹਾੜੀਏ ਆ ਪਏ ਤੇ ਘੋਰ ਯੁੱਧ ਮਚਾ ਦਿੱਤਾ। ਸਰਸਾ ਨਦੀ ਦੇ ਕਿਨਾਰੇ ਹੀ ਸਥਿਤ ਹੋ ਗਏ, ਜਿਸ ਦਾ ਪਾਣੀ ਬੜੀ ਤੇਜ਼ ਰਫਤਾਰ ਨਾਲ ਵਹਿ ਰਿਹਾ ਸੀ। ਤੁਰਕਾਂ ਅਤੇ ਪਹਾੜੀਆਂ ਨੇ ਇਕੱਠਿਆਂ ਹੀ ਸਾਰੀਆਂ ਬੰਦੂਕਾਂ ਚਲਾ ਦਿੱਤੀਆਂ ਤੇ ਜਿੰਨੇ ਵੀ ਸਿੰਘ ਉਥੇ ਮੌਜੂਦ ਸਨ, ਸਾਰੇ ਘਾਇਲ ਹੋ ਗਏ। ਜੀਵਨ ਸਿੰਘ ਸਮੇਤ ਸਾਰੇ ਡਿੱਗ ਕੇ ਪ੍ਰਾਣ ਛੱਡ ਗਏ ਤੇ ਗੁਰਪੁਰੀ ਨੂੰ ਪ੍ਰਾਪਤ ਹੋਏ॥ ੧੭॥

ਪਾਰ ਪਰੇ ਕਿਤਨੇ ਜਲ ਤੇ ਚਲਤੇ ਬਲਤੇ, ਟਲਤੇ ਨ ਲਰਾਈ।
ਸ੍ਰੀ ਗੁਰ ਕੇ ਸੁਤ ਬੀਰ ਬਡੋ ਰਿਪੁ ਰੋਕਿ ਬਿਲੋਕਤਿ ਮਾਰਗ ਜਾਈ।

ਵਾਹਿਗੁਰੂ ਮੁਖ ਬੋਲਿ ਫਤੇ ਜੁਤਿ ਜਾਇ ਮਿਲ੍ਯੋ ਪਿਤ ਕੇ ਹਰਿਖਾਈ।
'ਕੇਤਿਕ ਸਿੰਘਨਿ ਜੰਗ ਕਰੇ ਨਿਜ ਸੰਗ ਹੁਤੇ ਸੁ ਹਤੇ ਸਮੁਦਾਈ॥ ੧੮॥

ਕਈ ਚਲਦੇ ਜਲ ਤੋਂ ਬਲ ਨਾਲ ਪਾਰ ਹੋ ਕੇ ਵੀ ਲੜਾਈ ਤੋਂ ਟਲਦੇ ਨਹੀਂ ਹਨ। ਗੁਰੂ ਜੀ ਦਾ ਪੁੱਤਰ ਅਜੀਤ ਸਿੰਘ ਵੱਡਾ ਸੂਰਬੀਰ ਹੈ, ਉਹ ਵੈਰੀ ਨੂੰ ਰੋਕ ਕੇ ਜਾ ਕੇ ਮਾਰਗ ਵੇਖਦਾ ਹੈ। ਮੁਖ ਤੋਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਬੋਲ ਕੇ ਪ੍ਰਸੰਨ ਹੋ ਕੇ ਆਪਣੇ ਗੁਰੂ ਪਿਤਾ ਜੀ ਨੂੰ ਜਾ ਮਿਲਿਆ। "ਕਈ ਸਿੰਘ ਜਿਹੜੇ ਮੇਰੇ ਨਾਲ ਜੰਗ ਕਰਦੇ ਸਨ, ਉਹ ਸਾਰੇ ਮਾਰੇ ਗਏ ਹਨ॥ ੧੮॥

ਕੇਤਿਕ ਘਾਇਲ ਸ਼੍ਰੋਣਤ ਚਾਲਤਿ ਪੁੰਜ ਸੰਭਾਲਤਿ ਲਜਾਇ ਲਵਾਏ।
ਸਿੰਘ ਉਦੇ ਰਿਪੁ ਰੋਕਿ ਲਿਯੋ ਭਟ ਲਾਖਹੁਂ ਆਯੁਧ ਆਨਿ ਚਲਾਏ'।
ਸ਼੍ਰੀ ਗੁਰਦੇਵ ਪਿਤਾ ਢਿਗ ਭਾਖਤਿ 'ਥੰਭ ਮਨਿੰਦ ਥਿਰ੍ਯੋ ਤਿਸ ਜਾਏ।
ਤੀਰ ਪਿਖੇ ਰਿਪੁ, ਤੀਰ ਦਿਯੇ ਬਹੁ, ਬੀਰ ਗਏ ਖਪਿ ਕੈ ਸਮੁਦਾਏ॥ ੧੯॥

ਕਈ ਜ਼ਖਮੀਆਂ ਦੇ ਲਹੂ ਵਗਦਾ ਹੈ, ਉਹ ਸੰਭਾਲ ਕੇ ਨਾਲ ਲੈ ਆਂਦੇ ਹਨ। ਉਦੇ ਸਿੰਘ ਨੇ ਲੱਖਾਂ ਵੈਰੀਆਂ ਨੂੰ ਰੋਕ ਲਿਆ ਤੇ ਲਖਾਂ ਵੈਰੀਆਂ ਨੇ ਆ ਕੇ ਹਥਿਆਰ ਚਲਾਏ ਸਨ।" ਸ੍ਰੀ ਅਜੀਤ ਸਿੰਘ ਜੀ ਆਪਣੇ ਪਿਤਾ ਜੀ ਪਾਸ ਕਹਿ ਰਹੇ ਸਨ, "ਉਹ ਉਥੇ ਜਾ ਕੇ ਥੰਮੇ ਵਾਂਗ ਸਥਿਰ ਹੋ ਗਿਆ ਸੀ। ਜਿਹੜੇ ਵੈਰੀ ਨੇੜੇ ਵੇਖੇ, ਉਨ੍ਹਾਂ ਨੂੰ ਬਹੁਤ ਤੀਰ ਮਾਰੇ ਤੇ ਸਾਰੇ ਸੂਰਬੀਰ ਵੈਰੀ ਮਾਰੇ ਗਏ॥ ੧੯॥

ਚਾਰ ਘਰੀ ਇਕ ਜਾਮ ਲਰ੍ਯੋ ਬਲ ਬਾਹੁਨਿ ਤ ਬਹੁ ਬੀਰਨ ਕੋ।
ਬੀਧਤਿ ਗੇਰਤਿ, ਟੇਰਤਿ ਹੈਂ ਅਰਿ, ਜਾਚਤਿ ਕੇਤਿਕ ਨੀਰਨ ਕੋ।
ਹੇਰਤਿ ਹੈਂ ਮੁਖ ਟੇਰਤਿ ਹੈਂ ਮਿਲਿ ਘੇਰਤਿ ਹੈਂ ਚਹਿਂ ਪੀਰਨ ਕੋ।
ਫੇਰਿ ਸਰੀਰਨਿ ਬੀਰਨ ਕੇ, ਹੁਇ ਛੂਛ ਤੁਨੀਰਹਿ ਤੀਰਨ ਕੋ॥ ੨੦॥

ਚਾਰ ਘੜੀਆਂ ਤੇ ਇਕ ਪਹਿਰ ਤਕ ਲੜਦਾ ਰਿਹਾ, ਆਪਣੀਆਂ ਬਾਹਾਂ ਦੇ ਬਲ ਨਾਲ ਬਹੁਤ ਸੂਰਮਿਆਂ ਨੂੰ ਮਾਰਿਆ, ਕਈ ਪਾਣੀ ਮੰਗਦੇ ਸਨ, ਕਈ ਵੇਖਦੇ ਸਨ, ਰੌਲਾ ਪਾਉਂਦੇ ਸਨ, ਮਿਲ ਕੇ ਘੇਰਾ ਪਾਉਂਦੇ ਸਨ ਤੇ ਫਿਰ ਪੀੜਨਾ ਚਾਹੁੰਦੇ ਸਨ। ਵੈਰੀ ਦਿਆਂ ਸਰੀਰਾਂ ਨੂੰ ਪਾੜਦਿਆਂ ਤੀਰਾਂ ਦਾ ਭੱਥਾ ਖਾਲੀ ਹੋ ਗਿਆ॥ ੨੦॥

ਮ੍ਯਾਨ ਤੇ ਖੈਂਚ ਕ੍ਰਿਪਾਨ ਲਈ, ਬਲਵਾਨ ਮਹਾਂਨ ਦਿਏ ਖਿਚਲਾਈ।
ਛੋਭ ਤੇ ਛਾਲ ਮਹਾਂ ਉਛਲੈ ਕਟਿ ਅੰਗ ਨਿਸੰਗਹਿ ਭੰਗ ਸਦਾਈ।
ਹ੍ਵੈ ਇਕ ਸੰਗ ਮਲੇਛ ਤੁਫੰਗ ਦਈ ਗਨ ਛੋਰ, ਕਰੀ ਸਮੁਹਾਈ।
ਭਾਲ ਮੈਂ ਲਾਗਿ ਬਿਸਾਲ ਗਈ ਫੁਟਿਕੈ ਦਸਦ੍ਵਾਰ ਤਹਾਂ ਮ੍ਰਿਤੁ ਪਾਈ॥ ੨੧॥

ਫਿਰ ਮਿਆਨ ਵਿਚੋਂ ਤਲਵਾਰ ਖਿੱਚ ਲਈ ਤੇ ਮਹਾਨ ਸੂਰਬੀਰਾਂ ਨੂੰ ਮਾਰ-ਮਾਰ ਖਪਾ ਦਿੱਤਾ। ਛਾਲਾਂ ਮਾਰ-ਮਾਰ ਮਹਾਂ ਉਛਲਦੇ ਸਨ ਤੇ ਨਿਸ਼ੰਗ ਹੋ ਕੇ ਵੈਰੀ ਦੇ ਅੰਗ ਕੱਟ ਕੇ, ਵੈਰੀ ਨੂੰ ਨਾਸ਼ ਕਰ ਦਿੱਤਾ। ਫਿਰ ਮਲੇਛਾਂ ਨੇ ਇਕੱਠੇ ਹੋ ਕੇ ਇਕ ਸੰਗ ਹੋ ਕੇ ਇਕੋ ਵਾਰ ਬਹੁਤ ਬੰਦੂਕਾਂ ਛੱਡ ਦਿੱਤੀਆਂ। ਫਿਰ ਇਕ ਗੋਲੀ ਉਦੇ ਸਿੰਘ ਦੇ ਮੱਥੇ ਵਿਚ ਲੱਗੀ ਤੇ ਦਸਵਾਂ ਦਵਾਰ ਪਾਟ ਗਿਆ ਤੇ ਉਥੇ ਹੀ ਉਦੇ ਸਿੰਘ ਦੀ ਮ੍ਰਿਤੂ ਹੋ ਗਈ॥ ੨੧॥

ਆਇ ਗਏ ਸਲਿਤਾ ਤਟ ਪੈ ਜਬਿ ਤੋ ਹਮ ਪੈ ਬਡ ਜੋਰ ਕੋ ਘਾਲਾ।
ਮਾਰਿ ਕੈ ਤੀਰਨਿ ਬੇਧਿ ਸਰੀਰਨਿ ਬੀਰਨ ਕੋ ਬਡ ਹੇਲ ਕੋ ਝਾਲਾ।

ਜੀਵਣ ਸਿੰਘ ਮਰਜੋ ਤਿਹ ਠਾਂ ਗੁਲਕਾ ਲਗਿ ਕੈ ਪਦ ਪਾਇ ਬਿਸਾਲਾ।
ਤਾਂ ਛਿਨ ਮੈਂ ਚਢਿ ਨਾਰੋ ਗਯੋ ਜਲ ਹੋਇ ਗੰਭੀਰ ਸਬੇਗ ਤੇ ਚਾਲਾ॥ ੨੨॥

ਜਦ ਨਦੀ ਦੇ ਕਿਨਾਰੇ ਆ ਗਏ ਤਾਂ ਸਾਡੇ ਉੱਤੇ ਬਹੁਤ ਜ਼ੋਰ ਪਾਇਆ। ਅਸੀਂ ਤੀਰ ਮਾਰ ਕੇ ਸੂਰਮਿਆਂ ਦੇ ਸਰੀਰ ਵਿੰਨ੍ਹ ਦਿੱਤੇ ਤੇ ਵੱਡੇ ਹੱਲੇ ਨੂੰ ਝੱਲ ਲਿਆ। ਉਸ ਥਾਂ ਜੀਵਨ ਸਿੰਘ ਗੋਲੀ ਲੱਗਣ ਕਾਰਨ ਮਾਰਿਆ ਗਿਆ ਤੇ ਉਸ ਵਿਸ਼ਾਲ ਉੱਚੀ ਪਦਵੀ ਪਾਈ। ਉਸ ਸਮੇਂ ਮੈਂ ਨਦੀ ਵਿਚ ਦਾਖਲ ਹੋ ਕੇ ਗੰਭੀਰ ਤੇਜ਼ ਚਲਦੇ ਪਾਣੀ ਦੇ ਵਹਿਣ ਵਿਚ ਪਾਰ ਕਰਨ ਲਈ ਚਲ ਪਿਆ ਸੀ॥ ੨੨॥

ਕੇਤਿਕ ਸਿੰਘ ਗਏ ਬਹਿ ਬੀਚਹਿ ਨੀਠ ਹੀ ਨੀਠ ਤੇ ਆਇ ਉਰਾਰਾ।
ਸ੍ਰੀ ਪ੍ਰਭੁ ਜੀ! ਅਬਿ ਆਪ ਸੁਨੌਂ ਦਲ ਆਇ ਘਨੌਂ ਜਿਹ ਵਾਰ ਨ ਪਾਰਾ।
ਦੇਰ ਕਰਹੁ ਨਹਿਂ ਆਪ ਉਲੰਘਹੁ ਤੂਰਨਤਾ ਕਰਿਕੈ ਬਲ ਭਾਰਾ'।
ਯੋ ਸੁਨਿਕੈ ਸਲਿਤਾ ਜਲ ਕੋ ਤਬਿ ਕੋਪ ਤੇ ਸ੍ਰੀ ਗੁਰ ਸ੍ਰਾਪ ਉਚਾਰਾ॥ ੨੩॥

ਕਈ ਸਿੰਘ ਨਦੀ ਦੇ ਵਿਚ ਹੀ ਬਹਿ ਗਏ, ਮਸੀਂ-ਮਸੀਂ ਪਾਰ ਕਰਕੇ ਉਰਾਰ ਆਏ ਹਨ। ਸ੍ਰੀ ਪ੍ਰਭੂ ਜੀ! ਹੁਣ ਆਪ ਸੁਣੋ, ਬਹੁਤ ਵੱਡਾ ਤੁਰਕਾਂ ਦਾ ਲਸ਼ਕਰ ਆਇਆ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਹੁਣ ਆਪ ਦੇਰ ਨਾ ਕਰੋ, ਭਾਰੀ ਬਲ ਕਰਕੇ ਛੇਤੀ ਨਾਲ ਲੰਘ ਜਾਵੋ।'' ਇਹ ਸੁਣ ਕੇ ਨਦੀ ਦੇ ਜਲ ਤੇ ਗੁੱਸਾ ਧਾਰ ਗੁਰੂ ਜੀ ਨੇ ਸਰਾਪ ਉਚਾਰਨ ਕੀਤਾ॥ ੨੩॥

'ਸਰਸਾ ਨਾਰਾ ਬਡੋ ਗੁਰ ਮਾਰਾ, ਲਹਜੋ ਇਹ ਔਸਰ ਨੀਰ ਬਧਾਯੋ'।
ਹੈ ਅਬਿ ਲੌ ਇਹ ਬਾਤ ਪ੍ਰਸਿੱਧ ਗੁਰੂ ਮੁਖ ਤੇ ਜਿਮ ਸ੍ਰਾਪ ਅਲਾਯੋ।
ਆਲਮ ਸਿੰਘ ਤਬੈ ਕਰ ਜੋਰਤਿ ਦੀਨ ਬਨਜੋ ਹਿਤ ਬਾਕ ਸੁਨਾਯੋ।
'ਸਿੰਘ ਅਜੀਤ ਮਿਲੇ ਅਬਿ ਆਇਕੈ, ਪਾਛੇ ਰਹਜੋ ਸੁ ਮਰਜੋ ਰਣ ਪਾਯੋ॥ ੨੪॥

''ਸਰਸਾ ਨਾਲਾ ਵੱਡਾ ਗੁਰੂ ਦਾ ਮਾਰਿਆ ਹੈ,' ਇਹ ਵੇਖਿਆ ਹੈ ਕਿ ਇਸ ਨੇ ਫਜ਼ੂਲ ਵਿਚ ਆਪਣਾ ਪਾਣੀ ਵਧਾਇਆ ਹੈ।' ਇਹ ਗੱਲ ਹੁਣ ਤਕ ਪ੍ਰਸਿੱਧ ਹੈ ਜਿਵੇਂ ਗੁਰੂ ਜੀ ਨੇ ਆਪਣੇ ਮੁਖ ਤੋਂ ਸਰਾਪ ਉਚਾਰਨ ਕੀਤਾ ਸੀ। ਆਲਮ ਸਿੰਘ ਫਿਰ ਹੱਥ ਜੋੜ ਕੇ ਦੀਨ ਬਣਿਆ ਤੇ ਇਸ ਵਾਸਤੇ ਹੱਥ ਜੋੜ ਕੇ ਬਚਨ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਹੁਣ ਆ ਕੇ ਮਿਲੇ ਹਨ, ਜੋ ਪਿੱਛੇ ਸਿੰਘ ਰਹੇ ਸਨ, ਉਹ ਯੁੱਧ ਕਰਕੇ ਮਰ ਗਏ ਹਨ॥ ੨੪॥

ਆਪ ਤੁਰੰਗ ਧਵਾਇ ਚਲੋ, ਥਿਰ ਸਿੰਘ ਰਹੈਂ ਰਿਪੁ ਰੋਕਨ ਕੋ।
ਪੰਥ ਕੇ ਮੂਲ ਅਹੋ ਨਿਕਸੋ ਪੁਨ ਸਿੰਘ ਬਨਾਇ ਅਨੇਕਨ ਕੋ।
ਜੇ ਹਮ ਸੇ ਮਰ ਜਾਹਿਂ ਘਨੇ, ਬਹੁ ਫੇਰ ਬਨੈਂ, ਤਜਿ ਸ਼ੋਕਨ ਕੋ।
ਸ੍ਰੀ ਪ੍ਰਭੁ! ਜੀਵਹੁ ਅੰਮ੍ਰਿਤ ਪੀਵਹੁ, ਨਾ ਬਿਗਰੈ ਸਿਖ ਲੋਕਨ ਕੋ'॥ ੨੫॥

ਆਪ ਘੋੜਾ ਭਜਾ ਕੇ ਚਲੋ, ਸਿੰਘ ਵੈਰੀ ਨੂੰ ਰੋਕਣ ਵਾਸਤੇ ਸਥਿਰ ਰਹਿਣਗੇ। ਤੁਸੀਂ ਪੰਥ ਦੇ ਮੂਲ ਹੋ, ਫਿਰ ਅਨੇਕਾਂ ਸਿੰਘ ਬਣਾ ਲਵੋਗੇ। ਜੇ ਸਾਡੇ ਵਰਗੇ ਬਹੁਤ ਸਿੰਘ ਮਰ ਜਾਣ ਤਾਂ ਦੁਖ ਛੱਡ ਕੇ ਹੋਰ ਬਹੁਤ ਸਿੰਘ ਫਿਰ ਬਣ ਜਾਣਗੇ। ਹੇ ਸ੍ਰੀ ਪ੍ਰਭੂ ਜੀ! ਜੀਵੋ, ਅੰਮ੍ਰਿਤ ਪੀਵੋ, ਸਿੱਖ ਲੋਕਾਂ ਦਾ ਕੁਝ ਨਹੀਂ ਵਿਗੜੇਗਾ''॥ ੨੫॥

ਫੇਰ ਦਯਾ ਸਿੰਘ ਸਾਹਿਬ ਸਿੰਘ ਮਿਲੇ ਕਰ ਜੋਰ ਉਚਾਰਤਿ ਹੈਂ।
'ਸ੍ਰੀ ਪ੍ਰਭੁ! ਜੰਗ ਤਜੋ, ਪ੍ਰਸਥਾਨਹੁ, ਮਾਨਹੁ, ਸਿੰਘ ਬਿਚਾਰਤ ਹੈਂ।

ਰਾਵਰ ਤੇ ਹੁਇਂ ਲਾਖਹੁਂ ਫੇਰ, ਅਹੋ ਸਭਿ ਮੂਲ ਸੁਧਾਰਤਿ ਹੈਂ।
ਆਪ ਕਹੋ ਜਹਿਂ ਪੁੰਜ ਥਿਰੈਂ ਹਮ, ਰੋਕਹਿਂ ਸ਼ੱਤ੍ਰੂ ਸੰਘਾਰਤਿ ਹੈਂ' ॥ ੨੬ ॥

ਫਿਰ ਦਇਆ ਸਿੰਘ, ਸਾਹਿਬ ਸਿੰਘ ਨੇ ਮਿਲ ਕੇ ਹੱਥ ਜੋੜ ਕੇ ਉਚਾਰਨ ਕੀਤਾ, "ਹੇ ਪ੍ਰਭੂ ਜੀ ! ਜੰਗ ਛੱਡੋ, ਕਿਸੇ ਹੋਰ ਥਾਂ ਚਲੇ ਜਾਵੋ, ਸਾਡੀ ਗੱਲ ਮੰਨੋ, ਸਿੰਘ ਇਹੋ ਹੀ ਵਿਚਾਰਦੇ ਹਨ। ਆਪ ਜੀ ਤੋਂ ਫਿਰ ਲੱਖਾਂ ਹੋਰ ਹੋ ਜਾਣਗੇ, ਆਪ ਸਭ ਦਾ ਮੂਲ ਹੋ ਤੇ ਸਭ ਨੂੰ ਸੁਧਾਰਨ ਵਾਲੇ ਹੋ। ਆਪ ਕਹੋ ਜਿੱਥੇ ਅਸੀਂ ਸਾਰੇ ਡਟੀਏ, ਰੋਕ ਕੇ ਵੈਰੀ ਨੂੰ ਮਾਰਦੇ ਹਾਂ" ॥ ੨੬ ॥

ਬਾਰ ਹੀ ਬਾਰ ਬਿਨੈ ਬਹੁ ਬੋਲਤਿ ਬੀਰਨ ਬਾਤ ਕੋ ਮਾਨਿ ਗੁਸਾਈਂ।
ਸ੍ਰੀ ਗੁਜਰੀ ਬਿਚ ਸਜੰਦਨ ਕੇ, ਜੁਗ ਨੰਦਨ ਨੰਦ ਕੇ ਸੰਗ ਚਢਾਈ।
ਤਾਂਹਿ ਸੁਭਾਖ ਕਰੀ ਸਮੁਝਾਵਨ 'ਲੈ ਅਗਵਾਨ ਚਲੋ ਸਹਸਾਈ।
ਏਕ ਦੁ ਰਾਤ ਕਹੂੰ ਬਸਿਕੈ ਤਟ ਸੋਦ੍ਰਵ ਕੇ ਗਮਨੋ ਪਿਖਿ ਥਾਈ' ॥ ੨੭ ॥

ਬਾਰ-ਬਾਰ ਬੇਨਤੀਆਂ ਕਰਦੇ ਸਨ, ਹੇ ਮਾਲਕ ! ਸੂਰਬੀਰਾਂ ਦੀ ਗੱਲ ਨੂੰ ਮੰਨ ਲਵੋ। ਮਾਤਾ ਗੁਜਰੀ ਜੀ ਰੱਥਾਂ ਵਿਚ ਬੈਠੇ ਹਨ, ਪੁੱਤਰ ਦੇ ਦੋਵੇਂ ਪੁੱਤਰ ਨਾਲ ਚੜ੍ਹਾਏ ਹਨ। ਫਿਰ ਸਤਿਗੁਰੂ ਜੀ ਨੇ ਕਹਿ ਕੇ ਸਮਝਾਇਆ, "ਹੌਲੀ-ਹੌਲੀ ਅੱਗੇ ਲੈ ਚਲੋ। ਇਕ ਦੋ ਰਾਤਾਂ ਕਿਤੇ ਰਹਿ ਕੇ ਸਤਿਲੁਜ ਦੇ ਕਿਨਾਰੇ ਕੋਈ ਥਾਂ ਵੇਖ ਕੇ ਚਲੋ" ॥ ੨੭ ॥

*ਸੋਰਠਾ*-ਦਿੱਲੀ ਕੋ ਬਸਨੀਕ ਏਕ ਸਿੱਖ ਲਸ਼ਕਰ ਬਿਖੈ।
ਔਚਕ ਆਇ ਨਜੀਕ ਕਰੀ ਚਰਨ ਗੁਰ ਬੰਦਨਾ ॥ ੨੮ ॥

ਦਿੱਲੀ ਦਾ ਵਸਨੀਕ ਇਕ ਸਿੱਖ ਲਸ਼ਕਰ ਵਿਚ ਸੀ, ਉਸ ਨੇ ਅਚਾਨਕ ਨਜ਼ਦੀਕ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ॥ ੨੮ ॥

'ਕਹੋ ਆਪ ਕੁਛ ਕਾਜ, ਜੋ ਮੋ ਤੇ ਕੁਛ ਬਨਿ ਸਕੈ।
ਰਾਜਨ ਕੇ ਮਹਾਂਰਾਜ ! ਸਕਲ ਕਲਾ ਸਮਰੱਥ ਤੁਮ' ॥ ੨੯ ॥

ਆਪ ਕੋਈ ਕਾਰਜ ਦੱਸੋ, ਜਿਹੜਾ ਮੈਥੋਂ ਕੁਝ ਬਣ ਸਕੇ। ਹੇ ਰਾਜਿਆਂ ਦੇ ਮਹਾਰਾਜ ! ਤੁਸੀਂ ਸਰਬ ਕਲਾ ਸਮਰੱਥ ਹੋ" ॥ ੨੯ ॥

ਸ੍ਰੀ ਮੁਖ ਤੇ ਕਹਿ ਤਾਂਹਿ 'ਨੀਕੇ ਅਵਸਰ ਮਹਿਂ ਮਿਲਜੋ।
ਜਾਤ ਬਿਹੀਰੈ ਮਾਂਹਿ ਜੁਗ ਡੋਰੇ ਤਿਨ ਸੋਂ ਮਿਲੋ ॥ ੩੦ ॥

ਸਤਿਗੁਰੂ ਜੀ ਨੇ ਉਸ ਨੂੰ ਮੁੱਖ ਤੋਂ ਕਿਹਾ, "ਚੰਗੇ ਮੌਕੇ 'ਤੇ ਤੂੰ ਮਿਲਿਆ ਹੈਂ। ਵਿਹੀਰ ਦੇ ਨਾਲ ਦੋ ਡੋਲੇ ਜਾ ਰਹੇ ਹਨ, ਉਨ੍ਹਾਂ ਨੂੰ ਜਾ ਕੇ ਮਿਲੋ ॥ ੩੦ ॥

ਪੁਨ ਰੋਪਰ ਕੇ ਬੀਚ ਕਿਸਕੇ ਸਦਨ ਉਤਾਰ ਦਿਹੁ।
ਲਖੈ ਊਚ ਨਹਿਂ ਨੀਚ, ਨਹਿਂ ਸ਼ੰਕਾ ਚਿਤ ਧਾਰੀਅਹਿ' ॥ ੩੧ ॥

ਫਿਰ ਰੋਪੜ ਦੇ ਵਿਚ ਕਿਸੇ ਦੇ ਘਰ ਉਨ੍ਹਾਂ ਦਾ ਉਤਾਰਾ ਕਰਵਾ ਦੇਵੋ। ਉਚ ਨੀਚ ਤੈਨੂੰ ਕੋਈ ਵੀ ਨਹੀਂ ਜਾਣ ਸਕੇਗਾ, ਚਿੱਤ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਧਾਰਨ ਕਰੋ" ॥ ੩੧ ॥

ਸਿਖ ਬੋਲਜੋ ਕਰ ਬੰਦਿ 'ਮਮ ਸਨਬੰਧੀ ਘਰ ਬਸਹਿਂ।
ਕਰਹੁ ਸਹਾਇ ਬਿਲੰਦ ਤਹਾਂ ਉਤਾਰੋਂ ਜਾਇ ਕਰਿ ॥ ੩੨ ॥

ਫਿਰ ਸਿੱਖ ਹੱਥ ਜੋੜ ਕੇ ਬੋਲਿਆ, "ਮੇਰੇ ਸੰਬੰਧੀ ਦਾ ਉਥੇ ਘਰ ਵੱਸਦਾ ਹੈ, ਮੇਰੀ ਵੱਡੀ ਸਹਾਇਤਾ ਕਰੋ, ਤਾਂਕਿ ਉਨ੍ਹਾਂ ਨੂੰ ਮੈਂ ਉਥੇ ਜਾ ਕੇ ਉਤਾਰ ਦੇਵਾਂ॥ ੩੨॥

ਪੂਰਨ ਗੁਰੂ ਮਹਾਨ ਮੈਂ ਸਿੱਖ ਹੋਇ ਨ ਡਰਤਿ ਹੋਂ।
ਰੱਛਹੁ ਆਪ ਸੁਜਾਨ ਕਰੋਂ ਅਜਤਨ ਅਰਾਧਨਾ॥ ੩੩॥

ਤੁਸੀਂ ਮਹਾਨ ਪੂਰਨ ਗੁਰੂ ਹੋ, ਮੈਂ ਤੁਹਾਡਾ ਸਿੱਖ ਹੋ ਕੇ ਡਰਦਾ ਨਹੀਂ ਹਾਂ। ਹੇ ਸਤਿਗੁਰੂ ਜੀ ਮੇਰੀ ਰੱਖਿਆ ਕਰੋ, ਮੈਂ ਇਹੀ ਅਰਾਧਨਾ ਕਰਦਾ ਹਾਂ"॥ ੩੩॥

ਸ੍ਵੈਯਾ-ਯੋਂ ਕਹਿ ਆਇਸੁ ਪਾਇ ਤਬੈ ਸਿਖ ਜਾਇ ਬਹੀਰ ਕੀ ਭੀਰ ਮਹਿਂ ਡੋਰੇ।
ਤੂਰਨਤਾ ਕਰਿ ਬੰਦਨ ਕੋ ਤਹਿਂ ਧਾਇ ਗਯੋ ਫਿਰਿ ਕੈ ਤਹਿਂ ਟੋਰੇ।
'ਮਾਤ ਥਿਰੋ ਨਹਿਂ, ਜਾਹੁ ਅਬੈ, ਨਿਸ ਬੀਤ ਚਲੀ ਹੁਇ ਚਾਹਤਿ ਭੋਰੇ।
ਸ਼ੱਤ੍ਰੁਨਿ ਪਾਪ ਦਗਾ ਸਭਿ ਕੀਨ, ਮਿਲੈਂ ਗਨ ਆਇ ਸਮਾਂ ਬਿਤ ਥੋਰੇ॥੩੪॥

ਇਸ ਪ੍ਰਕਾਰ ਕਹਿ ਕੇ ਆਗਿਆ ਪਾ ਕੇ ਸਿੱਖ ਵਿਹੀਰ ਦੀ ਭੀੜ ਵਿਚ ਦਾਖਲ ਹੋ ਗਿਆ ਜਿੱਥੇ ਡੋਲੇ ਸਨ। ਤੁਰਤ ਬੰਦਨਾ ਕਰਕੇ, ਉਥੇ ਭੱਜ ਕੇ ਚਲੇ ਗਿਆ ਤੇ ਫਿਰ ਕੇ ਡੋਲੇ ਲੱਭ ਲਏ ਤੇ ਮਾਤਾ ਜੀ ਨੂੰ ਕਹਿਣ ਲੱਗਾ, "ਮਾਤਾ ਜੀ ਏਥੇ ਠਹਿਰੋ ਨਹੀਂ, ਹੁਣ ਜਾਵੋ, ਰਾਤ ਬੀਤ ਚਲੀ ਹੈ ਤੇ ਹੁਣ ਸਵੇਰ ਹੋਣ ਵਾਲੀ ਹੈ। ਵੈਰੀਆਂ ਨੇ ਪਾਪ ਦਗਾ ਸਭ ਪ੍ਰਕਾਰ ਕੀਤਾ ਹੈ, ਹੁਣ ਥੋੜਾ ਸਮਾਂ ਬੀਤਣ ਬਾਅਦ ਹੀ ਆ ਪਹੁੰਚਣਗੇ॥ ੩੪॥

ਸ੍ਰੀ ਪ੍ਰਭੁ ਆਇਸੁ ਮੋਹਿ ਦਈ ਪੁਰਿ ਮੈਂ ਸਨਬੰਧ, ਕਰੋ ਤਹਿਂ ਡੇਰਾ।
ਸੈਨ ਤੇ ਲੇਹੁ ਬਚਾਇ ਤਹਾਂ ਪੁਨ ਆਪ ਚਲੋ ਜਿਹ ਠਾਂ ਘਰ ਮੇਰਾ।
ਰਾਵਰ ਕੀ ਬਹੁ ਸੰਗਤਿ ਹੈ ਕਰਿ ਪੰਗਤ ਸੇਵਹਿਂ ਸਾਂਝ ਸਵੇਰਾ।
ਫੇਰ ਮਿਲੋ ਜਿਸ ਥਾਨ ਟਿਕੈਂ ਗੁਰ, ਹੋਇ ਰਹਯੋ ਅਬਿ ਜੰਗ ਬਸੇਰਾ॥੩੫॥

ਸਤਿਗੁਰੂ ਜੀ ਨੇ ਮੈਨੂੰ ਆਗਿਆ ਕੀਤੀ ਹੈ, ਸ਼ਹਿਰ ਵਿਚ ਮੇਰੇ ਸੰਬੰਧੀ ਰਹਿੰਦੇ ਹਨ, ਉਥੇ ਆਪਣਾ ਡੇਰਾ ਕਰੋ। ਉਥੇ ਸੈਨਾ ਤੋਂ ਬਚਾ ਲਵਾਂਗਾ, ਫਿਰ ਆਪ ਜੀ ਉਥੇ ਚਲੋ ਜਿੱਥੇ ਮੇਰਾ ਘਰ ਹੈ। ਆਪ ਜੀ ਦੀ ਉਥੇ ਬਹੁਤ ਸੰਗਤ ਰਹਿੰਦੀ ਹੈ, ਉਹ ਪੰਗਤ ਲਾ ਕੇ ਸਵੇਰੇ ਸ਼ਾਮ ਸੇਵਾ ਕਰਦੇ ਹਨ। ਫਿਰ ਉਥੇ ਜਾ ਮਿਲੋ, ਜਿੱਥੇ ਵੀ ਗੁਰੂ ਜੀ ਟਿਕ ਜਾਣ, ਹੁਣ ਜੰਗ ਦਾ ਬਸੇਰਾ ਹੋ ਰਿਹਾ ਹੈ"॥ ੩੫॥

ਯੌਂ ਕਹਿਕੈ ਨਿਜ ਸੰਗ ਲਏ ਤਮ ਬ੍ਰਿੰਦ ਹੁਤੋ ਘਰ ਮਹਿਂ ਉਤਰਾਏ।
ਏਕ ਹੀ ਰਾਤਿ ਬਸੇ ਗੁਰ ਰੋਪਰ ਭੋਰ ਹ੍ਵੈ ਗਾਡੀ ਮੈਂ ਲੀਨ ਚਢਾਏ।
ਦਿੱਲੀ ਕੇ ਪੰਥ ਪਰੇ ਤਬਿ ਹੂੰ ਚਲਿ ਕੈ ਦਿਨ ਕੇਤਿਕ ਮਹਿਂ ਤਹਿਂ ਆਏ।
ਕਾਹੂੰ ਨੈ ਭੇਦ ਲਖਯੋ ਨ ਪਿਖਯੋ ਰਿਪੁ ਆਂਖਨਿ ਮਹਿਂ ਰਜ ਪੁੰਜ ਕੋ ਪਾਏ॥੩੬॥

ਇਹ ਕਹਿ ਕੇ ਆਪਣੇ ਨਾਲ ਲਏ, ਉਸ ਸਮੇਂ ਬਹੁਤ ਹਨੇਰਾ ਸੀ, ਆਪਣੇ ਘਰ ਵਿਚ ਜਾ ਕੇ ਉਤਰਵਾਏ, ਇਕ ਰਾਤ ਰੋਪੜ ਵਿਚ ਠਹਿਰੇ, ਸਵੇਰ ਹੋਣ 'ਤੇ ਗੱਡੇ ਵਿਚ ਚੜ੍ਹਾ ਲਏ। ਫਿਰ ਚਲ ਕੇ ਦਿੱਲੀ ਦੇ ਰਾਹੇ ਪੈ ਗਏ, ਕਈ ਦਿਨਾਂ ਬਾਅਦ ਦਿੱਲੀ ਵਿਚ ਆ ਪਹੁੰਚੇ। ਕਿਸੇ ਨੇ ਵੀ ਭੇਦ ਨਾ ਜਾਣਿਆ, ਵੈਰੀ ਦੀਆਂ ਅੱਖਾਂ ਵਿਚ ਘੱਟਾ ਪੈ ਗਿਆ॥ ੩੬॥

ਸ੍ਰੀ ਗੁਜਰੀ ਜੁਗ ਪੋਤ੍ਰਨਿ ਕੇ ਜੁਤਿ ਸਜੰਦਨ ਕੋ ਕਰਿ ਬੇਗ ਚਲਾਈ।
ਦ੍ਵੈ ਮਹਿਲਾ ਜਿਮ ਜਾਤਿ ਭਈ ਸੁ ਕਥਾ ਕਹਿ ਸ੍ਰੋਤਨਿ ਬ੍ਰਿੰਦ ਸੁਨਾਈ।

ਔਰ ਬਹੀਰ ਗਯੋ ਤਟ ਰੋਪਰ ਆਨਿ ਮਲੇਛ ਮਿਲੇ ਸਮੁਦਾਈ।
ਆਪਨੇ ਆਪਨੇ ਰਾਹ ਪਰੇ ਕੁਛ ਲੂਟ ਲਿਏ ਬਡ ਬਾਹਨੀ ਆਈ॥ ੩੭॥

ਮਾਤਾ ਗੁਜਰੀ ਜੀ ਨੇ ਦੋਵਾਂ ਪੋਤਰਿਆਂ ਸਹਿਤ ਰੱਥਾਂ ਨੂੰ ਬਹੁਤ ਤੇਜ਼ ਚਲਾਇਆ। ਜਿਵੇਂ ਦੋ ਮਹਿਲਾਂ ਜਾ ਰਹੀਆਂ ਸਨ, ਉਹ ਕਥਾ ਸ੍ਰੋਤਿਆਂ ਨੂੰ ਕਹਿ ਕੇ ਸੁਣਾਈ ਹੈ। ਹੋਰ ਵਹੀਰ ਰੋਪੜ ਦੇ ਕਿਨਾਰੇ ਤੇ ਪੁੱਜੀ ਤੇ ਸਾਰੇ ਮਲੇਛ ਆ ਕੇ ਮਿਲ ਪਏ। ਕੁਝ ਆਪਣੇ-ਆਪਣੇ ਰਾਹ ਪੈ ਗਏ, ਕੁਝ ਨੂੰ ਵੱਡੀ ਸੈਨਾ ਨੇ ਆ ਕੇ ਲੁੱਟ ਲਿਆ॥ ੩੭॥

ਫੇਰ ਕਰੀ ਬਿਨਤੀ ਬਹੁ ਸਿੰਘਨਿ 'ਸ੍ਰੀ ਪ੍ਰਭੁ ਜੀ! ਤੁਮ ਆਪ ਸਿਧਾਵੋ'।
ਹਾਥ ਕੋ ਜੋਰਿ ਨਿਹੋਰਤਿ ਹੈਂ 'ਥਿਰ ਦਾਸ ਰਹੈਂ ਜਿਮ ਬਾਕ ਅਲਾਵੋ।
ਲਾਖਹੁਂ ਸ਼ੱਤ੍ਰੂ ਚਹੈਂ ਤੁਮ ਕੋ, ਨਹੀਂ ਬੀਚ ਫਸੋ, ਨਹਿਂ ਜੰਗ ਮਚਾਵੋ।
ਪੰਥ ਕਹੈ ਸਭਿ ਮਾਨਹੁ ਕਯੋਂ ਨਹਿਂ, ਤੇਜ ਤੁਰੰਗ ਕਰੇ ਚਲਿ ਜਾਵੋ' ॥ ੩੮॥

ਫਿਰ ਸਿੰਘਾਂ ਨੇ ਬਹੁਤ ਬੇਨਤੀ ਕੀਤੀ, "ਸ੍ਰੀ ਪ੍ਰਭੂ ਜੀ! ਤੁਸੀਂ ਆਪ ਚਲੇ ਜਾਵੋ।" ਹੱਥ ਜੋੜ ਕੇ ਵੇਖਦੇ ਸਨ, "ਦਾਸ ਸਥਿਰ ਰਹਿਣਗੇ, ਜਿਵੇਂ ਬਚਨ ਕਰੋ। ਲੱਖਾਂ ਵੈਰੀ ਤੁਹਾਨੂੰ ਚਾਹੁੰਦੇ ਹਨ, ਉਨ੍ਹਾਂ ਦੇ ਵਿਚ ਨਾ ਫਸੋ ਤੇ ਨਾ ਹੀ ਜੰਗ ਮਚਾਵੋ। ਆਪਣੇ ਪੰਥ ਦੇ ਕਹੇ ਨੂੰ ਮੰਨਦੇ ਕਿਉਂ ਨਹੀਂ ਹੋ, ਤੇਜ਼ ਘੋੜਾ ਲੈ ਕੇ ਚਲੇ ਜਾਵੋ"॥ ੩੮॥

ਸ੍ਰੀ ਗੁਰ ਸ੍ਰਯ ਬਿਚਾਰਤਿ ਭੇ ਇਮ ਨੇਤਿ ਅਕਾਲ ਪ੍ਰਮੇਸ਼ੁਰ ਕੇਰੀ।
ਤੋਰਿ ਤੁਰੰਗਮ ਤੂਰਨਤਾ ਜੁਤਿ ਰੋਪਰ ਕੋ ਉਲੰਘੇ ਤਿਸ ਬੇਰੀ।
ਸਿੰਘ ਖਰੇ ਤਹਿਂ ਕੇਤਿਕ ਭੇ ਸਭਿ ਛੋਰਤਿ ਹੈਂ ਗੁਲਕਾਂ ਬਹੁਤੇਰੀ।
ਰੋਕਤਿ ਰੋਕ, ਬਿਲੋਕਤਿ ਹੈਂ ਨਿਸ ਬੀਤ ਚਲੀ ਲਗ ਹੋਨਿ ਸਵੇਰੀ॥ ੩੯॥

ਸਤਿਗੁਰੂ ਜੀ ਸੁਣ ਕੇ ਵਿਚਾਰਦੇ ਸਨ, ਅਕਾਲ ਪੁਰਖ ਦਾ ਕੋਈ ਅੰਤ ਨਹੀਂ। ਘੋੜੇ ਨੂੰ ਬਹੁਤ ਤੇਜ਼ ਚਲਾ ਕੇ, ਰੋਪੜ ਨੂੰ ਉਸ ਸਮੇਂ ਲੰਘ ਗਏ। ਉਥੇ ਕਈ ਸਿੰਘ ਖੜੇ ਸਨ, ਸਾਰੇ ਬਹੁਤ ਗੋਲੀਆਂ ਛੱਡ ਰਹੇ ਸਨ। ਰੋਕ ਰੋਕਦਿਆਂ ਵੇਖਦੇ ਸਨ, ਕਿ ਰਾਤ ਬੀਤ ਚਲੀ ਹੈ ਤੇ ਸਵੇਰ ਹੋਣ ਲੱਗੀ ਹੈ॥ ੩੯॥

ਸੂਰਮੇ ਸਿੰਘ ਗੁਰੂ ਸੰਗ ਸਾਯੁਧ ਪੰਚ ਰੁ ਤੀਸ ਗਏ ਤਿਸ ਕਾਲਾ।
ਔਰ ਭਿਰੇ ਭਟ ਸਾਥ ਮਲੇਛਨ ਛੋਰਿ ਤੁਫੰਗਨ ਕੋ ਰਣ ਘਾਲਾ।
ਮਾਰ ਹਜ਼ਾਰਹੁਂ ਨਾਸ਼ ਕਰੇ ਬਹੁ ਲੋਟਤਿ ਹੈਂ ਲਗਿ ਘਾਵ ਕਰਾਲਾ।
ਬਾਜ ਮਰੇ ਜੁਤਿ ਜ਼ੀਨ ਪਰੇ, ਕਿਤ ਛੂਛ ਫਿਰੇ ਅਸਵਾਰਨ ਡਾਲਾ॥ ੪੦॥

ਗੁਰੂ ਜੀ ਨਾਲ ਸ਼ਸਤਰਧਾਰੀ ਸੂਰਬੀਰ ਉਸ ਸਮੇਂ ਕੁਲ ਚਾਲੀ ਸਨ। ਹੋਰ ਸੂਰਬੀਰ ਮਲੇਛਾਂ ਨਾਲ ਭਿੜੇ ਸਨ, ਜਿਨ੍ਹਾਂ ਬੰਦੂਕਾਂ ਚਲਾ ਕੇ ਯੁੱਧ ਕੀਤਾ ਸੀ। ਹਜ਼ਾਰਾਂ ਵੈਰੀਆਂ ਨੂੰ ਮਾਰ ਕੇ ਨਾਸ਼ ਕਰ ਦਿੱਤਾ ਸੀ, ਕਈ ਵਿਕਰਾਲ ਰੂਪ ਵਿਚ ਜ਼ਖਮੀ ਹੋ ਕੇ ਲੋਟ ਪੋਟ ਹੋ ਰਹੇ ਸਨ। ਮਰੇ ਹੋਏ ਘੋੜੇ ਕਾਠੀਆਂ ਸਹਿਤ ਪਏ ਸਨ, ਕਈ ਸਵਾਰਾਂ ਨੂੰ ਡੇਗ ਕੇ ਖਾਲੀ ਫਿਰਦੇ ਸਨ॥ ੪੦॥

ਘੋਰ ਘਮੰਡ ਪ੍ਰਚੰਡ ਪਰਜੇ ਤਨ ਖੰਡਹਿ ਖੰਡ ਪਰੇ ਧਰਨੀ।
ਸਿੰਘ ਕੇ ਹਾਥ ਛੁਟੀ ਗੁਲਕਾ ਨਿਫਲੀ ਨਹਿਂ ਜਾਤ ਗੁਰੂ ਬਰਨੀ।
ਮਾਰ ਬਿਨਾਸ਼ਤਿ ਬੀਰ ਕਿ ਬਾਜ ਕੋ ਲਾਗਤਿ ਹੀ ਸੁ ਕਰੈ ਕਰਨੀ।
ਮੁੰਡ ਫੁਟੇ ਕਿਸ ਤੁੰਡ ਫੁਟੇ ਕਿਸ ਅੰਗ ਕਟੇ ਅਰਿ ਸੋਂ ਅਰਨੀ॥ ੪੧॥

ਜਿਹੜੇ ਪ੍ਰਚੰਡ ਘੁਮੰਡ ਧਾਰਨ ਕਰਦੇ ਸਨ, ਉਹ ਖੰਡ ਖੰਡ ਹੋ ਕੇ ਧਰਤੀ ਤੇ ਪਏ ਸਨ। ਸਿੰਘਾਂ ਦੇ ਹੱਥ ਵਿਚੋਂ ਨਿਕਲੀ

ਗੋਲੀ ਖਾਲੀ ਨਹੀਂ ਸੀ ਜਾਂਦੀ, ਕਿਉਂਕਿ ਗੁਰੂ ਜੀ ਨੇ ਇਹ ਵਰ ਦਿੱਤਾ ਸੀ। ਉਹ ਘੋੜੇ ਜਾਂ ਸੂਰਬੀਰ ਨੂੰ ਲੱਗ ਕੇ ਤੁਰਤ ਉਸ ਦਾ ਵਿਨਾਸ਼ ਕਰ ਦਿੰਦੀ ਸੀ। ਕਿਸੇ ਦਾ ਸਿਰ ਪਾਟ ਗਿਆ ਸੀ, ਕਿਸੇ ਦਾ ਮੂੰਹ ਪਾਟ ਗਿਆ ਸੀ, ਕਿਸੇ ਦੇ ਵੈਰੀ ਨਾਲ ਅੜ ਕੇ ਅੰਗ ਕੱਟੇ ਗਏ ਸਨ॥ ੪੧॥

ਕੋ ਲਗਿ ਔਰ ਬਖਾਨ ਕਰੌਂ ਹਨਿਕੈ ਬਹੁ ਬੀਰ ਮਲੇਛ ਪਹਾਰੀ।
ਸਿੰਘ ਸ਼ਹੀਦ ਭਏ ਸਗਰੇ ਭਟ ਪੰਚ ਬਚੇ ਤਨ ਹੋਇ ਸੁਮਾਰੀ।
ਸੂਰਜ ਗੈਨ ਪ੍ਰਕਾਸ਼ ਭਯੋ ਤਮ ਭਾਜਿ ਗਯੋ, ਜਗ ਭੀ ਉਜਿਆਰੀ।
ਸ਼੍ਰੋਣਤਿ ਚੁਤਤਿ ਸੋਂ ਗਮਨੇ ਮਗ ਖੋਜਿ ਭਲੇ ਪ੍ਰਭੁ ਕੀ ਅਸਵਾਰੀ॥ ੪੨॥

ਕਿਥੋਂ ਤਕ ਹੋਰ ਬਿਆਨ ਕਰਾਂ, ਬਹੁਤ ਮਲੇਛ ਅਤੇ ਪਹਾੜੀ ਸੂਰਬੀਰ ਮਾਰ ਕੇ, ਸਾਰੇ ਸਿੰਘ ਸ਼ਹੀਦ ਹੋ ਗਏ, ਪੰਜ ਸਿੰਘ ਬਚੇ ਜਿਨ੍ਹਾਂ ਦੇ ਸਰੀਰ ਜ਼ਖਮੀ ਹੋ ਗਏ ਸਨ। ਸੂਰਜ ਦਾ ਫਿਰ ਪ੍ਰਕਾਸ਼ ਹੋ ਗਿਆ ਹਨੇਰਾ ਦੂਰ ਹੋ ਗਿਆ, ਅਤੇ ਜਗਤ ਵਿਚ ਉਜਾਲਾ ਹੋ ਗਿਆ। ਉਹ ਪੰਜ ਸਿੰਘ ਖੂਨ ਵਗਦਿਆਂ ਰਾਹੇ-ਰਾਹ ਚਲ ਪਏ, ਉਹ ਭਲੀ ਪ੍ਰਕਾਰ ਪ੍ਰਭੂ ਦੀ ਅਸਵਾਰੀ ਲੱਭਦੇ ਪਏ ਸਨ॥ ੪੨॥

ਦੋਹਰਾ-ਕਈ ਹਜ਼ਾਰਨਿ ਸ਼ੱਤ੍ਰੂ ਕੋ ਮਗ ਲਰਿ ਕੀਨ ਬਿਨਾਸ਼।
ਆਨੰਦਪੁਰਿ ਰੋਪਰ ਲਗੇਂ ਮਰੇ ਪਰੇ ਭਟ ਰਾਸ॥ ੪੩॥

ਕਈ ਹਜ਼ਾਰ ਵੈਰੀਆਂ ਨੂੰ ਰਾਹ ਵਿਚ ਯੁੱਧ ਕਰਕੇ ਮਾਰ ਮੁਕਾਇਆ। ਅਨੰਦਪੁਰ ਤੋਂ ਰੋਪੜ ਤਕ ਬਹੁਤ ਸੂਰਬੀਰ ਮਰੇ ਪਏ ਸਨ॥ ੪੩॥

ਉਡੇ ਬਿਹੰਗਮ ਆਦਿ ਗ੍ਰਿਧ ਆਮਿਖ ਖਾਇ ਭ੍ਰਮਾਹਿਂ।
ਬੀਸ ਕੋਸ ਲਗਿ ਬੀਚ ਮੈਂ ਪਲ ਭੱਖੀ ਦਿਖਰਾਹਿਂ॥ ੪੪॥

ਪੰਛੀ ਆਦਿ ਉੱਡ ਪਏ ਤੇ ਗਿੱਰਝਾਂ ਆਦਿ ਮਾਸ ਖਾ ਕੇ ਭੌਂਦੀਆਂ ਸਨ। ਵੀਹ ਕੋਹ ਤਕ ਮਾਸ ਖਾਣ ਵਾਲੇ ਪੰਛੀ ਦਿਖਾਈ ਦਿੰਦੇ ਸਨ॥ ੪੪॥

ਬਾਜੀ ਬੀਰ ਹਜ਼ਾਰ ਹੀ ਜਿਤ ਕਿਤ ਮਰੇ ਦਿਖੰਤਿ॥
ਜੰਬੁਕ, ਕੂਕਰ, ਕਾਕ ਖਗ, ਕੰਕ ਸੁ ਗੰਧ ਭ੍ਰਮੰਤਿ॥ ੪੫॥

ਹਜ਼ਾਰਾਂ ਘੋੜੇ ਅਤੇ ਸੂਰਬੀਰ ਜਿੱਥੇ ਕਿੱਥੇ ਮਰੇ ਹੋਏ ਦਿਖਾਈ ਦਿੰਦੇ ਸਨ। ਗਿੱਦੜ, ਕੁੱਤੇ, ਕਾਂ, ਪੰਛੀ, ਛੋਟੀਆਂ ਇੱਲਾਂ ਗੰਧ ਪਾ ਕੇ ਭੌਂਦੀਆਂ ਸਨ॥ ੪੫॥

ਲਾਖੋਂ ਦਲ ਪਸਚਾਤ ਗੁਰ ਮਾਰਤਿ ਮਰਤੇ ਆਇ।
ਪਰਯੋ ਖੇਤ ਲਰ ਭਟਨ ਕੋ ਸੁਪਤਿ ਮਨੋ ਬਹੁ ਥਾਇਂ॥ ੪੬॥

ਲੱਖਾਂ ਦਲ ਗੁਰੂ ਜੀ ਤੋਂ ਬਾਅਦ ਮਾਰਦੇ ਮਰਦੇ ਆਏ। ਸੂਰਬੀਰਾਂ ਲਈ ਵੱਡਾ ਰਣਖੇਤਰ ਬਣਿਆ ਸੀ, ਮਾਨੋ ਬਹੁਤ ਥਾਈਂ ਸੂਰਬੀਰ ਸੁੱਤੇ ਪਏ ਸਨ॥ ੪੬॥

ਸਿੰਘ ਸੈਂਕਰੇ ਮ੍ਰਿਤੁ ਪਰੇ ਤੁਰਕ ਪਹਾਰੀ ਬ੍ਰਿੰਦ।
ਦਿਵਸ ਚਢੇ ਜਾਨੇ ਪਰੇ ਭਾ ਘਮਸਾਨ ਬਲੰਦ॥ ੪੭॥

ਸੈਂਕੜੇ ਸਿੰਘ ਮਰੇ ਪਏ ਸਨ ਤੇ ਤੁਰਕ ਪਹਾੜੀਏ ਵੀ ਵੱਡੀ ਗਿਣਤੀ ਵਿਚ ਮਰੇ ਸਨ। ਦਿਨ ਚੜ੍ਹਨ ਤੇ ਪਤਾ ਲੱਗਾ ਕਿ ਕੋਈ ਵੱਡਾ ਯੁੱਧ ਹੋਇਆ ਹੈ॥ ੪੭॥

*ਛੇਵੀਂ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

# ਅਧਿਆਇ ਚੌਤੀਵਾਂ

## *ਚਮਕੌਰ ਦੀ ਗੜ੍ਹੀ ਵਿਚ ਯੁੱਧ*

ਦੋਹਰਾ-ਆਪ ਆਪ ਕੋ ਹੁਇ ਗਯੋ ਜੋ ਬਹੀਰ ਗੁਰ ਕੇਰ।
ਕੋ ਲੂਟਜੋ ਕੋ ਬਚ ਰਹਜੋ ਕੋ ਲਰਿ ਮ੍ਰਿਤੁ ਤਿਸ ਬੇਰ॥ ੧॥

ਜਿਹੜੀ ਗੁਰੂ ਜੀ ਦੀ ਵਿਹੀਰ ਸੀ, ਉਹ ਬਾਅਦ ਵਿਚ ਇਕੱਲੀ ਇਕੱਲੀ ਹੋ ਗਈ। ਕੋਈ ਲੁੱਟਿਆ ਗਿਆ, ਕੋਈ ਬਚ ਗਿਆ, ਕੋਈ ਲੜ ਕੇ ਉਸ ਸਮੇਂ ਮਾਰਿਆ ਗਿਆ॥ ੧॥

*ਭੁਜੰਗ ਛੰਦ*-ਚਲੇ ਆਪ ਨਾਥੰ ਦਿਸ਼ਾ ਦੱਛਨੀ ਕੋ। ਹੁਤੋ ਮਾਜਰਾ ਬੂਰ ਨਾਮ ਜਿਸੀ ਕੋ।
ਤਿਸੀ ਗ੍ਰਾਮ ਆਏ ਥਿਰੇ ਥੋਰ ਕਾਲਾ। ਕਹਜੋ ਦਾਸ ਕੋ 'ਨੀਰ ਆਨੋ ਉਤਾਲਾ ॥੨॥

ਆਪ ਸਤਿਗੁਰੂ ਜੀ ਦੱਖਣ ਵਾਲੇ ਪਾਸੇ ਚੱਲ ਪਏ, ਜਿਸ ਪਿੰਡ ਦਾ ਨਾਮ ਮਾਜਰਾ ਬੂਰ ਸੀ। ਉਸ ਪਿੰਡ ਵਿਚ ਹੀ ਥੋੜੀ ਦੇਰ ਲਈ ਆ ਟਿਕੇ। ਸੇਵਕ ਨੂੰ ਕਿਹਾ, "ਛੇਤੀ ਪਾਣੀ ਲਿਆਵੋ"॥ ੨॥

ਸੁਨੇ ਸਿੰਘ ਨੇ ਡੋਰ ਲੋਟਾ ਸੰਭਾਰਾ। ਤਹਾਂ ਕੂਪ ਤੇ ਨੀਰ ਨੀਕੋ ਨਿਕਾਰਾ।
ਗੁਰੂ ਕੋ ਦਿਯੋ ਆਨਿ ਲੀਨੋ ਤਦਾਈ। ਚੁਲੇ ਕੀਨ ਨੇਤ੍ਰੰ ਪਖਾਰੇ ਬਨਾਈ॥੩॥

ਇਹ ਸੁਣ ਕੇ ਸਿੰਘ ਨੇ ਡੋਲ ਲੋਟਾ ਸੰਭਾਲਿਆ, ਉਥੇ ਖੂਹ ਵਿਚੋਂ ਚੰਗਾ ਪਾਣੀ ਕੱਢਿਆ ਤੇ ਆ ਕੇ ਜਲ ਗੁਰੂ ਜੀ ਨੂੰ ਦਿੱਤਾ, ਗੁਰੂ ਜੀ ਨੇ ਜਲ ਲਿਆ, ਚੁਲੀ ਕੀਤੀ ਤੇ ਅੱਖਾਂ ਨੂੰ ਬਣਾ ਕੇ ਧੋਤਾ॥ ੩॥

ਕਛੂ ਪਾਨ ਕੀਨੇ ਮਲੰਹੀਨ ਪਾਨੀ। ਹੁਤੇ ਸਿੰਘ ਸੰਗੀ ਜਿਨੇ ਚਾਹ ਠਾਨੀ।
ਮੁਖੰ ਧੋਇ ਲੀਨਾਂ ਚਹਜੋ ਪਾਨ ਕੀਨਾ। ਚਲੇ ਫੇਰ ਆਗੇ ਜਹਾਂ ਪੰਥ ਚੀਨਾ॥੪॥

ਕੁਝ ਨਿਰਮਲ ਜਲ ਪੀਤਾ ਵੀ, ਜਿੰਨੇ ਵੀ ਉਸ ਸਮੇਂ ਸੰਗੀ ਸਿੰਘ ਸਨ ਉਨ੍ਹਾਂ ਨੇ ਇੱਛਾ ਪ੍ਰਗਟ ਕੀਤੀ। ਉਨ੍ਹਾਂ ਵੀ ਮੁਖ ਧੋ ਲਏ ਤੇ ਇੱਛਾ ਅਨੁਸਾਰ ਜਲ ਪੀਤਾ, ਫਿਰ ਅੱਗੇ ਚਲ ਪਏ ਜਿੱਥੇ ਰਾਹ ਵੇਖਿਆ॥ ੪॥

*ਲਲਿਤਪਦ ਛੰਦ*-ਦਿੱਲੀ ਤੇ ਇਕ ਮਾਨਵ ਆਯੋ ਜਾਤਿ ਤੁਰਕ ਕੇ ਡੇਰੇ।
ਸ਼੍ਰੀ ਗੁਰ ਸੰਗ ਮਿਲਜੋ ਕਰਿ ਬੰਦਨ ਬੂਝਜੋ ਸਿੰਘਨ ਹੇਰੇ॥ ੫॥

ਦਿੱਲੀ ਤੋਂ ਇਕ ਮਨੁੱਖ ਆਇਆ, ਉਹ ਤੁਰਕਾਂ ਦੇ ਡੇਰੇ ਵੱਲ ਜਾ ਰਿਹਾ ਸੀ। ਉਹ ਬੰਦਨਾ ਕਰਕੇ ਗੁਰੂ ਜੀ ਨੂੰ ਮਿਲਿਆ। ਉਸ ਨੂੰ ਵੇਖ ਕੇ ਸਿੰਘਾਂ ਨੇ ਪੁੱਛਿਆ॥ ੫॥

'ਕਿਤ ਤੇ ਆਯੋ ਜਾਇਂ ਕਹਾਂ ਕੋ? ਉਤਲਾਵਤਿ ਚਲਿ ਰਾਹੂ?'।
ਸੁਨਿਕੈ ਸਭਿ ਤਿਨ ਸਕਲ ਬਤਾਈ 'ਜਾਉਂ ਤੁਰਕ ਦਲ ਮਾਂਹੂ॥ ੬॥

ਕਿੱਥੋਂ ਆਏ ਹੋ ਤੇ ਕਿੱਥੇ ਜਾ ਰਹੇ ਹੋ? ਰਾਹ ਵਿਚ ਬੜੇ ਉਤਾਵਲੇ ਹੋ ਕੇ ਚਲਦੇ ਹੋ?" ਸਭ ਕੁਝ ਸੁਣ ਕੇ ਉਸ ਵਿਅਕਤੀ ਨੇ ਸਾਰੀ ਗੱਲ ਦੱਸੀ, "ਮੈਂ ਤੁਰਕ ਦਲ ਵਿਚ ਜਾ ਰਿਹਾ ਹਾਂ॥ ੬॥

ਖ਼ੁਆਜ ਮਰਦ ਨੇ ਚਮੂੰ ਹਕਾਰੀ ਗੁਰ ਗਹਿਬੇ ਕੇ ਹੇਤੂ।
ਸੋ ਦਸ ਲਾਖ ਆਇ ਅਸਵਾਰਹਿ ਆਨਿ ਮਿਲਹਿ, ਦਿਉਂ ਭੇਤੂ॥ ੭॥

ਖੁਆਜਾ ਮਰਦੂਦ ਨੇ ਸੈਨਾ ਬੁਲਾਈ ਹੈ, ਗੁਰੂ ਜੀ ਨੂੰ ਫੜਨਾ ਚਾਹੁੰਦੇ ਹਨ। ਮੈਂ ਇਹ ਭੇਦ ਦੇਣ ਆਇਆ ਹਾਂ ਕਿ ਦਸ ਲੱਖ ਅਸਵਾਰ ਆ ਕੇ ਮਿਲ ਪਵੇਗਾ॥ ੭॥

ਰਹੀ ਨਿਕਟ ਆਵਤਿ ਬਡ ਸੈਨਾ ਵਾਰ ਨ ਪਾਰ ਦਿਸੰਤਾ।
ਅਨਿਕ ਨਿਸ਼ਾਨ ਅਨੇਕ ਨਗਾਰੇ ਜਜੌਂ ਸਮੁੰਦ੍ਰ ਉਮਡੰਤਾ॥ ੮॥

ਵੱਡੀ ਸੈਨਾ ਬਹੁਤ ਨੇੜੇ ਆ ਰਹੀ ਹੈ, ਜਿਸ ਦਾ ਆਰ ਪਾਰ ਦਿਖਾਈ ਨਹੀਂ ਦਿੰਦਾ ਹੈ। ਅਨੇਕਾਂ ਝੰਡੇ ਹਨ, ਅਨੇਕਾਂ ਨਗਾਰੇ ਹਨ, ਜਿਵੇਂ ਸਮੁੰਦਰ ਉਮਡ ਕੇ ਆ ਰਿਹਾ ਹੋਵੇ'॥ ੮॥

ਤਨਕ ਭਨਕ ਸੁਨਿ ਕਰਿ ਸ੍ਰੀ ਸਤਿਗੁਰ ਚਹੁੰ ਦਿਸ਼ ਦ੍ਰਿਸ਼ਟਿ ਚਲਾਈ।
ਪੀਛੇ ਲਾਖਹੁੰ ਲਸ਼ਕਰ ਆਵਤਿ ਕਰਿ ਘਮਸਾਨ ਲਰਾਈ॥ ੯॥

ਥੋੜੀ ਕਨਸੋ ਸੁਣ ਕੇ ਸਤਿਗੁਰੂ ਜੀ ਨੇ ਚਾਰੇ ਪਾਸੇ ਦ੍ਰਿਸ਼ਟੀ ਚਲਾਈ। ਪਿੱਛੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਆ ਰਿਹਾ ਹੈ, ਘਮਸਾਨ ਦਾ ਯੁੱਧ ਕਰੇਗਾ॥ ੯॥

ਆਗੇ ਦਸ ਲਖ ਕੀ ਸੁਧਿ ਸੁਨਿਕੈ ਚਿਤ ਮਹਿਂ ਕੀਨ ਬਿਚਾਰਾ।
ਹਿਤ ਲਰਿਬੇ ਕੇ ਸਭਿ ਚਲਿ ਆਏ ਜੇ ਨ ਲਰਹਿਂ ਇਸ ਬਾਰਾ॥ ੧੦॥

ਗੁਰੂ ਜੀ ਨੇ ਅੱਗੇ ਦਸ ਲੱਖ ਦੀ ਖਬਰ ਸੁਣ ਕੇ ਆਪਣੇ ਚਿੱਤ ਵਿਚ ਵਿਚਾਰ ਕੀਤੀ। ਸਾਰੇ ਯੁੱਧ ਕਰਨ ਵਾਸਤੇ ਚਲ ਕੇ ਆਏ ਹਨ, ਜੇ ਇਸ ਸਮੇਂ ਨਹੀਂ ਲੜਾਂਗੇ॥ ੧੦॥

ਕਹਾਂ ਕਹੈਂਗੇ ਸ਼ੱਤ੍ਰੂ ਸਮੂਹੰ ਗੁਰੂ ਲਰਜੋ ਨਹਿਂ ਪਾਯੋ।
ਕੋ ਗਢ ਲੇ ਕਰਿ ਜੰਗ ਮਚਾਵਹਿਂ ਇਮ ਸ੍ਰੀ ਪ੍ਰਭੁ ਕੋ ਭਾਯੋ॥ ੧੧॥

ਫਿਰ ਸਾਰੇ ਵੈਰੀ ਕੀ ਕਹਿਣਗੇ, ਗੁਰੂ ਲੜ ਨਹੀਂ ਪਾਇਆ ਹੈ। ਕੋਈ ਕਿਲ੍ਹਾ ਲੈ ਕੇ ਜੰਗ ਮਚਾਵਾਂਗੇ, ਇਸ ਪ੍ਰਕਾਰ ਜਿਵੇਂ ਪ੍ਰਭੂ ਨੂੰ ਭਾਉਂਦਾ ਹੈ॥ ੧੧॥

ਗ੍ਰਾਮ ਨਾਮ ਚਮਕੌਰ ਜਿਸੀ ਕੋ ਥਲ ਊਚੇ ਪਰ ਹੇਰਾ।
ਇਸ ਮਹਿਂ ਬਰਿ ਘਮਸਾਨ ਮਚਾਵਹਿਂ ਲਸ਼ਕਰ ਹਤਹਿਂ ਘਨੇਰਾ॥ ੧੨॥

ਜਿਸ ਪਿੰਡ ਦਾ ਨਾਮ ਚਮਕੌਰ ਹੈ, ਜਿਸ ਨੂੰ ਬੜੇ ਉੱਚੇ ਸਥਾਨ ਤੇ ਵੇਖਿਆ ਹੈ, ਇਸ ਵਿਚ ਦਾਖਲ ਹੋ ਕੇ ਘਮਸਾਨ ਦਾ ਯੁੱਧ ਮਚਾਵਾਂਗੇ, ਤੁਰਕਾਂ ਦੇ ਬਹੁਤ ਲਸ਼ਕਰ ਨੂੰ ਮਾਰਾਂਗੇ॥ ੧੨॥

ਹਾਥ ਦਿਖਾਵਹਿਂ ਦੇਖਹਿਂ ਇਨਕੇ ਇਮ ਨਿਸ਼ਚੇ ਠਹਿਰਾਈ।
ਛੋਰਿ ਚਲਹਿਂ ਇਹ ਬਾਤ ਨ ਆਛੀ ਪਿਖਹਿਂ ਮਲੇਛ ਲਰਾਈ॥ ੧੩॥

ਇਨ੍ਹਾਂ ਨੂੰ ਆਪਣੇ ਹੱਥ ਵਿਖਾਵਾਂਗੇ ਤੇ ਇਨ੍ਹਾਂ ਦੇ ਹੱਥ ਵੇਖਾਂਗੇ, ਇਸ ਪ੍ਰਕਾਰ ਗੱਲ ਨਿਸ਼ਚੇ ਕੀਤੀ। ਛੱਡ ਕੇ ਜਾਣਾ ਇਹ ਗੱਲ ਚੰਗੀ ਨਹੀਂ, ਮਲੇਛ ਲੜਾਈ ਵੇਖਣਾ ਚਾਹੁੰਦਾ ਹੈ॥ ੧੩॥

ਹਿੰਦੂ ਪਹਾਰੀ ਧਰਮ ਬਿਨਾਸ਼ਜੋ ਤੁਰਕ ਸੁ ਬੇਈਮਾਨਾ।
ਇਨ ਕਰਮਨਿ ਤੇ ਤੇਜ ਘਟੈ ਰਿਪੁ ਡਾਰ ਸਮੂਲ ਪ੍ਰਹਾਨਾ॥ ੧੪॥

ਪਹਾੜੀ ਹਿੰਦੂਆਂ ਦਾ ਧਰਮ ਨਾਸ਼ ਹੋ ਗਿਆ ਹੈ ਤੇ ਤੁਰਕ ਬੇਈਮਾਨ ਹੋ ਗਏ ਹਨ। ਇਨ੍ਹਾਂ ਕਰਮਾਂ ਨਾਲ ਵੈਰੀ ਦਾ ਤੇਜ ਘਟੇਗਾ ਤੇ ਮੁੱਢ ਡਾਲਾਂ ਸਮੇਤ ਨਾਸ਼ ਹੋ ਜਾਵੇਗਾ॥ ੧੪॥

ਇਮ ਬਿਚਾਰ ਪ੍ਰਭੁ ਸੋ ਮਗ ਛੋਰਾ ਚਲੇ ਠੌਰ ਚਮਕੌਰੀ।
ਊਚੇ ਥਲ ਪਰ ਗ੍ਰਾਮ ਪਿਖ੍ਯੋ ਸੁਭ ਨਹਿਂ ਸਮੀਪ ਕੋ ਔਰੀ॥ ੧੫॥

ਇਹ ਵਿਚਾਰ ਕੇ ਸਤਿਗੁਰੂ ਜੀ ਨੇ ਰਾਹ ਛੱਡਿਆ ਤੇ ਚਮਕੌਰ ਵੱਲ ਚਲ ਪਏ। ਉੱਚੇ ਸਥਾਨ ਤੇ ਪਿੰਡ ਵੇਖਿਆ ਹੈ, ਉਸ ਵਰਗਾ ਨੇੜੇ ਤੇੜੇ ਹੋਰ ਕੋਈ ਸ਼ੁਭ ਪਿੰਡ ਨਹੀਂ ਹੈ॥ ੧੫॥

ਕਰਨ ਕਰਾਵਨ ਸਭਿ ਬਿਧਿ ਸਮਰਥ ਕਰਨ ਹੁਤੋ ਜਿਮ ਕਾਜੀ।
ਤਥਾ ਬਨਾਉ ਬਨਾਵਤਿ ਜਹਿਂ ਕਹਿਂ ਗਮਨੇ ਮੰਗ ਸਮਾਜੀ॥ ੧੬॥

ਸਤਿਗੁਰੂ ਜੀ ਕਰਨ ਕਰਾਵਣ ਸਭ ਵਿਧੀਆਂ ਨਾਲ ਸਮਰੱਥ ਹਨ, ਜਿਵੇਂ ਵੀ ਕਾਰਜ ਹੋਵੇ, ਉਸ ਪ੍ਰਕਾਰ ਹੀ ਕਰ ਲੈਂਦੇ ਹਨ ਤੇ ਉਸ ਤਰ੍ਹਾਂ ਹੀ ਬਣਾਓ ਬਣਾ ਲੈਂਦੇ ਹਨ ਤੇ ਸਾਜ਼-ਸਾਮਾਨ ਦੀ ਮੰਗ ਅਨੁਸਾਰ ਜਿੱਥੇ ਕਿੱਥੇ ਜਾਂਦੇ ਹਨ॥ ੧੬॥

ਪਹੁਚੇ ਗ੍ਰਾਮ ਦੱਛਨੀ ਦਿਸ਼ ਮਹਿਂ ਤਹਾਂ ਬਾਗ ਸੁਭ ਹੇਰਾ।
ਸਿੰਘਨਿ ਸਹਿਤ ਬਰੇ ਤਿਸ ਅੰਤਰ ਉਤਰੇ ਕੀਨਸਿ ਡੇਰਾ॥ ੧੭॥

ਚਮਕੌਰ ਪਿੰਡ ਦੇ ਦੱਖਣੀ ਪਾਸੇ ਪਹੁੰਚ ਗਏ ਤੇ ਉਥੇ ਜਾ ਕੇ ਇਕ ਸ਼ੁਭ ਬਾਗ ਵੇਖਿਆ। ਸਿੰਘਾਂ ਸਹਿਤ ਉਸ ਬਾਗ ਵਿਚ ਦਾਖਲ ਹੋ ਗਏ ਤੇ ਉੱਤਰ ਕੇ ਉਥੇ ਡੇਰਾ ਕੀਤਾ॥ ੧੭॥

ਜੋ ਖੱਚਰ ਤੀਰਨਿ ਸੰਗ ਲਾਦੀ ਖਰੀ ਕਰੀ ਤਿਸ ਥਾਨਾ।
ਨਿਕਟ ਤੁਰੰਗਮ ਠਾਢੇ ਕੀਨਸਿ ਕਰਿ ਕਾਜੇ ਬਲਵਾਨਾ॥ ੧੮॥

ਜਿਹੜੀ ਖੱਚਰ ਤੀਰਾਂ ਨਾਲ ਲੱਦੀ ਹੋਈ ਸੀ, ਉਹ ਉਸ ਥਾਂ ਖੜੀ ਕੀਤੀ, ਉਸ ਦੇ ਪਾਸ ਘੋੜੇ ਖੜੇ ਕਰ ਦਿੱਤੇ ਤੇ ਬਲਵਾਨ ਘੋੜੇ ਨੂੰ ਕਾਜੇ ਕੀਤਾ॥ ੧੮॥

ਅਪਰ ਸਰਬ ਹੀ ਉਤਰੇ ਭਟ ਬਰ ਫਰਕ ਫਰਕ ਕਰਿ ਬੈਸੇ।
ਊਚ ਮਜਾਜ ਬਿਨਾ ਰੁਖ ਪਿਖਿ ਕਰਿ ਤਰੁਨ ਤਰਨਿ ਹੈ ਜੈਸੇ॥ ੧੯॥

ਹੋਰ ਸਾਰੇ ਸੂਰਬੀਰ ਵੀ ਘੋੜਿਆਂ ਤੋਂ ਉੱਤਰ ਪਏ ਤੇ ਵਿੱਥ ਵਿੱਥ ਤੇ ਬੈਠ ਗਏ। ਬਿਨਾਂ ਰੁਖ਼ ਗੁਰੂ ਜੀ ਦੇ ਉੱਚੇ ਮਜਾਜ ਨੂੰ ਦੁਪਹਿਰ ਦੇ ਸੂਰਜ ਵਾਂਗ ਤੇਜ ਵੇਖਕੇ (ਜਿਵੇਂ ਦੁਪਹਿਰ ਦੇ ਸੂਰਜ ਵੱਲ ਤੱਕਣਾ ਕਠਨ ਹੁੰਦਾ ਹੈ, ਉਸ ਤਰ੍ਹਾਂ ਉਸ ਸਮੇਂ ਗੁਰੂ ਜੀ ਦੇ ਜਾਹੋ-ਜਲਾਲ ਨੂੰ ਤੱਕਣਾ ਕਠਨ ਸੀ)॥ ੧੯॥

ਹੋਇ ਨ ਸਕੈ ਸਮੀਪ ਸਿੰਘ ਕੋ, ਕਹਨਿ ਸ਼ਕਤਿ ਕਿਸ ਮਾਂਹੀ?।
ਦੁਰਨਿਰੀਛ ਦਰਸ਼ਨ ਤਿਸ ਛਿਨ ਮਹਿਂ, ਮੋਨ ਧਰੇ ਕਹਿਂ ਨਾਂਹੀ॥ ੨੦॥

ਉਸ ਸਮੇਂ ਕੋਈ ਵੀ ਸਿੰਘ ਗੁਰੂ ਜੀ ਦੇ ਪਾਸ ਵੀ ਨਹੀਂ ਸੀ ਹੋ ਸਕਦਾ, ਹੋਰ ਕੁਝ ਕਹਿਣ ਦੀ ਸ਼ਕਤੀ ਕਿਸ ਵਿਚ ਸੀ। ਉਸ ਸਮੇਂ ਗੁਰੂ ਜੀ ਦੇ ਦਰਸ਼ਨ ਦੁਰਨਿਰੀਛ ਸਨ, ਸਿੱਖ ਚੁੱਪ ਬੈਠੇ ਸਨ, ਕੁਝ ਵੀ ਕਹਿੰਦੇ ਨਹੀਂ ਸਨ॥ ੨੦॥

ਜਟਤਿ ਜਰਾਵ ਜਵਾਹਰ ਜ਼ਾਹਰ ਜਗਮਗ ਜਗਮਗ ਜੋਤੀ।
ਕੁੰਡਲ ਕਰਨ, ਕਰਨ ਕਲ ਕੰਕਨ, ਮਾਲ ਬਿਸਾਲ ਸੁ ਮੋਤੀ॥ ੨੧॥

ਜੜਾਊ ਹੀਰੇ ਜਵਾਹਰਾਤ ਦੀ ਜੋਤ ਜਗਮਗ-ਜਗਮਗ ਕਰਕੇ ਚਮਕ ਰਹੀ ਸੀ। ਕੰਨਾਂ ਵਿਚ ਕੁੰਡਲ, ਹੱਥਾਂ ਵਿਚ ਸੁਹਣੇ ਕੜੇ ਤੇ ਵਿਸ਼ਾਲ ਮਾਲਾ ਦੇ ਮੋਤੀ ਜਗਮਗਾ ਰਹੇ ਸਨ॥ ੨੧॥

ਜਿਗਾ ਜਟਤਿ ਸੁਭ ਰਤਨ ਅਨਿਕ ਬਿਧਿ ਕਲਗੀ ਝੁਲਤਿ ਉਤੰਗੀ।
ਨਵਰਤਨੇ ਜਨੁ ਮਿਸ ਕਰਿ ਤਨ ਕੋ ਨਵ ਗ੍ਰਹ ਗੁਰ ਭੁਜ ਸੰਗੀ॥ ੨੨॥

ਜਿਗਾ ਅਨੇਕ ਸ਼ੁਭ ਰਤਨਾਂ ਨਾਲ ਜੜੀ ਸੀ ਤੇ ਉੱਚੀ ਕਲਗੀ ਝੂਲ ਰਹੀ ਸੀ। ਨੌਂ ਰਤਨ ਜਿਵੇਂ ਗੁਰੂ ਜੀ ਦੇ ਸਰੀਰ ਦਾ ਬਹਾਨਾ ਕਰਕੇ ਨੌਂ ਗ੍ਰਹਿ ਗੁਰੂ ਜੀ ਦੀ ਭੁਜਾ ਨਾਲ ਆ ਲੱਗੇ ਸਨ॥ ੨੨॥

ਸਬਜ਼ ਸਰਾਸਨ ਸੁੰਦਰ ਸਾਜਜੋ ਸੁਵਰਨ ਸੁ ਵਰਨ ਗੋਸ਼ੇ।
ਆਯੁਤ, ਨਿਠੁਰ, ਪੀਨ ਕਰ ਧਰਿ ਕਰਿ ਤੁਰਕ ਅਰਿਨਿ ਪਰ ਰੋਸੇ॥ ੨੩॥

ਸਬਜ਼ ਧਨੁੱਖ ਨੂੰ ਸੋਹਣੇ ਰੰਗ ਵਾਲੇ ਸੋਨੇ ਦੇ ਗੋਸ਼ਿਆਂ ਨਾਲ ਸਵਾਰਿਆ ਸੀ। ਚੌੜਾ, ਕਠੋਰ ਅਤੇ ਮੋਟਾ ਧਨੁੱਖ ਧਾਰ ਕੇ ਵੈਰੀ ਤੁਰਕ ਉੱਤੇ ਵੱਡਾ ਕ੍ਰੋਧ ਧਾਰਨ ਕੀਤਾ ਸੀ॥ ੨੩॥

ਕਸਜੋ ਨਿਖੰਗ ਖਤੰਗ ਸੰਗ ਭਰਿ, ਖਪਰੇ ਖਰੇ ਪੁਲਾਦੀ।
ਤੀਛਨ ਭੀਛਨ ਪੀਨ ਕਾਨ ਜਿਨ ਬਡੇ ਕਿਤਿਕ ਮਰਜਾਦੀ॥ ੨੪॥

ਫੌਲਾਦ ਦੇ ਚੰਗੇ ਅਤੇ ਚੌੜੇ ਫਲ ਵਾਲੇ ਤੀਰਾਂ ਨਾਲ ਭੱਥਾ ਭਰਿਆ ਸੀ। ਤੀਰ ਕਈ ਵੱਡੇ ਹਨ, ਕਈ ਦਰਮਿਆਨੇ ਹਨ, ਪਰ ਹਨ ਬੜੇ ਤਿੱਖੇ ਅਤੇ ਭਿਆਨਕ ਤੇ ਕਾਨੀਆਂ ਜਿਨ੍ਹਾਂ ਦੀਆਂ ਮੋਟੀਆਂ ਹਨ॥ ੨੪॥

ਇਕ ਤੋਲਾ ਕੰਚਨ ਇਕ ਸਰ ਕੋ ਪਰ ਦੀਰਘ ਦਰਸਾਏ।
ਚੰਦ੍ਰਹਾਸ ਦਿਸ਼ਿ ਦੂਸਰ ਦੀਪਤਿ ਕੰਚਨ ਮੁਸ਼ਟ ਜਰਾਏ॥ ੨੫॥

ਤੀਰਾਂ ਦੇ ਇਕ ਸਿਰੇ 'ਤੇ ਇਕ ਤੋਲਾ ਸੋਨਾ ਲੱਗਾ ਹੈ ਤੇ ਉਨ੍ਹਾਂ ਦੇ ਪਰ ਵੱਡੇ ਦਿਖਾਈ ਦਿੰਦੇ ਹਨ। ਚੰਦਰਹਾਸ ਪਾਸੇ ਦੂਸਰੇ ਚਮਕਦੇ ਹਨ ਜਿਨ੍ਹਾਂ ਨੂੰ ਸੋਨੇ ਦੀ ਮੁੱਠੀ ਜੜੀ ਹੋਈ ਹੈ॥ ੨੫॥

ਕੇਤਿਕ ਬਾਨ ਪਾਨ ਮਹਿਂ ਲੇ ਕਰਿ ਭੂ ਪਰ ਮੁਖੀ ਟਿਕਾਈ।
ਫੋਕਨਿ ਪਰ ਕਰ ਜੁਤਿ ਸਿਰ ਧਰਿ ਕਰਿ ਥਿਰ ਤਰੁਵਰੁ ਤਰ ਥਾਂਈ॥ ੨੬॥

ਕਈ ਤੀਰ ਹੱਥ ਵਿਚ ਲੈ ਕੇ, ਉਨ੍ਹਾਂ ਦੀ ਮੁਖੀ ਧਰਤੀ ਵਿਚ ਟਿਕਾਈ ਤੇ ਬਾਗੜਾਂ ਉੱਤੇ ਹੱਥ ਸਮੇਤ ਸਿਰ ਧਰ ਕੇ ਬ੍ਰਿੱਛਾਂ ਦੇ ਹੇਠਲੇ ਸਥਾਨਾਂ 'ਤੇ ਬੈਠ ਗਏ॥ ੨੬॥

ਕਰਤਿ ਜੁੱਧ ਕ੍ਰੁੱਧਤਿ ਰਿਪੁ ਬਧਿ ਕਰਿ ਲਰਤਿ ਸਿੰਘ ਸਭਿ ਮਾਰੇ।
ਤਿਨ ਮਹਿਂ ਤੇ ਬਚਿ ਪੰਚ ਸਿੰਘ ਭਟ ਆਏ ਚਲੇ ਪਿਛਾਰੇ॥ ੨੭॥

ਕ੍ਰੋਧ ਕਰਕੇ ਯੁੱਧ ਕਰਦਿਆਂ ਵੈਰੀ ਨੂੰ ਮਾਰ ਕੇ ਲੜਦਿਆਂ ਸਿੰਘ ਵੀ ਸਾਰੇ ਮਾਰੇ ਗਏ ਹਨ। ਉਨ੍ਹਾਂ ਵਿਚੋਂ ਪੰਜ ਸੂਰਬੀਰ ਬਚੇ ਹਨ, ਉਹ ਪੰਜੇ ਸਿੰਘ ਪਿੱਛੇ ਚਲੇ ਆ ਰਹੇ ਸਨ॥ ੨੭॥

ਘਾਵ ਲਗੇ ਬਹੁ ਸ਼੍ਰੋਣਤਿ ਨਿਚੁਰਤਿ ਭੀਜੇ ਚੀਰ ਸਰੀਰਾ।
ਗੁਰ ਬਲ ਤੇ ਚਲਿ ਦਲ ਖਲ ਦਲਮਲ, ਖਲਭਲ ਤੇ ਧਰਿ ਧੀਰਾ॥ ੨੮॥

ਉਨ੍ਹਾਂ ਨੂੰ ਬਹੁਤ ਜ਼ਖਮ ਲੱਗੇ ਸਨ ਤੇ ਖ਼ੂਨ ਬਹੁਤ ਵੱਗਦਾ ਸੀ ਤੇ ਉਨ੍ਹਾਂ ਦੇ ਕੱਪੜੇ ਖ਼ੂਨ ਨਾਲ ਭਿੱਜ ਗਏ ਸਨ। ਜਿਨ੍ਹਾਂ ਸਿੰਘਾਂ ਨੇ ਗੁਰਾਂ ਦੇ ਬਲ ਨਾਲ ਚਲ ਕੇ ਵੈਰੀ ਦੇ ਦਲ ਨੂੰ ਮਲ ਸੁੱਟਿਆ ਸੀ ਤੇ ਵਿਆਕੁਲਤਾ ਅਤੇ ਕਿਸੇ ਪ੍ਰਕਾਰ ਦੀ ਘਬਰਾਹਟ ਵਲੋਂ ਧੀਰਜ ਧਾਰਨ ਕੀਤਾ ਸੀ॥ ੨੮॥

ਨਮੋ ਕੀਨ ਸਿਰ ਨੰਮ੍ਰੀ ਹੁਇ ਕੈ ਪੁਨ ਗੁਰ ਫਤੇ ਬੁਲਾਈ।
'ਸ਼੍ਰੀ ਪ੍ਰਭੁ ਸੁਨੋ ਰੋਕਤੇ ਲਸ਼ਕਰ ਸਿੰਘ ਲਰੇ ਸਮੁਦਾਈ॥ ੨੯॥

ਉਨ੍ਹਾਂ ਸਿੰਘਾਂ ਨੇ ਪਹਿਲਾਂ ਸਨਿਮਰ ਹੋ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਗੁਰੂ ਜੀ ਨੂੰ ਫ਼ਤਹਿ ਬੁਲਾਈ ਅਤੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਲਸ਼ਕਰ ਨੂੰ ਰੋਕਦਿਆਂ ਸਾਰੇ ਸਿੰਘਾਂ ਨੇ ਵੱਡਾ ਯੁੱਧ ਕੀਤਾ ਹੈ॥ ੨੯॥

ਪੂਰਬ ਉਦੇ ਸਿੰਘ ਰਣ ਕਰਿ ਕੈ ਹਤੇ ਹਜ਼ਾਰਹੁਂ ਖੋਟੇ।
ਕੁਛ ਸਿੰਘਨਿ ਸਨ ਪ੍ਰਾਨ ਅੰਤ ਭਾ, ਅਟਕ ਛੁਟੇ ਮਤਿ ਮੋਟੇ॥ ੩੦॥

ਪਹਿਲਾਂ ਉਦੇ ਸਿੰਘ ਨੇ ਜੰਗ ਕਰਕੇ ਹਜ਼ਾਰਾਂ ਖੋਟੇ ਤੁਰਕਾਂ ਨੂੰ ਮਾਰਿਆ ਹੈ। ਕੁਝ ਸਿੰਘ ਪ੍ਰਾਣ ਗਵਾ ਬੈਠੇ ਹਨ, ਪਰ ਮੋਟੀ ਮੱਤ ਵਾਲੇ ਤੁਰਕ ਰੁਕ ਗਏ ਹਨ॥ ੩੦॥

ਬਹੁਰ ਅਜੀਤ ਸਿੰਘ ਜੀ ਲਰਿਤੇ ਸਨੇ ਸਨੇ ਚਲਿ ਆਏ।
ਬੀਸ ਕੋਸ ਲੌ ਬਾਜੀ ਬੀਰਨ ਪਰੇ ਮਰੇ ਛਿਤ ਛਾਏ॥ ੩੧॥

ਫਿਰ ਅਜੀਤ ਸਿੰਘ ਜੀ ਲੜਦੇ-ਲੜਦੇ ਹੌਲੀ-ਹੌਲੀ ਚਲ ਕੇ ਆ ਗਏ। ਵੀਹ ਕੋਹਾਂ ਤਕ ਘੋੜੇ ਅਤੇ ਸੂਰਬੀਰ ਮਰੇ ਹੋਏ ਧਰਤੀ ਤੇ ਪਏ ਹਨ॥ ੩੧॥

ਤੁਰਕ ਪਹਾਰੀ ਸਿੰਘ ਸੰਗ ਹੀ ਸ਼੍ਰੋਣਤ ਭੂਮ ਪਸਾਰਾ।
ਲਾਲ ਨਿਹਾਲੀ ਜਨੁ ਵਿਛਾਇ ਕਰਿ ਪਰਿਗੇ ਸ਼੍ਰਮ ਨਿਰਵਾਰਾ॥ ੩੨॥

ਤੁਰਕਾਂ ਅਤੇ ਪਹਾੜੀਆਂ ਨੇ ਸਿੰਘਾਂ ਨਾਲ ਯੁੱਧ ਕਰਕੇ ਧਰਤੀ ਤੇ ਖੂਨ ਵਿਛਾਇਆ ਹੈ। ਮਾਨੋ ਲਾਲ ਰੰਗ ਦਾ ਵਿਛਾਉਣਾ ਵਿਛਿਆ ਹੋਵੇ, ਇਸ ਪ੍ਰਕਾਰ ਸੂਰਬੀਰ ਲੇਟ ਗਏ ਹਨ, ਮਾਨੋਂ ਉਹ ਆਪਣੀ ਥਕਾਵਟ ਦੂਰ ਕਰ ਰਹੇ ਹੋਣ॥ ੩੨॥

ਸਗਰੇ ਸਿੰਘ ਜਿ ਗੜ੍ਹ ਤੇ ਨਿਕਸੇ ਲਰਿ ਲਰਿ ਕਰਿ ਤਨ ਛੋਰਾ।
ਹਮ ਪੰਚਹੁਂ ਅਰਿ ਸਨ ਲਰਿ ਲਰਿ ਕਰਿ ਪਹੁੰਚੇ ਤੁਮਰੀ ਓਰਾ॥ ੩੩॥

ਸਾਰੇ ਸਿੰਘ ਜਿਹੜੇ ਕਿਲ੍ਹੇ ਵਿਚੋਂ ਨਿਕਲੇ ਹਨ, ਉਹ ਯੁੱਧ ਕਰ ਕਰ ਕੇ ਸਰੀਰ ਛੱਡ ਗਏ ਹਨ। ਅਸੀਂ ਪੰਜੇ ਵੈਰੀ ਨਾਲ ਲੜਦੇ ਹੋਏ ਤੁਹਾਡੇ ਪਾਸ ਪਹੁੰਚੇ ਹਾਂ॥ ੩੩॥

ਤੁਰਕ ਪਹਾਰੀ ਲਸ਼ਕਰ ਅਨਗਨ ਆਵਤਿ ਸਕਲ ਪਿਛਾਰੀ।
ਹਮ ਕੌ ਮਗ ਮਹਿਂ ਮਿਲਜੋ ਜਾਤਿ ਨਰ ਤਿਨ ਇਸ ਭਾਂਤਿ ਉਚਾਰੀ॥ ੩੪॥

ਤੁਰਕ ਪਹਾੜੀਆਂ ਦਾ ਅਣਗਿਣਤ ਲਸ਼ਕਰ ਹੈ, ਜਿਹੜਾ ਕਿ ਪਿੱਛੇ-ਪਿੱਛੇ ਆ ਰਿਹਾ ਹੈ। ਸਾਨੂੰ ਉਹ ਰਾਹ ਵਿਚ ਹੀ ਮਿਲ ਪਵੇਗਾ, ਉਸ ਮਨੁੱਖ ਨੇ ਇਸ ਪ੍ਰਕਾਰ ਉਚਾਰਨ ਕੀਤਾ॥ ੩੪॥

ਸ਼ਾਹੁ ਪਠਾ ਦਸ ਲਖ ਦਲ ਅਉਰੈ ਖ੍ਵਾਜੈ ਮਰਦ ਹਕਾਰਾ॥
ਗਹਿਬੇ ਹਿਤ ਸਤਿਗੁਰ ਕੇ ਆਯੋ, ਭੂਰ ਪਰਾ ਬੰਧ ਲਾਰਾ॥ ੩੫॥

ਬਾਦਸ਼ਾਹ ਨੇ ਹੋਰ ਦਸ ਲੱਖ ਫੌਜ ਭੇਜੀ ਹੈ, ਜਿਸ ਨੂੰ ਖਵਾਜਾ ਮਰਦੂਦ ਨੇ ਬੁਲਾਇਆ ਹੈ। ਸਤਿਗੁਰੂ ਜੀ ਨੂੰ ਫੜਨ ਵਾਸਤੇ ਆ ਰਹੇ ਹਨ, ਸਫਾਂ ਬੰਨ੍ਹ ਕੇ ਬਹੁਤ ਤੁੰਮਲ ਆਇਆ ਹੈ॥ ੩੫॥

ਦਗ਼ਾ ਤੁਰਕਪਤਿ ਗਿਰਪਤਿ ਖਿਤਵਜੇ, ਮਾਨਹੁ ਸਾਚ ਨ ਰਾਈ।
ਘਟਾ ਸਮਾਨ ਬਡੀ ਦੁਹਿਂ ਦਿਸ਼ ਤੇ ਚਮੂੰ ਚਢੀ ਉਮਡਾਈ॥ ੩੬॥

ਪਹਾੜੀ ਰਾਜਿਆਂ ਦੀ ਸਹੁੰ ਵਿਚ ਰਾਈ ਜਿੰਨਾ ਵੀ ਸੱਚ ਨਹੀਂ ਹੈ, ਉਨ੍ਹਾਂ ਦੋਹਾਂ ਨੇ ਵੱਡਾ ਦਗਾ ਕਮਾਇਆ ਹੈ। ਘਟਾ ਵਾਂਗ ਦੋਵਾਂ ਪਾਸਿਆਂ ਤੋਂ ਸੈਨਾ ਚੜ੍ਹ ਕੇ ਉਮਡੀ ਆ ਰਹੀ ਹੈ॥ ੩੬॥

ਜਤਨ ਕਰਨ ਕੋ ਅਵਸਰ ਆਛੋ ਜਿਸ ਬਿਧਿ ਬਨੈ ਬਨਾਵੋ।
ਬਿਨਾ ਬਿਲਮ ਹੀ ਪਹੁਚੇ ਲਖੀਅਹਿ ਫਿਰ ਨਹਿਂ ਬਨਹਿਂ ਉਪਾਵੋ॥ ੩੭॥

ਹੁਣ ਯਤਨ ਕਰਨ ਦਾ ਚੰਗਾ ਮੌਕਾ ਹੈ, ਜਿਸ ਵਿਧੀ ਨਾਲ ਵੀ ਬਣਦੀ ਹੈ ਬਣਾ ਲਵੋ। ਕਿਸੇ ਦੇਰ ਤੋਂ ਬਗੈਰ ਹੀ ਵੈਰੀ ਦੀ ਸੈਨਾ ਪਹੁੰਚ ਜਾਵੇਗੀ, ਫਿਰ ਕੋਈ ਵੀ ਉਪਾਵ ਨਹੀਂ ਬਣੇਗਾ॥ ੩੭॥

ਭਨਜੋਂ ਸੈਨ ਸੋਂ ਤੁਰੰਤ ਨੁਰੰਗੇ। ਗੁਰੂ ਨਿਕਟ ਤੁਮ ਜਾਵੋ।
ਮਿਲੈ ਜਿ ਆਵਤਿ ਪੰਥ ਬਿਖੈ ਕਿਤ ਤਊ ਤੁਰਤ ਗਹਿ ਲਜਾਵੋ॥ ੩੮॥

ਸੈਨਾ ਨੂੰ ਨੌਰੰਗੇ ਨੇ ਕਿਹਾ ਹੈ ਕਿ ਤੁਰਤ ਗੁਰੂ ਜੀ ਦੇ ਪਾਸ ਜਾਵੋ। ਜੇ ਰਾਹ ਵਿਚ ਕਿਤੇ ਆਉਂਦੇ ਮਿਲ ਜਾਣ ਤਾਂ ਤੁਰਤ ਫੜ ਕੇ ਲੈ ਆਵੋ॥ ੩੮॥

ਆਪ ਰਹੇ ਕਹਿ ਕਿਨਹੂੰ ਨ ਮਾਨੀ ਮ੍ਰਿਤੂ ਸਭਿਨਿ ਨਿਯਰਾਈ।
ਬੰਚਕ ਨਿਪੁਨ ਨੁਰੰਗਾ ਬਾਦੀ, ਕਸਮ ਦਰੋਗਹਿ ਖਾਈ॥ ੩੯॥

ਆਪ ਬਹੁਤ ਕਹਿ ਰਹੇ ਸੀ, ਪਰ ਕਿਸੇ ਨੇ ਵੀ ਮੰਨੀ ਨਹੀਂ ਸੀ, ਇਨ੍ਹਾਂ ਸਭ ਦੀ ਮੌਤ ਨੇੜੇ ਆਈ ਸੀ। ਪਹਾੜੀ ਰਾਜੇ ਛਲ ਵਿਚ ਪ੍ਰਬੀਨ ਹਨ ਤੇ ਨੌਰੰਗਾ ਵੱਡਾ ਝਗੜਾਲੂ ਹੈ ਜਿਨ੍ਹਾਂ ਨੇ ਝੂਠੀ ਕਸਮ ਖਾਧੀ ਹੈ॥ ੩੯॥

ਸਰਬ ਕਲਾ ਸਮਰਥ ਸਭਿ ਬਿਧਿ ਹਥ ਚਹਹੁ ਕਰਹੁ ਪ੍ਰਭੁ ਭਾਰੀ।
ਹਮ ਅਲਪੱਗਜ ਕਹਾਂ ਗਤਿ ਜਾਨਹਿੰ ਭੂਤ ਭਵਿਖ ਉਰਧਾਰੀ'॥ ੪੦॥

ਤੁਸੀਂ ਸਭ ਵਿਧੀਆਂ ਨਾਲ ਸਰਬ ਕਲਾ ਸਮਰੱਥ ਹੋ, ਜਿਵੇਂ ਵੀ ਤੁਸੀਂ ਚਾਹੋ, ਉਸ ਪ੍ਰਕਾਰ ਹੀ ਤੁਸੀਂ ਭਾਰੀ ਕਾਰਜ ਕਰ ਸਕਦੇ ਹੋ। ਅਸੀਂ ਛੋਟੀ ਬੁੱਧੀ ਵਾਲੇ, ਆਪ ਜੀ ਦੀ ਗਤੀ ਕਿਵੇਂ ਜਾਣ ਸਕਦੇ ਹਾਂ, ਤੁਸੀਂ ਤਾਂ ਭੂਤ ਅਤੇ ਭਵਿੱਖ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੈ''॥ ੪੦॥

ਇਮ ਸੁਨਿਕੈ ਕਲਗੀਧਰ ਚਿਤਵਤਿ ਸ਼ਾਹੁ ਨੁਰੰਗਾ ਦ੍ਰੋਹੀ।
ਸ਼ੱਤ੍ਰੁ ਅਹੈ ਅਰੁ ਗਿਰਪਤਿ ਸਗਰੇ ਕੂੜ ਮਿਲੇ ਸਭਿ ਧ੍ਰੋਹੀ॥ ੪੧॥

ਇਸ ਪ੍ਰਕਾਰ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ ਬਾਦਸ਼ਾਹ ਨੌਰੰਗਾ ਵੱਡਾ ਧ੍ਰੋਹੀ ਹੈ। ਤੁਰਕ ਬਾਦਸ਼ਾਹ ਅਤੇ ਸਾਰੇ ਝੂਠੇ ਪਹਾੜੀ ਰਾਜਿਆਂ ਨੇ ਮਿਲ ਕੇ ਵੱਡਾ ਧ੍ਰੋਹ ਕਮਾਇਆ ਹੈ॥ ੪੧॥

ਸਿੰਘਨ ਦਿਸ਼ ਬਿਲੋਕਿ ਪ੍ਰਭੁ ਬੋਲੇ 'ਦੇਖਹੁ ਗ੍ਰਾਮ ਮਝਾਰੀ।
ਕਾਚ ਹਵੇਲੀ ਦੀਰਘ ਕੀਨਸਿ ਊਚੇ ਥਾਨ ਉਸਾਰੀ॥ ੪੨॥

ਸਿੰਘਾਂ ਵੱਲ ਵੇਖ ਕੇ ਸਤਿਗੁਰੂ ਜੀ ਬੋਲੇ, ''ਪਿੰਡ ਵਿਚ ਜਾ ਕੇ ਵੇਖੋ, ਕਿਸੇ ਨੇ ਕੱਚੀ ਹਵੇਲੀ ਬਹੁਤ ਉੱਚੇ ਥਾਂ ਬਣਾਈ ਹੋਈ ਹੈ॥ ੪੨॥

ਕਾਚੀ ਗੜ੍ਹੀ ਅਟਾਰੀ ਦੀਖਤਿ ਜੁਗ ਛਾਤਨ ਕੀ ਹੋਵੈ।
ਇਸ ਕੋ ਮਾਲਕ ਪੰਚ ਜਾਟਕੋ ਤਿਹ ਆਨਹੁੰ ਹਮ ਜੋਵੈਂ'॥ ੪੩॥

ਕੱਚੀ ਗੜ੍ਹੀ ਦੀ ਇਕ ਅਟਾਰੀ ਦਿਖਾਈ ਦਿੰਦੀ ਹੈ, ਉਹ ਦੋ ਛੱਤਾਂ ਦੀ ਬਣੀ ਹੋਈ ਹੈ। ਉਸ ਦਾ ਮਾਲਕ ਜਿਹੜਾ ਪੰਚ ਹੈ, ਉਸ ਨੂੰ ਸਾਡੇ ਪਾਸ ਲਿਆਵੋ ਤਾਂਕਿ ਅਸੀਂ ਉਸ ਨਾਲ ਗੱਲ ਕਰੀਏ''॥ ੪੩॥

ਸੁਨਿ ਕਰਿ ਪੰਚ ਸਿੰਘ ਤਬਿ ਉਠਿ ਕਰਿ ਗਮਨੇ ਗ੍ਰਾਮ ਮਝਾਰਾ।
ਹੁਤੋ ਅਥਾਈ ਕੇ ਵਿਚ ਬੈਠਯੋ ਤੂਰਨ ਜਾਇ ਨਿਹਾਰਾ॥ ੪੪॥

ਇਹ ਸੁਣ ਕੇ ਫਿਰ ਪੰਜ ਸਿੰਘ ਉੱਠ ਕੇ ਪਿੰਡ ਦੇ ਵਿਚ ਗਏ। ਗੜ੍ਹੀ ਦਾ ਮਾਲਕ ਸੱਥ ਦੇ ਵਿਚ ਬੈਠਾ ਸੀ, ਤੁਰਤ ਜਾ ਕੇ ਉਸ ਨੂੰ ਵੇਖ ਲਿਆ॥ ੪੪॥

'ਜ਼ਿਮੀਦਾਰ ਤੂੰ ਪੰਚ ਗ੍ਰਾਮ ਕੋ ਗੁਰੂ ਹਕਾਰਨਿ ਕੀਨੋ।
ਉਪਬਨ ਮਹਿਂ ਉਤਰੇ ਕਰੁਨਾਨਿਧਿ ਚਲੀਅਹਿ ਬਿਲਮ ਬਿਹੀਨੋ' ॥ ੪੫ ॥

"ਤੂੰ ਜ਼ਿਮੀਦਾਰ ਏਂ ਤੇ ਪਿੰਡ ਦਾ ਪੰਚ ਏਂ, ਤੈਨੂੰ ਗੁਰੂ ਜੀ ਨੇ ਬੁਲਾਇਆ ਹੈ। ਕਿਰਪਾ-ਨਿਧਾਨ ਨੇ ਬਾਗ ਵਿਚ ਉਤਾਰਾ ਕੀਤਾ ਹੈ, ਕਿਸੇ ਦੇਰ ਤੋਂ ਬਗੈਰ ਉਨ੍ਹਾਂ ਦੇ ਪਾਸ ਚਲੋ" ॥ ੪੫ ॥

ਸੁਨਿ ਰਾਹਕ ਹਿਤ ਟਾਰ ਕਰਨਿ ਕੋ ਸਿੰਘਨਿ ਸੰਗ ਬਖਾਨਾ।
'ਨਹਿਂ ਅਕੋਰ ਕੁਛ ਮੋਰ ਸਮੀਪਹਿ ਰਿਕਤ ਪਾਨ ਨਹਿਂ ਜਾਨਾ' ॥ ੪੬ ॥

ਇਹ ਸੁਣ ਕੇ ਕਿਸਾਨ ਟਾਲਾ ਕਰਨ ਵਾਸਤੇ ਸਿੰਘਾਂ ਨੂੰ ਕਹਿਣ ਲੱਗਾ, "ਮੇਰੇ ਪਾਸ ਕੋਈ ਉਪਹਾਰ ਨਹੀਂ ਹੈ ਤੇ ਖਾਲੀ ਹੱਥ ਮੈਂ ਜਾਵਾਂਗਾ ਨਹੀਂ" ॥ ੪੬ ॥

ਏਕ ਸਿੰਘ ਸੁਨਿ ਤੂਰਨ ਆਯੋ ਪ੍ਰਭੁ ਕੇ ਸਾਥ ਉਚਾਰਾ।
'ਤਯਾਰ ਉਪਾਇਨ ਅਬਿ ਕਿਛ ਨਾਹਿਨ ਰਿਕਤ ਪਾਨ ਕਰਿ ਟਾਰਾ' ॥ ੪੭ ॥

ਇਕ ਸਿੰਘ ਸੁਣ ਕੇ ਤੁਰਤ ਆਇਆ ਤੇ ਸਤਿਗੁਰੂ ਜੀ ਨੂੰ ਕਹਿਣ ਲੱਗਾ, "ਮੇਰੇ ਪਾਸ ਹੁਣ ਕੋਈ ਉਪਹਾਰ ਤਿਆਰ ਨਹੀਂ ਤੇ ਖਾਲੀ ਹੱਥ ਕਰਕੇ ਟਾਲਾ ਕਰ ਦਿੱਤਾ ਹੈ" ॥ ੪੭ ॥

ਦਯਾ ਸਿੰਘ ਦੀਨਾਰ ਪੰਚ ਦੇ ਤੂਰਨ ਸਿੰਘ ਪਠਾਯੋ।
ਦਈ ਚੌਧਰੀ ਕੇ ਤਬਿ ਕਰ ਮਹਿਂ ਲੇਕਰਿ ਸੋ ਉਠਿ ਆਯੋ ॥ ੪੮ ॥

ਦਇਆ ਸਿੰਘ ਨੇ ਪੰਜ ਅਸ਼ਰਫੀਆਂ ਦੇ ਕੇ ਤੁਰਤ ਸਿੰਘ ਨੂੰ ਭੇਜਿਆ, ਉਹ ਅਸ਼ਰਫੀਆਂ ਫਿਰ ਚੌਧਰੀ ਦੇ ਹੱਥ ਵਿਚ ਦਿੱਤੀਆਂ ਤੇ ਚੌਧਰੀ ਅਸ਼ਰਫੀਆਂ ਲੈ ਕੇ ਉੱਠ ਕੇ ਆ ਗਿਆ ॥ ੪੮ ॥

ਉਪਬਨ ਮਹਿ ਕਰਿ ਸਤਿਗੁਰ ਦਰਸ਼ਨ ਧਰਿ ਦੀਨਾਰ ਅਗਾਰੀ।
ਬੰਦਨ ਪਦ ਅਰਬਿੰਦਨ ਪਰ ਕਰਿ ਬੈਠਯੋ ਸ਼ੰਕਾ ਧਾਰੀ ॥ ੪੯ ॥

ਬਾਗ ਦੇ ਵਿਚ ਉਸ ਸਤਿਗੁਰੂ ਜੀ ਦੇ ਅੱਗੇ ਅਸ਼ਰਫੀਆਂ ਧਰ ਕੇ ਦਰਸ਼ਨ ਕੀਤੇ। ਚਰਨ ਕੰਵਲਾਂ 'ਤੇ ਬੰਦਨਾ ਕਰਕੇ ਸ਼ੰਕਾ ਧਾਰ ਕੇ ਬੈਠ ਗਿਆ ॥ ੪੯ ॥

ਨਹਿਂ, ਸਮਝਯੋ ਘਰ ਲੇਨ, ਪੇਚ ਕੋ ਜੜ ਹ੍ਵੈ ਸਨਮੁਖਿ ਦੇਖੈ।
ਬੂਝੀ ਕੁਸ਼ਲ ਪ੍ਰਭੂ ਨੇ ਪੂਰਬ, ਭਾਖੀ ਸ਼੍ਰੇਯ ਵਿਸ਼ੇਖੈ ॥ ੫੦ ॥

ਉਹ ਸਮਝਦਾ ਸੀ ਕਿ ਘਰ ਲੈਣਗੇ ਪਰ ਉਸ ਨੂੰ ਕੋਈ ਪੇਚ ਗੱਲ ਸੁਝਦਾ ਨਹੀਂ ਸੀ ਕਿ ਜਿਸ ਨਾਲ ਇਨਕਾਰ ਕਰ ਦੇਵੇ, ਇਸ ਲਈ ਜੜ੍ਹ ਹੋ ਕੇ ਸਾਹਮਣੇ ਬਿੱਤਰ ਬਿੱਤਰ ਤੱਕਦਾ ਸੀ। ਸਤਿਗੁਰੂ ਜੀ ਨੇ ਪਹਿਲਾਂ ਉਸ ਨੂੰ ਸੁੱਖ-ਸਾਂਦ ਪੁੱਛੀ ਤੇ ਵਿਸ਼ੇਸ਼ ਤੌਰ ਤੇ ਤੇਰਾ ਕਲਿਆਣ ਹੋਵੇ ਕਿਹਾ ॥ ੫੦ ॥

ਸਤਿਗੁਰ ਕਹਯੋ 'ਕਿਲਾ ਜਸ ਤੇਰੋ ਸੋ ਹਮ ਕੋ ਦਿਖਰਾਵੋ।
ਕਿਸ ਪ੍ਰਕਾਰ ਕੋ ਰਚਯੋ ਪ੍ਰਕਾਰਾ। ਪੌਰ ਠੌਰ ਦਿੜ੍ਹ ਗਾਵੋ' ॥ ੫੧ ॥

ਸਤਿਗੁਰੂ ਜੀ ਨੇ ਕਿਹਾ, "ਜਿਹੜਾ ਤੇਰਾ ਕਿਲ੍ਹਾ ਹੈ, ਉਹ ਸਾਨੂੰ ਵਿਖਾਵੋ। ਜਿਸ ਪ੍ਰਕਾਰ ਫਸੀਲ ਬਣਾਈ ਹੈ, ਦਰਵਾਜ਼ੇ ਆਦਿ ਦੀ ਪਕਿਆਈ ਬਾਰੇ ਦੱਸੋ" ॥ ੫੧ ॥

ਸੁਨਤਿ ਜਾਟ ਹਹਿਰਯੋ ਉਰ ਦੀਰਘ ਜਤਨ ਨ ਪਾਇ ਬਿਚਾਰੈ।
ਲਾਖਹੁਂ ਸ਼ੱਤ੍ਰੂ ਗੈਲ ਮਹਿਂ ਇਨਕੇ ਜਾਨਿ ਫਰੇਬ ਉਚਾਰੈ ॥ ੫੨ ॥

ਸੁਣ ਕੇ ਜੱਟ ਦਿਲ ਵਿਚ ਬਹੁਤ ਕੰਬ ਉੱਠਿਆ, ਕੋਈ ਯਤਨ ਨਹੀਂ ਸੀ ਪਾਉਂਦਾ, ਵਿਚਾਰਨ ਲੱਗਾ ਕਿ ਇਨ੍ਹਾਂ ਦੇ ਲੱਖਾਂ ਹੀ ਵੈਰੀ ਹਨ ਤੇ ਫਿਰ ਜਾਣ ਬੁੱਝ ਕੇ ਫਰੇਬ ਦੀ ਗੱਲ ਕਹਿਣ ਲੱਗਾ॥ ੫੨॥

'ਮਹਾਂਰਾਜਏ ਦੁਰਗਨ ਜਾਨਹੁ ਬਸਿਬੇ ਕੋ ਘਰ ਕੀਨਾ।
ਬੁਰਜ ਨ ਮੁਰਚਾ ਪੌਰ ਨ ਗਾਢੋ ਪਰਖਾ ਦੀਰਘ ਹੀਨਾ॥ ੫੩॥

'ਮਹਾਰਾਜ ਇਹ ਕਠਨ ਜਾਣੋ, ਰਹਿਣ ਵਾਸਤੇ ਘਰ ਬਣਾਇਆ ਹੈ, ਨਾ ਬੁਰਜ ਹੈ, ਨਾ ਮੋਰਚਾ ਹੈ, ਨਾ ਪੱਕਾ ਦਰਵਾਜ਼ਾ ਹੈ, ਖਾਈ ਵੀ ਵੱਡੀ ਨਹੀਂ ਹੈ॥ ੫੩॥

ਏਕ ਅਟਾਰੀ ਏਹ ਜੁ ਦੀਖਤਿ ਕਾਮ ਨ ਲਰਿਬੇ ਕੇਰੀ।
ਦੁਇ ਤ੍ਰੈ ਘਰ ਜਾਟਨ ਕੇ ਅੰਤਰ ਬਾਂਟੀ ਭ੍ਰਾਤ ਨਿਬੇਰੀ॥ ੫੪॥

ਇਕ ਅਟਾਰੀ ਇਹ ਦਿਖਾਈ ਦਿੰਦੀ ਹੈ, ਜਿਹੜੀ ਯੁੱਧ ਕਰਨ ਦੇ ਕੰਮ ਦੀ ਨਹੀਂ ਹੈ। ਦੋ ਤਿੰਨ ਘਰ ਜੱਟਾਂ ਦੇ ਰਹਿੰਦੇ ਹਨ, ਭਰਾਵਾਂ ਨੇ ਆਪਸ ਵਿਚ ਵੰਡ ਕੇ ਨਿਬੇੜ ਛੱਡੀ ਹੈ॥ ੫੪॥

ਪੁੰਜ ਤ੍ਰਿਯਨ ਕੋ ਪਰਦਾ ਰਾਖੈਂ ਬਸੈਂ ਇਸੀ ਕੇ ਮਾਂਹੀ।
ਨਾਂਹਿ ਤ ਮੈਂ ਤੁਮ ਕੋ ਲੇ ਚਾਲਤਿ ਪਿਖਨ ਅਟਕ ਕਿਛ ਨਾਂਹੀ॥ ੫੫॥

ਸਾਰੀਆਂ ਇਸਤਰੀਆਂ ਪੜਦੇ ਵਿਚ ਰਹਿੰਦੀਆਂ ਹਨ ਜਿਹੜੀਆਂ ਏਸੇ ਘਰ ਵਿਚ ਰਹਿੰਦੀਆਂ ਹਨ, ਨਹੀਂ ਤਾਂ ਮੈਂ ਤੁਹਾਨੂੰ ਲੈ ਕੇ ਚਲੇ ਜਾਂਦਾ, ਵੇਖਣ ਵਲੋਂ ਕਿਸੇ ਪ੍ਰਕਾਰ ਦੀ ਵੀ ਰੋਕ ਨਹੀਂ ਹੈ॥ ੫੫॥

ਬਹੁ ਭ੍ਰਾਤਨ ਕੋ ਸਾਂਝਾ ਘਰ ਹੈ ਪ੍ਰਵਿਸ਼ ਨ ਪੁਰਖ ਬਿਰਾਨਾ।
ਬਡੇ ਹਮਾਰੇ ਹੇਤੁ ਮ੍ਰਜਾਦਾ ਪ੍ਰਥਮੈ ਨੇਮ ਬਖਾਨਾ॥ ੫੬॥

ਬਹੁਤ ਭਰਾਵਾਂ ਦਾ ਸਾਂਝਾ ਘਰ ਹੈ, ਬਿਗਾਨਾ ਪੁਰਸ਼ ਇਸ ਵਿਚ ਪ੍ਰਵੇਸ਼ ਨਹੀਂ ਕਰ ਸਕਦਾ। ਸਾਡੇ ਵਡਿਆਂ ਦੀ ਇਹ ਮਰਯਾਦਾ ਹੈ ਤੇ ਪਹਿਲਾਂ ਹੀ ਨੇਮ ਕਿਹਾ ਹੈ ਕਿ ਓਪਰੇ ਆਦਮੀ ਨੂੰ ਅੰਦਰ ਨਹੀਂ ਵੜਨ ਦੇਣਾ ਹੈ॥ ੫੬॥

ਲਰਿਬੇ ਉਚਿਤ ਹੁਤੋ ਜੇ ਗਢ ਇਹ ਚਿੰਤਾ ਹੋਤਿ ਨ ਕੋਈ।
ਤੁਮ ਤੇ ਆਛੋ ਅਪਰ ਕੌਨ ਹੁਇ ਜਿਸ ਹਿਤ ਰਾਖਤਿ ਗੋਈ'॥ ੫੭॥

ਜੇ ਇਹ ਗੜ੍ਹੀ ਲੜਨ ਵਾਸਤੇ ਉਚਿਤ ਹੁੰਦੀ ਫਿਰ ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਸੀ, ਤੁਹਾਥੋਂ ਚੰਗਾ ਹੋਰ ਕੌਣ ਹੈ, ਜਿਸ ਵਾਸਤੇ ਛੁਪਾ ਕੇ ਰੱਖਦੇ''॥ ੫੭॥

ਮਹਾਂ ਚਤੁਰ ਸਤਿਗੁਰ ਨਿਧਿ ਬੁਧਿ ਕੇ ਲਖਿ ਫਰੇਬ ਹੁਇ ਠਾਢੇ।
ਸਿੰਘਨ ਤੇ ਪਕਰਾਇ ਜਾਟ ਕੋ 'ਨਹਿਂ ਛੂਟਹਿ, ਗਢ ਗਾਢੇ'॥ ੫੮॥

ਮਹਾਂ ਚਤੁਰ ਸਤਿਗੁਰੂ ਜੀ ਜਿਹੜੇ ਬੁੱਧੀ ਦੇ ਕੋਸ਼ ਸਨ, ਫਰੇਬ ਸਮਝ ਕੇ ਖੜੇ ਹੋ ਗਏ। ਜੱਟ ਨੂੰ ਸਿੰਘਾਂ ਨੂੰ ਫੜਵਾ ਦਿੱਤਾ, 'ਛੁੱਟ ਨਾ ਜਾਵੇ ਪੱਕੀ ਗੰਢ ਦੇ ਲਵੋ, ਭਾਵ ਚੰਗੀ ਤਰ੍ਹਾਂ ਬੰਨ੍ਹ ਲਵੋ'॥ ੫੮॥

ਸੰਗ ਸ਼ੀਘ੍ਰਤਾ ਚੜੇ ਤੁਰੰਗਮ ਚਲੇ ਗ੍ਰਾਮ ਕੋ ਆਏ।
ਦੁਰਬਲ ਜਾਟ ਪਿਖ੍ਯੋ ਇਕ ਆਗੇ ਤਿਹ ਸੋਂ ਪ੍ਰਭੁ ਅਲਾਏ॥ ੫੯॥

ਛੇਤੀ ਛੇਤੀ ਸਾਰੇ ਘੋੜਿਆਂ ਤੇ ਚੜ੍ਹ ਗਏ ਤੇ ਫਿਰ ਚਲ ਕੇ ਪਿੰਡ ਵਿਚ ਆ ਗਏ। ਇਕ ਦੁਰਬਲ ਜੱਟ ਨੂੰ ਅੱਗੇ ਵੇਖਿਆ, ਉਸ ਨੂੰ ਸਤਿਗੁਰੂ ਜੀ ਕਹਿਣ ਲੱਗੇ॥ ੫੯॥

'ਕਹਾਂ ਦੁਰਗ ਕੋ ਪੌਰ ਬਤਾਵਹੁ ਚਲਿ ਆਗੇ ਖੁਲ੍ਹਵਾਵਹੁ।
ਹੇਰਨ ਹੇਤ ਹਮਹੁ ਨੇ ਬਰਨਜੋ ਸਕਲ ਭੇਤ ਸਮੁਝਾਵਹੁ'॥ ੬੦॥

''ਇਸ ਗੜ੍ਹੀ ਦਾ ਦਰਵਾਜ਼ਾ ਕਿੱਥੇ ਹੈ, ਅੱਗੇ ਚਲ ਕੇ ਉਸ ਨੂੰ ਖੁਲ੍ਹਵਾਵੋ। ਅਸੀਂ ਵੇਖਣ ਵਾਸਤੇ ਕਿਹਾ ਹੈ, ਇਸ ਬਾਰੇ ਸਾਰਾ ਭੇਦ ਸਮਝਾਵੋ''॥ ੬੦॥

ਹਾਥ ਜੋਰਿ ਬੋਲਜੋ 'ਸੁਨਿ ਪ੍ਰਭੁ ਜੀ! ਮੈਂ ਮਾਲਕ ਅਧਿ ਕੇਰੋ।
ਘਰ ਦਾਰਿਦ ਸਭਿ ਗੁਜਰ ਤੰਗ ਹੈ ਵਧਜੋ ਸ਼ਰੀਕਾ ਮੇਰੋ॥ ੬੧॥

ਜੱਟ ਹੱਥ ਜੋੜ ਕੇ ਬੋਲਿਆ, ''ਹੇ ਪ੍ਰਭੂ ਜੀ! ਸੁਣੋ, ਮੈਂ ਇਸ ਦੇ ਅੱਧ ਦਾ ਮਾਲਕ ਹਾਂ, ਮੇਰੇ ਘਰ ਵਿਚ ਗ਼ਰੀਬੀ ਹੈ, ਗੁਜ਼ਾਰਾ ਬੜੀ ਮੁਸ਼ਕਲ ਨਾਲ ਹੋ ਰਿਹਾ ਹੈ ਤੇ ਮੇਰਾ ਸ਼ਰੀਕ ਭਰਾ ਬਹੁਤ ਅਮੀਰ ਹੋ ਗਿਆ ਹੈ॥ ੬੧॥

ਜੇ ਕੁਛ ਦਰਬ ਦੇਹੁ ਅਬਿ ਮੋ ਕੋ ਗਢ ਦੈ ਹੌਂ ਤੁਮ ਤਾਂਈ।
ਜੇ ਖੋਲਹਿ ਨਹੀਂ ਭ੍ਰਾਤ ਕਿਵਾਰਾ ਥਿਰ ਅੰਤਰ ਦਿਢਤਾਈ॥ ੬੨॥

ਜੇ ਹੁਣ ਕੁਝ ਧਨ ਮੈਨੂੰ ਦੇਵੋ ਤਾਂ ਮੈਂ ਇਹ ਗੜ੍ਹੀ ਤੁਹਾਨੂੰ ਦੇ ਦਿੰਦਾ ਹਾਂ। ਜੇ ਭਰਾ ਹੁਣ ਦਰਵਾਜ਼ਾ ਨਹੀਂ ਖੋਲ੍ਹੇਗਾ ਤੇ ਅੰਦਰ ਤਕੜਾਈ ਕਰਕੇ ਠਹਿਰੇਗਾ॥ ੬੨॥

ਮਮ ਘਰ ਮਹਿਂ ਇਕ ਅਲਪ ਦ੍ਵਾਰ ਹੈ ਤਹਿਂ ਕੋ ਕਰੋ ਪ੍ਰਵੇਸ਼ਾ।
ਭੀਤਰ ਹ੍ਵੈ ਤੁਮ ਪਿਖਿ ਕਰਿ ਲਾਯਕ ਚਹਹੁ ਕਰਹੁ ਕ੍ਰਿਤ ਤੈਸਾ'॥ ੬੩॥

ਤਾਂ ਮੇਰੇ ਘਰ ਵਿਚ ਇਕ ਛੋਟਾ ਦਰਵਾਜ਼ਾ ਹੈ, ਉਸ ਰਸਤੇ ਪ੍ਰਵੇਸ਼ ਕਰ ਜਾਵੋ, ਅੰਦਰ ਜਾ ਕੇ ਤੁਸੀਂ ਇਸ ਨੂੰ ਵੇਖ ਕੇ ਜਿਵੇਂ ਚਾਹੋ, ਉਸ ਪ੍ਰਕਾਰ ਕ੍ਰਿਤ ਕਰੋ''॥ ੬੩॥

ਸੁਨਿ ਸ੍ਰੀ ਪ੍ਰਭੁ ਤਰਗਸ ਤੇ ਬਾਹਰ ਮੁਹਰ ਪਚਾਸ ਨਿਕਾਰੀ।
ਦੁਰਬਲ ਜ਼ਿਮੀਦਾਰ ਕਰ ਦੀਨਸਿ ਹਰਖਤਿ ਚਲਜੋ ਅਗਾਰੀ॥ ੬੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਭੱਥੇ ਵਿਚੋਂ ਪੰਜਾਹ ਮੁਹਰਾਂ ਕੱਢੀਆਂ ਤੇ ਕਮਜ਼ੋਰ ਜ਼ਿਮੀਂਦਾਰ ਦੇ ਹੱਥ ਵਿਚ ਦਿੱਤੀਆਂ ਤੇ ਉਹ ਪ੍ਰਸੰਨ ਹੋ ਕੇ ਅੱਗੇ-ਅੱਗੇ ਚਲ ਪਿਆ॥ ੬੪॥

ਗਏ ਪੌਰ ਕੀ ਠੌਰ ਨਿਹਾਰੀ ਅਪਰ ਸਕਲ ਤਕਰਾਈ।
ਕਰੇ ਕਿਵਾਰ ਅਸੰਜਤਿ ਗਾਢੇ ਹੁਇ ਅੰਤਰ ਦਿਢਤਾਈ॥ ੬੫॥

ਫਿਰ ਸਤਿਗੁਰੂ ਜੀ ਦਰਵਾਜ਼ੇ ਵਾਲੇ ਸਥਾਨ 'ਤੇ ਗਏ ਤੇ ਦਰਵਾਜ਼ੇ ਨੂੰ ਵੇਖ ਕੇ ਹੋਰ ਸਭ ਪ੍ਰਕਾਰ ਦੀ ਤਕੜਾਈ ਵੇਖੀ। ਫਿਰ ਦਰਵਾਜ਼ੇ ਮਜ਼ਬੂਤੀ ਨਾਲ ਬੰਦ ਕਰ ਦਿੱਤੇ ਤੇ ਦ੍ਰਿੜ੍ਹਤਾ ਨਾਲ ਅੰਦਰ ਚਲੇ ਗਏ॥ ੬੫॥

ਰਹਜੋ ਖੁਲਾਇ ਜਾਟ ਜੋ ਦੁਰਬਲ ਅੰਤਰ ਕੇ ਨਹਿਂ ਮਾਨੈਂ।
ਸਿੰਘਨਿ ਭਨਜੋ 'ਹਨੈਂ ਇਹ ਮਾਲਕ ਪਕਰਜੋ ਲੇਹੁ ਪਛਾਨੈਂ'॥ ੬੬॥

ਜਿਹੜਾ ਕਮਜ਼ੋਰ ਜੱਟ ਸੀ, ਉਸ ਨੇ ਦਰਵਾਜ਼ਾ ਖੁਲ੍ਹਵਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਰਹਿਣ ਵਾਲੇ ਨਾ ਮੰਨੇ। ਫਿਰ ਸਿੰਘਾਂ ਨੇ ਕਿਹਾ, ''ਇਹ ਚੰਗੀ ਤਰ੍ਹਾਂ ਸਮਝ ਲਵੋ, ਜਿਹੜਾ ਮਾਲਕ ਜੱਟ ਫੜਿਆ ਹੋਇਆ ਹੈ, ਉਸ ਨੂੰ ਮਾਰ ਦੇਵਾਂਗੇ''॥ ੬੬॥

'ਪਕਰਹੁ ਮਾਰਹੁ ਤਊ ਨ ਖੋਲਹਿਂ, ਲੁਟ ਜੈ ਹੈ ਸਭਿ ਗ੍ਰਾਮਾ।
ਲਾਖਹੁਂ ਲਸ਼ਕਰ ਬੈਰੀ ਤੁਮਰੋ ਨਾਸ਼ ਹੋਹਿ ਮਮ ਧਾਮਾ'॥ ੬੭॥

ਅੰਦਰਲਿਆਂ ਨੇ ਕਿਹਾ, "ਚਾਹੇ ਫੜੋ, ਚਾਹੇ ਮਾਰੋ, ਫਿਰ ਵੀ ਦਰਵਾਜ਼ਾ ਨਹੀਂ ਖੋਲ੍ਹਾਂਗੇ, ਬੇਸ਼ਕ ਸਾਰਾ ਪਿੰਡ ਲੁੱਟ ਲਵੋ। ਲੱਖਾਂ ਵਿਚ ਲਸ਼ਕਰ ਤੁਹਾਡਾ ਵੈਰੀ ਹੈ, ਸਾਡਾ ਘਰ ਬਰਬਾਦ ਹੋ ਜਾਵੇਗਾ" ॥ ੬੭ ॥

ਅਪਨੇ ਸਦਨ ਦਿਸ਼ਾ ਤਬਿ ਗਮਨਜੋਂ ਕਹਿ ਤਾਕੀ ਖੁਲ੍ਹਿਵਾਈ।
ਪ੍ਰਥਮ ਜਾਟ ਬਰ ਸੰਗ ਬਰੇ ਗੁਰ, ਤਜਿ ਤੁਰੰਗ ਤਿਸ ਥਾਈ॥ ੬੮ ॥

ਫਿਰ ਕਮਜ਼ੋਰ ਜੱਟ ਆਪਣੇ ਘਰ ਵਲ ਹੋਇਆ ਤੇ ਕਹਿ ਕੇ ਤਾਕੀ ਖੁਲ੍ਹਵਾਈ, ਪਹਿਲੇ ਜੱਟ ਨੂੰ ਵਰਜ ਕੇ ਗੁਰੂ ਜੀ ਘੋੜੇ ਨੂੰ ਉਥੇ ਹੀ ਛੱਡ ਕੇ ਅੰਦਰ ਪ੍ਰਵੇਸ਼ ਕਰ ਗਏ॥ ੬੮ ॥

ਪੰਚ ਸਿੰਘ ਪੁਨ ਤਜਿ ਤਜਿ ਹਯ ਕੋ ਅੰਤਰ ਭਏ ਪ੍ਰਵੇਸ਼ਾ।
ਖੋਲਿ ਪੌਰ ਕੋ ਸਿੰਘ ਬਰੇ ਤਬਿ ਦਈ ਸਜਾਇ ਵਿਸ਼ੇਸ਼ਾ॥ ੬੯ ॥

ਫਿਰ ਪੰਜ ਸਿੰਘ ਘੋੜੇ ਛੱਡ ਛੱਡ ਕੇ ਅੰਦਰ ਪ੍ਰਵੇਸ਼ ਕਰਦੇ ਗਏ। ਫਿਰ ਸਜ਼ਾ ਦਾ ਡਰਾਵਾ ਦੇ ਕੇ ਸਾਰੇ ਸਿੰਘ ਅੰਦਰ ਪ੍ਰਵੇਸ਼ ਕਰ ਗਏ॥ ੬੯ ॥

ਦਏ ਨਿਕਾਰ ਵਹਿਰ ਨਰ ਤ੍ਰਿਯ ਸਭਿ ਕਹਿ ਕਰਿ ਬਡ ਦੇ ਤ੍ਰਾਸਾ।
ਲਰਨ ਸਮੱਗ੍ਰੀ ਅੰਤਰ ਲੇ ਗਨ ਦਿਢ ਕੀਨੋ ਚਹੁੰ ਪਾਸਾ॥ ੭੦ ॥

ਸਾਰੇ ਇਸਤਰੀ ਪੁਰਸ਼ਾਂ ਨੂੰ ਬਾਹਰ ਕੱਢ ਦਿੱਤਾ ਤੇ ਸਾਰਿਆਂ ਨੂੰ ਕਹਿ ਕੇ ਵੱਡਾ ਡਰਾਵਾ ਦਿੱਤਾ। ਯੁੱਧ ਵਾਸਤੇ ਬਹੁਤ ਸਮੱਗਰੀ ਅੰਦਰ ਲੈ ਗਏ ਤੇ ਫਿਰ ਚਾਰ-ਚੁਫੇਰਾ ਚੰਗੀ ਤਰ੍ਹਾਂ ਦ੍ਰਿੜ੍ਹ ਕੀਤਾ॥ ੭੦ ॥

ਕਰੀ ਮੋਰਚਾਬੰਦੀ ਤਤਛਿਨ ਬਾਹੀ ਪੌਰ ਅਟਾਰੀ।
ਚਹਜੋ ਜੁ ਅੰਤਰ ਸੰਚਨ ਕਰਿਕੈ ਬੈਠੇ ਗੁਰ ਭਟ ਭਾਰੀ॥ ੭੧ ॥

ਅਟਾਰੀ ਤੇ ਦਰਵਾਜ਼ੇ ਦੀ ਬਾਹੀ ਵੱਲ ਤੁਰਤ ਮੋਰਚਾਬੰਦੀ ਕੀਤੀ। ਜੋ ਚਾਹੀਦਾ ਸੀ ਅੰਦਰ ਇਕੱਠਾ ਕਰਕੇ, ਗੁਰੂ ਜੀ ਅਤੇ ਸਾਰੇ ਸੂਰਬੀਰ ਬੈਠ ਗਏ॥ ੭੧ ॥

*ਛੇਵੀਂ ਰੁੱਤ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪ ॥*

## *ਅਧਿਆਇ ਪੈਂਤੀਵਾਂ*

### *ਚਮਕੌਰ ਵਿਚ ਸਾਵਧਾਨੀ*

ਦੋਹਰਾ-ਸ੍ਰੀ ਸਤਿਗੁਰ ਕਰਿ ਕਾਇਮੀ ਥਿਰੇ ਦੁਰਗ ਕੇ ਮਾਂਹਿ।
ਪੀਛੇ ਲਸ਼ਕਰ ਸ਼ੱਤ੍ਰੂ ਕੋ ਖੋਜਤਿ ਪ੍ਰਾਪਤਿ ਨਾਂਹਿ॥ ੧ ॥

ਸਤਿਗੁਰੂ ਜੀ ਹਰ ਪ੍ਰਕਾਰ ਪ੍ਰਬੰਧ ਕਰਕੇ ਕਿਲ੍ਹੇ ਦੇ ਵਿਚ ਬੈਠ ਗਏ। ਪਿੱਛੇ ਵੈਰੀ ਗੁਰੂ ਜੀ ਨੂੰ ਲੱਭਦੇ ਫਿਰਦੇ ਸਨ, ਪਰ ਗੁਰੂ ਜੀ ਲੱਭ ਨਹੀਂ ਸੀ ਰਹੇ॥ ੧ ॥

*ਲਲਿਤ ਪਦ ਛੰਦ*-ਕੇਚਿਤ ਕਹੈਂ 'ਗੁਰੂ ਰਣ ਜੂਝਜੋ ਬਹੁਤੇ ਬਾਨ ਪ੍ਰਹਾਰੇ।
ਅਰਜੋ ਰਹਜੋ ਕਰਿ ਜੁੱਧ ਬਡੇਰਾ ਖ੍ਰਿੰਦਹਿ ਬੀਰ ਬਿਦਾਰੇ' ॥ ੨ ॥

ਕਈ ਕਹਿੰਦੇ ਸਨ, "ਗੁਰੂ ਜੀ ਰਣਖੇਤਰ ਵਿਚ ਮਾਰੇ ਗਏ ਹਨ, ਬਹੁਤ ਤੀਰ ਚਲਾਏ ਸਨ। ਵੱਡਾ ਯੁੱਧ ਕਰਕੇ ਅੜੇ ਰਹੇ ਸਨ ਤੇ ਬਹੁਤ ਸੂਰਬੀਰ ਮਾਰੇ ਸਨ' ॥ ੨ ॥

ਕੇਚਿਤ ਕਹੈਂ 'ਅੱਗ੍ਰ ਹੀ ਗਮਨਜੋਂ ਖੋਜ ਤੁਰੰਗ ਨਿਹਾਰੋ।
ਨਹਿਂ ਮਰਿਬੋ ਮਹਿਂ ਰਣ ਤੇ ਆਵਤਿ ਕਰਾਮਾਤਿ ਅਤਿ ਭਾਰੋ ॥ ੩ ॥

ਕਈ ਕਹਿੰਦੇ ਸਨ, "ਅੱਗੇ ਚਲੇ ਗਏ ਹਨ, ਲੱਭ ਕੇ ਉਨ੍ਹਾਂ ਦੇ ਘੋੜੇ ਨੂੰ ਵੇਖੋ। ਉਹ ਰਣਖੇਤਰ ਵਿਚ ਕਦੀ ਵੀ ਨਹੀਂ ਮਰ ਸਕਦੇ ਹਨ, ਉਨ੍ਹਾਂ ਵਿਚ ਭਾਰੀ ਕਰਾਮਾਤ ਹੈ ॥ ੩ ॥

ਤਮ ਮਹਿਂ ਲਰਤੇ ਕਛੂ ਨ ਸੂਝਜੋ ਕੋ ਬਚ ਕੋ ਲਰਿ ਮਾਰਾ।
ਮਰੇ ਹਜ਼ਾਰਹੁਂ ਬੀਰ ਤੁਰੰਗਮ ਪਰਜੋ ਖੇਤ ਰਣ ਭਾਰਾ ॥ ੪ ॥

ਹਨੇਰੇ ਵਿਚ ਲੜਦਿਆਂ ਕੁਝ ਵੀ ਦਿਖਾਈ ਨਹੀਂ ਦਿੱਤਾ ਹੈ, ਕੌਣ ਬਚਿਆ ਹੈ ਤੇ ਕੌਣ ਲੜ ਕੇ ਮਾਰਿਆ ਗਿਆ ਹੈ, ਹਜ਼ਾਰਾਂ ਸੂਰਬੀਰ ਅਤੇ ਘੋੜੇ ਮਰ ਗਏ ਸਨ, ਵੱਡਾ ਭਾਰੀ ਯੁੱਧ ਹੋਇਆ ਸੀ ॥ ੪ ॥

ਇੱਤਜਾਦਿਕ ਮਿਲਿ ਨਿਰਣੈ ਕਰਿ ਕਰਿ ਕਿਤ ਗਮਨੇ? ਨਹਿਂ ਸੂਝੈ।
ਆਗੇ ਤੇ ਪਾਛੇ ਤੇ ਆਵਤਿ ਸਤਿਗੁਰ ਕੀ ਸੁਧਿ ਬੂਝੈਂ ॥ ੫ ॥

ਇਸ ਪ੍ਰਕਾਰ ਮਿਲ ਕੇ ਨਿਰਣੇ ਕਰ ਕਰ ਕਹਿੰਦੇ ਸਨ, ਕਿਧਰ ਚਲੇ ਗਏ ? ਕੁਝ ਵੀ ਪਤਾ ਨਹੀਂ ਲਗਦਾ ਹੈ, ਜਿਹੜੇ ਅੱਗੋਂ ਪਿੱਛੋਂ ਲੋਕ ਆਉਂਦੇ ਸਨ, ਉਨ੍ਹਾਂ ਪਾਸੋਂ ਸਤਿਗੁਰੂ ਜੀ ਬਾਰੇ ਪੁੱਛਦੇ ਸਨ ॥ ੫ ॥

ਨਿਸ ਮਹਿਂ ਤਿਮਰ ਪਰਸਪਰ ਲਰਿ ਮਰਿ ਘਾਇਲ ਤੁਰਕ ਪਹਾਰੀ।
ਸੁਰਤ ਸੰਭਾਰਿ ਸੰਭਾਰਿ ਪਰੇ ਮਗ ਤ੍ਰਾਸ ਕਰੈਂ ਉਰ ਭਾਰੀ ॥ ੬ ॥

ਰਾਤ ਸਮੇਂ ਬਹੁਤ ਹਨੇਰਾ ਸੀ, ਤੁਰਕ ਪਹਾੜੀਏ ਆਪਸ ਵਿਚ ਲੜ ਕੇ ਮਰ ਗਏ ਜਾਂ ਘਾਇਲ ਹੋ ਗਏ। ਸੁਰਤ ਸੰਭਾਲ ਸੰਭਾਲ ਰਸਤੇ ਵਿਚ ਪੈਂਦੇ ਸਨ ਤੇ ਦਿਲ ਵਿਚ ਬਹੁਤ ਡਰਦੇ ਸਨ ॥ ੬ ॥

ਜੇ ਅਨੰਦਪੁਰਿ ਕੀ ਬਡ ਸੈਨਾ ਰੋਪਰ ਲਰਿ ਲਰਿ ਹਾਰੇ।
ਤਿਨ ਤੇ ਛੂਟਜੋ ਸੰਗ ਗੁਰ ਕੇਰਾ ਪਚਿ ਪਚਿ ਝਖੇ ਗਵਾਰੇ ॥ ੭ ॥

ਜਿਹੜੀ ਅਨੰਦਪੁਰ ਦੀ ਵੱਡੀ ਸੈਨਾ ਸੀ, ਰੋਪੜ ਲੜ ਲੜ ਕੇ ਹਾਰ ਗਈ ਹੈ, ਉਨ੍ਹਾਂ ਨਾਲੋਂ ਗੁਰੂ ਜੀ ਦਾ ਸੰਗ ਛੁੱਟ ਗਿਆ ਹੈ, ਇਸ ਪ੍ਰਕਾਰ ਮੂਰਖ ਅੰਦਾਜ਼ੇ ਲਾ ਲਾ ਕੇ ਝੱਖ ਮਾਰਦੇ ਸਨ ॥ ੭ ॥

ਦਿੱਲੀ ਤੇ ਜੋ ਦਸ ਲਖ ਪਹੁੰਚੀ ਤਿਨਹੁਂ ਗੁਰੂ ਸੁਧਿ ਪਾਈ।
'ਨਿਕਸਿ ਅਨੰਦ ਪੁਰਿ ਤੇ ਬਹੁ ਜੂਝੇ ਰਹੀ ਚਮੂੰ ਪਿਛਵਾਈ ॥ ੮ ॥

ਜਿਹੜੀ ਦਿੱਲੀ ਤੋਂ ਦਸ ਲੱਖ ਸੈਨਾ ਆਈ ਸੀ, ਉਨ੍ਹਾਂ ਨੂੰ ਗੁਰੂ ਜੀ ਬਾਰੇ ਖਬਰ ਮਿਲ ਗਈ। "ਅਨੰਦਪੁਰ ਤੋਂ ਨਿਕਲ ਕੇ ਬਹੁਤ ਯੁੱਧ ਕੀਤਾ ਤੇ ਸੈਨਾ ਪਿੱਛੇ ਰਹਿ ਗਈ ॥ ੮ ॥

ਨਾਮ ਗ੍ਰਾਮ ਚਮਕੌਰ ਤੁੰਗ ਥਲ ਆਇ ਸੁ ਕਾਇਮ ਕੀਨਾ'।
ਦਈ ਸਕਲ ਸੁਧਿ ਗਯੋ ਜਾਟ ਇਕ 'ਹਮ ਕੋ ਗੁਰ ਗਹਿ ਲੀਨਾ ॥ ੯ ॥

ਚਮਕੌਰ ਨਾਮ ਦੇ ਪਿੰਡ ਵਿਚ ਬਹੁਤ ਉੱਚੇ ਸਥਾਨ 'ਤੇ ਆ ਕੇ ਮੋਰਚਾ ਕਾਇਮ ਕੀਤਾ ਹੈ' ਇਕ ਜੱਟ ਨੇ ਜਾ ਕੇ ਸਾਰੀ ਖਬਰ ਦਿੱਤੀ, "ਸਾਨੂੰ ਗੁਰੂ ਜੀ ਨੇ ਫੜ ਲਿਆ ਸੀ ॥ ੯ ॥

ਦੈ ਸਜਾਇ ਘਰ ਛੀਨ ਸੁ ਲੀਨਾ ਆਪ ਬਰਜੇ ਬਿਚ ਆਈ।
ਚਾਲੀ ਕੈ ਪਚਾਸ ਸੰਗ ਭਟ ਹੈਂ ਅਪਰ ਮਰੇ ਸਮੁਦਾਈ॥ ੧੦॥

ਸਜ਼ਾ ਦੇ ਕੇ ਸਾਥੋਂ ਘਰ ਖੋਹ ਲਿਆ ਹੈ ਤੇ ਆਪ ਆ ਕੇ ਵਿਚ ਪ੍ਰਵੇਸ਼ ਕਰ ਗਿਆ ਹੈ, ਚਾਲੀ ਪੰਜਾਹ ਨਾਲ ਸੂਰਬੀਰ ਹਨ, ਹੋਰ ਸਾਰੇ ਮਰ ਗਏ ਹਨ॥ ੧੦॥

ਨਰ ਦਾਰਾ ਜੇ ਸਦਨ ਮਝਾਰਾ ਦਏ ਕਾਢਿ ਬਰਿਆਈ।
ਭਯੋ ਪ੍ਰਵੇਸ਼ ਆਪ ਗੜ੍ਹ ਲਖਿ ਕਰਿ ਹ੍ਵੈ ਨਹਿਂ ਸਕਹਿ ਲਰਾਈ॥ ੧੧॥

ਜਿਹੜੇ ਇਸਤਰੀ ਪੁਰਸ਼ ਘਰ ਵਿਚ ਸਨ, ਉਨ੍ਹਾਂ ਨੂੰ ਤੁਰਤ ਬਾਹਰ ਕੱਢ ਦਿੱਤਾ ਹੈ। ਕਿਲ੍ਹਾ ਸਮਝ ਕੇ ਆਪ ਵਿਚ ਪ੍ਰਵੇਸ਼ ਕਰ ਗਏ ਹਨ, ਪਰ ਲੜਾਈ ਨਹੀਂ ਕਰ ਸਕਦੇ ਹਨ॥ ੧੧॥

ਨਹਿਂ ਮੁਰਚਾ, ਨਹਿਂ ਪਰਖਾ ਦੀਰਘ, ਪੌਰ ਠੌਰ ਨਹਿਂ ਗਾਢੀ।
ਗਮਨਤਿ ਮਾਰਗ ਪਿਖਿ ਪ੍ਰਵੇਸ਼ ਭਾ ਚਲਹੁ ਆਪ ਲਿਹੁ ਕਾਢੀ॥ ੧੨॥

ਉਸ ਵਿਚ ਨਾ ਕੋਈ ਮੋਰਚਾ ਹੈ, ਨਾ ਹੀ ਕੋਈ ਵੱਡੀ ਖਾਈ ਹੈ, ਦਰਵਾਜ਼ੇ ਵਾਲਾ ਸਥਾਨ ਵੀ ਪੱਕਾ ਨਹੀਂ ਹੈ। ਰਾਹੇ-ਰਾਹ ਜਾਂਦਿਆਂ ਪ੍ਰਵੇਸ਼ ਕਰ ਗਏ, ਤੁਸੀਂ ਆਪ ਚਲ ਕੇ ਬਾਹਰ ਕੱਢ ਲਵੋ'॥ ੧੨॥

ਸੁਨੇ ਤੁਰਕ ਤਬਿ ਹਯਨਿ ਧਵਾਏ ਗਨ ਧੌਂਸੇ ਧੁੰਕਾਰੇ।
ਉਡੀ ਧੂਰ ਅਸਮਾਨ ਗਯੋ ਭਰਿ ਬਡੋ ਅੰਧੇਰ ਗੁਬਾਰੇ॥ ੧੩॥

ਇਹ ਸੁਣ ਕੇ ਤੁਰਕਾਂ ਨੇ ਫਿਰ ਘੋੜੇ ਭਜਾਏ ਤੇ ਨਗਾਰੇ ਵੱਜ ਉਠੇ। ਘੋੜਿਆਂ ਦੇ ਭੱਜਣ ਨਾਲ ਬਹੁਤ ਧੂੜ ਉੱਡੀ ਤੇ ਅਸਮਾਨ ਢੱਕਿਆ ਗਿਆ ਤੇ ਵੱਡਾ ਹਨੇਰਾ ਛਾ ਗਿਆ॥ ੧੩॥

ਛਾਦ ਲੀਨ ਸੂਰਜ ਕੋ ਸਾਰੇ ਹਾਥ ਪਸਾਰ ਨ ਦੀਖੇ।
ਚਲੀ ਆਇ ਚਮਕੌਰ ਚਮੂੰ ਸਭਿ ਉਛਲਿ ਸਮੁੰਦ੍ਰ ਸਰੀਖੇ॥ ੧੪॥

ਗਰਦੋ-ਗੁਬਾਰ ਨੇ ਸੂਰਜ ਨੂੰ ਢੱਕ ਲਿਆ ਤੇ ਸਾਰੇ ਹੱਥ ਪਸਾਰ ਕੇ ਵੀ ਦਿਖਾਈ ਨਹੀਂ ਸੀ ਦਿੰਦਾ। ਸਾਰੀ ਸੈਨਾ ਚਮਕੌਰ ਵਲ ਆ ਰਹੀ ਸੀ, ਮਾਨੋ ਸਮੁੰਦਰ ਉਛਲ ਕੇ ਆ ਰਿਹਾ ਹੋਵੇ॥ ੧੪॥

*ਸ੍ਵੈਯਾ-* ਜੇ ਤੁਰਕਾਨ ਬਿਖੈ ਸਰਦਾਰ ਕਹੌਂ ਤਿਨ ਨਾਮ ਸੁਨੋ ਸਮੁਦਾਈ।
ਨਾਹਰਖ਼ਾਂ ਭਟ, ਗੈਰਤਖ਼ਾਂ ਪੁਨ, ਖ਼ਾਨ ਪੁਲਾਦ ਨੇ ਬਾਗ ਉਠਾਈ।
ਖ਼ਾਂ ਇਸਮਾਇਲ, ਖ਼ਾਨ ਬਹਾਦਰ, ਖ਼ਾਂ ਅਸਮਾਨ ਅਯੋ ਢਿਗ ਧਾਈ।
ਖ਼ਾਂ ਸੁਲਤਾਨ, ਜਹਾਂਨਖ਼ਾਂ ਬੀਰ ਪਠਾਨਨ ਭੀਰ ਗਨੀ ਕਿਮ ਜਾਈ॥੧੫॥

ਜਿਹੜੇ ਤੁਰਕਾਂ ਵਿਚ ਸਰਦਾਰ ਸਨ, ਉਨ੍ਹਾਂ ਦੇ ਮੈਂ ਨਾਮ ਕਹਿੰਦਾ ਹਾਂ, ਸਾਰਿਆਂ ਦੇ ਨਾਮ ਸੁਣੋ। ਨਾਹਰ ਖ਼ਾਂ ਫਿਰ ਗੈਰਤ ਖ਼ਾਂ, ਫਿਰ ਪੁਲਾਦ ਖ਼ਾਨ ਨੇ ਵਾਗ ਚੁੱਕੀ। ਇਸਮਾਇਲ ਖ਼ਾਂ, ਖ਼ਾਨ ਬਹਾਦਰ, ਅਸਮਾਨ ਖ਼ਾਂ ਵੀ ਘੋੜਾ ਭਜਾ ਕੇ ਪਾਸ ਆਇਆ। ਸੁਲਤਾਨ ਖ਼ਾਂ, ਜਹਾਨ ਖ਼ਾਂ ਸੂਰਬੀਰ, ਇਸ ਪ੍ਰਕਾਰ ਪਠਾਣਾਂ ਦੀ ਭੀੜ ਲੱਗ ਗਈ, ਉਨ੍ਹਾਂ ਦੀ ਗਿਣਤੀ ਕਿਵੇਂ ਹੋਵੇ॥ ੧੫॥

ਕਬਿੱਤ-ਮੀਆਂ ਖ਼ਾਨ, ਭੂਰੇਖ਼ਾਨ, ਸੈਦਖ਼ਾਨ, ਨੂਰੇਖ਼ਾਨ, ਫੂਲਖ਼ਾਨ, ਗੁਲਖ਼ਾਂ ਹੁਸੈਨਖ਼ਾਨ ਧਾਯੋ ਹੈ।
ਬਲੀ ਬੇਗ ਮੁਗਲ ਕਮਾਨ ਗਹਿ ਬੇਗ ਜੁਤਿ ਅਪਰ ਖ਼ਲੀਲਖ਼ਾਨ ਦਲ ਉਮਡਾਯੋ ਹੈ।

ਮਿਰਜ਼ਾ ਹਯਾਤਬੇਗ, ਸੈਨਾਸੋਂ ਦਰਮਬੇਗ, ਸੱਯਦ ਮਹਿਮੂਦ ਅਲੀ ਯੋਂ ਸ਼ਿਤਾਬ ਆਯੋ ਹੈ।
ਬੀਰ ਬੇਗ ਜਾਫਰ ਇਮਾਨ ਹਾਨਿ ਕਾਫਰ ਭੇ ਕਸਮ ਕੁਰਾਨ ਕੀ ਕੁਫਰ ਕਹਿਵਾਯੋ ਹੈ ॥੧੬॥

ਮੀਆਂ ਖ਼ਾਨ, ਭੂਰੇ ਖ਼ਾਨ, ਸੈਦ ਖ਼ਾਨ, ਨੂਰੇ ਖ਼ਾਨ, ਫੂਲ ਖ਼ਾਨ, ਗੁਲ ਖ਼ਾਂ ਤੇ ਹੁਸੈਨ ਧਾਏ ਹਨ। ਬਲੀ ਬੇਗ ਮੁਗ਼ਲ ਤੀਰ ਕਮਾਨ ਫੜ ਕੇ ਤੇ ਹੋਰ ਖ਼ਲੀਲ ਖ਼ਾਨ ਦਾ ਦਲ ਵੀ ਉਮਡ ਕੇ ਆਇਆ ਹੈ। ਮਿਰਜ਼ਾ ਹਿਆਤ ਬੇਗ, ਸੈਨਾ ਸਹਿਤ ਦਰਮ ਬੇਗ, ਸੱਯਦ ਮਹਿਮੂਦ ਅਲੀ ਬੜੀ ਕਾਹਲੀ-ਕਾਹਲੀ ਆਏ ਹਨ। ਸੂਰਬੀਰ ਜਾਫਰ ਬੇਗ ਕਾਫਰਾਂ ਦਾ ਨਾਸ਼ ਕਰਨ ਵਾਸਤੇ ਕੁਰਾਨ ਦੀ ਕਸਮ ਖਾ ਕੇ ਕੁਫਰ ਕਹਿਵਾਇਆ ਹੈ॥ ੧੬॥

ਕੇਊ ਰੰਗ ਕਾਰੇ ਹੈਂ, ਕੁਰੂਪ ਹੀ ਸੁਧਾਰੇ ਸਾਰੇ, ਕੇਊ ਰੰਗ ਭੂਰੇ ਜੰਗ ਸੂਰੇ ਜਗ ਜਾਨੀਐ।
ਪਸ਼ਤੋ ਬਕਨ ਹਾਰੇ, ਉਜ਼ਬਕ ਭਾਰੇ ਭਾਰੇ, ਕਾਬਲੀ ਕੰਧਾਰੀ, ਦਾਉਜ਼ਈ ਕੋ ਬਖਾਨੀਐ।
ਹਬਸ਼ੀ, ਪਸ਼ੌਰੀ, ਕੇਊ ਬਲਖ ਬੁਖਾਰੀ ਹੁਤੇ, ਰੂਸੀ, ਗਨ ਰੂਮੀ, ਗ੍ਰਿਹ ਗਜ਼ਨੀ ਪ੍ਰਮਾਨੀਐ।
ਕੇਊ ਢੱਠੇ, ਭੱਖਰੀ, ਇਰਾਨੀ ਔ ਅਰੇਵੀ ਮਿਲਿ ਕੇਊ ਕਸ਼ਮੀਰੀ ਜਿਨ ਬੋਲ ਨ ਪਛਾਨੀਐ ॥੧੭॥

ਕਈਆਂ ਦੇ ਰੰਗ ਕਾਲੇ ਹਨ, ਕਰੂਪ ਹੀ ਧਾਏ ਹਨ, ਕਈਆਂ ਦੇ ਰੰਗ ਭੂਰੇ ਹਨ, ਉਹ ਜੰਗ ਵਿਚ ਜੰਗੀ ਸੂਰਬੀਰ ਜਾਣੇ ਜਾਂਦੇ ਹਨ। ਪਸ਼ਤੋ ਬੋਲਣ ਵਾਲੇ ਹਨ, ਉਜ਼ਬਕ ਬਹੁਤ ਭਾਰੇ-ਭਾਰੇ ਹਨ। ਕਾਬਲੀ ਕੰਧਾਰੀ ਆਏ ਹਨ। ਕਈਆਂ ਨੂੰ ਦਾਊਦਜ਼ਈ ਵੀ ਕਹਿੰਦੇ ਹਨ। ਕਈ ਹਬਸ਼ੀ ਸਨ, ਕਈ ਬਲਖ ਬੁਖਾਰੇ ਦੇ ਸਨ, ਕਈ ਰੂਸੀ: ਕਈ ਰੂਮੀ ਸਨ, ਕਈ ਗਜ਼ਨੀ ਦੇ ਰਹਿਣ ਵਾਲੇ ਸਨ। ਕਈ ਢੱਠੇ, ਭਖਰੀ, ਇਰਾਨੀ ਅਤੇ ਅਰਬੀ ਮਿਲੇ ਸਨ। ਕਈ ਕਸ਼ਮੀਰੀ ਹਨ, ਜਿਨ੍ਹਾਂ ਦੀ ਬੋਲੀ ਪਛਾਣੀ ਨਹੀਂ ਜਾਂਦੀ ਹੈ॥ ੧੭॥

ਆਈ ਦਸ ਲਾਖ ਜਬਿ ਪੀਛੇ ਕੀ ਜੁ ਸੈਨਾ ਸਭਿ ਸੁਨੀ ਸੁਧਿ ਖ੍ਵਾਜ ਮਰਦੂਦ ਆਦਿ ਧਾਏ ਹੈਂ।
'ਗੁਰੂ ਚਮਕੌਰ ਠੌਰ ਕਾਇਮੀ ਕਰੀ ਹੈ ਦੌਰਿ, ਆਈ ਚਮੂੰ ਔਰ ਤਿਨੌ ਫੇਰ ਘੇਰ ਪਾਏ ਹੈਂ।
ਜੂਝੇ ਨ ਪਿਛਾਰੀ ਜੰਗ, ਹੋਤਿਹੈ ਅਗਾਰੀ ਅਬਿ, ਸੁਨਿਕੈ ਸਮੂਹ ਹਯ ਹੂਹ ਦੈ ਭਜਾਏ ਹੈਂ।
ਯੂਥਪ ਵਜ਼ੀਦ ਖਾਂ ਸਿਰੰਦ ਕੋ ਬਿਲੰਦ ਸੂਬਾ ਲੈਕੇ ਸੰਗ ਬਾਹਨੀ ਉਮਡਿ ਕਰਿ ਆਏ ਹੈਂ ॥੧੮॥

ਜਦ ਖ੍ਵਾਜਾ ਮਰਦੂਦ ਨੇ ਦਸ ਲੱਖ ਸੈਨਾ ਆਉਣ ਦੀ ਖਬਰ ਸੁਣੀ, ਫਿਰ ਖਵਾਜਾ ਮਰਦੂਦ ਵੀ ਧਾ ਕੇ ਆਇਆ ਹੈ। ਉਸ ਸੁਣਿਆ, "ਗੁਰੂ ਜੀ ਨੇ ਚਮਕੌਰ ਵਿਚ ਠੌਰ ਕਾਇਮ ਕੀਤੀ ਹੈ, ਹੋਰ ਸੈਨਾ ਆਈ ਹੈ, ਜਿਨ੍ਹਾਂ ਆ ਕੇ ਘੇਰਾ ਪਾਇਆ ਹੈ। ਪਿੱਛੇ ਜੋ ਜੰਗ ਹੋਇਆ ਹੈ, ਉਸ ਵਿਚ ਗੁਰੂ ਜੀ ਮਾਰੇ ਨਹੀਂ ਗਏ ਹਨ, ਹੁਣ ਅੱਗੇ ਆ ਗਏ ਹਨ, ਇਹ ਸੁਣ ਕੇ ਸਾਰਿਆਂ ਨੇ ਘੋੜੇ ਭਜਾਏ ਹਨ। ਸੈਨਾਪਤੀ ਵਜੀਦ ਖਾਂ ਸਿਰਹੰਦ ਦਾ ਵੱਡਾ ਸੂਬੇਦਾਰ ਨਾਲ ਆਪਣੀ ਵੱਡੀ ਸੈਨਾ ਲੈ ਕੇ ਆਇਆ ਹੈ॥ ੧੮॥

ਸੂਬਾ ਲਵਪੁਰਿ ਕੋ ਦਸਤ ਜ਼ੇਰ ਨਾਮ ਜਿਸ ਸੁਨੀ ਸੁਧਿ ਸਾਰੀ ਦਲ ਭਾਰੀ ਜੁਤਿ ਧਾਯੋ ਹੈ।
ਪਰਬਤ ਬਾਸੀ ਬਾਈ ਧਾਰਨ ਕੇ ਰਾਜੇ ਸਭਿ ਲੈ ਲੈ ਸੈਨ ਆਪਨੀ ਕੋ ਬ੍ਰਿੰਦ ਉਮਡਾਯੋ ਹੈ।
ਮੀਏਂ ਰਾਵਰਾਨੇ ਕੌਨ ਸ਼ਕਤਿ ਬਖਾਨੇ ਤਿਨ ਮਾਚਤਿ ਕੁਲਾਹਲ ਬਿਸਾਲ ਹੀ ਸੁਨਾਯੋ ਹੈ।
ਰੰਘਰ ਹਜ਼ਾਰੋਂ ਔਰ ਗੁੱਜਰ ਗਵਾਰ ਮਿਲਿ ਆਇ ਚਮਕੌਰ ਚਹੂੰ ਓਰ ਘੇਰੋ ਪਾਯੋ ਹੈ ॥੧੯॥

ਲਾਹੌਰ ਦਾ ਸੂਬੇਦਾਰ, ਜਿਸ ਦਾ ਜ਼ਬਰਦਸਤ ਖਾਂ ਨਾਮ ਹੈ, ਜਦ ਉਸ ਨੇ ਗੁਰੂ ਜੀ ਬਾਰੇ ਖ਼ਬਰ ਸੁਣੀ ਤਾਂ ਭਾਰੀ ਦਲ ਲੈ ਕੇ ਧਾ ਕੇ ਆਇਆ ਹੈ। ਬਾਈਧਾਰ ਦੇ ਪਹਾੜੀ ਰਾਜੇ ਆਪਣੀਆਂ-ਆਪਣੀਆਂ ਸੈਨਾਂ ਲੈ ਕੇ ਉਮਡ ਕੇ ਆਏ ਹਨ। ਮੀਏਂ, ਰਾਜੇ ਅਤੇ ਰਾਣੇ, ਇਨ੍ਹਾਂ ਦੀ ਸ਼ਕਤੀ ਬਾਰੇ ਕੌਣ ਬਿਆਨ ਕਰੇ, ਉਨ੍ਹਾਂ ਨੇ ਬਹੁਤ ਕੁਲਾਹਲ ਮਚਾਇਆ ਸੀ ਜਿਹੜਾ ਵਿਸ਼ਾਲ ਸੁਣਾਈ ਦਿੰਦਾ ਸੀ। ਹਜ਼ਾਰਾਂ ਰੰਘੜ ਅਤੇ ਗਵਾਰ ਗੁੱਜਰ ਮਿਲ ਕੇ ਆਏ ਤੇ ਚਮਕੌਰ ਦੇ ਚਾਰੇ ਪਾਸੇ ਘੇਰਾ ਪਾ ਲਿਆ॥ ੧੯॥

ਅਵਨੀ ਅਕਾਸ਼ ਤੇ ਪ੍ਰਕਾਸ਼ ਕੋ ਬਿਨਾਸ਼ ਕੀਨ, ਭਯੋ ਤਮ ਰਾਸ ਉਡ ਪਾਂਸੁ ਫਲ ਫੈਲ ਪੈ।
ਦੀਖਿਤਿ ਨ ਆਂਖਤੇ, ਸੁਨੈ ਨ ਬੋਲ ਭਾਖਤੇ, ਗੁਰੂ ਕੋ ਗਹੈਂ ਕਾਂਖਤੇ ਲਖੰਤਿ ਆਇ ਗੈਲ ਪੈ।
ਚਾਰੋਂ ਓਰ ਸ਼ੋਰ ਕੈ, ਚਹੰਤਿ ਹੇਲ ਰੋਰਿਕੈ ਮਲੇਛ ਆਇ ਦੌਰਿਕੈ ਛਬੀਲੇ ਬਡੇ ਛੈਲ ਪੈ।
ਜੈਸੇ ਮੇਲ ਮੇਲ ਕੈ ਸ਼ਲਭ ਚੈਸਕੇਲ ਕੈ, ਧਰੇ ਬਿਸਾਲ ਐਲ ਕੈ ਦੁਰਗ ਦੀਹ ਸੈਲ ਪੈ ॥੨੦॥

ਸੈਨਾ ਦੀ ਉੱਠੀ ਧੂੜ ਨੇ ਅਕਾਸ਼ ਦੇ ਪ੍ਰਕਾਸ਼ ਨੂੰ ਖਤਮ ਕਰ ਦਿੱਤਾ, ਧੂੜ ਉੱਡ ਕੇ ਅਕਾਸ਼ 'ਤੇ ਫੈਲ ਗਈ ਹੈ ਤੇ ਸਾਰੇ ਹਨੇਰਾ ਹੋ ਗਿਆ ਹੈ। ਅੱਖਾਂ ਨਾਲ ਵਿਖਾਈ ਨਹੀਂ ਦਿੰਦਾ ਹੈ, ਜਿਹੜੇ ਬੋਲ ਬੋਲਦੇ ਹਨ, ਉਹ ਸੁਣਾਈ ਨਹੀਂ ਦਿੰਦੇ ਹਨ। ਗੁਰੂ ਜੀ ਨੂੰ ਫੜਨਾ ਚਾਹੁੰਦੇ ਹਨ, ਨਾਲ-ਨਾਲ ਵੇਖਦੇ ਆਏ ਹਨ। ਚਾਰੇ ਪਾਸੇ ਸ਼ੋਰ ਹੈ, ਰੌਲਾ ਪਾ ਕੇ ਹੱਲਾ ਕਰਨਾ ਚਾਹੁੰਦੇ ਹਨ। ਛਵੀ ਵਾਲੇ ਛੈਲ ਛਬੀਲੇ ਮਲੇਛ ਦੌੜ ਕੇ ਗੁਰੂ ਜੀ ਉੱਪਰ ਆਏ। ਜਿਵੇਂ ਭੰਬਟ, ਮਕੜੀਆਂ ਬੜਾ ਰੌਲਾ ਪਾ ਕੇ ਭਾਰੀ ਕਿਲ੍ਹੇ ਰੂਪ ਪਹਾੜ ਤੇ ਚੜ੍ਹਾਈ ਕਰਨ॥ ੨੦॥

ਧਰਨੀ ਗਗਨ ਏਕ ਹ੍ਵੈ ਗਏ ਬਿਬੇਕ ਬਿਨ ਖੇਹ ਖਰ ਪੰਜ ਕੀ ਪਸਾਰੀ ਦਸ ਦਿਸ਼ ਮੈਂ।
ਮਾਨੋ ਘਨ ਘਟਾ ਘਨੇ ਘਨ ਕੀ ਘੁਮੰਡ ਘਿਰੀ ਘੋਰ ਘੋਖ ਘੋਖਿ ਕੈ ਮਿਲੀ ਹੈ ਭੂਮ ਬ੍ਰਿਸ ਮੈਂ।
ਮੰਦਰ ਪਹਾਰ ਗੜ੍ਹ ਜਾਂਹੀ ਕੇ ਮਝਾਰ ਖਰੋ ਚਾਰੋਂ ਓਰ ਪਾਰਾਵਾਰ ਐਸੀ ਛਬਿ ਜਿਸ ਮੈਂ।
ਗਿਨੇ ਮਤ ਕਿਸ ਮੈਂ ਅਸੰਖਤਾ ਹੈ ਤਿਸ ਮੈਂ, ਬਿਲੋਕਿ ਲੋਕ ਬਿਸਮੈਂ, ਸੁ ਆਯੋ ਦਲ ਰਿਸ ਮੈਂ ॥੨੧॥

ਧਰਤੀ ਗਗਨ ਇਕ ਹੋ ਗਏ, ਭਾਵ ਧਰਤੀ ਤੇ ਅਸਮਾਨ ਦੀ ਸੋਝੀ ਨਹੀਂ ਪੈਂਦੀ। ਮਾਨੋ ਘਨੇ ਘਨ ਦੀ ਘਨ ਘਟਾ, ਘੁਮੰਡ ਕੇ ਘਿਰੀ ਹੈ ਤੇ ਬਹੁਤੇ ਬੱਦਲਾਂ ਦੀਆਂ ਸੰਘਣੀਆਂ ਘਟਾਂ ਉਮਡ ਕੇ ਘਿਰ ਗਈਆਂ ਹਨ। ਘੋਰ ਘੋਖ ਘੋਖ ਕੇ ਭੂਮੀ ਅਕਾਸ਼ ਨੂੰ ਮਿਲੀ ਹੈ। ਭਿਆਨਕ ਢੰਗ ਨਾਲ ਘਟਾਵਾਂ ਗੱਜ ਗੱਜ ਕੇ ਉਤੋਂ ਡਿੱਗ ਕੇ ਭੂਮੀ ਨਾਲ ਮਿਲ ਰਹੀਆਂ ਹਨ। ਭਾਵ ਧੂੜ ਏਨੀ ਚੜ੍ਹ ਗਈ ਹੈ ਮਾਨੋ ਬੱਦਲ ਜ਼ਮੀਨ ਨਾਲ ਰਲ ਰਹੇ ਹਨ। ਮੰਦ੍ਰਾਚਲ ਪਰਬਤ ਰੂਪੀ ਕਿਲ੍ਹਾ ਹੈ, ਚਾਰੇ ਪਾਸੇ ਜਿਸ ਦੇ ਸੈਨਾ ਰੂਪੀ ਸਮੁੰਦਰ ਹੈ, ਐਸੀ ਛਵੀ ਛਾਈ ਹੈ। ਕਿਸ ਵਿਚ ਬੁੱਧੀ ਹੈ ਕਿ ਗਿਣ ਸਕੇ, ਅਸੰਖਾਂ ਦੀ ਗਿਣਤੀ ਹੈ। ਲੋਕ ਵੇਖ ਕੇ ਹੈਰਾਨ ਰਹਿ ਗਏ। ਇਸ ਪ੍ਰਕਾਰ ਗੁੱਸੇ ਨਾਲ ਤੁਰਕ ਦਲ ਆਇਆ ਹੈ॥ ੨੧॥

ਪੁੰਜ ਹੈਂ ਮਤੰਗ ਪੈ ਪਤਾਕਾ ਜਿਨ ਸੰਗ ਧਰੀ, ਸੈਲ ਹੈਂ ਸਪੰਖ ਤੁੰਗ ਇਤੇ ਉਤ ਧਾਵਤੇ।
ਬਾਦਿਤ ਜੇ ਬਾਜਤਿ ਹੈਂ ਦੀਰਘ ਸੋ ਗਾਜਤਿ ਹੈਂ, ਅਨਿਕ ਤੁਰੰਗ ਜਲਜੰਤੁ ਜਜੋਂ ਪਲਾਵਤੇ।
ਸਾਂਗ, ਸੇਲ, ਸ਼ਕਤੀ, ਸੁਤੋਮਰ ਤਰੰਗ ਭਏ ਧੁਖਤਿ ਪਲੀਤੇ ਬੜਵਾਗਨਿ ਉਠਾਵਤੇ।
ਗ੍ਰਾਮ ਚਮਕੌਰ ਕੈ ਜਹਾਜ ਕੋ ਸਮਾਜ ਭਰਜੋ ਚਾਹਤਿ ਡੁਬੋਯੋ, ਗੁਰ ਕੇਵਟ ਤਰਾਵਤੇ ॥੨੨॥

ਬਹੁਤ ਹਾਥੀ ਹਨ, ਜਿਨ੍ਹਾਂ ਉੱਤੇ ਝੰਡੇ ਧਰੇ ਹੋਏ, ਮਾਨੋ ਖੰਭੇ ਸਹਿਤ ਉੱਚੇ ਪਹਾੜ ਹਨ, ਏਧਰ ਓਧਰ ਨੂੰ ਦੌੜਦੇ ਹਨ। ਵਾਜੇ ਜਿਹੜੇ ਬਹੁਤ ਉੱਚੀ-ਉੱਚੀ ਵੱਜ ਰਹੇ ਹਨ, ਜਿਵੇਂ ਬੱਦਲ ਗੱਜਦੇ ਹਨ, ਅਨੇਕਾਂ ਘੋੜੇ ਅਤੇ ਜੀਵ ਜੰਤੂ ਜਿਵੇਂ ਦੌੜਦੇ ਹਨ। ਬਰਛੇ, ਸੇਲੇ, ਬਰਛੀਆਂ ਸ੍ਰੇਸ਼ਟ ਨੇਜ਼ੇ ਸਮੁੰਦਰ ਦੀਆਂ ਲਹਿਰਾਂ ਬਣ ਗਈਆਂ, ਬੰਦੂਕਾਂ ਦੇ ਧੁਖਦੇ ਪਲੀਤੇ ਮਾਨੋ ਬੜਵਾ ਅਗਨੀ ਦੀਆਂ ਲਪਟਾਂ ਉੱਠ ਰਹੀਆਂ ਸਨ। ਚਮਕੌਰ ਪਿੰਡ ਮਾਨੋ ਸਾਜ਼ੋ-ਸਾਮਾਨ ਦਾ ਸਾਮਾਨ ਭਰਿਆ ਸੀ, ਜਿਸ ਨੂੰ ਡੋਬਣਾ ਚਾਹੁੰਦੇ ਸਨ, ਗੁਰੂ ਜੀ ਮਲਾਹ ਬਣ ਕੇ ਇਸ ਨੂੰ ਤਾਰ ਰਹੇ ਸਨ॥ ੨੨॥

ਜ਼ੋਰਾਵਰ ਸਿੰਘ ਔ ਅਜੀਤ ਸਿੰਘ ਬੀਰ ਜੁਗ ਦਯਾ ਸਿੰਘ ਆਦਿ ਪੰਚ ਸਿੰਘ ਧਰਿ ਧੀਰ ਜੇ।
ਮੁਕਤੇ ਸੁ ਪੰਚ ਸਿੰਘ ਮਾਨ ਸਿੰਘ, ਧਜਾਨ ਸਿੰਘ, ਦਾਨ ਸਿੰਘ, ਧੰਨਾ ਸਿੰਘ ਜਾਮੈਂ ਬਰ ਬੀਰ ਜੇ।
ਆਲਮ ਮ੍ਰਿਗਿੰਦ, ਸ਼ਜਾਮ ਸਿੰਘ, ਸੋ ਮੁਹਰ ਸਿਘ, ਬੀਰ ਸਿੰਘ, ਸੁੱਖਾ ਸਿੰਘ, ਸੰਤ ਸਿੰਘ ਤੀਰ ਜੇ।
ਕੋਠਾ ਸਿੰਘ ਏਕ ਰੰਘਰੇਟਾ ਸਿੰਘ ਜਾਨੀਯਤਿ, ਏਕ ਰਵਦਾਸੀਆ ਮਦਨ ਸਿੰਘ ਬੀਰ ਜੇ ॥੨੩॥

ਜ਼ੋਰਾਵਰ ਸਿੰਘ ਅਤੇ ਅਜੀਤ ਸਿੰਘ ਦੋਵੇਂ ਵੱਡੇ ਸੂਰਬੀਰ ਹਨ, ਦਇਆ ਸਿੰਘ ਆਦਿ ਪੰਜਾਂ ਸਿੰਘਾਂ ਨੇ ਧੀਰਜ ਧਾਰਨ ਕੀਤਾ ਹੈ। ਪੰਜ ਮੁਕਤੇ ਸਿੰਘ, ਮਾਨ ਸਿੰਘ, ਧਿਆਨ ਸਿੰਘ, ਦਾਨ ਸਿੰਘ, ਧੰਨਾ ਸਿੰਘ ਸ੍ਰੇਸ਼ਟ ਸੂਰਬੀਰ ਹਨ। ਆਲਮ ਸਿੰਘ, ਸ਼ਿਆਮ ਸਿੰਘ, ਮੁਹਰ ਸਿੰਘ, ਬੀਰ ਸਿੰਘ, ਸੰਤ ਸਿੰਘ ਜਿਹੜੇ ਗੁਰੂ ਜੀ ਦੇ ਪਾਸ ਹਨ। ਕੋਠਾ ਸਿੰਘ ਇਕ ਰੰਘਰੇਟਾ ਸਿੰਘ ਜਾਣਿਆ ਜਾਂਦਾ ਹੈ, ਇਕ ਰਵਿਦਾਸੀਆ ਮਦਨ ਸਿੰਘ ਬੜਾ ਸੂਰਬੀਰ ਹੈ॥ ੨੩॥

ਗਢ ਮੈਂ ਸੁਚੇਤ ਭਏ ਲਾਖੋਂ ਦਲ ਦੇਖ ਲਏ ਬੋਲੇ ਸ੍ਰੀ ਗੁਬਿੰਦ ਸਿੰਘ 'ਸੁਨੋ ਬਾਕ ਖਾਲਸਾ !।
ਸਭਿ ਕੋ ਹਟਾਇ ਰਹੇ, ਪਤੇ ਕੋ ਦਿਖਾਇ ਰਹੇ, ਦਗੇ ਕੋ ਬਤਾਇ ਰਹੇ, ਸ਼ੱਤ੍ਰੁਨਿ ਕੀ ਲਾਲਸਾ।
ਸਿੱਖਜਾ ਕੋ ਸਿਖਾਇ ਰਹੇ, ਸੁਖ ਦੇ ਲੁਭਾਇ ਰਹੇ, ਦੁਖ ਕੋ ਸੁਨਾਇ ਰਹੇ, ਜੈਬੋ ਲਖੋ ਕਾਲ ਸਾ।
ਰਹਿਬੋ ਮਨਾਇ ਰਹੇ, ਬੇ ਰੁਖ ਬਨਾਇ ਰਹੇ, ਮ੍ਰਿਤੂ ਤੇ ਬਚਾਇ ਰਹੇ ਧਰਜੋ ਹਠ ਬਾਲਸਾ॥੨੪॥

ਜਦ ਲੱਖਾਂ ਦਲ ਆਉਂਦੇ ਵੇਖ ਲਏ ਤਾਂ ਕਿਲ੍ਹੇ ਵਿਚ ਸਾਰੇ ਸੁਚੇਤ ਹੋ ਗਏ, ਫਿਰ ਗੁਰੂ ਗੋਬਿੰਦ ਸਿੰਘ ਬੋਲੇ, "ਹੇ ਖਾਲਸਾ ਜੀ ! ਬਚਨ ਸੁਣੋ, ਜਿਹੜੀ ਵੈਰੀਆਂ ਦੀ ਸਾਨੂੰ ਦਗਾ ਦੇਣ ਦੀ ਇੱਛਾ ਸੀ, ਅਸੀਂ ਸਾਰਿਆਂ ਨੂੰ ਰੋਕਦੇ ਰਹੇ ਹਾਂ, ਸਾਰਿਆਂ ਨੂੰ ਸਮਝਾ ਕੇ ਦੱਸਦੇ ਰਹੇ ਹਾਂ, ਸਿੱਖਿਆ ਦੇ ਕੇ ਸਿਖਾਉਂਦੇ ਰਹੇ ਹਾਂ, ਸੁਖ ਦੇ ਲਾਲਚ ਦਿੰਦੇ ਰਹੇ ਹਾਂ, ਦੁਖ ਬਾਰੇ ਸੁਣਾਉਂਦੇ ਰਹੇ ਹਾਂ ਕਿ ਬਾਹਰ ਜਾਣਾ ਮੌਤ ਵਰਗਾ ਹੈ। ਉਥੇ ਰਹਿਣ ਬਾਰੇ ਮੰਨਾਉਂਦੇ ਰਹੇ ਹਾਂ। ਸਭਨਾਂ ਤੋਂ ਆਪ ਨੂੰ ਬੇਰੁਖੇ ਭਾਵ ਗੁੱਸੇ ਵਾਲੇ ਬਣਾਈ ਰੱਖਿਆ, ਮੌਤ ਤੋਂ ਬਚਾਉਂਦੇ ਰਹੇ ਹਾਂ, ਪਰ ਸਾਰਿਆਂ ਨੇ ਬਾਲਾਂ ਵਰਗਾ ਹਠ ਧਾਰੀ ਰੱਖਿਆ॥ ੨੪॥

ਕਹਿਬੋ ਨ ਮਾਨਜੋਂ ਕਿਨ, ਕਾਲ ਨ ਪਛਾਨਜੋਂ ਮਨ, ਦਗਾ ਨਹਿਂ ਜਾਨਜੋ ਲਿਖਿ ਦੀਨੋ ਜਜੋਂ ਲਿਖਾਇਓ।
ਭਏ ਅਨਜਾਨ, ਹਿਤ ਆਪਨੇ ਨ ਧਾਰਜੋ ਚਿਤ, ਰਹੇ ਸਮੁਝਾਇ, ਨਿਕਸਨ ਏਕ ਭਾਇਓ।
ਕਸਮ ਕੁਰਾਨ ਕੀ ਰਸੂਲ ਬੀਚ ਦੀਨੋ ਹੁਤੋ ਦੇਖੋ ਖਲ ਨੀਚ ਹੂ ਨੇ ਦਲ ਕੋ ਪਠਾਇਓ।
ਖਾਲਸੇ ਕੇ ਕਹੇ ਛੋਰਿ ਦੁਰਗ ਅਨੰਦਪੁਰਿ ਪਰੀ ਅਬਿ ਭੀੜ ਸਕੈ ਕੋਨ ਹ੍ਵੈ ਸਹਾਇਓ॥੨੫॥

ਕਿਸੇ ਵੀ ਰਹਿਣਾ ਨਹੀਂ ਮੰਨਿਆ ਹੈ, ਆਪਣੇ ਮਨ ਵਿਚ ਕਾਲ ਨੂੰ ਨਹੀਂ ਪਛਾਣਿਆ ਹੈ, ਦਗਾ ਨਹੀਂ ਜਾਣਿਆ ਹੈ, ਜਿਵੇਂ ਲਿਖਾਇਆ ਲਿਖ ਦਿੱਤਾ ਹੈ। ਅਣਜਾਣ ਬਣ ਗਏ, ਚਿੱਤ ਵਿਚ ਆਪਣਾ ਹਿਤ ਨਾ ਧਾਰਨ ਕੀਤਾ, ਬਹੁਤ ਸਮਝਾਉਂਦੇ ਰਹੇ, ਪਰ ਚਿੱਤ ਵਿਚ ਬਾਹਰ ਨਿਕਲਣਾ ਹੀ ਚੰਗਾ ਲੱਗਦਾ ਸੀ। ਕੁਰਾਨ ਅਤੇ ਪੈਗੰਬਰ ਦੀ ਕਸਮ ਦਿੱਤੀ, ਵੇਖੋ ਮੂਰਖ ਨੀਚਾਂ ਨੇ ਫਿਰ ਸਾਡੇ ਪਿੱਛੇ ਦਲ ਭੇਜਿਆ ਹੈ। ਖਾਲਸੇ ਦੇ ਕਹਿਣ ਉੱਤੇ ਅਨੰਦਪੁਰ ਛੱਡਿਆ ਹੈ, ਹੁਣ ਭੀੜ ਬਣੀ ਹੈ, ਸਾਡਾ ਕੌਣ ਸਹਾਇਕ ਬਣੇਗਾ॥ ੨੫॥

ਹਿੰਦੂ ਜੇ ਪਹਾਰੀ ਧੇਨੁ ਸਪਥ ਉਚਾਰੀ, ਧਰਿ ਠਾਕੁਰ ਅਗਾਰੀ, ਬਿਚ ਬਿੱਪ੍ਰ ਦੇ ਪਠਾਯੋ ਹੈ।
ਤੈਸੇ ਹੀ ਮਲੇਛ ਪਤਿ ਖ੍ਵਾਜਾ ਮਰਦੂਦ ਪਠਜੋ ਧਰਮ ਇਮਾਨ ਦੋਨੋ ਹਾਨਿ ਕੈ ਦਿਖਾਯੋ ਹੈ।
ਅਬਿ ਤੋ ਉਪਾਇ ਸਾਮ, ਦਾਮ, ਭੇਦ, ਬਨੈ ਨਹਿਂ, ਚੌਥੇ ਦੰਡ ਬਨੈ ਦਲ ਲਾਖੋਂ ਚੜਿ ਆਯੋ ਹੈ।
ਗੀਦਰ ਕੀ ਮੌਤ ਨਹਿਂ ਮਰੋ ਰਿਪੁ ਹਾਥਨਿ ਤੇ ਕਰੋ ਜੁੱਧ ਗਾਢੋ ਜਿਮ ਪੂਰਬ ਮਚਾਯੋ ਹੈ॥੨੬॥

ਜਿਹੜੇ ਪਹਾੜੀਏ ਹਿੰਦੂ ਸਨ, ਉਨ੍ਹਾਂ ਨੇ ਗਊ ਦੀ ਕਸਮ ਚੁੱਕੀ ਸੀ, ਗਊ ਦੇ ਅੱਗੇ ਠਾਕੁਰ ਧਰ ਕੇ, ਬ੍ਰਾਹਮਣ ਨੂੰ ਦੇ ਕੇ ਭੇਜਿਆ ਸੀ। ਉਸ ਤਰ੍ਹਾਂ ਮਲੇਛ ਬਾਦਸ਼ਾਹ ਨੇ ਖ਼੍ਵਾਜੇ ਮਰਦੂਦ ਨੂੰ ਭੇਜਿਆ ਸੀ ਤੇ ਧਰਮ ਇਮਾਨ ਦੋਵਾਂ ਦੀ ਦੁਰਦਸ਼ਾ ਨੂੰ ਵਿਖਾਇਆ ਹੈ। ਹੁਣ ਤਾਂ ਕੋਈ ਵੀ ਉਪਾਅ ਸਾਮ, ਦਾਮ, ਤਦ ਬਣਦਾ ਦਿਖਾਈ ਨਹੀਂ ਦਿੰਦਾ ਹੈ, ਚੌਥਾ ਕੇਵਲ ਦੰਡ ਹੀ ਬਣਦਾ ਹੈ, ਪਰ ਲੱਖਾਂ ਦਾ ਦਲ ਚੜ੍ਹਾਈ ਕਰਕੇ ਆ ਗਿਆ ਹੈ। ਹੁਣ ਗਿੱਦੜ ਦੀ ਮੌਤ ਨਾ ਮਰੋ, ਵੈਰੀ ਨਾਲ ਹੱਥਾਂ ਨਾਲ ਵਿਕਰਾਲ ਯੁੱਧ ਕਰੋ, ਜਿਵੇਂ ਪਹਿਲਾਂ ਯੁੱਧ ਕਰਦੇ ਰਹੇ ਹੋ॥ ੨੬॥

ਮਹਾਂ ਨੀਚ ਪਾਪੀ ਕੁਰਲਾਪੀ ਦਗਾ ਕੀਨੋ ਜਿਮ ਪਲਟੇ ਕੋ ਲੈ ਹੈ ਪੰਥ, ਮੂਲ ਦੈ ਉਖਾਰਿਕੈ।
ਜੇਤੇ ਪੁਰਸ਼ਾਰਥ ਕਰੋਗੇ ਅਬਿ ਮਾਰਨ ਕੋ ਤੇਤੋ ਰਾਜ ਭੋਗੋਗੇ ਜਨਮ ਨਿਜ ਧਾਰਿ ਕੈ।
ਕਾਮਨਾ ਕੋ ਪੂਰ ਹੋਹਿ, ਮਿਲੋਗੇ ਜ਼ਰੂਰ ਮੋਹਿ, ਰਾਖਿਹੌਂ ਹਜ਼ੂਰ ਜੋਰ ਬਿਧ ਨਿਰਵਾਰਿ ਕੈ।
ਜੁੱਧ ਕੇ ਸਮਾਨ ਤਪ ਜੱਗ ਕੋ ਬਿਧਾਨ ਨਹਿਂ ਏਕ ਘਟੀ ਬੀਚ ਦੋਨਹੁਂ ਲੋਕ ਲੇ ਸੁਧਾਰਿ ਕੈ ॥੨੭॥

ਮਹਾਂ ਨੀਚ ਪਾਪੀ, ਝੂਠ ਬੋਲਣ ਵਾਲਿਆਂ ਨੇ ਦਗਾ ਕੀਤਾ ਹੈ, ਸਾਡਾ ਪੰਥ ਇਸ ਦਾ ਬਦਲਾ ਲਵੇਗਾ, ਇਨ੍ਹਾਂ ਤੁਰਕਾਂ ਦੇ ਮੂਲ ਨੂੰ ਹੀ ਉਖਾੜ ਦੇਵੇਗਾ। ਇਨ੍ਹਾਂ ਨੂੰ ਮਾਰਨ ਦੀ ਜਿੰਨੀ ਵੀ ਹੁਣ ਖੇਚਲ ਕਰੋਗੇ, ਓਨਾ ਹੀ ਨਵਾਂ ਜਨਮ ਧਾਰ ਕੇ ਰਾਜ ਭੋਗੋਗੇ, ਕਾਮਨਾ ਨੂੰ ਪੂਰਨ ਕਰੋ, ਮੈਨੂੰ ਜ਼ਰੂਰ ਆ ਕੇ ਮਿਲੋਗੇ, ਮੈਂ ਆਪਣੀ ਹਜ਼ੂਰੀ ਵਿਚ ਰੱਖਾਂਗਾ ਤੇ ਬ੍ਰਹਮਾ ਦੀ ਲਿਖੀ ਰੇਖਾ ਨੂੰ ਵੀ ਮੇਟ ਦੇਵਾਂਗਾ। ਤਪੱਸਿਆ ਅਤੇ ਜਗ ਦੇ ਵਿਧਾਨ ਦੀ ਯੁੱਧ ਨਾਲ ਬਰਾਬਰੀ ਨਹੀਂ ਹੈ, ਯੁੱਧ ਨਾਲ ਇਕ ਘੜੀ ਵਿਚ ਦੋਵੇਂ ਲੋਕ ਸੁਧਾਰ ਲਈਦੇ ਹਨ॥ ੨੭॥

ਆਠ ਆਠ ਸਿੰਘ ਏਕ ਏਕ ਬਾਹੀ ਦੀਨੀ ਤਿਨੈ, ਤੀਸ ਦੋਇ ਸਿੰਘ ਗਹਿ ਆਯੁਧ ਭੇ ਸਾਵਧਾਨ।
ਕੋਠਾ ਸਿੰਘ ਏਕ, ਔ ਮਦਨ ਸਿੰਘ ਦੋਨੋ ਹੂੰ ਕੋ ਦੀਨੇ ਪੌਰ 'ਗਾਢੇ ਰਹੋ ਕੀਜੈ ਰਿਪੁ ਹੇਰਿ ਹਾਨ।
ਗੁਲਕਾ ਬਰੂਦ ਨਹਿਂ ਡਾਰੀਏ ਤੁਫੰਗ ਬੀਚ, ਤੋੜਾ ਦੇਹੁ ਡਾਂਭਿ ਡਾਭਿ, ਛੂਟਿਹੈਂ, ਨ ਸ਼ੰਕ ਠਾਨਿ'।
ਦੋਨਹੁ ਸੁਤ, ਦਯਾ ਸਿੰਘ ਸੰਤ ਸਿੰਘ ਪਾਸ ਰਾਖੇ, ਪ੍ਰਵਿਸ਼ੇ ਅਟਾਰੀ ਮਹਿਂ ਕਮਾਨ ਬਾਨ ਤਾਨਿ ਪਾਨ॥੨੮॥

ਅੱਠਾਂ-ਅੱਠਾਂ ਸਿੰਘਾਂ ਨੂੰ ਇਕ ਇਕ ਬਾਹੀ ਦੇ ਦਿੱਤੀ, ਬੱਤੀ ਸਿੰਘ ਹਥਿਆਰ ਫੜ ਕੇ ਸਾਵਧਾਨ ਹੋ ਗਏ। ਕੋਠਾ ਸਿੰਘ ਅਤੇ ਮਦਨ ਸਿੰਘ ਦੋਵਾਂ ਨੂੰ ਦਰਵਾਜ਼ੇ 'ਤੇ ਬਿਠਾ ਦਿੱਤਾ ਤੇ ਕਿਹਾ, "ਏਥੇ ਚੰਗੀ ਤਰ੍ਹਾਂ ਖੜੇ ਰਹੋ ਤੇ ਵੈਰੀ ਨੂੰ ਵੇਖ ਕੇ ਮਾਰੋ। ਬੰਦੂਕਾਂ ਵਿਚ ਗੋਲੀ ਬਰੂਦ ਨਾ ਪਾਵੋ, ਤੋੜਾ ਦੇ ਦੇ ਕੇ ਕੱਸੋ, ਗੋਲੀਆਂ ਚਲਣਗੀਆਂ ਇਸ ਵਿਚ ਕੋਈ ਸ਼ੰਕਾ ਨਾ ਧਾਰਨ ਕਰੋ। ਦੋਵੇਂ ਪੁੱਤਰ, ਦਇਆ ਸਿੰਘ ਅਤੇ ਸੰਤ ਸਿੰਘ ਨੂੰ ਆਪਣੇ ਪਾਸ ਰੱਖਿਆ, ਫਿਰ ਅਟਾਰੀ ਵਿਚ ਪ੍ਰਵੇਸ਼ ਕਰ ਗਏ, ਧਨੁੱਖ ਬਾਣ ਤਾਨ ਕੇ ਹੱਥ ਵਿਚ ਫੜ ਲਿਆ॥ ੨੮॥

ਆਲਾਮ ਮ੍ਰਿਗਿੰਦੂ ਔਰ ਮਾਨ ਸਿੰਘ ਦੋਨੋ ਬੀਰ ਫਿਰੈ ਚਾਰੋਂ ਓਰ ਸੁਧ ਸਭਿ ਕੀ ਰਖਨ ਕੋ।
ਗੁਰੂ ਆਗੇ ਸੀਸ ਦੀਨੇ, ਦੀਨੇ ਪ੍ਰਣ ਸਭਿ ਹੂੰ ਨੇ, ਮਾਰੈਂਗੇ ਮਲੇਛਨਿ ਪ੍ਰਹਾਰੈਂ ਆਯੁਧਨ ਕੋ।
ਨੀਰ ਅਰੁ ਅੰਨ ਲੀਨੋ ਜੇਤਿਕ ਸੁ ਹਾਥ ਆਯੋ ਖਾਯੋ ਮਨ ਭਾਯੋ ਸਵਾਧਾਨ ਕੀਨ ਤਨ ਕੋ।
ਬੀਰ ਰਸ ਰਾਤੇ ਸ੍ਰੀ ਗੁਬਿੰਦ ਸਿੰਘ ਰਾਤੇ ਨੈਨ, ਰਾਤੋ ਮੁਖ ਰੋਸ ਮੈਂ, ਬਿਲੋਕੈਂ ਸ਼ੱਤ੍ਰ ਗਨ ਕੋ॥੨੯॥

ਆਲਮ ਸਿੰਘ ਅਤੇ ਮਾਨ ਸਿੰਘ ਦੋਵੇਂ ਸ੍ਰੇਸ਼ਟ ਸੂਰਬੀਰ ਚਾਰੇ ਪਾਸੇ ਫਿਰਦੇ ਸਨ ਤਾਂਕਿ ਸਾਰਿਆਂ ਦੀ ਖ਼ਬਰ ਸਾਰ ਰੱਖੀ ਜਾ ਸਕੇ। ਸਾਰਿਆਂ ਨੇ ਪ੍ਰਣ ਕੀਤੇ ਕਿ ਗੁਰੂ ਜੀ ਦੇ ਅੱਗੇ ਸਿਰ ਦੇਵਾਂਗੇ ਤੇ ਹਥਿਆਰ ਚਲਾ ਕੇ ਮਲੇਛਾਂ ਨੂੰ ਮਾਰਾਂਗੇ। ਪਾਣੀ ਅਤੇ ਅਨਾਜ ਲੈ ਲਿਆ ਜਿੰਨਾ ਵੀ ਹੱਥ ਆਇਆ ਤੇ ਮਨ-ਭਾਉਂਦਾ ਭੋਜਨ ਖਾ ਕੇ ਸਰੀਰ ਨੂੰ ਸਾਵਧਾਨ ਕੀਤਾ। ਬੀਰ-ਰਸ ਵਿਚ ਰੰਗੇ ਸਨ, ਗੁਰੂ ਗੋਬਿੰਦ ਸਿੰਘ ਜੀ ਦੇ ਨੈਣ ਲਾਲ ਸਨ, ਮੁੱਖ ਰੋਸ ਵਿਚ ਰੰਗਿਆ ਸੀ ਤੇ ਅਣਗਿਣਤ ਵੈਰੀਆਂ ਨੂੰ ਵੇਖ ਰਹੇ ਸਨ॥ ੨੯॥

ਆਹਨ ਮਨਿੰਦ ਬ੍ਰਿੰਦ ਬ੍ਰਿੰਦ ਹੋਇ ਆਇ ਦਲ ਦਸ ਲਾਖ ਆਯੋ ਨਯੋ, ਪੂਰਬ ਸੁ ਢੂਕੇ ਹੈਂ।
ਭਾਜੇ ਲੋਕ ਗ੍ਰਾਮ ਉਤਪਾਤ ਕੋ ਬਡੋ ਬਿਲੋਕਿ, ਛੋਰਿ ਛੋਰਿ ਤੂਰਨ ਸਦਨ ਕਿਤ ਲੁਕੇ ਹੈਂ।
ਕੇਊ ਅਗਵਾਨੀ ਹੋਇ ਜਾਇਕੈ ਮਲੇਛ ਮਿਲੇ, ਕਾਰਨ ਬਤਾਵਨਿ ਕੇ, ਮਾਰਿ ਊਚੇ ਰੂਕੇ ਹੈਂ।
ਚਾਰੋਂ ਓਰ ਹੇਲ ਘਾਲਿ ਆਏ ਜਿਸ ਕਾਲ ਢਿਗ ਮਾਰੋ ਮਾਰੋ, ਲੇਹੁ ਗਹਿ ਸੂਰ ਕੂਰ ਕੂਕੇ ਹੈਂ॥੩੦॥

ਟਿੱਡੀ ਦਲ ਵਾਂਗ ਵੱਖ-ਵੱਖ ਦਲ ਇਕੱਠੇ ਹੋ ਕੇ ਆਏ, ਦਸ ਲੱਖ ਸੈਨਾ ਹੋਰ ਆਈ, ਜਿਹੜੀ ਪੂਰਬ ਵਾਲੇ ਪਾਸੇ ਤੋਂ ਆਈ ਸੀ। ਵੱਡਾ ਯੁੱਧ ਵੇਖ ਕੇ ਪਿੰਡ ਦੇ ਲੋਕ ਭੱਜ ਗਏ, ਤੁਰਤ ਘਰ ਛੱਡ-ਛੱਡ ਕਿਸੇ ਹੋਰ ਥਾਂ ਜਾ ਕੇ ਲੁਕ ਗਏ। ਕਈ ਅੱਗੇ ਹੋ ਕੇ ਜਾ ਕੇ ਮਲੇਛਾਂ ਨੂੰ ਮਿਲ ਪਏ, ਕਾਰਨ ਦੱਸਣ ਵਾਸਤੇ, ਉੱਚੀ ਆਵਾਜ਼ ਮਾਰ ਕੇ ਬੁਲਾਉਂਦੇ ਹਨ। ਚਾਰੇ ਪਾਸਿਆਂ ਤੋਂ ਹੱਲਾ ਕਰਕੇ ਜਦ ਪਾਸ ਆਏ ਤਾਂ 'ਫੜ ਲਵੋ ਸੂਰਮੇ' ਕੂੜੇ ਵੈਰੀ ਕੂਕਦੇ ਹਨ॥ ੩੦॥

ਦੋਹਰਾ-ਇਸ ਪ੍ਰਕਾਰ ਜਬਿ ਨੇਰ ਭਾ ਥਿਰੇ ਗ੍ਰਾਮ ਮਹਿਂ ਆਇ।
ਅੰਤਰ ਤੇ ਤਬਿ ਸੂਰਮੇ ਗੋਰੀ ਸਰ ਬਰਖਾਇਂ॥ ੩੧॥

ਇਸ ਪ੍ਰਕਾਰ ਜਦ ਨੇੜੇ ਆ ਕੇ ਪਿੰਡ ਵਿਚ ਠਹਿਰ ਗਏ ਤਦ ਸਿੰਘ ਸੂਰਬੀਰ ਅੰਦਰੋਂ ਗੋਲੀਆਂ ਅਤੇ ਤੀਰਾਂ ਦੀ ਵਰਖਾ ਕਰਨ ਲੱਗੇ॥ ੩੧॥

*ਛੇਵੀਂ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

# ਅਧਿਆਇ ਛੱਤੀਵਾਂ

*ਚਮਕੌਰ ਯੁੱਧ ਆਰੰਭ*

ਦੋਹਰਾ-ਜਾਤਿ ਜਿ ਸਨਮੁਖ ਦੁਰਗ ਕੇ ਸਰ ਗੋਲੀ ਲਗਿ ਘਾਇ।
ਗਿਰੈਂ ਦੜਾ ਦੜ ਤੁਰਤ ਹੀ ਏਕ ਬਾਰ ਸਮੁਦਾਇ॥ ੧॥

ਜਿਹੜੇ ਵੀ ਕਿਲ੍ਹੇ ਦੇ ਸਾਹਮਣੇ ਜਾਂਦੇ ਸਨ, ਉਹ ਗੋਲੀ ਜਾਂ ਤੀਰ ਲੱਗਣ ਨਾਲ ਘਾਇਲ ਹੋ ਜਾਂਦੇ ਸਨ, ਦੜਾ ਦੜ ਤੁਰਤ ਹੀ ਇਕ ਵਾਰ ਵਿਚ ਕਈ ਡਿੱਗ ਪੈਂਦੇ ਸਨ॥ ੧॥

*ਭੁਜੰਗ ਪ੍ਰਯਾਤ ਛੰਦ*-ਗੁਰੂ ਜੀ ਪ੍ਰਚਾਰੇ 'ਸੁਨੋ ਸਿੰਘ ਮੇਰੇ। ਜਬੈ ਸਾਮ ਦਾਮੰ ਨ ਭੇਦੰ ਸੁਹੇਰੇ।
ਤਬੈ ਆਯੁਧੌਂ ਪੈ ਨਿਜੰ ਹਾਥ ਘਾਲੈ। ਬਨੀ ਬਾਤ ਸੋਈ ਸਮੈਂ ਯੋਂ ਨ ਟਾਲੈ॥੨॥

ਗੁਰੂ ਜੀ ਨੇ ਬਚਨ ਕੀਤੇ, "ਹੇ ਮੇਰੇ ਸਿੰਘੋ ! ਸੁਣੋ, ਜਦ ਸਾਮ, ਦਾਮ ਅਤੇ ਭੇਦ ਦਾ ਕਾਰਜ ਨਾ ਚਲੇ ਤਦ ਸ਼ਸਤਰਾਂ ਤੇ ਆਪਣਾ ਹੱਥ ਪਾਉਣਾ ਚਾਹੀਦਾ ਹੈ। ਹੁਣ ਓਹੋ ਗੱਲ ਆ ਬਣੀ ਹੈ, ਇਸ ਕਰਕੇ ਹੁਣ ਸਮਾਂ ਫਜ਼ੂਲ ਵਿਚ ਨਾ ਗਵਾਈਏ॥ ੨॥

ਪੁਰਾ ਤੀਰ ਗੋਰੀਨ ਤੇ ਮਾਰਿ ਗੋਰੋ। ਮਿਟੈਂ ਨ ਅਰਾਤੀ ਜਬੈ ਨੇਰ ਹੋਰੋ।
ਕਰਾਚੋਲ ਕਾਢੋ ਕਰੋ ਖੰਡ ਖੰਡੋ। ਤਥਾ ਮੁੱਛ ਕਾਟੋ ਘਮੰਡੋ ਪ੍ਰਚੰਡੋ॥ ੩॥

ਪਹਿਲਾਂ ਤੀਰ ਗੋਲੀਆਂ ਤੇ ਗੋਲੇ ਮਾਰੋ, ਜੇ ਵੈਰੀ ਫਿਰ ਵੀ ਨੇੜੇ ਹੋਣ ਤੇ ਖਤਮ ਨਾ ਹੋਣ ਤਾਂ ਆਪਣੀਆਂ ਕਿਰਪਾਨਾਂ ਕੱਢੋ ਤੇ ਵੈਰੀ ਨੂੰ ਟੋਟੇ-ਟੋਟੇ ਕਰ ਦੇਵੋ, ਚੰਗੀ ਤਰ੍ਹਾਂ ਕੱਟ ਵੱਢ ਪਾ ਕੇ ਉਨ੍ਹਾਂ ਦਾ ਘੁਮੰਡ ਦੂਰ ਕਰ ਦੇਵੋ'॥ ੩॥

ਪ੍ਰਭੂ ਬਾਕ ਸੁਨਿਕੈ ਭਏ ਸਾਵਧਾਨਾ। ਕਰੈਂ ਤਾਨ ਤਾਨਾ ਤਜੈਂ ਚਾਂਪ ਬਾਨਾ।
ਚਲੇ ਸਰਪ ਜੈਸੇ ਬਿਧੈਂ ਦੋਇ ਚਾਰੀ। ਤਜੈਂ ਪ੍ਰਾਨ ਕੋ ਬੀਰ ਬੰਕੇ ਜੁਝਾਰੀ॥੪॥

ਸਤਿਗੁਰੂ ਜੀ ਦੇ ਬਚਨ ਸੁਣ ਕੇ, ਸਿੰਘ ਸਾਵਧਾਨ ਹੋ ਗਏ, ਬਲ ਨਾਲ ਤਾਣ ਕੇ ਕਮਾਨ ਵਿਚ ਬਾਣ ਛੱਡਦੇ ਹਨ। ਬਾਣ ਸੱਪ ਵਾਂਗੂੰ ਜਾਂਦੇ ਹਨ ਤੇ ਦੋ ਚਾਰ ਨੂੰ ਵਿੰਨ੍ਹ ਦਿੰਦੇ ਹਨ, ਫਿਰ ਬਾਂਕੇ ਬੀਰ ਜੁਝਾਰੂ ਪ੍ਰਾਣ ਛੱਡ ਜਾਂਦੇ ਹਨ॥ ੪॥

ਬਰੂਦੰ ਨ ਗੋਰੀ ਦੁਹੂੰ ਨਾਂਹਿ ਪਾਵੈਂ। ਪਲੀਤਾ ਪਿਖੈਂ ਤਾਂਹਿ ਤੋੜਾ ਡੰਭਾਵੈ।
ਤੁਫੰਗੈਂ ਛੁਟੈਂ ਨਾਦ ਹੋਵੈਂ ਘਨੇਰੇ। ਕੜਾ ਕਾੜ ਮਾਚੀ ਛੁਟੀ ਏਕ ਬੇਰੇ॥ ੫॥

ਬਰੂਦ ਅਤੇ ਗੋਲੀਆਂ ਦੋਵੇਂ ਨਹੀਂ ਪਾਉਂਦੇ ਸਨ, ਪਲੀਤਾ ਵੇਖ ਕੇ ਤੋੜਾ ਡੰਭ ਦਿੰਦੇ ਸਨ। ਬੰਦੂਕਾਂ ਚਲਣ ਨਾਲ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਹੈ, ਇਕ ਵਾਰ ਚੱਲਣ ਨਾਲ ਕਾੜ ਕਾੜ ਮੱਚ ਜਾਂਦੀ ਹੈ॥ ੫॥

ਗਿਰੇ ਬੀਰ ਘੋਰਾਨਿ ਤੇ ਭੂਮ ਜਾਈ। ਮਨੋ ਕੈਫ ਪੀਕੇ ਲਿਟੇ ਬੀਰ ਖਾਈ।
ਕਿਸੂ ਮੁੰਡ ਫੂਟੈ ਕਿਸੂ ਤੁੰਡ ਤੂਟੈ। ਲਗੈ ਬੇਗ ਗੋਰੀ ਭੁਜਾ ਟਾਂਗ ਟੂਟੈ॥ ੬॥

ਸੂਰਬੀਰ ਘੋੜਿਆਂ ਤੋਂ ਧਰਤੀ 'ਤੇ ਡਿੱਗ ਪੈਂਦੇ ਹਨ, ਮਾਨੋ ਸ਼ਰਾਬ ਪੀ ਕੇ ਸੂਰਬੀਰ ਖਾਈਆਂ ਵਿਚ ਲੇਟਦੇ ਹਨ। ਕਿਸੇ ਦਾ ਸਿਰ ਪਾਟ ਜਾਂਦਾ ਸੀ, ਕਿਸੇ ਦਾ ਮੂੰਹ ਟੁੱਟ ਜਾਂਦਾ ਸੀ, ਬੜੀ ਤੇਜ਼ੀ ਨਾਲ ਗੋਲੀਆਂ ਲਗਦੀਆਂ ਸਨ ਤੇ ਲੱਤਾਂ ਬਾਹਵਾਂ ਟੁੱਟ ਜਾਂਦੀਆਂ ਹਨ॥ ੬॥

'ਹਲਾ ਹੱਲ' ਬੋਲੈਂ, ਰਹੈ ਤੁੰਡ ਮਾਂਹੀ। ਲਗੈ ਬਾਨ ਦੇਹੀ, ਬਚੈਂ ਪ੍ਰਾਣ ਨਾਂਹੀ।
ਗਿਰੈਂ ਅੱਗ੍ਰ ਔਂਧੇ, ਚਲੇ ਪੁੰਜ ਆਵੈਂ। ਮਰੇ ਫੇਰ ਪਾਛੇ ਨਹੀਂ ਕੋ ਸਿਧਾਵੈਂ॥ ੭॥

ਜਿਹੜਾ 'ਹਲਾ ਹਲ' ਬੋਲਦੇ ਸਨ, ਉਹ ਮੂੰਹ ਵਿਚ ਹੀ ਰਹਿ ਜਾਂਦਾ ਸੀ ਕਿ ਤੀਰ ਆ ਦੇਹ ਵਿਚ ਲੱਗਦਾ ਸੀ, ਫਿਰ ਪ੍ਰਾਣ ਨਹੀਂ ਬੱਚਦੇ ਸਨ। ਮੂਧੇ ਮੂੰਹ ਅੱਗੇ ਡਿੱਗ ਪੈਂਦੇ ਸਨ, ਇਸ ਪ੍ਰਕਾਰ ਬਹੁਤ ਚਲੇ ਆਉਂਦੇ ਸਨ, ਫਿਰ ਮਰ ਜਾਂਦੇ ਸਨ, ਵਾਪਸ ਪਿੱਛੇ ਨਹੀਂ ਜਾਂਦੇ ਸਨ॥ ੭॥

ਗਿਰੇਂਦੰ ਤਬੈ ਭੀਮਚੰਦਾਦਿ ਸਾਰੇ। ਹੁਤੇ ਗ੍ਰਾਮ ਕੇ ਜਾਟ ਤੀਰੰ ਹਕਾਰੇ।
ਲਗੇ ਬੂਝਿਬੇ 'ਸਿੰਘ ਕੇਤੇ ਪ੍ਰਵੇਸ਼ੇ? ਘਨੇ ਬਾਨ ਮਾਰੈਂ ਕਿ ਗੋਰੀ ਵਿਸ਼ੇਸ਼ੇ॥ ੮॥

ਭੀਮ ਚੰਦ ਆਦਿ ਸਾਰੇ ਪਹਾੜੀ ਰਾਜਿਆਂ ਨੇ ਆਪਣੇ ਪਾਸ ਪਿੰਡ ਦੇ ਜੱਟ ਬੁਲਾਏ ਸਨ। ਉਨ੍ਹਾਂ ਨੂੰ ਉਹ ਪੁੱਛਣ ਲੱਗੇ, "ਕਿੰਨੇ ਸਿੰਘ ਅੰਦਰ ਪ੍ਰਵੇਸ਼ ਕੀਤੇ ਹਨ? ਬਹੁਤ ਗੋਲੀਆਂ ਅਤੇ ਤੀਰ ਚਲਾਉਂਦੇ ਹਨ॥ ੮॥

ਦੜਾਦਾੜ ਸੂਰੇ ਗਿਰੈਂ ਭੂਮ ਮਾਂਹੀ। ਜਿਤੇ ਨੈਨ ਦੇਖੇ, ਕਹੋ ਕਯੋਂ ਨ ਤਾਂਹੀ?'।
ਸੁਨੇ ਜਾਟ ਬੋਲੇ 'ਗਿਨੇ ਹੈਂ ਨ ਕੋਈ। ਪਚਾਸੇ ਕਿ ਚਾਲੀ ਇਤੇ ਬੀਚ ਹੋਈ॥ ੯॥

ਦੜਾਦੜ ਸੂਰਮੇ ਧਰਤੀ 'ਤੇ ਡਿੱਗਦੇ ਹਨ, ਜਿੰਨੇ ਤੁਸੀਂ ਅੱਖਾਂ ਨਾਲ ਵੇਖੇ ਹਨ, ਉਨ੍ਹਾਂ ਦੀ ਗਿਣਤੀ ਬਾਰੇ ਕਿਉਂ ਨਹੀਂ ਦੱਸਦੇ ਹੋ?" ਇਹ ਸੁਣ ਕੇ ਜੱਟ ਬੋਲੇ, "ਅਸੀਂ ਪੂਰੇ ਗਿਣੇ ਨਹੀਂ ਹਨ, ਚਾਲੀ ਪੰਜਾਹ ਦੇ ਵਿਚ ਹੋ ਸਕਦੇ ਹਨ॥ ੯॥

ਤਿਨੋਂ ਮਹਿਂ ਕਿਤੇ ਘਾਵ ਖਾਏ ਬਿਹਾਲੇ। ਚਲਯੋ ਸ਼ੋਣ ਜਾਤੇ ਮਰੈਂ ਆਜ ਕਾਲੇ।
ਬਡੀ ਬਾਹਰੀ ਸੈਨ ਪਾਵੈ ਨ ਪਾਰਾ। ਕਹਾਂ ਹੋਹਿਂ ਗਾਢੇ ਅਬੈ ਲੇਹੁ ਮਾਰਾ॥੧੦॥

ਉਨ੍ਹਾਂ ਵਿਚ ਕਈ ਜ਼ਖ਼ਮੀ ਹੋਏ, ਬੁਰੀ ਹਾਲਤ ਵਿਚ ਵੀ ਸਨ, ਉਨ੍ਹਾਂ ਦਾ ਖ਼ੂਨ ਬਹਿ ਰਿਹਾ ਸੀ ਤੇ ਅੱਜ ਕਲ੍ਹ ਵਿਚ ਉਹ ਮਰ ਜਾਣਗੇ। ਬਾਹਰਲੀ ਸੈਨਾ ਬਹੁਤ ਵੱਡੀ ਹੈ, ਜਿਸ ਦਾ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਹੈ, ਇਹ ਕਿੰਨਾ ਚਿਰ ਟਿਕੇ ਰਹਿਣਗੇ, ਹੁਣੇ ਇਨ੍ਹਾਂ ਨੂੰ ਮਾਰ ਲਵੋ॥ ੧੦॥

ਭਰੈਂ ਧੂਲ ਮੂਠੀ ਕਿਲੇ ਮਹਿਂ ਜਿ ਪਾਵੈਂ। ਸਭੈ ਸਿੰਘ ਸੰਗੇ ਮਝਾਰੇ ਦਬਾਵੈਂ।
ਕਹਾਂ ਜੰਗ ਹੋਵੈ ਅਬੈ ਲੇਹੁ ਮਾਰੀ। ਕਹਾਂ ਏਕ ਰੱਤੀ ਕਹਾਂ ਮੇਰੁ ਭਾਰੀ'॥੧੧॥

ਏਨੀ ਵੱਡੀ ਸੈਨਾ ਜੇ ਇਕ ਮੁੱਠੀ ਭਰ ਕੇ ਧੂੜ ਵੀ ਕਿਲ੍ਹੇ ਵਿਚ ਸੁੱਟ ਦੇਵੇ ਤਾਂ ਸਾਰੇ ਸਿੰਘ ਉਸ ਦੇ ਹੇਠਾਂ ਹੀ ਦੱਬ ਜਾਣਗੇ। ਜੰਗ ਕਰਨ ਦੀ ਕੀ ਲੋੜ ਹੈ, ਹੁਣੇ ਮਾਰ ਲਵੋ, ਕਿੱਥੇ ਇਕ ਰੱਤੀ ਤੇ ਕਿੱਥੇ ਸੁਮੇਰ ਪਰਬਤ"॥ ੧੧॥

ਸੁਨੀ ਭੀਮਚੰਦੰ ਗਯੋ ਪਾਸ ਖ੍ਵਾਜੇ। 'ਕਹਾਂ ਦੇਰ ਧਾਰੀ, ਕਰੋ ਕਜੋਂ ਨ ਕਾਜੇ ?
ਬਡੋ ਹੇਲ ਮੇਲੋ ਮਰੈ ਜਾਉ ਮਾਰੀ। ਬਚੇ ਬੀਰ ਜੇਤੇ ਪ੍ਰਵੇਸ਼ੇ ਮਝਾਰੀ॥ ੧੨ ॥

ਇਹ ਸੁਣ ਕੇ ਭੀਮ ਚੰਦ ਖ੍ਵਾਜੇ ਮਰਦੂਦ ਦੇ ਪਾਸ ਗਿਆ, "ਤੁਸੀਂ ਕਿਉਂ ਦੇਰ ਲਾਈ ਹੈ, ਕਾਰਜ ਕਿਉਂ ਨਹੀਂ ਕਰਦੇ ਹੋ ? ਵੱਡਾ ਹੱਲਾ ਕਰੋ, ਮਰਦੇ ਜਾਓ ਤੇ ਮਾਰਦੇ ਜਾਓ। ਜਿੰਨੇ ਸੂਰਬੀਰ ਬਚੇ ਸਨ, ਉਹ ਸਾਰੇ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ ਹਨ॥ ੧੨ ॥

ਹਤੋ ਨਾਂਹਿ ਭਾਵੈਂ ਗੁਰੂ ਕੋ ਗਹੀਜੈ। ਅਹੈਂ ਸਿੰਘ ਜੇਤੇ ਤਿਨ੍ਹੋਂ ਮਾਰਿ ਦੀਜੈ।
ਕਹਾਂ ਬੀਰ ਚਾਲੀ ਸੁ ਚਾਲੀ ਹਤੈਂਗੇ। ਕਰੋ ਹੇਲ ਲਾਖੋਂ ਸੁ, ਯਾਂਤੇ ਗਹੈਂਗੇ' ॥੧੩ ॥

ਭਾਵੇਂ ਮਾਰੋ ਨਹੀਂ, ਗੁਰੂ ਨੂੰ ਫੜ ਲਵੋ, ਜਿੰਨੇ ਵੀ ਸਿੰਘ ਹਨ, ਉਨ੍ਹਾਂ ਨੂੰ ਮਾਰ ਦੇਵੋ। ਕਿੱਥੇ ਚਾਲੀ ਸਿੰਘ ਹਨ, ਉਹ ਵੱਧ ਤੋਂ ਵੱਧ ਚਾਲੀਆਂ ਨੂੰ ਮਾਰਨਗੇ, ਲੱਖਾਂ ਦਾ ਹੱਲਾ ਬੋਲੋ, ਇਸ ਕਰਕੇ ਫੜ ਲਵਾਂਗੇ"॥ ੧੩ ॥

ਭਨੈ ਸ੍ਰੁਜ ਖ੍ਵਾਜਾ ਵਜੀਦੰ ਹਕਾਰਾ। ਲਹੌਰੀ ਬੁਲਾਯੋ ਦੁਊ ਸੋਂ ਉਚਾਰਾ।
'ਅਨੰਦੰ ਪੁਰੀ ਮਹਿਂ ਜਥਾ ਸਾਤ ਮਾਸੰ। ਲਰੰਤੇ ਬਿਤਾਏ ਰਹੇ ਆਸ ਪਾਸੰ ॥੧੪ ॥

ਭੀਮ ਚੰਦ ਦੀ ਗੱਲ ਸੁਣ ਕੇ ਖ੍ਵਾਜਾ ਵਜੀਦ ਖਾਂ ਅਤੇ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖਾਂ ਨੂੰ ਬੁਲਾ ਕੇ ਕਹਿਣ ਲੱਗਾ, "ਅਨੰਦਪੁਰ ਵਿਚ ਜਿਵੇਂ ਸਤ ਮਹੀਨੇ ਲਾਏ ਸਨ, ਲੜਦਿਆਂ ਬਤੀਤ ਕੀਤੇ ਸਨ ਤੇ ਆਸ-ਪਾਸ ਰਹੇ ਸੀ॥ ੧੪ ॥

ਇਹਾਂ ਬੀ ਤਥਾ ਬਾਤ ਜੀ ਮੈਂ ਬਚਾਰੀ। ਤਮਾਸ਼ਾ ਪਿਖੋ ਠਾਢਿ, ਲੇਤੇ ਨ ਮਾਰੀ।
ਕਹਾਂ ਸਿੰਘ ਚਾਲੀ ਛੁਧਾ ਤੇ ਬਿਹਾਲੇ। ਕਹਾਂ ਬੀਰ ਲਾਖੋਂ ਫਿਰੈਂ ਆਲਬਾਲੇ' ॥੧੫ ॥

ਇਹ ਵੀ ਗੱਲ ਉਸ ਪ੍ਰਕਾਰ ਹੀ ਵਿਚਾਰੀ ਹੈ, ਖੜੇ ਹੋ ਕੇ ਤਮਾਸ਼ਾ ਵੇਖਦੇ ਹੋ, ਮਾਰਦੇ ਕਿਉਂ ਨਹੀਂ ਹੋ। ਕਿੱਥੇ ਭੁੱਖ ਨਾਲ ਬਿਹਾਲ ਹੋਏ ਚਾਲੀ ਸਿੰਘ, ਕਿੱਥੇ ਲੱਖਾਂ ਸੂਰਬੀਰ ਆਲੇ-ਦੁਆਲੇ ਫਿਰ ਰਹੇ ਹਨ"॥ ੧੫ ॥

ਸੁਨੀ ਦੋਇ ਸੂਬਾਨਿ ਖ੍ਵਾਜੇ ਡਰਾਏ। ਸਮੀਪੀ ਸਮੂਹਾਂਨਿ ਊਚੇ ਸੁਨਾਏ।
'ਬਿਲੋਕੋ ਕਹਾਂ ਹੇਲ ਮੇਲੋ ਨ ਸਾਰੇ। ਬਰੋ ਬੀਚ ਧਾਵੋ ਭੁਜਾਂ ਓਜ ਧਾਰੇ' ॥੧੬ ॥

ਦੋਵਾਂ ਸੂਬਿਆਂ ਖ੍ਵਾਜੇ ਦੀ ਧਮਕੀ ਸੁਣੀ, ਫਿਰ ਉਨ੍ਹਾਂ ਆਪਣੇ ਨੇੜੇ ਖੜੇ ਸਾਰਿਆਂ ਨੂੰ ਉੱਚੀ ਆਵਾਜ਼ ਵਿਚ ਸੁਣਾਇਆ, "ਵੇਖਦੇ ਕੀ ਹੋ, ਸਾਰੇ ਹੱਲਾ ਕਿਉਂ ਨਹੀਂ ਕਰਦੇ ਹੋ, ਆਪਣੇ ਬਾਹੂਆਂ ਦੀ ਸ਼ਕਤੀ ਧਾਰ ਕੇ ਵਿਚ ਜਾ ਪਵੋ"॥ ੧੬ ॥

ਤਿਨਹੂੰ ਨੇ ਅਗਾਰੀ ਕਹਯੋ ਕੋਪ ਕੈ ਕੈ। 'ਪਿਲੋ ਸਰਬ ਆਗੇ, ਖਰੇ ਕਯੋਂ ਥਿਰੈ ਕੈ।
ਚਹੂੰ ਓਰ ਮਹਿਂ ਹਾਲ ਹੂਲੰ ਮਚਾਓ। ਇਕੰਬਾਰ ਹੇਲਾ ਸਭੋ ਨੋ ਧਕਾਓ' ॥੧੭ ॥

ਉਨ੍ਹਾਂ ਨੇ ਕ੍ਰੋਧ ਧਾਰ ਧਾਰ ਅੱਗੇ ਕਿਹਾ, "ਸਾਰੇ ਅੱਗੇ ਨੂੰ ਟੁੱਟ ਕੇ ਪਵੋ, ਖੜੇ ਹੋ ਕੇ ਕੀ ਵੇਖਦੇ ਹੋ, ਚਾਰੇ ਪਾਸੇ ਹਾਲ ਹੂਲ ਮਚਾ ਦੇਵੋ, ਇਕੋ ਵਾਰ ਧੱਕ ਕੇ ਹੱਲਾ ਕਰੋ"॥ ੧੭॥

ਮਥੈਂ ਸਿੰਧੁ ਮਾਨੋਂ ਦੁਊ ਦੈਂਤ ਦੇਵੰ। ਗਿਰੰ ਮੰਦਰੰ ਕੋਟ ਕੀ ਸ਼ੋਭ ਏਵੰ।
ਗੁਰੂ ਸ੍ਰੀ ਗੁਬਿੰਦੰ ਅਟਾਰੀ ਸੁ ਸ੍ਰਿੰਗੰ। ਥਿਰੇ ਤੁੰਗ ਥਾਨੰ ਦਿਪੈਂ ਐਸ ਢੰਗੰ॥੧੮ ॥

ਮਾਨੋ ਦੇਵ ਅਤੇ ਦੈਂਤ ਸਮੁੰਦਰ ਨੂੰ ਰਿੜਕ ਰਹੇ ਹੋਣ, ਕਿਲ੍ਹੇ ਦੀ ਸ਼ੋਭਾ ਇਸ ਤਰ੍ਹਾਂ ਹੈ, ਜਿਵੇਂ ਮੰਦ੍ਰਾਚਲ ਪਰਬਤ ਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੁਰ ਉੱਪਰ ਅਟਾਰੀ ਦੀ ਚੋਟੀ 'ਤੇ ਬੈਠੇ ਹਨ। ਉੱਚੇ ਸਥਾਨ 'ਤੇ ਸਥਿਤ ਇਸ ਪ੍ਰਕਾਰ ਪ੍ਰਕਾਸ਼ਮਈ ਹਨ॥ ੧੮ ॥

ਜਬੈ ਰੋਰ ਮਾਚਾ ਢੁਕੇ ਨੇਕ ਆਈ। ਹਜ਼ਾਰੋਂ ਤੁਫੰਗੈਂ ਛੁਟੀ ਧੂਮ ਪਾਈ।
ਲਗੇ ਕੰਧ ਸੋਂ ਆਨ ਕੇਤੇ ਸਿਪਾਹੀ। ਚਢੇ ਊਪਰੇ ਹਾਥ ਘਾਲੇ ਤਦਾਹੀ॥੧੯ ॥

ਜਦ ਰੌਲਾ ਮੱਚ ਗਿਆ ਤੇ ਨੇੜੇ ਆ ਕੇ ਢੁੱਕ ਗਏ ਤਾਂ ਹਜ਼ਾਰਾਂ ਬੰਦੂਕਾਂ ਚਲੀਆਂ ਜਿਨ੍ਹਾਂ ਨੇ ਧੂਮ ਪਾ ਦਿੱਤੀ। ਕਈ ਸਿਪਾਹੀ ਭੱਜ ਕੇ ਕੰਧ ਨਾਲ ਆ ਲੱਗੇ, ਤਦ ਉਨ੍ਹਾਂ ਕੰਧ ਉੱਪਰ ਚੜ੍ਹਨ ਲਈ, ਕੰਧ ਦੇ ਉੱਪਰ ਹੱਥ ਪਾਏ॥ ੧੯॥

ਤਬੈ ਸਿੰਘ ਕੋਪੇ ਕਹਜੋ ਆਪ ਮਾਂਹੀ। 'ਕਰਾਚੋਲ ਬਾਹੋ ਚਢੈਂ ਆਨ ਤਾਂਹੀ'।
ਛੁਟੀ ਬਾਨ ਗੋਰੀ ਨ ਛੂਛੇ ਪਰੰਤੀ। ਗਿਰੈਂ ਕੰਧ ਨੀਚੇ ਕ੍ਰਿਪਾਨੈਂ ਕਟੰਤੀ॥੨੦॥

ਤਦ ਸਿੰਘ ਕ੍ਰੋਧ ਵਿਚ ਆ ਕੇ ਆਪਸ ਵਿਚ ਕਹਿਣ ਲੱਗੇ, "ਕਿਰਪਾਨਾਂ ਚਲਾਓ, ਉਹ ਆਪ ਆਣ ਚੜ੍ਹੇ ਹਨ।" ਛੁੱਟੇ ਹੋਏ ਤੀਰ ਅਤੇ ਗੋਲੀਆਂ ਖਾਲੀ ਨਹੀਂ ਸੀ ਜਾਂਦੀਆਂ, ਉਹ ਸਾਰੇ ਕੰਧ ਤੋਂ ਹੇਠਾਂ ਡਿੱਗ ਪਏ, ਕ੍ਰਿਪਾਨਾਂ ਨੇ ਉਨ੍ਹਾਂ ਨੂੰ ਕੱਟ ਦਿੱਤਾ ਸੀ॥ ੨੦॥

ਪਗੰ ਊਚ ਹੋਵੈਂ ਗਿਰੈਂ ਸੀਸ ਨੀਚੈ। ਪਰੇ ਕੰਧ ਕੀ ਮੂਲ ਮਹਿਂ ਸ਼੍ਰੋਣ ਸੀਚੈ।
ਕਰਾਹੈਂ ਕਿਤੇ ਕੋਇ ਨੀਚੈ ਦਬਾਏ। ਕਛੂ ਜੀਵਤੇ ਪ੍ਰਾਨ ਹਾਨੈਂ ਗਿਰਾਏ॥੨੧॥

ਜਦ ਪੱਗ ਥੋੜ੍ਹੀ ਜੇਹੀ ਉੱਚੀ ਹੁੰਦੀ ਸੀ ਤਾਂ ਸਿਰ ਧਰਤੀ 'ਤੇ ਡਿੱਗ ਪੈਂਦਾ ਸੀ ਤੇ ਕੰਧ ਦੇ ਹੇਠਾਂ ਧੜ ਡਿੱਗ ਲਹੂ ਵਿਚ ਭਿੱਜ ਜਾਂਦਾ ਸੀ। ਕਈ ਕਰਾਹੁੰਦੇ ਸਨ, ਕਈ ਥੱਲੇ ਹੀ ਦੱਬ ਜਾਂਦੇ ਸਨ, ਕਈ ਜੀਉਂਦੇ ਹੀ ਡਿੱਗ ਕੇ ਪ੍ਰਾਣ ਰਹਿਤ ਹੋ ਜਾਂਦੇ ਸਨ॥ ੨੧॥

ਬਡੋ ਹੇਲ ਘਾਲਜੋ, ਗੁਰੂ, ਸਿੰਘ ਝਾਲਾ। ਪਰੇ ਕੰਧ ਕੇ ਜਾਇ ਨੀਚੇ ਉਤਾਲਾ।
ਅਟਾਰੀ ਚਢੇ ਏਕ ਤਾ ਮੈਂ ਦਰੀਚੀ। ਥਿਰੇ ਬੀਚ ਤਾਂਕੇ ਕਰੈਂ ਸ਼ੱਤ੍ਰੂ ਮੀਚੀ॥੨੨॥

ਜਿਹੜਾ ਵੱਡਾ ਹੱਲਾ ਕੀਤਾ, ਉਹ ਗੁਰੂ ਜੀ ਅਤੇ ਸਿੰਘਾਂ ਨੇ ਝੱਲ ਲਿਆ, ਤੁਰਤ ਕੰਧ ਦੇ ਥੱਲੇ ਜਾ ਡਿੱਗਦੇ ਸਨ। ਗੁਰੂ ਜੀ ਅਟਾਰੀ ਉੱਪਰ ਚੜ੍ਹੇ ਸਨ, ਜਿਸ ਵਿਚ ਇਕ ਬਾਰੀ ਸੀ, ਉਸ ਵਿਚ ਟਿਕੇ ਗੁਰੂ ਜੀ ਵੈਰੀ ਨੂੰ ਮਾਰ ਰਹੇ ਸਨ॥ ੨੨॥

ਚੌਪਈ-ਬੈਠੇ ਤਹਾਂ ਗੁਰੂ ਬੀਰਾਸਨ। ਪਕਰੇ ਘੋਰ ਕਠੋਰ ਸਰਾਸਨ।
ਕਟ ਤੇ ਤਰੇ ਤਰੇ ਤਨ ਓਟੇ। ਕੰਧ ਦਰੀਚੀ ਕੀ ਤਹਿਂ ਛੋਟੇ॥੨੩॥

ਗੁਰੂ ਜੀ ਉਥੇ ਬੀਰ-ਆਸਣ ਵਿਚ ਬੈਠੇ ਸਨ, ਉਨ੍ਹਾਂ ਘੋਰ ਕਠੋਰ ਧਨੁੱਖ ਬਾਨ ਫੜਿਆ ਸੀ। ਲੱਕ ਦੇ ਹੇਠ ਹੇਠ ਤਨ ਨੂੰ ਓਟ ਸੀ, ਉਥੇ ਬਾਰੀ ਦੀ ਕੰਧ ਛੋਟੀ ਸੀ॥ ੨੩॥

ਕਟ ਤੇ ਊਪਰ ਜਿਤਿਕ ਸਰੀਰ। ਤਿਸੈ ਬਿਲੋਕੈ ਸ਼ੱਤ੍ਰੂਨਿ ਭੀਰ।
ਕਲਗ਼ੀ ਜਿਗਾ ਜਵਾਹਰ ਜੇਈ। ਝਮਕਹਿਂ ਬਿਦਤਿ ਜਨਾਵਹਿਂ ਤੇਈ॥੨੪॥

ਲੱਕ ਤੋਂ ਉੱਪਰ ਜਿਹੜਾ ਸਰੀਰ ਸੀ, ਉਸ ਨੂੰ ਵੇਖ ਕੇ ਵੈਰੀਆਂ ਦੀ ਭੀੜ ਨੂੰ, ਕਲਗੀ ਜਿਗਾ ਜਵਾਹਰ ਜਿਹੜੀ ਸੀ, ਉਹ ਜਗਮਗਾਉਂਦੀ ਹੋਈ ਦਿਖਾਈ ਦਿੰਦੀ ਸੀ॥ ੨੪॥

ਤੀਰ ਤੁਨੀਰਹਿ ਤੀਰ ਬਿਖੇਰੇ। ਕਰਨ ਉਤਾਇਲ ਕੋ ਤਿਸ ਬੇਰੇ।
ਤੁਰਤ ਉਠਾਇ ਪਨਚ ਬਗਰਾਵਹਿਂ। ਤਾਨਿ ਕਾਨ ਲੌ ਬਾਨ ਚਲਾਵਹਿਂ॥੨੫॥

ਭੱਥੇ ਵਿਚੋਂ ਤੀਰ ਕੱਢ ਕੇ ਪਾਸ ਖਿੰਡਾ ਕੇ ਰੱਖੇ ਸਨ, ਕਿਉਂਕਿ ਉਸ ਸਮੇਂ ਬਹੁਤ ਕਾਹਲੀ-ਕਾਹਲੀ ਤੀਰ ਛੱਡ ਰਹੇ ਸਨ। ਤੁਰਤ ਤੀਰ ਉਠਾ ਕੇ ਚਿੱਲੇ ਵਿਚ ਰੱਖਦੇ ਸਨ ਤੇ ਬਾਨ ਨੂੰ ਕੰਨਾਂ ਤਕ ਖਿਚ ਕੇ ਚਲਾਉਂਦੇ ਸਨ॥ ੨੫॥

ਇਕ ਕੋ ਮਾਰਿ ਦੂਸਰੇ ਲਾਗੈ। ਤ੍ਰਿਤੀ ਚਤੁਰ ਬੀਧਤਿ ਚਲਿ ਆਗੈ।
ਪੰਚਮ ਖਸ਼ਟਮ ਸਪਤਮ ਮਾਰਿ। ਦਸ ਲਗਿ ਬੀਧਤਿ ਮਾਰਤਿ ਪਾਰ॥੨੬॥

ਇਕ ਚਲਾ ਕੇ ਦੂਸਰਾ ਤਿਆਰ ਕਰ ਲੈਂਦੇ ਸਨ, ਇਸ ਪ੍ਰਕਾਰ ਤੀਸਰਾ ਚੌਥਾ ਵਿੰਨ੍ਹਦਾ ਹੋਇਆ ਅੱਗੇ ਚਲਾ ਜਾਂਦਾ ਸੀ। ਪੰਜਵਾਂ ਛੇਵਾਂ ਸਤਵਾਂ ਮਾਰ, ਦਸ ਤਕ ਵਿੰਨ੍ਹ ਕੇ ਮਾਰ ਕੇ ਪਾਰ ਕਰ ਜਾਂਦੇ ਸਨ॥ ੨੬॥

ਏਕ ਬਾਰ ਸਰ ਲਗਿ ਦਸ ਮਾਰੇ। ਗਿਰਿ ਗਿਰਿ ਪਰਤੇ ਜਥਾ ਮੁਨਾਰੇ॥
ਚਲਹਿਂ ਵਹਿਰ ਤੇ ਲਾਖਹੁਂ ਗੋਰੀ। ਤਕਿ ਤਕਿ ਮਾਰਤਿ ਗਨ ਗੁਰ ਓਰੀ॥੨੭॥

ਇਕ ਵਾਰ ਤੀਰ ਲੱਗ ਕੇ ਦਸਾਂ ਪ੍ਰਾਣੀਆਂ ਨੂੰ ਮਾਰਦਾ ਸੀ, ਜਿਵੇਂ ਮੁਨਾਰੇ ਡਿੱਗ-ਡਿੱਗ ਪੈ ਰਹੇ ਸਨ। ਬਾਹਰ ਤੋਂ ਲੱਖਾਂ ਗੋਲੀਆਂ ਚਲਦੀਆਂ ਸਨ, ਉਹ ਗੁਰੂ ਜੀ ਵਲ ਤਕ ਤਕ ਕੇ ਮਾਰਦੇ ਸਨ॥ ੨੭॥

*ਸਿਰਖੰਡੀ ਛੰਦ*-ਹਲਾ ਹਲੀ ਭਟ ਜੁੱਟੇ ਭੜਥੂ ਮੱਚਿਆ।
ਚੜੇ ਕੰਧ ਪਰ ਸੁੱਟੇ ਮੁੰਡੀਆ ਹੇਠਵੇ।
ਕੇਤਿਕ ਪਚਿ ਪਚਿ ਹੁੱਟੇ ਘਾਇਲ ਗਿਰਿ ਪਰੇ।
ਮਰਿਗੇ ਪ੍ਰਾਣ ਨਿਖੁੱਟੇ ਟੱਟਰ ਫੁੱਟਿਕੈ॥ ੨੮॥

ਹਲਾ ਹਲੀ ਕਰਦੇ ਸੂਰਬੀਰ ਜੁੜ ਗਏ ਤੇ ਭੜਥੂ ਮਚ ਗਿਆ। ਜਿਹੜੇ ਕੰਧ ਉੱਤੇ ਚੜ੍ਹਦੇ ਸਨ, ਉਨ੍ਹਾਂ ਦੇ ਸਿਰ ਹੇਠਾਂ ਸੁੱਟ ਦਿੰਦੇ ਸਨ। ਕਈ ਜ਼ੋਰ ਲਾ-ਲਾ ਹਾਰ ਗਏ ਤੇ ਘਾਇਲ ਹੇਠਾਂ ਡਿੱਗ ਪਏ, ਮਰ ਕੇ ਉਨ੍ਹਾਂ ਦੇ ਪ੍ਰਾਣ ਨਿਕਲ ਗਏ ਤੇ ਉਨ੍ਹਾਂ ਦੀਆਂ ਖੋਪਰੀਆਂ ਫੁੱਟ ਗਈਆਂ॥ ੨੮॥

ਨੇਜੇ ਬੰਬਲਿਆਲੇ ਤੁੱਟ ਨ ਤੋੜਤੇ। ਰੁੰਡ ਮੁੰਡ ਬਡ ਢਾਲੇ ਲੋਥੈਂ ਗੁੱਥੀਆਂ।
ਪਹੁੰਚੇ ਬੀਰ ਮੁਛਾਲੇ ਨੰਗੇ ਖੜਗ ਲੈ। ਗਹਿ ਕੇ ਹਾਥਨਿ ਢਾਲੇ ਸਨਮੁਖ ਆਂਵਦੇ॥੨੯॥

ਫੁਮਣਾਂ ਵਾਲੇ ਨੇਜ਼ੇ ਆਪ ਨਹੀਂ ਟੁੱਟਦੇ, ਪਰ ਜਿਨ੍ਹਾਂ ਨੂੰ ਲੱਗਦੇ ਹਨ ਉਨ੍ਹਾਂ ਨੂੰ ਤੋੜ ਦਿੰਦੇ ਹਨ। ਜਿਨ੍ਹਾਂ ਨੇ ਬਹੁਤ ਸਿਰ ਧੜ ਵੱਢ ਕੇ ਸੁੱਟੇ ਤੇ ਲੋਥਾਂ ਗੁੱਥਮਗੁੱਥਾ ਕਰ ਦਿੱਤੀਆਂ। ਮੁੱਛਾਂ ਵਾਲੇ ਸੂਰਬੀਰ ਨੰਗੀਆਂ ਤਲਵਾਰਾਂ ਲੈ ਕੇ ਪਹੁੰਚ ਗਏ, ਹੱਥਾਂ ਵਿਚ ਢਾਲਾਂ ਲੈ ਕੇ ਸਾਹਮਣੇ ਆਉਂਦੇ ਸਨ॥ ੨੯॥

ਭਿੜੇ ਭੇੜ ਭਟ ਭਾਰੇ ਭਭਕੈਂ ਭੀਖਣਾ। ਭਕ ਭਕ ਘਾਵ ਭਕਾਰੇ ਸ਼ੋਣਤ ਨਿਕਸਿ ਕੈ।
ਰਹਿਗੇ ਨੈਨ ਉਘਾਰੇ ਮਾਨੋ ਦੇਖਿਦੇ। ਲੋਹੂ ਬਹੇ ਪਨਾਰੇ ਛਿਤ ਰੰਗੀਨ ਕਰਿ॥੩੦॥

ਭਾਰੀ ਸੂਰਬੀਰਾਂ ਦੇ ਭੇੜ ਭਿੜ ਪਏ ਤੇ ਭਿਆਨਕ ਭੱਬਕਾਂ ਮਾਰਦੇ ਸਨ। ਖੂਨ ਜ਼ਖਮਾਂ ਵਿਚੋਂ ਨਿਕਲ ਕੇ ਭਕ ਭਕ ਕਰਦਾ ਸੀ। ਮੁਰਦਿਆਂ ਦੀਆਂ ਅੱਖਾਂ ਖੁਲ੍ਹੀਆਂ ਹੀ ਰਹਿ ਗਈਆਂ ਸਨ, ਮਾਨੋ ਵੇਖ ਰਹੇ ਸਨ, ਲਹੂ ਦੇ ਪਰਨਾਲੇ ਵਗ ਰਹੇ ਸਨ ਤੇ ਸਾਰੀ ਧਰਤੀ ਰੰਗੀਨ ਹੋ ਗਈ ਸੀ॥ ੩੦॥

ਸਿਰ ਤਲਵਾਏ ਡਿੱਗੇ ਜਜੋਂ ਨਟ ਬਾਜੀਆਂ। ਬਹੁ ਲੋਹੂ ਭਟ ਭਿੱਗੇ ਖੇਲਤਿ ਫਾਗ ਜਜੋਂ।
ਧਾਇ ਕੰਧ ਸੋਂ ਲੱਗੇ ਘਾਵਨ ਤੇ ਡਰੇ। ਕਿਤਿਕ ਮਾਰ ਪਿਖਿ ਭੱਗੇ ਭੀਰੂ ਭੈ ਕਰੇ॥੩੧॥

ਕੱਟੇ ਹੋਏ ਸਿਰ ਇਸ ਪ੍ਰਕਾਰ ਡਿੱਗ ਰਹੇ ਸਨ, ਮਾਨੋ ਨਟ ਬਾਜ਼ੀਆਂ ਪਾ ਰਹੇ ਹੋਣ। ਬਹੁਤ ਲਹੂ ਨਾਲ ਭੱਟ ਭਿਜੇ ਹੋਏ ਸਨ, ਮਾਨੋ ਹੋਲੀ ਖੇਡ ਰਹੇ ਸਨ। ਮਰਨ ਤੋਂ ਡਰਦੇ ਕੰਧ ਨਾਲ ਜਾ ਲੱਗੇ, ਕਈ ਮਾਰ ਪੈਂਦੀ ਵੇਖ ਕੇ ਭੈ ਧਾਰ ਕੇ ਕਾਇਰ ਹੋ ਕੇ ਭੱਜ ਗਏ॥ ੩੧॥

ਇਕ ਸਨਮੁਖ ਲਲਕਾਰੇ ਮਾਰਿ ਬੰਗਾਰਦੇ। ਇਕਨੀ ਖੜਗ ਉਭਾਰੇ ਢਾਲ ਨਿਰੋਕਦੇ।
ਤਥਾ ਮੁੱਛ ਕਰਿ ਡਾਰੇ ਹਾਥਨਿ ਪੈਰ ਤੇ। ਬਜੇ ਹਜ਼ਾਰ ਨਗਾਰੇ ਚਹੁੰਦਿਸ਼ ਓਰੜੇ॥੩੨॥

ਕਈ ਸਾਹਮਣੇ ਹੋ ਕੇ ਲਲਕਾਰਾ ਮਾਰ ਕੇ ਵੰਗਾਰਦੇ ਸਨ, ਕਈ ਤਲਵਾਰ ਉਭਾਰ ਕੇ ਢਾਲਾਂ ਨਾਲ ਰੋਕਦੇ ਸਨ। ਹੱਥ ਪੈਰ ਕੱਟ ਵੱਢ ਕਰ ਦਿੰਦੇ ਸਨ। ਚਾਰੇ ਪਾਸੇ ਹਜ਼ਾਰਾਂ ਨਗਾਰੇ ਵੱਜ ਉਠੇ॥ ੩੨॥

ਜਿਤ ਕਿਤ ਧੂਮ ਉਤਾਰੀ ਧੂਮ ਕਿ ਧੌਲਰੇ। ਕਿਧੌਂ ਘਟਾ ਇਕਸਾਰੀ ਪਸਰੀ ਜਹਿਂ ਕਹਾਂ।
ਹਾਥ ਬਜਾਵੈਂ ਤਾਰੀ ਜੋਗਨ ਨੱਚੀਆਂ। ਕਾਲੀ ਕਹਿ ਕਿਲਕਾਰੀ ਖੱਪਰ ਪੂਰਿਆ॥੩੩॥

ਜਿੱਥੇ ਕਿੱਥੇ ਧੂੰਏਂ ਦੇ ਧੌਲਰ ਬਣ ਗਏ, ਜਾਂ ਇਕਸਾਰ ਘਟਾ ਜਿੱਥੇ ਕਿੱਥੇ ਪਸਰ ਗਈ। ਹੱਥ ਨਾਲ ਤਾਲੀਆਂ ਵਜਾ ਕੇ ਜੋਗਣਾਂ ਨੱਚ ਉੱਠੀਆਂ। ਕਾਲੀ ਕਿਲਕਾਰੀ ਮਾਰ ਕੇ ਆਪਣਾ ਖੱਪਰ ਲਹੂ ਨਾਲ ਭਰਦੀ ਸੀ॥ ੩੩॥

ਬੀਰ ਬਵੰਜਾ ਧਾਏ ਸੰਘਰ ਦਾਰੁਣੇ। ਭੂਤ ਪ੍ਰੇਤ ਸਮੁਦਾਏ ਕਰਤਿ ਬਿਨੋਦ ਕੋ।
ਭਰਿ ਖੱਪਰ ਮੁਖ ਲਾਏ ਸ਼੍ਰੋਣਤਿ ਪੀਂਵਦੇ। ਆਮਿਖ ਭੱਖ ਅਘਾਏ ਡਕੈਂ ਡਕਾਰ ਲੇ॥੩੪॥

ਬਵੰਜਾ ਬੀਰ ਭਿਆਨਕ ਸੰਘਰਸ਼ ਵੇਖ ਕੇ ਭੱਜੇ ਆਏ। ਭੂਤ ਪ੍ਰੇਤ ਸਾਰੇ ਰਲ ਕੇ ਖੁਸ਼ੀਆਂ ਮਨਾ ਰਹੇ ਸਨ। ਖੱਪਰ ਭਰ ਭਰ ਮੂੰਹ ਨੂੰ ਲਾਉਂਦੇ ਸਨ ਤੇ ਲਹੂ ਪੀਂਦੇ ਸਨ, ਮਾਸ ਖਾ ਕੇ ਤ੍ਰਿਪਤ ਹੋ ਗਏ ਸਨ ਤੇ ਫਿਰ ਡਕਾਰ ਮਾਰਦੇ ਸਨ॥ ੩੪॥

ਮਨਹੁਂ ਕ੍ਰਿਸ਼ਨ ਬਿਚ ਰੁਕੇ ਨੰਦਨਿ ਸੰਗ ਲੈ। ਜਰਾਸੰਧ ਦਲ ਢੁੱਕੇ ਚਹੁਂ ਦਿਸ਼ ਫਿਰ ਘਨੇ।
ਕੋਪ ਕਰੇ ਕਰਿ ਕੂੱਕੇ ਕਪਟੀ ਕੂਰ ਗਨ। ਪ੍ਰਾਨ ਹਜ਼ਾਰਹੁਂ ਮੁਕੇ ਗੋਰੀ ਬਾਨ ਲਗਿ॥੩੫॥

ਮਾਨੋ ਕ੍ਰਿਸ਼ਨ ਜੀ ਪੁੱਤਰ ਨੂੰ ਲੈ ਕੇ ਜੰਗ ਵਿਚ ਰੁਕੇ ਹਨ। ਜਰਾਸੰਧ ਦੇ ਦਲਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ ਹੈ। ਮਾਨੋ ਗੁੱਸਾ ਧਾਰ ਕੇ ਕਪਟੀ ਅਤੇ ਝੂਠੇ ਕੂਕ ਉਠੇ ਹਨ। ਗੋਲੀਆਂ ਅਤੇ ਤੀਰ ਲੱਗ ਕੇ ਹਜ਼ਾਰਾਂ ਵੈਰੀ ਪ੍ਰਾਣ ਛੱਡ ਗਏ ਹਨ॥ ੩੫॥

ਮਯਾਨਹੁਂ ਤੇਗੇ ਕੱਢੇ ਦਮਕਹਿਂ ਦਾਰੁਣੇ। ਮੁੰਡ ਕਿ ਰੁੰਡਹਿ ਵੱਢੇ ਮੋਢੇ ਮੁੱਢ ਤੇ।
ਧਾਵੈਂ ਚੌਂਪਤਿ ਚੱਢੇ ਦੇਤਿ ਉਥੱਲਿਕੈ। ਬਾਢੀ ਬਾਢ ਕਿ ਬੱਢੇ ਚੀਰਤਿ ਸਾਫ ਤਨ॥੩੬॥

ਮਿਆਨਾਂ ਵਿਚੋਂ ਕੱਢੀਆਂ ਤਲਵਾਰਾਂ ਭਿਆਨਕ ਚਮਕਦੀਆਂ ਹਨ, ਸਿਰ ਕਿ ਮੂੰਹ ਕਿ ਮੋਢੇ ਮੁੱਢ ਤੋਂ ਹੀ ਕੱਟ ਦਿੱਤੇ ਹਨ। ਹਮਲਾ ਕਰਕੇ ਬੜਾ ਚੌਂਪ ਕਰਕੇ ਚੜ੍ਹ ਕੇ ਉਥੱਲ ਪਥੱਲ ਕਰ ਰਹੇ ਹਨ। ਮਾਨੋ ਤਰਖਾਣ ਨੇ ਤਿੱਖੀ ਧਾਰ ਨਾਲ ਐਸੇ ਵੱਢੇ ਕਿ ਤਨ ਨੂੰ ਸਾਫ ਚੀਰ ਸੁੱਟਦੇ ਹਨ॥ ੩੬॥

ਮਨਹੁਂ ਗਗਨ ਮਹਿਂ ਤਾਰੇ ਮੇਲ ਸਕੇਲਿ ਕੈ। ਲਿਯੋ ਚੰਦ ਪਰਵਾਰੇ ਅਨਗਨ ਆਇਕੈ।
ਖੜਗ ਤੜਿਤ ਰੈਬਾਰੇ ਮੇਲਤ ਮੇਲ ਕੋ। ਦ੍ਵੈ ਦਿਸ਼ ਭਟ ਕਿਲਕਾਰੇ ਉੱਧਤਿ ਜੁੱਧ ਤੇ॥੩੭॥

ਮਾਨੋ ਗਗਨ ਵਿਚ ਤਾਰਿਆਂ ਨੇ ਮਿਲ ਕੇ ਇਕੱਠੇ ਹੋ ਕੇ ਅਣਗਿਣਤ ਗਿਣਤੀ ਵਿਚ ਆ ਕੇ ਚੰਦ ਨੂੰ ਘੇਰ ਲਿਆ ਹੈ। ਤਲਵਾਰ ਮਾਨੋ ਬਿਜਲੀ ਹੈ ਜੋ ਮੇਲ ਮੇਲਣ ਵਿਚ ਰਹਿਬਰੀ ਕਰ ਰਹੀ ਹੈ। ਦੋਵੇਂ ਪਾਸੇ ਸੂਰਮੇ ਕਿਲਕਾਰੀਆਂ ਮਾਰ ਕੇ ਯੁੱਧ ਵਾਸਤੇ ਵੱਡਾ ਉਤਸ਼ਾਹ ਵਿਖਾ ਰਹੇ ਹਨ॥ ੩੭॥

*ਨਵਨਾਮਕ ਛੰਦ-* ਕੁਪਿ ਕੁਪਿ ਅਤਿ ਅਤਿ। ਕਹਿ ਕਹਿ ਦਲਪਤਿ।
ਪਠਿ ਪਠਿ ਨਰ ਬਰ। ਖੜਗਨਿ ਧਰਿ ਧਰਿ॥ ੩੮॥

ਬਹੁਤ ਗੁੱਸੇ ਵਿਚ ਆ-ਆ, ਸੈਨਾਪਤੀ ਕਹਿ-ਕਹਿ, ਸ੍ਰੇਸ਼ਟ ਮਨੁੱਖ ਭੇਜ-ਭੇਜ, ਤਲਵਾਰਾਂ ਧਰ-ਧਰ॥ ੩੮॥

ਜਿਤ ਕਿਤ ਫਿਰਿ ਫਿਰਿ। ਪਿਖਿ ਪਿਖਿ ਥਿਰਿ ਥਿਰਿ।
ਚਢਨ ਚਹਤਿ ਚਿਤ। ਦੁਰਗ ਅਲਪ ਭਿਤ॥ ੩੯॥

ਜਿੱਥੇ ਕਿੱਥੇ ਫਿਰ-ਫਿਰ, ਵੇਖ-ਵੇਖ ਠਹਿਰ-ਠਹਿਰ, ਚਿੱਤ ਵਿਚ ਚੜ੍ਹਾਈ ਕਰਨਾ ਚਾਹੁੰਦੇ ਹਨ। ਕਿਲ੍ਹੇ ਦਾ ਦਰਵਾਜ਼ਾ ਛੋਟੀਆਂ ਕੰਧਾਂ ਵਾਲਾ ਹੈ॥ ੩੯॥

ਹੁਇ ਹੁਇ ਢਿਗ ਢਿਗ। ਲਗਿ ਲਗਿ ਡਿਗ ਡਗ।
ਗੁਲਕਨਿ ਸਰ ਖਰ। ਅਰਿ ਬਪੁ ਬਰਿ ਬਰਿ॥ ੪੦॥

ਪਾਸ-ਪਾਸ ਹੋ-ਹੋ, ਲਗ-ਲਗ ਡਿੱਗ-ਡਿੱਗ, ਗੋਲੀਆਂ ਅਤੇ ਤਿੱਖੇ ਤੀਰ ਵੈਰੀ ਦੇ ਸਰੀਰ ਵਿਚ ਵਜ-ਵਜ ਕੇ ਮਾਰ ਰਹੇ ਹਨ॥ ੪੦॥

ਜਿਯਨਿ ਸੁ ਹਰਿ ਹਰਿ। ਧਰ ਪਰਿ ਪਰਿ ਪਰਿ।
ਰੁਧਿਰ ਅਧਿਕ ਬਹਿ। ਅਰੁਣ ਬਰਣ ਤਹਿ॥ ੪੧॥

ਜੀਵਨ ਗਵਾ ਗਵਾ, ਧਰਤੀ ਤੇ ਡਿੱਗ ਪੈਂਦੇ ਹਨ। ਖੂਨ ਬਹੁਤ ਵਗਦਾ ਹੈ, ਧਰਤੀ ਦਾ ਰੰਗ ਲਾਲ ਹੋ ਜਾਂਦਾ ਹੈ॥ ੪੧॥

ਲਹਿ ਲਹਿ ਡਰ ਡਰ। ਇਤ ਉਤ ਟਰਿ ਟਰਿ।
ਠਟਕ ਰਹਿਤਿ ਹਿਯ। ਮ੍ਰਿਤਕ ਨਿਰਖਲਿਯ॥ ੪੨॥

ਲਹਿ-ਲਹਿ ਡਰ-ਡਰ, ਏਧਰ ਓਧਰ ਟਾਲ ਕੇ, ਦਿਲ ਵਿਚ ਡਰਦੇ ਰਹਿੰਦੇ ਹਨ, ਮ੍ਰਿਤਕਾਂ ਨੂੰ ਵੇਖਦੇ ਹਨ॥ ੪੨॥

ਮਿਟਤਿ ਹਟਤਿ ਜਬਿ। ਦਲਪਤਿ ਕਹਿਂ ਤਬਿ।
'ਕਿਤਹਿ ਟਰਤਿ ਅਬਿ? ਲਜ ਕੁਲ ਹਤਿ ਸਬਿ॥ ੪੩॥

ਜਦੋਂ ਤੁਰਕ ਯੋਧੇ ਹਟਦੇ ਤੇ ਪਿੱਛੇ ਮੁੜਦੇ ਹਨ, ਤਦ ਸੈਨਾਪਤੀ ਕਹਿੰਦੇ ਹਨ, "ਹੁਣ ਕਿਉਂ ਟਲ ਗਏ ਹੋ, ਕੁਲ ਦੀ ਸਾਰੀ ਲਾਜ ਮਰ ਗਈ ਹੈ॥ ੪੩॥

ਚਢਹੁ ਦੁਰਗ ਪਰ। ਭੁਜ ਬਲ ਕਰਿ ਕਰਿ।
ਅਲਪ ਅਹਹਿਂ ਅਰਿ। ਤੁਮ ਕਿਤ ਲਖਿ ਨਰ?' ॥ ੪੪॥

ਕਿਲ੍ਹੇ ਉੱਪਰ ਚੜ੍ਹੋ, ਆਪਣੀਆਂ ਬਾਹਾਂ ਦਾ ਜ਼ੋਰ ਲਾਵੋ, ਵੈਰੀ ਬਹੁਤ ਥੋੜੇ ਹਨ, ਤੁਸੀਂ ਕਈ ਲੱਖ ਮਨੁੱਖ ਹੋ?" ॥ ੪੪॥

ਇਮ ਸ੍ਰੁਤ ਸੁਨਿ ਸੁਨਿ। ਧ੍ਰਿਤ ਧਰਿ ਪੁਨ ਪੁਨ।
ਗੁਲਕਨਿ ਹਨਿ ਹਨਿ। 'ਹਤਿ ਹਤਿ' ਭਨਿ ਭਨਿ॥ ੪੫॥

ਇਸ ਪ੍ਰਕਾਰ ਵੈਰੀ ਸੁਣ-ਸੁਣ, ਫਿਰ ਫਿਰ ਧੀਰਜ ਧਾਰਨ ਕਰਦਾ ਹੈ, ਗੋਲੀਆਂ ਚਲਾ ਚਲਾ, 'ਮਾਰ ਲਵੋ ਮਾਰ ਲਵੋ' ਕਹਿ-ਕਹਿ॥ ੪੫॥

ਖਰ ਖਗ ਕਟਿ ਕਟਿ। ਧਰਿ ਪਰਿ ਲਟਿ ਲਟਿ।
ਝਟ ਕਰਿ ਸਟ ਪਟ। ਭਿਤ ਲਗਿ ਝਟਪਟ॥ ੪੬॥

ਤੇਜ ਤਲਵਾਰਾਂ ਕੱਟਦੀਆਂ ਹਨ, ਧਰਤੀ ਤੇ ਲਿਟਾ ਲਿਟਾ ਬੜੀ ਕਾਹਲੀ ਕਰਦੇ ਹਨ, ਕੰਧ ਤਕ ਝਪਟਦੇ ਹਨ॥ ੪੬॥

ਉਮਡਿ ਉਮਡਿ ਭਟ। ਘੁਮੰਡ ਘੁਮੰਡਿ ਘਟ।
ਬਰਖਤਿ ਸਰ ਖਰ। ਪਰਖਤਿ ਨਰ ਬਰ॥ ੪੭॥

ਸੂਰਬੀਰ ਉਮਡ ਉਮਡ ਕੇ, ਜਿਸ ਤਰ੍ਹਾਂ ਘਟਾਂ ਘਿਰ ਕੇ ਆਉਂਦੀਆਂ ਹਨ, ਤਿੱਖੇ ਤੀਰਾਂ ਦੀ ਵਰਸ਼ਾ ਕਰਦੇ ਹਨ ਤੇ ਸ੍ਰੇਸ਼ਟ ਸੂਰਬੀਰਾਂ ਨੂੰ ਪਰਖਦੇ ਹਨ॥ ੪੭॥

ਤੁਮਲ ਸਮਰ ਮਚਿ। ਰੁਧਰਨਿ ਰਜ ਰਚਿ।
ਕਰਦਮ ਪਗ ਗਡ। ਇਮ ਹੁਇ ਗਡ ਬਡ॥ ੪੮॥

ਭਾਰੀ ਜੰਗ ਮੱਚਿਆ, ਖੂਨ ਧਰਤੀ ਵਿਚ ਰਚ ਗਿਆ, ਚਿੱਕੜ ਵਿਚ ਪੈਰ ਗੱਡੇ ਗਏ, ਇਸ ਪ੍ਰਕਾਰ ਹੇਠਾਂ ਉੱਪਰ ਗਿਚ-

ਮਿਚ ਹੋ ਗਈ॥ ੪੮॥

ਦੋਹਰਾ-ਕਹੌਂ ਕਹਾਂ ਲਗ ਜੁੱਧ ਕੋ ਭਯੋ ਪ੍ਰਥਮ ਕੀ ਹੇਲ।
ਜੁਥ ਲੋਥ ਪਰ ਲੋਥ ਗੁਥਿ ਢੇਰ ਬਰੇ ਰਣ ਮੇਲ॥ ੪੯॥

ਕਿਥੋਂ ਤਕ ਕਹਾਂ ਜਿਹੜਾ ਪਹਿਲੇ ਹੀ ਹੱਲੇ ਵਿਚ ਜੁੱਧ ਹੋਇਆ। ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ ਤੇ ਰਣਖੇਤਰ ਵਿਚ ਲਾਸ਼ਾਂ ਦੇ ਢੇਰ ਲੱਗ ਗਏ॥ ੪੯॥

ਸ੍ਰੀ ਸਤਿਗੁਰ ਕਰ ਕਾਰਮੁਕ ਥਿਰੇ ਦਰੀਚੀ ਬੀਚ।
ਸਰ ਖਰ ਕੀ ਬਰਖਾ ਕਰੀ ਅਰਿ ਸੈਂਕਰਿ ਕਰਿ ਮੀਚ॥ ੫੦॥

ਸ੍ਰੀ ਸਤਿਗੁਰੂ ਜੀ ਹੱਥ ਵਿਚ ਧਨੁੱਖ ਬਾਣ ਲੈ ਕੇ ਬਾਰੀ ਵਿਚ ਬੈਠੇ ਸਨ। ਉਨ੍ਹਾਂ ਨੇ ਤਿੱਖੇ ਤੀਰਾਂ ਦੀ ਵਰਖਾ ਕੀਤੀ ਤੇ ਸੈਂਕੜੇ ਵੈਰੀ ਮਾਰ ਦਿੱਤੇ॥ ੫੦॥

ਤਿਮ ਹੀ ਸਿੰਘਨ ਤੁਪਕ ਗਹਿ ਗੁਲਕ ਬਰੂਦ ਬਿਹੀਨ।
ਅਗਨ ਪਲੀਤੇ ਪਰ ਡੱਭੇ ਮ੍ਰਿਤਕ ਹਜ਼ਾਰਹੁਂ ਕੀਨ॥ ੫੧॥

ਉਸ ਪ੍ਰਕਾਰ ਹੀ ਸਿੰਘਾਂ ਨੇ ਵੀ ਬੰਦੂਕਾਂ ਫੜ ਕੇ ਗੋਲੀ ਬਰੂਦ ਤੋਂ ਬਗੈਰ ਅਨੇਕਾਂ ਪਲੀਤੇ ਡੱਭੇ ਤੇ ਹਜ਼ਾਰਾਂ ਵੈਰੀ ਮਾਰ ਦਿੱਤੇ॥ ੫੧॥

ਧਰਿ ਅਚਰਜ ਉਰ ਸਰਬ ਅਰਿ ਦੁਰਗ ਹੇਰਿ ਚਹੂੰ ਓਰ।
ਲੋਥਨ ਕੋ ਜਨ ਕੋਟ ਭਾ ਪਸਰਯੋ ਸ਼੍ਰੋਣਤਿ ਘੋਰ॥ ੫੨॥

ਵੈਰੀਆਂ ਨੇ ਅਸਚਰਜ ਧਾਰ ਕੇ ਕਿਲ੍ਹੇ ਨੂੰ ਚਾਰੇ ਪਾਸਿਆਂ ਤੋਂ ਵੇਖਿਆ, ਲੋਥਾਂ ਦਾ ਮਾਨੋ ਕਿਲ੍ਹਾ ਬਣ ਗਿਆ ਸੀ, ਚਾਰ-ਚੁਫੇਰੇ ਘੋਰ ਖ਼ੂਨ ਫੈਲਿਆ ਸੀ॥ ੫੨॥

*ਛੇਵੀਂ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥*

## *ਅਧਿਆਇ ਸੈਂਤੀਵਾਂ*

### *ਚਮਕੌਰ ਗੜ੍ਹੀ ਵਿਚੋਂ ਨਿਕਲ ਕੇ ਸਿੰਘਾਂ ਦਾ ਜੂਝਣਾ*

ਦੋਹਰਾ-ਪੌਰ ਠੌਰ ਕੋ ਆਵਈਂ ਦੌਰਿ ਦੌਰਿ ਅਰਿ ਬੀਰ।
ਕੋਠਾ ਸਿੰਘ ਗੁਲਕਾਂ ਹਤੇ ਮਦਨ ਸਿੰਘ ਧਰਿ ਧੀਰ॥ ੧॥

ਦਰਵਾਜ਼ੇ ਵਾਲੇ ਸਥਾਨ 'ਤੇ ਵੈਰੀ ਦੇ ਸੂਰਬੀਰ ਦੌੜ ਦੌੜ ਕੇ ਆਉਂਦੇ ਸਨ, ਕੋਠਾ ਸਿੰਘ ਅਤੇ ਮਦਨ ਸਿੰਘ ਧੀਰਜ ਧਾਰ ਕੇ ਉਨ੍ਹਾਂ ਨੂੰ ਗੋਲੀਆਂ ਮਾਰਦੇ ਸਨ॥ ੧॥

*ਨਰਾਜ ਛੰਦ*- ਦੁਹੂੰਨ ਤਾਕਿ ਤਾਕਿ ਕੈ ਤੁਫੰਗ ਠੋਕਿ ਗੋਰੀਆਂ।
ਅਰੀ ਹਜ਼ਾਰ ਓਰੜੇ ਸਮੂਹ ਸੌਂਹ ਛੋਰੀਆਂ।
ਲਗੀ ਕਿਤੇਕ ਅੰਗ ਮਹਿਂ ਨਿਸੰਗ ਹੋਇ ਭਾਖਿਓ।
'ਪ੍ਰਭੂ ਨਿਦੇਸ ਦੀਜੀਏ, ਵਿਸ਼ੇਸ਼ ਹੀਯ ਕਾਂਖਿਓ॥ ੨॥

ਦੋਵੇਂ ਤਕ-ਤਕ ਕੇ ਬੰਦੂਕ ਵਿਚ ਗੋਲੀਆਂ ਠੋਕਦੇ ਸਨ, ਜਿਹੜੇ ਹਜ਼ਾਰਾਂ ਵੈਰੀ ਸਾਹਮਣੇ ਆਏ, ਉਨ੍ਹਾਂ ਵੱਲ ਗੋਲੀਆਂ ਛੱਡੀਆਂ। ਕਈਆਂ ਦੇ ਅੰਗਾਂ ਨੂੰ ਲੱਗੀਆਂ। ਫਿਰ ਨਿਸ਼ੰਗ ਹੋ ਕੇ ਗੁਰੂ ਜੀ ਨੂੰ ਕਹਿਣ ਲੱਗੇ, ''ਪ੍ਰਭੂ ਜੀ ਆਗਿਆ ਦੇਵੋ, ਦਿਲ ਵਿਚ ਵਿਸ਼ੇਸ਼ ਅਭਿਲਾਸ਼ਾ ਹੈ॥ ੨॥

ਪਧਾਰਿ ਪੋਰ ਬਾਹਰੇ ਸੁ ਦੋਰ ਜੰਗ ਘਾਲਿ ਹੈਂ।
ਕ੍ਰਿਪਾਨ ਕਾਢ ਮਜਾਨ ਤੇ ਨਿਦਾਨ ਸ਼ੱਤ੍ਰੂ ਡਾਲ ਹੈਂ।
ਹਸੇ ਕ੍ਰਿਪਾਲ ਦੇ ਖੁਸ਼ੀ ਕਹਜੋ ਦਿਖਾਇ ਹਾਥ ਕੋ।
'ਪ੍ਰਵੇਸ਼ ਪੰਜ ਸੈਨ ਬੀਚ ਕਾਟਿ ਕਾਟਿ ਮਾਥ ਕੋਂ'॥ ੩॥

ਦਰਵਾਜ਼ੇ ਤੋਂ ਬਾਹਰ ਹੋ ਕੇ ਦੌੜ ਕੇ ਜੰਗ ਕਰਨ ਲੱਗ ਜਾਈਏ। ਕਿਰਪਾਨ ਮਿਆਨ ਵਿਚੋਂ ਕੱਢ ਕੇ ਨਿਦਾਨ ਵੈਰੀ ਨੂੰ ਮਾਰੀਏ।'' ਗੁਰੂ ਜੀ ਇਹ ਸੁਣ ਕੇ ਹੱਸ ਪਏ ਤੇ ਖੁਸ਼ੀ ਦੇ ਕੇ ਆਪਣੇ ਹੱਥ ਵਿਖਾਉਣ ਦੀ ਆਗਿਆ ਦੇ ਦਿੱਤੀ ਤੇ ਕਿਹਾ, ''ਵੱਡੀ ਸੈਨਾ ਵਿਚ ਪ੍ਰਵੇਸ਼ ਕਰ ਜਾਵੋ ਤੇ ਇਨ੍ਹਾਂ ਦੇ ਸਿਰ ਵੱਢ-ਵੱਢ ਸੁੱਟ ਦੇਵੋ''॥ ੩॥

ਗੁਰੂ ਬਖਾਨ ਸ੍ਰੂਜ ਕੈ ਪਯਾਨ ਦੋਨ ਸੂਰਮੇ।
ਕਿਵਾਰ ਖੋਲਿ ਪੋਰ ਕੇਰ ਦੋਰਿ ਦੋਰਿ ਦੂਰ ਮੇ।
ਦਿਖਾਇਬੇ ਕ੍ਰਿਪਾਲ ਕੋ ਬਿਸਾਲ ਜੰਗ ਘਾਲਿਓ।
ਬਚਾਇ ਵਾਰ ਢਾਲ ਮਹਿਂ ਅਰੀਨ ਮਾਰ ਡਾਲਿਓ॥ ੪॥

ਗੁਰੂ ਜੀ ਦਾ ਹੁਕਮ ਸੁਣ ਕੇ ਦੋਵੇਂ ਸੂਰਮੇ ਚਲੇ ਗਏ, ਦਰਵਾਜ਼ੇ ਦੇ ਤਖ਼ਤੇ ਖੋਲ੍ਹ ਕੇ ਦੌੜ-ਦੌੜ ਕੇ ਬਹੁਤ ਦੂਰ ਚਲੇ ਗਏ। ਫਿਰ ਸਤਿਗੁਰੂ ਜੀ ਨੂੰ ਵਿਖਾ ਕੇ ਵਿਸ਼ਾਲ ਯੁੱਧ ਕੀਤਾ। ਢਾਲ ਉੱਪਰ ਵੈਰੀ ਦਾ ਵਾਰ ਬਚਾ ਕੇ, ਵੈਰੀ ਨੂੰ ਮਾਰਦੇ ਸਨ॥ ੪॥

ਪ੍ਰਭੁ ਬਿਸਾਲ ਓਜ ਦੀਨ ਧਾਇਂ ਓਰ ਜਾਹਿਂ ਕੀ।
ਕ੍ਰਿਪਾਨ ਸ਼੍ਰੋਣ ਦੇਖਿ ਭੀਰੁ ਧੀਰ ਨਾਸ਼ ਤਾਂਹਿ ਕੀ।
ਸਕੇ ਨ ਝਾਲ ਸਾਮੁਹੇ ਮਤੰਗ ਹੇਰਿ ਸ਼ੇਰ ਕੋ।
ਕਟੰਤਿ ਅੰਗ ਸ਼ੱਤ੍ਰੂ ਕੇ ਕਰੰਤਿ ਧਾਇ ਨੇਰ ਕੋ॥ ੫॥

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਵਿਸ਼ਾਲ ਸ਼ਕਤੀ ਬਖਸ਼ੀ, ਲਹੂ ਦੀ ਭਿੱਜੀ ਕਿਰਪਾਨ ਵੇਖ ਕੇ ਤਦ ਉਨ੍ਹਾਂ ਕਾਇਰਾਂ ਦਾ ਧੀਰਜ ਨਾਸ਼ ਹੋ ਗਿਆ, ਜਿਨ੍ਹਾਂ ਵੱਲ ਦੋਵੇਂ ਸੂਰਬੀਰ ਦੌੜ ਕੇ ਗਏ। ਹਾਥੀ ਸ਼ੇਰਾਂ ਨੂੰ ਸਾਹਮਣੇ ਵੇਖ ਕੇ ਉਨ੍ਹਾਂ ਦੀ ਝਾਲ ਨਾ ਝੱਲ ਸਕੇ। ਦੌੜ ਕੇ ਨੇੜੇ ਜਾ ਕੇ ਉਹ ਵੈਰੀ ਦੇ ਅੰਗ ਕੱਟ ਦਿੰਦੇ ਸਨ॥ ੫॥

ਬਿਲੋਕਿ ਦੁਸ਼ਟ ਪੁਸ਼ਟ ਜੇ ਅਨਿਸ਼ਟ ਜਾਨ ਆਪਨੇ।
ਹਜ਼ਾਰਹੂੰ ਤੁਫੰਗ ਛੋਰਿ ਸਿੰਘ ਓਰ ਖਾਪਨੇ।
ਲਗੀ ਪਚੀਸ ਤੀਸ ਅੰਗ ਅੰਗ ਫੋਰ ਦੀਨਿਓਂ।
ਗੁਰੂ ਗੁਰੂ ਭਨੰਤਿ ਦੇਵਲੋਕ ਜਾਨਿ ਕੀਨਿਓ॥ ੬॥

ਦੁਸ਼ਮਣਾਂ ਨੇ ਵੈਰੀ ਨੂੰ ਆਪਣੇ ਲਈ ਦੁਖਦਾਈ ਜਾਣ ਕੇ, ਹਜ਼ਾਰਾਂ ਬੰਦੂਕਾਂ ਸਿੰਘਾਂ ਨੂੰ ਮਾਰਨ ਵਾਸਤੇ ਚਲਾ ਦਿੱਤੀਆਂ। ਪੰਝੀ ਤੀਹ ਉਨ੍ਹਾਂ ਦੇ ਸਰੀਰਾਂ ਨੂੰ ਲੱਗੀਆਂ ਤੇ ਉਨ੍ਹਾਂ ਦੇ ਅੰਗ ਪਾੜ-ਪਾੜ ਸੁੱਟ ਦਿੱਤੇ, ਉਹ ਗੁਰੂ ਗੁਰੂ ਜਪਦੇ ਸਵਰਗ ਲੋਕ ਵਿਚ ਪੁੱਜ ਗਏ॥ ੬॥

ਪ੍ਰਭੂ ਮੁਖਾਰਬਿੰਦ ਤੇ ਸਰਾਹਿੰ ਜੰਗ ਤਾਂਹਿ ਕੋ।
'ਇਸੀ ਪ੍ਰਕਾਰ ਔਰ ਸਿੰਘ ਦੌਰ ਜੰਗ ਜਾਹਿ ਕੋ'।
ਖਜ਼ਾਨ ਸਿੰਘ, ਦਾਨ ਸਿੰਘ, ਧਜਾਨ ਸਿੰਘ ਤੀਨਹੂੰ।
'ਹਨੈਂ ਮਲੇਛ ਬਾਹਿਰੇ' ਹੁਕਮ ਭਾਖਿ ਲੀਨ ਹੂੰ॥ ੭॥

ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਉਨ੍ਹਾਂ ਦੀ ਜੰਗ ਦੀ ਬਹੁਤ ਸ਼ਲਾਘਾ ਕੀਤੀ, "ਇਸੇ ਪ੍ਰਕਾਰ ਹੋਰ ਸਿੰਘ ਦੌੜ ਕੇ ਜੰਗ ਵਾਸਤੇ ਜਾਵੇ।" ਖਜ਼ਾਨ ਸਿੰਘ, ਦਾਨ ਸਿੰਘ ਅਤੇ ਧਿਆਨ ਸਿੰਘ ਤਿੰਨਾਂ ਨੇ ਇਹ ਕਹਿ ਕੇ ਗੁਰੂ ਜੀ ਪਾਸੋਂ ਹੁਕਮ ਪ੍ਰਾਪਤ ਕੀਤਾ, "ਬਾਹਰ ਜਾ ਕੇ ਮਲੇਛ ਮਾਰੀਏ"॥ ੭॥

ਪਯਾਨ ਠੌਰ ਪੌਰ ਕੇਰਿ ਦੌਰ ਦੌਰ ਬਾਹਿਰੇ।
ਭ੍ਰਮਾਇੰ ਸਾਂਗ ਸੇਲ ਕੋ ਬਿਲੋਕਿ ਲੋਕ ਆਹਰੇ।
ਪਰੋਇ ਗੇਰ ਗੇਰ ਕੈ ਬਡੇਰ ਓਜ ਧਾਰਿਕੈ।
ਮਨਿੰਦ ਸ਼ੇਰ ਭੀਮ ਹ੍ਵੈ ਸਮੂਹ ਮਾਰਿ ਮਾਰਿਕੈ॥ ੮॥

ਦਰਵਾਜ਼ੇ ਦੀ ਥਾਂ ਤੋਂ ਜਾ ਕੇ ਦੌੜ-ਦੌੜ ਬਾਹਰ ਨਿਕਲੇ। ਬਰਛੇ ਅਤੇ ਨੇਜ਼ਿਆਂ ਨੂੰ ਘੁੰਮਾਉਂਦੇ ਸਨ, ਲੋਕ ਉਨ੍ਹਾਂ ਸਿੰਘਾਂ ਦੇ ਉੱਦਮ ਨੂੰ ਵੇਖਦੇ ਸਨ। ਵੱਡੀ ਸ਼ਕਤੀ ਧਾਰਨ ਕਰਕੇ ਉਨ੍ਹਾਂ ਨੇ ਵੈਰੀਆਂ ਨੂੰ ਪਰੋ ਪਰੋ ਕੇ ਡੇਗ ਲਿਆ। ਵੱਡੇ ਸਮੂਹ ਨੂੰ ਸ਼ੇਰ ਵਾਂਗ ਬਲਵਾਨ ਸ਼ਕਤੀ ਲਾ ਕੇ ਮਾਰ ਲਿਆ॥ ੮॥

ਨਿਹਾਰ ਆਇ ਸਾਮੁਹੇ ਅਧੀਰ ਹਾਰਿ ਭਾਜਤੇ।
ਸਕੋਪ ਤੁੰਡ, ਨੈਨ ਲਾਲ ਡਾਲ ਸ਼ੱਤ੍ਰ ਗਾਜਤੇ।
ਕਿਤੇਕ ਲੈ ਕ੍ਰਿਪਾਨ ਆਨਹਾਨ ਹੇਤੁ ਬਾਹਤੇ।
ਉਛਾਲ ਪੈਰ ਛਾਲ ਕੇ ਬਚਾਇ ਅੰਗ ਤਾਂਹਿ ਤੇ॥ ੯॥

ਉਨ੍ਹਾਂ ਨੂੰ ਸਾਹਮਣੇ ਆਏ ਵੇਖ ਕੇ ਹੌਸਲਾ ਹਾਰ ਕੇ ਕਾਇਰ ਹੋ ਕੇ ਭੱਜ ਜਾਂਦੇ ਹਨ। ਚਿਹਰਾ ਬੜਾ ਕ੍ਰੋਧਵਾਨ ਹੈ, ਅੱਖਾਂ ਲਾਲ ਹਨ ਤੇ ਵੈਰੀ ਉੱਤੇ ਗੱਜ ਕੇ ਪੈਂਦੇ ਹਨ। ਕਈ ਵੈਰੀ ਕ੍ਰਿਪਾਨ ਲੈ ਕੇ ਮਾਰਨ ਲਈ ਆ ਕੇ ਚਲਾਉਂਦੇ ਹਨ, ਉਨ੍ਹਾਂ ਪਾਸੋਂ ਛਾਲ ਮਾਰ ਕੇ ਆਪਣੇ ਅੰਗ ਬਚਾ ਲੈਂਦੇ ਹਨ॥ ੯॥

ਗੁਰੂ ਪ੍ਰਤਾਪ ਪਾਇ ਕੇ ਕਲਾਪ ਖਾਪਿ ਸ਼ੱਤ੍ਰ ਕੋ।
ਫਿਰੈ ਬਿਸਾਲ ਸੈਨ ਜੰਗ ਠਾਨਤੇ ਬਚਿੱਤ੍ਰ ਕੋ।
ਕਿਤੇਕ ਮਾਸ ਭੂਖ ਖੇਦ ਧਾਰਿਓ ਮਹਾਂਨ ਹੀ।
ਰਹਜੋ ਨ ਅੰਸ ਗਾਤ ਮਹਿੰ ਨ ਮਾਸ ਸ਼੍ਰੋਣਵਾਨ ਹੀ॥ ੧੦॥

ਗੁਰੂ ਜੀ ਦਾ ਪ੍ਰਤਾਪ ਪਾ ਕੇ ਸਾਰੇ ਵੈਰੀਆਂ ਨੂੰ ਖਪਾਉਂਦੇ ਹਨ। ਚਾਰ ਚੁਫੇਰੇ ਫਿਰ ਰਹੀ ਵਿਸ਼ਾਲ ਸੈਨਾ ਵਿਚ ਵਚਿੱਤਰ-ਜੰਗ ਕਰਦੇ ਹਨ। ਕਈ ਮਹੀਨੇ ਮਹਾਨ ਭੁੱਖ ਦਾ ਦੁਖ ਧਾਰਨ ਕੀਤਾ ਸੀ। ਸਰੀਰ ਵਿਚ ਮਾਸ ਦੀ ਅੰਸ ਵੀ ਨਹੀਂ ਰਹੀ ਸੀ ਤੇ ਜੋ ਕੁਝ ਹੈ ਉਹ ਮਾਸ ਲਹੂ ਵਾਲਾ ਹੀ ਨਹੀਂ ਰਿਹਾ॥ ੧੦॥

ਮਨਿੰਦ ਓਜ ਕੇਹਰੀ ਕਰੰਤਿ ਜੇ ਫਿਰੰਤਿ ਹੈ।
ਕ੍ਰਿਪਾ ਕ੍ਰਿਪਾ ਨਿਧਾਨ ਕੀ ਜੁਝੰਤਿ ਹੀ ਤਰੰਤਿ ਹੈਂ।

ਹਜ਼ਾਰ ਹੀ ਤੁਫੰਗ ਸੰਗ ਅੰਗ ਅੰਗ ਫੋਰਤੇ।
ਤਊ ਕ੍ਰਿਪਾਨ ਬਾਹਤੇ ਨ ਰੰਚ ਤੁੰਡ ਮੋਰਤੇ॥ ੧੧॥

ਜਿਹੜੇ ਸ਼ੇਰ ਵਾਂਗ ਸ਼ਕਤੀ ਧਾਰ ਕੇ ਭੱਜੇ ਫਿਰਦੇ ਹਨ, ਇਕ ਕ੍ਰਿਪਾ-ਨਿਧਾਨ ਸਤਿਗੁਰੂ ਜੀ ਦੀ ਕਿਰਪਾ ਹੈ ਕਿ ਜੂਝਦੇ ਹਨ ਤੇ ਤਰ ਜਾਂਦੇ ਹਨ, ਭਾਵ ਲੜ ਕੇ ਮੁਕਤ ਹੋ ਜਾਂਦੇ ਹਨ। ਹਜ਼ਾਰਾਂ ਬੰਦੂਕਾਂ ਚਲਾ ਕੇ ਉਨ੍ਹਾਂ ਦੇ ਅੰਗ-ਅੰਗ ਪਾੜ ਦਿੰਦੇ ਹਨ, ਫਿਰ ਵੀ ਕ੍ਰਿਪਾਨ ਚਲਾਉਂਦੇ, ਆਪਣਾ ਮੁਖ ਇਕ ਰੰਚ ਭਰ ਵੀ ਪਿਛਾਂਹ ਨੂੰ ਨਹੀਂ ਮੋੜਦੇ ਹਨ॥ ੧੧॥

ਦੋਹਰਾ-ਪੰਚ ਸਿੰਘ ਗੜ ਵਹਿਰ ਹ੍ਵੈ ਮਰੇ ਮਾਰ ਅਰਿ ਬ੍ਰਿੰਦ।
ਅਪਰਨ ਚੌਂਪ ਬਿਲੰਦ ਭੀ 'ਹਮ ਇਮ ਕਰੈਂ ਨਿਕੰਦ'॥ ੧੨॥

ਦੋ ਪਹਿਲੇ ਤੇ ਤਿੰਨ ਹੁਣ ਵਾਲੇ ਪੰਜ ਸਿੰਘ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਬਹੁਤ ਵੈਰੀਆਂ ਨੂੰ ਮਾਰ ਕੇ ਮਰ ਗਏ। ਉਨ੍ਹਾਂ ਨੂੰ ਵੇਖ ਕੇ ਹੋਰਨਾਂ ਵਿਚ ਮਹਾਨ ਚਾਹ ਭਰ ਜਾਂਦਾ ਸੀ ਕਿ "ਅਸੀਂ ਵੀ ਇਸ ਪ੍ਰਕਾਰ ਵੈਰੀ ਨੂੰ ਮਾਰਾਂਗੇ"॥ ੧੨॥

ਚੌਪਈ-ਮੁਹਕਮ ਸਿੰਘ ਸਧੀਰਜ ਹੋਈ। ਅੰਮ੍ਰਿਤਿ ਦੇਨਿ ਲੇਨਿ ਮਹਿਂ ਜੋਈ।
ਖੁਸ਼ੀ ਲਈ 'ਮੈਂ ਜਾਉਂ ਇਕਾਕੀ। ਪਿਖਹੁ ਲਰਾਈ ਨਿਜ ਕਰੁਨਾ ਕੀ' ॥੧੩॥

ਮੁਹਕਮ ਸਿੰਘ ਮਹਾਨ ਧੀਰਜਵਾਨ ਸੂਰਬੀਰ ਸੀ, ਜਿਸ ਨੇ ਅੰਮ੍ਰਿਤ ਛਕਿਆ ਅਤੇ ਛਕਾਇਆ ਸੀ। ਉਸ ਨੇ ਗੁਰੂ ਜੀ ਪਾਸੋਂ ਖ਼ੁਸ਼ੀ ਪ੍ਰਾਪਤ ਕੀਤੀ, "ਮੈਂ ਇਕੱਲਾ ਹੀ ਜਾਵਾਂਗਾ, ਆਪਣੀ ਕਿਰਪਾ ਦੀ ਲੜਾਈ ਵੇਖੋ"॥ ੧੩॥

ਹੁਕਮ ਕਰਜੋ ਗੁਰੁ ਸਾਹਿਬ ਪੂਰੇ। 'ਲਰਹਿ ਲਾਖ ਸੌਂ ਇਕ ਸਿੰਘ ਸੂਰੇ।
ਸਾਚ ਬਚਨ ਅਬਿ ਕਰਿ ਦਿਖਰਾਵਹੁ। ਬੇਇਮਾਨ ਗਨ ਮਾਰਿ ਗਿਰਾਵਹੁ' ॥੧੪॥

ਪੂਰਨ ਗੁਰੂ ਸਾਹਿਬ ਨੇ ਹੁਕਮ ਕੀਤਾ, "ਇਕ ਸਿੰਘ ਸੂਰਬੀਰ ਲੱਖਾਂ ਨਾਲ ਲੜੇ, ਹੁਣ ਇਹ ਬਚਨ ਸੱਚਾ ਕਰਕੇ ਵਿਖਾ ਦੇਵੋ, ਬਹੁਤ ਬੇਈਮਾਨਾਂ ਨੂੰ ਮਾਰ ਕੇ ਡੇਗ ਦੇਵੋ"॥ ੧੪॥

ਸੁਨਤਿ ਹੁਕਮ ਕੋ ਵਹਿਰ ਸਿਧਾਰਾ। ਬਜੈ ਲੋਹ ਸੌਂ ਲੋਹ ਕਰਾਰਾ।
ਦਲ ਮਲੇਛ ਕੋ ਜਲਨਿਧਿ ਭਾਰਾ। ਮੁਹਕਮ ਸਿੰਘ ਮਕਰ ਆਕਾਰਾ ॥੧੫॥

ਇਹ ਹੁਕਮ ਸੁਣ ਕੇ ਬਾਹਰ ਨਿਕਲ ਗਿਆ, ਫਿਰ ਕਰਾਰਾ ਲੋਹੇ ਨਾਲ ਲੋਹਾ ਵੱਜਿਆ। ਮਲੇਛਾਂ ਦਾ ਦਲ ਭਾਰੀ ਸਮੁੰਦਰ ਵਾਂਗ ਸੀ ਜਿਸ ਵਿਚ ਮੁਹਕਮ ਸਿੰਘ ਇਕ ਮਗਰਮੱਛ ਵਾਂਗ ਸੀ॥ ੧੫॥

ਬਰਜੋ ਬੀਚ ਇਤ ਉਤ ਫਿਰਿ ਤਬੈ। ਹਲਾਚਲੀ ਮਹਿਂ ਪ੍ਰਾਪਤਿ ਸਭੈ।
ਹੇਲੋ ਹੋਨਿ ਤਰੰਗ ਬਿਸਾਲੇ। ਸਿੰਘ ਮਕਰ ਗਹਿ ਖੜਗ ਉਠਾਲੇ ॥੧੬॥

ਤਦ ਏਧਰ ਓਧਰ ਫਿਰ ਕੇ ਮੁਹਕਮ ਸਿੰਘ ਦਲ ਦੇ ਵਿਚ ਪ੍ਰਵੇਸ਼ ਕਰ ਗਿਆ ਤੇ ਸਾਰੇ ਦਲ ਵਿਚ ਹਲਚਲ ਮੱਚ ਗਈ। ਵੱਡੇ ਹੱਲੇ ਹੋਣੇ ਲਹਿਰਾਂ ਹਨ। ਮਗਰਮੱਛ ਰੂਪ ਸਿੰਘ ਨੇ ਤਲਵਾਰ ਚੁੱਕੀ ਹੈ॥ ੧੬॥

ਪਹੁੰਚਤਿ ਸਨਮੁਖ ਜਿਸੇ ਬੰਗਾਰਾ। ਅਰਧੋ ਅਰਧ ਚੀਰ ਸੋ ਡਾਰਾ।
ਰਿਸਜੇ ਸਿੰਘ ਮੁਖ ਭੀਮ ਬਿਸਾਲਾ। ਸਮੁਖ ਨ ਹੋਇ ਸਕਹਿ ਜਨੁ ਕਾਲਾ ॥੧੭॥

ਜਿਸ ਨੂੰ ਵੀ ਸਾਹਮਣੇ ਹੋ ਕੇ ਵੰਗਾਰਿਆ, ਉਸ ਨੂੰ ਹੀ ਅੱਧੋ-ਅੱਧ ਚੀਰ ਕੇ ਰੱਖ ਦਿੱਤਾ। ਵਿਸ਼ਾਲ ਸੂਰਬੀਰ ਸਿੰਘ ਦਾ ਮੁੱਖ ਕ੍ਰੋਧ ਨਾਲ ਭਰ ਗਿਆ, ਕੋਈ ਵੀ ਉਸ ਦੇ ਸਾਹਮਣੇ ਨਹੀਂ ਸੀ ਹੋ ਸਕਦਾ ਕਿ ਮਾਨੋ ਕਾਲ ਹੈ॥ ੧੭॥

ਸੇਲੇ ਭਾਲੇ ਸਾਂਗ ਪ੍ਰਹਾਰੈ। ਤੋਮਰ ਦੀਰਘ ਰਿਸ ਧਰਿ ਮਾਰੈ।
ਫਾਂਦਤਿ, ਸਭਿਨ ਬਚਾਵਤਿ ਘਾਵਤਿ। ਧਾਵਤਿ, ਕਾਟਤਿ, ਖੜਗ ਚਲਾਵਤਿ ॥੧੮॥

ਨੇਜ਼ੇ, ਭਾਲੇ ਅਤੇ ਸਾਂਗ ਦੇ ਵਾਰ ਕੀਤੇ ਤੇ ਬਰਛੇ ਬਹੁਤ ਗੁੱਸਾ ਧਾਰ ਕੇ ਮਾਰੇ। ਛਾਲ ਮਾਰ ਕੇ ਸਭ ਪਾਸੋਂ ਦਾਅ ਬਚਾਉਂਦਾ ਸੀ ਤੇ ਹਮਲਾ ਕਰਕੇ ਤਲਵਾਰ ਚਲਾ ਕੇ ਕੱਟ ਦਿੰਦਾ ਸੀ॥ ੧੮॥

ਜਿਤ ਦਿਸ਼ ਜਾਤਿ ਸ਼ੀਘ੍ਰ ਤੇ ਦੌਰਿ। ਰਿਪੁ ਇਤ ਉਤ ਹੁਇ ਤਜਾਗਤਿ ਠੌਰ।
ਨ੍ਰਿਭੈ ਬੀਰ ਬਾਂਕੋ ਮੁਖ ਲਾਲੀ। ਸ਼ਮਸ਼ ਮੂਛ ਦ੍ਵੈ ਬੰਕ ਬਿਸਾਲੀ॥ ੧੯॥

ਜਿਸ ਪਾਸੇ ਵੀ ਦੌੜ ਕੇ ਛੇਤੀ ਜਾਂਦਾ ਸੀ, ਵੈਰੀ ਏਧਰ ਓਧਰ ਭੱਜ ਕੇ ਥਾਂ ਛੱਡ ਦਿੰਦਾ ਸੀ। ਨਿਰਭੈ ਬਾਂਕਾ ਸੂਰਬੀਰ ਸੀ ਜਿਸ ਦੇ ਮੁਖ ਉੱਤੇ ਲਾਲੀ ਛਾਈ ਸੀ। ਦਾੜ੍ਹੀ ਮੁੱਛਾਂ ਦੋਵੇਂ ਹੀ ਬਹੁਤ ਸੁੰਦਰ ਸਨ॥ ੧੯॥

ਰੂਪ ਭਯੰਕੁਰ ਜਮ ਹੈ ਮਾਨੋ। ਕਰਾਚੋਲ ਕੈ ਦੰਡ ਪਛਾਨੋ।
ਰਿਪੁ ਗਨ ਮਾਰਤਿ ਘਾਇਲ ਹੋਵਾ। ਬਹਜੋ ਰੁਧਰ ਬਹੁ ਹਰਖਤਿ ਜੋਵਾ॥੨੦॥

ਭਿਆਨਕ ਰੂਪ ਧਾਰਨ ਕੀਤਾ ਸੀ, ਮਾਨੋ ਜਮ ਹੋਵੇ, ਤਲਵਾਰ ਨੂੰ ਜਮ ਦਾ ਦੰਡ ਜਾਣੋ। ਬਹੁਤ ਵੈਰੀਆਂ ਨੂੰ ਮਾਰ ਕੇ ਘਾਇਲ ਹੋ ਗਿਆ। ਖ਼ੂਨ ਵਗਦਾ ਵੇਖ ਕੇ ਪ੍ਰਸੰਨ ਹੋ ਗਿਆ॥ ੨੦॥

ਭੀਗੋ ਚੀਰ ਸ਼ਰੀਰ ਸਧੀਰ। ਬਿਚਰਤਿ ਰਿਪੁ ਗਨ ਮਹਿਂ ਬਰ ਬੀਰ।
ਲਸ਼ਕਰ ਮਥਜੋ ਸਿੰਧ ਸਮ ਜਬੈ। ਖ੍ਵਾਜਾ ਮਰਦ ਪੁਕਾਰਜੋ ਤਬੈ॥ ੨੧॥

ਕੱਪੜੇ ਲਹੂ ਨਾਲ ਭਿੱਜ ਗਏ, ਪਰ ਸਰੀਰ ਧੀਰਜ ਸਹਿਤ ਰਿਹਾ, ਸ੍ਰੇਸ਼ਟ ਸੂਰਬੀਰ ਵੈਰੀਆਂ ਵਿਚ ਘੁੰਮਦਾ ਫਿਰਦਾ ਸੀ। ਜਦ ਸਮੁੰਦਰ ਵਾਂਗ ਵੱਡੇ ਲਸ਼ਕਰ ਨੂੰ ਰਿੜਕ ਲਿਆ ਤਾਂ ਖਵਾਜਾ ਮਰਦੂਦ ਪੁਕਾਰ ਉੱਠਿਆ॥ ੨੧॥

'ਕਹਾਂ ਭਯੋ ਤੁਮ ਕੋ ਬਲ ਹਾਰਜੋ। ਏਕ ਸਿੰਘ ਲਾਖਨ ਨਹਿਂ ਮਾਰਜੋ'।
ਤੜ ਭੜ ਸ਼ਲਖ ਤੁਫੰਗਨ ਕੇਰੀ। ਛੂਟੀ ਹਜ਼ਾਰੋਂ ਫਿਰ ਇਕ ਬੇਰੀ॥ ੨੨॥

''ਤੁਹਾਨੂੰ ਕੀ ਹੋ ਗਿਆ ਹੈ, ਸ਼ਕਤੀ ਹਾਰ ਬੈਠੇ ਹੋ, ਇਕ ਸਿੰਘ ਨੂੰ ਲੱਖਾਂ ਵੀ ਮਾਰ ਨਹੀਂ ਸਕੇ ਹੋ।'' ਫਿਰ ਤੜ ਭੜ ਕਰਦੀਆਂ ਬੰਦੂਕਾਂ ਦੀਆਂ ਸ਼ਲਖਾਂ ਚਲੀਆਂ, ਹਜ਼ਾਰਾਂ ਗੋਲੀਆਂ ਇਕੋ ਵਾਰ ਚਲ ਪਈਆਂ॥ ੨੨॥

ਬੀਸ ਪਚੀਸ ਲਗੀ ਤਬਿ ਆਇ। ਤੋਰਜੋ ਫੋਰਜੋ ਤਨ ਸਭਿ ਥਾਇਂ।
ਖਰੋ ਮਰਜੋ ਸਨਮੁਖ ਹੀ ਗਿਰਜੋ। ਤਨਕ ਨ ਮੁਰਜੋ ਬੀਰ ਰਸ ਭਰਜੋ॥੨੩॥

ਵੀਹ ਪੱਚੀ ਗੋਲੀਆਂ ਫਿਰ ਭਾਈ ਮੁਹਕਮ ਸਿੰਘ ਨੂੰ ਆ ਲੱਗੀਆਂ, ਸਰੀਰ ਸਭ ਥਾਵਾਂ ਤੋਂ ਟੁੱਟ ਭੱਜ ਗਿਆ, ਫਿਰ ਖਲੋਤਾ-ਖਲੋਤਾ ਮਰ ਗਿਆ ਤੇ ਸਾਹਮਣੇ ਵਾਲੇ ਪਾਸੇ ਡਿੱਗਾ। ਬੀਰ-ਰਸ ਨਾਲ ਭਰਿਆ ਇਕ ਪੈਰ ਵੀ ਪਿਛਾਂਹ ਵਲ ਨਾ ਮੁੜਿਆ॥ ੨੩॥

ਜੁੱਧ ਬਿਲੋਕਿ ਪ੍ਰਸੰਨ ਗੁਸਾਈਂ। ਨਿਜ ਸਿਖ ਕੀ ਕਹਿ ਅਧਿਕ ਬਡਾਈ।
ਮਚਜੋ ਤੁਮਲ ਸੰਗ੍ਰਾਮ ਬਡੇਰਾ। ਬਰਸਤਿ ਲੋਹਾ ਬਹੁ ਤਿਸ ਬੇਰਾ॥ ੨੪॥

ਉਸ ਦਾ ਯੁੱਧ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਆਪਣੇ ਸਿੱਖ ਦੀ ਬਹੁਤ ਵਡਿਆਈ ਕੀਤੀ। ਤੁਮਲ ਯੁੱਧ ਕਰਕੇ ਵੱਡਾ ਸੰਗਰਾਮ ਕੀਤਾ, ਉਸ ਸਮੇਂ ਬਹੁਤ ਲੋਹੇ ਉੱਤੇ ਲੋਹਾ ਖੜਕਿਆ॥ ੨੪॥

ਇਮ ਮੁਹਕਮ ਸਿੰਘ ਸੁਰਗ ਪਿਆਨਾ। ਹਿੰਮਤ ਸਿੰਘ ਸਾਹਿਬ ਸਿੰਘ ਜ੍ਹਾਨਾ।
ਲਖਜੋ ਕਿ ਜ਼ੋਰ ਮਲੇਛਨਿ ਕੀਨਾ। ਜੰਗ ਕਰਨ ਲੇ ਹੁਕਮ ਪ੍ਰਬੀਨਾ॥ ੨੫॥

ਇਸ ਪ੍ਰਕਾਰ ਮੁਹਕਮ ਸਿੰਘ ਸਵਰਗਾਂ ਵਿਚ ਚਲਾ ਗਿਆ। ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸੂਰਬੀਰਾਂ ਨੇ ਜਦ ਜਾਣਿਆ ਕਿ ਮਲੇਛਾਂ ਦਾ ਜ਼ੋਰ ਪੈ ਗਿਆ ਹੈ ਤਾਂ ਜੰਗ ਕਰਨ ਦਾ ਸ੍ਰੇਸ਼ਟ ਹੁਕਮ ਪ੍ਰਾਪਤ ਕੀਤਾ॥ ੨੫॥

ਪੌਰ ਅਗਾਰੀ ਰਿਪੁ ਗਨ ਆਏ। ਤਿਨ ਕੇ ਸਨਮੁਖ ਤੂਰਨ ਧਾਏ।
ਮਨਹੁਂ ਕੁਲਿੰਗਨ ਗਨ ਅਵਲੋਇ। ਸ਼ਿਕਰੇ ਗਏ ਤਿਨਹੁਂ ਪਰ ਦੋਇ॥ ੨੬॥

ਦਰਵਾਜ਼ੇ ਦੇ ਅੱਗੇ ਬਹੁਤ ਵੈਰੀ ਆ ਗਏ ਸਨ, ਉਨ੍ਹਾਂ ਦੇ ਸਾਹਮਣੇ ਉਹ ਤੁਰਤ ਦੌੜ ਕੇ ਗਏ, ਮਾਨੋ ਬਹੁਤ ਚਿੜੇ ਬਾਹਰ ਵੇਖੇ, ਦੋਵੇਂ ਛਿਕਰੇ ਉਨ੍ਹਾਂ ਉੱਤੇ ਟੁੱਟ ਕੇ ਪੈ ਗਏ॥ ੨੬॥

ਸਿਪਰ ਖੜਗ ਦੋਨਹੁਂ ਹਥ ਧਾਰੇ। ਜਨੁ ਮਤੰਗ ਖੂਨੀ ਦੰਤਾਰੇ।
ਹੇਲ ਧਕੇਲ ਪਿਛੇਲੇ ਮੇਲੇ। ਜਨੁ ਖੇਲਤਿ ਹੈਂ ਫਾਗ ਸੁਹੇਲੇ॥ ੨੭॥

ਢਾਲਾਂ ਅਤੇ ਤਲਵਾਰਾਂ ਦੋਹਾਂ ਹੱਥਾਂ ਵਿਚ ਧਾਰਨ ਕੀਤੀਆਂ, ਮਾਨੋ ਦੰਦਾਂ ਵਾਲੇ ਖ਼ੂਨੀ ਹਾਥੀ ਸਨ। ਹੱਲਾ ਕਰਕੇ ਵੈਰੀਆਂ ਨੂੰ ਪਿੱਛੇ ਧੱਕ ਦਿੱਤਾ, ਜਿਵੇਂ ਦੋਸਤ ਆਪਸ ਵਿਚ ਹੋਲੀ ਖੇਡ ਰਹੇ ਹੋਣ॥ ੨੭॥

ਦਲ ਮਲੇਛ ਕੋ ਬਿਸਮਜੋ ਮਨ ਮੈਂ। ਯਾ ਖ਼ੁਦਾਇ ! ਕਜਾ ਪੌਰਖ ਇਨ ਮੈਂ।
ਲੱਛਨ ਮਹਿਂ ਪ੍ਰਵੇਸ਼ਿ ਇਕ ਲਰੈ। ਮਰਨ ਤ੍ਰਾਸ ਕੋ ਕਜੋਂਹੁਂ ਨ ਧਰੈ॥ ੨੮॥

ਮਲੇਛਾਂ ਦਾ ਦਲ ਮਨ ਵਿਚ ਬਹੁਤ ਹੈਰਾਨ ਹੋਇਆ, 'ਹੇ ਖ਼ੁਦਾ! ਇਨ੍ਹਾਂ ਵਿਚ ਕੈਸੀ ਸ਼ਕਤੀ ਹੈ। ਲੱਖਾਂ ਵਿਚ ਇਕ ਪ੍ਰਵੇਸ਼ ਕਰਕੇ ਲੜਦਾ ਹੈ, ਮਰਨ ਦਾ ਤ੍ਰਾਸ ਕਿਸ ਪ੍ਰਕਾਰ ਵੀ ਧਾਰਨ ਨਹੀਂ ਕਰਦੇ ਹਨ'॥ ੨੮॥

ਜਨੁ ਦ੍ਵੈ ਗ੍ਰਾਹ ਹਿਲਾਵਤਿ ਜਲ ਕੋ। ਤਿਮ ਦੋਨਹੁਂ ਪੇਲਤਿ ਖਲ ਦਲ ਕੋ।
ਚੀਰਤਿ ਅੰਗ ਚਲਾਇ ਕ੍ਰਿਪਾਨਾ। ਰਿਪੁ ਕੋ ਵਾਰ ਸਿਪਰ ਅਗਵਾਨਾ॥ ੨੯॥

ਜਿਵੇਂ ਦੋ ਤੰਦੂਏ ਪਾਣੀ ਨੂੰ ਹਿਲਾਉਂਦੇ ਹਨ, ਉਸ ਪ੍ਰਕਾਰ ਹੀ ਦੋਵੇਂ ਵੈਰੀ ਦਲ ਨੂੰ ਹੇਲ ਪੇਲ ਕਰੀ ਜਾਂਦੇ ਸਨ। ਕਿਰਪਾਨਾਂ ਚਲਾ ਕੇ ਅੰਗ ਚੀਰ ਦਿੰਦੇ ਸਨ ਤੇ ਵੈਰੀ ਦਾ ਵਾਰ ਢਾਲਾਂ ਉੱਤੇ ਲੈਂਦੇ ਸਨ॥ ੨੯॥

ਕਰਿ ਚੰਚਲਤਾ ਬੀਰ ਬਿਸਾਲੇ। ਇਤ ਉਤ ਬਿਚਰਤਿ ਬਨਿ ਮਤਵਾਲੇ।
ਮਾਰਿ ਮਾਰਿ ਅੰਬਾਰ ਲਗਾਏ। ਸਿਰ, ਧਰ, ਕਰ, ਪਗ ਧਰ ਬਿਖਰਾਏ॥ ੩੦॥

ਵੱਡੇ ਸੂਰਬੀਰ ਚੰਚਲਤਾ ਕਰਕੇ ਮਤਵਾਲੇ ਬਣ ਕੇ ਏਧਰ ਓਧਰ ਵਿਚਰਦੇ ਸਨ। ਵੈਰੀਆਂ ਨੂੰ ਮਾਰ ਮਾਰ ਕੇ ਉਨ੍ਹਾਂ ਢੇਰ ਲਾ ਦਿੱਤੇ, ਸਿਰ, ਧੜ, ਹੱਥ, ਪੈਰ ਧਰਤੀ 'ਤੇ ਖਿਲਾਰ ਦਿੱਤੇ॥ ੩੦॥

ਕਿੰਦਕ ਦੀਰਘ ਸੇ ਸਿਰ ਪਰੇ। ਕਰ ਪਗ ਕਟਿ ਡੰਡੇ ਗਨ ਕਰੇ।
ਲਰਤਿ ਬਹਾਦਰ ਦੋਨਹੁਂ ਅਰੇ। ਬੀਸ ਪਚੀਸਨ ਮਾਰਤਿ ਮਰੇ॥ ੩੧॥

ਵੱਡੀਆਂ ਗੇਂਦਾਂ ਵਰਗੇ ਸਿਰ ਪਏ ਸਨ, ਹੱਥ ਪੈਰ ਕੱਟ ਕੇ ਬਹੁਤ ਡੰਡੇ ਬਣਾ ਦਿੱਤੇ। ਬਹਾਦਰੀ ਨਾਲ ਲੜਦੇ ਹੋਏ ਦੋਵੇਂ ਅੜ ਗਏ, ਵੀਹ ਪੰਜੀਆਂ ਨੂੰ ਮਾਰ ਕੇ ਮਰੇ॥ ੩੧॥

ਨਿਕਸੇ ਤਨ ਤੇ ਪ੍ਰਾਨ ਨ ਜਬਿ ਲੌ। ਰਿਪੁ ਗਨ ਕੋ ਸੰਘਾਰਹਿਂ ਤਬਿ ਲੌ।
ਹੋਹਿਂ ਸ਼ਹੀਦ ਅਪਸਰਾ ਆਵੈਂ। ਕਹਿ ਕਹਿ ਸਿੰਘ ਬਿਵਾਨ ਚਢਾਵੈਂ॥ ੩੨॥

ਜਦ ਤਕ ਸਰੀਰ ਵਿਚੋਂ ਪ੍ਰਾਣ ਨਾ ਨਿਕਲੇ, ਤਦ ਤਕ ਵੈਰੀਆਂ ਨੂੰ ਮਾਰਦੇ ਰਹੇ। ਸ਼ਹੀਦ ਹੋਣ 'ਤੇ ਪਰੀਆਂ ਆ ਜਾਂਦੀਆਂ ਸਨ ਤੇ ਕਹਿ ਕਹਿ ਕੇ ਸਿੰਘਾਂ ਨੂੰ ਬਿਬਾਨ ਵਿਚ ਚੜ੍ਹਾ ਲੈਂਦੀਆਂ ਸਨ॥ ੩੨॥

ਤ੍ਰਿਪਤ ਨ ਰਨ ਤੇ ਰਿਪੁ ਗਨ ਹੇਰੈਂ। ਤਜਿ ਬਿਵਾਨੁ ਮਾਰਹਿਂ ਤਿਸ ਬੇਰੈਂ।
ਦੁੰਦਭਿ ਚਹੁਂ ਦਿਸ਼ਿ ਬਜੈਂ ਜੁਝਾਊ। ਸੁਨਿ ਸੁਨਿ ਬੀਰਨ ਕੇ ਚਿਤ ਚਾਊ॥ ੩੩॥

ਜਦ ਵੈਰੀ ਨੂੰ ਯੁੱਧ ਤੋਂ ਤ੍ਰਿਪਤ ਹੋਇਆ ਨਹੀਂ ਵੇਖਦੀਆਂ ਸਨ ਤਾਂ ਥਿਆਨ ਨੂੰ ਛੱਡ ਕੇ ਉਸ ਨੂੰ ਉਸੇ ਸਮੇਂ ਮਾਰ ਦਿੰਦੀਆਂ ਸਨ। ਵੱਡੇ ਨਗਾਰੇ ਚਾਰੇ ਪਾਸੇ ਵੱਜ ਰਹੇ ਸਨ, ਉਨ੍ਹਾਂ ਨੂੰ ਸੁਣ ਸੁਣ ਕੇ ਸੂਰਬੀਰਾਂ ਦੇ ਮਨਾਂ ਵਿਚ ਚਾਹ ਪੈਦਾ ਹੁੰਦਾ ਸੀ॥ ੩੩॥

ਕਹੈਂ ਸਿੰਘ 'ਅਬਿ ਅਵਸਰ ਆਛੋ। ਮਾਰਹੁ ਗਢ ਤੇ ਬਾਹਰ ਗਾਛੋ।
ਗੁਰੂ ਹਜ਼ੂਰ ਨਿਜ ਜਨਮ ਸੁਧਾਰੋ। ਖੜਗ ਨਿਕਾਰਹੁ ਰਿਪੁ ਗਨ ਮਾਰੋ॥ ੩੪॥

ਸਿੰਘਾਂ ਨੇ ਕਿਹਾ, "ਹੁਣ ਚੰਗਾ ਮੌਕਾ ਹੈ, ਗੜ੍ਹੀ ਵਿਚੋਂ ਬਾਹਰ ਨਿਕਲ ਕੇ ਮਾਰੋ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਜਨਮ ਸੁਧਾਰ ਲਵੋ, ਤਲਵਾਰਾਂ ਕੱਢੋ ਤੇ ਬਹੁਤ ਵੈਰੀਆਂ ਨੂੰ ਮਾਰੋ॥ ੩੪॥

ਇਕ ਘਟਕਾ ਮਹਿਂ ਲਾਭ ਬਿਸਾਲੇ। ਲਾਖਹੁਂ ਬਰਖ ਜਥਾ ਤਪ ਘਾਲੇ।
ਪ੍ਰਿਥੀ ਦਾਨ ਅਸੁਮੇਧ ਕਰਨ ਕੋ। ਤਸ ਫਲ ਗੁਰ ਢਿਗ ਜੰਗ ਲਰਨ ਕੋ॥ ੩੫॥

ਇਕ ਘੜੀ ਵਿਚ ਵੱਡਾ ਲਾਭ ਪ੍ਰਾਪਤ ਹੁੰਦਾ ਹੈ, ਜਿਵੇਂ ਲੱਖਾਂ ਸਾਲਾਂ ਦਾ ਤਪ ਕਰ ਲਿਆ ਹੋਵੇ। ਪ੍ਰਿਥਵੀ ਦਾਨ ਤੇ ਅਸਮੇਧ ਯੱਗ ਕਰਨ ਦੇ ਬਰਾਬਰ, ਗੁਰੂ ਜੀ ਪਾਸ ਰਹਿ ਕੇ ਯੁੱਧ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ॥ ੩੫॥

ਮਾਤਾ ਪਿਤਾ ਧੰਨ ਤਿਸ ਕੇਰਾ। ਜਨਮ ਧੰਨ ਕਰਿ ਲੀਨ ਬਡੇਰਾ।
ਮਹਾਂ ਮਹਾਤਮ ਕੋ ਚਿਤ ਲਖੇ। ਗੁਰ ਤੇ ਹੁਕਮ ਲੇਤਿ ਗਢ ਬਿਖੇ॥ ੩੬॥

ਉਸ ਦੇ ਮਾਤਾ ਪਿਤਾ ਧੰਨ ਹਨ, ਜਿਸ ਨੇ ਆਪਣਾ ਜਨਮ ਬੜਾ ਧੰਨ ਕਰ ਲਿਆ ਹੈ। ਮਹਾਂ ਮਹਾਤਮ ਨੂੰ ਚਿੱਤ ਵਿਚ ਸਮਝਦੇ ਸਨ ਤੇ ਕਿਲ੍ਹੇ ਵਿਚੋਂ ਗੁਰੂ ਜੀ ਪਾਸੋਂ ਬਾਹਰ ਜਾਣ ਦਾ ਹੁਕਮ ਪ੍ਰਾਪਤ ਕਰਦੇ ਸਨ॥ ੩੬॥

ਵਹਿਰ ਜਾਇ ਦਸ ਬੀਸ ਪ੍ਰਹਾਰੈ। ਲਰਤਿ ਪ੍ਰਾਨ ਤਜਿ ਸੁਰਗ ਸਿਧਾਰੈ।"
ਬਰਖਤਿ ਸਰ ਗੋਰੀ ਬਹੁ ਸਾਰ। ਮਰੇ ਅੰਬਾਰ, ਹਜ਼ਾਰ ਸੁਮਾਰ॥ ੩੭॥

ਬਾਹਰ ਜਾ ਕੇ ਦਸ ਵੀਹ ਮਾਰ ਦਿੰਦੇ ਸਨ, ਲੜਦੇ ਹੋਏ ਪ੍ਰਾਣ ਤਿਆਗ ਕੇ ਸਵਰਗਾਂ ਵਿਚ ਚਲੇ ਜਾਂਦੇ ਸਨ।" ਬਹੁਤ ਤੀਰ, ਗੋਲੀਆਂ ਅਤੇ ਲੋਹਾ ਵਰ੍ਹਦਾ ਸੀ. ਮਰੇ ਹੋਇਆਂ ਦੇ ਢੇਰ ਲੱਗ ਗਏ ਸਨ, ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਚਲੀ ਗਈ ਸੀ॥ ੩੭॥

ਤਬਿ ਪੰਚਹੁਂ ਮੁਕਤੇ ਬਰ ਬੀਰ। ਈਸ਼ੁਰ ਸਿੰਘ, ਦੇਵਾ ਸਿੰਘ ਧੀਰ।
ਜਥਾ ਛੁਧਾਤੁਰ ਸ਼ੇਰ ਸਿਧਾਵੈ। ਜਥਾ ਬਾਜ ਚਿਰੀਅਨ ਪਰ ਜਾਵੈ॥ ੩੮॥

ਤਦ ਪੰਜੇ ਮੁਕਤੇ ਜਿਹੜੇ ਸ੍ਰੇਸ਼ਟ ਸੂਰਬੀਰ ਸਿੰਘ, ਈਸ਼ਰ ਸਿੰਘ, ਦੇਵਾ ਸਿੰਘ ਧੀਰਜਵਾਨ, ਜਿਵੇਂ ਭੁੱਖਾ ਸ਼ੇਰ ਦੌੜ ਕੇ ਜਾਂਦਾ ਹੈ, ਜਿਵੇਂ ਬਾਜ਼ ਚਿੜੀਆਂ ਨੂੰ ਜਾ ਪੈਂਦਾ ਹੈ॥ ੩੮॥

ਤਿਮ ਤੁਰਕਨ ਪਰ ਪੰਚਹਂ ਗਏ। ਸੈਨਾ ਸਿੰਧੁ ਪ੍ਰਵੇਸ਼ਤਿ ਭਏ।
ਜਥਾ ਮੱਤ ਹਾਥੀ ਬਰਿ ਜਾਇ। ਕਰਤਿ ਕੇਲ ਜਲ ਦੀਹ ਧਕਾਇ॥ ੩੯॥

ਇਸ ਪ੍ਰਕਾਰ ਤੁਰਕਾਂ ਉੱਤੇ ਪੰਜੇ ਮੁਕਤੇ ਗਏ ਤੇ ਸੈਨਾ ਦੇ ਸਮੁੰਦਰ ਵਿਚ ਪ੍ਰਵੇਸ਼ ਕਰ ਗਏ। ਜਿਵੇਂ ਮਸਤ ਹਾਥੀ ਜਾ ਵੜਦਾ ਹੈ ਤੇ ਖੇਡ ਕਰਦਾ ਪਾਣੀ ਨੂੰ ਬਹੁਤ ਧੱਕ ਦਿੰਦਾ ਹੈ॥ ੩੯॥

ਪੰਚਹੁਂ ਖੜਗ ਚਮਕਤੇ ਦਾਰੁਨ। ਲਿਪਟੇ ਰੁਧਰ ਕਰਤਿ ਰਿਪੁ ਮਾਰਨਿ।
ਨਿਰਭੈ ਚਲਹਿਂ ਬੀਰ ਬਡ ਮੱਤੇ। ਹਤਹਿਂ ਸੁ ਪਹੁੰਚਿ ਬੀਰ ਰਸ ਰੱਤੇ॥ ੪੦॥

ਪੰਜਾਂ ਦੀਆਂ ਤਲਵਾਰਾਂ ਬਹੁਤ ਚਮਕਦੀਆਂ ਸਨ, ਲਹੂ ਨਾਲ ਲਿਬੜੀਆਂ ਹੋਈਆਂ ਨਾਲ ਹੀ ਵੈਰੀ ਨੂੰ ਮਾਰੀ ਜਾਂਦੇ ਸਨ। ਨਿਰਭੈ ਵੱਡੇ ਮਸਤ ਸੂਰਬੀਰ ਅੱਗੇ ਚਲਦੇ ਸਨ ਤੇ ਬੀਰ-ਰਸ ਵਿਚ ਰੰਗੇ ਹੋਏ ਪਹੁੰਚ ਕੇ ਵੈਰੀ ਨੂੰ ਮਾਰਦੇ ਸਨ॥ ੪੦॥

ਜਿਮ ਪੰਚਹੁਂ ਪਾਂਡਵ ਬਲਵੰਤੇ। ਕੈਰਵਾਨ ਕੇ ਦਲ ਬਿਚਰੰਤੇ।
ਮਾਰੇ ਤੁਰਕ ਅਨੇਕ ਬਿਹਾਲੇ। ਕੋ ਤਰਫਤਿ, ਕਿਹ ਪ੍ਰਾਨ ਨਿਕਾਲੇ॥ ੪੧॥

ਜਿਵੇਂ ਪੰਜੇ ਬਲਵਾਨ ਪਾਂਡੋ, ਕੌਰਵਾਂ ਦੇ ਲੱਖਾਂ ਦੇ ਦਲ ਵਿਚ ਫਿਰਦੇ ਸਨ। ਇਸ ਪ੍ਰਕਾਰ ਹੀ ਇਨ੍ਹਾਂ ਪੰਜਾਂ ਨੇ ਅਨੇਕਾਂ ਤੁਰਕਾਂ ਨੂੰ ਮਾਰ ਕੇ ਬਿਹਾਲ ਕਰ ਦਿੱਤਾ, ਕੋਈ ਤੜਫਦਾ ਸੀ, ਕਿਸੇ ਦੇ ਪ੍ਰਾਣ ਕੱਢ ਲੈਂਦੇ ਸਨ॥ ੪੧॥

ਤਛਾ ਮੁੱਛ ਕਰਤੇ ਬਹੁ ਫਿਰੇ। ਓਰੜ ਭਟਨ ਬਿਖੈ ਪੁਨ ਘਿਰੇ।
ਮਾਰਿ ਸੈਂਕਰੇ ਭੂਮ ਗਿਰਾਏ। ਨਿਜ ਸ੍ਵਾਮੀ ਕੋ ਜੰਗ ਦਿਖਾਏ॥ ੪੨॥

ਵੈਰੀ ਨੂੰ ਤੁੰਡ ਮੁੰਡ ਕਰਦੇ ਬਹੁਤ ਫਿਰੇ, ਓੜਕ ਸੂਰਮਿਆਂ ਵਿਚ ਫਿਰ ਘਿਰ ਗਏ। ਸੈਂਕੜੇ ਮਾਰ ਕੇ ਧਰਤੀ 'ਤੇ ਸੁੱਟ ਦਿੱਤੇ ਤੇ ਆਪਣੇ ਮਾਲਕ ਸਤਿਗੁਰੂ ਜੀ ਨੂੰ ਆਪਣਾ ਯੁੱਧ ਵਿਖਾਇਆ॥ ੪੨॥

ਰੰਚਕ ਰੰਚਕ ਤਨ ਕਟਵਾਯੋ। ਨਹਿਂ ਪੀਛੇ ਇਕ ਪੈਰ ਹਟਾਯੋ।
ਸਨਮੁਖ ਲਰਤਿ ਪ੍ਰਾਨ ਕੋ ਦੀਨੇ। ਬਿਸਮੇ ਤੁਰਕ ਪਿਖੇ ਰਣ ਕੀਨੇ॥ ੪੩॥

ਪੁਰਜਾ-ਪੁਰਜਾ ਸਰੀਰ ਕਟਵਾਇਆ ਤੇ ਇਕ ਪੈਰ ਵੀ ਪਿੱਛੇ ਨਾ ਹਟਾਇਆ। ਸਾਹਮਣੇ ਲੜ ਕੇ ਪ੍ਰਾਣ ਦਿੱਤੇ, ਉਨ੍ਹਾਂ ਦਾ ਯੁੱਧ ਵੇਖ ਕੇ ਤੁਰਕ ਬਹੁਤ ਹੈਰਾਨ ਹੋਏ॥ ੪੩॥

*ਛੇਵੀਂ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

## *ਅਧਿਆਇ ਅਠੱਤੀਵਾਂ*

### *ਚਮਕੌਰ ਜੰਗ ਜਾਰੀ*

ਦੋਹਰਾ-ਭਯੋ ਜੁੱਧ ਅਤਿਸ਼ੈ ਪ੍ਰਬਲ ਨਾਦਤਿ ਤੁਪਕ ਕਮਾਨ।
ਸ਼ੂੰਕਤ ਸਰਪ ਸਮਾਨ ਸਰ ਗੁਲਕਾਂ ਲਗਿ ਭਟ ਹਾਨ॥ ੧॥

ਬੜਾ ਪ੍ਰਬਲ ਯੁੱਧ ਹੋਇਆ, ਬੰਦੂਕਾਂ ਅਤੇ ਧਨੁੱਖ ਬਾਨ ਬਹੁਤ ਉੱਚੀ ਆਵਾਜ਼ ਪੈਦਾ ਕਰਦੇ ਸਨ। ਸੱਪ ਵਾਂਗ ਸ਼ੂਕਦੇ ਤੀਰ ਚਲਦੇ ਸਨ ਤੇ ਗੋਲੀਆਂ ਸੂਰਮਿਆਂ ਨੂੰ ਲੱਗ ਕੇ ਖਤਮ ਕਰ ਦਿੰਦੀਆਂ ਸਨ॥ ੧॥

*ਭੁਯੰਗ ਪ੍ਰਯਾਤ ਛੰਦ*-ਕਹਾਂ ਬੀਰ ਚਾਲੀ ਛੁਧਾਵੰਤਿ ਭਾਰੇ। ਕਹਾਂ ਏਕ ਨੌ ਲਾਖ ਆਏ ਹਕਾਰੇ।
ਅਭੂਤੰ ਬ੍ਰਿਤੰਤੰ ਸੁਨਜੋਂ ਦੇਵ ਜਾਲਾ। ਮਿਲੇ ਏਕ ਥਾਨੰ ਅਚੰਭੈ ਬਿਸਾਲਾ॥੨॥

ਕਿੱਥੇ ਚਾਲੀ ਭੁੱਖੇ ਸੂਰਬੀਰ ਸਨ, ਕਿੱਥੇ ਦਸ ਲੱਖ ਫੌਜੀ ਬੁਲਵਾਏ ਸਨ। ਜਿਹੜਾ ਬਿਰਤਾਂਤ ਅੱਗੇ ਕਦੀ ਵੀ ਨਹੀਂ ਵਰਤਿਆ ਸੀ, ਉਹ ਸਾਰੇ ਦੇਵਤਿਆਂ ਨੇ ਸੁਣਿਆ ਸੀ। ਉਹ ਸਾਰੇ ਇਕ ਸਥਾਨ ਤੇ ਇਕੱਠੇ ਹੋ ਕੇ ਬਹੁਤ ਹੈਰਾਨ ਹੋਏ॥ ੨॥

ਕਲੀ ਕਾਲ ਮੈਂ ਏਵ ਕੈਸੇ ਲਰੰਤੇ? ਗੁਰੂ ਜੀ ਕਰਾਮਾਤ ਨਾ ਸੂਚਿਯੰਤੇ।
ਅਸੰਭੈ ਮਹਾਂ ਤੇ ਅਚੰਭੈ ਬਿਲੰਦੇ। ਬਿਲੋਕੈਂ ਚਲੈਂ ਚਾਉ ਚੀਤੰ ਉਠੰਦੇ॥੩॥

ਕਲਜੁਗ ਵਿਚ ਇਸ ਪ੍ਰਕਾਰ ਕੈਸੇ ਲੜਦੇ ਸਨ? ਗੁਰੂ ਜੀ ਦੀ ਕਰਾਮਾਤ ਨੂੰ ਜਤਾਉਂਦੇ ਨਹੀਂ। ਮਹਾਨ ਅਸੰਭਵ ਵੇਖ ਕੇ ਬਹੁਤ ਹੈਰਾਨ ਹੋ ਕੇ ਚਿੱਤ ਵਿਚ ਚਾਉ ਉਪਜਿਆ ਕਿ ਚਲੋ ਜਾ ਕੇ ਵੇਖੀਏ॥ ੩॥

ਅਰੂਢੇ ਬਿਮਾਨੰ ਪਯਾਨੰਤਿ ਆਏ। ਜਹਾਂ ਗੈਨ ਕੋ, ਖੇਹ ਤੇ ਸੈਨ ਛਾਏ।
ਅਟਾਰੀ ਬਿਖੈ ਨਾਥ ਕੋ ਦੇਖਿ ਬੰਦੇ। ਲਰਾਈ ਬਿਲੋਕੈਂ ਪਰਜੋ ਦੀਹ ਦੁੰਦੇ॥੪॥

ਬਿਬਾਨਾਂ 'ਤੇ ਚੜ੍ਹ ਕੇ ਆਏ, ਜਿੱਥੇ ਸੈਨਾ ਦੀ ਗਰਦ ਤੋਂ ਅਕਾਸ਼ ਢੱਕਿਆ ਜਾ ਰਿਹਾ ਸੀ। ਅਟਾਰੀ ਵਿਚ ਸਤਿਗੁਰੂ ਜੀ ਨੂੰ ਵੇਖ ਕੇ ਬੰਦਨਾ ਕੀਤੀ, ਲੜਾਈ ਵੇਖੀਏ, ਬੜਾ ਭਾਰੀ ਯੁੱਧ ਹੋ ਰਿਹਾ ਹੈ॥ ੪॥

ਤੁਫੰਗੈਂ ਤੜਾਕੇ, ਸੜਾਕੈਂ ਕੜਾਕੈਂ। ਝੜਾ ਝਾੜ ਤੇਗੇ ਝੜਾਕੈਂ ਮੜਾਕੈਂ।
ਹਲਾ ਹਾਲ ਹੂਲੰ ਹਲੈਂ ਹੇਲ ਲੋਹੇ। ਲਗੇ ਸ਼੍ਰੋਣ ਲਾਲੰ ਫੁਲੇ ਢਾਕ ਸੋਹੇ॥੫॥

ਤੜਕ ਕਰਕੇ ਬੰਦੂਕ ਚਲਦੀ ਹੈ, ਸੜਕ ਕਰਦੀ ਗੋਲੀ ਜਾਂਦੀ ਹੈ ਤੇ ਕੜਕ ਕਰਕੇ ਵੱਜਦੀ ਹੈ। ਉਪਰੋਥੱਲੀ ਤੇਗੇ ਝੜਾਕ ਮੜਾਕ ਹੋ ਰਹੇ ਹਨ। ਹਲਾਹਾਲ ਦਾ ਰੌਲਾ ਪੈ ਰਿਹਾ ਹੈ ਤੇ ਸ਼ਸਤਰਾਂ ਨਾਲ ਹੱਲੇ ਹੋ ਰਹੇ ਹਨ। ਲਾਲ ਲਹੂ ਇਸ ਪ੍ਰਕਾਰ ਲੱਗਦਾ ਹੈ, ਮਾਨੋ ਢਿੱਛਰੇ ਫੁੱਲੇ ਹੋਏ ਸ਼ੋਭਦੇ ਹਨ॥ ੫॥

ਘਨੇ ਗੰਧ੍ਰਬੰ ਸਿੱਧ ਆਏ ਅਕਾਸ਼ਾ। ਥਿਰੇ ਦੇਵਤਾ ਭੂਰ ਹੋਯੋ ਪ੍ਰਕਾਸ਼ਾ।
ਉਡੈਂ ਗ੍ਰਿੱਧ ਬ੍ਰਿੱਧੰ ਵਧਯੋ ਜੁੱਧ ਉੱਧੰ। ਭਿੜੇ ਭੇੜ ਜੋਧਾ ਰਿਦੇ ਮੱਧ ਸੁੱਧੰ॥੬॥

ਬਹੁਤ ਗੰਧ੍ਰਬ ਅਤੇ ਸਿੱਧ ਅਕਾਸ਼ ਵਿਚ ਆਏ, ਕਈ ਦੇਵਤੇ ਵੀ ਉਥੇ ਆ ਕੇ ਸਥਿਤ ਹੋਏ ਜਿਨ੍ਹਾਂ ਕਰਕੇ ਬਹੁਤ ਪ੍ਰਕਾਸ਼ ਹੋਇਆ। ਬਹੁਤ ਗਿੱਰਝਾਂ ਉੱਡ ਰਹੀਆਂ ਸਨ ਤੇ ਭਿਆਨਕ ਯੁੱਧ ਹੋ ਰਿਹਾ ਸੀ। ਯੋਧਿਆਂ ਦੇ ਭੇੜ ਹੋ ਰਹੇ ਸਨ ਤੇ ਉਨ੍ਹਾਂ ਦੇ ਹਿਰਦਿਆਂ ਵਿਚ ਸੋਝੀ ਸੀ॥ ੬॥

ਬਡੇ ਕਾਂਕ ਕੰਕੰ ਕਈ ਕੂਕ ਕੂਕੈਂ। ਭਖੈਂ ਮਾਸ ਸੂਰਾਨਿ ਕੇ ਤੀਰ ਢੂਕੈਂ।
ਬਹਜੋ ਸ਼੍ਰੋਣ ਚਾਲਾ ਧਰਾ ਲਾਲ ਹੋਈ। ਕਸੁੰਭੀ ਮਨੋ ਚੂਨਰੀ ਲੀਨਿ ਜੋਈ॥੭॥

ਵੱਡੇ ਕਾਂ ਕਾਂ-ਕਾਂ ਕਰਦੇ ਸਨ, ਕਈ ਉੱਚੀ-ਉੱਚੀ ਕੂਕਦੇ ਸਨ, ਕਈ ਨੇੜੇ ਹੋ ਕੇ ਸੂਰਬੀਰਾਂ ਦਾ ਮਾਸ ਖਾਂਦੇ ਸਨ। ਖ਼ੂਨ ਵਹਿੰਦਾ ਜਾ ਰਿਹਾ ਸੀ, ਧਰਤੀ ਲਾਲ ਹੋ ਗਈ ਸੀ, ਮਾਨੋ ਧਰਤੀ ਨੇ ਕਸੁੰਭੇ ਰੰਗ ਦੀ ਚੁੰਨੀ ਲਈ ਹੋਈ ਸੀ॥ ੭॥

ਦਯਾ ਸਿੰਘ ਆਦੰ ਗੁਰੂ ਪਾਸ ਜੈਕੈ। ਕਰੰ ਜੋਰਿ ਦੋਨੋਂ ਬਿਨੈ ਭਾਖਿ ਕੈ ਕੈ।
'ਮਹਾਰਾਜ ! ਛੋਰੋ ਲਰਾਈ ਅਖਾਰਾ। ਪਿਯਾਨੋ ਕਹੂੰ ਕੋ, ਕਰੀਜੈ ਕਿਨਾਰਾ॥੮॥

ਦਇਆ ਸਿੰਘ ਆਦਿ ਨੇ ਗੁਰੂ ਜੀ ਦੇ ਪਾਸ ਜਾ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਮਹਾਰਾਜ ! ਇਸ ਲੜਾਈ ਦੇ ਅਖਾੜੇ ਨੂੰ ਛੱਡੋ, ਕਿਸੇ ਪਾਸੇ ਚਲੇ ਜਾਵੋ, ਇਸ ਲੜਾਈ ਤੋਂ ਕਿਨਾਰਾ ਕਰੋ॥ ੮॥

ਸਭੈ ਸਿੰਘ ਜੂਝੇ ਹਤੇ ਸ਼ੱਤ੍ਰੂ ਭਾਰੇ। ਮਰੇ ਜੁੱਧ ਬੀਚੰ ਰਿਦੈ ਧੀਰ ਧਾਰੇ।
ਬਚੈ ਆਪਕੋ ਦੇਹਿ ਚਾਹੈਂ ਜੁਝਾਰੇ। ਤਜੋ ਜੰਗ ਕੋ ਢੰਗ, ਹੂਜੈ ਕਿਨਾਰੇ' ॥ ੯॥

ਸਾਰੇ ਸਿੰਘ ਜੂਝ ਗਏ ਹਨ, ਉਨ੍ਹਾਂ ਬਹੁਤ ਵੈਰੀ ਮਾਰੇ ਹਨ, ਫਿਰ ਹਿਰਦੇ ਵਿਚ ਧੀਰਜ ਧਾਰ ਕੇ, ਰਣਖੇਤਰ ਵਿਚ ਹੀ ਸ਼ਹੀਦ ਹੋ ਗਏ ਹਨ। ਸਾਰੇ ਸੂਰਬੀਰ ਚਾਹੁੰਦੇ ਹਨ ਕਿ ਆਪ ਜੀ ਦਾ ਸਰੀਰ ਬਚਣਾ ਚਾਹੀਦਾ ਹੈ। ਇਸ ਜੰਗ ਦੇ ਢੰਗ ਨੂੰ ਛੱਡੋ, ਇਸ ਸਥਾਨ ਤੋਂ ਲਾਂਭੇ ਹੋ ਜਾਵੋ'' ॥ ੯॥

ਘਨੀ ਬੇਨਤੀ ਸ੍ਰੂਯ ਸਿੰਘਾਨਿ ਕੇਰੀ। ਹਸੇ ਦੀਨ ਦਯਾਲੰ ਭਨਯੋ ਤਾਂਹਿ ਬੇਰੀ।
'ਪਿਖੋ ਖੱਗ ਕੇਤੰ ਬਿਲਾਮੰ ਤਮਾਸ਼ਾ। ਕਰੋ ਬੇਗ ਤੇ ਬੇਇਮਾਨੈ ਬਿਨਾਸ਼ਾ' ॥੧੦॥

ਗੁਰੂ ਜੀ ਸਿੰਘਾਂ ਦੀ ਵੱਡੀ ਬੇਨਤੀ ਨੂੰ ਸੁਣ ਕੇ ਹੱਸ ਪਏ ਤੇ ਉਸ ਸਮੇਂ ਉਨ੍ਹਾਂ ਨੇ ਕਿਹਾ, ''ਕਈਆਂ ਦੀਆਂ ਤਲਵਾਰਾਂ ਦੇ ਤਮਾਸ਼ੇ ਵੇਖੋ, ਬੇਇਮਾਨ ਵੈਰੀ ਨੂੰ ਤੁਰਤ ਖਤਮ ਕਰ ਦੇਵੋ'' ॥ ੧੦॥

ਸ੍ਵੈਯਾ-ਸ੍ਰੀ ਮੁਖ ਤੇ ਸੁਨਿਕੈ ਨਿਕਸੇ ਤਜਿ ਪੌਰ ਕੋ ਠੌਰਹਿ ਦੌਰਿ ਅਗਾਰੀ।
ਮੋਹਰ ਸਿੰਘ ਸੁ ਕੀਰਤ ਸਿੰਘ ਅਨੰਦ ਮ੍ਰਿਗਿੰਦ ਚਲਜੋ ਬਲਿ ਭਾਰੀ।
ਲਾਲ ਜੁ ਸਿੰਘ ਸੁ ਕੇਸਰਾ ਸਿੰਘ ਅਮੋਲਕ ਸਿੰਘ ਲਹੇ ਫਲ ਚਾਰੀ।
ਨਾ ਅਸ ਔਸਰ ਹਾਥ ਪਰੈ ਪੁਨ ਜੇ ਹੁਇ ਸੰਮਤ ਬੈਸ ਹਜ਼ਾਰੀ॥੧੧॥

ਸਤਿਗੁਰੂ ਜੀ ਦੇ ਮੁਖ ਤੋਂ ਸੁਣ ਕੇ ਸਿੰਘ ਦਰਵਾਜ਼ਾ ਛੱਡ ਕੇ ਦੌੜ ਕੇ ਇਕ ਦੂਸਰੇ ਦੇ ਅੱਗੇ ਹੋ ਕੇ ਨਿਕਲੇ। ਮੋਹਰ ਸਿੰਘ, ਕੀਰਤ ਸਿੰਘ, ਅਨੰਦ ਸਿੰਘ ਆਦਿ ਭਾਰੀ ਬਲ ਧਾਰ ਕੇ ਚਲੇ। ਲਾਲ ਸਿੰਘ, ਕੇਸਰਾ ਸਿੰਘ ਅਤੇ ਅਮੋਲਕ ਸਿੰਘ ਚਾਰੋਂ ਫਲ ਲੈਣ ਲਈ ਚਲ ਪਏ। ਉਹ ਵਿਚਾਰਦੇ ਹਨ ਕਿ ਚਾਹੇ ਹਜ਼ਾਰਾਂ ਵਰ੍ਹਿਆਂ ਦੀ ਉਮਰ ਹੋ ਜਾਵੇ, ਫਿਰ ਐਸਾ ਸਮਾਂ ਹੱਥ ਨਹੀਂ ਆਉਣਾ॥ ੧੧॥

ਹੇਲ ਕੋ ਮੇਲਤਿ ਨੇਰ ਕਰਜੋ ਰਿਪੁ ਪੌਰ ਕੇ ਠੌਰ ਕੋ ਜੇ ਗਨ ਆਏ।
ਕਾਢਿ ਕ੍ਰਿਪਾਨ ਪਰੇ ਤਬਿ ਸਿੰਘ ਤਛਾਮੁਛਿ ਕੈ ਪੁਨ ਦੂਰ ਹਟਾਏ।
ਫਾਂਧਤਿ ਜਾਤਿ ਪਹੂੰਚਿਕੈ ਬਾਹਰ ਬੀਰ ਸਰੀਰ ਕੋ ਦੇਤਿ ਗਿਰਾਏ।
ਹੋਤਿ ਖਰੋ ਅਰਿ ਜੋ ਅਰਿ ਕੈ, ਨਹਿਂ ਜੀਵਤਿ, ਮਾਤ ਮਨੋਂ ਨਹਿਂ ਜਾਏ॥੧੨॥

ਜਿਹੜੇ ਸਿੰਘ ਦਰਵਾਜ਼ੇ ਵਾਲੇ ਸਥਾਨ 'ਤੇ ਆਏ ਸਨ, ਉਨ੍ਹਾਂ ਨੇ ਹੱਲਾ ਕਰਕੇ ਵੈਰੀ ਦਾ ਨੇੜ ਕੀਤਾ। ਕ੍ਰਿਪਾਨਾਂ ਕੱਢ ਕੇ ਸਿੰਘ ਪੈ ਗਏ ਤੇ ਫਿਰ ਕਟਾਵੱਢੀ ਕਰਕੇ ਵੈਰੀ ਬਹੁਤ ਦੂਰ ਹਟਾ ਦਿੱਤੇ। ਬਾਹਰ ਪਹੁੰਚ ਕੇ ਛਾਲਾਂ ਮਾਰਦੇ ਜਾਂਦੇ ਸਨ ਤੇ ਵੈਰੀਆਂ ਨੂੰ ਮਾਰ ਕੇ ਡੇਗ ਦਿੰਦੇ ਸਨ। ਜਿਹੜੇ ਵੀ ਵੈਰੀ ਅੜ ਕੇ ਖੜੇ ਸਨ, ਉਹ ਨਹੀਂ ਸਨ ਰਹੇ, ਮਾਨੋ ਮਾਂ ਨੇ ਉਨ੍ਹਾਂ ਨੂੰ ਜੰਮਿਆ ਹੀ ਨਹੀਂ ਸੀ॥ ੧੨॥

ਕਹਾ ਬਰਨੋਂ ਰਣ ਕੋ ਤਿਨ ਸਿੰਘਨਿ, ਸਿੰਘਨਿ ਜਜੋਂ ਭਭਕਾਰ ਪਰੇ।
ਸੈਂਕਰ ਸ਼ੱਤ੍ਰਨਿ ਕੋ ਤਨ ਗਾਰ, ਮਿਲੇ ਚਹੁੰ ਓਰਤੇ, ਬੀਚ ਘਿਰੇ।
ਏਕਨ ਕੋ ਝਝਕੈਂ ਉਝਕੈਂ ਅਰੁ ਏਕਨ ਕੇ ਹਤਿ ਪ੍ਰਾਨ ਹਰੇ।
ਸ੍ਰੀ ਗੁਰ ਕੋ ਨਿਜ ਓਜ ਲਖਾਇ ਲਰੇ ਬਹੁ ਘਾਇਸੁ ਸ਼੍ਰੋਣ ਝਰੇ॥੧੩॥

ਉਨ੍ਹਾਂ ਸਿੰਘਾਂ ਦੇ ਯੁੱਧ ਬਾਰੇ ਕੀ ਵਰਣਨ ਕਰਾਂ, ਜਿਵੇਂ ਸਿੰਘ ਭਭਕਾਰ ਕੇ ਪੈ ਗਏ ਸਨ। ਸੈਂਕੜੇ ਵੈਰੀਆਂ ਨੂੰ ਜਦ ਮਾਰਿਆ ਤਾਂ ਵੈਰੀ ਚਾਰੇ ਪਾਸਿਆਂ ਤੋਂ ਮਿਲ ਕੇ ਆਏ, ਉਨ੍ਹਾਂ ਵਿਚ ਇਹ ਸਿੰਘ ਘਿਰ ਗਏ। ਕਈਆਂ ਨੂੰ ਹਿਲੂਣ ਕੇ ਪਰ੍ਹੇ ਸੁੱਟਦੇ ਸਨ, ਕਈਆਂ ਨੂੰ ਮਾਰ ਕੇ ਪ੍ਰਾਣ ਕੱਢ ਦਿੰਦੇ ਸਨ। ਸ੍ਰੀ ਗੁਰੂ ਜੀ ਨੂੰ ਆਪਣੀ ਸ਼ਕਤੀ ਵਿਖਾਉਣ ਲੱਗੇ, ਬਹੁਤ ਜ਼ਖਮੀ ਹੋ ਗਏ ਤੇ ਖ਼ੂਨ ਪਰਨਾਲਿਆਂ ਵਾਂਗ ਵਗਦਾ ਸੀ॥ ੧੩॥

ਸੇਲਨਿ, ਸਾਂਗਨਿ, ਤੋਮਰ, ਤੀਰਨਿ ਬੇਧਿ ਲਿਏ ਇਕਬਾਰ ਗਿਰੇ।
ਪ੍ਰਾਨ ਕੋ ਤਜਾਗਤਿ, ਪ੍ਰੇਮ ਤੇ ਜਾਗਤਿ, ਬੀਰਤਾ ਪਾਗਤਿ ਰੰਗ ਖਰੇ।
ਮਾਰਨ ਚਾਹਤਿ, ਸ਼ੱਤ੍ਰਨਿ ਗਾਹਤਿ, ਜੁੱਧ ਉਮਾਹਤਿ ਸਿੰਘ ਮਰੇ।
ਸ੍ਰੀ ਗੁਰ ਛੋਰਤਿ ਤੀਰ ਤਰਾ ਤਰ ਜੋ ਤਰ ਆਵਤਿ ਪ੍ਰਾਨ ਹਰੇ॥੧੪॥

ਬਰਛਿਆਂ, ਸਾਂਗਾਂ, ਨੇਜ਼ਿਆਂ ਅਤੇ ਤੀਰਾਂ ਨਾਲ ਵਿੰਨ੍ਹ ਕੇ ਇਕ ਵਾਰ ਡੇਗ ਲਏ। ਪ੍ਰਾਣ ਛੱਡ ਗਏ, ਪ੍ਰੇਮ ਵਿਚ ਜਾਗਦੇ ਸਨ, ਬੀਰਤਾ ਪੁੱਗ ਕੇ ਖਰੀ ਉੱਤਰੀ ਸੀ, ਵੈਰੀ ਨੂੰ ਗਾਹ ਕੇ ਮਾਰਨਾ ਚਾਹੁੰਦੇ ਸਨ, ਬੜੇ ਉਤਸ਼ਾਹ ਨਾਲ ਯੁੱਧ ਕਰਕੇ ਸਿੰਘ ਸ਼ਹੀਦੀਆਂ ਪਾ ਗਏ। ਸਤਿਗੁਰੂ ਜੀ ਗੜ੍ਹੀ ਵਿਚੋਂ ਤੀਰ ਛੱਡੀ ਜਾ ਰਹੇ ਸਨ, ਜਿਹੜੇ ਵੀ ਤੀਰਾਂ ਦੀ ਮਾਰ ਹੇਠਾਂ ਆਉਂਦੇ ਸਨ, ਉਹ ਆਪਣੇ ਪ੍ਰਾਣ ਗਵਾ ਬਹਿੰਦੇ ਸਨ॥ ੧੪॥

ਨਾਹਰ ਖਾਨ ਕਰਜੋ ਰਣ ਜ਼ਾਹਰ ਸਿੰਘਨਿ ਮਾਰਿ ਕੈ ਹੋਯੋ ਅਗਾਰੀ।
ਪਾਇਨ ਕੀ ਕਰਿ ਚੰਚਲਤਾ ਚਹਿ ਕੋਟ ਕੀ ਭੀਤ ਕੇ ਜਾਉਂ ਮਝਾਰੀ।
ਆਪਨੀ ਭੂਰ ਬਹਾਦਰੀ ਕੋ ਦਿਖਰਾਵਤਿ ਹੈ ਕਰਿ ਕੌਤਕ ਭਾਰੀ।
ਸ਼੍ਰੀ ਗੁਰ ਕੀ ਤਬਿ ਡੀਠ ਪਰਜੋ ਕਰਿ ਤੂਰਨਤਾ ਖਰ ਤੀਰ ਸੰਚਾਰੀ॥ ੧੫ ॥

ਨਾਹਰ ਖਾਨ ਨੇ ਪ੍ਰਗਟ ਰੂਪ ਵਿਚ ਯੁੱਧ ਕੀਤਾ ਤੇ ਸਿੰਘਾਂ ਨੂੰ ਮਾਰ ਕੇ ਅੱਗੇ ਹੋ ਗਿਆ, ਪੈਰਾਂ ਦੀ ਚੰਚਲਤਾ ਕਰਕੇ ਕਿਲ੍ਹੇ ਦੇ ਅੰਦਰ ਜਾਣਾ ਚਾਹੁੰਦਾ ਸੀ। ਆਪਣੀ ਵੱਡੀ ਬਹਾਦਰੀ ਨੂੰ ਵਿਖਾਉਂਦਾ ਸੀ ਤੇ ਭਾਰੀ ਕੌਤਕ ਕਰਦਾ ਸੀ। ਸਤਿਗੁਰੂ ਜੀ ਦੀ ਫਿਰ ਉਸ ਉੱਤੇ ਨਜ਼ਰ ਪਈ ਤੇ ਉਨ੍ਹਾਂ ਛੇਤੀ ਨਾਲ ਇਕ ਤਿੱਖਾ ਤੀਰ ਚਿੱਲੇ ਵਿਚ ਜੋੜਿਆ॥ ੧੫ ॥

ਮਜਾਨ ਬਿਹੀਨ ਕ੍ਰਿਪਾਨ ਨਚਾਵਤਿ ਦੂਸਰ ਪਾਨ ਮਹਿਂ ਢਾਲ ਸੰਭਾਰੇ।
ਦੌਰਤਿ ਏਕ ਦਿਵਾਰ ਤਜੀ ਗਢਹੂੰ ਕੀ ਦਿਵਾਰ ਕੋ ਜਾਤਿ ਨਿਹਾਰੇ।
ਕਾਨ ਲੌ ਤਾਨਿਕੈ ਬਾਨ ਤਜਜੋ ਸੁ ਅਚਾਨਕ ਜਾਇ ਲਗਜੋ ਹੁਇ ਪਾਰੇ।
ਜਜੋਂ ਉਡਿ ਕੈ ਬਡ ਸਰਪ ਗਯੋ ਬਰਮੀ ਬਰਿਕੈ ਨਹਿਂ ਅੰਗ ਦਿਖਾਰੇ॥ ੧੬ ॥

ਨੰਗੀ ਤਲਵਾਰ ਨੂੰ ਨਚਾਉਂਦਾ ਸੀ, ਦੂਸਰੇ ਹੱਥ ਵਿਚ ਢਾਲ ਸੰਭਾਲੀ ਸੀ। ਦੌੜਦਾ ਹੋਇਆ ਕਿਲ੍ਹੇ ਦੀ ਦੀਵਾਰ ਨੂੰ ਵੇਖਦਾ ਹੋਇਆ ਭੱਜਾ ਜਾਂਦਾ ਸੀ। ਗੁਰੂ ਜੀ ਨੇ ਕੰਨਾਂ ਤਕ ਖਿੱਚ ਕੇ ਬਾਨ ਛੱਡਿਆ, ਅਚਾਨਕ ਉਹ ਨਾਹਰ ਖਾਂ ਦੇ ਜਾ ਲੱਗਾ ਤੇ ਆਰ ਪਾਰ ਹੋ ਗਿਆ। ਜਿਵੇਂ ਉੱਡ ਕੇ ਸੱਪ ਵਰਮੀ ਵਿਚ ਵੜ ਗਿਆ ਹੋਵੇ ਤੇ ਉਸ ਸੱਪ ਨੇ ਆਪਣੇ ਸਰੀਰ ਦੇ ਅੰਗ ਨਾ ਵਿਖਾਲੇ ਹੋਣ॥ ੧੬ ॥

ਤੀਛਨ ਭੀਛਨ ਛੋਰਜੋ ਨਿਰੀਛਤਿ ਛਾਲ ਉਛਾਲਤਿ ਕੀ ਲਗਿ ਛਾਤੀ।
ਪਾਇ ਪਸਾਰ ਪਰਜੋ ਤਬਿਹੂੰ ਕਰ ਮਹਿਂ ਰਹਿਗੀ ਕਰਵਾਰ ਕੰਪਾਤੀ।
ਪਾਰ ਪਰਜੋ ਸਰ, ਸ਼ੂੰਕ ਗਡਜੋ ਧਰ, ਯੌਂ ਉਥਲਜੋ ਉਪਮਾ ਉਪਜਾਤੀ।
ਬਾਯੁ ਸੁ ਬੇਗ ਬਿਸਾਲ ਬਹਜੋ ਤਰੁ ਤੇ ਛਿੰਨ ਮੂਲ ਧਰਾ ਪੈ ਪਪਾਤੀ॥ ੧੭ ॥

ਤਿੱਖਾ ਭਿਆਨਕ ਤੀਰ ਛੱਡਿਆ ਤੇ ਵੇਖਦਿਆਂ ਉੱਛਲਦੇ ਨਾਹਰ ਖਾਂ ਦੀ ਛਾਤੀ ਵਿਚ ਲੱਗਾ, ਪੈਰ ਪਸਾਰ ਕੇ ਲੰਮਾ ਪੈ ਗਿਆ ਤੇ ਹੱਥ ਵਿਚ ਫੜੀ ਤਲਵਾਰ ਕੰਬਦੀ ਰਹਿ ਗਈ, ਤੀਰ ਛਾਤੀ ਨੂੰ ਪਾਰ ਕਰ ਗਿਆ ਤੇ ਸ਼ੂਕਦਾ ਹੋਇਆ ਧਰਤੀ ਵਿਚ ਗੱਡਿਆ ਗਿਆ। ਨਾਹਰ ਖਾਂ ਦੇ ਡਿੱਗਣ ਦੀ ਇਸ ਪ੍ਰਕਾਰ ਉਪਮਾ ਬਣਦੀ ਹੈ, ਜਿਵੇਂ ਤੇਜ਼ ਹਵਾ ਦੇ ਵਗਣ ਨਾਲ ਦਰੱਖਤ ਜੜ੍ਹੋਂ ਹੀ ਪੁੱਟ ਕੇ ਧਰਤੀ ਉੱਤੇ ਡਿੱਗ ਪੈਂਦਾ ਹੈ॥ ੧੭॥

ਮੁਗਲੇ ਜੁ ਪਠਾਨ ਬਿਲੋਕਤਿ ਥੇ ਭਯ ਪਾਇ ਮਹਾਂ ਦਬਕੇ ਪਿਛਵਾਈ।
ਮਰਦੂਦਹਿ ਖ੍ਵਾਜ ਦਿਵਾਰ ਕੇ ਸਾਯੋ ਮਹਿਂ ਬੈਠਿ ਰਹਜੋ ਤਨ ਨਾ ਉਕਸਾਈ।
ਭਟ ਔਰ ਭਿ ਹੋਰਿ ਹਿਰਾਨ ਭਏ ਸਰਦਾਰ ਮਹਾਨ ਹਨਜੋ ਸਰ ਆਈ।
ਗਨ ਤੀਰ ਤੁਫੰਗ ਹਨੈਂ ਥਿਰ ਹ੍ਵੈ ਕਰਿ ਪੈਰ ਨ ਘਾਲਤਿ ਹੈਂ ਅਗਵਾਈ॥ ੧੮ ॥

ਮੁਗ਼ਲ ਅਤੇ ਪਠਾਣ ਜਿਹੜੇ ਵੇਖਦੇ ਸਨ, ਬਹੁਤ ਦੱਬ ਕੇ ਭੈ ਖਾ ਕੇ ਪਿਛਾਂਹ ਹੋ ਗਏ। ਖ੍ਵਾਜਾ ਮਰਦੂਦ ਕੰਧ ਦੇ ਉਹਲੇ ਵਿਚ ਬੈਠਾ ਰਿਹਾ, ਉਸ ਆਪਣੇ ਸਰੀਰ ਨੂੰ ਨਾ ਹਿਲਾਇਆ। ਹੋਰ ਸੂਰਬੀਰ ਵੀ ਬਹੁਤ ਹੈਰਾਨ ਹੋਏ ਕਿ ਤੀਰ ਨੇ ਆ ਕੇ ਮਹਾਨ ਸਰਦਾਰ ਨੂੰ ਮਾਰ ਦਿੱਤਾ। ਖੜੇ ਹੋ ਕੇ ਬਹੁਤ ਤੀਰ ਅਤੇ ਬੰਦੂਕਾਂ ਛੱਡੀਆਂ, ਪਰ ਇਕ ਪੈਰ ਵੀ ਨਾ ਅੱਗੇ ਧਰਿਆ॥ ੧੮ ॥

ਖ੍ਵਾਜਾ ਦੁਰਜੋ ਲਖਿਕੈ ਗਤਿ ਤਾਂਹਿ ਹਇ ਗ਼ੈਰਤ ਖਾਨ ਕਰੀ ਚਪਲਾਈ।
ਕੋਟ ਦਿਵਾਰ ਕੇ ਆਵਨ ਲਾਗ ਪਰਜੋ ਜਹਿਂ ਨਾਹਰਖਾਂ ਅਗਵਾਈ।
ਸ਼੍ਰੀ ਗੁਰ ਡੀਠ ਪਰਜੋ ਤਬਿਹੂੰ ਤਤਕਾਲ ਹੀ ਤੀਰ ਲੈ ਜੇਹ ਧਸਾਈ।
ਐਂਚਤਿ ਛੋਰਿ ਦਯੋ ਸਰ ਘੋਰ ਗਯੋ ਅਰਿ ਓਰ ਦਯੋ ਉਥਲਾਈ॥ ੧੯॥

ਖਵਾਜੇ ਮਰਦੂਦ ਨੂੰ ਲੁਕਿਆ ਵੇਖ ਕੇ ਤੇ ਨਾਹਰ ਖਾਂ ਦੀ ਹੋਦੀ ਗਤੀ ਵੇਖ ਕੇ ਗੈਰਤ ਖਾਂ ਨੇ ਅਣਖ ਵਿਚ ਆ ਕੇ ਚਲਾਕੀ ਕੀਤੀ ਤੇ ਕਿਲ੍ਹੇ ਦੀ ਕੰਧ ਪਾਸ ਜਿੱਥੇ ਅੱਗੇ ਨਾਹਰ ਖਾਂ ਪਿਆ ਸੀ, ਉਸ ਪਾਸੇ ਆਉਣ ਲੱਗਾ। ਜਦ ਗੁਰੂ ਜੀ ਦੀ ਉਸ ਉੱਤੇ ਨਜ਼ਰ ਪਈ ਤੇ ਤੁਰਤ ਤੀਰ ਲੈ ਕੇ ਚਾਪ ਤੇ ਰੱਖਿਆ। ਤੀਰ ਕਮਾਨ ਖਿੱਚਣ ਨਾਲ ਤੀਰ ਬੜੇ ਜ਼ੋਰ ਦੀ ਵੈਰੀ ਵੱਲ ਗਿਆ ਤੇ ਉਸਨੂੰ ਉਥੇ ਹੀ ਉਲਟਾ ਦਿੱਤਾ॥ ੧੯॥

ਦ੍ਵੈ ਸਰਦਾਰ ਹਤੇ ਜਬਿ ਯੌਂ ਤਬਿ ਸਾਯੋ ਦਿਵਾਰ ਕੋ ਤਜਾਗਤਿ ਨਾਂਹੀ।
ਕਾਇਰ ਹ੍ਵੈ ਥਿਰ ਹੋਤਿ ਭਏ ਨਹਿਂ ਆਇ ਸਕੈ ਸੁ ਮਦਾਨ ਕੇ ਮਾਂਹੀ।
ਔਰ ਦਿਸ਼ਾ ਗਨ ਸ਼ੱਤ੍ਰੂ ਬਿਲੋਕਤਿ ਬਾਨਨ ਕੀ ਬਰਖਾ ਤਜਿ ਤਾਂਹੀ।
ਬੇਧਤਿ ਪੰਚਹਿਂ ਸਾਤ ਕਿ ਨੌ ਦਸ ਮਾਰ ਹਜ਼ਾਰਹੁਂ ਕੋ ਬਿਨਸਾਹੀਂ॥ ੨੦॥

ਜਦ ਦੋ ਸਰਦਾਰ ਇਸ ਪ੍ਰਕਾਰ ਮਾਰ ਦਿੱਤੇ ਤਾਂ ਦਿਵਾਰ ਦੀ ਓਟ ਨੂੰ ਛੱਡਦੇ ਨਹੀਂ ਸਨ। ਕਾਇਰ ਹੋ ਕੇ ਉਥੇ ਹੀ ਬੈਠ ਗਏ ਤੇ ਮੈਦਾਨ ਦੇ ਵਿਚ ਨਾ ਆ ਸਕੇ। ਹੋਰ ਪਾਸੇ ਬਹੁਤ ਵੈਰੀ ਵੇਖ ਕੇ ਉਸ ਪਾਸੇ ਤੀਰਾਂ ਦੀ ਵਰਖਾ ਕਰਨ ਲੱਗੇ। ਇਕ ਤੀਰ ਪੰਜਾਂ ਸਤਾਂ ਕਿ ਨੌਂ ਦਸ ਨੂੰ ਵਿੰਨ੍ਹ ਦਿੰਦਾ ਸੀ, ਇਸ ਪ੍ਰਕਾਰ ਹਜ਼ਾਰਾਂ ਹੀ ਤੁਰਕ ਗੁਰੂ ਜੀ ਨੇ ਮਾਰ ਦਿੱਤੇ॥ ੨੦॥

ਕੇਤਿਕ ਸਿੰਘ ਮਰੇ ਲਰਿ ਬਾਹਰ ਜ਼ਾਹਰ ਜੰਗ ਦਿਖਾਇ ਉਦਾਰੇ।
ਕੇਤਿਕ ਅੰਤਰ ਬੀਰ ਨਿਰੰਤਰ ਜੁਝਤਿ ਹੈਂ ਸਰ ਬ੍ਰਿੰਦਨਿ ਮਾਰੇ।
ਛੋਰਤਿ ਗੋਰੀ ਲਗੈ ਰਿਪੁ ਓਰੀ ਸਰੀਰਨਿ ਫੋਰਿ ਜ਼ਿਮੀਂ ਪਰ ਡਾਰੇ।
ਹੇਲ ਕੋ ਪਾਵਤਿ ਆਵਤਿ ਧਾਵਤਿ ਪ੍ਰਾਨ ਗਵਾਵਤਿ ਪੁੰਜ ਜੁਝਾਰੇ॥ ੨੧॥

ਕਈ ਸਿੰਘ ਕਿਲ੍ਹੇ ਵਿਚੋਂ ਬਾਹਰ ਆ ਕੇ ਵੱਡਾ ਯੁੱਧ ਵਿਖਾ ਕੇ ਸ਼ਹੀਦ ਹੋ ਗਏ। ਕਈ ਸਿੰਘ ਅੰਦਰ ਹੀ ਲਗਾਤਾਰ ਲੜ ਰਹੇ ਹਨ, ਤੇ ਬਹੁਤ ਤੀਰ ਛੱਡ ਰਹੇ ਹਨ। ਉਹ ਗੋਲੀਆਂ ਛੱਡਦੇ ਹਨ ਤੇ ਵੈਰੀ ਦਾ ਸਰੀਰ ਪਾੜ ਧਰਤੀ 'ਤੇ ਸੁੱਟ ਦਿੰਦੇ ਹਨ। ਕਈ ਸੂਰਬੀਰ ਹੱਲਾ ਕਰਦੇ ਹਨ, ਦੌੜ ਕੇ ਆਉਂਦੇ ਹਨ ਤੇ ਜੂਝ ਕੇ ਆਪਣੇ ਪ੍ਰਾਣ ਗਵਾ ਲੈਂਦੇ ਹਨ॥ ੨੧॥

ਦੇਖਿ ਮਿਲੇ ਉਮਰਾਵ ਕਹੈਂ 'ਸਭਿ ਹੀ ਇਕ ਬਾਰ ਕਰੋ ਬਡ ਹੇਲਾ।
ਕੂਦ ਪਰੋ ਗਢ ਅੰਤਰ ਸੰਮੁਖ ਲਾਖਨ ਕੋ ਕਿਮ ਊਪਰ ਝੇਲਾ।
ਗੋਬਿੰਦ ਸਿੰਘ ਗੁਰੂ ਗਹਿ ਲੀਜਹਿ ਕੀਜਹਿ ਓਜ ਭਲੋ ਅਬਿ ਬੇਲਾ।
ਜੰਗ ਕੋ ਅੰਤ ਕਰੋ ਚਲਿ ਸ਼ਾਹ ਪੈ ਲੈ ਬਖਸ਼ੀਸ਼ ਕੇ ਹੂਜੈ ਸੁਹੇਲਾ'॥ ੨੨॥

ਇਹ ਵੇਖ ਕੇ ਮਿਲ ਕੇ ਉਮਰਾਵ ਕਹਿਣ ਲੱਗੇ, "ਸਾਰੇ ਇਕ ਵਾਰ ਮਿਲ ਕੇ ਵੱਡਾ ਹਮਲਾ ਕਰੋ। ਛਾਲਾਂ ਮਾਰ ਕੇ ਕਿਲ੍ਹੇ ਦੇ ਵਿਚ ਵੜ ਜਾਵੋ। ਲੱਖਾਂ ਵਲੋਂ ਕੀਤਾ ਹੋਇਆ ਹਮਲਾ ਕਿਵੇਂ ਝੱਲ ਲੈਣਗੇ। ਗੁਰੂ ਗੋਬਿੰਦ ਸਿੰਘ ਨੂੰ ਫੜ ਲਵੋ, ਹੁਣ ਵੇਲਾ ਹੈ, ਭਲੀ ਪ੍ਰਕਾਰ ਸ਼ਕਤੀ ਲਗਾਓ। ਜੰਗ ਦਾ ਏਥੇ ਹੀ ਅੰਤ ਕਰੋ, ਗੁਰੂ ਜੀ ਨੂੰ ਫੜ ਕੇ ਬਾਦਸ਼ਾਹ ਪਾਸ ਲੈ ਜਾਵੋ ਤੇ ਬਖਸ਼ੀਸ਼ ਪ੍ਰਾਪਤ ਕਰਕੇ ਸੁਖੀ ਹੋਵੋ"॥ ੨੨॥

ਯੌਂ ਕਹਿ ਕੈ ਚਹੁੰ ਓਰ ਘਿਰੇ ਬਹੁ ਬੋਲ ਪਰੇ ਕਰਿ ਹੇਲ ਬਿਸਾਲਾ।
ਹੋਤਿ ਕੁਲਾਹਲ ਬੀਰ ਚਲਾਚਲ ਲਾਖੋਂ ਹਲਾ ਹਲ ਕੂਕ ਕਰਾਲਾ।
ਛੂਟਿ ਤੁਫੰਗ ਤੜਾਭੜ ਮਾਚਤਿ ਰਾਚਤਿ ਸ਼੍ਰੋਣ ਫਿਰੇ ਅਲਬਾਲਾ।
ਘਾਇਲ ਹ੍ਵੈ ਗਿਰਿ ਭੂਮ ਪਰੇ ਤਰਫੈਂ ਤਨ ਲੋਟਤਿ ਪ੍ਰਾਪਤਿ ਕਾਲਾ॥ ੨੩॥

ਇਸ ਪ੍ਰਕਾਰ ਕਹਿ ਕੇ ਚਾਰੇ ਪਾਸੇ ਘੇਰ ਲਏ, ਬਹੁਤ ਬੋਲ ਕੇ ਵਿਸ਼ਾਲ ਹੱਲਾ ਕੀਤਾ। ਸੂਰਬੀਰਾਂ ਦੇ ਚਲਣ ਨਾਲ ਬੜਾ ਰੌਲਾ ਮੱਚ ਗਿਆ, ਲੱਖਾਂ ਸੂਰਬੀਰਾਂ ਦੀ ਵਿਕਰਾਲ ਆਵਾਜ਼ ਕੂਕ ਪਈ। ਬੰਦੂਕਾਂ ਚਲਣ ਨਾਲ ਤੜਾਭੜ ਮੱਚ ਗਈ, ਖੂਨ ਧਰਤੀ ਵਿਚ ਰਚ ਕੇ ਫਿਰਦਾ ਸੀ। ਸੂਰਬੀਰ ਘਾਇਲ ਹੋ ਕੇ ਧਰਤੀ 'ਤੇ ਡਿੱਗ ਪਏ, ਧਰਤੀ ਤੇ ਪਏ ਤੜਫਦੇ ਸਨ ਤੇ ਲੇਟਦੇ ਹੋਏ ਕਾਲ ਨੂੰ ਪ੍ਰਾਪਤ ਹੋ ਰਹੇ ਸਨ॥ ੨੩॥

ਸ੍ਰੀ ਗੁਰੂ ਗੋਬਿੰਦ ਸਿੰਘ ਬਿਲੋਕਤਿ ਰੋਕਤਿ ਸ਼ੋਕ ਦੇ ਸ਼ੱਤ੍ਰਨਿ ਕੋ।
ਬਾਨ ਸਮੂਹ ਪ੍ਰਹਾਰਤਿ ਹੈਂ ਵਧਿ ਆਗੇ ਜੁ ਆਵਤਿ ਦੈਂ ਹਨਿ ਕੋ।
ਲੋਥਨ ਪੋਥਨ ਢੇਰ ਗਏ ਲਗਿ ਊਪਰ ਨੀਚੇ ਪਰੇ ਤਨ ਕੋ।
ਜਯੋਂ ਗਿਰ ਸ਼੍ਰਿੰਗ ਸ੍ਰਵੈਂ ਜਲ ਕੋ ਤਿਮ ਸ਼੍ਰੋਨ ਚਲਯੋ ਸ਼ਵ ਢੇਰਨਿ ਕੋ॥ ੨੪॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਖ ਕੇ ਵੈਰੀ ਨੂੰ ਦੁਖ ਦੇ ਕੇ ਰੋਕਦੇ ਸਨ। ਤੀਰਾਂ ਦੇ ਸਮੂਹ ਚਲਾਉਂਦੇ ਸਨ ਤੇ ਜਿਹੜਾ ਵੀ ਵੈਰੀ ਵਧ ਕੇ ਅੱਗੇ ਆਉਂਦਾ ਸੀ, ਉਸ ਨੂੰ ਮਾਰ ਦਿੰਦੇ ਸਨ। ਲੋਥਾਂ ਉੱਪਰ ਲੋਥਾਂ ਚੜ੍ਹ ਕੇ ਢੇਰ ਲੱਗ ਗਏ ਸਨ। ਸਰੀਰ ਉੱਪਰ ਹੇਠਾਂ ਪਏ ਸਨ, ਮੁਰਦਿਆਂ ਦੇ ਢੇਰਾਂ ਵਿਚੋਂ ਖੂਨ ਵਹਿੰਦਾ ਸੀ, ਜਿਵੇਂ ਪਹਾੜ ਦੀ ਚੋਟੀ ਤੋਂ ਜਲ ਚੋਂਦਾ ਹੈ॥ ੨੪॥

ਰਸਾਵਲ ਛੰਦ-ਸਰੰ ਸੰਗ ਸੂਰੇ। ਕਰੇ ਮਾਰਿ ਦੂਰੇ। ਥਿਰੇ ਓਟ ਲੈ ਕੈ। ਮਹਾਂ ਤ੍ਰਾਸ ਧੈ ਕੈ॥੨੫॥

ਤੀਰ ਮਾਰ ਕੇ ਸੂਰਬੀਰ ਅਗਲੀ ਦੁਨੀਆਂ ਵਿਚ ਭੇਜ ਦਿੱਤੇ, ਜਿਹੜੇ ਦੀਵਾਰ ਵਿਚ ਓਟ ਲੈ ਕੇ ਖੜੇ ਸਨ, ਉਹ ਮਹਾਨ ਡਰੇ ਹੋਏ ਸਨ॥ ੨੫॥

ਨਹੀਂ ਓਤਸਾਹੇ। ਰਿਦੇ ਗਰਬ ਢਾਹੇ। ਬਿਚਾਰੀ ਅਸੰਭੈ। ਮਹਾਨੈ ਅਚੰਭੈ॥੨੬॥

ਉਤਸ਼ਾਹ ਨਹੀਂ ਸੀ ਰਿਹਾ, ਹਿਰਦਿਆਂ ਦਾ ਹੰਕਾਰ ਢਹਿ ਗਿਆ ਸੀ। ਅਸੰਭਵ ਵਿਚਾਰਦੇ ਸਨ। ਮਹਾਨ ਹੈਰਾਨ ਹੁੰਦੇ ਸਨ॥ ੨੬॥

ਹਜ਼ਾਰੋਂ ਪ੍ਰਹਾਰੈਂ। ਅੰਬਾਰੈ ਨਿਹਾਰੈਂ। ਲਰੈਂ ਬਾਰ ਥੋਰੀ। ਮਚੀ ਮਾਰ ਘੋਰੀ॥੨੭॥

ਹਜ਼ਾਰਾਂ ਮਾਰ ਦਿੱਤੇ, ਅੰਬਾਰ ਲਗੇ ਵੇਖਦੇ ਸਨ। ਥੋੜੀ ਵਾਰ ਲੜਦੇ ਸਨ, ਪਰ ਘੋਰ ਮਾਰ ਮੱਚੀ ਹੋਈ ਸੀ॥ ੨੭॥

ਰਿਪੂ ਬੀਚ ਚਾਲੀ। ਛੁਧਾ ਤੇ ਬਿਹਾਲੀ। ਮਿਲੇ ਪਾਸ ਖ੍ਵਾਜੇ। ਕਿਤੇ ਸੈਲ ਰਾਜੇ॥੨੮॥

ਵੈਰੀਆਂ ਦੇ ਘੇਰੇ ਵਿਚ ਕੇਵਲ ਚਾਲੀ ਸਿੰਘ ਸਨ, ਜਿਹੜੇ ਭੁੱਖ ਨਾਲ ਬੇਹਾਲ ਸਨ। ਖਵਾਜੇ ਪਾਸ ਜਾ ਕੇ ਕਈ ਪਹਾੜੀ ਰਾਜੇ ਮਿਲੇ॥ ੨੮॥

ਤਬੈ ਸਿੰਘ ਔਰੇ। ਰਿਸੇ ਪੌਰ ਠੌਰੇ। ਚਲੇ ਬਾਜ ਦੌਰੇ। ਭਏ ਸ਼ੱਤ੍ਰ ਹੌਰੇ॥੨੯॥

ਤਦ ਹੋਰ ਸਿੰਘ, ਦਰਵਾਜੇ ਵਿਚ ਖੜੇ ਗੁੱਸੇ ਵਿਚ ਆ ਗਏ। ਘੋੜੇ ਭੱਜੇ ਜਾਂਦੇ ਸਨ, ਵੈਰੀ ਵੇਖ ਕੇ ਹੌਲੇ ਪੈ ਗਏ॥੨੯॥

ਜਹਾਂ ਠੌਰ ਧਾਵੈਂ। ਤੁਫੰਗੈਂ ਚਲਾਵੈਂ। ਕਿਲੇ ਕੋ ਤਕਾਵੈਂ। ਚਢੈਂ ਹਾਥ ਪਾਵੈਂ॥੩੦॥

ਵੈਰੀ ਜਿਸ ਪਾਸੇ ਵੀ ਜਾਂਦੇ ਸਨ, ਉਨ੍ਹਾਂ ਉੱਪਰ ਬੰਦੂਕਾਂ ਚਲਾਉਂਦੇ ਸਨ। ਕਿਲ੍ਹੇ ਨੂੰ ਤੱਕਦੇ ਸਨ ਤੇ ਚੜ੍ਹਨ ਵਾਸਤੇ ਹੱਥ ਪਾਉਂਦੇ ਸਨ॥ ੩੦॥

ਤਹਾਂ ਕੋ ਪਯਾਨੇ। ਨਿਕਾਰੀ ਕ੍ਰਿਪਾਨੇਂ। ਬਨੇ ਸਾਵਧਾਨੇ। ਬਿਲੋਕੇ ਰਿਸਾਨੇ ॥੩੧॥

ਉਸ ਪਾਸੇ ਵੱਲ ਗਏ, ਕ੍ਰਿਪਾਨਾਂ ਕੱਢੀਆਂ, ਸਾਵਧਾਨ ਬਣ ਗਏ, ਬੜੇ ਗੁੱਸੇ ਨਾਲ ਵੇਖਦੇ ਸਨ॥ ੩੧॥

ਪਰੇ ਬੀਰ ਧਾਈ। ਨਹੀਂ ਸ਼ੰਕ ਪਾਈ। ਬਡੀ ਧੂਮ ਘਾਲੀ। ਪਰੀ ਹਾਲ ਚਾਲੀ ॥੩੨॥

ਸੂਰਬੀਰ ਧਾਵਾ ਕਰਕੇ ਪੈ ਗਏ, ਕੋਈ ਸ਼ੰਕਾ ਨਾ ਪਾਈ, ਬੜੀ ਧੂਮ ਮਚਾਈ, ਹਲਚਲ ਪੈ ਗਈ॥ ੩੨॥

ਕਰਾਚੋਲ ਬਾਹੇ। ਕਟੇ ਅੰਗ ਲਾਹੇ। ਤਤੰਕਾਲ ਡਿੱਗੇ। ਘਨੇ ਸ਼੍ਰੋਣ ਭਿੱਗੇ ॥੩੩॥

ਕਿਰਪਾਨਾਂ ਵਾਹੀਆਂ, ਅੰਗ ਕੱਟ ਕੇ ਲਾਹ ਦਿੱਤੇ, ਤੁਰਤ ਹੇਠਾਂ ਡਿੱਗ ਪਏ, ਬੁਰੀ ਤਰ੍ਹਾਂ ਲਹੂ ਨਾਲ ਭਿੱਜ ਗਏ॥੩੩

ਜਿਤੇ ਦੌਰਿ ਜਾਵੈਂ। ਤਿਤੇ ਭਾਗ ਧਾਵੈਂ। ਅਰੈਂ ਅੱਗ੍ਰ ਨਾਂਹੀ। ਮਿਲੇ ਪੀਠ ਜਾਂਹੀ ॥੩੪॥

ਜਿੱਥੇ ਵੀ ਦੌੜ ਕੇ ਜਾਂਦੇ ਸਨ, ਓਥੇ ਹੀ ਭੱਜ ਕੇ ਹਮਲਾ ਕਰਦੇ ਸਨ। ਸਾਹਮਣੇ ਹੋ ਕੇ ਅੜਦੇ ਨਹੀਂ ਸਨ। ਸਿੰਘਾਂ ਮਿਲਿਆਂ ਤੁਰਕ ਪਿੱਠ ਕਰ ਜਾਂਦੇ ਸਨ॥ ੩੪॥

ਲਿਏ ਸੇਲ ਭਾਲੇ। ਹਨੈਂ ਆਨਿ ਜਾਲੇ। ਕਿਧੌਂ ਤਾਕਿ ਗੋਰੀ। ਤਜੈਂ ਸਿੰਘ ਓਰੀ ॥੩੫॥

ਬਰਛੇ ਅਤੇ ਭਾਲੇ ਲਏ, ਬਹੁਤ ਆ ਕੇ ਮਾਰ ਦਿੱਤੇ। ਕਦੀ ਗੋਲੀਆਂ ਦੇ ਨਿਸ਼ਾਨੇ ਤੱਕ ਕੇ ਸਿੰਘਾਂ ਵੱਲ ਛੱਡ ਸਨ॥ ੩੫॥

ਰਹੈਂ ਦੂਰ ਠਾਢੇ। ਨ ਹ੍ਵੈਂ ਤਰਿ ਗਾਢੇ। ਮਹਾਂ ਤੇਜਵੰਤੇ। ਬਿਲੋਕੈਂ ਲਰੰਤੇ ॥੩੬॥

ਦੂਰ ਖੜੇ ਰਹਿੰਦੇ ਸਨ, ਤਕੜੇ ਹੋ ਕੇ ਸਿੰਘਾਂ ਦੇ ਪਾਸ ਖੜੇ ਨਹੀਂ ਹੁੰਦੇ। ਮਹਾਂ ਤੇਜਵਾਨ ਹਨ, ਲੜਦੇ ਹੋਏ ਵੇਖ ਹਨ॥ ੩੬॥

ਦੋਹਰਾ-ਇਸ ਪ੍ਰਕਾਰ ਘਮਸਾਨ ਕਰਿ ਤਜਿ ਗਢ ਬਾਹਰ ਆਇ।
ਲਰੈਂ ਪ੍ਰਹਾਰੈਂ ਤੁਰਕ ਗਨ ਮਰੈਂ ਸਿੰਘ ਰਣ ਥਾਇਂ॥ ੩੭॥

ਇਸ ਪ੍ਰਕਾਰ ਘਮਸਾਨ ਕਰ ਕਿਲ੍ਹੇ ਨੂੰ ਛੱਡ ਕੇ ਬਾਹਰ ਆਏ। ਲੜਾਈ ਕਰਕੇ ਬਹੁਤ ਤੁਰਕਾਂ ਨੂੰ ਮਾਰਦੇ ਸਨ, ਕਿ ਸਿੰਘ ਵੀ ਰਣਖੇਤਰ ਵਿਚ ਹੀ ਸ਼ਹੀਦ ਹੋ ਜਾਂਦੇ ਸਨ॥ ੩੭॥

ਅਰਧ ਸਿੰਘ ਪਹੁੰਚੇ ਸੁਰਗ ਅਰਧ ਗੁਰੂ ਕੇ ਤੀਰ।
ਉਭੈ ਪੁੱਤ੍ਰ ਰਸ ਬੀਰ ਮਹਿਂ ਚਹੈਂ ਲਰਨ ਬਰ ਬੀਰ॥ ੩੮॥

ਅੱਧੇ ਸਿੰਘ ਸਵਰਗਾਂ ਵਿਚ ਪਹੁੰਚ ਗਏ, ਅੱਧੇ ਗੁਰੂ ਜੀ ਦੇ ਪਾਸ ਚਲੇ ਗਏ। ਗੁਰੂ ਜੀ ਦੇ ਪੁੱਤਰ ਵੀ ਬੀਰ-ਰਸ ਵਿ ਭਿੱਜੇ ਹੋਏ ਸਨ, ਉਹ ਵੀ ਸੂਰਬੀਰ ਯੁੱਧ ਕਰਨਾ ਚਾਹੁੰਦੇ ਸਨ॥ ੩੮॥

*ਛੇਵੀਂ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥*

☆☆☆

# ਅਧਿਆਇ ਉਣਤਾਲੀਵਾਂ

### ਬਾਬਾ ਅਜੀਤ ਸਿੰਘ ਜੀ ਦਾ ਯੁੱਧ

ਦੋਹਰਾ- ਸ੍ਰੀ ਅਜੀਤ ਸਿੰਘ ਬੀਰ ਬਰ ਪਿਖਿ ਸੰਗ੍ਰਾਮ ਬ੍ਰਿਤੰਤ।
ਚਹਜੋ ਆਪ ਨਿਕਸਨ ਤਬੈ ਗੁਰ ਕੋ ਸੁਤ ਬਲਵੰਤ॥ ੧॥

ਸ੍ਰੇਸ਼ਟ ਸੂਰਬੀਰ ਸ੍ਰੀ ਅਜੀਤ ਸਿੰਘ ਨੇ ਸੰਗ੍ਰਾਮ ਦਾ ਬ੍ਰਿਤਾਂਤ ਵੇਖ ਕੇ ਤਦ ਗੁਰੂ ਜੀ ਦੇ ਬਲਵਾਨ ਪੁੱਤਰ ਨੇ ਆਪ ਬਾਹਰ ਨਿਕਲਣਾ ਚਾਹਿਆ॥ ੧॥

ਸਾਬਾਸ ਛੰਦ- ਮਨਹਿ ਬਿਚਾਰਹਿ। ਤੁਰਕ ਬਿਦਾਰਹਿੰ।
ਥਿਰਹਿੰ ਨ ਅੰਤਰ। ਲਰਹਿੰ ਨਿਰੰਤਰ॥ ੨॥

ਸਾਹਿਬਜ਼ਾਦੇ ਨੇ ਮਨ ਵਿਚ ਵਿਚਾਰ ਕੀਤੀ ਕਿ ਤੁਰਕਾਂ ਨੂੰ ਮਾਰੀਏ ਅੰਦਰ ਨਾ ਠਹਿਰੀਏ, ਆਹਮੋ ਸਾਹਮਣੇ ਹੋ ਕੇ ਲਗਾਤਾਰ ਯੁੱਧ ਕਰੀਏ॥ ੨॥

ਤਬਿ ਪ੍ਰਭੁ ਤੀਰਹਿ। ਪਹੁੰਚਿ ਸਧੀਰਹਿ।
ਸਤਿਗੁਰ ਨੰਦਨ। ਕਰਿ ਅਭਿਬੰਦਨ॥ ੩॥

ਤਦ ਧੀਰਜਵਾਨ ਸਾਹਿਬਜ਼ਾਦਾ ਸਤਿਗੁਰੂ ਜੀ ਦੇ ਪਾਸ ਪਹੁੰਚਿਆ ਤੇ ਸਤਿਗੁਰੂ ਜੀ ਦੇ ਪੁੱਤਰ ਨੇ ਗੁਰੂ ਜੀ ਨੂੰ ਬੰਦਨਾ ਕੀਤੀ॥ ੩॥

ਰਹਿ ਕਰ ਜੋਰਹਿ। ਪਿਤਹਿ ਨਿਹੋਰਹਿ।
ਸੁਤ ਦਿਸ਼ ਨੈਨਹਿ। ਕਰਿ, ਕਹਿ ਬੈਨਹਿੰ॥ ੪॥

ਹੱਥ ਜੋੜ ਕੇ ਖਲੋਤੇ ਰਹੇ, ਪਿਤਾ ਜੀ ਨੇ ਫਿਰ ਵੇਖਿਆ, ਪੁੱਤਰ ਪਾਸੇ ਅੱਖਾਂ ਨਾਲ ਵੇਖਿਆ। ਸਤਿਗੁਰੂ ਜੀ ਫਿਰ ਬੋਲੇ॥ ੪॥

'ਕਿਮ ਅਭਿਲਾਖਹੁ? ਸਚ ਬਚ ਭਾਖਹੁ'।
ਸੁਨਿ ਕਰਿ ਬੀਰਹਿ। ਕਹਿ ਧਰਿ ਧੀਰਹਿ॥ ੫॥

"ਕੀ ਅਭਿਲਾਸ਼ਾ ਹੈ, ਸੱਚਾ ਬਚਨ ਕਹੋ।" ਇਹ ਸੁਣ ਕੇ ਸੂਰਬੀਰ ਨੇ ਧੀਰਜ ਧਾਰ ਕੇ ਕਿਹਾ॥ ੫॥

'ਨਿਜ ਕੁਲ ਰੀਤਹਿ। ਚਿਤ ਮਹਿੰ ਪ੍ਰੀਤਹਿ।
ਅਬਹਿ ਸਮੈਂ ਸੁਭ। ਲਖਿ ਮਨ ਮੈਂ ਪ੍ਰਭੁ!॥ ੬॥

"ਆਪਣੀ ਕੁਲ ਦੀ ਰੀਤ ਹੈ, ਚਿੱਤ ਵਿਚ ਪ੍ਰੀਤ ਹੈ। ਹੁਣ ਸ਼ੁਭ ਸਮਾਂ ਹੈ, ਹੇ ਪ੍ਰਭੂ ਜੀ ਆਪਣੇ ਮਨ ਵਿਚ ਸਮਝੋ॥ ੬॥

ਧਰਮ ਨਿਬਾਯਹੁ। ਮੁਖ ਫੁਰਮਾਯਹੁ।
ਤੁਰਕ ਸਮੂਹਨਿ। ਕਰਿ ਕਰਿ ਹੂਹਨਿ॥ ੭॥

ਆਪਣਾ ਧਰਮ ਨਿਰਬਾਹੋ, ਆਪਣੇ ਮੁਖਾਰਬਿੰਦ ਤੋਂ ਫੁਰਮਾ ਦੇਵੋ ਕਿ ਤੂੰ ਯੁੱਧ ਧਰਮ ਜਾਂ ਖੱਤਰੀ ਧਰਮ ਨੂੰ ਨਿਰਬਾਹੋ ਭਾਵ ਜੰਗ ਲਈ ਆਪਣੀ ਆਗਿਆ ਬਖਸ਼ੋ। ਤੁਰਕ ਸਮੂਹ ਹੱਲੇ ਕਰ ਕਰ ਆਏ ਹਨ॥ ੭॥

'ਕਰਹੁੰ ਹਟਾਵਨ। ਗਤਿ ਰਣਥਾਵਨ'।
ਸੁਨਿ ਬਿਕਸੇ ਗੁਰ। ਕਹਹਿਂ 'ਭਲੇ ਉਰ॥ ੮॥

''ਯੁੱਧ ਭੂਮੀ ਵਿਚ ਜਾ ਕੇ ਵੈਰੀ ਨੂੰ ਰੋਕਾਂਗਾ।'' ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਕਿਹਾ, ''ਹਿਰਦੇ ਵਿਚ ਭਲਾ ਵਿਚਾਰਿਆ ਹੈ॥ ੮॥

ਹਤਿ ਤੁਰਕਾਨਹਿਂ। ਕਰਿ ਘਮਸਾਨਹਿ।
ਸ਼ੁਭ ਪਦ ਪਾਵਹੁ। ਮਮ ਮਨ ਭਾਵਹੁ॥ ੯॥

ਜੰਗ ਕਰਕੇ ਤੁਰਕਾਂ ਨੂੰ ਮਾਰੇ ਤੇ ਸ਼ੁਭ ਪਦਵੀ ਪਾਵੇ, ਮੇਰੇ ਮਨ ਨੂੰ ਚੰਗੇ ਲੱਗੋ॥ ੯॥

ਸੁਜਸੁ ਬਿਥਾਰਹੁ। ਅਰਿ ਗਨ ਮਾਰਹੁ।
ਸਿਖ ਲਿਹੁ ਸੰਗਹਿ। ਹਿਤ ਅਤਿ ਜੰਗਹਿ॥ ੧੦॥

ਸ੍ਰੇਸ਼ਟ ਜੱਸ ਵਿਸਥਾਰੇ, ਬਹੁਤ ਵੈਰੀ ਮਾਰੇ, ਆਪਣੇ ਨਾਲ ਕੁਝ ਸਿੰਘ ਲਵੇ ਅਤੇ ਘਮਸਾਨ ਦਾ ਯੁੱਧ ਕਰੇ॥ ੧੦॥

ਦੋਹਰਾ-ਸਦਾ ਧਰਮ ਛੱਤ੍ਰੀਨਿ ਕੋ ਚਲਜੋ ਸਨਾਤਨ ਆਇ।
ਤੁਝ ਸਮ ਬਯ ਅਭਿਮੰਨਜੁ ਕੀ ਲਰਜੋ ਜਗਤ ਜਸ ਗਾਇ॥ ੧੧॥

ਪੁਰਾਤਨ ਕਾਲ ਤੋਂ ਇਹ ਖੱਤਰੀਆਂ ਦਾ ਧਰਮ ਚਲਦਾ ਆਇਆ ਹੈ ਤੁਹਾਡੇ ਵਰਗੀ ਉਮਰ ਅਭਿਮੰਨੂੰ ਦੀ ਸੀ, ਜਿਸ ਨੇ ਯੁੱਧ ਕੀਤਾ ਸੀ, ਜਗਤ ਵਿਚ ਹੁਣ ਤਕ ਉਸ ਦਾ ਜੱਸ ਗਾਇਆ ਜਾਂਦਾ ਹੈ॥ ੧੧॥

ਸਨਮੁਖ ਰਨ ਮਾਰਨ ਮਰਨ, ਅਰਿਨ ਪੀਠ ਨਹਿਂ ਦੇਨ।
ਸ਼ੁਭ ਪਦ ਕੋ ਪਰਲੋਕ ਮਹਿਂ ਅਵਨੀ ਮਹਿਂ ਜਸ ਲੇਨ॥ ੧੨॥

ਸਾਹਮਣੇ ਹੋ ਕੇ ਮਰਨ ਮਾਰਨ ਕਰਨਾ ਹੈ ਤੇ ਅੜਨਾ ਹੈ, ਪਿੱਠ ਨਹੀਂ ਵਿਖਾਉਣੀ ਹੈ। ਫਿਰ ਪਰਲੋਕ ਵਿਚ ਸ਼ੁਭ ਪਦਵੀ ਪ੍ਰਾਪਤ ਹੁੰਦੀ ਹੈ ਤੇ ਧਰਤੀ 'ਤੇ ਜੱਸ ਪ੍ਰਾਪਤ ਹੁੰਦਾ ਹੈ'॥ ੧੨॥

ਨਰਾਜ ਛੰਦ-ਬਲੀ ਅਜੀਤ ਸਿੰਘ ਜੀ ਨਿਖੰਗ ਅੰਗ ਸੰਗ ਹੈ।
ਬਿਭੀਖਣੰ ਨਿਰੀਖਣੰ ਸੁ ਤੀਖਣੰ ਖਤੰਗ ਹੈਂ।
ਕ੍ਰਿਪਾਨ ਹੇਮ ਮੁਸ਼ਟ ਸੌਂ ਕੁਦੰਡ ਲੈ ਕਠੋਰ ਕੋ।
ਧਰੇ ਸਮੂਹ ਆਯੁਧਾਨਿ ਦੀਰਘਾਇ ਘੋਰ ਕੋ॥ ੧੩॥

ਬਲਵਾਨ ਅਜੀਤ ਸਿੰਘ ਜੀ ਦੇ ਅੰਗਾਂ ਨਾਲ ਤੀਰਾਂ ਦਾ ਭੱਥਾ ਬੰਨ੍ਹਿਆ ਹੈ, ਜਿਸ ਵਿਚ ਭਿਆਨਕ ਤਿੱਖੇ ਤੀਰ ਰੱਖੇ ਹੋਏ ਹਨ। ਸੋਨੇ ਦੀ ਮੁੱਠੀ ਵਾਲੀ ਕਿਰਪਾਨ ਹੈ ਤੇ ਬੜਾ ਸਖਤ ਧਨੁੱਖ ਬਾਨ ਹੈ। ਸਾਰੇ ਸ਼ਸਤਰ ਵੱਡੇ-ਵੱਡੇ ਅਤੇ ਭਿਆਨਕ ਹਨ ਜਿਹੜੇ ਡੂੰਘੇ ਘਾਵ ਲਾਉਣ ਵਾਲੇ ਹਨ॥ ੧੩॥

ਦਈ ਪਿਤਾ ਪ੍ਰਦੱਛਨਾ ਸੁ ਬੰਦਨਾਹਿ ਠਾਨਿ ਕੈ।
ਅਨੰਦ ਤੇ ਬਿਲੰਦ ਨੈਨ ਭੇ ਪ੍ਰਫੁੱਲਮਾਨਿ ਕੈ।
ਚਲਜੋਸੁ ਪੌਰ ਠੌਰਕੋ ਜਥਾ ਮ੍ਰਿਗਿੰਦ ਭੈ ਬਿਨਾ।
ਪ੍ਰਬੀਰ ਸੰਗ ਪੰਚ ਭੇ ਰਜ਼ਾਇ ਮਾਨਿ ਕੈ ਮਨਾ॥ ੧੪॥

ਫਿਰ ਬੰਦਨਾ ਕਰਕੇ ਪਿਤਾ ਜੀ ਦੀਆਂ ਪਰਿਕਰਮਾਂ ਕੀਤੀਆਂ, ਫਿਰ ਵੱਡੇ ਅਨੰਦ ਨਾਲ ਨੇਤਰ ਪ੍ਰਫੁੱਲਤ ਹੋ ਗਏ। ਫਿਰ ਸ਼ੇਰ ਵਾਂਗ ਭੈ-ਰਹਿਤ ਹੋ ਕੇ ਦਰਵਾਜ਼ੇ ਵੱਲ ਚਲ ਪਏ, ਫਿਰ ਗੁਰੂ ਜੀ ਦਾ ਹੁਕਮ ਮੰਨ ਪੰਜ ਸਿੰਘ ਆਪਣੇ ਨਾਲ ਲੈ ਲਏ॥ ੧੪॥

ਸੈਯਾ-ਆਲਮ ਸਿੰਘ ਧਰੇ ਸਭਿ ਆਯੁਧ ਜਾਤਿ ਜਿਸੀ ਰਜਪੂਤ ਭਲੇਰੀ।
ਖਾਸ ਮੁਸਾਹਿਬ ਦਾਸ ਗੁਰੂ ਕੋ ਪਾਸ ਰਹੈ ਨਿਤ ਸ੍ਰੀ ਮੁਖ ਹੇਰੀ।
ਬੋਲਨਿ ਕੇਰ ਬਿਲਾਸ ਕਰੈਂ ਜਿਹ ਸੰਗ ਸਦਾ ਕਰੁਨਾ ਬਹੁਤੇਰੀ।
ਆਇਸੁ ਲੇ ਹਿਤ ਸੰਘਰ ਕੇ ਮਨ ਹੋਇ ਅਨੰਦ ਚਲਯੋ ਤਿਸ ਬੇਰੀ॥੧੫॥

ਆਲਮ ਸਿੰਘ ਨੇ ਸਭ ਸ਼ਸਤਰ ਧਾਰਨ ਕੀਤੇ, ਜਿਸ ਦੀ ਭਲੀ ਜਾਤ ਰਾਜਪੂਤ ਹੈ। ਉਹ ਸਤਿਗੁਰੂ ਜੀ ਦਾ ਖਾਸ ਮੁਸਾਹਿਬ ਹੈ, ਜਿਹੜਾ ਸਦਾ ਗੁਰੂ ਜੀ ਦੇ ਪਾਸ ਰਹਿ ਕੇ, ਉਨ੍ਹਾਂ ਦੇ ਮੁਖ ਦੇ ਦਰਸ਼ਨ ਕਰਦਾ ਸੀ। ਸਦਾ ਗੁਰੂ ਜੀ ਉਸ ਨਾਲ ਕਿਰਪਾ ਧਾਰ ਕੇ ਬਚਨ ਬਿਲਾਸ ਕਰਦੇ ਸਨ। ਉਸ ਸਮੇਂ ਉਹ ਵੀ ਗੁਰੂ ਜੀ ਪਾਸੋਂ ਆਗਿਆ ਲੈ ਕੇ ਮਨ ਵਿਚ ਅਨੰਦ ਧਾਰ ਕੇ ਸੰਘਰਸ਼ ਵਾਸਤੇ ਚਲ ਪਿਆ॥ ੧੫॥

ਗੁਰ ਨੰਦਨ ਸੰਗ ਅਨੰਦਤਿ ਅੰਗ ਜਵਾਹਰ ਸਿੰਘ ਚਲਯੋ ਭਟ ਭਾਰੀ।
ਜਿਮ ਆਵਤਿ ਬ੍ਰਿੰਦ ਮਲੇਛ ਚਲੇ, ਤਿਨ ਸੰਮੁਖ ਰੋਕ ਬਿਲੋਕ ਅਗਾਰੀ।
ਸਰ ਤੋਮਰ ਛੋਰਿ ਤੁਫੰਗਨ ਤੂਰਨ ਗੇਰਿ ਦੜਾ ਦੜ ਭੂਮ ਮਝਾਰੀ।
ਮੁਖ ਬੋਲਤਿ ਸ੍ਰੀ ਗੁਰਦੇਵ ਫਤੇ ਕਹੁ ਤ੍ਰਾਸ ਬਿਹੀਨ ਲਏ ਅਰਿ ਮਾਰੀ॥੧੬॥

ਗੁਰੂ ਪੁੱਤਰ ਨਾਲ ਵੱਡਾ ਭਾਰੀ ਸੂਰਬੀਰ ਜਵਾਹਰ ਸਿੰਘ ਵੀ ਪ੍ਰਸੰਨਤਾ ਧਾਰ ਕੇ ਚਲ ਪਿਆ। ਜਿਵੇਂ ਬਹੁਤ ਮਲੇਛ ਆ ਰਹੇ ਸਨ, ਉਨ੍ਹਾਂ ਦੇ ਸਾਹਮਣੇ ਹੋ ਕੇ ਰੋਕਣ ਵਾਸਤੇ ਚਲ ਪਏ। ਤੀਰ, ਨੇਜ਼ੇ ਅਤੇ ਬੰਦੂਕਾਂ ਛੱਡ ਕੇ ਦੜਾਦੜ ਭੂਮੀ ਉੱਤੇ ਸੁੱਟ ਲਵੇ। ਮੁੱਖ ਤੋਂ ਸ੍ਰੀ ਗੁਰਦੇਵ ਨੂੰ ਫ਼ਤਹਿ ਬੁਲਾਈ ਤੇ ਵੈਰੀ ਨੂੰ ਮਾਰਨ ਵਾਲੇ ਡਰ ਰਹਿਤ ਯੋਧੇ ਨਾਲ ਲੈ ਲਏ॥ ੧੬॥

ਦੋਹਰਾ-ਧਯਾਨ ਸਿੰਘ ਉਰ ਧਯਾਨ ਗੁਰ ਬਰਯੋ ਅਰਿਨਿ ਮਹਿਂ ਦੌਰਿ।
ਠੌਰ ਠੌਰ ਹਲਚਲ ਪਰੀ ਗੁਰ ਸੁਤ ਤੇ ਬਡ ਰੌਰ॥ ੧੭॥

ਧਿਆਨ ਸਿੰਘ, ਜਿਸ ਦਾ ਹਿਰਦਾ ਗੁਰੂ ਜੀ ਦੇ ਧਿਆਨ ਵਿਚ ਸੀ, ਉਹ ਦੌੜ ਕੇ ਵੈਰੀਆਂ ਵਿਚ ਜਾ ਵੜਿਆ। ਥਾਂ-ਥਾਂ ਹਲਚਲ ਪੈ ਗਈ ਤੇ ਗੁਰੂ ਪੁੱਤਰ ਦੇ ਜਾਣ ਨਾਲ ਵੱਡਾ ਰੌਲਾ ਮੱਚ ਗਿਆ॥ ੧੭॥

ਸੁੱਖਾ ਸਿੰਘ ਤੁਫੰਗ ਲੈ ਨਹਿਂ ਬਰੂਦ ਗੁਲਕਾਨ।
ਤੋੜਾ ਮੋੜਿ ਕਲਾ ਜੜਯੋ ਦਸਤ ਰਵਾਂ ਕਰਿ ਪਾਨ॥ ੧੮॥

ਸੁੱਖਾ ਸਿੰਘ ਨੇ ਬੰਦੂਕ ਲਈ, ਬਰੂਦ ਤੇ ਗੋਲੀਆਂ ਨਹੀਂ ਲਈਆਂ ਹਨ। ਤੋੜਾ ਮੋੜ ਕੇ ਕਲਾ ਵਿਚ ਜੜਿਆ, ਹੱਥ ਨਾਲ ਗੋਲੀ ਛੱਡ ਦਿੰਦੇ ਸਨ॥ ੧੮॥

ਤਕਿ ਦੁਸ਼ਮਨ ਕੇ ਗ਼ਾਤ ਕੋ ਤੂਰਨ ਕਲਾ ਝੁਕਾਇ।
ਡੰਭੈ ਪਲੀਤਾ ਧੁਖਤਿ ਹੈ ਮਾਰਤਿ ਦੇਰ ਨ ਲਾਇ॥ ੧੯॥

ਦੁਸ਼ਮਣ ਦੀ ਗਤੀ ਨੂੰ ਤੱਕ ਕੇ ਤੁਰਤ ਕਲਾ ਝੁਕਾਉਂਦੇ ਸਨ, ਫਿਰ ਡੰਭ ਕੇ ਪਲੀਤਾ ਧੁਖਦਾ ਸੀ, ਤੇ ਮਾਰਦਿਆਂ ਦੇਰ ਨਹੀਂ ਲੱਗਦੀ ਸੀ॥ ੧੯॥

ਬੀਰ ਸਿੰਘ ਬਰ ਬੀਰ ਬਡ ਕਰਿ ਬਹਾਦਰੀ ਭੂਰ।
ਇਤ ਉਤ ਹਨੈ ਮਲੇਛ ਗਨ ਸੂਰ ਗ਼ਰੂਰਨਿ ਦੂਰ॥ ੨੦॥

ਬੀਰ ਸਿੰਘ ਵੱਡਾ ਸੂਰਬੀਰ ਸੀ, ਸ੍ਰੇਸ਼ਟ ਬਹਾਦਰੀ ਕਰਦਾ ਸੀ, ਏਧਰ ਓਧਰ ਹੋ ਕੇ ਮਲੇਛਾਂ ਨੂੰ ਮਾਰਦੇ ਸਨ ਤੇ ਸਾਰੇ ਸੂਰਬੀਰਾਂ ਦਾ ਘੁਮੰਡ ਦੂਰ ਕਰਦੇ ਸਨ॥ ੨੦॥

*ਛਪਯ ਛੰਦ-* ਗੁਰ ਸੁਤ ਉਰ ਮਹਿਂ ਕੁਪਤਿ, ਕੁਪਤਿ ਬਹੁ ਹਨਿ ਕਰਿ ਡਾਰੇ।
ਐਂਚਤਿ ਨਿਠੁਰ ਕਮਾਨ ਮਾਨ ਖਾਨਨ ਨਿਰਵਾਰੇ।
ਗਿਰਤੇ ਬੀਰ ਤੁਰੰਗ ਰੰਗ ਸ਼੍ਰੋਣਤਿ ਜਿਨ ਕੇਰਾ।
ਤੀਛਨ ਬਾਨ ਪ੍ਰਹਾਰ ਹਾਰਦੇ ਤ੍ਰਾਸ ਬਡੇਰਾ।
ਰਿਪੁ ਸਿਪਰ ਜੇਹ ਬਖਤਰ ਕਵਚਪੇਟੀ ਆਦਿਕ ਫੋਰ ਕਰਿ।
ਹਤਿ ਪ੍ਰਾਨ ਹਰੀਫਨ ਕੇ ਤੁਰਤ ਪਾਰ ਪਰਤਿ, ਗਡਿ ਧਰਨ ਸਰ ॥੨੧ ॥

ਗੁਰੂ ਪੁੱਤਰ ਨੇ ਹਿਰਦੇ ਵਿਚ ਬੜਾ ਕ੍ਰੋਧ ਧਾਰਨ ਕੀਤਾ ਤੇ ਕੁਪੱਤੇ ਬਹੁਤ ਵੈਰੀਆਂ ਨੂੰ ਮਾਰ ਦਿੱਤਾ। ਸਖਤ ਧਨੁੱਖ ਨੂੰ ਖਿੱਚ ਕੇ, ਪਠਾਣਾਂ ਦੇ ਮਾਣ ਨੂੰ ਦੂਰ ਕਰਦਾ ਸੀ। ਸੂਰਬੀਰ ਘੋੜਿਆਂ ਤੋਂ ਡਿੱਗਦੇ ਹਨ ਜਾਂ ਸੂਰਮੇ ਅਤੇ ਘੋੜੇ ਡਿੱਗਦੇ ਹਨ, ਜਿਨ੍ਹਾਂ ਦਾ ਰੰਗ ਲਹੂ ਵਰਗਾ ਹੋ ਜਾਂਦਾ ਸੀ। ਤਿੱਖੇ ਬਾਣ ਚਲਾਉਂਦੇ ਸੀ ਤੇ ਵੈਰੀ ਵੱਡਾ ਡਰ ਧਾਰ ਕੇ ਹਾਰ ਜਾਂਦੇ ਸਨ। ਵੈਰੀ ਦੀ ਢਾਲ ਜਾਂ ਕਵਚ ਪੇਟੀ ਪਾੜ ਕੇ ਅੰਦਰ ਧਸ ਜਾਂਦੇ ਸਨ। ਵੈਰੀਆਂ ਦੇ ਪ੍ਰਾਣ ਕੱਢ ਕੇ ਫਿਰ ਤੀਰ ਵਿਚ ਜਾ ਕੇ ਗੱਡੇ ਜਾਂਦੇ ਸਨ॥ ੨੧॥

ਰੁੱਦ੍ਰ ਰੂਪ ਤੇ ਰੁਦ੍ਰ ਸੰਗ ਪ੍ਰਥਮਾਦਿ ਲਿਯੇ ਗਣ।
ਬੀਰ ਬਵੰਜਾ ਮੁਦਤਿ ਜੋਗਣੀ ਜੰਗ ਭੂਤ ਗਣ।
ਹੜਹੜ ਹਸ ਹੜ ਉਠਤਿ ਲੁਠਤਿ ਘਾਇਲ ਤੜਫੰਤੇ।
ਫਿਰੈਂ ਭੂਤ ਬੈਤਾਲ ਤਾਲ ਤਾੜੀਨ ਬਜੰਤੇ।
ਬਡ ਕਾਕ ਕੰਕ ਕੀ ਕੂਕ ਹ੍ਵੈ ਆਮਿਖ ਭਖਿ ਸ਼੍ਰੋਣਤਿ ਪਿਜਤਿ।
ਰਣ ਖੇਤ ਭਰਜੇ ਡਾਕਨ ਡਿਗਰ ਡਕਰਾਵਤਿ ਤ੍ਰਿਪਤੈਂ ਖਿਯਤ ॥੨੨ ॥

ਭਿਆਨਕ ਰੂਪ ਧਾਰ ਕੇ ਪਹਿਲਾਂ ਰੁਦ੍ਰ ਨੇ ਆਪਣੇ ਸਾਰੇ ਗਣ ਨਾਲ ਲਏ। ਬੀਰ ਬਵੰਜਾ ਬਹੁਤ ਪ੍ਰਸੰਨ ਸਨ, ਜੋਗਨੀਆਂ ਅਤੇ ਬਹੁਤ ਭੂਤ ਵੀ ਜੰਗ ਦੇ ਮੈਦਾਨ ਵਿਚ ਆ ਗਏ। ਮਸਾਨ ਹੜ-ਹੜ ਕਰਕੇ ਹੱਸਦੇ ਸਨ ਤੇ ਘਾਇਲ ਉੱਠਣ ਦੀ ਕੋਸ਼ਿਸ਼ ਕਰਦੇ ਹੋਏ ਬਹੁਤ ਤੜਫਦੇ ਸਨ। ਭੂਤ ਬੇਤਾਲ ਫਿਰਦੇ ਸਨ ਤੇ ਤਾਲ ਨਾਲ ਤਾਲੀਆਂ ਵਜਾਉਂਦੇ ਸਨ। ਵੱਡੇ ਕਾਂ ਅਤੇ ਇੱਲਾਂ ਵੀ ਕੂਕਦੀਆਂ ਸਨ, ਮਾਸ ਖਾਂਦੇ ਸਨ ਤੇ ਲਹੂ ਪੀਂਦੇ ਸਨ। ਮੋਟੀਆਂ ਡੈਣਾਂ ਖਾ ਪੀ ਕੇ ਫੁੱਲੀਆਂ ਹੋਈਆਂ ਸਨ ਤੇ ਮਾਸ ਖਾ ਕੇ ਤ੍ਰਿਪਤ ਹੋ ਕੇ ਡਕਾਰ ਮਾਰਦੀਆਂ ਸਨ॥ ੨੨॥

ਸ੍ਰੀ ਅਜੀਤ ਸਿੰਘ ਬੀਰ ਧੀਰ ਧਰਿ ਤੀਰ ਪ੍ਰਹਾਰੇਂ।
ਕੌਤਕ ਹੋਤਿ ਉਦੋਤਿ ਆਇ ਨਭਦੇਵ ਨਿਹਾਰੇਂ।
ਹੁਇ ਪਦਾਂਤਿ ਅਸਵਾਰ ਤਿਨੈ ਹਤਿ ਤੂਰਨ ਡਾਰੇਂ।
ਇਮ ਪਠਾਨ ਅਰਿ ਮੁਗ਼ਲ ਪਰੇ ਜਨੁ ਪੁੰਜ ਮੁਨਾਰੇ।
ਰਣਖੇਤ ਭਯੋ ਦਾਰੁਣ ਮਹਾਂ ਲੋਥਨ ਪਰ ਲੋਥੈਂ ਗਿਰੀ।
ਬਹੁ ਘਾਵਨ ਤੇ ਭਕ ਭਕ ਰੁਧਰ ਹੁਇ ਸਰਿਤਾ ਤਬਿ ਚਲਿ ਪਰੀ ॥੨੩ ॥

ਸ੍ਰੀ ਅਜੀਤ ਸਿੰਘ ਸੂਰਬੀਰ ਚਾਂਪ ਵਿਚ ਤੀਰ ਧਰ ਧਰ ਕੇ ਚਲਾਉਂਦਾ ਸੀ। ਵੱਡਾ ਕੌਤਕ ਹੋ ਰਿਹਾ ਸੀ ਤੇ ਅਕਾਸ਼ ਦੇ ਦੇਵਤੇ ਵੀ ਆ ਕੇ ਵੇਖਦੇ ਸਨ। ਪੈਦਲ ਅਤੇ ਅਸਵਾਰ ਸੈਨਕਾਂ ਨੂੰ ਤੁਰਤ ਮਾਰ ਦਿੰਦੇ ਸਨ। ਇਸ ਪ੍ਰਕਾਰ ਪਠਾਣ ਵੈਰੀ ਅਤੇ ਮੁਗ਼ਲ ਮੁਨਾਰਿਆਂ ਵਾਂਗ ਧਰਤੀ 'ਤੇ ਡਿੱਗੇ ਪਏ ਸਨ। ਵੱਡਾ ਭਿਆਨਕ ਯੁੱਧ ਹੋਇਆ ਤੇ ਲੋਥਾਂ ਉੱਤੇ ਲੋਥਾਂ ਡਿੱਗ ਪਈਆਂ। ਜ਼ਖਮੀਆਂ ਦੇ ਜ਼ਖਮਾਂ ਵਿਚੋਂ ਭੁਕ ਭੁਕ ਕਰਕੇ ਖ਼ੂਨ ਨਿਕਲ ਕੇ ਇਕ ਨਦੀ ਵਾਂਗ ਵਹਿ ਤੁਰਿਆ॥ ੨੩॥

'ਯਾ ਖ਼ੁਦਾਇ ਬਡ ਅਜਬ ਵਹਿਰ ਕੇ ਮਰਤਿ ਹਜ਼ਾਰੇ।
ਗਿਰਹਿਂ ਦੜਾਦੜ ਤੁਰਕ ਅਲਪ ਸਿੰਘਨਿ ਕਰਿ ਮਾਰੇ।
ਬੀਤੇ ਕੇਤਿਕ ਜਾਮ ਮਰਤਿ ਨਹਿਂ ਮਿਲਤਿ, ਨ ਹਾਰਤ।
ਵਧਿ ਲਸ਼ਕਰ ਮਹਿਂ ਆਇ ਏਕ ਇਕ ਲਰਤਿ ਸੁਮਾਰਤਿ'।
ਮਿਲਿ ਕਹਤਿ ਬਾਤ ਇੱਤਜਾਦਿ ਬਹੁ ਲਸ਼ਕਰ ਬਿਸਮਯ ਹੁਇ ਰਹਯੋ।
ਇਮ ਫਿਰੇ ਸਿੰਘ ਗੁਰ ਸੁਤ ਸਹਤਿ ਗਾਹ ਗਰਬ ਗਨ ਕੋ ਦਹਯੋ॥ ੨੪॥

"ਯਾ ਖ਼ੁਦਾ ਵੱਡਾ ਅਜਬ ਹੋਇਆ ਹੈ, ਹਜ਼ਾਰਾਂ ਸੂਰਬੀਰ ਮਰ ਰਹੇ ਹਨ, ਤੁਰਕ ਦੜਾ ਦੜ ਡਿੱਗ ਰਹੇ ਹਨ, ਥੋੜੇ ਸਿੰਘਾਂ ਨੇ ਹੀ ਬਹੁਤ ਤੁਰਕ ਮਾਰ ਦਿੱਤੇ ਹਨ। ਕਈ ਪਹਿਰ ਬੀਤ ਗਏ ਹਨ, ਨਾ ਇਹ ਸਿੰਘ ਮਰਦੇ ਹਨ, ਨਾ ਮਿਲਦੇ ਹਨ ਤੇ ਨਾ ਹੀ ਹਾਰਦੇ ਸਨ। ਵਧ ਕੇ ਲੜਾਈ ਵਿਚ ਆ ਗਏ ਹਨ। ਇਕ ਇਕ ਨਾਲ ਲੜ ਕੇ ਉਸ ਨੂੰ ਮਾਰ ਲੈਂਦੇ ਹਨ।" ਆਪਸ ਵਿਚ ਮਿਲ ਕੇ ਇਸ ਪ੍ਰਕਾਰ ਗੱਲਾਂ ਕਰਦੇ ਸਨ, ਸਾਰਾ ਲਸ਼ਕਰ ਬਹੁਤ ਹੈਰਾਨ ਹੋ ਰਿਹਾ ਸੀ. ਇਸ ਪ੍ਰਕਾਰ ਸਿੰਘਾਂ ਗੁਰੂ ਪੁੱਤਰ ਸਹਿਤ ਸਮੂਹ ਵੈਰੀਆਂ ਨੂੰ ਗਾਹ ਕੇ ਦਬਾ ਕੇ ਉਨ੍ਹਾਂ ਦੇ ਹੰਕਾਰ ਨੂੰ ਸਾੜ ਦਿੱਤਾ॥ ੨੪॥

ਜ਼ੋਰਦਸਤ ਚਿਤ ਰਿਸਯੋ ਦੇਖਿ ਅਪਨੀ ਲਘੁਤਾਈ।
ਹੇਲਾ ਘਾਲਯੋ ਉਮਡਿ ਬੋਲਿ ਬਹੁ ਧੂਮ ਮਚਾਈ।
ਚਲੀ ਤੁਪਕ ਅਨਗਿਨਤਿ ਲਗੀ ਸਿੰਘਨ ਤਨ ਆਈ।
ਭੀਜੇ ਰੁਧਰ ਸਰੀਰ, ਚੀਰ ਲਾਲੀ ਉਘਰਾਈ।
ਮਿਲਿ ਹਥਾ ਵੱਥ ਗਿਰ ਗਿਰ ਪਰਤਿ ਤੁੰਡ ਮੁੰਡ ਫੋੜਨ ਕਰਹਿਂ।
ਪੁਨ ਫਰਕ ਪਰਤਿ ਦੁਹ ਦਿਸਨ ਮਹਿਂ ਤ੍ਰਾਸ ਧਰਤਿ ਇਤ ਉਤ ਟਰਹਿਂ॥੨੫॥

ਜ਼ਬਰਦਸਤ ਖਾਂ ਆਪਣੇ ਘਟੀਆਪਨ ਨੂੰ ਵੇਖ ਕੇ ਚਿੱਤ ਵਿਚ ਬਹੁਤ ਗੁੱਸੇ ਵਿਚ ਆਇਆ। ਫਿਰ ਉਮਡ ਕੇ ਹਮਲਾ ਕੀਤਾ ਤੇ ਬੋਲ ਕੇ ਬਹੁਤ ਰੌਲਾ ਪਾਇਆ। ਫਿਰ ਅਣਗਿਣਤ ਬੰਦੂਕਾਂ ਚੱਲੀਆਂ ਤੇ ਗੋਲੀਆਂ ਸਿੰਘਾਂ ਦੇ ਸਰੀਰਾਂ ਨੂੰ ਆ ਕੇ ਲੱਗੀਆਂ। ਲਹੂ ਨਾਲ ਸਰੀਰ ਭਿੱਜ ਗਏ ਤੇ ਕੱਪੜੇ ਲਾਲ ਰੰਗ ਦੇ ਹੋ ਗਏ। ਮਿਲ ਮਿਲ ਕੇ ਹੱਥਾਵੱਥ ਹੋ ਕੇ ਡਿੱਗ ਰਹੇ ਸਨ, ਸਿਰ ਅਤੇ ਮੂੰਹ ਪਾਟ ਗਏ ਸਨ। ਫਿਰ ਦੋਵਾਂ ਧਿਰਾਂ ਵਿਚ ਫਰਕ ਪੈ ਗਿਆ ਤੇ ਡਰ ਧਾਰ ਕੇ ਏਧਰ ਓਧਰ ਟਲ ਗਏ॥ ੨੫॥

ਕਰਹਿ ਸ਼ੀਘ੍ਰਤਾ ਅਧਿਕ ਗੁਰੂ ਸੁਤ ਸਰ ਬਰਖਾਵੈ।
ਬੇਧਤਿ ਦੁਸ਼ਮਨ ਦੇਹਿ ਗਿਰੇ ਧਰਿ ਪਰ ਤਰਫਾਵੈਂ।
ਤਕਿ ਤਕਿ ਗੁਲਕਾ ਹਤਹਿਂ, ਨਹੀਂ ਕੋ ਲਾਗਨ ਪਾਵੈ।
ਕਰਹਿ ਚਲਾਕੀ ਚਰਨ, ਚਹੂੰ ਦਿਸ਼ ਚਿਤਵਿ ਚਲਾਵੈ।
ਰਨਖੇਤ ਬਿਖੈ ਇਤ ਉਤ ਫਿਰਤਿ ਫਾਂਧਤਿ ਦੌਰਤਿ ਸ਼ੱਤ੍ਰੂ ਹਤਿ।
ਸਭਿ ਕਰਤਿ ਬਿਲੋਕਨਿ ਜੰਗ ਕੋ ਹੋਤਿ ਅਚੰਭੈ ਮਹਿਤ ਚਿਤ॥ ੨੬॥

ਗੁਰੂ ਪੁੱਤਰ ਨੇ ਬਹੁਤ ਸ਼ੀਘਰਤਾ ਕਰਕੇ ਬਹੁਤ ਤੀਰਾਂ ਦੀ ਵਰਸ਼ਾ ਕੀਤੀ। ਜਿਸ ਵੈਰੀ ਨੂੰ ਵੀ ਵਿੰਨ੍ਹ ਦਿੰਦੇ ਸਨ, ਉਹ ਧਰਤੀ 'ਤੇ ਡਿੱਗ ਕੇ ਤੜਫਦੇ ਸਨ। ਗੋਲੀਆਂ ਤਕ ਤਕ ਕੇ ਮਾਰਦੇ ਸਨ, ਪਰ ਕੋਈ ਵੀ ਗੋਲੀ ਨਹੀਂ ਲੱਗਦੀ ਸੀ। ਗੁਰੂ ਪੁੱਤਰ ਪੈਰਾਂ ਦੀ ਚਲਾਕੀ ਕਰਦੇ ਸਨ, ਭਾਵ ਇਕ ਥਾਂ ਨਹੀਂ ਖਲੋਂਦੇ ਸਨ, ਚਾਰ-ਚੁਫੇਰੇ ਤੱਕ ਕੇ ਤੀਰ ਮਾਰਦੇ ਸਨ। ਰਣਖੇਤਰ ਵਿਚ ਏਧਰ ਓਧਰ ਫਿਰਦੇ ਸਨ ਤੇ ਛਾਲ ਮਾਰ ਕੇ ਦੌੜ ਕੇ ਵੈਰੀ ਨੂੰ ਮਾਰ ਦਿੰਦੇ ਸਨ। ਸਾਰੇ ਜੰਗ ਨੂੰ ਵੇਖ ਰਹੇ ਸਨ ਤੇ ਵੇਖ ਕੇ ਚਿੱਤ ਵਿਚ ਬਹੁਤ ਹੈਰਾਨ ਹੁੰਦੇ ਸਨ॥ ੨੬॥

ਨਿਖੁਟਜੋ ਤਬੈ ਨਿਖੰਗ ਬਾਨ ਸਭਿ ਦਿਏ ਚਲਾਈ।
ਕੋਪ ਨ ਹੋਯੋ ਸਾਂਤਿ ਹੇਰਿ ਦੁਸ਼ਟਨ ਖੁਟਿਆਈ।
ਗਹੀ ਸਾਂਗ ਕਰ ਬਿਖੈ ਦੌਰ ਕਰਿ ਅੰਗ ਪਰੋਏ।
ਸੀਖ ਮਾਸ ਜਿਮ ਬੇਧਿ ਅਗਨਿ ਪਰ ਭੁੰਜਤਿ ਕੋਏ।
ਗੁਨ ਮਾਰਿ ਮਾਰਿ ਗੇਰਤਿ ਫਿਰਤਿ ਛਾਤੀ ਤੁੰਡ ਅਰਿ।
ਇਮ ਪਾਇ ਧੂਮ ਰਣ ਭੂਮ ਮਹਿਂ ਘਾਇਲ ਘੂਮਤਿ ਝੂਮਿ ਗਿਰਿ॥੨੭॥

ਫਿਰ ਭੱਥੇ ਵਿਚੋਂ ਤੀਰ ਮੁਕ ਗਏ, ਜਿੰਨੇ ਵੀ ਪਾਸ ਸਨ, ਸਾਰੇ ਚਲਾ ਦਿੱਤੇ ਸਨ। ਦੁਸ਼ਟਾਂ ਦੀ ਖੋਟ ਵੇਖ ਕੇ ਗੁੱਸੇ ਵਿਚ ਨਾ ਆਇਆ ਤੇ ਸ਼ਾਂਤ ਹੀ ਰਿਹਾ। ਪਰ ਨੇਜ਼ੇ ਨੂੰ ਹੱਥ ਵਿਚ ਫੜਿਆ ਤੇ ਦੌੜ ਕੇ ਵੈਰੀ ਦੇ ਅੰਗ ਪਰੋ ਲਏ, ਜਿਵੇਂ ਕੋਈ ਮਾਸ ਨੂੰ ਸੀਖ ਵਿਚ ਪਰੋ ਕੇ ਅੱਗ ਉਤੇ ਭੁੰਨਦਾ ਹੈ। ਬਹੁਤ ਵੈਰੀਆਂ ਨੂੰ ਮਾਰ ਮਾਰ ਕੇ ਡੇਗਦੇ ਫਿਰਦੇ ਸਨ ਤੇ ਉਨ੍ਹਾਂ ਦੀਆਂ ਛਾਤੀਆਂ ਅਤੇ ਮੂੰਹ ਭੰਨ ਦਿੰਦੇ ਸਨ। ਇਸ ਪ੍ਰਕਾਰ ਰਣ-ਭੂਮੀ ਵਿਚ ਧੂਮ ਮਚਾਈ, ਘਾਇਲ ਹੋਏ ਘੁੰਮ ਕੇ ਝੂਮ ਕੇ ਡਿੱਗ ਪੈਂਦੇ ਸਨ॥ ੨੭॥

ਪਿਖਿ ਤੁਰਕਨ ਕਰਿ ਜ਼ੋਰ ਆਇ ਚਹੁਂ ਫੇਰ, ਘੇਰ ਲਿਯ।
ਮਾਰਿ ਮਾਰਿ ਕਰਿ ਰੌਰ ਸਭਿਨਿ ਤਬਿ ਸ਼ਸਤ੍ਰ ਹਤਨ ਕਿਯ।
ਪੰਚਹੁਂ ਸਿੰਘਨ ਦੇਖਿ ਸੰਗ ਗੁਰ ਸੁਤ ਕੋ ਗਹਿ ਗਹਿ।
ਪਹੁਂਚਤਿ ਹਤਿ ਹੱਥਜਾਰ ਰਿਪੁਨਿ ਕੀ ਦਿਸ਼ ਕੋ ਲਹਿ ਲਹਿ।
ਕਰ ਕਰਾਚੋਲ ਸਾਂਗਨ ਧਰੇ ਅਧਿਕ ਸ਼ੀਘ੍ਰਤਾ ਧਰਤਿ ਰਣ।
ਜਨੁ ਨ੍ਰਿਭੈ ਕੇਹਰੀ ਫਿਰਤਿ ਹੈ ਮਸਤ ਦੁਰਦ ਕੋ ਦੇਖਿ ਗਣ॥੨੮॥

ਇਹ ਵੇਖ ਕੇ ਤੁਰਕ ਚਾਰੇ ਪਾਸਿਆਂ ਤੋਂ ਜ਼ੋਰ ਲਾ ਕੇ ਆਏ ਤੇ ਘੇਰਾ ਪਾ ਲਿਆ। ਪੰਜੇ ਸਿੰਘ ਗੁਰੂ ਪੁੱਤਰ ਦੇ ਨਾਲ ਸ਼ਸਤਰ ਫੜ ਫੜ ਕੇ ਵੈਰੀ ਵੱਲ ਹਥਿਆਰ ਚਲਾਉਣ ਲਈ ਪਹੁੰਚ ਗਏ। ਹੱਥਾਂ ਵਿਚ ਤਲਵਾਰਾਂ ਅਤੇ ਨੇਜ਼ੇ ਧਾਰਨ ਕੀਤੇ ਤੇ ਰਣਖੇਤਰ ਵਿਚ ਬਹੁਤ ਸ਼ੀਘਰਤਾ ਧਾਰਨ ਕੀਤੀ, ਜਿਵੇਂ ਨਿਰਭੈ ਸ਼ੇਰ ਮਸਤ ਹਾਥੀਆਂ ਦੇ ਸਮੂਹ ਨੂੰ ਵੇਖ ਕੇ ਫਿਰਦਾ ਹੈ॥ ੨੮॥

ਤਬਿ ਅਜੀਤ ਸਿੰਘ ਬੀਰ ਸਾਂਗ ਕਰ ਧਰਿ ਬਿਚਰੰਤਾ।
ਮਨਹੁਂ ਘਟਾ ਬਿਚ ਦਿਪਹਿ ਚੰਚਲਾ ਚਮਕ ਸੁਭੰਤਾ।
ਜਿਸ ਕੇ ਮਾਰਿ ਧਸਾਇ ਸ਼ੀਘ੍ਰ ਹੀ ਤਿਸ ਉਥਲੰਤਾ।
ਲੇਤਿ ਨਿਕਾਸ, ਪ੍ਰਕਾਸ਼ ਮਹਾਂ ਬਲ ਕਰਿ ਬਲਵੰਤਾ।
ਜਨੁ ਕੈਰਵਾਨ ਮਹਿਂ ਰੁਕ ਗਯੋ ਚਕਾਵ੍ਯੂਹ ਭੇਦਨਿ ਕਰਯੋ।
ਅਭਿਮੰਨਯੁ ਸ਼ੱਤ੍ਰ ਗਨ ਛੇਦ ਕਰਿ ਛਿੰਨ ਭਿੰਨ ਛੌਤ੍ਰਨਿ ਦਰਯੋ॥੨੯॥

ਤਦ ਅਜੀਤ ਸਿੰਘ ਸੂਰਬੀਰ ਹੱਥ ਵਿਚ ਨੇਜ਼ਾ ਫੜ ਕੇ ਵਿਚਰ ਰਿਹਾ ਸੀ। ਮਾਨੋ ਘਟਾ ਵਿਚ ਬਿਜਲੀ ਚਮਕਦੀ ਸ਼ੋਭਦੀ ਹੈ। ਨੇਜ਼ਾ ਜਿਸ ਦੇ ਵੀ ਮਾਰ ਕੇ ਧਸਾ ਦਿੰਦਾ ਸੀ, ਸ਼ੀਘਰ ਹੀ ਉਸ ਨੂੰ ਉਲਟਾ ਦਿੰਦਾ ਸੀ। ਫਿਰ ਬਲਵਾਨ ਵੱਡੇ ਬਲ ਦਾ ਪ੍ਰਕਾਸ਼ ਕਰਕੇ ਨੇਜ਼ੇ ਨੂੰ ਕੱਢ ਲੈਂਦਾ ਸੀ। ਜਿਵੇਂ ਕੌਰਵਾਂ ਵਿਚ ਅਭਿਮੰਨੂ ਫਸ ਗਿਆ ਹੋਵੇ ਤੇ ਚਕਾਵਿਊ ਨੂੰ ਤੋੜਿਆ ਹੋਵੇ, ਜਿਸ ਪ੍ਰਕਾਰ ਅਭਿਮੰਨੂ ਨੇ ਵੈਰੀਆਂ ਦੇ ਸਮੂਹ ਛੇਦਨ ਕੀਤੇ ਤੇ ਖੱਤਰੀਆਂ ਨੂੰ ਦਲਦੇ ਹੋਏ ਛਿੰਨ ਭੰਨ ਕੀਤਾ, ਤਿਵੇਂ ਗੁਰੂ ਪੁੱਤਰ ਨੇ ਚਾਰ-ਚੁਫੇਰੇ ਆਏ ਵੈਰੀ ਦਾ ਘੇਰਾ ਤੋੜ ਦਿੱਤਾ॥ ੨੯॥

*ਨੋਟ : ਚਕਾਵਿਊ ਇਕ ਪ੍ਰਕਾਰ ਦੀ ਸਿਪਾਹੀਆਂ ਦੀ ਫੌਜੀ ਰਚਨਾ ਹੈ, ਜਿਸ ਵਿਚ ਫਸਿਆ ਵੈਰੀ ਨਿਕਲ ਨਹੀਂ ਸਕਦਾ।*

ਇਕ ਭਟ ਬਖਤਰ ਸਹਤ ਮਾਰ ਤਹਿੰ ਸਾਂਗ ਧਸਾਈ।
ਰਹੀ ਨ ਅਟਕੀ ਕਹੂੰ ਓਜ ਤੇ ਪਾਰ ਪਰਾਈ।
ਲਗਜੋ ਨਿਕਾਸਨ ਪੁਨਹਿ ਤੂਟਿ ਕਰਿ ਅਰਧ ਰਹੀ ਕਰ।
ਤਤਛਿਨ ਤਿਸ ਕੋ ਡਾਰਿ, ਪਰੀ ਕਟ ਨਾਗਨ ਸੀ ਧਰ।
ਬਹੁ ਡਸਿ ਡਸਿ ਸ਼ੱਤ੍ਰੂ ਨਿਬੇਰ ਕਰਿ ਅਰਧ ਰਹੀ ਬੀਚਹਿ ਬਰੀ।
ਗਨ ਦੁਰਜਨ ਢਿਗ ਹੁਇ ਵਾਰ ਕਰਿ ਤੋਮਰ ਤੀਰ ਤਰਾਤਰੀ॥ ੩੦॥

ਇਕ ਸੂਰਬੀਰ ਨੇ ਲੋਹੇ ਦਾ ਕਵਚ ਪਹਿਨਿਆ ਹੋਇਆ ਸੀ, ਉਸ ਵਿਚ ਨੇਜ਼ਾ ਧਸਾਇਆ, ਉਹ ਨੇਜ਼ਾ ਕਿਸੇ ਪ੍ਰਕਾਰ ਵੀ ਅਟਕਿਆ ਨਹੀਂ ਤੇ ਸ਼ਕਤੀ ਨਾਲ ਆਰ ਪਾਰ ਹੋ ਗਿਆ। ਫਿਰ ਜਦ ਉਸ ਨੂੰ ਕੱਢਣ ਲੱਗੇ ਤਾਂ ਉਹ ਟੁੱਟ ਕੇ ਅੱਧਾ ਹੱਥ ਵਿਚ ਰਿਹਾ, ਉਸੇ ਵੇਲੇ ਉਸ ਨੂੰ ਧਰਤੀ 'ਤੇ ਸੁੱਟ ਦਿੱਤਾ। ਉਹ ਇਸ ਪ੍ਰਕਾਰ ਪਿਆ ਹੋਇਆ ਦਿਸਦਾ ਸੀ, ਮਾਨੋ ਕੱਟੀ ਹੋਈ ਨਾਗਣੀ ਧਰਤੀ ਤੇ ਪਈ ਹੈ। ਬਹੁਤ ਵੈਰੀਆਂ ਨੂੰ ਨਬੇੜ ਨਬੇੜ ਕੇ ਅੱਧੀ ਸਰੀਰ ਦੇ ਅੰਦਰ ਹੀ ਵੜੀ ਰਹੀ। ਬਹੁਤ ਦੁਸ਼ਟਾਂ ਨੇ ਨੇੜੇ ਹੋ ਕੇ ਤੋਮਰ ਤੇ ਤਰਾਤਰੀ ਬਹੁਤ ਤੀਰਾਂ ਨਾਲ ਵਾਰ ਕੀਤਾ॥ ੩੦॥

ਲਗੇ ਅੰਗ ਮਹਿੰ ਘਾਵ ਰੁਧਰ ਬਹਿ ਦੀਰਘ ਚਾਲਾ।
ਭੀਜਜੋ ਸਰਬ ਸਰੀਰ ਚੀਰ ਰੰਗੇ ਤਤਕਾਲਾ।
ਮਨਹੁਂ ਤੁਰਤ ਰੰਗਰੇਜ ਰੰਗ ਕਰਿ ਪਟ ਪਹਿਰਾਏ।
ਸ੍ਰੋਣ ਪਿਖਜੋ ਹਰਖੰਤਿ 'ਆਜ ਧ੍ਰਮ ਛੱਤ੍ਰੀ ਪਾਏ'।
ਤਿਹ ਛਿਨ ਚਹੁਂ ਦਿਸ਼ਿ ਰਿਪੁ ਲਖੇ ਖੜਗ ਮਜਾਨ ਤੇ ਕਾਢ ਲਿਯ।
ਗਨ ਕਾਟ ਕਾਟ ਗੇਰੇ ਧਰਨਿ ਤਛਾ ਮੁੱਛ ਤਨ ਤਨਕ ਕਿਯ॥ ੩੧॥

ਅੰਗਾਂ ਵਿਚ ਬਹੁਤ ਜ਼ਖਮ ਲੱਗੇ ਤੇ ਬਹੁਤ ਖੂਨ ਵਹਿਣ ਲੱਗਾ, ਸਾਰਾ ਸਰੀਰ ਭਿੱਜ ਗਿਆ ਤੇ ਕੱਪੜੇ ਤੁਰਤ ਰੰਗੇ ਗਏ। ਮਾਨੋ ਲਲਾਰੀ ਨੇ ਤੁਰਤ ਕੱਪੜੇ ਰੰਗ ਕੇ ਪਹਿਨਾਏ ਹੋਣ। ਲਹੂ ਨੂੰ ਵੇਖ ਕੇ ਸਾਹਿਬਜ਼ਾਦਾ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਅੱਜ ਖੱਤਰੀ ਧਰਮ ਪਾਇਆ ਹੈ।" ਉਸ ਸਮੇਂ ਚਾਰ-ਚੁਫੇਰੇ ਵੈਰੀ ਵੇਖੇ ਤੇ ਮਿਆਨ ਵਿਚੋਂ ਤਲਵਾਰ ਕੱਢ ਲਈ, ਬਹੁਤ ਕੱਟ ਕੱਟ ਧਰਤੀ 'ਤੇ ਸੁੱਟ ਦਿੱਤੇ ਤੇ ਥੋੜੇ ਸਮੇਂ ਵਿਚ ਕਟਾਵੱਢੀ ਪਾ ਦਿੱਤੀ॥ ੩੧॥

ਉਤੇ ਸਿੰਘ ਲਰਿ ਪੰਚ ਸੈਂਕਰੇ ਮਾਰ ਮਰੇ ਰਣ।
ਇਤ ਅਜੀਤ ਸਿੰਘ ਰੁਪਜੋ ਖੜਗ ਤੇ ਕਾਟਿ ਰਿਪੁਨਿ ਗਣ।
ਰੁਧਰ ਬਿਖੇ ਪਰ ਰਹੇ ਮਨਹੁਂ ਸ਼੍ਰਮ ਤੇ ਸੁਪਤਾਏ।
ਲਾਲ ਬਿਛੌਨ ਬਿਛਾਇ ਮਹਾਂ ਛਬਿ ਤੇ ਸੁਖ ਪਾਏ।

ਕਹਿਂ ਲਗੌਂ ਬਰਨ ਕਰਿ ਜੁੱਧ ਕੋ ਲਿਖੇਂ ਗ੍ਰੰਥ ਬਧਤੇ ਡਰਤਿ।
ਜਿਮ ਕਰਜੋ ਗੁਰੂ ਸੁਤ ਓਜ ਤੇ ਨਹਿਂ ਮਾਰਜੋ ਕਿਸ ਤੇ ਮਰਤਿ॥ ੩੨॥

ਓਧਰ ਸਿੰਘ ਲੜ ਕੇ ਪੰਜ ਸੈਂਕੜੇ ਮਾਰ ਕੇ ਮਰ ਗਏ, ਏਧਰ ਸਾਹਿਬਜ਼ਾਦਾ ਅਜੀਤ ਸਿੰਘ ਬਹੁਤ ਗੁੱਸੇ ਵਿਚ ਆਇਆ ਤੇ ਬਹੁਤ ਵੈਰੀਆਂ ਨੂੰ ਤਲਵਾਰ ਨਾਲ ਕੱਟ ਕੇ ਮਾਰ ਦਿੱਤਾ। ਵੈਰੀ ਲਹੂ ਨਾਲ ਭਿੱਜੇ ਪਏ ਹੋਏ ਸਨ ਮਾਨੋ ਥੱਕ ਕੇ ਸੁੱਤੇ ਪਏ ਸਨ। ਲਾਲ ਵਿਛਾਉਣੇ ਵਿਛਾ ਕੇ ਮਹਾਂ ਛਵੀ ਅਤੇ ਸੁਖ ਪਾ ਰਹੇ ਸਨ। ਯੁੱਧ ਦਾ ਕਿੱਥੋਂ ਤਕ ਵਰਣਨ ਕਰਾਂ, ਮੈਨੂੰ ਗ੍ਰੰਥ ਦੇ ਵਧ ਜਾਣ ਦਾ ਡਰ ਹੈ। ਜਿਵੇਂ ਗੁਰੂ ਪੁੱਤਰ ਨੇ ਸ਼ਕਤੀ ਲਾਈ ਸੀ, ਉਹ ਕਿਸੇ ਪਾਸੋਂ ਵੀ ਮਾਰਿਆਂ ਨਹੀਂ ਮਰਦਾ ਸੀ॥ ੩੨॥

ਜਿਸ ਦਿਸ਼ ਪਰਿਹੈ ਧਾਇ ਅਰੈਂ ਨਹਿਂ, ਭਾਜਤਿ ਹੈਂ ਅਰਿ।
ਜਤਨ ਕਰਹਿਂ ਸਮੁਦਾਇ ਹਤਹਿਂ ਕਿਮ ਫਿਰਤਿ ਸ਼ੀਘ੍ਰ ਕਰਿ।
ਗੁਲਕਾ ਲਗਹਿ ਨ ਕੋਇ ਖੜਗ ਲੇ ਪਹੁਂਚਿ ਨ ਦੇਤੈਂ।
ਮਾਰਿ ਮਾਰਿ ਕਰਿ ਬੀਰ ਕਰਜੋ ਸੰਘਰ ਬਹੁ ਖੇਤੈਂ।
ਕਰ ਕਰਾਚੋਲ ਜਬਿ ਟੂਟਿ ਗਯੋ ਜਮਧਰ ਲਈ ਨਿਕਾਸਿ ਕਰ।
ਇਕ ਹੁਤੋ ਪਾਲਕੀ ਕੇ ਬਿਖੈ ਦੂਰਹਿਂ ਦੇਖਤਿ ਦ੍ਰਿਸ਼ਟਿ ਧਰਿ॥ ੩੩॥

ਜਿਸ ਪਾਸੇ ਵੀ ਧਾਵਾ ਕਰਕੇ ਪੈ ਜਾਂਦਾ ਸੀ, ਵੈਰੀ ਅੜਦਾ ਨਹੀਂ ਸੀ, ਭੱਜ ਜਾਂਦਾ ਸੀ। ਸਾਰੇ ਇਕੱਠੇ ਹੋ ਕੇ ਮਾਰਨ ਦਾ ਯਤਨ ਕਰਦੇ ਸਨ, ਪਰ ਮਾਰਦੇ ਕਿਵੇਂ, ਬੜਾ ਕਾਹਲੀ-ਕਾਹਲੀ ਫਿਰਦਾ ਸੀ। ਗੋਲੀਆਂ ਲਗਦੀਆਂ ਨਹੀਂ ਸਨ ਤੇ ਕਿਸੇ ਤਲਵਾਰ ਨੂੰ ਆਪਣੇ ਤਕ ਪਹੁੰਚਣ ਨਹੀਂ ਸੀ ਦਿੰਦਾ। ਮਾਰ ਮਾਰ ਕੇ ਬਹੁਤ ਸੂਰਬੀਰ ਰਣਖੇਤਰ ਵਿਚ ਹੀ ਰੱਖ ਲਏ। ਜਦ ਹੱਥ ਵਿਚਲੀ ਤਲਵਾਰ ਟੁੱਟ ਗਈ ਤਾਂ ਫਿਰ ਕਟਾਰ ਬਾਹਰ ਕੱਢ ਲਈ। ਇਕ ਆਦਮੀ ਪਾਲਕੀ ਦੇ ਵਿਚ ਬੈਠਾ ਸੀ, ਉਸ ਨੂੰ ਦੂਰ ਤੋਂ ਦ੍ਰਿਸ਼ਟੀ ਧਾਰ ਕੇ ਵੇਖਿਆ॥ ੩੩॥

ਅਨਵਰਖਾਨ ਨਬਾਬ, ਤਾਂਹਿ ਕੀ ਦਿਸ਼ ਤਬਿ ਦੌਰੇ।
ਕਰੀ ਸ਼ੀਘ੍ਰਤਾ ਅਧਿਕ ਜਾਇ ਪਹੁੰਚੇ ਤਿਸ ਠੌਰੇ।
ਉਦਰ ਪੁਸ਼ਟ ਮਹਿਂ ਹਨੀ ਓਜ ਤੇ ਬਹੁ ਝਕਝੋਰੇ।
ਜਿਤ ਕਿਤ ਤੇ ਰਿਪੁ ਆਇ ਘੇਰਿ ਲੀਨਸਿ ਚਹੁਂ ਓਰੇ।
ਇਮ ਕੀਨ ਜੁੱਧ ਗਨ ਸ਼ੱਤ੍ਰੂ ਹਤਿ ਲੋਪ ਭਏ ਤਤਕਾਲ ਰਨ।
ਸਭਿ ਦਿਖਤਿ ਅਚੰਭੈ ਹੁਇ ਰਹੇ ਕਹਾਂ ਗਯੋ ਕਿਤ ਛਪਜੋ ਹਨਿ॥ ੩੪॥

ਫਿਰ ਅਨਵਰ ਖਾਨ ਨਵਾਬ ਵਾਲੇ ਪਾਸੇ ਦੌੜ ਪਏ, ਬਹੁਤ ਸ਼ੀਘਰਤਾ ਕੀਤੀ ਤੇ ਤੁਰਤ ਉਸ ਸਥਾਨ 'ਤੇ ਪਹੁੰਚ ਗਏ। ਉਸ ਦੇ ਮੋਟੇ ਪੇਟ ਵਿਚ ਕਟਾਰ ਬਹੁਤ ਸ਼ਕਤੀ ਨਾਲ ਮਾਰੀ, ਫਿਰ ਜਿਥੋਂ ਕਿਥੋਂ ਚਾਰੇ ਪਾਸਿਆਂ ਤੋਂ ਵੈਰੀਆਂ ਨੇ ਆ ਕੇ ਘੇਰ ਲਿਆ। ਇਸ ਪ੍ਰਕਾਰ ਬਹੁਤ ਵੈਰੀਆਂ ਦੇ ਨਾਲ ਯੁੱਧ ਕੀਤਾ ਤੇ ਬਹੁਤ ਵੈਰੀਆਂ ਨੂੰ ਮਾਰ ਕੇ ਅਲੋਪ ਹੋ ਗਏ। ਸਾਰੇ ਵੇਖ ਕੇ ਹੈਰਾਨ ਰਹਿ ਗਏ, ਕਿੱਥੇ ਗਏ ਮਾਰ ਕੇ ਕਿੱਥੇ ਛੁੱਪ ਗਏ ਹਨ॥ ੩੪॥

ਦੋਹਰਾ-ਇਸ ਬਿਧਿ ਗੁਰ ਨੰਦਨ ਲਰਜੋ ਜਿਹ ਅਜੀਤ ਸਿੰਘ ਨਾਮ।
ਸੁਜਸ ਜਗਤ ਮਹਿਂ ਪ੍ਰਗਟ ਭਾ ਪੁਨ ਪਹੁੰਚੇ ਹਰਿ ਧਾਮ॥ ੩੫॥

ਇਸ ਪ੍ਰਕਾਰ ਗੁਰੂ ਜੀ ਦਾ ਵੱਡਾ ਪੁੱਤਰ ਲੜਿਆ, ਜਿਸ ਦਾ ਅਜੀਤ ਸਿੰਘ ਨਾਮ ਸੀ। ਉਸ ਦਾ ਸ੍ਰੇਸ਼ਟ ਜੱਸ ਜਗਤ ਵਿਚ ਪ੍ਰਗਟ ਹੋਇਆ, ਅੰਤ ਹਰੀ ਦੇ ਘਰ ਪਹੁੰਚ ਗਿਆ॥ ੩੫॥

*ਛੇਵੀਂ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥*

# ਅਧਿਆਇ ਚਾਲ੍ਹੀਵਾਂ

## ਬਾਬਾ ਜੁਝਾਰ ਸਿੰਘ ਦਾ ਯੁੱਧ

ਦੋਹਰਾ-ਬਹੁਰ ਹੇਲ ਕੋ ਕਰਤਿ ਭੇ ਚਹੁੰਦਿਸ਼ ਤੇ ਸਮੁਦਾਇ।
ਤਬਿ ਜੁਝਾਰ ਸਿੰਘ ਜੀ ਲੇ ਗੁਰ ਪਿਤਾ ਰਜ਼ਾਇ॥ ੧॥

ਫਿਰ ਚਾਰੇ ਪਾਸਿਆਂ ਤੋਂ ਇਕੱਠੇ ਹੋ ਕੇ ਹੱਲੇ ਕਰਦੇ ਸਨ, ਤਦ ਜੁਝਾਰ ਸਿੰਘ ਨੇ ਆਪਣੇ ਗੁਰੂ ਪਿਤਾ ਜੀ ਦੀ ਆਗਿਆ ਲਈ॥ ੧॥

ਚੌਪਈ-ਪੰਚ ਸਿੰਘ ਨਿਕਸੇ ਤਿਨ ਸੰਗ। ਜਿਨ ਚਿਤ ਚਾਉ ਕਰਨ ਕੋ ਜੰਗ।
ਪ੍ਰਥਮ ਤੁਫੰਗਨਿ ਕੀ ਕਰਿ ਮਾਰ। ਮਾਰ ਮਾਰ ਕਰਿ ਪਰੇ ਜੁਝਾਰ॥ ੨॥

ਪੰਜ ਸਿੰਘ ਉਸ ਦੇ ਨਾਲ ਬਾਹਰ ਨਿਕਲੇ, ਜਿਨ੍ਹਾਂ ਦੇ ਚਿੱਤ ਵਿਚ ਜੰਗ ਕਰਨ ਦੀ ਚਾਹਤ ਸੀ। ਪਹਿਲਾਂ ਬੰਦੂਕਾਂ ਦੀ ਮਾਰ ਕੀਤੀ, ਮਾਰ ਮਾਰ ਕੇ ਜੁਝਾਰੂ ਪੈ ਗਏ॥ ੨॥

ਬਹੁਰ ਤੜਾਤੜ ਛੋੜਿ ਤਮਾਚੇ। ਸਤਿਗੁਰ ਕੋ ਰੁਖ ਪਿਖਿ ਰਿਸ ਰਾਚੇ।
ਅਪਰ ਉਪਾਇ ਨ ਕੋ ਬਨਿ ਆਵੈ। ਪ੍ਰਭੁ ਸਨਮੁਖ ਹੁਇ ਸੀਸ ਚੜ੍ਹਾਵੈਂ॥੩॥

ਫਿਰ ਤੜਾ ਤੜ ਪਸਤੌਲ ਚਲਾਏ, ਸਤਿਗੁਰੂ ਜੀ ਦਾ ਰੁਖ ਵੇਖ ਕੇ ਗੁੱਸੇ ਵਿਚ ਰਚ ਗਏ। ਹੋਰ ਕੋਈ ਉਪਾਅ ਬਣਦਾ ਨਹੀਂ ਸੀ, ਪ੍ਰਭੂ ਜੀ ਸਾਹਮਣੇ ਹੋਣ ਤਾਂ ਸੀਸ ਚੜ੍ਹਾਈਏ॥ ੩॥

ਮ੍ਰਿਗ ਝੁੰਡਨਿ ਮਹਿਂ ਕੇਹਰਿ ਫਿਰੈ। ਨ੍ਰਿਭੈ ਬੀਰ ਕਿਹ ਤ੍ਰਾਸ ਨ ਧਰੈਂ।
'ਪ੍ਰਾਨ ਬਚੈਂ' ਇਹ ਲਾਲਚ ਛੋਰਾ। 'ਮਾਰਹਿਂ ਅੱਗ੍ਰਪਰੈਂ' ਰਿਪੁ ਓਰਾ॥੪॥

ਮ੍ਰਿਗਾਂ ਦੇ ਝੁੰਡਾਂ ਵਿਚ ਸ਼ੇਰ ਫਿਰਦੇ ਸਨ। ਨਿਰਭੈ ਯੋਧੇ ਕਿਸੇ ਪਾਸੋਂ ਭੈਅ ਨਹੀਂ ਧਾਰਨ ਕਰਦੇ ਸਨ। 'ਪ੍ਰਾਣ ਬਚ ਜਾਣ' ਇਹ ਲਾਲਚ ਛੱਡ ਦਿੱਤਾ ਸੀ। 'ਅੱਗੇ ਵਧ ਕੇ ਵੈਰੀ ਨੂੰ ਮਾਰੀਏ' ਇਸ ਲਈ ਵਧ ਕੇ ਵੈਰੀ 'ਤੇ ਪੈਂਦੇ ਹਨ॥ ੪॥

ਯੋਂ ਗਰਜਤਿ ਹੈਂ ਸਿੰਘ ਜੁਝਾਰੇ। ਥਿਰੈਂ ਨ ਰਿਪੁ ਇਤ ਉਤ ਦੈਂ ਟਾਰੇ।
ਪਹੁੰਚਿ ਜਾਹਿਂ ਪਰ ਸ਼ਸਤ੍ਰ ਚਲਾਵਹਿਂ। ਇਕ ਤੇ ਦ੍ਵੈ ਕਰਿ ਧਰਨਿ ਗਿਰਾਵਹਿਂ॥੫॥

ਇਸ ਪ੍ਰਕਾਰ ਜੁਝਾਰੂ ਸਿੰਘ ਗੱਜਦੇ ਹਨ, ਵੈਰੀ ਠਹਿਰਦਾ ਨਹੀਂ ਸੀ, ਏਧਰ ਓਧਰ ਹੋ ਕੇ ਟੱਲ ਜਾਂਦਾ ਸੀ। ਵੈਰੀ ਪਾਸ ਪਹੁੰਚ ਕੇ ਸ਼ਸਤਰ ਚਲਾਉਂਦੇ ਸਨ, ਇਕ ਤੋਂ ਦੋ ਕਰਕੇ ਧਰਤੀ ਤੇ ਸੁੱਟ ਦਿੰਦੇ ਸਨ॥ ੫॥

ਮਾਰ ਮਾਰ ਕਰਿ ਤੁਰਕ ਹਜ਼ਾਰੋਂ। ਇਤ ਉਤ ਫਿਰਿ ਘੇਰਹਿਂ ਦਿਸ਼ ਚਾਰੋਂ।
ਤਊ ਮਰਨ ਕੀ ਸ਼ੰਕ ਨ ਜਿਨ ਕੋ। ਕਹਾਂ ਸੂਰਤਾ ਗੁਨ ਗਨ ਤਿਨ ਕੋ॥੬॥

ਮਾਰ-ਮਾਰ ਕੇ ਹਜ਼ਾਰਾਂ ਤੁਰਕ ਮਾਰ ਦਿੱਤੇ, ਏਧਰ ਓਧਰ ਫਿਰ ਕੇ ਚਾਰੇ ਪਾਸੇ ਘੇਰ ਲੈਂਦੇ ਸਨ। ਫਿਰ ਵੀ ਮਰਨ ਦਾ ਜਿਨ੍ਹਾਂ ਨੂੰ ਕੋਈ ਸ਼ੰਕਾ ਨਹੀਂ ਸੀ, ਉਨ੍ਹਾਂ ਦੀ ਸੂਰਮਤਾ ਦੇ ਸਾਰੇ ਗੁਣ ਕੀ ਕਹੀਏ॥ ੬॥

ਪਹੁੰਚਹਿਂ ਸਨਮੁਖ ਜਿਸ ਕਰ ਝਾਰਹਿਂ। ਗੁਰ ਪ੍ਰਤਾਪ ਤੇ ਤਤਛਿਨ ਮਾਰਹਿਂ।
ਛੁਧਿਤਿ ਸ੍ਰਮਤਿ ਦੁਖ ਤਿਹ ਛਿਨ ਟਾਰੇ। ਓਜ ਤੇਜ ਗੁਰ ਦਯੋ ਉਦਾਰੇ॥੭॥

ਜਿਸ ਦੇ ਉੱਤੇ ਵੀ ਆਪਣਾ ਹੱਥ ਝਾੜਦੇ ਸਨ, ਗੁਰੂ ਜੀ ਦੇ ਪ੍ਰਤਾਪ ਨਾਲ ਉਸਨੂੰ ਤੁਰਤ ਮਾਰ ਲੈਂਦੇ ਸਨ। ਭੁੱਖ, ਥਕਾਵਟ ਦਾ ਦੁਖ ਉਸ ਸਮੇਂ ਟਾਲ ਦਿੰਦੇ ਸਨ, ਸ਼ਕਤੀ ਅਤੇ ਤੇਜ ਗੁਰੂ ਜੀ ਨੇ ਵੱਡੀ ਮਾਤਰਾ ਵਿਚ ਦਿੱਤਾ ਸੀ॥ ੭॥

ਜਯੋਂ ਨਟ ਉਛਲਤਿ ਬਾਜੀ ਪਾਵਤਿ। ਤਯੋਂ ਬਲ ਤੇ ਏਕਲ ਚਲ ਜਾਵਤਿ।
ਜਬਿ ਲਗ ਪ੍ਰਾਨ ਤਜੇ ਨਹਿਂ ਰਨ ਮੈਂ। ਤਬਿ ਲਗ ਹਤੈਂ ਰਿਪੁਨ ਕੇ ਤਨ ਮਹਿਂ॥੮॥

ਜਿਵੇਂ ਨਟ ਉੱਛਲ ਕੇ ਬਾਜ਼ੀ ਪਾਉਂਦਾ ਹੈ, ਤਿਵੇਂ ਬਲ ਕਰਕੇ ਇਕੱਲੇ ਚਲੇ ਜਾਂਦੇ ਸਨ। ਜਦ ਤਕ ਪ੍ਰਾਣ ਰਣਖੇਤਰ ਵਿਚ ਨਾ ਛੱਡਣ ਤਦ ਤਕ ਉਹ ਵੈਰੀਆਂ ਦੇ ਸਰੀਰਾਂ ਨੂੰ ਕਤਲ ਕਰਦੇ ਸਨ॥ ੮॥

ਮਾਰੇ ਜਾਹਿਂ ਮਰਨ ਲਗਿ ਜੇਤੇ। ਕਰਿ ਪੁਰਖਾਰਥ ਹਾਨਹਿਂ ਤੇਤੇ।
ਪੰਚਹੁਂ ਸਿੰਘ ਸੁ ਬੀਰ ਮੁਛਾਲੇ। ਲਰਿ ਕਰਿ ਬਹੁਤਨਿ ਕੇ ਘਰ ਘਾਲੇ॥ ੯॥

ਆਪਣੇ ਮਰਨ ਤਕ ਜਿੰਨੇ ਵੀ ਮਾਰ ਦੇਣ, ਉੱਦਮ ਕਰਕੇ ਓਨੇ ਹੀ ਮਾਰ ਦਿੰਦੇ ਸਨ। ਪੰਜੇ ਸਿੰਘ ਸੂਰਬੀਰ ਜਿਹੜੇ ਮੁੱਛਾਂ ਵਾਲੇ ਸਨ, ਉਨ੍ਹਾਂ ਯੁੱਧ ਕਰਕੇ ਬਹੁਤਿਆਂ ਦੇ ਘਰ ਗਾਲ ਦਿੱਤੇ॥ ੯॥

ਜਲ ਕੋ ਮੱਛ ਹਲਾਵਹਿ ਜੈਸੇ। ਹਲਾ ਚਾਲ ਲਸ਼ਕਰ ਮਹਿਂ ਤੈਸੇ।
ਮਿਲਿ ਸ਼ਲਖੈਂ ਗਨ ਤੁਪਕ ਚਲਾਈ। ਇਕ ਕੈ ਬਹੁ ਲਗਿ ਲਗਿ ਗਿਰ ਜਾਈਂ॥੧੦॥

ਜਿਵੇਂ ਜਲ ਨੂੰ ਮਗਰਮੱਛ ਹਿਲਾਉਂਦਾ ਹੈ, ਇਸ ਪ੍ਰਕਾਰ ਉਹ ਲਸ਼ਕਰ ਵਿਚ ਹਲਚਲ ਮੱਚਾ ਦਿੰਦੇ ਸਨ। ਸ਼ਲਖਾਂ ਮਿਲਾ ਕੇ ਬਹੁਤ ਬੰਦੂਕਾਂ ਚਲਾਈਆਂ, ਇਕ ਦੇ ਬਹੁਤ ਲੱਗ ਲੱਗ ਡਿਗਦੇ ਜਾਂਦੇ ਸਨ॥ ੧੦॥

ਜੁਝਾਰ ਸਿੰਘ ਜ਼ੋਰ ਬਿਸਾਲਾ। ਬੈਸ ਕਿਸ਼ੋਰ ਦਿਪਤਿ ਬਡ ਭਾਲਾ।
ਦੇਖਯੋ ਜਿਮ ਭ੍ਰਾਤਾ ਜੋ ਜੁੱਧ। ਤੈਸੇ ਕਰਨਿ ਲਗਯੋ ਬਡ ਕ੍ਰੁੱਧ॥ ੧੧॥

ਜੁਝਾਰ ਸਿੰਘ ਵਿਸ਼ਾਲ ਜ਼ੋਰਾਵਰ ਸੀ, ਉਮਰ ਛੋਟੀ ਸੀ ਪਰ ਮੱਥਾ ਬੜਾ ਚਮਕਦਾ ਸੀ। ਜਿਵੇਂ ਆਪਣੇ ਭਰਾ ਦਾ ਯੁੱਧ ਵੇਖਿਆ ਸੀ, ਉਸ ਪ੍ਰਕਾਰ ਹੀ ਵੱਡਾ ਕ੍ਰੋਧ ਧਾਰ ਕੇ ਯੁੱਧ ਕਰਨ ਲੱਗਾ॥ ੧੧॥

ਪਿਤਾ ਪ੍ਰਸੰਨ ਹੋਇਂ ਜਿਮ ਹੇਰਿ। ਤਥਾ ਸ਼ੀਘ੍ਰਤਾ ਕਰਹਿ ਬਡੇਰ।
ਨਿਠੁਰ ਕੁਦੰਡ ਪ੍ਰਚੰਡ ਮਹਾਨਾ। ਤੀਖਨ ਬਾਨ ਤਾਨ ਤੇ ਤਾਨਾ॥ ੧੨॥

ਪਿਤਾ ਜੀ ਵੇਖ ਕੇ ਜਿਵੇਂ ਪ੍ਰਸੰਨ ਹੋਣ, ਉਸ ਪ੍ਰਕਾਰ ਹੀ ਵੱਡੀ ਸ਼ੀਘਰਤਾ ਕਰਦਾ ਸੀ। ਧਨੁੱਖ ਬੜਾ ਕਠੋਰ ਅਤੇ ਪ੍ਰਚੰਡ ਹੈ, ਉਸ ਵਿਚ ਬਾਣ ਧਰ ਕੇ ਤਾਣਦਾ ਸੀ॥ ੧੨॥

ਦੋਹਰਾ-ਸ੍ਰੀ ਜੁਝਾਰ ਸਿੰਘ ਜੀ ਜ਼ੋਰਾਵਰੀ ਦਿਖਾਇ।
ਮਾਰਤਿ ਸੁਭਟ ਤੁਰੰਗ ਕੋ ਧਰਨ ਦੇਤਿ ਉਥਲਾਇ॥ ੧੩॥

ਸ੍ਰੀ ਜੁਝਾਰ ਸਿੰਘ ਨੇ ਵੱਡੀ ਜ਼ੋਰਾਵਰੀ ਵਿਖਾਈ, ਘੋੜੇ ਅਤੇ ਸਵਾਰ ਨੂੰ ਤੀਰ ਮਾਰ ਕੇ ਧਰਤੀ ਉੱਤੇ ਉਲਟਾ ਦਿੰਦਾ ਸੀ॥ ੧੩॥

ਲਲਿਤ ਪਦ ਛੰਦ-ਜਿਤ ਕੋ ਜਾਇ ਹਲਾ ਹਲ ਹੋਵੈ 'ਇਹੁ ਆਵਤਿ ਲਿਹੁ ਮਾਰੀ'।
ਸੋ ਦੋ ਸੈ ਉਮਡਤਿ ਗਹਿ ਆਯੁਧ ਨਗਨ ਖੜਗ ਕਰ ਧਾਰੀ॥੧੪॥

ਜਿਧਰ ਵੀ ਜਾਂਦਾ ਸੀ ਹਲਚਲ ਮੱਚ ਜਾਂਦੀ ਸੀ। ਵੈਰੀ ਸੋਚਦੇ ਸਨ, "ਇਹ ਆ ਰਿਹਾ ਹੈ ਮਾਰ ਲਉ।" ਸੋ ਦੋ ਸੋ ਹੱਥਾਂ ਵਿਚ ਨੰਗੀਆਂ ਤਲਵਾਰਾਂ ਲੈ ਕੇ ਉਮਡ ਕੇ ਆ ਗਏ॥ ੧੪॥

ਸੇਲੇ ਸਾਂਗਨਿ ਤੋਮਰ ਤੀਰਨਿ ਅਧਿਕ ਛੁਟਾਇ ਤੁਫੰਗਾ।
ਕਰਹਿਂ ਜਤਨ ਬਹੁ ਘੇਰਨ ਕੋ ਮਿਲਿ ਇਤ ਉਤ ਧਾਇ ਨਿਸ਼ੰਗਾ॥ ੧੫॥

ਸੇਲੇ, ਨੇਜ਼ੇ, ਤੋਮਰ, ਤੀਰ ਅਤੇ ਬਹੁਤ ਬੰਦੂਕਾਂ ਚਲਵਾਈਆਂ। ਘੇਰਨ ਵਾਸਤੇ ਬਹੁਤ ਯਤਨ ਕਰਦੇ ਸਨ, ਮਿਲ ਕੇ ਨਿਸ਼ੰਗ ਹੋ ਕੇ ਏਧਰ ਓਧਰ ਦੌੜੇ॥ ੧੫॥

ਲਾਖਹੁਂ ਸ਼ਸਤ੍ਰ ਚਲਤਿ ਹੈਂ ਇਸ ਬਿਧਿ ਜਨੁ ਬਲ ਤੇ ਘਨ ਵੁੱਠੈ।
ਗੋਰੀ ਤੀਰ ਤਰਾਤਰ ਬਰਖਤਿ ਸ਼ਬਦ ਬਡੋ ਤਬਿ ਉੱਠੈ॥ ੧੬॥

ਲੱਖਾਂ ਸ਼ਸਤਰ ਇਸ ਪ੍ਰਕਾਰ ਚਲਦੇ ਮਾਨੋ ਬਲ ਨਾਲ ਬੱਦਲ ਵਰ੍ਹਦਾ ਹੈ। ਗੋਲੀ, ਤੀਰ ਅਤੇ ਤਰਾਤਰ ਦੀ ਵਰਸ਼ਾ ਹੁੰਦੀ ਸੀ ਤਦ ਬੜੀ ਉੱਚੀ ਆਵਾਜ਼ ਉੱਠਦੀ ਸੀ॥ ੧੬॥

ਹਾਥ ਦੇਇ ਪ੍ਰਭੁ ਰਾਖਤਿ ਸਭਿ ਤੇ ਫਿਰਤਿ ਬੀਚ ਉਤਲਾਵਾ।
ਖੜਗ ਨਿਕਾਸੇ ਬਾਢਤਿ ਸ਼ੱਤ੍ਰਨਿ ਜਜੋਂ ਲਾਗੀ ਬਨ ਦਾਵਾ॥ ੧੭॥

ਹੱਥ ਦੇ ਕੇ ਪ੍ਰਭੂ ਜੀ ਆਪਣੇ ਸੇਵਕਾਂ ਨੂੰ ਰੱਖ ਲੈਂਦੇ ਹਨ, ਸਾਰੇ ਵੈਰੀ ਦੇ ਵਿਚ ਉਤਾਵਲੇ ਹੋ ਕੇ ਫਿਰਦੇ ਹਨ ਤੇ ਕਿਰਪਾਨਾਂ ਕੱਢ ਕੇ ਵੈਰੀ ਨੂੰ ਇਸ ਪ੍ਰਕਾਰ ਵੱਢਦੇ ਹਨ, ਜਿਵੇਂ ਜੰਗਲ ਨੂੰ ਦਾਵਾਨਲ ਅਗਨੀ ਸਾੜ ਰਹੀ ਹੋਵੇ॥ ੧੭॥

ਛਿਨ ਮਹਿਂ ਨਿਕਸ ਜਾਤਿ ਹੈਂ ਬਿਚ ਤੇ ਦੂਤੀ ਦਿਸ਼ਾ ਜਬਿ ਜਾਵੈਂ।
ਖੜਗ ਕੜਾਕੜ ਮਾਰ ਮਚੈ ਜਬਿ ਮਹਾਂ ਰੋਰ ਤਬਿ ਪਾਵੈਂ॥ ੧੮॥

ਇਕ ਛਿਣ ਵਿਚ ਵਿਚੋਂ ਨਿਕਲ ਜਾਂਦੇ ਹਨ ਤੇ ਫਿਰ ਦੂਸਰੇ ਪਾਸੇ ਜਾਂਦੇ ਹਨ। ਜਦ ਕੜਾਕੜ ਤਲਵਾਰਾਂ ਦੀ ਮਾਰ ਮੱਚਦੀ ਹੈ ਤਦ ਵੈਰੀ ਬਹੁਤ ਰੌਲਾ ਪਾਉਂਦੇ ਹਨ॥ ੧੮॥

ਜਨੁ ਖੇਲਤਿ ਹ੍ਵੈਂ ਬਾਲਕ ਸੰਗੇ ਅਤਿ ਅਨੰਦ ਉਮਗੰਤੇ।
ਜੀਤ ਜਾਤਿ ਹੈਂ ਜਿਤ ਕਿਤ ਹ੍ਵੈ ਕੈ ਪੁਨ ਧਾਵਤਿ ਚਪਲੰਤੇ॥ ੧੯॥

ਮਾਨੋ ਅਤਿ ਅਨੰਦ ਅਤੇ ਉਤਸ਼ਾਹ ਨਾਲ ਬਾਲਕਾਂ ਨਾਲ ਖੇਡਦੇ ਹਨ। ਜਿੱਥੇ ਕਿੱਥੇ ਹੋ ਕੇ ਜਿੱਤ ਜਾਂਦੇ ਹਨ ਤੇ ਦੁਬਾਰਾ ਬੜੀ ਫੁਰਤੀ ਨਾਲ ਧਾਵਾ ਬੋਲਦੇ ਹਨ॥ ੧੯॥

ਖੜਗਨ ਕੀ ਚਹੁਂ ਦਿਸ਼ਾ ਛਾਂਵ ਭੀ ਬਾਹਤਿ ਹੈਂ ਚਹੁੰਫੇਰੇ।
ਪਟੇ ਬਾਜ ਕੀ ਬਿੱਦਜਾ ਕਰਿ ਕਰਿ ਘਾਤ ਕਰੇ ਕਰਿ ਗੇਰੇ॥ ੨੦॥

ਤਲਵਾਰਾਂ ਦੀ ਬੇਸ਼ਕ ਚਾਰ-ਚੁਫੇਰੇ ਛਾਂ ਹੈ, ਫਿਰ ਵੀ ਚਾਰ-ਚੁਫੇਰੇ ਤਲਵਾਰਾਂ ਵਾਹੁੰਦੇ ਹਨ। ਪਟੇਬਾਜ਼ ਦੀ ਵਿਦਿਆ ਕਰਦੇ ਹਨ ਤੇ ਘਾਤ ਲਾ ਕੇ ਵੈਰੀ ਨੂੰ ਡੇਗ ਲੈਂਦੇ ਹਨ॥ ੨੦॥

ਬਹੀ ਰਕਤ ਕੀ ਸਲਿਤਾ ਜਿਤ ਕਿਤ ਲੋਥਨਿ ਕੇ ਅੰਬਾਰਾ।
ਕਹੂੰ ਕਿ ਸਿਰ ਕਿੰਦਕ ਸਮ ਰੇਢਤਿ ਕਰ ਪਗ ਡੰਡਨ ਮਾਰਾ॥ ੨੧॥

ਜਿੱਥੇ ਕਿੱਥੇ ਲਹੂ ਦੀ ਨਦੀ ਵਗਦੀ ਹੈ ਤੇ ਲੋਥਾਂ ਦੇ ਢੇਰ ਲੱਗ ਗਏ ਹਨ। ਕਿਤੇ ਸਿਰ ਗੇਂਦਾਂ ਵਾਂਗ ਰਿੜ੍ਹਦੇ ਫਿਰਦੇ ਹਨ ਤੇ ਹੱਥ ਪੈਰ ਭਾਵ ਬਾਹਾਂ ਤੇ ਲੱਤਾਂ ਇਸ ਪ੍ਰਕਾਰ ਪਈਆਂ ਹਨ, ਜਿਵੇਂ ਗੇਂਦਾਂ ਨੂੰ ਮਾਰਨ ਵਾਲੀਆਂ ਖੂੰਡੀਆਂ ਪਈਆਂ ਹਨ॥ ੨੧॥

ਗ੍ਰਿੱਧ ਬ੍ਰਿੱਧ ਭੱਖਜਨਿ ਕਰਿ ਆਮਿਖ ਬੈਠੀ ਕਿਤਿਕ ਨ ਡੋਲੈਂ।
ਅੰਤਰ ਸੂਰਨ ਬੁਟੀਆਂ ਉਛਲਤਿ ਯਾਂ ਤੇ ਚੀਂਕਤਿ ਬੋਲੈਂ॥ ੨੨॥

ਕਈ ਗਿੱਰਝਾਂ ਮਾਸ ਖਾ ਕੇ ਬੈਠੀਆਂ ਹਨ ਤੇ ਡੋਲਦੀਆਂ ਨਹੀਂ ਹਨ। ਗਿੱਰਝਾਂ ਦੇ ਅੰਦਰ ਸੂਰਮਿਆਂ ਦੀਆਂ ਬੋਟੀਆਂ ਉਛਲਦੀਆਂ ਹਨ, ਇਸ ਕਰਕੇ ਚੀਖ ਚੀਖ ਕੇ ਬੋਲਦੀਆਂ ਹਨ॥ ੨੨॥

ਕਾਕ ਕੰਕ ਕੀ ਕੂਕੈਂ ਕੂਕਹਿਂ ਜੰਬੁਕ ਬੋਲਿ ਸੁਨਾਵੈਂ।
ਐਂਚਤਿ ਲੋਥਨ ਆਮਿਖ ਕਾਟਹਿਂ ਰੁਧਰ ਪਾਨ ਪਲ ਖਾਵੈਂ॥ ੨੩॥

ਕਾਂ ਅਤੇ ਛੋਟੀਆਂ ਇੱਲਾਂ ਵੀ ਕੂਕਦੀਆਂ ਹਨ ਤੇ ਗਿੱਦੜ ਹਵਾਂਕ ਕੇ ਆਪਣੀ ਆਵਾਜ਼ ਸੁਣਾਉਂਦੇ ਹਨ। ਲੋਥਾਂ ਨੂੰ ਖਿੱਚ ਕੇ ਮਾਸ ਕੱਟਦੇ ਹਨ ਤੇ ਲਹੂ ਪੀ ਕੇ ਮਾਸ ਖਾਂਦੇ ਹਨ॥ ੨੩॥

ਭੂਤ ਪਿਸ਼ਾਚ ਪ੍ਰੇਤ ਡਕਰਾਵਤਿ ਸ਼੍ਰੋਣਤ ਮਾਸ ਅਘਾਏ।
ਖੱਪਰ ਭਰੈਂ ਜੋਗਨੀ ਤ੍ਰਿਪਤੈਂ ਗੁਰ ਬਿਨ ਕੌਨ ਰਜਾਏ॥ ੨੪॥

ਭੂਤ, ਪ੍ਰੇਤ, ਪਿਸ਼ਾਚ ਰੱਜ ਕੇ ਲਹੂ ਮਾਸ ਖਾ ਕੇ ਫਿਰ ਤ੍ਰਿਪਤ ਹੋ ਕੇ ਡਕਾਰ ਮਾਰਦੇ ਹਨ। ਖੱਪਰ ਭਰ ਭਰ ਜੋਗਨੀਆਂ ਲਹੂ ਪੀ ਕੇ ਤ੍ਰਿਪਤ ਹੁੰਦੀਆਂ ਹਨ, ਗੁਰੂ ਬਗੈਰ ਉਨ੍ਹਾਂ ਨੂੰ ਹੋਰ ਕੌਣ ਰਜਾਏ॥ ੨੪॥

ਚਹੁਂ ਦਿਸ਼ਿ ਦੁੰਦਭਿ ਬਜਹਿਂ ਘਨੇਰੇ ਪਟਹਿ ਢੋਲ ਸ਼ਹਿਨਾਈ।
ਬਿਸਮਹਿ ਭਏ ਦੇਖਿ ਕਰਿ ਰਣ ਕੋ ਤੁਰਕਨ ਦਲ ਸਮੁਦਾਈ॥ ੨੫॥

ਚਾਰੇ ਪਾਸੇ ਨਗਾਰੇ ਵੱਜਦੇ ਹਨ ਅਤੇ ਪਟੇ, ਢੋਲ ਅਤੇ ਸ਼ਹਿਨਾਈਆਂ ਵੀ ਗੂੰਜਦੀਆਂ ਹਨ। ਯੁੱਧ ਨੂੰ ਵੇਖ ਕੇ ਸਾਰਾ ਤੁਰਕ ਦਲ ਬਹੁਤ ਹੈਰਾਨ ਹੁੰਦਾ ਹੈ॥ ੨੫॥

ਕਿੰਨਰ ਗੰਧ੍ਰਬ ਸਿੱਧ ਅਪਸਰਾ ਹੇਰਿ ਹੇਰਿ ਹੈਰਾਨੇ।
'ਕਹਾਂ ਛੁਧਤਿ ਨਰ ਚੱਤ੍ਰਾਰਿੰਸਹਿ ਕਹਿਂ ਦਸ ਲਖ ਬਲਵਾਨੇ॥ ੨੬॥

ਕਿੰਨਰ, ਗੰਧਵ, ਸਿੱਧ ਅਤੇ ਅਪੱਸਰਾਂ ਵੇਖ ਵੇਖ ਬਹੁਤ ਹੈਰਾਨ ਹੁੰਦੀਆਂ ਹਨ। ਕਿੱਥੇ ਚਾਲੀ ਭੁਖਣ-ਭਾਣੇ ਮਨੁੱਖ ਤੇ ਕਿੱਥੇ ਦਸ ਲੱਖ ਬਲਵਾਨ ਫੌਜ ਯੁੱਧ ਕਰ ਰਹੀ ਸੀ॥ ੨੬॥

ਇਤੇ ਜੰਗ ਮੰਡਯੋ ਰਿਪੁ ਮਾਰਨਿ ਮਿਰਤਕ ਕਰੇ ਹਜ਼ਾਰੋਂ।
ਕਿਤਿਕ ਸਮੋ ਬੀਤਯੋ ਇਨ ਲਰਤੇ ਢੇਰ ਲਗੇ ਦਿਸ਼ ਚਾਰੋਂ॥ ੨੭॥

ਵੈਰੀ ਨੂੰ ਮਾਰਨ ਵਾਸਤੇ ਏਡਾ ਭਿਆਨਕ ਜੰਗ ਕੀਤਾ ਕਿ ਹਜ਼ਾਰਾਂ ਸੂਰਬੀਰ ਮਾਰੇ ਗਏ। ਇਨ੍ਹਾਂ ਨੂੰ ਲੜਦਿਆਂ ਜਦ ਕੁਝ ਸਮਾਂ ਬੀਤ ਗਿਆ ਤਾਂ ਚਾਰੇ ਪਾਸੇ ਲਾਸ਼ਾਂ ਦੇ ਢੇਰ ਲੱਗ ਗਏ॥ ੨੭॥

ਜੁਝਾਰ ਸਿੰਘ ਬਡ ਜ਼ੋਰਾਵਰ ਕਰਿ ਕਰਿ ਜ਼ੋਰ ਦਿਖਾਯੋ।
ਮਾਰਿ ਹਜ਼ਾਰੋਂ ਰਿਪੁ ਗਨ ਕੋ ਪੁਨ ਜੰਗ ਬੀਚ ਲੁਪਤਾਯੋ॥ ੨੮॥

ਜੁਝਾਰ ਸਿੰਘ ਨੇ ਵੱਡਾ ਜ਼ੋਰ ਕਰ ਕਰ ਆਪਣਾ ਜ਼ੋਰ ਵਿਖਾਇਆ। ਹਜ਼ਾਰਾਂ ਵੈਰੀਆਂ ਨੂੰ ਮਾਰ ਕੇ ਫਿਰ ਜੰਗ ਦੇ ਵਿਚ ਹੀ ਅਲੋਪ ਹੋ ਗਿਆ॥ ੨੮॥

ਦੇਖਿ ਰਹੇ ਦੁਸ਼ਮਨ ਦਸ ਦਿਸ਼ ਕੋ ਭਯੋ ਅਦ੍ਰਿਸ਼ਟਿ ਤਦਾਈ॥
ਜੁਗ ਨੰਦਨ ਜਬਿ ਜੂਝੇ ਰਣ ਮਹਿਂ ਸਿੰਘਨ ਅਰਜ਼ ਲਗਾਈ॥ ੨੯॥

ਦੁਸ਼ਮਣ ਦਸੀਂ ਪਾਸੀ ਵੇਖਦੇ ਰਹੇ, ਉਹ ਉਸ ਸਮੇਂ ਤਦ ਅਦ੍ਰਿਸ਼ਟ ਹੋ ਗਏ ਹਨ। ਦੋ ਪੁੱਤਰ ਜਦ ਰਣਖੇਤਰ ਵਿਚ ਜੂਝ ਗਏ, ਤਦ ਕਿਲ੍ਹੇ ਵਿਚ ਸਿੰਘਾਂ ਬੇਨਤੀ ਕੀਤੀ॥ ੨੯॥

'ਮਹਾਂਰਾਜ ! ਅਬਿ ਦੇਖਤਿ ਕਜਾ ਹਹੁ ਨਿਕਸਹੁ ਤਜਹੁ ਅਖਾਰਾ।
ਦਗਾ ਦੁਸ਼ਟ ਨੈ ਕੀਨਸਿ ਪਕਰਨ ਕੈ ਰਨ ਕਰਨ ਸੰਘਾਰਾ॥ ੩੦॥

''ਮਹਾਰਾਜ ! ਹੁਣ ਕੀ ਵੇਖਦੇ ਹੋ, ਬਾਹਰ ਨਿਕਲੋ ਤੇ ਇਸ ਅਖਾੜੇ ਨੂੰ ਛੱਡ ਦੇਵੋ। ਦੁਸ਼ਟਾਂ ਨੇ ਫੜਨ ਵਾਸਤੇ ਦਗਾ ਕੀਤਾ ਹੈ ਜਾਂ ਯੁੱਧ ਕਰਕੇ ਮਾਰ ਦੇਣਗੇ॥ ੩੦॥

ਹਮੇ ਸਾਰਖੇ ਸਿਖ ਲੱਛ ਹੋਵਹਿਂ ਕੁਸ਼ਲੀ ਤੁਮਹਿਂ ਸਰੀਰਾ।
ਘਨੇ ਜੰਗ ਘਾਲਜੇ ਘਮਸਾਨਾ ਲਾਖਹੁਂ ਹਤਿ ਕਰਿ ਬੀਰਾ॥ ੩੧॥

ਜੇ ਤੁਹਾਡਾ ਸਰੀਰ ਠੀਕ-ਠਾਕ ਰਹਿੰਦਾ ਹੈ ਤਾਂ ਅਸੀਂ ਜਾਣਦੇ ਹਾਂ ਹੋਰ ਲੱਖਾਂ ਸਿੰਘ ਪੈਦਾ ਹੋ ਜਾਣਗੇ। ਇਨ੍ਹਾਂ ਸਿੰਘਾਂ ਨੇ ਵੱਡਾ ਜੰਗ ਦਾ ਅਖਾੜਾ ਮਚਾਇਆ ਹੈ ਤੇ ਲੱਖਾਂ ਸੂਰਬੀਰਾਂ ਨੂੰ ਮਾਰਿਆ ਹੈ॥ ੩੧॥

ਜਿਤੇ ਵਹਿਰ ਨਿਕਸੇ ਲਰਿਬੇ ਹਿਤ ਅੰਤ ਸਮੈਂ ਸਭਿ ਹੋਏ।
ਲਾਖਹੁਂ ਦਲ ਦੇਖਹੁ ਅਬਿ ਉਮਡੇ ਚਹੈਂ ਦੁਰਗ ਪਰ ਢੋਏ॥ ੩੨॥

ਜਿੰਨੇ ਵੀ ਬਾਹਰ ਲੜਨ ਵਾਸਤੇ ਨਿਕਲੇ ਸਨ, ਉਨ੍ਹਾਂ ਸਭ ਦਾ ਅੰਤ ਹੋ ਗਿਆ ਹੈ। ਲੱਖਾਂ ਦਾ ਦਲ ਹੁਣ ਵੇਖੋ ਉਮਡ ਕੇ ਆ ਜਾਵੇਗਾ ਤੇ ਕਿਲ੍ਹੇ ਉੱਤੇ ਹਮਲਾ ਕਰਨਗੇ''॥ ੩੨॥

ਸੁਨਿ ਸਤਿਗੁਰ ਬਿਕਸੇ ਸ੍ਰੀ ਮੁਖ ਤੇ 'ਦਿਖਹੁ, ਤਜੈਂ ਹਮ ਬਾਨਾ'।
ਧਰਜੋ ਧਨੁਖ ਪਰ ਕੂਦਤਿ ਤਜਾਗਜੋ ਗਮਨਜੋਂ ਗਾਜ ਸਮਾਨਾ॥ ੩੩॥

ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਮੁਸਕਰਾਏ, ''ਵੇਖੋ, ਹੁਣ ਅਸੀਂ ਆਪਣਾ ਬਾਨ ਛੱਡਦੇ ਹਾਂ।'' ਉਨ੍ਹਾਂ ਫਿਰ ਆਪਣੇ ਧਨੁੱਖ ਦੀ ਚਾਂਪ ਉੱਤੇ ਤੀਰ ਰੱਖਿਆ ਤੇ ਕੁਦ ਕੇ ਬੜੇ ਜ਼ੋਰ ਨਾਲ ਛੱਡਿਆ, ਜਿਹੜਾ ਹਾਥੀ ਵਾਂਗ ਚੰਘਾੜਦਾ ਅੱਗੇ ਗਿਆ॥ ੩੩॥

ਅੱਗੂ ਵਧੇ ਆਵਤਿ ਜੇ ਗੜ੍ਹ ਕੋ ਗਿਰੇ ਨਰਨ ਉਥਲੈ ਕੈ।
ਦਸ ਹਜ਼ਾਰ ਕੋ ਪ੍ਰਾਨ ਅੰਤ ਭਾ ਰਹੇ ਮਨੋ ਸੁਪਤੈ ਕੈ॥ ੩੪॥

ਜਿਹੜੇ ਸੈਨਿਕ ਕਿਲ੍ਹੇ ਵੱਲ ਅੱਗੇ ਵਧੇ ਆਉਂਦੇ ਸਨ, ਉਹ ਸਾਰੇ ਸੈਨਿਕ ਉਲਟ ਕੇ ਡਿੱਗ ਪਏ। ਦਸ ਹਜ਼ਾਰ ਸੈਨਿਕਾਂ ਦੇ ਪ੍ਰਾਣ ਨਾਸ਼ ਹੋ ਗਏ ਤੇ ਉਹ ਧਰਤੀ ਉੱਪਰ ਇਸ ਪ੍ਰਕਾਰ ਲੇਟ ਗਏ, ਮਾਨੋ ਸੌਂ ਰਹੇ ਸਨ॥ ੩੪॥

ਬਿਸਮ ਭਏ ਠਟਕੇ ਦਲ ਅਰਿ ਕੇ ਅੱਗੂ ਨ ਕੋ ਭਟ ਹੋਵਾ।
ਮਹਾਂ ਗਜ਼ਬ ਕੋ ਲਗਜੋ ਤਮਾਚਾ ਅਦਭੁਤ ਅਤਿਸ਼ੈ ਜੋਵਾ॥ ੩੫॥

ਹੈਰਾਨ ਹੋ ਕੇ ਵੈਰੀ ਦਾ ਸਾਰਾ ਦਲ ਠਿਟਕ ਗਿਆ, ਫਿਰ ਕੋਈ ਵੀ ਸੂਰਮਾ ਅੱਗੇ ਨਾ ਹੋਇਆ, ਮਹਾਨ ਗਜ਼ਬ ਦਾ ਤਮਾਚਾ ਵੱਜਾ ਤੇ ਵੱਡਾ ਅਦਭੁਤ ਨਜ਼ਾਰਾ ਸਾਰਿਆਂ ਨੇ ਵੇਖਿਆ॥ ੩੫॥

ਦੂਰ ਦੂਰ ਕਰਿ ਫਰਕ ਖਿਰੇ ਸਭਿ ਕਹੈਂ 'ਨਿਕਟ ਨਹਿਂ ਜਾਵੋ।
ਨਿਕਟ ਢੁਕੇ ਤਤਕਾਲ ਪ੍ਰਾਨ ਹਤਿ ਨਾਹਕ ਜਾਨ ਗਵਾਵੋ॥ ੩੬॥

ਫਿਰ ਸਾਰੇ ਦੂਰ-ਦੂਰ ਜਾ ਕੇ ਖੜੇ ਹੋ ਗਏ, ਕਹਿੰਦੇ ਸਨ, ''ਨੇੜੇ ਨਾ ਜਾਵੋ। ਨੇੜੇ ਜਾਣ ਨਾਲ ਤੁਰਤ ਪ੍ਰਾਣ ਨਿਕਲ ਜਾਂਦੇ ਹਨ, ਇਸ ਕਰਕੇ ਫਜ਼ੂਲ ਵਿਚ ਪ੍ਰਾਣ ਨਾ ਗਵਾਵੋ॥ ੩੬॥

ਆਪੇ ਨਿਕਸ ਪਰੈਂ ਹੈਂ ਹਤਿ ਅਬਿ ਦੇਰ ਨ ਜਾਨਹੁਂ ਕੋਈ।
ਬੀਤ ਗਯੋ ਲਰਤੇ ਦਿਨ ਸਾਰੋ ਆਨਿ ਜਾਮਨੀ ਹੋਈ॥ ੩੭॥

ਹੁਣ ਮਰ ਕੇ ਆਪੇ ਨਿਕਲ ਜਾਣਗੇ, ਹੁਣ ਇਸ ਵਿਚ ਹੋਰ ਦੇਰ ਨਾ ਜਾਣੋ। ਲੜਦਿਆਂ ਸਾਰਾ ਦਿਨ ਬੀਤ ਗਿਆ ਹੈ, ਹੁਣ ਰਾਤ ਪੈ ਗਈ ਹੈ॥ ੩੭॥

ਤਿਮਰ ਬਿਖੈ ਦਿਹੁ ਦੂਰ ਤਲਾਵ੍ਹਾ ਘੇਰ ਰਖਹੁ ਚਹੁੰ ਘਾਈ॥
ਇਮ ਮਤ ਕਰਿ ਕੈ ਹਟਕ ਰਹੇ ਤਬਿ ਠਾਨਿ ਅਧਿਕ ਤਕਰਾਈ॥ ੩੮॥

ਹਨੇਰੇ ਵਿਚ ਰਾਤ ਦੀ ਗਸ਼ਤੀ ਫੌਜ ਦਾ ਪਹਿਰਾ ਲਾਵੋ ਤੇ ਚਾਰੇ ਪਾਸਿਆਂ ਤੋਂ ਘੇਰਾ ਪਾਈ ਰੱਖੋ।'' ਇਸ ਪ੍ਰਕਾਰ ਸਲਾਹ ਕਰਕੇ ਰੁਕੇ ਰਹੇ ਤੇ ਹੋਰ ਸਖਤ ਤਕੜਾਈ ਕਰ ਦਿੱਤੀ॥ ੩੮॥

ਭੈ ਧਰਿ ਨਿਕਟ ਨ ਹੋਵਨ ਪਾਵੈਂ, ਦੂਰ ਦੂਰ ਕਰਿ ਘੇਰਾ।
ਬਿਸਮਾਵਤਿ ਬਾਤਨ ਕੋ ਕਰਿਕੇ 'ਇਮ ਗੁਰ ਹਿੰਦ ਬਡੇਰਾ॥ ੩੯॥

ਭੈ ਧਾਰ ਕੇ ਕਿਲ੍ਹੇ ਦੇ ਨੇੜੇ ਨਹੀਂ ਸਨ ਆਉਂਦੇ ਤੇ ਦੂਰ-ਦੂਰ ਤਕ ਘੇਰਾ ਕਰ ਲਿਆ। ਹੈਰਾਨ ਪ੍ਰੇਸ਼ਾਨ ਹੋ ਕੇ ਗੱਲਾਂ ਕਰਦੇ ਸਨ, ''ਇਸ ਪ੍ਰਕਾਰ ਹਿੰਦ ਦਾ ਗੁਰੂ ਬਹੁਤ ਵੱਡਾ ਹੈ॥ ੩੯॥

ਲਾਖਹੁੰ ਲਸ਼ਕਰ ਲਰਿ ਅਟਕਾਏ ਸੁਨੇ ਸੰਗ ਨਰ ਚਾਲੀ।
ਕਈ ਹਜ਼ਾਰ ਲਾਖ ਲੌ ਲਖੀਅਤਿ ਘਾਇਲ ਮਰੇ ਬਿਸਾਲੀ' ॥ ੪੦॥

ਲੱਖਾਂ ਦੇ ਲਸ਼ਕਰ ਨੂੰ ਯੁੱਧ ਕਰਕੇ ਅਟਕਾ ਲਿਆ ਤੇ ਨਾਲ ਕੇਵਲ ਚਾਲ੍ਹੀ ਮਨੁੱਖ ਹਨ। ਕਈ ਹਜ਼ਾਰ ਲੱਖਾਂ ਤਕ ਜਾਪਦਾ ਹੈ ਲਸ਼ਕਰ ਘਾਇਲ ਹੋਇਆ ਜਾਂ ਮਾਰਿਆ ਗਿਆ ਹੈ'' ॥ ੪੦॥

ਇੱਤਜਾਦਿਕ ਬਹੁ ਭਨੈਂ ਬਾਰਤਾ, ਬੈਠਿ ਰਹੇ, ਕੋ ਠਾਂਢੇ।
ਗਹਿ ਆਯੁਧ ਸਵਧਾਨ ਹੋਇ ਕਰਿ ਫਿਰਤਿ ਚਹੁੰ ਦਿਸ਼ਿ ਗਾਢੇ॥ ੪੧॥

ਇਸ ਪ੍ਰਕਾਰ ਬਹੁਤ ਗੱਲਾਂ ਕਰਦੇ ਸਨ, ਕੋਈ ਬੈਠਾ ਰਿਹਾ, ਕੋਈ ਖੜਾ ਸੀ। ਹਥਿਆਰ ਫੜ ਕੇ ਸਾਵਧਾਨ ਹੋ ਕੇ, ਚਾਰੇ ਪਾਸੇ ਬੜੀ ਸਖਤਾਈ ਕਰਕੇ ਫਿਰਦੇ ਸਨ॥ ੪੧॥

ਅਰਧ ਨਿਸ਼ਾ ਕੋ ਗਮਨਤਿ ਆਏ ਸਕਲ ਦਿਵਸ ਲਰਿ ਹਾਰੇ।
ਕੁਛਨ ਚਲਯੋ ਬਸ ਸ਼੍ਰਮਤਿ ਭਏ ਸਭਿ ਭੂਖ ਤ੍ਰਿਖਾ ਤਨ ਧਾਰੇ॥ ੪੨॥

ਇਸ ਪ੍ਰਕਾਰ ਅੱਧੀ ਰਾਤ ਹੋ ਗਈ, ਸਾਰਾ ਦਿਨ ਲੜਦੇ ਹਾਰ ਗਏ ਸਨ, ਕੁਝ ਵੀ ਵੱਸ ਨਾ ਚਲਿਆ, ਬਹੁਤ ਥੱਕ ਗਏ ਸਨ ਤੇ ਸਰੀਰ ਨੇ ਭੁੱਖ ਪਿਆਸ ਧਾਰਨ ਕੀਤੀ ਸੀ॥ ੪੨॥

ਅਪਰ ਕੌਨ ਮਹਿਂ ਸ਼ਕਤਿ ਇਤੀ ਕਰਿ ਲਾਖਹੁੰ ਸੰਗ ਲਰਾਈ।
ਸੁਕਚਤਿ ਰਹੇ ਨ ਅਜ਼ਮਤ ਕਰਤੇ ਕਲੀ ਕਾਲ ਵਰਤਾਈ॥ ੪੩॥

ਹੋਰ ਕਿਸੇ ਵਿਚ ਏਨੀ ਸ਼ਕਤੀ ਕਿੱਥੇ ਹੈ, ਜਿਹੜਾ ਲੱਖਾਂ ਨਾਲ ਯੁੱਧ ਕਰੇ। ਸੰਕੋਚ ਕਰਦੇ ਰਹੇ, ਕਰਾਮਾਤ ਨਾ ਵਿਖਾਈ, ਕਿਉਂਕਿ ਕਲਜੁਗ ਦਾ ਵਰਤਾਰਾ ਸੀ॥ ੪੩॥

ਹੁਕਮ ਅਕਾਲ ਪੁਰਖ ਕੋ ਮਾਨਤਿ ਕਰਾਮਾਤ ਕਲਿ ਕਾਲਾ।
ਨਹਿਂ ਦਿਖਾਵਨੀ ਨੀਕੀ ਮਾਨਹਿਂ, ਰਾਖਨ ਗੋਪ ਬਿਸਾਲਾ॥ ੪੪॥

ਅਕਾਲ ਪੁਰਖ ਦੇ ਹੁਕਮ ਨੂੰ ਮੰਨਦੇ ਸਨ। ਕਰਾਮਾਤ ਕਲਜੁਗ ਵਿਚ ਵਿਖਾਉਣੀ ਚੰਗੀ ਨਹੀਂ, ਉਹ ਸਭ ਕੁਝ ਗੁਪਤ ਰੱਖਣਾ ਚਾਹੁੰਦੇ ਸਨ॥ ੪੪॥

ਦਸ ਹਜ਼ਾਰ ਇਕ ਬਾਰ ਮਾਰ ਕਰਿ ਪੁਨ ਨ ਕੀਨਿ ਦਲ ਨਾਸ਼ਾ।
ਰਾਗ ਦ੍ਵੈਖ ਤੇ ਹਰਖ ਨ ਸ਼ੋਕਾ ਮਨ ਸਮਤਾ ਜਿਸ ਬਾਸਾ॥ ੪੫॥

ਦਸ ਹਜ਼ਾਰ ਇਕ ਵਾਰ ਮਾਰ ਕੇ ਫਿਰ ਦਲ ਦਾ ਨਾਸ਼ ਨਾ ਕੀਤਾ। ਜਿਨ੍ਹਾਂ ਨੂੰ ਨਾ ਕਿਸੇ ਨਾਲ ਪ੍ਰੇਮ ਸੀ, ਨਾ ਈਰਖਾ ਸੀ ਅਤੇ ਨਾ ਹੀ ਦੁਖ ਸੁਖ ਸੀ, ਜਿਨ੍ਹਾਂ ਦੇ ਮਨ ਵਿਚ ਸਮਤਾ ਅਤੇ ਇਕਸਾਰਤਾ ਦਾ ਵਾਸਾ ਸੀ॥ ੪੫॥

ਸਭਿ ਕੁਟੰਬ ਤੇ ਭਏ ਨਿਰਾਲਮ ਸ਼ੋਕ ਨ ਲੇਸ਼ ਉਪਾਵਾ।
ਸਰਬ ਕਲਾ ਸਮਰਥ ਗੁਰ ਪੂਰਨ ਚਹੈਂ ਸੁ ਲੇਹਿਂ ਬਨਾਵਾ॥ ੪੬॥

ਸਾਰੇ ਪਰਿਵਾਰ ਤੇ ਨਿਰਲੇਪ ਰਹੇ, ਲੇਸ਼ ਮਾਤ੍ਰ ਵੀ ਦੁਖ ਅਨੁਭਵ ਨਹੀਂ ਕੀਤਾ ਹੈ। ਸਰਬ ਕਲਾ ਸਮਰੱਥ ਪੂਰਨ ਗੁਰੂ ਹਨ, ਜੋ ਚਾਹੁੰਦੇ ਹਨ, ਉਹ ਬਣਾ ਲੈਂਦੇ ਹਨ॥ ੪੬॥

ਅਜਰ ਜਰਨ ਅਸ ਗੁਰ ਬਿਨ ਕਿਸ ਮਹਿਂ ਛਿਮਾ ਧਰਮ ਅਪਰਾਧੂ।
ਬ੍ਰਹਮ ਗ੍ਯਾਨ ਆਵਸਥਾ ਕੀ ਗਤਿ ਦਿਖਰਾਈ ਸੁਭ ਸਾਧੂ॥ ੪੭॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨਾ, ਗੁਰੂ ਜੀ ਬਗੈਰ ਹੋਰ ਕਿਸ ਵਿਚ ਹੈ। ਅਪਰਾਧੀਆਂ ਉੱਪਰ ਖਿਮਾਂ ਦਾ ਧਰਮ ਧਾਰਦੇ ਹਨ। ਬ੍ਰਹਮ-ਗਿਆਨ ਦੀ ਸ਼ੁਭ ਅਵਸਥਾ ਦੀ ਹਾਲਤ ਸਾਧੂਆਂ ਨੂੰ ਵਿਖਾਈ ਹੈ॥ ੪੭॥

ਧੰਨ ਧੰਨ ਸਤਿਗੁਰ ਕੀ ਮਹਿਮਾ ਕੌਨ ਭੇਵ ਅਸ ਜਾਨੈ।
ਸਰਬੱਗ੍ਯਨਿ ਕੀ ਗੂਢ ਬਾਰਤਾ ਕਿਮ ਅਲਪੱਗ੍ਯ ਬਖਾਨੈ॥ ੪੮॥

ਧੰਨ-ਧੰਨ ਸਤਿਗੁਰੂ ਜੀ ਦੀ ਅਜਿਹੀ ਮਹਿਮਾ ਹੈ, ਉਨ੍ਹਾਂ ਦਾ ਐਸਾ ਭੇਦ ਕੌਣ ਜਾਣ ਸਕਦਾ ਹੈ। ਸਰਬਗਿਆਨ ਦੀ ਇਹ ਗੁੜ੍ਹ ਵਾਰਤਾ ਹੈ, ਇਹ ਥੋੜੀ ਮੱਤ ਵਾਲਾ ਇਸ ਨੂੰ ਕਿਵੇਂ ਬਿਆਨ ਕਰ ਸਕਦਾ ਹੈ॥ ੪੮॥

ਬਾਰਬਾਰ ਸਿੰਘਨਿ ਕੇ ਕਹਿਬੇ ਨਿਕਸਨ ਕੀ ਕਰਿ ਤ੍ਯਾਰੀ।
ਚਹੈਂ ਖਾਲਸੇ ਦੇਂ ਅਬਿ ਟੀਕਾ ਘਾਲੀ ਘਾਲ ਉਦਾਰੀ॥ ੪੯॥

ਬਾਰ-ਬਾਰ ਸਿੰਘਾਂ ਦੇ ਕਹਿਣ 'ਤੇ ਨਿਕਲਣ ਦੀ ਤਿਆਰੀ ਕੀਤੀ। ਚਾਹੁੰਦੇ ਹਨ, ਹੁਣ ਖਾਲਸੇ ਨੂੰ ਤਿਲਕ ਦਿੱਤਾ ਜਾਵੇ, ਇਨ੍ਹਾਂ ਨੇ ਬਹੁਤ ਵੱਡੀ ਘਾਲਣਾ ਘਾਲੀ ਹੈ॥ ੪੯॥

*ਛੇਵੀਂ ਰੁੱਤ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੦॥*

## *ਅਧਿਆਇ ਇਕਤਾਲ੍ਹੀਵਾਂ*

*ਪੰਥ ਨੂੰ ਗੁਰਤਾ, ਚਮਕੌਰ ਵਿਚੋਂ ਨਿਕਲਣਾ*

ਦੋਹਰਾ- ਸੰਧ੍ਯਾ ਭਈ ਬਿਭੀਖਨਾ ਬੋਲਤਿ ਬ੍ਰਿੰਦ ਗੁਮਾਯ।
ਪੰਚ ਬੀਰ ਗੁਰ ਤੀਰ ਤਬਿ ਤਿਨ ਕਵਿ ਨਾਮ ਸੁਨਾਇ॥ ੧॥

ਭਿਆਨਕ ਸ਼ਾਮ ਹੋ ਗਈ, ਬਹੁਤ ਗਿੱਦੜ ਬੋਲਦੇ ਸਨ। ਪੰਜ ਸੂਰਬੀਰ ਫਿਰ ਗੁਰੂ ਜੀ ਪਾਸ ਆਏ, ਉਨ੍ਹਾਂ ਦੇ ਨਾਮ ਮੈਂ ਸੁਣਾਉਂਦਾ ਹਾਂ॥ ੧॥

ਸੈਯਾ ਛੰਦ-ਦਯਾ ਸਿੰਘ ਅਰੁ ਧਰਮ ਸਿੰਘ ਜੀ ਮਾਨ ਸਿੰਘ ਤੀਜੋ ਬਰ ਬੀਰ।
ਸੰਗਤ ਸਿੰਘ, ਸੰਤ ਸਿੰਘ ਪੰਚਮ, ਤਿਨਹੁੰ ਬਿਠਾਯੋ ਦੇ ਕਰਿ ਧੀਰ।
ਗੁਰਤਾ ਅਰਪਨਿ ਲਗੇ ਖਾਲਸੇ ਪੰਚ ਸਿੰਘ ਤਹਿਂ ਸੋਹਿਂ ਸ਼ਰੀਰ।
'ਪੰਚਹੁੰ ਮਹਿਂ ਨਿਤ ਵਰਤਤਿ ਮੈਂ ਹੌਂ ਪੰਚ ਮਿਲਹਿਂ ਸੇ ਪੀਰਨ ਪੀਰ ॥੨॥

ਦਇਆ ਸਿੰਘ, ਧਰਮ ਸਿੰਘ ਅਤੇ ਤੀਸਰੇ ਮਾਨ ਸਿੰਘ ਸ੍ਰੇਸ਼ਟ ਸੂਰਬੀਰ, ਚੌਥੇ ਸੰਗਤ ਸਿੰਘ ਅਤੇ ਪੰਜਵੇਂ ਸੰਤ ਸਿੰਘ ਨੂੰ ਗੁਰੂ ਜੀ ਨੇ ਧੀਰਜ ਦੇ ਕੇ ਬਿਠਾਇਆ। ਫਿਰ ਖਾਲਸੇ ਨੂੰ ਗੁਰਤਾ ਅਰਪਣ ਕਰਨ ਲੱਗੇ, ਪੰਜਾਂ ਸਿੰਘਾਂ ਦੇ ਉਥੇ ਸਰੀਰ ਸ਼ੋਭ ਰਹੇ ਸਨ। ਸਤਿਗੁਰੂ ਜੀ ਨੇ ਫੁਰਮਾਇਆ, ''ਪੰਜਾਂ ਵਿਚ ਮੈਂ ਸਦਾ ਵਰਤਾਰਾ ਕਰਾਂਗਾ, ਜਿੱਥੇ ਵੀ ਪੰਜ ਇਕੱਠੇ ਹੋ ਕੇ ਮਿਲਣਗੇ, ਉਹ ਪੀਰਾਂ ਦੇ ਪੀਰ ਹੋਣਗੇ॥ ੨॥

ਗੁਰ ਘਰ ਕੀ ਮਿਰਜਾਦਾ ਪੰਚਹੁੰ ਪੰਚਹੁੰ ਪਾਹੁਲ ਪੂਰਬ ਪੀਨ।
ਹੁਇ ਤਨਖਾਹੀਆ ਬਖਸ਼ਹਿਂ ਪੰਚਹੁੰ, ਪਾਹੁਲ ਦੇਂ ਮਿਲਿ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਬਡਿਆਈ ਪੰਚ ਕਰਹਿਂ ਸੋ ਨਿਫਲ ਨ ਚੀਨ।
ਭੋਜਨ ਛਾਦਨ ਪੰਚਨ ਅਰਪਹਿਂ ਅਰਜ਼ ਕਰਹਿਂ ਤਿਨ ਬਾਂਛਤਿ ਲੀਨ' ॥੩॥

ਗੁਰੂ ਘਰ ਦੀ ਇਹ ਮਰਯਾਦਾ ਹੈ, ਪਹਿਲਾਂ ਪੰਜਾਂ ਨੇ ਖੰਡੇ ਦਾ ਅੰਮ੍ਰਿਤ ਧਾਰਨ ਕੀਤਾ ਹੈ। ਜੇ ਤਨਖਾਹੀਆ ਹੋਵੇ ਤਾਂ ਪੰਜ ਬਖਸ਼ਦੇ ਹਨ, ਪੰਜੇ ਪ੍ਰਬੀਨ ਮਿਲ ਕੇ ਅੰਮ੍ਰਿਤ ਛਕਾਉਂਦੇ ਹਨ। ਪੰਜਾਂ ਦੀ ਵੱਡੀ ਵਡਿਆਈ ਸਮਝੋ, ਜੋ ਕੁਝ ਵੀ ਪੰਜ ਕਰਨ, ਉਸ ਨੂੰ ਵਿਅਰਥ ਨਾ ਸਮਝੋ। ਪੰਜਾਂ ਨੂੰ ਭੋਜਨ ਵਸਤਰ ਅਰਪਣ ਕਰੋ ਤੇ ਅਰਦਾਸ ਕਰਕੇ ਮੂੰਹ ਮੰਗਿਆ ਫਲ ਪ੍ਰਾਪਤ ਕਰੋ'' ॥ ੩॥

ਇਮ ਪਾਂਚਨ ਕੀ ਮਹਿਮਾ ਕਹਿਕੈ ਤੀਨ ਪ੍ਰਕ੍ਰਮਾ ਫਿਰਿ ਕਰਿ ਦੀਨਿ।
ਅਰਪੇ ਸ਼ਸਤ੍ਰ ਜਿਗਾ ਅਰੁ ਕਲਗੀ ਨਿਜ ਕਰ ਤੇ ਸਿਰ ਬੰਧਨਿ ਕੀਨਿ।
ਸ਼ਸਤ੍ਰ ਗਾਤਰੇ ਤਬਿ ਪਹਿਰਾਏ ਕਟ ਕਸਾਇ ਕਰਿ ਬਿਲਮ ਬਿਹੀਨ।
ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਫਤੇ ਵਾਹਿਗੁਰੂ ਜੀ ਕੀ ਚੀਨ॥ ੪॥

ਸਤਿਗੁਰੂ ਜੀ ਨੇ ਇਸ ਪ੍ਰਕਾਰ ਪੰਜਾਂ ਦੀ ਮਹਿਮਾ ਕਹਿ ਕੇ ਫਿਰ ਪੰਜ ਸਿੰਘਾਂ ਦੀਆਂ ਤਿੰਨ ਪਰਿਕਰਮਾਂ ਕੀਤੀਆਂ। ਫਿਰ ਉਨ੍ਹਾਂ ਨੂੰ ਆਪਣੇ ਸ਼ਸਤਰ, ਜਿਗਾ ਅਤੇ ਕਲਗੀ, ਆਪਣੇ ਹੱਥ ਨਾਲ ਉਨ੍ਹਾਂ ਦੇ ਸਿਰ ਤੇ ਬੰਨ੍ਹੀ। ਸ਼ਸਤਰ ਗਾਤਰੇ ਤਦ ਪਹਿਣਾਏ ਤੇ ਕਿਸੇ ਪ੍ਰਕਾਰ ਦੀ ਦੇਰੀ ਤੋਂ ਬਗੈਰ ਕਮਰਕੱਸਾ ਕੱਸ ਦਿੱਤਾ। ਫਿਰ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਬੁਲਾ ਦਿੱਤੀ॥ ੪॥

ਪੰਚਹੁੰ ਸਿੰਘਨਿ ਹਾਥ ਜੋਰਿ ਕਹਿਂ 'ਰਾਵਰਿ ਚਰਨਨ ਅਰਪੇ ਸੀਸ।
ਹਮ ਜੈਸੇ ਤੁਮ ਕਹੁ ਜਨ ਲਾਖਹੁੰ, ਹਮ ਕੋ ਤੁਮ ਏਕੈ ਜਗਦੀਸ਼।
ਬ੍ਰਿੰਦ ਕ੍ਰਿਪਾਲ ਕ੍ਰਿਪਾ ਕਰਿ ਤਾਰੇ ਰਾਮਚੰਦ ਜਿਮ ਕਾਨਨ ਕੀਸ।
ਜਿਮ ਤੁਮ ਬਡੇ ਬਡੀ ਬਡਿਆਈ ਕੌਨ ਸਕੈ ਲਖਿ ਸਭਿ ਗੁਨ ਧੀਸ਼' ॥੫॥

ਪੰਜਾਂ ਸਿੰਘਾਂ ਹੱਥ ਜੋੜ ਕੇ ਕਿਹਾ, ''ਆਪ ਜੀ ਦੇ ਚਰਨਾਂ ਉੱਪਰ ਸੀਸ ਅਰਪਣ ਕੀਤੇ ਹਨ। ਸਾਡੇ ਵਰਗੇ ਤਾਂ ਇਸ ਧਰਤੀ ਉੱਪਰ ਲੱਖਾਂ ਹਨ, ਸਾਡੇ ਤੁਸੀਂ ਇਕੋ ਜਗਦੀਸ਼ ਹੋ। ਕ੍ਰਿਪਾਲੂ ਸਤਿਗੁਰੂ ਜੀ ਨੇ ਬਹੁਤ ਮਨੁੱਖ ਆਪਣੀ ਕਿਰਪਾ ਕਰਕੇ ਤਾਰੇ ਹਨ, ਸ੍ਰੀ ਰਾਮਚੰਦਰ ਜੀ ਨੇ ਜਿਵੇਂ ਜੰਗਲ ਦੇ ਬਾਂਦਰ ਤਾਰ ਦਿੱਤੇ ਸਨ। ਜਿਵੇਂ ਤੁਸੀਂ ਵੱਡੇ ਹੋ, ਉਸ ਤਰ੍ਹਾਂ ਤੁਹਾਡੀ ਵੱਡੀ ਵਡਿਆਈ ਹੈ, ਤੁਹਾਡੇ ਗੁਣਾਂ ਨੂੰ ਕੌਣ ਸਮਝ ਸਕਦਾ ਹੈ, ਤੁਸੀਂ ਗੁਣਾਂ ਦੇ ਸਵਾਮੀ ਹੋ''॥ ੫॥

ਇਮ ਸੁਨਿ ਸ੍ਰੀ ਮੁਖ ਤੇ ਫੁਰਮਾਯਹੁ 'ਹਤਨ ਰਿਪੁਨ ਕੋ ਬਨਿ ਸਵਧਾਨ।
ਤਰਕਸ਼ ਭਰੇ ਪਰੇ ਜੋ ਹੇਰਹੁ ਆਨੇ ਖੱਚਰ ਪਰ ਗਨ ਬਾਨ।
ਬਰਖਾ ਕਰਹੁ ਚਾਰ ਹੂੰ ਓਰਨ ਮੁਰਚਾ ਬੰਦੀ ਮਹਿਂ ਤੁਰਕਾਨ।
ਲੇ ਲੇ ਆਡਿਨ ਟਿਕੇ ਬਡੇ ਬਰਿਜੇ ਦੀਖਤਿ ਸੋ ਕੀਜਹਿ ਹਾਨ॥ ੬॥

ਇਸ ਪ੍ਰਕਾਰ ਸੁਣ ਕੇ ਗੁਰੂ ਜੀ ਨੇ ਫੁਰਮਾਇਆ, "ਵੈਰੀਆਂ ਨੂੰ ਮਾਰਨ ਵਾਸਤੇ ਸਾਵਧਾਨ ਬਣ ਜਾਵੋ। ਭੱਥੇ ਜਿਹੜੇ ਭਰੇ ਪਏ ਹਨ, ਉਹ ਵੇਖੋ, ਖੱਚਰ ਉੱਪਰ ਲੱਦ ਕੇ ਬਹੁਤ ਤੀਰ ਲਿਆਂਦੇ ਸਨ। ਚਾਰੇ ਪਾਸੇ ਇਨ੍ਹਾਂ ਤੀਰਾਂ ਦੀ ਵਰਖਾ ਕਰੋ, ਜਿਹੜੇ ਤੁਰਕ ਮੋਰਚਿਆਂ ਵਿਚ ਓਟ ਲੈ ਕੇ ਬੈਠੇ ਹਨ, ਉਨ੍ਹਾਂ ਵਿਚੋਂ ਜਿਹੜੇ ਵੀ ਦਿੱਸ ਪੈਣ, ਉਨ੍ਹਾਂ ਨੂੰ ਮਾਰ ਦੇਵੋ॥ ੬॥

ਅਰੇ ਰਹੋ ਗਢ ਮਹਿਂ ਤੁਮ ਦੋਨਹੁਂ ਹਮ ਨਿਕਸਹਿਂ ਸਭਿ ਕੇ ਬਚ ਮਾਨਿ॥
ਤੀਨਹੁਂ ਸਿੰਘ ਸੰਗ ਰਹਿਂ ਹਮਰੇ ਦਯਾ ਸਿੰਘ ਇਕ ਬੁੱਧਿ ਮਹਾਨ।
ਇਨ ਕਰਨੇ ਹੈਂ ਕਾਰਜ ਕੇਤਿਕ ਦੇਸ਼ ਬਿਦੇਸ਼ਨਿ ਮਹਿਂ ਚਲਿ ਜਾਨ।
ਨੌਰੰਗ ਕੋ ਇਕ ਰੰਗ ਰਹੈ ਨਹਿਂ, ਪਠਿ ਇਸ ਕੋ ਹਮ ਕਰਿ ਹੈਂ ਹਾਨ॥ ੭॥

ਤੁਸੀਂ ਦੋਵੇਂ ਗੜ੍ਹੀ ਵਿਚ ਅੜੇ ਰਹੋ, ਅਸੀਂ ਸਾਰਿਆਂ ਦੇ ਬਚਨ ਮੰਨ ਕੇ ਬਾਹਰ ਨਿਕਲ ਜਾਵਾਂਗੇ। ਤਿੰਨ ਸਿੰਘ ਸਾਡੇ ਨਾਲ ਰਹਿਣਗੇ। ਇਕ ਦਇਆ ਸਿੰਘ ਮਹਾਨ ਬੁੱਧੀਵਾਨ ਹੈ। ਇਸ ਨੇ ਕਈ ਕਾਰਜ ਕਰਨੇ ਹਨ, ਦੇਸ਼ਾਂ ਵਿਦੇਸ਼ਾਂ ਵਿਚ ਚਲ ਕੇ ਜਾਣਗੇ। ਹੁਣ ਨੌਰੰਗੇ ਦਾ ਵੀ ਇਹ ਰੰਗ ਨਹੀਂ ਰਹਿਣਾ ਹੈ ਭਾਵ ਉਸ ਦਾ ਤੇਜ ਖਤਮ ਹੋ ਜਾਵੇਗਾ। ਇਨ੍ਹਾਂ ਨੂੰ ਉਸ ਦੇ ਪਾਸ ਭੇਜ ਕੇ ਉਸ ਨੂੰ ਨਸ਼ਟ ਕਰ ਦੇਵਾਂਗੇ॥ ੭॥

ਮਾਨ ਸਿੰਘ ਬਡ ਬੀਰ ਧਰਮ ਸਿੰਘਾ ਇਮ ਕਹਿ ਕਰਿ ਉਰ ਆਨਦ ਧਾਰਿ।
ਦੂਰ ਦੂਰ ਲਗਿ ਜੰਗ ਪਰੇ ਮ੍ਰਿਤੁ ਹੋਤਿ ਪੁਕਾਰ ਹਜ਼ਾਰ ਸੁਮਾਰ।
ਕਈ ਹਜ਼ਾਰਨ ਕਈ ਤਲਾਵੇ ਫਿਰੈਂ ਚੁਗਿਰਦੇ ਧੌਂਸ ਧੁੰਕਾਰ।
ਕਈ ਹਜ਼ਾਰ ਹੇਲ ਕੋ ਉਮਡੇ ਜਥਾ ਚੰਦ ਉਡਗਨ ਪਰਵਾਰ॥ ੮॥

ਮਾਨ ਸਿੰਘ ਅਤੇ ਧਰਮ ਸਿੰਘ ਵੱਡੇ ਸੂਰਬੀਰ ਹਨ।" ਇਸ ਪ੍ਰਕਾਰ ਕਹਿ ਕੇ ਹਿਰਦੇ ਵਿਚ ਅਨੰਦ ਧਾਰਨ ਕੀਤਾ। ਜੰਗ ਦੇ ਮੈਦਾਨ ਵਿਚ ਦੂਰ-ਦੂਰ ਤਕ ਮੁਰਦਿਆਂ ਦੀਆ ਲੋਥਾਂ ਪਈਆਂ ਸਨ ਤੇ ਹਜ਼ਾਰਾਂ ਜ਼ਖਮੀਆਂ ਦੀ ਕੂਕ ਪੁਕਾਰ ਦਾ ਕੋਈ ਸ਼ੁਮਾਰ ਨਹੀਂ ਸੀ। ਚਾਰ-ਚੁਫੇਰੇ ਕਈ ਹਜ਼ਾਰਾਂ ਪਹਿਰੇਦਾਰ ਫੌਜ ਦੇ ਦਸਤੇ ਫਿਰਦੇ ਸਨ ਤੇ ਨਗਾਰਿਆਂ ਦੀ ਧੁੰਕਾਰ ਉਠ ਰਹੀ ਸੀ। ਕਈ ਹਜ਼ਾਰਾਂ ਹਮਲਾ ਕਰਨ ਵਾਸਤੇ ਆਏ ਸਨ, ਮਾਨੋ ਚੰਦ ਨੂੰ ਤਾਰਿਆਂ ਨੇ ਆ ਘੇਰਿਆ ਹੋਵੇ॥ ੮॥

ਅੰਧਕਾਰ ਮਹਿਂ ਉਦਤਿ ਨਿਸਾਕਰ ਖਿਰੀ ਚਾਂਦਨੀ ਚਹੁਂ ਦਿਸ਼ ਚਾਰੁ।
ਕਰਜੋ ਬਿਲੋਕਨ ਜਿਤ ਕਿਤ ਲਸ਼ਕਰ ਫੈਲ ਪਰਜੋ ਜਨ ਪਾਰਾਵਾਰ।
ਧੁਖਤਿ ਪਲੀਤੇ ਬੜਵਾ ਲਾਟਨ, ਬਾਜੀ ਨੱਕ੍ਰ ਕਿ ਨੇਜੇ ਮਾਰ।
ਗਿਰ ਮੈਨਾਕ ਦੁਰਗ ਸਮ ਲਖੀਯਤਿ ਇਮ ਸਤਿਗੁਰ ਚਹੂੰ ਓਰ ਨਿਹਾਰਿ॥ ੯॥

ਹਨੇਰੇ ਵਿਚ ਚੰਦ ਚੜ੍ਹ ਪਿਆ, ਚਾਰੇ ਪਾਸੇ ਸੁੰਦਰ ਚਾਂਦਨੀ ਖਿੜ ਗਈ। ਜਿੱਥੇ ਕਿੱਥੇ ਲਸ਼ਕਰ ਵਲ ਵੇਖਿਆ, ਜਿਹੜਾ ਇਕ ਵੱਡੇ ਸਮੁੰਦਰ ਵਾਂਗ ਫੈਲਿਆ ਹੋਇਆ ਸੀ। ਬੰਦੂਕਾਂ ਦੇ ਪਲੀਤੇ ਧੁਖਦੇ ਸਨ, ਮਾਨੋ ਬੜਵਾ ਦਲ ਅਗਨੀ ਦੀਆਂ ਲਾਟਾਂ ਨਿਕਲਦੀਆਂ ਸਨ। ਉਸ ਸਮੁੰਦਰ ਵਿਚ ਮਾਨੋ ਘੋੜੇ ਮਗਰਮੱਛ ਸਨ ਤੇ ਨੇਜ਼ੇ ਸੱਪ ਸਨ। ਕਿਲ੍ਹਾ ਮੈਨਾਕ ਪਹਾੜ ਵਾਂਗ ਜਾਣਿਆ ਜਾਂਦਾ ਹੈ, ਇਸ ਪ੍ਰਕਾਰ ਸਤਿਗੁਰੂ ਜੀ ਨੇ ਚਾਰੇ ਪਾਸੇ ਵੇਖਿਆ॥ ੯॥

*ਨੋਟ: ਮੈਨਾਕ ਪਹਾੜ, ਹਿਮਾਲੇ ਦਾ ਪੁੱਤਰ ਇਕ ਪਹਾੜ ਹੈ, ਮਿਥਿਹਾਸ ਅਨੁਸਾਰ ਜਿਹੜਾ ਇੰਦਰ ਪਾਸੋਂ ਡਰ ਕੇ ਸਮੁੰਦਰ ਵਿਚ ਜਾ ਲੁਕਿਆ ਸੀ।*

ਪੰਚਹੁਂ ਮਹਿਂ ਕਲਗ਼ੀ ਕਿਹ ਦੀਨਸਿ ਸੋ ਨਿਰਨੈ ਸੁਨੀਐ ਮਨ ਲਾਇ।
ਸੰਤ ਸਿੰਘ ਖੱਤ੍ਰੀ ਸਿਖ ਸ਼ੁਭ ਮਤਿ ਥਾਪਜੋ ਪੰਚਹੁਂ ਮਹਿਂ ਬਡਿਆਇ।
ਤਿਸ ਕੋ ਗੁਰਤਾ ਅਰਪਨ ਕੀਨਸਿ ਪ੍ਰਥਮ ਖਾਲਸੇ ਮਹਿਂ ਤਿਨ ਪਾਇ।
ਸ਼ਸਤ੍ਰ ਬੰਧਾਇ ਬਿਠਾਇ ਅਟਾਰੀ ਗੁਰੂ ਫਤੇ ਬੋਲੇ ਹਰਖਾਇ॥ ੧੦॥

ਪੰਜਾਂ ਸਿੰਘਾਂ ਨੂੰ ਕਲਗ਼ੀ ਕਿਸ ਪ੍ਰਕਾਰ ਦਿੱਤੀ, ਉਸ ਦਾ ਵੀ ਨਿਰਣਾ ਮਨ ਲਾ ਕੇ ਸੁਣ ਲਵੋ। ਸੰਤ ਸਿੰਘ ਖੱਤਰੀ, ਜਿਹੜਾ ਸ਼ੁਭ ਮੱਤ ਵਾਲਾ ਸਿੱਖ ਸੀ, ਉਸ ਨੂੰ ਪੰਜਾਂ ਵਿਚ ਵਡਿਆਈ ਦੇ ਕੇ ਸਾਰਿਆਂ ਦੇ ਸ਼ਿਰੋਮਣੀ ਥਾਪ ਦਿੱਤਾ। ਉਸ ਨੂੰ ਗੁਰਤਾ ਅਰਪਣ ਕੀਤੀ, ਖਾਲਸੇ ਵਿਚ ਉਸ ਪਹਿਲੀ ਗੁਰਤਾ ਪ੍ਰਾਪਤ ਕੀਤੀ। ਆਪਣੇ ਸ਼ਸਤਰ ਪਵਾ ਕੇ ਉਸ ਨੂੰ ਅਟਾਰੀ 'ਤੇ ਬਿਠਾ ਦਿੱਤਾ ਤੇ ਗੁਰੂ ਜੀ ਉਸ ਨੂੰ ਫਤਹਿ ਬੁਲਾ ਕੇ ਬੜੇ ਪ੍ਰਸੰਨ ਹੋਏ॥ ੧੦॥

ਕਿਤਿਕ ਕਹਤਿ ਸੰਗਤ ਸਿੰਘ ਬੰਗਸੀ ਬੰਗਸ ਦੇਸ਼ ਬਿਖੈ ਤੇ ਆਇ।
ਤਿਸ ਕੋ ਕਰਜੋ ਸਥਾਪਨ ਤਿਸ ਛਿਨ ਗੁਰਤਾ ਦਈ ਜਿਗਾ ਪਹਿਰਾਇ।
ਸਤਿਗੁਰ ਕੇ ਸਿਖ ਦੋਨਹੁਂ ਗੁਰਮੁਖ ਤਿਨ ਮਹਿਂ ਕੋਊ ਥਪਜੋ ਬਨਾਇ।
ਤਿਸ ਪਰ ਬਾਦ ਨਹੀਂ ਕੁਛ ਬਰਨਹੁਂ ਦੋਨਹੁਂ ਕੇ ਲਿਹੁ ਚਰਨ ਮਨਾਇ॥ ੧੧॥

ਕਈ ਕਹਿੰਦੇ ਹਨ ਕਿ ਸੰਗਤ ਸਿੰਘ ਬੰਗਸੀ ਬੰਗਸ ਦੇਸ਼ ਵਿਚੋਂ ਆਇਆ ਸੀ, ਉਸ ਨੂੰ ਉਸ ਸਮੇਂ ਗੁਰਤਾ ਸਥਾਪਨ ਕੀਤੀ ਤੇ ਜਿਗਾ ਪਹਿਨਾ ਕੇ ਗੁਰਤਾ ਦਿੱਤੀ। ਸਤਿਗੁਰੂ ਜੀ ਦੇ ਦੋਵੇਂ ਗੁਰਮੁਖ ਸਿੱਖ ਸਨ, ਉਨ੍ਹਾਂ ਵਿਚੋਂ ਕਿਸੇ ਨੂੰ ਗੁਰਤਾ 'ਤੇ ਸਥਾਪਤ ਕਰ ਦਿੱਤਾ। ਇਸ ਉੱਤੇ ਕੋਈ ਝਗੜਾ ਨਹੀਂ ਬਿਆਨ ਕਰਦਾ ਹਾਂ, ਤੁਸੀਂ ਦੋਵਾਂ ਦੇ ਹੀ ਚਰਨ ਕੰਵਲਾਂ ਨੂੰ ਮਨਾ ਲਵੋ॥ ੧੧॥

ਸੁਨਹੁਂ ਕਥਾ ਆਗੇ ਜਿਮ ਬਰਤੀ ਚਹੁਂਦਿਸ਼ਿ ਧੁਨਿ ਦੁੰਦਭਿ ਸਮੁਦਾਇ।
ਕਿਤ ਦਿਸ਼ਿ ਚਾਹਤਿ ਹੇਲ ਘਾਲਿਬੇ ਕਿਤ ਦਿਸ਼ ਮੁਰਚੇ ਕੋ ਨਿਕਟਾਇ।
ਕੂਕ ਪੁਕਾਰੈਂ ਕੇਤਿਕ ਦੌਰੇ ਹਲਾਹੂਲ ਤੇ ਰੋਰ ਉਠਾਇ।
ਡਰਤਿ ਨਿਕਟ ਕੋ ਪਹੁਂਚਿ ਨ ਸੱਕਈ ਤੱਕਈ ਤੀਰਨ ਤੇ ਮਰਿ ਜਾਇ॥ ੧੨॥

ਅੱਗੇ ਕਥਾ ਸੁਣੋ ਜਿਵੇਂ ਵਾਪਰੀ, ਉਸ ਸਮੇਂ ਚਾਰੇ ਪਾਸੇ ਨਗਾਰਿਆਂ ਦੀ ਧੁਨੀ ਗੂੰਜ ਰਹੀ ਸੀ। ਕਿਸ ਪਾਸੇ ਹਮਲਾ ਕਰਨਾ ਚਾਹੁੰਦੇ ਹਨ, ਕਿਸ ਪਾਸੇ ਵੈਰੀ ਮੋਰਚੇ ਦੇ ਨੇੜੇ ਹੁੰਦੇ ਹਨ। ਕੂਕ ਪੁਕਾਰ ਕਰਦੇ ਕਈ ਦੋੜਦੇ ਹਨ ਤੇ ਹਲਾਹੂਲ ਬੋਲ ਕੇ ਰੌਲਾ ਮਚਾਉਂਦੇ ਸਨ। ਗੜ੍ਹੀ ਨੇੜੇ ਪਹੁੰਚ ਨਹੀਂ ਸੀ ਸਕਦੇ, ਕਿਉਂਕਿ ਪਹਿਰੇ ਵਾਲੇ ਗੜ੍ਹੀ ਦੇ ਨੇੜੇ ਹੋਣ ਤੋਂ ਡਰਦੇ ਸਨ। ਜਾਣਦੇ ਸਨ ਕਿ ਤੀਰ ਲੱਗਣ ਨਾਲ ਮਾਰੇ ਜਾਵਾਂਗੇ॥ ੧੨॥

ਸਾਵਧਾਨ ਬਨ ਦੇਤ ਤਲਾਵਾ ਦੁੰਦਭਿ ਆਗੇ ਬਜਤਿ ਚਲੰਤਿ।
ਛੁਟਹਿ ਤੁਫੰਗ ਖਤੰਗ ਕਿਲੇ ਦਿਸ਼ਿ ਪੌਰ ਤੁਰੰਗਮ ਸ਼ਬਦ ਉਠੰਤਿ।
ਜਬਿ ਕੋ ਦਸ ਹਜ਼ਾਰ ਇਕ ਸਰ ਸੋਂ ਮਾਰਜੋ ਪਰਜੋ ਨ ਅੱਗ੍ਰ ਵਧੰਤਿ।
ਬਹੁਰ ਜਾਮਨੀ ਸਮੈ ਬਿਲੋਕਜੋ ਨਿਜ ਨਿਜ ਥਾਨ ਥਿਰੇ ਡਰਪੰਤਿ॥ ੧੩॥

ਪਹਿਰੇਦਾਰ ਬੜੇ ਸਾਵਧਾਨ ਹੋ ਕੇ ਪਹਿਰਾ ਦੇ ਰਹੇ ਸਨ, ਅੱਗੇ ਨਗਾਰੇ ਵਜਾ ਕੇ ਚਲਦੇ ਸਨ। ਕਿਲ੍ਹੇ ਵਾਲੇ ਪਾਸੇ ਬੰਦੂਕਾਂ ਅਤੇ ਤੀਰ ਚਲਦੇ ਸਨ ਅਤੇ ਦਰਵਾਜ਼ੇ ਉੱਪਰ ਘੋੜਿਆਂ ਦੇ ਹਿਣਕਣ ਦੀ ਆਵਾਜ਼ ਹੋ ਰਹੀ ਸੀ। ਜਦ ਦਾ ਦਸ ਹਜ਼ਾਰ ਇਕ ਤੀਰ ਨਾਲ ਮਾਰਿਆ ਹੈ, ਉਸ ਸਮੇਂ ਤੋਂ ਕੋਈ ਅੱਗੇ ਨਹੀਂ ਵਧਿਆ ਹੈ। ਫਿਰ ਰਾਤ ਦੇ ਹਨੇਰੇ ਵਿਚ ਵੇਖਿਆ ਡਰਦੇ ਮਾਰੇ ਸਾਰੇ ਆਪਣੇ-ਆਪਣੇ ਸਥਾਨਾਂ ਤੇ ਬੈਠੇ ਸਨ॥ ੧੩॥

ਕਰਹਿਂ ਪ੍ਰਤੀਖਨ ਹੁਇ ਭੁਨਸਾਰੇ ਗਢ ਪਰ ਹੇਲਾ ਕਰਹਿਂ ਉਦਾਰ।
ਮਰੇ ਸਿੰਘ ਕੁਛ ਥੋਰੇ ਅਟਕੇ ਲਾਖੋਂ ਲਰ ਲਸ਼ਕਰ ਸੰਘਾਰਿ।
ਇਮ ਸਭਿ ਥਾਪ ਰਹੇ ਥਿਰ ਹ੍ਵੈ ਕਰਿ ਸ਼੍ਰਮਤਿ ਭਏ ਤਨ ਆਲਸ ਧਾਰਿ।
ਗੁਰੂ ਜੰਗ ਕੋ ਕਰਹਿਂ ਸਰਾਹਨਿ 'ਬਡੇ ਬਹਾਦੁਰ ਬਹੁ ਹੁਸ਼ੀਆਰ'॥ ੧੪॥

ਇੰਤਜ਼ਾਰ ਕਰ ਰਹੇ ਸਨ ਕਿ ਸਵੇਰ ਹੋਣ 'ਤੇ ਕਿਲ੍ਹੇ ਉੱਪਰ ਵੱਡਾ ਹੱਲਾ ਕਰਾਂਗੇ। ਸਿੰਘ ਮਰ ਗਏ ਸਨ, ਕੁਝ ਥੋੜੇ ਰਹਿ ਗਏ ਸਨ, ਜਿਹੜੇ ਲੱਖਾਂ ਦੇ ਲਸ਼ਕਰ ਨਾਲ ਲੜ ਕੇ ਮਾਰੇ ਗਏ ਸਨ। ਇਸ ਪ੍ਰਕਾਰ ਸਾਰੇ ਸਥਿਰ ਹੋ ਕੇ ਬੈਠੇ ਰਹੇ, ਥਕੇਵਾਂ ਹੋਣ ਕਰਕੇ ਸਰੀਰ ਆਲਸ ਧਾਰ ਗਏ ਸਨ। ਸਾਰੇ ਗੁਰੂ ਜੀ ਦੀ ਜੰਗ ਦੀ ਸ਼ਲਾਘਾ ਕਰਦੇ ਸਨ, "ਗੁਰੂ ਜੀ ਬਹੁਤ ਬਹਾਦਰ ਅਤੇ ਬਹੁਤ ਹੁਸ਼ਿਆਰ ਹਨ"॥ ੧੪॥

ਇਤ ਸਤਿਗੁਰ ਅਰ ਪੰਚੇ ਸਿੰਘਨਿ ਤੀਰ ਤੁਫੰਗਨਿ ਕਰਹਿਂ ਪ੍ਰਹਾਰ।
ਨਿਕਟ ਦਿਖਤਿ ਕੈ ਹਤਹਿਂ ਤਲਾਵੇ ਲਗਿ ਲਗਿ ਗਿਰਹਿਂ ਤੁਰੰਗ ਸਵਾਰ।
ਤ੍ਰਿਪਤਿ ਨ ਹੋਤਿ ਜੰਗ ਕਹੁ ਕਰਿ ਕਰਿ ਰਣ ਪ੍ਰਿਯ ਸ਼ੱਤ੍ਰੁਨਿ ਗਨ ਦੇ ਹਾਰ।
ਆਟਣ ਪਰੇ ਅੰਗੁਸ਼ਟ ਅੰਗੁਰੀ ਐਂਚਤਿ ਪਨਚ ਓਜ ਕੋ ਧਾਰਿ॥ ੧੫॥

ਏਧਰ ਸਤਿਗੁਰੂ ਜੀ ਅਤੇ ਪੰਜੇ ਸਿੰਘ ਤੀਰ ਅਤੇ ਬੰਦੂਕਾਂ ਦੇ ਵਾਰ ਕਰਦੇ ਰਹੇ। ਨੇੜੇ ਦਿਖਾਈ ਦਿੰਦੇ ਅਤੇ ਪਹਿਰੇਦਾਰਾਂ ਨੂੰ ਮਾਰਦੇ ਸਨ ਤੇ ਘੋੜ-ਸਵਾਰ ਗੋਲੀਆਂ ਅਤੇ ਤੀਰ ਲੱਗ ਲੱਗ ਕੇ ਡਿਗਦੇ ਸਨ। ਰਣਖੇਤਰ ਵਿਚ ਯੁੱਧ ਕਰ ਕਰ ਤ੍ਰਿਪਤ ਨਹੀਂ ਸਨ ਹੁੰਦੇ, ਯੁੱਧ ਦੇ ਪਿਆਰੇ, ਵੈਰੀਆਂ ਨੂੰ ਹਰਾ ਦਿੰਦੇ ਸਨ। ਅੰਗੂਠੇ ਦੀ ਉਂਗਲੀ ਵਿਚ ਚਿੱਲੇ ਨੂੰ ਬਹੁਤ ਜ਼ੋਰ ਨਾਲ ਖਿੱਚਣ ਕਰਕੇ ਗੰਢਾਂ ਪੈ ਗਈਆਂ ਸਨ॥ ੧੫॥

ਤਜੇ ਹਜ਼ਾਰਹੁਂ ਸਰ ਬਰਖਾਏ ਪੁਨ ਪੰਚਹੁਂ ਸਿੰਘ ਬਿਨਤੀ ਕੀਨਿ।
'ਨਿਕਸਹੁ ਸ਼੍ਰੀ ਪ੍ਰਭੁ ! ਸਮੋ ਭਲੋ ਅਬਿ ਹਠ ਕੋ ਤਜਹੁ ਕਰੇ ਰਿਪੁ ਹੀਨ।
ਦੇਖਹੁ ਸਗਰੇ ਸਿੰਘ ਗਏ ਖਪਿ ਇਕ ਰਾਵਰ ਕੇ ਪੰਥ ਅਧੀਨ।
ਜਹਾਂ ਥਿਰਹੁ ਪੁਨ ਰਚਹੁ ਹਜ਼ਾਰਹੁਂ ਥਿਰਹਿ ਖਾਲਸਾ ਜਗਤ ਪ੍ਰਬੀਨ'॥ ੧੬॥

ਹਜ਼ਾਰਾਂ ਤੀਰ ਛੱਡ ਕੇ ਵਰਖਾ ਕੀਤੀ, ਫਿਰ ਪੰਜਾਂ ਸਿੰਘਾਂ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਹੁਣ ਬਾਹਰ ਨਿਕਲੋ, ਹੁਣ ਭਲਾ ਸਮਾਂ ਹੈ, ਹਠ ਨੂੰ ਛੱਡੋ, ਵੈਰੀ ਨੁਕਸਾਨ ਪਹੁੰਚਾ ਦੇਵੇਗਾ। ਵੇਖੋ ਸਾਰੇ ਸਿੰਘ ਖੱਪ ਗਏ ਹਨ, ਆਪ ਜੀ ਦੇ ਅਧੀਨ ਇਕ ਪੰਥ ਹੈ, ਜਿੱਥੇ ਵੀ ਰਹੋਗੇ, ਫਿਰ ਹਜ਼ਾਰਾਂ ਹੋਰ ਬਣਾ ਲਵੋਗੇ, ਚਤੁਰ ਖਾਲਸਾ ਜਗਤ ਵਿਚ ਕਾਇਮ ਰਹੇ"॥ ੧੬॥

ਇੱਤਯਾਦਿਕ ਬਹੁ ਬਾਰ ਕਹਯੋ ਸਭਿ ਹਾਥ ਜੋਰਿ ਸਿਰ ਰਹੇ ਨਿਵਾਇ।
ਕ੍ਰਿਪਾ ਦ੍ਰਿਸ਼ਟਿ ਪਿਖਿ ਬਿਕਸੇ ਸਤਿਗੁਰ 'ਰਣ ਮਾਰਣਿ ਮਰਣੋ ਬਨਿ ਆਇ।
ਪੰਥ ਹੋਨਿ ਕੀ ਸੋਚ ਨ ਧਰੀਅਹਿ ਕ੍ਰਿਪ ਅਕਾਲ ਕਾਲਕਾ ਮਾਇ।
ਪ੍ਰਥਮ ਖਾਲਸੇ ਕੋ ਬਚ ਮਾਨਯੋਂ ਤਜਿ ਅਨੰਦ ਪੁਰਿ ਬਿਲਮ ਨ ਲਾਇ॥ ੧੭॥

ਇਸ ਪ੍ਰਕਾਰ ਬਹੁਤ ਵਾਰ ਕਿਹਾ, ਸਾਰੇ ਹੱਥ ਜੋੜ ਕੇ ਸਿਰ ਨਿਵਾਉਂਦੇ ਰਹੇ। ਕਿਰਪਾ-ਦ੍ਰਿਸ਼ਟੀ ਕਰਕੇ ਸਤਿਗੁਰੂ ਜੀ ਮੁਸਕਰਾਏ, "ਯੁੱਧ ਵਿਚ ਮਰਨਾ ਮਾਰਨਾ ਬਣਦਾ ਹੈ। ਪੰਥ ਹੋਣ ਨਾ ਹੋਣ ਦੀ ਸੋਚ ਨਾ ਧਾਰਨ ਕਰੋ, ਅਕਾਲ ਪੁਰਖ ਦੀ ਸਾਡੇ ਉੱਤੇ ਵੱਡੀ ਕਿਰਪਾ ਹੈ। ਪਹਿਲਾਂ ਵੀ ਖਾਲਸੇ ਦਾ ਬਚਨ ਮੰਨਿਆ ਹੈ, ਕਿਸੇ ਦੇਰ ਬਗੈਰ ਅਨੰਦਪੁਰ ਨੂੰ ਛੱਡ ਕੇ ਆ ਗਏ ਸੀ॥ ੧੭॥

ਅਬਿ ਹਮ ਕਯੋਂ ਨਹਿਂ ਮਾਨਹਿਂ ਕਹਿਬੋ ਮਮ ਹਿਤ ਤਜਾਗੇ ਸਿੱਖਨਿ ਪ੍ਰਾਨ।
ਤੁਮ ਦੋਨਹੁਂ ਤਜਾਗਹੁ ਤਰ ਸਰ ਖਰ ਕਬਹੁਂ ਤੁਫੰਗ ਛੋਰਿ ਕਰਿ ਹਾਨ।
ਇਮ ਕਹਿ ਕਰਿ ਅਰੁ ਥਾਪੀ ਦੇ ਕਰਿ ਦੋਨਹੁਂ ਬੰਕੇ ਬੀਰ ਮਹਾਨ।
ਗਰ ਸਮਸਰ ਬਯ, ਸ਼ਮਸ ਗੁਰੂ ਸਮ, ਪਰੇ ਦੂਰ ਤੇ ਸਮ ਪਹਿਚਾਨ॥ ੧੮॥

ਅਸੀਂ ਹੁਣ ਖਾਲਸੇ ਦਾ ਕਿਹਾ ਕਿਉਂ ਨਾ ਮੰਨੀਏ, ਮੇਰੇ ਵਾਸਤੇ ਸਿੱਖਾਂ ਨੇ ਪ੍ਰਾਣ ਦਿੱਤੇ ਹਨ। ਤੁਸੀਂ ਹੁਣ ਦੋਵੇਂ ਬਹੁਤ ਤਿੱਖੇ ਤੀਰ ਚਲਾਵੋ ਤੇ ਬੰਦੂਕਾਂ ਚਲਾ ਕੇ ਉਨ੍ਹਾਂ ਦਾ ਨੁਕਸਾਨ ਕਰੋ।" ਇਸ ਪ੍ਰਕਾਰ ਕਹਿ ਕੇ ਅਤੇ ਥਾਪੀ ਦੇ ਕੇ ਦੋਵਾਂ ਬਾਂਕੇ ਸੂਰਬੀਰਾਂ ਨੂੰ ਮਹਾਨ ਬਣਾ ਦਿੱਤਾ। ਉਨ੍ਹਾਂ ਦੋਵਾਂ ਦੀ ਗੁਰੂ ਜੀ ਬਰਾਬਰ ਉਮਰ ਸੀ, ਦਾੜ੍ਹੀ ਵੀ ਗੁਰੂ ਜੀ ਵਰਗੀ ਸੀ, ਦੂਰ ਤੋਂ ਗੁਰੂ ਜੀ ਵਰਗੀ ਨੁਹਾਰ ਦਿੱਸ ਪੈਂਦੀ ਸੀ॥ ੧੮॥

ਹਾਥ ਜੋਰਿ ਗੁਰ ਚਰਨ ਕਮਲ ਪਰ ਸਿਰ ਕੋ ਬਾਰ ਬਾਰ ਤਬਿ ਲਾਇ।
ਭਏ ਸੁਚੇਤ ਮਝਾਰ ਅਟਾਰੀ ਤੂਰਨ ਤੀਰ ਤੁਫੰਗ ਚਲਾਇ।
ਉਤਰੇ ਆਪ ਕ੍ਰਿਪਾਲ ਤਰੇ ਕਹੁ ਤੀਨਹੁਂ ਸਿੰਘ ਸੰਗ ਨਿਜ ਲਜਾਇ।
ਪੌਰ ਠੌਰ ਕੀ ਓਰ ਨ ਗਮਨੇ ਦ੍ਵਾਰ ਅਲਪ ਜਿਸ ਪ੍ਰਵਿਸ਼ੇ ਆਇ॥ ੧੯॥

ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਫਿਰ ਬਾਰ-ਬਾਰ ਸਿਰ ਲਾਇਆ। ਅਟਾਰੀ ਦੇ ਵਿਚ ਫਿਰ ਸੁਚੇਤ ਹੋ ਗਏ, ਤੁਰਤ ਤੀਰ ਤੁਫੰਗ ਚਲਾਏ। ਸਤਿਗੁਰੂ ਜੀ ਆਪ ਥੱਲੇ ਉੱਤਰ ਆਏ ਤੇ ਤਿੰਨਾਂ ਸਿੰਘਾਂ ਨੂੰ ਆਪਣੇ ਨਾਲ ਲਿਆਏ। ਮੁਖ ਦਰਵਾਜ਼ੇ ਵਾਲੇ ਪਾਸੇ ਨਾ ਗਏ, ਜਿਹੜਾ ਛੋਟਾ ਦਰਵਾਜ਼ਾ ਸੀ, ਜਿਸ ਰਾਹੀਂ ਗੁਰੂ ਜੀ ਨੇ ਅੰਦਰ ਪ੍ਰਵੇਸ਼ ਕੀਤਾ ਸੀ, ਉਸ ਰਾਹੀ ਬਾਹਰ ਆਏ॥ ੧੯॥

ਪਿਛਵਾਈ ਸੋ ਸਕਲ ਘਰਨ ਤੇ ਸਨੇ ਸਨੇ ਤਹਿਂ ਗੇ ਭਗਵਾਨ।
ਤਕਰੇ ਤਹਾਂ ਕਿਵਾਰ ਅਸੰਜਤਿ ਸਾਂਕਰ ਦਿਢ ਕੈ ਕੁਲਫ ਮਹਾਨ।
ਦੇਖਿ ਦਯਾ ਸਿੰਘ ਕਰ ਤੇ ਖੋਜੇ ਨਹਿਂ ਨਿਕਸਨ ਕੋ ਦ੍ਵਾਰ ਦਿਖਾਨ।
ਵਾਕ ਕਹਜੋ 'ਗਾਢੇ ਇਹ ਮੁੰਦਤਿ ਕਿਤਕੁ ਲੀਦ ਅਬਿ ਪੱਯਤਿ ਪਾਨ॥ ੨੦॥

ਉਹ ਦਰਵਾਜ਼ਾ ਸਾਰੇ ਘਰਾਂ ਦੇ ਪਿੱਛੇ ਸੀ, ਹੌਲੀ-ਹੌਲੀ ਸਤਿਗੁਰੂ ਜੀ ਉਥੇ ਗਏ। ਉਥੇ ਦਰਵਾਜ਼ੇ ਬੜੀ ਤਕੜਾਈ ਨਾਲ ਬੰਦ ਕੀਤੇ ਸਨ। ਸੰਗਲ ਮਾਰ ਕੇ ਵੱਡਾ ਤਾਲਾ ਲਾਇਆ ਹੋਇਆ ਸੀ। ਵੇਖ ਕੇ ਦਇਆ ਸਿੰਘ ਨੇ ਖੋਜ ਕੀਤੀ, ਪਰ ਬਾਹਰ ਨਿਕਲਣ ਵਾਸਤੇ ਕੋਈ ਦਰਵਾਜ਼ਾ ਦਿਖਾਈ ਨਾ ਦਿੱਤਾ। ਫਿਰ ਦਇਆ ਸਿੰਘ ਨੇ ਬਚਨ ਕੀਤਾ, "ਇਹ ਤਾਲਾ ਬੜੀ ਚੰਗੀ ਤਰ੍ਹਾਂ ਬੰਦ ਕੀਤਾ ਹੈ, ਹੁਣ ਕੁੰਜੀ ਕਿਥੋਂ ਹੱਥ ਆਵੇਗੀ॥ ੨੦॥

ਸਾਂਕਰ ਕੁਲਫ ਪੀਨ ਦਿਢ ਲੋਹਾ ਬਲ ਤੇ ਨਹਿਂ ਟੂਟਹਿ ਲਖਿ ਲੀਨ।
ਬਡੇ ਪੌਰਕੇ ਨਿਕਟ ਮੋਰਚੇ ਢੁਕੇ ਹਜ਼ਾਰਹੁਂ ਆਲਸ ਹੀਨ।
ਢਹੈ ਭੀਤ ਦਰ ਨਯੋ ਬਨਾਵਹਿਂ ਲਗਹਿ ਬਿਲਮ ਲਿਹੁ ਰਾਵਰ ਚੀਨਿ।
ਹੁਕਮ ਜਥਾ ਫੁਰਮਾਵਨ ਕਰਿਹੋ ਤਥਾ ਕਾਰ ਹਮ ਕਰਹਿਂ ਸੁ ਚੀਨ॥ ੨੧॥

ਸੰਗਲ ਅਤੇ ਤਾਲਾ ਬੜੇ ਪੱਕੇ ਲੋਹੇ ਦੇ ਬਣੇ ਹਨ, ਇਹ ਬਲ ਨਾਲ ਨਹੀਂ ਟੁੱਟਣ ਲੱਗੇ ਇਹ ਵੇਖ ਲਿਆ ਹੈ। ਵੱਡੇ ਦਰਵਾਜ਼ੇ ਦੇ ਨੇੜੇ ਮੋਰਚੇ ਹਨ, ਉਥੇ ਹਜ਼ਾਰਾਂ ਪਹਿਰੇਦਾਰ ਆਲਸ ਛੱਡ ਕੇ ਚੌਕਸ ਹੋਏ ਹਨ। ਜੇ ਦਰਵਾਜ਼ਾ ਢਹਿ ਜਾਵੇ ਤਾਂ ਨਵਾਂ ਬਣਾ ਲਵਾਂਗੇ, ਇਸ ਵਿਚ ਬਹੁਤੀ ਦੇਰ ਨਹੀਂ ਲਗੇਗੀ, ਇਹ ਆਪ ਜੀ ਵੇਖ ਲਵੋ। ਜਿਵੇਂ ਵੀ ਫੁਰਮਾਓ, ਉਸ ਤਰ੍ਹਾਂ ਕਾਰਜ ਕਰੀਏ ਤੇ ਮੈਂ ਉਸ ਤਰ੍ਹਾਂ ਹੀ ਸਮਝ ਕੇ ਕਰਾਂ" ॥ ੨੧ ॥

ਸੁਨਿ ਕਰਿ ਸ੍ਰੀ ਸਤਿਗੁਰ ਤਿਸ ਛਿਨ ਮਹਿਂ ਬਾਮ ਚਰਨ ਕੀ ਠੋਕਰ ਮਾਰ।
ਤੋਰਜੋ ਕੁਲਫ ਛੋਰ ਦਈ ਸਾਂਕਰ ਨਿਕਸਨ ਕੋ ਹ੍ਵੈ ਕੈ ਤਬਿ ਤਜਾਰ।
ਤੀਨੋ ਸਿੰਘਨ ਸਨ ਫੁਰਮਾਯਹੁ 'ਇਹ ਤਾਰਾ ਤੁਮ ਲੇਹੁ ਨਿਹਾਰ।
ਹਮ ਤੇ ਬਿਛਰਹੁ ਪੰਥ ਨ ਪਾਵਹੁ ਤਬਿ ਗਮਨੋ ਇਤ ਕੋ ਧ੍ਰਿਤਿ ਧਾਰਿ ॥ ੨੨ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਸਮੇਂ ਖੱਬੇ ਪੈਰ ਦੀ ਤਾਲੇ ਨੂੰ ਠੋਕਰ ਮਾਰੀ। ਉਸੇ ਵੇਲੇ ਤਾਲਾ ਟੁੱਟ ਗਿਆ, ਸੰਗਲ ਉਸ ਛੱਡ ਦਿੱਤਾ ਤੇ ਫਿਰ ਬਾਹਰ ਨਿਕਲਣ ਵਾਸਤੇ ਤਿਆਰ ਹੋ ਗਏ। ਫਿਰ ਸਤਿਗੁਰੂ ਜੀ ਨੇ ਤਿੰਨਾਂ ਸਿੰਘਾਂ ਨੂੰ ਫੁਰਮਾਇਆ, "ਇਸ ਤਾਰੇ ਨੂੰ ਤੁਸੀਂ ਵੇਖ ਲਵੋ। ਜੇ ਸਾਥੋਂ ਵਿਛੜ ਕੇ ਰਾਹ ਨਾ ਲੱਭੇ ਤਦ ਧੀਰਜ ਧਾਰ ਕੇ ਇਸ ਤਾਰੇ ਦੀ ਸੇਧ ਵਲ ਚਲ ਪਵੋ ॥ ੨੨ ॥

ਕਰਹੁ ਸੇਧ ਇਸ ਤਾਰੇ ਦਿਸ਼ ਕੋ ਹਮ ਕੋ ਖੋਜ ਲੇਹੁ ਤਿਤ ਜਾਇ।
ਰਾਤਿ ਬਿਖੈ ਜੇ ਮੇਲ ਨ ਹੋਵੈ ਭਈ ਪ੍ਰਭਾਤਿ ਮਿਲਹੁ ਤਬਿ ਆਇ।
ਚਿੰਤ ਨ ਕਰੀਅਹਿ ਤ੍ਰਾਸ ਨ ਧਰੀਅਹਿ ਖੇਹ ਰਿਪੁਨ ਕੀ ਆਂਖਨ ਪਾਇ।
ਪਰਹੁ ਨ ਦ੍ਰਿਸ਼ਟਿ, ਅਨਿਸ਼ਟਿ ਨਸ਼ਟ ਹੁਇ, ਪ੍ਰਾਪਤਿ ਇਸ਼ਟ ਬਰਿਸ਼ਟ ਸਦਾਇ ॥ ੨੩ ॥

ਇਸ ਤਾਰੇ ਦੀ ਸੇਧ ਵਿਚ ਚਲੋ ਤੇ ਉਥੇ ਜਾ ਕੇ ਸਾਨੂੰ ਲੱਭ ਲਵੋ ਜੇ ਰਾਤ ਸਮੇਂ ਮੇਲ ਨਾ ਹੋਵੇ ਤਾਂ ਸਵੇਰ ਹੋਣ ਤੇ ਆ ਕੇ ਮਿਲ ਪਵੋ। ਚਿੰਤਾ ਨਾ ਕਰੋ ਤੇ ਡਰ ਨਾ ਧਾਰਨ ਕਰੋ, ਅਸੀਂ ਵੈਰੀਆਂ ਦੀਆਂ ਅੱਖਾਂ ਵਿਚ ਘੱਟਾ ਪਾਵਾਂਗੇ। ਉਨ੍ਹਾਂ ਨੂੰ ਦਿਖਾਈ ਨਹੀਂ ਦੇਵੇਗਾ, ਵਿਘਨ ਅਥਵਾ ਅਮੰਗਲ ਨਾਸ਼ ਹੋ ਜਾਣਗੇ ਤੇ ਤੁਹਾਨੂੰ ਸਦਾ ਆਪਣਾ ਇਸ਼ਟ ਅਤੇ ਪੂਜਨੀਕ ਪ੍ਰਾਪਤ ਹੋਵੇਗਾ" ॥ ੨੩ ॥

ਇੱਤਜਾਦਿਕ ਸਭਿ ਭੇਦ ਬਤਾਯੋ ਧਰਮ ਸਿੰਘ ਤੇ ਦਰ ਖੁਲ੍ਹਵਾਇ।
ਤਾਕੀ ਅਲਪ ਕਿਵਾਰ ਉਘਾਰੇ ਨਿਕਸੇ ਪ੍ਰਥਮ ਪ੍ਰਭੂ ਹਰਖਾਇ।
ਸਿੰਘ ਤੀਨ ਪਸ਼ਚਾਤ ਵਹਿਰ ਭੇ ਸਨੇ ਸਨੇ ਤ੍ਰਾਸਨਿ ਬਿਸਰਾਇ।
ਲਸ਼ਕਰ ਪਰਜੋ ਜਹਾਂ ਕਹਿਂ ਦੇਖਜੋ ਧੁਖਹਿਂ ਪਲੀਤੇ ਤੁਪਕ ਚਲਾਇਂ ॥ ੨੪ ॥

ਇਸ ਪ੍ਰਕਾਰ ਸਾਰੇ ਭੇਦ ਦੱਸੇ ਤੇ ਭਾਈ ਧਰਮ ਸਿੰਘ ਪਾਸੋਂ ਦਰਵਾਜ਼ਾ ਖੁਲ੍ਹਵਾਇਆ। ਤਾਕੀ ਦੇ ਛੋਟੇ ਦਰਵਾਜ਼ੇ ਖੋਲ੍ਹੇ ਤੇ ਸਤਿਗੁਰੂ ਜੀ ਪ੍ਰਸੰਨ ਹੋ ਕੇ ਸਭ ਤੋਂ ਪਹਿਲਾਂ ਬਾਹਰ ਨਿਕਲੇ। ਤਿੰਨ ਸਿੰਘ ਬਾਅਦ ਵਿਚ ਬਾਹਰ ਆਏ ਤੇ ਹੋਲੀ-ਹੋਲੀ ਡਰ ਨੂੰ ਵਿਸਾਰ ਦਿੱਤਾ। ਜਿੱਥੇ ਕਿੱਥੇ ਪਏ ਲਸ਼ਕਰ ਨੂੰ ਵੇਖਿਆ, ਪਲੀਤੇ ਧੁਖਦੇ ਸਨ ਤੇ ਬੰਦੂਕਾਂ ਚਲਾਉਂਦੇ ਸਨ ॥ ੨੪ ॥

ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ ਧਨੁਖ ਕਠੋਰ ਘੋਰ ਕਰ ਲੀਨ।
ਕਰੇ ਨਿਰੀਛਨ ਈਛਨ ਤੇ ਸਰ ਤੀਛਨ ਭੀਛਨ ਆਛੇ ਬੀਨ।
ਤਰਕਸ਼ ਭਰਜੋ ਕਰਜੋ ਕਟ ਕਮਿਬੋ ਧਰਜੋ ਖੜਗ ਖਰ ਜਮਧਰ ਚੀਨ।
ਪੇਸ਼ ਕਬਜ਼ ਧਰਿ ਜੁਗਲ ਤਮਾਂਚੇ ਕਮਰਕਸਾ ਬਹੁ ਕੀਨ ਪ੍ਰਬੀਨ ॥ ੨੫ ॥

ਸ੍ਰੀ ਗੁਰੂ ਗੋਬਿੰਦ ਸਿੰਘ ਬੜੇ ਹਠੀ ਸਨ, ਉਨ੍ਹਾਂ ਨੇ ਘੋਰ ਧਨੁੱਖ ਬਾਣ ਨੂੰ ਆਪਣੇ ਹੱਥ ਵਿਚ ਲਿਆ ਸੀ। ਆਪਣੇ ਨੇਤਰਾਂ ਨਾਲ ਤਿੱਖੇ ਤੀਰ ਵੇਖਕੇ ਚੁਣੇ। ਆਪਣੇ ਭੱਥੇ ਨੂੰ ਤੀਰਾਂ ਨਾਲ ਭਰ ਲਿਆ। ਫਿਰ ਕਮਰਕੱਸਾ ਕੱਸਿਆ ਤਲਵਾਰ ਧਾਰਨ ਕੀਤੀ ਤੇ ਤੇਜ ਕਟਾਰ ਨੂੰ ਵੇਖਿਆ। ਕਰਦ ਸਾਹਮਣੇ ਧਾਰਨ ਕਰਕੇ ਦੋ ਪਸਤੋਲ ਕਮਰਕੱਸੇ ਵਿਚ ਕੱਸ ਲਏ॥ ੨੫॥

ਦੋਹਰਾ-ਸ਼ਸਤ੍ਰ ਬਸਤ੍ਰ ਬਹੁ ਮੋਲ ਕੇ ਦਿਪਤਿ ਪ੍ਰਭੂ ਕੀ ਕ੍ਰਾਂਤ।
ਜਬਰ ਜਵਾਹਰ ਜੇਵਰਨਿ ਲਾਖਹੁਂ ਕੇ ਅਵਦਾਤਿ॥ ੨੬॥

ਬਹੁਤ ਕੀਮਤੀ ਸ਼ਸਤਰ ਵਸਤਰ ਧਾਰਨ ਕਰਕੇ ਸਤਿਗੁਰੂ ਜੀ ਦੀ ਛਵੀ ਬਹੁਤ ਪ੍ਰਕਾਸ਼ਮਾਨ ਹੋਈ। ਹੀਰੇ ਜਵਾਹਰਾਤ ਨਾਲ ਜੜੇ ਚੌਵਰ ਬੜੇ ਉੱਜਲ ਦਿੱਸ ਰਹੇ ਸਨ।

*ਛੇਵੀਂ ਰੁੱਤ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧॥*

## ਅਧਿਆਇ ਬਤਾਲ੍ਹੀਵਾਂ

*ਮਾਛੀਵਾੜਾ*

ਦੋਹਰਾ-ਪਰਖਾ ਲਘੁ ਸੋ ਉਲੰਘ ਕਰਿ ਖਰੇ ਭਏ ਬਲਵੰਤ।
ਪੁਨ ਸਿੰਘਨ ਕੇ ਸੰਗ ਇਮ ਬੋਲੇ ਸ੍ਰੀ ਭਗਵੰਤ॥ ੧॥

ਛੋਟੀ ਜੇਹੀ ਖਾਈ ਲੰਘ ਕੇ ਸਤਿਗੁਰੂ ਜੀ ਖੜੇ ਹੋ ਗਏ। ਫਿਰ ਸਿੰਘਾਂ ਨੂੰ ਇਸ ਪ੍ਰਕਾਰ ਬੋਲ ਕੇ ਸਤਿਗੁਰੂ ਜੀ ਨੇ ਫੁਰਮਾਇਆ॥ ੧॥

ਸਵੈਯਾ ਛੰਦ-'ਅਬਿ ਹਮ ਰੌਰਾ ਚਾਹਤਿ ਪਾਯੋ ਗਹਿ ਸ਼ਸਤ੍ਰਨਿ ਹੋਵਹੁ ਸਵਧਾਨ।
ਸੁਧਿ ਕੋ ਦੇ ਕਰਿ ਸਗਰੇ ਲਸ਼ਕਰ ਉਲੰਘਹਿਂ ਡੇਰੇ ਕਰਹਿਂ ਪਯਾਨ'।
ਯੌਂ ਕਹਿ ਉਚੀ ਧੁਨਿ ਤੇ ਬੋਲੇ ਦੇ ਹਾਥਨ ਤਾੜੀ ਭਗਵਾਨ।
'ਹਿੰਦੁਨ ਪੀਰ ਚਲ੍ਯੋ ਅਬਿ ਨਿਕਸ੍ਯੋ ਘੇਰਹੁ ਤੁਮ ਮਹਿਂ ਜੋ ਬਲਵਾਨ' ॥੨॥

'ਹੁਣ ਮੈਂ ਰੌਲਾ ਪਾਉਣਾ ਚਾਹੁੰਦਾ ਹਾਂ, ਸ਼ਸਤਰ ਫੜ ਕੇ ਸਾਵਧਾਨ ਹੋ ਜਾਵੋ। ਸਾਰੇ ਲਸ਼ਕਰ ਨੂੰ ਖ਼ਬਰ ਦੇ ਕੇ, ਡੇਰਾ ਲੰਘ ਕੇ ਅੱਗੇ ਚਲੀਏ।" ਇਸ ਪ੍ਰਕਾਰ ਕਹਿ ਕੇ ਦੋਵਾਂ ਹੱਥਾਂ ਦੀ ਤਾਲੀ ਮਾਰ ਕੇ ਸਤਿਗੁਰੂ ਬੜੀ ਉੱਚੀ ਆਵਾਜ਼ ਵਿਚ ਕਹਿਣ ਲੱਗੇ, " ਹਿੰਦੂਆਂ ਦਾ ਪੀਰ ਹੁਣ ਚਲਿਆ ਹੈ, ਹੁਣ ਬਾਹਰ ਨਿਕਲੋ, ਮੈਨੂੰ ਆ ਕੇ ਘੇਰੋ, ਤੁਹਾਡੇ ਵਿਚ ਜਿਹੜਾ ਵੱਡਾ ਬਲਵਾਨ ਸੂਰਬੀਰ ਹੈ"॥ ੨॥

ਤੀਨ ਬਾਰ ਸ੍ਰੀ ਮੁਖ ਤੇ ਕਹਿ ਕਰਿ ਦੂਰ ਦੂਰ ਲੌ ਬਾਕ ਸੁਨਾਇ।
ਦੌਰੇ ਏਕ ਬਾਰ ਸੁਨਿ ਰੌਰਾ ਬਾਮ ਦਾਹਨੇ ਸਨਮੁਖ ਆਇ।
ਦਸ ਹਜ਼ਾਰ ਕੋ ਫਿਰਹਿ ਤਲਾਵਾ ਸੁਨਿ ਅਵਾਜ਼ ਧਾਏ ਚਿਤਚਾਇ।
ਦੋਇ ਮਸਾਲੈਂ ਜ੍ਵਲਤਿ ਅਗਾਰੀ ਆਵਤ ਪਿਖਿ ਗੋਬਿੰਦ ਸਿੰਘ ਰਾਇ॥੩॥

ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹਿ ਕੇ ਦੂਰ-ਦੂਰ ਤਕ ਆਪਣੇ ਬਚਨ ਸੁਣਾਏ। ਇਕ ਵਾਰ ਸੁਣ ਕੇ ਦੌੜੇ ਤੇ ਸੱਜੇ ਖੱਬੇ ਹੋ ਕੇ ਸਾਹਮਣੇ ਆਏ। ਦਸ ਹਜ਼ਾਰ ਫੌਜ ਦੇ ਗਸ਼ਤੀ ਪਹਿਰੇਦਾਰ ਫਿਰਦੇ ਸਨ, ਆਵਾਜ਼ ਸੁਣ ਕੇ ਉਹ ਬਹੁਤ ਪ੍ਰਸੰਨ ਹੋ ਕੇ ਭੱਜੇ ਆਏ। ਦੋ ਮਸਾਲਾਂ ਉਨ੍ਹਾਂ ਅੱਗੇ ਜਗ ਰਹੀਆਂ ਸਨ, ਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਵੇਖਿਆ॥ ੩॥

ਧਨੁਖ ਬਿਖੇ ਸੰਧੇ ਦ੍ਵੈ ਖਪਰੇ ਤਾਨਕਾਨ ਲੌ ਦਏ ਚਲਾਇ।
ਗਏ ਗਾਜ ਸਮ ਕਟੀ ਮਸਾਲਾ ਪੁਨ ਭਟ ਬੇਧਿ ਦਿਏ ਉਥਲਾਇ।
ਪਰਜੋ ਰੌਰ ਚਹੁੰਦਿਸ਼ ਤੇ ਉਮਡੇ 'ਮਾਰਹੁ ਗਹਹੁ ਪੁਕਾਰਤਿ ਆਇ।
ਹਯ ਦੌਰੇ ਖੁਰ ਖੇਹ ਉਡੀ ਬਹੁ ਅੰਧ ਧੁੰਧ ਹ੍ਵੈ ਗੋ ਇਕ ਭਾਇ॥ ੪॥

ਧਨੁੱਖ ਵਿਚ ਦੋ ਤੀਰ ਰੱਖੇ ਹੋਏ ਸਨ, ਉਹ ਕੰਨ ਤਕ ਕਮਾਨ ਨੂੰ ਖਿੱਚ ਕੇ ਚਲਾ ਦਿੱਤੇ। ਉਹ ਬਿਜਲੀ ਵਾਂਗ ਕੜਕ ਕੇ ਗਏ ਤੇ ਉਨ੍ਹਾਂ ਦੋਵੇਂ ਜਗਦੀਆਂ ਮਸ਼ਾਲਾਂ ਕੱਟ ਦਿੱਤੀਆਂ ਤੇ ਬਹੁਤ ਸੂਰਬੀਰਾਂ ਨੂੰ ਵਿੰਨ੍ਹ ਦਿੱਤਾ। ਫਿਰ ਚਾਰੇ ਪਾਸੇ ਰੌਲਾ ਪੈ ਗਿਆ ਤੇ "ਮਾਰੋ, ਫੜੋ" ਪੁਕਾਰਦੇ ਆ ਗਏ। ਜਦ ਘੋੜੇ ਭੱਜੇ ਤਾਂ ਉਨ੍ਹਾਂ ਦੇ ਪੈਰਾਂ ਦੀ ਬੜੀ ਖੇਹ ਉਡੀ ਤੇ ਇਸ ਪ੍ਰਕਾਰ ਬਹੁਤ ਅੰਧਾ-ਧੁੰਧ ਹਨੇਰਾ ਛਾ ਗਿਆ॥ ੪॥

ਮਚਜੋ ਕੁਲਾਹਲ ਭਿੜੇ ਭੇੜ ਭਟ ਆਪਸ ਮਹਿਂ ਚਲਿਗੇ ਹੱਥਜਾਰ।
ਛੁਟੀ ਤੁਪਕ, ਤੋਮਰ ਤਰ ਤੀਰਨ ਤਰਵਾਰਨਿ ਜੁਟਿਗੇ ਕਰਿ ਮਾਰ।
ਪਿਤਾ ਪੂਤ ਕੋ ਸਿਰ ਮੈਂ ਝਾਰਤਿ ਪੂਤ ਪਿਤਾ ਕੇ ਤਨ ਪਰ ਝਾਰਿ।
ਭ੍ਰਾਤ ਭ੍ਰਾਤ ਕੇ ਚਚਾ ਭਤੀਜਾ ਸਖਾ ਸਖੇ ਕੇ ਬਹਿ ਤਰਵਾਰ॥ ੫॥

ਵੱਡਾ ਕੁਲਾਹਲ ਮੱਚ ਗਿਆ ਤੇ ਸੂਰਬੀਰ ਆਪਸ ਵਿਚ ਭਿੜ ਪਏ ਤੇ ਬਹੁਤ ਹਥਿਆਰ ਚਲੇ। ਬੰਦੂਕਾਂ ਚਲੀਆਂ, ਨੇਜ਼ੇ, ਤੀਰ, ਤਲਵਾਰਾਂ ਜੁੱਟ ਕੇ ਮਾਰਨ ਲੱਗ ਪਏ। ਪਿਤਾ ਪੁੱਤਰ ਦੇ ਸਿਰ ਵਿਚ ਮਾਰਦਾ ਸੀ, ਪੁੱਤਰ ਪਿਤਾ ਦੇ ਤਨ ਤੇ ਤਲਵਾਰ ਝਾੜਦਾ ਸੀ। ਭਰਾ ਭਰਾ ਨੂੰ ਮਾਰਦਾ ਸੀ, ਚਾਚਾ ਭਤੀਜੇ ਨੂੰ ਮਾਰਦਾ ਸੀ, ਦੋਸਤ ਦੋਸਤ ਨੂੰ ਤਲਵਾਰਾਂ ਮਾਰਦਾ ਸੀ॥ ੫॥

ਜਥੇਦਾਰ ਕੋ ਹਨਜੋ ਸਿਪਾਹੀ, ਮਾਰ ਸਿਪਾਹੀ ਕੋ ਜਥਿਦਾਰ।
ਨਹੀਂ ਪਛਾਨ ਪਰਸਪਰ ਕੋਈ ਕਜਾਮਤ ਰਾਤ ਭਈ ਤਿਸ ਬਾਰ।
ਭਏ ਕਤਲ ਸਿਰ ਧਰ ਕਿਹ ਕਰ ਪਗ ਕੇਤਿਕ ਦਰੜੇ ਕਰਹਿਂ ਪੁਕਾਰ।
ਕਹਿਂ ਲਗਿ ਕਹੌਂ ਬਿਤੀ ਤੁਰਕਨਿ ਪਰ ਬਿਨ ਮਾਰੇ ਮਰਿ ਗਏ ਗਵਾਰ॥ ੬॥

ਕਿਸੇ ਜਥੇਦਾਰ ਨੇ ਸਿਪਾਹੀ ਮਾਰ ਦਿੱਤਾ, ਕਿਸੇ ਸਿਪਾਹੀ ਨੇ ਜਥੇਦਾਰ ਮਾਰ ਦਿੱਤਾ। ਆਪਸ ਵਿਚ ਕੋਈ ਪਛਾਣ ਨਹੀਂ ਸੀ, ਉਸ ਸਮੇਂ ਉਹ ਰਾਤ ਕਿਆਮਤ ਦੀ ਰਾਤ ਬਣ ਗਈ। ਕਿਸੇ ਸਿਰ ਧੜ ਕਤਲ ਕਰ ਦਿੱਤਾ, ਕਿਸੇ ਦੇ ਹੱਥ ਪੈਰ ਝਾੜ ਦਿੱਤੇ, ਕਈ ਦਰੜੇ ਹੋਏ ਉੱਚੀ-ਉੱਚੀ ਪੁਕਾਰ ਕਰਦੇ ਸਨ। ਕਿਥੋਂ ਤਕ ਕਹਾਂ ਜਿਵੇਂ ਤੁਰਕਾਂ ਨਾਲ ਬੀਤੀ, ਮੂਰਖ ਬਿਨ ਮਾਰੇ ਹੀ ਮਰ ਗਏ॥ ੬॥

ਭਯੋ ਸਥਾਰ ਖੇਤ ਰਣ ਅੰਤਰ ਹਯ ਜੋਧਾ ਮਰਿਗੇ ਸਮੁਦਾਇ।
ਲੋਥ ਪੋਥਨਾ ਜਿਤ ਕਿਤ ਹੋਵਤਿ ਜੋਵਤਿ ਬਡ ਅੰਬਾਰ ਲਗਾਇ।
ਜਿਮ ਪੁਤਲੀ ਕੋ ਘਾਲ ਖੇਲ ਬਹੁ ਲਰਵੈ ਕੈ ਇਕ ਥਲ ਧਰਵਾਇ।
ਮਨਹੁਂ ਜਨਨਿ ਨਹਿਂ ਜਨੇ ਕਬਹੁਂ ਇਹੁ ਮਰਿ ਕਰਿ ਪਰੇ ਢੇਰ ਸਮੁਦਾਇ॥ ੭॥

ਰਣਖੇਤਰ ਵਿਚ ਲੋਥਾਂ ਦੇ ਸੱਥਰ ਪਏ ਸਨ ਤੇ ਘੋੜੇ ਅਤੇ ਯੋਧੇ ਇਕੱਠੇ ਹੀ ਮਰ ਗਏ। ਜਿੱਥੇ ਕਿੱਥੇ ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ ਤੇ ਲੋਥਾਂ ਦੇ ਵੱਡੇ ਅੰਬਾਰ ਲੱਗੇ ਦਿੱਸਦੇ ਸਨ। ਮਾਨੋ ਬਹੁਤ ਪੁਤਲੀਆਂ, ਲੜਾਈ ਦਾ ਤਮਾਸ਼ਾ ਕਰਨ ਪਿੱਛੋਂ ਇਕ ਥਾਂ ਇਕੱਠੀਆਂ ਧਰ ਦਿੱਤੀਆਂ ਸਨ॥ ੭॥

ਪਰਬਤ ਆਦਿਕ ਦੇਸ਼ਨ ਵਾਸੀ ਭਈ ਬਿਨਾਸ਼ੀ ਚਮੂੰ ਬਿਸਾਲ।
ਜਾਮ ਏਕ ਲਗ ਬਾਜਜੋ ਲੋਹਾ ਮਨਹੁ ਲੁਹਾਰ ਸੁ ਘੜੇ ਉਤਾਲ।
ਜਹਿਂ ਕਹਿਂ ਸ਼ਬਦ ਸ਼ਸਤ੍ਰ ਕੋ ਸੁਨੀਅਤਿ ਮਨਹੁਂ ਅਨੇਕ ਬਨੀ ਟਕਸਾਲ।
ਭਈ ਆਖਰੀ ਬ੍ਰਿੰਦ ਗ਼ਾਰਕੀ, ਚਹੁਂਦਿਸ਼ ਥਲ ਚਮਕੌਰ ਕਰਾਲ॥ ੮॥

ਪਹਾੜੀ ਰਾਜਿਆਂ ਦੀ ਬਹੁਤ ਸੈਨਾ ਮਾਰੀ ਗਈ। ਇਕ ਪਹਿਰ ਤਕ ਲੋਹਾ ਖੜਕਿਆ, ਮਾਨੋ ਲੁਹਾਰ ਬੜੀ ਕਾਹਲੀ-ਕਾਹਲੀ ਹਥਿਆਰ ਘੜ ਰਿਹਾ ਸੀ। ਜਿੱਥੇ ਕਿੱਥੇ ਸ਼ਸਤਰਾਂ ਦੀ ਆਵਾਜ਼ ਸੁਣਾਈ ਦਿੰਦੀ ਸੀ, ਮਾਨੋ ਸ਼ਸਤਰ ਬਣਾਉਣ ਦੀਆਂ ਅਨੇਕਾਂ ਟਕਸਾਲਾਂ ਲੱਗ ਗਈਆਂ ਸਨ। ਇਸ ਪ੍ਰਕਾਰ ਚਮਕੌਰ ਵਿਚ ਬਹੁਤ ਹਥਿਆਰ ਚਲੇ ਤੇ ਵੱਡਾ ਹਨੇਰ ਮੱਚ ਗਿਆ ਤੇ ਚਾਰੇ ਪਾਸੇ ਦੇ ਸਥਾਨ ਵਿਕਰਾਲ ਰੂਪ ਧਾਰਨ ਕਰ ਗਏ॥ ੮॥

ਸਤਿਗੁਰ ਦਲ ਕੇ ਹੁਇ ਇਕ ਪਾਸੇ ਨਿਕਸਿ ਗਏ ਰਿਪੁ ਦ੍ਰਿਗ ਰਜ ਡਾਰਿ।
ਦੁਤਿਯ ਦਿਸ਼ਾ ਕਹ ਤੀਨਹੁਂ ਸਿੰਘ ਜੁ ਬਿਛੁਰੇ ਪ੍ਰਭੁ ਤੇ ਭਏ ਸੁ ਪਾਰ।
ਗੜ੍ਹ ਅੰਤਰ ਦੁਇ ਸਿੰਘ ਤਿਸੀ ਬਿਧਿ ਤਜੈਂ ਤੁਫੰਗ ਸ਼ੀਘ੍ਰਤਾ ਧਾਰਿ।
ਨਿਕਟ ਨ ਪਹੁਂਚੇ ਡਰ ਧਰਿ ਅਰਿ ਖਿਰ ਮਰੇ ਚਹੂੰ ਦਿਸ਼ ਪਰੇ ਸਥਾਰ॥ ੯॥

ਸਤਿਗੁਰੂ ਜੀ ਵੈਰੀਆਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦਲ ਦੇ ਇਕ ਪਾਸੇ ਤੋਂ ਨਿਕਲ ਗਏ। ਦੂਸਰੀ ਦਿਸ਼ਾ ਵਿਚ ਤਿੰਨੇ ਸਿੰਘ ਜਿਹੜੇ ਵਿਛੜ ਗਏ ਸਨ, ਉਹ ਸਤਿਗੁਰੂ ਜੀ ਤੋਂ ਅੱਗੋਂ ਚਲੇ ਗਏ। ਗੜ੍ਹੀ ਵਿਚੋਂ ਦੋਵੇਂ ਸਿੰਘ ਉਸੇ ਪ੍ਰਕਾਰ ਛੋਟੀ-ਛੋਟੀ ਬੰਦੂਕਾਂ ਛੱਡਦੇ ਗਏ। ਵੈਰੀ ਡਰ ਧਾਰ ਕੇ ਨੇੜੇ ਨਹੀਂ ਪਹੁੰਚਦੇ ਸਨ, ਮਰੇ ਹੋਏ ਵੈਰੀਆਂ ਦੀਆਂ ਚਾਰੇ ਪਾਸੇ ਲੋਥਾਂ ਦੇ ਢੇਰ ਪਏ ਸਨ॥ ੯॥

ਸ੍ਰੀ ਗੋਬਿੰਦ ਸਿੰਘ ਨਿਕਸੇ ਬਾਹਰਿ ਸਭਿ ਲਸ਼ਕਰ ਤੇ ਹੁਇ ਕਰਿ ਪਾਰ।
ਸਵਾ ਕੋਸ ਚਲਿ ਗਏ ਝੀਲ ਮਹਿਂ ਤਹਾਂ ਤਰੋਵਰ ਜੰਡ ਨਿਹਾਰ।
ਬੈਠਿ ਗਏ ਤਹਿਂ ਬਿਤੀ ਦੇਰ ਕੁਛ ਦ੍ਵੈ ਨਰ ਮਹਿਖੀ ਖੋਜਨਹਾਰ।
ਇਕ ਮਾਲਿਕ ਇਕ ਪਾਲਕ ਤਿਨ ਮਹਿਂ ਖੋਜਤਿ ਇਤ ਉਤ ਬਿਬਿਧ ਪ੍ਰਕਾਰ॥੧੦॥

ਗੁਰੂ ਗੋਬਿੰਦ ਸਿੰਘ ਜੀ ਸਾਰੇ ਲਸ਼ਕਰ ਨੂੰ ਪਾਰ ਕਰਕੇ ਬਾਹਰ ਨਿਕਲ ਗਏ। ਸਵਾ ਕੋਹ ਜਦ ਚਲ ਕੇ ਗਏ ਤਾਂ ਇਕ ਝੀਲ ਵਿਚ ਜੰਡ ਦਾ ਦਰੱਖਤ ਵੇਖਿਆ। ਉਥੇ ਬੈਠ ਗਏ, ਜਦ ਕੁਝ ਸਮਾਂ ਬੀਤਿਆ ਤਾਂ ਦੋ ਮਨੁੱਖ ਮੱਝਾਂ ਲੱਭਣ ਆਏ। ਉਨ੍ਹਾਂ ਵਿਚ ਇਕ ਮੱਝਾਂ ਦਾ ਮਾਲਕ ਸੀ, ਇਕ ਮੱਝਾਂ ਦਾ ਪਾਲਕ ਸੀ, ਉਹ ਏਧਰ ਓਧਰ ਕਈ ਪ੍ਰਕਾਰ ਮੱਝਾਂ ਨੂੰ ਲੱਭ ਰਹੇ ਸਨ॥ ੧੦॥

ਰਾਤ ਚਾਂਦਨੀ ਇਕ ਤਹਿਂ ਦੇਖੇ ਬੈਠੇ ਗੁਰੂ ਬੰਦਨਾ ਗਾਇ।
'ਕੋ ਤੁਮ ਅਹੋ?' 'ਮਹਿਖ ਹਮ ਖੋਜਤਿ', ਸੁਨਿਤ ਦੂਸਰੇ ਕਹਜੋ ਸੁਨਾਇ।
'ਕਿਹ ਸੰਗ ਬੋਲਤਿ ਮਹਿਖ ਕਿ ਪ੍ਰਾਪਤ ਮੈਂ ਜਾਵੋਂ ਕੈ ਨਹਿਂ ਅਗਵਾਇ?'।
'ਇਤ ਨਹਿਂ ਮਹਿਖੀ, ਸਤਿਗੁਰ ਬੈਠੇ, ਮੈਂ ਬੋਲਜੋ ਤਿਨ ਸਨ ਇਸ ਥਾਇ' ॥੧੧॥

ਚਾਂਦਨੀ ਰਾਤ ਵਿਚ ਉਥੇ ਉਨ੍ਹਾਂ ਵੇਖਿਆ, ਗੁਰੂ ਜੀ ਬੈਠੇ ਅਰਦਾਸ ਕਰ ਰਹੇ ਸਨ। "ਤੁਸੀਂ ਕੌਣ ਹੋ ?" ਗੁਰੂ ਜੀ ਨੇ ਪੁੱਛਿਆ, ਇਹ ਸੁਣ ਕੇ ਮੱਝ ਦਾ ਮਾਲਕ ਬੋਲਿਆ, "ਅਸੀਂ ਮੱਝ ਲੱਭਦੇ ਹਾਂ।" ਇਹ ਗੱਲ ਸੁਣ ਕੇ ਦੂਸਰਾ ਭਾਵ ਨੌਕਰ ਜਿਹੜਾ ਪਿੱਛੇ ਆ ਰਿਹਾ ਸੀ, ਉਸ ਨੇ ਸੁਣ ਕੇ ਕਿਹਾ, "ਕਿਸ ਨਾਲ ਬੋਲਦਾ ਹੈਂ ਕੀ ਮੱਝ ਮਿਲ ਗਈ ਹੈ, ਮੈਂ ਲੱਭਣ ਵਾਸਤੇ ਅੱਗੇ ਜਾਵਾਂ ਕਿ ਨਹੀਂ ?" "ਏਧਰ ਮੱਝ ਨਹੀਂ ਹੈ, ਸਤਿਗੁਰੂ ਜੀ ਬੈਠੇ ਹਨ, ਮੈਂ ਇਸ ਥਾਂ ਉਨ੍ਹਾਂ ਨਾਲ ਬੋਲ ਰਿਹਾ ਸੀ" ॥੧੧॥

'ਕਹਾਂ ਗੁਰੂ ਇਸ ਥਲ ਮਹਿਂ ਆਯੋ, ਗਢ ਮਹਿਂ ਘਿਰਯੋ ਲਰਤਿ ਬਡ ਜੰਗ।
ਅਪਰ ਹੋਇ ਕੋ, ਤੈਂ ਨਹਿਂ ਜਾਨਯੋਂ' ਸੁਨਿ ਬੋਲਯੋ ਤੁਰਨ ਤਿਨ ਸੰਗ।
'ਘੇਰਾ ਛੋਰਿ ਨਿਕਸ ਕਰਿ ਆਏ', ਤਬਿ ਗੁਰ ਕਹਯੋ 'ਨ ਬੋਲ ਉਤੰਗ।
ਆਉ ਪਦਾਰਥ ਤੋ ਕੋ ਦੇਵਹਿਂ' ਸੁਨਿ ਕਰਿ ਆਯੋ ਕਰਤਿ ਉਮੰਗ ॥ ੧੨ ॥

"ਗੁਰੂ ਜੀ ਇਸ ਥਲ ਵਿਚ ਕਿਥੋਂ ਆ ਗਏ, ਉਹ ਤਾਂ ਕਿਲ੍ਹੇ ਵਿਚ ਘਿਰੇ ਹੋਏ ਵੱਡੀ ਜੰਗ ਲੜ ਰਹੇ ਹਨ, ਉਹ ਕੋਈ ਹੋਰ ਹੋਣਗੇ, ਤੂੰ ਨਹੀਂ ਜਾਣਿਆ ਹੈ।" ਇਹ ਸੁਣ ਕੇ ਮਾਲਕ ਤੁਰਤ ਉਸ ਨੂੰ ਕਹਿਣ ਲੱਗਾ, "ਘੇਰਾ ਛੱਡ ਕੇ ਨਿਕਲ ਕੇ ਆਏ ਹਨ।" ਤਦ ਗੁਰੂ ਜੀ ਨੇ ਕਿਹਾ, "ਉੱਚੀ ਨਾ ਬੋਲੋ, ਆਵੋ ਤੁਹਾਨੂੰ ਚੰਗਾ ਪਦਾਰਥ ਦਿੰਦੇ ਹਾਂ।" ਇਹ ਸੁਣ ਕੇ ਉਹ ਉਮੰਗ ਧਾਰ ਕੇ ਆਇਆ ॥ ੧੨ ॥

ਖੰਜਰ ਜਰਯੋ ਜਵਾਹਰ ਸੰਗੇ ਦਯੋ, ਲਯੋ ਉਰ ਹਰਖ ਉਪਾਇ।
ਚਹਯੋ ਕਿ ਰੌਰਾ ਕਰੋਂ ਬੁਲਾਵੌਂ ਤੁਰਕ ਦੇਹਿਂ ਮੁਝ ਧਨ ਸਮੁਦਾਇ।
ਜਾਨਿ ਗੁਰੂ ਤਿਹ ਘਟਕੀ ਬੋਲੇ 'ਔਰ ਦਰਬ ਕੁਛ ਦੇਂ ਸਮੁਦਾਇ'।
ਕਰਿ ਲਾਲਚ ਕੋ ਢਿਗ ਜਬਿ ਪਹੁੰਚਯੋ ਕਹਯੋ 'ਧਰਹੁ ਖੰਜਰ ਇਸ ਥਾਇਂ' ॥੧੩॥

ਗੁਰੂ ਜੀ ਨੇ ਉਸ ਨੂੰ ਹੀਰੇ ਜਵਾਹਰਾਤ ਵਾਲੀ ਖੰਜਰ ਦਿੱਤੀ, ਉਹ ਲੈ ਕੇ ਮੱਝ ਵਾਲਾ ਬਹੁਤ ਪ੍ਰਸੰਨ ਹੋਇਆ। ਚਾਹੁੰਦਾ ਸੀ ਰੌਲਾ ਪਾਵਾਂ ਤੇ ਤੁਰਕ ਬੁਲਾਵਾਂ, ਸਾਰੇ ਮੱਝ ਬਰਾਬਰ ਧਨ ਦੇਣਗੇ। ਇਹ ਜਾਣ ਕੇ ਗੁਰੂ ਜੀ ਉਸ ਸਮੇਂ ਬੋਲੇ, "ਤੈਨੂੰ ਕੁਝ ਹੋਰ ਧਨ ਦੇਈਏ ?" ਜਦ ਲਾਲਚ ਕਰਕੇ ਪਾਸ ਪਹੁੰਚਿਆ ਤਾਂ ਗੁਰੂ ਜੀ ਨੇ ਕਿਹਾ, "ਇਸ ਥਾਂ ਖੰਜਰ ਰੱਖ ਦੇਵੋ" ॥ ੧੩ ॥

ਧਰਨਿ ਲਗਯੋ ਜਬਿ, ਉਲਟ ਚਪੇਟੈਂ ਮਾਰੀ ਗੁਰੂ, ਝੁਕਯੋ ਤਿਹ ਜਾਨਿ।
ਮੁਖ ਪਰ ਲਗੀ ਭਗਨ ਭੇ ਦਸਨਾ ਭਯੋ ਗੁੰਗ ਨਹਿਂ ਸਕੇ ਬਖਾਨ।
ਸਾਥੀ ਦੁਤੀ ਬੁਲਾਵਤਿ ਬਹੁ ਬਿਧਿ 'ਕਹਾਂ ਭਯੋ ਰਹਿ ਗਈ ਜ਼ੁਬਾਨ ?'।
ਧਾਇ ਪਰਸਪਰ ਮਿਲੇ ਸੁ ਬੂਝੇ ਨਹਿਂ ਕੁਛ ਕਹਯੋ ਜਾਤਿ ਮਤਿ ਹਾਨ ॥ ੧੪ ॥

ਜਦ ਖੰਜਰ ਧਰਨ ਲੱਗਾ ਤਾਂ ਗੁਰੂ ਜੀ ਨੇ ਝੁਕਿਆ ਜਾਣ ਕੇ ਉਲਟੀ ਚਪੇੜ ਮਾਰੀ, ਜਿਹੜੀ ਮੂੰਹ ਤੇ ਲੱਗੀ ਤੇ ਦੰਦ ਟੁੱਟ ਗਿਆ ਤੇ ਉਸੇ ਸਮੇਂ ਗੁੰਗਾ ਹੋ ਗਿਆ, ਬੋਲ ਨਹੀਂ ਸਕਦਾ ਸੀ। ਦੂਸਰਾ ਸਾਥੀ ਬਹੁਤ ਵਿਧੀਆਂ ਨਾਲ ਬੁਲਾਉਂਦਾ ਸੀ, "ਕੀ ਹੋ ਗਿਆ ਹੈ, ਜ਼ਬਾਨ ਬੋਲਣ ਤੋਂ ਰਹਿ ਗਈ ਹੈ ?" ਭੱਜ ਕੇ ਆਪਸ ਵਿਚ ਮਿਲੇ, ਪੁੱਛਣ ਤੇ ਕੁਝ ਵੀ ਨਾ ਕਿਹਾ, ਉਸ ਜਾਣਿਆ ਕਿ ਮੱਤ ਮਾਰੀ ਗਈ ਹੈ ॥ ੧੪ ॥

ਉਠਿ ਪ੍ਰਭੁ ਗਮਨ ਕੀਨ ਬਿਨ ਪੰਥਹਿ ਸਨੇ ਸਨੇ ਚਲਿ ਸਹਿਜ ਸੁਭਾਇ।
ਰਹੇ ਇਕਾਕੀ, ਉਪਮਾ ਅਸ ਹ੍ਵੈ, ਸੀਜ ਲਖਣ ਬਿਨ ਬਨ ਰਘੁਰਾਇ।
ਚਰਨ ਕਮਲ ਤੇ ਮਗ ਨ ਚਲੇ ਕਬਿ, ਬਹੁ ਅਸਵਾਰੀ ਰਹਿਂ ਅਗੁਵਾਇ।
ਸ੍ਰਾਪ ਸਾਚ ਗਾਯਤ੍ਰੀ ਕੋ ਹੋਯੋ ਅਪਦਾ ਭੋਗੀ ਇਕ ਰਸ ਭਾਇ ॥ ੧੫ ॥

ਉੱਠ ਕੇ ਸਤਿਗੁਰੂ ਜੀ ਚਲ ਪਏ, ਕਿਸੇ ਰਾਹ ਤੋਂ ਬਗੈਰ ਹੀ ਹੌਲੀ-ਹੌਲੀ ਸਹਿਜ-ਸੁਭਾ ਚਲ ਪਏ। ਇਕੱਲੇ ਰਹਿ ਗਏ ਤੇ ਇਸ ਪ੍ਰਕਾਰ ਉਪਮਾ ਬਣੀ ਹੈ ਜਿਵੇਂ ਸੀਤਾ ਲਛਮਣ ਬਿਨਾਂ ਰਾਮ ਜੀ ਵਣ ਵਿਚ ਰਹਿ ਗਏ ਹਨ। ਕਦੀ ਵੀ ਪੈਦਲ ਰਾਹੇ-ਰਾਹ ਨਹੀਂ ਚਲੇ ਸਨ, ਪਹਿਲਾਂ ਹਮੇਸ਼ਾ ਘੋੜ-ਸਵਾਰੀ ਕਰਦੇ ਸਨ। ਜਿਵੇਂ ਕ੍ਰਿਸ਼ਨ ਜੀ ਨੇ ਵੱਡਾ ਦੁਖ ਭੋਗਿਆ ਸੀ ਉਸ ਪ੍ਰਕਾਰ ਹੀ ਗੁਰੂ ਜੀ ਨੇ ਵੱਡੀ ਬਿਪਤਾ ਭੋਗੀ, ਪਰ ਇਸ ਦਾ ਉਨ੍ਹਾਂ ਕਿਸੇ ਪ੍ਰਕਾਰ ਦਾ ਵੀ ਦੁਖ ਨਾ ਮੰਨਾਇਆ॥ ੧੫॥

ਕੇਤਿਕ ਕੋਸ ਗਏ ਮਗ ਚਰਨਨ ਸ਼੍ਰਮਤਿ ਭਏ ਸਤਿਗੁਰ ਇਕ ਥਾਨ।
ਮਾਛੀਵਾਰੇ ਪਰੇ ਕਿਤਿਕ ਥਲ ਅਬਿ ਭੀ ਝਾਰ ਨਿਸ਼ਾਨੀ ਜਾਨ।
ਬੈਠੇ ਤਹਾਂ ਉਪਾਨਯ ਝਾਰਯੋ ਸਿਕਤਾ ਰਜ ਤੇ ਭਰਯੋ ਮਲਾਨ।
ਸਨੇ ਸਨੇ ਪੁਨ ਆਗੇ ਗਮਨੇ ਰਹੀ ਜਾਮਨੀ ਜਾਮ ਪਛਾਨ॥ ੧੬॥

ਪੈਦਲ ਕਈ ਕੋਹਾਂ ਤਕ ਚਲ ਕੇ ਗਏ, ਫਿਰ ਥੱਕ ਕੇ ਸਤਿਗੁਰੂ ਜੀ ਇਕ ਥਾਂ ਬੈਠ ਗਏ। ਮਾਛੀਵਾੜੇ ਤੋਂ ਕੁਝ ਥਾਂ ਪਰ੍ਹੇ ਸਨ, ਜਿੱਥੇ ਹੁਣ ਵੀ ਝਾੜ ਨਿਸ਼ਾਨੀ ਵਜੋਂ ਹਨ। ਉਥੇ ਗੁਰੂ ਜੀ ਨੇ ਆਪਣਾ ਜੋੜਾ ਝਾੜਿਆ ਜਿਹੜਾ ਰੇਤ ਅਤੇ ਘੱਟੇ ਨਾਲ ਭਰ ਕੇ ਮੈਲਾ ਹੋਇਆ ਸੀ। ਹੌਲੀ-ਹੌਲੀ ਫਿਰ ਅੱਗੇ ਚਲਦੇ ਗਏ, ਜਦ ਰਾਤ ਇਕ ਪਹਿਰ ਰਹਿ ਗਈ ਪਛਾਣੀ॥ ੧੬॥

ਛੱਤ੍ਰ ਧਾਰ ਕੋ ਸਮਾਂ ਭਯੋ ਤਬਿ ਬਾਰਿ ਬਾਰਿ ਸ਼੍ਰੀ ਮੁਖ ਜੰਭਾਇ।
ਦਾਸ ਖਾਸ ਡੱਬੇ ਤਬਿ ਕਿਹ ਠਾਂ, ਕਹਾਂ ਅਫੀਮ ਬਿਦੇਸ਼ਨ ਆਇ।
ਚਰਨ ਪਖਾਰਨ ਸੇਵਕ ਕਿਹਠਾਂ, ਕਹਾਂ ਸੇਜ ਸੁੰਦਰ ਮ੍ਰਿਦੁਲਾਇ।
ਕਹਾਂ ਤੁਰੰਗਮ ਹੇਮ ਜ਼ੀਨ ਜੁਤਿ ਰਹੇ ਇਕਾਕੀ ਗੁਰ ਗਤਿ ਦਾਇ॥ ੧੭॥

ਵਿਵਾਦ ਗ੍ਰਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧੭॥

ਹੁਤੇ ਅਰਕ ਕੋ ਬੂਟ ਖਰਯੋ ਤਹਿਂ ਹਰਯੋ ਸਦਲ ਤਹਿਂ ਤੋਰਨ ਕੀਨਿ।
ਏਕ ਪੱਤ੍ਰ ਪਰ ਦੁਗਧ ਨਿਕਾਸਯੋ ਕੇਤਿਕ ਕਰਿ ਕੈ ਪੀਯ ਸੁ ਲੀਨ।
ਪੁਨ ਗਮਨੇ ਮਾਰਗ ਕਿਛੁ ਆਗੇ ਮਾਛੀਵਾਰੇ ਨਿਕਟ ਸੁ ਚੀਨ।
ਇਕ ਥਲ ਕੋ ਅਵਲੋਕਿ ਟਿਕੇ ਪ੍ਰਭੁ ਮਹਾਰਾਜ ਦਾਨੀ ਗਨ ਦੀਨ॥ ੧੮॥

ਉਥੇ ਜੰਗਲ ਵਿਚ ਇਕ ਅੱਕ ਦਾ ਬੂਟਾ ਖੜਾ ਸੀ, ਜਿਸ ਦੇ ਪੱਤੇ ਬਹੁਤ ਹਰੇ ਸਨ, ਉਸ ਅੱਕ ਦੇ ਪੱਤੇ ਨੂੰ ਤੋੜ ਲਿਆ। ਇਕ ਪੱਤੇ ਉੱਤੇ ਅੱਕ ਦਾ ਦੁੱਧ ਚੋਇਆ ਤੇ ਕੁਝ ਇਕੱਠਾ ਕਰਕੇ ਪੀ ਲਿਆ। ਫਿਰ ਰਾਹੇ-ਰਾਹ ਅੱਗੇ ਚਲ ਪਏ, ਮਾਛੀਵਾੜੇ ਨੂੰ ਉਥੋਂ ਨੇੜੇ ਹੀ ਜਾਣਿਆ। ਇਕ ਚੰਗਾ ਸਥਾਨ ਵੇਖ ਕੇ ਸਤਿਗੁਰੂ ਮਹਾਰਾਜ ਉਥੇ ਟਿਕ ਗਏ ਜਿਹੜੇ ਗ਼ਰੀਬਾਂ ਵਾਸਤੇ ਵੱਡੇ ਦਾਨੀ ਹਨ॥ ੧੮॥

ਚਢਯੋ ਅਰਕ ਕੋ ਅਮਲ ਘਨੇਰੋ ਭਏ ਦੂਸਰੇ ਸ਼੍ਰਮਤਿ ਬਿਸਾਲ।
ਦ੍ਵੈ ਦਿਨ ਹ੍ਵੈ ਜੁਧ ਦਾਰੁਣ ਠਾਨਯੋ ਨਹੀਂ ਅਰਾਮ ਕੀਨ ਕਿਸ ਕਾਲ।
ਨਹਿਂ ਸੁਪਤੇ ਪ੍ਰਭੁ ਯਾਂ ਤੇ ਆਲਸ ਭਯੋ ਦੇਹਿ ਮਹਿਂ ਆਨ ਅਟਾਲ।
ਪਰੇ ਫਾਲਰੇ ਚਰਨਨ ਮਹਿਂ ਬਹੁ ਪੰਕਜ ਪਾਤਨ ਮੁਕਤਾ ਢਾਲ॥ ੧੯॥

ਅੱਕ ਦਾ ਦੁੱਧ ਪੀਣ ਨਾਲ ਸਰੀਰ ਵਿਚ ਕੁਝ ਆਸਰਾ ਹੋਇਆ, ਦੂਸਰੀ ਥਕਾਵਟ ਬਹੁਤ ਹੋ ਗਈ ਸੀ। ਦੋ ਦਿਨ ਭਿਆਨਕ ਯੁੱਧ ਕੀਤਾ ਸੀ ਤੇ ਕਿਸੇ ਸਮੇਂ ਵੀ ਅਰਾਮ ਨਹੀਂ ਕੀਤਾ ਸੀ। ਪ੍ਰਭੂ ਜੀ ਸੁੱਤੇ ਨਹੀਂ ਸਨ, ਇਸ ਕਰਕੇ ਸਰੀਰ ਵਿਚ ਸੁਸਤੀ ਛਾ ਗਈ, ਜਿਸ ਨੂੰ ਗੁਰੂ ਜੀ ਟਾਲ ਨਾ ਸਕੇ। ਚਰਨਾਂ ਵਿਚ ਕੰਵਲ ਦੀਆਂ ਪੰਕਤੀਆਂ ਉੱਪਰ ਮੋਤੀਆਂ ਦੀ ਤਰ੍ਹਾਂ ਛਾਲੇ ਪੈ ਗਏ ਸਨ॥ ੧੯॥

ਚਲਿਬੇ ਕੋ ਸਾਮਰਥ ਨ ਆਗੇ ਦੁਤੀ ਨੀਂਦ ਬਹੁ ਪਾਯੋ ਜ਼ੋਰ।
ਬੈਠੇ ਸਤਿਗੁਰ ਪਟ ਬਹੁ ਮੋਲਾ ਸੋ ਖੋਲਾ ਅੰਗਨ ਤੇ ਛੋਰਿ।
ਘਟਿਕਾ ਹਰਟ ਕੂਪ ਤੇ ਖੋਲੀ ਬਸਤ੍ਰ ਲਪੇਟ ਸਿਰਾਨੇ ਓਰ।
ਤਰੇ ਬਿਛਾਇ ਪੌਢਿਗੇ ਊਪਰ ਕਮਰਕਸਾ ਤਿਮ ਹੀ ਰਣ ਲੋਰ॥ ੨੦॥

ਅੱਗੇ ਚਲਣ ਦੇ ਸਮਰੱਥ ਨਹੀਂ ਸਨ, ਦੂਸਰਾ ਨੀਂਦ ਨੇ ਬਹੁਤ ਜ਼ੋਰ ਪਾਇਆ ਸੀ। ਸਤਿਗੁਰੂ ਜੀ ਨੇ ਬਹੁਤ ਕੀਮਤੀ ਰੇਸ਼ਮੀ ਕੱਪੜੇ ਪਹਿਣੇ ਹੋਏ ਸਨ, ਇਕ ਕੱਪੜੇ ਨੂੰ ਉਨ੍ਹਾਂ ਆਪਣੇ ਅੰਗਾਂ ਨਾਲੋਂ ਖੋਲ੍ਹਿਆ। ਫਿਰ ਖੂਹ ਨਾਲੋਂ ਇਕ ਟਿੰਡ ਖੋਲ੍ਹੀ ਤੇ ਉਸ ਨੂੰ ਕੱਪੜੇ ਵਿਚ ਲਪੇਟ ਕੇ ਸਿਰਹਾਣੇ ਰੱਖ ਲਿਆ ਤੇ ਕੁਝ ਕੱਪੜਾ ਥੱਲੇ ਵਿਛਾ ਕੇ ਲੰਮੇ ਪੈ ਗਏ। ਯੁੱਧ ਦੀ ਚਾਹਤ ਵਾਲੇ ਕਮਰਕੱਸੇ ਨੂੰ ਉਸ ਤਰ੍ਹਾਂ ਹੀ ਰਹਿਣ ਦਿੱਤਾ॥ ੨੦॥

ਸ਼੍ਰਮਤਿ ਬਿਸਾਲ, ਬਿਸਾਲ ਸੁ ਆਲਸ ਅਮਲ ਬਿਸਾਲ ਅਰਕ ਕੋ ਆਇ।
ਤਜੋਂ ਹੀ ਚਲਹਿ ਪਵਨ ਪੁਰਵਾਈ ਲੋਚਨ ਮੁੰਦ੍ਰਿਤ ਕਮਲ ਕਿ ਭਾਇ।
ਭਏ ਨੀਂਦ ਬਸਿ ਕਰਿ ਅਰਾਮ ਤਬਿ ਧਰਜੋ ਕੁਵੰਡ ਹਾਥ ਅਗਵਾਇ।
ਤਜਾਰ ਤਮਾਂਚੇ ਕਰੇ ਧਰੇ ਕਟ, ਭਰੇ ਨਿਖੰਗ ਅੰਗ ਸੰਗ ਲਾਇ॥ ੨੧॥

ਬਹੁਤ ਥੱਕ ਗਏ ਸਨ, ਬਹੁਤ ਸੁਸਤੀ ਪੈ ਗਈ ਸੀ, ਕੁਝ ਅੱਕ ਦੇ ਦੁੱਧ ਦਾ ਵੀ ਆਸਰਾ ਹੋਇਆ ਸੀ। ਤਿਵੇਂ ਹੀ ਪੁਰੇ ਦੀ ਰਮਣੀਕ ਹਵਾ ਚਲ ਰਹੀ ਸੀ ਤੇ ਫਿਰ ਸਤਿਗੁਰੂ ਦੇ ਕੰਵਲ ਨੈਣ, ਕੰਵਲਾਂ ਵਾਂਗ ਮੀਟੇ ਗਏ। ਨੀਂਦ ਵਸ ਹੋ ਕੇ ਆਰਾਮ ਕੀਤਾ। ਫਿਰ ਕਠੋਰ ਧਨੁੱਖ ਅੱਗੇ ਧਰਿਆ। ਉਹ ਪਸਤੌਲ ਜਿਹੜੇ ਕਮਰਕੱਸੇ ਵਿਚ ਧਾਰਨ ਕੀਤੇ ਸਨ, ਉਨ੍ਹਾਂ ਨੂੰ ਤਿਆਰ ਕੀਤਾ ਤੇ ਤੀਰਾਂ ਦੇ ਭੱਥੇ ਨੂੰ ਅੰਗ ਨਾਲ ਲਾਇਆ॥ ੨੧॥

ਰਾਮਚੰਦ ਜਿਮ ਸਭਿ ਕੁਛ ਤਜਿ ਕਰਿ ਗਜ ਘੋਰੇ ਸਿਵਕਾਦਿਕ ਜਾਨ।
ਸੁਹ੍ਰਿਦ ਸਖਾ ਅਰੁ ਸਰਬ ਬਾਹਨੀ ਕੰਚਨ ਕੇ ਮੰਦਿਰ ਸ਼ੁਭ ਥਾਨ।
ਹੇਮ ਪ੍ਰਯੰਕ ਸੁ, ਆਸਤਰਨ ਮ੍ਰਿਦੁ ਦੁਗਧ ਫੇਨ ਕੇ ਸ੍ਵੇਤ ਸਮਾਨ।
ਬਨ ਮਹਿਂ ਏਕਾਂਕੀ ਪਰਿ ਸੁਪਤੇ ਲਖੀਅਤਿ ਤਥਾ ਗੁਰੂ ਭਗਵਾਨ॥ ੨੨॥

ਰਾਜਾ ਰਾਮ ਚੰਦਰ ਜਿਵੇਂ ਸਭ ਕੁਝ ਹਾਥੀ, ਘੋੜੇ, ਪਾਲਕੀਆਂ, ਰੱਥ ਆਦਿ ਅਸਵਾਰੀਆਂ ਛੱਡ ਕੇ ਗਏ ਸਨ। ਆਗਿਆਕਾਰ ਮਿੱਤਰ, ਸਰਬ ਪ੍ਰਕਾਰ ਦੀਆਂ ਬਾਹਣੀਆਂ, ਸੋਨੇ ਦੇ ਮਹਿਲ, ਸੋਨੇ ਦੇ ਪਲੰਘ, ਜਿਨ੍ਹਾਂ ਉੱਤੇ ਦੁੱਧ ਦੀ ਝੱਗ ਵਰਗੇ ਚਿੱਟੇ ਕੱਪੜੇ ਵਿਛੇ ਹੋਏ ਸਨ, ਉਨ੍ਹਾਂ ਸਭ ਨੂੰ ਛੱਡ ਕੇ ਜੰਗਲ ਵਿਚ ਇਕੱਲੇ ਹੀ ਸੁੱਤੇ ਸਨ, ਸਤਿਗੁਰੂ ਭਗਵਾਨ ਜੀ ਵੀ ਉਸ ਪ੍ਰਕਾਰ ਹੀ ਜੰਗਲ ਵਿਚ ਪਏ ਦਿਖਾਈ ਦੇ ਰਹੇ ਸਨ॥ ੨੨॥

ਸਾਵਧਾਨ ਰਹਿਂ ਸੁਭਟ ਚਹੂੰ ਦਿਸ਼ ਰੱਛਜਾ ਕਰੈਂ ਜਾਮਨੀ ਮਾਂਹਿ।
ਦਾਸ ਹਜ਼ਾਰਹੁਂ ਸੇਵਾ ਠਾਨਹਿਂ ਰਾਗ ਸ਼ਬਦ ਤੇ ਜਾਗ੍ਰਨ ਜਾਂਹਿ।
ਤਨੇ ਬਿਤਾਨ ਜ਼ਰੀ ਤੇ ਗਚ ਪਚ ਬਰਨ ਬਰਨ ਕੇ ਫਰਸ਼ਨ ਮਾਂਹਿ।
ਬਿਨ ਬਿਛਾਵਨੇ ਭੂਮਿ ਸੇਜ ਅਬਿ ਥਿਰੇ ਗੁਰੂ ਅਚਰਜ ਬਹੁ ਆਹਿ॥ ੨੩॥

ਚਾਰੇ ਪਾਸੇ ਸੂਰਬੀਰ ਸਾਵਧਾਨ ਹੋ ਕੇ ਰਾਤ ਸਮੇਂ ਗੁਰੂ ਜੀ ਦੀ ਰੱਖਿਆ ਕਰਦੇ ਸਨ। ਹਜ਼ਾਰਾਂ ਨੌਕਰ ਸੇਵਾ ਕਰਦੇ ਸਨ ਤੇ ਰਾਗੀਆਂ ਦੇ ਸ਼ਬਦ ਸੁਣ ਕੇ ਜਾਗਦੇ ਸਨ। ਜ਼ਰੀ ਅਤੇ ਗਚ ਦੇ ਰੰਗ-ਬਰੰਗੇ ਫਰਸ਼ਾਂ ਉੱਪਰ ਚੰਦੋਏ ਤਾਣਦੇ ਸਨ। ਹੁਣ ਵਿਛਾਉਣੇ ਤੋਂ ਬਗੈਰ ਹੀ ਗੁਰੂ ਜੀ ਭੂਮੀ ਦੀ ਸੇਜ ਬਣਾ ਕੇ ਲੰਮੇ ਪਏ ਸਨ, ਇਹ ਇਕ ਬਹੁਤ ਵੱਡੀ ਅਸਚਰਜ ਵਾਲੀ ਗੱਲ ਸੀ॥ ੨੩॥

ਦੋਹਰਾ-ਧੰਨ ਧੰਨ ਗੁਰਦੇਵ ਜੂ ਸੁਖ ਦੁਖ ਬ੍ਰਿਤੀ ਸਮਾਨ।
ਹਰਖ ਸ਼ੋਕ ਜਾਂਕੈ ਨਹੀਂ ਰਾਗ ਨ ਦ੍ਵੈਸ਼ ਮਹਾਨ॥ ੨੪॥

ਧੰਨ ਧੰਨ ਸਤਿਗੁਰੂ ਗੁਰਦੇਵ ਜੀ ਹਨ, ਜਿਨ੍ਹਾਂ ਦੀ ਸੁਖ ਦੁਖ ਵਿਚ ਬ੍ਰਿਤੀ ਸਮਾਨ ਹੀ ਰਹਿੰਦੀ ਹੈ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਖ਼ੁਸ਼ੀ ਗ਼ਮੀ ਨਹੀਂ ਹੈ ਤੇ ਨਾ ਹੀ ਕਿਸੇ ਨਾਲ ਪ੍ਰੇਮ ਅਤੇ ਈਰਖਾ ਹੈ॥ ੨੪॥

*ਛੇਵੀਂ ਰੁੱਤ ਦਾ ਬਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੨॥*

## *ਅਧਿਆਇ ਤਰਤਾਲ੍ਹੀਵਾਂ*

*ਪਿੱਛੇ ਚਮਕੌਰ ਵਿਚ ਭਾਈ ਸੰਤ ਸਿੰਘ ਹੋਰਾਂ ਦਾ ਸ਼ਹੀਦ ਹੋਣਾ*

ਦੋਹਰਾ- ਸੰਤ ਸਿੰਘ ਰਣਧੀਰ ਉਰ ਬੀਰਨਿ ਬੀਰ ਬਿਸਾਲ।
ਮੁਖਤਾ ਪ੍ਰਾਪਤਿ ਖਾਲਸੇ ਲਹਿ ਗੁਰਤਾ ਤਿਸ ਕਾਲ॥ ੧॥

ਭਾਈ ਸੰਤ ਸਿੰਘ ਜਿਹੜੇ ਹਿਰਦੇ ਵਿਚ ਵੱਡੇ ਧੀਰਜਵਾਨ ਸਨ, ਪਰ ਵਿਸ਼ਾਲ ਸੂਰਬੀਰਾਂ ਦੇ ਸੂਰਬੀਰ ਸਨ। ਉਸ ਸਮੇਂ ਖਾਲਸੇ ਨੇ ਜਿਹੜੀ ਗੁਰਗੱਦੀ ਪਾਈ ਸੀ, ਉਸ ਦੀ ਉਨ੍ਹਾਂ ਮੁੱਖਤਾ ਪ੍ਰਾਪਤ ਕੀਤੀ ਸੀ॥ ੧॥

*ਪਾਧੜੀ ਛੰਦ-* ਸਿਰ ਬਧੀ ਜਿਗਾ ਕਲਗੀ ਸੁਹਾਇ। ਰਸ ਬੀਰ ਮਨੋ ਮੂਰਤਿ ਬਨਾਇ।
ਕਰ ਮਹਿਂ ਕੁਦੰਡ ਖਰ ਸਰ ਪ੍ਰਚੰਡ। ਗਹਿ ਕਰਾਚੋਲ ਚਹਿ ਰਣ ਘਮੰਡ ॥੨ ॥

ਉਨ੍ਹਾਂ ਦੇ ਸਿਰ ਉੱਪਰ ਬੱਧੀ ਜਿਗ੍ਹਾ ਅਤੇ ਕਲਗ਼ੀ ਬਹੁਤ ਸ਼ੋਭ ਰਹੀ ਸੀ। ਮਾਨੋ ਬੀਰ-ਰਸ ਦੀ ਮੂਰਤ ਬਣੇ ਸਨ। ਹੱਥ ਵਿਚ ਤਿੱਖੇ ਤੀਰ ਚਲਾਉਣ ਵਾਲਾ ਕਠੋਰ ਧਨੁੱਖ ਫੜਿਆ ਸੀ। ਹੱਥ ਵਿਚ ਤਲਵਾਰ ਫੜ ਕੇ ਵੱਡਾ ਯੁੱਧ ਕਰਨਾ ਚਾਹੁੰਦੇ ਸਨ॥ ੨॥

ਪੁਨ ਦੂਸਰ ਸੰਗਤ ਸਿੰਘ ਸੰਗ। ਜਿਹ ਕਹੈਂ ਬੰਗਸੀ ਮਤ ਉਤੰਗ।
ਬਿਨ ਕਸੇ ਤੁਫੰਗਨ ਛੋਰਿ ਛੋਰਿ। ਚਹੁਂ ਓਰ ਫਿਰਤਿ ਅਰਿ ਟੋਰਿ ਟੋਰਿ ॥੩ ॥

ਦੂਸਰਾ ਉਸ ਨਾਲ ਸੰਗਤ ਸਿੰਘ ਹੈ, ਜਿਸ ਨੂੰ ਬੰਗਸੀ ਕਹਿੰਦੇ ਹਨ, ਉਹ ਬੜੀ ਉੱਚੀ ਮੱਤ ਵਾਲਾ ਹੈ। ਕੱਸਣ ਤੋਂ ਬਗੈਰ ਬੰਦੂਕਾਂ ਛੱਡ-ਛੱਡ, ਚਾਰੇ ਪਾਸੇ ਵੈਰੀ ਨੂੰ ਲੱਭ-ਲੱਭ ਕੇ ਫਿਰ ਕੇ ਮਾਰਦੇ ਹਨ॥ ੩॥

ਗੁਲਕਾਨ ਸੰਗ ਤਨ ਫੋਰਿ ਫੋਰਿ। ਗਰਜੰਤਿ ਜਥਾ ਘਨ ਘੋਰ ਘੋਰ।
ਦੋਨਹੁਂ ਸੁ ਬੀਰ ਹਤਿ ਔਰੁ ਔਰੁ। ਰਨ ਸ਼ਿਵਾ ਪੁਕਾਰਤਿ ਠੌਰ ਠੌਰ ॥੪ ॥

ਗੋਲੀਆਂ ਦੇ ਨਾਲ ਸਰੀਰ ਪਾੜ-ਪਾੜ, ਬੰਦੂਕਾਂ ਇਸ ਪ੍ਰਕਾਰ ਗੱਜਦੀਆਂ ਸਨ ਜਿਵੇਂ ਭਿਆਨਕ ਬੱਦਲ ਗੱਜਦਾ ਹੈ। ਦੋਵੇਂ ਸ੍ਰੇਸ਼ਟ ਹੋਰ-ਹੋਰ ਵੈਰੀ ਮਾਰਦੇ ਹਨ। ਰਣਖੇਤਰ ਵਿਚ ਥਾਂ-ਥਾਂ ਗਿੱਦੜੀਆਂ ਪੁਕਾਰਦੀਆਂ ਹਨ॥ ੪॥

ਤੁਰਕਾਨਿ ਤੁੰਡ ਗਨ ਤੋਰਿ ਤੋਰਿ। ਦੇ ਤ੍ਰਾਸ ਅੱਗ੍ਰ ਤੇ ਮੋਰਿ ਮੋਰਿ।
ਖਰ ਤੀਰ ਤਰਾਤਰ ਮਾਰਿ ਮਾਰਿ। ਦਿਢ ਰਹੇ ਦੁਰਗ ਧ੍ਰਿਤਿ ਧਾਰਿ ਧਾਰਿ ॥੫ ॥

ਤੁਰਕਾਂ ਦੇ ਮੂੰਹ ਤੋੜ-ਤੋੜ, ਅਗਲੇ ਪਾਸੋਂ ਡਰ ਪਾ ਕੇ ਵੈਰੀਆਂ ਨੂੰ ਮੋੜਦੇ ਹਨ। ਤਿੱਖੇ ਤੀਰ ਲਗਾਤਾਰ ਮਾਰਦੇ ਹਨ ਤੇ ਧੀਰਜ ਧਾਰ ਕੇ ਕਿਲ੍ਹੇ ਵਿਚ ਦ੍ਰਿੜ੍ਹ ਰਹੇ ਹਨ॥ ੫॥

ਇਮ ਨਿਸਾ ਬਿਤੀ ਧਨੁ ਤਾਨਿ ਤਾਨਿ। ਤਜਿ ਤੁਪਕ ਤੜਾਕੇ ਠਾਨਿ ਠਾਨਿ।
ਮ੍ਰਿਤੁ ਲਾਖਹੁਂ ਜੋਧਾ ਹੇਰਿ ਹੇਰਿ। ਸੁਨਿ ਪ੍ਰੇਤਿ ਨਾਦ ਗਹਿ ਟੇਰ ਟੇਰ॥ ੬॥

ਧਨੁੱਖ ਤਾਣ ਤਾਣ ਕੇ ਇਸ ਪ੍ਰਕਾਰ ਰਾਤ ਬੀਤ ਗਈ, ਬੰਦੂਕਾਂ ਛੱਡ ਕੇ ਤੜਾਕੇ ਪਾਉਂਦੇ ਸਨ, ਮਰੇ ਹੋਏ ਲੱਖਾਂ ਜੋਧਿਆਂ ਨੂੰ ਵੇਖਦੇ ਸਨ। ਪ੍ਰੇਤਾਂ ਦੀ ਪੁਕਾਰ ਦੇ ਸ਼ਬਦ ਸੁਣਾਈ ਦਿੰਦੇ ਹਨ॥ ੬॥

ਜੰਬੁਕ ਪੁਕਾਰ ਗਨ ਕੂਕਿ ਕੂਕਿ। ਗਢ ਨਿਕਟ ਸ਼ੱਤ੍ਰੂ ਬਹੁ ਢੂਕਿ ਢੂਕਿ।
ਅਰਣੋਦ ਸਮੈਂ ਤਮ ਹਾਨਿ ਹਾਨਿ। ਜਗ ਉਦਜੋ ਚਹਤਿ ਤਬਿ ਭਾਨੁ ਭਾਨੁ॥੭॥

ਬਹੁਤ ਗਿੱਦੜ ਬੜੀ ਉੱਚੀ ਹਵਾਂਕ-ਹਵਾਂਕ ਕੇ ਪੁਕਾਰ ਕਰਦੇ ਹਨ। ਗੜ੍ਹੀ ਦੇ ਨੇੜੇ ਬਹੁਤ ਵੈਰੀ ਢੁਕ ਢੁਕ ਕੇ ਆਉਂਦੇ ਸਨ। ਸੂਰਜ ਚੜ੍ਹਨ ਦੇ ਸਮੇਂ ਹਨੇਰਾ ਦੂਰ ਹੋ ਗਿਆ, ਪ੍ਰਕਾਸ਼ ਰੂਪ ਸੂਰਜ ਉਸ ਸਮੇਂ ਚੜ੍ਹਨਾ ਚਾਹੁੰਦਾ ਸੀ॥ ੭॥

ਨਰ ਅਲਪ ਕੋਟ ਮਹਿਂ ਤਾਕ ਤਾਕ। ਗਢ ਭੇਦ ਲਹਜੋ ਸਭਿ ਝਾਕਿ ਝਾਕਿ।
ਭੁਨਸਾਰ ਭਈ ਅਰਿ ਜਾਨਿ ਜਾਨਿ। ਤਜਿ ਤ੍ਰਾਸ ਢੁਕੇ ਗਨ ਆਨਿ ਆਨਿ॥੮॥

ਕਿਲ੍ਹੇ ਵਿਚ ਥੋੜੇ ਆਦਮੀ ਤੱਕ ਕੇ, ਸਾਰਿਆਂ ਨੇ ਝਾਕ ਝਾਕ ਕੇ ਕਿਲ੍ਹੇ ਦਾ ਭੇਦ ਲਿਆ। ਵੈਰੀ ਸਵੇਰ ਹੋਈ ਜਾਣ ਕੇ, ਡਰ ਛੱਡ ਕੇ ਕਿਲ੍ਹੇ ਪਾਸ ਪਹੁੰਚ ਗਏ॥ ੮॥

ਕਰ ਕਰਾਚੋਲ ਗਹਿ ਦੌਰਿ ਦੌਰਿ। ਚਹੂੰ ਓਰ ਰੌਰ ਭਾ ਠੌਰ ਠੌਰ।
ਭੀਤਨ ਲਗੇ ਸੁ ਤਬਿ ਆਇ ਆਇ। ਕਿਨ ਚਢਨ ਚਹਜੋ ਕਰ ਪਾਇ ਪਾਇ॥੯॥

ਤਲਵਾਰਾਂ ਫੜ-ਫੜ ਦੌੜੇ ਆਉਂਦੇ ਸਨ, ਚਾਰੇ ਪਾਸੇ ਥਾਂ-ਥਾਂ ਰੌਲਾ ਪੈ ਗਿਆ। ਜਿਹੜੇ ਭੀਤਾਂ ਨੂੰ ਲੱਗੇ ਸਨ, ਉਹ ਸਭ ਆ ਗਏ, ਕਈਆਂ ਨੇ ਹੱਥ ਪਾ ਕੇ ਕਿਲ੍ਹੇ ਦੇ ਉੱਪਰ ਚੜ੍ਹਨਾ ਚਾਹਿਆ॥ ੯॥

ਪਿਖਿ ਤੁਰਕ ਮਰੇ ਗਨ ਧਾਇ ਧਾਇ। ਜੁਗ ਸਿੰਘ ਅਨਿਕ ਕੋ ਘਾਇ ਘਾਇ।
ਖੁਰ ਗਏ ਸਕਲ ਨਹਿਂ ਤੀਰ ਤੀਰ। ਨਿਸ ਤਜੇ ਬੇਧਿ ਤਨ ਬੀਰ ਬੀਰ॥੧੦॥

ਇਹ ਵੇਖ ਕੇ ਕਿ ਬਹੁਤ ਤੁਰਕ ਭੱਜ ਭੱਜ ਕੇ ਮਰ ਗਏ ਹਨ, ਦੋਵਾਂ ਸਿੰਘਾਂ ਨੇ ਅਨੇਕਾਂ ਵੈਰੀਆਂ ਨੂੰ ਘਾਇਲ ਕੀਤਾ। ਸਾਰੇ ਪਿਛਾਂਹ ਹੱਟ ਗਏ, ਕੋਲ ਤੀਰ ਨਹੀਂ ਰਹੇ। ਦੋਵਾਂ ਸਿੰਘਾਂ ਸੂਰਮਿਆਂ ਨੇ ਵੈਰੀਆਂ ਦੇ ਸੂਰਮਿਆਂ ਦੇ ਸਰੀਰ ਰਾਤੀਂ ਤੀਰ ਛੱਡ-ਛੱਡ ਵਿੰਨ੍ਹੇ ਸਨ॥ ੧੦॥

ਤਬਿ ਖੈਂਚੇ ਮਜਾਨ ਕ੍ਰਿਪਾਨ ਪਾਨ। ਮੁਖ ਦਾਰੁਣ ਸ਼ੇਰ ਸਮਾਨ ਮਾਨ।
ਪਿਖਿਯੰਤਿ ਬਿਲੋਚਨ ਲਾਲ ਲਾਲ। ਗਨ ਅਰਿਨ ਲਖੇ ਤਿਸ ਕਾਲ ਕਾਲ॥੧੧॥

ਉਨ੍ਹਾਂ ਨੇ ਫਿਰ ਮਿਆਨਾਂ ਵਿਚੋਂ ਕਿਰਪਾਨਾਂ ਖਿੱਚ ਕੇ ਹੱਥਾਂ ਵਿਚ ਫੜ ਲਈਆਂ। ਉਨ੍ਹਾਂ ਦੇ ਮੁਖ ਸ਼ੇਰ ਸਮਾਨ ਬੜੇ ਭਿਆਨਕ ਦਿਖਾਈ ਦਿੰਦੇ ਸਨ। ਅੱਖਾਂ ਬਹੁਤ ਲਾਲ-ਲਾਲ ਦਿਖਾਈ ਦਿੰਦੀਆਂ ਸਨ, ਉਸ ਸਮੇਂ ਬਹੁਤ ਵੈਰੀ ਦਿਖਾਈ ਦਿੱਤੇ॥ ੧੧॥

ਚਢਿ ਭੀਤ ਹਾਥ ਕੋ ਪਾਇ ਪਾਇ। ਤਬਿ ਹਲਾਹੂਲ ਮੁਖ ਗਾਇ ਗਾਇ।
ਲਖਿ ਫਤੇ ਤੁਰਕ ਚਿਤ ਚਾਇ ਚਾਇ। ਬਹੁ ਪਰੇ ਕੂਦ ਤਬਿ ਧਾਇ ਧਾਇ॥੧੨॥

ਕਿਲ੍ਹੇ ਦੀ ਦੀਵਾਰ 'ਤੇ ਚੜ੍ਹ ਕੇ ਹੱਥ ਪਾਉਣ ਲੱਗਦੇ ਸਨ ਤੇ ਹਲਾਹੂਲ ਮੁਖ ਤੋਂ ਪੁਕਾਰਦੇ ਸਨ। ਆਪਣੀ ਫਤਹਿ ਯਕੀਨੀ ਸਮਝ ਕੇ ਤੁਰਕਾਂ ਦੇ ਚਿੱਤ ਚਾਅ ਨਾਲ ਭਰ ਗਏ। ਫਿਰ ਬਹੁਤ ਦੌੜ-ਦੌੜ ਕੇ ਕੁਦ-ਕੁਦ ਕੇ ਪੈ ਗਏ॥ ੧੨॥

ਸਭਿਹੂੰਨਿ ਤ੍ਰਾਸ ਕੋ ਤਜਾਗਿ ਤਜਾਗਿ। ਜੁਗ ਸਿੰਘ ਖੜਗ ਤੇ ਝਾਗਿ ਝਾਗਿ।
ਘਨ ਘਾਵ ਦੇਹਿ ਕੋ ਲਾਗ ਲਾਗ। ਬਹਿ ਚਲਜੋ ਰਕਤ ਪਟ ਪਾਗ ਪਾਗ ॥੧੩॥

ਸਾਰਿਆਂ ਨੇ ਡਰ ਨੂੰ ਤਿਆਗ ਦਿੱਤਾ। ਦੋਵਾਂ ਸਿੰਘਾਂ ਦੇ ਤਲਵਾਰਾਂ ਝੱਲ ਝੱਲ ਕੇ, ਬਹੁਤ ਜ਼ਖਮ ਸਰੀਰ ਨੂੰ ਲੱਗ ਗਏ, ਉਨ੍ਹਾਂ ਦੇ ਕੱਪੜੇ ਸਾਰੇ ਭਿੱਜ ਗਏ ਤੇ ਲਹੂ ਵਹਿ ਤੁਰਿਆ॥ ੧੩॥

ਗਰਜੰਤਿ ਤਊ ਤਬਿ ਦੌਰਿ ਦੌਰਿ। ਘਾਵਨ ਅਨੇਕ ਤਬਿ ਠੌਰ ਠੌਰ।
ਅਸਿ ਝਾਰਤਿ ਬਕਤੇ 'ਮਾਰਿ ਮਾਰਿ'। ਭਭਕੰਤਿ ਸ਼ਬਦ ਤੇ ਤਾਰ ਤਾਰ॥੧੪॥

ਫਿਰ ਵੀ ਉਹ ਦੌੜ-ਦੌੜ ਕੇ ਗੱਜਦੇ ਸਨ, ਉਨ੍ਹਾਂ ਦੇ ਥਾਂ-ਥਾਂ ਅਨੇਕਾਂ ਜ਼ਖਮ ਹੋ ਗਏ। ਤਲਵਾਰ ਝਾੜਦੇ ਸਨ ਤੇ ਬੋਲਦੇ ਸਨ, 'ਮਾਰ ਲਵੋ ਮਾਰ ਲਵੋ', ਜ਼ਖਮ ਤਾੜ ਤਾੜ ਕੇ ਭਬਕਦੇ ਹਨ॥ ੧੪॥

ਤੁਰਕਾਨ ਤੋਮ ਕੋ ਕਾਟ ਕਾਟ। ਮ੍ਰਿਤੁ ਭੇ ਸੁਮਾਰ ਕਿਯ ਫਾਟ ਫਾਟ।
ਰਿਪੁ ਆਇ ਸੈਂਕਰੇ ਘੇਰਿ ਘੇਰਿ। ਜਿਮ ਚੰਦ੍ਰ ਪ੍ਰਵਾਰੇ ਹੇਰਿ ਹੇਰਿ॥ ੧੫॥

ਉਨ੍ਹਾਂ ਨੇ ਬਹੁਤ ਤੁਰਕਾਂ ਨੂੰ ਕੱਟ ਕੱਟ, ਜ਼ਖਮੀ ਕਰ ਕਰਕੇ ਮਾਰ ਦਿੱਤਾ, ਜਿਨ੍ਹਾਂ ਦਾ ਕੋਈ ਸ਼ੁਮਾਰ ਨਹੀਂ ਹੈ। ਸੈਂਕੜੇ ਵੈਰੀ ਘੇਰ ਘੇਰ ਕੇ ਆਏ, ਜਿਵੇਂ ਚੰਦ ਨੂੰ ਤਾਰੇ ਵੇਖ ਵੇਖ ਕੇ ਘੇਰਦੇ ਸਨ॥ ੧੫॥

ਨਿਜ ਚਰਨ ਅੱਗ੍ਰ ਕੋ ਡਾਰਿ ਡਾਰਿ। ਬਲ ਰਹਜੋ ਜਬੈ ਲਗਿ, ਮਾਰਿ ਮਾਰਿ।
ਪੁਨ ਖੜਗ ਸੈਂਕਰੇ ਕਾਢਿ ਕਾਢਿ। ਜੁਗ ਸਿੰਘ ਬੀਰ ਤਨ ਬਾਢਿ ਬਾਢਿ॥੧੬॥

ਆਪਣੇ ਚਰਨ ਅੱਗੇ ਕਰ ਕਰਕੇ, ਜਦ ਤਕ ਬਲ ਰਿਹਾ ਤਦ ਤਕ ਮਾਰਦੇ ਰਹੇ। ਫਿਰ ਸੈਂਕੜੇ ਵੈਰੀਆਂ ਨੇ ਤਲਵਾਰਾਂ ਕੱਢ-ਕੱਢ, ਦੋਵਾਂ ਸੂਰਬੀਰਾਂ ਦੇ ਸਰੀਰ ਵੱਢ ਦਿੱਤੇ॥ ੧੬॥

ਤਬਿ ਗਿਰੇ ਧਰਨਿ ਅਰਿ ਗੇਰਿ ਗੇਰਿ। ਸਭਿ ਖੜਗ ਪ੍ਰਹਾਰੈਂ ਹੇਰਿ ਹੇਰਿ।
'ਇਹ ਗੁਰੂ ਆਪ ਰਣ ਠਾਨਿ ਠਾਨਿ। ਲਸ਼ਕਰ ਹਤਿਓ ਧਨੁ ਤਾਨਿ ਤਾਨਿ' ॥੧੭॥

ਤਦ ਵੈਰੀਆਂ ਨੂੰ ਡੇਗ ਡੇਗ ਧਰਤੀ 'ਤੇ ਡਿੱਗ ਪਏ, ਸਾਰੇ ਵੇਖ ਵੇਖ ਕੇ ਤਲਵਾਰਾਂ ਚਲਾਉਂਦੇ ਸਨ, "ਇਹ ਗੁਰੂ ਜੀ ਨੇ ਆਪ ਯੁੱਧ ਕਰ ਕਰਕੇ, ਧਨੁੱਖ ਤਾਣ ਤਾਣ ਕੇ ਲਸ਼ਕਰ ਨੂੰ ਵਿੰਨ੍ਹ ਦਿੱਤਾ"॥ ੧੭॥

ਤਬਿ ਖ੍ਵਾਜ ਮਰਦ ਚਿਤ ਚਾਇ ਚਾਇ। ਸੁਨਿ ਗਯੋ ਕੋਟ ਮਹਿਂ ਧਾਇ ਧਾਇ।
ਉਮਰਾਵ ਹਤਜੋ ਗੁਰ ਜਾਨਿ ਜਾਨਿ। ਪਹੁੰਚੇ ਸਮੀਪ ਮੁਦ ਠਾਨਿ ਠਾਨਿ॥੧੮॥

ਤਦ ਖਵਾਜਾ ਮਰਦੂਦ ਚਿੱਤ ਵਿਚ ਚਾਹ ਭਰ ਕੇ ਕਿਲ੍ਹੇ ਵਲ ਹਮਲਾ ਕਰਕੇ ਗਿਆ। ਉਮਰਾਵ ਇਹ ਜਾਣਦੇ ਸੀ ਕਿ ਗੁਰੂ ਮਾਰਿਆ ਗਿਆ ਹੈ। ਉਹ ਦਿਲ ਵਿਚ ਬਹੁਤ ਪ੍ਰਸੰਨਤਾ ਧਾਰ ਧਾਰ ਕੇ ਕਿਲ੍ਹੇ ਦੇ ਪਾਸ ਜਾਂਦੇ ਸਨ॥ ੧੮॥

ਸੁੰਦਰ ਸਰੂਪ ਮੁਖ ਹੇਰਿ ਹੇਰਿ। ਮਿਲਿਗੇ ਹਜ਼ਾਰ ਤਹਿਂ ਘੇਰ ਘੇਰ।
ਮਰਦੂਦ ਖ੍ਵਾਜ ਰਿਸ ਧਾਰਿ ਧਾਰਿ। ਸਭਿ ਸੋਂ ਪੁਕਾਰ ਕਹਿ ਬਾਰ ਬਾਰ॥੧੯॥

ਸੁੰਦਰ ਸਰੂਪ ਵੇਖ ਵੇਖ ਕੇ, ਉਥੇ ਹਜ਼ਾਰਾਂ ਹੀ ਘੇਰਾ ਪਾ-ਪਾ ਮਿਲ ਪਏ। ਖਵਾਜਾ ਮਰਦੂਦ ਬੜਾ ਗੁੱਸਾ ਧਾਰ ਧਾਰ ਕੇ ਸਾਰਿਆਂ ਨੂੰ ਬਾਰ-ਬਾਰ ਪੁਕਾਰ ਕੇ ਕਹਿ ਰਿਹਾ ਸੀ॥ ੧੯॥

'ਸਿਰ ਲੇਹੁ ਦੁਹਿਨ ਕੇ ਕਾਟਿ ਕਾਟਿ। ਤਨ ਭਖਹਿਂ ਬਿਹੰਗਮ ਬਾਂਟ ਬਾਂਟ।
ਲਿਹੁ ਸ਼ੁਤਰ ਸਊਰਨ ਬੋਲਿ ਬੋਲਿ। ਦਿਨ ਰਾਤ ਚਲਹਿਂ ਮਗ ਟੋਲ ਟੋਲ॥੨੦॥

ਦੋਹਾਂ ਦੇ ਸਿਰ ਕੱਟ ਲਵੇ ਤੇ ਸਰੀਰ ਨੂੰ ਪਿਆ ਰਹਿਣ ਦੇਵੇ, ਤਾਂਕਿ ਪੰਛੀ ਵੰਡ ਵੰਡ ਕੇ ਖਾਣ। ਊਠ ਸਵਾਰਾਂ ਨੂੰ ਬੁਲਾਓ ਤਾਂਕਿ ਉਹ ਦਿਨ ਰਾਤ ਚਲ ਕੇ ਬਾਦਸ਼ਾਹ ਦੇ ਪਾਸ ਜਾਣ॥ ੨੦॥

ਢਿਗ ਸ਼ਾਹਿ ਪਹੂਚਹਿਂ ਧਾਇ ਧਾਇ। ਦਿਖਰਾਹਿ ਸੀਸ ਬਲ ਗਾਇ ਗਾਇ।
ਇਮ ਹਤਜੋ ਗੁਰੂ ਰਣ ਘੇਰਿ ਘੇਰਿ। ਲਰ ਸੁਭਟ ਸੁ ਲਾਖਹੁਂ ਗੇਰਿ ਗੇਰਿ' ॥੨੧॥

ਅਤੇ ਬਾਦਸ਼ਾਹ ਦੇ ਪਾਸ ਊਠਾਂ ਨੂੰ ਭਜਾ ਕੇ ਪਹੁੰਚਣ। ਗੁਰੂ ਜੀ ਦੀ ਸ਼ਕਤੀ ਦੇ ਗੀਤ ਗਾ ਕੇ, ਉਨ੍ਹਾਂ ਨੂੰ ਗੁਰੂ ਜੀ ਦਾ ਸੀਸ ਵਿਖਾਵੋ। ਇਸ ਪ੍ਰਕਾਰ ਅਸੀਂ ਗੁਰੂ ਜੀ ਨੂੰ ਰਣਖੇਤਰ ਵਿਚ ਘੇਰ-ਘੇਰ ਮਾਰਿਆ ਹੈ, ਲੱਖਾਂ ਸੂਰਬੀਰਾਂ ਨੇ ਲੜਾਈ ਕਰਕੇ ਡੇਗਿਆ ਹੈ॥ ੨੧॥

ਗੀਦੀਨ ਕੀਨ ਤਰਵਾਰ ਵਾਰ। ਸਿਰ ਲਏ ਕਾਟਿ ਧਰਿ ਡਾਰਿ ਡਾਰਿ।
ਦੇ ਸ਼ੁਤਰ ਸਊਰ ਹੂਕਾਰ ਕਾਰ। 'ਕਰਿ ਸ਼ੀਘ੍ਰ ਬਿਲੰਬ ਬਿਸਾਰ ਸਾਰ॥ ੨੨॥

ਫਿਰ ਕਾਇਰਾਂ ਨੇ ਤਲਵਾਰ ਦੇ ਵਾਰ ਕੀਤੇ ਤੇ ਸੰਤ ਸਿੰਘ ਸੰਗਤ ਸਿੰਘ ਦੋਵਾਂ ਦੇ ਸਿਰ ਕੱਟ ਲਏ ਤੇ ਧੜਾਂ ਨੂੰ ਧਰਤੀ 'ਤੇ ਸੁੱਟ ਦਿੱਤਾ। ਦੋ ਊਠ ਸਵਾਰ ਬੁਲਾਏ, "ਫਿਰ ਸਾਰੀ ਦੇਰੀ ਨੂੰ ਭੁਲਾ ਕੇ ਭਾਵ ਬਹੁਤ ਛੇਤੀ ਊਠ ਸਵਾਰਾਂ ਨੂੰ ਸਿਰ ਫੜਾਏ॥ ੨੨॥

ਮਗ ਚਲੇ ਜਾਹੁ ਨਿਤ ਦੌਰ ਦੌਰ। ਕਹਿ ਸ਼ਾਹੁ ਫਤੇ ਕਹੁ ਠੌਰ ਠੌਰ।
ਸਿਰ ਦਏ ਭੇਜਿ ਚਿਤ ਚਾਇ ਚਾਇ। ਚਹੁਂ ਦਿਸ਼ਨਿ ਦ੍ਰਿਸ਼ਟਿ ਦ੍ਰਿਗ ਲਾਇ ਲਾਇ ॥੨੩॥

ਰਾਹ ਵਿਚ ਊਠਾਂ ਨੂੰ ਭਜਾਉਂਦੇ ਹੋਏ ਚਲੇ ਜਾਵੋ ਤੇ ਥਾਂ-ਥਾਂ ਬਾਦਸ਼ਾਹ ਦੀ ਫ਼ਤਹਿ ਹੋਈ ਦੱਸਦੇ ਜਾਵੋ।" ਬਹੁਤ ਚਾਹ ਨਾਲ ਭਰ ਕੇ ਦੋਵੇਂ ਸਿਰ ਭੇਜ ਦਿੱਤੇ ਤੇ ਫਿਰ ਚਾਰੇ ਪਾਸੇ ਆਪਣੀਆਂ ਅੱਖਾਂ ਲਾਈਆਂ॥ ੨੩॥

ਖਗ ਮਾਸ ਖਾਤਿ ਹੈਂ ਥਾਨ ਥਾਨ। ਗਨ ਗ੍ਰਿਝ ਕਾਕ ਮੁਦ ਮਾਨ ਮਾਨ।
ਰੰਗੀਨ ਭੂਮਿਕਾ ਲਾਲ ਲਾਲ। ਮ੍ਰਿਤੁ ਪਰੇ ਘਾਵਤਨ ਝਾਲ ਝਾਲ॥ ੨੪॥

ਸ਼ਿਕਾਰੀ ਪੰਛੀ ਥਾਂ-ਥਾਂ ਮਾਸ ਖਾਂਦੇ ਸਨ, ਬਹੁਤ ਗਿੱਰਝਾਂ ਅਤੇ ਕਾਂ ਮਨ ਵਿਚ ਪ੍ਰਸੰਨਤਾ ਜਾਣ ਕੇ ਮਾਸ ਖਾ ਰਹੇ ਸਨ। ਸਾਰੀ ਭੂਮੀ ਲਾਲੋ-ਲਾਲ ਹੋਈ ਸੀ, ਘਾਵ ਝੱਲ-ਝੱਲ ਕੇ ਲੱਖਾਂ ਲੋਕ ਮਰੇ ਪਏ ਸਨ॥ ੨੪॥

ਤਨ ਛਿੰਨ ਭਿੰਨ ਬਹੁ ਸੂਰ ਸੂਰ। ਨਿਜ ਸ੍ਵਾਮਿ ਧਰਮ ਕੋ ਪੂਰ ਪੂਰ।
ਉਮਰਾਵ ਰਹੇ ਉਰ ਝੂਰਿ ਝੂਰਿ। ਦਲ ਬ੍ਰਿੰਦ ਦਯੋ ਕਰਿ ਚੂਰ ਚੂਰ॥ ੨੫॥

ਬਹੁਤ ਸੂਰਬੀਰਾਂ ਦੇ ਤਨ ਟੁਕੜੇ-ਟੁਕੜੇ ਹੋਏ ਸਨ, ਉਨ੍ਹਾਂ ਆਪਣੇ ਸਵਾਮੀ ਦੇ ਧਰਮ ਨੂੰ ਨਿਭਾਇਆ ਸੀ। ਸਾਰੇ ਉਮਰਾਵ ਦਿਲ ਵਿਚ ਝੁਰਦੇ ਰਹਿ ਗਏ, ਕਿਉਂਕਿ ਉਨ੍ਹਾਂ ਦਾ ਬਹੁਤ ਵੱਡਾ ਲਸ਼ਕਰ ਚੂਰ-ਚੂਰ ਹੋ ਗਿਆ ਸੀ॥ ੨੫॥

ਇਹ ਅਲਪ ਸਿੰਘ ਰਣ ਮਾਂਡਿ ਮਾਂਡਿ। ਗੁਲਕਾਨ ਬਾਨ ਗਨ ਛਾਡਿ ਛਾਡਿ।
ਲਸ਼ਕਰ ਮਹਾਨ ਕੋ ਹਾਨਿ ਹਾਨਿ। ਭੇ ਮ੍ਰਿਤਕ, ਤਊ ਸੁ ਕ੍ਰਿਪਾਨ ਪਾਨ॥੨੬॥

ਥੋੜੇ ਜਿਹੇ ਸਿੰਘਾਂ ਨੇ ਬਹੁਤ ਵੱਡਾ ਯੁੱਧ ਕੀਤਾ ਸੀ, ਬਹੁਤ ਗੋਲੀਆਂ ਅਤੇ ਤੀਰ ਛੱਡੇ ਸਨ। ਬਹੁਤ ਵੱਡੇ ਲਸ਼ਕਰ ਨੂੰ ਗਰਕ ਕਰ ਦਿੱਤਾ ਸੀ, ਮਰ ਵੀ ਗਏ ਹਨ, ਤਦ ਵੀ ਕ੍ਰਿਪਾਨਾਂ ਅਜੇ ਹੱਥਾਂ ਵਿਚ ਹਨ॥ ੨੬॥

ਆਚਰਜ ਮਹਦਿ ਕੋ ਘਾਲ ਘਾਲ। ਨਹਿਂ ਫਿਰੇ ਪਾਛ ਪਗ, ਹਾਲ ਹਾਲ।
ਇਮ ਤੁਰਕ ਹਰਾਨੇ ਹੋਇ ਹੋਇ। ਰਣਖੇਤ ਬਿਚਰ ਭਟ ਜੋਇ ਜੋਇ॥ ੨੭॥

ਅਸਚਰਜ ਇਨ੍ਹਾਂ ਨੇ ਮਹਾਨ ਯੁੱਧ ਕੀਤਾ ਹੈ, ਅਸੀਂ ਹੱਲੇ ਤੇ ਹੱਲਾ ਕੀਤਾ, ਪਰ ਇਨ੍ਹਾਂ ਨੇ ਇਕ ਪੈਰ ਪਿੱਛੇ ਨਹੀਂ ਹਟਾਇਆ ਹੈ। ਇਸ ਪ੍ਰਕਾਰ ਤੁਰਕ ਹੈਰਾਨ ਹੋ ਰਹੇ ਸਨ, ਰਣਖੇਤਰ ਵਿਚ ਫਿਰ ਫਿਰ ਕੇ ਸੂਰਬੀਰਾਂ ਨੂੰ ਵੇਖਦੇ ਸਨ॥ ੨੭॥

ਨਿਜ ਡੇਰਨ ਮਹਿਂ ਤਬਿ ਆਇ ਆਇ। ਮਿਲਿ ਕਰਹਿਂ ਬਾਤ ਹਿਤ ਪਾਇ ਪਾਇ।
ਪਰਖੰਤਿ ਗੁਰੂ ਬਿਚ ਕੋਇ ਕੋਇ। ਸੇ ਕਹਤਿ ਸਭਿਨਿ ਢਿਗ ਹੋਇ ਹੋਇ ॥੨੮॥

ਫਿਰ ਆਪਣਿਆਂ ਡੇਰਿਆਂ ਵਿਚ ਆ ਆ ਕੇ ਮਿਲ ਮਿਲ ਕੇ ਹਿਤ ਪਾ ਪਾ ਕੇ ਗੱਲਾਂ ਕਰਦੇ ਸਨ। ਉਨ੍ਹਾਂ ਵਿਚ ਕੋਈ-ਕੋਈ ਹੀ ਗੁਰੂ ਜੀ ਨੂੰ ਪਰਖ-ਪਹਿਚਾਣ ਸਕਦਾ ਸੀ ਤੇ ਉਹ ਸਾਰਿਆਂ ਦੇ ਪਾਸ ਜਾ ਜਾ ਕੇ ਫਿਰ ਕਹਿੰਦਾ ਸੀ॥ ੨੮॥

'ਇਹ ਸੀਸ ਗੁਰਨ ਕੇ ਨਾਂਹਿ ਨਾਂਹਿ। ਤਿਹ ਭੇਜ ਹਰਖ ਉਰ ਕਾਹਿ ਕਾਹਿ।
ਗਹਿ ਛਟਾ ਨ ਲੇਹਿਂ ਉਪਾਇ ਪਾਇ। ਜਿਮ ਪਾਰਦ ਦਬੈ ਨ ਧਾਇ ਧਾਇ ॥੨੯॥

"ਇਹ ਸੀਸ ਗੁਰੂ ਜੀ ਦਾ ਨਹੀਂ ਹੈ, ਉਸ ਨੂੰ ਭੇਜ ਕੇ ਕਿਉਂ ਦਿਲ ਵਿਚ ਪ੍ਰਸੰਨ ਹੋ ਰਹੇ ਹਨ। ਯਤਨ ਕਰਕੇ ਵੀ ਬਿਜਲੀ ਨਹੀਂ ਫੜੀ ਜਾ ਸਕਦੀ, ਜਿਵੇਂ ਦੱਬਿਆ ਪਾਰਾ ਦਬਕਦਾ ਨਹੀਂ ਪਰ ਨਿਕਲ ਜਾਂਦਾ ਹੈ॥ ੨੯॥

ਤਿਮ ਗੁਰ ਸਰੂਪ ਲਿਹੁ ਜਾਨਿ ਜਾਨਿ। ਨਹਿਂ ਮਰਜੇ ਭਰਮ ਦਿਹੁ ਹਾਨਿ ਹਾਨਿ।
ਜਬਿ ਨਿਕਸ, ਰੌਰ ਕਰਿ ਠੌਰ ਠੌਰ। ਘੇਰਨ ਸੁ ਲਗੇ ਤਬਿ ਦੌਰਿ ਦੌਰਿ ॥ ੩੦ ॥

ਉਸ ਪ੍ਰਕਾਰ ਗੁਰੂ ਜੀ ਦੇ ਸਰੂਪ ਨੂੰ ਜਾਣ ਲਵੋ, ਉਹ ਮਰੇ ਨਹੀਂ ਹਨ ਇਸ ਭਰਮ ਨੂੰ ਦੂਰ ਕਰੋ। ਜਦ ਨਿਕਲੇ ਸਨ ਤਾਂ ਥਾਂ-ਥਾਂ ਰੌਲਾ ਪੈ ਗਿਆ ਸੀ ਤੇ ਥਾਂ-ਥਾਂ ਤੋਂ ਦੌੜ ਦੌੜ ਕੇ ਅਸੀਂ ਘੇਰਨ ਲੱਗੇ ਸੀ॥ ੩੦॥

ਗੁਰ ਵਹਿਰ ਗਏ ਤਬਿ ਜੋਇ ਜੋਇ। ਇਹ ਭੇਦ ਲਖਤਿ ਹੈ ਕੋਇ ਕੋਇ।
ਇਮ ਸੁਨਜੋਂ ਸਭਿਨਿ ਭ੍ਰਮ ਠਾਨਿ ਠਾਨਿ। ਉਮਰਾਵ ਮਿਲੇ ਪੁਨ ਆਨਿ ਆਨਿ ॥੩੧॥

ਲੱਭਦਿਆਂ ਲਭਾਂਦਿਆਂ ਵਿਚ ਹੀ ਗੁਰੂ ਜੀ ਬਾਹਰ ਨਿਕਲ ਗਏ ਸਨ, ਇਸ ਭੇਦ ਨੂੰ ਕੋਈ-ਕੋਈ ਜਾਣਦਾ ਹੈ।" ਸਾਰਿਆਂ ਨੇ ਭਰਮ ਧਾਰ-ਧਾਰ ਇਸ ਪ੍ਰਕਾਰ ਸੁਣਿਆ, ਫਿਰ ਬਹੁਤ ਉਮਰਾਵ ਆ ਆ ਕੇ ਮਿਲੇ॥ ੩੧॥

ਕਰਤੇ ਸਲਾਹ ਮਤਿ ਬੋਲ ਬੋਲ। 'ਗੁਰ ਗਹਨ ਉਚਿਤ ਲਿਹੁ ਟੋਲ ਟੋਲ।
ਦਲ ਪਸਰ ਜਾਇ ਸਭਿ ਥਾਨ ਥਾਨ। ਗਨ ਪੀਰ ਫਕੀਰਨ ਜਾਨਿ ਜਾਨਿ ॥੩੨॥

ਆਪਣੀ ਬੁੱਧੀ ਅਨੁਸਾਰ ਬੋਲ ਬੋਲ ਕੇ ਸਲਾਹ ਕਰਦੇ ਸਨ। ਗੁਰੂ ਜੀ ਨੂੰ ਫੜਨਾ ਉਚਿਤ ਹੈ, ਉਸ ਨੂੰ ਫਿਰ ਫਿਰ ਕੇ ਲੱਭ ਲਵੋ। ਥਾਂ-ਥਾਂ ਸਾਰਾ ਦਲ ਫੈਲ ਜਾਵੇ। ਚਮਕੌਰ ਦੇ ਚੌਤਰਫੇ ਫਿਰ ਕੇ ਜਾਣਿਆ ਹੈ ਕਿ ਬਹੁਤ ਪੀਰ ਫਕੀਰ ਉਨ੍ਹਾਂ ਨੂੰ ਜਾਣਦੇ ਹਨ॥ ੩੨॥

ਪੁਰਿ ਗ੍ਰਾਮ ਜਹਾਂ ਕਹਿਂ ਚੀਨਿ ਚੀਨਿ। ਨਰ ਬ੍ਰਿੰਦ ਬਟੋਰਹੁ ਬੀਨ ਬੀਨ।
ਨਿਕਸੈ ਨ ਬੇਸ ਕੋ ਧਾਰਿ ਧਾਰਿ। ਨਰ ਓਪਰਗਨਿ ਲਖਿ ਸਾਰ ਸਾਰ॥ ੩੩॥

ਪਿੰਡਾਂ ਨਗਰਾਂ ਵਿਚ ਜਿਥੇ ਕਿਥੇ ਉਨ੍ਹਾਂ ਦੀ ਪਹਿਚਾਣ ਕਰੋ, ਚੁਣ ਚੁਣ ਕੇ ਬਹੁਤ ਮਨੁੱਖਾਂ ਨੂੰ ਇਕੱਠਿਆਂ ਕਰੋ। ਕੋਈ ਵੇਸ ਧਾਰ ਕੇ ਨਾ ਨਿਕਲ ਜਾਵੇ। ਸਾਰੀ ਸਾਰ ਲੈ ਲੈਣ ਬਾਅਦ ਜਿਹੜਾ ਵੀ ਆਦਮੀ ਓਪਰਾ ਜਾਣ ਪਵੇ ਤਾਂ ਉਸ ਨੂੰ ਜ਼ਾਮਨੀ ਲੈ ਕੇ ਛੱਡੋ॥ ੩੩॥

ਲਿਹੁ ਜ਼ਾਮਨੀ ਸੁ ਦਿਹੁ ਛੋਰਿ ਛੋਰਿ। ਪੁਰਿ ਗ੍ਰਾਮ ਭਲੇ ਇਮ ਟੋਰਿ ਟੋਰਿ।
ਬਿਲਮੋ ਨ ਹੁਕਮ ਕੋ ਪਾਇ ਪਾਇ। ਦਲ ਫੈਲ ਪਰੇ ਅਬਿ ਧਾਇ ਧਾਇ ॥੩੪॥

ਜ਼ਾਮਨੀ ਲੈ ਲੈ ਛੱਡਦੇ ਜਾਵੋ, ਪਿੰਡਾਂ ਨਗਰਾਂ ਵਿਚ ਭਲੀ ਪ੍ਰਕਾਰ ਇਸ ਤਰ੍ਹਾਂ ਲੱਭੋ। ਹੁਕਮ ਪਾ ਕੇ ਫਿਰ ਕਿਸੇ ਪ੍ਰਕਾਰ ਦੀ ਦੇਰੀ ਨਾ ਕਰੋ, ਹੁਣ ਸਾਰਾ ਦਲ ਦੌੜ-ਦੌੜ ਕੇ ਚਾਰ-ਚੁਫੇਰੇ ਫੈਲ ਜਾਵੇ॥ ੩੪॥

ਮਸਲਤ ਪਕਾਇ ਅਸ ਡੇਰ ਡੇਰ। ਬਿਸਮਾਇ ਰਹੇ ਰਣ ਹੇਰਿ ਹੇਰਿ।
ਗਨ ਲੋਥਨ ਕੋ ਅਨੁਮਾਨ ਮਾਨ। ਚਮਕੌਰ ਓਰ ਚਹੁੰ ਜਾਨ ਜਾਨਿ॥ ੩੫॥

ਇਸ ਪ੍ਰਕਾਰ ਆਪਣੇ ਡੇਰਿਆਂ ਵਿਚ ਬੈਠੇ ਸਲਾਹਾਂ ਕਰਦੇ ਸਨ। ਰਣਖੇਤਰ ਨੂੰ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ। ਅਣਗਿਣਤ ਲੋਥਾਂ ਬਾਰੇ ਮਨ ਵਿਚ ਅਨੁਮਾਨ ਲਾਉਂਦੇ ਸਨ, ਜਿਹੜੀਆਂ ਚਮਕੌਰ ਦੇ ਚਾਰੇ ਪਾਸੇ ਖਿਲਰੀਆਂ ਪਈਆਂ ਸਨ॥ ੩੫॥

'ਲਛ ਤੇ ਵਧੀਕ' ਸਭਿ ਭਾਖਿ ਭਾਖਿ। ਮਿਟ ਗਈ ਲਰਨ, ਅਭਿਲਾਖ ਲਾਖ।
ਸਭਿ ਸਿੰਘ ਲੋਥ ਕੋ ਲਜਾਇ ਲਜਾਇ। ਗਨ ਤੀਸ ਬਤੀਸਨ ਪਾਇ ਪਾਇ॥੩੬॥

ਸਾਰੇ ਇਹ ਕਹਿ ਰਹੇ ਸਨ ਕਿ "ਲੋਥਾਂ ਇਕ ਲੱਖ ਤੋਂ ਵੀ ਵੱਧ ਹਨ" ਇਹ ਵੇਖ ਕੇ ਉਨ੍ਹਾਂ ਵਿਚ ਯੁੱਧ ਕਰਨ ਦੀ ਅਭਿਲਾਸ਼ਾ ਖਤਮ ਹੋ ਗਈ। ਸਾਰੇ ਸਿੰਘਾਂ ਦੀਆਂ ਜਦ ਲੋਥਾਂ ਇਕੱਠੀਆਂ ਕਰਕੇ ਲਿਆਂਦੀਆਂ ਤਾਂ ਉਹ ਕੇਵਲ ਤੀਹ ਬੱਤੀ ਹੀ ਪਾਈਆਂ॥ ੩੬॥

ਹਤਿ ਬੁੱਧਿ ਰਿਪੁਨਿ ਕੀ ਹੇਰਿ ਹੇਰ। ਤੁਰਕਾਨ ਲੋਥ ਲਗਿ ਢੇਰ ਢੇਰ।
ਕਵਿ ਕਹਤਿ ਕਥਾ ਸੰਤੋਖ ਸਿੰਘ। 'ਧੰਨ ਧੰਨ ਗੁਰੂ ਗੋਬਿੰਦ ਸਿੰਘ'॥ ੩੭॥

ਇਹ ਵੇਖ-ਵੇਖ ਕੇ ਵੈਰੀਆਂ ਦੀ ਮੱਤ ਮਾਰੀ ਗਈ, ਜਿੱਥੇ ਤੁਰਕਾਂ ਦੀਆਂ ਲੋਥਾਂ ਦੇ ਢੇਰ ਲੱਗੇ ਸਨ। ਕਵੀ ਸੰਤੋਖ ਸਿੰਘ ਕਥਾ ਕਹਿੰਦਾ ਹੈ, "ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ"॥ ੩੭॥

*ਛੇਵੀਂ ਰੁੱਤ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੩॥*

## ਅਧਿਆਇ ਚਤਾਲ਼ੀਵਾਂ

*ਤਿੰਨਾਂ ਸਿੰਘਾਂ ਦਾ ਗੁਰੂ ਜੀ ਨੂੰ ਮਿਲਣਾ, ਗੁਲਾਬੇ ਮਸੰਦ ਦੇ ਬਾਗ਼ ਵਿਚ ਡੇਰਾ*

ਦੋਹਰਾ-ਕਰਤਿ ਸ਼ੀਘ੍ਰਤਾ ਦਲ ਚਢੇ ਗੁਰ ਖੋਜਨ ਕੇ ਕਾਜ।
ਭੀਮਚੰਦ ਘਾਇਲ ਭਯੋ, ਹਟੇ ਗਿਰਨ ਗਿਰ ਰਾਜ॥ ੧॥

ਗੁਰੂ ਜੀ ਨੂੰ ਲੱਭਣ ਵਾਸਤੇ ਪਹਾੜੀ ਦਲ ਬਹੁਤ ਛੇਤੀ ਚੜ੍ਹ ਪਏ। ਭੀਮ ਚੰਦ ਜਦ ਜ਼ਖਮੀ ਹੋ ਗਿਆ ਤਾਂ ਪਹਾੜੀਏ ਅਤੇ ਪਹਾੜੀ ਰਾਜੇ ਵਾਪਸ ਆ ਗਏ॥ ੧॥

ਚੌਪਈ-ਭਏ ਸੁਮਾਰ, ਹਜ਼ਾਰਹੁਂ ਮਰੇ। ਗਿਰ ਕੀ ਦਿਸ਼ ਗਿਰਪਤਿ ਸਭਿ ਮੁਰੇ।
ਜ਼ੇਰਦਸਤ ਭੀ ਘਾਇਲ ਹੋਯੋ। ਲਵਪੁਰਿ ਕੌ ਚਢਿ ਮਾਰਗ ਜੋਯੋ॥ ੨॥

ਜ਼ਖਮੀਆਂ ਦੀ ਕੋਈ ਗਿਣਤੀ ਨਹੀਂ ਸੀ। ਹਜ਼ਾਰਾਂ ਸੂਰਬੀਰ ਮਰ ਗਏ ਸਨ। ਪਹਾੜਾਂ ਵਲ ਸਾਰੇ ਪਹਾੜੀ ਰਾਜੇ ਮੁੜ ਪਏ। ਜ਼ਬਰਦਸਤ ਖਾਨ ਵੀ ਜ਼ਖਮੀ ਹੋਇਆ ਸੀ ਉਹ ਘੋੜੇ 'ਤੇ ਸਵਾਰ ਹੋ ਕੇ ਲਾਹੌਰ ਦੇ ਰਾਹੇ ਪੈ ਗਿਆ॥ ੨॥

ਸੀਰੰਦ ਸੂਬਾ ਖਾਨ ਵਜੀਦ। ਪੂਰਬ ਕੀ ਦਿਸ਼ ਕੀਨ ਰਸੀਦ।
ਦੱਖਣ ਕੀ ਦਿਸ਼ ਲਾਖਹੁਂ ਚਢੇ। 'ਗਹੈਂ ਗੁਰੂ ਕੋ ਜਿਤ ਕਿਤ ਕਢੇ'॥੩॥

ਸਿਰਹੰਦ ਦਾ ਸੂਬੇਦਾਰ ਵਜੀਦ ਖਾਨ, ਪੂਰਬ ਵਾਲੇ ਪਾਸੇ ਚਲੇ ਗਿਆ। ਦੱਖਣ ਵਾਲੇ ਪਾਸੇ ਵੀ ਲੱਖਾਂ ਚੜ੍ਹ ਕੇ ਗਏ। ਕਹਿੰਦੇ ਸਨ, "ਜਿੱਥੇ ਕਿੱਥੇ ਫਿਰ ਕੇ ਗੁਰੂ ਜੀ ਨੂੰ ਲੱਭਦੇ ਹਾਂ॥ ੩॥

ਚਢਜੋ ਖ੍ਵਾਜ ਮਰਦੂਦ ਸ਼ੀਘ੍ਰ ਕਰਿ। ਸ਼ਾਹ ਮਿਲਨਿ ਕੋ ਨਿਕਟ ਚਾਹ ਧਰਿ।
ਭੀਮਚੰਦ ਘਰ ਪਹੁੰਚਤਿ ਮਰਜੋ। ਸੈਲ ਦੇਸ਼ ਮਹਿਂ ਸ਼ੋਕ ਸੁ ਪਰਜੋ॥ ੪॥

ਖਵਾਜਾ ਮਰਦੂਦ ਬੜੀ ਛੇਤੀ ਨਾਲ ਘੋੜ-ਸਵਾਰ ਹੋ ਗਿਆ। ਉਸ ਨੇ ਬਾਦਸ਼ਾਹ ਦੇ ਪਾਸ ਜਾਣ ਦੀ ਚਾਹਤ ਧਾਰਨ ਕੀਤੀ। ਭੀਮ ਚੰਦ ਘਰ ਪਹੁੰਚਦਾ ਹੀ ਮਰ ਗਿਆ। ਸਾਰੇ ਪਹਾੜੀ ਦੇਸ਼ ਵਿਚ ਸੋਗ ਪੈ ਗਿਆ॥ ੪॥

ਅਬਿ ਸਤਿਗੁਰ ਕੀ ਕਥਾ ਸੁਨੀਜੈ। ਜਨਮ ਜਨਮ ਕੇ ਪਾਪ ਮਿਟੀਜੈ।
ਸੁਪਤਿ ਪਰੇ ਤਿਸ ਕੂਪ ਸਥਾਨ। ਅਰਣੋਦੈ ਲਗਿ ਗੁਰ ਭਗਵਾਨ॥ ੫॥

ਹੁਣ ਸਤਿਗੁਰੂ ਜੀ ਦੀ ਕਥਾ ਸੁਣੋ ਤੇ ਆਪਣੇ ਜਨਮਾਂ ਜਨਮਾਂ ਦੇ ਪਾਪ ਮਿਟਾ ਲਵੋ। ਉਹ ਖੂਹ ਵਾਲੇ ਸਥਾਨ 'ਤੇ ਸੁੱਤੇ ਪਏ ਸਨ, ਸੂਰਜ ਚੜ੍ਹਨ ਤਕ ਸਤਿਗੁਰੂ ਜੀ ਸੁੱਤੇ ਰਹੇ॥ ੫॥

ਤੀਨਹੁੰ ਸਿੰਘ ਨਿਕਸਿ ਜਬਿ ਗਏ। ਦਲ ਤੇ ਦੂਰ ਕੋਸ ਜੁਗ ਭਏ।
ਲਗੇ ਬਿਚਾਰਨ 'ਚਲਿ ਹਮ ਆਏ। ਬਿਛੁਰੇ ਗੁਰ, ਜਿਨਕੇ ਸੰਗ ਧਾਏ॥ ੬॥

ਤਿੰਨੇ ਸਿੰਘ ਜਦ ਨਿਕਲ ਕੇ ਗਏ ਤਾਂ ਦਲ ਤੋਂ ਉਹ ਦੋ ਕੋਹ ਦੂਰ ਚਲੇ ਗਏ। ਉਹ ਫਿਰ ਵਿਚਾਰਨ ਲੱਗੇ, "ਅਸੀਂ ਚਲ ਕੇ ਆਏ ਹਾਂ, ਪਰ ਗੁਰੂ ਜੀ ਤੋਂ ਵਿਛੜ ਗਏ ਹਾਂ ਜਿਨ੍ਹਾਂ ਨਾਲ ਬਾਹਰ ਨਿਕਲ ਕੇ ਆਏ ਸੀ॥ ੬॥

ਕਹਾ ਕਰਤੱਬਯ ਅਬੈ ਹਮ ਬਨੈ। ਕਿਤ ਕੋ ਗਮਨੈਂ ਹ੍ਵੈ ਹਿਤ ਸਨੈ?'।
ਦਯਾ ਸਿੰਘ ਸਿਮਰੀ ਗੁਰ ਬਾਨੀ। 'ਗਢ ਨਿਕਸਤਿ ਹਮ ਸੰਗ ਬਖਾਨੀ॥ ੭॥

ਹੁਣ ਸਾਨੂੰ ਕੀ ਕਰਤਵ ਕਰਨਾ ਬਣਦਾ ਹੈ, ਆਪਣੇ ਹਿਤ ਸਹਿਤ ਕਿਹੜੇ ਪਾਸੇ ਨੂੰ ਗਏ ਹਨ। ਭਾਈ ਦਇਆ ਸਿੰਘ ਨੇ ਗੁਰੂ ਜੀ ਦੇ ਬਚਨਾਂ ਨੂੰ ਯਾਦ ਕੀਤਾ। "ਕਿਲ੍ਹੇ ਵਿਚੋਂ ਨਿਕਲਣ ਸਮੇਂ ਸਾਨੂੰ ਕਿਹਾ ਸੀ॥ ੭॥

ਇਸ ਤਾਰੇ ਕੀ ਸੇਧ ਪਯਾਨੈਂ। ਚਲਹੁ ਗੁਰੂ ਮਿਲਿ ਹੈਂ ਕਿਸ ਥਾਨੈ'।
ਮਾਨ ਸਿੰਘ ਤਬਿ ਚਲਤਿ ਉਚਾਰੇ। 'ਇਹ ਮਗ ਪਹੁਚੈ ਮਾਛੀਵਾਰੇ॥ ੮॥

ਇਸ ਤਾਰੇ ਦੀ ਸੇਧ ਵਿਚ ਚਲੀਏ, ਚਲੋ, ਗੁਰੂ ਜੀ ਕਿਸੇ ਸਥਾਨ ਤੇ ਮਿਲ ਜਾਣਗੇ।" ਮਾਨ ਸਿੰਘ ਨੇ ਫਿਰ ਚਲਦੇ ਹੋਏ ਉਚਾਰਨ ਕੀਤਾ, "ਇਹ ਰਾਹ ਮਾਛੀਵਾੜੇ ਜਾਂਦਾ ਹੈ॥ ੮॥

ਤਾਰੇ ਸੇਧ ਨਿਹਾਰਤਿ ਚਲੋ। ਪੁਰਿ ਲਗਿ ਖੋਜਤਿ ਗੁਰ ਸੰਗ ਮਿਲੋ'।
ਧਰਮ ਸਿੰਘ ਬੋਲਜੋ ਮਤਿ ਧੀਰ। 'ਖੋਜਤਿ ਗਮਨਹੁ ਇਤ ਉਤ ਤੀਰ' ॥ ੯॥

ਤਾਰੇ ਦੀ ਸੇਧ ਵੇਖਦੇ ਚਲੋ, ਨਗਰ ਤਕ ਖੋਜਦਿਆਂ ਗੁਰੂ ਜੀ ਸਾਨੂੰ ਮਿਲ ਪੈਣਗੇ।" ਧੀਰਜਵਾਨ ਧਰਮ ਸਿੰਘ ਬੋਲਿਆ, "ਏਧਰ ਓਧਰ ਨੇੜੇ ਤੇੜੇ ਖੋਜਦੇ ਚਲੋ"॥ ੯॥

ਨ੍ਰਿਭੈ ਬੀਰ ਤੀਨਹੁੰ ਤਬਿ ਚਾਲੇ। ਮਾਰਗ ਇਤ ਉਤ ਫਿਰਤਿ ਸੰਭਾਲੇ।
ਖੋਜਤਿ ਸ੍ਰੀ ਸਤਿਗੁਰ ਕੋ ਜਾਤ। ਇਸ ਬਿਧਿ ਬਿਤੀ ਸਕਲ ਹੀ ਰਾਤਿ॥ ੧੦॥

ਨਿਰਭੈ ਤਿੰਨੇ ਸੂਰਬੀਰ ਫਿਰ ਚਲ ਪਏ, ਏਧਰ ਓਧਰ ਫਿਰ ਕੇ ਮਾਰਗ ਨੂੰ ਸੰਭਾਲਦੇ ਜਾਂਦੇ ਸਨ। ਸਤਿਗੁਰੂ ਜੀ ਨੂੰ ਲੱਭਦੇ ਤੁਰੇ ਜਾਂਦੇ ਸਨ, ਇਸ ਪ੍ਰਕਾਰ ਸਾਰੀ ਰਾਤ ਬੀਤ ਗਈ॥ ੧੦॥

ਜਬੈ ਸਮਾ ਅਰਣੋਦੈ ਹੋਯੋ। ਚੰਦ ਪ੍ਰਕਾਸ਼ ਮੰਦ ਕੋ ਜੋਯੋ।
ਪੂਰਬ ਦਿਸ਼ ਮੁਖਲਾਲ ਦਿਖਾਯੋ। ਜਨੁ ਤੁਰਕਨਿ ਕੋ ਚਹਤਿ ਖਪਾਯੋ॥ ੧੧॥

ਜਦ ਸੂਰਜ ਚੜ੍ਹਨ ਦਾ ਸਮਾਂ ਹੋਇਆ ਤੇ ਜਦ ਚੰਦ ਦਾ ਪ੍ਰਕਾਸ਼ ਮੱਧਮ ਹੋ ਗਿਆ। ਪੂਰਬ ਵਾਲੇ ਪਾਸੇ ਲਾਲੀ ਦਿਖਾਈ ਦਿੱਤੀ, ਮਾਨੋ ਇਹ ਲਾਲੀ ਤੁਰਕਾਂ ਨੂੰ ਖਪਾਉਣਾ ਚਾਹੁੰਦੀ ਸੀ॥ ੧੧॥

ਤਿਮਰ ਤੋਮ ਪਤਰੋ ਹੁਇ ਗਯੋ। ਕੁਛਕ ਪ੍ਰਕਾਸ਼ ਅਕਾਸ਼ਹਿ ਭਯੋ।
ਗਮਨਤਿ ਦੇਖਤਿ ਪਹੁਚੇ ਤਹਿੰਵਾ। ਸੁਪਤਿ ਜਗਤਪਤਿ ਪ੍ਰਭੁ ਥਿਰ ਜਹਿੰਵਾ॥੧੨॥

ਸਾਰਾ ਹਨੇਰਾ ਪਤਲਾ ਪੈ ਗਿਆ, ਆਕਾਸ਼ ਵਿਚ ਕੁਝ ਪ੍ਰਕਾਸ਼ ਹੋ ਗਿਆ, ਵੇਖਦੇ-ਵੇਖਦੇ ਉਥੇ ਜਾ ਪਹੁੰਚੇ, ਜਿੱਥੇ ਜਗਤਪਤੀ ਸਤਿਗੁਰੂ ਜੀ ਸੁੱਤੇ ਪਏ ਸਨ॥ ੧੨॥

ਜ਼ੇਵਰ ਕਿਤਿਕ ਉਤਾਰਨ ਕਰੇ। ਘਟੀ ਹਰਟ ਕੀ ਸਿਰ ਤਰ ਧਰੇ।
ਗੁਲਸ਼ਤ੍ਰਾਣ ਅੰਗੁਸ਼ਟ ਮਝਾਰਾ। ਪਹਿਰੇ ਰਾਖ੍ਯੋ ਨਹੀਂ ਉਤਾਰਾ॥ ੧੩॥

ਕਈ ਜ਼ੇਵਰ ਉਤਾਰ ਲਏ ਸਨ, ਖੂਹ ਦੀ ਟਿੰਡ ਸਿਰ ਥੱਲੇ ਧਾਰਨ ਕੀਤੀ ਹੋਈ ਸੀ। ਅੰਗੂਠੇ ਉਤੇ ਅਤੇ ਅੰਗੂਠੇ ਦੇ ਨਾਲ ਦੀ ਉਂਗਲੀ ਉਤੇ ਪਹਿਣੇ ਜਾਣ ਵਾਲੀ ਚਮੜੇ ਦੀ ਟੋਪੀ, ਜਿਸ ਨਾਲ ਤੀਰ ਚਲਾਉਂਦਿਆਂ ਅੱਟੀਆਂ ਨਹੀਂ ਪੈਂਦੀਆਂ ਹਨ, ਉਹ ਅੰਗੂਠੇ ਅਤੇ ਅੰਗੂਠੇ ਨੇੜਲੀ ਉਂਗਲੀ ਤੇ ਪਹਿਣੀ ਹੋਈ ਸੀ, ਉਤਾਰੀ ਨਹੀਂ ਸੀ॥ ੧੩॥

ਮੋਲ ਹਜ਼ਾਰ ਇਕਾਦਸ਼ ਤਾਹੂ। ਰਾਖਹਿਂ ਬਡ ਧਨੁ ਧਰਿ ਕਰ ਮਾਂਹੂੰ।
ਸਮੇਂ ਪਨਚ ਐਂਚਨਿ ਕੇ ਜੋਊ। ਰੱਛਕ ਬਨਹਿ ਅੰਗੁਸ਼ਟਹਿ ਸੋਊ॥ ੧੪॥

ਗਿਆਰ੍ਹਾਂ ਹਜ਼ਾਰ ਜਿਸ ਦਾ ਮੁੱਲ ਹੈ, ਹੱਥ ਵਿਚ ਵੱਡਾ ਧਨੁੱਖ ਧਾਰ ਕੇ ਰੱਖਿਆ ਸੀ, ਚਿੱਲਾ ਖਿੱਚਣ ਸਮੇਂ ਉਹ ਚਮੜੇ ਦੀ ਟੋਪੀ ਅੰਗੂਠੇ ਦੀ ਰੱਖਵਾਲੀ ਕਰਦੀ ਸੀ॥ ੧੪॥

ਸਰ ਛੋਰਨਿ ਤੂਰਨਤਾ ਕਾਰਨ। ਯਾਂਤੇ ਗੁਰ ਨਹਿਂ ਕੀਨਿ ਉਤਾਰਨ।
ਯੁਤ ਗੁਲਸ਼ਤ੍ਰਾਣ ਹੁਤੇ ਜੋ ਹਾਥ। ਸੁਪਤ ਪਰੇ ਸਿਰ ਪਰ ਧਰਿ ਨਾਥ॥ ੧੫॥

ਛੇਤੀ-ਛੇਤੀ ਅਚਣਚੇਤ ਤੀਰ ਛੱਡਣ ਕਾਰਨ, ਉਸ ਨੂੰ ਗੁਰੂ ਜੀ ਨੇ ਆਪਣੇ ਅੰਗੂਠੇ ਤੋਂ ਨਹੀਂ ਉਤਾਰਿਆ ਸੀ। ਜਿਹੜਾ ਗੁਲਸ਼ਤ੍ਰਾਣ ਵਾਲਾ ਹੱਥ ਸੀ, ਉਸ ਹੱਥ ਉੱਪਰ ਸਤਿਗੁਰੂ ਜੀ ਸਿਰ ਧਰ ਕੇ ਸੁੱਤੇ ਪਏ ਸਨ॥ ੧੫॥

ਗੁਲਸ਼ਤ੍ਰਾਣ ਵਿਚ ਹੀਰਾ ਜਰਜੋ। ਤਿਹ ਪ੍ਰਕਾਸ਼ ਅਰਣੋਦੈ ਪਰਜੋ।
ਚਮਕਤਿ ਭਯੋ ਸਹਤਿ ਬਹੁ ਲਾਲੀ। ਦੇਇ ਦਿਖਾਲੀ ਦੂਰ ਬਿਸਾਲੀ॥ ੧੬॥

ਗੁਲਸ਼ਤ੍ਰਾਣ ਵਾਲੇ ਹੱਥ ਵਿਚ ਹੀਰਾ ਜੜਿਆ ਸੀ, ਉਸ ਉੱਪਰ ਸੂਰਜ ਦਾ ਪ੍ਰਕਾਸ਼ ਪੈ ਰਿਹਾ ਸੀ, ਉਹ ਪ੍ਰਕਾਸ਼ ਸੂਰਜ ਦੀ ਲਾਲੀ ਸਹਿਤ ਚਮਕ ਰਿਹਾ ਸੀ। ਬਹੁਤ ਦੂਰ ਤਕ ਦਿਖਾਈ ਦੇ ਰਿਹਾ ਸੀ॥ ੧੬॥

ਧਰਮ ਸਿੰਘ ਮਗ ਚਲਤਿ ਬਿਲੋਕੇ। ਦਯਾ ਸਿੰਘ ਕੋ ਕਹਿ ਕਰਿ ਰੋਕੇ।
'ਇਹ ਸਤਿਗੁਰ ਕੋ ਭੂਖਨ ਕੋਈ। ਲਾਲੀ ਲਗੇ ਦਮਕ ਬਹੁ ਹੋਈ॥ ੧੭॥

ਧਰਮ ਸਿੰਘ ਰਾਹ ਵਿਚ ਜਾਂਦਾ ਵੇਖਦਾ ਜਾਂਦਾ ਸੀ, ਫਿਰ ਉਸ ਨੇ ਦਇਆ ਸਿੰਘ ਨੂੰ ਕਹਿ ਕੇ ਰੋਕਿਆ, "ਇਹ ਸਤਿਗੁਰੂ ਜੀ ਦਾ ਕੋਈ ਗਹਿਣਾ ਹੈ, ਇਸ ਦੀ ਲਾਲੀ ਚਮਕਦੀ ਹੈ, ਤੇ ਇਸ ਦੀ ਦਮਕ ਬਹੁਤ ਹੋ ਰਹੀ ਹੈ॥ ੧੭॥

ਵਾਹਿਗੁਰੂ ਮੁਖ ਉਚਰਤਿ ਚਲੋ। ਦੇਖਹੁ ਨਿਕਟ ਹੋਇ ਪ੍ਰਭੁ ਮਿਲੋ।
ਮਾਨ ਸਿੰਘ ਤਬਿ ਗਯੋ ਨਜੀਕੇ। ਦੇਖਹਿ ਕਹਾਂ, 'ਪਰੇ ਪ੍ਰਿਯ ਜੀਕੇ' ॥ ੧੮॥

ਵਾਹਿਗੁਰੂ ਮੁਖ ਤੋਂ ਉਚਾਰਨ ਕਰਦੇ ਚਲੋ, ਵੇਖੋ ਪ੍ਰਭੂ ਜੀ ਏਥੇ ਨੇੜੇ ਹੀ ਮਿਲ ਪੈਣਗੇ।" ਮਾਨ ਸਿੰਘ ਫਿਰ ਨੇੜੇ ਗਿਆ, ਕੀ ਵੇਖਦਾ ਹੈ 'ਦਿਲ ਨੂੰ ਪਿਆਰੇ ਲੱਗਣ ਵਾਲੇ ਲੰਮੇ ਪਏ ਹੋਏ ਹਨ' ॥ ੧੮॥

ਹੁਤੇ ਉਨੀਂਦੇ ਸ਼੍ਰਮ ਕੋ ਪਾਏ। ਤਨ ਸੁਧਿ ਬਿਨ ਧਰਿ ਪਰ ਸੁਪਤਾਏ।
ਦੋਨਹੁਂ ਅਪਨੇ ਨਿਕਟ ਹਕਾਰੇ। ਸੁਪਤ ਸੇਜ ਬਿਨ ਗੁਰੂ ਨਿਹਾਰੇ॥ ੧੯॥

ਬਹੁਤ ਉਨੀਂਦਰਾ ਸੀ ਤੇ ਥਕਾਵਟ ਵੀ ਬਹੁਤ ਪਾਈ ਸੀ, ਸਰੀਰ ਦੀ ਕੋਈ ਸੋਝੀ ਨਹੀਂ ਰਹੀ ਸੀ, ਧਰਤੀ 'ਤੇ ਹੀ ਸੁੱ
ਪਏ ਹਨ। ਦੋਵੇਂ ਆਪਣੇ ਪਾਸ ਬੁਲਾਏ ਤੇ ਮੰਜੇ ਬਿਸਤਰੇ ਬਗੈਰ ਗੁਰੂ ਜੀ ਨੂੰ ਸੁੱਤੇ ਵੇਖਿਆ॥ ੧੯॥

ਤੀਨਹੁਂ ਪਦ ਪੰਕਜ ਕਰਿ ਨਮੋ। ਹੇਤ ਜਗਾਵਨ ਕੇ ਤਿਹ ਸਮੋਂ।
ਕਰਿ ਮਸਲਤਿ ਕੋ ਚਹੈਂ ਜਗਾਯੋ। ਧਰਮ ਸਿੰਘ ਤਬਿ ਹਾਥ ਚਲਾਯੋ॥੨੦॥

ਤਿੰਨਾਂ ਨੇ ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕੀਤੀ, ਉਸ ਸਮੇਂ ਜਗਾਉਣ ਦਾ ਸਮਾਂ ਸੀ। ਸਲਾਹ ਕਰਕ
ਜਗਾਉਣਾ ਚਾਹੁੰਦੇ ਸਨ। ਧਰਮ ਸਿੰਘ ਨੇ ਫਿਰ ਹੱਥ ਚਲਾਇਆ॥ ੨੦॥

ਪਦ ਅਰਬਿੰਦ ਬੈਠਿ ਕਰਿ ਗਹੇ। ਸਨੇ ਸਨੇ ਮਸਲਤਿ ਮ੍ਰਿਦੁ ਅਹੇ।
ਧਨੁਖ ਹਾਥ ਮਹਿਂ ਧਰੇ ਖਤੰਗ। ਕਮਰਕਸਾ ਤਿਮ ਹੀ ਸਭਿ ਅੰਗ॥ ੨੧॥

ਗੁਰੂ ਜੀ ਦੇ ਦੋਵੇਂ ਚਰਨ ਕੰਵਲ ਬੈਠ ਕੇ ਫੜੇ। ਹੌਲੀ-ਹੌਲੀ ਕੋਮਲਤਾ ਨਾਲ ਮਲਦਾ ਰਿਹਾ। ਧਨੁੱਖ ਬਾਨ ਅਤੇ ਭੱਥ
ਹੱਥ ਵਿਚ ਧਰੇ ਸਨ, ਕਮਰਕੱਸਾ ਪਹਿਲਾਂ ਵਾਂਗ ਹੀ ਬੱਝਾ ਸੀ॥ ੨੧॥

ਕਿਤਿਕ ਬਾਰ ਮਸਲੇ ਜਬਿ ਚਰਨਾਂ। ਤਨਿ ਸੁਧਿ ਭਈ ਨੀਂਦ ਕਰਿ ਹਰਨਾ।
ਕਮਲ ਬਿਲੋਚਨ ਬਿਕਸੇ ਤੂਰਨ। ਧਨੁਖ ਸੰਭਾਰ ਉਠੇ ਗੁਰ ਪੂਰਨ॥ ੨੨॥

ਜਦ ਕਈ ਵਾਰ ਪੈਰਾਂ ਦੀ ਮਾਲਸ਼ ਕੀਤੀ ਤਾਂ ਨੀਂਦ ਛੱਡ ਕੇ ਸਰੀਰ ਦੀ ਸੋਝੀ ਹੋਈ। ਤੁਰਤ ਕੰਵਲ ਨੈਣ ਖੁਲ੍ਹ ਗਏ
ਫਿਰ ਪੂਰਨ ਗੁਰੂ ਜੀ ਧਨੁੱਖ ਸੰਭਾਲ ਕੇ ਉੱਠ ਪਏ॥ ੨੨॥

ਜਬਿ ਸੰਗਿ ਨਿਜ ਸਿਖ ਨਿਹਾਰੇ। 'ਆਇ ਸੁ ਪਹੁਂਚੇ ਇਹਾਂ', ਉਚਾਰੇ।
ਦਯਾ ਸਿੰਘ ਕਰ ਜੋਰਿ ਬਖਾਨੀ। 'ਸ੍ਰੀ ਗੁਰ ਮਹਾਰਾਜ ਬਲ ਖਾਨੀ !॥੨੩॥

ਜਦ ਆਪਣੇ ਪਾਸ ਆਪਣੇ ਸਿੱਖਾਂ ਨੂੰ ਵੇਖਿਆ ਤਾਂ ਕਿਹਾ, "ਏਥੇ ਆ ਪਹੁੰਚੇ ਹੋ।" ਦਇਆ ਸਿੰਘ ਨੇ ਹੱਥ ਜੋੜ ਕ
ਕਿਹਾ, 'ਹੇ ਸ਼ਕਤੀ ਦੀ ਖਾਨ ਗੁਰੂ ਮਹਾਰਾਜ ਜੀ !॥ ੨੩॥

ਇਹਾਂ ਆਇ ਕਿਮ ਭੇ ਨਿਸ਼ਚੰਤ। ਪਿਖਹੁ ਭਯੋ ਅਬਿ ਨਿਸ ਕੋ ਅੰਤ।
ਸੂਰਜ ਉਦੈ ਹੋਇ ਲੌ ਸਾਰੇ। ਲਸ਼ਕਰ ਪਸਰਹਿ ਜਿਤ ਕਿਤ ਭਾਰੇ॥ ੨੪॥

ਏਥੇ ਆ ਕੇ ਕਿਵੇਂ ਨਿਸ਼ਚਿੰਤ ਹੋ ਕੇ ਪਏ ਹੋ, ਵੇਖੋ ਹੁਣ ਰਾਤ ਦਾ ਅੰਤ ਹੋ ਗਿਆ ਹੈ। ਸਾਰੇ ਸੂਰਜ ਚੜ੍ਹ ਆਇਆ ਹੈ
ਜਿੱਥੇ ਕਿੱਥੇ ਭਾਰੀ ਲਸ਼ਕਰ ਫੈਲੇ ਹੋਏ ਹਨ॥ ੨੪॥

ਕੌਨ ਭਰੋਸਾ ਕਰਿ ਪਰ ਰਹੇ। ਨਹਿਂ ਗਢ ਸੈਨਾ ਥਿਰਤਾ ਲਹੇ।
ਕਰਹੁ ਉਪਾਇ ਜਥਾ ਬਨਿ ਆਵੈ। ਨਤੁਰ ਪ੍ਰਕਾਸ਼ ਭਏ ਰਿਪੁ ਧਾਵੈਂ॥ ੨੫॥

ਕਿਸ ਦੇ ਭਰੋਸੇ ਪਏ ਰਹੇ ਹੋ, ਏਥੇ ਨਾ ਕੋਈ ਕਿਲ੍ਹਾ ਹੈ, ਨਾ ਹੀ ਸੈਨਾ ਹੈ। ਕੋਈ ਉਪਾਅ ਕਰੋ, ਜਿਵੇਂ ਬਣ ਆਵੇ
ਨਹੀਂ ਤਾਂ ਪ੍ਰਕਾਸ਼ ਹੋਣ ਨਾਲ ਵੈਰੀ ਪਿੱਛੇ ਧਾਵਾ ਕਰੇਗਾ॥ ੨੫॥

ਫੇਰ ਨ ਬਨਹਿ ਹੋਇ ਲਾਚਾਰੀ।' ਏਕ ਰਹੈ ਮਰਿਬੋ ਕਜਾ ਮਾਰੀ'।
ਸੁਨਿ ਕਰਿ ਪਿਖੀ, ਭਈ ਭੁਨਸਾਰੀ। ਨਿਜ ਸਿੰਘਨਿ ਕੇ ਸੰਗ ਉਚਾਰੀ॥ ੨੬॥

ਫੇਰ ਕੁਝ ਨਹੀਂ ਬਣੇਗਾ, ਲਾਚਾਰੀ ਹੋ ਜਾਵੇਗੀ। ਇਕੋ ਗੱਲ ਬਾਕੀ ਰਹਿ ਜਾਵੇਗੀ ਮਰਨਾ ਜਾਂ ਮਾਰਨਾ।'' ਇਹ ਸੁਣ ਕੇ ਗੁਰੂ ਜੀ ਨੇ ਵੇਖਿਆ ਕਿ ਸਵੇਰ ਹੋ ਗਈ ਹੈ ਤਾਂ ਫਿਰ ਆਪਣੇ ਸਿੰਘਾਂ ਨੂੰ ਕਹਿਣ ਲੱਗੇ॥ ੨੬॥

'ਅਬਿ ਉਪਾਇ ਨਹਿਂ ਕੋ ਬਨਿ ਆਵੈ। ਚਰਨ ਫਾਲਸੇ, ਚਲਯੋ ਨ ਜਾਵੈ।
ਬਾਗ਼ ਬਿਲੋਕਹੁ ਸਨਮੁਖ ਜੋਈ। ਇਸ ਮਹਿਂ ਚਲਹੁ ਰਹਹੁ ਥਿਰ ਹੋਈ॥ ੨੭॥

''ਹੁਣ ਕੋਈ ਉਪਾਅ ਨਹੀਂ ਬਣਦਾ ਹੈ, ਮੇਰੇ ਪੈਰਾਂ ਵਿਚ ਛਾਲੇ ਪਏ ਹਨ, ਤੁਰਿਆ ਨਹੀਂ ਜਾਂਦਾ ਹੈ। ਜਿਹੜਾ ਸਾਹਮਣੇ ਬਾਗ਼ ਹੈ, ਉਸ ਨੂੰ ਵੇਖੋ, ਇਸ ਵਿਚ ਚਲ ਕੇ ਥਿਰ ਹੋ ਕੇ ਰਹੋ॥ ੨੭॥

ਜੇ ਸ਼ੱਤ੍ਰੂ ਗਨ ਕੋ ਬਨ ਮੇਲਾ। ਭਿੜਹਿਂ ਭੇੜ ਝੇਲਹਿਂ ਬਡ ਹੇਲਾ।
ਉਪਬਨ ਲੇਹੁ ਅੜਤਲਾ ਲਰਿਬੇ। ਸ਼ੱਤ੍ਰੂ ਹਜ਼ਾਰਹੁਂ ਪ੍ਰਾਨਨਿ ਹਰਿਬੇ॥ ੨੮॥

ਜੇ ਵੱਡੇ ਵੈਰੀ ਨਾਲ ਮੇਲ ਹੋ ਜਾਵੇ ਤਾਂ ਭੇੜ ਭਿੜਾਂਗੇ ਤੇ ਵੱਡਾ ਹੱਲਾ ਝੱਲ ਲਵਾਂਗੇ। ਲੜਾਈ ਵਾਸਤੇ ਇਸ ਬਾਗ਼ ਦਾ ਸਹਾਰਾ ਲਵੋ। ਹਜ਼ਾਰਾਂ ਵੈਰੀਆਂ ਦੇ ਪ੍ਰਾਣ ਕੱਢ ਦੇਵਾਂਗੇ''॥ ੨੮॥

ਭਯੋ ਪ੍ਰਕਾਸ਼ ਪਿਖੇ ਪਗ ਛਾਲੇ। ਲਾਲ ਕਮਲ ਦਲ ਮੁਕਤਾ ਢਾਲੇ।
ਦੋਨਹੁਂ ਚਰਨਨਿ ਪਰ ਅਸ ਪਰੇ। ਪੋਇ ਲਰੀ ਜਨ ਗੁੰਥਨਿ ਕਰੇ॥ ੨੯॥

ਜਦ ਚੰਗੀ ਲੋਅ ਲੱਗ ਗਈ ਤਾਂ ਪੈਰਾਂ ਦੇ ਛਾਲੇ ਵੇਖੇ। ਕੰਵਲ ਦੇ ਲਾਲ ਪੱਤਿਆਂ ਉੱਪਰ ਮੋਤੀਆਂ ਵਰਗੇ ਨਿਸ਼ਾਨ ਪਏ ਸਨ। ਦੋਵਾਂ ਪੈਰਾਂ 'ਤੇ ਇਸ ਪ੍ਰਕਾਰ ਪਏ ਸਨ, ਮਾਨੋ ਲੜੀ ਪਰੋ ਕੇ ਜਿਵੇਂ ਗੁੰਦੇ ਹੋਣ॥ ੨੯॥

ਸੁਨਿ ਕਰਿ ਗਿਰਾ ਸਮੇਤ ਲਚਾਰੀ। ਗੁਰ ਰਜਾਇ ਲਖਿ ਤੂਸ਼ਨ ਧਾਰੀ।
ਉਠੇ ਨਾਥ ਜਬਿ ਚਲਿਬੇ ਕਾਰਨ। ਭਈ ਪੀਰ ਹੋਤਿ ਨ ਪਗ ਡਾਰਨ॥ ੩੦॥

ਲਚਾਰੀ ਸਹਿਤ ਬੋਲ ਸੁਣ ਕੇ, ਗੁਰੂ ਜੀ ਦੀ ਰਜ਼ਾ ਜਾਣ ਕੇ ਚੁਪ ਧਾਰ ਲਈ। ਜਦ ਸਤਿਗੁਰੂ ਜੀ ਚੱਲਣ ਵਾਸਤੇ ਉੱਠੇ ਤਾਂ ਬਹੁਤ ਪੀੜ ਹੋਈ, ਪੈਰ ਪੁੱਟਿਆ ਨਹੀਂ ਸੀ ਜਾਂਦਾ॥ ੩੦॥

ਮਾਨ ਸਿੰਘ ਤਬਿ ਕੰਧ ਉਠਾਏ। ਭਏ ਪ੍ਰਵੇਸ਼ ਬਾਗ਼ ਮਹਿਂ ਜਾਏ।
ਹੁਤੋ ਨਿਕਟ, ਤਰੁਵਰ ਤਰ ਖਰੇ। ਹਰੇ ਹਰੇ ਸੰਘਨਿ ਦਲ ਖਰੇ॥ ੩੧॥

ਮਾਨ ਸਿੰਘ ਨੇ ਫਿਰ ਗੁਰੂ ਜੀ ਨੂੰ ਆਪਣੇ ਮੋਢੇ ਉੱਪਰ ਚੁੱਕ ਲਿਆ ਤੇ ਬਾਗ਼ ਵਿਚ ਪ੍ਰਵੇਸ਼ ਕਰ ਗਏ। ਬਾਗ਼ ਨੇੜੇ ਹੀ ਸੀ, ਜਿੱਥੇ ਬਹੁਤ ਬ੍ਰਿੱਛ ਖੜੇ ਸਨ, ਜਿਨ੍ਹਾਂ ਦੇ ਸਾਵੇ-ਸਾਵੇ ਪੱਤੇ ਬਹੁਤ ਸੰਘਣੇ ਸਨ॥ ੩੧॥

ਬੀਚ ਕੂਪ ਤਿਸ ਹਰਟ ਚਲੰਤਾ। ਬੈਠੇ ਨਿਕਟ ਪਹੁਂਚਿ ਭਗਵੰਤਾ।
ਹੁਤੋ ਹਰਟ ਬਾਹਕ, ਤਿਨ ਹੇਰੇ। 'ਇਹ ਤੋ ਗੁਰ ਮਮ ਖਾਂਵਦ ਕੇਰੇ'॥ ੩੨॥

ਬਾਗ਼ ਦੇ ਵਿਚ ਇਕ ਖੂਹ ਵਗਦਾ ਸੀ, ਸਤਿਗੁਰੂ ਜੀ ਉਸ ਖੂਹ ਦੇ ਪਾਸ ਬੈਠ ਗਏ। ਖੂਹ ਵਾਹੁਣ ਵਾਲੇ ਨੇ ਉਨ੍ਹਾਂ ਨੂੰ ਵੇਖਿਆ ਤੇ ਮਨ ਵਿਚ ਕਹਿਣ ਲੱਗਾ, ''ਇਹ ਤਾਂ ਮੇਰੇ ਮਾਲਕ ਦੇ ਗੁਰੂ ਜੀ ਜਾਪਦੇ ਹਨ''॥ ੩੨॥

ਸਿੱਖ ਗੁਲਾਬਾ ਹੁਤੋ ਮਸੰਦ। ਤਿਸ ਕੋ ਕਾਮਾ ਬਾਗ਼ ਬਿਲੰਦ।
ਸਤਿਗੁਰ ਕੀ ਸੋ ਬਾਤ ਬਤਾਵਤਿ। 'ਕਾਛ ਕੇਸ਼ ਯੁਤ ਪੰਥ ਬਨਾਵਤਿ'॥ ੩੩॥

ਗੁਲਾਬਾ ਸਿੱਖ ਗੁਰੂ ਦਾ ਮਸੰਦ ਸੀ, ਉਸ ਦੇ ਵੱਡੇ ਬਾਗ਼ ਦਾ ਉਹ ਕਾਮਾ ਸੀ। ਗੁਲਾਬਾ ਸਤਿਗੁਰੂ ਜੀ ਦੀਆਂ ਗੱਲਾਂ ਉਸਨੂੰ ਦੱਸਦਾ ਹੁੰਦਾ ਸੀ, ''ਕੱਛ ਕੇਸਾਂ ਸਹਿਤ ਪੰਥ ਬਣਾ ਰਹੇ ਹਨ''॥ ੩੩॥

ਸੁਨੇ ਹੁਤੇ ਤਿਨ ਪਤੇ ਅਗਾਰੇ। ਅਨੁਮਾਨਤਿ ਸੋ ਚਿੰਨ੍ਹ ਨਿਹਾਰੇ।
ਮਮ ਖਾਵਦ ਜੋ ਪਤੇ ਬਤਾਏ। ਸੋ ਗੁਰ ਆਪ ਕਿ ਸਿਖ ਤਹਿ ਆਏ॥ ੩੪॥

ਉਸ ਨੇ ਗੁਰੂ ਜੀ ਬਾਰੇ ਪਹਿਲਾਂ ਹੀ ਗੱਲਾਂ ਸੁਣੀਆਂ ਸਨ, ਉਹੋ ਚਿੰਨ੍ਹ ਵੇਖ ਕੇ ਉਸ ਨੇ ਅੰਦਾਜ਼ਾ ਲਾ ਲਿਆ। ਮੇਰੇ ਮਾਲਕ ਨੇ ਜੋ ਪਤੇ ਦੱਸੇ ਹਨ, ਉਹ ਇਹ ਆਪ ਹੀ ਗੁਰੂ ਜੀ ਹਨ, ਜਾਂ ਉਨ੍ਹਾਂ ਦੇ ਸਿੱਖ ਏਥੇ ਆਏ ਹਨ॥ ੩੪॥

ਇਮ ਮਨ ਜਾਨਿ ਪਿਖੇ ਗੁਰ ਬੈਸੇ। ਤਜਿ ਕਰਿ ਕੂਪ ਚਲਤਿ ਕੋ ਤੈਸੇ।
ਧਾਇ ਸ਼ਿਤਾਬ ਗੁਲਾਬੇ ਪਾਸ। ਮਿਲਜੋ ਜਾਇ ਸੁਧਿ ਕਰੀ ਪ੍ਰਕਾਸ਼॥ ੩੫॥

ਇਹ ਮਨ ਵਿਚ ਜਾਣ ਕੇ ਬੈਠੇ ਹੋਏ ਗੁਰੂ ਜੀ ਨੂੰ ਵੇਖਿਆ। ਖੂਹ ਨੂੰ ਛੱਡ ਕੇ ਚਲ ਪਿਆ, ਭੱਜ ਕੇ ਗੁਲਾਬੇ ਪਾਸ ਪਹੁੰਚਿਆ ਤੇ ਉਸ ਨੂੰ ਮਿਲ ਕੇ ਸਾਰੀ ਖ਼ਬਰ ਸੁਣਾਈ॥ ੩੫॥

'ਸ੍ਰੀ ਗੁਰ ਆਪ ਕਿ ਸਿਖ ਗੁਰ ਕੇਰੇ। ਉਪਬਨ ਪ੍ਰਵਿਸ਼ੇ ਹੋਤਿ ਸਵੇਰੇ।
ਕੇਸ਼ ਕਾਛ ਤੁਮ ਜਥਾ ਬਤਾਵਤਿ। ਸਗਰੇ ਚਿੰਨ੍ਹ ਤਿਨਹੁਂ ਮਹਿਂ ਪਾਵਤਿ॥ ੩੬॥

"ਸ੍ਰੀ ਗੁਰੂ ਜੀ ਆਪ ਹਨ ਕਿ ਗੁਰੂ ਜੀ ਦੇ ਸਿੱਖ ਹਨ, ਹੁਣ ਸਵੇਰ ਵੇਲੇ ਬਾਗ਼ ਵਿਚ ਪ੍ਰਵੇਸ਼ ਹੋਏ ਹਨ। ਕੇਸ ਅਤੇ ਕੱਛ ਜਿਵੇਂ ਤੁਸੀਂ ਦੱਸੇ ਹਨ, ਸਾਰੇ ਚਿੰਨ੍ਹ ਉਨ੍ਹਾਂ ਵਿਚ ਪਾਏ ਜਾਂਦੇ ਹਨ॥ ੩੬॥

ਉਠਹੁ ਬਿਲੋਕਹੁ ਲਿਹੁ ਸੁਧਿ ਸਾਰੀ। ਚਲਿ ਕਰਿ ਪਰਖਹੁ ਕਰਹੁ ਚਿਨਾਰੀ'।
ਸੁਨਤਿ ਗੁਲਾਬਾ ਬਹੁ ਬਿਸਮਾਯੋ। ਉਠਿ ਤੂਰਨ ਘਰ ਤੇ ਚਲਿ ਆਯੋ॥ ੩੭॥

ਉਠੋ ਵੇਖ ਕੇ ਸਾਰੀ ਖ਼ਬਰ ਸਾਰ ਲਵੋ, ਚਲ ਕੇ ਪਰਖੋ ਤੇ ਪਛਾਣ ਕਰੋ।" ਗੁਲਾਬਾ ਇਹ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਤੁਰਤ ਘਰ ਤੋਂ ਚਲ ਕੇ ਆ ਗਿਆ॥ ੩੭॥

ਆਇ ਬਾਗ਼ ਮਹਿਂ ਕਹਾਂ ਨਿਹਾਰੇ। ਸ੍ਰੀ ਸਤਿਗੁਰ ਬੈਠੇ ਬਲਿ ਭਾਰੇ।
ਨਮੋ ਕਰੀ ਸਿਰ ਧਰਿ ਪਰਿ ਟੇਕਾ। ਪੁਨ ਬੂਝੇ ਪ੍ਰਭੁ ਜਲਧਿ ਬਿਬੇਕਾ॥ ੩੮॥

ਬਾਗ਼ ਵਿਚ ਆ ਕੇ ਕੀ ਵੇਖਦਾ ਹੈ, ਭਾਰੀ ਬਲਵਾਨ ਸਤਿਗੁਰੂ ਜੀ ਉਥੇ ਬੈਠੇ ਹਨ। ਉਸ ਨੇ ਨਮਸਕਾਰ ਕੀਤੀ ਤੇ ਧਰਤੀ ਤੇ ਮੱਥਾ ਟੇਕਿਆ, ਫਿਰ ਗਿਆਨ ਦੇ ਸਾਗਰ ਪ੍ਰਭੂ ਜੀ ਨੂੰ ਪੁੱਛਿਆ॥ ੩੮॥

'ਸੇਵਾ ਕਰਨ ਮੋਹਿ ਫੁਰਮਾਵਹੁ। ਅਭਿਲਾਖਹੁ, ਕਹਿ ਅਬੈ ਮੰਗਾਵਂਹੁ'।
ਸ੍ਰੀ ਮੁਖ ਤੇ ਤਿਹ ਸੰਗ ਉਚਾਰਾ। 'ਸੁੱਖਾ ਮਿਰਚਾਂ ਆਨਿ ਉਦਾਰਾ'॥ ੩੯॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੩੯॥

ਬਿਨਾ ਅਮਲ ਬਹੁ ਸਮਾ ਬਿਤੀਤਾ। ਪਾਨ ਕਰੈਂ ਹੁਲਸੈ ਤਬਿ ਚੀਤਾ'।
ਸੁਨਤਿ ਗੁਲਾਬਾ ਤੂਰਨ ਗਯੋ। ਜਾਇ ਬਜ਼ਾਰ ਖਰੀਦਨ ਕਿਯੋ॥ ੪੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੦॥

ਜਬਿ ਗੁਰ ਉਪਬਨ ਬੈਠੇ ਜਾਇ। ਕਾਮਾ ਗਮਨਜੋਂ ਪੁਰਿ ਸਹਿਸਾਇ।
ਖੁਸ਼ਕੀ ਅਰਕ ਦੂਧ ਤੇ ਹੋਈ। ਬਾਂਛਤਿ ਅਮਲ ਪਿਯਨਿ ਤੇ ਸੋਈ॥ ੪੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੧॥

ਬੂਝੇ ਤਬਿ ਭੀ ਸੰਗੀ ਤੀਨ। ਸੁੱਖਾ ਕਿਸ ਕੇ ਨਿਕਟ ਕਹੀ ਨ।
ਮਾਨ ਸਿੰਘ ਕੇ ਥੋ ਕੁਛ ਪਾਲੇ। ਸੁਨਿ ਕਰਿ ਗੁਰ ਤੇ ਖੋਲਿ ਨਿਕਾਲੇ॥ ੪੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੨॥

ਥੋਰਾ ਹੁਤੋ ਤਜਾਰ ਕਰਿ ਦਯੋ। ਤਿਖਾ ਸਹਿਤ ਸੋ ਪੀਵਨ ਕਯੋ।
ਹੁਇ ਪ੍ਰਸੰਨ ਬਰ ਦੇਵਤਿ ਜੋਵੈਂ। 'ਪੰਥ ਖਾਲਸੇ ਮਹਿਂ ਤੁਮ ਹੋਵੈਂ॥ ੪੩॥
ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੩॥

ਤੁਝ ਸਮ ਬੇਖ ਸੁਭਾਉ ਬਿਸਾਲੀ। ਨਾਮ ਨਿਹੰਗ ਅਨੇਕ ਅਕਾਲੀ।
ਇਸ ਪ੍ਰਕਾਰ ਇਕ ਘਟੀ ਬਿਤਾਈ। ਚਾਹ ਅਮਲ ਕੀ ਰਹੀ ਤਦਾਈ॥ ੪੪॥
ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੪॥

ਸਿੰਘਨਿ ਸਭਿਨਿ ਸੁਚੇਤਾ ਧਾਰੇ। ਆਨਨ ਪਾਨਨ ਪਾਇ ਪਖਾਰੇ।
ਕਰਤਿ ਪ੍ਰਤੀਖਨ ਮਾਦਕ ਲਜਾਵੈ। ਪਾਨ ਕਰੈਂ ਤ੍ਰਿਖ ਹਰਿ ਤ੍ਰਿਪਤਾਵੈਂ॥ ੪੫॥
ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੫॥

*ਛੇਵੀਂ ਰੁੱਤ ਦਾ ਚਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੪॥*

## ਅਧਿਆਇ ਪੰਜਤਾਲ੍ਹੀਵਾਂ

*ਮਾਛੀਵਾੜਾ, ਵਾਗੀ*

ਦੋਹਰਾ-ਸੁੱਖਾ ਮਿਰਚਾਂ ਤਜਾਰ ਕਰਿ ਲਜਾਇ ਗੁਲਾਬਾ ਪਾਸ।
ਪੂਰਿ ਕਟੋਰਾ ਅੱਗ੍ਰ ਧਰਿ ਗੁਰ ਉਠਾਇ ਤ੍ਰਿਖ ਨਾਸ਼॥ ੧॥
ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧॥

*ਨਿਸ਼ਾਨੀ ਛੰਦ*-ਸਰਦ ਨੀਰ ਬਰ ਪਾਨ ਤੇ ਸਭਿ ਪਜਾਸ ਬਿਨਾਸ਼ੀ।
ਅਰਕ ਦੁਘਧ ਕੋ ਦੂਰ ਅਮਲ, ਬਡ ਉਸ਼ਨ ਪ੍ਰਕਾਸ਼ੀ।
ਉਰ ਅਨੰਦ ਕਹੁ ਮਾਨ ਕਰਿ ਉਠਿ ਚਹਜੋ ਪਯਾਨਾ।
ਚਰਨ ਫਾਲਰੇ ਬਹੁ ਪਰੇ ਦੈਂ ਖੇਦ ਮਹਾਨਾ॥ ੨॥
ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧॥

ਮਾਨ ਸਿੰਘ ਬਲਵੰਤ ਤਬਿ ਬਲ ਸਾਥ ਉਠਾਏ।
ਗਏ ਸੌਚ ਹਿਤ ਕਰਨ ਕੇ ਤਟ ਸਲਿਤਾ ਥਾਏ।
ਬਡੀ ਝੀਲ ਬੇਲਾ ਖਰਜੋ ਨਹਿਂ ਦਿਖਤ ਨਜੀਕਾ।
ਕਾਹ, ਪਟੇਰਾ ਆਦਿ ਤ੍ਰਿਣ ਸੰਘਨ ਤਿਹ ਨੀਕਾ॥ ੩॥

ਬਲਵਾਨ ਮਾਨ ਸਿੰਘ ਨੇ ਫਿਰ ਗੁਰੂ ਜੀ ਨੂੰ ਸ਼ਕਤੀ ਨਾਲ ਆਪਣੇ ਮੋਢੇ 'ਤੇ ਚੁੱਕ ਲਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਸਤਲੁਜ ਨਦੀ ਦੇ ਕਿਨਾਰੇ ਵਾਲੇ ਸਥਾਨ ਤੇ ਪਹੁੰਚ ਗਏ। ਵੱਡੀ ਝੀਲ ਦੇ ਕਿਨਾਰੇ ਨੇੜੇ ਤੇੜੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ। ਕਾਹੀ, ਪਟੇਰਾ ਅਤੇ ਲੰਮਾ-ਲੰਮਾ ਘਾਹ ਬਹੁਤ ਸੰਘਣਾ ਖੜਾ ਸੀ॥ ੩॥

ਪ੍ਰਵਿਸ਼ੇ ਜਾਇ ਮਝਾਰ ਤਿਹ ਕਰਿ ਸੌਚ ਪਯਾਨੇ।
ਉਪਬਨ ਕੋ ਆਵਨ ਲਗੇ ਤ੍ਰਿਣ ਚੀਰ ਮਹਾਨੇ।
ਤਹਿਂ ਮਹਿਖੀ ਚਾਰਤਿ ਫਿਰਤਿ ਇਕ ਮੂਰਖ ਮਾਹੀ।
ਆਵਤਿ ਗੁਰੂ ਬਿਲੋਕਿ ਤਿਸ ਬਿਸਮਜੋ ਮਨ ਮਾਂਹੀ॥ ੪॥

ਸਤਿਗੁਰੂ ਜੀ ਸੌਚ ਕਰਨ ਵਾਸਤੇ ਉਸ ਦੇ ਵਿਚ ਪ੍ਰਵੇਸ਼ ਕਰ ਗਏ, ਫਿਰ ਬਹੁਤ ਵੱਡੇ-ਵੱਡੇ ਘਾਹ ਨੂੰ ਚੀਰ ਕੇ ਬਾਗ਼ ਵੱਲ ਆਉਣ ਲੱਗੇ। ਉਥੇ ਇਕ ਮੂਰਖ ਵਾਗੀ ਮੱਝਾਂ ਚਾਰਦਾ ਫਿਰਦਾ ਸੀ, ਉਹ ਗੁਰੂ ਜੀ ਨੂੰ ਆਉਂਦੇ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ॥ ੪॥

ਮਨ ਜਾਨੀ 'ਇਹ ਸਿੰਘ ਹੈਂ ਤਜਿ ਚਲੇ ਲਰਾਈ।
ਮੈਂ ਅਬਿ ਕਰੌਂ ਪੁਕਾਰ ਕੋ ਦੈ ਹੌਂ ਪਕਰਾਈ'।
ਇਮ ਨਿਸ਼ਚੈ ਕਰਿ ਊਚ ਧੁਨਿ ਮੁਖ ਬਾਕ ਪੁਕਾਰਾ।
'ਸਿੰਘ ਪਲਾਏ ਜਾਤਿ ਹੈਂ ਇਹ ਝੀਲ ਮਝਾਰਾ'॥ ੫॥

ਮਨ ਵਿਚ ਉਸ ਜਾਣਿਆ, "ਇਹ ਸਿੰਘ ਹਨ ਲੜਾਈ ਛੱਡ ਕੇ ਚੱਲੇ ਹਨ, ਮੈਂ ਹੁਣ ਪੁਕਾਰ ਕਰਾਂਗਾ ਤੇ ਇਨ੍ਹਾਂ ਨੂੰ ਫੜਵਾ ਦੇਵਾਂਗਾ।" ਇਸ ਪ੍ਰਕਾਰ ਨਿਸ਼ਚੇ ਕਰਕੇ ਮੁਖ ਵਿਚੋਂ ਪੁਕਾਰਿਆ, "ਇਸ ਝੱਲ ਵਿਚ ਸਿੰਘ ਭੱਜੇ ਜਾਂਦੇ ਹਨ"॥ ੫॥

ਸ੍ਰੀ ਗੁਰ ਬੋਲੇ 'ਧਰਮ ਸਿੰਘ ਇਹ ਜਾਨ ਨ ਪਾਵੈ।
ਗਹਿ ਆਨਹੁ ਮਤਿ ਮੰਦ ਕੋ ਨਹਿਂ ਰੌਰ ਉਠਾਵੈ'।
ਸੁਨਿ ਕੇਹਰਿ ਸਮ ਬੇਗ ਕਰਿ ਪਕਰਜੋ ਤਤਕਾਲਾ।
ਆਨਜੋ ਸਤਿਗੁਰ ਕੇ ਨਿਕਟ ਡਰ ਗਯੋ ਬਿਸਾਲਾ॥ ੬॥

ਇਹ ਸੁਣ ਕੇ ਸ੍ਰੀ ਗੁਰੂ ਜੀ ਬੋਲੇ, "ਹੇ ਧਰਮ ਸਿੰਘ! ਇਹ ਹੁਣ ਚਲਾ ਨਾ ਜਾਵੇ, ਇਸ ਮੂਰਖ ਮੱਤ ਵਾਲੇ ਨੂੰ ਫੜ ਕੇ ਲੈ ਆਵੋ ਤਾਂਕਿ ਰੌਲਾ ਨਾ ਪਾ ਸਕੇ।" ਇਹ ਸੁਣ ਕੇ ਧਰਮ ਸਿੰਘ ਨੇ ਸ਼ੇਰ ਵਰਗੀ ਫੁਰਤੀ ਨਾਲ ਤੁਰਤ ਫੜ ਲਿਆ। ਜਦ ਸਤਿਗੁਰੂ ਜੀ ਦੇ ਪਾਸ ਲਿਆਂਦਾ ਤਾਂ ਉਹ ਬਹੁਤ ਡਰ ਗਿਆ॥ ੬॥

'ਕਹੁ ਕੁੱਟਣ ਕੂਕਜੋ ਕਹਾਂ, ਕਜਾ ਲੇਹੁ ਪੁਕਾਰੀ?।
ਜੇ ਹਮ ਪਲਟਾ ਲੇਹਿਂ ਅਬਿ ਦੈਹੈਂ ਤੁਹਿ ਮਾਰੀ'।
ਸੁਨਿ ਮਾਹੀ ਕਰ ਜੋਰਿ ਕੈ ਮ੍ਰਿਦੁ ਬਾਕ ਉਚਾਰਾ।
'ਜਾਨਜੋਂ ਮੈਂ ਤੁਮ ਕੋ ਨਹੀਂ ਗੁਰ ਆਪ ਉਦਾਰਾ॥ ੭॥

"ਭੜੂਏ ਇਹ ਦੱਸ, ਕਿਉਂ ਕੂਕਿਆ ਸੀ, ਪੁਕਾਰ ਕਰਕੇ ਕੀ ਲਵੇਂਗਾ? ਜੇ ਅਸੀਂ ਬਦਲਾ ਲਈਏ ਤਾਂ ਹੁਣੇ ਤੈਨੂੰ ਮਾਰ ਦੇਵਾਂਗੇ।" ਇਹ ਸੁਣ ਕੇ ਵਾਗੀ ਨੇ ਹੱਥ ਜੋੜ ਕੇ ਮਿੱਠੇ ਬੋਲ ਬੋਲੇ, "ਮੈਂ ਤੁਹਾਨੂੰ ਨਹੀਂ ਜਾਣਿਆ ਹੈ, ਆਪ ਜੀ ਉੱਤਮ ਗੁਰੂ ਜੀ ਹੋ॥ ੭॥

ਸਿੰਘ ਕਹੂੰ ਕੇ ਜਾਤਿ ਹੈਂ ਇਮ ਜਾਨਿ ਪੁਕਾਰਾ।
ਛਿਮਹੁ ਅਬਹਿ ਨਹਿਂ ਬੋਲਿ ਹੌਂ ਪਿਖਿ ਦਰਸੁ ਤੁਹਾਰਾ।
ਗੁਰੂ ਕਮਰ ਖੰਜਰ ਤਬੈ ਤਿਸ ਕੇ ਕਰ ਦੀਨੋ।
ਹੀਰੇ ਜਰੇ ਜਰਾਵ ਮੈਂ ਜਿਹ ਕੀਮਤਿ ਪੀਨੋ॥ ੮॥

ਸਿੰਘ ਕਿਸੇ ਪਾਸੇ ਜਾ ਰਹੇ ਹਨ, ਇਹ ਜਾਣ ਕੇ ਪੁਕਾਰ ਕੀਤੀ ਸੀ, ਮੈਨੂੰ ਮੁਆਫ ਕਰੋ, ਹੁਣ ਨਹੀਂ ਬੋਲਾਂਗਾ, ਤੁਹਾਡੇ ਦਰਸ਼ਨ ਕਰ ਲਏ ਹਨ।'' ਗੁਰੂ ਜੀ ਨੇ ਉਸ ਸਮੇਂ ਕਮਰਕੱਸੇ ਵਿਚੋਂ ਇਕ ਖੰਜਰ ਕੱਢ ਕੇ ਉਸ ਦੇ ਹੱਥ ਵਿਚ ਦਿੱਤੀ, ਜਿਸ ਨੂੰ ਜੜਾਊ ਹੀਰੇ ਜੜੇ ਹੋਏ ਸਨ, ਜਿਸ ਦੀ ਕੀਮਤ ਬਹੁਤ ਵੱਡੀ ਸੀ॥ ੮॥

'ਪੁੱਤ੍ਰ ਪੌਤ੍ਰ ਲਗਿ ਸਦਨ ਮਹਿਂ ਕਰੀਅਹਿ ਗੁਜ਼ਰਾਨਾ।
ਬੇਚਹਿਂ ਕਈ ਹਜ਼ਾਰ ਕੋ ਧਨ ਪਾਇਂ ਮਹਾਨਾ।
ਨਹਿਂ ਬੋਲਹੁ, ਘਰ ਗਮਨ ਕਰਿ, ਛੋਰਹਿਂ ਅਬਿ ਤੋਹੀ'।
ਸੁਨਿ ਕਰਿ ਮਾਹੀ ਨਮੋ ਕਰਿ ਮੁਖ ਤੂਸ਼ਨਿ ਹੋਹੀ॥ ੯॥

''ਇਸ ਨੂੰ ਪੁੱਤਰ ਪੋਤਰਿਆਂ ਤਕ ਆਪਣੇ ਘਰ ਵਿਚ ਰੱਖ ਕੇ ਗੁਜ਼ਾਰਾ ਕਰੋ। ਜੇ ਵੇਚੇਂਗਾ ਤਾਂ ਕਈ ਹਜ਼ਾਰ ਦਾ ਮਹਾਨ ਧਨ ਪ੍ਰਾਪਤ ਹੋਵੇਗਾ। ਬੋਲੋ ਨਹੀਂ, ਆਪਣੇ ਘਰ ਜਾਵੋ, ਹੁਣ ਤੈਨੂੰ ਅਸੀਂ ਛੱਡਦੇ ਹਾਂ।'' ਇਹ ਸੁਣ ਕੇ ਵਾਗੀ ਨਮਸਕਾਰ ਕਰਕੇ, ਮੁਖ ਤੋਂ ਚੁੱਪ ਹੋ ਗਿਆ॥ ੯॥

ਆਇ ਬਿਰਾਜੇ ਬਾਗ ਮਹਿਂ ਦਿਨ ਸਕਲ ਬਿਤਾਯੋ।
ਸੰਧਯਾ ਸਮੈਂ ਬਿਲੋਕਿ ਕੈ ਜਬਿ ਰਵਿ ਅਸਤਾਯੋ।
ਆਇ ਗੁਲਾਬਾ ਸੰਗ ਲੇ ਗਮਨਜੋਂ ਘਰ ਮਾਂਹੀ।
ਹੁਤੋ ਚੁਬਾਰਾ ਸਦਨ ਪਰ ਨਵ ਚਿਨਜੋ ਤਦਾਹੀ॥ ੧੦॥

ਸਤਿਗੁਰੂ ਜੀ ਫਿਰ ਬਾਗ ਵਿਚ ਆ ਕੇ ਬਿਰਾਜ ਗਏ ਤੇ ਸਾਰਾ ਦਿਨ ਉਥੇ ਬਤੀਤ ਕੀਤਾ, ਸ਼ਾਮ ਸਮੇਂ ਜਦ ਇਹ ਵੇਖਿਆ ਕਿ ਸੂਰਜ ਡੁੱਬ ਗਿਆ ਹੈ ਤਾਂ ਗੁਲਾਬਾ ਆਪਣੇ ਨਾਲ ਆਪਣੇ ਘਰ ਲੈ ਗਿਆ, ਉਸ ਦੇ ਘਰ ਵਿਚ ਇਕ ਚੁਬਾਰਾ ਸੀ ਜਿਹੜਾ ਹਾਲੇ ਨਵਾਂ-ਨਵਾਂ ਹੀ ਬਣਾਇਆ ਸੀ॥ ੧੦॥

ਪ੍ਰਣ ਧਾਰਜੋ ''ਗੁਰ ਕੇ ਚਰਨ ਪੂਰਬ ਇਤ ਪਾਵੈਂ।
ਹਮ ਪੀਛੈ ਬਿਚ ਬਾਸਿ ਹੈਂ ਇਮ ਚਿਤ ਦ੍ਰਿੜਤਾਵੈ।
ਤਊ ਤੁਰਕ ਕੇ ਰਾਜ ਕਰਿ ਡਰਪੰਤਿ ਘਨੇਰੇ।
ਦੁਤਿਯ ਪੰਜਾਬਾ ਭ੍ਰਾਤ ਤਿਹ, ਲਾਚਾਰ ਬਡੇਰੇ॥ ੧੧॥

ਉਸ ਨੇ ਪ੍ਰਣ ਧਾਰਿਆ ਸੀ, ''ਪਹਿਲਾਂ ਸਤਿਗੁਰੂ ਜੀ ਚਲ ਕੇ ਆ ਕੇ ਇਸ ਚੁਬਾਰੇ ਵਿਚ ਆਪਣੇ ਚਰਨ ਪਾਉਣ, ਅਸੀਂ ਬਾਅਦ ਵਿਚ ਇਸ ਵਿਚ ਵੱਸਾਂਗੇ' ਇਸ ਪ੍ਰਕਾਰ ਚਿੱਤ ਵਿਚ ਦ੍ਰਿੜ੍ਹ ਕੀਤਾ ਸੀ। ਫਿਰ ਵੀ ਤੁਰਕ ਦਾ ਰਾਜ ਕਰਕੇ ਬਹੁਤ ਡਰਦੇ ਸਨ। ਦੂਸਰਾ ਪੰਜਾਬਾ ਉਸ ਦਾ ਭਰਾ ਹੈ, ਜਿਹੜਾ ਵੱਡਾ ਲਾਚਾਰ ਹੈ॥ ੧੧॥

ਸੁੰਦਰ ਏਕ ਪ੍ਰਯੰਕ ਤਬਿ ਮੰਦਰ ਮਹਿਂ ਡਾਸਾ।
ਕਰਜੋ ਬਿਠਾਵਨ ਸਤਿਗੁਰੂ ਆਚਰਜ ਬਿਲਾਸਾ।
ਖਾਨ ਪਾਨ ਸਭਿ ਬਿਧਿ ਕਰੇ ਨਿਸ ਮਹਿਂ ਸੁਪਤਾਏ।
ਪ੍ਰਾਤਿ ਉਠੇ ਕਰਿ ਸੋਚ ਕੋ ਜਲ ਘਨੋ ਅਨਾਏ॥ ੧੨॥

ਚੁਬਾਰੇ ਵਿਚ ਫਿਰ ਇਕ ਸੁੰਦਰ ਪਲੰਘ ਡੁਹਾਇਆ, ਫਿਰ ਸਤਿਗੁਰੂ ਜੀ ਨੂੰ ਉਸ ਉੱਤੇ ਬਿਠਾਇਆ ਜਿਨ੍ਹਾਂ ਦੇ ਅਸਚਰਜ ਵਿਲਾਸ ਹਨ। ਸਤਿਗੁਰੂ ਜੀ ਸਭ ਵਿਧੀਆਂ ਨਾਲ ਖਾ ਪੀ ਕੇ ਰਾਤ ਨੂੰ ਸੌਂ ਗਏ। ਸਵੇਰੇ ਸਵੱਖਤੇ ਉਠ ਪਏ ਤੇ ਸੋਚ ਇਸ਼ਨਾਨ ਵਾਸਤੇ ਬਹੁਤ ਜਲ ਮੰਗਵਾਇਆ॥ ੧੨॥

ਕਰੀ ਰਦਨਧਾਵਨ ਗੁਰੂ ਮੁਖ ਕਮਲ ਪਖਾਰਾ।
ਪੁਨ ਚੌਕੀ ਪਰ ਖਰੇ ਹੁਇ ਮੱਜਨ ਤਨ ਧਾਰਾ।
ਕਟ ਕੀ ਕਾਛ ਨਿਕਾਰ ਕਰਿ ਤਹਿਂ ਨੀਚੇ ਡਾਰੀ।
ਆੜਬੰਦ ਅੰਤਰ ਹੁਤੋ ਦਿਢ ਕਸਜੋ ਸੁਧਾਰੀ॥ ੧੩ ॥

ਗੁਰੂ ਜੀ ਨੇ ਦਾਤਣ ਕਰਕੇ ਆਪਣਾ ਕੰਵਲ ਮੁਖ ਧੋਤਾ, ਫਿਰ ਚੌਕੀ ਉੱਪਰ ਖੜੇ ਹੋ ਕੇ ਸਰੀਰ 'ਤੇ ਇਸ਼ਨਾਨ ਕੀਤਾ। ਫਿਰ ਕਮਰਕੱਸੇ ਵਾਲੀ ਕੱਛ ਕੱਢ ਕੇ ਤੇੜ ਪਾਈ, ਜਿਹੜਾ ਅੰਦਰਲਾ ਆੜਬੰਦ ਬੱਝਾ ਸੀ, ਉਹ ਲੰਮਾ ਪੈਂਡਾ ਕਰਨ ਕਰਕੇ ਕੱਸਿਆ ਗਿਆ ਸੀ, ਉਸ ਨੂੰ ਦੁਬਾਰਾ ਸੁਧਾਰ ਕੇ ਕੱਸਿਆ॥ ੧੩॥

ਸੋ ਆਮਿਖ ਮਹਿਂ ਖੁਭਿ ਰਹਜੋ ਜਮਿ ਸ਼ੋਣਿਤ ਸਾਥਾ।
ਰਹੇ ਨਿਕਾਸ ਨ ਨਿਕਸਤੋ ਐਂਚਜੋ ਗਹਿ ਹਾਥਾ।
ਤਬਹਿ ਗੁਲਾਬੇ ਕੋ ਕਹਜੋ, ਕਰਿ ਜਤਨ ਨਿਕਾਸੇ।
ਸਨੇ ਸਨੇ ਕਾਢਨ ਲਗਜੋ ਹ੍ਵੈ ਕੈ ਬਹੁ ਪਾਸੇ॥ ੧੪ ॥

ਉਹ ਆੜਬੰਦ ਮਾਸ ਵਿਚ ਖੁਭ ਗਿਆ ਸੀ ਤੇ ਖੂਨ ਦੇ ਨਾਲ ਜੰਮ ਗਿਆ ਸੀ। ਉਸ ਨੂੰ ਬਹੁਤ ਕੱਢ ਰਹੇ ਨਿਕਲਦਾ ਨਹੀਂ ਸੀ, ਫਿਰ ਹੱਥ ਨਾਲ ਫੜ ਕੇ ਖਿੱਚਿਆ। ਫਿਰ ਗੁਲਾਬੇ ਨੂੰ ਕਿਹਾ, ਯਤਨ ਕਰਕੇ ਇਸ ਨੂੰ ਕੱਢੋ, ਗੁਲਾਬਾ ਪਾਸੇ ਹੋ ਕੇ ਉਸ ਨੂੰ ਹੋਲੀ-ਹੋਲੀ ਕੱਢਣ ਲੱਗਾ॥ ੧੪॥

ਸ਼ੰਕਤ ਚਿਤ ਗੁਰ ਨਗਨ ਤੇ ਨਹਿਂ ਦ੍ਰਿਗ ਕਰਿ ਹੇਰੇ।
ਬਸਤ੍ਰ ਗਯੋ ਜਮ ਅਧਿਕ ਹੀ ਨਿਕਸਿ ਨ ਜਿਸ ਬੇਰੇ।
ਕਹਜੋ ਗੁਰੂ 'ਨਹਿਂ ਸ਼ੰਕ ਕਰਿ ਅਵਲੋਕਿ ਨਿਕਾਸੇ।
ਪਿਤ ਸੁਤ ਦੋਸ਼ ਨ ਨਗਨ ਕੋ ਨਹਿਂ ਕੀਜੇ ਸਾਂਸੋ' ॥ ੧੫ ॥

ਚਿੱਤ ਵਿਚ ਸ਼ੰਕਾ ਸੀ ਕਿ ਗੁਰੂ ਜੀ ਨੂੰ ਨੰਗਿਆਂ ਨੂੰ ਅੱਖਾਂ ਨਾਲ ਨਾ ਵੇਖ ਲਵਾਂ। ਉਸ ਨੇ ਵਸਤਰ ਨੂੰ ਫੜਿਆ, ਜਿਸ ਵੇਲੇ ਉਹ ਨਾ ਨਿਕਲਿਆ ਤਾਂ ਗੁਰੂ ਜੀ ਨੇ ਕਿਹਾ, "ਸ਼ੰਕਾ ਨਾ ਕਰੋ, ਵੇਖ ਕੇ ਕੱਢੋ। ਪਿਤਾ ਪੁੱਤਰ ਦੇ ਨਗਨ ਦਾ ਕੋਈ ਦੋਸ਼ ਨਹੀਂ ਹੁੰਦਾ, ਇਸ ਕਰਕੇ ਸ਼ੰਕਾ ਨਾ ਕਰੋ"॥ ੧੫॥

ਤਊ ਗੁਲਾਬਾ ਸ਼ੰਕਤੇ ਜਲ ਡਾਰਿ ਭਿਗੋਵੈ।
ਸਨੇ ਸਨੇ ਖਿਸਕਾਇ ਪਟ ਨਿਕਸਾਇ ਸੁ ਜੋਵੈ।
ਜੁਗਲ ਉਰੂ ਤੇ ਐਂਚਿ ਕਰਿ, ਕਰਿ ਕਰਿ ਪਟ ਗੀਲਾ।
ਨੀਠ ਨੀਠ ਕਾਢਨ ਕਰਜੋ ਪੁਨ ਪੁਨ ਕਰਿ ਢੀਲਾ॥ ੧੬ ॥

ਫਿਰ ਵੀ ਗੁਲਾਬਾ ਸ਼ੰਕਾ ਕਰਦਾ ਸੀ, ਪਾਣੀ ਪਾ ਕੇ ਕੱਪੜੇ ਨੂੰ ਗਿੱਲਾ ਕੀਤਾ ਤੇ ਹੋਲੀ-ਹੋਲੀ ਕੱਪੜੇ ਨੂੰ ਕੱਢ ਕੇ ਵੇਖਿਆ। ਕੱਪੜੇ ਨੂੰ ਦੋਵਾਂ ਪਾਸਿਆਂ ਤੋਂ ਗਿਲਾ ਕਰ-ਕਰ ਖਿਚਿਆ। ਫਿਰ ਢਿਲਾ ਕਰ-ਕਰ ਮਸੀਂ-ਮਸੀਂ ਕੱਢਿਆ॥ ੧੬॥

ਅਪਰ ਕਾਛ ਪਹਿਰੀ ਬਹੁਰ ਸਭਿ ਬਸਤ੍ਰ ਸਜਾਏ।
ਤਥਾ ਸ਼ਸਤ੍ਰ ਧਾਰਨ ਕਰੇ ਬੈਠੇ ਤਿਸ ਥਾਂਏ।
ਖਾਨ ਪਾਨ ਤੈਸੇ ਕਰਜੋ ਸੋ ਦਿਵਸ ਬਿਤਾਯੋ।
ਆਇ ਗੁਲਾਬੇ ਨਿਕਟ ਤਬਿ ਕਰ ਜੋਰਿ ਅਲਾਯੋ॥ ੧੭ ॥

ਗੁਰੂ ਜੀ ਨੇ ਕੱਛ ਤੇ ਹੋਰ ਸਾਰੇ ਵਸਤਰ ਸਜਾਏ, ਤਦ ਸ਼ਸਤਰ ਧਾਰਨ ਕਰਕੇ ਉਸ ਥਾਂ ਬੈਠ ਗਏ। ਪਹਿਲਾਂ ਵਾਂਗ ਖਾਣ ਪੀਣ ਕੀਤਾ ਤੇ ਸਾਰਾ ਦਿਨ ਬਤੀਤ ਕੀਤਾ। ਫਿਰ ਗੁਲਾਬੇ ਨੇ ਪਾਸ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੧੭॥

'ਮਹਾਰਾਜ! ਕਜਾ ਅਸਨ ਅਬਿ ਕਰਿਵਾਵੋਂ ਤਜਾਰਾ।
ਜਿਸ ਪਰ ਰੁਚਿ ਹੁਇ ਆਪ ਕੀ ਸੋ ਬਨਹਿ ਅਹਾਰਾ'।
ਕਰਨ ਪਾਰਖਾ ਤਿਨਹੁ ਕੀ ਗੁਰ ਹੁਕਮ ਬਖਾਨਾ।
'ਆਮਿਖ ਆਨਹੁਂ ਛਾਂਗ ਇਕ ਝਟਕੈਂ ਨਿਜ ਪਾਨਾ' ॥੧੮॥

'ਹੇ ਮਹਾਰਾਜ! ਕੈਸਾ ਭੋਜਨ ਖਾਉਗੇ ਅਤੇ ਕਦ ਤਿਆਰ ਕਰਵਾਵਾਂ, ਜਿਸ ਪ੍ਰਕਾਰ ਦੀ ਆਪ ਜੀ ਦੀ ਰੁਚੀ ਹੋਵੇ, ਉਸ ਪ੍ਰਕਾਰ ਦਾ ਭੋਜਨ ਤਿਆਰ ਕਰਵਾਵਾਂ।'' ਉਨ੍ਹਾਂ ਦੀ ਪਰਖ ਕਰਨ ਵਾਸਤੇ ਸਤਿਗੁਰੂ ਜੀ ਨੇ ਹੁਕਮ ਕੀਤਾ, ''ਇਕ ਬੱਕਰਾ ਲਿਆਵੋ, ਉਸ ਨੂੰ ਆਪਣੇ ਹੱਥੀ ਝਟਕਾਵਾਂਗੇ'' ॥ ੧੮॥

ਤਬਹਿ ਗੁਲਾਬੇ ਖੋਜਿ ਕੈ ਦੇ ਮੋਲ ਸੁ ਲਜਾਯੋ।
ਸ਼੍ਰੀ ਪ੍ਰਭੁ ਕੇ ਢਿਗ ਲੇ ਗਯੋ ਤਹਿਂ ਖਰੇ ਟਿਕਾਯੋ।
ਤੁਪਕ ਮਾਰਿ ਝਟਕਾ ਕਰਜੋ ਭਾ ਸ਼ਬਦ ਉਚੇਰੇ।
ਸੁਨਤਿ ਗੁਲਾਬਾ ਥਰਹਰਜੋ ਖਿਦਤੈ ਨਰ ਹੇਰੇ॥ ੧੯॥

ਤਦ ਗੁਲਾਬੇ ਨੇ ਖੋਜ ਕਰਕੇ ਮੁੱਲ ਦੇ ਕੇ ਇਕ ਬੱਕਰਾ ਲਿਆਂਦਾ ਤੇ ਸ੍ਰੀ ਗੁਰੂ ਜੀ ਦੇ ਪਾਸ ਲੈ ਗਿਆ ਤੇ ਖੜਾ ਕਰਕੇ ਟਿਕਾ ਦਿੱਤਾ। ਗੁਰੂ ਜੀ ਨੇ ਗੋਲੀ ਮਾਰ ਕੇ ਉਸ ਬੱਕਰੇ ਦਾ ਝਟਕਾ ਕੀਤਾ, ਜਿਸ ਨਾਲ ਬਹੁਤ ਉੱਚੀ ਆਵਾਜ਼ ਪੈਦਾ ਹੋਈ ਤਾਂ ਸੁਣ ਕੇ ਗੁਲਾਬਾ ਕੰਬ ਗਿਆ ਕਿ ਇਹ ਨਾ ਹੋਵੇ ਕਿ ਵੇਖਣ ਲਈ ਲੋਕ ਆ ਜਾਣ ਕਿ ਕਿਉਂ ਬੰਦੂਕ ਚਲੀ ਹੈ ਤਾਂ ਗੱਲ ਖੁਲ੍ਹ ਜਾਵੇਗੀ॥ ੧੯॥

ਇਕਿ ਦਿਸ਼ ਹੁਤੋ ਪੜੋਸ ਕੋ ਘਰ ਦਿਜ ਕੋ ਬਾਸਾ।
ਦੁਤਿਯ ਦਿਸ਼ਾ ਸੱਯਦ ਬਸੈ ਬਹੁ ਨਿਕਟ ਅਵਾਸਾ।
ਬਿੱਪ੍ਰ ਬਿਲੋਕੇ ਉਕਸਿਕੈ ਗੁਰ ਰੂਪ ਪਛਾਨੇ।
ਆਗੇ ਗਯੋ ਅਨੰਦਪੁਰਿ ਤਹਿਂ ਦਰਸ਼ਨ ਠਾਨੇ॥ ੨੦॥

ਗੁਲਾਬੇ ਦੇ ਪੜੋਸ ਵਿਚ ਇਕ ਘਰ ਵਿਚ ਬ੍ਰਾਹਮਣ ਰਹਿੰਦਾ ਸੀ ਤੇ ਦੂਸਰੇ ਪਾਸੇ ਇਕ ਸੱਯਦ ਨੇੜੇ ਰਹਿੰਦਾ ਸੀ। ਬ੍ਰਾਹਮਣ ਉੱਪਰ ਨੂੰ ਉੱਠ ਕੇ ਵੇਖਦਾ ਸੀ ਤੇ ਗੁਰੂ ਜੀ ਦੇ ਰੂਪ ਨੂੰ ਪਛਾਣਦਾ ਸੀ, ਇਕ ਵਾਰ ਅਨੰਦਪੁਰ ਜਾ ਕੇ ਉਸ ਗੁਰੂ ਜੀ ਦੇ ਦਰਸ਼ਨ ਕੀਤੇ ਸਨ॥ ੨੦॥

ਡਾਰਿ ਪਤਾਸੇ ਥਾਲ ਮਹਿਂ ਧਰਿ ਬੀਚ ਜਨੇਊ।
ਆਨਿ ਅਚਾਨਕ ਘਰ ਬਰਜੋ ਨਹਿਂ ਰੋਕਜੋ ਕੇਊ।
ਗੁਰ ਕੋ ਆਸ਼ਿਖ ਦੇਇ ਕਰਿ ਧਰਿ ਥਾਲ ਅਗਾਰੀ।
ਪੰਚ ਮੁਹਰ ਨਿਜ ਹਾਥ ਲੇ ਪ੍ਰਭੁ ਤਿਸ ਮਹਿਂ ਡਾਰੀ॥ ੨੧॥

ਬ੍ਰਾਹਮਣ ਨੇ ਇਕ ਥਾਲ ਵਿਚ ਪਤਾਸੇ ਪਾ ਕੇ ਵਿਚ ਜਨੇਊ ਰੱਖ ਲਿਆ ਤੇ ਅਚਾਨਕ ਆ ਕੇ ਘਰ ਵੜ ਗਿਆ ਤੇ ਉਸਨੂੰ ਕਿਸੇ ਵੀ ਨਾ ਰੋਕਿਆ। ਗੁਰੂ ਜੀ ਨੂੰ ਅਸੀਸ ਦੇ ਕੇ ਅੱਗੇ ਥਾਲ ਧਰ ਦਿੱਤਾ, ਸਤਿਗੁਰੂ ਜੀ ਨੇ ਪੰਜ ਮੁਹਰਾਂ ਲੈ ਕੇ ਥਾਲ ਵਿਚ ਧਰ ਦਿੱਤੀਆਂ॥ ੨੧॥

ਪੁਨ ਅਸੀਸ ਕੋ ਬਿੱਪ੍ਰ ਦੇ ਨਿਜ ਸਦਨ ਪਹੂਚਾ।
ਡਰੇ ਗੁਲਾਬ ਪੰਜਾਬ ਉਰ ਨਹਿਂ ਬੋਲਤਿ ਊਚਾ।
ਜਾਨ ਜਾਇ ਪੁਰਿ ਨਗਰ ਸਭਿ ਮੁਝ ਆਨਿ ਗਹੈ ਹੈਂ।
ਜਤਨ ਛੁਟਨ ਕੋ ਪੁਨ ਕਹਾਂ ਨਾਹਕ ਮਰਿ ਜੈਹੈਂ॥ ੨੨॥

ਫਿਰ ਅਸੀਸ ਦੇ ਕੇ ਬ੍ਰਾਹਮਣ ਆਪਣੇ ਘਰ ਪਹੁੰਚ ਗਿਆ। ਗੁਲਾਬਾ ਅਤੇ ਪੰਜਾਬਾ ਹਿਰਦੇ ਵਿਚ ਬਹੁਤ ਡਰ ਗਏ, ਉੱਚੀ ਨਹੀਂ ਸਨ ਬੋਲਦੇ। ਹੁਣ ਸਾਰਾ ਪਿੰਡ ਜਾਣ ਜਾਵੇਗਾ, ਫਿਰ ਮੈਨੂੰ ਆ ਕੇ ਫੜ ਲੈਣਗੇ, ਫਿਰ ਛੁਟਕਾਰੇ ਦਾ ਕੋਈ ਯਤਨ ਵੀ ਨਹੀਂ ਹੋ ਸਕੇਗਾ, ਫਜ਼ੂਲ ਵਿਚ ਮੈਂ ਮਾਰਿਆ ਜਾਵਾਂਗਾ॥ ੨੨॥

ਆਮਿਖ ਕੋ ਕਰਿ ਪਾਕ ਤਬਿ ਆਛੇ ਸੁਧਰਾਯੋ।
ਖਲਰੀ ਚਾਰੋਂ ਚਰਨ ਅਜ ਇਕ ਥਾਨ ਟਿਕਾਯੋ।
ਕਿਤਿਕ ਸਮੈਂ ਬੀਤਯੋ ਜਬੈ ਇਕ ਨਿਕਟ ਮਸੀਤਾ।
ਕਾਜ਼ੀ ਬਾਂਗ ਪੁਕਾਰ ਕਰਿ ਬੋਲਯੋ ਨਿਰਭੀਤਾ॥ ੨੩॥

ਮਾਸ ਨੂੰ ਫਿਰ ਪਕਾ ਕੇ ਚੰਗੀ ਤਰ੍ਹਾਂ ਸੁਧਾਰਿਆ। ਬੱਕਰੇ ਦੀ ਖੱਲ ਤੇ ਚਾਰੇ ਖਰੌੜੇ ਇਕੱਠੇ ਕਰਕੇ ਇਕ ਥਾਂ ਰੱਖ ਦਿੱਤੇ॥ ਜਦ ਕੁਝ ਸਮਾਂ ਬੀਤ ਗਿਆ ਤਾਂ ਘਰ ਦੇ ਨੇੜੇ ਹੀ ਇਕ ਮਸੀਤ ਸੀ। ਉਥੇ ਕਾਜ਼ੀ ਬਾਂਗ ਦੇ ਕੇ ਨਿਰਭੈ ਹੋ ਕੇ ਬੋਲਿਆ॥੨੩॥

ਸੁਨਿ ਸਤਿਗੁਰ ਉਠਿ ਪਲੰਘ ਤੈ ਲੇ ਖਲਰੀ ਛਾਂਗਾ।
ਪਗ ਸਿਰ ਬੀਚ ਲਪੇਟ ਕਰਿ ਗਮਨੇ ਤਿਤ ਆਗਾ।
ਕੋਸ਼ਠ ਕੋਸ਼ਠ ਗਨ ਉਲਾਂਘਿ ਪਹੁਂਚੇ ਤਹਿਂ ਜਾਈ।
ਖਰੋ ਪੁਕਾਰਤਿ ਬਾਂਗ ਜਹਿਂ ਊਚੇ ਬਲ ਲਾਈ॥ ੨੪॥

ਫਿਰ ਸਤਿਗੁਰੂ ਜੀ ਪਲੰਘ ਤੋਂ ਉੱਠ ਕੇ ਬੱਕਰੇ ਦੀ ਖੱਲ ਲੈ ਕੇ, ਉਸ ਵਿਚ ਖਰੌੜੇ ਅਤੇ ਸਿਰ ਨੂੰ ਲਪੇਟ ਕੇ ਉਸ ਕਾਜ਼ੀ ਦੇ ਅੱਗੇ ਚਲੇ ਗਏ। ਕੋਠੇ-ਕੋਠੇ ਸਾਰੇ ਲੰਘ ਕੇ ਉਸ ਥਾਂ ਪਹੁੰਚ ਗਏ, ਜਿੱਥੇ ਕਾਜ਼ੀ ਬੜੀ ਉੱਚੀ ਆਵਾਜ਼ ਵਿਚ ਬਾਂਗ ਦੇ ਰਿਹਾ ਸੀ॥ ੨੪॥

ਤਿਸ ਕੇ ਸਿਰ ਕੋ ਤਾਕ ਕਰਿ ਮਾਰੀ ਤਤਕਾਲਾ।
ਪਗੀਆ ਉਤਰੀ ਧਰਿ ਪਰੀ ਭਾ ਕਸ਼ਟ ਬਿਸਾਲਾ।
ਕੋਸ਼ਠ ਕੋਸ਼ਠ ਪੰਥ ਜੋ ਗੁਰ ਪਹੁਂਚੇ ਆਈ।
ਇਤ ਉਤ ਕਾਜ਼ੀ ਦੇਖਿਕੈ ਬਡ ਰੋਰ ਉਠਾਈ॥ ੨੫॥

ਕਾਜ਼ੀ ਦੇ ਸਿਰ ਦਾ ਨਿਸ਼ਾਨ ਬੰਨ੍ਹ ਕੇ ਖੱਲ ਖਰੋੜਿਆਂ ਅਤੇ ਸਿਰ ਸਹਿਤ, ਕਾਜ਼ੀ ਦੇ ਮਾਰੀ। ਉਸ ਦੀ ਪੱਗ ਉੱਤਰ ਕੇ ਧਰਤੀ 'ਤੇ ਡਿੱਗ ਪਈ ਤੇ ਉਸ ਨੂੰ ਬਹੁਤ ਕਸ਼ਟ ਹੋਇਆ। ਫਿਰ ਕੋਠੇ-ਕੋਠੇ ਹੋ ਕੇ ਗੁਰੂ ਜੀ ਚੁਬਾਰੇ ਵਿਚ ਪਹੁੰਚ ਗਏ। ਕਾਜ਼ੀ ਨੇ ਏਧਰ ਓਧਰ ਵੇਖ ਕੇ ਬਹੁਤ ਰੌਲਾ ਪਾਇਆ॥ ੨੫॥

ਹਤਨਹਾਰ ਦੇਖਯੋ ਨਹੀਂ ਤੂਸ਼ਨ ਮੁਖਧਾਰੀ।
ਬਿਸਮਾਨਯੋਂ ਚਿਤਵਤਿ ਭਯੋ ਨਭ ਤੇ ਕਿਨ ਮਾਰੀ।
ਖਲਰੀ ਵਹਿਰ ਮਸੀਤ ਤੇ ਤਤਕਾਲ ਬਗਾਈ।
ਮਾਰਿ ਖਾਇ ਮਤਿਮੰਦ ਤਬਿ ਪੁਨ ਮੋਨ ਰਹਾਈ॥ ੨੬॥

ਜਦ ਉਸ ਨੇ ਕੋਈ ਵੀ ਮਾਰਨ ਵਾਲਾ ਨਾ ਵੇਖਿਆ ਤਾਂ ਚੁੱਪ ਹੋ ਗਿਆ। ਹੈਰਾਨ ਹੋ ਕੇ ਚਿੱਤ ਵਿਚ ਸੋਚਣ ਲੱਗਾ, "ਅਕਾਸ਼ ਤੋਂ ਖੱਲ ਕਿਸ ਨੇ ਮਾਰੀ ਹੈ। ਉਸ ਖੱਲ ਨੂੰ ਫਿਰ ਉਸ ਤੁਰਤ ਮਸੀਤ ਤੋਂ ਬਾਹਰ ਸੁੱਟ ਦਿੱਤਾ। ਮਾੜੀ ਮੱਤ ਵਾਲਾ ਮਾਰ ਖਾ ਕੇ ਚੁੱਪ ਧਾਰ ਗਿਆ॥ ੨੬॥

ਭੂਲਜੋ ਬਾਂਗ ਨਿਵਾਜ਼ ਕੋ ਨਿਜ ਸਦਨ ਸਿਧਾਰਾ।
ਇਤ ਸਤਿਗੁਰ ਅਚਵਨ ਲਗੇ ਭਾ ਤਯਾਰ ਅਹਾਰਾ।
ਛਾਂਗ ਮਾਸ ਕੋ ਅਚਵਤੇ ਤਿਸ ਅਸਥਿ ਬਗਾਵੈਂ।
ਦਿਜ ਅਰੁ ਸੱਯਦ ਕੇ ਸਦਨ ਗਿਰ ਨਾਦ ਉਠਾਵੈਂ॥੨੭॥

ਕਾਜ਼ੀ ਫਿਰ ਬਾਂਗ ਨਿਮਾਜ਼ ਨੂੰ ਭੁੱਲ ਕੇ ਆਪਣੇ ਘਰ ਚਲਾ ਗਿਆ, ਏਧਰ ਸਤਿਗੁਰੂ ਤਿਆਰ ਹੋਇਆ ਭੋਜਨ ਖਾਣ ਲੱਗੇ। ਬੱਕਰੇ ਦਾ ਮਾਸ ਖਾਂਦੇ ਸਨ ਤੇ ਉਸ ਦੀਆਂ ਸੰਘੀਆਂ ਬ੍ਰਾਹਮਣ ਅਤੇ ਸਯੱਦ ਦੇ ਘਰ ਸੁੱਟੀ ਜਾਂਦੇ ਸਨ, ਜਿਨ੍ਹਾਂ ਦੇ ਸੁੱਟਣ ਨਾਲ ਖੜਾਕ ਪੈਦਾ ਹੁੰਦਾ ਸੀ॥ ੨੭॥

ਬਿੱਪ੍ਰ ਬਿਲੋਕੇ ਜਾਨਿ ਸਭਿ ਨਹਿਂ ਕਛੂ ਉਚਾਰੀ।
ਦੇਖਤਿ ਸੱਯਦ ਬਹੁ ਰਿਸਜੋ ਬੋਲਤਿ ਦੇ ਗਾਰੀ।
'ਸੁਨਹੁ ਗੁਲਾਬੇ! ਮੰਦਮਤਿ ਹਮ ਪਰਦਾ ਢਾਕਾ।
ਸਿੰਘ ਦੁਰਾਏ ਸਦਨ ਮਹਿਂ ਤੁਝ ਭੈ ਨਹਿਂ ਕਾਂ ਕਾ॥੨੮॥

ਬ੍ਰਾਹਮਣ ਵੇਖ ਕੇ ਸਭ ਕੁਝ ਜਾਣਦਾ ਸੀ, ਇਸ ਕਰਕੇ ਕੁਝ ਵੀ ਬੋਲਦਾ ਨਹੀਂ ਸੀ। ਇਹ ਵੇਖ ਕੇ ਸੱਯਦ ਬਹੁਤ ਗੁੱਸੇ ਵਿਚ ਆਇਆ ਤੇ ਬੋਲ ਕੇ ਗਾਲ੍ਹਾਂ ਕੱਢਦਾ ਸੀ, "ਹੇ ਗੁਲਾਬੇ! ਸੁਣੋ, ਅਸੀਂ ਮਾੜੀ ਮੱਤ ਵਾਲਿਆਂ ਨੇ ਪੜਦਾ ਢੱਕਿਆ ਸੀ, ਆਪਣੇ ਘਰ ਵਿਚ ਸਿੰਘ ਲੁਕਾਏ ਹਨ, ਤੈਨੂੰ ਕਿਉਂ ਕਿਸੇ ਗੱਲ ਦਾ ਕੋਈ ਭੈ ਨਹੀਂ ਹੈ?॥ ੨੮॥

ਹੋਨੇ ਦੇਹੁ ਪ੍ਰਭਾਤ ਕੋ ਹਮ ਜਾਇ ਪੁਕਾਰੈਂ।
ਪਾਤਿਸ਼ਾਹ ਕੇ ਲਜਾਇਂ ਨਰ ਘਰ ਤੋਹਿ ਦਿਖਾਰੈਂ।
ਪੇਟ ਚਾਕ ਤੁਵ ਕੁਟੰਬ ਕੋ ਗਹਿ ਸੋ ਕਰਿਵਾਵੈਂ।
ਹਮਰੇ ਘਰ ਮਹਿਂ ਅਸਥਿ ਇਹ ਨਿਰਭੈ ਗਿਰਵਾਵੈਂ'॥੨੯॥

ਸਵੇਰ ਹੋ ਲੈਣ ਦੇਵੋ, ਅਸੀਂ ਪੁਕਾਰ ਕਰਾਂਗੇ, ਬਾਦਸ਼ਾਹ ਦੇ ਬੰਦੇ ਲਿਆ ਕੇ, ਤੁਹਾਡਾ ਘਰ ਵਿਖਾਵਾਂਗੇ। ਤੇਰੇ ਪਰਿਵਾਰ ਨੂੰ ਫੜ ਕੇ ਉਨ੍ਹਾਂ ਦੇ ਪੇਟ ਪਾੜ ਦੇਣਗੇ। ਸਾਡੇ ਘਰ ਵਿਚ ਇਹ ਸਿੰਘ ਸੰਘੀਆਂ ਨਿਰਭੈ ਹੋ ਕੇ ਸੁੱਟਦੇ ਹਨ"॥ ੨੯॥

ਤਬਹਿ ਗੁਲਾਬ ਪੰਜਾਬ ਡਰਿ ਤਿਨ ਢਿਗ ਕਰ ਜੋਰੇ।
'ਕਰਹੁ ਛਿਮਾ ਤੁਮ ਆਜ ਕੀ ਇਹ ਗਮਨੈਂ ਭੋਰੇ।
ਸਦਾ ਪੜੋਸੀ ਬਸਹੁ ਢਿਗ ਇਹ ਕਰਹੁ ਅਸਾਨਾ।
ਹਮ ਅਧੀਨ ਤੁਮਰੇ ਰਹੈਂ ਹਹੁ ਪੀਰ ਮਹਾਨਾ'॥ ੩੦॥

ਤਬ ਗੁਲਾਬੇ ਅਤੇ ਪੰਜਾਬੇ ਨੇ ਡਰ ਕੇ ਉਨ੍ਹਾਂ ਅੱਗੇ ਹੱਥ ਜੋੜੇ, "ਅੱਜ ਦੀ ਤੁਸੀਂ ਮੁਆਫੀ ਦੇਵੋ ਸਵੇਰ ਹੁੰਦਿਆਂ ਇਹ ਚਲੇ ਜਾਣਗੇ। ਸਦਾ ਪੜੋਸੀਆਂ ਨੇ ਇਕ ਦੂਸਰੇ ਦੇ ਪਾਸ ਰਹਿਣਾ ਹੈ, ਅਸੀਂ ਸਦਾ ਤੁਹਾਡੇ ਅਧੀਨ ਰਹਿੰਦੇ ਹਾਂ, ਤੁਸੀਂ ਮਹਾਨ ਪੀਰ ਹੋ"॥ ੩੦॥

ਨਹਿਂ ਬਰਜੇ ਤੇ ਜਬਿ ਹਟੇ ਗੁਰ ਮੁਹਰ ਬਗਾਈ।
ਪਰੀ ਸਦਨ ਮਹਿਂ ਦੇਖਿਕੈ ਬੀਨਤਿ ਸਮੁਦਾਈ।
ਅਧਿਕ ਦਰਬ ਕੇ ਲੋਭ ਮਹਿਂ ਲੇ ਤੂਸ਼ਨਿ ਹੋਏ।
ਨਹਿਂ ਉਕਸੇ ਬੋਲੇ ਨ ਪੁਨ ਪਰਿ ਘਰ ਮਹਿਂ ਸੋਏ॥ ੩੧॥

ਵਰਜਣ ਨਾਲ ਜਦ ਨਾ ਹੱਟੇ ਤਾਂ ਗੁਰੂ ਜੀ ਨੇ ਸੱਜ ' ਦੇ ਘਰ ਮੁਹਰਾਂ ਸੁੱਟੀਆਂ। ਸੱਜਦ ਨੇ ਘਰ ਵਿਚ ਮੁਹਰਾਂ ਪਈਆਂ ਵੇਖ ਕੇ ਚੁਣ ਲਈਆਂ। ਧਨ ਦਾ ਬਹੁਤ ਲੋਭ ਕਰਕੇ ਚੁੱਪ ਹੋ ਗਿਆ। ਫਿਰ ਨਾ ਉਕਸਿਆ ਅਤੇ ਨਾ ਹੀ ਬੋਲਿਆ, ਘਰ ਵਿਚ ਪੈ ਕੇ ਸੁੱਤਾ ਰਿਹਾ॥ ੩੧॥

ਇੱਤਜਾਦਿਕ ਕਹਿ ਲੋਭ ਦੇ ਰਿਸ ਤਿਨਹੁਂ ਬਿਨਾਸ਼ੀ।
ਘਰ ਮਹਿਂ ਬਰ ਮਸਲਤ ਕਰੀ ਨਰ ਨਾਰਿਨਿ ਤ੍ਰਾਸੀ।
'ਬਡੀ ਨਿਸਾ ਤੇ ਆਜ ਉਠਿ ਗੁਰ ਰੁਖਸਦ ਕੀਜੈ।
ਛਪੇ ਰਹੈਂ ਨਹਿਂ ਡਰ ਰਹੈਂ, ਤੁਮ ਆਪ ਬਚੀਜੈ'॥ ੩੨॥

ਇਸ ਪ੍ਰਕਾਰ ਲੋਭ ਦੇ ਕੇ ਉਨ੍ਹਾਂ ਦਾ ਗੁੱਸਾ ਦੂਰ ਕੀਤਾ। ਗੁਲਾਬੇ ਦੇ ਘਰ ਦੇ ਮਨੁੱਖ ਤੇ ਇਸਤਰੀਆਂ ਨੇ ਡਰੀਆਂ ਹੋਈਆਂ ਨੇ ਫਿਰ ਸਲਾਹ ਕੀਤੀ। ਅੱਜ ਵੱਡੀ ਰਾਤ ਰਹਿੰਦਿਆਂ ਹੀ ਗੁਰੂ ਜੀ ਨੂੰ ਆਪਣੇ ਘਰ ਤੋਂ ਰੁਖਸਤ ਕਰੀਏ। ਨਾ ਇਹ ਛੁੱਪ ਕੇ ਰਹਿੰਦੇ ਹਨ ਤੇ ਨਾ ਹੀ ਕਿਸੇ ਪਾਸੋਂ ਡਰਦੇ ਹਨ, ਤੁਸੀਂ ਆਪਣੇ ਆਪ ਨੂੰ ਬਚਾਉ''॥ ੩੨॥

ਇੱਤਜਾਦਿਕ ਗਿਣਤੀ ਗਿਨੀ ਸਭਿ ਧੀਰਜ ਖੋਈ।
ਦੇਤਿ ਕਸੌਟੀ ਗੁਰੂ ਜੀ ਸਹਿ ਸਕੈ ਨ ਕੋਈ।
ਗੁਰ ਪ੍ਰਸਾਦਿ ਛਕਿ ਲੀਨ ਤਬਿ ਜਲ ਪਾਨ ਪਖਾਰੇ।
ਥਿਰ ਪ੍ਰਯੰਕ ਪਰ ਗੁਰ ਭਏ ਕਿਸ ਤ੍ਰਾਸ ਨ ਧਾਰੇ॥ ੩੩॥

ਇਸ ਪ੍ਰਕਾਰ ਗਿਣਤੀਆਂ ਗਿਣ ਕੇ ਸਭ ਧੀਰਜ ਗਵਾ ਬੈਠੇ, ਗੁਰੂ ਜੀ ਜਿਹੜੀ ਕਸੌਟੀ ਤੇ ਲਾਉਂਦੇ ਹਨ, ਉਹ ਕਸੌਟੀ ਕੋਈ ਵੀ ਸਹਿ ਨਹੀਂ ਸਕਦਾ ਹੈ। ਗੁਰੂ ਜੀ ਨੇ ਜਦ ਪ੍ਰਸ਼ਾਦਿ ਛੱਕ ਲਿਆ ਤਾਂ ਹੱਥ ਪੈਰ ਧੋਤੇ। ਫਿਰ ਗੁਰੂ ਜੀ ਪਲੰਘ ਉੱਪਰ ਬੈਠ ਗਏ, ਕਿਸੇ ਪ੍ਰਕਾਰ ਦਾ ਵੀ ਡਰ ਧਾਰਨ ਨਹੀਂ ਕਰਦੇ ਸਨ॥ ੩੩॥

*ਛੇਵੀਂ ਰੁੱਤ ਦਾ ਪੰਜਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੫॥*

## *ਅਧਿਆਇ ਛਤਾਲ੍ਹੀਵਾਂ*

### *ਉੱਚ ਦੇ ਪੀਰਾਂ ਦੇ ਪੀਰ*

ਦੋਹਰਾ-ਪਸਰੀ ਸੇਨਾ ਤੁਰਕ ਕੀ ਚਹੁਂ ਦਿਸ਼ ਮਹਿਂ ਪੁਰਿ ਗ੍ਰਾਮ।
ਦਸ ਹਜ਼ਾਰ ਪਹੁਂਚਜੇ ਇਤੇ ਗੁਰ ਖੋਜਨਿ ਕੇ ਕਾਮ॥ ੧॥

ਤੁਰਕਾਂ ਦੀ ਸੈਨਾ ਚਾਰੇ ਪਾਸੇ ਨਗਰਾਂ, ਪਿੰਡਾਂ ਵਿਚ ਫੈਲ ਗਈ। ਗੁਰੂ ਜੀ ਦੀ ਖੋਜ ਵਾਸਤੇ ਦਸ ਹਜ਼ਾਰ ਲਸ਼ਕਰ ਏਧਰ ਵੀ ਪਹੁੰਚ ਗਿਆ॥ ੧॥

ਸੈਯਾ ਛੰਦ-ਨਬੀ ਗ਼ਨੀ ਖਾਂ ਤਿਸ ਹੀ ਦਲ ਮਹਿਂ ਗੁਰ ਕੀ ਤਨਕ ਭਨਕ ਸੁਨਿ ਕਾਨ।
ਖੋਜਤਿ ਪੁਰਿ ਮਹਿਂ ਇਤ ਘਰ ਫਿਰ ਦੁਰ ਦੁਰ ਸਭਿ ਤੇ ਚਹਿਤ ਪਛਾਨ।
ਆਗੇ ਗੁਰ ਢਿਗ ਰਹੇ ਬਹੁਤ ਚਿਰ ਬੇਚੇ ਆਨਿ ਮਹਾਨ ਕਿਕਾਨ।
ਕੁਛਕ ਚਾਕਰੀ ਭੀ ਤਬਿ ਕੀਨੀ ਲੀਨਿ ਦਰਬ ਕੋ ਕਰਿ ਗੁਜ਼ਰਾਨ॥੨॥

ਨਬੀ ਖਾਂ ਗ਼ਨੀ ਖਾਂ ਵੀ ਉਸੇ ਦਲ ਵਿਚ ਸਨ, ਉਹ ਗੁਰੂ ਜੀ ਦੀ ਕਨਸੋ ਆਪਣੇ ਕੰਨਾਂ ਨਾਲ ਸੁਣ ਕੇ ਥਾਂ-ਥਾਂ ਲੱਭਦੇ ਫਿਰਦੇ ਸਨ, ਘਰ-ਘਰ ਫਿਰ ਕੇ, ਲੁਕ ਲੁਕ ਕੇ ਗੁਰੂ ਜੀ ਦੀ ਪਛਾਣ ਚਾਹੁੰਦੇ ਸਨ। ਪਹਿਲਾਂ ਬਹੁਤ ਦੇਰ ਗੁਰੂ ਜੀ ਪਾਸ ਰਹੇ ਸਨ, ਗੁਰੂ ਜੀ ਪਾਸ ਲਿਆ ਕੇ ਘੋੜੇ ਵੇਚਿਆ ਕਰਦੇ ਸਨ। ਉਸ ਸਮੇਂ ਗੁਰੂ ਜੀ ਪਾਸ ਨੌਕਰੀ ਵੀ ਕੀਤੀ ਤੇ ਧਨ ਲੈ ਕੇ ਗੁਜ਼ਾਰਾ ਕਰਦੇ ਸਨ॥ ੨॥

ਸਿਮਰਨ ਸਮੈਂ ਕਰਯੋ ਸੋ ਮਨ ਮਹਿਂ ਚਾਹਯੋ ਚਿਤ ਮਹਿਂ ਭਲੋ ਬਿਚਾਰ।
ਹਮ ਤੇ ਸਰੈ ਸੇਵ ਸਤਿਗੁਰ ਕੀ ਯਾਂ ਤੇ ਨੀਕੀ ਅਪਰ ਨ ਕਾਰ।
ਸਦਨ ਗੁਲਾਬੇ ਕੇ ਤਬਿ ਆਏ ਸੁਨਿ ਸ੍ਰੀ ਪ੍ਰਭੂ ਨੇ ਲੀਏ ਹਕਾਰ।
ਦਰਸ਼ਨ ਤੇ ਅਭਿਬੰਦਨ ਕਰਿਕੈ ਬੈਠਿ ਗਏ ਢਿਗ ਕੀਨਿ ਉਚਾਰ॥੩॥

ਯਾਦ ਕਰਦੇ ਸਮੇਂ ਮਨ ਵਿਚ ਚਾਹਿਆ ਕਿ ਚਿੱਤ ਵਿਚ ਭਲਾ ਵਿਚਾਰਿਆ ਹੈ ਜੇ ਸਾਡੇ ਪਾਸੋਂ ਸਤਿਗੁਰੂ ਜੀ ਦੀ ਕੁਝ ਸੇਵਾ ਹੋ ਸਕੇ, ਇਸ ਨਾਲੋਂ ਹੋਰ ਕੋਈ ਵੱਡੀ ਕਾਰ ਨਹੀਂ ਹੈ। ਨਬੀ ਖਾਂ ਗਨੀ ਖਾਂ ਫਿਰ ਗੁਲਾਬੇ ਦੇ ਘਰ ਆਏ ਤੇ ਜਦ ਗੁਰੂ ਜੀ ਨੂੰ ਉਨ੍ਹਾਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਦੋਵਾਂ ਨੂੰ ਆਪਣੇ ਪਾਸ ਬੁਲਾ ਲਿਆ। ਦਰਸ਼ਨ ਕਰਕੇ ਦੋਵਾਂ ਨੇ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਦੇ ਪਾਸ ਬੈਠ ਕੇ ਕਹਿਣ ਲੱਗੇ॥ ੩॥

'ਹਮ ਰਾਵਰ ਕੇ ਚਾਕਰ ਤਿਮ ਹੀ ਜਿਮ ਆਗੇ ਤੁਮ ਕਰਤੇ ਕਾਰ।
ਅਬਿ ਜੋ ਉਚਿਤ ਹੋਇ ਫੁਰਮਾਵਹੁ ਕਰਹਿਂ ਸੁ ਹਮ ਨਹਿਂ ਕੋ ਤਕਰਾਰ'।
ਸੁਨਿ ਗੁਰ ਭਨਯੋ 'ਰਹਹੁ ਢਿਗ ਹਮਰੇ, ਗਮਨਹਿਂ ਸੰਗ ਚਲੋ ਹਿਤ ਧਾਰਿ।
ਜਬਿ ਹਮ ਖ਼ੁਸ਼ੀ ਦੇਹਿਂ ਤਬਿ ਹਟੀਅਹਿ, ਕਾਰਜ ਇਹੀ ਦਿਵਸ ਦੋ ਚਾਰ' ॥੪॥

"ਅਸੀਂ ਆਪ ਜੀ ਦੇ ਪਹਿਲਾਂ ਵਾਂਗ ਹੀ ਨੌਕਰ ਹਾਂ, ਜਿਵੇਂ ਪਹਿਲਾਂ ਤੁਹਾਡਾ ਕਾਰਜ ਕਰਦੇ ਸੀ। ਹੁਣ ਜਿਵੇਂ ਵੀ ਉਚਿਤ ਹੋਵੇ ਕਹੋ, ਅਸੀਂ ਉਸ ਤਰ੍ਹਾਂ ਹੀ ਕਰਾਂਗੇ, ਸਾਡੇ ਵਲੋਂ ਕਿਸੇ ਪ੍ਰਕਾਰ ਵੀ ਇਨਕਾਰ ਨਹੀਂ ਹੈ।" ਇਹ ਸੁਣਕੇ ਗੁਰੂ ਜੀ ਨੇ ਕਿਹਾ, "ਸਾਡੇ ਨਾਲ ਰਹੋ ਤੇ ਹਿਤ ਧਾਰ ਕੇ ਸਾਡੇ ਨਾਲ ਚਲੋ। ਜਦ ਅਸੀਂ ਖ਼ੁਸ਼ੀ ਦੇਵਾਂਗੇ ਤਦ ਵਾਪਸ ਆ ਜਾਣਾ, ਦੋ ਚਾਰ ਦਿਨ ਇਹੋ ਕਾਰਜ ਹੈ" ॥ ੪॥

ਮਾਨਿ ਬੈਨ ਕੋ ਬੋਲੇ 'ਬਿਹਤਰ!' ਰਹੇ ਕਿਸੀ ਕੇ ਘਰ ਤਬਿ ਜਾਇ।
ਸੁਪਤੇ ਸਤਿਗੁਰ ਬਹੁਰ ਜਾਮਨੀ ਆਪ ਆਪਨੇ ਸਿਖ ਸਭਿ ਥਾਂਇ।
ਸਹਤਿ ਕੁਟੰਬ ਗੁਲਾਬਾ ਸੁਪਤਯੋ 'ਤੁਰਕ ਪਕਰਿ ਲੇ ਦੇਹਿਂ ਸਜ਼ਾਇਂ'।
ਤ੍ਰਾਸ ਧਰੇ ਉਰ ਜਾਗਤਿ ਬੈਠਯੋ 'ਗੁਰ ਕੋ ਰੁਖਸਦ ਕਰੌਂ ਬਨਾਇ' ॥੫॥

ਗੁਰੂ ਜੀ ਦੇ ਬਚਨ ਮੰਨ ਕੇ ਬੋਲੇ, "ਬਿਹਤਰ ਹੈ" ਫਿਰ ਜਾ ਕੇ ਕਿਸੇ ਦੇ ਘਰ ਰਹੇ। ਫਿਰ ਰਾਤ ਪੈਣ ਤੇ ਸਤਿਗੁਰੂ ਆਪ

ਅਤੇ ਆਪਣੇ ਸਿੱਖਾਂ ਸਹਿਤ ਸਭ ਥਾਈਂ ਸੌਂ ਗਏ। ਆਪਣੇ ਪਰਿਵਾਰ ਸਹਿਤ ਗੁਲਾਬਾ ਵੀ ਸੌਂ ਗਿਆ। ਪਰ ਹਿਰਦੇ ਵਿਚ ਡਰ ਧਾਰ ਕੇ ਜਾਗਦਾ ਹੋਇਆ ਬੈਠਾ ਰਿਹਾ, "ਤੁਰਕ ਫੜ ਕੇ ਸਜ਼ਾ ਦੇਣਗੇ। ਗੁਰੂ ਜੀ ਨੂੰ ਚੰਗੀ ਤਰ੍ਹਾਂ ਰੁਖਸਤ ਕਰਦਾ ਹਾਂ" ॥ ੫ ॥

ਸਵਾ ਜਾਮ ਜਬਿ ਰਹੀ ਜਾਮਨੀ ਪੰਚ ਰਜਤਪਣ ਲੇ ਇਕ ਥਾਨ।
ਸਤਿਗੁਰ ਸੁਪਤ ਜਗਾਵਨ ਕੀਨੇ ਆਗੇ ਧਰਿ ਕਰਿ ਜੋਰੇ ਪਾਨ।
ਪਿਖਿ ਬਿਦਾਇਗੀ ਸਤਿਗੁਰ ਬੋਲੇ 'ਕਹਾਂ ਗੁਲਾਬਾ ਤੈਂ ਕ੍ਰਿਤਿ ਠਾਨਿ।
ਧੀਰਜ ਧਰਹੁ ਨ ਭਰਮਹੁ ਉਰ ਮਹਿਂ ਪੂਰਬ ਸਮਸਰ ਬਨਿ ਸਵਧਾਨ' ॥ ੬ ॥

ਜਦ ਸਵਾ ਪਹਿਰ ਰਾਤ ਰਹਿ ਗਈ ਤਾਂ ਪੰਜ ਰੁਪਏ ਇਕ ਥਾਂ ਤੋਂ ਲਏ, ਸੁੱਤਿਆਂ ਹੋਇਆਂ ਸਤਿਗੁਰੂ ਜੀ ਨੂੰ ਜਗਾਇਆ ਤੇ ਉਨ੍ਹਾਂ ਦੇ ਅੱਗੇ ਪੰਜ ਰੁਪਏ ਧਰ ਕੇ ਹੱਥ ਜੋੜੇ। ਵਿਦਾਇਗੀ ਵੇਖ ਕੇ ਸਤਿਗੁਰੂ ਜੀ ਬੋਲੇ, "ਗੁਲਾਬੇ ਇਹ ਤੂੰ ਕੈਸੀ ਕ੍ਰਿਤ ਧਾਰਨ ਕੀਤੀ ਹੈ। ਧੀਰਜ ਧਾਰਨ ਕਰੋ ਤੇ ਦਿਲ ਵਿਚ ਕਿਸੇ ਪ੍ਰਕਾਰ ਦਾ ਭਰਮ ਨਾ ਕਰੋ, ਪਹਿਲਾਂ ਵਾਂਗ ਸਾਵਧਾਨ ਬਣੋ" ॥ ੬ ॥

'ਸ੍ਰੀ ਸਤਿਗੁਰ ਤੁਮ ਸਮਰਥ ਸਭਿ ਬਿਧਿ ਮੈਂ ਗ਼ਰੀਬ ਅਬਿ ਮਾਰਜੋ ਜਾਇ।
ਗਹੈਂ ਤੁਰਕ ਲੈ ਕੈਦ ਕਰਹਿੰਗੇ ਸਭਿ ਕੁਟੰਬ ਜੁਤਿ ਦੇਹਿਂ ਸਜ਼ਾਇ'।
ਤ੍ਰਸਤਿ ਰਿਦੇ ਪਿਖਿ ਸਤਿਗੁਰ ਬੋਲੇ 'ਅਹੋ ਗੁਲਾਬਾ! ਨਹਿਂ ਭਰਮਾਇ।
ਜਿਹ ਗੁਰ ਡਾਢੇ ਤਿਹ ਸਿਖ ਡਾਢੇ ਲਗਨ ਨ ਪਾਵੈ ਤਾਤੀ ਵਾਇ' ॥ ੭ ॥

ਗੁਲਾਬਾ ਕਹਿਣ ਲੱਗਾ, "ਹੇ ਸਤਿਗੁਰੂ ਜੀ! ਤੁਸੀਂ ਸਭ ਵਿਧੀਆਂ ਨਾਲ ਸਮਰੱਥ ਹੋ, ਮੈਂ ਗ਼ਰੀਬ ਹੁਣ ਮਾਰਿਆ ਜਾਵਾਂਗਾ। ਤੁਰਕ ਹੁਣ ਫੜ ਲੈਣਗੇ ਤੇ ਕੈਦ ਕਰ ਲੈਣਗੇ, ਸਭ ਪਰਿਵਾਰ ਸਹਿਤ ਮੈਨੂੰ ਸਜ਼ਾ ਦੇਣਗੇ।" ਉਸ ਦਾ ਡਰਿਆ ਹੋਇਆ ਦਿਲ ਵੇਖ ਕੇ ਸਤਿਗੁਰੂ ਜੀ ਬੋਲੇ, "ਹੇ ਗੁਲਾਬਾ! ਭਰਮਾਂ ਵਿਚ ਨਾ ਪਵੋ, ਜਿਵੇਂ ਗੁਰੂ ਡਾਢੇ ਹਨ, ਉਸ ਤਰ੍ਹਾਂ ਗੁਰੂ ਜੀ ਦੇ ਸਿੱਖ ਵੀ ਡਾਢੇ ਹਨ, ਇਨ੍ਹਾਂ ਨੂੰ ਤੱਤੀ ਹਵਾ ਵੀ ਨਹੀਂ ਲਗੇਗੀ" ॥ ੭ ॥

'ਸ੍ਰੀ ਸਤਿਗੁਰ ਤੁਮ ਸਮਰਥ ਬਡ ਬਲ ਮੈਂ ਮਾੜੋ, ਕਿਮ ਹ੍ਵੈ ਨ ਬਚਾਇ।
ਬਹੁਰ ਉਪਾਇ ਨ ਕੋ ਬਨਿ ਆਵੈ ਜਬਿ ਪੁਰਿ ਮਹਿਂ ਹੋਵਹੁ ਬਿਦਤਾਇ'।
ਪੁਨ ਪ੍ਰਭੁ ਭਨਜੋ 'ਨਹੀਂ ਤੁਮ ਮਾੜੇ, ਗੁਰੂ ਪੀਨ ਤੁਹਿ ਪੀਨ ਬਨਾਇ।
ਬੰਕੋ ਬਾਰ ਨ ਹੋਵਨ ਪਾਵੈ ਅੰਗ ਸੰਗ ਨਿਤ ਬਨਹਿਂ ਸਹਾਇ' ॥ ੮ ॥

ਗੁਲਾਬੇ ਨੇ ਫਿਰ ਕਿਹਾ, "ਹੇ ਸਤਿਗੁਰੂ ਜੀ ਤੁਸੀਂ ਸਮਰੱਥ ਵੱਡੇ ਸ਼ਕਤੀਸ਼ਾਲੀ ਹੋ, ਮੈਂ ਮਾੜਾ ਹਾਂ ਕਿਸੇ ਤਰ੍ਹਾਂ ਵੀ ਬਚਾਅ ਨਹੀਂ ਹੋ ਸਕਦਾ। ਫਿਰ ਕੋਈ ਵੀ ਉਪਾਅ ਨਹੀਂ ਹੋਵੇਗਾ, ਹੁਣ ਜਦ ਨਗਰੀ ਵਿਚ ਪ੍ਰਗਟ ਹੋ ਜਾਵੇਗਾ।" ਫਿਰ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਮਾੜੇ ਨਹੀਂ ਹੋ ਸਮਰੱਥ ਗੁਰੂ ਤੁਹਾਨੂੰ ਸਮਰੱਥ ਬਣਾਉਂਦਾ ਹੈ। ਤੁਹਾਡਾ ਵਾਲ ਵਿੰਗਾ ਨਹੀਂ ਹੋਵੇਗਾ, ਸਤਿਗੁਰੂ ਜੀ ਸਦਾ ਤੁਹਾਡੇ ਅੰਗ ਸੰਗ ਹੋ ਕੇ ਸਹਾਇਕ ਬਣਨਗੇ" ॥ ੮ ॥

ਬਹੁਰ ਗੁਲਾਬੇ ਡਰ ਧਰਿ ਭਾਖਜੋ 'ਮੈਂ ਮਾੜੋ ਨਹਿਂ ਬਚਿਬੋ ਹੋਇ'।
ਸੁਨਿ ਪ੍ਰਭੁ ਕਹਜੋ 'ਰਹਹੁ ਤੁਮ ਮਾੜੇ ਪਦ ਜੋਰਾਵਰ ਲਿਯੋ ਨ ਕੋਇ'।
ਜਬਿ ਸਤਿਗੁਰ ਕੁਰਖੇਤਰ ਗਮਨੇ ਉਤਰੇ ਤਬਿ ਚਮਕੌਰ ਸੁ ਜੋਇ।
ਹੁਤੋ ਨਿਹਾਲਾ ਗ੍ਰਾਮ ਚੋਧਰੀ ਸੇਵਾ ਕਰੀ ਭਾਉ ਧਰਿ ਸੋਇ ॥ ੯ ॥

ਫਿਰ ਗੁਲਾਬੇ ਨੇ ਡਰ ਧਾਰਨ ਕਰਕੇ ਕਿਹਾ, "ਮੈਂ ਮਾੜਾ ਹਾਂ, ਮੇਰਾ ਬਚਾਅ ਨਹੀਂ ਹੋਵੇਗਾ।" ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਮਾੜੇ ਰਹੇ ਹੋ, ਜ਼ੋਰਾਵਰ ਵਾਲੀ ਕੋਈ ਪਦਵੀ ਨਹੀਂ ਲਈ ਹੈ।" ਜਦ ਸਤਿਗੁਰੂ ਜੀ ਕੁਰਖੇਤਰ ਗਏ ਸਨ ਤੇ

ਫਿਰ ਚਮਕੌਰ ਵਿਚ ਜਾ ਕੇ ਉੱਤਰੇ ਸਨ। ਇਕ ਨਿਹਾਲਾ ਪਿੰਡ ਦਾ ਚੋਧਰੀ ਸੀ ਉਸ ਨੇ ਬਹੁਤ ਪ੍ਰੇਮ ਧਾਰ ਕੇ ਗੁਰੂ ਜੀ ਦੀ ਸੇਵਾ ਕੀਤੀ ਸੀ॥ ੯॥

ਸੁਨਿ ਸੁਨਿ ਸੰਗਤਿ ਦਰਸ਼ਨ ਕੇ ਹਿਤ ਮਿਲੀ ਆਇ ਲੇ ਅਨਿਕ ਅਕੋਰ।
ਮਾਛੀਵਾਰੇ ਕੀ ਖੱਤ੍ਰਾਣੀ ਸੁਨਿ ਪਹੁੰਚੀ ਉਰ ਪ੍ਰੇਮ ਨਿਹੋਰਿ।
ਸੂਖਮ ਬਸਤ੍ਰ ਥਾਨ ਇਕ ਆਨਜੋਂ ਅਰਪਜੋ ਨਮੋ ਕਰੀ ਕਰ ਜੋਰਿ।
ਸ੍ਰੀ ਮੁਖ ਤੇ ਪਿਖਿ ਕਰਿ ਫੁਰਮਾਯਹੁ 'ਸਿੱਖਣੀਏ ! ਜਾਚਹੁ ਚਿਤ ਲੋਰਿ' ॥੧੦॥

ਸੁਣ ਸੁਣ ਕੇ ਸੰਗਤ ਦਰਸ਼ਨਾਂ ਵਾਸਤੇ ਆ ਕੇ ਮਿਲੀ ਸੀ ਤੇ ਉਹ ਅਨੇਕਾਂ ਪ੍ਰਕਾਰ ਦੇ ਉਪਹਾਰ ਲੈ ਕੇ ਆਏ। ਮਾਛੀਵਾੜੇ ਦੀ ਇਕ ਖੱਤ੍ਰਾਣੀ ਹਿਰਦੇ ਦਾ ਪ੍ਰੇਮ ਵੇਖ ਕੇ ਸੁਣ ਕੇ ਉਥੇ ਪਹੁੰਚੀ। ਸੂਖਮ ਵਸਤਰ ਦਾ ਥਾਨ ਇਕ ਲਿਆਈ ਤੇ ਬੰਦਨਾ ਕਰਕੇ ਹੱਥ ਜੋੜ ਕੇ ਅਰਪਣ ਕੀਤਾ। ਗੁਰੂ ਜੀ ਨੇ ਵੇਖ ਕੇ ਫੁਰਮਾਇਆ, "ਹੇ ਸਿੱਖਣੀਏਂ ! ਮੰਗੋ ਜੋ ਚਿੱਤ ਦੀ ਲੋੜ ਹੈ" ॥ ੧੦॥

ਕਰਿ ਬੰਦਨ ਖੱਤ੍ਰਾਣੀ ਭਾਖਜੋ 'ਪਾਤਸ਼ਾਹੁ ਮੇਰੀ ਅਰਦਾਸ।
ਭਈ ਬ੍ਰਿਧਾ, ਮੈਂ ਗਮਨਜੋ ਜਾਇ ਨ, ਕਿਮ ਪਹੁੰਚੋਂ ਰਾਵਰ ਕੇ ਪਾਸ।
ਸੂਖਮ ਸੂਤ ਕਾਤ ਕਰਿ ਨਿਤ ਹੀ ਭੇਟ ਦੇਤਿ ਮੈਂ ਸੁੰਦਰ ਬਾਸ।
ਕਿਮ ਦਰਸ਼ਨ ਮੁਝ ਪ੍ਰਾਪਤਿ ਹੋਵਹਿ, ਇਹ ਕਿਮ ਪੂਰਨ ਹੋਵੈ ਆਸ' ॥੧੧॥

ਬੰਦਨਾ ਕਰਕੇ ਖੱਤ੍ਰਾਣੀ ਨੇ ਕਿਹਾ, "ਹੇ ਸੱਚੇ ਪਾਤਸ਼ਾਹ ਮੇਰੀ ਇਕ ਬੇਨਤੀ ਹੈ, ਮੈਂ ਹੁਣ ਬਹੁਤ ਬ੍ਰਿਧ ਹੋ ਗਈ ਹਾਂ, ਬਰੀਕ ਸੂਤ ਕੱਤ ਕੇ ਮੈਂ ਨਿਤ ਸੁੰਦਰ ਵਸਤਰ ਭੇਟਾਂ ਵਜੋਂ ਦਿੰਦੀ ਰਹੀ ਹਾਂ। ਮੈਨੂੰ ਕਿਵੇਂ ਆਪ ਜੀ ਦੇ ਦਰਸ਼ਨ ਪ੍ਰਾਪਤ ਹੋਣਗੇ, ਇਹ ਆਸ ਮੇਰੀ ਕਿਵੇਂ ਪੂਰੀ ਹੋਵੇਗੀ" ॥ ੧੧॥

ਸੁਨਿ ਗੁਰ ਕਹਜੋ 'ਬਸਤ੍ਰ ਹਮ ਲੈ ਹੈਂ ਜਹਿਂ ਤੂੰ ਬਸਹਿਂ ਤਿਸੀ ਪੁਰਿ ਆਇ।
ਕਾਤ ਬਨਾਇ ਤਜਾਰ ਕਰਿ ਰਹੀਯਹਿ ਪਹਿਰੈਂਗੇ ਨਿਜ ਅੰਗ ਸਜਾਇ।
ਮਹਾਂਪ੍ਰਸਾਦ ਅਚਹੁ ਲੇ ਹਮ ਤੇ' ਇਮ ਕਹਿ ਸਤਿਗੁਰ ਦਿਯੋ ਸੁ ਖਾਇ।
ਹੁਇ ਅਨੰਦ ਪੁਨ ਸਦਨ ਸਿਧਾਰੀ ਕਾਤ ਬਸਤ੍ਰ ਤਿਨ ਧਰਜੋ ਬਨਾਇ ॥੧੨॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਵਸਤਰ ਅਸੀਂ ਆਪ ਆ ਕੇ ਲੈ ਲਵਾਂਗੇ ਜਿਸ ਨਗਰ ਵਿਚ ਵੀ ਤੂੰ ਰਹਿੰਦੀ ਹੋਵੇਂਗੀ। ਕੱਤ ਬਣਾ ਕੇ ਤਿਆਰ ਕਰ ਰੱਖੀਏ, ਅਸੀਂ ਆਪਣੇ ਅੰਗ ਤੇ ਸਜਾ ਕੇ ਉਹ ਵਸਤਰ ਪਹਿਣਾਂਗੇ। ਸਾਡੇ ਪਾਸੋਂ ਮਹਾਂ ਪ੍ਰਸ਼ਾਦਿ ਲੈ ਕੇ ਖਾਵੋ" ਇਹ ਕਹਿ ਕੇ ਸਤਿਗੁਰੂ ਜੀ ਨੇ ਪ੍ਰਸ਼ਾਦਿ ਖਾਣ ਨੂੰ ਦਿੱਤਾ। ਅਨੰਦ ਪ੍ਰਸੰਨ ਹੋ ਕੇ ਫਿਰ ਆਪਣੇ ਘਰ ਨੂੰ ਚਲੀ ਗਈ। ਉਸ ਨੇ ਕੱਤ ਕੇ ਵਸਤਰ ਬਣਾ ਕੇ ਧਰੇ ਸਨ॥ ੧੨॥

ਤਿਸ ਕੋ ਕਹਜੋ ਹੁਤੋ ਜਿਮ ਪੂਰਬ ਸੋ ਸਿਮਰਨ ਕਰਿ ਗੁਰ ਤਿਸ ਕਾਲ।
ਕਹਜੋ ਗੁਲਾਬੇ ਸੋਂ ਤਿਸ ਛਿਨ ਮਹਿਂ 'ਛੱਤ੍ਰਾਣੀ ਜੋ ਬ੍ਰਿਧਾ ਬਿਸਾਲ।
ਕਰਹੁ ਹਕਾਰਨ ਸੰਗ ਸੁ ਆਨਹੁ ਤਿਸ ਕੀ ਪੂਰਹਿਂ ਕਾਮਨਾ ਹਾਲ'।
ਸੁਨਤਿ ਹੁਕਮ ਕੋ ਗਯੋ ਤੁਰਤ ਤਬਿ ਜਹਾਂ ਸਦਨ ਥੋ ਖੋਜਿ ਉਤਾਲ॥੧੩॥

ਉਸ ਬਜ਼ੁਰਗ ਮਾਤਾ ਨੂੰ ਜਿਵੇਂ ਪਹਿਲਾਂ ਕਿਹਾ ਸੀ, ਉਸ ਨੂੰ ਯਾਦ ਕਰਕੇ ਗੁਰੂ ਜੀ ਉਸ ਸਮੇਂ ਗੁਲਾਬੇ ਨੂੰ ਕਹਿਣ ਲੱਗੇ,

"ਇਕ ਖੱਤ੍ਰਾਣੀ ਜੋ ਬਹੁਤ ਬ੍ਰਿਧ ਹੈ, ਉਸ ਨੂੰ ਬੁਲਾ ਕੇ ਆਪਣੇ ਨਾਲ ਲਿਆਵੋ ਹੁਣ ਉਸ ਦੀ ਕਾਮਨਾ ਪੂਰੀ ਕਰੀਏ।" ਗੁਰੂ ਜੀ ਦਾ ਹੁਕਮ ਸੁਣ ਕੇ ਗੁਲਾਬਾ ਤੁਰਤ ਗਿਆ ਤੇ ਉਸ ਦਾ ਘਰ ਉਤਾਵਲੇ ਹੋ ਕੇ ਬੜੀ ਛੇਤੀ ਲੱਭ ਲਿਆ॥ ੧੩ ॥

ਭੇਤ ਬਤਾਯਹੁ ਸਕਲ ਗੁਰੂ ਕੋ, ਸੁਨਿ ਹਰਖੀ ਪਰਖੀ ਸਭਿ ਬਾਤ।
ਸੂਖਮ ਬਸਤ੍ਰ ਥਾਨ ਦ੍ਵੈ ਲੈ ਕਰਿ ਚਲਿ ਆਈ ਬਿਰਧਾ ਉਤਲਾਤਿ।
ਧਰਿ ਅਕੋਰ, ਕਰ ਜੋਰਿ ਨਮੋ ਕਰਿ, ਹੇਰਿ ਕਰਿ ਸੁੰਦਰ ਗਾਤ।
ਅਧਿਕ ਮੁਦਤਿ ਮਨ ਪ੍ਰੇਮ ਉਦਤਿ ਹੁਇ 'ਧੰਨ ਭਾਗ ਮੈਂ ਪਿਖਿ ਸੱਖਜਾਤ' ॥੧੪॥

ਉਸ ਬ੍ਰਿਧ ਮਾਤਾ ਨੂੰ ਗੁਰੂ ਜੀ ਦਾ ਸਾਰਾ ਭੇਦ ਦੱਸਿਆ, ਇਹ ਸੁਣ ਕੇ ਉਹ ਮਾਤਾ ਬਹੁਤ ਪ੍ਰਸੰਨ ਹੋਈ ਤੇ ਸਾਰੀ ਗੱਲ ਉਸ ਨੇ ਪਰਖੀ। ਬਰੀਕ ਖੱਦਰ ਦੇ ਦੋ ਥਾਨ ਲੈ ਕੇ ਬ੍ਰਿਧ ਮਾਤਾ ਬੜੀ ਉਤਾਵਲੀ ਹੋ ਕੇ ਨਾਲ ਚਲ ਕੇ ਆਈ। ਹੱਥ ਜੋੜ ਕੇ ਬੰਦਨਾ ਕਰਕੇ ਉਸ ਨੇ ਉਪਹਾਰ ਗੁਰੂ ਜੀ ਦੇ ਅੱਗੇ ਧਰ ਦਿੱਤੇ। ਬਹੁਤ ਪ੍ਰਸੰਨ ਸੀ, ਮਨ ਵਿਚ ਵਿਸ਼ੇਸ਼ ਪ੍ਰੇਮ ਪ੍ਰਗਟ ਹੋਇਆ ਸੀ ਤੇ ਕਹਿਣ ਲੱਗੀ, 'ਮੇਰੇ ਧੰਨ ਭਾਗ ਹਨ, ਮੈਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਹਨ' ॥ ੧੪ ॥

ਗੁਰ ਪ੍ਰਸੰਨ ਹੁਇ ਕਹਜੋ ਤਾਂਹਿ ਕੋ 'ਭੇਟ ਅੰਤ ਕੀ ਹਮ ਨੇ ਲੀਨ।
ਅੰਤ ਸਮਾਂ ਪੂਨਜੋ ਅਬਿ ਤੇਰੋ, ਤਜਿ ਤਨ ਉੱਤਮ ਪਦ ਕੋ ਦੀਨਿ'।
ਕਰਿ ਦਰਸ਼ਨ ਕੋ ਗਮਨੀ ਸੋ ਪੁਨ ਬਾਕ ਗੁਲਾਬੇ ਸਨ ਕੀਨ।
'ਸਿਯਨਹਾਰ ਤੇ ਤੁਰਤ ਸਿਵਾਵਹੁ, ਗਰ ਪੈਰਾਹਨ ਬਨੈ ਨਵੀਨ' ॥ ੧੫ ॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਕਿਹਾ, "ਹੁਣ ਤੇਰੇ ਅੰਤ ਦੀ ਅਸੀਂ ਭੇਟਾ ਲਈ ਹੈ। ਹੁਣ ਤੇਰਾ ਅੰਤ ਸਮਾਂ ਪੁਗ ਗਿਆ ਹੈ ਤੇ ਸਰੀਰ ਛੱਡਣ ਤੋਂ ਬਾਅਦ, ਤੈਨੂੰ ਉੱਤਮ ਪਦਵੀ ਦਿੱਤੀ ਹੈ।" ਦਰਸ਼ਨ ਕਰਕੇ ਫਿਰ ਚਲੀ ਗਈ ਤੇ ਗੁਲਾਬੇ ਨੂੰ ਕਹਿਣ ਲੱਗੀ, "ਦਰਜ਼ੀ ਪਾਸੋਂ ਤੁਰਤ ਵਸਤਰ ਸਿਵਾ ਲਵੋ ਤਾਂਕਿ ਗੁਰੂ ਜੀ ਦੇ ਪਹਿਨਣ ਵਾਸਤੇ ਨਵੇਂ ਕਪੜੇ ਤਿਆਰ ਹੋ ਜਾਣ' ॥ ੧੫ ॥

ਸੁਨਿ ਕਰਿ ਜਾਇ ਤਯਾਰ ਕਰਿਵਾਯਹੁ ਏਕ ਚਾਦਰਾ ਅਰੁ ਗਰ ਚੀਰ।
ਬਹੁਰ ਕਹਜੋ 'ਕਰਿ ਸ਼ਯਾਮ ਬਰਨ ਪਟ ਲੇ ਕਰਿ ਆਵਹੁ ਹਮਰੇ ਤੀਰ'।
ਨਬੀ ਗ਼ਨੀ ਖਾਂ ਤਬਿ ਚਲਿ ਆਏ ਨਿਕਸਨ ਭੇਵ ਕਹਜੋ ਗੁਰ ਧੀਰ।
'ਲੇਹੁ ਪ੍ਰਯੰਕ ਉਠਾਇ ਸੀਸ ਪਰ ਉਲੰਘਹਿਂ ਤੁਰਕਨ ਭੀਰ ਬਹੀਰ' ॥ ੧੬ ॥

ਇਹ ਸੁਣ ਕੇ ਗੁਲਾਬੇ ਨੇ ਵਸਤਰ ਤਿਆਰ ਕਰਵਾਏ, ਇਕ ਚਾਦਰਾ ਤਿਆਰ ਕਰਵਾਇਆ ਤੇ ਇਕ ਗਲ ਵਿਚ ਪਾਉਣ ਵਾਲਾ ਜਾਮਾ ਸੀ। ਫਿਰ ਗੁਰੂ ਜੀ ਨੇ ਕਿਹਾ, "ਕਾਲੇ ਰੰਗ ਦੇ ਕੱਪੜੇ ਰੰਗ ਕੇ ਸਾਡੇ ਪਾਸ ਲਿਆਵੋ।" ਨਬੀ ਖਾਂ ਗ਼ਨੀ ਖਾਂ ਫਿਰ ਚਲ ਕੇ ਆਏ, ਉਨ੍ਹਾਂ ਗੁਰੂ ਜੀ ਪਾਸ ਨਿਕਲਣ ਦਾ ਭੇਦ ਕਿਹਾ। "ਤੁਹਾਡਾ ਪਲੰਘ ਸਿਰ 'ਤੇ ਚੁੱਕ ਲਵਾਂਗੇ ਤੇ ਤੁਰਕਾਂ ਦੀ ਭੀੜ ਨੂੰ ਲੰਘ ਜਾਵਾਂਗੇ' ॥ ੧੬ ॥

ਸੁੰਦਰ ਲੀਨ ਪ੍ਰਯੰਕ ਏਕ ਤਬਿ ਸੂਖਮ ਆਸਤਰਨ ਤੇ ਛਾਇ।
ਚਹੁੰ ਪਾਵਨ ਸਨ ਪੰਖ ਮੋਰ ਕੇ ਬਾਂਧੇ ਆਛੀ ਰੀਤ ਬਨਾਇ।
ਅਪਰ ਛਰੀ ਬਾਂਧੀ ਸੰਗ ਤਿਨ ਕੇ ਹਿਤ ਛਾਇਆ ਕੇ ਚਾਰਹੁਂ ਥਾਇ।
ਮੁੱਠਾ ਏਕ ਮੋਰ ਪਰ ਕੇਰਾ ਇੱਤਯਾਦਿਕ ਤਯਾਰੀ ਕਰਿਵਾਇ॥ ੧੭ ॥

ਇਕ ਸੁੰਦਰ ਪਲੰਘ ਲਿਆ, ਉਸ ਉੱਪਰ ਸੁੰਦਰ ਸੂਖਮ ਕੱਪੜੇ ਵਿਛਾਏ। ਚਾਰੇ ਪਾਵਿਆਂ ਦੇ ਨਾਲ ਮੋਰ ਦੇ ਖੰਭ ਚੰਗੀ ਰੀਤੀ ਨਾਲ ਬੰਨ੍ਹਵਾ ਲਏ ਤੇ ਉਨ੍ਹਾਂ ਦੇ ਨਾਲ ਛਾਂ ਵਾਸਤੇ ਲੰਮੀਆਂ ਸੋਟੀਆਂ ਬੰਨ੍ਹਵਾਈਆਂ। ਮੋਰ ਦੇ ਖੰਭਾਂ ਦਾ ਇਕ ਚੌਰ ਬੰਨ੍ਹਵਾ ਲਿਆ। ਇਸ ਪ੍ਰਕਾਰ ਸਾਰੀ ਤਿਆਰੀ ਕਰਵਾਈ॥ ੧੭॥

ਬਸਤ੍ਰ ਤਜਾਰ ਕਰਿ ਲਜਾਇ ਗੁਲਾਬਾ ਗਰੇ ਪਿਰਾਹਨ ਸਤਿਗੁਰ ਪਾਇ।
ਦੀਰਘ ਲਿਯੋ ਚਾਦਰਾ ਊਪਰ ਹਾਜੀ ਅਪਨੋ ਰੂਪ ਬਨਾਇ।
ਨਹਿਂ ਦਸਤਾਰ ਸੀਸ ਪਰ ਰਾਖੀ ਪੀਛੇ ਕੇਸ਼ ਦੀਏ ਲਰਕਾਇ।
ਛਾਦਿ ਚਾਦਰੇ ਸੋਂ ਦੁਤਿ ਪਾਵਤਿ ਤਮ ਪਟ ਮਹਿਂ ਮੁਖਚੰਦ ਸੁਹਾਇ॥ ੧੮॥

ਗੁਲਾਬਾ ਵਸਤਰ ਤਿਆਰ ਕਰਕੇ ਲੈ ਆਇਆ ਤੇ ਸਤਿਗੁਰੂ ਜੀ ਨੇ ਕਾਲੇ ਰੰਗ ਦੇ ਨਵੇਂ ਵਸਤਰ ਆਪਣੇ ਗਲ ਵਿਚ ਪਾ ਲਏ। ਇਕ ਵੱਡਾ ਚਾਦਰਾ ਗੁਰੂ ਜੀ ਨੇ ਆਪਣੇ ਉੱਪਰ ਲਿਆ ਤੇ ਹਾਜੀਆਂ ਵਰਗਾ ਆਪਣਾ ਰੂਪ ਬਣਾ ਲਿਆ। ਸਿਰ ਉੱਪਰ ਕੋਈ ਦਸਤਾਰ ਨਾ ਰੱਖੀ ਤੇ ਕੇਸਾਂ ਨੂੰ ਪਿੱਛੇ ਲਮਕਾ ਲਿਆ। ਚਾਦਰੇ ਵਿਚ ਢੱਕੇ ਹੋਏ ਬੜੀ ਸ਼ੋਭਾ ਪਾ ਰਹੇ ਸਨ ਤੇ ਕਾਲਿਆਂ ਕੱਪੜਿਆਂ ਵਿਚ ਗੁਰੂ ਜੀ ਦਾ ਮੁਖੜਾ ਚੰਦ ਵਾਂਗ ਸ਼ੋਭਾ ਪਾ ਰਿਹਾ ਸੀ॥ ੧੮॥

ਚੜ੍ਹਿ ਬੈਠੇ ਗੁਰ ਤਿਸ ਪ੍ਰਯੰਕ ਪਰ ਸਿਰ ਪਰ ਚਾਰਹੁਂ ਲੀਨਿ ਉਠਾਇ।
ਨਬੀ ਗ਼ਨੀਖਾਂ ਆਗਲ ਪਾਵੇ ਦੋਨਹੁਂ ਸਿਰ ਧਰਿ ਚਲਿ ਅਗਵਾਇ।
ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਲ ਪਾਵੇ ਸੀਸ ਧਰਾਇ।
ਦਯਾ ਸਿੰਘ ਮੁੱਠਾ ਕਰ ਧਾਰਯੋ ਗਨ ਮੋਰਨ ਪਰ ਬੰਧ ਬਨਾਇ॥ ੧੯॥

ਗੁਰੂ ਜੀ ਉਸ ਪਲੰਘ 'ਤੇ ਚੜ੍ਹ ਕੇ ਬੈਠ ਗਏ ਤੇ ਚਾਰ ਮਨੁੱਖਾਂ ਨੇ ਗੁਰੂ ਜੀ ਨੂੰ ਸਿਰ ਉੱਪਰ ਚੁੱਕ ਲਿਆ। ਨਬੀ ਖਾਂ, ਗ਼ਨੀ ਖਾਂ ਨੇ ਅਗਲੇ ਦੋਵੇਂ ਪਾਵੇ ਚੁੱਕ ਲਏ ਤੇ ਅੱਗੇ-ਅੱਗੇ ਚਲ ਪਏ। ਧਰਮ ਸਿੰਘ ਅਤੇ ਮਾਨ ਸਿੰਘ ਨੇ ਪਿਛਲੇ ਪਾਵੇ ਆਪਣੇ ਸਿਰ 'ਤੇ ਰੱਖ ਲਏ। ਭਾਈ ਦਇਆ ਸਿੰਘ ਨੇ ਮੋਰ ਦੇ ਖੰਭਾਂ ਦੇ ਮੁੱਠੇ ਨੂੰ ਫੜ ਲਿਆ, ਜਿਹੜਾ ਬਹੁਤ ਮੋਰਾਂ ਦੇ ਖੰਭ ਇਕੱਠੇ ਕਰਕੇ ਬੰਨ੍ਹਵਾਇਆ ਸੀ॥ ੧੯॥

ਨਿਕਸੇ ਪ੍ਰਥਮ ਬਜ਼ਾਰ ਪੰਥ ਕੋ ਸਨੇ ਸਨੇ ਗਮਨੇ ਇਸ ਭਾਂਤਿ।
ਜੋ ਬੂਝੈ 'ਇਹ ਕੌਨ ਪ੍ਰਯੰਕ ਪਰ ਕਿਤ ਤੇ ਆਏ ਕਿਤ ਕੋ ਜਾਤ?'।
ਨਬੀ ਗ਼ਨੀਖਾਂ ਉੱਤਰ ਦੇਂ ਤਿਨ 'ਉੱਚ ਨਗਰ ਕੇ ਸੱਯਦ ਜ਼ਾਤ।
ਹਾਜੀ ਅਹੈਂ, ਹੱਜ ਕਰਿ ਆਏ, ਮਨ ਕੀ ਮੌਜ ਸਹਤ ਬਿਚਰਾਤਿ' ॥ ੨੦॥

ਪਹਿਲਾਂ ਬਜ਼ਾਰ ਵਾਲੇ ਰਾਹ ਵਲੋਂ ਨਿਕਲੇ, ਹੌਲੀ-ਹੌਲੀ ਇਸ ਪ੍ਰਕਾਰ ਚਲ ਪਏ। ਜੇ ਕੋਈ ਪੁੱਛਦਾ ਸੀ, "ਇਹ ਪਲੰਘ ਉੱਤੇ ਕੌਣ ਬੈਠੇ ਹਨ, ਕਿਥੋਂ ਆਏ ਹਨ ਤੇ ਕਿੱਥੇ ਜਾ ਰਹੇ ਹਨ?" ਨਬੀ ਖਾਂ ਗ਼ਨੀ ਖਾਂ ਉਨ੍ਹਾਂ ਨੂੰ ਉੱਤਰ ਦਿੰਦੇ ਸਨ "ਉੱਚ ਨਗਰ ਦੇ ਰਹਿਣ ਵਾਲੇ ਹਨ ਤੇ ਸੱਯਦ ਇਨ੍ਹਾਂ ਦੀ ਜਾਤ ਹੈ। ਹਾਜੀ ਹਨ, ਹੱਜ ਕਰਕੇ ਆਏ ਹਨ, ਮਨ ਦੀ ਮੌਜ ਸਹਿਤ ਵਿਚਰ ਰਹੇ ਹਨ" ॥ ੨੦॥

ਸਿੰਘਨ ਸੀਸ ਸ਼ਮਸ਼ ਜੋ ਅਪਨੀ ਸੰਗ ਚਾਦਰੇ ਛਾਦਨ ਕੀਨਿ।
ਗਮਨੇ ਸ੍ਰੀ ਪ੍ਰਭੁ ਜਾਤਿ ਅੱਗ੍ਰ ਕੋ ਪ੍ਰਜ ਤੁਰਕ ਗਨ ਕੇ ਬਨ ਪੀਨ।
ਸ਼ਰਧਾਵਾਨ ਬੰਦਨਾ ਠਾਨਹਿਂ ਹੇਰਹਿਂ ਅਦਭੁਤ ਰੂਪ ਨਵੀਨ।
ਪੁਰਿ ਤੇ ਨਿਕਸਿ ਅੱਗ੍ਰ ਕੇ ਮਗ ਚਲਿ ਸ੍ਰੀ ਸਤਿਗੁਰ ਸਭਿ ਰੀਤਿ ਪ੍ਰਬੀਨ॥ ੨੧॥

ਸਿੰਘਾਂ ਦੇ ਸਿਰ ਉੱਪਰ ਜਿਹੜੇ ਕੇਸ ਸਨ, ਉਹ ਉਨ੍ਹਾਂ ਚਾਦਰੇ ਨਾਲ ਢੱਕੇ ਹੋਏ ਸਨ। ਸਤਿਗੁਰੂ ਜੀ ਤੁਰਕਾਂ ਦੇ ਪੂਜਨੀਕ ਬਣ ਕੇ ਅੱਗੇ-ਅੱਗੇ ਚਲੇ ਜਾ ਰਹੇ ਸਨ। ਸ਼ਰਧਾਵਾਨ ਤੁਰਕ ਬੰਦਨਾ ਕਰਕੇ ਅਦਭੁਤ ਨਵੀਨ ਰੂਪ ਵੇਖਦੇ ਸਨ। ਨਗਰ ਵਿਚੋਂ ਨਿਕਲ ਕੇ ਅਗਲੇ ਮਾਰਗ ਸਭ ਰੀਤਿਆਂ ਨਾਲ ਪ੍ਰਬੀਨ ਸਤਿਗੁਰੂ ਜੀ ਚਲ ਪਏ॥ ੨੧॥

ਕੇਤਿਕ ਕੋਸ ਗਏ ਜਬਿ ਚਲਿ ਕੈ ਸੈਨਾ ਪਸਰੀ ਤੁਰਕਨ ਕੇਰ।
ਫਿਰਹਿਂ ਹਜ਼ਾਰਹੁਂ ਇਤਉਤ ਡੋਲਤਿ ਪਰੇ ਹਜ਼ਾਰਹੁਂ ਕਰਿ ਕਰਿ ਡੇਰ।
ਉਤਰਜੋ ਇਕ ਉਮਰਾਵ ਅਗਾਰੀ ਪੰਚ ਹਜ਼ਾਰ ਚਮੂੰ ਤਿਸ ਕੇਰ।
ਨਿਕਟ ਪ੍ਰਯੰਕ ਗੁਰੂ ਕੋ ਗਮਨਜੋਂ ਕਿਤਿਕ ਸਿਪਾਹੀ ਆਵਤਿ ਹੇਰ॥ ੨੨॥

ਜਦ ਚਲ ਕੇ ਕਈ ਕੋਹ ਗਏ ਤਾਂ ਅੱਗੇ ਚਾਰ-ਚੁਫੇਰੇ ਤੁਰਕਾਂ ਦੀ ਸੈਨਾ ਫੈਲੀ ਹੋਈ ਸੀ। ਹਜ਼ਾਰਾਂ ਫੋਜੀ ਏਧਰ ਓਧਰ ਫਿਰਦੇ ਸਨ ਤੇ ਹਜ਼ਾਰਾਂ ਫੌਜੀ ਆਪਣੇ-ਆਪਣੇ ਡੇਰੇ ਲਾ ਕੇ ਬੈਠੇ ਸਨ। ਅੱਗੇ ਇਕ ਉਮਰਾਵ ਉੱਤਰਿਆ ਸੀ ਤੇ ਉਸ ਦੇ ਨਾਲ ਪੰਜ ਹਜ਼ਾਰ ਸੈਨਾ ਸੀ। ਉਸ ਦੇ ਨੇੜੇ ਦੀ ਗੁਰੂ ਜੀ ਦਾ ਪਲੰਘ ਲੰਘਿਆ ਤਾਂ ਉਸ ਨੂੰ ਕਈ ਸਿਪਾਹੀ ਵੇਖ ਕੇ ਆਏ॥ ੨੨॥

ਜਾਇ ਕਹਜੋ ਉਮਰਾਵ ਅਗਾਰੀ 'ਇਕ ਪ੍ਰਯੰਕ ਪਰ ਚਢਜੋ ਸਿਧਾਇ।
ਫੈਲੀ ਚਮੂੰ ਸਕਲ ਜਿਸ ਕਾਰਨ ਗੁਰ ਧਰਿ ਭੇਸ ਨਿਕਸ ਨਹਿਂ ਜਾਇ।
ਥਾਨ ਥਾਨ ਪੁਰਿ ਗ੍ਰਾਮਨਿ ਮਹਿਂ ਸਭਿ ਜਿਤ ਕਿਤ ਖੋਜਤਿ ਹੈਂ ਸਮੁਦਾਇ।
ਸਾਵਧਾਨ ਤੁਮ ਭੀ ਕਰਿ ਨਿਰਨੈ, ਨਰ ਨ ਓਪਰੇ ਤੈਂ ਨਿਕਸਾਇ'॥ ੨੩॥

ਉਨ੍ਹਾਂ ਨੇ ਜਾ ਕੇ ਉਮਰਾਵ ਦੇ ਅੱਗੇ ਕਿਹਾ, "ਇਕ ਪੀਰ ਪਲੰਘ ਤੇ ਚੜ੍ਹ ਕੇ ਜਾ ਰਹੇ ਹਨ। ਕਿਉਂਕਿ ਚਾਰੇ ਪਾਸੇ ਸੈਨਾ ਫੈਲੀ ਹੈ, ਇਸ ਕਰਕੇ ਗੁਰੂ ਜੀ ਭੇਸ ਧਾਰ ਕੇ ਨਾ ਨਿਕਲ ਜਾਣ। ਥਾਂ-ਥਾਂ ਪਿੰਡਾਂ ਸ਼ਹਿਰਾਂ ਵਿਚ ਜਿੱਥੇ ਕਿੱਥੇ ਉਨ੍ਹਾਂ ਨੂੰ ਲੱਭਦੇ ਫਿਰਦੇ ਹਨ। ਸਾਵਧਾਨ ਹੋ ਕੇ ਤੁਸੀਂ ਵੀ ਨਿਰਣਾ ਕਰ ਲਵੋ, ਓਪਰੇ ਬਣ ਕੇ ਤੁਹਾਡੇ ਮਨੁੱਖਾਂ ਪਾਸੋਂ ਨਿਕਲ ਨਾ ਜਾਣ"॥ ੨੩॥

ਸੁਨਿ ਉਮਰਾਵ ਪਠੇ ਸੁਭ ਮਤਿ ਨਰ, 'ਬੂਝਹੁ ਜਾਇ ਪ੍ਰਯੰਕ ਪਰ ਕੋਇ ?'।
ਤੁਰਤ ਆਇ ਕਰ ਉਚੇ ਬੋਲੇ 'ਖਰੇ ਰਹਹੁ ਬਤਲਾਵਹੁ ਸੋਇ।
ਕਿਤ ਤੇ ਆਏ, ਜਾਹਿਂ ਕਹਾਂ ਕੋ ਜ਼ਾਮਾ ਕੋਨ ਆਪਕੋ ਹੋਇ'।
ਨਬੀ ਗ਼ਨੀਖਾਂ ਉੱਤਰ ਦੀਨਸਿ 'ਇਹ ਸੱਯਦ ਉਚ ਬਾਸੀ ਜੋਇ॥ ੨੪॥

ਇਹ ਸੁਣ ਕੇ ਉਮਰਾਵ ਨੇ ਚੰਗੀ ਬੁੱਧੀ ਵਾਲੇ ਮਨੁੱਖਾਂ ਨੂੰ ਭੇਜਿਆ, "ਜਾ ਕੇ ਪੁੱਛੋ, ਪਲੰਘ ਤੇ ਕੋਣ ਜਾ ਰਿਹਾ ਹੈ ?" ਉਹ ਮਨੁੱਖ ਤੁਰਤ ਆ ਕੇ ਉੱਚੀ ਆਵਾਜ਼ ਵਿਚ ਬੋਲੇ, "ਖੜੇ ਰਹੋ ਤੇ ਸਾਨੂੰ ਦੱਸੋ, ਕਿਥੋਂ ਆਏ ਹੋ, ਕਿੱਥੇ ਜਾ ਰਹੇ ਹੋ ਤੇ ਤੁਹਾਡਾ ਕਿਹੜਾ ਮਜ਼੍ਹਬ ਹੈ।" ਇਹ ਸੁਣ ਨਬੀ ਖਾਂ ਨੇ ਉੱਤਰ ਦਿੱਤਾ, "ਇਹ ਉੱਚ ਸਥਾਨ ਦੇ ਰਹਿਣ ਵਾਲੇ ਸੱਯਦ ਹਨ॥ ੨੪॥

ਕਰੀ ਹੱਜ ਹਾਜੀ ਏ ਦੀਰਘ ਜਹਾਂ ਮੋਜ ਤਹਿਂ ਨਿਤ ਬਿਚਰੰਤਿ'।
ਸੁਨਤਿ ਸਿਪਾਹੀ ਗਮਨੇ ਤੂਰਨ ਪਹੁੰਚਿ ਨਿਕਟ ਉਮਰਾਵ ਭਨੰਤਿ।
'ਸੱਯਦ ਇਹ ਹਾਜੀ ਹਜ ਕਰਿ ਕੈ ਫਿਰਤਿ ਆਪਨੇ ਮਤੇ ਮਤੰਤ।
ਨਗਰ ਉੱਚ ਕੋ ਬਾਸੀ ਭਾਖਤਿ ਦੀਰਘ ਪੀਰ ਰੀਤਿ ਲਖਿਯੰਤਿ'॥ ੨੫॥

ਇਨ੍ਹਾਂ ਨੇ ਹੱਜ ਕੀਤਾ ਹੈ ਅਤੇ ਵੱਡੇ ਹਾਜੀ ਹਨ, ਜਿੱਥੇ ਕਿੱਥੇ ਇਨ੍ਹਾਂ ਦੀ ਮੋਜ ਹੁੰਦੀ ਹੈ, ਵਿਚਰਦੇ ਰਹਿੰਦੇ ਹਨ।" ਇਹ ਸੁਣ ਕੇ ਸਿਪਾਹੀ ਗਏ ਤੇ ਤੁਰਤ ਪਹੁੰਚ ਕੇ ਉਮਰਾਵ ਨੂੰ ਕਿਹਾ, "ਇਹ ਸੱਯਦ ਹਾਜੀ ਹੈ, ਹੱਜ ਕਰਕੇ ਆਪਣੀ ਮੋਜ ਵਿਚ ਫਿਰ ਰਿਹਾ ਹੈ। ਉੱਚ ਨਗਰ ਦਾ ਰਹਿਣ ਵਾਲਾ ਹੈ, ਵੱਡੇ ਪੀਰਾਂ ਦੀ ਰੀਤੀ ਅਨੁਸਾਰ ਰਹਿਣ ਵਾਲਾ ਦਿਖਾਈ ਦਿੰਦਾ ਹੈ"॥ ੨੫॥

ਸਕਲ ਕਚਹਿਰੀ ਸੁਨਿ ਗਨ ਤੁਰਕਨ ਮਸਲਤ ਕਰੀ 'ਗੁਰੂ ਨ ਸਿਧਾਇ।
ਨਿਸ ਕੋ ਡੇਰੇ ਬਿਖੈ ਉਤਾਰਹੁ ਖਾਨ ਪਾਨ ਤੇ ਪਰਖਜੋ ਜਾਇ।
ਹੋਤਿ ਫਜਰ ਕੇ ਰੁਖਸਦ ਕਰੀਜਹਿ ਆਪ ਕਰਹੁ ਜ਼ਾਰਤ ਦਰਸਾਇ'।
ਇਮ ਕਹਿ ਪਠੇ ਸਿਪਾਹੀ ਪਹੁੰਚੇ ਢਿਗ ਸਤਿਗੁਰ ਕੇ ਕਹੀ ਸੁਨਾਇ॥ ੨੬॥

ਕਚਹਿਰੀ ਦੇ ਸਾਰੇ ਤੁਰਕਾਂ ਨੇ ਸੁਣ ਕੇ ਸਲਾਹ ਕੀਤੀ, "ਕਿਤੇ ਗੁਰੂ ਜੀ ਨਾ ਨਿਕਲ ਜਾਣ, ਰਾਤ ਨੂੰ ਉਨ੍ਹਾਂ ਨੂੰ ਆਪਣੇ ਡੇਰੇ ਵਿਚ ਉਤਾਰੋ, ਖਾਣ ਪੀਣ ਤੋਂ ਪਰਖਿਆ ਜਾਵੇਗਾ। ਸਵੇਰ ਹੋਣ 'ਤੇ ਰੁਖਸਤ ਕਰ ਦੇਵਾਂਗੇ, ਆਪ ਜੀ ਦਰਸ਼ਨ ਕਰਕੇ ਵੇਖੋ।" ਇਸ ਪ੍ਰਕਾਰ ਕਹਿ ਕੇ ਸਿਪਾਹੀਆਂ ਨੂੰ ਭੇਜਿਆ ਤੇ ਸਤਿਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਕਿਹਾ॥ ੨੬॥

'ਹੁਕਮ ਕਰਜੋ ਉਮਰਾਵ ਆਪ ਕੋ ਡੇਰਾ ਕਰੀਅਹਿ ਨਿਸ ਇਕ ਆਇ।
ਫਜਰ ਜਾਹੁ ਜਿਤ ਇੱਛਾ ਹੋਵੈ ਬਹੁਰ ਨਹੀਂ ਕੋ ਤੁਮ ਅਟਕਾਇ'।
ਦਯਾ ਸਿੰਘ ਸੁਨਿ ਬਾਕ ਬਖਾਨਜੋਂ 'ਤੰਬੂ ਦੀਜੈ ਪ੍ਰਿਥਕ ਲਗਾਇ।
ਤਬਹਿ ਪੀਰ ਜੀ ਸਿਵਰ ਕਰਹਿੰਗੇ ਜ਼ਾਰਤਿ ਕਰਹਿਂ ਆਇ ਸਮੁਦਾਇ' ॥੨੭॥

"ਉਮਰਾਵ ਨੇ ਹੁਕਮ ਕੀਤਾ ਹੈ ਕਿ ਇਕ ਰਾਤ ਏਥੇ ਰਹਿ ਕੇ ਡੇਰਾ ਕਰੋ। ਸਵੇਰ ਹੋਣ ਤੇ ਜਿੱਥੇ ਮਰਜ਼ੀ ਜਾਵੋ, ਫਿਰ ਤੁਹਾਨੂੰ ਕੋਈ ਨਹੀਂ ਅਟਕਾਵੇਗਾ।" ਦਇਆ ਸਿੰਘ ਨੇ ਸੁਣ ਕੇ ਕਿਹਾ, "ਪਹਿਲਾਂ ਇਕ ਤੰਬੂ ਸਾਨੂੰ ਲਾ ਕੇ ਦੇਵੋ। ਤਦ ਪੀਰ ਜੀ ਡੇਰਾ ਕਰਨਗੇ, ਫਿਰ ਸਾਰੇ ਆ ਕੇ ਮਿਲ ਕੇ ਦਰਸ਼ਨ ਕਰੋ"॥ ੨੭॥

ਤਿਨਹੁ ਬੂਝਿ ਉਮਰਾਵ ਲਯੋ ਪੁਨ ਬਾਹਰ ਪੌਰ ਦੁਰਗ ਕੇ ਮਾਂਹਿ।
ਅੰਤਰ ਜੈਬੇ ਕੋ ਮਗ ਢਿਗ ਢਿਗ ਤਿਹ ਠਾਂ ਤੰਬੂ ਦੀਨਿ ਲਗਾਇ।
ਨਬੀ ਗ਼ਨੀ ਖਾਂ ਗਮਨੇ ਅੰਤਰ ਦਯਾ ਸਿੰਘ ਪਸ਼ਚਾਤ ਚਲਾਇ।
ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਲ ਪਾਵੇ ਸੀਸ ਉਠਾਇ॥ ੨੮॥

ਉਨ੍ਹਾਂ ਨੇ ਉਮਰਾਵ ਨੂੰ ਪੁੱਛ ਲਿਆ, ਫਿਰ ਕਿਲ੍ਹੇ ਦੇ ਬਾਹਰਲੇ ਦਰਵਾਜ਼ੇ ਤੋਂ ਅੰਦਰਵਾਰ ਜਿੱਥੇ ਅੰਦਰ ਜਾਣ ਵਾਸਤੇ ਨਾਲ-ਨਾਲ ਰਾਹ ਸੀ, ਉਸ ਥਾਂ ਸਤਿਗੁਰੂ ਜੀ ਦਾ ਤੰਬੂ ਲਗਾ ਦਿੱਤਾ। ਨਬੀ ਖਾਂ ਗਨੀ ਖਾਂ ਅੰਦਰ ਚਲੇ ਗਏ ਤੇ ਬਾਅਦ ਵਿਚ ਦਇਆ ਸਿੰਘ ਵੀ ਚਲਾ ਗਿਆ। ਧਰਮ ਸਿੰਘ ਅਤੇ ਮਾਨ ਸਿੰਘ ਨੇ ਪਲੰਘ ਦੇ ਪਿਛਲੇ ਪਾਵੇ ਸਿਰ ਉੱਪਰ ਚੁੱਕੇ ਹੋਏ ਸਨ॥ ੨੮॥

ਪ੍ਰਥਮ ਪੌਰ ਕੇ ਅੰਤਰ ਬਰ ਕਰਿ ਦੁਤੀ ਪੌਰ ਕੇ ਕੁਛ ਅਗਵਾਇ।
ਤੰਬੂ ਬਿਖੈ ਪ੍ਰਯੰਕ ਉਤਾਰਜੋ ਪੰਚਹੁੰ ਬੈਠੇ ਢਿਗ ਦਰਸਾਇ।
ਕਿਤਿਕ ਦੇਰ ਮਹਿਂ ਪੁਨ ਨਰ ਆਯੋ 'ਤੁਮ ਸੌਂ ਕਹਿ ਭੇਜਜੋ ਉਮਰਾਇ।
ਕਹੈ ਸ਼ਾਹਦੀ ਆਨ ਜਿ ਕੋਈ ਨਿਸ਼ਚੇ ਸੱਯਦ ਦੇਹੁ ਬਤਾਇ॥ ੨੯॥

ਪਹਿਲੇ ਦਰਵਾਜ਼ੇ ਦੇ ਅੰਦਰ ਦਾਖਲ ਹੋ ਕੇ ਤੇ ਦੂਸਰੇ ਦਰਵਾਜ਼ੇ ਦੇ ਕੁਝ ਅੱਗੇ ਜਾ ਕੇ ਤੰਬੂ ਦੇ ਵਿਚ ਪਲੰਘ ਉਤਾਰ ਦਿੱਤਾ ਤੇ ਫਿਰ ਪੰਜੇ ਵਿਅਕਤੀ ਦਰਸ਼ਨ ਕਰਨ ਵਾਸਤੇ ਪਾਸ ਬੈਠ ਗਏ। ਕੁਝ ਦੇਰ ਬਾਅਦ ਇਕ ਮਨੁੱਖ ਆਇਆ ਤੇ ਕਹਿਣ ਲੱਗਾ, "ਤੁਹਾਨੂੰ ਉਮਰਾਵ ਨੇ ਕਹਿ ਕੇ ਭੇਜਿਆ ਹੈ ਕਿ ਕੋਈ ਸੱਯਦ ਤੁਹਾਡੀ ਆ ਕੇ ਸ਼ਾਹਦੀ ਦੇਵੇ, ਜੇ ਐਸੇ ਕਿਸੇ ਸੱਯਦ ਨੂੰ ਜਾਣਦੇ ਹੋ ਤਾਂ ਉਸ ਦਾ ਨਾਮ ਦੱਸ ਦੇਵੋ॥ ੨੯॥

ਤੌ ਤੁਮ ਜਾਨ ਪਾਇਹੌ ਆਗੇ ਜੇ ਕੋ ਨਹੀਂ ਬਤਾਵੈਂ ਆਇ।
ਤੌ ਅਟਕੇ ਹੀ ਇਹ ਠਾਂ ਰਹਿ ਹੋ ਇਸ ਕਾਰਨ ਕੁਛ ਕਰਹੁ ਉਪਾਇ'।

ਸ਼੍ਰੀ ਗੁਰ ਸੁਨਿ ਮੁਖ ਤੇ ਫੁਰਮਾਯਹੁ 'ਸੱਯਦ ਬਸੈ ਨੂਰਪੁਰਿ ਥਾਇਂ।
ਅਬਿ ਮਾਛੀਵਾਰੇ ਹੈ ਦਲ ਮਹਿਂ ਤਿਸ ਕੋ ਬੂਝਹੁ ਲੇਹੁ ਬਲਾਇ॥ ੩੦॥

ਤਦ ਤੁਸੀਂ ਏਥੋਂ ਜਾ ਸਕੋਗੇ, ਜੇ ਕੋਈ ਆ ਕੇ ਤੁਹਾਡੀ ਸ਼ਾਹਦੀ ਨਹੀਂ ਦੇਵੇਗਾ ਤਾਂ ਇਸ ਸਥਾਨ ਤੇ ਅਟਕੇ ਹੀ ਰਹੋਗੇ, ਇਸ ਕਰਕੇ ਤੁਹਾਨੂੰ ਕੁਝ ਉਪਾਅ ਕਰਨਾ ਚਾਹੀਦਾ ਹੈ।" ਸਤਿਗੁਰੂ ਜੀ ਨੇ ਸੁਣ ਕੇ ਮੁਖ ਤੋਂ ਫੁਰਮਾਇਆ, "ਇਕ ਸੱਯਦ ਨੂਰਪੁਰ ਵਾਲੇ ਸਥਾਨ 'ਤੇ ਰਹਿੰਦਾ ਹੈ, ਹੁਣ ਦਲ ਵਿਚ ਮਾਛੀਵਾੜੇ ਵਿਚ ਹੈ, ਉਸ ਨੂੰ ਬੁਲਾ ਕੇ ਪੁੱਛ ਲਵੋ॥ ੩੦॥

ਅਬਿ ਨਰ ਜਾਇ ਹਕਾਰਨ ਕਰਿ ਹੈ ਭੋਰ ਹੋਤਿ ਲੌ ਸੋ ਚਲਿ ਆਇ'।
ਇਮ ਸੁਨਿਕੈ ਉਮਰਾਵ ਸੁ ਤਤਛਿਨ ਪਠ੍ਯੋ ਸਉਰ 'ਜਾਹਿ ਉਤਲਾਇ।
ਨੂਰ ਪੁਰੇ ਕੋ ਸੱਯਦ ਦਲ ਮਹਿਂ ਅਮੁਕ ਸਿਵਰ ਮਹਿਂ ਲ੍ਯਾਉ ਬੁਲਾਇ'।
ਗਮਨ੍ਯੋਂ ਚਢਿਕੈ ਮਾਛੀਵਾਰੇ ਗੁਰ ਤੰਬੂ ਮਹਿਂ ਟਿਕੇ ਸੁਹਾਇ॥ ੩੧॥

ਹੁਣ ਕਿਸੇ ਮਨੁੱਖ ਨੂੰ ਭੇਜ ਕੇ ਉਸ ਨੂੰ ਬੁਲਾ ਲਵੋ, ਸਵੇਰ ਹੋਣ ਤਕ ਉਹ ਚਲ ਕੇ ਆ ਜਾਵੇ।" ਇਸ ਪ੍ਰਕਾਰ ਸੁਣ ਕੇ ਉਮਰਾਵ ਨੇ ਤੁਰਤ ਇਕ ਘੋੜ-ਸਵਾਰ ਨੂੰ ਭੇਜਿਆ ਤੇ ਕਿਹਾ, "ਛੇਤੀ ਨਾਲ ਜਾਵੋ, ਨੂਰਪੁਰ ਦਾ ਇਕ ਸੱਯਦ ਦਲ ਵਿਚ ਹੈ, ਉਸ ਨੂੰ ਇਸ ਖੇਮੇ ਵਿਚ ਬੁਲਾ ਕੇ ਲਿਆਵੋ।" ਉਹ ਸਵਾਰ ਮਾਛੀਵਾੜੇ ਵੱਲ ਚਲਾ ਗਿਆ ਤੇ ਗੁਰੂ ਜੀ ਤੰਬੂ ਵਿਚ ਬੈਠੇ ਸੋਭ ਰਹੇ ਸਨ॥ ੩੧॥

*ਛੇਵੀਂ ਰੁੱਤ ਦਾ ਛਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੬॥*

## *ਅਧਿਆਇ ਸੰਤਾਲ੍ਹੀਵਾਂ*

### *ਕਰਦ ਭੇਟ, ਨੂਰਪੁਰੀਏ ਸੱਯਦ ਦੀ ਗਵਾਹੀ*

ਦੋਹਰਾ-ਸੰਧ੍ਯਾ ਹੋਈ ਆਨਿ ਜਬਿ ਤਬਿ ਉਮਰਾਵ ਹਕਾਰਿ।
ਕਹ੍ਯੋ ਬਬਰਚੀ ਕੋ ਭਲੇ 'ਖਾਨਾ ਕੀਜਹਿ ਤ੍ਯਾਰ॥ ੧॥

ਜਦ ਸ਼ਾਮ ਹੋਈ ਤਾਂ ਉਮਰਾਵ ਨੇ ਆਪਣੇ ਬਾਵਰਚੀ ਨੂੰ ਬੁਲਾ ਕੇ ਭਲੀ ਪ੍ਰਕਾਰ ਕਿਹਾ, "ਖਾਣਾ ਤਿਆਰ ਕਰੋ॥ ੧॥

*ਸੈਯਾ ਛੰਦ*-ਪੀਰ ਅਹੈਂ ਉਚ ਬਾਸੀ ਸੱਯਦ ਜੁਗਤ ਮੁਰੀਦਨ ਖਾਨਾ ਖਾਨ।
ਸੁਧਿ ਕੋ ਦੇਹੁ ਤ੍ਯਾਰ ਜਬਿ ਹੋਵੈ' ਸੁਨਿਓ ਗਯੋ ਆਪਨੇ ਥਾਨ।
ਨਾਨਾ ਬਿਧਿ ਕੇ ਪਾਕ ਬਨਾਯੋ ਆਮਿਖ ਆਦਿਕ ਜੇਤਿਕ ਜਾਨ।
ਤਬਿ ਉਮਰਾਵ ਪਠ੍ਯੋ ਇਕ ਨਰ ਕੋ 'ਜਾਹੁ ਪੀਰ ਢਿਗ ਲ੍ਯਾਵਨ ਠਾਨਿ' ॥੨॥

ਉੱਚ ਦੇ ਰਹਿਣ ਵਾਲੇ ਸੱਯਦ ਪੀਰ ਹਨ, ਉਨ੍ਹਾਂ ਨੇ ਆਪਣੇ ਮੁਰੀਦਾਂ ਸਹਿਤ ਭੋਜਨ ਖਾਣਾ ਹੈ। ਜਦ ਤਿਆਰ ਹੋ ਜਾਵੇ ਤਾਂ ਖ਼ਬਰ ਦੇਵੋ।" ਇਹ ਸੁਣ ਕੇ ਬਾਵਰਚੀ ਆਪਣੇ ਸਥਾਨ 'ਤੇ ਚਲਾ ਗਿਆ। ਉਸ ਨੇ ਕਈ ਪ੍ਰਕਾਰ ਦੇ ਪਕਵਾਨ ਬਣਾਏ, ਮਾਸ ਆਦਿ ਜੋ ਕੁਝ ਵੀ ਬਣਾਉਣਾ ਜਾਣਦਾ ਸੀ, ਤਿਆਰ ਕੀਤਾ। ਤਦ ਉਮਰਾਵ ਨੇ ਇਕ ਮਨੁੱਖ ਨੂੰ ਭੇਜਿਆ ਤੇ ਕਿਹਾ, "ਜਾਵੋ, ਪੀਰ ਨੂੰ ਸਾਡੇ ਪਾਸ ਲਿਆਵੋ"॥ ੨॥

ਤਤਛਿਨ ਚਲਿ ਸਤਿਗੁਰ ਢਿਗ ਆਯੋ ਹਾਥ ਜੋਰ ਕਰਿ ਕਹੀ ਸੁਨਾਇ।
'ਖਾਨਾ ਖਾਨ ਪੀਰ ਜੀ ਚਲੀਅਹਿ ਕਰਤਿ ਹਕਾਰਨ ਥਿਤ ਉਮਰਾਇ'।
ਸੁਨਿ ਸ਼੍ਰੀ ਪ੍ਰਭੁ ਬੋਲੇ ਤਿਸ ਨਰਸੋਂ 'ਪੀਰ ਨਹੀ ਖਾਨੇ ਕੋ ਖਾਇ।
ਰੋਜ਼ੇ ਰਹਤਿ ਹਮੇਸ਼ ਇਸੀ ਬਿਧਿ ਏਕ ਸਮੈਂ ਇਕ ਜੌਂ ਮੁਖ ਪਾਇ॥ ੩ ॥

ਉਹ ਤੁਰਤ ਚਲ ਕੇ ਸਤਿਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਉਸ ਕਹਿ ਕੇ ਸੁਣਾਇਆ, "ਹੇ ਪੀਰ ਜੀ ! ਖਾਣਾ ਖਾਣ ਵਾਸਤੇ ਚਲੋ, ਤੁਹਾਨੂੰ ਉਮਰਾਵ ਆਪਣੇ ਪਾਸ ਬੁਲਾ ਰਹੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਪੀਰ ਖਾਣਾ ਨਹੀਂ ਖਾਂਦੇ ਹਨ, ਇਸ ਵਿਧੀ ਨਾਲ ਹਮੇਸ਼ਾ ਰੋਜ਼ਾ ਰੱਖਦੇ ਹਨ, ਇਕ ਸਮੇਂ ਇਕ ਜੌਂ ਦਾ ਦਾਣਾ ਮੂੰਹ ਵਿਚ ਪਾਉਂਦੇ ਹਨ॥ ੩ ॥

ਜੋ ਮੁਰੀਦ ਹੈਂ ਸੰਗ ਹਮਾਰੇ ਸੋ ਆਵਹਿਂ ਦੇ ਖਾਨਾ ਖਾਨ'।
ਸੁਨਿ ਕਰਿ ਗਯੋ ਜਾਇ ਕਰਿ ਭਾਖੀ 'ਏਵ ਪੀਰ ਨੇ ਕੀਨਿ ਬਖਾਨ'।
ਤੀਨਹੁਂ ਸਿੰਘਨ ਤਬਿ ਕਰ ਜੋਰੇ 'ਕਿਮ ਹਮ ਬਚੈਂ ਕੌਨ ਕ੍ਰਿਤ ਠਾਨਿ ?।
ਆਪ ਅਹੋ ਸਮਰੱਥ ਸਭੀ ਬਿਧਿ ਕਰੈਂ ਤਥਾ ਜਸ ਹੁਇ ਫੁਰਮਾਨ' ॥ ੪ ॥

ਜਿਹੜੇ ਮੁਰੀਦ ਸਾਡੇ ਨਾਲ ਹਨ, ਉਹ ਖਾਣਾ ਖਾਣ ਵਾਸਤੇ ਆਉਣਗੇ।" ਇਹ ਸੁਣ ਕੇ ਨੌਕਰ ਗਿਆ ਤੇ ਜਾ ਕੇ ਕਹਿਣ ਲੱਗਾ, "ਪੀਰ ਨੇ ਇਸ ਪ੍ਰਕਾਰ ਕਿਹਾ ਹੈ।" ਤਿੰਨਾਂ ਸਿੰਘਾਂ ਨੇ ਫਿਰ ਹੱਥ ਜੋੜੇ ਅਤੇ ਕਿਹਾ, "ਅਸੀਂ ਕਿਵੇਂ ਬਚੀਏ ਤੇ ਕਿਹੜੀ ਕ੍ਰਿਤ ਧਾਰਨ ਕਰੀਏ ? ਤੁਸੀਂ ਸਭ ਵਿਧੀਆਂ ਨਾਲ ਸਮਰੱਥ ਹੋ, ਉਸ ਤਰ੍ਹਾਂ ਹੀ ਕਰੀਏ ਜਿਵੇਂ ਤੁਸੀਂ ਫੁਰਮਾਓ" ॥ ੪ ॥

ਸਤਿਗੁਰ ਕਹਯੋ 'ਨ ਸੰਸਾ ਕੀਜੈ ਸੱਤਿਨਾਮ ਕੋ ਬਦਨ ਅਲਾਇ।
ਪੂਰਬ ਭੇਟ ਕਰਦ ਕੀ ਠਾਨਹੁ ਵਾਹਿਗੁਰੂ ਕਹਿ ਲਿਹੁ ਮੁਖ ਪਾਇ।
ਕਿਤਿਕ ਅਹਾਰ ਬੰਧ ਲਿਹੁ ਪਾਲੇ ਸੋ ਸਮੀਪ ਹਮਰੇ ਲੇ ਆਇ।
ਕਰਹਿਂ ਹਕਾਰਨ, ਅਚਹੁ ਅਹਾਰਨ, ਮੰਤ੍ਰ ਉਚਾਰਨ ਕਰਿ ਤਿਸ ਥਾਇਂ' ॥ ੫ ॥

ਸਤਿਗੁਰੂ ਜੀ ਨੇ ਕਿਹਾ, "ਸੰਸਾ ਨਾ ਕਰੋ, ਮੂੰਹ ਨਾਲ ਸਤਿਨਾਮ ਬੋਲੋ, ਪਹਿਲਾਂ ਭੋਜਨ ਵਿਚ ਕਿਰਪਾਨ ਭੇਟ ਕਰੋ ਤੇ ਵਾਹਿਗੁਰੂ ਕਹਿ ਕੇ ਮੁਖ ਵਿਚ ਪਾਵੋ। ਕੁਝ ਭੋਜਨ ਨੂੰ ਪੱਲੇ ਬੰਨ੍ਹ ਲਵੋ ਤੇ ਉਸ ਨੂੰ ਮੇਰੇ ਪਾਸ ਲੈ ਆਵੋ। ਹੁਣ ਬੁਲਾਉਂਦੇ ਹਨ ਭੋਜਨ ਛਕੋ ਤੇ ਉਥੇ ਜਾ ਕੇ ਮੂਲ ਮੰਤਰ ਦਾ ਉਚਾਰਨ ਕਰੋ" ॥ ੫ ॥

ਤਿਹ ਨਰ ਜਾਇ ਕਹਯੋ ਉਮਰਾਵਹਿ 'ਰੋਜ਼ੇ ਰਹੈ ਸੁ ਪੀਰ ਹਮੇਸ਼।
ਇਕ ਜੌਂ ਏਕ ਸਮੈਂ ਮੁਖ ਪਾਵਹਿ ਇਮ ਤਨ ਸਾਧਯੋ ਰਹੈ ਵਿਸ਼ੇਸ਼।
ਸੰਗ ਮੁਰੀਦ ਪੰਚ ਸੇ ਖਾਵਹਿਂ ਹੁਕਮ ਕਰਹੁ ਤੌ ਲਯਾਇਂ ਅਸ਼ੇਸ਼'।
ਸੁਨਿਕੈ ਭਨਯੋਂ 'ਜਾਹੁ ਤਿਨ ਆਨਹੁਂ ਲਖਿਯਤਿ ਪੀਰ ਦੀਹ ਦਰਵੇਸ਼' ॥ ੬ ॥

ਉਸ ਮਨੁੱਖ ਨੇ ਜਾ ਕੇ ਉਮਰਾਵ ਨੂੰ ਕਿਹਾ, "ਪੀਰ ਜੀ ਹਮੇਸ਼ਾਂ ਰੋਜ਼ਾ ਰੱਖਦੇ ਹਨ, ਇਕ ਜੌਂ ਦਾ ਦਾਣਾ ਇਕ ਸਮੇਂ ਮੁੱਖ ਵਿਚ ਪਾਉਂਦੇ ਹਨ, ਇਸ ਪ੍ਰਕਾਰ ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਸਰੀਰ ਨੂੰ ਸਾਧਿਆ ਹੈ। ਤੁਹਾਡੇ ਨਾਲ ਪੰਜ ਮੁਰੀਦ ਖਾਣਗੇ, ਕਹੋ ਤਾਂ ਮੈਂ ਬਾਕੀਆਂ ਨੂੰ ਲੈ ਆਵਾਂ।" ਇਹ ਸੁਣਕੇ ਉਮਰਾਵ ਨੇ ਕਿਹਾ, "ਉਨ੍ਹਾਂ ਨੂੰ ਲੈ ਆਵੋ, ਇਹ ਪੀਰ ਤਾਂ ਵੱਡਾ ਦਰਵੇਸ਼ ਦਿਖਾਈ ਦਿੰਦਾ ਹੈ" ॥ ੬ ॥

ਪੁਨ ਨਰ ਆਯੋ ਪੰਚ ਹਕਾਰੇ ਗੁਰ ਕੇ ਕਹੇ ਕਰੀ ਪਰਤੀਤ।
ਉਠਿ ਗਮਨੇ ਪਹੁੰਚੇ ਤਿਸ ਥਲ ਤਬਿ ਜਯੋਂ ਉਮਰਾਵ ਸਥਿਰਤਾ ਕੀਤ।

ਤੁਰਕ ਅਪਰ ਕੇਤਿਕ ਹੈਂ ਤਿਸ ਢਿਗ ਗੁਰ ਗਾਥਾ ਕਹਿ ਅਚਰਜ ਚੀਤ।
ਲਾਖਹੁਂ ਲਸ਼ਕਰ ਜੰਗ ਪ੍ਰਹਾਰਜੋ ਬਿਚ ਤੇ ਨਿਕਸਿ ਗਯੋ ਨਿਰਭੀਤ'॥ ੭॥

ਫਿਰ ਉਸ ਮਨੁੱਖ ਨੇ ਆ ਕੇ ਪੰਜਾਂ ਨੂੰ ਬੁਲਾਇਆ ਤੇ ਗੁਰੂ ਜੀ ਦੇ ਕਹੇ 'ਤੇ ਉਸ ਪਰਤੀਤ ਕੀਤੀ। ਪੰਜੇ ਉੱਠ ਕੇ ਉਸ ਸਥਾਨ 'ਤੇ ਪਹੁੰਚ ਗਏ ਜਿਹੜੇ ਸਥਾਨ 'ਤੇ ਉਮਰਾਵ ਨੇ ਡੇਰਾ ਕੀਤਾ ਸੀ। ਉਸ ਦੇ ਪਾਸ ਹੋਰ ਕਈ ਤੁਰਕ ਸਨ ਜਿਹੜੇ ਚਿੱਤ ਵਿਚ ਹੈਰਾਨ ਹੋ ਕੇ ਗੁਰੂ ਜੀ ਦੀ ਗਾਥਾ ਕਹਿ ਰਹੇ ਸਨ, "ਲੱਖਾਂ ਦੀ ਗਿਣਤੀ ਵਿਚ ਸ਼ਾਹੀ ਲਸ਼ਕਰ ਜੰਗ ਵਿਚ ਵਾਰ ਕਰ ਰਿਹਾ ਸੀ, ਉਨ੍ਹਾਂ ਦੇ ਵਿਚੋਂ ਨਿਰਭੈ ਹੋ ਕੇ ਗੁਰੂ ਜੀ ਨਿਕਲ ਗਏ"॥ ੭॥

ਸਭਿਹਿਨਿ ਬੀਚ ਬਿਠਾਵਨ ਕੀਨੇ ਖਾਨੇ ਹਿਤ ਖਾਨਾ ਅਨਵਾਇ।
ਬੂਝਤਿ ਬਾਤ 'ਪੀਰ ਇਹ ਕੈਸੋ ਕਿਤ ਤੇ ਆਇ ਕਹਾਂ ਕੋ ਜਾਇ?'।
ਨਬੀ ਗ਼ਨੀਖਾਂ ਸਹਤਿ ਪ੍ਰਸ਼ੰਸ਼ਾ ਤੀਨੋ ਸਰਬ ਬ੍ਰਿਤੰਤ ਸੁਨਾਇ।
'ਮਹਾਂ ਮੌਜ ਕੇ ਮਾਲਿਕ ਬਿਚਰਤ ਨਹਿਂ ਕਾਰਜ ਕੁਛ ਹੋਤਿ ਲਖਾਇ॥ ੮॥

ਉਨ੍ਹਾਂ ਪੰਜਾਂ ਨੂੰ ਸਾਰਿਆਂ ਦੇ ਵਿਚ ਬਿਠਾ ਲਿਆ ਤੇ ਖਾਣ ਵਾਸਤੇ ਖਾਣਾ ਮੰਗਵਾਇਆ। ਪੁੱਛਦੇ ਸਨ, "ਇਹ ਕੈਸਾ ਪੀਰ ਹੈ, ਕਿਥੋਂ ਆਇਆ ਹੈ ਤੇ ਕਿੱਥੇ ਜਾ ਰਿਹਾ ਹੈ?" ਨਬੀ ਖਾਂ ਗ਼ਨੀ ਖਾਂ ਸਹਿਤ ਤਿੰਨਾਂ ਨੇ ਬਹੁਤ ਪ੍ਰਸੰਸਾ ਕਰਕੇ ਸਾਰਾ ਹਾਲ ਸੁਣਾਇਆ, "ਮਹਾਂ ਮੌਜ ਦੇ ਮਾਲਕ ਹਨ ਜਿੱਥੇ ਕਿੱਥੇ ਵਿਚਰਦੇ ਹਨ, ਕਿਸੇ ਕਾਰਜ ਦਾ ਕੁਝ ਪਤਾ ਨਹੀਂ ਚਲਦਾ ਹੈ॥ ੮॥

ਕਿਸਹਿ ਨਿਵਾਜੈਂ ਪਿਖਤ ਪ੍ਰੀਤ ਜਿਹ ਕਿਹ ਕੋ ਸ੍ਰਾਪਦ ਅਪਦਾ ਪਾਇਂ।
ਮੱਕੇ ਜ਼ਾਰਤ ਕਰਤਿ ਮਸਤ ਭੇ ਕਾਮਲ ਵਲੀ ਨ ਕੋ ਸਮਤਾਇ'।
ਇਤਨੇ ਮਹਿਂ ਖਾਨਾ ਲੇ ਆਏ ਬਡੇ ਰਕੇਬ ਭਰੇ ਸਮੁਦਾਇ।
ਇਕ ਤੌ ਨਬੀ ਗ਼ਨੀ ਕੋ ਦੀਨਹੁਂ ਦੋਨਹੁਂ ਆਗੇ ਧਰਜੋ ਬਨਾਇ॥ ੯॥

ਕਿਸੇ ਨੂੰ ਪ੍ਰੀਤ ਵੇਖ ਕੇ ਬਖਸ਼ਸ਼ਾਂ ਨਾਲ ਨਿਵਾਜਦੇ ਹਨ ਤੇ ਕਿਸੇ ਨੂੰ ਸ੍ਰਾਪ ਦੇ ਕੇ ਬਿਪਤਾ ਪਾ ਦਿੰਦੇ ਹਨ। ਮੱਕੇ ਦੀ ਯਾਤਰਾ ਕਰਦੇ ਹਨ ਤੇ ਮਸਤ ਰਹਿੰਦੇ ਹਨ ਤੇ ਕਾਮਲ ਵਲੀ ਹਨ, ਇਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ।" ਏਨੇ ਵਿਚ ਖਾਣਾ ਲੈ ਆਏ, ਵੱਡੀਆਂ-ਵੱਡੀਆਂ ਰਕਾਬੀਆਂ ਭਰ ਕੇ ਅੱਗੇ ਰੱਖ ਦਿੱਤੀਆਂ। ਇਕ ਤਾਂ ਨਬੀ ਖਾਂ ਗ਼ਨੀ ਖਾਂ ਨੂੰ ਦਿੱਤੀ ਤੇ ਦੋਹਾਂ ਅੱਗੇ ਬਣਾ ਕੇ ਧਰ ਦਿੱਤੀ॥ ੯॥

ਦਯਾ ਸਿੰਘ ਅਰੁ ਧਰਮ ਸਿੰਘ ਕੋ ਇਕ ਰਕੇਬ ਦੋਨਹੁਂ ਕੋ ਦੀਨ।
ਇਕ ਰਕੇਬ ਉਮਰਾਵ ਲਯੋ ਤਬਿ ਮਾਨ ਸਿੰਘ ਅਪਨੇ ਸੰਗ ਲੀਨ।
ਅਪਰ ਤੁਰਕ ਜੁਗ ਜੁਗ ਕੈ ਤੀਨਹੁ ਲੇ ਰਕੇਬ ਕੋ ਖਾਵਨ ਕੀਨ।
ਕਰਦ ਨਿਕਾਰੀ ਸਿੰਘਨ ਕਰਿ ਲੇ ਸੱਤਿਨਾਮ ਕਹਿ ਫੇਰਿ ਪ੍ਰਬੀਨ॥ ੧੦॥

ਇਕ ਰਕਾਬੀ ਦਇਆ ਸਿੰਘ ਅਤੇ ਧਰਮ ਸਿੰਘ ਨੂੰ ਦਿੱਤੀ। ਇਕ ਰਕਾਬੀ ਉਮਰਾਵ ਨੇ ਆਪ ਲਈ ਤਦ ਮਾਨ ਸਿੰਘ ਨੇ ਇਕ ਰਕਾਬੀ ਆਪਣੇ ਪਾਸ ਲੈ ਲਈ। ਹੋਰ ਸਾਰੇ ਤੁਰਕਾਂ ਨੇ ਦੋ-ਦੋ ਨੇ ਮਿਲ ਕੇ ਇਕ ਇਕ ਰਕਾਬੀ ਲੈ ਲਈ ਤੇ ਖਾਣਾ-ਖਾਣ ਲੱਗੇ। ਸਿੰਘਾਂ ਨੇ ਕਿਰਪਾਨ ਕੱਢ ਕੇ ਆਪਣੇ ਹੱਥ ਵਿਚ ਲਈ ਤੇ ਫਿਰ ਉਨ੍ਹਾਂ ਮੂੰਹ ਵਿਚ ਸਤਿਨਾਮ ਕਿਹਾ॥ ੧੦॥

ਮਾਨ ਸਿੰਘ ਤਬਿ ਕਰਦ ਹਾਥਿ ਧਰਿ ਵਿਚ ਰਕੇਬ ਫੇਰੀ ਕਰਿ ਕਾਰ।
ਤਬਿ ਉਮਰਾਵ ਸੰਦੇਹ ਧਾਰਿ ਕਰਿ ਹਿਤ ਬੂਝਨ ਕੇ ਬਾਕ ਉਚਾਰ।

'ਇਹ ਕਜਾ ਕਰਹੁ ਕਰਦ ਤੁਮ ਫੇਰਹੁ ਮਕਰੂ ਕੀਨੋ ਖਾਨ ਅਹਾਰ।
ਤੁਰਕਨਿ ਬਿਖੈ ਕੌਨ ਇਮ ਕਰਤਾ ਜਿਮ ਤੁਮ ਕਰੀ ਕਰਦ ਕੀ ਕਾਰ' ॥੧੧॥

ਮਾਨ ਸਿੰਘ ਨੇ ਫਿਰ ਕਿਰਪਾਨ ਹੱਥ ਵਿਚ ਫੜ ਕੇ ਰਕਾਬੀ ਵਿਚ ਫੇਰਨ ਦੀ ਕਾਰ ਕੀਤੀ। ਫਿਰ ਉਮਰਾਵ ਨੇ ਸੰਸਾ ਧਾਰ ਕੇ ਪੁੱਛਣ ਵਾਸਤੇ ਕਿਹਾ, "ਇਹ ਕੀ ਕਰਦੇ ਹੋ ਭੋਜਨ ਵਿਚ ਕਿਰਪਾਨ ਫੇਰਦੇ ਹੋ, ਇਸ ਭੋਜਨ ਨੂੰ ਤੁਸੀਂ ਘਿਰਣਾ ਯੋਗ ਬਣਾ ਦਿੱਤਾ ਹੈ। ਤੁਰਕਾਂ ਵਿਚ ਇਸ ਤਰ੍ਹਾਂ ਕੌਣ ਕਰਦਾ ਹੈ, ਜਿਵੇਂ ਤੁਸੀਂ ਕਿਰਪਾਨ ਫੇਰਨ ਦਾ ਕਾਰਜ ਕੀਤਾ ਹੈ" ॥੧੧॥

ਸੁਨਿ ਕਰਿ ਮਾਨ ਸਿੰਘ ਦਿਯ ਉੱਤਰ 'ਜਬਿ ਮੱਕੇ ਹਮ ਪਹੁੰਚੇ ਜਾਇ।
ਨਈ ਰਸਮ ਨਿਕਲੀ ਇਹ ਤਹਿੰ ਤੇ ਸਭਿ ਕਿਛ ਲੋਹੇ ਤੇ ਬਨਿ ਆਇ।
ਅੱਵਲ ਖਾਨੇ ਮਾਂਹਿ ਕਰਦ ਛੁਹਿ ਪੁਨ ਹੁਇ ਪਾਕ ਖਾਨ ਕੇ ਭਾਇ।
ਤਬ ਕੇ ਹਮਰੇ ਪੀਰ ਬਖਾਨਜੋਂ ਖਾਨਾ ਖਾਹੁ ਕਰਦ ਨਿਤ ਛੁਾਇ' ॥੧੨॥

ਇਹ ਸੁਣ ਕੇ ਮਾਨ ਸਿੰਘ ਨੇ ਉੱਤਰ ਦਿੱਤਾ, "ਜਦ ਅਸੀਂ ਮੱਕੇ ਜਾ ਕੇ ਪਹੁੰਚੇ ਸੀ, ਉਥੋਂ ਇਹ ਨਵੀਂ ਰਸਮ ਨਿਕਲੀ ਹੈ, ਸਭ ਕੁਝ ਲੋਹੇ ਤੋਂ ਬਣਦਾ ਹੈ। ਪਹਿਲਾਂ ਖਾਣੇ ਨੂੰ ਕਰਦ ਛੁਹਾਵੇ, ਫਿਰ ਜਦ ਇਹ ਪਵਿੱਤਰ ਹੋ ਜਾਵੇ ਤਾਂ ਖਾਣ ਨੂੰ ਚੰਗਾ ਲੱਗਦਾ ਹੈ। ਤਦ ਤੋਂ ਸਾਡੇ ਪੀਰ ਨੇ ਕਿਹਾ ਹੈ ਕਿ ਖਾਣਾ ਖਾਣ ਲੱਗਿਆਂ ਸਦਾ ਕਿਰਪਾਨ ਛੁਹਾਓ" ॥੧੨॥

ਤਬਿ ਇਮ ਕਹਿ ਕਰਿ ਖਾਨਾ ਖਾਜਹੁ ਸਿੰਘਨਿ ਆਗੈ ਭਯੋ ਕਰਾਹਿ।
ਅਰਧ ਰਕੇਬ ਮਾਨ ਸਿੰਘ ਦਿਸ਼ ਜੋ ਖਾਇ ਤਿਹਾਵਲ ਤਿਸ ਕੇ ਮਾਂਹਿ।
ਦਿਸ਼ ਉਮਰਾਵ ਹੁਯੋ ਤਿਮ ਆਮਿਖ ਭੱਖਨ ਕਰਤਿ ਲਖਹਿ ਕਿਮ ਨਾਂਹਿ।
ਬਿਸਮਹਿੰ ਭਏ ਸ੍ਵਾਦ ਪੰਚਾਂਮ੍ਰਿਤ ਗੁਰੂ ਕਲਾ ਪ੍ਰਗਟੀ ਇਹ ਆਇ॥ ੧੩॥

ਜਦ ਇਸ ਪ੍ਰਕਾਰ ਕਹਿ ਕੇ ਖਾਣਾ ਖਾਣ ਲੱਗੇ ਤਾਂ ਸਿੰਘਾਂ ਅੱਗੇ ਕੜਾਹ ਪ੍ਰਸ਼ਾਦਿ ਬਣ ਗਿਆ। ਜਿਹੜੀ ਮਾਨ ਸਿੰਘ ਵਾਲੇ ਪਾਸੇ ਅੱਧੀ ਰਕਾਬੀ ਪਈ ਸੀ, ਮਾਨ ਸਿਘ ਉਸ ਵਿਚੋਂ ਕੜਾਹ ਪ੍ਰਸ਼ਾਦਿ ਖਾ ਰਿਹਾ ਸੀ। ਉਮਰਾਵ ਵਾਲੇ ਪਾਸੇ ਉਸ ਤਰ੍ਹਾਂ ਹੀ ਰਕਾਬੀ ਵਿਚ ਮਾਸ ਪਿਆ ਸੀ, ਉਹ ਖਾ ਰਹੇ ਸਨ ਤੇ ਕਿਸੇ ਪ੍ਰਕਾਰ ਵੀ ਸਮਝ ਨਹੀਂ ਰਹੇ ਸਨ। ਕੜਾਹ ਪ੍ਰਸ਼ਾਦਿ ਦਾ ਸਵਾਦ ਵੇਖ ਕੇ ਬਹੁਤ ਹੈਰਾਨ ਹੋਏ, ਏਥੇ ਗੁਰੂ ਜੀ ਦੀ ਕਲਾ ਆ ਕੇ ਪ੍ਰਗਟ ਹੋਈ ਸੀ॥ ੧੩॥

ਮਾਨ ਸਿੰਘ ਅਰੁ ਧਰਮ ਸਿੰਘ ਨੇ ਪਾਲੇ ਬਾਂਧਯੋ ਕੁਛਕ ਅਹਾਰ।
ਪਾਨ ਪਖਾਰੇ ਪਾਨੀ ਲੇ ਕਰਿ, ਚਲਿ ਆਏ ਸਤਿਗੁਰ ਅਗਵਾਰ।
ਬੂਝਯੋ 'ਆਨਯੋ ਹੈ ਕਿ ਨਹੀਂ ਕਿਛੁ?' ਦੋਨੋ ਦਿਯੋ ਦਿਖਾਇ ਉਚਾਰ।
ਕਹਯੋ ਗੁਰੂ 'ਸੰਭਾਰਿ ਰਾਖੀਏ ਹਮ ਜਾਚਹਿੰ ਤਬਿ ਦੇਹੁ ਦਿਖਾਰਿ' ॥ ੧੪॥

ਮਾਨ ਸਿੰਘ ਅਤੇ ਧਰਮ ਸਿੰਘ ਨੇ ਕੁਝ ਭੋਜਨ ਆਪਣੇ ਪੱਲੇ ਬੰਨ੍ਹ ਲਿਆ। ਫਿਰ ਪਾਣੀ ਲੈ ਕੇ ਹੱਥ ਧੋਤੇ ਤੇ ਚਲ ਕੇ ਸਤਿਗੁਰੂ ਜੀ ਦੇ ਸਾਹਮਣੇ ਆ ਗਏ ਤੇ ਉਨ੍ਹਾਂ ਨੂੰ ਪੁੱਛਿਆ, "ਕੁਝ ਲਿਆਏ ਹੋ ਕਿ ਨਹੀਂ?" ਤਾਂ ਦੋਹਾਂ ਨੇ ਉਚਾਰਨ ਕਰਕੇ ਵਿਖਾ ਦਿੱਤਾ। ਫਿਰ ਗੁਰੂ ਜੀ ਨੇ ਕਿਹਾ, "ਸੰਭਾਲ ਕੇ ਰੱਖੋ, ਜਦੋਂ ਅਸੀਂ ਮੰਗਾਂਗੇ ਤਾਂ ਵਿਖਾ ਦੇਣਾ" ॥ ੧੪॥

ਨਿਸਾ ਬਿਖ ਤੰਬੂ ਮਹਿੰ ਸੁਪਤੇ ਗੁਰ ਪ੍ਰਯੰਕ ਪਰ ਥਿਰੇ ਜਗੰਤਿ।
ਭਈ ਪ੍ਰਭਾਤਿ ਚਢਯੋ ਤਬਿ ਸੂਰਜ ਸੱਯਦ ਆਨਯੋਂ ਬੋਲਿ ਤੁਰੰਤ।
ਬਾਸੀ ਨੂਰਪੁਰੇ ਕੀ ਸ਼ੁਭ ਮਤਿ ਮਗ ਖ਼ੁਦਾਇ ਕੇ ਮਿਲਨਿ ਚਲੰਤਿ।
ਕਈ ਬਾਰ ਸਤਿਗੁਰ ਕੋ ਮੇਲੀ ਕ੍ਰਿਪਾ ਕਰਹਿੰ ਤਿਸ ਪਰ ਭਗਵੰਤ॥ ੧੫॥

ਰਾਤ ਸਮੇਂ ਗੁਰੂ ਜੀ ਤੰਬੂ ਵਿਚ ਸੁੱਤੇ, ਗੁਰੂ ਜੀ ਪਲੰਘ ਉੱਪਰ ਲੇਟੇ ਹੋਏ ਜਾਗਦੇ ਰਹੇ। ਫਿਰ ਸਵੇਰ ਹੋ ਗਈ, ਸੂਰਜ ਚੜ੍ਹ ਆਇਆ। ਸੱਯਦ ਨੂੰ ਤੁਰਤ ਬੁਲਾ ਕੇ ਲੈ ਆਏ। ਉਹ ਨੂਰਪੁਰ ਦਾ ਰਹਿਣ ਵਾਲਾ ਸੀ ਤੇ ਸ਼ੁਭ ਬੁੱਧੀ ਵਾਲਾ ਹੋਣ ਕਰਕੇ ਖ਼ੁਦਾ ਨੂੰ ਮਿਲਣ ਦੇ ਰਾਹ 'ਤੇ ਚਲਦਾ ਸੀ। ਕਈ ਵਾਰ ਸਤਿਗੁਰੂ ਜੀ ਨੂੰ ਮਿਲਿਆ ਸੀ, ਸਤਿਗੁਰੂ ਜੀ ਉਸ ਉੱਤੇ ਪੂਰਨ ਕਿਰਪਾ ਕਰਦੇ ਸਨ॥ ੧੫॥

ਜੋ ਅਸਵਾਰ ਹਕਾਰਨ ਗਮਨਜੋ ਤਿਹ ਸਗਰੀ ਬਿਧਿ ਦਈ ਬਤਾਇ।
ਇਕ ਪ੍ਰਯੰਕ ਪਰ ਹਾਜੀ ਸੱਯਦ ਤਾਂਹਿ ਸ਼ਾਹਦੀ ਹੇਤ ਬੁਲਾਇ।
ਜਾਨਿ ਗਯੋ ਸਗਰੀ ਬਿਧਿ ਸੋ ਤਬਿ ਮੈਂ ਗੁਰ ਕਾਜ ਬਿਖੈ ਅਬਿ ਆਇ।
ਧੰਨ ਜਨਮ ਮੇਰੋ ਸੁ ਕ੍ਰਿਤਾਰਥ ਗਨ ਸੁੱਕ੍ਰਿਤ ਕੋ ਫਲ ਸੁਭ ਪਾਇ॥ ੧੬॥

ਜਿਹੜਾ ਸਵਾਰ ਬੁਲਾਉਣ ਗਿਆ ਸੀ, ਉਸ ਨੇ ਹੀ ਸਾਰੀ ਗੱਲ ਵਿਧੀ ਅਨੁਸਾਰ ਸੱਯਦ ਨੂੰ ਦੱਸ ਦਿੱਤੀ। ਇਕ ਪਲੰਘ ਤੇ ਹਾਜੀ ਸੱਯਦ ਬੈਠੇ ਹਨ, ਉਸ ਦੀ ਸ਼ਾਹਦੀ ਦੇਣ ਵਾਸਤੇ ਬੁਲਾਇਆ ਹੈ। ਉਹ ਫਿਰ ਸਾਰੀਆਂ ਵਿਧੀਆਂ ਨਾਲ ਜਾਣ ਗਿਆ ਕਿ ਮੈਂ ਏਥੇ ਗੁਰੂ ਜੀ ਦੇ ਕਾਰਜ ਵਾਸਤੇ ਆਇਆ ਹਾਂ। ਧੰਨ ਮੇਰਾ ਜਨਮ ਕ੍ਰਿਤਾਰਥ ਹੋਇਆ ਹੈ, ਸ੍ਰੇਸ਼ਟ ਕ੍ਰਿਤ ਕਰਨ ਨਾਲ ਹੀ ਅਜਿਹਾ ਸ਼ੁਭ ਫਲ ਪ੍ਰਾਪਤ ਹੁੰਦਾ ਹੈ॥ ੧੬॥

ਆਯਹੁ ਤੁਰਤ ਪ੍ਰਵੇਸ਼ ਪੌਰ ਇਕ ਤੰਬੂ ਲਗਜੋ ਬਿਲੋਕਨ ਕੀਨ।
ਬਿਚ ਪ੍ਰਯੰਕ ਪਰ ਸਤਿਗੁਰ ਬੈਠੇ ਦੇਖਤਿ ਕਰੀ ਚਿਨਾਰੀ ਚੀਨ।
ਬੰਦਨ ਕਰਨਿ ਚਲਜੋ ਜਬਿ ਸਨਮੁਖ ਸ੍ਰੀ ਪ੍ਰਭੁ ਤਿਸ ਕੋ ਸ਼ਾਰਤ ਦੀਨ।
'ਹਮ ਸਮੀਪ ਅਜਹੂੰ ਨਹਿੰ ਆਵਹੁ ਤੁਰਕ ਸਭਾ ਮਹਿੰ ਪਹੁੰਚਿ ਪ੍ਰਬੀਨ' ॥੧੭॥

ਆ ਕੇ ਤੁਰਤ ਦਰਵਾਜ਼ੇ ਵਿਚ ਦਾਖਲ ਹੋਇਆ ਤੇ ਇਕ ਲੱਗੇ ਹੋਏ ਤੰਬੂ ਨੂੰ ਵੇਖਿਆ। ਅੰਦਰ ਪਲੰਘ ਉੱਪਰ ਸਤਿਗੁਰੂ ਜੀ ਬੈਠੇ ਸਨ, ਉਸ ਨੇ ਵੇਖ ਕੇ ਗੁਰੂ ਜੀ ਨੂੰ ਪਹਿਚਾਣ ਲਿਆ। ਜਦ ਸਾਹਮਣੇ ਹੋ ਕੇ ਬੰਦਨਾ ਕਰਨ ਚਲਿਆ ਤਾਂ ਗੁਰੂ ਜੀ ਨੇ ਉਸ ਨੂੰ ਇਸ਼ਾਰੇ ਨਾਲ ਸਮਝਾਇਆ, "ਹਾਲੇ ਸਾਡੇ ਪਾਸ ਨਾ ਆਵੇ ਤੇ ਤੁਰਕਾਂ ਦੀ ਸਭਾ ਵਿਚ ਪਹੁੰਚੋ" ॥ ੧੭॥

ਜਾਨਿ ਗਯੋ ਸ੍ਰੀ ਸਤਿਗੁਰ ਆਸ਼ੈ ਹਟਜੋ ਤੁਰਤ ਹੀ ਅੰਤਰ ਓਰ।
ਜਹਾਂ ਕਚਹਿਰੀ ਤੁਰਕਨ ਕੇਰੀ ਪਹੁੰਚਜੋ ਜਾਇ ਸੁ ਤਾਂਹੀ ਠੌਰ।
ਕਰੀ ਸਲਾਮਾਲੇਕਮ ਬੈਠਜੋ ਸਾਦਰ ਸਭਿ ਜਹਿੰ ਭਏ ਬਹੋਰ।
ਤਬਿ ਉਮਰਾਵ ਬੂਝਿਬੇ ਲਾਗਜੋ 'ਇਹ ਸੱਯਦ ਉਤਰਜੋ ਬਿਚ ਪੌਰ॥ ੧੮॥

ਸੱਯਦ ਸਤਿਗੁਰੂ ਜੀ ਦੇ ਆਸ਼ੇ ਨੂੰ ਜਾਣ ਗਿਆ ਤੇ ਤੁਰਤ ਪਿੱਛੇ ਮੁੜ ਕੇ ਅੰਦਰ ਵਲ ਚਲਾ ਗਿਆ। ਜਿਥੇ ਤੁਰਕਾਂ ਦੀ ਕਚਹਿਰੀ ਲੱਗੀ ਸੀ ਉਸ ਥਾਂ ਜਾ ਪਹੁੰਚਾ। ਬੜੇ ਆਦਰ ਨਾਲ ਸਲਾਮਾਂ ਲੇਕਮ ਕਰਕੇ ਬੈਠ ਗਿਆ, ਜਿਥੇ ਹੋਰ ਸਾਰੇ ਵੀ ਬੈਠੇ ਸਨ। ਤਦ ਉਮਰਾਵ ਪੁੱਛਣ ਲੱਗੇ, "ਇਸ ਸੱਯਦ ਨੇ ਦਰਵਾਜ਼ੇ ਵਿਚ ਉਤਾਰਾ ਕੀਤਾ ਹੈ॥ ੧੮॥

ਪੂਰਬ ਕਿਤ ਦੇਖਜੋ ਕੈ ਨਾਹਿਨ ਅਹੈ ਪਛਾਨ ਕਿ ਤੁਮਰੀ ਨਾਂਹਿ?।
ਹਿੰਦਨ ਕੋ ਗੁਰ ਬੇਸ ਅਪਰ ਧਰਿ ਨਹਿੰ ਲਸ਼ਕਰ ਬਿਚ ਤੇ ਕਿਤ ਜਾਹਿ।
ਲਾਖਹੁਂ ਸੁਭਟ ਸ਼ਾਹੁ ਕੇ ਮਾਰੇ ਦਲ ਬਿਚਲਾਇ ਦਯੋ ਰਣ ਮਾਂਹਿ।
ਅਬਿ ਜੀਵਤਿ ਹੀ ਨਿਕਸ ਗਯੋ ਕਿਤ ਖੋਜਤਿ ਹੈਂ ਤਮਾਮ ਚਿਤ ਲਾਇ॥੧੯॥

ਪਹਿਲਾਂ ਇਨ੍ਹਾਂ ਨੂੰ ਕਿਸੇ ਥਾਂ ਵੇਖਿਆ ਹੈ ਕਿ ਨਹੀਂ, ਤੁਸੀਂ ਇਨ੍ਹਾਂ ਨੂੰ ਪਛਾਣਦੇ ਹੋ ਕਿ ਨਹੀਂ ? ਹਿੰਦੂਆਂ ਦਾ ਗੁਰੂ ਭੇਸ ਬਦਲ ਕੇ ਕਿਤੇ ਲਸ਼ਕਰ ਦੇ ਵਿਚੋਂ ਦੀ ਤੇ ਨਹੀਂ ਜਾ ਰਿਹਾ। ਉਸ ਨੇ ਬਾਦਸ਼ਾਹ ਦੇ ਲੱਖਾਂ ਸੂਰਬੀਰ ਮਾਰੇ ਹਨ ਤੇ ਯੁੱਧ ਵਿਚ

ਸ਼ਾਹੀ ਲਸ਼ਕਰ ਦਾ ਹੁਲੀਆ ਹੀ ਵਿਗਾੜ ਦਿੱਤਾ ਹੈ। ਹੁਣ ਜੀਉਂਦਾ ਹੀ ਕਿਸੇ ਪਾਸੇ ਨਿਕਲ ਗਿਆ ਹੈ, ਅਸੀਂ ਚਿੱਤ ਲਾ ਕੇ ਸਾਰੇ ਲੱਭਦੇ ਫਿਰਦੇ ਹਾਂ॥ ੧੯॥

ਯਾਂਤੇ ਇਹ ਹਾਜੀ ਅਟਕਾਯੋ, ਚਹੈਂ ਸ਼ਾਹਦੀ, ਦੇਹੁ ਬਤਾਇ।
ਪੂਰਬ ਮਿਲਯੋ ਬਿਲੋਕਯੋ ਜੇ ਤੁਮ ਜਾਨਤਿ ਹੋ ਕਹੀਐ ਸਮੁਝਾਇ।
ਭਾਖਤਿ ਮੱਕੇ ਹੱਜ ਕਰਿ ਆਏ ਰੋਜ਼ਾ ਰਖ ਹਮੇਸ਼ ਤ੍ਰਪਤਾਇ।
ਡਾਲਤਿ ਮੁਖ ਮਹਿਂ ਇਕ ਜੌਂ, ਬਿਚਰਤਿ ਮੌਜ ਆਪਨੀ ਮਹਿਂ ਹਰਖਾਇ' ॥੨੦॥

ਇਸ ਕਰਕੇ ਇਸ ਹਾਜੀ ਨੂੰ ਅਟਕਾਇਆ ਹੈ, ਉਸ ਦੀ ਸ਼ਾਹਦੀ ਚਾਹੁੰਦੇ ਹਾਂ, ਇਸ ਕਰਕੇ ਉਸ ਬਾਰੇ ਦੱਸ ਦੇਵੋ। ਜੇ ਪਹਿਲਾਂ ਇਨ੍ਹਾਂ ਨੂੰ ਮਿਲ ਕੇ ਵੇਖਿਆ ਹੈ ਅਤੇ ਇਨ੍ਹਾਂ ਨੂੰ ਜੇ ਜਾਣਦੇ ਹੋ ਤਾਂ ਇਸ ਬਾਰੇ ਸਮਝਾਓ। ਕਹਿੰਦੇ ਹਨ ਮੱਕੇ ਦਾ ਹੱਜ ਕਰਕੇ ਆਏ ਹਨ, ਰੋਜ਼ਾ ਰੱਖਿਆ ਹੈ ਤੇ ਸਦਾ ਹੀ ਤ੍ਰਿਪਤ ਰਹਿੰਦੇ ਹਨ। ਮੂੰਹ ਦੇ ਵਿਚ ਇਕ ਜੌਂ ਦਾ ਦਾਣਾ ਪਾਉਂਦੇ ਹਨ, ਆਪਣੀ ਮੌਜ ਵਿਚ ਪ੍ਰਸੰਨ ਹੋ ਕੇ ਵਿਚਰਦੇ ਹਨ' ॥ ੨੦॥

ਸੁਨਿ ਸੱਯਦ ਵਿਚ ਸਭਾ ਉਚਾਰਯੋ 'ਇਹ ਤੋ ਪੀਰਨ ਪੀਰ ਮਹਾਨ।
ਮੁਖ ਤੇ ਕਹੈਂ ਸਫਲ ਹੁਇ ਤੂਰਨ, ਕਰਹਿਂ ਨਿਹਾਲ, ਰਿਸੇ ਕਰਿ ਹਾਨ।
ਉਰ ਅਚਰਜ ਮੈਂ ਇਹ ਅਟਕਾਏ, ਤੁਮ ਕੋ ਸ੍ਰਾਪ ਨ ਕੀਨਿ ਬਖਾਨ।
ਕਹੈਂ ਬਾਕ ਤੌ ਪ੍ਰਿਥੀ ਉਲਟ ਦੇਂ ਅਤਿ ਸਮਰੱਥ ਅਧਿਕ ਬਲਵਾਨ॥ ੨੧॥

ਇਹ ਸੁਣ ਕੇ ਸੱਯਦ ਨੇ ਸਭਾ ਵਿਚ ਉਚਾਰਨ ਕੀਤਾ, "ਇਹ ਤਾਂ ਮਹਾਨ ਪੀਰਾਂ ਦੇ ਪੀਰ ਹਨ। ਜੋ ਵੀ ਮੁਖ ਤੋਂ ਕਹਿੰਦੇ ਹਨ, ਤੁਰਤ ਪੂਰਾ ਹੁੰਦਾ ਹੈ, ਕਿਸੇ ਨੂੰ ਨਿਹਾਲ ਕਰ ਦਿੰਦੇ ਹਨ, ਗੁੱਸੇ ਵਿਚ ਆ ਕੇ ਕਿਸੇ ਨੂੰ ਤਬਾਹ ਕਰ ਦਿੰਦੇ ਹਨ। ਮੈਂ ਦਿਲ ਵਿਚ ਬਹੁਤ ਹੈਰਾਨ ਹਾਂ ਕਿ ਤੁਸੀਂ ਇਨ੍ਹਾਂ ਨੂੰ ਰੋਕਿਆ ਹੈ, ਤੁਹਾਨੂੰ ਸਰਾਪ ਨਾ ਦੇ ਦੇਣ। ਇਕ ਬਚਨ ਕਰਕੇ ਇਹ ਧਰਤੀ ਉਲਟਾ ਦੇਣ, ਇਹ ਅਤਿ ਸਮਰੱਥ ਹਨ ਤੇ ਵੱਡੇ ਸ਼ਕਤੀਸ਼ਾਲੀ ਹਨ॥ ੨੧॥

ਤੁਮ ਸੋਂ ਛਿਮਾ ਕਰੀ ਨ ਕਹ੍ਯੋ ਕੁਛ ਅਪਨੇ ਭਾਗ ਭਲੇ ਲਿਹੁ ਜਾਨ।
ਅਨਿਕ ਬਾਰ ਮੈਂ ਪਰਖਨਿ ਕੀਨੇ ਸਫਲਹਿ ਸਹਜਿ ਸੁਭਾਇ ਬਖਾਨ।
ਅਬਿ ਬਖਸ਼ਾਵਹੁ ਬੰਦ ਕਦਮ ਤਿਨ ਹਾਥ ਜੋਰਿ ਕਰਿ ਬਿਨੈ ਮਹਾਨ।
ਕਰਹੁ ਖਲਾਸੀ ਸ੍ਵੈਛਾ ਬਿਚਰਹਿਂ, ਜਾਮਾ ਪਾਕ, ਜ਼ੁਹਦ ਬਡ ਠਾਨਿ' ॥ ੨੨॥

ਤੁਹਾਨੂੰ ਖਿਮਾਂ ਕੀਤਾ ਹੈ, ਕੁਝ ਕਿਹਾ ਤੇ ਨਹੀਂ, ਆਪਣੇ ਭਾਗ ਵੀ ਭਲੀ ਪ੍ਰਕਾਰ ਜਾਣ ਲਵੋ। ਅਨੇਕਾਂ ਵਾਰ ਮੈਂ ਇਨ੍ਹਾਂ ਦੀ ਪਰਖ ਕੀਤੀ ਹੈ, ਜੋ ਕੁਝ ਸਹਿਜ ਸੁਭਾਅ ਵੀ ਕਹਿ ਦਿੰਦੇ ਹਨ, ਉਹ ਪੂਰਾ ਹੋ ਜਾਂਦਾ ਹੈ। ਹੁਣ ਪੈਰ ਬੰਨ੍ਹ ਕੇ ਹੱਥ ਜੋੜ ਕੇ ਮਹਾਨ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾ ਲਵੋ। ਇਨ੍ਹਾਂ ਦੀ ਖਲਾਸੀ ਕਰੋ, ਆਪਣੀ ਮਰਜ਼ੀ ਨਾਲ ਵਿਚਰਨ, ਇਨ੍ਹਾਂ ਪਾਰਸਾਈ ਕਰਕੇ ਆਪਣੀਆਂ ਨਫ਼ਸਾਨੀ ਖ੍ਵਾਹਿਸ਼ਾਂ ਤੇ ਫ਼ਤਹਿ ਪ੍ਰਾਪਤ ਕੀਤੀ ਹੈ" ॥ ੨੨॥

ਸੁਨਿ ਉਮਰਾਵ ਡਰਯੋ ਉਰ ਅੰਤਰ ਤਤਛਿਨ ਉਠਯੋ ਸਹਤਿ ਨਰ ਬ੍ਰਿੰਦ।
ਦਰਬ ਪੰਚ ਸੈ ਕਹਿ ਅਨਵਾਯੋ ਸੱਯਦ ਸੰਗ ਆਇ ਕਰ ਬੰਦਿ।
ਨਮਸਕਾਰ ਕਰਿ ਬੈਠਿ ਗਯੋ ਢਿਗ ਬਿਨਤੀ ਬੋਲਯੋ 'ਪੀਰ ਬਿਲੰਦ!।
ਅਟਕਾਵਨ ਕੀ ਕੀਨਿ ਅਵੱਗਯਾ ਸੋ ਬਖਸ਼ਹੁ ਤੁਮ ਹੋ ਬਖਸ਼ੰਦ' ॥ ੨੩॥

ਇਹ ਸੁਣ ਕੇ ਉਮਰਾਵ ਹਿਰਦੇ ਵਿਚ ਬਹੁਤ ਡਰ ਗਿਆ, ਤੁਰਤ ਉੱਠਿਆ ਤੇ ਨਾਲ ਕੁਝ ਮਨੁੱਖ ਲੈ ਲਏ। ਪੰਜ ਸੋ ਰੁਪਏ ਦਾ ਧਨ ਮੰਗਵਾਇਆ ਤੇ ਸੱਯਦ ਦੇ ਨਾਲ ਆ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਪਾਸ ਬੈਠ ਕੇ ਬੇਨਤੀ ਕਰਕੇ ਬੋਲਿਆ, "ਹੇ ਵੱਡੇ ਪੀਰਾਂ ਦੇ ਪੀਰ, ਮੈਂ ਤੁਹਾਨੂੰ ਏਥੇ ਰੋਕਣ ਦੀ ਅਵੱਗਿਆ ਕੀਤੀ ਹੈ, ਤੁਸੀਂ ਬਖਸ਼ਣਹਾਰ ਹੋ ਮੈਨੂੰ ਬਖਸ਼ ਲਵੋ"॥ ੨੩॥

ਅੱਗ੍ਰ ਪੰਚ ਸੈ ਧਰੇ ਰਜਤਪਣ ਅਪਰ ਸੁਭਟ ਤਹਿਂ ਭੇ ਸਮੁਦਾਇ।
ਸਕਲ ਚਢਾਵਨ ਲਗੇ ਦਰਬ ਕੋ ਪਿਖਿ ਸਤਿਗੁਰ ਮੁਖ ਤੇ ਫੁਰਮਾਇ।
'ਤੁਮ ਕੋ ਨਹੀਂ ਦੋਸ਼ ਪਰਬਸ ਹੋ, ਹਮਰੋ ਕਹਾਂ ਘਟЈੋ ਇਸ ਥਾਇਂ।
ਸੁਖ ਸੋਂ ਨਿਸਾ ਬਸੇ ਅਬਿ ਗਮਨੈਂ, ਚਿਤ ਕੀ ਚਿੰਤਾ ਦੇਹੁ ਗਵਾਇ' ॥ ੨੪ ॥

ਗੁਰੂ ਜੀ ਦੇ ਅੱਗੇ ਪੰਜ ਸੌ ਰੁਪਏ ਧਰੇ, ਹੋਰ ਸਾਰੇ ਸੂਰਬੀਰ ਵੀ ਵੇਖ ਕੇ ਧਨ ਚੜ੍ਹਾਉਣ ਲੱਗੇ, ਇਹ ਵੇਖ ਕੇ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੁਹਾਡਾ ਕੋਈ ਦੋਸ਼ ਨਹੀਂ ਹੈ, ਤੁਸੀਂ ਪਰਾਏ ਵੱਸ ਹੋ, ਸਾਡਾ ਇਸ ਥਾਂ ਰਹਿ ਕੇ ਕੀ ਘਟ ਗਿਆ ਹੈ, ਆਰਾਮ ਨਾਲ ਏਥੇ ਰਾਤ ਰਹੇ ਹਾਂ, ਹੁਣ ਚਲੇ ਜਾਵਾਂਗੇ, ਆਪਣੇ ਚਿੱਤ ਦੀ ਚਿੰਤਾ ਗਵਾ ਦੇਵੋ" ॥ ੨੪ ॥

ਖੁਸ਼ੀ ਜਾਨਿ ਅਪਨੇ ਪਰ ਤਿਸ ਛਿਨ ਹਾਥ ਬੰਦਿ ਕਰਿ ਕਹਿਂ ਉਮਰਾਇ।
'ਗਮਨਹੁ ਇਛਾ ਜਹਾਂ ਤੁਮਾਰੀ ਫੇਰ ਦਰਸ ਮੋ ਕਹੁ ਦਿਹੁ ਆਇ'।
ਇਮ ਕਹਿ ਉਠЈੋ ਗਯੋ ਗਢ ਅੰਤਰ, ਸ੍ਰੀ ਪ੍ਰਭੁ ਪਲੰਘ ਲਯੋ ਉਠਵਾਇ।
ਤਹਿਂ ਤੇ ਗਮਨ ਕੀਨ ਮਗ ਆਛੇ ਚਾਰਹੁਂ ਸਿਰ ਧਰਿ ਚਲੇ ਉਠਾਇ ॥ ੨੫ ॥

ਆਪਣੇ ਉੱਪਰ ਖੁਸ਼ੀ ਜਾਣ ਕੇ, ਉਸੇ ਵੇਲੇ ਹੱਥ ਜੋੜ ਕੇ ਉਮਰਾਵ ਨੇ ਕਿਹਾ, "ਜਿੱਥੇ ਵੀ ਤੁਹਾਡੀ ਇੱਛਾ ਹੈ, ਓਧਰ ਜਾਵੋ, ਫਿਰ ਆ ਕੇ ਮੈਨੂੰ ਦੀਦਾਰ ਦੇਵੋ।" ਇਸ ਪ੍ਰਕਾਰ ਉਠ ਕੇ ਕਿਲ੍ਹੇ ਦੇ ਅੰਦਰ ਚਲਾ ਗਿਆ ਤੇ ਸੇਵਕਾਂ ਨੇ ਗੁਰੂ ਜੀ ਦਾ ਪਲੰਘ ਉਠਾ ਲਿਆ। ਉਥੋਂ ਗੁਰੂ ਜੀ ਚੰਗੇ ਰਸਤੇ ਪੈ ਕੇ ਚੱਲ ਪਏ ਤੇ ਚਾਰੇ ਸੇਵਕ ਪਲੰਘ ਚੁੱਕ ਕੇ ਚਲ ਪਏ॥ ੨੫ ॥

ਜਬਿ ਕੋਸਕ ਪਰ ਪਹੁਂਚੇ ਗਮਨਤਿ ਤਬਿ ਸੱਯਦ ਮਿਲਿਬੇ ਹਿਤ ਆਇ।
ਬੰਦਨ ਕਰੀ ਪਦਮ ਸਮ ਕਦਮਨ 'ਸ੍ਰੀ ਪ੍ਰਭੁ! ਮੈਂ ਸਭਿ ਕਹੀ ਬਨਾਇ।
ਜੇ ਪਸ਼ਚਾਤ ਹੋਇ ਕੁਛ ਨਿਰਨੈ ਤਬਿ ਰਾਵਰ ਕੀ ਚਹੋਂ ਸਹਾਇ।
ਨਹੀਂ ਅਵੱਗਜਾ ਕਰਹਿਂ ਤੁਰਕ ਮਮ, ਇਮ ਬਾਂਛਤਿ ਮੈਂ ਆਯਹੁ ਧਾਇ' ॥੨੬ ॥

ਜਦ ਚਲ ਕੇ ਇਕ ਕੋਹ 'ਤੇ ਪਹੁੰਚੇ ਤਾਂ ਸੱਯਦ ਮਿਲਣ ਵਾਸਤੇ ਆਇਆ ਤੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਬੋਲਿਆ, "ਹੇ ਸਤਿਗੁਰੂ ਜੀ! ਮੈਂ ਸਭ ਕੁਝ ਬਣਾ ਕੇ ਕਿਹਾ ਹੈ, ਜੇ ਬਾਅਦ ਵਿਚ ਕੁਝ ਨਿਰਣੈ ਹੋਇਆ ਭਾਵ ਜੇ ਆਪ ਜੀ ਦੇ ਪਿੱਛੋਂ ਕੋਈ ਗੱਲ ਨਿਕਲੀ ਤਾਂ ਮੈਂ ਆਪ ਜੀ ਦੀ ਸਹਾਇਤਾ ਚਾਹੁੰਦਾ ਹਾਂ। ਤੁਰਕ ਮੇਰੀ ਅਵੱਗਿਆ ਨਾ ਕਰਨ, ਇਹ ਕੁਝ ਚਾਹੁੰਦਾ ਮੈਂ ਭੱਜਾ ਆਇਆ ਹਾਂ" ॥ ੨੬ ॥

ਦੇਖਿ ਦਯਾ ਨਿਧਿ ਬਿਹਸ ਬਖਾਨЈੋ 'ਤੁਮ ਕੋ ਤਾਤੀ ਲਗੈ ਨ ਬਾਇ।
ਜੇ ਉਪਕਾਰ ਕਰਹਿਂ ਤਨ ਮਨ ਤੇ ਤਿਨ ਕੇ ਹੋਤਿ ਸਹਾਇ ਖ਼ੁਦਾਇ।
ਕਿਸੂ ਵਸਤ ਕੀ ਕਮੀ ਨ ਹੋਵੈ ਦਰਬ ਅਤੋਟ ਖਰਚ ਔ ਖਾਇ।
ਕਾਗਦ ਕਲਮਦਾਨ ਜੋ ਤੁਮ ਢਿਗ ਲਿਖਹਿਂ ਹੁਕਮਨਾਮਾ ਲਿਹੁ ਪਾਇ ॥੨੭ ॥

ਇਹ ਵੇਖ ਕੇ ਕਿਰਪਾ ਦੇ ਸਾਗਰ ਨੇ ਮੁਸਕਰਾ ਕੇ ਕਿਹਾ, "ਤੁਹਾਨੂੰ ਤੱਤੀ ਹਵਾ ਨਹੀਂ ਲਗੇਗੀ। ਜਿਹੜੇ ਤਨ ਮਨ ਨਾਲ ਉਪਕਾਰ ਕਰਦੇ ਹਨ, ਖ਼ੁਦਾ ਉਨ੍ਹਾਂ ਦਾ ਸਹਾਇਕ ਬਣਦਾ ਹੈ। ਤੈਨੂੰ ਕਿਸੇ ਵਸਤੂ ਦੀ ਘਾਟ ਨਹੀਂ ਰਹੇਗੀ, ਅਤੁੱਟ ਧਨ ਹੋਵੇਗਾ, ਜਿਸ ਨੂੰ ਖਾਵੇ ਅਤੇ ਖਰਚੇ। ਜੇ ਤੁਹਾਡੇ ਪਾਸ ਕਾਗਜ਼ ਕਲਮ ਹੈ ਤੈਨੂੰ ਹੁਕਮਨਾਮਾ ਲਿਖ ਕੇ ਦਿੰਦੇ ਹਾਂ, ਜਿਸ ਨੂੰ ਆਪਣੇ ਪਾਸ ਰੱਖਣਾ॥ ੨੭॥

ਹਮਰੇ ਸਿਖ ਸੰਗਤਿ ਸਭਿ ਮਾਨਹਿਂ ਕੁਲ ਤੇਰੀ ਧਨ ਕੋ ਨਿਤ ਪਾਇ।
ਸੁਨਿ ਸੱਯਦ ਕਾਗਦ ਤਬਿ ਦੀਨਸਿ ਲਿਖਜੋ ਹੁਕਮਨਾਮਾ ਸੁਖਦਾਇ।
ਲੇ ਕਰਿ ਕਰ ਧਰਿ ਭਯੋ ਪ੍ਰਮੋਦਤਿ ਬੰਦਿ ਕਦਮ ਕੋ ਹਟਜੋ ਸਿਧਾਇ।
ਸ੍ਰੀ ਪ੍ਰਭੁ ਚਲੇ ਪ੍ਰਯੰਕ ਅਰੂਢੇ, ਚਾਰਹੁਂ ਸਿਰ ਪਰ ਲੀਨਿ ਉਠਾਇ॥ ੨੮॥

ਸਾਡੀ ਸਾਰੀ ਸਿੱਖ ਸੰਗਤ ਇਸ ਹੁਕਮਨਾਮੇ ਨੂੰ ਮੰਨੇਗੀ ਤੇ ਤੇਰੀ ਕੁਲ ਨਿਤ ਧਨ ਨੂੰ ਪ੍ਰਾਪਤ ਕਰੇਗੀ।" ਇਹ ਸੁਣ ਕੇ ਸੱਯਦ ਨੇ ਫਿਰ ਕਾਗਜ਼ ਦਿੱਤਾ ਤੇ ਗੁਰੂ ਜੀ ਨੇ ਸੁਖਦਾਇਕ ਹੁਕਮਨਾਮਾ ਲਿਖ ਕੇ ਦਿੱਤਾ। ਹੁਕਮਨਾਮੇ ਨੂੰ ਹੱਥ ਵਿਚ ਲੈ ਕੇ ਬਹੁਤ ਪ੍ਰਸੰਨ ਹੋਇਆ ਤੇ ਪੈਰ ਬੰਨ੍ਹ ਕੇ ਪਿਛਾਂਹ ਹਟ ਕੇ ਚਲੇ ਗਿਆ। ਸਤਿਗੁਰੂ ਜੀ ਪਲੰਘ ਤੇ ਚੜ੍ਹ ਕੇ ਅੱਗੇ ਚਲ ਪਏ, ਚੌਹਾਂ ਨੇ ਸਿਰ ਉੱਪਰ ਪਲੰਘ ਚੁਕਿਆ ਸੀ॥ ੨੮॥

ਕੇਸ ਪਿਛਾਰੀ ਲਰਕਤਿ ਸੁੰਦਰ, ਸ਼ਾਮ ਚਾਦਰਾ ਊਪਰ ਲੀਨਿ।
ਦੀਰਘ ਸ਼ਮਸ਼, ਪਿਰਾਹਨ ਗਰ ਮਹਿਂ ਮੂੱਠਾ ਮੋਰ ਪੰਖ ਕੋ ਕੀਨਿ।
ਦਯਾ ਸਿੰਘ ਸਿਰ ਪਰ ਕਬਿ ਫੇਰਤਿ, ਚਹੁਂ ਪਾਵਨ ਪਰ ਬੰਧਿ ਸੁ ਦੀਨਿ।
ਊਪਰ ਛਟੀਅਨ ਕੀ ਕਰਿ ਛਾਯਾ, ਚਾਦਰ ਤਾਨਿ ਕਰੀ ਹਿਤ ਚੀਨ॥ ੨੯॥

ਪਿੱਛੇ ਸੁੰਦਰ ਕੇਸ ਲਟਕ ਰਹੇ ਸਨ, ਕਾਲੇ ਰੰਗ ਦਾ ਚਾਦਰਾ ਉੱਪਰ ਲਿਆ ਸੀ, ਲੰਮੀ ਦਾੜ੍ਹੀ ਤੇ ਲੰਮਾ ਚੋਲਾ ਗਲ ਵਿਚ ਪਾਇਆ ਸੀ। ਮੋਰ ਦੇ ਖੰਭਾਂ ਦਾ ਚੌਰ ਬਣਾਇਆ ਸੀ, ਉਸ ਨੂੰ ਦਇਆ ਸਿੰਘ ਕਦੀ-ਕਦੀ ਸਿਰ ਉੱਪਰ ਫੇਰਦਾ ਸੀ, ਚਾਰੇ ਪਾਵਿਆਂ ਤੇ ਜਿਹੜੇ ਬੱਝੇ ਹੋਏ ਸਨ। ਉੱਪਰ ਟਾਹਣੀਆਂ ਦੀ ਛਾਂ ਕੀਤੀ ਹੋਈ ਸੀ ਤੇ ਟਾਹਣੀਆਂ ਉੱਪਰ ਹਿਤ ਜਾਣ ਕੇ ਚਾਦਰ ਤਾਣੀ ਹੋਈ ਸੀ॥ ੨੯॥

*ਛੇਵੀਂ ਰੁੱਤ ਦਾ ਸੰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੭॥*

## ਅਧਿਆਇ ਅਠਤਾਲ਼ੀਵਾਂ

### *ਮਾਲਵੇ ਪਹੁੰਚਣਾ, ਨਬੀ ਖਾਂ ਗ਼ਨੀ ਖਾਂ ਵਿਦਾ*

ਦੋਹਰਾ-ਸਨੇ ਸਨੇ ਗਮਨੇ ਪ੍ਰਭੁ ਮਾਰਗ ਚਲੇ ਕਿਤੇਕ।
ਗ੍ਰਾਮ ਕਨੇਚ ਪਹੂਚ ਕੈ ਥਰ ਹ੍ਵੈ ਜਲਧਿ ਬਿਬੇਕ॥ ੧॥

ਹੌਲੀ-ਹੌਲੀ ਸਤਿਗੁਰੂ ਜੀ ਚਲਦੇ ਗਏ ਤੇ ਕਾਫੀ ਪੈਂਡਾ ਅੱਗੇ ਚਲੇ ਗਏ। ਫਿਰ ਕਨੇਚ ਪਿੰਡ ਵਿਚ ਪਹੁੰਚ ਕੇ ਗਿਆਨ ਦੇ ਸਾਗਰ ਠਹਿਰ ਗਏ॥ ੧॥

ਚੌਪਈ-ਇਕ ਗੁਰ ਸਿੱਖ ਬਸਹਿ ਤਿਸ ਮਾਂਹਿ। ਜਾਟ ਜਨਮ ਫੱਤਾ ਕਹਿੰ ਤਾਂਹਿ।
ਨਿਕਟ ਆਇ ਤਿਨ ਸਤਿਗੁਰ ਹੇਰੇ। ਕਰੀ ਚਿਨਾਰੀ ਹ੍ਵੈ ਤਬਿ ਨੇਰੇ॥੨॥

ਉਥੇ ਇਕ ਗੁਰਸਿੱਖ ਰਹਿੰਦਾ ਸੀ, ਉਸ ਦਾ ਜੱਟਾਂ ਦੇ ਘਰ ਜਨਮ ਹੋਇਆ ਸੀ ਤੇ ਫੱਤਾ ਉਸ ਨੂੰ ਕਹਿੰਦੇ ਸਨ। ਉਸ ਨੇ ਪਾਸ ਆ ਕੇ ਸਤਿਗੁਰੂ ਜੀ ਨੂੰ ਵੇਖਿਆ ਤੇ ਨੇੜੇ ਹੋ ਕੇ ਗੁਰੂ ਜੀ ਦੀ ਪਹਿਚਾਣ ਕੀਤੀ॥ ੨॥

ਸ੍ਰੀ ਗੁਰੁ ਗੋਬਿੰਦ ਸਿੰਘ ਪਛਾਨੇ। ਹਾਥ ਬੰਦਿ ਕਰਿ ਬੰਦਨ ਠਾਨੇ।
ਥਿਰਜੋ ਸਮੀਪ ਬੈਠਿਗਾ ਜਬਿਹੂੰ। ਦੇਖਿ ਪ੍ਰਭੂ ਦਿਸ਼ ਬੋਲਜੋ ਤਬਿਹੂੰ॥ ੩॥

ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਚਾਣ ਲਿਆ ਤੇ ਹੱਥ ਜੋੜ ਕੇ ਬੰਦਨਾ ਕੀਤੀ। ਜਦ ਠਹਿਰ ਕੇ ਗੁਰੂ ਜੀ ਪਾਸ ਬੈਠ ਗਿਆ ਤੇ ਸਤਿਗੁਰੂ ਜੀ ਵੱਲ ਵੇਖ ਕੇ ਬੋਲਿਆ॥ ੩॥

'ਸੇਵਾ ਕਰਨਿ ਮੋਹਿ ਫੁਰਮਾਵੋ। ਭੋਜਨਾਦਿ ਆਨੌਂ ਮੈਂ, ਖਾਵੋ।
ਅਪਰ ਸੇਵ ਕਿਸ ਬਿਧਿ ਕੀ ਹੋਇ। ਕਹੀਅਹਿ ਆਪ ਕਰੌਂ ਮੈਂ ਸੋਇ'॥ ੪॥

"ਮੈਨੂੰ ਕੋਈ ਸੇਵਾ ਫੁਰਮਾਵੋ, ਮੈਂ ਭੋਜਨ ਆਦਿ ਲਿਆਵਾਂ, ਤੁਸੀਂ ਖਾਵੋ। ਹੋਰ ਵੀ ਕਿਸੇ ਪ੍ਰਕਾਰ ਦੀ ਸੇਵਾ ਹੋਵੇ, ਉਸ ਬਾਰੇ ਕਹੋ, ਮੈਂ ਆਪ ਸੇਵਾ ਕਰਾਂਗਾ"॥ ੪॥

ਸ੍ਰੀ ਮੁਖ ਤੇ ਭਾਖਜੋ ਤਿਸ ਬੇਰੇ। 'ਅਹੈ ਤੁਰੰਗਨ ਜੋ ਘਰ ਤੇਰੇ।
ਸੋ ਅਬਿ ਆਨਿ ਦੇਹੁ ਹਮ ਤਾਂਈ। ਚਢਿ ਤਿਸ ਪਰ ਗਮਨੈਂ ਅਗਵਾਈ'॥੫॥

ਉਸ ਸਮੇਂ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੇਰੇ ਘਰ ਵਿਚ ਜਿਹੜੀਆਂ ਘੋੜੀਆਂ ਹਨ, ਉਨ੍ਹਾਂ ਵਿਚੋਂ ਇਕ ਘੋੜੀ ਲਿਆ ਕੇ ਮੈਨੂੰ ਦੇਵੇ, ਘੋੜੀ ਉੱਤੇ ਚੜ੍ਹ ਕੇ ਅੱਗੇ ਚਲੀਏ॥ ੫॥

ਸੁਨਿ ਫੱਤੇ ਚਿਤ ਬੀਚ ਬਿਚਾਰੀ। ਕਹੈ ਕਿ 'ਆਨੋ ਆਪ ਅਗਾਰੀ'।
ਇਮ ਕਹਿ ਸਦਨ ਆਪਨੇ ਗਯੋ। ਤਤਛਿਨ ਜ਼ੀਨ ਨਿਕਾਰਤਿ ਭਯੋ॥ ੬॥

ਇਹ ਸੁਣ ਕੇ ਫੱਤੇ ਨੇ ਚਿੱਤ ਵਿਚ ਵਿਚਾਰਿਆ ਤੇ ਕਿਹਾ ਕਿ "ਮੈਂ ਆਪ ਪਾਸ ਲਿਆਉਂਦਾ ਹਾਂ"। ਇਸ ਪ੍ਰਕਾਰ ਕਹਿ ਕੇ ਆਪਣੇ ਘਰ ਚਲਾ ਗਿਆ ਤੇ ਤੁਰਤ ਘੋੜੀ ਦੀ ਕਾਠੀ ਕੱਢੀ॥ ੬॥

ਅਲਪ ਤੁਰੰਗਨ ਪਰ ਸੋ ਪਾਇ। ਲੈ ਆਯੋ ਗੁਰ ਢਿਗ ਸਹਿਸਾਇ।
ਬੜਵਾ ਬਡੀ ਨਹੀਂ ਤਬਿ ਆਨੀ। ਲੈ ਜੈ ਹੈਂ ਕਿਤ ਕੋ ਮਨ ਜਾਨੀ॥ ੭॥

ਉਸ ਨੂੰ ਛੋਟੀ ਘੋੜੀ ਉੱਤੇ ਪਾਇਆ ਤੇ ਮਸੀਂ-ਮਸੀਂ ਗੁਰੂ ਜੀ ਪਾਸ ਲੈ ਆਇਆ। ਜਿਹੜੀ ਵੱਡੀ ਘੋੜੀ ਸੀ, ਉਹ ਲੈ ਕੇ ਨਾ ਆਇਆ, ਸੋਚਿਆ ਕੌਣ ਜਾਣੇ ਕਿੱਥੇ ਲੈ ਜਾਣਗੇ॥ ੭॥

ਘੇਰੋ ਤੁਰਕਨ ਕੋ ਤਜਿ ਆਏ। ਕੈ ਜਾਨੈ ਅਬਿ ਕਿਤ ਚਲਿ ਜਾਏਂ।
ਬਡੀ ਤੁਰੰਗਨ ਬਹੁ ਧਨ ਕੇਰੀ। ਤਿਸ ਦੈਬੇ ਕੀ ਸ਼ਕਤਿ ਨ ਮੇਰੀ॥ ੮॥

ਤੁਰਕਾਂ ਦਾ ਘੇਰਾ ਛੱਡ ਕੇ ਆਏ ਹਨ, ਕੌਣ ਜਾਣਦਾ ਹੈ ਹੁਣ ਕਿੱਥੇ ਚਲੇ ਜਾਣ। ਵੱਡੀ ਘੋੜੀ ਬਹੁਤ ਕੀਮਤ ਵਾਲੀ ਹੈ, ਉਸ ਨੂੰ ਦੇਣ ਦੀ ਮੇਰੇ ਵਿਚ ਸ਼ਕਤੀ ਨਹੀਂ ਹੈ॥ ੮॥

ਏਵ ਬਿਚਾਰਤਿ ਗੁਰ ਢਿਗ ਆਯੋ। ਸੰਗ ਤੁਰੰਗਨ ਛੋਟੀ ਲਜਾਯੋ।
ਖਰੀ ਕਰੀ ਜਬਿ ਆਨਿ ਅਗਾਰੀ। ਦੇਖਤਿ ਸਤਿਗੁਰ ਗਿਰਾ ਉਚਾਰੀ॥ ੯॥

ਇਸ ਪ੍ਰਕਾਰ ਵਿਚਾਰ ਕੇ ਗੁਰੂ ਜੀ ਪਾਸ ਆਇਆ ਤੇ ਆਪਣੇ ਨਾਲ ਛੋਟੀ ਘੋੜੀ ਨੂੰ ਲਿਆਇਆ। ਜਦ ਗੁਰੂ ਜੀ ਅੱਗੇ ਖੜੀ ਕੀਤੀ ਤਾਂ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ॥ ੯॥

'ਸੁਨਿ ਫੱਤਾ ਇਹ ਲਘੁ ਟਟਵਾਣੀ। ਨਹਿਂ ਅਰੂਢਿਬੇ ਲਾਯਕ ਜਾਣੀ।
ਨਹਿਂ ਅਸਵਾਰੀ ਹਮ ਕਿਯ ਐਸੀ। ਲਜਾਇ ਦਿਖਾਈ ਤੈਂ ਅਬਿ ਜੈਸੀ॥੧੦॥

"ਹੇ ਫੱਤੇ! ਸੁਣੋ, ਇਹ ਘੋੜੀ ਬਹੁਤ ਛੋਟੀ ਹੈ, ਇਹ ਅਸੀਂ ਆਪਣੀ ਸਵਾਰੀ ਲਾਇਕ ਨਹੀਂ ਜਾਣੀ ਹੈ, ਅਸੀਂ ਅਜਿਹੀ ਘੋੜੀ ਤੇ ਸਵਾਰੀ ਨਹੀਂ ਕਰਦੇ ਹਾਂ, ਤੂੰ ਜਿਸ ਪ੍ਰਕਾਰ ਦੀ ਘੋੜੀ ਸਾਨੂੰ ਲਿਆ ਕੇ ਵਿਖਾਈ ਹੈ॥ ੧੦॥

ਜੋ ਬੜਵਾ ਤੁਝ ਸਦਨ ਬਡੇਰੀ। ਤਿਸ ਕੋ ਲਜਾਉ, ਜਾਉ ਇਸ ਬੇਰੀ'।
ਹਾਥ ਜੋਰਿ ਤਬਿ ਜਾਟ ਉਚਾਰੀ। 'ਮੇਰ ਜਮਾਤਾ ਆਇ ਅਗਾਰੀ॥ ੧੧॥

ਤੇਰੇ ਘਰ ਵਿਚ ਜਿਹੜੀ ਵੱਡੀ ਘੋੜੀ ਹੈ, ਇਸ ਸਮੇਂ ਉਸ ਨੂੰ ਲੈ ਕੇ ਆਵੋ।" ਫਿਰ ਜੱਟ ਨੇ ਹੱਥ ਜੋੜ ਕੇ ਕਿਹਾ, "ਮੇਰਾ ਜਵਾਈ ਪਹਿਲਾਂ ਘਰ ਆਇਆ ਸੀ॥ ੧੧॥

ਤਿਸ ਪਰ ਜ਼ੀਨ ਪਾਇ ਚਢਿ ਗਯੋ। ਅਬਿ ਲੌ ਹਟ ਨਹਿਂ ਆਵਤਿ ਭਯੋ।
ਕਤਾ ਜਾਨੈਂ ਸੋਂ ਕਬਿ ਚਲਿ ਐਹੈ। ਤਬਿ ਲੌ ਠਹਿਰਨ ਨਹਿਂ ਤੁਮ ਹ੍ਵੈ ਹੈ ॥੧੨॥

ਉਹ ਉਸ ਘੋੜੀ 'ਤੇ ਕਾਠੀ ਪਾ ਕੇ ਲੈ ਕੇ ਚਲਾ ਗਿਆ ਹੈ, ਹੁਣ ਤਕ ਉਹ ਵਾਪਸ ਨਹੀਂ ਆਇਆ ਹੈ, ਕੀ ਪਤਾ ਹੈ ਉਹ ਕਦ ਵਾਪਸ ਆਵੇ, ਤਦ ਤਕ ਤੁਸੀਂ ਏਥੇ ਠਹਿਰ ਨਹੀਂ ਸਕਦੇ ਹੋ"॥ ੧੨॥

ਸੁਨਤਿ ਜਾਟ ਤੇ ਗੁਰ ਤਬਿ ਕਹਯੋ। 'ਕਯੋਂ ਵਲਾਉ ਕਰਿਬੇ ਚਿਤ ਚਹਯੋ?।
ਕਿਤਿਕ ਦੂਰ ਤੇ ਹਮ ਦੇਂ ਮੋਰ। ਅਗਲੇ ਗ੍ਰਾਮਨ ਤੇ ਲੇਂ ਔਰ॥ ੧੩॥

ਜੱਟ ਪਾਸੋਂ ਸੁਣ ਕੇ ਫਿਰ ਗੁਰੂ ਜੀ ਨੇ ਕਿਹਾ, "ਕਿਉਂ ਚਿੱਤ ਵਿਚ ਹੇਰ-ਫੇਰ ਕਰਨਾ ਚਾਹੁੰਦਾ ਹੈਂ? ਕੁਝ ਦੂਰ ਜਾ ਕੇ ਅਸੀਂ ਮੋੜ ਦੇਣੀ ਸੀ, ਅਗਲੇ ਪਿੰਡਾਂ ਤੋਂ ਹੋਰ ਘੋੜੀ ਲੈ ਲੈਂਦੇ"॥ ੧੩॥

ਸੁਨ ਫੱਤੇ ਬੋਲਯੋ ਪੁਨ ਕੂਰ। 'ਕਹਉਂ ਸਾਚ ਮੈਂ ਗੁਰੂ ਹਜ਼ੂਰ।
ਨਹੀਂ ਵਲਾਉ ਕਰਨ ਕੋ ਜਾਨੌਂ। ਗਯੋ ਜਮਾਤਾ ਲੇ ਕਰਿ, ਮਾਨੋਂ॥ ੧੪॥

ਇਹ ਸੁਣ ਕੇ ਫੱਤੇ ਨੇ ਫਿਰ ਝੂਠ ਬੋਲਿਆ, "ਹੇ ਗੁਰੂ ਜੀ! ਮੈਂ ਸੱਚ ਕਹਿ ਰਿਹਾ ਹਾਂ। ਮੈਂ ਵਲ ਕਰਨਾ ਜਾਣਦਾ ਹੀ ਨਹੀਂ ਹਾਂ, ਇਹ ਗੱਲ ਸੱਚ ਮੰਨੋ, ਕਿ ਮੇਰਾ ਜਵਾਈ ਘੋੜੀ ਲੈ ਕੇ ਗਿਆ ਹੈ"॥ ੧੪॥

ਸ੍ਰੀ ਪ੍ਰਭੁ ਰਿਸ ਕਰਿ ਬਾਕ ਉਚਾਰਾ। 'ਨਹਿਂ ਬੜਵਾ ਨਹਿਂ ਤੂੰ ਇਸ ਬਾਰਾ।
ਕੂਰ ਕਹਿਨ ਤੇ ਦੋਨਹੁਂ ਗਏ'। ਇਮ ਕਹਿ ਸਤਿਗੁਰ ਚਾਲਤਿ ਭਏ॥ ੧੫॥

ਸਤਿਗੁਰੂ ਜੀ ਨੇ ਫਿਰ ਗੁੱਸੇ ਵਿਚ ਆ ਕੇ ਬਚਨ ਕੀਤਾ, "ਇਸ ਸਮੇਂ ਨਾ ਹੀ ਘੋੜੀ ਅਤੇ ਨਾ ਹੀ ਤੂੰ, ਝੂਠ ਕਹਿਣ ਕਰਕੇ ਦੋਵੇਂ ਚਲੇ ਜਾਵੋਗੇ।" ਇਹ ਕਹਿ ਕੇ ਸਤਿਗੁਰੂ ਜੀ ਅੱਗੇ ਚਲ ਪਏ॥ ੧੫॥

ਤਬਿ ਫੱਤਾ ਗਮਨਯੋ ਘਰ ਮਾਂਹੀ। ਲਘੁ ਬੜਵਾ ਲੇ ਕਰਿ ਸੰਗ ਤਾਂਹੀ।
ਮਨ ਮੈਂ ਕਹੈ ਬਡੀ ਮੈਂ ਰਾਖੀ। ਨਹੀਂ ਦੈਨ ਹਿਤ ਕੈਸਿਹੁਂ ਭਾਖੀ॥ ੧੬॥

ਤਦ ਫੱਤਾ ਚਲ ਕੇ ਆਪਣੇ ਘਰ ਗਿਆ, ਛੋਟੀ ਘੋੜੀ ਨੂੰ ਉਹ ਆਪਣੇ ਨਾਲ ਲੈ ਗਿਆ। ਮਨ ਵਿਚ ਕਹਿੰਦਾ ਸੀ, ਵੱਡੀ ਮੈਂ ਰੱਖ ਲਈ ਹੈ, ਗੁਰੂ ਜੀ ਨੂੰ ਦੇਣ ਵਾਸਤੇ ਮੈਂ ਕਿਸੇ ਤਰ੍ਹਾਂ ਵੀ ਨਹੀਂ ਕਿਹਾ ਹੈ॥ ੧੬॥

ਜਬਿ ਪਹੁੰਚਯੋ ਅਪਨੇ ਘਰ ਜਾਇ। ਲਘੁ ਘੋਰੀ ਕੋ ਬੰਧਿ ਬਨਾਇ।
ਅੰਤਰ ਬਰਯੋ ਬਡੀ ਜਹਿਂ ਖਰੀ। ਡਸੀ ਸਰਪ ਸੋ ਤਤਛਿਨ ਮਰੀ॥ ੧੭॥

ਜਦ ਆਪਣੇ ਘਰ ਜਾ ਕੇ ਪਹੁੰਚਿਆ ਤਾਂ ਜਾ ਕੇ ਛੋਟੀ ਘੋੜੀ ਨੂੰ ਚੰਗੀ ਤਰ੍ਹਾਂ ਕਿੱਲੇ ਨਾਲ ਬੰਨ੍ਹਿਆ ਤੇ ਘਰ ਦੇ ਅੰਦਰ ਦਾਖਲ ਹੋਇਆ ਜਿੱਥੇ ਵੱਡੀ ਘੋੜੀ ਖੜੀ ਸੀ, ਸੱਪ ਦੇ ਲੜਨ ਕਰਕੇ ਉਹ ਤੁਰਤ ਮਰ ਗਈ॥ ੧੭॥

ਗਯੋ ਤਿਮਰ ਮਹਿਂ ਮਰੀ ਨ ਜਾਨੀ। ਬੈਠਿ ਰਹੀ ਅਪਨੇ ਮਨ ਮਾਨੀ।
ਹੇਤ ਉਠਾਵਨਿ ਗੋਡਾ ਮਾਰਯੋ। ਬਾਰ ਬਾਰ ਮੁਖ ਤੇ ਟਿਚਕਾਰਯੋ॥ ੧੮॥

ਹਨੇਰੇ ਵਿਚ ਗਿਆ ਤੇ ਘੋੜੀ ਨੂੰ ਮਰੀ ਹੋਈ ਨਾ ਜਾਣਿਆ, ਆਪਣੇ ਮਨ ਵਿਚ ਇਹ ਮੰਨਿਆ ਕਿ ਘੋੜੀ ਬੈਠੀ ਹੋਈ ਹੈ। ਘੋੜੀ ਨੂੰ ਉਠਾਉਣ ਵਾਸਤੇ ਉਸ ਨੂੰ ਗੋਡਾ ਮਾਰਿਆ ਤੇ ਮੂੰਹ ਨਾਲ ਬਾਰ-ਬਾਰ ਟਿਚਕਾਰਿਆ॥ ੧੮॥

ਘੋਰੀ ਨਿਕਟ ਸਰਪ ਤਹਿਂ ਥਿਰਯੋ। ਤਤਛਿਨ ਡਸਨ ਜਾਟ ਕੋ ਕਰਯੋ।
'ਹਾਇ ਹਾਇ' ਕਰਿ ਬਾਹਰ ਆਯੋ। ਦ੍ਵੈ ਘਟਿਕਾ ਮਹਿਂ ਪ੍ਰਾਨ ਗਵਾਯੋ॥ ੧੯॥

ਘੋੜੀ ਦੇ ਨੇੜੇ ਹੀ ਸੱਪ ਬੈਠਾ ਸੀ, ਉਹ ਤੁਰਤ ਜੱਟ ਨੂੰ ਡੰਗ ਮਾਰ ਗਿਆ, 'ਹਾਇ ਹਾਇ' ਕਰਦਾ ਬਾਹਰ ਆਇਆ ਤੇ ਦੋ ਘੜੀਆਂ ਵਿਚ ਉਸਦੇ ਪ੍ਰਾਣ ਨਿਕਲ ਗਏ॥ ੧੯॥

ਇਮ ਮੂਰਖ ਕੋ ਭਯੋ ਬਿਨਾਸ਼ੀ। ਕਹਯੋ ਝੂਠ ਸਤਿਗੁਰ ਕੇ ਪਾਸੀ।
ਚਢੇ ਪ੍ਰਯੰਕ ਪ੍ਰਭੁ ਤਬਿ ਚਾਲੇ। ਸ਼ਜਾਮ ਚਾਦਰਾ ਓਢਿ ਬਿਸਾਲੇ॥ ੨੦॥

ਇਸ ਪ੍ਰਕਾਰ ਮੂਰਖ ਦਾ ਖਾਤਮਾ ਹੋ ਗਿਆ। ਸਤਿਗੁਰੂ ਜੀ ਦੇ ਪਾਸ ਉਸ ਝੂਠ ਬੋਲਿਆ ਸੀ। ਸਤਿਗੁਰੂ ਜੀ ਫਿਰ ਪਲੰਘ ਤੇ ਚੜ੍ਹ ਕੇ ਚਲ ਪਏ। ਉਨ੍ਹਾਂ ਨੇ ਕਾਲੇ ਰੰਗ ਦਾ ਚਾਦਰਾ ਆਪਣੇ ਉੱਪਰ ਲਿਆ ਸੀ॥ ੨੦॥

ਦੇਖਿ ਦੇਖਿ ਨਰ ਹਿੰਦੂ ਤੁਰਕਾ। ਭੇਵ ਪਛਾਨ ਸਕਹਿਂ ਨਹਿਂ ਗੁਰ ਕਾ।
ਮੋਰ ਪੰਖ ਕਾ ਮੂੱਠਾ ਫਿਰੈ। 'ਹੈ ਕੋ ਬਡੋ ਪੁਰਖ' ਲਖਿ ਪਰੈ॥ ੨੧॥

ਹਿੰਦੂ-ਤੁਰਕ ਮਨੁੱਖ ਵੇਖ ਵੇਖ ਕੇ ਗੁਰੂ ਜੀ ਦਾ ਭੇਦ ਪਛਾਣ ਨਹੀਂ ਸੀ ਸਕਦੇ। ਮੋਰ ਦੇ ਖੰਭਾਂ ਦਾ ਚੌਰ ਫਿਰਦਾ ਸੀ, ਦੂਰ ਤੋਂ ਹੀ ਇਹ ਪਤਾ ਲੱਗਦਾ ਸੀ "ਕਿ ਕੋਈ ਮਹਾਂਪੁਰਖ" ਜਾ ਰਹੇ ਹਨ॥ ੨੧॥

ਆਇ ਨਿਕਟ ਕੋ ਬੰਦਨ ਕਰਿਹੀ। ਨਿਸ਼ਚੈ ਕੋਇ ਨਹੀਂ ਮਨ ਧਰਿਹੀ।
ਇਸੀ ਪ੍ਰਕਾਰ ਗਮਨਤੇ ਆਏ। ਚਲਤਿ ਗ੍ਰਾਮ ਹੇਹਰ ਨਿਯਰਾਏ॥ ੨੨॥

ਮਨੁੱਖ ਗੁਰੂ ਜੀ ਦੇ ਨੇੜੇ ਆ ਕੇ ਬੰਦਨਾ ਕਰਦੇ ਸਨ ਤੇ ਮਨ ਵਿਚ ਕੋਈ ਨਿਸ਼ਚਾ ਧਾਰਨ ਨਹੀਂ ਕਰਦੇ ਸਨ। ਇਸ ਪ੍ਰਕਾਰ ਹੀ ਚਲਦੇ ਆਏ, ਚਲਦਿਆਂ-ਚਲਦਿਆਂ ਹੇਹਰ ਪਿੰਡ ਵੇਖਿਆ॥ ੨੨॥

ਨਬੀ ਗ਼ਨੀ ਸਨ ਤਬਿ ਗੁਰ ਕਹੈਂ। 'ਇਹਾਂ ਕ੍ਰਿਪਾਲ ਉਦਾਸੀ ਰਹੈ।
ਰਵਿ ਅਸਤਯੋ ਸੰਧਯਾ ਅਬਿ ਹੋਈ। ਡੇਰਾ ਕਰਯੋ ਚਹੈਂ ਥਲ ਸੋਈ॥ ੨੩॥

ਨਬੀ ਖਾਂ ਗ਼ਨੀ ਖਾਂ ਨੂੰ ਫਿਰ ਗੁਰੂ ਜੀ ਨੇ ਕਿਹਾ, "ਏਥੇ ਕ੍ਰਿਪਾਲ ਉਦਾਸੀ ਰਹਿੰਦਾ ਹੈ। ਸੂਰਜ ਡੁੱਬ ਗਿਆ ਹੈ, ਸ਼ਾਮ ਹੋ ਗਈ ਹੈ, ਇਸ ਸਥਾਨ ਵਿਖੇ ਹੀ ਡੇਰਾ ਕਰਨਾ ਚਾਹੁੰਦੇ ਹਾਂ॥ ੨੩॥

ਬਹੁਤ ਦੂਰ ਹੀ ਅਬਿ ਚਲਿ ਆਏ। ਅੱਗ੍ਰ ਗਮਨ ਅਬਿ ਨਹਿਂ ਬਨਿ ਆਏ।
ਇਹਾਂ ਜਾਮਨੀ ਬਸਹਿਂ ਬਿਤਾਵੈਂ। ਉਠਿ ਪ੍ਰਭਾਤਿ ਕੋ ਅੱਗ੍ਰ ਸਿਧਾਵੈਂ॥ ੨੪॥

ਬਹੁਤ ਦੂਰ ਚਲ ਕੇ ਆ ਗਏ ਹਾਂ, ਹੋਰ ਅੱਗੇ ਜਾਣਾ ਹੁਣ ਬਣਦਾ ਨਹੀਂ ਹੈ। ਏਥੇ ਰਾਤ ਰਹਿ ਕੇ ਬਤੀਤ ਕਰਦੇ ਹਾਂ ਤੇ ਸਵੇਰੇ ਉੱਠ ਕੇ ਅੱਗੇ ਚਲੇ ਜਾਵਾਂਗੇ॥ ੨੪॥

ਤੁਮ ਭੀ ਇਸ ਥਲ ਤੇ ਹਟਿ ਜਾਵਹੁ। ਮਿਲਿ ਬਿਰਾਦਰੀ ਨਿਜ ਦਿਖਰਾਵਹੁ।
ਆਗੇ ਗਮਨ ਸੁਗਮ ਹੀ ਅਹੈ। ਜੰਗਲ ਦੇਸ਼ ਗੁਰੂ ਸਿਖ ਰਹੈਂ॥ ੨੫॥

ਤੁਸੀਂ ਵੀ ਇਸ ਸਥਾਨ ਤੋਂ ਵਾਪਸ ਚਲੇ ਜਾਵੋ, ਬਿਰਾਦਰੀ ਨੂੰ ਮਿਲ ਕੇ ਆਪਣੇ ਆਪ ਨੂੰ ਵਿਖਾਵੋ। ਅੱਗੇ ਚੱਲਣਾ ਆਸਾਨ ਹੀ ਹੈ, ਮਾਲਵੇ ਦੇਸ਼ ਵਿਚ ਬਹੁਤ ਗੁਰਸਿੱਖ ਰਹਿੰਦੇ ਹਨ'॥ ੨੫॥

ਸੁਨਤਿ ਖਾਨ ਬੋਲੇ ਤਬਿ ਅਰਜ਼ੀ। 'ਹਮ ਅਨੁਸਾਰਿ ਆਪ ਕੀ ਮਰਜ਼ੀ।
ਜੇ ਹਮ ਬਿਨ ਨਹਿਂ ਸਰੈ ਅਗਾਰੀ। ਹਟਿ ਆਵੈਂ ਦ੍ਵੈ ਦਿਵਸ ਪਿਛਾਰੀ॥ ੨੬॥

ਇਹ ਸੁਣ ਕੇ ਫਿਰ ਖਾਨਾਂ ਨੇ ਬੇਨਤੀ ਕੀਤੀ, "ਅਸੀਂ ਆਪ ਜੀ ਦੀ ਆਗਿਆ ਅਨੁਸਾਰ ਹਾਂ, ਜੇ ਸਾਡੇ ਬਗ਼ੈਰ ਅੱਗੇ ਨਹੀਂ ਸਰਦਾ ਹੈ ਤਾਂ ਦੋ ਦਿਨ ਬਾਅਦ ਵਿਚ ਵਾਪਸ ਚਲੇ ਜਾਵਾਂਗੇ॥ ੨੬॥

ਜੇਤਿਕ ਸੇਵਾ ਬਨਹਿ ਤੁਹਾਰੀ। ਪਰਮ ਲਾਭ ਕੱਲਜਾਨ ਹਮਾਰੀ'।
ਇਮ ਬੋਲਤਿ ਮਗ ਉਲੰਘਜੋ ਸਾਰਾ। ਥਾਨ ਉਦਾਸੀ ਪਹੁੰਚਿ ਨਿਹਾਰਾ॥ ੨੭॥

ਜਿੰਨੀ ਵੀ ਤੁਹਾਡੀ ਸੇਵਾ ਕਰਨੀ ਬਣੇ, ਸਾਨੂੰ ਪਰਮ ਲਾਭ ਪ੍ਰਾਪਤ ਹੋਵੇਗਾ ਜਿਸ ਨਾਲ ਸਾਡਾ ਕਲਿਆਣ ਹੋਵੇਗਾ।" ਇਸ ਪ੍ਰਕਾਰ ਕਹਿ ਕੇ ਸਾਰਾ ਪੈਂਡਾ ਲੰਘ ਗਏ ਤੇ ਉਦਾਸੀ ਕਿਰਪਾਲ ਦੇ ਸਥਾਨ 'ਤੇ ਪਹੁੰਚ ਕੇ ਵੇਖਿਆ॥ ੨੭॥

ਸੁਨੀ ਕਾਨ ਮਹਿਂ ਸਾਧ ਕ੍ਰਿਪਾਲ। 'ਆਨਿ ਪਹੂਚੇ ਗੁਰੂ ਕ੍ਰਿਪਾਲ'।
ਉਠਜੋ ਸ਼ੀਘ੍ਰ ਹੀ ਬਾਹਰ ਆਯੋ। ਚਰਨ ਸਰੋਜਨ ਕੋ ਲਪਟਾਯੋ॥ ੨੮॥

ਜਦ ਕ੍ਰਿਪਾਲ ਸਾਧ ਨੇ ਆਪਣੇ ਕੰਨ ਵਿਚ ਸੁਣਿਆ, "ਕ੍ਰਿਪਾਲੂ ਗੁਰੂ ਜੀ ਆ ਪਹੁੰਚੇ ਹਨ" ਤਾਂ ਤੁਰਤ ਉੱਠ ਕੇ ਬਾਹਰ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ॥ ੨੮॥

'ਉਤਰਹੁ ਪ੍ਰਭੁ ਆਪਕੋ ਡੇਰਾ। ਮੁਝ ਕੋ ਜਾਨਿ ਲੀਜੀਐ ਚੇਰਾ'।
ਕਰਿ ਬਿਨਤੀ ਉਤਰਾਇ ਪ੍ਰਜੰਕਾ। ਲੇ ਅੰਤਰ ਕੋ ਗਯੋ ਨਿਸ਼ੰਕਾ॥ ੨੯॥

"ਪ੍ਰਭੂ ਜੀ ਏਥੇ ਉਤਾਰਾ ਕਰੋ, ਆਪ ਜੀ ਦਾ ਡੇਰਾ ਹੈ, ਮੈਨੂੰ ਆਪਣਾ ਸੇਵਕ ਜਾਣੋ।" ਬੇਨਤੀ ਕਰਕੇ ਪਲੰਘ ਤੋਂ ਉਤਰਵਾਏ ਤੇ ਨਿਸ਼ੰਕ ਹੋ ਕੇ ਅੰਦਰ ਲੈ ਗਿਆ॥ ੨੯॥

ਉਤਰਿ ਪਰੇ ਕੀਨਸਿ ਗੁਰ ਡੇਰਾ। ਆਏ ਸਾਧ ਸਭਿ ਦਰਸ਼ਨ ਹੇਰਾ।
ਕਰਿ ਕਰਿ ਬੰਦਨ ਬੈਠੇ ਪਾਸੀ। ਕਿਤਿਕ ਲੋਕ ਅਰੁ ਸਾਧ ਉਦਾਸੀ॥ ੩੦॥

ਗੁਰੂ ਜੀ ਪਲੰਘ ਤੋਂ ਉੱਤਰ ਪਏ ਤੇ ਉਥੇ ਡੇਰਾ ਕੀਤਾ, ਫਿਰ ਸਾਰੇ ਸਾਧਾਂ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਬੰਦਨਾ ਕਰ-ਕਰ ਗੁਰੂ ਜੀ ਦੇ ਪਾਸ ਬੈਠ ਗਏ, ਕਈ ਹੋਰ ਲੋਕ ਵੀ ਸਨ ਤੇ ਕਈ ਉਦਾਸੀ ਸਾਧ ਸਨ॥ ੩੦॥

ਤੀਨ ਸਿੰਘ ਅਰੁ ਦੋਇ ਪਠਾਨ। ਕਹਜੋ ਬਾਕ ਸ੍ਰੀ ਗੁਰ ਭਗਵਾਨ।
'ਮਾਨ ਸਿੰਘ ! ਤੁਮ ਨਿਸਾ ਮਝਾਰਾ। ਗਏ ਹੁਤੇ ਹਿਤ ਕਰਨ ਅਹਾਰਾ॥ ੩੧॥

ਤਿੰਨਾਂ ਸਿੰਘਾਂ ਅਤੇ ਦੋਵਾਂ ਪਠਾਣਾਂ ਨੂੰ ਗੁਰੂ ਭਗਵਾਨ ਸਤਿਗੁਰੂ ਜੀ ਨੇ ਕਿਹਾ, "ਹੇ ਮਾਨ ਸਿੰਘ ! ਤੁਸੀਂ ਰਾਤ ਸਮੇਂ ਜਦ ਭੋਜਨ ਖਾਣ ਗਏ ਸੀ॥ ੩੧॥

ਤਬਿ ਹਮ ਤੁਮ ਸੰਗ ਭਾਖਜੋ ਜੈਸੇ। ਹੈ ਕਿ ਨਹੀਂ ਮਨ ਸਿਮਰਨ ਤੈਸੇ'।
ਤਬਿ ਤੀਨਹੁਂ ਕਰ ਜੋਰਿ ਬਖਾਨਾ। 'ਹੁਕਮ ਮਾਨ ਪਾਲੇ ਬੰਧਿ ਆਨਾ ॥ ੩੨ ॥

ਤਦ ਅਸੀਂ ਜਿਵੇਂ ਤੁਹਾਨੂੰ ਕਿਹਾ ਸੀ, ਤੁਹਾਨੂੰ ਯਾਦ ਹੈ ਕਿ ਨਹੀਂ।'' ਤਦ ਤਿੰਨਾਂ ਨੇ ਹੱਥ ਜੋੜ ਕੇ ਕਿਹਾ, ''ਅਸੀਂ ਤੁਹਾਡਾ ਹੁਕਮ ਮੰਨ ਕੇ ਕੁਝ ਭੋਜਨ ਪੱਲੇ ਬੰਨ੍ਹ ਕੇ ਲਿਆਂਦਾ ਹੈ॥ ੩੨ ॥

ਸਿਮਰਨ ਰਾਵਰ ਕਰਜੋ ਨ ਕੋਈ। ਬੰਧਜੋ ਰਹਜੋ ਅਬਿ ਲੈ ਤਿਮ ਸੋਈ।
ਹਮ ਤੀਨਹੁਂ ਨੇ ਬਾਂਧਜੋ ਪਾਲੇ। ਹੁਕਮ ਹੋਇ ਤੋ ਦੇਹਿਂ ਦਿਖਾਲੇ' ॥ ੩੩ ॥

ਆਪ ਜੀ ਨੇ ਫਿਰ ਯਾਦ ਨਹੀਂ ਫੁਰਮਾਇਆ ਹੈ, ਉਹ ਪ੍ਰਸ਼ਾਦਿ ਹੁਣ ਤਕ ਸਾਡੇ ਪੱਲੇ ਬੱਝਾ ਹੈ। ਅਸੀਂ ਤਿੰਨਾਂ ਨੇ ਹੀ ਪੱਲੇ ਬੰਨ੍ਹ ਲਿਆ ਸੀ, ਜੇ ਤੁਹਾਡਾ ਹੁਕਮ ਹੋਵੇ ਤਾਂ ਵਿਖਾ ਦਿੰਦੇ ਹਾਂ'' ॥ ੩੩ ॥

ਸੁਨਿਕੈ ਸ੍ਰੀ ਮੁਖ ਤੇ ਫੁਰਮਾਈ। 'ਅਬਿ ਸਭਿ ਹੀ ਕੋ ਦੇਹੁ ਦਿਖਾਈ।
ਕਜਾ ਤੁਮ ਖਾਯੋ ਜਾਨਜੋਂ ਜਾਇ ? ਸੰਸੇ ਤੁਮਰੇ ਉਰ ਬਿਨਸਾਇ' ॥ ੩੪ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ, ''ਹੁਣ ਸਾਰਿਆਂ ਨੂੰ ਵਿਖਾ ਦੇਵੋ, ਤੁਸੀਂ ਉਥੇ ਕੀ ਖਾਧਾ ਸੀ ਇਹ ਭਲੀ ਪ੍ਰਕਾਰ ਜਾਣਿਆ ਜਾਵੇ ? ਤੁਹਾਡੇ ਦਿਲ ਦੇ ਸੰਸੇ ਦੂਰ ਹੋ ਜਾਵਣ'' ॥ ੩੪ ॥

ਤਬਿ ਤੀਨਹੁਂ ਖੋਲਨ ਕਰਿ ਪਾਲੇ। ਧਰਿ ਕਰਤਲ ਪੈ ਸਭਿਨਿ ਦਿਖਾਲੇ।
'ਸ੍ਵਾਦ ਤਿਹਾਵਲ ਨਿਸ ਮਹਿਂ ਖਾਏ। ਅਬਿ ਪਰਖਹੁ ਤਿਸ ਮਹਿਂ ਤੇ ਲਜਾਏ' ॥੩੫ ॥

ਤਦ ਤਿੰਨਾਂ ਨੇ ਆਪਣੇ ਪੱਲੇ ਖੋਹਲੇ ਤੇ ਹੱਥ ਦੀ ਤਲੀ ਤੇ ਪ੍ਰਸ਼ਾਦਿ ਰੱਖ ਕੇ ਸਭ ਨੂੰ ਵਿਖਾਏ। ''ਰਾਤ ਸਮੇਂ ਕੜਾਹ ਪ੍ਰਸ਼ਾਦਿ ਵਰਗੇ ਸਵਾਦ ਵਾਲਾ ਭੋਜਨ ਖਾਧਾ ਸੀ, ਹੁਣ ਉਸ ਵਿਚੋਂ ਲਿਆ ਕੇ ਪਰਖ ਕਰੋ'' ॥ ੩੫ ॥

ਹੇਰਿ ਸਰਬ ਹੀ ਕਹੈਂ 'ਕਰਾਹੂ। ਸੰਸੇ ਕਹਾਂ ਕਰਹੁ ਇਸ ਮਾਂਹੂ'।
ਸ੍ਰੀ ਗੁਰ ਅਰੁ ਨਰ ਸਾਧੁ ਉਦਾਸੀ। ਦੇਖਤਿ ਸੰਸੈ ਕੀਨ ਬਿਨਾਸੀ॥ ੩੬ ॥

ਸਾਰਿਆਂ ਨੇ ਵੇਖ ਕੇ ਕਿਹਾ, ''ਇਹ ਕੜਾਹ ਪ੍ਰਸ਼ਾਦਿ ਹੈ, ਇਸ ਵਿਚ ਸ਼ੰਕਾ ਕਿਵੇਂ ਕਰਦੇ ਹੋ।'' ਸ੍ਰੀ ਸਤਿਗੁਰੂ ਜੀ ਅਤੇ ਉਦਾਸੀ ਸਾਧਾਂ ਨੇ ਵੇਖ ਸੰਸੇ ਦੂਰ ਕੀਤੇ॥ ੩੬ ॥

ਨਬੀ ਗ਼ਨੀ ਖਾਂ ਕੋ ਤਿਸ ਕਾਲਾ। ਲਖਿ ਕਰਿ ਸੇਵ ਪ੍ਰਸੰਨ ਬਿਸਾਲਾ।
ਕੰਚਨ ਕੰਕਨ ਜਰੇ ਜਰਾਵਨ। ਬਖਸ਼ਨ ਕਰੇ ਰਿਦੇ ਹਰਖਾਵਨ॥ ੩੭ ॥

ਨਬੀ ਖਾਂ ਗ਼ਨੀ ਖਾਂ ਨੂੰ ਉਸ ਸਮੇਂ, ਉਨ੍ਹਾਂ ਦੀ ਵਿਸ਼ਾਲ ਸੇਵਾ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੂੰ ਜੜਾਊਆਂ ਨਾਲ ਜੜੇ ਹੋਏ ਸੋਨੇ ਦੇ ਕੰਗਣ ਬਖਸ਼ੇ, ਜਿਨ੍ਹਾਂ ਨੂੰ ਵੇਖ ਕੇ ਨਬੀ ਖਾਂ ਗ਼ਨੀ ਖਾਂ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ॥ ੩੭ ॥

ਬਹੁਰ ਪਟਾ ਕਾਗਤ ਲਿਖ ਦੀਨ। ਸਭਿ ਸੰਗਤ ਪਰ ਆਗਜਾ ਕੀਨਿ।
'ਇਨਹੁਂ ਕਰੀ ਮਮ ਸੇਵ ਬਿਸਾਲਾ। ਸਿਖ ! ਮਾਨਹੁ ਇਨ ਕੋ ਸਭਿ ਕਾਲਾ ॥੩੮ ॥

ਫਿਰ ਉਨ੍ਹਾਂ ਨੂੰ ਕਾਗਜ਼ ਉੱਪਰ ਪਟਾ ਲਿਖ ਕੇ ਦਿੱਤਾ ਤੇ ਸਾਰੀ ਸਿੱਖ ਸੰਗਤ ਨੂੰ ਆਗਿਆ ਕੀਤੀ, ''ਇਨ੍ਹਾਂ ਮੇਰੀ ਬਹੁਤ ਸੇਵਾ ਕੀਤੀ ਹੈ, ਹੇ ਸਿੱਖੋ ! ਇਨ੍ਹਾਂ ਨੂੰ ਹਰ ਸਮੇਂ ਮੰਨੋ॥ ੩੮ ॥

ਸੰਗਤਿ ਦੇਹਿ ਸੇਵ ਮਮ ਸਟਾ। ਕਰੇ ਵਿਦਾ ਲਿਖਿ ਦੀਨਸਿ ਪਟਾ।
ਅਧਿਕ ਅਨੰਦੇ ਬੰਦਨ ਕਰਿਕੈ। ਗਮਨੇ ਪੁਨਹਿ ਪਿਛਾਰੀ ਮੁਰਿਕੈ॥ ੩੯ ॥

ਮੇਰੀ ਸੰਗਤ ਇਨ੍ਹਾਂ ਨੂੰ ਮੇਰੀ ਸੇਵਾ ਦਾ ਬਦਲਾ ਦੇਵੇ।'' ਉਨ੍ਹਾਂ ਨੂੰ ਪਟਾ ਦੇ ਕੇ ਵਿਦਾ ਕੀਤਾ। ਵੱਡਾ ਅਨੰਦ ਧਾਰ
ਉਨ੍ਹਾਂ ਸਤਿਗੁਰੂ ਜੀ ਨੂੰ ਬੰਦਨਾ ਕੀਤੀ ਤੇ ਪਿੱਛੇ ਮੁੜ ਕੇ ਚਲੇ ਗਏ॥ ੩੯॥

ਤੀਨਹੁਂ ਸਿੰਘ ਸੰਗ ਤਬਿ ਰਹੇ। ਸਾਧ ਕ੍ਰਿਪਾਲ ਦੇਖਿ ਇਮ ਲਹੇ।
ਚਾਹੈਂ ਰਹਜੇ ਅਬੈ ਥਲ ਮੇਰੇ। ਹੋਇ ਪਰਹਿੰਗੇ ਅਧਿਕ ਬਖੇਰੇ॥ ੪੦॥

ਤਿੰਨੇ ਸਿੰਘ ਫਿਰ ਨਾਲ ਰਹੇ, ਕ੍ਰਿਪਾਲ ਸਾਧ ਨੇ ਇਸ ਪ੍ਰਕਾਰ ਵੇਖ ਲਏ। ਉਸ ਨੇ ਸੋਚਿਆ ਕਿ ਸਤਿਗੁਰੂ ਜੀ ਹੁਣ
ਸਥਾਨ 'ਤੇ ਰਹਿਣਾ ਚਾਹੁੰਦੇ ਹਨ, ਜਿਸ ਕਾਰਨ ਮੈਨੂੰ ਬਹੁਤ ਕਸ਼ਟ ਝੱਲਣੇ ਪੈਣਗੇ॥ ੪੦॥

ਬਰਾਬਾਦ ਡੇਰਾ ਹੁਇ ਜਾਇ। ਨੀਠ ਨੀਠ ਮੈਂ ਕੀਨ ਬਨਾਇ।
ਤੁਰਕ ਤ੍ਰਾਸ ਤੇ ਭਰਮਤਿ ਡੋਲਜੇ। ਰਹਜੇ ਨ ਦ੍ਰਿਢ ਨਿਸ ਮਹਿਂ ਇਮ ਬੋਲਜੇ॥੪੧॥

ਮੇਰਾ ਇਹ ਡੇਰਾ ਬਰਬਾਦ ਹੋ ਜਾਵੇਗਾ, ਮਸੀਂ-ਮਸੀਂ ਮੈਂ ਇਸ ਨੂੰ ਬਣਾਇਆ ਹੈ। ਤੁਰਕਾਂ ਦੇ ਡਰ ਤੋਂ ਭਰਮ ਕੇ ਡੋ
ਗਿਆ। ਫਿਰ ਦ੍ਰਿੜ੍ਹ ਨਾ ਰਿਹਾ ਤੇ ਰਾਤ ਸਮੇਂ ਇਸ ਪ੍ਰਕਾਰ ਬੋਲਿਆ॥ ੪੧॥

'ਸੁਨੀਅਹਿ ਸਤਿਗੁਰ ਦਯਾ ਨਿਧਾਨ ! ਇਨ ਗ੍ਰਾਮਨ ਮਹਿਂ ਤੁਰਕ ਮਹਾਨ।
ਹਲਵਾ ਰੇੜਾ ਅਰੁ ਤਲਵੰਡੀ। ਮੁਸਲਮਾਨ ਕੇ ਪਿੰਡ ਅਖੰਡੀ॥ ੪੨॥

''ਹੇ ਦਇਆ ਦੇ ਭੰਡਾਰ ਸਤਿਗੁਰੂ ਜੀ! ਸੁਣੋ, ਇਨ੍ਹਾਂ ਪਿੰਡਾਂ ਵਿਚ ਬਹੁਤ ਤੁਰਕ ਰਹਿੰਦੇ ਹਨ। ਹਲਵਾ, ਰੇੜਾ ਅ
ਤਲਵੰਡੀ ਦੇ ਪਿੰਡ ਸਾਰੇ ਹੀ ਮੁਸਲਮਾਨਾਂ ਦੇ ਗੜ੍ਹ ਹਨ॥ ੪੨॥

ਰਹੈਂ ਹਜ਼ਾਰਹੁਂ, ਸੁਨਿ ਸੁਧਿ ਜਬੈ। ਚਢਿ ਆਵੈਂ ਗਨ ਤੁਰਨ ਤਬੈ।
ਮੋ ਤੇ ਨਹਿਂ ਕਿਮ ਰਾਖੇ ਜਾਇਂ। ਯਾਂਤੇ ਲਖਹੁ ਨ ਰਹਿਬੇ ਥਾਇਂ॥ ੪੩॥

ਇਨ੍ਹਾਂ ਪਿੰਡਾਂ ਵਿਚ ਹਜ਼ਾਰਾਂ ਮੁਸਲਮਾਨ ਰਹਿੰਦੇ ਹਨ, ਜਦ ਉਹ ਤੁਹਾਡੇ ਬਾਰੇ ਖ਼ਬਰ ਸੁਣ ਲੈਣਗੇ, ਤਦ ਤੁਰਕ
ਚੜ੍ਹਾਈ ਕਰਕੇ ਆ ਜਾਣਗੇ। ਮੇਰੇ ਪਾਸੋਂ ਤਾਂ ਕਿਸੇ ਪ੍ਰਕਾਰ ਆਪ ਜੀ ਨੂੰ ਰੱਖਿਆ ਨਹੀਂ ਜਾਵੇਗਾ, ਇਸ ਕਰਕੇ ਇਸ ਸਥਾਨ
ਰਹਿਣਯੋਗ ਨਾ ਸਮਝੋ॥ ੪੩॥

ਲੰਮੇ ਗ੍ਰਾਮ ਆਪ ਚਲਿ ਜਾਈਏ। ਸੋ ਰਾਖਹਿਂ ਤੁਮ ਕੋ ਕਰਿ ਦਾਈਏ।
ਨਰ ਸੁ ਹਜ਼ਾਰਹੁਂ ਦਾਦੇ ਪੋਤੇ। ਲਰਿਬੇ ਦਿਢ ਡਰ ਧਰਹਿਂ ਨ ਕੋਤੇ॥ ੪੪॥

ਹੁਣ ਲੰਮੇ ਪਿੰਡ ਵਿਚ ਚਲੇ ਜਾਵੋ, ਉਹ ਤੁਹਾਨੂੰ ਦਾਈਆਂ ਕਰਕੇ ਰੱਖਣਗੇ। ਉਥੇ ਹਜ਼ਾਰਾਂ ਦਾਦੇ ਪੋਤੇ ਮਨੁੱਖ ਰਹਿ
ਹਨ, ਉਹ ਦ੍ਰਿੜ੍ਹ ਹੋ ਕੇ ਯੁੱਧ ਕਰਦੇ ਹਨ ਅਤੇ ਕਿਸੇ ਪਾਸੋਂ ਵੀ ਡਰਦੇ ਨਹੀਂ ਹਨ''॥ ੪੪॥

ਸੁਨਿ ਕਰਿ ਤਿਸ ਪ੍ਰਤਿ ਗੁਰੂ ਅਲਾਵਹਿਂ। 'ਤੁਰਕਨ ਤੇ ਹਮ ਕੋ ਡਰਪਾਵਹਿਂ।
ਤਿਨ ਕੋ ਸਦਾ ਰਹੇ ਹੀ ਮਾਰਤਿ। ਤੂੰ ਤਿਨ ਕੇ ਡਰ ਤੇ ਹੁਇ ਆਰਤ॥ ੪੫॥

ਇਹ ਸੁਣ ਕੇ ਉਸ ਬਾਰੇ ਗੁਰੂ ਜੀ ਨੇ ਕਿਹਾ, ''ਤੁਰਕਾਂ ਪਾਸੋਂ ਸਾਨੂੰ ਡਰਾਉਂਦੇ ਹੋ, ਉਨ੍ਹਾਂ ਨੂੰ ਸਦਾ ਹੀ ਅਸੀਂ ਮਾਰਦੇ
ਹਾਂ, ਤੂੰ ਉਨ੍ਹਾਂ ਦਾ ਡਰ ਮੰਨ ਕੇ ਬੜਾ ਕਾਇਰ ਬਣਿਆ ਹੈਂ॥ ੪੫॥

ਹਮਰੋ ਨਿਸ਼ਚਾ ਤੁਮ ਉਰ ਨਾਸਾ। ਯਾਂਤੇ ਤੁਰਕ ਦੇਹਿਂ ਤੁਝ ਤ੍ਰਾਸਾ'।
ਇਮ ਸ੍ਰਾਪਤ ਕਿਯ ਸਾਧ ਕ੍ਰਿਪਾਲ। ਨਿਸ ਬਿਤਾਇ ਕਰਿ ਤਹਾਂ ਕ੍ਰਿਪਾਲ॥੪੬॥

ਸਾਡਾ ਨਿਸ਼ਚਾ ਤੇਰੇ ਦਿਲ ਵਿਚੋਂ ਦੂਰ ਹੋ ਗਿਆ ਹੈ, ਇਸ ਕਰਕੇ ਤੁਰਕ ਤੈਨੂੰ ਡਰਾਉਂਦੇ ਹਨ।'' ਇਸ ਪ੍ਰਕਾਰ ਕ੍ਰਿਪ
ਸਾਧ ਨੂੰ ਸਰਾਪ ਦਿੱਤਾ। ਕਿਰਪਾਲੂ ਸਤਿਗੁਰੂ ਜੀ ਨੇ ਉਥੇ ਰਾਤ ਬਤੀਤ ਕੀਤੀ॥ ੪੬॥

ਚਲਿਬੇ ਹੇਤ ਕਰੀ ਤਬ ਤਯਾਰੀ। ਇਕ ਕ੍ਰਿਪਾਲ ਕੋ ਸਾਧ ਭੰਡਾਰੀ।
ਪੈਸੇ ਪੰਚ ਹਾਥ ਮਹਿਂ ਲਯਾਯੋ। ਕਰਿ ਆਗੈ ਨਿਜ ਸੀਸ ਝੁਕਾਯੋ॥ ੪੭॥

ਚੱਲਣ ਵਾਸਤੇ ਫਿਰ ਤਿਆਰੀ ਕੀਤੀ। ਕ੍ਰਿਪਾਲ ਦਾ ਖਜ਼ਾਨਚੀ ਇਕ ਸਾਧ ਸੀ। ਉਹ ਪੰਜ ਪੈਸੇ ਆਪਣੇ ਹੱਥ ਵਿਚ ਲਿਆਇਆ ਤੇ ਪੰਜ ਪੈਸੇ ਅੱਗੇ ਕਰਕੇ ਆਪਣਾ ਸਿਰ ਝੁਕਾਇਆ॥ ੪੭॥

ਤਬਿ ਸਤਿਗੁਰ ਤਿਸ ਕੋ ਕਰ ਗਹਯੋ। 'ਬੰਧਿ ਮੁਸ਼ਟ ਦ੍ਰਿਢ' ਸ਼੍ਰੀ ਮੁਖ ਕਹਯੋ।
'ਅਧਿਕ ਜ਼ੋਰ ਤੇ ਗਾਢੀ ਕੀਜੈ। ਨਹੀਂ ਖਜ਼ਾਨਾ ਖੋਲਨ ਕੀਜੈ' ॥ ੪੮॥

ਤਦ ਸਤਿਗੁਰੂ ਜੀ ਨੇ ਉਸ ਦਾ ਹੱਥ ਫੜਿਆ ਤੇ ਆਪਣੇ ਮੁਖ ਤੋਂ ਕਿਹਾ, "ਮੁੱਠੀ ਚੰਗੀ ਤਰ੍ਹਾਂ ਘੁੱਟ ਕੇ ਰੱਖੋ। ਹੋਰ ਜ਼ੋਰ ਨਾਲ ਪੱਕੀ ਗੰਢ ਦੇ ਲਵੋ ਤੇ ਇਸ ਖਜ਼ਾਨੇ ਨੂੰ ਖੋਲ੍ਹਣਾ ਨਹੀਂ"॥ ੪੮॥

ਸੁਨਿ ਕ੍ਰਿਪਾਲ ਬੂਝਯੋ ਬੰਦਿ ਹਾਥ। 'ਰਾਖਨ ਹੀ ਭਾਖਯੋ ਅਬਿ ਨਾਥ!।
ਕਬਹੂੰ ਖੁਲਹਿ ਸੋ ਭੀ ਬਚ ਕਹੀਏ। ਕਰੁਨਾ ਕਰਤਿ ਇਨਹੁਂ ਪਰ ਰਹੀਏ' ॥੪੯॥

ਇਹ ਸੁਣ ਕੇ ਕ੍ਰਿਪਾਲ ਨੇ ਹੱਥ ਜੋੜ ਕੇ ਪੁੱਛਿਆ, "ਹੇ ਨਾਥ ਪ੍ਰਭੂ! ਆਪ ਜੀ ਨੇ ਰੱਖਣ ਵਾਸਤੇ ਹੀ ਕਿਹਾ ਹੈ ਕਿ ਕਦੇ ਖੁਲ੍ਹੇਗਾ ਵੀ, ਉਹ ਵੀ ਬਚਨ ਕਹੋ। ਇਨ੍ਹਾਂ ਉੱਤੇ ਕਿਰਪਾ ਕਰਦੇ ਰਹੋ"॥ ੪੯॥

ਸ਼੍ਰੀ ਮੁਖ ਕਹਯੋ ਸੁਨਹੁ ਸੋ ਕਾਨ। ਦਸਮ ਗੁਰੂ ਬਚ ਕੀਨ ਬਖਾਨ।
'ਤੁਵ ਗਾਦੀ ਪਰ ਦਸਮੋ ਥਿਰੇ। ਸੁਊ ਖਜ਼ਾਨਾ ਖੋਲਨਿ ਕਰੇ' ॥ ੫੦॥

ਕਵੀ ਜੀ ਕਹਿੰਦੇ ਹਨ ਕਿ ਹੇ ਸ੍ਰੋਤਾ ਜਨੋ! ਜੋ ਸਤਿਗੁਰੂ ਜੀ ਨੇ ਮੁਖ ਨਾਲ ਕਿਹਾ ਉਸ ਨੂੰ ਕੰਨ ਦੇ ਕੇ ਸੁਣੋ। ਸਤਿਗੁਰੂ ਜੀ ਨੇ ਕਿਹਾ, "ਤੇਰੀ ਗੱਦੀ ਉੱਪਰ ਜਿਹੜੇ ਦਸਵੇਂ ਸਥਾਨ 'ਤੇ ਬੈਠਣਗੇ, ਓਹੋ ਇਸ ਖਜ਼ਾਨੇ ਨੂੰ ਖੋਲ੍ਹਣਗੇ"॥ ੫੦॥

ਕਹੈ ਕਵੀ ਅਬਿ ਲੌ ਸੋ ਧਰੈਂ। ਨਹੀਂ ਕੋਸ਼ ਤੇ ਖਰਚਨ ਕਰੈਂ।
ਪੰਚ ਗ੍ਰਾਮ ਕੇ ਤਬਹਿ ਬੁਲਾਏ। ਕਹਯੋ ਕਿ 'ਮੰਜਾ ਲੇਹੁ ਉਚਾਏ' ॥ ੫੧॥

ਕਵੀ ਜੀ ਕਹਿੰਦੇ ਹਨ ਹੁਣ ਤਕ ਉਹ ਧਰੇ ਹਨ, ਖਜ਼ਾਨੇ ਵਿਚੋਂ ਨਹੀਂ ਖਰਚਦੇ ਹਨ। ਤਦ ਪਿੰਡ ਦੇ ਪੰਚ ਬੁਲਾਏ ਤੇ ਕ੍ਰਿਪਾਲ ਨੇ ਕਿਹਾ, "ਪਲੰਘ ਸਿਰ ਉੱਪਰ ਚੁੱਕ ਲਵੋ"॥ ੫੧॥

ਸੁਨਿ ਚਾਰਹੁਂ ਨੇ ਪਲੰਘ ਉਠਾਵਾ। ਗਮਨ ਕੀਨਿ ਡੇਰੇ ਨਿਕਸਾਵਾ।
ਗੁਰੂ ਕਹਯੋ 'ਇਕ ਦਿਸ਼ ਤੇ ਨੀਵੋਂ। ਸਮ ਹੁਇ ਚਲਹੁ ਨ ਬਿਖਮੀ ਥੀਵੋ' ॥੫੨॥

ਇਹ ਸੁਣ ਕੇ ਚਾਰੇ ਪੰਚਾਂ ਨੇ ਮੰਜਾ ਸਿਰ ਉੱਪਰ ਚੁੱਕ ਲਿਆ ਤੇ ਚਲ ਕੇ ਪਲੰਘ ਡੇਰੇ ਵਿਚੋਂ ਬਾਹਰ ਨਿਕਲਿਆ। ਗੁਰੂ ਜੀ ਨੇ ਕਿਹਾ, "ਪਲੰਘ ਇਕ ਪਾਸੇ ਤੋਂ ਨੀਵਾਂ ਹੈ, ਬਰਾਬਰ ਹੋ ਕੇ ਚਲੋ, ਜਿਨ੍ਹਾਂ ਨੇ ਮੰਜਾ ਸਿਰ ਉੱਪਰ ਧਾਰਨ ਕੀਤਾ ਹੈ, ਨਿਵਾਣ ਨਾ ਰੱਖੋ"॥ ੫੨॥

ਕਹਿ ਰਾਹਕ 'ਛੋਟਾ ਮਮ ਤਨ ਹੈ। ਤ੍ਰੈ ਲਾਂਬੇ, ਯਾਂਤੇ ਅਨਬਨ ਹੈ'।
ਸੁਨਿ ਸ਼੍ਰੀ ਮੁਖ ਤੇ ਵਾਕ ਉਚਾਰਾ। ਸਮ ਬਨ ਜਾਹੁ ਜਿਨਹੁਂ ਸਿਰ ਧਾਰਾ' ॥੫੩॥

ਕਿਸਾਨ ਨੇ ਕਿਹਾ, "ਮੇਰਾ ਸਰੀਰ ਛੋਟਾ ਹੈ, ਬਾਕੀ ਤਿੰਨ ਲੰਬੇ ਹਨ, ਇਸ ਕਰਕੇ ਅਣਬਣ ਹੈ।" ਇਹ ਸੁਣ ਕੇ ਗੁਰੂ ਜੀ ਨੇ ਮੁੱਖ ਤੋਂ ਬਚਨ ਕੀਤਾ, "ਸਾਰੇ ਬਰਾਬਰ ਬਣ ਜਾਵੋ ਜਿਨ੍ਹਾਂ ਨੇ ਮੰਜਾ ਸਿਰ ਉੱਪਰ ਧਾਰਨ ਕੀਤਾ ਹੈ"॥ ੫੩॥

ਭਯੋ ਬਚਨ ਤੇ ਤਿਨ ਸਮ ਤਤਛਿਨ। ਦੇਖਿ ਸਕਲ ਤਬਿ ਬਿਸਮਤਿ ਬਹੁ ਮਨ।
ਲਗਯੋ ਕ੍ਰਿਪਾਲ ਪੰਚ ਸਿਰ ਧਾਰੇ। ਸਿੰਘ ਸੰਗ ਹੁਇ ਪੰਥ ਪਧਾਰੇ॥ ੫੪॥

ਗੁਰੂ ਜੀ ਦੇ ਬਚਨ ਕਹਿਣ 'ਤੇ ਮੰਜਾ ਤੁਰਤ ਬਰਾਬਰ ਹੋ ਗਿਆ, ਸਾਰੇ ਫਿਰ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ। ਪੰਚਾਂ ਦੇ ਨਾਲ ਕ੍ਰਿਪਾਲ ਵੀ ਮੰਜਾ ਸਿਰ ਉੱਪਰ ਚੁੱਕਣ ਲੱਗ ਗਿਆ। ਸਾਰੇ ਸਿੰਘ ਨਾਲ ਹੋ ਗਏ ਤੇ ਰਾਹੇ-ਰਾਹ ਚਲ ਪਏ॥ ੫੪॥

ਇਕ ਜੱਟੀ ਭੱਟੀ ਤਿਸ ਨਾਇ। ਤਰ ਪ੍ਰਯੰਕ ਸਿਰ ਦੀਨਸਿ ਧਾਇ।
ਪਿਖਿ ਗੁਰ ਭਾਖਯੋ 'ਦੇਹੁ ਹਟਾਈ। ਕਯਾ ਮਾਂਗਤਿ ਬੂਝਹੁ ਇਸ ਤਾਈ?' ॥੫੫॥

ਇਕ ਜੱਟੀ ਸੀ, ਉਸ ਦਾ ਨਾਮ ਭੱਟੀ ਸੀ, ਉਸ ਨੇ ਦੌੜ ਕੇ ਪਲੰਘ ਦੇ ਥੱਲੇ ਆਪਣਾ ਸਿਰ ਦਿੱਤਾ। ਉਸ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਇਸ ਨੂੰ ਹਟਾ ਦੇਵੋ, ਕੀ ਮੰਗਦੀ ਹੈ, ਇਸ ਪਾਸੋਂ ਪੁੱਛੋ?"॥ ੫੫॥

ਦਯਾ ਸਿੰਘ ਤਬਿ ਕਰੀ ਹਟਾਵਨ। 'ਕਯਾ ਜਾਚਹਿ ਕਹੁ ਕਰੀਅਹਿ ਪਾਵਨ'।
ਸੁਨਿ ਕਰਿ ਬੋਲੀ ਉਰ ਅਹਿਲਾਦੀ। 'ਕਹੋ ਮੋਹਿ ਸੁਤ ਕੀ ਹੁਇ ਸ਼ਾਦੀ' ॥੫੬॥

ਭਾਈ ਦਇਆ ਸਿੰਘ ਨੇ ਉਸ ਨੂੰ ਹਟਾ ਦਿੱਤਾ ਤੇ ਪੁੱਛਿਆ, "ਕੀ ਮੰਗਦੀ ਏਂ ਉਹ ਗੁਰੂ ਜੀ ਪਾਸੋਂ ਪ੍ਰਾਪਤ ਕਰੋ।" ਸੁਣ ਕੇ ਬੋਲੀ ਹਿਰਦੇ ਵਿਚ ਬੜਾ ਅਨੰਦ ਹੈ, "ਇਹ ਕਹੋ ਕਿ ਮੇਰੇ ਪੁੱਤਰ ਦੀ ਸ਼ਾਦੀ ਹੋਵੇ"॥ ੫੬॥

ਤਬਿ ਗੁਰ ਭਨਯੋਂ 'ਬੰਸ ਬਿਰਧੈ ਹੈ। ਸਪਤ ਸਪਤ ਸ਼ਾਦੀ ਕਰਵੈ ਹੈਂ'।
ਹਟੀ ਸੁ ਰਿਦੇ ਅਨੰਦਹਿ ਧਰੇ। ਤਿਹ ਸੁਤ ਤੀਨ ਬਜਾਹੁ ਪੁਨ ਕਰੇ॥ ੫੭॥

ਤਦ ਗੁਰੂ ਜੀ ਨੇ ਕਿਹਾ, "ਤੇਰਾ ਵੰਸ਼ ਬਹੁਤ ਵਧੇਗਾ, ਸੱਤ-ਸੱਤ ਸ਼ਾਦੀਆਂ ਕਰਨਗੇ।" ਹਿਰਦੇ ਵਿਚ ਅਨੰਦ ਧਾਰ ਕੇ ਹਟ ਗਈ, ਫਿਰ ਉਸ ਨੇ ਆਪਣੇ ਤਿੰਨਾਂ ਪੁੱਤਰਾਂ ਦੇ ਵਿਆਹ ਕੀਤੇ॥ ੫੭॥

ਪੋਤ੍ਰੇ ਸਪਤ ਬਜਾਹੁ ਕਰਿਵਾਏ। ਸੋ ਹਮ ਦੇਖੇ ਲਿਖੇ ਬਨਾਏ।
ਇਮ ਸਤਿਗੁਰ ਕੇ ਸ੍ਰਾਪ ਕਿਧੌਂ ਬਰ। ਬਿਦਤ ਜਾਨੀਯਹਿ ਜਹਿਂ ਕਹਿਂ ਧਰਿ ਪਰ॥੫੮॥

ਉਸ ਦੇ ਪੋਤਰਿਆਂ ਨੇ ਸਤ ਵਿਆਹ ਕਰਵਾਏ, ਉਹ ਅਸੀਂ ਵੇਖੇ ਹਨ ਅਤੇ ਉਸ ਅਧਾਰ 'ਤੇ ਬਣਾ ਕੇ ਲਿਖਿਆ ਹੈ। ਇਸ ਪ੍ਰਕਾਰ ਸਤਿਗੁਰੂ ਜੀ ਦੇ ਸਰਾਪ ਜਾਂ ਵਰ, ਜਿੱਥੇ ਕਿੱਥੇ ਧੀਰਜ ਧਾਰ ਕੇ ਪ੍ਰਗਟ ਹੋਏ ਜਾਣੋ॥ ੫੮॥

*ਛੇਵੀਂ ਰੁੱਤ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੮॥*

## *ਅਧਿਆਇ ਉਣੰਜਵਾਂ*

*ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ*

ਦੋਹਰਾ- ਆਗੇ ਗਮਨੇ ਸਤਿਗੁਰੂ ਉਲੰਘੇ ਕੇਤਿਕ ਕੋਸ।
ਜਗਰਾਵਾਂ ਪੁਰਿ ਕੋਟ ਕੋ ਰਾਇ ਹੁਤੋ ਬਡ ਹੋਸ਼॥ ੧॥

ਸਤਿਗੁਰੂ ਜੀ ਅੱਗੇ ਕਈ ਕੋਹ ਲੰਘ ਕੇ ਗਏ। ਰਾਏ ਕੋਟ ਜਗਰਾਵਾਂ ਨਗਰ ਦਾ ਰਾਜਾ ਵੱਡਾ ਅਕਲਮੰਦ ਆਦਮੀ ਸੀ॥ ੧॥

*ਨਿਸ਼ਾਨੀ ਛੰਦ*-ਜਨਮ ਤੁਰਕ ਹਿੰਦੂ ਧਰਮ ਜਿਨ ਧਾਰਨ ਕੀਨਾ।
ਦਯਾ ਧਰਮ ਪੁੰਨਜਾਤਮਾ ਸ਼ੁਭ ਮਗ ਮਨ ਭੀਨਾ।

ਸਕਲ ਭੇਵ ਗੁਰਦੇਵ ਕੋ ਸੁਨਿ ਸੇਵ ਉਮਾਹਾ।
ਲੈ ਸੈਨਾ ਸੰਗ ਤੀਨ ਸੈ ਚਲਿ ਦਰਸ਼ਨ ਚਾਹਾ॥ ੨॥

ਉਸ ਦਾ ਜਨਮ ਤੁਰਕਾਂ ਦੇ ਘਰ ਹੋਇਆ ਸੀ, ਪਰ ਉਸ ਹਿੰਦੂ ਧਰਮ ਧਾਰਨ ਕੀਤਾ ਸੀ। ਦਇਆ, ਧਰਮ ਅਤੇ ਪੁੰਨ ਵਿਚ ਉਸ ਦੀ ਆਤਮਾ ਅਤੇ ਮਨ ਭਿੱਜਾ ਹੋਇਆ ਸੀ। ਸਤਿਗੁਰੂ ਜੀ ਦੇ ਸਾਰੇ ਭੇਦ ਸੁਣ ਕੇ ਉਸ ਦੇ ਮਨ ਵਿਚ ਉਨ੍ਹਾਂ ਦੀ ਸੇਵਾ ਕਰਨ ਦੀ ਉਮੰਗ ਪੈਦਾ ਹੋਈ। ਤਿੰਨ ਸੌ ਬੰਦਿਆਂ ਦੀ ਸੈਨਾ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਦੀ ਚਾਹਤ ਲੈ ਕੇ ਚਲ ਪਿਆ॥ ੨॥

ਆਇ ਅਗਾਰੀ ਸੋ ਮਿਲਜੋ ਅਵਿਲੋਕੇ ਸ੍ਵਾਮੀ।
ਨੀਲੇ ਬਸਤ੍ਰ ਪ੍ਰਯੰਕ ਪਰ ਥਿਰ ਅੰਤਰਜਾਮੀ।
ਤਜਜੋ ਤੁਰੰਗਮ ਦੂਰ ਹੀ ਪਾਇਨ ਸੋਂ ਆਯੋ।
ਹਾਥ ਜੋਰਿ ਸਨਮੁਖ ਗਯੋ ਬਹੁ ਸੀਸ ਨਿਵਾਯੋ॥ ੩॥

ਅੱਗੇ ਆ ਕੇ ਸਤਿਗੁਰੂ ਜੀ ਨੂੰ ਵੇਖ ਕੇ ਮਿਲਿਆ, ਅੰਤਰਜਾਮੀ ਸਤਿਗੁਰੂ ਜੀ ਨੀਲੇ ਵਸਤਰ ਪਹਿਣ ਕੇ ਪਲੰਘ ਉਤੇ ਬੈਠੇ ਸਨ। ਉਹ ਦੂਰੋਂ ਹੀ ਘੋੜਾ ਛੱਡ ਤੇ ਪੈਦਲ ਚਲ ਕੇ ਆਇਆ ਤੇ ਹੱਥ ਜੋੜ ਕੇ ਸਾਹਮਣੇ ਗਿਆ ਤੇ ਬਹੁਤ ਸਿਰ ਨਿਵਾਇਆ॥ ੩॥

ਕਦਮ ਪਦਮ ਸਮ ਸੁਖਸਦਮ ਪਰਸੇ ਕਰ ਦੋਊ।
ਬਦਨ ਬਿਲੋਚਨ ਭਾਲ ਪਰ ਫਿਰ ਫੇਰਤਿ ਸੋਊ।
'ਆਪ ਸਾਥ! ਰਣ ਗਾਥ ਬਡ ਹੇ ਨਾਥ ਅਸੰਭੈ।
ਤਊ ਬਿਲੋਕਿ ਬਹਾਦਰੀ ਸਭਿ ਤੁਰਕ ਅਚੰਭੈ॥ ੪॥

ਕੰਵਲਾਂ ਵਰਗੇ ਗੁਰੂ ਜੀ ਦੇ ਚਰਨ ਸੁੱਖ ਦਾ ਘਰ ਹਨ, ਉਨ੍ਹਾਂ ਨੂੰ ਉਸ ਨੇ ਆਪਣੇ ਦੋਹਾਂ ਹੱਥਾਂ ਨਾਲ ਪਰਸਿਆ, ਫਿਰ ਉਸ ਨੇ ਆਪਣੇ ਮੁਖੜੇ, ਨੈਣਾਂ ਅਤੇ ਮੱਥੇ ਉੱਤੇ ਦੋਵਾਂ ਹੱਥਾਂ ਨੂੰ ਫੇਰਿਆ ਅਤੇ ਕਿਹਾ, 'ਹੇ ਨਾਥ ਜੀ! ਆਪ ਜੀ ਦੇ ਨਾਲ ਤੁਰਕਾਂ ਦੇ ਯੁੱਧ ਦੀ ਗਾਥਾ ਬੜੀ ਨਾਮੁਨਾਸਬ ਹੈ, ਭਾਵ ਤੁਰਕਾਂ ਨੂੰ ਆਪ ਜੀ ਨਾਲ ਲੜਨਾ ਨਹੀਂ ਸੀ ਚਾਹੀਦਾ॥ ੪॥

ਕਰਾਮਾਤ ਸਾਹਿਬ ਬਡੇ ਸਮਰਥ ਸਭਿ ਭਾਂਤੀ।
ਚਹੋ ਬਨਾਵੋ ਛਿਨਕ ਮਹਿਂ ਅਨਬਨ ਬਨਿ ਜਾਤੀ।
ਨਰ ਲੀਲਾ ਕਲਿਕਾਲ ਕੀ ਕਰਿ ਜਗ ਦਿਖਰਾਵੋ।
ਹਰਖ ਸ਼ੋਕ ਨਹਿਂ ਬਜਾਪ ਹੀ ਤਿਲ ਲੇਪ ਨ ਲਾਵੋ॥ ੫॥

ਆਪ ਜੀ ਸਾਹਿਬੇ ਕਰਾਮਾਤ ਹੋ ਤੇ ਸਭ ਪ੍ਰਕਾਰ ਸਰਬ ਸਮਰੱਥ ਹੋ, ਜੋ ਵੀ ਚਾਹੋ ਇਕ ਛਿਣ ਵਿਚ ਬਣਾ ਸਕਦੇ ਹੋ ਤੇ ਛਿਣ ਵਿਚ ਹੀ ਉਸ ਨੂੰ ਢਾਹ ਸਕਦੇ ਹੋ। ਇਸ ਜਗਤ ਵਿਚ ਕਲਜੁਗ ਦੀ ਲੀਲ੍ਹਾ ਕਰਕੇ ਵਿਖਾਉਂਦੇ ਹੋ। ਖੁਸ਼ੀ ਗ਼ਮੀ ਤੁਹਾਨੂੰ ਕੁਝ ਵੀ ਇਕ ਤਿਲ ਮਾਤਰ ਵੀ ਵਿਆਪਦੀ ਨਹੀਂ ਹੈ॥ ੫॥

ਹਮ ਲੋਕਨ ਕੇ ਦੀਖਤੀ ਜਬਰੀ ਤਰਕੇਸ਼ਾ।
ਕਰਜੋ ਬੁਰਾ ਤਿਨ ਅਪਨ ਸਭਿ, ਤੁਮ ਸੋਂ ਰਚਿ ਦ੍ਵੈਸ਼ਾ।
ਸੁਨਿ ਕੈ ਸ਼੍ਰੀ ਮੁਖ ਤੇ ਕਹਜੋ 'ਇਮ ਹੋਵਨਹਾਰੀ।
ਮਿਟਤਿ ਨ ਕੋਟ ਉਪਾਵ ਤੇ ਨਰ ਹ੍ਵੈ ਕੈ ਨਾਰੀ॥ ੬॥

ਤੁਰਕ ਬਾਦਸ਼ਾਹ ਸਾਡੇ ਲੋਕਾਂ ਉੱਪਰ ਜ਼ਬਰਦਸਤੀ ਕਰਦਾ ਹੈ, ਤੁਹਾਡੇ ਨਾਲ ਈਰਖਾ ਰਚ ਕੇ ਉਸ ਨੇ ਸਾਡੇ ਸਭ ਨਾਲ ਬੁਰਾ ਕੀਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਇਸ ਪ੍ਰਕਾਰ ਦੀ ਹੋਣੀ ਕੋਟ ਉਪਾਅ ਕਰਨ 'ਤੇ ਵੀ ਮਿੱਟਦੀ ਨਹੀਂ ਹੈ, ਬੇਸ਼ਕ ਕੋਈ ਇਸਤਰੀ ਹੋਵੇ ਜਾਂ ਪੁਰਸ਼॥ ੬॥

ਮਾਨਨੀਯ ਸਭਿ ਸੀਸ ਪਰ ਸੁਰ ਅਸੁਰਨਿ ਕੇਰੀ।
ਨਰ ਬਪੁਰੇ ਕੀ ਕਹਾਂ ਗਤਿ ਜੋ ਫੇਰੈ ਹੇਰੀ'।
ਬਹੁਰ ਕਹਜੋ ਸ਼੍ਰੀ ਬਦਨ ਤੇ 'ਸੁਨਿ ਕੱਲਾਰਾਊ।
ਹਯ ਅਰੂਢਿ ਗਮਨੀਜੀਏ ਕੁਛ ਚਲੈਂ ਅਗਾਊ' ॥ ੭॥

ਦੇਵਤੇ ਦੈਂਤਾਂ ਸਭ ਨੂੰ ਆਪਣੇ ਸਿਰ ਉੱਪਰ ਝੱਲਣੀ ਪੈਂਦੀ ਹੈ, ਮਨੁੱਖ ਵਿਚਾਰੇ ਦੀ ਕੀ ਗੱਲ ਹੈ, ਜਿਹੜਾ ਇਸ ਨੂੰ ਵੇਖ ਕੇ ਹਟਾ ਦੇਵੇ।" ਫਿਰ ਆਪਣੇ ਮੁਖ ਤੋਂ ਕਿਹਾ, "ਹੇ ਕੱਲ੍ਹਾ ਰਾਓ! ਸੁਣੋ ਘੋੜੇ ਉੱਪਰ ਸਵਾਰ ਹੋ ਜਾਵੋ, ਕੁਝ ਅੱਗੇ ਚਲੀਏ" ॥੭॥

ਮਾਨਿ ਹੁਕਮ ਕੋ ਹਯ ਚਢਜੋ ਪੁਨ ਸਤਿਗੁਰ ਪਯਾਨੇ।
ਲੰਮੇ ਗ੍ਰਾਮ ਪੁਨ ਪਹੁੰਚ ਕੇ ਬਚ ਰਾਇ ਬਖਾਨੇ।
'ਉਤਰਹੁ ਕਰਹੁ ਅਰਾਮ ਕੁਛ ਆਏ ਬਹੁ ਦੂਰੀ।
ਮੁਝ ਪਰ ਕਰੁਨਾ ਕੀਜੀਅਹਿ ਦ੍ਰਿਸ਼ਟੀ ਦਿਖਿ ਰੂਰੀ॥ ੮॥

ਸਤਿਗੁਰੂ ਜੀ ਦਾ ਹੁਕਮ ਮੰਨ ਕੇ ਰਾਇ ਕੱਲ੍ਹਾ ਘੋੜੇ ਤੇ ਸਵਾਰ ਹੋ ਗਿਆ ਤੇ ਸਤਿਗੁਰੂ ਜੀ ਵੀ ਚਲ ਪਏ। ਫਿਰ ਲੰਮੇ ਪਿੰਡ ਵਿਚ ਪਹੁੰਚ, ਰਾਇ ਕੱਲ੍ਹਾ ਨੇ ਕਿਹਾ, ਉੱਤਰ ਕੇ ਹੁਣ ਕੁਝ ਆਰਾਮ ਕਰੋ, ਬਹੁਤ ਦੂਰ ਤੋਂ ਆਏ ਹੋ, ਮੇਰੇ ਉੱਪਰ ਕਿਰਪਾ ਕਰੋ, ਸੁੰਦਰ ਦ੍ਰਿਸ਼ਟੀ ਨਾਲ ਵੇਖੋ॥ ੮॥

ਲੰਮੇ ਗ੍ਰਾਮ ਥਿਰੀਜੀਏ ਆਯਹੁ ਮੈਂ ਸੰਗੀ।
ਬੈਠਿ ਬਿਤਾਵਹੁ ਸਮਾ ਕੁਛ ਮਮ ਪੁਰਹੁ ਉਮੰਗੀ'।
ਸੁਨਿ ਕਰਿ ਬੋਲੇ ਸਤਿਗੁਰੂ 'ਕੋ ਸ਼ੀਘ੍ਰ ਬਿਸਾਲਾ।
ਸੁਧਿ ਕੋ ਲਜਾਇ ਸਿਰੰਦ ਤੇ ਮਗ ਜਾਇ ਉਤਾਲਾ॥ ੯॥

ਲੰਮੇ ਪਿੰਡ ਵਿਚ ਹੁਣ ਠਹਿਰੀਏ, ਮੈਂ ਤੁਹਾਡਾ ਸਤਸੰਗੀ ਆਇਆ ਹਾਂ। ਏਥੇ ਬੈਠ ਕੇ ਕੁਝ ਸਮਾਂ ਬਤੀਤ ਕਰੋ, ਮੇਰੀ ਉਮੰਗ ਪੂਰੀ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਕੋਈ ਬੜੀ ਛੇਤੀ ਜਾ ਕੇ ਸਿਰਹੰਦ ਵਿਚ ਜਾ ਕੇ ਖ਼ਬਰ ਲਿਆਵੇ॥ ੯॥

ਤਬਿ ਲਗ ਥਿਰ ਇਸ ਥਲ ਰਹੈਂ, ਪੁਨ ਜਾਇਂ ਅਗਾਊ।
ਮਾਤਾ ਗੁਜਰੀ ਉਤ ਗਈ ਮਗ ਪਾਇ ਨ ਕਾਊ'।
ਕਹਿ ਕੱਲਾ 'ਸ਼੍ਰੀ ਪ੍ਰਭੁ! ਸੁਨਹੁ ਦਸ ਜੋਜਨ ਜਾਨਹੁਂ।
ਪੁਰਿ ਸਿਰੰਦ ਇਸ ਥਾਨ ਤੇ ਸਭਿ ਕਰੌਂ ਬਖਾਨਹੁ॥ ੧੦॥

ਤਦ ਤਕ ਇਸ ਥਾਂ ਠਹਿਰਾਂਗੇ, ਫਿਰ ਅੱਗੇ ਜਾਵਾਂਗੇ, ਮਾਤਾ ਗੁਜਰੀ ਜੀ ਓਧਰ ਗਏ ਹਨ, ਪਰ ਉਨ੍ਹਾਂ ਬਾਰੇ ਕੁਝ ਵੀ ਪਤਾ ਨਹੀਂ ਲੱਗਾ ਹੈ ਕਿ ਇਸ ਸਮੇਂ ਕਿਸ ਹਾਲਤ ਵਿਚ ਹਨ।" ਫਿਰ ਰਾਇ ਕੱਲ੍ਹਾ ਨੇ ਕਿਹਾ, "ਹੇ ਸਤਿਗੁਰੂ ਜੀ! ਸੁਣੋ, ਇਹ ਪੈਂਡਾ ਦਸ ਜੋਜਨ ਜਾਣੋ, ਸਿਰਹੰਦ ਦਾ ਨਗਰ ਇਸ ਸਥਾਨ ਤੋਂ ਏਨੀ ਦੂਰ ਹੈ, ਮੈਂ ਸਭ ਕੁਝ ਬਿਆਨ ਕਰਦਾ ਹਾਂ॥ ੧੦॥

ਬਨਹਿ ਨ ਜਾਨ ਸਊਰ ਕੋ ਲਖਿ ਤੁਰਕ ਪਛਾਨੈਂ।
ਇਕ ਮਾਹੀ ਹਮਰੇ ਰਹੈ ਸੋ ਇਤੋ ਪਯਾਨੇ।

ਹੁਕਮ ਕਰਹੁ ਭੇਜੈਂ ਤਿਸੈ ਦਸ ਜੋਜਨ ਜਾਵੈ।
ਦਿਵਸ ਦੂਸਰੇ ਤਿਤਿਕ ਚਲਿ ਸੁਧਿ ਆਨਿ ਸੁਨਾਵੈ' ॥੧੧॥

ਘੋੜ-ਸਵਾਰ ਦਾ ਓਧਰ ਜਾਣਾ ਬਣਦਾ ਨਹੀਂ ਹੈ, ਵੇਖ ਕੇ ਤੁਰਕ ਪਛਾਣ ਲੈਣਗੇ। ਇਕ ਵਾਗੀ ਚਰਵਾਹਾ ਸਾਡੇ ਪਾਸ ਰਹਿੰਦਾ ਹੈ, ਉਸ ਨੂੰ ਏਧਰ ਭੇਜਦੇ ਹਾਂ। ਹੁਕਮ ਕਰੋ ਉਸ ਨੂੰ ਭੇਜੀਏ, ਦਸ ਜੋਜਨ ਪੈਂਡਾ ਕਰੇ। ਦੋ ਦਿਨਾਂ ਵਿਚ ਏਨਾ ਚਲ ਕੇ ਜਾਵੇਗਾ, ਫਿਰ ਆ ਕੇ ਸਾਰੀ ਖ਼ਬਰ ਸੁਣਾ ਦੇਵੇਗਾ'' ॥ ੧੧ ॥

'ਪਠਹੁ ਤਿਸੈ' ਸ੍ਰੀ ਗੁਰ ਕਹਯੋ 'ਸੋ ਸ਼ੀਘ੍ਰ ਪਯਾਨੈ।
ਸੁਧਿ ਲੇ ਕਰਿ ਪੁਰਿ ਬੀਚ ਤੇ ਪਹੁੰਚੈ ਇਸ ਥਾਨੈਂ'।
ਇਮ ਕਹਿ ਕੈ ਸ੍ਰੀ ਬਦਨ ਤੇ ਉਤਰਾਇ ਪ੍ਰਯੰਕਾ।
ਥਿਰੇ ਤਿਸੀ ਥਲ ਮਹਿਂ ਤਬੈ ਗੁਰ ਹੀਨ ਅਤੰਕਾ॥ ੧੨ ॥

''ਉਸ ਨੂੰ ਭੇਜੋ'', ਗੁਰੂ ਜੀ ਨੇ ਕਿਹਾ, ''ਉਹ ਛੇਤੀ-ਛੇਤੀ ਜਾਵੇ, ਉਸ ਨਗਰ ਵਿਚੋਂ ਸਾਰੀ ਖ਼ਬਰ ਲੈ ਕੇ ਫਿਰ ਇਸ ਥਾਂ ਪਹੁੰਚ ਜਾਵੇ।'' ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਪਲੰਘ ਤੋਂ ਉੱਤਰ ਆਏ, ਫਿਰ ਗੁਰੂ ਜੀ ਉਸ ਥਾਂ ਹੀ ਠਹਿਰ ਗਏ ਤੇ ਸਭ ਪ੍ਰਕਾਰ ਦੇ ਭੈ ਦੂਰ ਹੋ ਗਏ॥ ੧੨ ॥

ਪਠਯੋ ਹਕਾਰ ਸੁ ਮਾਹਖੀ 'ਚਲਿ ਸ਼ੀਘ੍ਰ' ਸਿਖਾਯੋ।
'ਬਖਸ਼ਹਿਂ ਧਨ ਬਿਨ ਬਿਲਮ ਜੇ ਪਹੁੰਚਹਿਂ ਮਗ ਧਾਯੋ'।
ਹੁਤੋ ਸਮਾ ਤਬਿ ਪ੍ਰਾਤਿ ਕੋ ਗਮਨਯੋ ਜਬਿ ਮਾਹੀ।
ਬਾਯੁ ਬੇਗ ਤੇ ਸ਼ੀਘ੍ਰ ਚਲਿ ਧਾਯੋ ਮਗ ਮਾਂਹੀ॥ ੧੩ ॥

ਫਿਰ ਰਾਇ ਕੱਲ੍ਹਾ ਨੇ ਉਸ ਵਾਗੀ ਨੂੰ ਸੱਦ ਕੇ ਭੇਜਿਆ ਤੇ ਉਸ ਨੂੰ ਸਿਖਾਇਆ ਕਿ ਛੇਤੀ ਜਾਵੇ, ''ਤੈਨੂੰ ਬਹੁਤ ਧਨ ਬਖਸ਼ਾਂਗੇ ਜੇ ਤੂੰ ਕਿਸੇ ਦੇਰੀ ਬਗੈਰ ਭੱਜਦਾ ਹੋਇਆ ਰਾਹੇ-ਰਾਹ ਜਾਵੇਂਗਾ''। ਉਸ ਵੇਲੇ ਸਵੇਰ ਦਾ ਸਮਾਂ ਸੀ ਜਦ ਵਾਗੀ ਚਲੇ ਗਿਆ। ਹਵਾ ਵਾਂਗ ਤੇਜ਼ ਭੱਜਦਾ ਹੋਇਆ, ਉਹ ਬਹੁਤ ਕਾਹਲੀ-ਕਾਹਲੀ ਚਲਦਾ ਗਿਆ॥ ੧੩ ॥

ਸਭਿ ਲਸ਼ਕਰ ਤੁਰਕਾਨ ਕੋ ਪਸਰਯੋ ਤਬਿ ਚਾਲਾ।
ਪੁਰਿ ਸਿਰੰਦ ਡੇਰੇ ਗਏ ਬਿਸਮੰਤਿ ਬਿਸਾਲਾ।
ਕੇਚਿਤ ਕਹੈਂ 'ਨ ਗੁਰ ਲਹਯੋ ਨਹਿਂ ਕਿਨਹੂੰ ਹੇਰਾ।
ਗਯੋ ਸਭਨਿ ਕੇ ਬੀਚਤੇ ਗੁਰ ਬੀਰ ਬਡੇਰਾ'॥ ੧੪ ॥

ਜਿਹੜਾ ਤੁਰਕਾਂ ਦਾ ਵੱਡਾ ਲਸ਼ਕਰ ਫੈਲਿਆ ਹੋਇਆ, ਉਹ ਉਸ ਸਮੇਂ ਚਲਾ ਜਾ ਰਿਹਾ ਸੀ ਤੇ ਉਸ ਦੇ ਸਾਰੇ ਡੇਰੇ ਸਿਰਹੰਦ ਚਲੇ ਗਏ ਸਨ। ਉਹ ਸਾਰੇ ਬਹੁਤ ਹੈਰਾਨ ਸਨ, ਕਈ ਕਹਿੰਦੇ ਸਨ, ''ਨਾ ਗੁਰੂ ਜੀ ਲੱਭੇ ਹਨ, ਨਾ ਕਿਸੇ ਵੇਖੇ ਹਨ, ਗੁਰੂ ਸਾਰਿਆਂ ਦੇ ਵਿਚ ਦੀ ਨਿਕਲ ਗਏ ਹਨ, ਗੁਰੂ ਜੀ ਵੱਡੇ ਸੂਰਬੀਰ ਹਨ'' ॥ ੧੪ ॥

ਕੇਚਿਤ ਕਹਿਂ 'ਰਣ ਮਹਿਂ ਮਰਯੋ ਨਹਿਂ ਦੇਖਯੋ ਜਾਈ।
ਲਾਖਹੁਂ ਲੋਚਨਿ ਬੀਚ ਤੇ ਕਹੁ ਕਿਸ ਬਿਧਿ ਪਾਈ'।
ਇੱਤਯਾਦਿਕ ਬਹੁ ਬਾਰਤਾ ਮਿਲਿ ਤੁਰਕ ਕਰੰਤੇ।
ਸਗਰੇ ਗਏ ਸਿਰੰਦ ਕੋ ਬਹੁ ਸ਼ੋਕ ਬਧੰਤੇ॥ ੧੫ ॥

ਕਈ ਕਹਿੰਦੇ ਸਨ, "ਯੁੱਧ ਵਿਚ ਹੀ ਮਰ ਗਏ ਹਨ, ਇਸ ਕਰਕੇ ਵੇਖੇ ਨਹੀਂ ਗਏ ਹਨ, ਲੱਖਾਂ ਲੋਥਾਂ ਵਿਚ ਕੋਈ ਕਿਸ ਵਿਧੀ ਨਾਲ ਉਨ੍ਹਾਂ ਨੂੰ ਲੱਭ ਸਕਦਾ ਸੀ।" ਇਸ ਪ੍ਰਕਾਰ ਦੀਆਂ ਗੱਲਾਂ ਤੁਰਕ ਆਪਸ ਵਿਚ ਮਿਲ ਕੇ ਕਰਦੇ ਸਨ। ਸਾਰੇ ਫਿਰ ਸਿਰਹੰਦ ਨੂੰ ਚਲੇ ਗਏ, ਉਨ੍ਹਾਂ ਦਾ ਦੁੱਖ ਬਹੁਤ ਵੱਧ ਗਿਆ ਸੀ॥ ੧੫॥

ਪੁਰਿ ਪੁਰਿ ਘਰ ਘਰ ਰੁਦਨ ਹ੍ਵੈ ਜਹਿਂ ਕੇ ਨਰ ਮਾਰੇ।
ਚਚਾ ਭਤੀਜਾ ਸੁਤ ਪਿਤਾ ਕਿਹ ਭ੍ਰਾਤ ਸੰਘਾਰੇ।
ਸਸੁਰ ਜਮਾਤਾ ਸੁਸਾ ਸੁਤ ਬਹਿਨੋਈ ਸਾਰੇ।
ਕੇਚਿਤ ਮਾਤੁਲ ਭਾਣਜੇ ਬੰਧਪ ਹਤਿ ਡਾਰੇ॥ ੧੬॥

ਨਗਰ-ਨਗਰ, ਘਰ-ਘਰ ਰੋਣੇ ਪਏ ਹਨ, ਜਿੱਥੇ ਕਿੱਥੇ ਮਨੁੱਖ ਮਾਰੇ ਹਨ। ਚਾਚਾ ਭਤੀਜਾ, ਪੁੱਤਰ ਪਿਤਾ, ਕਿਤੇ ਭਰਾ ਮਾਰੇ ਹਨ। ਸਹੁਰਾ ਜਵਾਈ, ਭੈਣ ਦਾ ਪੁੱਤਰ ਕਿਤੇ ਬਹਿਨੋਈ ਮਾਰੇ ਹਨ। ਕਈ ਮਾਮੇ ਭਾਣਜੇ ਮਾਰੇ ਹਨ, ਕਈਆਂ ਦੇ ਰਿਸ਼ਤੇਦਾਰ ਮਾਰ ਦਿੱਤੇ ਹਨ॥ ੧੬॥

ਜਹਿਂ ਕਹਿਂ ਜਾਤਿ ਸੁਨਾਵਨੀ ਪੀਟਹਿਂ ਮਿਲਿ ਨਾਰੀ।
ਨਿਜ ਸਨਬੰਧੀ ਸਿਮਰ ਕਰਿ ਗੁਨ ਗਨਨ ਉਚਾਰੀ।
ਦਿੱਲੀ ਆਦਿਕ ਉਤ ਨਗਰ ਇਤ ਲਵਪੁਰਿ ਰੋਵੈਂ।
ਕਾਬਲ ਅਰੁ ਕੰਧਾਰ ਲਗ ਮਨ ਕਸ਼ਟ ਪਰੋਵੈਂ॥ ੧੭॥

ਜਿੱਥੇ ਕਿੱਥੇ ਮੌਤ ਦੀਆਂ ਸੁਣਾਉਣੀਆਂ ਗਈਆਂ ਹਨ ਤੇ ਔਰਤਾਂ ਮਿਲ ਮਿਲ ਕੇ ਪਿਟਦੀਆਂ ਹਨ। ਆਪਣੇ ਸੰਬੰਧੀਆਂ ਨੂੰ ਯਾਦ ਕਰ ਕਰ ਉਨ੍ਹਾਂ ਦੇ ਅਨੇਕਾਂ ਗੁਣ ਉਚਾਰਨ ਯਾਦ ਕਰਦੇ ਸਨ। ਉਧਰ ਦਿੱਲੀ ਆਦਿ ਨਗਰਾਂ ਵਿਚ ਰੋਂਦੀਆਂ ਸਨ, ਏਧਰ ਲਾਹੌਰ ਵਿਚ ਰੋਣਾ ਪਿੱਟਣਾ ਪਿਆ ਸੀ। ਕਾਬਲ ਅਤੇ ਕੰਧਾਰ ਤਕ ਸਾਰਿਆਂ ਦੇ ਮਨ ਕਸ਼ਟ ਨਾਲ ਪਰੋਏ ਹੋਏ ਸਨ॥ ੧੭॥

ਮਨਹੁਂ ਸ਼ੋਕ ਕੰਜਰ ਭਯੋ ਗਨ ਬਾਂਧਿ ਅਖਾਰੇ।
ਨਿਰਤਿ ਕਰਾਵਤਿ ਥਾਨ ਬਹੁ ਤੁਰਕਨ ਘਰ ਸਾਰੇ।
ਦੇਤਿ ਤਲੀਮਾ ਨਾਇਨੀ ਗਾਵਤਿ ਸੇ ਗੀਤਾ।
'ਓਹ ਓਹ' 'ਹੈ ਹੈ' ਕਹਨਿ ਇਹ, ਇਮ ਤਾਲ ਪੁਰੀਤਾ ॥੧੮॥

ਮਾਨੋ ਸ਼ੋਕ ਕੰਜਰੀਆਂ ਬਣ ਗਈਆਂ ਹਨ ਤੇ ਉਨ੍ਹਾਂ ਨੇ ਥਾਂ-ਥਾਂ ਅਖਾੜੇ ਬੰਨ੍ਹੇ ਹਨ। ਸਾਰੇ ਤੁਰਕਾਂ ਦੇ ਘਰਾਂ ਵਿਚ ਇਨ੍ਹਾਂ ਕੰਜਰੀਆਂ ਪਾਸੋਂ ਨਿਰਤ ਕਰਵਾ ਰਹੀਆਂ ਹਨ। ਨੈਣਾਂ ਮਾਨੋ ਤਾਲੀਆਂ ਦੇ ਰਹੀਆਂ ਹਨ ਤੇ ਕੰਜਰੀਆਂ ਗੀਤ ਗਾਉਣੇ ਸਿਖਾ ਰਹੀਆਂ ਹਨ। "ਉਹ ਉਹ ਹੈ ਹੈ" ਇਹ ਕਹਿੰਦੀਆਂ ਹਨ, ਇਸ ਪ੍ਰਕਾਰ ਤਾਲ ਪੂਰਾ ਕਰਦੀਆਂ ਹਨ॥ ੧੮॥

ਭਾਲ ਰੁ ਛਾਤੀ ਉਰੂ ਪਰ ਲਗ ਹਾਥ ਬਜੰਤੇ।
ਕਰਤਿ ਜਾਤਿ ਇਕ ਗਤ ਸਕਲ ਨਹਿਂ ਗਨ ਬਿਚਲੰਤੇ।
ਉਠਤਿ ਨਾਦ ਰੋਦਨ ਬਡੋ ਧੁਨਿ ਗੀਤ ਬਿਸਾਲੀ।
ਜਮ ਕੀ ਹੇਤੁ ਪ੍ਰਸੰਨਤਾ ਮ੍ਰਿਤੁ ਕੀਨ ਖੁਸ਼ਾਲੀ॥ ੧੯॥

ਮੱਥੇ, ਛਾਤੀ ਅਤੇ ਪੱਟਾਂ ਉੱਤੇ ਹੱਥ ਲੱਗ ਕੇ ਵੱਜਦੇ ਹਨ, ਸਾਰੀਆਂ ਇਕ ਗਤੀ ਨਾਲ ਕਰਦੀਆਂ ਜਾਂਦੀਆਂ ਹਨ ਤੇ ਸਾਰੀਆਂ ਦਾ ਤਾਲ ਟੁੱਟਦਾ ਨਹੀਂ ਹੈ। ਰੋਣ ਦਾ ਵੱਡਾ ਨਾਦ ਉੱਠਦਾ ਹੈ ਤੇ ਵਿਸ਼ਾਲ ਗੀਤ ਦੀ ਧੁਨੀ ਉਠਦੀ ਹੈ। ਜਮਾਂ ਦੀ ਪ੍ਰਸੰਨਤਾ ਵਾਸਤੇ ਮੌਤ ਨੇ ਖ਼ੁਸ਼ੀ ਕੀਤੀ ਹੈ॥ ੧੯॥

ਜਹਿਂ ਬਾਸਾ ਤੁਰਕਾਨ ਕੋ ਤਹਿਂ ਸ਼ੋਕ ਪਸਾਰਾ।
ਮਨਹੁਂ ਜੀਤ ਇਸ ਦੇਸ਼ ਕੋ ਬਿਚ ਸੈਲ ਸਿਧਾਰਾ।
ਮੀਏਂ ਮਰੇ ਹਜ਼ਾਰ ਹੀ ਰਾਣੇ ਅਰ ਰਾਜੇ।
ਗਿਰਬਾਸੀ ਰੋਦਤਿ ਘਨੇ ਰਸ ਕਰੁਨਾ ਸਾਜੇ॥ ੨੦॥

ਜਿੱਥੇ-ਜਿੱਥੇ ਤੁਰਕਾਂ ਦਾ ਵਾਸਾ ਹੈ, ਉਥੇ-ਉਥੇ ਦੁਖ ਪੱਸਰਿਆ ਹੋਇਆ ਹੈ। ਮਾਨੋ ਸ਼ੋਕ ਇਸ ਦੇਸ਼ ਨੂੰ ਜਿੱਤ ਕੇ ਪਹਾੜਾਂ ਵਿਚ ਚਲਾ ਗਿਆ ਹੈ। ਹਜ਼ਾਰਾਂ ਮੀਏਂ, ਰਾਣੇ ਅਤੇ ਰਾਜੇ ਮਰੇ ਪਏ ਹਨ। ਪਹਾੜਨਾਂ ਬਹੁਤ ਰੋਂਦੀਆਂ ਹਨ ਤੇ ਵੱਡਾ ਕਰੁਨਾ ਰਸ ਛਾਇਆ ਹੋਇਆ ਹੈ॥ ੨੦॥

ਇਮ ਅਵਨੀ ਤਲ ਸ਼ੋਕ ਭਾ ਜਹਿਂ ਕਹਿਂ ਸੁਧਿ ਜਾਈ।
ਲਸ਼ਕਰ ਗਏ ਸਿਰੰਦ ਕੋ ਬੋਲਤਿ ਬਿਸਮਾਈ।
ਗੁਰ ਸੋਂ ਲਰਨ ਕਯਾਮਤਿ ਅਹੈ ਭਟ ਪੁੰਜ ਖਪਾਏ।
ਤਊ ਨ ਪਕਰਯੋ ਕਿਨਹੁਂ ਰਣ ਹਤਿ ਸੁਭਟ ਸਿਧਾਏ॥ ੨੧॥

ਇਸ ਪ੍ਰਕਾਰ ਧਰਤੀ ਤੇ ਸ਼ੋਕ ਛਾ ਗਿਆ, ਜਿੱਥੇ ਕਿੱਥੇ ਖ਼ਬਰ ਪਹੁੰਚ ਗਈ। ਜਿਹੜੇ ਲਸ਼ਕਰ ਸਿਰਹੰਦ ਨੂੰ ਗਏ ਸਨ ਉਹ ਬਹੁਤ ਹੈਰਾਨ ਹੋ ਕੇ ਬੋਲ ਰਹੇ ਸਨ। ਗੁਰੂ ਨਾਲ ਲੜਨਾ ਕਿਆਮਤ ਸਮਾਨ ਹੈ, ਬਹੁਤ ਸੂਰਬੀਰ ਉਨ੍ਹਾਂ ਖਪਾ ਦਿੱਤੇ ਹਨ। ਫਿਰ ਵੀ ਕਿਸੇ ਵੀ ਉਨ੍ਹਾਂ ਨੂੰ ਫੜਿਆ ਨਹੀਂ ਹੈ, ਯੁੱਧ ਵਿਚ ਸੂਰਬੀਰਾਂ ਨੂੰ ਮਾਰ-ਮਾਰ ਚਲੇ ਗਏ ਹਨ॥ ੨੧॥

ਇੱਤਯਾਦਿਕ ਸਭਿ ਦੇਸ਼ ਮਹਿਂ ਪਸਰਯੋ ਬਡ ਰੌਰਾ।
ਰੋਦਤਿ ਪੀਟਤਿ ਕਸ਼ਟ ਬਡ ਜਗ ਠੌਰਹਿਂ ਠੌਰਾ।
ਤਬਿ ਮਾਹੀ ਗਮਨਯੋਂ ਗਯੋ ਸੀਰੰਦ ਪੁਰਿ ਮਾਂਹੀ।
ਸੁਧਿ ਸਗਰੀ ਕੋ ਸੁਨਤਿ ਭਾ ਬੀਤੀ ਜਿਮ ਆਹੀ॥ ੨੨॥

ਇਸ ਪ੍ਰਕਾਰ ਸਾਰੇ ਦੇਸ਼ ਵਿਚ ਵੱਡਾ ਰੌਲਾ ਪੈ ਗਿਆ। ਥਾਂ-ਥਾਂ ਇਸਤਰੀਆਂ ਰੋਂਦੀਆਂ ਪਿੱਟਦੀਆਂ ਵੱਡਾ ਕਸ਼ਟ ਪਾ ਰਹੀਆਂ ਸਨ। ਤਦ ਵਾਗੀ ਸਿਰਹੰਦ ਨਗਰੀ ਦੇ ਵਿਚ ਪਹੁੰਚ ਗਿਆ। ਉਸ ਸਾਰੀ ਖ਼ਬਰ ਸੁਣੀ ਜਿਵੇਂ ਵੀ ਬੀਤੀ ਸੀ॥ ੨੨॥

ਸਤਿਗੁਰ ਥਿਰੇ ਪ੍ਰਭਾਤਿ ਤੇ ਬੈਠੇ ਢਿਗ ਰਾਊ।
ਕਰਹਿਂ ਜੁੱਧ ਕੀ ਬਾਰਤਾ 'ਜੜ੍ਹ ਤੁਰਕਨ ਰਾਊ'।
ਸਚਿਵ ਆਦਿ ਗਨ ਰਾਇ ਕੇ ਕਹਿਂ ਰਾਇ ਤਰੀਫੈਂ।
'ਸ੍ਰੀ ਗੁਰ ਇਹ ਧਰਮਾਤਮਾ ਹਤਿ ਦੁਸ਼ਟ ਹਰੀਫੈਂ॥ ੨੩॥

ਸਤਿਗੁਰੂ ਜੀ ਸਵੇਰ ਤੋਂ ਰਾਇ ਕੱਲ੍ਹਾ ਪਾਸ ਬੈਠੇ ਸਨ ਤੇ ਤੁਰਕਾਂ ਨਾਲ ਯੁੱਧ ਦੀ ਵਾਰਤਾ ਕਰ ਰਹੇ ਸਨ, "ਤੁਰਕਾਂ ਦਾ ਬਾਦਸ਼ਾਹ ਨੌਰੰਗਾ ਵੱਡਾ ਮੂਰਖ ਹੈ, ਹੁਣ ਤੁਰਕਾਂ ਦੇ ਰਾਜ ਦੀ ਜੜ੍ਹ ਨਹੀਂ ਰਹੇਗੀ।" ਕੱਲ੍ਹਾ ਰਾਇ ਦੇ ਬਹੁਤ ਵਜ਼ੀਰ ਆ ਕੇ ਉਸ ਦੀ ਤਾਰੀਫ਼ ਕਰਦੇ ਸਨ, "ਹੇ ਸਤਿਗੁਰੂ ਜੀ ਇਹ ਵੱਡੇ ਧਰਮਾਤਮਾ ਹਨ, ਇਨ੍ਹਾਂ ਨੇ ਬਹੁਤ ਦੁਸ਼ਟ ਵੈਰੀ ਮਾਰੇ ਹਨ॥ ੨੩॥

ਨਗਰ ਤਿਹਾੜਾ ਬਡ ਬਸੈ ਲਾਖਹੁਂ ਨਰ ਜਾਂਹੀ।
ਹੁਤੇ ਤੁਰਕ ਤਹਿਂ ਦੁਸ਼ਟ ਬਡ ਨਿਸ਼ਚੈ ਅਘ ਮਾਂਹੀ।
ਗੋਬਧ ਪਾਪੀ ਬਹੁ ਕਰਹਿਂ ਸੁਨਿ ਕੱਲਾ ਰਾਊ।
ਪਾਪ ਸਮੀਪੀ ਹੋਨਿ ਤੇ ਮਨ ਸਹਿ ਨ ਸਕਾਊ॥ ੨੪॥

ਇਨ੍ਹਾਂ ਦਾ ਇਹ ਤਿਹਾੜਾ ਨਾਮ ਦਾ ਨਗਰ, ਜਿਹੜਾ ਤਿੰਨਾਂ ਪਾਸਿਆਂ ਤੋਂ ਘਿਰਿਆ ਹੋਇਆ ਹੈ, ਇਕ ਪਾਸੇ ਦਰਿਆ ਸਤਿਲੁਜ ਹੈ, ਦੂਜੇ ਪਾਸੇ ਮਾਲਵਾ ਹੈ ਤੇ ਤੀਜੇ ਪਾਸੇ ਪੁਆਧ ਹੈ, ਬਹੁਤ ਵੱਡੀ ਗਿਣਤੀ ਵਿਚ ਵਸ ਰਿਹਾ ਹੈ, ਏਥੇ ਦੁਸ਼ਟ ਤੁਰਕ ਰਹਿੰਦੇ ਸਨ ਜਿਹੜੇ ਪਾਪ ਕਰਨ ਵਿਚ ਵੱਡੇ ਨਿਸਚਾਵਾਨ ਸਨ, ਉਹ ਪਾਪੀ ਬਹੁਤ ਗਊਆਂ ਕਤਲ ਕਰਦੇ ਸਨ। ਜਦ ਕਲ੍ਹਾ ਰਾਇ ਨੇ ਇਸ ਬਾਰੇ ਸੁਣਿਆ ਕਿ ਪਾਪ ਨੇੜੇ ਹੀ ਹੋ ਰਿਹਾ ਹੈ ਤਾਂ ਉਹ ਸਹਿ ਨਾ ਸਕਿਆ॥ ੨੪॥

ਚਮੂੰ ਬਟੋਰਤਿ ਚਢਿ ਚਲਜੋ ਧੌਂਸਾ ਧੁੰਕਾਰਾ।
ਨਗਰ ਤੀਰ ਤਬਿ ਪਹੁੰਚਿਕੈ ਕਿਯ ਜੰਗ ਅਖਾਰਾ।
ਨਿਕਸਿ ਵਹਿਰ ਪੂਰਬ ਲਰੇ ਇਨ ਹਮਲਾ ਘਾਲਾ।
ਕਰੇ ਕਤਲ ਪਿਖਿ ਭਾਜਿਗੇ ਬਿਚ ਲਰੇ ਬਿਸਾਲਾ॥ ੨੫॥

ਸੈਨਾ ਇਕੱਠੀ ਕਰਕੇ ਇਹ ਚੜ੍ਹਾਈ ਕਰ ਕੇ ਚਲ ਪਏ ਤੇ ਨਗਾਰੇ ਗੂੰਜ ਉਠੇ। ਫਿਰ ਨਗਰ ਦੇ ਪਾਸ ਪਹੁੰਚ ਕੇ ਜੰਗ ਦਾ ਅਖਾੜਾ ਲਾਇਆ। ਪਹਿਲਾਂ ਬਾਹਰ ਨਿਕਲ ਕੇ ਲੜੇ ਤੇ ਇਨ੍ਹਾਂ ਨੇ ਹਮਲਾ ਕੀਤਾ, ਕਈਆਂ ਨੂੰ ਕਤਲ ਕੀਤਾ, ਕਈ ਵੇਖ ਕੇ ਭੱਜ ਗਏ, ਕਈ ਯੁੱਧ ਵਿਚ ਬੜੀ ਦਲੇਰੀ ਨਾਲ ਲੜੇ॥ ੨੫॥

ਲਾਇ ਮੋਰਚੇ ਨਗਰ ਕੋ ਪੁਨ ਮੰਡਿ ਲਰਾਈ।
ਨਿਕਸਿ ਨ ਆਇ ਪ੍ਰਵੇਸ਼ ਤੇ ਘੇਰੇ ਚਹੁੰ ਘਾਈ।
ਇਕ ਸੰਮਤ ਲਰਤੇ ਰਹੇ ਪੁਨ ਭਏ ਲਚਾਰੀ।
ਮਿਲਨ ਹੇਤ ਕਰਿ ਤ੍ਰਾਸ ਕੋ ਬਾਤੈਂ ਬਿਚ ਡਾਰੀ॥ ੨੬॥

ਫਿਰ ਲੜਾਈ ਮੰਡ ਕੇ ਨਗਰ ਵੱਲ ਮੋਰਚੇ ਲਏ, ਉਹ ਫਿਰ ਪ੍ਰਵੇਸ਼ ਕਰਕੇ ਨਿਕਲ ਨਾ ਸਕੇ, ਐਸੇ ਘੇਰੇ ਚਾਰੇ ਪਾਸਿਆਂ ਤੋਂ ਪਾਏ ਹੋਏ ਸਨ ਕਿ ਅੰਦਰਲੇ ਨਿਕਲ ਨਹੀਂ ਸਕਦੇ ਸਨ ਤੇ ਬਾਹਰਲੇ ਅੰਦਰ ਪ੍ਰਵੇਸ਼ ਨਹੀਂ ਕਰ ਸਕਦੇ ਸਨ। ਇਕ ਸਾਲ ਲੜਦੇ ਰਹੇ, ਫਿਰ ਲਚਾਰ ਹੋ ਗਏ, ਡਰ ਧਾਰ ਕੇ ਮਿਲਣ ਵਾਸਤੇ ਫਿਰ ਵਿਚ ਕੁਝ ਗੱਲਬਾਤ ਕਰਵਾਉਣ ਵਾਲੇ ਵਿਚੋਲੇ ਪਾਏ॥ ੨੬॥

'ਕਹਹੁ ਰਾਇ ਤੁਮ ਕਯੋਂ ਲਰਹੁ ਕੁਛ ਲੈਨ ਨ ਦੈਨਾ।
ਨਾਹਕ ਬਿਨਸੈਂ ਆਦਮੀ ਦੁਹਿ ਦਿਸ਼ ਕੀ ਸੈਨਾ'।
ਰਾਇ ਕਹਜੋ ਗੋਬਧ ਤਜਹੁ ਇਸ ਕਾਰਜ ਹੇਤਾ।
ਮੈਂ ਖਰਚਜੋ ਲਾਖਹੁੰ ਦਰਬ ਰਣ ਰੋਸ ਸਮੇਤਾ॥ ੨੭॥

ਉਹ ਕਹਿਣ ਲੱਗੇ, ''ਹੇ ਰਾਜਾ ਜੀ! ਤੁਸੀਂ ਕਿਉਂ ਲੜਦੇ ਹੋ, ਕੁਝ ਸਾਡਾ ਲੈਣਾ ਦੇਣਾ ਤੇ ਨਹੀਂ ਹੈ, ਫਜ਼ੂਲ ਵਿਚ ਦੋਵਾਂ ਪਾਸਿਆਂ ਦੇ ਬਹੁਤ ਸੈਨਿਕ ਮਾਰੇ ਗਏ ਹਨ।'' ਰਾਇ ਕੱਲ੍ਹਾ ਨੇ ਫਿਰ ਕਿਹਾ, ''ਇਸ ਕਾਰਜ ਵਾਸਤੇ ਪਹਿਲਾਂ ਗਊਆਂ ਨੂੰ ਮਾਰਨ ਦੇ ਕਾਰਜ ਨੂੰ ਛੱਡੋ, ਮੈਂ ਇਸ ਦੇ ਰੋਸ ਵਾਸਤੇ ਲੱਖਾਂ ਦਾ ਧਨ ਖਰਚਿਆ ਹੈ॥ ੨੭॥

ਸੁਨਿ ਬੋਲੇ ਲਾਚਾਰ ਹੁਇ 'ਹਮ ਨੇ ਅਬਿ ਮਾਨੀ।
ਆਗੇ ਨਹਿੰ ਗੋਬਧ ਕਰਹਿੰ ਸਚ ਲੀਜਹੁ ਜਾਨੀ'।
ਰਾਇ ਕਹੈ 'ਦਿਹੁ ਜਾਮਨੀ ਤੁਮ ਕੋ ਤਬਿ ਤਜਾਗੋਂ।
ਨਾਂਹਿ ਤ ਕਰਿਕੈ ਜੰਗ ਬਲ ਬਾਢਨ ਸਭਿ ਲਾਗੋਂ॥ ੨੮॥

ਵੈਰੀ ਲਾਚਾਰ ਹੋ ਕੇ ਬੋਲੇ, ''ਅਸੀਂ ਹੁਣ ਤੁਹਾਡੀ ਗੱਲ ਮੰਨ ਲਈ ਹੈ, ਅੱਗੇ ਤੋਂ ਗਊ ਦਾ ਕਤਲ ਨਹੀਂ ਕਰਾਂਗੇ, ਸਾਡੀ ਗੱਲ ਨੂੰ ਸੱਚ ਜਾਣ ਲਵੋ।'' ਰਾਜੇ ਨੇ ਕਿਹਾ, ''ਜਾਮਨੀ ਦੇਵੋ, ਤੁਹਾਨੂੰ ਤਦ ਹੀ ਛੱਡਾਂਗਾ, ਨਹੀਂ ਤਾਂ ਜੰਗ ਕਰਕੇ ਬਲ ਧਾਰ

ਕੇ ਤੁਹਾਨੂੰ ਸਭ ਨੂੰ ਕਤਲ ਕਰਨ ਲੱਗ ਜਾਵਾਂਗਾ॥ ੨੮॥

ਬੀਨ ਬੀਨ ਸਭਿ ਕੋ ਹਤੋਂ ਜਰ ਖੋਜ ਮਿਟਾਵੋਂ।
ਬਹੁਰ ਕਰਹਿਂ ਨਹਿਂ ਪਾਪ ਇਮ ਅਸ ਪੁਰਖ ਬਸਾਵੋਂ।
ਕਹਿਂ ਅੰਤਰ ਕੇ ਤ੍ਰਾਸ ਧਰਿ 'ਕੋ ਜਾਮਨ ਹੋਵੈ।
ਅਸ ਪੱਯਤਿ ਨਹਿਂ ਨਿਕਟ ਕੋ ਬਿਚ ਆਨਿ ਖਲੋਵੈ॥ ੨੯॥

ਚੁਣ ਚੁਣ ਕੇ ਸਭ ਨੂੰ ਮਾਰਾਂਗਾ, ਇਨ੍ਹਾਂ ਦੀ ਜੜ੍ਹ ਅਤੇ ਖੁਰਾ-ਖੋਜ ਹੀ ਮਿਟਾ ਦੇਵਾਂਗਾ। ਫਿਰ ਇਹ ਕਦੀ ਵੀ ਪਾਪ ਕਰਨਗੇ, ਐਸੇ ਪੁਰਖ ਵਸਾਵਾਂਗਾ।" ਫਿਰ ਉਹ ਅੰਦਰ ਡਰ ਮੰਨ ਕੇ ਕਹਿਣ ਲੱਗੇ, "ਜਾਮਨ ਕੌਣ ਹੋਵੇ, ਐਸਾ ਨੇੜੇ ਕੋਈ ਵਿਚ ਪੈਣ ਵਾਲਾ ਨਹੀਂ ਹੈ, ਕੌਣ ਸਾਡੇ ਵਿਚ ਮੁਨਸਫ ਬਣ ਕੇ ਖਲੋਵੇ॥ ੨੯॥

ਅਪਰ ਨਹੀਂ ਲਖਿਯਤਿ ਇਹਾਂ ਹਮ ਸਕਲ ਬਿਚਾਰੇਂ।
ਇਕ ਸਤੁੱਦ੍ਰਵ ਦਰਿਯਾਉ ਹੈ ਬਿਚ ਆਇ ਹਮਾਰੇ।
ਚਹਹੁ ਜਿ ਲੀਜਹਿ ਜਾਮਨੀ ਚਲੀਅਹਿ ਤਿਸ ਤੀਰਾ।
ਲਿਖਿ ਕਾਗਦ ਹਮ ਦੇਹਿਂਗੇ ਸਾਪਰਸੈਂ ਨੀਰਾ॥ ੩੦॥

ਹੋਰ ਏਥੇ ਕੋਈ ਵਿਖਾਈ ਨਹੀਂ ਦਿੰਦਾ ਹੈ, ਅਸੀਂ ਸਭ ਬਾਰੇ ਵਿਚਾਰ ਕੀਤੀ ਹੈ, ਇਕ ਸਤਿਲੁਜ ਦਰਿਆ ਹੈ, ਜਿ ਸਾਡੇ ਵਿਚ ਆਉਂਦਾ ਹੈ। ਚਲੋ ਜੇ ਉਸ ਦੀ ਜਾਮਨੀ ਲੈਣਾ ਚਾਹੁੰਦੇ ਹੋ ਤਾਂ ਉਸ ਦੇ ਕਿਨਾਰੇ ਚਲੋ, ਅਸੀਂ ਕਾਗਜ਼ ਲਿਖ ਦੇਵਾਂਗੇ ਤੇ ਫਿਰ ਉਸ ਨੂੰ ਦਰਿਆ ਦੇ ਪਾਣੀ ਨਾਲ ਛੁਹਾਵਾਂਗੇ"॥ ੩੦॥

ਭਨੀ ਦੁਸ਼ਟ ਜਿਮ ਬਾਰਤਾ ਮਾਨੀ ਤਿਮ ਰਾਉ।
ਸਪਤਿ ਕੋਸ ਤਹਿਂ ਤੇ ਹੁਤੇ ਗਮਨੇ ਤਿਸ ਥਾਉ।
ਬੈਠਿ ਪ੍ਰਥਮ ਪੂਜਾ ਕਰੀ ਸਭਿ ਬਿਧਿ ਦਿਸ਼ ਦੋਊ।
ਬਹੁਰ ਲਿਖੀ ਤਹਿਂ ਜਾਮਨੀ ਜੈਸੀ ਬਿਧਿ ਹੋਊ॥ ੩੧॥

ਜਿਵੇਂ ਦੁਸ਼ਟਾਂ ਨੇ ਵਾਰਤਾ ਕੀਤੀ ਸੀ ਰਾਇ ਕੱਲ੍ਹੇ ਨੇ ਉਸ ਪ੍ਰਕਾਰ ਹੀ ਮੰਨ ਲਈ। ਦਰਿਆ ਸਤਿਲੁਜ ਉਸ ਸਥਾਨ ਸੱਤ ਕੋਹ 'ਤੇ ਸਥਿਤ ਸੀ, ਉਸ ਸਥਾਨ ਤੇ ਪਹੁੰਚ ਗਏ। ਫਿਰ ਦੋਵਾਂ ਪਾਸਿਆਂ ਨੇ ਬੈਠ ਕੇ ਪੂਜਾ ਕੀਤੀ, ਫਿਰ ਉਨ੍ਹਾਂ ਉ ਪ੍ਰਕਾਰ ਦਰਿਆ ਦੀ ਜਾਮਨੀ ਲਿਖੀ, ਜਿਵੇਂ ਵਿਧੀ ਨਾਲ ਵਿਚਾਰੀ ਸੀ॥ ੩੧॥

'ਜੇ ਹਮ ਗੋਬਧ ਕਰਹਿਂਗੇ ਦੰਡਹੁ ਦਰਿਆਊ!'।
ਇੱਤਜਾਦਿਕ ਲਿਖਵਾਇ ਕਰਿ ਹਰਖਜੋ ਤਬਿ ਰਾਊ।
ਕਾਗਦ ਲੇ ਕਰਿ ਪੁਰਿ ਅਪਨਿ ਆਯਹੁ ਪੁਨ ਬਾਸਾ।
ਨਗਰ ਤਿਹਾੜਾ ਬਡ ਬਸੈ ਚਹੁਂ ਬਰਨ ਖੁਲਾਸਾ॥ ੩੨॥

"ਜੇ ਅਸੀਂ ਗਾਵਾਂ ਦਾ ਕਤਲ ਕਰਾਂਗੇ ਤਾਂ ਦਰਿਆ ਸਾਨੂੰ ਦੰਡ ਦੇਵੇ", ਇਸ ਪ੍ਰਕਾਰ ਲਿਖਵਾ ਕੇ ਰਾਜਾ ਫਿਰ ਪ੍ਰਸੰਨ ਗਿਆ। ਉਸ ਕਾਗਜ਼ ਨੂੰ ਲੈ ਕੇ ਆਪਣੇ ਘਰ ਆ ਗਿਆ ਤੇ ਫਿਰ ਘਰ ਵਿਚ ਰਹਿਣ ਲੱਗਾ। ਤਿਹਾੜਾ ਨਗਰ ਫਿਰ ਚੰਗੀ ਤ ਵਸਦਾ ਸੀ ਤੇ ਚਾਰੇ ਵਰਨ ਆਰਾਮ ਨਾਲ ਰਹਿੰਦੇ ਸਨ॥ ੩੨॥

ਸੁਨੀਅਹਿ ਸ੍ਰੀ ਪ੍ਰਭੁ ਸਤਿਗੁਰੂ! ਇਕ ਬਰਖ ਬਿਤਾਵਾ।
ਬਹੁਰ ਏਕ ਗੋਬਧ ਕਰੀ ਬਡ ਪਾਪ ਕਮਾਵਾ।

ਸੁਨੀ ਰਾਇ ਜਬਿ ਬਾਰਤਾ, ਦਰੀਆਉ ਅਰਾਧਾ।
'ਤੁਮ ਜ਼ਾਮਨ ਇਸ ਬਾਤ ਕੇ ਇਹ ਦੁਸ਼ਟ ਅਸਾਧਾ॥ ੩੩ ॥

ਹੇ ਪ੍ਰਭੂ ਸਤਿਗੁਰੂ ਜੀ ! ਜਦ ਇਕ ਸਾਲ ਬੀਤ ਗਿਆ, ਫਿਰ ਇਕ ਗਾਂ ਨੂੰ ਕਤਲ ਕਰਕੇ ਵੱਡਾ ਪਾਪ ਕਮਾਇਆ। ਜਦ ਰਾਜੇ ਨੇ ਇਹ ਵਾਰਤਾ ਸੁਣੀ ਤਾਂ ਦਰਿਆ ਦੀ ਅਰਾਧਣਾ ਕੀਤੀ। ''ਤੁਸੀਂ ਇਸ ਗੱਲ ਦਾ ਜਾਮਨ ਹੋ ਤੇ ਇਹ ਦੁਸ਼ਟ ਸਾਧਿਆ ਨਹੀਂ ਗਿਆ ਹੈ॥ ੩੩ ॥

ਨਿਰਵਾਰਹੁ ਨਿਜ ਜ਼ਾਮਨੀ ਦਿਹੁ ਦੰਡ ਬਿਸਾਲਾ'।
ਭਈ ਆਨ ਜਬਿ ਜਾਮਨੀ ਕਹਿਤੇ ਇਸ ਢਾਲਾ।
ਸਪਤ ਕੋਸ ਸਤੁੱਦ੍ਰਵ ਹੁਤੇ ਢਾਹਨ ਤਟ ਲਾਗੇ।
ਪਹੁੰਚਜੋ ਪੁਰਿ ਕੇ ਨਿਕਟ ਲੌ ਨਰ ਨਾਰਿਨਿ ਜਾਗੇ॥ ੩੪ ॥

ਆਪਣੀ ਜ਼ਾਮਨੀ ਦਾ ਨਿਰਬਾਹ ਕਰੋ ਤੇ ਇਸ ਦੁਸ਼ਟ ਨੂੰ ਵੱਡਾ ਦੰਡ ਦੇਵੋ।'' ਉਸ ਦਿਨ ਜਦ ਰਾਤ ਆ ਪਈ, ਇਸ ਪ੍ਰਕਾਰ ਕਹਿੰਦੇ ਹਨ ਸਤ ਕੋਹ ਦੀ ਵਾਟ ਤੇ ਸਤਿਲੁਜ ਸੀ, ਉਹ ਆਪਣਾ ਕਿਨਾਰਾ ਢਾਹੁਣ ਲੱਗਾ, ਉਹ ਉਸ ਦੁਸ਼ਟ ਦੇ ਨਗਰ ਤਕ ਪਹੁੰਚਿਆ ਤੇ ਸਾਰੇ ਇਸਤਰੀ ਪੁਰਸ਼ ਜਾਗ ਪਏ॥ ੩੪ ॥

ਬਨੇ ਸਦਨ ਗਿਰਨੇ ਲਗੇ ਢਾਹਤਿ ਜਲ ਗੇਰੇ।
ਕੇਤਿਕ ਨਰ ਤ੍ਰਿਯ ਬਹਿ ਗਏ ਭਾ ਰੋਰ ਬਡੇਰੇ।
ਔਚਕ ਜਲ ਕਹਿਂ ਤੇ ਅਯੋ ਕੁਛ ਜਾਇ ਨ ਜਾਨਾ।
ਦਰਬ ਆਦਿ ਘਰ ਵਸਤੁ ਗਨ ਵਿਚ ਜਲ ਕੇ ਨਾਨਾ॥ ੩੫ ॥

ਬਣੇ ਹੋਏ ਘਰ ਡਿੱਗਣ ਲੱਗੇ, ਜਲ ਡੇਗ ਕੇ ਢਾਹ ਦਿੰਦਾ ਸੀ, ਕਈ ਇਸਤਰੀ ਪੁਰਸ਼ ਦਰਿਆ ਵਿਚ ਬਹਿ ਗਏ ਤੇ ਵੱਡਾ ਰੌਲਾ ਮੱਚ ਗਿਆ। ਇਹ ਅਚਾਨਕ ਪਾਣੀ ਕਿਥੋਂ ਆ ਗਿਆ ਸੀ, ਕੁਝ ਜਾਣਿਆ ਨਹੀਂ ਸੀ ਜਾਂਦਾ। ਘਰਾਂ ਆਦਿ ਦੀਆਂ ਸਾਰੀਆਂ ਨਾਨਾ ਪ੍ਰਕਾਰ ਦੀਆਂ ਵਸਤਾਂ ਪਾਣੀ ਵਿਚ ਬਹਿ ਗਈਆਂ॥ ੩੫ ॥

ਨਿਸਾ ਅੰਧੇਰੀ ਨਾਰਿ ਨਰ ਭਾਜੇ ਉਤਲਾਏ।
ਨਹਿਂ ਦੀਖਤਿ ਜਲ ਮਹਿਂ ਗਿਰੇ ਸਭਿ ਦਿਏ ਬਹਾਏ।
ਨਗਰ ਸਗਰ ਘਰ ਘਰ ਬਗਰ ਦਰਿਆਉ ਬਿਦਾਰੇ॥
ਕੇਤਿਕ ਬਚੇ ਪਲਾਇ ਕਰਿ ਕੇਤਿਕ ਬਿਚ ਮਾਰੇ॥ ੩੬ ॥

ਹਨੇਰੀ ਰਾਤ ਵਿਚ ਇਸਤਰੀ-ਪੁਰਸ਼ ਉਤਾਵਲੇ ਹੋ ਕੇ ਭੱਜਣ ਲੱਗੇ, ਇਹ ਨਹੀਂ ਵੇਖਦੇ ਸਨ ਕਿ ਪਾਣੀ ਵਿਚ ਡਿੱਗਿਆਂ, ਜਲ ਸਭ ਨੂੰ ਬਹਾ ਕੇ ਲੈ ਗਿਆ ਸੀ। ਦਰਿਆ ਨੇ ਸਾਰਾ ਸ਼ਹਿਰ ਘਰ-ਘਰ, ਵਲਗਣਾਂ ਤਕ ਨਾਸ਼ ਕਰ ਦਿੱਤੇ। ਕਈ ਭੱਜ ਕੇ ਬਚੇ, ਕਈ ਜਲ ਦੇ ਪ੍ਰਵਾਹ ਵਿਚ ਹੀ ਵਹਿ ਕੇ ਮਾਰੇ ਗਏ॥ ੩੬ ॥

ਕੋਸਨ ਮਹਿਂ ਜੋ ਬਸਤ ਥੋ ਸਭਿ ਦੀਨ ਬਹਾਈ।
ਇਮ ਸਤੁੱਦ੍ਰਵ ਨਿਜ ਜਾਮਨੀ ਨ੍ਰਿਪ ਕੀ ਉਤਰਾਈ।
ਸ੍ਰੀ ਗੁਰ ਤੁਮਰੀ ਕ੍ਰਿਪਾ ਤੇ ਇਮ ਰਾਇ ਕੱਲ੍ਹੇਰਾ।
ਕਰਤਿ ਸਦਾ ਸਤਿਸੰਗ ਕੋ ਕਰਿ ਪੁੰਨ ਬਡੇਰਾ॥ ੩੭ ॥

ਜਿਹੜੇ ਕੋਹਾਂ ਤਕ ਵੱਸਦੇ ਸਨ, ਸਾਰਿਆਂ ਨੂੰ ਜਲ ਰੋੜ ਕੇ ਲੈ ਗਿਆ। ਇਸ ਪ੍ਰਕਾਰ ਸਤਿਲੁਜ ਦਰਿਆ ਨੇ ਰਾਤ ਦੇ ਹਨੇਰੇ ਵਿਚ ਰਾਜੇ ਦੀ ਬੇਨਤੀ ਪ੍ਰਵਾਨ ਕੀਤੀ। ਹੇ ਸਤਿਗੁਰੂ ਜੀ ! ਤੁਹਾਡੀ ਕਿਰਪਾ ਨਾਲ, ਇਸ ਪ੍ਰਕਾਰ ਰਾਇ ਕੱਲ੍ਹਾ ਹੈ, ਸਦਾ ਤੁਹਾਡਾ ਸਤਿਸੰਗ ਕਰਦਾ ਹੈ ਤੇ ਵੱਡੇ ਪੁੰਨ ਦੇ ਕੰਮ ਕਰਦਾ ਹੈ'' ॥ ੩੭॥

ਸੁਨਿੰ ਕਰਿ ਸ੍ਰੀ ਸਤਿਗੁਰ ਕਹਜੋ 'ਆਛੇ ਪਦ ਪੈ ਹੈ।
ਨਹਿੰ ਸਜ਼ਾਇ ਪਰਲੋਕ ਮਹਿੰ ਨੀਕੇ ਮਗ ਜੈਹੈ।
ਸਾਧ ਸਾਧ ਇਸ ਕੋ ਕਰਮ ਸਤੁੱਦ੍ਰਵ ਭੀ ਮਾਨਾ'।
ਸੁਨਿ ਕਰਿ ਕੱਲੇਰਾਇ ਤਬਿ ਅਭਿਬੰਦਨ ਠਾਨਾ॥ ੩੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਚੰਗੀ ਪਦਵੀ ਪਾਈ ਹੈ, ਜਿਹੜੇ ਚੰਗੇ ਮਾਰਗ ਅਪਨਾਉਂਦੇ ਹਨ, ਉਨ੍ਹਾਂ ਨੂੰ ਪਰਲੋਕ ਵਿਚ ਸਜ਼ਾਵਾਂ ਨਹੀਂ ਮਿਲਦੀਆਂ ਹਨ। ਤੁਹਾਡੇ ਕਾਰਜ 'ਤੇ ਸ਼ਾਬਾਸ਼ ਸ਼ਾਬਾਸ਼ ! ਸਤਿਲੁਜ ਦਰਿਆ ਨੇ ਵੀ ਤੁਹਾਡਾ ਹੁਕਮ ਮੰਨਿਆ ਹੈ।'' ਇਹ ਸੁਣ ਕੇ ਫਿਰ ਰਾਇ ਕੱਲ੍ਹੇ ਨੇ ਬੰਦਨਾ ਕੀਤੀ॥ ੩੮॥

*ਛੇਵੀਂ ਰੁੱਤ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥ ੪੯॥*

## *ਅਧਿਆਇ ਪੰਜਾਹਵਾਂ*

*ਵਾਗੀ ਨੂਰੇ ਨੇ ਆ ਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ*

ਦੋਹਰਾ- ਬੈਠੇ, ਮਾਹੀ ਕੇ ਗਏ, ਬਾਤੈਂ ਕਰਤਿ ਬਿਤਾਇ।
ਭਯੋ ਦੁਪਹਿਰਾ ਆਨ ਕਰਿ ਥਿਰਿ ਪ੍ਰਯੰਕ ਸੁਖਦਾਇ॥ ੧॥

ਵਾਗੀ ਨੂਰੇ ਦੇ ਜਾਣ ਪਿੱਛੋਂ ਗੁਰੂ ਜੀ ਬੈਠੇ ਸਨ ਤੇ ਗੱਲਾਂ ਕਰ-ਕਰ ਦੱਸ ਰਹੇ ਸਨ। ਜਦ ਦੁਪਹਿਰ ਹੋ ਗਈ, ਤਾਂ ਗੁਰੂ ਜੀ ਪਲੰਘ ਤੇ ਬੈਠੇ ਸੋਭ ਰਹੇ ਸਨ॥ ੧॥

*ਨਿਸਾਨੀ ਛੰਦ-* ਨਿਕਟ ਰਾਇ ਕੱਲਾ ਥਿਰਜੋ ਤ੍ਰੈ ਸੈ ਭਟ ਸਾਥਾ।
ਅਪਰ ਲੋਕ ਥਿਰ ਸੈਂਕਰੇ ਦਰਸਤਿ ਹੈਂ ਨਾਥਾ।
ਭੀਰ ਅਹੈ ਬਹੁ ਨਰਨਿ ਕੀ, ਥਿਰ ਦੂਰਹਿੰ ਦੂਰੀ।
ਆਨਿ ਆਨਿ ਬੰਦਨ ਕਰਹਿੰ ਪਿਖਿ ਮੂਰਤਿ ਰੂਰੀ॥ ੨॥

ਨਜ਼ਦੀਕ ਹੀ ਰਾਇ ਕੱਲ੍ਹਾ ਬੈਠਾ ਸੀ ਤੇ ਤਿੰਨ ਸੌ ਸੂਰਬੀਰ ਉਸ ਦੇ ਪਾਸ ਬੈਠੇ ਸਨ। ਹੋਰ ਸੈਂਕੜੇ ਲੋਕ ਬੈਠੇ ਸਨ ਜਿਹੜੇ ਸਤਿਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ। ਬਹੁਤ ਮਨੁੱਖਾਂ ਦੀ ਭੀੜ ਸੀ ਤੇ ਦੂਰ-ਦੂਰ ਤਕ ਬੈਠੇ ਸਨ, ਸਾਰੇ ਸ਼ਰਧਾਲੂ ਆ ਆ ਕੇ ਬੰਦਨਾ ਕਰਦੇ ਸਨ ਤੇ ਗੁਰੂ ਜੀ ਦੇ ਸੁੰਦਰ ਸਰੂਪ ਨੂੰ ਵੇਖਦੇ ਸਨ॥ ੨॥

ਦੇਖਿ ਦੁਪਹਿਰੇ ਦਸ਼ਾ ਗੁਰ ਸ੍ਰੀ ਬਦਨ ਬਖਾਨਾ।
'ਸੁਨਹੁ ਰਾਇ ਕੱਲਾ! ਅਬੈ ਮਾਹੀ ਪ੍ਰਸਥਾਨਾ।
ਪਹੁੰਚਜੋ ਆਇ ਕਿ ਨਹੀਂ ਸੋ ਦੇਖਹੁ ਤਿਸ ਘਾਈ।
ਬੀਤ ਗਏ ਦੋ ਪਹਿਰ ਤਿਹ ਆਵਹਿ ਕਰਿ ਧਾਈ' ॥ ੩॥

ਦੁਪਹਿਰ ਸਮੇਂ ਗੁਰੂ ਜੀ ਨੇ ਰਾਇ ਕੱਲ੍ਹਾ ਵਲ ਵੇਖ ਕੇ ਕਿਹਾ, "ਹੇ ਰਾਇ ਕੱਲ੍ਹਾ ! ਸੁਣੋ, ਹੁਣ ਵਾਗੀ ਚਲੇ ਗਿਆ ਹੈ। ਉਹ ਹਾਲੇ ਪਹੁੰਚਿਆ ਹੈ ਕਿ ਨਹੀਂ, ਇਸ ਤਰਫ ਵੇਖੋ। ਦੋ ਪਹਿਰ ਬੀਤ ਗਏ ਹਨ, ਉਹ ਦੌੜ ਕੇ ਬੜੀ ਛੇਤੀ ਆਵੇਗਾ" ॥ ੩ ॥

ਬੋਲਜੋ ਕੱਲਾ ਜੋਰਿ ਕਰ 'ਕਿਯ ਗਮਨ ਸਕਾਰੇ।
ਪਹੁਂਚਹਿ ਚਾਲੀ ਕੋਸ ਸੋ ਚਲਿ ਬਾਸੁਰ ਸਾਰੇ।
ਅਗਲੇ ਦਿਨ ਪਹੁਂਚੈ ਇਹਾਂ ਸਭਿ ਬਾਤ ਬਤਾਵੈ।
ਮਾਰਗ ਅੱਸੀ ਕੋਸ ਕੋ ਬਲ ਕੇ ਜੁਤ ਆਵੈ' ॥ ੪ ॥

ਰਾਇ ਕੱਲ੍ਹਾ ਹੱਥ ਜੋੜ ਕੇ ਬੋਲਿਆ, 'ਉਹ ਸਵੇਰੇ ਚਲਾ ਗਿਆ ਹੈ, ਉਹ ਸਾਰਾ ਦਿਨ ਚਲ ਕੇ ਚਾਲ੍ਹੀ ਕੋਹ ਪਹੁੰਚੇਗਾ ਤੇ ਅਗਲੇ ਦਿਨ ਫਿਰ ਏਥੇ ਪਹੁੰਚ ਕੇ ਸਾਰੀ ਗੱਲਬਾਤ ਦੱਸੇਗਾ, ਅੱਸੀ ਕੋਹਾਂ ਦਾ ਪੈਂਡਾ ਵੱਡੀ ਸ਼ਕਤੀ ਸਹਿਤ ਹੋ ਕੇ ਆਵੇਗਾ" ॥੪ ॥

ਸੁਨਿ ਤੂਸ਼ਨ ਗੁਰ ਹੁਇ ਰਹੇ ਕਹਿਂ ਔਰ ਪ੍ਰਸੰਗਾ।
ਜਥਾ ਗਿਰੇਸ਼ੁਰ ਭੀਮਸਸਿ ਮਚਵਾਯਹੁ ਜੰਗਾ।
'ਬਾਈ ਧਾਰਨਿ ਕੇ ਪਤੀ ਬਡ ਚਮੂੰ ਬਟੋਰੀ।
ਸਭਿ ਇਕੱਤ੍ਰ ਮਤਿ ਕੋ ਕਰੇ ਆਏ ਹਮ ਓਰੀ' ॥ ੫ ॥

ਇਹ ਸੁਣ ਕੇ ਗੁਰੂ ਜੀ ਚੁੱਪ ਕਰ ਗਏ ਤੇ ਫਿਰ ਕੋਈ ਹੋਰ ਪ੍ਰਸੰਗ ਕਹਿਣ ਲੱਗੇ, ਜਿਵੇਂ ਪਹਾੜੀ ਰਾਜੇ ਭੀਮ ਚੰਦ ਨੇ ਜੰਗ ਮਚਾਇਆ ਸੀ। "ਬਾਈ ਧਾਰ ਦੇ ਰਾਜਿਆਂ ਨੇ ਵੱਡੀ ਸੈਨਾ ਇਕੱਠੀ ਕੀਤੀ, ਸਾਰੇ ਇਕੱਠੇ ਹੋ ਕੇ ਸਾਡੇ ਪਾਸ ਆਏ" ॥ ੫ ॥

ਦ੍ਵੈ ਘਟਕਾ ਬੀਤੀ ਬਹੁਰ ਇਤ੍ਯਾਦਿ ਕਹੰਤੇ।
ਅਕਸਮਾਤ੍ਰ ਸ਼੍ਰੀ ਸਤਿਗੁਰੂ ਇਮ ਬਚਨ ਭਨੰਤੇ।
'ਮਨੁਜ ਚਢਾਵਹੁ ਤਰੂ ਪਰ ਮਗ ਦੇਖਹਿ ਸੋਈ।
ਆਵਤ ਮਾਹੀ ਕੈ ਨਹੀਂ ਸੁਧਿ ਪਾਵਹਿਂ ਜੋਈ' ॥ ੬ ॥

ਦੋ ਘੜੀਆਂ ਬੀਤਣ ਤੋਂ ਫਿਰ ਇਸ ਪ੍ਰਕਾਰ ਕਹਿਣ ਲੱਗੇ, ਅਚਾਨਕ ਸਤਿਗੁਰੂ ਜੀ ਇਸ ਤਰ੍ਹਾਂ ਬਚਨ ਕਰਦੇ ਹਨ, "ਇਕ ਮਨੁੱਖ ਨੂੰ ਦਰੱਖਤ ਉੱਪਰ ਚੜ੍ਹਾਵੋ, ਜਿਹੜਾ ਵਾਗੀ ਦਾ ਰਾਹ ਵੇਖੇ, ਵਾਗੀ ਆਉਂਦਾ ਹੈ ਕਿ ਨਹੀਂ, ਉਹ ਸਾਰੀ ਖ਼ਬਰ ਪਾਈਏ" ॥ ੬ ॥

ਪੁਨਹਿ ਰਾਇ ਕੱਲਾ ਕਹੈ 'ਪਹੁਂਚਜੋ ਭਿ ਨ ਸੋਊ।
ਕਹਾਂ ਹੋਇ ਆਗਵਨ ਅਬਿ ਕਜਾ ਤਰੁ ਪਰ ਜੋਊ।
ਸੰਧਜਾ ਅਗਲੇ ਦਿਵਸ ਹੀ ਹੋਵਤਿ ਸੋ ਆਵੈ।
ਖਿਰਹਿ ਨ ਪੁਰਿ ਅਰੁ ਮਗ ਬਿਖੈ ਤੂਰਨ ਹੀ ਧਾਵੈ' ॥ ੭ ॥

ਫਿਰ ਰਾਇ ਕੱਲ੍ਹੇ ਨੇ ਕਿਹਾ, "ਉਹ ਤਾਂ ਹਾਲੇ ਪਹੁੰਚਿਆ ਵੀ ਨਹੀਂ ਹੋਣਾ ਹੈ, ਉਸ ਦਾ ਆਉਣਾ ਕਿਵੇਂ ਹੋ ਸਕਦਾ ਹੈ, ਹੁਣੇ ਰੁੱਖ ਉੱਤੇ ਚੜ੍ਹਨ ਦੀ ਕੀ ਲੋੜ ਹੈ। ਅਗਲੇ ਦਿਨ ਸ਼ਾਮ ਹੁੰਦਿਆਂ ਹੀ ਆ ਜਾਵੇਗਾ, ਉਹ ਰਾਹ ਵਿਚ ਕਿਤੇ ਵੀ ਖੜ੍ਹਾ ਨਹੀਂ ਹੋਵੇਗਾ, ਰਾਹ ਦੇ ਵਿਚ ਤੁਰਤ ਦੌੜਦਾ ਚਲਿਆ ਆਵੇਗਾ" ॥ ੭ ॥

ਸੁਨਿ ਪੁਨ ਗੁਨ ਗਨ ਖਾਨਿ ਅਰੁ ਪਰਚੇ ਅਨ ਖਜਾਲਾ।
ਡੂਢ ਪਹਿਰ ਦਿਨ ਜਬਿ ਰਹਜੋ ਬੈਠੇ ਤਿਸ ਕਾਲਾ।

ਬਾਕ ਤੀਸਰੋ ਕਹਤਿ ਭੇ ਸਭਿ ਬਿਖੈ ਸੁਨਾਯੋ।
'ਚਢੋ ਬ੍ਰਿੱਛ ਮਾਹੀ ਪਿਖਹੁ ਆਯੋ ਕਿ ਨ ਆਯੋ?' ॥ ੮ ॥

ਇਹ ਸੁਣ ਕੇ ਗੁਣਾਂ ਦੀ ਖਾਨ ਭਾਵ ਸਤਿਗੁਰੂ ਜੀ ਹੋਰ ਖਿਆਲਾਂ ਵਿਚ ਪਰਚ ਗਏ। ਜਦ ਡੇਢ ਪਹਿਰ ਦਿਨ ਰਹਿ ਗਿਆ ਤਾਂ ਉਸ ਸਮੇਂ ਬੈਠ ਗਏ। ਫਿਰ ਤੀਸਰਾ ਬਚਨ ਕਹਿ ਕੇ ਸਾਰਿਆਂ ਨੂੰ ਸੁਣਾਇਆ, "ਦਰੱਖਤ ਤੇ ਚੜ੍ਹ ਕੇ ਵੇਖੋ ਵਾਗੀ ਆਉਂਦਾ ਹੈ ਕਿ ਨਹੀਂ?" ॥ ੮ ॥

ਸੁਨਤਿ ਰਾਇ ਕੱਲਾ ਕਹੈ ਨਿਜ ਨਰਨਿ ਮਝਾਰਾ।
'ਪੁਰਸ਼ੋਤਮ ਪੂਰਨ ਪੁਰਖ ਤ੍ਰੈ ਬਾਰਿ ਉਚਾਰਾ।
ਕਹਾਂ ਹਮਾਰੋ ਖਰਚ ਹੁਇ ਚਢਿ ਤਰੁ ਪਰ ਹੇਰੋ।
ਬਚਨ ਸਾਚ ਇਨ ਕੋ ਸਦਾ ਨਿਸ਼ਚੈ ਬਹੁਤੇਰੋ' ॥ ੯ ॥

ਇਹ ਸੁਣ ਕੇ ਰਾਇ ਕੱਲ੍ਹਾ ਨੇ ਆਪਣੇ ਮਨੁੱਖਾਂ ਨੂੰ ਕਿਹਾ, "ਉੱਤਮ ਪੂਰਨ ਪੁਰਖ ਨੇ ਤਿੰਨ ਵਾਰ ਉਚਾਰਨ ਕੀਤਾ ਹੈ, ਸਾਡਾ ਇਸ ਵਿਚ ਕੀ ਖਰਚ ਹੁੰਦਾ ਹੈ, ਦਰੱਖਤ ਤੇ ਚੜ੍ਹ ਕੇ ਵੇਖੋ। ਸਦਾ ਇਨ੍ਹਾਂ ਦੇ ਬਚਨ ਸੱਚੇ ਹੁੰਦੇ ਹਨ, ਅਸੀਂ ਇਸ ਬਾਰੇ ਬਹੁਤ ਵਾਰ ਨਿਸ਼ਚਾ ਕੀਤਾ ਹੈ' ॥ ੯ ॥

ਇਕ ਨਰ ਤਰੁ ਪਰ ਤੁਰਤ ਹੀ ਕਹਿ ਰਾਇ ਚਢਾਯੋ।
ਚਢਿ ਕਰਿ ਤੁੰਗ ਸਕੰਧ ਪਰ ਸੋ ਮਗ ਦਰਸਾਯੋ।
ਮਾਹੀ ਆਵਤਿ ਦੂਰ ਤੇ ਤਿਨ ਦੇਖਨਿ ਕੀਨਾ।
ਬਿਸਮਾਵਤਿ ਬੋਲਯੋ ਤਬੈ 'ਆਯਹੁ ਮੈਂ ਚੀਨਾ' ॥ ੧੦ ॥

ਇਕ ਮਨੁੱਖ ਨੂੰ ਰਾਇ ਕੱਲ੍ਹਾ ਨੇ ਕਹਿ ਕੇ ਤੁਰਤ ਰੁੱਖ ਉੱਤੇ ਚੜ੍ਹਾਇਆ। ਉਸ ਨੇ ਤੁਰਤ ਸਭ ਤੋਂ ਉੱਚੀ ਡਾਹਣੀ ਉੱਪਰ ਚੜ੍ਹ ਕੇ ਰਾਹ ਵੱਲ ਵੇਖਿਆ। ਉਸ ਨੇ ਦੂਰ ਤੋਂ ਹੀ ਵਾਗੀ ਨੂੰ ਆਉਂਦੇ ਨੂੰ ਵੇਖਿਆ। ਹੈਰਾਨ ਹੋ ਕੇ ਫਿਰ ਬੋਲਿਆ, "ਮੈਂ ਵਾਗੀ ਆਉਂਦੇ ਨੂੰ ਵੇਖਿਆ ਹੈ' ॥ ੧੦ ॥

ਨਿਕਟ ਪਹੁੰਚਯੋ ਜਬਿ ਲਗੋ ਰਹਿ ਦੇਖਤਿ ਸੋਊ।
ਉਤਰਯੋ ਤਰੁ ਪਰ ਤੇ ਤਰੇ ਸੁਨਿ ਕਰਿ ਸਭਿ ਕੋਊ।
ਗਮਨਯੋਂ ਜੋਜਨ ਬੀਸ ਮਗ, ਮਨ ਮਹਿਂ ਬਿਸਮਾਏ।
ਕਰਾਮਾਤ ਸਾਹਿਬ ਗੁਰੂ ਅਚਰਜ ਦਿਖਰਾਏ ॥ ੧੧ ॥

ਜਦ ਤਕ ਵਾਗੀ ਨੇੜੇ ਨਾ ਆ ਗਿਆ ਤਦ ਤਕ ਉਹ ਆਦਮੀ ਵਾਗੀ ਵਲ ਵੇਖਦਾ ਰਿਹਾ। ਜਦ ਸਾਰਿਆਂ ਨੇ ਸੁਣ ਲਿਆ ਤਾਂ ਉਹ ਦਰੱਖਤ ਤੋਂ ਹੇਠਾਂ ਉੱਤਰ ਆਇਆ। ਉਸ ਨੇ ਵੀਹ ਜੋਜਨ ਪੈਂਡਾ ਕਰ ਲਿਆ ਹੈ, ਇਸ ਬਾਰੇ ਸੋਚ ਕੇ ਮਨ ਵਿਚ ਬੜਾ ਹੈਰਾਨ ਹੋਏ। ਗੁਰੂ ਸਾਹਿਬ ਨੇ ਇਹ ਅਸਚਰਜ ਕਰਾਮਾਤ ਵਿਖਾਈ ਹੈ ॥ ੧੧ ॥

ਇਤਨੇ ਮਹਿਂ ਮਾਹੀ ਅਯੋ ਕਰਿ ਬੰਦਨ ਬੈਸਾ।
ਕਹਯੋ 'ਸਿਰੰਦ ਬ੍ਰਿਤੰਤ ਕੋ ਦੇਖਯੋ ਤਹਿਂ ਕੈਸਾ?'।
ਹਾਥ ਜੋਰਿ ਕਰਿ ਤਬਿ ਕਹਯੋ 'ਜੁਗ ਸਾਹਿਬਜ਼ਾਦੇ।
ਮਹਾਂ ਮਲੇਛਨ ਹਤਿ ਦਏ ਕਰਿ ਦੀਰਘ ਬਾਦੇ' ॥ ੧੨ ॥

ਏਨੇ ਵਿਚ ਵਾਗੀ ਆ ਕੇ ਬੰਦਨਾ ਕਰਕੇ ਬੈਠ ਗਿਆ ਤਾਂ ਗੁਰੂ ਜੀ ਨੇ ਕਿਹਾ, "ਸਿਰਹੰਦ ਦਾ ਬ੍ਰਿਤਾਂਤ ਤੂੰ ਕੈਸਾ ਵੇਖਿਆ ਹੈ?" ਉਸ ਨੇ ਹੱਥ ਜੋੜ ਕੇ ਫਿਰ ਕਿਹਾ, "ਮਲੇਛਾਂ ਨੇ ਵੱਡਾ ਝਗੜਾ ਕਰਕੇ ਦੋਵਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਹੈ" ॥ ੧੨ ॥

ਪੁਨਹਿ ਰਾਇ ਕੱਲੇ ਕਹਜੋ 'ਬਿਛੁਰੇ ਗੁਰ ਸੰਗਾ।
ਤਹਿਂ ਤੇ ਕਿਤ ਪਕਰੇ ਗਏ ਕਿਮ ਭਯੋ ਪ੍ਰਸੰਗਾ?।
ਸਰਬ ਛੋਰ ਤੇ ਅੰਤ ਲੋ ਅਬਿ ਦੇਹੁ ਸੁਨਾਈ।
ਜਿਸ ਹਿਤ ਸ਼੍ਰੀ ਸਤਿਗੁਰ ਥਿਰੇ ਕਹੀਅਹਿ ਸਮੁਝਾਈ?' ॥੧੩ ॥

ਫਿਰ ਰਾਇ ਕੱਲ੍ਹਾ ਨੇ ਕਿਹਾ, ਜਦ ਗੁਰੂ ਜੀ ਤੋਂ ਵਿਛੜ ਗਏ ਸਨ ਤਾਂ ਕਿਵੇਂ ਫੜੇ ਗਏ, ਇਹ ਪ੍ਰਸੰਗ ਕਿਵੇਂ ਵਾਪਰਿਆ? ਮੁੱਢ ਤੋਂ ਲੈ ਕੇ ਅੰਤ ਤਕ ਹੁਣ ਸਭ ਕੁਝ ਸੁਣਾ ਦੇਵੋ, ਜਿਸ ਵਾਸਤੇ ਸਤਿਗੁਰੂ ਜੀ ਬੈਠੇ ਹਨ, ਸਮਝਾ ਕੇ ਸਾਰੀ ਵਾਰਤਾ ਸੁਣਾਓ" ॥ ੧੩ ॥

ਤਬਿ ਮਾਹੀ ਕਰ ਬੰਦਿ ਕਰਿ ਬਿਚ ਸਭਾ ਉਚਾਰੀ।
'ਸੁਨਹੁ ਪ੍ਰਭੁ! ਬਿਛਰੇ ਜਬੈ ਇਕ ਬਿੱਪ੍ਰ ਅਗਾਰੀ।
ਸੰਗ ਮਾਤ ਕੇ ਕਪਟ ਕਰਿ ਲੇ ਗਯੋ ਨਿਰਾਲਾ।
ਪਹੁੰਚਜੋ ਅਪਨੇ ਗ੍ਰਾਮ ਲੇ ਧਰਿ ਲੋਭ ਬਿਸਾਲਾ ॥ ੧੪ ॥

ਤਦ ਵਾਗੀ ਨੇ ਸਭਾ ਵਿਚ ਹੱਥ ਜੋੜ ਕੇ ਉਚਾਰਨ ਕੀਤਾ, "ਹੇ ਪ੍ਰਭੂ ਜੀ! ਸੁਣੋ ਜਦ ਆਪ ਜੀ ਤੋਂ ਵਿਛੜ ਗਏ ਤਾਂ ਅੱਗੇ ਇਕ ਬ੍ਰਾਹਮਣ ਮਾਤਾ ਜੀ ਨਾਲ ਕਪਟ ਕਰਕੇ, ਉਨ੍ਹਾਂ ਨੂੰ ਵੱਖਰੇ ਕਰਕੇ ਲੈ ਗਿਆ, ਉਹ ਲੋਭ ਧਾਰ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ ਗਿਆ ॥ ੧੪ ॥

ਸਜੰਦਨ ਮਹਿਂ ਮਾਤਾ ਹੁਤੀ ਦ੍ਵੈ ਸਾਹਿਬਜ਼ਾਦੇ।
ਇਕ ਖੱਚਰ ਇਕ ਦਾਸ ਤਿਹ ਦੀਨਾਰਨਿ ਲਾਦੇ।
ਬਿੱਪ੍ਰ ਉਤਾਰੇ ਸਦਨ ਮਹਿਂ ਸਭਿ ਵਸਤੁ ਉਤਾਰੀ।
ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ ॥ ੧੫ ॥

ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦੇ ਰੱਥਾਂ ਤੇ ਸਵਾਰ ਸਨ, ਇਕ ਖੱਚਰ ਉੱਪਰ ਇਕ ਸੇਵਕ ਨੇ ਅਸ਼ਰਫੀਆਂ ਲੱਦੀਆਂ ਹੋਈਆਂ ਸਨ। ਉਸ ਬ੍ਰਾਹਮਣ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਆਪਣੇ ਘਰ ਵਿਚ ਉਤਾਰਾ ਕਰਵਾ ਕੇ ਸਾਰੀਆਂ ਵਸਤਾਂ ਉਤਾਰ ਲਈਆਂ। ਉਸ ਪਿੰਡ ਦਾ ਨਾਮ ਖੇੜੀ ਸੀ ਤੇ ਬ੍ਰਾਹਮਣ ਵੱਡਾ ਨੀਚ ਅਤੇ ਅਧਰਮੀ ਸੀ ॥ ੧੫ ॥

ਕੁਛਕ ਮਸੰਦੀ ਭੀ ਕਰੀ ਇਸ ਹੇਤੁ ਚਿਨਾਰੀ।
ਮਧੁਰ ਬਾਕ ਕਹਿ ਲੇ ਗਯੋ ਧਨ ਸੰਗ ਨਿਹਾਰੀ।
ਖੱਚਰ ਪਰ ਖੁਰਜੀ ਤਕੀ ਦੀਨਾਰਨਿ ਕੇਰੀ।
ਬਿਸਰਾਮੇ ਬਹੁ ਥਕਤਿ ਭੇ ਚਲਿ ਬਾਟ ਬਡੇਰੀ ॥ ੧੬ ॥

ਉਸ ਨੇ ਕੁਝ ਮਸੰਦੀ ਵੀ ਕੀਤੀ ਸੀ, ਇਸ ਕਰਕੇ ਮਾਤਾ ਜੀ ਨੂੰ ਪਹਿਚਾਣਦਾ ਸੀ। ਜਦ ਮਾਤਾ ਜੀ ਨੂੰ ਧਨ ਸਹਿਤ ਵੇਖਿਆ ਤਾਂ ਮਿੱਠੇ ਬਚਨ ਕਹਿ ਕੇ ਨਾਲ ਲੈ ਗਿਆ। ਉਸ ਨੇ ਖੱਚਰ ਉੱਪਰ ਅਸ਼ਰਫੀਆਂ ਦੀਆਂ ਖੁਰਜੀਆਂ ਲੱਦੀਆਂ ਵੇਖੀਆਂ। ਮਾਤਾ ਜੀ ਅਤੇ ਸਾਹਿਬਜ਼ਾਦੇ ਬਹੁਤ ਪੈਂਡਾ ਕਰਕੇ ਆਏ ਹੋਣ 'ਤੇ ਬਹੁਤ ਥੱਕ ਗਏ ਸਨ, ਇਸ ਕਰਕੇ ਉਹ ਅਰਾਮ ਕਰਨ ਲੱਗ ਗਏ ॥ ੧੬ ॥

ਆਂਖ ਬਚਾਇ ਉਠਾਇ ਕਰਿ ਲੈ ਕੇ ਘਰ ਮਾਂਹੀ।
ਦਾਬੀ ਅਵਨੀ ਕੇ ਬਿਖੈ ਜਿਮ ਜਾਨਹਿਂ ਨਾਂਹੀ।
ਕਿਤਿਕ ਬੇਰ ਮਹਿਂ ਆਨਿ ਕਰਿ ਬੋਲਜੋ ਦਿਜ ਪਾਪੀ।
'ਲੋਕ ਗ੍ਰਾਮ ਕੇ ਚੋਰ ਹੈਂ ਸੁਚਿਤੀ ਰਖਿ ਆਪੀ॥ ੧੭॥

ਬ੍ਰਾਹਮਣ ਅੱਖ ਬਚਾ ਕੇ ਅਸ਼ਰਫੀਆਂ ਦੀਆਂ ਖੁਰਜੀਆਂ ਚੁੱਕ ਕੇ ਘਰ ਦੇ ਅੰਦਰ ਲੈ ਗਿਆ ਤੇ ਧਰਤੀ ਵਿਚ ਇਸ ਪ੍ਰਕਾਰ ਦੱਬ ਦਿੱਤੀਆਂ ਜਿਵੇਂ ਉਨ੍ਹਾਂ ਬਾਰੇ ਜਾਣਦਾ ਹੀ ਨਹੀਂ। ਫਿਰ ਕਈ ਵਾਰ ਪਾਪੀ ਬ੍ਰਾਹਮਣ ਆ ਕੇ ਬੋਲਦਾ ਰਿਹਾ, "ਇਸ ਪਿੰਡ ਦੇ ਲੋਕ ਚੋਰ ਹਨ, ਆਪਣੀ ਸਾਵਧਾਨੀ ਰੱਖੋ॥ ੧੭॥

ਵਸਤੁ ਸੰਭਾਰਹੁ ਆਪਨੀ ਮੈਂ ਭਾਖਿ ਸੁਨਾਵੌਂ।
ਦੋਸ਼ ਨ ਦੀਜੈ ਮੋਹਿ ਕੋ ਸਭ ਭੇਦ ਬਤਾਵੌਂ'।
ਦਾਸ ਗਯੋ ਥੋ ਵਹਿਰ ਕੋ ਸੋ ਤਿਸ ਛਿਨ ਆਯੋ।
ਤਿਮਰ ਭਏ ਤੇ ਵਸਤੁ ਸਭਿ ਸੰਭਾਰਨ ਲਾਯੋ॥ ੧੮॥

ਆਪਣੀਆਂ ਵਸਤਾਂ ਸੰਭਾਲ ਕੇ ਰੱਖੋ, ਮੈਂ ਕਹਿ ਕੇ ਸੁਣਾਉਂਦਾ ਹਾਂ, ਮੈਨੂੰ ਫਿਰ ਕਿਸੇ ਪ੍ਰਕਾਰ ਦਾ ਦੋਸ਼ ਨਾ ਦੇਣਾ, ਮੈਂ ਸਾਰਾ ਭੇਦ ਦੱਸਦਾ ਹਾਂ।" ਸੇਵਕ ਉਸ ਸਮੇਂ ਬਾਹਰ ਗਿਆ ਸੀ, ਉਹਵੀ ਉਸ ਸਮੇਂ ਆ ਗਿਆ। ਹਨੇਰਾ ਹੋਣ ਉੱਪਰ ਮਾਤਾ ਜੀ ਨੇ ਸਾਰੀਆਂ ਵਸਤਾਂ ਸੰਭਾਲਣ ਵਾਸਤੇ ਉਸ ਨੂੰ ਲਾਇਆ॥ ੧੮॥

ਤਬਹਿ ਦਾਸ ਕਹਿ ਮਾਤ ਕੋ 'ਖੁਰਜੀ ਵਿਚ ਨਾਂਹੀ।
ਬਸਤ੍ਰ ਆਦਿ ਸਭਿ ਹੈਂ ਧਰੇ' ਮਾਤਾ ਸੁਨਿ ਪ੍ਰਾਹੀ।
'ਦਿਜ ਘਰ ਮਹਿਂ ਕੋ ਅਪਰ ਨਹਿਂ, ਹਮ ਹੈਂ, ਕੈ ਸੋਊ।
ਧਰੀ ਹੋਇਗੀ ਬੂਝ ਤਿਹ, ਅੰਤਰ ਕਿਤ ਹੋਊ'॥ ੧੯॥

ਤਦ ਸੇਵਕ ਨੇ ਮਾਤਾ ਜੀ ਨੂੰ ਕਿਹਾ ਕਿ "ਵਿਚ ਅਸ਼ਰਫੀਆਂ ਵਾਲੀਆਂ ਖੁਰਜੀਆਂ ਨਹੀਂ ਹਨ, ਹੋਰ ਵਸਤਰ ਆਦਿ ਸਾਰੇ ਮੌਜੂਦ ਹਨ।" ਇਹ ਸੁਣ ਕੇ ਮਾਤਾ ਜੀ ਨੇ ਕਿਹਾ, "ਬ੍ਰਾਹਮਣ ਘਰ ਵਿਚ ਹੈ, ਹੋਰ ਕੋਈ ਨਹੀਂ ਹੈ, ਜਾਂ ਅਸੀਂ ਹਾਂ ਜਾਂ ਉਹ ਹੈ। ਉਸ ਨੇ ਕਿਤੇ ਰੱਖੀਆਂ ਹੋਣਗੀਆਂ, ਕਿਤੇ ਅੰਦਰ ਹੋਣਗੀਆਂ"॥ ੧੯॥

ਸੁਨਿਕੈ ਬੂਝਜੋ ਦਾਸ ਦਿਜ 'ਖੁਰਜੀ ਤੈਂ ਲੀਨੀ?।
ਹੇਤ ਸੰਭਾਰਨਿ ਕੇ ਧਰੀ ਅੰਤਰਗਤਿ ਕੀਨੀ'।
ਸੁਨਤਿ ਦਿਜਾਧਮ ਕੁਮਤਿ ਮਨ ਊਚੀ ਧੁਨਿ ਭਾਖੇ।
'ਇਹ ਮੁਝ ਕੋ ਗੁਨ ਤੁਮ ਕਰਜੋ ਮਰਤੇ ਮੈਂ ਰਾਖੇ॥ ੨੦॥

ਇਹ ਸੁਣ ਕੇ ਸੇਵਕ ਨੇ ਬ੍ਰਾਹਮਣ ਨੂੰ ਪੁੱਛਿਆ, "ਖੁਰਜੀਆਂ ਤੂੰ ਲਈਆਂ ਹਨ ? ਸਾਂਭ ਸੰਭਾਲ ਵਾਸਤੇ ਅੰਦਰ ਰੱਖ ਲਈਆਂ ਹਨ।" ਇਹ ਸੁਣ ਕੇ ਨੀਚ ਬ੍ਰਾਹਮਣ ਨੇ ਮਨ ਵਿਚ ਦੁਸ਼ਟਤਾ ਧਾਰ ਕੇ ਉੱਚੀ ਬੋਲ ਕੇ ਕਿਹਾ, "ਜਾਨ ਹੂਲ ਕੇ ਰੱਖਣ ਦਾ ਮੈਨੂੰ ਇਹ ਗੁਣ ਦਿੱਤਾ ਹੈ॥ ੨੦॥

ਪਤਿਸ਼ਾਹੀ ਨਵਰੰਗ ਕੀ ਨਹਿਂ ਦੂਸ਼ਨ ਲਾਵੈ।
ਆਨਿ ਗਹੈਂਗੇ ਤੁਰਤ ਹੀ ਮੁਝ ਚੋਰ ਬਨਾਵੈ।

ਕਹਾ ਫਲ ਆਗੇ ਕਰਹੁਗੇ ਮੈਂ ਜਿਯਤ ਬਚਾਏ।
ਅਬਿ ਮੁਝ ਕੋ ਇਤਬਾਰ ਨਹਿਂ ਨਿਕਸਹੁ ਉਤਲਾਏ॥੨੧॥

ਨੌਰੰਗੇ ਦੀ ਬਾਦਸ਼ਾਹੀ ਹੈ, ਮੇਰੇ ਉੱਪਰ ਦੋਸ਼ ਨਾ ਲਾਵੇ, ਤੁਰਤ ਤੁਹਾਨੂੰ ਆ ਕੇ ਫੜ ਲੈਣਗੇ, ਮੈਨੂੰ ਚੋਰ ਬਣਾਉਂਦੇ ਹੋ। ਮੈਨੂੰ ਅੱਗੇ ਜਾ ਕੇ ਕੀ ਫਲ ਦੇਵੋਗੇ, ਮੈਂ ਜੀਵਨ ਬਚਾਇਆ ਹੈ। ਹੁਣ ਮੈਨੂੰ ਤੁਹਾਡੇ ਉੱਪਰ ਕੋਈ ਇਤਬਾਰ ਨਹੀਂ, ਤੁਰਤ ਮੇਰੇ ਘਰ ਵਿਚੋਂ ਨਿਕਲ ਜਾਵੋ॥ ੨੧॥

ਸੁਨਹਿਂ ਜਿ ਨਰ ਗੁਰ ਮਾਤ ਹੈ ਇਨ ਘਰ ਮਹਿਂ ਰਾਖੇ।
ਤਬੈ ਤੁਰਕ ਦੇਂ ਕੈਦ ਕਰਿ, ਗੁਰ ਪਰ ਬਹੁ ਮਾਖੇ।
ਤੁਵ ਨੰਦਨ ਮਾਰੇ ਘਨੇ ਨਹਿਂ ਕਰੀ ਭਲਾਈ।
ਜੀਤਜੋ ਚਹਿ ਬਦਸ਼ਾਹ ਸੋ ਨਿਤ ਧੂਮ ਉਠਾਈ॥ ੨੨॥

ਜੇ ਕੋਈ ਮਨੁੱਖ ਇਹ ਸੁਣ ਲਵੇਗਾ ਕਿ ਇਸ ਨੇ ਆਪਣੇ ਘਰ ਵਿਚ ਗੁਰੂ ਜੀ ਦੇ ਮਾਤਾ ਜੀ ਰੱਖੇ ਹਨ ਤਾਂ ਤੁਰਤ ਮੈਨੂੰ ਕੈਦ ਕਰ ਲੈਣਗੇ, ਤੁਰਕ ਗੁਰੂ ਜੀ ਉੱਪਰ ਬਹੁਤ ਗੁੱਸੇ ਹਨ। ਤੇਰੇ ਪੁੱਤਰ ਨੇ ਬਹੁਤ ਤੁਰਕ ਮਾਰੇ ਹਨ, ਕੋਈ ਭਲਾਈ ਨਹੀਂ ਕੀਤੀ ਹੈ। ਉਹ ਬਾਦਸ਼ਾਹ ਨੂੰ ਜਿੱਤਣਾ ਚਾਹੁੰਦੇ ਸਨ, ਸਦਾ ਬੜਾ ਊਧਮ ਮਚਾਇਆ ਸੀ॥ ੨੨॥

ਮੈਂ ਜੁ ਉਤਾਰੇ ਆਨਿ ਘਰ ਲਾਯਸ ਤੇ ਚੋਰੀ।
ਕਹੋਂ ਨ ਜਾਹੁ ਜਿਤ ਕੋ ਚਹੋ ਅਬਿ ਲੋਂ ਬਿਤਿ ਥੋਰੀ'।
ਊਚੀ ਧੁਨਿ ਤੇ ਬੋਲ ਭਾ ਬਹੁ ਨਰਨਿ ਸੁਨਾਵੈ।
ਪੋਤ੍ਰ ਸੰਗ ਲੇ ਮਾਤ ਗੁਰ ਕਿਤ ਡਰਤਿ ਪਲਾਵੈ॥ ੨੩॥

ਮੈਂ ਤੁਹਾਨੂੰ ਆਪਣੇ ਘਰ ਵਿਚ ਆ ਕੇ ਉਤਾਰਿਆ ਹੈ, ਪਰ ਤੁਸੀਂ ਮੇਰੇ ਉੱਪਰ ਚੋਰੀ ਦਾ ਦੋਸ਼ ਲਾਉਂਦੇ ਹੋ, ਜਿਧਰ ਜਾਣਾ ਚਾਹੁੰਦੇ ਹੋ, ਓਧਰ ਕਿਉਂ ਨਹੀਂ ਜਾਂਦੇ ਹੋ, ਹਾਲੇ ਤੇ ਮੇਰੇ ਨਾਲ ਬਹੁਤ ਥੋੜੀ ਬੀਤੀ ਹੈ।'' ਉੱਚੀ ਆਵਾਜ਼ ਵਿਚ ਬੋਲ ਕੇ ਬਹੁਤ ਮਨੁੱਖਾਂ ਨੂੰ ਸੁਣਾਉਂਦਾ ਸੀ। ਗੁਰੂ ਜੀ ਦੀ ਮਾਤਾ ਜੀ ਡਰਦੀ ਹੈ ਤੇ ਸੋਚਦੀ ਹੈ ਕਿ ਪੋਤਰਿਆਂ ਨੂੰ ਲੈ ਕੇ ਕਿਧਰੇ ਭੱਜ ਜਾਵੇ॥ ੨੩॥

ਤਊ ਕੂਰ ਨਹਿਂ ਰਹਿ ਸਕਜੋ ਚਹਿ 'ਦਿਓਂ ਗਹਾਈ।
ਸਭਿ ਦੀਨਾਰਨਿ ਕੋ ਰਖਉਂ ਕੋ ਨਹਿਂ ਨ ਲਖਾਈ'।
ਊਚੇ ਬੋਲਤਿ ਗ੍ਰਾਮ ਮਹਿਂ ਗਮਨਜੋਂ ਸਹਿਸਾਈ।
ਜਹਾਂ ਚੌਧਰੀ ਕੋ ਸਦਨ ਤਹਿਂ ਜਾਇ ਜਨਾਈ॥ ੨੪॥

ਫਿਰ ਵੀ ਝੂਠਾ ਬ੍ਰਾਹਮਣ ਰਹਿ ਨਾ ਸਕਿਆ, ਚਾਹੁੰਦਾ ਸੀ ਕਿ ਇਨ੍ਹਾਂ ਨੂੰ ਫੜਾ ਦੇਵਾਂ, ''ਸਾਰੀਆਂ ਅਸ਼ਰਫੀਆਂ ਆਪਣੇ ਪਾਸ ਰੱਖ ਲਵਾਂ, ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ।'' ਉੱਚੀ-ਉੱਚੀ ਬੋਲਦਾ ਹੋਲੀ-ਹੋਲੀ ਪਿੰਡ ਵਿਚ ਚਲੇ ਗਿਆ। ਜਿੱਥੇ ਪਿੰਡ ਦੇ ਚੌਧਰੀ ਦਾ ਘਰ ਸੀ ਉਥੇ ਜਾ ਕੇ ਦੱਸਿਆ॥ ੨੪॥

ਤਿਸ ਕੋ ਲੇ ਕਰਿ ਸੰਗ ਮਹਿਂ ਗਿਨਤੀ ਇਮ ਕੀਨੀ।
'ਚਲਹੁ ਬਤਾਵਹਿਂ ਮੋਰੰਡੇ ਸਭਿ ਭੇਵ ਜੁ ਚੀਨੀ।
ਲੇਂ ਇਨਾਮ ਧਨ ਤੁਰਕ ਤੇ ਦੇ ਬਹੁ ਬਡਿਆਈ।
ਗੁਰ ਅਰਿ ਕੀ ਮਾਤਾ ਤਨੁਜ ਗਹਿ ਕੈ ਹਰਖਾਈ'॥ ੨੫॥

ਚੌਧਰੀ ਨੂੰ ਆਪਣੇ ਨਾਲ ਲੈ ਕੇ ਇਸ ਪ੍ਰਕਾਰ ਗਿਣਤੀ ਕੀਤੀ, "ਚਲੋ ਮੋਰਿੰਡੇ ਜਾ ਕੇ ਸਾਰਾ ਭੇਦ ਦੱਸੋ, ਜਿਹੜਾ ਤੁਸੀਂ ਜਾਣਿਆ ਹੈ। ਤੁਰਕ ਪਾਸੋਂ ਬਹੁਤ ਇਨਾਮ ਦਾ ਧਨ ਲਵਾਂਗੇ ਤੇ ਵੱਡੀ ਵਡਿਆਈ ਪਾਵਾਂਗੇ। ਤੁਰਕ ਗੁਰੂ ਵੈਰੀ ਦੀ ਮਾਤਾ ਅਤੇ ਪੁੱਤਰਾਂ ਨੂੰ ਫੜ ਕੇ ਬਹੁਤ ਪ੍ਰਸੰਨ ਹੋਣਗੇ" ॥ ੨੫ ॥

ਇਮ ਸਲਾਹ ਦੌਨਹੁਂ ਕਰੀ ਤੂਰਨ ਤਬਿ ਧਾਏ।
ਤਹਿਂ ਸੈਨਾ ਕੁਛ ਤੁਰਕ ਕੀ ਖੋਜਨ ਹਿਤ ਆਏ।
ਗ੍ਰਾਮ ਮੋਰੰਡੇ ਪਹੁਂਚਿ ਕੈ ਦੋਨਹੁਂ ਅਘਵੰਤੇ।
ਸੈਨਪਤੀ ਕੇ ਨਿਕਟ ਗੇ ਹਿਤ ਕਹਿਨ ਬ੍ਰਿਤੰਤੇ॥ ੨੬ ॥

ਇਸ ਪ੍ਰਕਾਰ ਦੋਵਾਂ ਨੇ ਸਲਾਹ ਕੀਤੀ ਤੇ ਫਿਰ ਤੁਰਤ ਦੌੜਦੇ ਹੋਏ ਚਲੇ ਗਏ। ਉਥੇ ਕੁਝ ਤੁਰਕ ਦੀ ਸੈਨਾ ਗੁਰੂ ਜੀ ਨੂੰ ਲੱਭਣ ਵਾਸਤੇ ਆਈ ਸੀ। ਦੋਵੇਂ ਪਾਪੀ ਮੋਰਿੰਡੇ ਪਿੰਡ ਵਿਚ ਪਹੁੰਚ ਗਏ ਤੇ ਸੈਨਾਪਤੀ ਪਾਸ ਸਾਰਾ ਬ੍ਰਿਤਾਂਤ ਕਹਿਣ ਵਾਸਤੇ ਗਏ॥ ੨੬ ॥

'ਸੁਨਹੁ ਮੀਆਂ ਜੀ! ਬਖਸ਼ੀਏ ਕੁਛ ਹਮੈ ਇਨਾਮਾ।
ਗੁਰ ਕੀ ਮਾਤਾ ਪੁੱਤ੍ਰ ਦ੍ਵੈ ਲਜਾਏ ਨਿਜ ਧਾਮਾ।
ਚਲਹੁ ਆਪ ਗਹਿ ਲੀਜੀਏ ਨਹਿਂ ਦੇਰਿ ਕਰੀਜੈ।
ਹਜ਼ਰਤ ਢਿਗ ਲੇ ਪਹੁਂਚੀਏ ਤਹਿਂ ਬਖਸ਼ਿਸ਼ ਲੀਜੈ' ॥ ੨੭ ॥

ਕਹਿਣ ਲੱਗੇ, "ਹੇ ਮੀਆਂ ਜੀ! ਸੁਣੋ, ਸਾਨੂੰ ਕੁਝ ਇਨਾਮ ਬਖਸ਼ੋ, ਗੁਰੂ ਜੀ ਦੀ ਮਾਤਾ ਅਤੇ ਉਨ੍ਹਾਂ ਦੇ ਦੋ ਪੁੱਤਰ ਆਪਣੇ ਘਰ ਵਿਚ ਲਿਆਏ ਹਾਂ। ਆਪ ਚਲ ਕੇ ਉਨ੍ਹਾਂ ਨੂੰ ਫੜ ਲਵੋ, ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ। ਬਾਦਸ਼ਾਹ ਦੇ ਪਾਸ ਲੈ ਕੇ ਪਹੁੰਚੋ ਤੇ ਉਨ੍ਹਾਂ ਪਾਸੋਂ ਬਖਸ਼ੀਸ਼ ਲਵੋ" ॥ ੨੭ ॥

ਸੁਨਤਿ ਚਮੂੰ ਹਯ ਜ਼ੀਨ ਧਰਿ ਗਮਨੇ ਉਤਲਾਏ।
ਪੋਈਏ ਪਾਇਲ ਪਾਵਤੇ ਤੂਰਨ ਚਲਿ ਆਏ।
ਸੁਨਹੁਂ ਗੁਰੂ ਜੀ! ਮਾਤ ਜੁਤਿ ਦੋ ਸਾਹਿਬਜ਼ਾਦੇ।
ਸਜੰਦਨ ਲਏ ਚਢਾਇ ਤਬਿ ਮੂਰਖ ਕਰਿ ਬਾਦੇ॥ ੨੮ ॥

ਇਹ ਸੁਣ ਕੇ ਫ਼ੌਜੀਆਂ ਨੇ ਤੁਰਤ ਆਪਣੇ ਘੋੜਿਆਂ ਉੱਪਰ ਕਾਠੀਆਂ ਪਾਈਆਂ ਤੇ ਬੜੇ ਉਤਾਵਲੇ ਹੋ ਕੇ ਚਲੇ ਗਏ। ਹੇ ਗੁਰੂ ਜੀ! ਸੁਣੋ, ਮਾਤਾ ਜੀ ਸਹਿਤ ਦੋਵੇਂ ਸਾਹਿਬਜ਼ਾਦੇ ਰੱਥਾਂ ਵਿਚ ਚੜ੍ਹਾ ਲਏ, ਤਦ ਮੂਰਖਾਂ ਨੇ ਵੱਡਾ ਭੈੜਾ ਕਾਰਾ ਕੀਤਾ॥ ੨੮ ॥

ਪੁਰਿ ਸਿਰੰਦ ਕੋ ਲੇ ਗਏ ਮਗ ਉਲੰਘ੍ਯੋ ਸਾਰਾ।
ਸੂਬਾ ਖਾਨ ਵਜੀਦ ਜਹਿਂ ਉਤਰ੍ਯੋ ਦਲ ਭਾਰਾ।
ਤਿਹ ਕੋ ਕਹ੍ਯੋ 'ਨਬਾਬ ਜੀ! ਹਮ ਗਹਿ ਕਰਿ ਲ੍ਯਾਏ।
ਗੁਰੂ ਗੁਬਿੰਦ ਸਿੰਘ ਮਾਤ ਹੈ ਦ੍ਵੈ ਪੁੱਤ੍ਰ ਸੁਹਾਏ' ॥ ੨੯ ॥

ਫਿਰ ਸਿਰਹੰਦ ਨਗਰ ਵੱਲ ਲੈ ਗਏ ਤੇ ਸਾਰਾ ਪੈਂਡਾ ਲੰਘ ਆਏ। ਜਿੱਥੇ ਵਜੀਦ ਖਾਂ ਸੂਬੇ ਦਾ ਸਾਰਾ ਭਾਰੀ ਦਲ ਉਤਰਿਆ ਸੀ, ਉਸ ਨੂੰ ਕਿਹਾ, "ਨਵਾਬ ਜੀ! ਅਸੀਂ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਅਤੇ ਦੋ ਪੁੱਤਰਾਂ ਨੂੰ ਫੜ ਕੇ ਲਿਆਏ ਹਾਂ" ॥ ੨੯ ॥

ਨਿਸਾ ਬਿਖੇ ਆਏ ਚਲੇ ਪਹੁੰਚੇ ਹੁਇ ਪ੍ਰਾਤੀ।
ਕਹਯੋ ਨਵਾਬ 'ਉਤਾਰੀਏ ਜਹਿਂ ਬੁਰਜ ਇਕਾਤੀ।
ਰਹੈਂ ਸਿਪਾਹੀ ਖਰੇ ਤਹਿਂ ਰਾਖਹੁ ਤਕਰਾਈ'।
ਪੁਰਿ ਨਰ ਸੁਨਿ ਸੁਨਿ ਦੌਰ ਕਰਿ ਆਵਤਿ ਸਮੁਦਾਈ॥੩੦॥

ਰਾਤ ਸਮੇਂ ਚਲ ਕੇ ਆਏ ਤੇ ਸਵੇਰ ਹੋਣ 'ਤੇ ਪਹੁੰਚ ਗਏ। ਨਵਾਬ ਨੇ ਕਿਹਾ, "ਜਿੱਥੇ ਇਕਾਤੀ ਬੁਰਜ ਹੈ, ਉਸ ਵਿਚ ਉਤਾਰਾ ਕਰਵਾ ਦੇਵੋ। ਉਥੇ ਸਿਪਾਹੀ ਖੜੇ ਰਹਿਣ ਤੇ ਪੂਰੀ ਤਕੜਾਈ ਰੱਖੋ।" ਫਿਰ ਸਿਰਹੰਦ ਦੇ ਲੋਕ ਸੁਣ ਸੁਣ ਕੇ ਦੌੜ ਦੌੜ ਆਉਂਦੇ ਸਨ॥ ੩੦॥

ਦੇਖਹਿਂ ਬੂਝਹਿਂ ਬਿੱਪ੍ਰ ਕੋ ਸਭਿ ਗਾਰਿ ਨਿਕਾਰੈਂ।
ਧਿਕ ਧ੍ਰੋਹੀ ਕ੍ਰਿਤਘਨੀ ਜੜ ਕਯਾ ਲਹਯੋ ਪੁਕਾਰੈ?।
ਸ਼੍ਰੀ ਗੋਬਿੰਦ ਸਿੰਘ ਜਗਤ ਗੁਰ ਦਾਤਾ ਸਭਿ ਸ੍ਵਾਮੀ।
ਤਿਨ ਕੇ ਸੁਤ ਗਹਿਵਾਇ ਕਰਿਭਾ ਲੂਣ ਹਰਾਮੀ॥ ੩੧॥

ਵੇਖ ਕੇ ਬ੍ਰਾਹਮਣ ਨੂੰ ਪੁੱਛਦੇ ਸਨ ਤੇ ਸਾਰੇ ਗਾਲ੍ਹਾਂ ਕੱਢਦੇ ਸਨ, ਧਿਰਕਾਰ ਹੈ ਇਸ ਧ੍ਰੋਹੀ ਕ੍ਰਿਤਘਣ ਨੂੰ ਮੂਰਖ ਨੇ ਪੁਕਾਰ ਕਰਕੇ ਕੀ ਲੈ ਲਿਆ ਹੈ? ਸ੍ਰੀ ਗੁਰੂ ਗੋਬਿੰਦ ਜੀ ਜਗਤ ਦੇ ਗੁਰੂ ਹਨ ਤੇ ਸਭ ਦੇ ਦਾਤਾ ਅਤੇ ਸਵਾਮੀ ਹਨ। ਉਨ੍ਹਾਂ ਦੇ ਪੁੱਤਰਾਂ ਨੂੰ ਇਸ ਲੂਣਹਰਾਮੀ ਨੇ ਫੜਵਾ ਦਿੱਤਾ ਹੈ॥ ੩੧॥

ਲਾਖਹੁਂ ਜੀਉ ਉਧਾਰਿ ਕੈ ਹਿੰਦੁਨ ਕੀ ਰਾਖੀ।
ਦੀਨੋ ਸਿਰ ਜਿਨ ਕੇ ਪਿਤਾ ਅਰਿ ਜਰ ਹਰਿ ਕਾਂਖੀ।
ਚਰਨ ਕਮਲ ਸੁਰ ਅਸੁਰ ਗਨ ਪੂਜਹਿਂ ਜਿਨ ਕੇਰੇ।
ਰਿਖਿ ਜੋਗੀ ਉਰ ਧਯਾਨ ਧਰਿ ਗਤਿ ਲਹਤਿ ਅਛੇਰੇ॥੩੨॥

ਗੁਰੂ ਜੀ ਨੇ ਲੱਖਾਂ ਜੀਆਂ ਦਾ ਉਧਾਰ ਕੀਤਾ ਹੈ ਤੇ ਹਿੰਦੂ ਧਰਮ ਦੀ ਰਾਖੀ ਕੀਤੀ ਹੈ, ਜਿਨ੍ਹਾਂ ਦੇ ਪਿਤਾ ਜੀ ਆਪਣਾ ਸਿਰ ਦੇ ਕੇ ਜ਼ਾਲਮਾਂ ਦੀ ਜੜ੍ਹ ਦੇ ਨਾਸ਼ ਕਰਨ ਦੇ ਚਾਹਵਾਨ ਹੋਏ। ਜਿਨ੍ਹਾਂ ਦੇ ਚਰਨ ਕੰਵਲਾਂ ਨੂੰ ਦੇਵਤੇ ਅਤੇ ਦੈਂਤ ਪੂਜਦੇ ਹਨ ਤੇ ਜੋਗੀ ਰਿਸ਼ੀ ਹਿਰਦੇ ਵਿਚ ਧਿਆਨ ਧਾਰ ਕੇ ਚੰਗੀ ਗਤੀ ਪ੍ਰਾਪਤ ਕਰਦੇ ਹਨ॥ ੩੨॥

ਤਿਨਕੇ ਸੰਗ ਅਧਰਮ ਕਰਿ ਦੁਰ ਕਰਮ ਕਮਾਯੋ।
ਨਾਕ ਸਕੋਰਹਿ ਨਰਕ ਭੀ ਸਹਿ ਸਕਹਿ ਨ ਪਾਯੋ।
ਕੁੰਭੀ ਨਰਕ ਪਪਾਤ ਹ੍ਵੈ, ਤਹਿਂ ਜੀਵ ਤਪੈ ਹੈਂ।
ਤੁਝ ਸਮ ਪਾਪੀ ਦੁਤਿਯ ਨਹਿਂ ਬਡ ਸੰਕਟ ਸਹਿ ਹੈਂ॥੩੩॥

ਉਨ੍ਹਾਂ ਦੇ ਨਾਲ ਅਧਰਮ ਕਰਕੇ ਭੈੜਾ ਕਰਮ ਕਮਾਇਆ ਹੈ। ਨਰਕ ਵੀ ਨੱਕ ਵੱਟੇਗਾ ਤੇ ਤੈਨੂੰ ਆਪਣੇ ਵਿਚ ਪਾਇ ਜਾਣ 'ਤੇ ਸਹਿ ਵੀ ਨਹੀਂ ਸਕੇਗਾ। ਤੂੰ ਕੁੰਭੀ ਨਰਕ ਵਿਚ ਡਿੱਗੇਂਗਾ, ਤੇਰੇ ਵਰਗਾ ਹੋਰ ਕੋਈ ਦੂਜਾ ਪਾਪੀ ਨਹੀਂ ਹੈ, ਵੱਡਾ ਦੁੱਖ ਬਰਦਾਸ਼ਤ ਕਰੇਗਾ॥ ੩੩॥

ਬਿੱਪ੍ਰ ਜਨਮ ਚੰਡਾਲ ਕ੍ਰਿਤਿ ਕਯਾ ਕੀਨਿ ਕਸਾਈ!।
'ਲਾਖਹੁਂ ਬਾਰ ਧਿਕਾਰਤੋ ਲਹਿਂ ਅਧਿਕ ਸਜ਼ਾਈ'।

ਇਮ ਪੁਰਿ ਜਨ ਗਨ ਤਹਿਂ ਮਿਲੇ ਹੋਈ ਬਡ ਭੀਰਾ।
ਸਾਹਿਬਜ਼ਾਦੇ ਜੁਗ ਪਿਖੈਂ ਬਹੁ ਰੂਪ ਸਰੀਰਾ॥ ੩੪॥

ਬ੍ਰਾਹਮਣਾਂ ਦੇ ਘਰ ਤੂੰ ਜਨਮ ਲਿਆ ਹੈ ਤੇ ਚੰਡਾਲਾਂ ਵਾਲਾ ਕੰਮ ਕੀਤਾ ਹੈ, ਹੇ ਕਸਾਈ! ਇਹ ਤੂੰ ਕੀ ਕੀਤਾ ਹੈ, "ਲੱਖਾਂ ਵਾਰ ਤੈਨੂੰ ਧਿਰਕਾਰ ਹੈ, ਤੂੰ ਬਹੁਤ ਵੱਡੀ ਸਜ਼ਾ ਪ੍ਰਾਪਤ ਕਰੇਂਗਾ।" ਇਸ ਪ੍ਰਕਾਰ ਉਥੇ ਨਗਰ ਦੇ ਬਹੁਤ ਲੋਕ ਇਕੱਠੇ ਹੋ ਕੇ ਮਿਲੇ ਤੇ ਬਹੁਤ ਵੱਡੀ ਭੀੜ ਹੋ ਗਈ। ਦੋਵਾਂ ਸਾਹਿਬਜ਼ਾਦਿਆਂ ਨੂੰ ਵੇਖਦੇ ਸਨ ਜਿਨ੍ਹਾਂ ਦੇ ਬੜੇ ਸੁੰਦਰ ਸਰੂਪ ਸਨ॥ ੩੪॥

ਸਭਿ ਕੋ ਤਬੈ ਹਟਾਇ ਕਰਿ ਲੇ ਗਏ ਤਹਾਂ ਹੀ।
ਬੁਰਜ ਬਿਖੇ ਉਤਰੇ ਥਿਰੇ ਜਨਨੀ ਦੁਖ ਮਾਂਹੀ।
ਜਹਾਂ ਬਿਠਾਈ ਬੈਠਿਗੀ ਢਿਗ ਪੌਤ੍ਰ ਬਿਠਾਏ।
ਤੁਰਕਨਿ ਕੀ ਪਰਿ ਕੈਦ ਮਹਿਂ ਚਿਤਵਤਿ ਪਛੁਤਾਏ॥ ੩੫॥

ਫਿਰ ਸਾਰਿਆਂ ਨੂੰ ਹਟਾ ਕੇ ਉਥੇ ਹੀ ਲੈ ਗਏ, ਜਿੱਥੇ ਬੁਰਜ ਵਿਚ ਗੁਰੂ ਜੀ ਦੇ ਦੁਖੀ ਮਾਤਾ ਜੀ ਨੇ ਉਤਾਰਾ ਕਰਵਾਇਆ ਸੀ। ਸਿਪਾਹੀਆਂ ਨੇ ਜਿੱਥੇ ਬਿਠਾਇਆ ਉਥੇ ਬੈਠ ਗਏ ਤੇ ਇਕ ਪਾਸ ਪੋਤਰੇ ਵੀ ਬਿਠਾ ਲਏ। ਤੁਰਕਾਂ ਦੀ ਕੈਦ ਵਿਚ ਪੈ ਕੇ ਸੋਚ ਕੇ ਪਛਤਾਉਂਦੇ ਸਨ॥ ੩੫॥

ਕਹਾਂ ਹੋਇਗੀ ਬਾਰਤਾ ਅਰੁ ਕਹਾਂ ਕਰੈਂਗੇ?।
ਪਰੇ ਬਸੀ ਮਹਿਂ ਆਨਿਕੈ ਪਿਖਿ ਕੋਪ ਧਰੈਂਗੇ।
ਸੁਤ ਕੀ ਮਾਨੀ ਬਾਤ ਨਹਿਂ ਤੇ ਅਪਦਾ ਪਾਈ।
ਭਏ ਕ੍ਰੋਧ ਕਿਤ ਬਿਛੁਰਿਗੇ, ਜਿਨ ਸੁਧਿ ਨਹਿਂ ਕਾਈ॥ ੩੬॥

ਹੁਣ ਕੀ ਵਾਰਤਾ ਹੋਵੇਗੀ ਅਤੇ ਵੈਰੀ ਕੀ ਕਰਨਗੇ। ਏਥੇ ਪਰਾਏ ਵੱਸ ਵਿਚ ਆ ਕੇ ਪੈ ਗਏ ਹਾਂ, ਵੇਖ ਕੇ ਪੁੱਤਰ ਗੁੱਸਾ ਧਾਰਨਗੇ। ਮੈਂ ਆਪਣੇ ਪੁੱਤਰ ਦੀ ਗੱਲ ਨੂੰ ਮੰਨਿਆ ਨਹੀਂ ਹੈ, ਇਸ ਕਰਕੇ ਇਹ ਬਿਪਤਾ ਪਾਈ ਹੈ। ਕਿਸ ਤੇ ਕ੍ਰੋਧ ਕਰਨਗੇ, ਵਿਛੜ ਗਏ ਹਾਂ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਖ਼ਬਰ ਵੀ ਨਹੀਂ ਹੈ॥ ੩੬॥

ਰਹਤਿ ਦੁਰਗ ਮਹਿਂ ਲਰਤਿ ਜਬਿ ਸੁਤ ਕਹਤਿ ਬਚੰਨਾ।
ਸਪਤ ਦਿਵਸ ਮਹਿਂ ਸਕਲ ਸੁਖ, ਹਮ ਕਿਯ ਨ ਅਮੰਨਾ।
ਆਪ ਆਪ ਬਿਛੁਰੇ ਕਿਤਹੁਂ ਸਗਰੇ ਪਰਵਾਰਾ।
ਕਹਾਂ ਹੋਇ ਹੈਂ ਸ਼੍ਰੀ ਗੁਰੂ ਲੈ ਸ੍ਵਾਸ ਉਦਾਰਾ॥ ੩੭॥

ਜਦ ਅਨੰਦਪੁਰ ਵਿਚ ਕਿਲ੍ਹੇ ਵਿਚ ਲੜ ਰਹੇ ਸਨ ਤਾਂ ਪੁੱਤਰ ਨੇ ਬਚਨ ਕੀਤਾ ਸੀ, ਸੱਤ ਦਿਨਾਂ ਵਿਚ ਸਾਨੂੰ ਸਭ ਸੁਖ ਪ੍ਰਾਪਤ ਹੋ ਜਾਣਗੇ ਪਰ ਮੈਂ ਯਕੀਨ ਨਾ ਕੀਤਾ। ਸਾਰਾ ਪਰਿਵਾਰ ਵੱਖ-ਵੱਖ ਹੋ ਕੇ ਵਿਛੜ ਗਿਆ ਹੈ। ਗੁਰੂ ਜੀ ਇਸ ਵੇਲੇ ਕਿੱਥੇ ਹੋਣਗੇ, ਇਹ ਸੋਚਕੇ ਲੰਮੇ ਸਾਹ ਲੈਂਦੇ ਹਨ॥ ੩੭॥

ਰਿਦੇ ਬਸੂਰਤਿ ਮਾਤ ਬਹੁ ਲੇ ਪੌਤ੍ਰਨਿ ਅੰਕਾ।
ਬਾਰਿ ਬਿਲੋਚਨ ਤੇ ਮੁਚਤਿ ਲਹਿ ਰਿਪੁਨਿ ਅਤੰਕਾ।
ਪੁਰਿ ਮਹਿਂ ਘਰ ਘਰ ਬਾਰਤਾ ਪਸਰੀ ਸੁਧਿ ਸਾਰੇ।
ਆਇ ਹਜ਼ਾਰਹੁਂ ਹੇਰਤੇ ਕਰਿ ਹਾਹਾਕਾਰੇ॥ ੩੮॥

ਮਾਤਾ ਜੀ ਦਾ ਚਿਹਰਾ ਮੁਰਝਾਇਆ ਹੈ ਅਤੇ ਉਨ੍ਹਾਂ ਨੇ ਆਪਣੇ ਪੋਤਰਿਆਂ ਨੂੰ ਗੋਦ ਵਿਚ ਲਿਆ ਹੈ। ਅੱਖਾਂ ਵਿਚ ਪਾਣੀ ਸੁਕਦਾ ਨਹੀਂ, ਵੈਰੀਆਂ ਦਾ ਭਾਰੀ ਡਰ ਹੈ। ਨਗਰ ਵਿਚ ਘਰ-ਘਰ ਵਾਰਤਾ ਫੈਲ ਗਈ ਤੇ ਸਾਰਿਆਂ ਨੂੰ ਖਬਰ ਹੋ ਗਈ। ਹਜ਼ਾਰਾਂ ਆ ਆ ਵੇਖ ਕੇ ਹਾਹਾਕਾਰ ਮਚਾਉਂਦੇ ਸਨ॥ ੩੮॥

*ਛੇਵੀਂ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥*

# ਅਧਿਆਇ ਇਕਵੰਜਵਾਂ

*ਮਾਹੀ ਨੇ ਸਾਕਾ ਸੁਨਾਉਣਾ*

ਦੋਹਰਾ- 'ਖਾਨ ਵਜ਼ੀਦਾ ਨਿਕਸਿ ਕੈ ਆਯੋ ਸਭਾ ਸਥਾਨ।
ਬ੍ਰਿੰਦ ਚਮੂੰਪਤਿ ਮਿਲਿ ਗਏ ਬੈਠੇ ਮੇਲ ਮਹਾਨ॥ ੧॥

''ਸੂਬਾ ਵਜੀਦ ਖਾਂ ਨਿਕਲ ਕੇ ਕਚਹਿਰੀ ਵਾਲੇ ਸਥਾਨ ਤੇ ਆਇਆ। ਕਈ ਸੈਨਾਪਤੀ ਮਿਲ ਗਏ ਤੇ ਸਾਰੇ ਮਿਲ ਕੇ ਬੈਠ ਗਏ''॥ ੧॥

ਚੌਪਈ- 'ਸੁਨਿ ਪ੍ਰਭੁ' ਮਾਹੀ ਕਰਹਿ ਬਤਾਵਨ। 'ਇਕ ਸਿਖ ਮੋਕਹੁ ਕੀਨ ਸੁਨਾਵਨ।
ਜਥਾ ਜੋਗ ਮੈਂ ਬੂਝਿ ਬ੍ਰਿਤੰਤਾ। ਸੋ ਤੁਮ ਪਾਸ ਭਨੌਂ ਭਗਵੰਤਾ!॥ ੨॥

ਵਾਗੀ ਸਾਰੀ ਵਾਰਤਾ ਦੱਸ ਰਿਹਾ ਸੀ, ਉਹ ਕਹਿਣ ਲੱਗਾ, ''ਹੇ ਪ੍ਰਭੂ ਜੀ! ਸੁਣੋ ਇਹ ਸਾਰੀ ਵਾਰਤਾ ਮੈਨੂੰ ਇਕ ਸਿੱਖ ਨੇ ਸੁਣਾਈ ਹੈ। ਯਥਾ ਯੋਗ ਜਿਵੇਂ ਮੈਂ ਉਸ ਨੂੰ ਬਿਰਤਾਂਤ ਪੁੱਛਿਆ ਹੈ, ਉਸ ਪ੍ਰਕਾਰ ਹੀ ਮੈਂ ਸਤਿਗੁਰੂ ਜੀ ਤੁਹਾਡੇ ਪਾਸ ਕਹਿੰਦਾ ਹਾਂ॥ ੨॥

ਮੁਗ਼ਲ ਪਠਾਨ ਦਿਵਾਨ ਮਹਾਨਾ। ਆਨ ਥਿਰੇ ਜਹਿਂ ਸਭਾ ਸਥਾਨਾ।
ਦੂਰ ਦੂਰ ਲਗਿ ਗਿਰਦ ਸਿਰੰਦ। ਹੁਤੇ ਤਹਾਂ ਮਿਲਿ ਬੈਠੇ ਬ੍ਰਿੰਦ॥ ੩॥

ਮੁਗ਼ਲ, ਪਠਾਣ ਤੇ ਵੱਡੇ-ਵੱਡੇ ਦੀਵਾਨ ਸਭ ਸਭਾ ਵਾਲੇ ਥਾਂ ਤੇ ਆ ਕੇ ਬੈਠ ਗਏ। ਸਿਰਹੰਦ ਦੇ ਆਲੇ-ਦੁਆਲੇ ਦੂਰ ਦੂਰ ਤਕ ਜਿਹੜੇ ਹਾਕਮ ਰਹਿੰਦੇ ਸਨ, ਉਹ ਸਾਰੇ ਇਕੱਠੇ ਹੋ ਕੇ ਮਿਲ ਕੇ ਬੈਠ ਗਏ॥ ੩॥

ਹਿੰਦੂ ਖੱਤ੍ਰੀ ਬਨਕ ਕਿਤੇਕ। ਪੁਰਿ ਜਨ ਦੇਖਨਿ ਹੇਤ ਅਨੇਕ।
ਭਈ ਸਭਾ ਮਹਿਂ ਭੀਰ ਬਿਸਾਲਾ। ਬੈਠੇ ਜਾਲ, ਖਰੇ ਨਰ ਜਾਲਾ॥ ੪॥

ਕਈ ਹਿੰਦੂ ਖੱਤਰੀ ਅਤੇ ਬਾਣੀਏ ਵੀ ਸਨ, ਨਗਰ ਦੇ ਵੀ ਬਹੁਤ ਲੋਕ ਵੇਖਣ ਵਾਸਤੇ ਆਏ ਸਨ। ਸਭਾ ਵਿਚ ਵੱਡੀ ਭੀੜ ਲੱਗ ਗਈ ਸੀ। ਬਹੁਤ ਮਨੁੱਖ ਬੈਠੇ ਸਨ ਤੇ ਬਹੁਤ ਮਨੁੱਖ ਖੜੇ ਵੀ ਸਨ॥ ੪॥

ਰੰਘਰ ਗ੍ਰਾਮ ਮੋਰੰਡੇ ਬਾਸੀ। ਸੋ ਸਰਦਾਰ ਹੁਤੋ ਦਲ ਪਾਸੀ।
ਤਿਸ ਕੀ ਦਿਸ਼ਾ ਕਰੇ ਤਬਿ ਨੈਨਾ। ਬੋਲਯੋ ਤਬਿ ਵਜ਼ੀਦ ਖਾਂ ਬੈਨਾ॥੫॥

ਮੋਰਿੰਡੇ ਦਾ ਰਹਿਣ ਵਾਲਾ ਰੰਘੜ ਸਰਦਾਰ ਵਜੀਦ ਖਾਂ ਦੇ ਪਾਸ ਹੀ ਬੈਠਾ ਸੀ। ਤਦ ਵਜੀਦ ਖਾਂ ਨੇ ਉਸ ਵੱਲ ਆਪਣੀਆਂ ਅੱਖਾਂ ਕੀਤੀਆਂ ਤੇ ਬੋਲਿਆ॥ ੫॥

'ਪੁੱਤ੍ਰ ਗੁਰੂ ਕੇ ਜਹਾਂ ਬਿਠਾਏ। ਤਹਿਂ ਤੇ ਲੇ ਆਵਹੁ ਇਸ ਥਾਏਂ।
ਸਾਦਰ ਮ੍ਰਿਦੁਲ ਬਾਕ ਕਹਿ ਕਰਿਕੈ। ਦੇਹੁ ਦਿਲਾਸਾ ਲੇਹੁ ਸਿਧਰਿਕੈ' ॥ ੬ ॥

''ਜਿੱਥੇ ਵੀ ਗੁਰੂ ਜੀ ਦੇ ਪੁੱਤਰ ਬਿਠਾਏ ਹਨ, ਉਨ੍ਹਾਂ ਨੂੰ ਇਸ ਸਥਾਨ ਤੇ ਲੈ ਆਵੋ। ਅਦਬ ਨਾਲ ਮਿੱਠੇ ਬਚਨ ਕਹਿ ਕੇ, ਉਨ੍ਹਾਂ ਨੂੰ ਦਿਲਾਸਾ ਦੇ ਕੇ ਜਾ ਕੇ ਲੈ ਆਵੋ'' ॥ ੬ ॥

ਮੋਰੰਡੇਸ਼ ਸੁਨਿ ਕਰਿ ਤਹਿਂ ਗਯੋ। ਦਾਦੀ ਪੌਤ੍ਰ ਬਿਲੋਕਤਿ ਭਯੋ।
ਨਿਕਟ ਪਹੁੰਚਿ ਬੋਲਜੋ ਸੁਨਿ ਮਾਈ! ਸਭਾ ਨਬਾਬ ਲੋਕ ਸਮੁਦਾਈ॥ ੭॥

ਮੋਰਿੰਡੇ ਦਾ ਸਰਦਾਰ ਇਹ ਸੁਣ ਕੇ ਓਧਰ ਗਿਆ ਤੇ ਦਾਦੀ ਪੋਤਿਆਂ ਨੂੰ ਵੇਖਣ ਲੱਗਾ। ਨੇੜੇ ਪਹੁੰਚ ਕੇ ਕਹਿਣ ਲੱਗਾ, ''ਹੇ ਮਾਤਾ ਜੀ! ਸੁਣੋ, ਨਵਾਬ ਦੀ ਸਭਾ ਵਿਚ ਸਾਰੇ ਲੋਕ ਇਕੱਠੇ ਹੋਏ ਹਨ॥ ੭॥

ਤਿਨ ਸਭਿਹੂੰਨਿ ਹੇਰਿਬੇ ਕਾਰਨ। ਗੁਰ ਸੁਤ ਦੋਨਹੁਂ ਕਰੇ ਹਕਾਰਨ'।
ਸੁਨਤਿ ਮਾਤ ਕੰਪਤਿ ਦੁਖ ਪਾਯੋ। ਰੰਘਰ ਸੰਗ ਬਾਕ ਇਮ ਗਾਯੋ॥ ੮॥

ਉਨ੍ਹਾਂ ਸਾਰਿਆਂ ਦੇ ਵੇਖਣ ਕਾਰਨ, ਦੋਵਾਂ ਗੁਰੂ ਪੁੱਤਰਾਂ ਨੂੰ ਸਭਾ ਵਿਚ ਬੁਲਾਇਆ ਹੈ।'' ਇਹ ਸੁਣ ਕੇ ਮਾਤਾ ਜੀ ਕੰਬ ਗਏ ਤੇ ਵੱਡਾ ਦੁਖ ਪਾਇਆ ਤੇ ਰੰਘੜ ਨੂੰ ਫਿਰ ਇਸ ਪ੍ਰਕਾਰ ਕਿਹਾ॥ ੮॥

'ਗੁਰ ਕੇ ਪੁੱਤ੍ਰ ਗਏ ਤਿਨ ਸੰਗ। ਸੁਧਿ ਨ ਤਿਨਹੁਂ ਕੀ ਭਾ ਕਿਮ ਢੰਗ।
ਇਹ ਜੁਗ ਬਾਰਿਕ ਪਾਰਿਕ ਮੇਰੇ। ਬਹੁ ਪ੍ਰਤਿਪਾਰੇ ਕੀਨ ਬਡੇਰੇ' ॥ ੯ ॥

''ਗੁਰੂ ਜੀ ਦੇ ਪੁੱਤਰ ਗੁਰੂ ਜੀ ਨਾਲ ਗਏ ਸਨ, ਉਨ੍ਹਾਂ ਬਾਰੇ ਕੋਈ ਪਤਾ ਨਹੀਂ ਲੱਗਾ ਹੈ ਕਿ ਉਨ੍ਹਾਂ ਨਾਲ ਕੀ ਬੀਤੀ ਹੈ। ਇਹ ਦੋ ਪੁੱਤਰ ਮੇਰੇ ਪਾਲਕ ਹਨ, ਮੈਂ ਇਨ੍ਹਾਂ ਦੀ ਪ੍ਰਤਿਪਾਲਣਾ ਕਰਕੇ ਵੱਡੇ ਕੀਤੇ ਹਨ'' ॥ ੯ ॥

ਸੁਨਿ ਰੰਘਰ ਨੇ ਜਾਇ ਸੁਨਾਈ। 'ਪਾਰਿਕ ਮੇਰੇ ਭਾਖਤਿ ਮਾਈ'।
ਸੁੱਚਾ ਨੰਦ ਖੱਤ੍ਰੀ ਇਕ ਨੀਚ। ਬੈਠਜੋ ਤਹਾਂ ਸਭਾ ਕੇ ਬੀਚ॥ ੧੦॥

ਇਹ ਸੁਣ ਕੇ ਰੰਘੜ ਨੇ ਜਾ ਕੇ ਸੁਣਾਇਆ, ''ਮਾਤਾ ਜੀ ਕਹਿੰਦੇ ਹਨ ਕਿ ਇਹ ਬੱਚੇ ਮੇਰੇ ਪਾਲਕ ਹਨ।'' ਇਕ ਸੁੱਚਾ ਨੰਦ ਨਾਮ ਦਾ ਨੀਚ ਖੱਤਰੀ ਸੀ, ਉਸ ਸਮੇਂ ਉਹ ਸਭਾ ਵਿਚ ਬੈਠਾ ਸੀ॥ ੧੦॥

ਸੁਤਾ ਸੰਬੰਧ ਕਰਤਿ ਗੁਰ ਘਰ ਮੈਂ। ਦਿਯੋ ਹਟਾਇ ਸੁ ਪ੍ਰਥਮ ਝਗਰ ਮੈਂ।
ਯਾਂ ਤੇ ਦ੍ਵੈਸ਼ ਕਰੈ ਗੁਰ ਸੰਗ। ਸੁਨਤਿ ਸਭਾ ਮਹਿਂ ਕਹਜੋ ਕੁਢੰਗ॥ ੧੧॥

ਉਹ ਗੁਰੂ ਘਰ ਵਿਚ ਆਪਣੀ ਧੀ ਦਾ ਰਿਸ਼ਤਾ ਕਰਦਾ ਸੀ, ਉਹ ਪਹਿਲਾਂ ਝਗੜਾ ਕਰਕੇ ਹਟਾ ਦਿੱਤਾ ਸੀ। ਇਸ ਕਰਕੇ ਗੁਰੂ ਘਰ ਨਾਲ ਈਰਖਾ ਕਰਦਾ ਸੀ। ਉਸ ਨੇ ਇਹ ਸੁਣ ਕੇ ਸਭਾ ਵਿਚ ਬੜੀ ਭੈੜੀ ਗੱਲ ਕਹੀ॥ ੧੧॥

'ਪਤਿਸ਼ਾਹੀ ਲਸ਼ਕਰ ਗਨ ਗਾਰਾ। ਨਹਿਂ ਪੌਤ੍ਰਨਿ ਤਬਿ ਪਜਾਰ ਬਿਚਾਰਾ।
ਅਬਿ ਕਰਿ ਤ੍ਰਾਸ ਕਹੈ ਇਹ ਪਾਰਿਕ। ਗੁਰ ਕੇ ਪੁੱਤ੍ਰ ਬਿਦਤਿ ਏ ਬਾਰਿਕ' ॥੧੨॥

''ਬਾਦਸ਼ਾਹ ਦਾ ਸਾਰਾ ਲਸ਼ਕਰ ਹੀ ਜਿਸ ਗਾਲ੍ਹ ਦਿੱਤਾ ਹੈ, ਉਸ ਸਮੇਂ ਆਪਣੇ ਪੋਤਰਿਆਂ ਦਾ ਪਿਆਰ ਨਹੀਂ ਵਿਚਾਰਿਆ ਹੈ। ਹੁਣ ਡਰ ਕੇ ਇਹ ਕਹਿੰਦੇ ਹਨ ਕਿ ਮੇਰੇ ਪਾਲਕ ਹਨ, ਇਹ ਸਾਰੇ ਪ੍ਰਗਟ ਹੈ ਕਿ ਇਹ ਬਾਲਕ ਗੁਰੂ ਜੀ ਦੇ ਪੁੱਤਰ ਹਨ'' ॥ ੧੨ ॥

ਖਾਨ ਵਜੀਦ ਕਹਜੋ 'ਅਬਿ ਜਾਓ। ਦੋਨਹੁਂ ਗੁਰ ਨੰਦਨ ਕੋ ਲਜਾਓ।
ਮਾਤਾ ਸੰਗ ਕਹੋ ਸਮੁਝਾਏ। ਹੇਤ ਬਿਲੋਕਨ ਸਭਾ ਬੁਲਾਏ॥ ੧੩॥

ਫਿਰ ਵਜੀਦ ਖਾਨ ਨੇ ਕਿਹਾ, "ਹੁਣ ਜਾਵੋ ਤੇ ਗੁਰੂ ਜੀ ਦੇ ਦੋਵਾਂ ਪੁੱਤਰਾਂ ਨੂੰ ਲੈ ਕੇ ਆਵੋ ਤੇ ਮਾਤਾ ਜੀ ਨੂੰ ਸਮਝਾ ਕੇ ਕਹੋ ਕਿ ਸਭਾ ਵਿਚ ਕੇਵਲ ਵੇਖਣ ਕਾਰਨ ਬੁਲਾਏ ਹਨ॥ ੧੩॥

ਅਪਰ ਬਾਤ ਕੁਛ ਕਰੈਂ ਨ ਕੋਈ। ਤੁਝ ਢਿਗ ਹੀ ਪਹੁੰਚਾਵਹਿਂ ਦੋਈ'।
ਮੋਰੰਡੇਸ਼ ਰੰਘਰ ਪੁਨ ਆਯੋ। ਨਿਕਟ ਮਾਤ ਕੇ ਹੋਇ ਅਲਾਯੋ॥ ੧੪॥

ਹੋਰ ਕੋਈ ਗੱਲ ਨਹੀਂ ਕਰਾਂਗੇ, ਦੁਬਾਰਾ ਦੋਹਾਂ ਨੂੰ ਤੁਹਾਡੇ ਪਾਸ ਹੀ ਪਹੁੰਚਾ ਦੇਵਾਂਗੇ।" ਮੋਰਿੰਡੇ ਦਾ ਸਰਦਾਰ ਫਿਰ ਆਇਆ ਤੇ ਮਾਤਾ ਜੀ ਦੇ ਪਾਸ ਹੋ ਕੇ ਬੋਲਿਆ॥ ੧੪॥

'ਪਿਖਹਿ ਨਬਾਬ ਪਠਾਵੈ ਫੇਰ। ਚਾਹਤਿ ਸਭਾ ਬਿਖੇ ਇਕ ਵੇਰ'।
ਜੁਗ ਪੋਤ੍ਰੇ ਜੁਗ ਜ਼ਾਨੂ ਪਰ ਥਿਰ। ਨਿਜ ਪਟ ਤੇ ਆਛਾਦਾਨ ਤਿਨ ਕਰਿ॥੧੫॥

"ਵੇਖੋ ਨਵਾਬ ਨੇ ਦੁਬਾਰਾ ਭੇਜਿਆ ਹੈ, ਉਹ ਸਭਾ ਵਿਚ ਇਕ ਵਾਰ ਮੰਗਵਾਉਣਾ ਚਾਹੁੰਦੇ ਹਨ।" ਦੋਵੇਂ ਪੋਤਰੇ ਮਾਤਾ ਜੀ ਦੀ ਗੋਦ ਵਿਚ ਬੈਠੇ ਸਨ, ਦੋਵਾਂ ਪੋਤਰਿਆਂ ਨੇ ਮਾਤਾ ਜੀ ਦੇ ਦੋਵੇਂ ਪੱਟ ਢੱਕੇ ਹੋਏ ਸਨ॥ ੧੫॥

ਬੈਠੀ ਹੁਤੀ ਮਾਤ ਬਹੁ ਨੇਹੂ। ਬਾਰਿ ਬਿਲੋਚਨ ਬਹਜੋ ਅਛੇਹੂ।
ਤਬਿ ਜ਼ੋਰਾਵਰ ਸਿੰਘ ਹੁਇ ਸਵਧਾਨ। ਦਾਦੀ ਪਟ ਕੋ ਗਹਿ ਨਿਜ ਪਾਨ॥੧੬॥

ਮਾਤਾ ਜੀ ਬਹੁਤ ਪਿਆਰ ਨਾਲ ਪੋਤਰਿਆਂ ਸਹਿਤ ਬੈਠੀ ਸੀ ਤੇ ਅੱਖਾਂ ਵਿਚ ਜਲ ਦਾ ਪ੍ਰਵਾਹ ਚਲ ਰਿਹਾ ਸੀ। ਫਿਰ ਜ਼ੋਰਾਵਰ ਸਿੰਘ ਸਾਵਧਾਨ ਹੋਇਆ ਤੇ ਦਾਦੀ ਦੇ ਪੱਟਾਂ ਨੂੰ ਉਸ ਆਪਣੇ ਹੱਥਾਂ ਨਾਲ ਫੜਿਆ॥ ੧੬॥

ਨਿਜ ਊਪਰ ਤੇ ਕਰਜੋ ਉਤਾਰਨਿ। ਉਠਿ ਠਾਂਢੇ ਹੁਇ ਕੀਨ ਉਚਾਰਨਿ।
'ਕਜੋਂ ਦਾਦੀ ਤੂੰ ਕਰਹਿਂ ਬਿਖਾਦਾ? ਤੁਰਕਨਿ ਸੰਗ ਸਦਾ ਹਮ ਬਾਦਾ॥੧੭॥

ਆਪਣੇ ਆਪ ਨੂੰ ਪੱਟ ਉਪਰੋਂ ਉਤਾਰਿਆ ਤੇ ਖੜੇ ਹੋ ਕੇ ਉਚਾਰਨ ਕੀਤਾ, "ਦਾਦੀ ਜੀ! ਤੁਸੀਂ ਝਗੜਾ ਕਿਉਂ ਕਰਦੇ ਹੋ, ਤੁਰਕਾਂ ਨਾਲ ਸਦਾ ਸਾਡੀ ਲੜਾਈ ਰਹੀ ਹੈ॥ ੧੭॥

ਅਬਿ ਨਹਿਂ ਜਾਹਿਂ ਕਹਾਂ ਬਨਿ ਆਵੈ। ਯਾਂ ਤੇ ਉਚਿਤ ਸਭਾ ਮਹਿਂ ਜਾਵੈਂ'।
ਫਤੇ ਸਿੰਘ ਕੋ ਲੈ ਕਰਿ ਸਾਥ। ਚਲੇ ਗੁਰੂ ਸੁਤ ਜਿਮ ਨਿਸਨਾਥ॥ ੧੮॥

ਹੁਣ ਜੇ ਨਹੀਂ ਜਾਵਾਂਗੇ ਤਾਂ ਕੀ ਬਣ ਜਾਵੇਗਾ, ਇਸ ਕਰਕੇ ਇਹੀ ਉਚਿਤ ਹੈ ਕਿ ਸਭਾ ਵਿਚ ਜਾਈਏ।" ਫਤਹਿ ਸਿੰਘ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਦੇ ਦੋਵੇਂ ਪੁੱਤਰ ਇੰਝ ਚਲ ਪਏ ਜਿਵੇਂ ਦੋ ਚੰਦ ਜਾ ਰਹੇ ਹੋਣ॥ ੧੮॥

ਸੁੰਦਰ ਬਦਨ ਮ੍ਰਿਦੁਲ ਜਿਨ ਅੰਗ। ਚਪਲ ਬਿਲੋਚਨ ਚਾਰੂ ਰੰਗ।
ਸੰਮਤ ਅਲਪ ਬੈਸ ਹੈ ਜਿਨ ਕੀ। ਸੁੰਦਰ ਆਭਾ ਦੋਨਹੁਂ ਤਨ ਕੀ॥ ੧੯॥

ਜਿਨ੍ਹਾਂ ਦਾ ਸੁੰਦਰ ਮੁਖ ਸਨ ਤੇ ਕੋਮਲ ਅੰਗ ਸਨ। ਚੰਚਲ ਨੈਣਾਂ ਦਾ ਸੁੰਦਰ ਰੰਗ ਸੀ। ਥੋੜੇ ਸਾਲਾਂ ਦੀ ਜਿਨ੍ਹਾਂ ਦੀ ਉਮਰ ਸੀ, ਦੋਵਾਂ ਦੇ ਸਰੀਰਾਂ ਦੀ ਸੁੰਦਰ ਸ਼ੋਭਾ ਸੀ॥ ੧੯॥

ਝਗਲੀ ਝੀਨ ਝਮਕ ਲਗਿ ਜ਼ਰੀ। ਅੰਗ ਬਿਭੂਖਨ ਬਿਨ ਦੁਤਿ ਖਰੀ।
ਗਮਨੇ ਦੋਨਹੁਂ ਬੀਰ ਅਗਾਰੀ। ਰੰਘਰ ਚਾਲਜੋ ਤਿਨਹੁਂ ਪਿਛਾਰੀ॥ ੨੦॥

ਝੀਨ ਦੀ ਝਗਲੀ ਨੂੰ ਜ਼ਰੀ ਦੀ ਝਾਲਰ ਦਮਕਾਂ ਮਾਰ ਰਹੀ ਹੈ, ਗਹਿਣਿਆਂ ਤੋਂ ਬਿਨਾਂ ਹੀ ਅੰਗਾਂ ਦੀ ਬੜੀ ਸ਼ੋਭਾ ਸੀ। ਦੋਵੇਂ ਸੂਰਬੀਰ ਅੱਗੇ-ਅੱਗੇ ਚਲ ਪਏ, ਰੰਘੜ ਉਨ੍ਹਾਂ ਦੇ ਪਿੱਛੇ-ਪਿੱਛੇ ਚਲ ਪਿਆ॥ ੨੦॥

ਸਭਾ ਸਮੀਪ ਪਹੂਚੇ ਜਾਈ। ਮੋਰੰਡੇਸ਼ ਕਹਿ ਸਭਿਨਿ ਸੁਨਾਈ।
'ਸਾਹਿਬਜ਼ਾਦਜੋ ਪਿਤਾ ਤੁਹਾਰਾ। ਗਢ ਚਮਕੌਰ ਘੇਰਿ ਗਹਿ ਮਾਰਾ॥ ੨੧॥

ਸਭਾ ਦੇ ਪਾਸ ਪਹੁੰਚ ਗਏ, ਮੋਰਿੰਡੇ ਦੇ ਸਰਦਾਰ ਨੇ ਸਾਰਿਆਂ ਨੂੰ ਕਹਿ ਕੇ ਸੁਣਾਇਆ। "ਹੇ ਸਾਹਿਬਜ਼ਾਦਿਓ! ਤੁਹਾਡੇ ਪਿਤਾ ਜੀ ਚਮਕੌਰ ਦੀ ਗੜ੍ਹੀ ਵਿਚ ਘੇਰ ਕੇ ਮਾਰ ਦਿੱਤੇ ਹਨ॥ ੨੧॥

ਤਹਿਂ ਤੁਮਰੇ ਦ੍ਵੈ ਭ੍ਰਾਤ ਪ੍ਰਹਾਰੇ। ਸੰਗੀ ਸਿੰਘ ਸਕਲ ਸੋ ਮਾਰੇ।
ਅਬਿ ਤੁਮਰੋ ਰਾਖਾ ਨਹਿਂ ਕੋਈ। ਆਨਿ ਉਬਾਰੇ ਇਨ ਤੇ ਜੋਈ॥ ੨੨॥

ਉਥੇ ਹੀ ਤੁਹਾਡੇ ਦੋ ਭਰਾ ਵੀ ਮਾਰ ਦਿੱਤੇ ਹਨ, ਉਨ੍ਹਾਂ ਦੇ ਸਾਥੀ ਸਾਰੇ ਸਿੰਘ ਮਾਰ ਦਿੱਤੇ ਹਨ। ਹੁਣ ਤੁਹਾਡਾ ਕੋਈ ਵੀ ਰਾਖਾ ਨਹੀਂ ਰਿਹਾ ਹੈ, ਇਨ੍ਹਾਂ ਵਿਚੋਂ ਜਿਹੜਾ ਬਚ ਕੇ ਆ ਜਾਵੇ॥ ੨੨॥

ਇਹ ਨਬਾਬ ਸਰਦਾਰ ਤਮਾਮੂ। ਝੁਕਿ ਸਿਰ ਤੇ ਤੁਮ ਕਰਹੁ ਸਲਾਮੂ।
ਨਹਿਂ ਮਾਰਹਿਂਗੇ, ਲੇਹਿਂ ਬਚਾਈ। ਜੀਵਤਿ ਰਹੀਅਹਿ ਸੀਸ ਝੁਕਾਈ'॥ ੨੩॥

ਇਹ ਨਵਾਬ ਸਾਰਿਆਂ ਦਾ ਸਰਦਾਰ ਹੈ, ਇਸ ਨੂੰ ਸਿਰ ਝੁਕਾ ਕੇ ਸਲਾਮ ਕਰੋ, ਤੁਹਾਨੂੰ ਮਾਰਨਗੇ ਨਹੀਂ ਬਚਾ ਲੈਣਗੇ, ਸਿਰ ਝੁਕਾਣ ਨਾਲ ਤੁਸੀਂ ਜੀਉਂਦੇ ਰਹੋਗੇ"॥ ੨੩॥

ਸੁਨਿ ਜ਼ੋਰਾਵਰ ਸਿੰਘ ਬਨਿ ਸਵਧਾਨ। ਸਭਿਨਿ ਸੁਨਾਵਤਿ ਬਾਕ ਬਖਾਨ।
'ਸ੍ਰੀ ਸਤਿਗੁਰ ਜੋ ਪਿਤਾ ਹਮਾਰਾ। ਜਗ ਮਹਿਂ ਕੋਨ ਸਕਹਿ ਤਿਹ ਮਾਰਾ॥੨੪॥

ਇਹ ਸੁਣ ਕੇ ਜ਼ੋਰਾਵਰ ਸਿੰਘ ਸਾਵਧਾਨ ਹੋ ਗਿਆ, ਸਾਰਿਆਂ ਨੂੰ ਸੁਣਾ ਕੇ ਉਸ ਬਚਨ ਕੀਤਾ, "ਸ੍ਰੀ ਸਤਿਗੁਰੂ ਜੀ ਜਿਹੜੇ ਸਾਡੇ ਪਿਤਾ ਜੀ ਹਨ, ਉਸ ਨੂੰ ਇਸ ਜਗਤ ਵਿਚ ਕੌਣ ਮਾਰ ਸਕਦਾ ਹੈ॥ ੨੪॥

ਜਿਮ ਅਕਾਸ਼ ਕੋ ਕਜਾ ਕੁਈ ਮਾਰਹਿ। ਕੌਨ ਅੰਧੇਰੀ ਕੋ ਨਿਰਵਾਰਹਿ।
ਮੇਰੁ ਚਲਾਇ ਸਕੈ ਨਹਿਂ ਕੋਈ। ਸਸਿ ਸੂਰਜ ਨਹਿਂ ਪਕਰਨ ਹੋਈ॥ ੨੫॥

ਜਿਵੇਂ ਅਕਾਸ਼ ਨੂੰ ਕੋਈ ਕਿਵੇਂ ਮਾਰ ਸਕਦਾ ਹੈ, ਕੌਣ ਹਨੇਰੀ ਨੂੰ ਦੂਰ ਕਰ ਸਕਦਾ ਹੈ, ਸੁਮੇਰ ਪਰਬਤ ਨੂੰ ਕੋਈ ਵੀ ਚਲਾ ਨਹੀਂ ਸਕਦਾ ਹੈ, ਸੂਰਜ ਦਾ ਸਿਰ ਕੋਈ ਵੀ ਫੜ ਨਹੀਂ ਸਕਦਾ॥ ੨੫॥

ਕਰਤਾ ਪੁਰਖ ਅਕਾਲ ਕ੍ਰਿਪਾਲੂ। ਸਭਿ ਤੇ ਬਡੋ ਕਾਲ ਕੋ ਕਾਲੂ।
ਤਿਸ ਆਗੇ ਹਮ ਅਰਪੇ ਸੀਸ। ਸਕਲ ਕਲਾ ਸਮਰਥ ਜਗਦੀਸ਼॥ ੨੬॥

ਕਰਤਾ ਪੁਰਖ ਅਕਾਲ ਪੁਰਖ ਕ੍ਰਿਪਾਲੂ ਹੈ, ਸਭ ਤੋਂ ਵੱਡਾ ਉਹ ਕਾਲਾਂ ਦਾ ਕਾਲ ਹੈ। ਉਸ ਦੇ ਅੱਗੇ ਅਸੀਂ ਸਿਰ ਨਿਵਾਉਂਦੇ ਹਾਂ। ਜਗਤ ਦਾ ਮਾਲਕ ਸਰਬ ਕਲਾ ਸਮਰੱਥ ਹੈ॥ ੨੬॥

ਇਹ ਨਰ ਪਾਮਰ ਪਾਪ ਕਮਾਵੈਂ। ਕਿਮ ਇਨ ਆਗੇ ਸੀਸ ਨਿਵਾਵੈਂ।
ਸੁਨਿ ਕਰਿ ਸਭਾ ਸਕਲ ਬਿਸਮਾਈ। 'ਇਹ ਬਾਰਿਕ ਕਜਾ ਸਮੁਝਿ ਸਕਾਈ॥੨੭॥

ਇਹ ਨੀਚ ਮਨੁੱਖ ਪਾਪ ਕਮਾਉਂਦੇ ਹਨ, ਇਨ੍ਹਾਂ ਅੱਗੇ ਸਿਰ ਕਿਉਂ ਨਿਵਾਈਏ।" ਇਹ ਸੁਣ ਕੇ ਸਾਰੀ ਸਭਾ ਬਹੁਤ ਹੈਰਾਨ ਹੋਈ ਕਿ "ਇਸ ਬਾਲਕ ਨੇ ਕਿੰਨੀ ਸਮਝ ਪਾਈ ਹੈ॥ ੨੭॥

ਸ਼ੀਰ ਖੋਰ ਇਨ ਕਹਾਂ ਬਿਗਾਰਾ। ਲਰਿਬੇ ਮਿਲਿਬੇ ਨਹਿਨ ਬਿਚਾਰਾ।
ਸੁਨਤਿ ਜਰਜੋ ਖੱਤ੍ਰੀ ਮਤਿਮੰਦ। ਬੋਲਜੋ ਬਾਕ ਸੁਨਾਵਨ ਬ੍ਰਿੰਦ॥ ੨੮॥

ਇਹ ਦੁੱਧ ਪੀਂਦੇ ਬੱਚੇ ਹਨ, ਇਨ੍ਹਾਂ ਨੇ ਕੀ ਵਿਗਾੜਿਆ ਹੈ, ਲੜਨ ਤੇ ਮਿਲਣ ਬਾਰੇ ਇਨ੍ਹਾਂ ਨੂੰ ਕੋਈ ਸਮਝ ਨਹੀਂ ਹੈ।'' ਇਹ ਸੁਣ ਕੇ ਮਾੜੀ ਮੱਤ ਵਾਲਾ ਖੱਤਰੀ ਸੜ ਬਲ ਗਿਆ ਤੇ ਸਾਰਿਆਂ ਨੂੰ ਸੁਣਾਉਣ ਵਾਸਤੇ ਬੋਲਿਆ॥ ੨੮॥

'ਇਹ ਨਾਗਨ ਕੇ ਬੱਚੇ ਛੋਟੇ। ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।
ਨਹਿਂ ਨਬਾਬ ਕੋ ਕਰਹਿਂ ਸਲਾਮੂ। ਡਰਪਤਿ ਨਹੀਂ ਬਿਲੋਕਿ ਤਮਾਮੂ॥ ੨੯॥

''ਇਹ ਨਾਗਣ ਦੇ ਛੋਟੇ ਬੱਚੇ ਹਨ, ਨੌਂਹਾਂ ਤੋਂ ਸਿਰ ਤਕ ਜ਼ਹਿਰ ਨਾਲ ਭਰੇ ਅਤੀ ਖੋਟੇ ਹਨ। ਨਵਾਬ ਨੂੰ ਸਲਾਮ ਨਹੀਂ ਕਰਦੇ ਹਨ, ਸਾਰਿਆਂ ਨੂੰ ਵੇਖ ਕੇ ਡਰਦੇ ਨਹੀਂ ਹਨ॥ ੨੯॥

ਇਨ ਕੇ ਉਰ ਹੰਕਾਰ ਬਡੇਰੇ। ਕਿਮ ਇਹ ਝੁਕਹਿਂ ਨਬਾਬ ਅਗੇਰੇ'।
ਬਹੁਰ ਬਜੀਦ ਖਾਨ ਬਚ ਕਹਜੋ। 'ਭ੍ਰਾਤ ਪਿਤਾਦਿਕ ਨਹਿਂ ਕੋ ਰਹਜੋ॥ ੩੦॥

ਇਨ੍ਹਾਂ ਦੇ ਹਿਰਦੇ ਵਿਚ ਵੱਡਾ ਹੰਕਾਰ ਭਰਿਆ ਹੈ, ਇਹ ਨਵਾਬ ਦੇ ਅੱਗੇ ਕਿਵੇਂ ਝੁਕ ਸਕਦੇ ਹਨ।'' ਫਿਰ ਵਜੀਦ ਖਾਨ ਨੇ ਕਿਹਾ, ''ਭਰਾ, ਪਿਤਾ ਆਦਿ ਕੋਈ ਨਹੀਂ ਰਿਹਾ ਹੈ॥ ੩੦॥

ਦੀਨ ਬਿਖੈ ਆਵਹੁ ਤੁਮ ਅਬੈ। ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।
ਪੁਨ ਤੁਮ ਕੋ ਦੇਂ ਬਹੁ ਬਡਿਆਈ। ਗਜ ਬਾਜੀ ਅਰੁ ਧਨ ਸਮੁਦਾਈ॥ ੩੧॥

ਤੁਸੀਂ ਹੁਣ ਦੀਨ ਵਿਚ ਆ ਜਾਵੋ ਤੇ ਸਾਰੇ ਤੁਰਕ ਸ਼ਰ੍ਹਾ ਨੂੰ ਮੰਨੋ, ਫਿਰ ਤੁਹਾਨੂੰ ਬਹੁਤ ਵਡਿਆਈ ਦੇਵਾਂਗੇ, ਹਾਥੀ, ਘੋੜੇ ਅਤੇ ਬਹੁਤ ਧਨ ਦੇਵਾਂਗੇ॥ ੩੧॥

ਹਜ਼ਰਤ ਨਿਕਟ ਆਪਨੇ ਰਾਖੈ। ਪਾਲਨ ਪੋਸਨ ਕੋ ਅਭਿਲਾਖੈ।
ਦੇਹਿ ਗ੍ਰਾਮ ਕੁਛ ਬਡੋ ਬਨਾਵਹਿ। ਕੇਤਿਕ ਚਮੂੰ ਸੰਗ ਤੁਮ ਲਾਵਹਿ॥ ੩੨॥

ਬਾਦਸ਼ਾਹ ਆਪਣੇ ਪਾਸ ਰੱਖਣਗੇ, ਤੁਹਾਡੇ ਪਾਲਣ ਪੋਸ਼ਣ ਦੀ ਅਭਿਲਾਸ਼ਾ ਕਰਨਗੇ। ਕੁਝ ਪਿੰਡ ਦੇ ਕੇ ਵੱਡਾ ਬਣਾ ਦੇਣਗੇ, ਕੁਝ ਸੈਨਾ ਤੁਹਾਨੂੰ ਰੱਖਣ ਵਾਸਤੇ ਦੇਣਗੇ॥ ੩੨॥

ਜਿਮ ਹਮ ਕਰਹਿਂ ਅਧਿਕ ਸਿਰਦਾਰੀ। ਤਿਮ ਹੋਵਹੁਗੇ ਲਿਹੁ ਸੁਖ ਭਾਰੀ'।
ਸੁਨਤਿ ਜ਼ੋਰਾਵਰ ਸਿੰਘ ਰਿਸ ਆਈ। ਬੂਝਜੋ ਫਤੇ ਸਿੰਘ ਲਘੁ ਭਾਈ॥ ੩੩॥

ਜਿਵੇਂ ਅਸੀਂ ਵੱਡੀ ਸਰਦਾਰੀ ਕਰਦੇ ਹਾਂ, ਉਸ ਪ੍ਰਕਾਰ ਤੁਸੀਂ ਹੀ ਵੱਡਾ ਸੁਖ ਪ੍ਰਾਪਤ ਕਰੋਗੇ।'' ਇਹ ਸੁਣ ਕੇ ਜ਼ੋਰਾਵਰ ਸਿੰਘ ਕੁਝ ਕ੍ਰੋਧ ਵਿਚ ਆ ਗਿਆ। ਛੋਟੇ ਭਰਾ ਨੂੰ ਉਸ ਪੁੱਛਿਆ॥ ੩੩॥

'ਪਹੁੰਚਜੋ ਸਮਾਂ ਮੋਹਿ ਅਸ ਜੋਵਾ। ਗੁਰੂ ਪਿਤਾਮੇਂ ਪਰ ਜਿਮ ਹੋਵਾ।
ਸਾਬਤ ਰਹਨਿ ਬਾਤ ਹੈ ਨੀਕੀ। ਕਹੁ ਭ੍ਰਾਤਾ! ਤੂੰ ਅਪਨੇ ਜੀ ਕੀ'॥ ੩੪॥

''ਮੈਂ ਹੁਣ ਐਸਾ ਸਮਾਂ ਆ ਗਿਆ ਵੇਖਿਆ ਹੈ, ਜਿਵੇਂ ਗੁਰੂ ਪਿਤਾਮੇਂ ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ ਸੀ। ਸਾਬਤ ਰਹਿਣਾ ਹੀ ਚੰਗੀ ਗੱਲ ਹੈ, ਹੇ ਭਰਾ! ਤੂੰ ਆਪਣੇ ਦਿਲ ਦੀ ਗੱਲ ਦੱਸ''॥ ੩੪॥

ਫਤੇ ਸਿੰਘ ਸੁਨਿ ਉੱਤਰ ਦੀਨਾ। ਧਰਮ ਪਿਤਾਮੇ ਜਜੋਂ ਰਖਿ ਲੀਨਾ।
ਸੁਭ ਜਸ ਤੇ ਜਗ ਪੂਰਨ ਕੀਨਾ। ਤੀਨ ਲੋਕ ਮਹਿਂ ਸ਼ਾਕਾ ਚੀਨਾ॥ ੩੫॥

ਇਹ ਸੁਣ ਕੇ ਫ਼ਤਹਿ ਸਿੰਘ ਨੇ ਉੱਤਰ ਦਿੱਤਾ, ''ਜਿਵੇਂ ਪਿਤਾਮਾ ਜੀ ਨੇ ਆਪਣਾ ਧਰਮ ਰੱਖ ਲਿਆ ਸੀ, ਸ਼ੁਭ ਜੱਸ ਨਾਲ ਇਸ ਜਗਤ ਦਾ ਕਾਰਜ ਪੂਰਨ ਕੀਤਾ ਸੀ, ਤਿੰਨਾਂ ਲੋਕਾਂ ਵਿਚ ਉਨ੍ਹਾਂ ਦੇ ਸਾਕੇ ਨੂੰ ਜਾਣਿਆ ਗਿਆ ਸੀ॥ ੩੫॥

ਹਮ ਤੁਮ ਕੋ ਤਿਮ ਹੀ ਬਨਿ ਆਵੈ। ਸਿਰ ਦਿਹੁ ਤੁਰਕਨਿ ਮੂਲ ਗਵਾਵੈਂ।
ਹਿੰਦੂ ਧਰਮ ਜਾਗ ਹੈ ਫੇਰ। ਤਨ ਸਭਿ ਨਾਸ਼ਵੰਤ ਹੀ ਹੇਰਿ॥ ੩੬॥

ਸਾਨੂੰ ਤੁਹਾਨੂੰ ਉਸ ਤਰ੍ਹਾਂ ਹੀ ਕਰਨੀ ਬਣਦੀ ਹੈ, ਸਿਰ ਦੇ ਕੇ ਤੁਰਕਾ ਦੀ ਜੜ੍ਹ ਹੀ ਪੁੱਟ ਦੇਵਾਂਗੇ। ਫਿਰ ਹਿੰਦੂ ਧਰਮ ਜਾਗ ਪਵੇਗਾ, ਇਹ ਸਰੀਰ ਸਾਰੇ ਨਾਸ਼ਵੰਤ ਹੀ ਜਾਣੋ॥ ੩੬॥

ਦੀਨ ਬਿਖੈ ਲਜਾਵਨ ਕੇ ਹੇਤ। ਕਹਜੋ ਪਿਤਾਮੇ ਕੋ ਬਹੁ ਦੇਤਿ।
ਧਰਮ ਧੁਰੰਧਰ ਧੀਰਜ ਧਾਰੀ। ਇਨ ਕਹਿਨੇ ਪਰ ਪਨਹੀ ਮਾਰੀ॥ ੩੭॥

ਦੀਨ ਵਿਚ ਲਿਆਉਣ ਵਾਸਤੇ, ਦਾਦਾ ਜੀ ਨੂੰ ਵੀ ਬਹੁਤ ਕੁਝ ਦੇਣ ਲਈ ਕਹਿੰਦੇ ਰਹੇ ਸਨ। ਪਰ ਉੱਚ ਧਰਮ ਦੇ ਧੁਰੰਧਰ ਨੇ ਧੀਰਜ ਧਾਰਨ ਕਰ ਛੱਡਿਆ ਸੀ, ਇਨ੍ਹਾਂ ਦੇ ਕਹਿਣ ਉੱਪਰ ਜੁੱਤੀ ਮਾਰੀ ਸੀ॥ ੩੭॥

ਤਿਮ ਸ਼ਾਕਾ ਜਗ ਤੁਮ ਦਿਖਰਾਵੋ। ਮਨ ਕੋ ਥਿਰ ਕਰਿ ਨਹੀਂ ਡੁਲਾਵੋ।
ਸਰਬ ਸ਼ਿਰੋਮਣਿ ਬੰਸ ਹਮਾਰਾ। ਰਾਖਹੁ ਤਿਸ ਕੀ ਲਾਜ ਉਦਾਰਾ'॥ ੩੮॥

ਉਸ ਪ੍ਰਕਾਰ ਦਾ ਸਾਕਾ ਤੁਸੀਂ ਵੀ ਜਗਤ ਵਿਚ ਵਿਖਾਵੋ, ਮਨ ਨੂੰ ਸਥਿਰ ਕਰੋ ਤੇ ਡੁਲਾਵੋ ਨਹੀਂ। ਸਰਬ ਸ਼ਿਰੋਮਣੀ ਸਾਡਾ ਵੰਸ਼ ਹੈ, ਇਸ ਦੀ ਉੱਤਮ ਲਾਜ ਰੱਖੋ'॥ ੩੮॥

ਸੁਨੇ ਅਨੁਜ ਤੇ ਧੀਰਜ ਬੈਨ। ਕਹਜੋ ਜ਼ੋਰਾਵਰ ਸਿੰਘ ਰਿਸ ਨੈਨ।
'ਸ਼ਰ੍ਹਾ ਸੀਸ ਹਮ ਪਨਹੀ ਮਾਰੈਂ। ਧਰਮ ਆਪਨੋ ਨਹੀਂ ਬਿਗਾਰੈਂ॥ ੩੯॥

ਜਦ ਆਪਣੇ ਛੋਟੇ ਭਰਾ ਦੇ ਧੀਰਜ-ਭਰੇ ਬਚਨ ਸੁਣੇ ਤਾਂ ਜ਼ੋਰਾਵਰ ਸਿੰਘ ਗੁੱਸੇ ਭਰੇ ਨੈਣ ਕਰਕੇ ਬੋਲਿਆ, "ਸ਼ਰ੍ਹਾ ਦੇ ਸਿਰ ਅਸੀਂ ਜੁੱਤੀ ਮਾਰਦੇ ਹਾਂ, ਅਸੀਂ ਆਪਣਾ ਧਰਮ ਨਹੀਂ ਵਿਗਾੜਾਂਗੇ॥ ੩੯॥

ਹਮਰੇ ਬੰਸ ਰੀਤਿ ਇਮ ਆਈ। ਸੀਸ ਦੇਤਿ ਪਰ ਧਰਮ ਨ ਜਾਈ।
ਤੁਮਰੀ ਜਰਾਂ ਉਖਾਰਨਿ ਹੇਤ। ਹਮ ਨਹਿੰ ਡਰਪਹਿੰਗੇ ਸਿਰ ਦੇਤਿ॥ ੪੦॥

ਸਾਡੇ ਵੰਸ਼ ਵਿਚ ਇਸ ਪ੍ਰਕਾਰ ਰੀਤ ਚਲਦੀ ਆਈ ਹੈ, ਅਸੀਂ ਆਪਣਾ ਸਿਰ ਦੇ ਦਿੰਦੇ ਹਾਂ, ਪਰ ਆਪਣਾ ਧਰਮ ਨਹੀਂ ਹਾਰਦੇ। ਤੁਹਾਡੀਆਂ ਜੜ੍ਹਾਂ ਪੁੱਟਣ ਵਾਸਤੇ ਅਸੀਂ ਸਿਰ ਦੇਣ ਤੋਂ ਕਦੀ ਵੀ ਨਹੀਂ ਡਰਾਂਗੇ॥ ੪੦॥

ਕਹਾਂ ਮੰਦ ਮਤਿ! ਤੂੰ ਬਿਰਮਾਵੈਂ। ਕੂਰ ਪਦਾਰਥ ਪਰ ਨ ਲੁਭਾਵੈਂ।
ਧਰਮ ਸਾਚ ਹੈ ਸਦ ਹੀ ਸੰਗ। ਕੋ ਅਸ ਮੂਰਖ ਕਰਹਿ ਜੁ ਭੰਗ॥ ੪੧॥

ਓਏ ਮਾੜੀ ਮੱਤ ਵਾਲੇ ਕਿੱਥੇ ਭੁੱਲਾ ਫਿਰਦਾ ਹੈਂ, ਝੂਠੇ ਪਦਾਰਥਾਂ ਪਿੱਛੇ ਅਸੀਂ ਲੋਭ ਵਿਚ ਨਹੀਂ ਆਉਂਦੇ। ਸੱਚਾ ਧਰਮ ਸਦਾ ਸਾਡੇ ਨਾਲ ਹੈ, ਕਿਹੜਾ ਐਸਾ ਮੂਰਖ ਹੈ ਜਿਹੜਾ ਇਸ ਨੂੰ ਭੰਗ ਕਰੇ॥ ੪੧॥

ਬਡੇ ਗੁਰੂ ਕੀ ਅਗਨਿ ਅਵੱਗਜਾ। ਦਾਹਨ ਤੁਰਕ ਜਰਨ ਕੋ ਲੱਗਜਾ।
ਹਮ ਸਿਰ ਦੈਬੇ ਬਾਯੁ ਬਡੇਰ। ਜਾਰਹਿ ਛਾਰ ਕਰਹਿ ਨਹਿੰ ਦੇਰ'॥ ੪੨॥

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਵੱਗਿਆ ਦੀ ਅਗਨੀ ਤੁਰਕਾਂ ਦੀਆਂ ਜੜ੍ਹਾਂ ਸਾੜਨ ਲੱਗੀ ਹੋਈ ਹੈ। ਸਾਡੇ ਸਿਰ ਦੇਣ ਨਾਲ ਵੱਡੀ ਹਵਾ ਝੁਲੇਗੀ, ਤੁਰਤ ਤੁਰਕਾਂ ਨੂੰ ਸਾੜ ਦੇਵੇਗੀ, ਕਿਸੇ ਪ੍ਰਕਾਰ ਦੀ ਵੀ ਦੇਰ ਨਹੀਂ ਕਰੇਗੀ'॥ ੪੨॥

ਸੁਨਤਿ ਜ਼ੋਰਾਵਰ ਸਿੰਘ ਕੀ ਬਾਨੀ। ਹਿੰਦੂ ਤੁਰਕ ਸਭਾ ਬਿਸਮਾਨੀ।
'ਕਜੋਂ ਨ ਕਹੈਂ ਗੁਰ ਕੇ ਸੁਤ ਅਹੈਂ। ਜਿਨ ਉਪਦੇਸ਼ੇ ਸ਼ੁਭ ਗਤਿ ਲਹੈਂ'॥ ੪੩॥

ਜ਼ੋਰਾਵਰ ਸਿੰਘ ਦੇ ਬਚਨ ਸੁਣ ਕੇ, ਹਿੰਦੂ ਤੁਰਕਾਂ ਦੀ ਸਭਾ ਬਹੁਤ ਹੈਰਾਨ ਹੋਈ। "ਕਿਉਂ ਨਾ ਅਜਿਹੇ ਬਹਾਦਰੀ ਦੇ ਸ਼ਬਦ ਕਹਿੰਦੇ, ਸਤਿਗੁਰੂ ਜੀ ਦੇ ਪੁੱਤਰ ਹਨ, ਜਿਨ੍ਹਾਂ ਦੇ ਉਪਦੇਸ਼ਾਂ ਨਾਲ ਸ਼ੁਭ ਗਤੀ ਪ੍ਰਾਪਤ ਹੁੰਦੀ ਹੈ" ॥ ੪੩ ॥

ਸਿਖ ਸੰਗਤ ਹਿੰਦੂ ਤਹਿਂ ਸਬੈ। ਧੰਨ ਧੰਨ ਬੋਲਤਿ ਭੇ ਤਬੈ।
ਤੁਰਕ ਜਰੇ ਉਰ ਜਰੇ ਨ ਕੈਸੇ। ਪਾਵਸ ਪਰੇ ਜਵਾਸਾ ਜੈਸੇ॥ ੪੪॥

ਸਿੱਖ ਸੰਗਤ ਅਤੇ ਉਥੇ ਜਿਹੜੇ ਸਾਰੇ ਹਿੰਦੂ ਸਨ, ਉਹ ਸਾਰੇ ਧੰਨ ਧੰਨ ਸਤਿਗੁਰੂ ਜੀ ਦੇ ਪੁੱਤਰ ਕਹਿਣ ਲੱਗੇ। ਸਾਰੇ ਤੁਰਕ ਸੜ ਗਏ, ਹਿਰਦੇ ਵਿਚ ਕਿਵੇਂ ਜਰਦੇ। 'ਜਵਾਸਾ ਨਾਮੀ ਘਾਹ ਜਿਵੇਂ ਬਾਰਸ਼ ਪੈਣ ਨਾਲ ਸੜ ਜਾਂਦਾ ਹੈ॥ ੪੪॥

ਖਾਨ ਵਜੀਦੇ ਨੈਨ ਤਰੇਰੇ। 'ਡਰਤਿ ਨਹੀਂ ਕਿਮ ਕਹੈਂ ਕਰੇਰੇ।
ਇਨ ਕੋ ਅਬਿ ਦੈ ਹੈਂ ਮਰਿਵਾਇ'। ਇਮ ਨਿਸ਼ਚੈ ਕਰਿ ਰਿਸ ਕੋ ਪਾਇ॥੪੫॥

ਵਜੀਦ ਖਾਨ ਨੇ ਤਾੜਨਾ ਵਾਲੀਆਂ ਅੱਖਾਂ ਕੀਤੀਆਂ, "ਡਰਦੇ ਨਹੀਂ ਸਗੋਂ ਕੈਸੇ ਕਰੜੇ ਬੋਲ ਬੋਲਦੇ ਹਨ। ਇਨ੍ਹਾਂ ਨੂੰ ਹੁਣੇ ਮਰਵਾ ਦਿੰਦੇ ਹਾਂ" ਇਸ ਪ੍ਰਕਾਰ ਨਿਸ਼ਚਾ ਕਰਕੇ, ਗੁੱਸੇ ਵਿਚ ਆ ਗਿਆ॥ ੪੫॥

*ਛੇਵੀਂ ਰੁੱਤ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥ ੫੧॥*

## *ਅਧਿਆਇ ਬਵੰਜਵਾਂ*

### *ਸਰਾਪ ਦੇਣਾ*

ਦੋਹਰਾ- 'ਖੱਤ੍ਰੀ ਝੂਠਾਨੰਦ ਤਬਿ ਕਹਿ ਨਬਾਬ ਕੇ ਸਾਥ।
'ਦੇਖਹੁ ਕਿਮ ਇਹ ਬੋਲਤੇ ਡਰਤਿ ਨ ਜੋਰਤਿ ਹਾਥ॥ ੧॥

ਖੱਤਰੀ ਝੂਠਾ ਨੰਦ ਨੇ ਫਿਰ ਨਵਾਬ ਨੂੰ ਕਿਹਾ, "ਵੇਖੋ ਇਹ ਕਿਵੇਂ ਬੋਲਦੇ ਹਨ, ਡਰ ਮੰਨ ਕੇ ਹੱਥ ਨਹੀਂ ਜੋੜਦੇ ਹਨ॥ ੧॥

ਚੌਪਈ- ਬਡੇ ਹੋਇੰਗੇ ਪਿਤਾ ਸਮਾਨਾ। ਲਾਖਹੁਂ ਲਸ਼ਕਰ ਕੀਨਸਿ ਹਾਨਾ।
ਨਿਤ ਊਧਮ ਕੋ ਦੇਸ਼ ਉਠਾਵੈਂ। ਏਹ ਨਹਿਂ ਕਜੋਂਹੂੰ ਸੀਸ ਨਿਵਾਵੈਂ॥੨॥

ਵੱਡੇ ਹੋ ਕੇ ਇਹ ਵੀ ਪਿਤਾ ਵਾਂਗ ਹੋਣਗੇ, ਜਿਨ੍ਹਾਂ ਨੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਨੂੰ ਤਬਾਹ ਕਰ ਦਿੱਤਾ ਹੈ। ਦੇਸ਼ ਵਿਚ ਸਦਾ ਊਧਮ ਉਠਾਉਣਗੇ, ਇਹ ਕਿਵੇਂ ਵੀ ਸਿਰ ਨਹੀਂ ਨਿਵਾਉਣਗੇ॥ ੨॥

ਅਬਿ ਪਕਰੇ ਬਸ ਆਇ ਤੁਮਾਰੇ। ਛੂਟ ਨ ਜਾਹਿਂ ਮਵਾਸ ਮਝਾਰੇ।
ਇਨਕੋ ਅਪਰ ਨਹੀਂ ਉਪਚਾਰੂ। ਕਰੋ ਹੁਕਮ ਕਿਹ, ਕਰੈ ਪ੍ਰਹਾਰੂ॥੩॥

ਹੁਣ ਫੜੇ ਗਏ ਹਨ ਤੇ ਤੁਹਾਡੇ ਵੱਸ ਵਿਚ ਆ ਗਏ ਹਨ। ਇਹ ਛੁੱਟ ਕੇ ਕਿਸੇ ਆਕੀ ਥਾਂ 'ਤੇ ਨਾ ਚਲੇ ਜਾਣ। ਇਨ੍ਹਾਂ ਦਾ ਹੋਰ ਕੋਈ ਇਲਾਜ ਨਹੀਂ ਹੈ, ਕਿਸੇ ਨੂੰ ਹੁਕਮ ਕਰੋ ਜਿਹੜਾ ਇਨ੍ਹਾਂ ਨੂੰ ਮਾਰ ਦੇਵੇ"॥ ੩॥

ਹੁਤੇ ਸਭਾ ਮਹਿਂ ਖਾਨ ਮਲੇਰੀ। ਹਤਹਿ ਜਾਨਿ ਬੋਲੇ ਤਿਸ ਬੇਰੀ।
'ਬਾਲਕ ਸ਼ੀਰ ਖੋਰ ਕਜਾ ਦੋਸ਼। ਹਾਨ ਲਾਭ ਕੀ ਇਨਹਿ ਨ ਹੋਸ਼'॥੪॥

ਉਸ ਸਮੇਂ ਸਭਾ ਵਿਚ ਮਲੇਰਕੋਟਲੇ ਦਾ ਖਾਨ ਬੈਠਾ ਸੀ, ਇਹ ਜਾਣ ਕੇ ਕਿ ਨਵਾਬ ਇਨ੍ਹਾਂ ਨੂੰ ਮਾਰ ਦੇਵੇਗਾ, ਉਹ ਓਸੇ ਵੇਲੇ ਬੋਲਿਆ, "ਦੁੱਧ ਪੀਂਦੇ ਬੱਚਿਆਂ ਦਾ ਕੀ ਦੋਸ਼ ਹੈ, ਇਨ੍ਹਾਂ ਨੂੰ ਹਾਣ ਲਾਭ ਦੀ ਕੋਈ ਸਮਝ ਨਹੀਂ ਹੈ" ॥ ੪ ॥

ਸੁਨਿ ਪਾਪੀ ਤਬਿ ਏਵ ਨਵਾਬ। ਇਤ ਉਤ ਦੇਖਨ ਲਗ੍ਯੋ ਸ਼ਤਾਬ।
ਜੋ ਨਰ ਸਨਮੁਖ ਕਿਨਹੁੰ ਨ ਮਾਨੀ। 'ਹਮ ਤੇ ਬਾਲਕ ਹੋਇੰ ਨ ਹਾਨੀ' ॥ ੫ ॥

ਜਦ ਪਾਪੀ ਨਵਾਬ ਨੇ ਇਸ ਪ੍ਰਕਾਰ ਸੁਣਿਆ ਤਾਂ ਛੇਤੀ-ਛੇਤੀ ਏਧਰ ਓਧਰ ਵੇਖਣ ਲੱਗਾ। ਜੋ ਸਾਹਮਣੇ ਬੈਠੇ ਮਨੁੱਖਾਂ ਵਿਚੋਂ ਕਿਸੇ ਵੀ ਨਾ ਮੰਨਿਆ ਤਾਂ "ਸਾਥੋਂ ਇਹ ਬਾਲਕ ਮਾਰੇ ਨਹੀਂ ਜਾਣਗੇ" ॥ ੫ ॥

ਬਹੁਰ ਦਾਹਿਨੀ ਦਿਸ਼ ਜਬਿ ਹੇਰਾ। ਨੀਵਗ੍ਰੀਵ ਕਰਿ ਥਿਰ ਤਿਸ ਬੇਰਾ।
ਬਾਮੇ ਦਿਸ਼ ਤਬਿ ਦ੍ਰਿਸ਼ਟਿ ਚਲਾਈ। ਨਹਿੰ ਕਿਨ ਮਾਨੀ ਗਿਰਾ ਅਲਾਈ ॥ ੬ ॥

ਫਿਰ ਜਦ ਸੱਜੇ ਪਾਸੇ ਵੇਖਿਆ ਤਾਂ ਧੌਣ ਨੀਵੀਂ ਕਰਕੇ ਉਸ ਸਮੇਂ ਸਾਰੇ ਬੈਠੇ ਸਨ। ਫਿਰ ਖੱਬੇ ਪਾਸੇ ਨਿਗਾਹ ਫੇਰੀ, ਤਾਂ ਨਾ ਕਿਸੇ ਮੰਨੀ ਅਤੇ ਨਾ ਹੀ ਕੋਈ ਬੋਲਿਆ ॥ ੬ ॥

ਪਾਛਲ ਦਿਸ਼ਿ ਖਲ ਬਾਂਛਤ ਬੇਗ। ਗਿਲਜਾ ਪਸ਼ਚਮ ਕੋ ਯੁਤਿ ਬੇਗ।
'ਲਿਹੁ ਬਾਲਕ ਇਤ ਦਿਸ਼ ਮਹਿਂ ਹੋਇ। ਧਰ ਤੇ ਜੁਦੇ ਕਰਹੁ ਸਿਰ ਦੋਇ ॥ ੭ ॥

ਮੂਰਖ ਨਵਾਬ ਨੇ ਕਾਹਲੀ ਨਾਲ ਪਿਛਲੇ ਪਾਸੇ ਵਲ ਵੇਖਿਆ ਤਾਂ ਪੱਛਮ ਦਾ ਇਕ ਉੱਦਮੀ ਗਿਲਜਾ ਉਸ ਨੂੰ ਦਿੱਸਿਆ ਜਿਸ ਨੂੰ ਕਹਿਣ ਲੱਗਾ, "ਬਾਲਕਾਂ ਨੂੰ ਲੈ ਕੇ ਇਕ ਪਾਸੇ ਹੋ ਜਾਵੇ ਤੇ ਦੋਵਾਂ ਦੇ ਸਿਰ ਧੜ ਨਾਲੋਂ ਵੱਖ ਕਰ ਦੇਵੇ ॥ ੭ ॥

ਰਾਖਨ ਕੀ ਲਾਯਕ ਇਹ ਨਾਂਹੀ। ਪਾਇਂ ਫਤੂਰ ਦੇਸ਼ ਕੇ ਮਾਂਹੀ'।
ਸੁਨਿ ਗਿਲਜਾ ਤਬਿ ਲੇ ਕਰਿ ਗਯੋ। ਓਟ ਸਭਾ ਕੇ ਹੋਵਤਿ ਭਯੋ ॥ ੮ ॥

ਇਹ ਰੱਖਣ ਦੇ ਲਾਇਕ ਨਹੀਂ ਹਨ, ਇਹ ਦੇਸ਼ ਵਿਚ ਵੱਡਾ ਫਤੂਰ ਖੜਾ ਕਰਨਗੇ।" ਇਹ ਸੁਣ ਕੇ ਫਿਰ ਗਿਲਜਾ ਉਨ੍ਹਾਂ ਨੂੰ ਲੈ ਕੇ ਗਿਆ ਤੇ ਸਭਾ ਦੇ ਉਹਲੇ ਹੋ ਗਿਆ ॥ ੮ ॥

ਪਾਪੀ ਨਿਰਦਜਾਲੂ ਮਤਿ ਮੰਦ। ਗਹਿ ਖੈਂਚੀ ਸ਼ਮਸ਼ੇਰ ਬਿਲੰਦ।
ਧੀਰਜ ਧਰੇ ਗੁਰੂ ਸੁਤ ਖਰੇ। ਨਹੀਂ ਦੀਨ ਮਨ ਕੈਸਿਹੁਂ ਕਰੇ ॥ ੯ ॥

ਪਾਪੀ, ਦਇਆ-ਰਹਿਤ, ਮਾੜੀ ਮੱਤ ਵਾਲੇ ਨੇ ਫਿਰ ਵੱਡੀ ਤਲਵਾਰ ਮਿਆਨ ਵਿਚੋਂ ਬਾਹਰ ਖਿੱਚੀ। ਗੁਰੂ ਜੀ ਦੇ ਪੁੱਤਰ ਧੀਰਜ ਧਾਰ ਕੇ ਖੜੇ ਰਹੇ, ਕਿਸੇ ਪ੍ਰਕਾਰ ਵੀ ਉਨ੍ਹਾਂ ਆਪਣੇ ਮਨਾਂ ਨੂੰ ਦੀਨ ਨਾ ਕੀਤਾ ॥ ੯ ॥

ਧਰਮ ਹੇਤ ਸਿਰ ਚਾਹਤਿ ਦੀਯੋ। ਤੁਰਕਨਿ ਜਰਾਂ ਬਿਨਾਸ਼ੀ ਕੀਯੋ।
ਸਿਮਰਹਿਂ ਬਾਤ ਪਿਤਾਮੇ ਕੇਰੀ। ਲਾਜ ਬੰਸ ਕੀ ਚਹੈਂ ਬਡੇਰੀ ॥ ੧੦ ॥

ਧਰਮ ਵਾਸਤੇ ਉਹ ਸਿਰ ਦੇਣਾ ਚਾਹੁੰਦੇ ਸਨ, ਤੁਰਕਾਂ ਦੀ ਜੜ੍ਹ ਨਾਸ਼ ਕਰਨੀ ਚਾਹੁੰਦੇ ਸਨ। ਆਪਣੇ ਦਾਦਾ ਜੀ ਦੀ ਗੱਲ ਯਾਦ ਕਰਦੇ ਸਨ, ਆਪਣੇ ਵੱਡੇ ਵੰਸ਼ ਦੀ ਲਾਜ ਰੱਖਣੀ ਚਾਹੁੰਦੇ ਸਨ ॥ ੧੦ ॥

ਅਧਮ ਤਬੈ ਤਰਵਾਰ ਚਲਾਈ। ਸਿਰ ਜ਼ੋਰਾਵਰ ਸਿੰਘ ਦਯੋ ਗਿਰਾਈ।
ਬਹੁਰ ਦੂਸਰੋ ਵਾਰ ਪ੍ਰਹਾਰਾ। ਫਤੇ ਸਿੰਘ ਕੋ ਸੀਸ ਉਤਾਰਾ ॥ ੧੧ ॥

ਪਾਪੀ ਨੇ ਫਿਰ ਤਲਵਾਰ ਚਲਾਈ ਤੇ ਜ਼ੋਰਾਵਰ ਸਿੰਘ ਦਾ ਸਿਰ ਡੇਗ ਦਿੱਤਾ। ਫਿਰ ਦੂਸਰਾ ਵਾਰ ਕੀਤਾ ਤੇ ਬਾਬਾ ਫਤਹਿ ਸਿੰਘ ਦਾ ਸੀਸ ਲਾਹ ਦਿੱਤਾ ॥ ੧੧ ॥

ਹਾਹਾਕਾਰ ਜਹਾਂ ਕਹਿਂ ਭਯੋ। ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।
ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਿਯੋ ਉਤਾਰੀ॥ ੧੨ ॥

ਜਿੱਥੇ ਕਿੱਥੇ ਹਾਹਾਕਾਰ ਮੱਚ ਗਈ ਤੇ ਜੈ ਜੈ ਦਾ ਸ਼ਬਦ ਦੇਵਤਿਆਂ ਵਿਚ ਗੂੰਜਿਆ। ਧੰਨ ਗੁਰੂ ਜੀ ਦੇ ਪੁੱਤਰ ਹਨ ਜਿਨ੍ਹਾਂ ਏਨਾ ਧੀਰਜ ਧਾਰਨ ਕੀਤਾ ਹੈ। ਧਰਮ ਵਾਸਤੇ ਆਪਣੇ ਸਿਰ ਵਾਰ ਦਿੱਤੇ ਹਨ॥ ੧੨ ॥

ਅਲਪ ਆਰਬਲ ਪਕਰੇ ਹੋਏ। ਦ੍ਰਿੜ੍ਹਤਾ ਅਪਰ ਕਰਹਿ ਇਮ ਕੋਏ ?
ਤੁਰਕਨ ਜਰਾਂ ਬਿਨਾਸੀ ਕਰਿਕੈ। ਗਏ ਗੁਰੂ ਪੁਰਿ ਆਨੰਦ ਧਰਿਕੈ॥ ੧੩ ॥

ਛੋਟੀ ਉਮਰ ਸੀ ਫਿਰ ਫੜੇ ਹੋਏ ਸਨ, ਇਨ੍ਹਾਂ ਵਰਗੀ ਹੋਰ ਕੌਣ ਦ੍ਰਿੜ੍ਹਤਾ ਕਰ ਸਕਦਾ ਹੈ ? ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ ਅਨੰਦ ਧਾਰ ਕੇ ਗੁਰੂ ਪੁਰੀ ਵਿਚ ਚਲੇ ਗਏ॥ ੧੩ ॥

ਕਰੇ ਕਲੰਕਤਿ ਰਿਪੁ ਕੁਲ ਸਾਰੇ। ਰਾਜ ਤੇਜ ਕੋ ਛੀਨਸਿ ਸਾਰੇ।
ਤਿਸ ਛਿਨ ਤੁਰਕ ਹਿੰਦੂ ਤਹਿਂ ਝਾਰੀ। ਖੱਤ੍ਰੀ ਕੋ ਬਹੁ ਦੇਵਤਿ ਗਾਰੀ॥ ੧੪ ॥

ਸਾਰੇ ਵੈਰੀਆਂ ਦੀ ਕੁਲ ਨੂੰ ਕਲੰਕਤ ਕਰ ਦਿੱਤਾ ਤੇ ਉਨ੍ਹਾਂ ਦਾ ਸਾਰਾ ਰਾਜ ਤੇਜ ਖੋਹ ਲਿਆ। ਉਸ ਸਮੇਂ ਸਾਰੇ ਹਿੰਦੂ ਤੁਰਕ ਸੁੱਚਾ ਨੰਦ ਖੱਤਰੀ ਨੂੰ ਗਾਲ੍ਹਾਂ ਕੱਢਦੇ ਸਨ॥ ੧੪ ॥

'ਇਹ ਦੋਖੀ ਹੈ ਬਡੋ ਚੰਡਾਲਾ। ਦੇਖੇ ਬਾਲਿਕ ਕਹਯੋ ਕਰਾਲਾ'।
ਸਿਖ ਸੰਗਤਿ ਕਰਿ ਹਾਹਾਕਾਰੇ। ਜਾਨੀ ਤੁਰਕਨ ਜਰਾਂ ਉਪਾਰੇ॥ ੧੫ ॥

''ਇਹ ਦੋਖੀ ਵੱਡਾ ਚੰਡਾਲ ਹੈ, ਇਹ ਬਾਲਕ ਵੇਖੇ ਹਨ ਜਿਨ੍ਹਾਂ ਨੇ ਭਿਆਨਕ ਬਚਨ ਕਹੇ ਹਨ।'' ਸਿੱਖ ਸੰਗਤ ਹਾਹਾ-ਕਾਰ ਕਰ ਰਹੀ ਸੀ, ਉਹ ਇਹ ਜਾਣ ਗਏ ਕਿ ਹੁਣ ਤੁਰਕਾਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ॥ ੧੫ ॥

ਇਕ ਸਿਖ ਟੋਡਰ ਮਲ ਬਹੁ ਧਨੀ। ਸਾਹਿਬਜ਼ਾਦੇ ਪਕਰਨਿ ਸੁਨੀ।
ਰਿਦੈ ਬਿਚਾਰਯੋ 'ਧਨ ਗਨ ਦੈਕੈ। ਤੁਰਕਨਿ ਤੇ ਛੁਰਵਾਵਨਿ ਕੈ ਕੈ॥ ੧੬ ॥

ਇਕ ਟੋਡਲ ਮਲ ਨਾਮੀ ਸਿੱਖ ਬਹੁਤ ਅਮੀਰ ਸੀ, ਜਦ ਉਸ ਨੇ ਸਾਹਿਬਜ਼ਾਦਿਆਂ ਦੇ ਫੜਨ ਬਾਰੇ ਸੁਣਿਆ ਤਾਂ ਉਸ ਦਿਲ ਵਿਚ ਵਿਚਾਰ ਕੀਤੀ ਕਿ ''ਬਹੁਤ ਧਨ ਦੇ ਕੇ ਤੁਰਕਾਂ ਪਾਸੋਂ ਛੁਡਵਾ ਲਵਾਂਗਾ॥ ੧੬ ॥

ਜਹਾਂ ਗੁਰੂ ਤਹਿਂ ਦੇਉਂ ਪੁਚਾਈ। ਪਾਵੌਂ ਜਗਤ ਬਿਖੈ ਬਡਿਆਈ।
ਕਹਾਂ ਦਰਬ ਜੋ ਸਰਬ ਬਿਨਾਸ਼ੀ। ਗੁਰ ਪਦਵੀ ਦੈ ਹੈਂ ਅਬਿਨਾਸ਼ੀ' ॥ ੧੭ ॥

ਜਿਥੇ ਗੁਰੂ ਜੀ ਹਨ, ਉਥੇ ਪਹੁੰਚਾ ਦੇਵਾਂਗਾ ਤੇ ਸਾਰੇ ਜਗਤ ਵਿਚ ਵਡਿਆਈ ਪਾਵਾਂਗਾ। ਧਨ ਦਾ ਕੀ ਹੈ, ਸਾਰਾ ਨਾਸ਼ ਹੋ ਜਾਣਾ ਹੈ, ਗੁਰੂ ਜੀ ਮੈਨੂੰ ਅਮਰ ਪਦਵੀ ਬਖਸ਼ਣਗੇ''॥ ੧੭ ॥

ਕਰਤਿ ਉਤਾਇਲ ਕੇ ਚਲਿ ਆਵਾ। ਸਭਾ ਬਿਖੈ ਦੇਖਤਿ ਦੁਖ ਪਾਵਾ।
ਸੁਨੀ ਨਰਨ ਤੇ ਇਨਹੁਂ ਪ੍ਰਹਾਰੇ। ਪਰਮ ਦੁਖੀ ਚਿਤ ਮਹਿਂ ਤਿਸ ਬਾਰੇ॥ ੧੮ ॥

ਉਹ ਬੜੀ ਕਾਹਲੀ ਨਾਲ ਚਲ ਕੇ ਆਇਆ, ਪਰ ਸਭਾ ਵਿਚ ਵੇਖ ਕੇ ਉਸ ਬੜਾ ਦੁਖ ਪਾਇਆ। ਉਸ ਬਾਹਰ ਲੋਕਾਂ ਪਾਸੋਂ ਸੁਣਿਆ ਕਿ ਬਾਲਕਾਂ ਨੂੰ ਸ਼ਹੀਦ ਕਰ ਦਿੱਤਾ ਹੈ, ਉਸ ਸਮੇਂ ਉਹ ਚਿੱਤ ਵਿਚ ਬਹੁਤ ਦੁਖੀ ਹੋਇਆ॥ ੧੮ ॥

ਹੋਯਹੁ ਤਬਿ ਉਤਪਾਤ ਬਿਸਾਲਾ। ਕੰਪੀ ਧਰਤ ਆਇ ਭੂੰਚਾਲਾ।
ਐਂਚਤਿ ਕੰਕਰ ਧੂਰ ਘਨੇਰੀ। ਬਹੀ ਬਾਯੁ ਬਹੁ ਬੇਰ ਕੁਵੇਰੀ॥ ੧੯ ॥

ਉਸ ਸਮੇਂ ਵਿਸ਼ਾਲ ਆਵਤ ਆਈ, ਧਰਤੀ ਕੰਬ ਗਈ ਅਤੇ ਭੁਚਾਲ ਆ ਗਿਆ। ਬਹੁਤ ਹਨੇਰੀ ਚਲ ਪਈ ਅਤੇ ਵੱਡਾ ਤੂਫਾਨ ਆਇਆ, ਧੂੜ ਅਤੇ ਕੰਕਰ ਉੱਡ ਰਹੇ ਸਨ॥ ੧੯॥

ਸਭਿਹਿਨਿ ਕੇ ਲੋਚਨ ਰਜ ਪਰੀ। ਕੂਕੀ ਵਹਿਰ ਸ਼ਿਵਾ ਮੁਦ ਭਰੀ।
ਬਿਨ ਘਨ ਗਰਜ ਗਗਨ ਤੇ ਸੁਨੀ। ਸਭਿ ਪਛੁਤਾਵਤਿ ਮੁੰਡੀ ਧੁਨੀ॥ ੨੦॥

ਸਾਰਿਆਂ ਦੇ ਨੈਣਾਂ ਵਿਚ ਘੱਟਾ ਭਰ ਗਿਆ, ਬਾਹਰ ਗਿਦੜੀਆਂ ਪ੍ਰਸੰਨ ਹੋ ਕੇ ਹਵਾਂਕੀਆਂ। ਬੱਦਲਾਂ ਤੋਂ ਬਗੈਰ ਹੀ ਬੱਦਲ ਗੱਜਦੇ ਸੁਣਾਈ ਦਿੱਤੇ, ਸਾਰੇ ਸਿਰ ਮਾਰ ਕੇ ਪਛੁਤਾਉਂਦੇ ਸਨ॥ ੨੦॥

ਜੋ ਸਜਾਨੇ ਬੁਧਿ ਕਰੈਂ ਬਿਚਾਰਨਿ। ਭਯੋ ਕਹਿਰ ਬਡ ਕਰਤਿ ਉਚਾਰਨ।
ਉਠੈ ਉਪੱਦ੍ਰਵ ਰਾਜ ਬਿਧੁੰਸੈ। ਹੋਇਂ ਬਿਨਾਸ਼ੀ ਤੁਰਕ ਨਿਸੰਸੈ॥ ੨੧॥

ਜਿਹੜੇ ਸਿਆਣੇ ਬੁੱਧੀਮਾਨ ਸਨ, ਉਹ ਵਿਚਾਰ ਕਰਦੇ ਸਨ, ਉਹ ਕਹਿੰਦੇ ਸਨ ਕਿ ਵੱਡਾ ਕਹਿਰ ਹੋਇਆ ਹੈ। ਬੜੇ ਉਪੱਦਰ ਉਠਣਗੇ ਤੇ ਰਾਜ ਦਾ ਨਾਸ਼ ਹੋ ਜਾਵੇਗਾ, ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਰਕਾਂ ਦਾ ਵਿਨਾਸ਼ ਹੋ ਜਾਵੇਗਾ॥੨੧॥

ਸਕਲ ਕੁਕਰਮ ਕੁਲੱਛਨ ਹੇਰੇ। ਟੋਡਰਮਲ ਹੁਇ ਦੁਖੀ ਘਨੇਰੇ।
ਗਮਨਜੋ ਤੁਰਤ ਮਾਤ ਜਹਿਂ ਬੈਸੀ। ਚਿੰਤਾ ਬਸਿ ਥਿਰ ਮੂਰਤਿ ਜੈਸੀ॥ ੨੨॥

ਸਾਰੇ ਕੁਲਹਿਣੇ ਕੁਕਰਮ ਵੇਖੇ ਹਨ, ਟੋਡਰਮਲ ਬਹੁਤ ਦੁਖੀ ਹੋਇਆ। ਉਹ ਤੁਰਤ ਉਥੇ ਗਿਆ ਜਿਥੇ ਮਾਤਾ ਜੀ ਬੈਠੇ ਸਨ, ਉਹ ਚਿੰਤਾ ਵਸ ਹੋ ਕੇ ਇਕ ਮੂਰਤੀ ਵਾਂਗ ਬੈਠੇ ਸਨ॥ ੨੨॥

ਕਰਤਿ ਪ੍ਰਤੀਖਨ ਪੌਤ੍ਰਨ ਕੇਰੀ। ਸਭਾ ਬਿਖੈ ਤੇ ਆਵਹਿਂ ਫੇਰੀ।
ਰਹੈਂ ਕੈਦ ਕਿਸ ਬਿਧਿ ਛੁਟਿ ਜੈ ਹੈਂ। ਜੀਵਤਿ ਪੁਨ ਸਭਿ ਹੂੰ ਸੁਖ ਪੈ ਹੈਂ॥੨੩॥

ਉਹ ਆਪਣੇ ਪੋਤਰਿਆਂ ਦੀ ਇੰਤਜ਼ਾਰ ਕਰ ਰਹੀ ਸੀ ਕਿ ਉਹ ਸਭਾ ਵਿਚੋਂ ਫਿਰ ਕਦ ਆਉਣਗੇ। ਕੈਦ ਰਹਿਣਗੇ, ਫਿਰ ਕਿਸੇ ਵਿਧੀ ਨਾਲ ਛੁੱਟ ਜਾਣਗੇ, ਜੀਵਤ ਰਹਿ ਕੇ ਫਿਰ ਸਾਰੇ ਸੁਖ ਪ੍ਰਾਪਤ ਕਰਨਗੇ॥ ੨੩॥

ਅਤਿ ਪ੍ਰਿਯ ਮਨ ਕੇ, ਛੋਰਿ ਇਕੇਲੀ। ਗਏ ਤੁਰਕ ਜਹਿਂ ਸਭਾ ਸਕੇਲੀ।
ਅਬਿ ਐਹੈਂ ਬੀਤਜੋ ਚਿਰਕਾਲ। ਇਮ ਮਾਤਾ ਚਿਤ ਚਿੰਤ ਬਿਸਾਲ॥ ੨੪॥

ਮਨ ਦੇ ਅਤਿ ਪਿਆਰਿਆਂ ਨੂੰ ਭੇਜ ਕੇ ਇਕੱਲੀ ਬੈਠੀ ਸੀ, ਉਹ ਉਥੇ ਗਏ ਸਨ ਜਿਥੇ ਤੁਰਕਾਂ ਨੇ ਸਭਾ ਇਕੱਠੀ ਕੀਤੀ ਸੀ। ਹੁਣ ਆਉਣਗੇ, ਬੜਾ ਲੰਮਾ ਸਮਾਂ ਬੀਤ ਗਿਆ ਹੈ, ਇਸ ਪ੍ਰਕਾਰ ਮਾਤਾ ਜੀ ਦੇ ਚਿਤ ਵਿਚ ਵੱਡੀ ਚਿੰਤਾ ਸੀ॥ ੨੪॥

ਇਤਨੇ ਮਹਿਂ ਟੋਡਰਮਲ ਗਯੋ। ਹਾਥ ਜੋਰਿ ਪਗ ਬੰਦਤਿ ਭਯੋ।
ਬਿਹਬਲ ਅੱਸ੍ਰਨ ਬਦਨ ਪਖਾਰਾ। ਰੁਕਜੋ ਕੰਠ ਨਹਿਂ ਜਾਇ ਉਚਾਰਾ॥ ੨੫॥

ਏਨੇ ਵਿਚ ਟੋਡਰਮਲ ਉਥੇ ਪਹੁੰਚ ਗਿਆ, ਹੱਥ ਜੋੜ ਕੇ ਉਸ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਉਹ ਬੜਾ ਬੇਹਾਲ ਸੀ ਤੇ ਹੰਝੂਆਂ ਨਾਲ ਉਸ ਦਾ ਮੂੰਹ ਧੋਤਾ ਗਿਆ ਸੀ। ਉਸ ਦਾ ਗਲਾ ਰੁਕਿਆ ਹੋਇਆ ਸੀ ਤੇ ਕੁਝ ਵੀ ਬੋਲਿਆ ਨਹੀਂ ਸੀ ਜਾਂਦਾ॥ ੨੫॥

ਦੇਖਿ ਦਸ਼ਾ ਤਿਸ ਕੀ ਦੁਖਵਾਰੀ। ਉਠਜੋ ਹੋਲ ਉਰ ਮਾਤ ਬਿਚਾਰੀ।
'ਕਹੁ ਭਾਈ ਤੂੰ ਆਯੋਂ ਕੌਨ? ਕਯੋਂ ਅਤਿ ਦੁਖੀ, ਹੇਤੁ ਕਹੁ ਤੌਨ?'॥ ੨੬॥

ਟੋਡਰ ਮਲ ਦੀ ਦੁਖੀ ਦਿਸ਼ਾ ਵੇਖ ਕੇ ਮਾਤਾ ਜੀ ਦੇ ਦਿਲ ਵਿਚ ਹੋਲ ਉੱਠਿਆ ਤੇ ਉਹ ਕਹਿਣ ਲੱਗੇ, "ਹੇ ਭਾਈ ਕਹੋ ਤੂੰ ਕੌਣ ਹੈਂ? ਕਿਉਂ ਅਤਿ ਦੁਖੀ ਹੋਇਆ ਹੈਂ ਅਤੇ ਕਿਸ ਦੇ ਵਾਸਤੇ ਏਨਾ ਦੁਖ ਮੰਨਾਇਆ ਹੈ?"॥ ੨੬॥

'ਕਹਾ ਬੂਝਤਿ ਬੈਠੀ ਅਬਿ ਮਾਤ? ਮਰਤਿ ਪਿਖੇ ਮੈਂ ਦ੍ਵੈ ਗੁਰ ਤਾਤ।
ਜੀਵਤਿ ਰਹ੍ਯੋ ਫਟੀ ਨਹਿਂ ਛਾਤੀ। ਮੋ ਤੇ ਕੋਮਲ ਪਾਹਨ ਜਾਤੀ॥ ੨੭॥

ਟੋਡਰ ਮਲ ਨੇ ਕਿਹਾ, "ਹੇ ਮਾਤਾ ਜੀ! ਹੁਣ ਬੈਠੇ ਕੀ ਪੁੱਛਦੇ ਹੋ? ਮੈਂ ਦੋਵੇਂ ਗੁਰੂ ਜੀ ਦੇ ਪੁੱਤਰ ਮਰਦੇ ਵੇਖੇ ਹਨ, ਮੈਂ ਜੀਉਂਦਾ ਰਿਹਾ ਹਾਂ, ਮੇਰੀ ਛਾਤੀ ਨਹੀਂ ਫਟੀ ਹੈ, ਮੇਰੇ ਨਾਲੋਂ ਤਾਂ ਪੱਥਰ ਵੀ ਕੋਮਲ ਹਨ॥ ੨੭॥

ਮੈਂ ਨਿਰਭਾਗ ਬਤਾਵਨ ਆਯੋ। ਨਹਿਂ ਗੁਰ ਪੁੱਤ੍ਰਨਿ ਸੰਗ ਸਿਧਾਯੋ।
ਘਰ ਕੋ ਦਰਬ ਸਰਬ ਮੈਂ ਦੇਤਿ। ਜਯੋਂ ਕਯੋਂ ਕਰਿ ਬਚਾਇ ਸੋ ਲੇਤਿ॥ ੨੮॥

ਮੈਂ ਮਾੜੇ ਭਾਗਾਂ ਵਾਲਾ ਤੁਹਾਨੂੰ ਦੱਸਣ ਆਇਆ ਹਾਂ ਤੇ ਗੁਰੂ ਜੀ ਦੇ ਪੁੱਤਰਾਂ ਦੇ ਨਾਲ ਹੀ ਅਗਲੀ ਦੁਨੀਆਂ ਨੂੰ ਨਹੀਂ ਚਲੇ ਗਿਆ ਹਾਂ, ਮੈਂ ਆਪਣੇ ਘਰ ਦਾ ਸਾਰਾ ਧਨ ਦੇ ਦਿੰਦਾ, ਜਿਵੇਂ ਤਿਵੇਂ ਕਰਕੇ ਇਨ੍ਹਾਂ ਸਾਹਿਬਜ਼ਾਦਿਆਂ ਨੂੰ ਬਚਾ ਲੈਂਦਾ॥ ੨੮॥

ਕਹਾ ਮੈਂ ਕਰਉਂ ਬਤਾਵਨ ਕੋਈ। ਨਹਿਂ ਸਿੱਖੀ ਮਮ ਸਾਬਤ ਹੋਈ'।
ਸੁਨ੍ਯੋ ਬਾਕ ਖਰ ਬਾਨ ਸਮਾਨ। ਲਗ੍ਯੋ ਕਾਨ ਵਿੰਧ ਰਿਦਾ ਨਿਸ਼ਾਨ॥ ੨੯॥

ਮੈਂ ਕਿਸੇ ਨੂੰ ਹੁਣ ਕੀ ਦੱਸਾਂ, ਮੇਰੀ ਸਿੱਖੀ ਸਾਬਤ ਨਹੀਂ ਹੋਈ ਹੈ।" ਮਾਤਾ ਜੀ ਨੇ ਟੋਡਰ ਮਲ ਦਾ ਤਿੱਖੇ ਤੀਰ ਵਰਗਾ ਬਚਨ ਸੁਣਿਆ ਜਿਹੜਾ ਕੰਨਾਂ ਨੂੰ ਵਿੰਨ੍ਹ ਕੇ ਹਿਰਦੇ ਵਿਚ ਲੱਗਾ॥ ੨੯॥

ਊਪਰ ਤਰ ਕੇ ਜੁਟਿ ਗਏ ਰਦਨੰ। ਭਯੋ ਦਰਦ ਤੇ ਜ਼ਰਦ ਸੁ ਬਦਨੰ।
ਖੁਸ਼ਕ ਹੋਇ ਮੁਖਿ ਲਾਗ ਸੁ ਲਾਟੀ। ਜਨੁ ਕਦਲੀ ਤਰੁ ਕੀ ਜੜ ਕਾਟੀ॥ ੩੦॥

ਮਾਤਾ ਜੀ ਦੇ ਉਪਰਲੇ ਅਤੇ ਹੇਠਲੇ ਦੰਦ ਜੁੜ ਗਏ ਭਾਵ ਉਨ੍ਹਾਂ ਨੂੰ ਦੰਦਲ ਪੈ ਗਈ ਤੇ ਚਿਹਰਾ ਦਰਦ ਨਾਲ ਪੀਲਾ ਪੈ ਗਿਆ। ਹੋਠ ਤੇ ਜੀਭ ਸੁੱਕ ਗਏ ਤੇ ਜੀਭ ਤਾਲੂ ਨਾਲ ਲੱਗ ਗਈ ਅਤੇ ਮੂੰਹ ਚਿਪਕ ਗਿਆ, ਮਾਨੋ ਕੇਲੇ ਦੇ ਬੂਟੇ ਦੀ ਕਿਸੇ ਜੜ੍ਹ ਕੱਟ ਦਿੱਤੀ ਹੋਵੇ॥ ੩੦॥

ਤਰਫਰਾਤਿ ਮੁਰਛਾ ਕੋ ਪਾਈ। ਗਿਰੀ ਬਿਸੁਧ ਹ੍ਵੈ ਸੁਧਿ ਨਹਿਂ ਕਾਈ।
ਤਬਿ ਟੋਡਰਮਲ ਦੁਖਿ ਅਤਿਯੰਤਾ। ਕਰਿ ਬੈਠੀ ਗੁਰ ਮਾਤ ਤੁਰੰਤਾ॥ ੩੧॥

ਤੜਫਦੀ ਹੋਈ ਬੇਹੋਸ਼ ਹੋ ਗਈ, ਬੇਸੁੱਧ ਹੋ ਕੇ ਡਿੱਗ ਪਈ ਤੇ ਕਿਸੇ ਪ੍ਰਕਾਰ ਦੀ ਵੀ ਹੋਸ਼ ਨਾ ਰਹੀ। ਤਦ ਟੋਡਰ ਮੱਲ ਅਤਿ ਦੁਖੀ ਹੋਇਆ ਤੇ ਉਸ ਛੇਤੀ ਨਾਲ ਗੁਰ ਮਾਤਾ ਜੀ ਨੂੰ ਆਸਰਾ ਦੇ ਕੇ ਬਿਠਾਇਆ॥ ੩੧॥

ਬਾਯੁ ਬਸਤ੍ਰ ਤੇ ਕਰੀ ਝੁਲਾਵਨ। ਤਬਿ ਕੀਨੀ ਤਨ ਕੀ ਸੁਧਿ ਪਾਵਨ।
ਚੇਤਨਤਾ ਜੁਤਿ ਪੁਨ ਚਿਤ ਆਏ। ਕਹਾਂ ਪੌਤ੍ਰ? ਨਹਿਂ ਦ੍ਰਿਸ਼ਟੀ ਆਏ॥ ੩੨॥

ਇਕ ਕੱਪੜੇ ਨਾਲ ਮਾਤਾ ਜੀ ਨੂੰ ਹਵਾ ਝੱਲੀ, ਤਦ ਮਾਤਾ ਜੀ ਨੇ ਆਪਣੇ ਸਰੀਰ ਦੀ ਸੋਝੀ ਪਾਈ। ਚੇਤਨਤਾ ਸਹਿਤ ਫਿਰ ਸਾਹਿਬਜ਼ਾਦੇ ਯਾਦ ਆਏ ਤਾਂ ਕਹਿਣ ਲੱਗੇ, ਪੋਤਰੇ ਕਿੱਥੇ ਹਨ? ਉਹ ਨਜ਼ਰ ਨਹੀਂ ਆਏ ਹਨ॥ ੩੨॥

'ਪੌਤ੍ਰ ਜ਼ੋਰਾਵਰ ਸਿੰਘ ਲਿਹੁ ਨਾਲੇ। ਮੁਝ ਤੇ ਪੂਰਬ ਤੁਮ ਕਿਤ ਚਾਲੇ?।
ਕਹਾਂ ਇਕਾਕੀ ਮੈਂ ਰਹਿ ਕਰਿ ਹੋਂ? ਇਸ ਪ੍ਰਕਾਰ ਮੈਂ ਤੂਰਨ ਮਰਿ ਹੌਂ॥ ੩੩॥

"ਪੁੱਤਰ ਜ਼ੋਰਾਵਰ ਸਿੰਘ ਮੈਨੂੰ ਵੀ ਨਾਲ ਲੈ ਚਲੋ, ਮੈਥੋਂ ਪਹਿਲਾਂ ਹੀ ਤੁਸੀਂ ਕਿੱਥੇ ਚਲੇ ਹੋ? ਮੈਂ ਇਕੱਲੀ ਰਹਿ ਕੇ ਕੀ ਕਰਾਂਗੀ? ਇਸ ਪ੍ਰਕਾਰ ਮੈਂ ਤੁਰਤ ਮਰ ਜਾਵਾਂਗੀ॥ ੩੩॥

ਜੇ ਤੂੰ ਹੈਂ ਗੁਰ ਸਿੱਖ ਅਛੇਰਾ। ਕਰਿ ਉਪਚਾਰ ਮਰਣ ਕੋ ਮੇਰਾ।
ਜੁਗ ਪੌਤ੍ਰਨਿ ਸੰਗ ਜਿਸ ਤੇ ਮਿਲੌਂ। ਅਪਨੇ ਸਾਥ ਲਿਏ ਕਰਿ ਚਲੌਂ"॥ ੩੪॥

ਜੇ ਤੂੰ ਇਕ ਚੰਗਾ ਗੁਰਸਿੱਖ ਹੈਂ, ਤਾਂ ਮੇਰੇ ਮਰਨ ਦਾ ਕੋਈ ਹੀਲਾ ਕਰ। ਦੋਵਾਂ ਪੋਤਰਿਆਂ ਨੂੰ ਜਿਸ ਕਰਕੇ ਜਾ ਕੇ ਮਿਲ ਪਵਾਂ ਤੇ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਜਾਵਾਂ'' ॥ ੩੪ ॥

ਇਮ ਕਹਿਤੇ ਦੁਖ ਲਖਿ ਕਰਿ ਭਾਰਾ। ਬੁਰਜ ਸਾਥ ਬਲ ਤੇ ਸਿਰ ਮਾਰਾ।
ਸਹਿ ਨ ਸਕ੍ਯੋ ਟੋਡਰਮਲ ਹੇਰਿ। ਗਹਿ ਕਰਿ ਬੈਠ੍ਯੋ ਮਾਤਾ ਫੇਰ॥ ੩੫॥

ਇਸ ਪ੍ਰਕਾਰ ਕਹਿ ਕੇ ਭਾਰੀ ਦੁਖ ਜਾਣ ਕੇ ਬੁਰਜ ਨਾਲ ਬੜੇ ਜ਼ੋਰ ਨਾਲ ਸਿਰ ਮਾਰਿਆ। ਟੋਡਰ ਮਲ ਇਹ ਵੇਖ ਕੇ ਬਰਦਾਸ਼ਤ ਨਾ ਕਰ ਸਕਿਆ, ਉਹ ਫਿਰ ਮਾਤਾ ਜੀ ਨੂੰ ਫੜ ਕੇ ਬੈਠ ਗਿਆ॥ ੩੫॥

ਮਸਤਕ ਭਗਨ ਰੁਧਰ ਬਹੁ ਬਹ੍ਯੋ। ਬ੍ਯਾਕੁਲ ਤੇ ਬ੍ਯਾਕੁਲ ਹ੍ਵੈ ਗਯੋ।
ਮੋਹਿ ਛਾਪ ਮਹਿਂ ਹੀਰੇ ਕਣੀ। ਜੇ ਮੈਂ ਦੇਉਂ, ਅਵੱਗ੍ਯਾ ਘਣੀ॥ ੩੬॥

ਮੱਥਾ ਪਾਟ ਗਿਆ ਤੇ ਖ਼ੂਨ ਬਹੁਤ ਵਗਿਆ। ਮਾਤਾ ਜੀ ਨੂੰ ਵਿਆਕੁਲ ਵੇਖ ਕੇ ਟੋਡਰ ਮਲ ਵੀ ਵਿਆਕੁਲ ਹੋ ਗਿਆ। ਮੇਰੀ ਛਾਪ ਵਿਚ ਹੀਰੇ ਦੀ ਕਣੀ ਹੈ, ਜੇ ਮੈਂ ਦੇਵਾਂਗਾ ਤਾਂ ਵੱਡੀ ਅਵੱਗਿਆ ਹੋਵੇਗੀ॥ ੩੬॥

ਜੇ ਨਹਿਂ ਦੇਉਂ ਮਹਾਂ ਦੁਖ ਸਹਿ ਹੈ। ਚਿਰੰਕਾਲ ਤੇ ਮ੍ਰਿਤੁ ਕੋ ਪੈ ਹੈ।
ਕਹ੍ਯੋ ਮਾਤ 'ਤੁਹਿ ਦੋਸ਼ ਨ ਕੋਈ। ਦਿਹੁ ਹੀਰਾ ਜਿਸ ਤੇ ਮ੍ਰਿਤੁ ਹੋਈ' ॥੩੭॥

ਜੇ ਮੈਂ ਹੀਰੇ ਦੀ ਕਣੀ ਨਹੀਂ ਦੇਵਾਂਗਾ ਤਾਂ ਮਹਾਨ ਦੁਖ ਬਰਦਾਸ਼ਤ ਕਰਨਗੇ, ਬੜੀ ਦੇਰ ਬਾਅਦ ਇਨ੍ਹਾਂ ਦੀ ਮੌਤ ਹੋਵੇਗੀ। ਮਾਤਾ ਜੀ ਨੇ ਕਿਹਾ, ''ਤੁਹਾਡਾ ਕੋਈ ਦੋਸ਼ ਨਹੀਂ ਹੈ, ਹੀਰਾ ਦੇਵੋ ਜਿਸ ਨਾਲ ਮੌਤ ਹੋ ਜਾਵੇ'' ॥ ੩੭॥

ਤਬਿ ਟੋਡਰਮਲ ਰਿਦੇ ਬਿਚਾਰਾ। ਹੀਰਾ ਤਤਛਿਨ ਛਾਪ ਨਿਕਾਰਾ।
ਦੇ ਮਾਤਾ ਕੋ ਬਦਨ ਪਵਾਯੋ। ਮਹਾਂ ਦੁਖਤਿ ਨੇ ਲੇ ਕਰਿ ਖਾਯੋ॥ ੩੮॥

ਤਦ ਟੋਡਰ ਮਲ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਤੁਰਤ ਹੀਰਾ ਛਾਪ ਵਿਚੋਂ ਕੱਢਿਆ ਤੇ ਮਾਤਾ ਜੀ ਨੂੰ ਦੇ ਕੇ ਉਨ੍ਹਾਂ ਦੇ ਮੂੰਹ ਵਿਚ ਪਵਾਇਆ ਤੇ ਮਹਾਨ ਦੁਖੀ ਨੇ ਹੀਰਾ ਲੈ ਕੇ ਖਾ ਲਿਆ॥ ੩੮॥

ਕਿਤਿਕ ਕਾਲ ਮਹਿਂ ਪ੍ਰਾਨ ਨਿਕਾਰੇ। ਮਿਲਿ ਪੌਤ੍ਰਨਿ ਗੁਰਪੁਰੀ ਪਧਾਰੇ।
ਤੀਨਹੁਂ ਤਨ ਟੋਡਰ ਸਸਕਾਰੇ। ਚੁਨੇ ਪੁਸ਼ਪ ਬਾਸਨ ਮਹਿਂ ਡਾਰੇ॥ ੩੯॥

ਕੁਝ ਸਮੇਂ ਬਾਅਦ ਉਨ੍ਹਾਂ ਦੇ ਪ੍ਰਾਣ ਨਿਕਲ ਗਏ ਤੇ ਆਪਣੇ ਪੋਤਰਿਆਂ ਨੂੰ ਮਿਲ ਕੇ ਗੁਰੂ ਪੁਰੀ ਚਲੇ ਗਏ। ਤਿੰਨਾਂ ਸਰੀਰਾਂ ਦਾ ਟੋਡਰ ਮਲ ਨੇ ਸਸਕਾਰ ਕੀਤਾ ਤੇ ਫੁਲ ਚੁਣ ਕੇ ਇਕ ਬਰਤਨ ਵਿਚ ਪਾ ਲਏ॥ ੩੯॥

ਸਭਿ ਸਿੱਖਨਿ ਮਿਲਿ ਤਹਾਂ ਦਬਾਏ'। ਇਮ ਮਾਹੀ ਸਭਿ ਗਾਥ ਸੁਨਾਏ।
'ਸੁਨਹੁ ਗੁਰੂ ਜੀ ! ਸਕਲ ਪ੍ਰਸੰਗ। ਇਕ ਸਿਖ ਨੇ ਭਾਖ੍ਯੋ ਮੁਝ ਸੰਗ॥ ੪੦॥

ਸਾਰੇ ਸਿੱਖਾਂ ਨੇ ਮਿਲ ਕੇ ਉਥੇ ਦਬਾ ਦਿੱਤੇ।'' ਇਸ ਪ੍ਰਕਾਰ ਵਾਗੀ ਨੇ ਸਾਰੀ ਗਾਥਾ ਸੁਣਾਈ ਅਤੇ ਕਿਹਾ, ''ਹੇ ਗੁਰੂ ਜੀ ! ਸਾਰਾ ਪ੍ਰਸੰਗ ਸੁਣੋ, ਇਕ ਸਿੱਖ ਨੇ ਮੈਨੂੰ ਇਹ ਸਾਰਾ ਪ੍ਰਸੰਗ ਸੁਣਾਇਆ ਹੈ॥ ੪੦॥

ਸੋ ਮੈਂ ਰਾਵਰਿ ਪਾਸ ਬਤਾਵਾ। ਦਿਜ ਕੀ ਸੁਨਹੁਂ ਜਥਾ ਫਲ ਪਾਵਾ।
ਤੁਰਕਨ ਸੁਨੀ ਰਹ੍ਯੋ ਧਨ ਇਸ ਕੇ। ਧਾਇ ਸਿਪਾਹੀ ਗਮਨੇ ਤਿਸ ਕੇ॥ ੪੧॥

ਉਹ ਸਾਰਾ ਆਪ ਜੀ ਪਾਸ ਦੱਸਿਆ ਹੈ, ਹੁਣ ਗੰਗੂ ਬ੍ਰਾਹਮਣ ਦੀ ਸੁਣੋ ਜਿਵੇਂ ਉਸ ਫਲ ਪਾਇਆ ਹੈ। ਜਦ ਤੁਰਕਾਂ ਸੁਣਿਆ ਕਿ ਇਸ ਨੇ ਮਾਤਾ ਜੀ ਦਾ ਧਨ ਰੱਖਿਆ ਹੈ ਤਾਂ ਉਨ੍ਹਾਂ ਨੇ ਸਿਪਾਹੀ ਭੇਜੇ ਜਿਹੜੇ ਉਸ ਦੇ ਘਰ ਵਿਚ ਗਏ॥ ੪੧॥

ਸਕਲ ਕੁਟੰਬ ਬਾਂਧਿ ਕਰਿ ਆਨਾ। ਦਈ ਸਜ਼ਾਇ ਮਾਰ ਕਰਿ ਨਾਨਾ।
ਜਿਹ ਥਲ ਤਿਹ ਦੀਨਾਰ ਦਬਾਈ। ਰਹਜੋ ਖੋਜ ਸੋ ਹਾਥ ਨ ਆਈ॥ ੪੨ ॥

ਉਸ ਦਾ ਸਾਰਾ ਪਰਿਵਾਰ ਬੰਨ੍ਹ ਕੇ ਲਿਆਂਦਾ ਤੇ ਕਈ ਪ੍ਰਕਾਰ ਮਾਰ ਕੁੱਟ ਕਰਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ। ਜਿਸ ਥਾਂ ਉਸ ਅਸ਼ਰਫੀਆਂ ਦਬਾਈਆਂ ਸਨ, ਉਸ ਥਾਂ ਲੱਭ ਰਹੇ ਪਰ ਅਸ਼ਰਫੀਆਂ ਹੱਥ ਨਾ ਆਈਆਂ॥ ੪੨ ॥

ਮਾਰੀਂਦਾ ਤੁਰਕਨ ਤੇ ਮਰਿਓ। ਤਾਤਕਾਲ ਫਲ ਭੋਗਨਿ ਕਰਿਓ।
ਤਬਿ ਸਤਿਗੁਰੂ ਪ੍ਰਯੰਕੈ ਥਿਰੇ। ਦੋਨਹੁਂ ਚਰਨ ਧਰਾ ਪਰ ਧਰੇ॥ ੪੩ ॥

ਫਿਰ ਤੁਰਕਾਂ ਪਾਸੋਂ ਮਾਰ ਖਾਂਦਾ ਹੀ ਮਰ ਗਿਆ, ਤੁਰਤ ਉਸ ਨੇ ਆਪਣੀ ਕੀਤੀ ਦਾ ਫਲ ਪ੍ਰਾਪਤ ਕਰ ਲਿਆ।'' ਤਦ ਸਤਿਗੁਰੂ ਜੀ ਪਲੰਘ ਉੱਪਰ ਬੈਠੇ ਸਨ ਤੇ ਦੋਵੇਂ ਚਰਨ ਧਰਤੀ ਉੱਤੇ ਰੱਖੇ ਸਨ॥ ੪੩ ॥

ਬੂਟ ਖਰੋ ਕਾਹੂ ਕੋ ਹੇਰੇ। ਤਿਸ ਕੀ ਜਰ ਕੋ ਖਨਹਿਂ ਘਨੇਰੇ।
ਕਰਦ ਹਾਥ ਮਹਿਂ ਧਾਰਨ ਕਰੇ। ਸਗਲ ਪ੍ਰਸੰਗ ਸੁਨਜੋਂ ਚਿਤ ਧਰੇ॥ ੪੪ ॥

ਉਥੇ ਉਨ੍ਹਾਂ ਨੇ ਕਾਹੀ ਦੇ ਬੂਟੇ ਖੜੇ ਵੇਖੇ ਤੇ ਉਨ੍ਹਾਂ ਦੀ ਜੜ੍ਹ ਨੂੰ ਬਹੁਤ ਡੂੰਘਾ ਪੁੱਟ ਦਿੱਤਾ। ਛੋਟੀ ਕਿਰਪਾਨ ਹੱਥ ਵਿਚ ਧਾਰਨ ਕੀਤੀ ਹੋਈ ਸੀ। ਉਨ੍ਹਾਂ ਨੇ ਸਾਰਾ ਪ੍ਰਸੰਗ ਚਿੱਤ ਧਾਰ ਕੇ ਸੁਣਿਆ॥ ੪੪ ॥

ਬਹੁਰ ਬੂਝਨਾ ਕੀਨਿ ਗੁਸਾਈਂ। 'ਜਹਾਂ ਸਭਾ ਤੁਰਕਨ ਸਮੁਦਾਈ।
ਬਿਨ ਮਲੇਰੀਅਨ ਅਪਰ ਭਿ ਕੋਈ। ਪਿਖਿ ਸਿਸ ਦਯਾ ਰਿਦੇ ਜਿਸ ਹੋਈ ?' ॥੪੫ ॥

ਫਿਰ ਸਤਿਗੁਰੂ ਜੀ ਨੇ ਪੁੱਛਿਆ, ''ਜਿੱਥੇ ਸਾਰੇ ਤੁਰਕਾਂ ਦੀ ਸਭਾ ਲੱਗੀ ਸੀ ਉਥੇ ਮਲੇਰਕੋਟਲੇ ਵਾਲੇ ਖਾਨ ਤੋਂ ਉਪਰੰਤ ਹੋਰ ਵੀ ਕਿਸੇ ਦੇ ਹਿਰਦੇ ਵਿਚ ਦਇਆ ਆਈ''? ॥ ੪੫ ॥

ਤਬਿ ਮਾਹੀ ਕਰ ਜੋਰਿ ਉਚਾਰਾ। 'ਮੈਂ ਆਛੇ ਕੀਨੋ ਨਿਰਧਾਰਾ।
ਸ਼ੀਰ ਖੋਰ ਇਨ ਦੋਸ਼ ਨ ਲੇਸ਼। ਏਵ ਮਲੇਰੀ ਕਹਿ ਬਿਨ ਦ੍ਵੈਸ਼' ॥ ੪੬ ॥

ਤਦ ਵਾਗੀ ਨੇ ਹੱਥ ਜੋੜ ਕੇ ਉਚਾਰਨ ਕੀਤਾ, ''ਮੈਂ ਚੰਗੀ ਤਰ੍ਹਾਂ ਨਿਰਾਧਾਰ ਕੀਤਾ ਹੈ ਮਲੇਰਕੋਟਲੇ ਵਾਲੇ ਖਾਨ ਨੇ ਕਿਹਾ ਕਿ ਇਨ੍ਹਾਂ ਦੁੱਧ ਪੀਂਦੇ ਬੱਚਿਆਂ ਦਾ ਰਾਈ ਭਰ ਵੀ ਦੋਸ਼ ਨਹੀਂ ਹੈ, ਇਸ ਪ੍ਰਕਾਰ ਖਾਨ ਨੇ ਈਰਖਾ ਰਹਿਤ ਹੋ ਕੇ ਕਿਹਾ'' ॥ ੪੬ ॥

ਸੁਨਿ ਕਰਿ ਸ੍ਰੀ ਗੁਰ ਬਾਕ ਬਖਾਨਾ। 'ਭਯੋ ਨਾਸ਼ ਅਬਿ ਸਭਿ ਤੁਰਕਾਨਾ।
ਇਕ ਮਲੇਰੀਅਨ ਕੀ ਜੜ੍ਹ ਰਹੈ। ਅਪਰ ਤੁਰਕ ਸਭਿ ਹੀ ਜਬਰ ਦਹੈ' ॥੪੭ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, ''ਹੁਣ ਸਾਰੇ ਤੁਰਕਾਂ ਦਾ ਨਾਸ਼ ਹੋ ਜਾਵੇਗਾ। ਇਕ ਮਲੇਰਕੋਟਲੇ ਵਾਲੇ ਦੀ ਜੜ੍ਹ ਰਹੇਗੀ, ਹੋਰ ਸਾਰੇ ਤੁਰਕਾਂ ਦੀ ਜੜ੍ਹ ਸੜ ਜਾਵੇਗੀ'' ॥ ੪੭॥

ਇਮ ਕਹਿ ਮੁਖ ਤੇ ਕਰਦ ਚਲਾਈ। ਕਾਹੂ ਬੂਟ ਜੜ ਕਾਟਿ ਗਵਾਈ।
'ਜਿਮ ਇਸਕੀ ਜੜ ਕਾਟਿ ਉਖਾਰੀ। ਤਥਾ ਤੁਰਕ ਕੀ ਬਿਨਸਹਿ ਸਾਰੀ॥੪੮ ॥

ਮੁਖ ਤੋਂ ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਕਰਦ ਚਲਾਈ ਤੇ ਕਾਹੀ ਦੇ ਬੂਟੇ ਦੀ ਜੜ੍ਹ ਕੱਟ ਕੇ ਗਵਾ ਦਿੱਤੀ ਅਤੇ ਕਿਹਾ, ''ਜਿਵੇਂ ਇਸ ਕਾਹੀ ਦੇ ਬੂਟੇ ਦੀ ਜੜ੍ਹ ਉਖੇੜ ਕੇ ਕੱਟ ਦਿੱਤੀ ਹੈ, ਉਸ ਤਰ੍ਹਾਂ ਸਾਰੇ ਤੁਰਕਾਂ ਦੀ ਜੜ੍ਹ ਕੱਟੀ ਜਾਵੇਗੀ॥ ੪੮ ॥

ਕੇਤਿਕ ਦਿਨ ਮਹਿਂ ਹੋਇ ਬਿਨਾਸ਼ਾ। ਬਿਸਮਾਵੈ ਜਗ ਦੇਖਿ ਤਮਾਸ਼ਾ।
ਦਿਯੋ ਸ੍ਰਾਪ ਗੁਰ ਕ੍ਰੁਪੇ ਘਨੇਰੇ। ਰਾਜ ਤੇਜ ਕੋ ਮੂਲ ਉਖੇਰੇ॥ ੪੯॥

ਕੁਝ ਸਮੇਂ ਵਿਚ ਇਨ੍ਹਾਂ ਦਾ ਨਾਸ਼ ਹੋ ਜਾਵੇਗਾ ਤੇ ਸਾਰਾ ਜਗਤ ਇਹ ਤਮਾਸ਼ਾ ਵੇਖ ਕੇ ਹੈਰਾਨ ਰਹਿ ਜਾਵੇਗਾ।'' ਗੁਰੂ ਜੀ ਨੇ ਬੜੇ ਕ੍ਰੋਧ ਵਿਚ ਆ ਕੇ ਸਰਾਪ ਦਿੱਤਾ, ਤੁਰਕਾਂ ਦੇ ਰਾਜ ਤੇਜ ਨੂੰ ਜੜ੍ਹੋਂ ਪੁੱਟ ਦਿੱਤਾ॥ ੪੯॥

'ਪੁਰਿ ਸਿਰੰਦ ਮਹਿਂ ਪਾਪ ਘਨੇਰਾ। ਉਜਰ ਜਾਹਿ ਲਹਿ ਕਸ਼ਟ ਬਡੇਰਾ।
ਸਿੱਖ ਹਮਾਰੇ ਮਾਰਿ ਉਜਾਰਹਿਂ। ਛੀਨਿ ਰਾਜ ਧਨ ਵਹਿਰ ਨਿਕਾਰਹਿਂ' ॥੫੦॥

''ਸਿਰਹੰਦ ਨਗਰ ਵਿਚ ਵੱਡਾ ਪਾਪ ਕੀਤਾ ਹੈ, ਉਹ ਨਗਰੀ ਉਜੜ ਜਾਵੇਗੀ ਤੇ ਨਗਰ ਵਾਸੀ ਵੱਡਾ ਦੁੱਖ ਪਾਉਣਗੇ। ਸਾਡੇ ਸਿੱਖ ਇਸ ਨੂੰ ਮਾਰ ਕੇ ਉਜਾੜ ਦੇਣਗੇ, ਰਾਜ ਖੋਹ ਕੇ ਧਨ ਬਾਹਰ ਕੱਢਣਗੇ' ॥ ੫੦॥

*ਛੇਵੀਂ ਰੁੱਤ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ॥ ੫੨॥*

## ਅਧਿਆਇ ਤਰਵੰਜਵਾਂ

### *ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ, ਦੀਨੇ ਪਹੁੰਚਣਾ*

ਦੋਹਰਾ- ਸੁਨਜੋ ਸ੍ਰਾਪ ਗੁਰ ਤੇ ਜਬੈ ਬਿਸਮਜੋ ਕੱਲਾ ਰਾਇ।
ਮੈਂ ਸੰਗੀ ਤੁਰਕਾਨ ਕੋ ਤਿਨਹੁਂ ਸੰਗ ਜੜ੍ਹ ਜਾਇ॥ ੧॥

ਜਦ ਗੁਰੂ ਜੀ ਪਾਸੋਂ ਇਸ ਪ੍ਰਕਾਰ ਦਾ ਸਰਾਪ ਸੁਣਿਆ ਤਾਂ ਕੱਲ੍ਹਾ ਰਾਇ ਬਹੁਤ ਹੈਰਾਨ ਹੋਇਆ। ਮੈਂ ਤੁਰਕਾਂ ਦਾ ਸੰਗੀ ਹਾਂ, ਉਨ੍ਹਾਂ ਦੇ ਸੰਗ ਵਿਚ ਮੇਰੀ ਜੜ੍ਹ ਜਾਂਦੀ ਰਹੇਗੀ॥ ੧॥

ਚੌਪਈ- ਰਹਜੋ ਸਮੀਪ ਨਹੀਂ ਕਰ ਜੋਰੇ। ਨਹਿਂ ਬਖਸ਼ਾਯਹੁ ਗੁਰੂ ਨਿਹੋਰੇ।
ਅਬਿ ਭੀ ਸਮੋ ਲੇਊਂ ਬਖਸ਼ਾਇ। ਇਮ ਨਿਸ਼ਚੈ ਮਨ ਮਹਿਂ ਠਹਿਰਾਇ ॥੨ ॥

ਹੱਥ ਜੋੜ ਕੇ ਪਾਸ ਨਹੀਂ ਰਿਹਾ ਹਾਂ ਤੇ ਗੁਰੂ ਜੀ ਪਾਸੋਂ ਆਪਣੇ ਆਪ ਨੂੰ ਬਖਸ਼ਾਇਆ ਵੀ ਨਹੀਂ ਹੈ। ਹੁਣ ਵੀ ਸਮਾਂ ਹੈ ਆਪਣੇ ਆਪ ਨੂੰ ਬਖਸ਼ਾ ਲਵਾਂ, ਇਸ ਪ੍ਰਕਾਰ ਆਪਣੇ ਮਨ ਵਿਚ ਨਿਸ਼ਚਾ ਠਹਿਰਾਇਆ॥ ੨॥

ਉਠਜੋ ਸਭਾ ਤੇ ਜੁਗ ਕਰ ਜੋਰੇ। 'ਸ੍ਰੀ ਪ੍ਰਭੁ, ਕ੍ਰਿਪਾ ਕਰਹੁ ਮਮ ਓਰੇ।
ਦਾਸ ਕਦੀਮੀ ਰਾਵਰ ਕੇਰਾ। ਤੁਰਕਨਿ ਸਨ ਕਿਛ ਹਿਤੁ ਨਹਿਂ ਮੇਰਾ ॥੩ ॥

ਫਿਰ ਕੱਲ੍ਹਾ ਰਾਇ ਨੇ ਸਭਾ ਵਿਚੋਂ ਉੱਠ ਕੇ ਦੋਵੇਂ ਹੱਥ ਜੋੜ ਕੇ ਕਿਹਾ, ''ਹੇ ਸਤਿਗੁਰੂ ਜੀ ਮੇਰੇ ਉੱਪਰ ਕਿਰਪਾ ਕਰੋ, ਮੈਂ ਆਪ ਜੀ ਦਾ ਕਦੀਮੀ ਦਾਸ ਹਾਂ, ਤੁਰਕਾਂ ਨਾਲ ਮੇਰਾ ਕਿਸੇ ਪ੍ਰਕਾਰ ਦਾ ਵੀ ਪ੍ਰੇਮ ਨਹੀਂ ਹੈ॥ ੩॥

ਤਿਨ ਕੇ ਸਾਥ ਨ ਮੋਹਿ ਮਿਲਾਓ। ਅਪਨ ਸ੍ਰਾਪ ਤੇ ਪ੍ਰਥਕ ਬਚਾਓ'।
ਸ੍ਰੀ ਗੁਰ ਕਹੈਂ 'ਪ੍ਰਥਮ ਕੇ ਸਮੈ। ਅਪਨੇ ਹੇਤ ਕਹਿਨ ਥੋ ਹਮੈ॥ ੪॥

ਉਨ੍ਹਾਂ ਨਾਲ ਮੈਨੂੰ ਨਾ ਮਿਲਾਓ ਤੇ ਆਪਣੇ ਸਰਾਪ ਤੋਂ ਵੱਖ ਕਰਕੇ ਬਚਾ ਲਵੋ।'' ਇਹ ਸੁਣ ਸਤਿਗੁਰੂ ਜੀ ਨੇ ਕਿਹਾ, ''ਪਹਿਲੇ ਸਮੇਂ ਆਪਣੇ ਆਪ ਨੂੰ ਬਚਾਉਣ ਲਈ ਸਾਨੂੰ ਕਹਿਣਾ ਸੀ' ॥ ੪॥

ਦੇਤਿ ਸ੍ਰਾਪ ਕੋ ਲੇਤਿ ਬਚਾਇ। ਤੁਰਕਨ ਗਨ ਤੇ ਪ੍ਰਿਥਕ ਬਨਾਇ'।
ਸੁਨਤਿ ਰਾਇ ਕੱਲੇ ਤਬਿ ਕਹਯੋ। 'ਇਤੋ ਕੋਪ ਮੈਂ ਨਾਹਿਨ ਲਹਯੋ॥ ੫॥

ਸਰਾਪ ਦੇ ਕੇ ਬਚਾ ਲੈਂਦੇ ਤਾਂ ਸਾਰੇ ਤੁਰਕਾਂ ਨਾਲੋਂ ਵੱਖ ਬਣਾ ਲੈਂਦੇ।'' ਇਹ ਸੁਣ ਕੇ ਫਿਰ ਕੱਲ੍ਹੇ ਨੇ ਕਿਹਾ, 'ਏਨਾ ਕ੍ਰੋਧ ਮੈਂ ਨਹੀਂ ਜਾਣਿਆ ਹੈ॥ ੫॥

ਅਬਿ ਭੀ ਸ਼ਰਨ ਪਰੇ ਕੀ ਰਾਖਹੁ। ਦਾਸ ਜਾਨਿ ਬਖਸ਼ਨ ਅਭਿਲਾਖਹੁ।
ਮੇਰੇ ਰਾਜ ਤੇਜ ਰਖਿ ਲੀਜੈ। ਪਰਯੋ ਸ਼ਰਨ ਅਬਿ ਕਰੁਨਾ ਕੀਜੈ' ॥ ੬॥

ਹੁਣ ਵੀ ਸ਼ਰਨ ਪਏ ਦੀ ਰੱਖ ਲਵੋ, ਆਪਣਾ ਸੇਵਕ ਜਾਣ ਕੇ ਬਖਸ਼ਣ ਦੀ ਕਿਰਪਾ ਕਰੋ। ਮੇਰੇ ਰਾਜ ਦਾ ਤੇਜ ਰੱਖ ਲਵੋ, ਮੈਂ ਹੁਣ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਇਸ ਲਈ ਕਿਰਪਾ ਕਰੋ' ॥ ੬॥

ਪੁਨ ਸ੍ਰੀ ਗੁਰ ਤਿਹ ਸੰਗ ਬਖਾਨਾ। 'ਮਿਟਿ ਕਿਮ ਸਕਹਿ ਜਿ ਸਚੁ ਹੁਇ ਜਾਨਾ।
ਹੋਨਹਾਰ ਤੁਰਕਨ ਘਰ ਖੋਵਾ। ਨਿਤ ਅਪਰਾਧ ਕਰਤਿ ਹੀ ਜੋਵਾ॥ ੭॥

ਫਿਰ ਗੁਰੂ ਜੀ ਨੇ ਉਸ ਨੂੰ ਕਿਹਾ, ''ਜੇ ਸੱਚਾ ਹੋਣਾ ਜਾਣਿਆ ਹੈ ਤਾਂ ਉਹ ਕਿਵੇਂ ਮਿੱਟ ਸਕੇਗਾ। ਹੋਣਹਾਰ ਹੋਣੀ ਤੁਰਕਾਂ ਦੇ ਘਰ ਖੋਹ ਲਵੇਗੀ, ਜਿਨ੍ਹਾਂ ਨੂੰ ਨਿਤ ਅਪਰਾਧ ਕਰਦੇ ਵੇਖਦੇ ਹਾਂ॥ ੭॥

ਨਹੀਂ ਨਗਾਰਬੰਦ ਕੋ ਰਹੈ। ਤੇਜ ਛੀਨਤਾ ਨਿਤ ਪ੍ਰਤਿ ਲਹੈ।
ਅਬਿ ਇੱਕੀ ਸੈ ਕੋਸਨ ਰਾਜ। ਚੱਕ੍ਰਵਰਤਿ ਕੋ ਸਿਰ ਪਰ ਤਾਜ॥ ੮॥

ਇਨ੍ਹਾਂ ਦਾ ਕੋਈ ਨਗਾਰਚੀ ਤੱਕ ਵੀ ਨਹੀਂ ਰਹੇਗਾ, ਇਨ੍ਹਾਂ ਦੇ ਤੇਜ ਦਾ ਖੋਹਿਆ ਜਾਣਾ ਨਿਤਾਪ੍ਰਤੀ ਵੇਖਦੇ ਹਾਂ। ਹੁਣ ਇੱਕੀ ਸੌ ਕੋਹ ਤੇ ਇਨ੍ਹਾਂ ਦਾ ਰਾਜ ਹੈ, ਇਨ੍ਹਾਂ ਦੇ ਸਿਰ ਉੱਪਰ ਚੱਕਰਵਰਤੀ ਦਾ ਤਾਜ ਸ਼ੋਭ ਰਿਹਾ ਹੈ॥ ੮॥

ਥੋਰੇ ਦਿਨ ਮਹਿਂ ਇਮ ਹੁਇ ਹਾਨਾ। ਨੀਠ ਨੀਠ ਜਿਨ ਕੀ ਗੁਜ਼ਰਾਨਾ।
ਜਿਹ ਸਿਰੰਦ ਮਹਿਂ ਸਾਹਿਬਜ਼ਾਦੇ। ਕਰੀ ਅਵੱਗਯਾ ਤੁਰਕਨਿ ਬਾਦੇ॥ ੯॥

ਥੋੜੇ ਦਿਨਾਂ ਵਿਚ ਇਸ ਪ੍ਰਕਾਰ ਇਹ ਖ਼ਤਮ ਹੋ ਜਾਣਗੇ, ਮਸੀਂ-ਮਸੀਂ ਜਿਨ੍ਹਾਂ ਦਾ ਗੁਜ਼ਾਰਾ ਹੋਵੇਗਾ। ਜਿਸ ਸਿਰਹੰਦ ਵਿਚ ਸਾਹਿਬਜ਼ਾਦਿਆਂ ਨੂੰ ਕਤਲ ਕੀਤਾ ਹੈ, ਝਗੜਾਲੂ ਤੁਰਕਾਂ ਨੇ ਇਹ ਵੱਡੀ ਅਵੱਗਿਆ ਕੀਤੀ ਹੈ॥ ੯॥

ਬਡੀ ਬਸਹਿ ਕੋਸਨ ਲਗਿ ਜੋਈ। ਧਨੀ ਘਨੀ ਮਹਲਾਇਤ ਹੋਈ।
ਸਕਲ ਸਦਨ ਕੀ ਜਰਾਂ ਉਖਰਿ ਹੈਂ। ਖੇਤੀ ਬਾਹਨ ਬੋਵਨ ਕਰਿਹੈਂ॥ ੧੦॥

ਜਿਹੜੀ ਸਿਰਹੰਦ ਘੁਗ ਵੱਸਦੀ ਹੈ ਤੇ ਕੋਹਾਂ ਤਕ ਫੈਲੀ ਹੋਈ ਹੈ, ਜਿਸ ਵਿਚ ਰਹਿਣ ਵਾਲੇ ਲੋਕ ਬਹੁਤ ਧਨਾਢ ਹਨ ਤੇ ਜਿਸ ਨਗਰ ਵਿਚ ਵੱਡੇ-ਵੱਡੇ ਮਹਿਲ ਮਾੜੀਆਂ ਹਨ, ਸਾਰੇ ਘਰਾਂ ਦੀਆਂ ਜੜ੍ਹਾਂ ਉੱਖੜ ਜਾਣਗੀਆਂ। ਖੇਤੀ ਵਾਹ ਕੇ ਜਿਹੜੇ ਅਨਾਜ ਬੀਜਦੇ ਹਨ॥ ੧੦॥

ਅਸ ਫਲ ਪ੍ਰਾਪਤਿ ਪਾਪਨ ਕੇਰਾ। ਤੁਰਕ ਰਾਜ ਕੋ ਹੋਇ ਨਿਬੇਰਾ'।
ਦੋਇ ਬਾਰ ਕਹਿ ਕੱਲਾਰਾਊ। ਭਯੋ ਲਚਾਰ ਮਹਾਂ ਪਛੁਤਾਊ॥ ੧੧॥

ਉਨ੍ਹਾਂ ਪਾਪਾਂ ਦਾ ਐਸਾ ਫਲ ਪ੍ਰਾਪਤ ਹੋਵੇਗਾ ਤੇ ਤੁਰਕ ਰਾਜ ਦਾ ਨਬੇੜਾ ਹੋ ਜਾਵੇਗਾ।'' ਕੱਲ੍ਹਾ ਰਾਇ ਦੋ ਵਾਰ ਕਹਿ ਕੇ, ਮਹਾਂ ਲਾਚਾਰ ਹੋ ਕੇ ਬਹੁਤ ਪਛੁਤਾਇਆ॥ ੧੧॥

'ਅਬਿ ਰਿਸ ਮਹਿਂ ਬਖਸ਼ਤਿ ਕਿਮ ਨਾਂਹੀ। ਸੰਗ ਚਲੌਂ ਬੈਠਵ ਨਿਤ ਪਾਂਹੀ।
ਹੁਇਂ ਪ੍ਰਸੰਨ ਕਿਸ ਬਿਧਿ ਤੇ ਜਬੈ। ਮਹਾਂ ਪੁਰਖ ਬਖਸ਼ਹਿੰਗੇ ਤਬੈ' ॥ ੧੨॥

"ਹੁਣ ਕ੍ਰੋਧ ਵਿਚ ਆਏ ਹਨ, ਕਿਸੇ ਪ੍ਰਕਾਰ ਵੀ ਬਖਸ਼ਣਗੇ ਨਹੀਂ। ਹੁਣ ਨਾਲ ਚਲਦਾ ਹਾਂ, ਨਿਤ ਪਾਸ ਬੈਠਾਂਗਾ। ਕਿਸੇ ਵਿਧੀ ਨਾਲ ਜਦ ਪ੍ਰਸੰਨ ਹੋਣਗੇ ਤਾਂ ਮਹਾਂਪੁਰਖ ਫਿਰ ਬਖਸ਼ ਦੇਣਗੇ" ॥ ੧੨ ॥

ਨਿਜ ਲੋਕਨਿ ਸਨ ਊਚ ਉਚਾਰਾ। 'ਗਮਨਹੁ ਸਦਨ ਕਰਹੁ ਸਭਿ ਤਯਾਰਾ।
ਬਾਲਿਕ ਤ੍ਰੀਮਿਤਿ ਸਭਿ ਲੈ ਆਓ। ਰਾਖਹਿਂ ਸੰਗ ਜਹਾਂ ਕਹਿਂ ਜਾਓ ॥ ੧੩ ॥

ਉਹ ਆਪਣੇ ਲੋਕਾਂ ਨੂੰ ਬੜੀ ਉੱਚੀ ਆਵਾਜ਼ ਵਿਚ ਕਹਿਣ ਲੱਗਾ, "ਆਪਣੇ ਘਰਾਂ ਵਿਚ ਚਲੋ ਤੇ ਸਭ ਪ੍ਰਕਾਰ ਦੀ ਤਿਆਰੀ ਕਰੋ। ਬਾਲਕ ਇਸਤਰੀਆਂ ਸਭ ਲੈ ਆਵੋ ਤਾਂਕਿ ਜਿੱਥੇ ਕਿੱਥੇ ਜਾਈਏ ਆਪਣੇ ਨਾਲ ਰੱਖੀਏ ॥ ੧੩ ॥

ਨਾਂਹਿ ਤ ਕੋ ਗ਼ਨੀਮ ਚਢਿ ਆਵੈ। ਛੀਨਹਿ ਦੇਸ਼ ਮਹਾਂ ਬਲ ਪਾਵੈ।
ਸਭਿ ਔਰਤ ਕੀ ਬੇਨੀ ਗਹਿ ਗਹਿ। ਵਹਿਰ ਨਿਕਾਰਹਿਂ ਦੁਰਬਚ ਕਹਿ ਕਹਿ ॥੧੪॥

ਨਹੀਂ ਤਾਂ ਕੋਈ ਲੁਟੇਰਾ ਡਾਕੂ ਚੜ੍ਹਾਈ ਕਰਕੇ ਆ ਜਾਵੇਗਾ ਤੇ ਸਾਰਾ ਦੇਸ਼ ਖੋਹ ਕੇ ਮਹਾਂ ਬਲ ਪ੍ਰਾਪਤ ਕਰ ਲਵੇਗਾ। ਸਾਰੀਆਂ ਔਰਤਾਂ ਦੀਆਂ ਗੁੱਤਾਂ ਫੜ ਫੜ ਕੇ ਦੁਰਬਚਨ ਕਹਿ ਕਹਿ ਬਾਹਰ ਕੱਢ ਦੇਣਗੇ॥ ੧੪ ॥

ਸ੍ਰੀ ਸਤਿਗੁਰ ਕੇ ਸੰਗ ਰਹੀਜੈ। ਥਿਰੇ ਥਿਰਹੁ, ਗਮਨੈਂ ਗਮਨੀਜੈ।
ਜਹਿਂ ਬਖਸ਼ਹਿਂਗੇ ਕਰੁਨਾ ਧਾਰਿ। ਤਹਿਂ ਤੇ ਹਟਹੁ, ਬਸਾਵਹੁ ਨਾਰ' ॥ ੧੫ ॥

ਸ੍ਰੀ ਸਤਿਗੁਰੂ ਜੀ ਦੇ ਨਾਲ ਰਹੋ, ਜਿੱਥੇ ਠਹਿਰਣ, ਉਥੇ ਠਹਿਰੋ, ਜਿੱਥੇ ਜਾਣ ਉਥੇ ਜਾਵੋ। ਜਿੱਥੇ ਕਿਰਪਾ ਧਾਰ ਕੇ ਬਖਸ਼ ਦੇਣਗੇ, ਉਥੋਂ ਵਾਪਸ ਆ ਜਾਵੋ ਤੇ ਆਪਣੀਆਂ ਇਸਤਰੀਆਂ ਨੂੰ ਘਰੀਂ ਵਸਾਵੋ" ॥ ੧੫ ॥

ਅਸ ਕਹਿਬੋ ਸੁਨਿ ਕਰਿ ਗੁਰ ਕਾਨ। 'ਹਮਰੇ ਬਚਨ ਪ੍ਰਤੀਤ ਮਹਾਨ'।
ਦਯਾਸਿੰਧੁ ਤਬਿ ਦਯਾ ਢਰੇ ਹੈਂ। ਹਿਤ ਬਖਸ਼ਨ ਕੇ ਬਚਨ ਕਰੇ ਹੈਂ ॥ ੧੬ ॥

ਇਹੋ ਜਿਹੀ ਰਾਇ ਕੱਲ੍ਹੇ ਦੀ ਆਖੀ ਗੱਲ ਸਤਿਗੁਰੂ ਜੀ ਨੇ ਆਪਣੇ ਕੰਨ ਨਾਲ ਸੁਣ ਕੇ ਇਹ ਸੋਚਿਆ ਕਿ "ਰਾਇ ਕੱਲ੍ਹੇ ਦੀ ਸਾਡੇ ਬਚਨਾਂ ਤੇ ਮਹਾਨ ਪ੍ਰਤੀਤ ਹੈ।" ਦਇਆ ਦੇ ਸਾਗਰ ਨੇ ਫਿਰ ਦਇਆ ਧਾਰਨ ਕੀਤੀ ਤੇ ਬਖਸ਼ਣ ਵਾਸਤੇ ਬਚਨ ਕੀਤੇ॥ ੧੬ ॥

'ਜ਼ੋਰਾਵਾਰੀ ਕਰਤਿ ਹੈ ਰਾਇ। ਜੜ ਅਪਨੀ ਰਾਖਨ ਕੇ ਦਾਇ'।
ਆਸਤਰਨ ਕੇ ਤਰ ਤਰਵਾਰ। ਤਹਿਂ ਤੇ ਸ੍ਰੀ ਪ੍ਰਭੁ ਲਈ ਨਿਕਾਰਿ॥ ੧੭ ॥

"ਰਾਇ ਕੱਲ੍ਹਾ ਬੜੀ ਜ਼ੋਰਾਵਰੀ ਕਰ ਰਿਹਾ ਹੈ, ਇਸ ਨੇ ਆਪਣੀ ਜੜ੍ਹ ਰੱਖਣ ਦਾ ਦਾਈਆ ਲਾਇਆ ਹੈ।" ਗੁਰੂ ਜੀ ਦੇ ਸ਼ਸਤਰਾਂ ਵਿਚ ਇਕ ਤਲਵਾਰ ਸੀ, ਉਨ੍ਹਾਂ ਵਿਚੋਂ ਗੁਰੂ ਜੀ ਨੇ ਤਲਵਾਰ ਬਾਹਰ ਕੱਢ ਲਈ॥ ੧੭॥

ਨਿਜ ਕਰ ਮਹਿਂ ਧਰਿ ਬਾਕ ਬਖਾਨਾ। 'ਤੁਝ ਕੋ ਬਖਸ਼ਹਿਂ ਚਾਰੁ ਕ੍ਰਿਪਾਨਾ।
ਜਬਿ ਲਗਿ ਰਖਹੁ ਅਦਬ ਇਸ ਕੇਰਾ। ਰਹੈ ਬੰਸ, ਹੁਇ ਰਾਜ ਬਡੇਰਾ ॥ ੧੮ ॥

ਉਸ ਕਿਰਪਾਨ ਨੂੰ ਆਪਣੇ ਹੱਥ ਵਿਚ ਫੜ ਕੇ ਬਚਨ ਕੀਤਾ, "ਤੈਨੂੰ ਇਹ ਸੁੰਦਰ ਕਿਰਪਾਨ ਬਖਸ਼ਦੇ ਹਾਂ। ਜਦ ਤਕ ਇਸ ਦਾ ਅਦਬ ਰੱਖੋਗੇ ਤਦ ਤਕ ਤੁਹਾਡਾ ਵੰਸ਼ ਰਹੇਗਾ ਅਤੇ ਵੱਡਾ ਰਾਜ ਹੋਵੇਗਾ॥ ੧੮ ॥

ਨਹਿਂ ਪੂਜਹੁ ਸਨਮਾਨਹੁ ਨਾਂਹੀ। ਕਿਧੋਂ ਪਾਇ ਲੇ ਕੋ ਗਰ ਮਾਂਹੀ।
ਬੰਸ ਰਾਜ ਤਿਸ ਦਿਨ ਤੇ ਛੀਨ। ਕਛੁ ਨਹਿਂ ਰਹੈ, ਸਾਚ ਲਿਹੁ ਚੀਨ' ॥ ੧੯ ॥

ਜਦ ਇਸ ਨੂੰ ਪੂਜੋਗੇ ਨਹੀਂ ਅਤੇ ਇਸ ਦਾ ਸਨਮਾਨ ਨਹੀਂ ਕਰੋਗੇ ਜਾਂ ਕੋਈ ਹੋਰ ਇਸ ਨੂੰ ਆਪਣੇ ਗਲ ਵਿਚ ਪਾ ਲਵੇਗਾ ਤਾਂ ਵੰਸ਼ ਦਾ ਰਾਜ ਉਸੇ ਦਿਨ ਤੋਂ ਖੁੱਸ ਜਾਵੇਗਾ, ਫਿਰ ਕੁਝ ਨਹੀਂ ਰਹੇਗਾ, ਇਹ ਸੱਚੀ ਗੱਲ ਜਾਣ ਲਵੋ" ॥ ੧੯ ॥

ਸੁਨਿ ਕਰਿ ਦੋਨਹੁਂ ਹਾਥ ਪਸਾਰੇ। ਸਤਿਗੁਰ ਕੇ ਹੁਇ ਨਿਕਟ ਅਗਾਰੇ।
'ਦੀਜਹਿ ਸਤਿਗੁਰ, ਪੂਜਹਿਂ ਸਦਾ। ਨਹੀਂ ਅਵੱਗਯਾ ਕਰਿਹੋਂ ਕਦਾ' ॥੨੦॥

ਇਹ ਸੁਣ ਕੇ ਰਾਇ ਕੱਲ੍ਹੇ ਨੇ ਦੋਵੇਂ ਹੱਥ ਪਸਾਰੇ ਤੇ ਸਤਿਗੁਰੂ ਜੀ ਦੇ ਨੇੜੇ ਹੋ ਕੇ ਅੱਗੇ ਕਰ ਦਿੱਤੇ। 'ਹੇ ਸਤਿਗੁਰੂ ਜੀ! ਦੇਵੋ ਸਦਾ ਇਸ ਦੀ ਪੂਜਾ ਕਰਾਂਗੇ ਤੇ ਮੈਂ ਕਦੀ ਵੀ ਇਸ ਦੀ ਅਵੱਗਿਆ ਨਹੀਂ ਕਰਾਂਗਾ' ॥ ੨੦॥

ਰਿਦੈ ਪ੍ਰਸੰਨ ਰਾਇ ਬਹੁ ਹੋਵਾ। ਸੁੰਦਰ ਖੜਗ ਬਿਕੀਮਤਿ ਜੋਵਾ।
'ਰਾਜ ਤੇਜ ਅਰ ਬੰਸ ਉਦਾਰਾ। ਆਯਹੁ ਰਾਖਨਹਾਰ ਹਮਾਰਾ' ॥ ੨੧॥

ਰਾਇ ਕੱਲ੍ਹਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਜਦ ਉਸ ਨੇ ਬਹੁਤ ਕੀਮਤੀ ਸੁੰਦਰ ਤਲਵਾਰ ਨੂੰ ਵੇਖਿਆ ਅਤੇ ਬੋਲਿਆ, "ਇਹ ਕ੍ਰਿਪਾਨ ਸਾਡੇ ਰਾਜ ਤੇਜ ਦੀ ਰੱਖਿਅਕ ਹੋ ਕੇ ਆਈ ਹੈ" ॥ ੨੧॥

ਸ਼੍ਰੀ ਗੁਰ ਕਦਮ ਪਦਮ ਸਮ ਹੇਰੇ। ਬਾਰ ਬਾਰ ਬੰਦਹਿਂ ਤਿਸ ਬੇਰੇ।
ਹਾਥ ਜੋਰਿ ਕਰਿ ਖਰੋ ਅਗਾਰੀ। 'ਦਿਹੁ ਆਗਯਾ ਹੁਇ ਸੇਵ ਤੁਮਾਰੀ' ॥੨੨॥

ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਵੇਖਿਆ ਤੇ ਉਸ ਸਮੇਂ ਬਾਰ-ਬਾਰ ਬੰਦਨਾ ਕੀਤੀ। ਹੱਥ ਜੋੜ ਕੇ ਅੱਗੇ ਖੜ੍ਹਾ ਹੋ ਗਿਆ, "ਆਗਿਆ ਦੇਵੋ ਤੁਹਾਡੀ ਸੇਵਾ ਕਰੀਏ" ॥ ੨੨॥

ਸ਼੍ਰੀ ਗੁਰ ਕਹਯੋ 'ਗਮਨ ਹਮ ਚਾਹੈਂ। ਤੁਮ ਭੀ ਜਾਹੁ ਅਪਨਿ ਘਰ ਮਾਂਹੈ।
ਜੰਗਲ ਦੇਸ਼ ਹਮਾਰੇ ਸਿੱਖ। ਤਹਾਂ ਬਿਤਾਵਹਿ ਸਮਾਂ ਭਵਿੱਖ॥ ੨੩॥

ਸਤਿਗੁਰੂ ਜੀ ਨੇ ਕਿਹਾ, "ਅਸੀਂ ਹੁਣ ਜਾਣਾ ਚਾਹੁੰਦੇ ਹਾਂ, ਤੁਸੀਂ ਵੀ ਹੁਣ ਆਪਣੇ ਘਰ ਵਿਚ ਜਾਵੋ। ਮਾਲਵੇ ਦੇਸ਼ ਵਿਚ ਸਾਡੇ ਬਹੁਤ ਸਿੱਖ ਰਹਿੰਦੇ ਹਨ, ਭਵਿੱਖ ਦਾ ਸਮਾਂ ਉਥੇ ਬਤੀਤ ਕਰਾਂਗੇ॥ ੨੩॥

ਅਬਿ ਸੇਵਾ ਕੀ ਚਾਹ ਨ ਕੋਈ। ਜਿਸ ਹਿਤ ਕਹੈਂ ਤੋਹਿ ਕੋ ਸੋਈ'।
ਇਮ ਕਹਿ ਪਲੰਘ ਤਬੈ ਉਠਿਵਾਯੋ। ਰਾਇ ਚਮੂੰ ਜੁਤਿ ਸੀਸ ਨਿਵਾਯੋ॥੨੪॥

ਹੁਣ ਸੇਵਾ ਦੀ ਕੋਈ ਚਾਹਤ ਨਹੀਂ ਹੈ, ਜਿਸ ਵਾਸਤੇ ਤੈਨੂੰ ਹੁਣ ਕਹੀਏ।" ਇਸ ਪ੍ਰਕਾਰ ਕਹਿ ਕੇ ਪਲੰਘ ਉਠਵਾਇਆ, ਰਾਇ ਕੱਲ੍ਹੇ ਨੇ ਸੈਨਾ ਸਹਿਤ ਸਿਰ ਨਿਵਾਇਆ॥ ੨੪॥

ਜੰਗਲ ਦਿਸ਼ਾ ਬਦਨ ਕਰਿ ਚਲੇ। ਮੁੱਠਾ ਫਿਰੈ ਸੀਸ ਪਰ ਭਲੇ।
ਗ੍ਰਾਮ ਏਕ ਪੁਨ ਪਹੁੰਚੇ ਜਾਇ। ਬੱਦ੍ਰੀ ਤਰੁ ਤਰ ਪਲੰਘ ਟਿਕਾਇ॥ ੨੫॥

ਮਾਲਵੇ ਵਲ ਮੁਖ ਕਰਕੇ ਚਲ ਪਏ, ਸਿਰ ਉੱਪਰ ਚੌਰ ਭਲੀ ਪ੍ਰਕਾਰ ਫਿਰ ਰਿਹਾ ਸੀ। ਫਿਰ ਇਕ ਪਿੰਡ ਵਿਚ ਜਾ ਪਹੁੰਚੇ, ਇਕ ਬੇਰੀ ਦੇ ਬੂਟੇ ਹੇਠ ਜਾ ਕੇ ਪਲੰਘ ਟਿਕਾ ਦਿੱਤਾ॥ ੨੫॥

ਕਰਯੋ ਸੁਚੇਤਾ ਥਿਰ ਕੁਛ ਭਏ। ਬਹੁਰੋ ਆਗੇ ਚਲਿਬੋ ਕਏ।
ਸਨੇ ਸਨੇ ਮਾਰਗ ਉਲਘੰਤੇ। ਜੰਗਲ ਦੇਸ਼ ਆਇ ਨਿਯਰੰਤੇ॥ ੨੬॥

ਉਥੇ ਕੁਝ ਦੇਰ ਠਹਿਰ ਕੇ ਅਰਾਮ ਕੀਤਾ, ਫਿਰ ਅੱਗੇ ਚਲ ਪਏ। ਹੌਲੀ ਹੌਲੀ ਪੈਂਡਾ ਲੰਘਦੇ ਜਾਂਦੇ ਸਨ, ਫਿਰ ਮਾਲਵੇ-ਦੇਸ਼ ਦੇ ਬਹੁਤ ਨੇੜੇ ਆ ਗਏ॥ ੨੬॥

ਏਕ ਨਿਸਾ ਬਸਿ ਗਏ ਅਗਾਰੀ। ਹਾਜੀ ਬੇਖ ਪਲੰਘ ਅਸਵਾਰੀ।
ਸਨਮੁਖ ਸਿੰਘ ਮਿਲਯੋ ਇਕ ਆਇ। ਸ਼੍ਰੀ ਗੁਰ ਦੇਖੇ ਸੀਸ ਨਿਵਾਇ॥੨੭॥

ਇਕ ਰਾਤ ਠਹਿਰ ਕੇ ਅੱਗੇ ਚਲ ਪਏ, ਹਾਜੀਆਂ ਵਾਲਾ ਭੇਸ ਬਣਾਇਆ ਸੀ ਤੇ ਪਲੰਘ ਦੀ ਅਸਵਾਰੀ ਕਰ ਰਹੇ ਸਨ ਸਾਹਮਣੇ ਇਕ ਸਿੰਘ ਆ ਕੇ ਮਿਲਿਆ, ਸ੍ਰੀ ਗੁਰੂ ਜੀ ਨੂੰ ਵੇਖ ਕੇ ਉਸ ਸਿਰ ਨਿਵਾਇਆ॥ ੨੭॥

ਪਰਜੋ ਜ਼ੀਨ ਜਿਸ ਪਾਸ ਤੁਰੰਗਾ। ਦੀਰਘ ਚਾਲ ਚਪਲ ਬਲ ਸੰਗਾ।
ਅਰਪਨ ਕਰਜੋ ਹਾਥ ਜੁਗ ਜੋਰੇ। ਸ੍ਰੀ ਪ੍ਰਭੁ ਤਬਿ ਅਰੋਹ ਕਰਿ ਘੋਰੇ॥ ੨੮॥

ਉਸ ਪਾਸ ਇਕ ਕਾਠੀ ਸਹਿਤ ਘੋੜਾ ਸੀ, ਜਿਹੜਾ ਬੜਾ ਚੰਚਲ, ਬਲਵਾਨ ਅਤੇ ਬੜੀ ਤੇਜ਼ ਰਫ਼ਤਾਰ ਚੱਲਣ ਵਾਲ ਸੀ। ਉਸ ਸਿੰਘ ਨੇ ਦੋਵੇਂ ਹੱਥ ਜੋੜ ਕੇ ਘੋੜਾ ਅਰਪਣ ਕੀਤਾ। ਫਿਰ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ॥ ੨੮॥

ਦੀਨਾ ਗ੍ਰਾਮ ਨਿਕਟ ਜਬਿ ਆਯੋ। ਪੁਰਿ ਕਾਂਗੜ ਤੇ ਨਿਕਸਿ ਬਸਾਯੋ।
ਸ੍ਰੀ ਸਤਿਗੁਰ ਹਰਿਗੋਬਿੰਦ ਸੰਗ। ਮਿਲਜੋ ਜੋਧ ਸਿਖ ਭਾ ਸਰਬੰਗ॥ ੨੯॥

ਜਦ ਦੀਨਾ ਪਿੰਡ ਨੇੜੇ ਆਇਆ, ਜਿਹੜਾ ਕਾਂਗੜ ਨਗਰ ਦੇ ਨੇੜੇ ਵਸਿਆ ਸੀ। ਏਥੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰਾਇ ਜੋਧ ਨਾਮੀਂ ਸਿੰਘ ਸਰਬ ਪ੍ਰਕਾਰ ਮਿਲਿਆ ਸੀ॥ ੨੯॥

ਲਲਾਬੇਗ ਸੋਂ ਰਣ ਜਿਸ ਕਾਲ। ਲਰਜੋ ਤਬੈ ਲੇ ਚਮੂੰ ਬਿਸਾਲ।
ਸ੍ਰੀ ਅਰਜਨ ਸੁਤ ਬਹੁਤ ਰਿਝਾਯੋ। ਦੀਰਘ ਪ੍ਰਾਕ੍ਰਮ ਕਰਿ ਦਿਖਰਾਯੋ॥ ੩੦॥

ਜਿਸ ਸਮੇਂ ਲਲਾ ਬੇਗ ਨਾਲ ਯੁੱਧ ਹੋਇਆ ਸੀ, ਉਸ ਸਮੇਂ ਰਾਇ ਜੋਧ ਬਹੁਤ ਸੈਨਾ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਮਿਲ ਕੇ ਲਲਾ ਬੇਗ ਨਾਲ ਲੜਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਹਿਬ ਜੀ ਨੂੰ ਉਸ ਬਹੁਤ ਪ੍ਰਸੰਨ ਕੀਤਾ ਸੀ ਤੇ ਵੱਡਾ ਉੱਦਮ ਕਰਕੇ ਵਿਖਾਇਆ ਸੀ॥ ੩੦॥

ਤਿਹ ਕੇ ਪੌਤ੍ਰ ਤੀਨ ਤਹਿਂ ਅਹੇ। ਪੁਰਿ ਕਾਂਗੜ ਤੇ ਦੀਨੇ ਰਹੇ।
ਏਕ ਸ਼ਮੀਰ ਦੁਤੀ ਲਖਮੀਰ। ਤਖਤਮੱਲ ਤੀਸਰ ਮਤਿ ਧੀਰ॥ ੩੧॥

ਉਸ ਦੇ ਉਥੇ ਤਿੰਨ ਪੋਤਰੇ ਸਨ, ਉਹ ਕਾਂਗੜ ਨਗਰ ਅਤੇ ਦੀਨੇ ਰਹਿੰਦੇ ਸਨ। ਇਕ ਦਾ ਨਾਮ ਸ਼ਮੀਰ ਸੀ, ਦੂਸਰਾ ਲਖਮੀਰ ਸੀ ਤੇ ਤੀਸਰੇ ਦਾ ਨਾਮ ਤਖਤਮੱਲ ਸੀ॥ ੩੧॥

ਜਿਨ ਕੋ ਹੁਕਮ ਗ੍ਰਾਮ ਗਨ ਮਾਨੈਂ। ਰਾਹਕ ਸਕਲ ਬਡੋ ਜਿਸ ਜਾਨੈਂ।
ਤਿਨ ਕੇ ਪਾਸ ਏਕ ਨਰ ਗਯੋ। ਤਹਿਂ ਪਹੁੰਚਨ ਗੁਰ ਰੁਖ ਲਖਿ ਲਯੋ॥ ੩੨॥

ਜਿਨ੍ਹਾਂ ਦਾ ਹੁਕਮ ਬਹੁਤ ਪਿੰਡ ਮੰਨਦੇ ਸਨ, ਸਾਰੇ ਕਿਸਾਨ ਜਿਸ ਨੂੰ ਵੱਡਾ ਜਾਣਦੇ ਸਨ। ਉਨ੍ਹਾਂ ਦੇ ਪਾਸ ਇਕ ਮਨੁੱਖ ਗਿਆ, ਉਥੇ ਪਹੁੰਚ ਕੇ ਉਸ ਗੁਰੂ ਜੀ ਪ੍ਰਤਿ ਉਨ੍ਹਾਂ ਦਾ ਰੁਖ ਜਾਣ ਲਿਆ॥ ੩੨॥

ਤਿਨ ਸਭਿਹਿਨਿ ਸਨ ਖਬਰ ਸੁਨਾਈ। 'ਗਨ ਤੁਰਕਨ ਸਨ ਕੀਨਿ ਲਰਾਈ।
ਸ੍ਰੀ ਗੁਰ ਗੋਬਿੰਦ ਸਿੰਘ ਇਤਿ ਆਏ। ਅਪਨ ਗ੍ਰਾਮ ਕੇ ਅਬਿ ਨਿਯਰਾਏ॥ ੩੩॥

ਉਸ ਮਨੁੱਖ ਨੇ ਉਨ੍ਹਾਂ ਸਾਰਿਆਂ ਨੂੰ ਖਬਰ ਸੁਣਾਈ, "ਜਿਸ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਤੁਰਕਾਂ ਨਾਲ ਲੜਾਈ ਕੀਤੀ ਹੈ, ਉਹ ਹੁਣ ਏਧਰ ਆਏ ਹਨ, ਸਾਡੇ ਪਿੰਡ ਦੇ ਹੁਣ ਬਹੁਤ ਨੇੜੇ ਆ ਗਏ ਹਨ॥ ੩੩॥

ਜਾਨੈ ਕੌਨ ਜਾਹਿਂ ਕਿਸ ਗ੍ਰਾਮੂ? ਉਤਰਹਿਂ ਕਿਸ ਰਾਹਕ ਬਰ ਧਾਮੂ।
ਉਚਿਤ ਅਹੈ ਤੁਮ ਕੋ ਅਗਵਾਈ। ਮਿਲਹੁ ਜਾਇ ਲੇ ਨਰ ਸਮੁਦਾਈ'॥ ੩੪॥

ਕੌਣ ਜਾਣਦਾ ਹੈ ਕਿ ਉਹ ਕਿਹੜੇ ਪਿੰਡ ਵਿਚ ਜਾਣਗੇ ? ਕਿਸੇ ਸ੍ਰੇਸ਼ਟ ਕਿਸਾਨ ਦੇ ਘਰ ਉਤਾਰਾ ਕਰਨਗੇ। ਉਚਿਤ ਇਹੋ ਹੈ ਕਿ ਤੁਹਾਨੂੰ ਅਗੋਂ ਜਾ ਕੇ ਮਿਲਣਾ ਚਾਹੀਦਾ ਹੈ, ਬਹੁਤ ਮਨੁੱਖਾਂ ਨੂੰ ਆਪਣੇ ਨਾਲ ਲੈ ਕੇ ਉਨ੍ਹਾਂ ਨੂੰ ਜਾ ਕੇ ਮਿਲ ਪਵੋ'॥ ੩੪॥

ਸੁਨਤਿ ਸ਼ਮੀਰ ਭ੍ਰਾਤ ਲਖਮੀਰ। ਤੂਰਨ ਤਯਾਰ ਭਏ ਮਤਿ ਧੀਰ।
ਨਰ ਸਕੇਲ ਕੇਤਿਕ ਸੰਗ ਲੀਨੇ। ਨਿਕਸਿ ਅਗਾਊ ਮਗ ਪਗ ਦੀਨੇ॥ ੩੫ ॥

ਇਹ ਸੁਣ ਕੇ ਸ਼ਮੀਰ ਅਤੇ ਲਖਮੀਰ ਦੋਵੇਂ ਧੀਰਜਵਾਨ ਭਰਾ ਤੁਰਤ ਤਿਆਰ ਹੋ ਗਏ। ਬਹੁਤ ਮਨੁੱਖ ਇਕੱਠੇ ਕਰਕੇ ਨਾਲ ਲਏ ਤੇ ਅਗਾਊਂ ਨਿਕਲ ਕੇ ਗੁਰੂ ਜੀ ਵਾਲੇ ਰਾਹੇ ਪੈ ਗਏ॥ ੩੫॥

ਦੋਇ ਕੋਸ ਆਗੇ ਚਲਿ ਆਏ। ਨਾਨਾ ਵਸਤੁ ਉਪਾਇਨ ਲਯਾਏ।
ਚਢੇ ਤੁਰੰਗਮ ਆਵਤਿ ਆਗੇ। ਤਨ ਪਹਿਰੇ ਨੀਲਾਂਬਰ ਬਾਗੇ॥ ੩੬ ॥

ਦੋ ਕੋਹ ਅੱਗੇ ਚਲ ਕੇ ਆਏ ਤੇ ਕਈ ਪ੍ਰਕਾਰ ਦੇ ਉਪਹਾਰ ਨਾਲ ਲੈ ਕੇ ਆਏ। ਗੁਰੂ ਜੀ ਘੋੜੇ 'ਤੇ ਚੜ੍ਹੇ ਅੱਗੇ ਆ ਰਹੇ ਸਨ, ਉਨ੍ਹਾਂ ਨੇ ਆਪਣੇ ਸਰੀਰ ਉੱਪਰ ਨੀਲੇ ਵਸਤਰ ਪਹਿਣੇ ਸਨ॥ ੩੬॥

ਤੂਰਨ ਨਿਕਟ ਹੋਇ ਕਰ ਬੰਦੇ। ਬੰਦੇ ਸੁੰਦਰ ਪਦ ਅਰਬਿੰਦੇ।
ਸਹਿਤ ਰਕਾਬ ਸਪਰਸ਼ਨ ਕਰੇ। ਨੰਮ੍ਰੀ ਬਨਿ ਬਨਿ ਸਿਰ ਨਿਜ ਧਰੇ॥ ੩੭ ॥

ਉਨ੍ਹਾਂ ਨੇ ਵੇਖ ਕੇ ਤੁਰਤ ਹੱਥ ਜੋੜ ਕੇ ਸੁੰਦਰ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ। ਰਕਾਬ ਸਹਿਤ ਚਰਨਾਂ ਨੂੰ ਸਪਰਸ਼ ਕੀਤਾ ਤੇ ਸਨਿਮਰ ਬਣ-ਬਣ ਆਪਣੇ ਸਿਰ ਚਰਨਾਂ ਉੱਪਰ ਧਰੇ॥ ੩੭॥

ਕੁਸ਼ਲ ਪ੍ਰਸ਼ਨ ਤਿਨ ਪ੍ਰਤਿ ਗੁਰ ਕਹਜੋ। 'ਕ੍ਰਿਪਾ ਆਪ ਕੀ ਸਭਿ ਸੁਖ ਲਹਜੋ।
ਪ੍ਰਭੁ ਜੀ ! ਚਲੀਅਹਿ ਧਾਮ ਹਮਾਰੇ। ਉਤਰਹੁ, ਸ੍ਰਮ ਤਨ ਤੇ ਦਿਹੁ ਟਾਰੇ॥ ੩੮ ॥

ਉਨ੍ਹਾਂ ਪਾਸੋਂ ਗੁਰੂ ਜੀ ਨੇ ਸੁਖ-ਸਾਂਦ ਪੁੱਛੀ ਤੇ ਉਨ੍ਹਾਂ ਨੇ ਉੱਤਰ ਵਿਚ ਕਿਹਾ, "ਤੁਹਾਡੀ ਕਿਰਪਾ ਨਾਲ ਸਭ ਪ੍ਰਕਾਰ ਦੇ ਸੁਖ ਪਾਏ ਹਨ। ਹੇ ਸਤਿਗੁਰੂ ਜੀ ! ਹੁਣ ਸਾਡੇ ਘਰ ਚਲੀਏ ਤੇ ਉਤਾਰਾ ਕਰਕੇ ਸਰੀਰ ਦੀ ਥਕਾਵਟ ਨੂੰ ਦੂਰ ਕਰੋ॥ ੩੮॥

ਪਾਵਨ ਕਰਹੁ ਗ੍ਰਾਮ ਗਨ ਧਾਮੂ। ਸਿੱਖ ਕਦੀਮੀ ਹਮ ਪਗ ਸਾਮੂ।
ਪਿਤਾ ਪਿਤਾਮਾ ਸੇਵਕ ਰਹੇ। ਗੁਰੂ ਪ੍ਰਸੰਨ ਹੋਇ ਦੁਖ ਦਹੇ'॥ ੩੯ ॥

ਪਿੰਡ ਅਤੇ ਘਰਾਂ ਨੂੰ ਪਵਿੱਤਰ ਕਰੋ, ਅਸੀਂ ਆਪ ਜੀ ਦੇ ਚਰਨਾਂ ਦੀ ਸ਼ਰਨ ਆਏ ਕਦੀਮੀ ਸਿੱਖ ਹਾਂ। ਸਾਡੇ ਪਿਤਾ ਪਿਤਾਮਾ ਤੁਹਾਡੇ ਸੇਵਕ ਰਹੇ ਹਨ। ਗੁਰੂ ਜੀ ਪ੍ਰਸੰਨ ਹੋ ਕੇ ਦੁਖ ਦੂਰ ਕਰ ਦਿੰਦੇ ਹਨ' ॥ ੩੯॥

ਸੁਨਿ ਸਿੱਖਨਿ ਤੇ ਕ੍ਰਿਪਾ ਨਿਧਾਨਾ। ਹੇਤ ਸੁਚੇਤੀ ਬਾਕ ਬਖਾਨਾ।
'ਤੁਰਕਨ ਸੰਗ ਹਮਾਰੋ ਬਾਦਾ। ਪਰੇ ਅਧਿਕ ਸੰਗ੍ਰਾਮ ਬਿਖਾਦਾ॥ ੪੦ ॥

ਸਿੱਖਾਂ ਪਾਸੋਂ ਸੁਣ ਕੇ ਕ੍ਰਿਪਾ-ਨਿਧਾਨ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਾਵਧਾਨ ਕਰਨ ਵਾਸਤੇ ਬਚਨ ਕੀਤਾ, "ਤੁਰਕਾਂ ਨਾਲ ਸਾਡਾ ਝਗੜਾ ਹੈ, ਸਾਡੇ ਏਥੇ ਰਹਿਣ ਨਾਲ ਬੜੇ ਯੁੱਧ ਅਤੇ ਝਗੜੇ ਖੜੇ ਹੋ ਜਾਣਗੇ॥ ੪੦॥

ਸੋ ਹਾਕਮ, ਤੁਮ ਹੋ ਤਿਨ ਰੱਯਤ। ਲਰਹੁ ਨ ਕੁਛ ਕਰ ਅਧਿਕ ਜਮੱਯਤ।
ਧਰਹੁ ਤ੍ਰਾਸ, ਨਹਿਂ ਬਲ ਸੰਭਾਰਹੁ। ਕਿਮ ਹਮ ਕੋ ਨਿਜ ਸਦਨ ਉਤਾਰਹੁ ?' ॥੪੧ ॥

ਉਹ ਹਾਕਮ ਹਨ, ਤੁਸੀਂ ਉਨ੍ਹਾਂ ਦੀ ਪਰਜਾ ਹੋ, ਬਹੁਤੀ ਸੈਨਾ ਲੈ ਕੇ ਕੁਝ ਲੜ ਨਹੀਂ ਸਕਦੇ ਹੋ। ਡਰ ਧਾਰਨ ਕਰੋਗੇ ਤੇ ਆਪਣੀ ਸ਼ਕਤੀ ਨਹੀਂ ਸੰਭਾਲੋਗੇ, ਸਾਡਾ ਕਿਵੇਂ ਆਪਣੇ ਘਰ ਵਿਚ ਉਤਾਰਾ ਕਰਵਾਓਗੇ ?" ॥ ੪੧॥

ਸੁਨਿ ਕਰ ਜੋਰਿ ਸਰਬ ਕਹੈਂ। 'ਅਬਿ ਰਾਵਰ ਕੀ ਸ਼ਰਨੀ ਅਹੈਂ।
ਕ੍ਰਿਪਾ ਕਰਹੁ ਹੁਇਂ ਸਦਨ ਪਵਿੱਤ੍ਰਾ। ਤੁਮ ਚਲਿੱਤ੍ਰ ਹੈਂ ਚਿੱਤ੍ਰ ਬਚਿੱਤ੍ਰਾ॥ ੪੨ ॥

ਇਸ ਸੁਣ ਕੇ ਹੱਥ ਜੋੜ ਕੇ ਸਾਰਿਆਂ ਨੇ ਕਿਹਾ, "ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਕਿਰਪਾ ਕਰੋ ਕਿ ਸਾਡਾ ਘਰ ਪਵਿੱਤਰ ਹੋਵੇ। ਤੁਹਾਡੇ ਚਰਿੱਤਰ ਬਹੁਤ ਵਚਿੱਤਰ ਹਨ॥ ੪੨॥

ਪੁਸ਼ਤੈਨੀ ਹਮ ਦਾਸ ਤੁਮਾਰੇ। ਮਿਲਿਨਿ ਆਪ ਸੋਂ ਕਿਸ ਡਰ ਧਾਰੇਂ।
ਗੁਰ ਸਿੱਖਨ ਸੋਂ ਮੇਲ ਹਮੇਸ਼। ਬਰਜ ਸਕਹਿ ਅਸ ਕੋਨ ਵਿਸ਼ੇਸ਼॥ ੪੩॥

ਅਸੀਂ ਪੁਸ਼ਤਾਂ ਤੋਂ ਤੁਹਾਡੇ ਦਾਸ ਹਾਂ, ਆਪ ਜੀ ਨੂੰ ਮਿਲ ਕੇ ਕਿਸ ਦਾ ਡਰ ਧਾਰਨ ਕਰਾਂਗੇ। ਗੁਰਸਿੱਖਾਂ ਨਾਲ ਸਦਾ ਤੁਹਾਡਾ ਮੇਲ ਰਿਹਾ ਹੈ, ਕੌਣ ਐਸਾ ਡਾਢਾ ਹੈ ਜਿਹੜਾ ਵਰਜ ਸਕੇ॥ ੪੩॥

ਪੁਰਵਹੁ ਸ਼ਰਧਾ ਆਪ ਹਮਾਰੀ। ਤੁਮ ਕ੍ਰਿਪਾਲ ਦੁਖ ਦੂੰਦ ਬਿਦਾਰੀ।
ਜੇ ਇਮ ਸਮਾ ਆਨਿ ਹੀ ਬਨੈ। ਸੰਗ ਆਪ ਕੇ ਹੁਇ ਰਿਪੁ ਹਨੈਂ॥ ੪੪॥

ਆਪ ਜੀ ਸਾਡੀ ਸ਼ਰਧਾ ਪੂਰੀ ਕਰੋ, ਤੁਸੀਂ ਕ੍ਰਿਪਾਲੂ ਦੁਖ ਅਤੇ ਈਰਖਾ ਦੂਰ ਕਰਦੇ ਹੋ। ਜੇ ਐਸਾ ਸਮਾਂ ਵੀ ਆ ਬਣੇਗਾ ਜਿਵੇਂ ਤੁਸੀਂ ਕਿਹਾ ਹੈ, ਤਾਂ ਆਪ ਜੀ ਦੇ ਵੈਰੀ ਨੂੰ ਮਾਰਾਂਗੇ॥ ੪੪॥

ਨਹਿਂ ਰਾਵਰ ਕੋ ਤਜਾਗੈਂ ਸੰਗ। ਤੁਰਕਨਿ ਸੰਗ ਕਰੈਂ ਇਮ ਜੰਗ।
ਇੱਤਜਾਦਿਕ ਬਿਨਤੀ ਸੁਨਿ ਕਾਨ। ਗੁਰੂ ਗ਼ਰੀਬ ਨਿਵਾਜ ਸੁਜਾਨ॥ ੪੫॥

ਆਪ ਜੀ ਦਾ ਸੰਗ ਕਦੀ ਵੀ ਨਹੀਂ ਛੱਡਾਂਗੇ, ਤੁਰਕਾਂ ਦੇ ਨਾਲ ਇਸ ਪ੍ਰਕਾਰ ਜੰਗ ਕਰਾਂਗੇ।" ਇਸ ਪ੍ਰਕਾਰ ਕੰਨਾਂ ਨਾਲ ਬੇਨਤੀ ਸੁਣ ਕੇ, ਸ੍ਰੇਸ਼ਟ ਗੁਰੂ ਗ਼ਰੀਬ ਨਿਵਾਜ਼ ਜੀ॥ ੪੫॥

ਚਲੇ ਸੰਗ ਤਿਨ ਕਹਿਬੋ ਮਾਨਜੋ। ਪੀਛੈ ਪੁਰਿਜਨ ਪੁੰਜ ਪਯਾਨਜੋ।
ਪਹੁੰਚੇ ਗ੍ਰਾਮ ਬਿਖੈ ਤਬਿ ਜਾਇ। ਨਰ ਨਾਰੀ ਦਰਸ਼ਨ ਕੋ ਪਾਇ॥ ੪੬॥

ਉਨ੍ਹਾਂ ਦਾ ਕਿਹਾ ਮੰਨ ਕੇ, ਉਨ੍ਹਾਂ ਦੇ ਨਾਲ ਚਲ ਪਏ, ਉਨ੍ਹਾਂ ਦੇ ਪਿੱਛੇ-ਪਿੱਛੇ ਨਗਰ ਦੇ ਲੋਕ ਇਕੱਠੇ ਹੋ ਕੇ ਚਲ ਪਏ। ਤਦ ਪਿੰਡ ਵਿਚ ਜਾ ਪਹੁੰਚੇ ਤੇ ਇਸਤਰੀ ਪੁਰਸ਼ਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥ ੪੬॥

ਕਾਚੇ ਸਦਨ ਹੁਤੇ ਸਭਿ ਕੇਰੇ। ਹਿਤ ਉਤਰਨਿ ਕੇ ਨੀਕੋ ਹੇਰੇ।
ਇਕ ਤਿਖਾਨ ਕੋ ਧਾਮ ਨਿਹਾਰਾ। ਤਿਸ ਪਰ ਚਾਰੂ ਰਚਜੋ ਚੁਬਾਰਾ॥ ੪੭॥

ਉਸ ਸਮੇਂ ਸਾਰਿਆਂ ਦੇ ਘਰ ਕੱਚੇ ਸਨ, ਗੁਰੂ ਜੀ ਦੇ ਉਤਾਰੇ ਵਾਸਤੇ ਕੋਈ ਚੰਗਾ ਘਰ ਵੇਖਣ ਲੱਗੇ। ਇਕ ਤਰਖਾਣ ਦਾ ਘਰ ਵੇਖਿਆ। ਉਸ ਨੇ ਘਰ ਉੱਪਰ ਸੁੰਦਰ ਚੁਬਾਰਾ ਬਣਾਇਆ ਹੋਇਆ ਸੀ॥ ੪੭॥

ਸੋ ਪਸਿੰਦ ਉਤਰਨਿ ਕੇ ਦੇਖਾ। ਪਾਵਨ ਲੀਪਨ ਕੀਨ ਵਿਸ਼ੇਖਾ।
ਸੁੰਦਰ ਆਨਿ ਪ੍ਰਯੰਕ ਡਸਾਵਾ। ਬਿਸਦ ਬਿਛੋਨੇ ਤੇ ਸਭਿ ਛਾਵਾ॥ ੪੮॥

ਉਹ ਘਰ ਗੁਰੂ ਜੀ ਦੇ ਉਤਾਰੇ ਵਾਸਤੇ ਵੇਖਿਆ, ਉਸ ਨੇ ਵਿਸ਼ੇਸ਼ ਤੌਰ ਤੇ ਪਵਿੱਤਰ ਲਿਪਾਈ ਕਰਵਾਈ। ਉਸ ਵਿਚ ਸੁੰਦਰ ਪਲੰਘ ਡੁਹਾਇਆ। ਸਫੈਦ ਰੰਗ ਦਾ ਵਿਛਾਉਣਾ ਉਸ ਉੱਪਰ ਵਿਛਵਾਇਆ॥ ੪੮॥

ਹਯ ਤੇ ਉਤਰਿ ਚਢੇ ਤਿਸ ਜਾਇ। ਬੈਠਿ ਗਏ ਸਤਿਗੁਰ ਸਤਿ ਭਾਇ।
ਤੀਨਹੁੰ ਸਿੰਘ ਸਮੀਪੀ ਥਿਰੇ। ਸੁਨਿ ਸੁਨਿ ਨਰ ਨਾਰੀ ਮੁਦ ਭਰੇ॥ ੪੯॥

ਘੋੜੇ ਉੱਪਰੋਂ ਉੱਤਰ ਕੇ, ਗੁਰੂ ਜੀ ਚੁਬਾਰੇ ਉੱਪਰ ਚੜ੍ਹ ਗਏ, ਫਿਰ ਗੁਰੂ ਜੀ ਸਹਿਜ ਸੁਭਾਇ ਬੈਠ ਗਏ। ਤਿੰਨੇ ਸਿੰਘ ਜਿਹੜੇ ਗੁਰੂ ਜੀ ਦੇ ਨਾਲ ਸਨ ਉਹ ਪਾਸ ਹੀ ਠਹਿਰ ਗਏ। ਇਸਤਰੀ ਪੁਰਸ਼ ਗੁਰੂ ਜੀ ਬਾਰੇ ਸੁਣ-ਸੁਣ ਕੇ ਪ੍ਰਸੰਨ ਹੋ ਰਹੇ ਸਨ॥ ੪੯॥

ਦਰਸ਼ਨ ਹਿਤ ਆਏ ਸਮੁਦਾਇ। ਧਰਹਿਂ ਉਪਾਇਨ ਬੰਦਹਿਂ ਪਾਇ।
'ਧੰਨ ਭਾਗ ਸ੍ਰੀ ਗੁਰ ਗ੍ਰਿਹ ਆਏ। ਭਏ ਕ੍ਰਿਤਾਰਥ ਬਿਘਨ ਮਿਟਾਏ' ॥ ੫੦ ॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਇਕੱਠੇ ਹੋ ਕੇ ਆਉਂਦੇ ਸਨ ਤੇ ਉਪਹਾਰ ਧਰ ਕੇ ਚਰਨਾਂ 'ਤੇ ਬੰਦਨਾ ਕਰਦੇ ਸਨ ਤੇ ਕਹਿੰਦੇ ਸਨ, "ਸਾਡੇ ਧੰਨ ਭਾਗ ਹਨ, ਗੁਰੂ ਜੀ ਸਾਡੇ ਘਰ ਆਏ ਹਨ, ਵਿਘਨਾਂ ਨੂੰ ਦੂਰ ਕਰਕੇ ਸਾਡੇ ਉੱਪਰ ਕ੍ਰਿਤਾਰਥ ਕੀਤਾ ਹੈ" ॥ ੫੦ ॥

ਬੈਠੇ ਘਨੇ ਆਇ ਬਡ ਭੀਰਾ। ਨਰ ਨਾਰੀ ਦਰਸਹਿਂ ਥਿਰ ਤੀਰਾ।
ਦੁਗਧ ਆਨਿ ਕਰਿ ਗਨ ਮਿਸ਼ਟਾਨ। ਕਰਿਵਾਯੋ ਸਿੰਘਨ ਕੋ ਪਾਨ ॥ ੫੧ ॥

ਬਹੁਤ ਲੋਕ ਆ ਕੇ ਬੈਠ ਗਏ ਤੇ ਵੱਡੀ ਭੀੜ ਲੱਗ ਗਈ। ਇਸਤਰੀ ਪੁਰਸ਼ ਪਾਸ ਬੈਠ ਕੇ ਦਰਸ਼ਨ ਕਰਦੇ ਸਨ। ਦੁੱਧ ਅਤੇ ਬਹੁਤ ਮਿੱਠਾ ਲਿਆ ਤੇ ਸਿੰਘਾਂ ਨੂੰ ਛਕਾਇਆ ॥ ੫੧ ॥

ਨਾਨਾ ਭਾਂਤਿ ਬਾਤ ਮਿਲਿ ਕਰਿਤੇ। ਸ੍ਰੀ ਸਤਿਗੁਰ ਕੇ ਸੁਜਸ ਉਚਰਿਤੇ।
ਇਸੀ ਰੀਤਿ ਸੰਧ੍ਯਾ ਹੁਇ ਆਈ। ਗਮਨੇ ਨਰ ਨਾਰੀ ਨਿਜ ਥਾਈਂ ॥ ੫੨ ॥

ਮਿਲ ਕੇ ਕਈ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ, ਸ੍ਰੀ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ। ਏਸੇ ਰੀਤੀ ਸ਼ਾਮ ਹੋ ਗਈ। ਸਭ ਇਸਤਰੀ ਪੁਰਸ਼ ਆਪੋ ਆਪਣੀ ਥਾਈਂ ਚਲੇ ਗਏ ॥ ੫੨ ॥

*ਛੇਵੀਂ ਰੁੱਤ ਦਾ ਤਰਵੰਜਵਾਂ ਅਧਿਆਇ ਸਮਾਪਤ ਹੋਇਆ ॥ ੫੩ ॥*

## ਅਧਿਆਇ ਚਰਵੰਜਵਾਂ

*ਰਾਇ ਕੱਲ੍ਹੇ ਦੀ ਵੰਸ਼ ਦਾ ਹਾਲ*

ਦੋਹਰਾ- ਕੁਛ ਪ੍ਰਸੰਗ ਹੈ ਰਾਇ ਕੋ ਦਈ ਗੁਰੂ ਤਰਵਾਰ।
ਸੁਨੀਅਹਿ ਸ਼੍ਰੋਤਾ ਪ੍ਰੀਤ ਧਰਿ ਕਰਿ ਹੌਂ ਅਬਹਿ ਉਚਾਰ ॥ ੧ ॥

ਰਾਇ ਕੱਲ੍ਹੇ ਦਾ ਕੁਝ ਪ੍ਰਸੰਗ ਬਿਆਨ ਕੀਤਾ ਹੈ, ਜਿਸ ਨੂੰ ਸਤਿਗੁਰੂ ਜੀ ਨੇ ਤਲਵਾਰ ਬਖਸ਼ੀ ਸੀ। ਹੁਣ ਉਨ੍ਹਾਂ ਬਾਰੇ ਕੁਝ ਹੋਰ ਪ੍ਰਸੰਗ ਬਿਆਨ ਕਰਦਾ ਹਾਂ, ਹੇ ਸ੍ਰੋਤਾ ਗਨ! ਪ੍ਰੀਤ ਧਾਰ ਕੇ ਸੁਣੋ ॥ ੧ ॥

ਚੌਪਈ- ਹਰਖਜੋ ਰਾਇ ਸਦਨ ਲੇ ਆਯੋ। ਸੁੰਦਰ ਏਕ ਪ੍ਰਯੰਕ ਡਸਾਯੋ।
ਚਾਰੁ ਬਿਛੌਨਾ ਊਪਰ ਛਾਏ। ਪੂਜਨ ਸੌਜ ਲਜਾਇ ਸਮੁਦਾਏ ॥ ੨ ॥

ਰਾਇ ਕੱਲ੍ਹਾ ਸੁੰਦਰ ਤਲਵਾਰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਨੂੰ ਆਪਣੇ ਘਰ ਲੈ ਆਇਆ। ਫਿਰ ਇਕ ਸੁੰਦਰ ਪਲੰਘ ਡੁਹਾਇਆ। ਸੁੰਦਰ ਵਿਛਾਉਣਾ ਉਸ ਉੱਪਰ ਵਿਛਾਇਆ ਤੇ ਤਲਵਾਰ ਦੀ ਪੂਜਾ ਵਾਸਤੇ ਸਾਰੀ ਸਮੱਗਰੀ ਮੰਗਵਾਈ ॥ ੨ ॥

ਅਤਰ ਫੂਲ ਕੀ ਮਾਲ ਬਿਸਾਲਾ। ਚੰਦਨ ਅਤਿ ਸੁੰਦਰ ਗੰਧਾਲਾ।
ਧੂਪ ਧੁਖਾਇ ਆਰਤੀ ਕੀਨਿ। ਚੰਦਨ ਚਰਚਤਿ ਸੁਮਨਸੁ ਲੀਨਿ ॥ ੩ ॥

ਅਤਰ ਅਤੇ ਫੁੱਲਾਂ ਦੀਆਂ ਮਾਲਾਂ ਮੰਗਵਾਈਆਂ, ਚੰਦਨ ਅਤੇ ਸੁੰਦਰ ਸੁਗੰਧੀ ਵਾਲੇ ਪਦਾਰਥ ਮੰਗਵਾਏ। ਧੂਪ ਧੁਖਾ ਕੇ ਆਰਤੀ ਕੀਤੀ, ਚੰਦਨ ਦਾ ਛਿੜਕਾਅ ਕਰਕੇ ਫੁੱਲ ਲਏ॥ ੩॥

ਤਿਸ ਪ੍ਰਯੰਕ ਪਰ ਖੜਗ ਟਿਕਾਯੋ। ਪੂਜਹਿ ਸ਼ਰਧਾ ਭਾਵ ਵਧਾਯੋ।
ਦੀਪਕ ਘ੍ਰਿੱਤ ਪਾਇ ਨਿਤ ਜਾਰੇ। ਨਿਤ ਹੀ ਫੂਲ ਮਾਲ ਕੋ ਚਾਰੇ॥ ੪॥

ਉਸ ਪਲੰਘ ਉੱਪਰ ਫਿਰ ਕਿਰਪਾਨ ਟਿਕਾ ਦਿੱਤੀ, ਸ਼ਰਧਾ ਅਤੇ ਪ੍ਰੇਮ ਭਾਵ ਵਧਾ ਕੇ ਫਿਰ ਕਿਰਪਾਨ ਦੀ ਪੂਜਾ ਕੀਤੀ। ਦੀਵੇ ਵਿਚ ਘਿਉ ਪਾ ਕੇ ਸਦਾ ਜਗਾਉਂਦਾ ਸੀ ਤੇ ਨਿਤ ਸੁੰਦਰ ਫੁੱਲਾਂ ਦੀਆਂ ਮਾਲਾਂ ਚੜ੍ਹਾਉਂਦਾ ਸੀ॥ ੪॥

ਖੀਨ ਖਾਫ ਕੀ ਤੂਲ ਰਜਾਈ। ਹਿਮ ਰੁਤਿ ਮਹਿਂ ਅਸਿ ਊਪਰ ਪਾਈ।
ਰਹੈ ਅੰਗੀਠੀ ਆਗੈ ਧਰੀ। ਫਿਰਹਿ ਚੌਰ ਸੁੰਦਰ ਸਭਿ ਘਰੀ॥ ੫॥

ਖੀਨ ਖਾਫ ਦੀ ਰੂੰ ਦੀ ਰਜ਼ਾਈ, ਸਿਆਲ ਦੀ ਰੁੱਤ ਵਿਚ ਤਲਵਾਰ ਦੇ ਉੱਪਰ ਪਾਉਂਦਾ ਸੀ। ਅੰਗੀਠੀ ਦੇ ਅੱਗੇ ਧਰੀ ਰਹਿੰਦੀ ਸੀ ਤੇ ਹਰ ਸਮੇਂ ਸੁੰਦਰ ਚੌਰ ਫਿਰਦਾ ਰਹਿੰਦਾ ਸੀ॥ ੫॥

ਗ੍ਰੀਖਮ ਰੁਤ ਮਹਿਂ ਪੌਸ਼ਿਸ਼ ਧਰੀ। ਪਟ ਬਨਾਰਸੀ ਦੁਪਟਾ ਜ਼ਰੀ।
ਘਨੀ ਸੁਗੰਧਿ ਅਤਰ ਤੇ ਆਦਿ। ਨਿਤ ਪ੍ਰਤਿ ਪੂਜਹਿ ਕਰਿ ਅਹਿਲਾਦ॥ ੬॥

ਗਰਮੀ ਦੀ ਰੁੱਤ ਵਿਚ ਰੇਸ਼ਮ ਦਾ ਬਨਾਰਸੀ ਦੁਪੱਟਾ ਪਹਿਣਾਉਂਦਾ ਸੀ। ਬਹੁਤ ਪ੍ਰਕਾਰ ਦੀਆਂ ਸੁਗੰਧੀਆਂ ਅਤੇ ਅਤਰ ਫਲੇਲ ਭੇਟ ਕਰਦਾ ਸੀ, ਨਿਤ ਵੱਡੀ ਪ੍ਰਸੰਨਤਾ ਧਾਰ ਕੇ ਪੂਜਾ ਕਰਦਾ ਸੀ॥ ੬॥

ਬਾਯੁ ਕਰਹਿ ਬਿਜਨਾ ਕੋ ਫੇਰੈ। ਇਸ ਬਿਧਿ ਧਾਰਹਿ ਭਾਉ ਬਡੇਰੈ।
ਬਯ ਕੋ ਭੋਗਿ ਭਾਉ ਚਿਤ ਲੋਰਿ। ਕੱਲੇ ਰਾਇ ਦਯੋ ਤਨ ਛੋਰਿ॥ ੭॥

ਪੱਖਾ ਝੱਲ ਕੇ ਹਵਾ ਦਿੰਦਾ ਸੀ, ਇਸ ਪ੍ਰਕਾਰ ਵੱਡਾ ਪ੍ਰੇਮ ਧਾਰਨ ਕਰਦਾ ਸੀ। ਆਪਣੀ ਪੂਰੀ ਉਮਰ ਭੋਗ ਕੇ ਕੱਲ੍ਹੇ ਰਾਇ ਨੇ ਆਪਣਾ ਸਰੀਰ ਛੱਡ ਦਿੱਤਾ॥ ੭॥

ਤਿਸ ਪਾਛੈ ਸੁਤ ਗਾਦੀ ਬੈਸਾ। ਧਰਜੋ ਭਾਉ ਗੁਰ ਅਸਿ ਮਹਿਂ ਤੈਸਾ।
ਅਨਿਕ ਭਾਂਤਿ ਕੀ ਪੂਜਾ ਕਰੈ। ਸੀਸ ਨਿਵਾਵੈ ਸ਼ਰਧਾ ਧਰੈ॥ ੮॥

ਉਸ ਤੋਂ ਬਾਅਦ ਉਸ ਦਾ ਪੁੱਤਰ ਗੱਦੀ ਉੱਤੇ ਬੈਠਿਆ, ਉਸ ਵੀ ਗੁਰੂ ਜੀ ਦੀ ਤਲਵਾਰ ਵਿਚ ਪ੍ਰੇਮ ਭਾਵਨਾ ਧਾਰਨ ਕੀਤੀ। ਅਨੇਕ ਪ੍ਰਕਾਰ ਦੀ ਪੂਜਾ ਕਰਦਾ ਸੀ ਅਤੇ ਸ਼ਰਧਾ ਧਾਰ ਕੇ ਸਿਰ ਨਿਵਾਉਂਦਾ ਸੀ॥ ੮॥

ਸੋ ਭੀ ਭੋਗਿ ਆਰਬਲ ਮਰਜੋ। ਤਿਸ ਪੋਤ੍ਰਾ ਗਾਦੀ ਪਰ ਥਿਰਜੋ।
ਸੰਗਤਿ ਪਾਇ ਮੁਲਾਨਨਿ ਕੇਰੀ। ਬਿਗਰਜੋ ਸ਼ਰਧਾ ਘਟੀ ਘਨੇਰੀ॥ ੯॥

ਉਹ ਵੀ ਆਪਣੀ ਉਮਰ ਭੋਗ ਕੇ ਮਰ ਗਿਆ, ਉਸ ਦਾ ਪੋਤਰਾ ਫਿਰ ਗੱਦੀ 'ਤੇ ਬੈਠਾ। ਉਹ ਮੁਲਾਣਿਆਂ ਦੀ ਸੰਗਤ ਕਰਦਾ ਸੀ, ਜਿਸ ਕਰਕੇ ਉਹ ਵਿਗੜ ਗਿਆ ਤੇ ਸ਼ਰਧਾ ਬਹੁਤ ਘੱਟ ਗਈ॥ ੯॥

ਮਿਲਹਿਂ ਤੁਰਕ ਗਨ ਤਰਕ ਉਚਾਰਹਿਂ। 'ਇਹ ਕਾਫਰ ਕੀ ਰੀਤਿ ਬਿਚਾਰਹਿਂ।
ਹਿੰਦੁਨਿ ਗੁਰ ਕੇ ਸਿਖ ਤੁਮ ਰਹੇ। ਵਹਿਰ ਸ਼ਰ੍ਹਾ ਤੇ ਪੁਸ਼ਤਨਿ ਲਹੇ॥ ੧੦॥

ਬਹੁਤ ਤੁਰਕ ਆ ਕੇ ਉਸ ਨੂੰ ਮਿਲਦੇ ਸਨ ਅਤੇ ਕਹਿੰਦੇ ਸਨ, "ਇਹ ਕਾਫਰਾਂ ਵਾਂਗ ਬੁੱਤਪ੍ਰਸਤੀ ਕਰਦਾ ਹੈਂ, ਹਿੰਦੂ ਗੁਰੂ ਦੇ ਤੁਸੀਂ ਸਿੱਖ ਰਹੇ ਹੋ, ਪੁਸ਼ਤਾਂ ਤੋਂ ਸ਼ਰ੍ਹਾ ਤੋਂ ਬਾਹਰ ਰਹੇ ਹੋ॥ ੧੦॥

ਦੋਜਕ ਪਰਹੁ ਅਗਾਰੀ ਜਾਇ। ਕਜਾਮਤ ਮਹਿਂ ਤੁਮ ਲਹੋ ਸਜ਼ਾਇ।
ਨੀਕੋ ਖੜਗ ਗਰੇ ਨਹਿਂ ਪਾਵਹੁ। ਨਿਸ ਦਿਨ ਧਰੇ ਪ੍ਰਯੰਕ ਪੁਜਾਵਹੁ' ॥੧੧॥

ਅੱਗੇ ਜਾ ਕੇ ਦੋਜ਼ਕ ਵਿਚ ਪਵੋਗੇ ਤੇ ਕਿਆਮਤ ਵਾਲੇ ਦਿਨ ਤੁਸੀਂ ਸਜ਼ਾ ਪ੍ਰਾਪਤ ਕਰੋਗੇ। ਇਸ ਚੰਗੀ ਤਲਵਾਰ ਨੂੰ ਗ
ਵਿਚ ਕਿਉਂ ਨਹੀਂ ਪਾਉਂਦੇ ਹੋ, ਦਿਨ ਰਾਤ ਇਸ ਨੂੰ ਪਲੰਘ ਤੇ ਰੱਖ ਕੇ ਪੂਜਦੇ ਹੋ' ॥ ੧੧ ॥

ਇੱਤਜਾਦਿਕ ਤਿਹ ਬਹੁ ਸਮੁਝਾਯੋ। ਰਾਇ ਪੌਤ੍ਰ ਲੇ ਗਲ ਮਹਿਂ ਪਾਯੋ।
ਤਿਸ ਹੀ ਦਿਨ ਸੋ ਚਢ੍ਯੋ ਅਖੇਰਾ। ਕਿਮ ਰਹਿ ਸਕਹਿ ਕਾਲ ਜੋ ਪ੍ਰੇਰਾ ॥੧੨॥

ਇਸ ਪ੍ਰਕਾਰ ਉਸ ਨੂੰ ਬਹੁਤ ਸਮਝਾਇਆ ਤੇ ਰਾਇ ਦੇ ਪੋਤਰੇ ਨੇ ਉਸ ਤਲਵਾਰ ਨੂੰ ਲੈ ਕੇ ਆਪਣੇ ਗਲ ਵਿਚ ਪ
ਲਿਆ। ਉਸ ਹੀ ਦਿਨ ਉਹ ਸ਼ਿਕਾਰ ਖੇਡਣ ਗਿਆ, ਉਹ ਕਿਵੇਂ ਬਚ ਸਕਦਾ ਸੀ, ਜਿਸ ਨੂੰ ਕਾਲ ਨੇ ਪ੍ਰੇਰਿਆ ਸੀ ॥ ੧੨

ਵਹਿਰ ਝੀਲ ਬਡ ਮਹਿਂ ਜਬਿ ਗਯੋ। ਨਿਕਸ੍ਯੋ ਮ੍ਰਿਗ ਅਵਿਲੋਕਤਿ ਭਯੋ।
ਸਕਲ ਸੈਨ ਕੋ ਥਿਰ ਤਹਿਂ ਕਰਿਕੈ। ਗਯੋ ਇਕਾਂਕੀ ਗਰਬ ਸੁ ਧਰਿਕੈ ॥੧੩॥

ਬਾਹਰ ਵੱਡੀ ਝੀਲ ਵਿਚ ਜਦ ਗਿਆ, ਇਕ ਹਿਰਨ ਨਿਕਲਦੇ ਨੂੰ ਉਸ ਵੇਖ ਲਿਆ। ਸਾਰੀ ਸੈਨਾ ਨੂੰ ਉਥੇ ਖੜੀ ਕਰ
ਹੰਕਾਰ ਧਾਰ ਕੇ ਇਕੱਲਾ ਹੀ ਉਸ ਦੇ ਪਿੱਛੇ ਗਿਆ ॥ ੧੩ ॥

ਭਯੋ ਨੇਰ ਤਰਵਾਰ ਨਿਕਾਰੀ। ਝੁਕਿ ਝਟਪਟ ਮ੍ਰਿਗ ਊਪਰ ਝਾਰੀ।
ਸੋ ਬਚਿ ਗਯੋ ਛਾਲ ਕਰਿ ਆਗੀ। ਬਹਿਕ ਹਾਥ ਊਰੂ ਪਰ ਲਾਗੀ ॥ ੧੪ ॥

ਜਦ ਹਿਰਨ ਦੇ ਨੇੜੇ ਹੋਇਆ ਤਾਂ ਉਸ ਤਲਵਾਰ ਕੱਢੀ ਤੇ ਝੁਕ ਕੇ ਝਟਪਟ ਹਿਰਨ ਦੇ ਮਾਰੀ। ਹਿਰਨ ਅੱਗੇ ਛਾਲ
ਮਾਰ ਕੇ ਬਚ ਗਿਆ ਤੇ ਤਲਵਾਰ ਹੱਥ ਝਟਕ ਕੇ ਪੱਟ 'ਤੇ ਜਾ ਵੱਜੀ ॥ ੧੪ ॥

ਇਕ ਸ਼ਮਸ਼ੇਰ ਸਾਫ ਹੁਇ ਬਹੀ। ਕਟ੍ਯੋ ਊਰੂ ਕੁਛ ਬਾਕੀ ਰਹੀ।
ਤਰ ਗਿਰ ਪਰ੍ਯੋ ਤੁਰੰਗ ਢਿਗ ਖਰ੍ਯੋ। ਸਭਿ ਸੈਨਾ ਤਬਿ ਟੋਰਨਿ ਕਰ੍ਯੋ ॥੧੫॥

ਇਸ ਪ੍ਰਕਾਰ ਤਲਵਾਰ ਸਫਾਈ ਨਾਲ ਲੱਗੀ ਕਿ ਸਾਰਾ ਪੱਟ ਕੱਟਿਆ ਗਿਆ ਤੇ ਕੁਝ ਬਾਕੀ ਰਿਹਾ। ਘੋੜੇ ਤੋਂ ਥੱਲੇ ਡਿੱਗ
ਪਿਆ ਤੇ ਘੋੜਾ ਪਾਸ ਖੜਾ ਹੋ ਗਿਆ। ਸਾਰੀ ਸੈਨਾ ਫਿਰ ਉਸ ਨੂੰ ਲੱਭਣ ਲੱਗੀ ॥ ੧੫ ॥

ਦੋਹਰਾ- 'ਹਾਇ ਹਾਇ' ਮੁਖ ਭਨਤਿ ਹੈ ਸੁਨਿ ਆਏ ਸਹਿਸਾਇ।
ਕਟ੍ਯੋ ਪਰ੍ਯੋ ਅਵਲੋਕ ਕਰਿ ਸਿਵਕਾ ਲਿਯੋ ਚਢਾਇ ॥ ੧੬ ॥

'ਹਾਇ ਹਾਇ' ਮੁਖ ਤੋਂ ਬੋਲਦਾ ਸੀ, ਜਿਸ ਨੂੰ ਸੁਣ ਕੇ ਹੋਲੀ-ਹੋਲੀ ਸੈਨਾ ਉਥੇ ਆ ਗਈ। ਕੱਟਿਆ ਪਿਆ ਵੇਖ ਕੇ
ਉਸਨੂੰ ਪਾਲਕੀ ਵਿਚ ਚੜ੍ਹਾ ਲਿਆ ॥ ੧੬ ॥

*ਨਿਸ਼ਾਨੀ ਛੰਦ-* ਪੰਥ ਬਿਖੈ ਹੀ ਮਰਿ ਗਯੋ ਨਹਿਂ ਘਰ ਲਗ ਆਵਾ।
ਕਵਿ ਭਾਖੈ ਹਮ ਅਲਪ ਬਯ ਜਬਿ ਇਹ ਸੁਨਿ ਪਾਵਾ।
ਗੁਰ ਕ੍ਰਿਪਾਨ ਤੇ ਕਟਿ ਮਰ੍ਯੋ ਬਨ ਗਏ ਅਖੇਰਾ।
ਰਾਜਬੰਸ ਅਰੁ ਤੇਜ ਸਭਿ ਜੁਤਿ ਮੂਲ ਉਖੇਰਾ ॥ ੧੭ ॥

ਉਹ ਰਾਹ ਦੇ ਵਿਚ ਹੀ ਮਰ ਗਿਆ, ਘਰ ਤਕ ਵੀ ਨਾ ਆਇਆ। ਕਵੀ ਕਹਿੰਦਾ ਹੈ ਕਿ ਮੇਰੀ ਉਸ ਸਮੇਂ ਉਮਰ ਛੋਟੀ
ਸੀ, ਜਦ ਮੈਂ ਇਸ ਬਾਰੇ ਸੁਣਿਆ ਕਿ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਸੀ ਤੇ ਗੁਰੂ ਜੀ ਦੀ ਤਲਵਾਰ ਨਾਲ ਕੱਟ ਕੇ ਮਰ
ਗਿਆ ਹੈ। ਵੰਸ਼ ਦਾ ਰਾਜ ਅਤੇ ਤੇਜ ਜੜ੍ਹ ਮੂਲ ਸਮੇਤ ਉਖੜ ਗਿਆ ॥ ੧੭ ॥

ਫੁਰਜੋ ਬਾਕ ਸਤਿਗੁਰੂ ਕੋ ਸੁਨਿ ਸ੍ਰੁਤ ਦ੍ਰਿਗ ਹੇਰਾ।
ਇਮ ਤਿਨ ਕੋ ਅਵਸਾਨ ਭਾ ਜਗ ਲਖਹਿ ਘਨੇਰਾ।
ਸੁਨਹੁ ਗੁਰੂ ਕੀ ਬਾਰਤਾ ਦੀਨੇ ਥਿਰ ਹੋਏ।
ਸੇਵਹਿਂ ਬਹੁ ਬਿਧਿ ਪ੍ਰੇਮ ਕਰਿ ਦਰਸੈਂ ਸਭਿ ਕੋਏ॥ ੧੮॥

ਜਿਨ੍ਹਾਂ ਨੇ ਆਪਣੇ ਨੇਤਰਾਂ ਨਾਲ ਵੇਖਿਆ ਸੀ, ਉਨ੍ਹਾਂ ਪਾਸੋਂ ਕੰਨੀ ਸੁਣਿਆ ਹੈ, ਇਸ ਪ੍ਰਕਾਰ ਉਸ ਦੀ ਕੁਲ ਦਾ ਅੰਤ ਹੋਇਆ, ਜਗਤ ਚੰਗੀ ਤਰ੍ਹਾਂ ਜਾਣਦਾ ਹੈ। ਹੁਣ ਗੁਰੂ ਜੀ ਦੀ ਵਾਰਤਾ ਸੁਣੋ ਜਿਵੇਂ ਦੀਨੇ ਵਿਚ ਹੋਈ। ਉਥੋਂ ਦੇ ਲੋਕ ਪ੍ਰੇਮ ਵਧਾ ਕੇ ਗੁਰੂ ਜੀ ਦੀ ਬਹੁਤ ਸੇਵਾ ਕਰਦੇ ਸਨ ਤੇ ਸਾਰੇ ਦਰਸ਼ਨ ਕਰਦੇ ਸਨ॥ ੧੮॥

ਨਿਕਟ ਦੂਰ ਸੁਧਿ ਕੋ ਸੁਨਹਿਂ ਸਿਖ ਸੰਗਤ ਸਾਰੇ।
ਲਜਾਇ ਅਕੋਰਨਿ ਜੋਰਿ ਕਰ ਹੇਰਹਿਂ ਮੁਦ ਧਾਰੇ।
'ਧੰਨ ਗੁਰੂ ਕਰਿ ਜੰਗ ਕੋ ਲਾਖਹੁਂ ਰਿਪੁ ਮਾਰੇ।
ਸਾਹਿਬਜ਼ਾਦੇ ਰਣ ਮਰੇ ਸੁਰ ਲੋਕ ਸਿਧਾਰੇ॥ ੧੯॥

ਦੂਰ ਨੇੜੇ ਦੇ ਸਿੱਖ ਜਿਹੜੇ ਵੀ ਗੁਰੂ ਜੀ ਬਾਰੇ ਸੁਣਦੇ ਸਨ, ਉਹ ਉਪਹਾਰ ਲੈ ਕੇ ਆਉਂਦੇ ਸਨ ਤੇ ਪ੍ਰਸੰਨਤਾ ਧਾਰ ਕੇ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਕਹਿੰਦੇ ਸਨ, "ਧੰਨ ਗੁਰੂ ਜੀ ਹਨ ਜਿਨ੍ਹਾਂ ਜੰਗ ਕਰਕੇ ਲੱਖਾਂ ਵੈਰੀ ਮਾਰ ਦਿੱਤੇ ਹਨ। ਸਾਹਿਬਜ਼ਾਦੇ ਵੀ ਰਣਖੇਤਰ ਵਿਚ ਮਾਰੇ ਗਏ ਤੇ ਦੇਵਤਿਆਂ ਦੇ ਲੋਕ ਵਿਚ ਚਲੇ ਗਏ ਹਨ॥ ੧੯॥

ਪੁੱਤ੍ਰ ਮੋਹ ਜਿਨਕੇ ਨਹੀਂ, ਇਕ ਰਸ ਮਨ ਸ਼ਾਂਤੀ।
ਬਡੇ ਬਹਾਦੁਰ ਅਤਿਰਥੀ ਸ਼ੱਤ੍ਰੂ ਬਲਿ ਘਾਤੀ'।
ਬਸਤ੍ਰ ਉਪਾਇਨ ਆਨਤੇ ਬਹੁ ਦਰਬ ਚਢਾਵੈਂ।
ਹਯ ਲਘੁ ਦੀਰਘ ਜ਼ੀਨ ਜੁਤਿ ਗੁਰ ਕੋ ਅਰਪਾਵੈਂ॥ ੨੦॥

ਜਿਨ੍ਹਾਂ ਦੇ ਦਿਲ ਵਿਚ ਪੁੱਤਰ ਮੋਹ ਨਹੀਂ ਹੈ, ਇਕ ਰਸ ਮਨ ਸ਼ਾਂਤ ਰਹਿੰਦਾ ਹੈ। ਵੱਡੇ ਬਹਾਦਰ ਸੂਰਬੀਰ ਹਨ ਅਤੇ ਬਲਵਾਨ ਵੈਰੀਆਂ ਨੂੰ ਮਾਰਨ ਵਾਲੇ ਹਨ।" ਵਸਤਰ, ਉਪਹਾਰ ਅਤੇ ਬਹੁਤ ਧਨ ਚੜ੍ਹਾਉਂਦੇ ਹਨ, ਛੋਟੇ ਵੱਡੇ ਘੋੜੇ ਕਾਠੀਆਂ ਸਮੇਤ ਗੁਰੂ ਜੀ ਨੂੰ ਅਰਪਣ ਕਰਦੇ ਹਨ॥ ੨੦॥

ਚਾਕਰ ਰਾਖੇ ਕਿਤਿਕ ਤਹਿਂ ਗੁਰ ਚਢਹਿਂ ਅਖੇਰੇ।
ਦੇਸ਼ ਬਿਦੇਸ਼ਨਿ ਸੁਨਤਿ ਭੇ ਸੁਨਿ ਸੁਨਿ ਤਿਸ ਬੇਰੇ।
ਸ਼ਰਧਾਲੂ ਉਰ ਭਾਉ ਜੁਤਿ ਦਰਸ਼ਨ ਗਨ ਆਈ।
ਬਡੀ ਭੀਰ ਹੋਵਨ ਲਗੀ ਲਾਹਾ ਬਡ ਪਾਈ॥ ੨੧॥

ਉਥੇ ਕਈ ਨੌਕਰ ਰੱਖੇ ਸਨ ਤੇ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਸਨ। ਦੇਸ਼ਾਂ ਵਿਦੇਸ਼ਾਂ ਵਿਚ ਉਸ ਸਮੇਂ ਗੁਰੂ ਜੀ ਬਾਰੇ ਸੁਣਦੇ ਸਨ। ਸ਼ਰਧਾਲੂ ਹਿਰਦੇ ਵਿਚ ਪ੍ਰੇਮ ਧਾਰ ਕੇ ਦਰਸ਼ਨ ਕਰਨ ਵਾਸਤੇ ਆਉਂਦੇ ਸਨ। ਫਿਰ ਵੱਡੀ ਭੀੜ ਹੋਣ ਲੱਗੀ, ਵੱਡਾ ਲਾਹਾ ਪ੍ਰਾਪਤ ਕਰਦੇ ਸਨ॥ ੨੧॥

ਰੂਪਾਸੁਤ ਸੱਧੂਪਿਤਾ ਦ੍ਵੈ ਸਿਖ ਤਿਖਾਨਾ।
ਜਿਨ ਖਸ਼ਟਮ ਪਤਿਸ਼ਾਹੁ ਕੋ ਰੀਝਾਵਨਿ ਠਾਨਾ।

ਜੇਠ ਦੁਪਹਿਰੇ ਤਪਤ ਅਤਿ ਜਲ ਸੀਤਲ ਜਾਨੇ।
ਤੀਸ ਕੋਸ ਤਬਿ ਗੁਰ ਹੁਤੇ ਆਵਾਹਨ ਠਾਨੇ॥ ੨੨॥

ਰੂਪਾਸੁਤ, ਸੱਧੂਪਿਤਾ ਦੋਵੇਂ ਤਰਖਾਣ ਸਿੱਖ ਸਨ, ਜਿਨ੍ਹਾਂ ਨੇ ਛੇਵੇਂ ਪਾਤਸ਼ਾਹ ਨੂੰ ਪ੍ਰਸੰਨ ਕੀਤਾ ਸੀ। ਜੇਠ ਦੀ ਦੁਪਹਿਰ ਸਮੇਂ ਅਤੀ ਗਰਮੀ ਸੀ, ਪਰ ਉਨ੍ਹਾਂ ਨੇ ਆਪਣੇ ਜਲ ਨੂੰ ਠੰਢਾ ਜਾਣਿਆ। ਉਸ ਸਮੇਂ ਤੀਹ ਕੋਹ 'ਤੇ ਗੁਰੂ ਜੀ ਬਿਰਾਜ ਰਹੇ ਸਨ, ਉਨ੍ਹਾਂ ਨੂੰ ਬੁਲਾਉਣਾ ਚਾਹਿਆ॥ ੨੨॥

ਸੁੰਦਰ ਘਰ ਸੀਤਲ ਬਿਖੈ ਥਿਰ ਹੁਤੇ ਪ੍ਰਯੰਕਾ।
ਅਪਨੇ ਮਹਿਂ ਲਖਿ ਪ੍ਰੇਮ ਕੋ ਧਾਏ ਤਜਿ ਸ਼ੰਕਾ।
ਤਜਿ ਸਭਿ ਸੁਖ ਇਕ ਛਿਨਕ ਮਹਿਂ ਪਹੁੰਚਨ ਬਨ ਮਾਂਹੀ।
ਭਏ ਤ੍ਰਿਖਾਤੁਰ ਜਾਚਤੇ ਪਾਨੀ ਕਿਸ ਪਾਹੀ॥ ੨੩॥

ਗੁਰੂ ਜੀ ਸੁੰਦਰ ਘਰ, ਠੰਢੇ ਕਮਰੇ ਵਿਚ ਪਲੰਘ ਉੱਪਰ ਲੇਟੇ ਹੋਏ ਸਨ। ਆਪਣੇ ਵਿਚ ਪ੍ਰੇਮ ਜਾਣ ਕੇ ਗੁਰੂ ਜੀ ਸ਼ੰਕਾ ਛੱਡ ਕੇ ਰੂਪਾਸੁਤ ਵੱਲ ਚਲ ਪਏ। ਸਾਰੇ ਸੁਖ ਛੱਡ ਕੇ ਗੁਰੂ ਜੀ ਇਕ ਛਿਣ ਵਿਚ ਪਹੁੰਚ ਗਏ, ਪਿਆਸ ਵਿਚ ਆਤਰ ਹੋ ਕੇ ਪਾਣੀ ਮੰਗਣ ਲੱਗ ਗਏ ਕਿ ਕਿਸ ਦੇ ਪਾਸ ਹੈ॥ ੨੩॥

ਸੁਤ ਪਿਤ ਮੁਦਤ ਸੁਚਿੱਤ ਮਹਿਂ ਉਠਿ ਕਰਿ ਤਤਕਾਲਾ।
ਸੀਤਲ ਜਲ ਦੀਨੋ, ਪਿਯੋ ਗੁਰ, ਅਨੰਦ ਬਿਸਾਲਾ।
'ਦੇਗ ਕਰੋ ਤਜਿ ਦੇਹੁ ਕ੍ਰਿਤ' ਪ੍ਰਭੁ ਬਾਕ ਬਖਾਨਾ।
ਤਬਿ ਤੇ ਸਤਿ ਸੰਗਤਿ ਅਧਿਕ ਤਿਨ ਸਿੱਖਨਿ ਠਾਨਾ॥੨੪॥

ਪਿਤਾ ਪੁੱਤਰ ਪ੍ਰਸੰਨ ਹੋ ਕੇ ਤੁਰਤ ਉੱਠ ਪਏ ਤੇ ਗੁਰੂ ਜੀ ਨੂੰ ਠੰਢਾ ਪਾਣੀ ਦਿੱਤਾ, ਗੁਰੂ ਜੀ ਨੇ ਪਾਣੀ ਪੀਤਾ ਅਤੇ ਵਿਸ਼ਾਲ ਪ੍ਰਸੰਨ ਹੋ ਗਏ। ਫਿਰ ਸਤਿਗੁਰੂ ਜੀ ਨੇ ਬਚਨ ਕੀਤਾ, "ਇਸ ਕ੍ਰਿਤ ਨੂੰ ਛੱਡ ਦੇਵੋ ਤੇ ਹੁਣ ਲੰਗਰ ਲਾਇਆ ਕਰੋ।" ਉਸ ਸਮੇਂ ਤੋਂ ਉਨ੍ਹਾਂ ਦੀ ਸੰਗਤ ਬਹੁਤ ਵਧ ਗਈ ਤੇ ਬਹੁਤ ਲੋਕਾਂ ਨੇ ਸਿੱਖੀ ਧਾਰਨ ਕੀਤੀ॥ ੨੪॥

ਤਿਨ ਕੀ ਕੁਲ ਬਰਧਕ ਹੁਤੇ ਦ੍ਵੈ ਤਬੈ ਸਪੂਤਾ।
ਸੁਨਿ ਕੈ ਗੁਰ ਆਗਵਨ ਕੋ ਅਰੁ ਜੰਗ ਬਹੂਤਾ।
ਸਾਹਿਬਜ਼ਾਦੇ ਚਾਰਹੂੰ ਪਰਲੋਕ ਪਧਾਰੇ।
ਬਿਸਮਾਨੇ ਮਨ ਮਹਿਂ ਮਹਾਂ ਬਡ ਗ਼ਜ਼ਬ ਗੁਜ਼ਾਰੇ॥ ੨੫॥

ਉਨ੍ਹਾਂ ਦੀ ਕੁਲ ਵੱਧ ਗਈ ਤੇ ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ। ਉਨ੍ਹਾਂ ਗੁਰੂ ਜੀ ਦੇ ਆਉਣ ਅਤੇ ਉਨ੍ਹਾਂ ਦੇ ਵੱਡੇ ਯੁੱਧ ਬਾਰੇ ਸੁਣਿਆ। ਚਾਰੇ ਸਾਹਿਬਜ਼ਾਦੇ ਪਰਲੋਕ ਚਲੇ ਗਏ ਹਨ, ਉਹ ਮਨ ਵਿਚ ਬਹੁਤ ਹੈਰਾਨ ਹੋਏ, ਵੱਡਾ ਗਜ਼ਬ ਗੁਜ਼ਾਰਿਆ ਹੈ॥ ੨੫॥

ਪਰਮ ਸਿੰਘ ਅਰੁ ਧਰਮ ਸਿੰਘ ਬਡ ਭਗਤੀਵਾਨੇ।
ਹਿਤ ਦਰਸ਼ਨ ਕੇ ਤਯਾਰ ਭੇ ਧਰਿ ਪ੍ਰੇਮ ਮਹਾਨੇ।
ਕਿਤਿਕ ਸਿੱਖ ਲੇ ਸੰਗ ਮੈਂ ਮੁਖ ਸ਼ਬਦ ਸੁ ਗਾਵੈਂ।
ਬਾਰੀ ਬਾਰੀ ਪਦਤਿ ਹੈਂ ਕਰਿ ਜੋਟੀ ਆਵੈਂ॥ ੨੬॥

ਪਰਮ ਸਿੰਘ ਅਤੇ ਧਰਮ ਸਿੰਘ ਵੱਡੇ ਭਗਤੀ ਵਾਲੇ ਸਨ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਤਿਆਰ ਹੋ ਗਏ ਤੇ ਹਿਰਦੇ ਵਿਚ ਵੱਡਾ ਪ੍ਰੇਮ ਧਾਰਨ ਕੀਤਾ। ਕਈ ਸਿੱਖਾਂ ਨੂੰ ਉਨ੍ਹਾਂ ਆਪਣੇ ਨਾਲ ਲਿਆ ਤੇ ਮੂੰਹ ਨਾਲ ਸ਼ਬਦ ਗਾਉਂਦੇ ਸਨ। ਵਾਰੀ-ਵਾਰੀ ਸ਼ਬਦ ਪੜ੍ਹਦੇ ਸਨ ਤੇ ਜੋੜੀਆਂ ਬਣਾ ਕੇ ਆਉਂਦੇ ਸਨ॥ ੨੬॥

ਮਗ ਉਲੰਘਿ ਸਭਿ ਇਸ ਬਿਧੀ ਪਹੁੰਚੇ ਤਹਿ ਐ ਕੈ।
ਊਚੀ ਧੁਨਿ ਤੇ ਗਾਵਤੇ ਅਨੁਰਾਗ ਵਧੈ ਕੈ।
ਚਰਨ ਸਰੋਜਨ ਕੋ ਤਬੈ ਦੇਖਤਿ ਲਪਟਾਏ।
ਨੀਰ ਬਿਲੋਚਨ ਤੇ ਬਹੈ, ਗਰ ਬਹੁ ਭਰਿਆਏ॥ ੨੭॥

ਇਸ ਵਿਧੀ ਨਾਲ ਸਾਰਾ ਪੈਂਡਾ ਲੰਘ ਕੇ ਉਥੇ ਆ ਪਹੁੰਚੇ ਤੇ ਪ੍ਰੇਮ ਵਧਾ ਕੇ ਬੜੀ ਉੱਚੀ ਧੁਨ ਵਿਚ ਸ਼ਬਦ ਗਾਉਂਦੇ ਸਨ। ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਵੇਖ ਕੇ ਨਾਲ ਲਪਟ ਗਏ। ਅੱਖਾਂ ਵਿਚ ਜਲ ਵੱਗਦਾ ਸੀ ਤੇ ਪ੍ਰੇਮ ਅਤੇ ਵੈਰਾਗ ਨਾਲ ਗਲ ਬਹੁਤ ਭਰ ਆਏ ਸਨ॥ ੨੭॥

ਹਿਤ ਪਹਿਰਿਨਿ ਸਤਿਗੁਰੂ ਕੇ ਪੋਸ਼ਿਸ਼ ਸੁਭ ਆਨੀ।
ਸੇਤ ਬਸਤ੍ਰ ਸੂਖਮ ਬਹੁਤ ਸੋ ਧਰਿ ਅਗੁਵਾਨੀ।
ਏਕ ਤੁਰੰਗਮ ਚਪਲ ਬਹੁ ਕੁਛ ਧਨ ਪੁਨ ਦੀਨੇ।
ਇੱਤਜਾਦਿਕ ਧਰਿ ਭੇਟ ਕੋ ਸਭਿ ਨਿਕਟ ਅਸੀਨੇ॥ ੨੮॥

ਗੁਰੂ ਜੀ ਦੇ ਪਹਿਣਨ ਵਾਸਤੇ ਸ਼ੁਭ ਪੋਸ਼ਾਕ ਲੈ ਕੇ ਆਏ, ਸਫੇਦ ਵਸਤਰ ਜਿਹੜੇ ਬਹੁਤ ਸੂਖਮ ਅਤੇ ਕੋਮਲ ਸਨ, ਉਹ ਗੁਰੂ ਜੀ ਦੇ ਅੱਗੇ ਰੱਖੇ। ਇਕ ਚੰਚਲ ਘੋੜਾ ਤੇ ਫਿਰ ਬਹੁਤ ਧਨ ਦਿੱਤਾ, ਇਸ ਪ੍ਰਕਾਰ ਵਸਤਾਂ ਭੇਟ ਕਰਕੇ ਫਿਰ ਸਾਰੇ ਗੁਰੂ ਜੀ ਪਾਸ ਬੈਠ ਗਏ॥ ੨੮॥

'ਹਾਇ ਹਾਇ' ਕਰਿ ਰੁਦਤਿ ਭੇ 'ਬਡ ਸਾਂਗ ਅਰੰਭਾ।
ਸਾਹਿਬਜ਼ਾਦੇ ਹਤਿ ਭਏ ਇਹ ਅਧਿਕ ਅਚੰਭਾ।
ਹੇ ਪ੍ਰਭੁ! ਮਹਾਂ ਸਪੁੱਤ੍ਰ ਥੇ ਸੁੰਦਰ ਤਨ ਸੋਹੇ।
ਤਪ ਜਪੁ ਦਾਨ ਅਨੇਕ ਤੇ ਅਸ ਪਾਇ ਨ ਕੋਹੇ॥ ੨੯॥

'ਹਾਇ ਹਾਇ' ਕਰਕੇ ਰੋਂਦੇ ਸਨ ਤੇ ਕਹਿੰਦੇ ਸਨ, 'ਹੇ ਗੁਰੂ ਜੀ! ਆਪ ਜੀ ਨੇ ਇਹ ਵੱਡਾ ਸਾਂਗ ਧਾਰਿਆ ਹੈ ਕਿ ਆਪ ਜੀ ਨੇ ਸਰਬ ਸਮਰੱਥ ਹੋ ਕੇ ਏਨੇ ਕਸ਼ਟ ਬਰਦਾਸ਼ਤ ਕੀਤੇ ਹਨ ਤੇ ਵਰਤਦੇ ਭਾਣੇ ਝੱਲੇ ਹਨ। ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ ਹਨ, ਇਹ ਵੱਡੀ ਹੈਰਾਨੀ ਹੋਈ ਹੈ। ਹੇ ਪ੍ਰਭੂ ਜੀ! ਤੁਹਾਡੇ ਉਹ ਮਹਾਂ ਸਪੁੱਤਰ ਸਨ ਤੇ ਉਨ੍ਹਾਂ ਦੇ ਸੁੰਦਰ ਤਨ ਸ਼ੋਭਦੇ ਸਨ, ਜਪ ਤਪ ਅਤੇ ਅਨੇਕਾਂ ਦਾਨ ਕਰਨ ਨਾਲ ਵੀ ਐਸੇ ਪੁੱਤਰ ਕੋਈ ਪ੍ਰਾਪਤ ਨਹੀਂ ਕਰ ਸਕਦਾ ਹੈ॥ ੨੯॥

ਆਰਬਲਾ ਭੁਗਤੀ ਨ ਕੁਛ ਮ੍ਰਿਤੁ ਭੇ ਤੁਮ ਆਗੇ।
ਬਸਤ੍ਰ ਬਿਭੂਖਨਿ ਤੇ ਦਿਪਤ ਸਭਿ ਕੋ ਪ੍ਰਿਯ ਲਾਗੇ।
ਦਰਬ ਕਰੋਰਹੁਂ ਹੇਮ ਗਨ ਸਭਿ ਸ਼ਸਤ੍ਰ ਖਜ਼ਾਨਾ।
ਆਦਿ ਪ੍ਰਸਾਦੀ ਗਜ ਬਡੇ ਜਿਨਿ ਮੋਲ ਮਹਾਨਾ॥ ੩੦॥

ਉਨ੍ਹਾਂ ਨੇ ਕੁਝ ਉਮਰ ਵੀ ਨਹੀਂ ਭੋਗੀ ਹੈ, ਤੁਹਾਡੇ ਸਾਹਮਣੇ ਮਾਰੇ ਗਏ ਹਨ, ਜਦ ਵਸਤਰ ਗਹਿਣੇ ਪਾਉਂਦੇ ਸਨ ਤਾਂ ਸਾਰਿਆਂ ਨੂੰ ਬਹੁਤ ਪਿਆਰੇ ਲੱਗਦੇ ਸਨ। ਕਰੋੜਾਂ ਰੁਪਏ ਦਾ ਧਨ ਅਤੇ ਸੋਨਾ ਅਤੇ ਸ਼ਸਤਰਾਂ ਦਾ ਖਜ਼ਾਨਾ, ਪ੍ਰਸ਼ਾਦੀ ਹਾਥੀ ਆਦਿ ਅਨੇਕਾਂ ਵੱਡੇ-ਵੱਡੇ ਹਾਥੀ ਜਿਨ੍ਹਾਂ ਦੀ ਕੀਮਤ ਬਹੁਤ ਵੱਡੀ ਸੀ॥ ੩੦॥

ਖਰੇ ਹਜ਼ਾਰਹੁੰ ਹਯ ਖਰੇ ਬਡ ਕੀਮਤ ਵਾਰੇ।
ਦਲ ਬਿਡਾਰ ਤੇ ਆਦਿ ਜੇ ਨਹਿਂ ਪਰਹਿਂ ਨਿਹਾਰੇ।
ਐਸ਼੍ਵਰਜ ਅਪਰ ਅਨੇਕ ਹੀ ਨਹਿਂ ਗਿਨਿਬੇ ਮਾਂਹੀ।
ਏਕ ਬਾਰਿ ਹੀ ਨਾਸ਼ ਭਾ ਕੁਛ ਦੀਖਤਿ ਨਾਂਹੀ॥ ੩੧॥

ਹਜ਼ਾਰਾਂ ਵਧੀਆ ਨਸਲ ਦੇ ਘੋੜੇ ਖੜੇ ਸਨ ਜੋ ਬਹੁਤ ਕੀਮਤੀ ਸਨ। ਦਲ ਬਿਡਾਰ ਨਾਮ ਵਾਲੇ ਤੇ ਹੋਰ ਘੋੜੇ ਦਿਖਾਈ ਨਹੀਂ ਦਿੰਦੇ ਹਨ, ਹੋਰ ਅਨੇਕ ਪ੍ਰਕਾਰ ਦਾ ਧਨ ਦੌਲਤ ਸੀ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ। ਇਕ ਵਾਰ ਹੀ ਸਾਰੇ ਨਾਸ਼ ਹੋ ਗਏ ਹਨ, ਕੁਝ ਦਿਖਾਈ ਨਹੀਂ ਦਿੰਦਾ ਹੈ॥ ੩੧॥

ਸ੍ਰੀ ਪ੍ਰਭੁ ਬਡ ਅਫਸੋਸ ਹੈ, ਸਿਖ ਪਿਖਿ ਦੁਖ ਪਾਵੈਂ।
ਅਸ ਰਾਵਰ ਕੇ ਸਾਂਗ ਤੇ ਨਹਿਂ ਕੋ ਭਰਮਾਵੈ?'।
ਸ੍ਰੀ ਸਤਿਗੁਰ ਸੁਨਿਕੈ ਭਨੈਂ ਪਿਖਿ ਦੁਖੀ ਬਿਸਾਲਾ।
'ਜਗਤ ਪਦਾਰਥ ਰੀਤਿ ਇਹ ਬਿਨਸੈਂ ਤਤਕਾਲਾ॥ ੩੨॥

ਹੇ ਪ੍ਰਭੂ ਜੀ! ਵੱਡਾ ਅਫਸੋਸ ਹੈ, ਸਿੱਖ ਵੇਖ ਕੇ ਦੁੱਖ ਪਾਉਂਦੇ ਹਨ, ਆਪ ਜੀ ਦੇ ਐਸੇ ਸਾਂਗ 'ਤੇ ਕੌਣ ਭਰਮਦਾ ਨਹੀਂ ਹੈ?'' ਸਤਿਗੁਰੂ ਜੀ ਸਿੱਖਾਂ ਨੂੰ ਵੱਡੇ ਦੁਖੀ ਵੇਖ ਕੇ ਸੁਣ ਕੇ ਬੋਲੇ, ''ਜਗਤ ਦੇ ਪਦਾਰਥਾਂ ਦੀ ਇਹੋ ਰੀਤੀ ਹੈ ਕਿ ਇਹ ਤੁਰਤ ਖਤਮ ਹੋ ਜਾਂਦੇ ਹਨ॥ ੩੨॥

ਉਪਜਹਿ ਬਿਨਸਨਹਾਰ ਜੋ ਆਗੇ ਕਜਾ ਪਾਛੈ।
ਇਨ ਕੀ ਥਿਰਤਾ ਹੋਤਿ ਨਹਿਂ ਕਯੋਂ ਗਯਾਨੀ ਬਾਂਛੈ।
ਇਕ ਆਤਮ ਸੱਤਾ ਸਦਾ ਉਪਜੈ ਨ ਬਿਨਾਸ਼ੀ।
ਸੋ ਸਰੂਪ ਨਿਜ ਜਾਨਿਕੈ ਹੁਇ ਪਰਮ ਪ੍ਰਕਾਸ਼ੀ॥ ੩੩॥

ਜਿਹੜੀ ਵੀ ਵਸਤੂ ਉਪਜਦੀ ਹੈ ਉਸ ਅਗੋਂ ਜਾਂ ਪਿਛੋਂ ਖਤਮ ਹੋ ਜਾਂਦੀ ਹੈ। ਇਨ੍ਹਾਂ ਦੀ ਸਥਿਰਤਾ ਨਹੀਂ ਹੁੰਦੀ ਹੈ, ਗਿਆਨੀ ਕਿਉਂ ਚਾਹੁੰਦੇ ਹਨ। ਇਕ ਆਤਮਾ ਸਦਾ ਰਹਿਣ ਵਾਲੀ ਅਤੇ ਅਮਰ ਹੈ, ਜਿਹੜੀ ਨਾ ਉਪਜਦੀ ਹੈ ਅਤੇ ਨਾ ਹੀ ਖਤਮ ਹੁੰਦੀ ਹੈ। ਉਹ ਆਪਣਾ ਰੂਪ ਜਾਣ ਕੇ ਪਰਮ ਪ੍ਰਕਾਸ਼ਦੀ ਹੈ॥ ੩੩॥

ਕੂਰ ਪਦਾਰਥ ਤੇ ਕਬਹੂੰ ਸ਼ੋਕ ਨ ਹਰਖਾਵੈ।
ਇਕ ਰਸ ਬ੍ਰਿਤੀ ਸੁ ਆਤਮਾ ਤਿਹ ਜੋ ਲਿਵਲਾਵੈ।
ਰੇਖ ਨਿਕਾਰਹੁ ਮੇਟੀਐ ਜਯੋਂ ਲਾਭ ਨ ਹਾਨਾ।
ਇਕ ਸਮ ਬ੍ਰਿਤਿ ਸਤਿਗੁਰਨਿ ਕੀ ਇਮ ਜਾਨਿ ਸੁਜਾਨਾ॥ ੩੪॥

ਝੂਠੇ ਪਦਾਰਥਾਂ ਬਾਰੇ ਕਦੀ ਵੀ ਦੁਖੀ ਨਾ ਹੋਵੇ ਤੇ ਨਾ ਹੀ ਮਿਲ ਜਾਣ ਤੇ ਪ੍ਰਸੰਨ ਹੋਵੇ। ਸਦਾ ਇਕ ਰਸ ਬ੍ਰਿਤੀ ਰੱਖੇ, ਜਿਹੜੀ ਇਕ ਰਸ ਆਤਮਾ ਹੈ, ਉਸ ਨਾਲ ਆਪਣੀ ਲਿਵ ਲਾਵੇ। ਲਕੀਰ ਕੱਢ ਕੇ ਜਿਵੇਂ ਮਿਟਾ ਦਈਦੀ ਹੈ, ਇਸ ਪ੍ਰਕਾਰ ਲਾਭ ਹਾਣ ਨੂੰ ਜਾਣੋ। ਸਤਿਗੁਰਾਂ ਦੀ ਬ੍ਰਿਤੀ ਸਦਾ ਇਕ ਰਸ ਰਹਿੰਦੀ ਹੈ, ਹੇ ਚਤੁਰ ਸਿੱਖੋ, ਇਸ ਪ੍ਰਕਾਰ ਜਾਣੋ॥ ੩੪॥

ਤੁਰਕਨਿ ਜਰਾਂ ਉਖੇਰਨੇ ਅਸ ਕ੍ਰਿਤਿ ਹਮ ਠਾਨਾ।
ਸਾਹਿਬਜ਼ਾਦੇ ਰੂਪ ਮਮ ਕਜਾ ਤਿਨ ਕੋ ਹਾਨਾ।

ਸਦਾ ਅਮਰ ਆਨੰਦ ਜੁਤਿ ਮਨ ਮੋਹ ਨ ਲੇਸ਼ਾ।
ਤਿਨਹੁਂ ਸ਼ੋਕ ਕਿਮ ਹਮ ਕਰੈਂ ਜੇ ਮੁਦਤ ਹਮੇਸ਼ਾ' ॥ ੩੫ ॥

ਤੁਰਕਾਂ ਦੀ ਜੜ੍ਹ ਪੁੱਟਣੀ ਹੈ, ਐਸੀ ਕ੍ਰਿਤ ਅਸੀਂ ਧਾਰਨ ਕੀਤੀ ਹੈ। ਸਾਹਿਬਜ਼ਾਦੇ ਮੇਰਾ ਰੂਪ ਹਨ, ਉਨ੍ਹਾਂ ਦੀ ਕੀ ਹਾਨੀ ਹੋਣੀ ਹੈ। ਉਹ ਸਦਾ ਅਮਰ ਅਨੰਦ ਸਹਿਤ ਹਨ, ਉਨ੍ਹਾਂ ਦਾ ਮਨ ਵਿਚ ਲੇਸ਼ ਮਾਤਰ ਵੀ ਮੋਹ ਨਹੀਂ ਹੈ। ਉਨ੍ਹਾਂ ਦਾ ਦੁਖ ਅਸੀਂ ਕਿਉਂ ਮੰਨਾਈਏ, ਜਿਹੜੇ ਸਦਾ ਹੀ ਪ੍ਰਸੰਨ ਹਨ' ॥ ੩੫ ॥

ਇਮ ਸੁਨਿਕੈ ਗੁਰ ਤੇ ਦੁਊ ਕੁਛ ਧੀਰਜ ਪਾਯੋ।
ਤਊ ਰਿਦੇ ਸੰਦੇਹ ਜੁਤਿ ਐਸ਼੍ਵਰਜ ਗਵਾਯੋ ?।
ਕਰ ਜੋਰਤਿ ਬਿਨਤੀ ਕਰੀ 'ਪੋਸ਼ਿਸ਼ ਪਹਿਰੀਜੈ।
ਸ਼ਜਾਮ ਜਿ ਬਸਤ੍ਰ ਉਤਾਰੀਅਹਿ ਅਬਿ ਸ੍ਵੇਤ ਧਰੀਜੈ' ॥ ੩੬ ॥

ਇਸ ਪ੍ਰਕਾਰ ਦੋਵਾਂ ਨੇ ਗੁਰੂ ਜੀ ਪਾਸੋਂ ਸੁਣ ਕੇ ਕੁਝ ਧੀਰਜ ਪਾਇਆ, ਫਿਰ ਵੀ ਹਿਰਦੇ ਵਿਚ ਇਹ ਸੰਦੇਹ ਸੀ ਕਿ ਧਨ ਦੌਲਤ ਕਿਉਂ ਗਵਾਇਆ ਹੈ। ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਹੁਣ ਨਵਾਂ ਪੋਸ਼ਾਕਾ ਪਹਿਣ ਲਵੋ, ਕਾਲੇ ਰੰਗ ਦੇ ਵਸਤਰਾਂ ਨੂੰ ਉਤਾਰ ਦੇਵੋ ਅਤੇ ਸਫੇਦ ਰੰਗ ਦੇ ਵਸਤਰ ਧਾਰਨ ਕਰ ਲਵੋ" ॥ ੩੬ ॥

ਸੁਨਿ ਸਤਿਗੁਰ ਪਿਖਿ ਭਾਵਨੀ ਕਹਿ ਬਿਨੈ ਸਪ੍ਰੇਮਾ।
ਪਹਿਰੇ ਪੋਸ਼ਿਸ਼ ਬਿਸਦ ਬਰ ਕਰਿ ਸੇਵਕ ਛੇਮਾ।
ਨੀਲੰਬਰ ਅੰਬਰ ਜਥਾ ਸੋ ਧਰੇ ਉਤਾਰੀ।
ਇਮ ਦਰਸ਼ਨ ਕਰਿਕੈ ਭਲੌ ਹਰਖੇ ਨਰ ਨਾਰੀ ॥ ੩੭ ॥

ਸਤਿਗੁਰੂ ਜੀ ਨੇ ਸੁਣ ਕੇ ਤੇ ਉਨ੍ਹਾਂ ਦੀ ਸ੍ਰੇਸ਼ਟ ਭਾਵਨਾ ਵੇਖ ਕੇ ਸਫੇਦ ਵਸਤਰ ਪਹਿਣ ਲਏ ਤੇ ਆਪਣੇ ਸੇਵਕਾਂ ਦਾ ਕਲਿਆਣ ਕੀਤਾ। ਅਕਾਸ਼ ਵਰਗੇ ਨੀਲੇ ਵਸਤਰ ਉਤਾਰ ਕੇ ਰੱਖ ਦਿੱਤੇ। ਇਸ ਪ੍ਰਕਾਰ ਸਤਿਗੁਰੂ ਜੀ ਦੇ ਭਲੇ ਦਰਸ਼ਨ ਕਰਕੇ ਸਾਰੇ ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋਏ ॥ ੩੭ ॥

ਕਿਤਿਕ ਸਮੈ ਬੈਠੇ ਨਿਕਟ ਰੂਪੇ ਕੌ ਬੰਸਾ।
ਪੁਨ ਬੰਦਨ ਕਰਿ ਸਦਨ ਗੇ ਮੁਖ ਕਰਤਿ ਪ੍ਰਸੰਸਾ।
ਇਤਨੋ ਬਿਨਸਜੋ ਪਾਸ ਤੇ ਜਿਨ ਸ਼ੋਕ ਨ ਲੇਸਾ।
ਪੁੱਤ੍ਰਾਦਿਕ ਪ੍ਰਿਯ ਵਸਤੁ ਬਹੁ ਹਤਿ ਭੇ ਨ ਕਲੇਸ਼ਾ ॥ ੩੮ ॥

ਰੂਪੇ ਦਾ ਵੰਸ਼ ਕਾਫੀ ਸਮੇਂ ਤੱਕ ਗੁਰੂ ਜੀ ਦੇ ਪਾਸ ਬੈਠਾ ਰਿਹਾ, ਫਿਰ ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਮੁਖ ਤੋਂ ਗੁਰੂ ਜੀ ਦੀ ਪ੍ਰਸੰਸਾ ਕਰਦੇ ਸਨ। ਗੁਰੂ ਜੀ ਦੇ ਪਾਸ ਤੋਂ ਏਨਾ ਕੁਝ ਨਸ਼ਟ ਹੋ ਗਿਆ ਹੈ, ਫਿਰ ਵੀ ਉਨ੍ਹਾਂ ਨੂੰ ਰਾਈ ਭਰ ਵੀ ਦੁਖ ਨਹੀਂ ਹੈ, ਪੁੱਤਰ ਆਦਿ ਪਿਆਰੀਆਂ ਵਸਤਾਂ ਖਤਮ ਹੋ ਗਈਆਂ ਹਨ ਪਰ ਮਨ ਵਿਚ ਕੋਈ ਕਲੇਸ਼ ਨਹੀਂ ਹੈ ॥ ੩੮ ॥

*ਛੇਵੀਂ ਰੁੱਤ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ ॥ ੫੪ ॥*

☆☆☆

# ਅਧਿਆਇ ਪਚਵੰਞਵਾਂ

### *ਧਰਮ ਸਿੰਘ ਨੂੰ ਸ਼ਹੀਦ ਸਿੰਘ ਮਿਲਿਆ, ਸ਼ਮੀਰ*

ਦੋਹਰਾ- ਅਗਲੇ ਦਿਨ ਹਿਤ ਖਾਨ ਕੇ ਉੱਤਮ ਅਸਨ ਕਰਾਇ।
ਗਮਨਜੋ ਦਰਸ਼ਨ ਕਰਨ ਕੋ ਸ਼ਰਧਾਲੂ ਧਰਿ ਭਾਇ॥ ੧॥

ਅਗਲੇ ਦਿਨ ਖਾਣ ਵਾਸਤੇ ਉੱਤਮ ਭੋਜਨ ਤਿਆਰ ਕਰਵਾਏ, ਫਿਰ ਧਰਮ ਸਿੰਘ ਸ਼ਰਧਾਲੂ ਭਾਵਨਾ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗਿਆ॥ ੧॥

*ਨਿਸ਼ਾਨੀ ਛੰਦ*-ਕਿਤਿਕ ਸਿੱਖ ਆਗੇ ਗਏ ਕੇ ਆਵਤਿ ਪਾਛੇ।
ਉਤਲਾਵਤਿ ਹੀ ਚਲਿ ਪਰਜੋ ਮਗ ਏਕਲ ਆਛੇ।
ਵਹਿਰ ਗਯੋ ਚਲਿ ਕਿਤਿਕ ਜਬਿ ਬਾਮੇ ਪਿਖਿ ਦਾਏਂ।
ਕੋ ਸਿਖ ਆਵੈ ਗੈਲ ਤੇ ਲਿਉਂ ਸੰਗ ਰਲਾਏ॥ ੨॥

ਕਈ ਸਿੱਖ ਅੱਗੇ ਗਏ ਸਨ, ਕਈ ਪਿੱਛੇ ਆਉਂਦੇ ਸਨ। ਧਰਮ ਸਿੰਘ ਉਤਾਵਲਾ ਹੋ ਕੇ ਇਕੱਲਾ ਹੀ ਰਾਹੇ-ਰਾਹ ਚਲ ਪਿਆ। ਜਦ ਕੁਝ ਦੂਰ ਬਾਹਰ ਚਲ ਕੇ ਗਿਆ ਤਾਂ ਸੱਜੇ ਖੱਬੇ ਵੇਖਿਆ ਤੇ ਸੋਚਿਆ ਕਿ ਕੋਈ ਸਿੱਖ ਆਉਂਦਾ ਹੋਵੇ ਤਾਂ ਉਸ ਨੂੰ ਨਾਲ ਰਲਾ ਲਵਾਂ॥ ੨॥

ਜਬਿ ਪਾਛਲ ਦਿਸ਼ ਦੇਖਿਓ ਆਵਤਿ ਸਿਖ ਧੀਰਾ।
ਅਭਿਲਾਖਜੋ ਮਿਲਿ ਕਰਿ ਚਲੈਂ ਸਤਿਗੁਰ ਕੇ ਤੀਰਾ।
ਸਨੇ ਸਨੇ ਚਲਿਬੇ ਲਗਜੋ ਹੇਰਤਿ ਸਿਖ ਓਰੀ।
ਤਿਹ ਕੌਤਕ ਦਿਖਰਾਇਓ ਅਚਰਜ ਮਤਿ ਬੋਰੀ॥ ੩॥

ਜਦ ਪਿਛਲੇ ਪਾਸੇ ਵੇਖਿਆ ਤਾਂ ਇਕ ਧੀਰਜਵਾਨ ਸਿੱਖ ਆ ਰਿਹਾ ਸੀ ਤਾਂ ਇਹ ਅਭਿਲਾਸ਼ਾ ਕੀਤੀ ਕਿ ਸਤਿਗੁਰੂ ਜੀ ਦੇ ਪਾਸ ਮਿਲ ਕੇ ਚਲਦੇ ਹਾਂ। ਸਿੱਖ ਵੱਲ ਵੇਖ ਕੇ ਹੌਲੀ-ਹੌਲੀ ਚੱਲਣ ਲੱਗੇ। ਉਸ ਸਿੱਖ ਨੇ ਇਕ ਅਸਚਰਜ ਕੌਤਕ ਦੱਸਿਆ ਜਿਸ ਨਾਲ ਧਰਮ ਸਿੰਘ ਦੀ ਬੁੱਧੀ ਹੈਰਾਨ ਰਹਿ ਗਈ॥ ੩॥

ਬਿਸਦ ਬਰਨ ਕੇ ਬਸਤ੍ਰ ਬਰ ਪੂਰਬ ਦਿਖਰਾਏ।
ਬਹੁਰ ਪੀਤ ਪੁਨ ਸ਼ਜਾਮ ਕਰਿ ਨਿਜ ਬੇਸ ਬਨਾਏ।
ਅਰੁਣ ਬਰਣ ਪਹਿਰਣ ਕਰੇ ਬਡ ਛੋਟ ਬਨੰਤਾ।
ਨਰ ਸਮ ਹੁਇ ਆਯੋ ਨਿਕਟ ਪੁਨ ਫਤੇ ਬੁਲੰਤਾ॥ ੪॥

ਸਫੇਦ ਰੰਗ ਦੇ ਸ੍ਰੇਸ਼ਟ ਵਸਤਰ ਪਹਿਲਾਂ ਵਿਖਾਏ, ਫਿਰ ਪੀਲੇ ਅਤੇ ਕਾਲੇ ਬਣਾ ਕੇ ਆਪਣੇ ਭੇਸ ਬਣਾਏ। ਫਿਰ ਲਾਲ ਰੰਗ ਦੇ ਵਸਤਰ ਪਹਿਨ ਲਏ, ਫਿਰ ਆਪਣੇ ਆਪ ਨੂੰ ਵੱਡਾ ਛੋਟਾ ਬਣਾਉਂਦਾ ਸੀ। ਫਿਰ ਮਨੁੱਖ ਵਾਂਗ ਹੋ ਕੇ ਆ ਗਿਆ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਂਦਾ ਸੀ॥ ੪॥

ਧਰਮ ਸਿੰਘ ਥਿਰ ਹੁਇ ਮਿਲ੍ਯੋ ਧਰਿ ਪ੍ਰੇਮ ਬਿਸਾਲਾ।
ਸ਼ਕਤਿਵੰਤ ਪੁਨ ਗੁਰੂ ਸਿਖ ਬੋਲ੍ਯੋ ਤਿਸ ਕਾਲਾ।
'ਖਰੋ ਭਯੋ ਕਿਮਿ ਚਲਤਿ ਨਹਿਂ, ਗਮਨਹਿ ਕਿਸ ਥਾਨਾ ?'।
ਸੁਨਿ ਭਾਈ ਬੋਲ੍ਯੋ ਤਬੈ, 'ਸਤਿਗੁਰ ਢਿਗ ਜਾਨਾ॥ ੫॥

ਧਰਮ ਸਿੰਘ ਖੜਾ ਹੋ ਕੇ ਵਿਸ਼ਾਲ ਪ੍ਰੇਮ ਧਾਰ ਕੇ ਮਿਲਿਆ। ਸ਼ਕਤੀਵਾਨ ਫਿਰ ਗੁਰੂ ਜੀ ਦਾ ਸਿੱਖ, ਉਸ ਸਮੇਂ ਬੋਲਿਆ, ''ਖੜਾ ਕਿਉਂ ਹੈਂ ਚਲਦਾ ਨਹੀਂ, ਕਿਸ ਸਥਾਨ ਤੇ ਜਾ ਰਿਹਾ ਹੈਂ'' ? ਇਹ ਸੁਣ ਕੇ ਧਰਮ ਸਿੰਘ ਬੋਲਿਆ, ''ਸਤਿਗੁਰੂ ਜੀ ਪਾਸ ਜਾ ਰਿਹਾ ਹਾਂ॥ ੫॥

ਸਾਥ ਅਗਾਰੀ ਸਭਿ ਗਯੋ ਤੁਝ ਪਿਖਿ ਥਿਰ ਹੋਵਾ।
ਅਪਨਿ ਪ੍ਰਸੰਗ ਬਤਾਈਏ ਬਡ ਅਚਰਜ ਜੋਵਾ।
ਸ਼ਕਤਿਵੰਤ ਅਰੁ ਸਿਖ ਗੁਰਨਿ ਕਿਤ ਤੇ ਚਲਿ ਆਯੋ।
ਪਹੁੰਚਹੁਗੇ ਕਿਸ ਥਲ ਬਿਖੇ ? ਸਭਿ ਦੇਹੁ ਬਤਾਯੋ' ॥ ੬॥

ਸਾਥੀ ਸਭ ਅੱਗੇ ਗਏ ਹਨ, ਤੁਹਾਨੂੰ ਵੇਖ ਕੇ ਖੜਾ ਹੋ ਗਿਆ ਹਾਂ, ਆਪਣਾ ਪ੍ਰਸੰਗ ਦੱਸੋ, ਤੁਸੀਂ ਬੜਾ ਅਸਚਰਜ ਕੌਤਕ ਵਿਖਾਇਆ ਹੈ। ਵੱਡੇ ਸ਼ਕਤੀਸ਼ਾਲੀ ਅਤੇ ਗੁਰੂ ਜੀ ਦੇ ਸਿੱਖ ਕਿੱਥੋਂ ਚਲ ਕੇ ਆਏ ਹੋ। ਕਿਸ ਸਥਾਨ 'ਤੇ ਤੁਸੀਂ ਪਹੁੰਚੋਗੇ ? ਸਭ ਮੈਨੂੰ ਦੱਸ ਦੇਵੋ'' ॥ ੬॥

ਤਬਿ ਸ਼ਹੀਦ ਸਿੰਘ ਕਹਤਿ ਭਾ 'ਸੁਨੀਏ ਸੁਭ ਭਾਈ।
ਸੱਧੂ ਰੂਪਾ ਤੁਵ ਬਡੇ ਗੁਰ ਸੇਵ ਕਮਾਈ।
ਸਿੱਖ ਜਾਨਿ ਦੀਨਸਿ ਦਰਸ ਬਿਚਰਤਿ ਸਭਿ ਦੇਸਾ।
ਰਹੈਂ ਸਦਾ ਗੁਰ ਕੇ ਨਿਕਟ ਗਨ ਬਲੀ ਵਿਸ਼ੇਸ਼ਾ॥ ੭॥

ਤਦ ਸ਼ਹੀਦ ਸਿੰਘ ਨੇ ਕਿਹਾ, ''ਹੇ ਭਾਈ ! ਸਭ ਗੱਲ ਸੁਣੋ। ਸੱਧੂ ਰੂਪਾ ਤੁਹਾਡੇ ਵਡੇਰੇ ਹੋਏ ਹਨ, ਜਿਨ੍ਹਾਂ ਗੁਰੂ ਜੀ ਦੀ ਬਹੁਤ ਸੇਵਾ ਕਮਾਈ ਸੀ। ਸਿੱਖ ਜਾਣ ਕੇ ਸਭ ਦੇਸ਼ਾਂ ਵਿਚ ਫਿਰ ਕੇ ਦਰਸ਼ਨ ਦਿੱਤੇ। ਸਦਾ ਹੀ ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਬਹੁਤ ਬਲਵਾਨ ਸਨ॥ ੭॥

ਹਮ ਸ਼ਹੀਦ ਲਾਖਹੁਂ ਫਿਰੈਂ ਬਡ ਸਮਰਥ ਧਾਰੀ।
ਪੰਜ ਹਜ਼ਾਰ ਸੁ ਖਾਸ ਕੀ ਰਹਿਂ ਵਾਰੋਵਾਰੀ।
ਚੌਕੀ ਦੇਤਿ ਪ੍ਰਯੰਕ ਕੀ ਨਿਸ ਦਿਨ ਗੁਰ ਕੇਰੀ।
ਅਪਰ ਸਰਬ ਅਨੁਸਾਰਿ ਰਹਿਂ ਪ੍ਰਭੁ ਕੇ ਢਿਗ ਹੇਰੀ॥ ੮॥

ਅਸੀਂ ਲੱਖਾਂ ਸ਼ਹੀਦ ਵੱਡੀ ਸਮਰੱਥਾ ਧਾਰ ਕੇ ਫਿਰਦੇ ਹਾਂ। ਪੰਜ ਹਜ਼ਾਰ ਜਿਹੜੇ ਖਾਸ ਹਨ, ਉਹ ਵਾਰੋ-ਵਾਰੀ ਰਹਿੰਦੇ ਹਨ। ਅਸੀਂ ਦਿਨ ਰਾਤ ਗੁਰੂ ਜੀ ਦੇ ਪਲੰਘ ਦੀ ਚੌਕੀ ਦਿੰਦੇ ਹਾਂ। ਹੋਰ ਸਾਰੇ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦੇ ਹਨ ਤੇ ਪ੍ਰਭੂ ਦੇ ਪਾਸ ਰਹਿ ਕੇ ਵੇਖਦੇ ਹਾਂ॥ ੮॥

ਜਿਮ ਆਗਯਾ ਉਚਰੈਂ ਗੁਰੂ ਕਰਿ ਹੈਂ ਤਤਕਾਲਾ।
ਤਿਨ ਬਿਚ ਤੇ ਇਕ ਮੈਂ ਅਹੌਂ ਸੁਨਿ ਸਿੱਖ ਬਿਸਾਲਾ !'।

ਧਰਮ ਸਿੰਘ ਕੇ ਭਰਮ ਉਰ ਪੂਰਬ ਬਹੁਤੇਰਾ।
ਗੁਰ ਸਮਰਥ ਸਭਿ ਰੀਤਿ ਜੇ ਕਿਮ ਕੁਟੰਬ ਨਿਬੇਰਾ॥ ੯ ॥

ਜਿਵੇਂ ਵੀ ਗੁਰੂ ਜੀ ਆਗਿਆ ਉਚਾਰਨ ਕਰਦੇ ਹਨ, ਤੁਰਤ ਉਸ ਪ੍ਰਕਾਰ ਕਰਦੇ ਹਾਂ। ਉਨ੍ਹਾਂ ਵਿਚੋਂ ਇਕ ਮੈਂ ਵੀ ਹਾਂ, ਹੇ ਸਿੱਖ ਇਹ ਸੁਣ ਲਵੋ।'' ਧਰਮ ਸਿੰਘ ਦੇ ਹਿਰਦੇ ਵਿਚ ਪਹਿਲਾਂ ਬਹੁਤ ਭਰਮ ਭੁਲੇਖੇ ਸਨ। ਗੁਰੂ ਜੀ ਸਭ ਰੀਤੀਆਂ ਨਾਲ ਸਰਬ ਸਮਰੱਥ ਹਨ, ਫਿਰ ਕਿਵੇਂ ਉਨ੍ਹਾਂ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾ ਲਿਆ ਹੈ॥ ੯ ॥

ਇਕ ਸੁਤ ਭੀ ਨਹਿਂ ਰਖਿ ਸਕੇ, ਐਸ਼੍ਵਰਜ ਭਿ ਖੋਵਾ।
ਬਚੇ ਇਕਾਂਕੀ ਜਤਨ ਤੇ ਇਤ ਜੰਗਲ ਜੋਵਾ।
ਇਹ ਸੰਸੇ ਬੂਝਨ ਲਗਜੋ ਬਹੁ ਤਰਕ ਉਠੰਤਾ।
'ਸ਼ਕਤਿਵੰਤਿ ਤੁਮ ਗਨ ਹੁਤੇ ਗੁਰ ਢਿਗ ਬਲਵੰਤਾ॥ ੧੦ ॥

ਇਕ ਪੁੱਤਰ ਵੀ ਨਹੀਂ ਰੱਖ ਸਕੇ ਹਨ, ਸਾਰਾ ਧਨ ਦੌਲਤ ਗਵਾ ਲਿਆ ਹੈ। ਜਤਨ ਕਰਕੇ ਇਕੱਲੇ ਬਚੇ ਹਨ, ਏਧਰ ਮਾਲਵਾ ਦੇਸ਼ ਵੇਖਿਆ ਹੈ। ਇਹ ਸ਼ੰਕੇ ਪੁੱਛਣ ਲੱਗਾ ਤੇ ਬਹੁਤ ਤਰਕ ਕਰਦਾ ਸੀ, ''ਤੁਸੀਂ ਵੱਡੇ ਸ਼ਕਤੀਸ਼ਾਲੀ ਹੋ ਤੇ ਬਲਵਾਨ ਗੁਰੂ ਜੀ ਪਾਸ ਰਹਿੰਦੇ ਹੋ॥ ੧੦ ॥

ਕੁਛ ਨ ਬਚਾਯਹੁ ਗੁਰੂ ਕੋ ਰਣ ਏਤਿਕ ਮਾਂਹੀ।
ਪੁੱਤ੍ਰ ਆਦਿ ਐਸ਼੍ਵਰਜ ਸਭਿ ਬਿਨਸਜੋ, ਰਹਿ ਨਾਂਹੀ।
ਇਸ ਮਹਿਂ ਕਾਰਨ ਕਵਨ ਭਾ? ਮੁਹਿ ਅਧਿਕ ਸੰਦੇਹੂ।
ਤੁਰਕ ਬ੍ਰਿੰਦ ਰਣ ਮੰਡਿ ਕਰਿ ਬਡ ਸੰਕਟ ਦੇਹੂ'॥ ੧੧ ॥

ਗੁਰੂ ਜੀ ਦੇ ਏਨੇ ਯੁੱਧਾਂ ਵਿਚ ਕੁਝ ਵੀ ਨਹੀਂ ਬਚਾਇਆ ਹੈ। ਪੁੱਤਰ ਆਦਿ ਸਾਰੇ ਸ਼ਹੀਦ ਹੋ ਗਏ ਹਨ ਤੇ ਸਾਰਾ ਧਨ ਦੌਲਤ ਖਤਮ ਹੋ ਗਿਆ ਹੈ, ਕੁਝ ਵੀ ਨਹੀਂ ਰਿਹਾ ਹੈ। ਇਸ ਵਿਚ ਕੀ ਕਾਰਨ ਸੀ? ਮੈਨੂੰ ਇਸ ਬਾਰੇ ਵੱਡਾ ਸੰਦੇਹ ਹੈ। ਤੁਰਕਾਂ ਨੇ ਵੱਡਾ ਯੁੱਧ ਕਰਕੇ, ਰਣਖੇਤਰ ਵਿਚ ਸੰਕਟ ਦਿੱਤਾ ਹੈ''॥ ੧੧ ॥

ਤਬਿ ਸ਼ਹੀਦ ਸਿੰਘ ਬਚ ਕਹਜੋ 'ਅਲਪੱਗਜ ਜਿ ਪ੍ਰਾਨੀ।
ਗੁਰ ਸਰਵੱਗਜ ਕੀ ਕ੍ਰਿਤਿ ਕੋ ਕਿਮ ਸਕੈਂ ਪਛਾਨੀ।
ਪ੍ਰਥਮ ਜਨਮ ਦੇਵੀ ਕਹਜੋ ਤਜਿ ਸੁਤਨ ਸੁਨੇਹਾ।
ਕਲ ਮੈਂ ਬਿਦਤੌਂ ਤੁਮ ਨਿਕਟ ਵਾਂਛਤਿ ਬਰ ਲੇਹਾ॥ ੧੨ ॥

ਤਦ ਸ਼ਹੀਦ ਸਿੰਘ ਨੇ ਬਚਨ ਕੀਤਾ, ''ਜਿਹੜੇ ਤੁੱਛ ਬੁੱਧੀ ਵਾਲੇ ਪ੍ਰਾਣੀ ਹਨ ਉਹ ਸਰਬ ਸ਼ਕਤੀਮਾਨ ਅਤੇ ਸ੍ਰੇਸ਼ਟ ਬੁੱਧੀ ਵਾਲੇ ਗੁਰੂ ਜੀ ਦੀ ਕ੍ਰਿਤ ਨੂੰ ਕਿਵੇਂ ਪਹਿਚਾਣ ਸਕਦੇ ਹਨ। ਪਹਿਲੇ ਜਨਮ ਵਿਚ ਦੇਵੀ ਨੇ ਕਿਹਾ ਸੀ ਕਿ ਪੁੱਤਰਾਂ ਦਾ ਪਿਆਰ ਛੱਡ ਦੇਵੋ। ਕਲਿਜੁਗ ਵਿਚ ਤੇਰੇ ਪਾਸ ਪ੍ਰਗਟ ਹੋਵਾਂਗੀ, ਮੂੰਹ ਮੰਗਿਆ ਵਰ ਲਵੋ॥ ੧੨ ॥

ਬਹੁਰ ਗਾਇਤ੍ਰੀ ਕੋਪ ਕਰਿ ਨਿਜ ਲਖਿ ਅਪਮਾਨਾ।
ਅੰਗੀਕਾਰ ਨ ਮੁਹਿ ਕਰਜੋ ਤਿਨ ਸ੍ਰਾਪ ਬਖਾਨਾ।
ਪੁਨ ਚੰਡੀ ਬਿਦਤੀ ਜਬੈ ਪਹੁਚੀ ਨ ਅਕੋਰਾ।
ਚਾਰਹੁੰ ਸੁਤ ਲਛ ਸਿੰਘ ਕੋ ਸੰਕਲਪ ਸੁ ਛੋਰਾ॥ ੧੩ ॥

ਫਿਰ ਗਾਇਤਰੀ ਗੁੱਸਾ ਕਰ ਗਈ, ਉਸ ਨੇ ਆਪਣਾ ਅਪਮਾਨ ਜਾਣਿਆ "ਮੈਨੂੰ ਅੰਗੀਕਾਰ ਨਹੀਂ ਕੀਤਾ ਹੈ", ਉਸ ਨੇ ਸਰਾਪ ਦਿੱਤਾ। ਫਿਰ ਚੰਡੀ ਜਦ ਪ੍ਰਗਟ ਹੋਈ ਤਾਂ ਉਸ ਨੂੰ ਉਪਹਾਰ ਨਾ ਮਿਲਿਆ ਤਾਂ ਗੁਰੂ ਜੀ ਨੇ ਇਕ ਲੱਖ ਸਿੰਘਾਂ ਅਤੇ ਚਾਰੇ ਪੁੱਤਰਾਂ ਦਾ ਦਾਨ ਦਿੱਤਾ ਸੀ॥ ੧੩॥

*ਨੋਟ : ਅੰਕ ੧੨ ਅਤੇ ੧੩ ਵਿਚ ਜੋ ਕਾਰਨ ਦੱਸੇ ਹਨ, ਉਹ ਕਵੀ ਜੀ ਨੇ ਬ੍ਰਾਹਮਣੀ ਖਿਆਲ ਵਾਲੇ ਸੌ ਸਾਖੀ ਦੇ ਬ੍ਰਾਹਮਣ ਆਖੇਪਕਾਰ ਤੋਂ ਲਏ ਹਨ। ਇਹ ਖਿਆਲ ਮਾਤਰ ਹੀ ਹਨ, ਅਸਲ ਕਾਰਨ ਅੱਗੇ ਹਨ ਜੋ ਕਵੀ ਜੀ ਅੰਕ ੧੪ ਤੋਂ ਬੜੀ ਖੂਬੀ ਨਾਲ ਵਰਣਨ ਕਰਦੇ ਹਨ।*

ਪੁਨ ਤੁਰਕਨਿ ਕੀ ਜੜ੍ਹਾਂ ਬਡ ਛਿਤ ਰਾਜ ਬਿਸਾਲੇ।
ਬਹੁ ਅਪਰਾਧ ਕਰਾਇ ਕਰਿ ਕਿਯ ਕੂਰ ਕੁਚਾਲੇ।
ਤਿਨ ਕੋ ਤੇਜ ਬਿਨਾਸ਼ਨੇ ਐਸੀ ਕ੍ਰਿਤ ਠਾਨੀ।
ਉਠਿ ਜੈ ਹੈ ਸਗਰੀ ਸਫਾ, ਹੁਇ ਤੇਜ ਪ੍ਰਹਾਨੀ॥ ੧੪॥

ਫਿਰ ਤੁਰਕਾਂ ਦੀਆਂ ਜੜ੍ਹਾਂ ਬਹੁਤ ਵੱਡੀਆਂ ਹਨ, ਧਰਤੀ ਉੱਤੇ ਉਨ੍ਹਾਂ ਦਾ ਵਿਸ਼ਾਲ ਰਾਜ ਹੈ। ਬਹੁਤ ਅਪਰਾਧ ਕਰਵਾ ਕੇ ਝੂਠੇ ਕਾਰੇ ਕਰਦੇ ਹਨ। ਉਨ੍ਹਾਂ ਦੇ ਤੇਜ ਨੂੰ ਖਤਮ ਕਰਨ ਲਈ ਐਸੀ ਕ੍ਰਿਤ ਧਾਰਨ ਕੀਤੀ ਹੈ, ਉਨ੍ਹਾਂ ਦੀਆਂ ਸਾਰੀਆਂ ਸਫ਼ਾਂ ਉੱਠ ਜਾਣਗੀਆਂ ਤੇ ਉਨ੍ਹਾਂ ਦੇ ਤੇਜ ਦਾ ਨਾਸ਼ ਹੋ ਜਾਵੇਗਾ॥ ੧੪॥

ਦੁੰਦਭਿ ਬਜੈ ਨ ਤੁਰਕ ਕੇ ਤੋ ਦਲ ਕਿਮ ਹੋਵੈ।
ਰਾਜ ਧਰਾ ਪਰ ਜਿਸੀ ਕੋ ਜਹਿਂ ਕਹਿਂ ਸਭਿ ਜੋਵੈ।
ਇੱਤਜਾਦਿਕ ਕਾਰਨ ਘਨੇ ਕੋ ਸਕੈ ਪਛਾਨੇ।
ਸਰਬੱਗਜਨਿ ਕੀ ਕ੍ਰਿਤਿ ਪਰ ਕਜਾ ਤਰਕ ਬਖਾਨੇ॥ ੧੫॥

ਜੇ ਤੁਰਕਾਂ ਪਾਸ ਨਗਾਰਾ ਹੀ ਨਹੀਂ ਵੱਜੇਗਾ ਤਾਂ ਉਨ੍ਹਾਂ ਪਾਸ ਸੈਨਾ ਕਿਥੋਂ ਹੋਵੇਗੀ, ਜਿਨ੍ਹਾਂ ਦਾ ਧਰਤੀ ਉੱਪਰ ਜਿੱਥੇ ਕਿੱਥੇ ਰਾਜ ਵੇਖਦੇ ਹਾਂ। ਇਸ ਪ੍ਰਕਾਰ ਕਈ ਕਾਰਨ ਹਨ, ਕੌਣ ਇਨ੍ਹਾਂ ਨੂੰ ਪਛਾਣ ਸਕਦਾ ਹੈ, ਸਰਬ ਗਿਆਨ ਦੀ ਕ੍ਰਿਤ ਉੱਪਰ ਕੀ ਤਰਕ ਕਹੀਏ॥ ੧੫॥

ਮਤ ਥੋਰੀ ਸ਼ਰਧਾ ਬਿਨਾ ਜੋ ਤਰਕ ਉਠਾਵੈ।
ਭੁਗਤਹਿ ਦੁਖ ਬਹੁ ਬਿਧਿਨਿ ਕੇ ਨਹਿਂ ਸੁਖ ਕੋ ਪਾਵੈ।
ਮੈਂ ਏਕਲ ਹੀ ਕਰਿ ਸਕੌਂ ਤੁਰਕਾਨ ਬਿਨਾਸ਼ਾ।
ਮਮ ਸਮ ਲਾਖਹੁਂ ਸ਼ਕਤਿ ਜੁਤਿ ਸਤਿਗੁਰ ਕੇ ਪਾਸਾ॥ ੧੬॥

ਥੋੜੀ ਮੱਤ ਵਾਲਾ ਸ਼ਰਧਾ ਰਹਿਤ ਹੋ ਕੇ ਜਿਹੜਾ ਤਰਕ ਉਠਾਉਂਦਾ ਹੈ ਉਹ ਬਹੁਤ ਵਿਧੀਆਂ ਦੇ ਦੁਖ ਭੁਗਤਦਾ ਹੈ ਤੇ ਕਦੀ ਵੀ ਸੁਖ ਪ੍ਰਾਪਤ ਨਹੀਂ ਕਰਦਾ ਹੈ। ਮੈਂ ਇਕੱਲਾ ਹੀ ਤੁਰਕਾਂ ਦਾ ਵਿਨਾਸ਼ ਕਰ ਸਕਦਾ ਹਾਂ। ਮੇਰੇ ਵਰਗੇ ਲੱਖਾਂ ਸ਼ਹੀਦ ਸਤਿਗੁਰੂ ਜੀ ਪਾਸ ਹਨ॥ ੧੬॥

ਹਾਥ ਜੋਰਿ ਬੂਝਤਿ 'ਰਹੈਂ ਪ੍ਰਭੁ ਜੀ! ਫੁਰਮਾਵੋ'।
ਨਹਿਂ ਆਗਜਾ ਕੋ ਦੇਤਿ ਕਬਿ, ਕਹਿਂ 'ਥਿਰੇ ਰਹਾਵੋ'।
ਲਾਖਹੁਂ ਕੋਟ ਸ਼ਹੀਦ ਹੈਂ ਨਿਤ ਗੁਰ ਅਨੁਸਾਰੀ।
ਬਾਂਛਤਿ ਤੁਰਤ ਬਨਾਇ ਲੇਂ ਇਮ ਹੈਂ ਬਲ ਭਾਰੀ'॥ ੧੭॥

ਉਹ ਹੱਥ ਜੋੜ ਕੇ ਪੁੱਛਦੇ ਰਹਿੰਦੇ ਹਨ, "ਪ੍ਰਭੂ ਜੀ ! ਹੁਕਮ ਕਰੋ", ਜਦ ਗੁਰੂ ਜੀ ਕੋਈ ਆਗਿਆ ਨਹੀਂ ਦਿੰਦੇ ਹਨ ਤਾਂ ਕਹਿੰਦੇ ਹਨ, "ਖੜੇ ਰਹੋ।" ਲੱਖਾਂ ਕਰੋੜਾਂ ਸ਼ਹੀਦ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹਨ। ਆਪਣੇ ਮਨ ਦੀ ਇੱਛਾ ਅਨੁਸਾਰ ਤੁਰਤ ਬਣਾ ਲੈਂਦੇ ਹਨ, ਇਸ ਪ੍ਰਕਾਰ ਭਾਰੀ ਸ਼ਕਤੀ ਹੈ" ॥ ੧੭ ॥

ਧਰਮ ਸਿੰਘ ਉਰ ਭਰਮ ਹਰਿ ਸ਼ਰਮਜੋ ਪਛੁਤਾਵਾ।
ਸ਼੍ਰੀ ਸਤਿਗੁਰ ਸਰਬੱਗਜ ਮਹਿਂ ਸੰਦੇਹ ਉਠਾਵਾ।
ਹਾਥ ਜੋਰਿ ਬੰਦਨ ਕਰੀ 'ਧੰਨ ਧੰਨ ਗੁਰਦੇਵਾ।
ਆਸ਼ੈ ਜਿਨਹੁਂ ਗੰਭੀਰ ਹੈ ਕੋ ਲਹੈ ਨ ਭੇਵਾ' ॥ ੧੮ ॥

ਧਰਮ ਸਿੰਘ ਹਿਰਦੇ ਦੇ ਭਰਮ ਦੂਰ ਕਰਕੇ ਪਛੁਤਾਵਾ ਕਰਕੇ ਸ਼ਰਮਿੰਦਾ ਹੋਇਆ। ਸਤਿਗੁਰੂ ਜੀ ਸਰਬ ਸ਼ਕਤੀਮਾਨ ਅਤੇ ਸਰਬ ਸਮਰੱਥ ਹਨ, ਮੈਂ ਸੰਦੇਹ ਕੀਤਾ ਹੈ। ਹੱਥ ਜੋੜ ਕੇ ਫਿਰ ਬੰਦਨਾ ਕੀਤੀ ਤੇ ਕਿਹਾ, "ਧੰਨ ਧੰਨ ਸ੍ਰੀ ਗੁਰੂ ਦੇਵ ਜੀ ! ਜਿਨ੍ਹਾਂ ਦੇ ਆਸ਼ੇ ਏਨੇ ਗੰਭੀਰ ਹਨ, ਉਨ੍ਹਾਂ ਦਾ ਮੈਂ ਭੇਦ ਨਹੀਂ ਜਾਣਿਆ ਹੈ" ॥ ੧੮ ॥

ਬੂਝਜੋ ਬਹੁਰ ਸ਼ਹੀਦ ਕੋ 'ਤਨ ਕਿਤਿਕ ਅਕਾਰਾ।
ਕਿਧੋਂ ਇਤਿਕ ਹੀ ਰਹਿਤ ਹੋ ਠਾਨਤਿ ਬਲ ਭਾਰਾ।
ਸੰਸੈ ਕਰੇ ਬਿਨਾਸ਼ ਤੁਮ ਗੁਰ ਸਮਸਰ ਹ੍ਵੈ ਕੈ।
ਭਯੋ ਨਿਹਾਲ ਬਿਸਾਲ ਮੈਂ ਮਿਲ ਬਾਕ ਸੁਨੈਕੈ' ॥ ੧੯ ॥

ਫਿਰ ਸ਼ਹੀਦ ਨੂੰ ਪੁੱਛਿਆ, "ਤਨ ਦਾ ਆਕਾਰ ਕਿੰਨਾ ਹੈ ਜਾਂ ਏਡੇ ਹੀ ਰਹਿੰਦੇ ਹੋ ਤੇ ਭਾਰੀ ਸ਼ਕਤੀ ਧਾਰਨ ਕਰਦੇ ਹੋ। ਗੁਰੂ ਸਮਾਨ ਹੋ ਕੇ ਤੁਸੀਂ ਮੇਰੇ ਸ਼ੰਕੇ ਨਵਿਰਤ ਕੀਤੇ ਹਨ, ਮੈਂ ਆਪ ਜੀ ਨੂੰ ਮਿਲ ਕੇ ਅਤੇ ਆਪ ਜੀ ਦੇ ਬਚਨ ਸੁਣ ਕੇ ਬਹੁਤ ਨਿਹਾਲ ਹੋ ਗਿਆ ਹਾਂ" ॥ ੧੯ ॥

ਕਹਜੋ ਸ਼ਹੀਦ 'ਸੁਨੀਜੀਏ ਜਿਮ ਚਹੈਂ ਬਨਾਵੈਂ।
ਅਵਿਲੋਕਹਿਂ ਤਨ ਬਡੋ ਕੋ ਬਹੁ ਤ੍ਰਾਸ ਉਪਾਵੈਂ।
ਸਿੱਖ ਕਦੀਮੀ ਜਾਨਿਕੈ ਮਿਲਿ ਬਾਤ ਬਤਾਈ।
ਜੇ ਅਬਿ ਦੇਖਜੋ ਚਹਤਿ ਹੈਂ ਸਭਿ ਦੇਹੁਂ ਦਿਖਾਈ' ॥ ੨੦ ॥

ਸ਼ਹੀਦ ਸਿੰਘ ਨੇ ਕਿਹਾ, "ਸੁਣੋ ਜਿਵੇਂ ਚਾਹੁੰਦੇ ਹਾਂ, ਉਸ ਤਰ੍ਹਾਂ ਬਣਾ ਲੈਂਦੇ ਹਾਂ। ਸਾਡੇ ਵੱਡੇ ਸਰੀਰ ਨੂੰ ਵੇਖ ਕੇ ਮਨੁੱਖ ਬਹੁਤ ਡਰ ਜਾਂਦੇ ਹਨ। ਮੈਂ ਤੁਹਾਨੂੰ ਕਦੀਮੀ ਸਿੱਖ ਜਾਣ ਕੇ ਮਿਲ ਕੇ ਗੱਲ ਦੱਸੀ ਹੈ। ਜੇ ਹੁਣ ਦੇਖਣਾ ਚਾਹੁੰਦੇ ਹੋ ਤਾਂ ਹੁਣੇ ਵਿਖਾ ਦਿੰਦੇ ਹਾਂ" ॥ ੨੦ ॥

ਬੋਲਤਿ ਬਰਧਜੋ ਬਪੁ ਬਡੋ ਕੋਸਨ ਲਗਿ ਹੋਵਾ।
ਬਾਹੁਂ ਉਭੈ ਬਹੁ ਦੂਰ ਲਗਿ ਸਿਰ ਨਭ ਲਗਿ ਜੋਵਾ।
ਰੂਪ ਭਿਆਨਕ ਹੇਰਿ ਕਰਿ ਉਰ ਤ੍ਰਾਸ ਉਪੰਨਾ।
ਹਾਥ ਜੋਰਿ ਕਹਿ ਧਰਮ ਸਿੰਘ 'ਤੁਮ ਹੋ ਧੰਨ ਧੰਨਾ ॥ ੨੧ ॥

ਇਸ ਪ੍ਰਕਾਰ ਬੋਲ ਕੇ ਬਹੁਤ ਵੱਡਾ ਹੋ ਗਿਆ ਤੇ ਕੋਹਾਂ ਤਕ ਫੈਲ ਗਿਆ। ਲੰਮੀਆਂ ਬਾਹਾਂ ਬਹੁਤ ਦੂਰ ਤਕ ਜਾਂਦੀਆਂ ਸਨ ਤੇ ਸਿਰ ਅਕਾਸ਼ ਨੂੰ ਲੱਗਾ ਦਿਖਾਈ ਦਿੰਦਾ ਸੀ। ਉਸ ਦਾ ਭਿਆਨਕ ਰੂਪ ਵੇਖ ਕੇ ਧਰਮ ਸਿੰਘ ਹਿਰਦੇ ਵਿਚ ਬਹੁਤ ਡਰ ਗਿਆ, ਫਿਰ ਹੱਥ ਜੋੜ ਕੇ ਧਰਮ ਸਿੰਘ ਨੇ ਕਿਹਾ, "ਤੁਸੀਂ ਧੰਨ ਧੰਨ ਹੋ ॥ ੨੧ ॥

ਸਭਿ ਬਿਧਿ ਮੁਝ ਨਿਸ਼ਚੈ ਕਰਜੋ ਮੈਂ ਨੀਕੇ ਜਾਨਾ।
ਅਬਿਨਾਸ਼ੀ ਸਤਿਗੁਰ ਪ੍ਰਭੁ ਨਿਤ ਮਹਿਦ ਮਹਾਨਾ'।
ਪੁਨ ਸ਼ਹੀਦ ਤਨ ਸੁਭ ਕਰਜੋ ਸਭਿ ਸ਼ਕਤਿ ਦਿਖਾਈ।
ਸ਼ੁੱਧਿ ਰਿਦੇ ਤਬਿ ਹੋਇ ਕੈ ਗਮਨੇ ਅਗੁਵਾਈ॥ ੨੨ ॥

ਸਾਰੀਆਂ ਵਿਧੀਆਂ ਨਾਲ ਮੈਨੂੰ ਨਿਸ਼ਚੇ ਕਰਵਾਇਆ ਹੈ ਤੇ ਚੰਗੀ ਤਰ੍ਹਾਂ ਜਾਣ ਗਿਆ ਹਾਂ। ਅਬਿਨਾਸ਼ੀ ਸਤਿਗੁਰੂ ਪ੍ਰਭੂ ਜੀ ਸਦਾ ਵੱਡੇ ਮਹਾਨ ਹਨ।'' ਫਿਰ ਸ਼ਹੀਦ ਨੇ ਆਪਣਾ ਸਰੀਰ ਸ਼ੁਭ ਬਣਾ ਲਿਆ ਤੇ ਸਾਰੀ ਸ਼ਕਤੀ ਵਿਖਾਈ। ਫਿਰ ਸ਼ੁਭ ਹਿਰਦੇ ਹੋ ਕੇ ਅੱਗੇ ਚਲ ਪਏ॥ ੨੨ ॥

ਮਿਲਜੋ ਆਇ ਬੰਦਨ ਕਰੀ ਧਰਿ ਬਿਬਿਧਿ ਅਹਾਰਾ।
ਸਤਿਗੁਰ ਲਖਿ ਸਿਖ ਆਪਨੇ ਪਿਖਿ ਹੁਕਮ ਉਚਾਰਾ।
'ਦੇਹੁ ਪ੍ਰਸਾਦ ਵਰਤਾਇ ਸਭਿ ਇਨ ਸਿੱਖਨ ਮਾਂਹੀ'।
ਮਾਨ ਸਿੰਘ ਬੰਦਨ ਕਰਜੋ ਲੇ ਕਰਿ ਤਿਸ ਖਾਹੀਂ॥ ੨੩ ॥

ਕਈ ਪ੍ਰਕਾਰ ਦੇ ਭੋਜਨ ਗੁਰੂ ਜੀ ਅੱਗੇ ਧਰ ਕੇ ਮਿਲਿਆ ਅਤੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਆਪਣਾ ਸਿੱਖ ਵੇਖ ਕੇ ਹੁਕਮ ਉਚਾਰਨ ਕੀਤਾ, ''ਇਨ੍ਹਾਂ ਸਿੱਖਾਂ ਵਿਚ ਸਾਰਾ ਪ੍ਰਸ਼ਾਦਿ ਵਰਤਾ ਦੇਵੋ।'' ਇਹ ਮੰਨ ਕੇ ਸਿੰਘ ਨੇ ਬੰਦਨਾ ਕੀਤੀ ਤੇ ਪ੍ਰਸ਼ਾਦਿ ਲੈ ਕੇ ਖਾਧਾ॥ ੨੩ ॥

ਇਸ ਬਿਧਿ ਸਿਖ ਸੰਗਤਿ ਅਧਿਕ ਸੁਨਿ ਸੁਨਿ ਤਹਿਂ ਆਵੈ।
ਪੂਰਬ ਮਿਲੈ ਸ਼ਮੀਰ ਕੋ ਨਿਜ ਬਿਨੈ ਸੁਨਾਵੈ।
'ਦਰਸ਼ਨ ਗੁਰ ਕਰਿਵਾਯਹਿ ਹੁਇ ਸੰਗ ਹਮਾਰੇ।
ਅੰਤਰ ਲੈ ਗਮਨਹੁ ਸਦਨ ਜਹਿਂ ਪ੍ਰਭੁ ਉਤਾਰੇ'॥ ੨੪ ॥

ਇਸ ਵਿਧੀ ਨਾਲ ਸਿੱਖ ਸੰਗਤ ਸੁਣ ਸੁਣ ਕੇ ਉਥੇ ਵੱਡੀ ਗਿਣਤੀ ਵਿਚ ਆਉਂਦੀ ਸੀ। ਪਹਿਲਾਂ ਸ਼ਮੀਰ ਨੂੰ ਮਿਲ ਕੇ ਆਪਣੀ ਬੇਨਤੀ ਸੁਣਾਉਂਦੇ ਸਨ ਤੇ ਕਹਿੰਦੇ ਸਨ, ''ਸਾਡੇ ਨਾਲ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਵਾਉ, ਘਰ ਦੇ ਅੰਦਰ ਲੈ ਕੇ ਚਲੋ, ਜਿੱਥੇ ਸਤਿਗੁਰੂ ਜੀ ਦਾ ਉਤਾਰਾ ਕਰਵਾਇਆ ਹੈ''॥ ੨੪ ॥

ਤਬਿ ਸ਼ਮੀਰ ਪ੍ਰਭੁ ਬੂਝਿਕੈ ਲੈ ਆਗਜਾ ਜਾਵੈ।
ਅਪਨੇ ਸੰਗ ਲਿਜਾਇ ਕਰਿ ਦਰਸ਼ਨ ਕਰਿਵਾਵੈ।
ਇਮ ਆਵਤਿ ਚਹੁਂ ਦਿਸ਼ਿਨਿ ਤੇ ਸਿਖ ਸੰਗਤ ਬ੍ਰਿੰਦਾ।
ਸਨੇ ਸਨੇ ਦਰਸਹਿਂ ਗੁਰੂ ਪਦ ਪਦਮ ਮਨਿੰਦਾ॥ ੨੫ ॥

ਫਿਰ ਸ਼ਮੀਰ ਸਤਿਗੁਰੂ ਜੀ ਨੂੰ ਪੁੱਛ ਕੇ ਆਗਿਆ ਲੈ ਕੇ ਜਾਂਦਾ ਸੀ ਤੇ ਆਪਣੇ ਨਾਲ ਲੈ ਜਾ ਕੇ ਦਰਸ਼ਨ ਕਰਵਾਉਂਦਾ ਸੀ। ਇਸ ਪ੍ਰਕਾਰ ਚਾਰੇ ਪਾਸਿਆਂ ਤੋਂ ਬਹੁਤ ਸਿੱਖ ਸੰਗਤ ਆਉਂਦੀ ਸੀ। ਹੌਲੀ-ਹੌਲੀ ਗੁਰੂ ਜੀ ਦੇ ਚਰਨਾਂ ਦੇ ਦਰਸ਼ਨ ਕਰਦੇ ਸਨ, ਜਿਹੜੇ ਚਰਨ ਕੰਵਲ ਦੇ ਫੁੱਲ ਵਰਗੇ ਸਨ॥ ੨੫ ॥

ਭਾਈ ਰੂਪੇ ਕੀ ਕੁਲੀ ਇਕ ਗੁੱਦੜ ਹੋਯਹੁ।
ਅਧਿਕ ਪ੍ਰਤਾਪੀ ਜਗ ਭਯੋ ਬਹੁਤਨ ਤਿਨ ਜੋਯਹੁ।

ਦਜਾਲਦਾਸ ਤਿਸ ਕੋ ਪਿਤਾ ਬਡ ਅਜ਼ਮਤਿ ਵੰਤਾ।
ਗੁਰ ਆਏ ਸੁਨਿਕੈ ਗਯੋ ਚਿਤ ਦਰਸ ਚਹੰਤਾ॥ ੨੬॥

ਭਾਈ ਰੂਪੇ ਦੀ ਕੁਲ ਵਿਚ ਇਕ ਗੁੱਦੜ ਸਿੰਘ ਹੋਏ ਹਨ, ਜਗਤ ਵਿਚ ਉਨ੍ਹਾਂ ਦਾ ਵੱਡਾ ਪ੍ਰਤਾਪ ਹੋਇਆ ਹੈ, ਜਿਸ ਨੂੰ ਬਹੁਤ ਲੋਕਾਂ ਨੇ ਵੇਖਿਆ ਹੈ। ਦਿਆਲ ਦਾਸ ਉਸ ਦੇ ਪਿਤਾ ਦਾ ਨਾਮ ਸੀ, ਜਿਹੜਾ ਵੱਡੀ ਕਰਾਮਾਤ ਵਾਲਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਆਏ ਹਨ ਤਾਂ ਉਹ ਸੁਣ ਕੇ ਗਿਆ, ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਚਾਹਤ ਸੀ॥ ੨੬॥

ਮਿਲਿ ਸ਼ਮੀਰ ਕੇ ਸਾਥ ਤਿਨ ਗੁਰ ਨਿਕਟ ਪਠਾਯੋ।
ਲੇ ਆਗਜਾ ਪ੍ਰਭੁ ਬਦਨ ਤੇ ਅੰਤਰ ਸੋ ਲਜਾਯੋ।
ਇਕ ਤਿਖਾਨ ਸੰਗ ਆਨਿ ਤਿਹ ਦਰਸ਼ਨ ਤਬਿ ਕੀਨਾ।
ਕਰ ਜੋਰੇ ਸਿਰ ਧਰਿ ਧਰਜੋ ਕਰਿ ਨਮੋ ਪ੍ਰਬੀਨਾ॥ ੨੭॥

ਉਹ ਜਾ ਕੇ ਸ਼ਮੀਰ ਨੂੰ ਮਿਲਿਆ ਤੇ ਉਸ ਨੇ ਗੁਰੂ ਜੀ ਦੇ ਪਾਸ ਭੇਜਿਆ। ਸ਼ਮੀਰ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਗੁੱਦੜ ਸਿੰਘ ਨੂੰ ਅੰਦਰ ਲਿਆਇਆ। ਇਕ ਤਰਖਾਣ ਦੇ ਨਾਲ ਆ ਕੇ ਫਿਰ ਉਸ ਗੁਰੂ ਜੀ ਦੇ ਦਰਸ਼ਨ ਕੀਤੇ। ਉਸ ਹੱਥ ਜੋੜੇ ਤੇ ਧਰਤੀ ਤੇ ਆਪਣਾ ਸਿਰ ਰੱਖ ਕੇ ਪ੍ਰਬੀਨ ਨਮਸਕਾਰ ਕੀਤੀ॥ ੨੭॥

ਪੋਸ਼ਿਸ਼ ਸੂਖਮ ਬਸਤ੍ਰ ਕੀ ਗੁਰ ਆਗੈ ਰਾਖੀ।
ਕੁਸ਼ਲ ਪ੍ਰਸ਼ਨ ਸਭਿ ਹੂੰ ਕਹਜੋ ਬਿਨਤੀ ਬਹੁ ਭਾਖੀ।
ਬੈਠੇ ਪ੍ਰਭੂ ਸਮੀਪ ਤਬਿ ਚਿਰਕਾਲ ਬਿਤਾਏ।
ਕਹਤਿ ਸੁਨਤਿ ਸ਼ੁਭ ਬਾਰਤਾ ਸਤਿਗੁਰ ਬਿਗਸਾਏ॥ ੨੮॥

ਸੂਖਮ ਅਤੇ ਕੋਮਲ ਵਸਤਰਾਂ ਦਾ ਪੋਸ਼ਾਕਾ ਉਸ ਗੁਰੂ ਜੀ ਅੱਗੇ ਰੱਖਿਆ। ਸੁਖ-ਸਾਂਦ ਸਭ ਪ੍ਰਕਾਰ ਕਹੀ ਤੇ ਫਿਰ ਬਹੁਤ ਬੇਨਤੀ ਕੀਤੀ। ਫਿਰ ਸਤਿਗੁਰੂ ਜੀ ਪਾਸ ਬੈਠ ਕੇ ਕਾਫੀ ਸਮਾਂ ਬਤੀਤ ਕੀਤਾ। ਸ਼ੁਭ ਵਾਰਤਾ ਕਹਿ ਸੁਣ ਕੇ ਸਤਿਗੁਰੂ ਜੀ ਮੁਸਕਰਾਏ॥ ੨੮॥

ਭਏ ਪ੍ਰਸੰਨ ਸ਼ਮੀਰ ਪਰ ਬਡ ਸੇਵ ਕਰੰਤਾ।
ਜਲ ਭੋਜਨ ਬਹੁ ਭਾਂਤਿ ਕੇ ਕਰਿ ਤਜਾਰ ਤੁਰੰਤਾ।
ਪ੍ਰੇਮ ਸਮੇਤ ਅਚਾਵਹੀ ਕਰ ਜੋਰਿ ਖਰੋਵੈ।
ਕਰੈ ਸ਼ੀਘ੍ਰ ਹੀ ਕਾਜ ਸੋ ਜਿਮ ਆਗਜਾ ਹੋਵੈ॥ ੨੯॥

ਫਿਰ ਸ਼ਮੀਰ ਉੱਪਰ ਬਹੁਤ ਪ੍ਰਸੰਨ ਹੋਏ, ਜਿਹੜਾ ਵੱਡੀ ਸੇਵਾ ਕਰਦਾ ਸੀ। ਜਲ ਅਤੇ ਬਹੁਤ ਭਾਂਤ ਦੇ ਭੋਜਨ ਤੁਰਤ ਤਿਆਰ ਕਰਵਾਉਂਦਾ ਸੀ। ਪ੍ਰੇਮ ਸਹਿਤ ਭੋਜਨ ਖਵਾਉਂਦਾ ਸੀ ਤੇ ਹੱਥ ਜੋੜ ਕੇ ਖਲੋ ਜਾਂਦਾ ਸੀ। ਫਿਰ ਤੁਰਤ ਉਸ ਤਰ੍ਹਾਂ ਕਾਰਜ ਕਰਦਾ ਸੀ, ਜਿਵੇਂ ਆਗਿਆ ਹੁੰਦੀ ਸੀ॥ ੨੯॥

ਹ੍ਵੈ ਪ੍ਰਸੰਨ ਸ਼੍ਰੀ ਮੁਖ ਕਹਜੋ 'ਸੁਨਿ ਸਿੱਖ ਸ਼ਮੀਰਾ!।
ਦੂਰ ਦੂਰ ਲੌ ਹਯ ਘਨੇ ਥਿਰ ਕਰਹੁ ਸਧੀਰਾ।
ਦਜਾਲਦਾਸ ਪੋਸ਼ਿਸ਼ ਦਈ ਹਮ ਅੱਗ੍ਰ ਚਢਾਈ।
ਸੋ ਪਹਿਰਹੁ ਤਨ ਆਪਨੇ ਸਤਿਨਾਮ ਅਲਾਈ॥ ੩੦॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਮੁਖ ਤੋਂ ਕਿਹਾ, "ਹੇ ਸ਼ਮੀਰ ਸਿੱਖ! ਸੁਣੋ ਧੀਰਜਵਾਨ! ਤੂੰ ਬਹੁਤ ਦੂਰ-ਦੂਰ ਤਕ ਘੋੜੇ ਟਿਕਾਵੇਂਗਾ ਭਾਵ ਵੱਡਾ ਰਾਜ ਭੋਗੇਂਗਾ। ਦਿਆਲ ਦਾਸ ਪੁੱਤਰ ਨੇ ਸਾਡੇ ਅੱਗੇ ਚੜ੍ਹਾ ਕੇ ਸਾਨੂੰ ਪੋਸ਼ਾਕਾ ਦਿੱਤਾ ਹੈ, ਉਹ ਪੋਸ਼ਾਕਾ ਤੁਸੀਂ ਸਤਿਨਾਮ ਬੋਲ ਕੇ ਆਪਣੇ ਸਰੀਰ ਉੱਪਰ ਧਾਰਨ ਕਰੋ॥ ੩੦॥

ਜਹਿਂ ਲਗਿ ਘੋਰਾ ਫੇਰ ਲਿਹੁ ਤਹਿਂ ਲਗਿ ਤੁਮ ਰਾਜੂ।
ਹੋਇ ਭਵਿੱਖਤ ਬੰਸ ਮੈਂ ਬਡ ਰਾਜ ਸਮਾਜੂ।
ਸੁਨਿ ਸ੍ਰੀ ਮੁਖ ਤੇ ਬਾਕ ਕੋ ਘਰ ਨਰ ਮਿਲਿ ਸਾਰੇ।
ਮਸਲਤ ਕੀਨੀ ਬੈਠਿ ਕੇ 'ਹੁਇ ਰਾਜ ਉਦਾਰੇ'॥ ੩੧॥

ਜਿੱਥੋਂ ਤਕ ਆਪਣਾ ਘੋੜਾ ਫੇਰ ਲਵੇਂ ਉਥੋਂ ਤਕ ਆਪਣਾ ਰਾਜ ਲੈ ਲਵੇਂ। ਭਵਿੱਖ ਵਿਚ ਤੁਹਾਡੇ ਵੰਸ਼ ਵਿਚ ਤੁਹਾਡਾ ਵੱਡਾ ਰਾਜ ਸਮਾਜ ਹੋਵੇਗਾ।" ਸਤਿਗੁਰੂ ਜੀ ਦੇ ਮੁਖ ਤੋਂ ਐਸੇ ਬਚਨ ਸੁਣ ਕੇ ਘਰ ਦੇ ਸਾਰੇ ਮਨੁੱਖਾਂ ਨੇ ਮਿਲ ਕੇ ਬੈਠ ਕੇ ਸਲਾਹ ਕੀਤੀ "ਸਾਡਾ ਵੱਡਾ ਰਾਜ ਹੋਵੇਗਾ"॥ ੩੧॥

ਮਾਤੁਲ ਹੁਤੋ ਸ਼ਮੀਰ ਕੋ ਬੇਮੁਖ ਪੰਜ ਪੀਰੀ।
ਮਾਨਹਿ ਤਿਸ ਕੇ ਕਹੇ ਕੋ ਭ੍ਰਾਤਾ ਤ੍ਰੈ ਧੀਰੀ।
ਸੋ ਬੋਲਜੋ 'ਤੁਮ ਕਜਾ ਭਯੋ ਜਾਨਤਿ ਨਹਿਂ ਭੇਵਾ।
ਘਰ ਸਮਾਜ ਸੁਤ ਆਦਿ ਸਭਿ ਬਿਨਸੇ ਗੁਰਦੇਵਾ॥ ੩੨॥

ਇਕ ਸ਼ਮੀਰ ਦਾ ਮਾਮਾ ਸੀ ਜਿਹੜਾ ਪੰਜ ਪੀਰੀਆ ਸੀ ਤੇ ਗੁਰੂ ਜੀ ਤੋਂ ਬੇਮੁਖ ਸੀ। ਸ਼ਮੀਰ ਦੇ ਦੂਸਰੇ ਤਿੰਨ ਭਰਾ ਉਸ ਮਾਮੇ ਦੇ ਕਹੇ ਨੂੰ ਮੰਨਦੇ ਸਨ। ਉਹ ਬੋਲਿਆ, "ਤੁਹਾਨੂੰ ਕੀ ਹੋ ਗਿਆ ਹੈ, ਤੁਸੀਂ ਭੇਦ ਨਹੀਂ ਜਾਣਦੇ ਹੋ। ਗੁਰੂ ਜੀ ਦਾ ਘਰ, ਸਮਾਜ, ਪੁੱਤਰ ਆਦਿ ਸਭ ਕੁਝ ਖਤਮ ਹੋ ਗਿਆ ਹੈ॥ ੩੨॥

ਮੁਖ ਆਯਹੁ ਬੋਲਤਿ ਰਹੈ ਤੁਮ ਸਾਚ ਪਛਾਨੋ।
ਰਾਜ ਕੌਨਸੋ ਦੇਤਿ ਹੈ ਕਜਾ ਢਿਗ ਤਿਨ ਜਾਨੋ'।
ਸੁਨਿ ਬੋਲਜੋ ਲਖਮੀਰ ਤਬਿ 'ਜੋ ਕਹਜੋ ਨ ਮਾਨੈਂ।
ਰਿਦੈ ਕ੍ਰੋਧ ਕਰਿ ਗੁਰ ਬਹੁਰ ਕੁਛ ਸ੍ਰਾਪ ਬਖਾਨੈਂ'॥ ੩੩॥

ਜੋ ਮੂੰਹ ਆਇਆ ਬੋਲਦੇ ਰਹਿੰਦੇ ਹਨ, ਤੁਸੀਂ ਸੱਚ ਪਛਾਣਦੇ ਹੋ, ਕਿਹੜਾ ਰਾਜ ਦਿੰਦੇ ਹਨ, ਉਨ੍ਹਾਂ ਦੇ ਪਾਸ ਕੀ ਹੈ, ਇਹ ਤੁਸੀਂ ਭਲੀ ਪ੍ਰਕਾਰ ਜਾਣਦੇ ਹੋ।" ਇਹ ਸੁਣ ਕੇ ਲਖਮੀਰ ਬੋਲਿਆ, "ਜੇ ਕਿਹਾ ਨਹੀਂ ਮੰਨਾਂਗੇ ਤਾਂ ਗੁਰੂ ਜੀ ਬਾਅਦ ਵਿਚ ਗੁੱਸਾ ਕਰਕੇ ਸਰਾਪ ਦੇ ਦੇਣਗੇ"॥ ੩੩॥

ਤਖਤ ਮੱਲ ਤੀਸਰ ਕਹੈ 'ਕਰਿ ਸੇਵ ਉਤਾਰੇ।
ਲਾਭ ਲੇਨ ਕਿਤਹੂੰ ਰਹੈ ਹੁਇ ਹਾਨ ਹਮਾਰੇ'।
ਸੁਨਿ ਸਲਾਹ ਸਭਿਹੂੰਨ ਕੀ ਤਬਿ ਭਨੈ ਸ਼ਮੀਰਾ।
'ਇਕ ਤੌ ਬਾਕ ਨ ਮੋਰੀਅਹਿ, ਕਹਿਂ ਕੂਰ ਨ ਮੀਰਾ'॥ ੩੪॥

ਤਖਤ ਮੱਲ ਤੀਸਰੇ ਨੇ ਕਿਹਾ, "ਗੁਰੂ ਜੀ ਦੀ ਸੇਵਾ ਕਰਕੇ ਸਾਰੇ ਪਾਪ ਉਤਾਰੇ ਸਨ, ਲਾਭ ਲੈਣਾ ਤਾਂ ਕਿਤੇ ਰਿਹਾ, ਸਾਡਾ ਨੁਕਸਾਨ ਹੀ ਹੋਵੇਗਾ।" ਸਾਰਿਆਂ ਦੀ ਸਲਾਹ ਸੁਣ ਕੇ ਫਿਰ ਸ਼ਮੀਰ ਬੋਲਿਆ, "ਇਕ ਤਾਂ ਗੁਰੂ ਜੀ ਦਾ ਹੁਕਮ ਨਾ ਮੋੜੋ, ਦੂਸਰਾ ਝੂਠ ਵੀ ਗੁਰੂ ਜੀ ਪਾਸ ਨਾ ਬੋਲੀਏ"॥ ੩੪॥

ਸੁਨਿ ਤਿਨ ਕੋ ਮਾਤੁਲ ਕਹੈ 'ਨਿਜ ਪੁਰਿ ਚਹੁਂ ਓਰੇ।
ਮਾਨਿ ਬਾਕ ਕੋ ਫੇਰੀਅਹਿ ਚਢਿਕੈ ਇਕ ਘੋਰੇ'।
ਅਸ ਮਸਲਤ ਕਰਿ ਆਇ ਪੁਨ ਲੇ ਪੋਸ਼ਿਸ਼ ਸੋਈ।
ਗੁਰ ਆਗਜਾ ਲੇ ਚਢਿ ਗਯੋ ਪੁਰਿ ਚਹੁਂ ਦਿਸ਼ਿ ਜੋਈ॥੩੫॥

ਉਨ੍ਹਾਂ ਪਾਸੋਂ ਸੁਣ ਕੇ ਉਨ੍ਹਾਂ ਦਾ ਮਾਮਾ ਬੋਲਿਆ, "ਚਾਰੇ ਪਾਸੇ ਸਾਡੇ ਪਿੰਡ ਹਨ ਗੁਰੂ ਜੀ ਦੇ ਬਚਨ ਮੰਨ ਕੇ ਘੋੜੇ 'ਤੇ ਚੜ੍ਹ ਕੇ ਫੇਰੋ।" ਐਸੀ ਸਲਾਹ ਕਰਕੇ ਫਿਰ ਉਹ ਪੋਸ਼ਾਕਾ ਲੈ ਕੇ ਆਏ। ਗੁਰੂ ਜੀ ਦੀ ਆਗਿਆ ਲੈ ਕੇ ਘੋੜੇ 'ਤੇ ਚੜ੍ਹ ਕੇ ਚਾਰੇ ਪਾਸੇ ਚਲਾ ਗਿਆ॥ ੩੫॥

ਫੇਰਿ ਤੁਰੰਗਮ ਆਇਗੋ, ਗੁਰ ਬੂਝਨ ਠਾਨਾ।
'ਹੇ ਪ੍ਰਭੁ! ਫੇਰਨ ਕੋ ਕਿਯੋ ਚਹੁਂ ਦਿਸ਼ਨ ਕਿਕਾਨਾ'।
ਮੰਦਮਤੀ ਮਾਤੁਲ ਇਨਹੁਂ ਲਖਿ ਅੰਤਰਜਾਮੀ।
ਲੇਨਿ ਦਿਯੋ ਨਹਿਂ ਰਾਜ ਕੁਛ ਕੀਨੀ ਬਡ ਖਾਮੀ॥ ੩੬॥

ਫਿਰ ਘੋੜਾ ਫੇਰ ਕੇ ਆ ਗਿਆ ਤੇ ਗੁਰੂ ਜੀ ਨੂੰ ਪੁੱਛਣ ਲੱਗਾ, "ਹੇ ਪ੍ਰਭੂ! ਮੈਂ ਚਾਰੇ ਪਾਸੇ ਘੋੜਾ ਫੇਰ ਦਿੱਤਾ ਹੈ।" ਮਾੜੀ ਮੱਤ ਵਾਲੇ ਮਾਮੇ ਇਨ੍ਹਾਂ ਨੂੰ ਅੰਤਰਜਾਮੀ ਜਾਣ ਕੇ, ਰਾਜ ਨਾ ਲੈਣ ਦਿੱਤਾ ਤੇ ਬਹੁਤ ਵੱਡੀ ਗਲਤੀ ਕੀਤੀ॥ ੩੬॥

ਕਹਜੋ ਪ੍ਰਭੂ 'ਆਛੋ ਕਰਜੋ ਅਬਿ ਬੈਠਿ ਸ਼ਮੀਰਾ'।
ਸੁਨਿ ਕਰਿ ਬੈਠੇ ਨਿਕਟ ਹੁਇ ਸੰਗੀ ਲਖਮੀਰਾ।
ਸੇਵਕ ਅਪਨਾ ਜਾਨਿ ਕਰਿ ਕਰੁਨਾ ਬਹੁ ਠਾਨੈਂ।
ਪ੍ਰਿਥਮ ਪਿਤਾਮੇ ਸੇਵ ਕਰਿ ਹਿਤਕਾਰੀ ਮਾਨੈਂ॥ ੩੭॥

ਸਤਿਗੁਰੂ ਜੀ ਨੇ ਕਿਹਾ, "ਚੰਗਾ ਕੀਤਾ ਹੈ, ਹੁਣ ਸ਼ਮੀਰਾ ਬੈਠੋ।" ਇਹ ਸੁਣ ਕੇ ਲਖਮੀਰ ਨੂੰ ਨਾਲ ਲੈ ਕੇ ਪਾਸ ਬੈਠ ਗਿਆ। ਸਤਿਗੁਰੂ ਜੀ ਨੇ ਆਪਣਾ ਸੇਵਕ ਜਾਣ ਕੇ ਬਹੁਤ ਕਿਰਪਾ ਕੀਤੀ। ਪਹਿਲਾਂ ਦਾਦਾ ਜੀ ਦੀ ਸੇਵਾ ਕਰਨ ਕਰਕੇ ਵੱਡੇ ਹਿਤਕਾਰੀ ਜਾਣੇ॥ ੩੭॥

*ਛੇਵੀਂ ਰੁੱਤ ਦਾ ਪਚਵੰਜਵਾਂ ਅਧਿਆਇ ਸਮਾਪਤ ਹੋਇਆ॥ ੫੫॥*

## ਅਧਿਆਇ ਛਪੰਜਵਾਂ

*ਗੁਰੂ ਜੀ ਦਾ ਸੀਤ ਪ੍ਰਸਾਦ ਦੱਬ ਦਿੱਤਾ, ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿਚ ਭੋਗਾਏ*

ਦੋਹਰਾ- ਇਸ ਪ੍ਰਕਾਰ ਬੀਤੇ ਦਿਵਸ ਦਸ ਏਕਾਦਸ਼ ਜਾਨ।
ਨਾਨਾ ਭੋਜਨ ਕੋ ਕਰਹਿ ਅਚਵਾਵਹਿ ਹਿਤ ਠਾਨਿ॥ ੧॥

ਇਸ ਪ੍ਰਕਾਰ ਦਸ ਗਿਆਰ੍ਹਾਂ ਦਿਨ ਬੀਤ ਗਏ, ਕਈ ਪ੍ਰਕਾਰ ਦੇ ਭੋਜਨ ਛਕਦੇ ਸਨ ਤੇ ਸ਼ਮੀਰ ਅਤੇ ਉਸ ਦੇ ਭਰਾ ਹਿਤ ਧਾਰ ਕੇ ਭੋਜਨ ਛਕਾਉਂਦੇ ਸਨ॥ ੧॥

*ਨਿਸ਼ਾਨੀ ਛੰਦ-* ਇਕ ਦਿਨ ਕਰਜੋ ਅਹਾਰ ਸ਼ੁਭ ਧਰਿ ਥਾਰ ਮਝਾਰੇ।
ਕਰਜੋ ਪਰੋਸਨਿ ਤਬਿ ਭਲੇ ਧਰਿ ਗੁਰੂ ਅਗਾਰੇ।
ਥਿਰਜੋ ਸ਼ਮੀਰਾ ਨਿਕਟ ਤਬਿ ਪ੍ਰਭੁ ਅਚਨ ਕਰੰਤੇ।
ਨੀਰ ਕਟੋਰਾ ਦੇਤਿ ਭਰ ਲੇ ਪਾਨ ਪਿਵੰਤੇ॥ ੨॥

ਇਕ ਦਿਨ ਸਤਿਗੁਰੂ ਜੀ ਨੇ ਸ਼ੁਭ ਥਾਲ ਵਿਚ ਧਰ ਕੇ ਭੋਜਨ ਛੱਕਿਆ। ਭਲੀ ਪ੍ਰਕਾਰ ਭੋਜਨ ਥਾਲ ਵਿਚ ਪਰੋਸ ਕੇ ਗੁਰੂ ਜੀ ਦੇ ਅੱਗੇ ਧਰ ਦਿੱਤਾ। ਸ਼ਮੀਰ ਜਦ ਪਾਸ ਖੜਾ ਸੀ ਤਾਂ ਸਤਿਗੁਰੂ ਜੀ ਭੋਜਨ ਛੱਕ ਰਹੇ ਸਨ। ਪਾਣੀ ਦਾ ਕਟੋਰਾ ਭਰ ਕੇ ਦਿੰਦੇ ਸਨ ਤਾਂ ਗੁਰੂ ਜੀ ਜਲ ਛਕਦੇ ਸਨ॥ ੨॥

ਤ੍ਰਿਪਤਿ ਹੋਇ ਸਤਿਗੁਰ ਰਹੇ ਨਿਜ ਬਿਨੈ ਬਖਾਨੀ।
'ਦੀਜੈ ਸੀਤ ਪ੍ਰਸਾਦਿ ਨਿਜ ਹਮ ਕਰਿ ਹੈਂ ਖਾਨੀ'।
ਸ਼੍ਰੀ ਮੁਖ ਬੋਲੇ 'ਥਾਲ ਲਿਹੁ ਬੈਠਹੁ ਇਸ ਥਾਨਾ।
ਕਰਹੁ ਖਾਨ ਹਿਤ ਠਾਨਿਕੈ ਸ਼ਰਧਾਲੁ ਮਹਾਨਾ'॥ ੩॥

ਜਦ ਸਤਿਗੁਰੂ ਜੀ ਤ੍ਰਿਪਤ ਹੋ ਗਏ ਤਦ ਸ਼ਮੀਰ ਨੇ ਆਪਣੀ ਬੇਨਤੀ ਕੀਤੀ, "ਤੁਸੀਂ ਆਪਣਾ ਸੀਤ ਪ੍ਰਸ਼ਾਦਿ ਦੇਵੋ, ਮੈਂ ਆਪ ਖਾਵਾਂਗਾ।" ਸਤਿਗੁਰੂ ਜੀ ਮੁਖ ਤੋਂ ਬੋਲੇ, "ਥਾਲ ਲੈ ਕੇ ਇਸ ਸਥਾਨ ਉੱਪਰ ਬੈਠ ਜਾਵੋ। ਹਿਤ ਧਾਰ ਕੇ ਖਾਵੋ, ਤੁਸੀਂ ਵੱਡੇ ਸ਼ਰਧਾਲੂ ਹੋ"॥ ੩॥

ਕਰ ਜੋਰਤਿ ਬੋਲਜੋ ਬਹੁਰ 'ਲੈ ਕੈ ਘਰ ਜਾਵੋਂ।
ਸਭਿ ਕੁਟੰਬ ਸੰਗ ਬੰਟਿਕੈ ਧਰਿ ਭਾਵਨਿ ਖਾਵੋਂ'।
ਇਮ ਕਹਿ ਥਾਰ ਉਠਾਇਕੈ ਘਰ ਪਹੁੰਚਜੋ ਜਾਈ।
ਭ੍ਰਾਤਾ ਮਾਤੁਲ ਆਦਿ ਜੇ ਸਭਿ ਲੀਏ ਬੁਲਾਈ॥ ੪॥

ਫਿਰ ਹੱਥ ਜੋੜ ਕੇ ਬੋਲਿਆ, "ਸੀਤ ਪ੍ਰਸ਼ਾਦਿ ਲੈ ਕੇ ਘਰ ਜਾਵਾਂਗਾ, ਸਾਰੇ ਪਰਿਵਾਰ ਵਿਚ ਵੰਡ ਕੇ ਭਾਵਨਾ ਸਹਿਤ ਖਾਵਾਂਗੇ।" ਇਸ ਪ੍ਰਕਾਰ ਕਹਿ ਕੇ ਥਾਲ ਚੁੱਕ ਕੇ ਆਪਣੇ ਘਰ ਜਾ ਪਹੁੰਚਾ। ਸ਼ਮੀਰ ਨੇ ਸਾਰੇ ਭਰਾ ਮਾਮੇ ਸਹਿਤ ਬੁਲਾ ਲਏ॥ ੪॥

'ਥਾਰ ਜੁ ਮਹਾਂਪ੍ਰਸ਼ਾਦ ਕੋ ਮੈਂ ਜਾਚਿ ਸੁ ਲਜਾਯੋ।
ਪਾਵਹੁ ਬਹੁ ਕਲਜਾਨ ਕੋ ਹੁਇ ਹੈ ਮਨ ਭਾਯੋ'।
ਇਮ ਕਹਿ ਜਬੈ ਪ੍ਰਸਾਦਿ ਤੇ ਉਤਰਾਇ ਰੁਮਾਲਾ।
ਦੇਖਤਿ ਝਟਕਾ ਉਰ ਡਰੇ ਧਰਿ ਚਿੰਤ ਬਿਸਾਲਾ॥ ੫॥

"ਜਿਹੜਾ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਵਾਲਾ ਥਾਲ ਹੈ, ਉਹ ਮੈਂ ਮੰਗ ਕੇ ਲਿਆਇਆ ਹਾਂ, ਵੱਡਾ ਕਲਿਆਣ ਪ੍ਰਾਪਤ ਕਰੋ ਤੇ ਮਨ-ਭਾਉਂਦੇ ਕਾਰਜ ਹੋਣਗੇ।" ਇਸ ਪ੍ਰਕਾਰ ਕਹਿ ਕੇ ਜਦ ਸੀਤ ਪ੍ਰਸ਼ਾਦਿ ਤੋਂ ਰੁਮਾਲ ਉਤਾਰਿਆ ਤਾਂ ਕੀ ਵੇਖਦੇ ਹਨ ਕਿ ਵਿਚ ਝਟਕੇ ਦਾ ਮਾਸ ਹੈ ਤੇ ਵੱਡੇ-ਵੱਡੇ ਡਲੇ ਧਰੇ ਹਨ, ਜਿਸ ਨੂੰ ਵੇਖ ਕੇ ਬਹੁਤ ਚਿੰਤਤ ਹੋ ਗਏ॥ ੫॥

ਮਾਤੁਲ ਜੈਤੋ ਕਾ ਤਬੈ ਕਹਿ ਸਭਿ ਸਮੁਝਾਏ।
'ਹਮ ਗੁੱਗੇ ਸੁਲਤਾਨ ਕੋ ਪੂਜਹਿਂ ਮਨ ਭਾਏ।

ਕ੍ਰੁੱਧਤਿ ਹ੍ਵੈ ਇਸ ਅਚੇ ਤੇ ਧਨ ਧਾਮ ਬਿਨਾਸੈ।
ਹਮਰੇ ਪੀਰ ਕਦੀਮ ਕੇ ਪੂਰਤਿ ਸਭਿ ਆਸੈ' ॥ ੬ ॥

ਫਿਰ ਜੈਤੋ ਵਾਲੇ ਮਾਮੇ ਨੇ ਕਹਿ ਕੇ ਸਮਝਾਇਆ, ''ਅਸੀਂ ਮਨ-ਭਾਉਂਦੇ ਗੁੱਗੇ ਸੁਲਤਾਨ ਨੂੰ ਪੂਜਦੇ ਹਾਂ। ਇਸ ਦੇ ਖਾਣ ਨਾਲ ਗੁੱਗਾ ਪੀਰ ਕ੍ਰੋਧ ਵਿਚ ਆ ਕੇ ਧਨ ਅਤੇ ਘਰਾਂ ਦਾ ਨਾਸ਼ ਕਰ ਦਿੰਦਾ ਹੈ। ਸਾਡੇ ਪੀਰ ਬਹੁਤ ਕਦੀਮੀ ਹਨ, ਉਹ ਸਾਰੀਆਂ ਆਸਾਂ ਪੂਰੀਆਂ ਕਰ ਦਿੰਦੇ ਹਨ' ॥ ੬ ॥

ਚਿੰਤਾ ਬਹੁਤ ਸ਼ਮੀਰ ਕੇ ਤਿਸ ਛਿਨ ਹੁਇ ਆਈ।
ਗੁਰ ਤੇ ਆਨਜੋ ਜਾਚ ਮੈਂ, ਇਸ ਤਰਕ ਉਠਾਈ।
ਬਡੇ ਭਾਗ ਤੇ ਪ੍ਰਾਪਤੀ ਪਾਰਸ ਜਿਮ ਰੰਕਾ।
ਨਹਿਂ ਮਾਤੁਲ ਸਮਝੈ ਰਿਦੈ ਠਾਨਤਿ ਕੁਛ ਸ਼ੰਕਾ॥ ੭ ॥

ਸ਼ਮੀਰ ਨੂੰ ਉਸ ਸਮੇਂ ਬਹੁਤ ਚਿੰਤਾ ਹੋ ਗਈ, ਗੁਰੂ ਜੀ ਪਾਸੋਂ ਮੈਂ ਮੰਗ ਕੇ ਲਿਆਇਆ ਸੀ, ਇਸ ਨੇ ਤਰਕ ਕੀਤਾ ਹੈ। ਵੱਡੇ ਭਾਗਾਂ ਨਾਲ ਸੀਤ ਪ੍ਰਸ਼ਾਦਿ ਪ੍ਰਾਪਤ ਹੋਇਆ ਸੀ, ਜਿਵੇਂ ਕਿਸੇ ਗ਼ਰੀਬ ਨੂੰ ਪਾਰਸ ਮਿਲ ਗਿਆ ਹੋਵੇ। ਸਾਡਾ ਮਾਮਾ ਕੁਝ ਸਮਝਦਾ ਨਹੀਂ ਤੇ ਦਿਲ ਵਿਚ ਕੁਝ ਸ਼ੰਕਾ ਧਾਰਨ ਕਰਦਾ ਹੈ॥ ੭ ॥

ਕਹਿ ਲਖਮੀਰ ਸ਼ਮੀਰ ਕੋ 'ਜੇ ਕਰਹੁ ਨ ਖਾਨੇ।
ਖਨਿ ਅਵਨੀ ਮਹਿਂ ਗਾਡ ਦਿਹੁ ਨਹਿਂ ਸਕੈਂ ਪਛਾਨੇ।
ਉਤ ਗੁਰ ਰਹੈਂ ਪ੍ਰਸੰਨ ਹਿਯ, ਇਤ ਪੀਰ ਨ ਕੋਪੈ'।
ਅਸ ਮਸਲਤ ਕਰਿ ਪਰਸਪਰ ਚਾਹਤਿ ਇਸ ਲੋਪੈ॥ ੮ ॥

ਉਸ ਨੇ ਲਖਮੀਰ ਸ਼ਮੀਰ ਨੂੰ ਕਿਹਾ, ''ਇਸ ਨੂੰ ਨਾ ਖਾਵੇ, ਮਿੱਟੀ ਪੁੱਟ ਕੇ ਉਸ ਵਿਚ ਦੱਬ ਦੇਵੇ ਤਾਂਕਿ ਕੋਈ ਪਛਾਣ ਨਾ ਸਕੇ। ਓਧਰ ਗੁਰੂ ਜੀ ਵੀ ਹਿਰਦੇ ਵਿਚ ਪ੍ਰਸੰਨ ਰਹਿਣਗੇ, ਏਧਰ ਪੀਰ ਵੀ ਗੁੱਸਾ ਨਹੀਂ ਕਰੇਗਾ।'' ਇਸ ਪ੍ਰਕਾਰ ਆਪਸ ਵਿਚ ਸਲਾਹ ਕਰਕੇ ਉਸ ਸੀਤ ਪ੍ਰਸ਼ਾਦਿ ਨੂੰ ਦੱਬਣਾ ਚਾਹੁੰਦੇ ਸਨ॥ ੮ ॥

ਬਸ ਨਹਿਂ ਚਲਜੋ ਸ਼ਮੀਰ ਕੋ ਮਾਤੁਲ ਬਡ ਖੋਟਾ।
ਮਹਾਂ ਪ੍ਰਸ਼ਾਦਿ ਨ ਅਚਨ ਦਿਯ ਬਡ ਕੀਨਸਿ ਟੋਟਾ।
ਗਾਡ ਦੀਨਿ ਖਨਿ ਅਵਨਿ ਕੋ, ਨਹਿਂ ਕਿਨਹੂੰ ਖਾਯੋ।
ਪਰਾਰਬਧ ਬਿਨ ਕਿਤ ਕਹੂੰ ਕਿਸ ਤੇ ਕਿਨ ਪਾਯੋ॥ ੯ ॥

ਪਰ ਸ਼ਮੀਰ ਦਾ ਵਸ ਨਾ ਚਲਿਆ, ਕਿਉਂਕਿ ਮਾਮਾ ਬੜਾ ਖੋਟਾ ਸੀ, ਮਹਾਂ ਪ੍ਰਸ਼ਾਦਿ ਖਾਣ ਨਾ ਦਿੱਤਾ ਤੇ ਵੱਡਾ ਖੋਟਾ ਕਰਮ ਕੀਤਾ। ਮਿੱਟੀ ਪੁੱਟ ਕੇ ਪ੍ਰਸ਼ਾਦਿ ਨੂੰ ਵਿਚ ਦੱਬ ਦਿੱਤਾ ਤੇ ਕਿਸੇ ਨੇ ਵੀ ਨਾ ਖਾਧਾ। ਪਰਾਲਬਧ ਬਗ਼ੈਰ ਕਦੇ ਕਿਸੇ ਨੇ ਵੀ ਕੁਝ ਨਹੀਂ ਪਾਇਆ ਹੈ॥ ੯ ॥

ਸੁਪਤ ਹੋਇ ਕਰਿ ਜਾਮਨੀ ਉਠਿ ਆਇ ਪ੍ਰਭਾਤੀ।
ਹਾਥ ਜੋਰਿ ਬੰਦਨ ਕਰੀ ਧਰਕਤਿ ਜਿਸ ਛਾਤੀ।
ਸ਼੍ਰੀ ਮੁਖ ਤੇ ਬੂਝਨ ਕਰਜੋ 'ਲੇ ਮਹਾਂ ਪ੍ਰਸ਼ਾਦਾ।
ਅਚਵਨ ਕਰਜੋ ਕਿ ਨਾਂਹਿ ਤੈਂ ਦਾਨੀ ਅਹਿਲਾਦਾ ॥੧੦ ॥

ਰਾਤ ਨੂੰ ਸੌਂ ਕੇ ਸਵੇਰੇ ਸਵੱਖਤੇ ਹੀ ਉੱਠ ਕੇ ਆ ਗਿਆ। ਹੱਥ ਜੋੜ ਕੇ ਗੁਰੂ ਜੀ ਅੱਗੇ ਬੰਦਨਾ ਕੀਤੀ, ਜਿਸ ਦੀ ਛਾਤੀ ਧੜਕ ਰਹੀ ਸੀ। ਸਤਿਗੁਰੂ ਜੀ ਨੇ ਕਹਿ ਕੇ ਪੁੱਛਿਆ, "ਮਹਾਂ ਪ੍ਰਸ਼ਾਦਿ ਲੈ ਕੇ ਖਾਧਾ ਹੈ ਕਿ ਨਹੀਂ ਤੂੰ ਵੱਡਾ ਦਾਨੀ ਹੈਂ" ॥੧੦॥

ਤਬਿ ਸ਼ਮੀਰ ਬਿਨ ਧੀਰ ਹ੍ਵੈ ਗੁਰ ਤੀਰ ਉਚਾਰੇ।
'ਜੈਤੋ ਕਾ ਮਾਤੁਲ ਅਹੈ ਤਿਨ ਸਭਿ ਹਟਕਾਰੇ।
ਨਹਿਂ ਅਚਵਹੁ ਝਟਕਾ ਸਕਲ, ਰਿਸ ਪੀਰ ਉਪਾਵੈ।
ਸਦਨ ਬਿਖੈ ਧਨ ਧਾਨ ਗਨ ਜੁਤਿ ਮਾਲ ਖਪਾਵੈ॥ ੧੧ ॥

ਤਦ ਸ਼ਮੀਰ ਨੇ ਧੀਰਜ ਰਹਿਤ ਹੋ ਕੇ ਗੁਰੂ ਜੀ ਪਾਸ ਉਚਾਰਨ ਕੀਤਾ, "ਜੈਤੋ ਵਾਲੇ ਮਾਮੇ ਨੇ ਸਾਰਿਆਂ ਨੂੰ ਖਾਣ ਤੋਂ ਵਰਜ ਦਿੱਤਾ ਸੀ। ਇਸ ਨੂੰ ਨਾ ਖਾਵੋ, ਇਹ ਸਾਰਾ ਝਟਕਾ ਹੈ, ਪੀਰ ਇਸ ਦਾ ਗੁੱਸਾ ਕਰੇਗਾ। ਘਰ ਵਿਚ ਧਨ ਧਾਨ ਹੈ, ਸਾਰੇ ਮਾਲ ਨੂੰ ਪੀਰ ਖਪਾ ਦੇਵੇਗਾ॥ ੧੧ ॥

ਲੇ ਕਰਿ ਥਾਰ ਪ੍ਰਸਾਦ ਕੋ ਬਿਚ ਧਰਾ ਦਬਾਯੋ।
ਬਿਨਾ ਭਨੇ ਜਾਨਹੁਂ ਪ੍ਰਭੂ, ਮੈਂ ਸਾਚ ਅਲਾਯੋ'।
ਸੁਨਿ ਸਤਿਗੁਰ ਬੋਲੇ ਤਬੈ 'ਧਰਨੀ ਬਰੁਸਾਈ।
ਤੁਮ ਕੋ ਨਹਿਂ ਪ੍ਰਾਪਤਿ ਭਈ ਤਿਨ ਮੂਢ ਗਵਾਈ॥ ੧੨ ॥

ਪ੍ਰਸ਼ਾਦਿ ਵਾਲੇ ਥਾਲ ਨੂੰ ਲੈ ਕੇ ਧਰਤੀ ਵਿਚ ਦਬਾ ਦਿੱਤਾ ਹੈ। ਹੇ ਸਤਿਗੁਰੂ ਜੀ ਤੁਸੀਂ ਕਹਿਣ ਤੋਂ ਬਗੈਰ ਹੀ ਜਾਣਦੇ ਹੋ, ਮੈਂ ਸੱਚ ਕਿਹਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਧਰਤੀ ਵਰਸਾਈ ਹੈ, ਤੁਹਾਨੂੰ ਪ੍ਰਾਪਤ ਨਹੀਂ ਹੋਇਆ ਹੈ, ਉਸ ਮੂਰਖ ਨੇ ਗਵਾਇਆ ਹੈ॥ ੧੨ ॥

ਅਦਬ ਨ ਕੀਨੋ ਅੰਨ ਕੋ ਤੁਮ ਬੁਰਾ ਕਮਾਯੋ।
ਤਬੈ ਪਰੈ ਦੁਰਭਿੱਛ ਬਹੁ ਜੇ ਅਦਬ ਗਵਾਯੋ।
ਭੱਦ੍ਰਸੈਨ ਨ੍ਰਿਪ ਪ੍ਰਥਮ ਭਾ ਤਿਨ ਕਿਯ ਅਪਮਾਨਾ।
ਉਜਰ ਗਯੋ ਇਹ ਦੇਸ਼ ਸਭਿ ਜੰਗਲ ਅਬਿ ਜਾਨਾ॥ ੧੩ ॥

ਤੁਸੀਂ ਅਨਾਜ ਦਾ ਅਦਬ ਨਹੀਂ ਕੀਤਾ ਹੈ, ਬਹੁਤ ਬੁਰਾ ਕਮਾਇਆ ਹੈ। ਜੇ ਅਨਾਜ ਦਾ ਅਦਬ ਗਵਾ ਦੇਈਏ ਤਾਂ ਕਾਲ ਪੈ ਜਾਂਦਾ ਹੈ। ਭੱਦ੍ਰਸੈਨ ਇਕ ਪਹਿਲਾਂ ਰਾਜਾ ਹੋਇਆ ਹੈ, ਉਸ ਨੇ ਅਨਾਜ ਦਾ ਅਪਮਾਨ ਕੀਤਾ ਸੀ, ਇਹ ਸਾਰਾ ਮਾਲਵਾ ਦੇਸ਼ ਉਜੜ ਗਿਆ ਸੀ, ਇਹ ਉਜਾੜ ਹੀ ਜਾਣਿਆ ਜਾਂਦਾ ਸੀ॥ ੧੩ ॥

ਚਲਤ ਹੁਤੀ ਦ੍ਵੈ ਨਦੀ ਤਬਿ ਭਟਲੀ ਸ਼ੁਭ ਚਿੱਤ੍ਰਾ।
ਹਟੀ ਅਵੱਗਜਾ ਦੇਖਿਕੈ ਥਲ ਭਾ ਅਪਵਿੱਤ੍ਰਾ।
ਹਮਰੇ ਸੀਤ ਪ੍ਰਸ਼ਾਦਿ ਨੇ ਰੋਕਯੋ ਇਹ ਥਾਨਾ।
ਤੁਮ ਰੱਯਤਿ ਹੁਇ ਬਸਹੁਗੇ ਹਮ ਨੇ ਸਭਿ ਜਾਨਾ॥ ੧੪ ॥

ਉਸ ਸਮੇਂ ਦੋ ਨਦੀਆਂ ਭਟਲੀ ਅਤੇ ਚਿੱਤ੍ਰਾ ਚਲਦੀਆਂ ਸਨ, ਉਹ ਨਦੀਆਂ ਹੀ ਸਥਾਨ ਦੀ ਅਪਵਿੱਤਰਤਾ ਵੇਖ ਕੇ ਵਹਿਣ ਤੋਂ ਬੰਦ ਹੋ ਗਈਆਂ। ਸਾਡੇ ਸੀਤ ਪ੍ਰਸ਼ਾਦਿ ਨੇ ਇਸ ਸਥਾਨ ਨੂੰ ਰੋਕ ਲਿਆ ਹੈ, ਤੁਸੀਂ ਪਰਜਾ ਹੋ ਕੇ ਵਸੋਗੇ, ਇਹ ਮੈਂ ਸਾਰਾ ਜਾਣ ਲਿਆ ਹੈ॥ ੧੪ ॥

ਅਵਨੀ ਜੰਗਲ ਦੇਸ਼ ਕੀ ਬਹੁ ਅੰਨ ਉਪਾਵੈ।
ਅਬ ਤੇ ਦੁਗਨੇ ਚੌਗੁਨੇ ਅਠਗੁਨੇ ਜਮਾਵੈ।
ਹੋਇ ਹਮਾਰਾ ਮਾਲਵਾ ਜਿਤ ਕਿਤ ਬਿਦਤਾਵੈ।
ਉਪਜੈਂ ਸਿੰਘ ਸਹੰਸ੍ਰ ਹੀ ਮਲਵਈ ਕਹਾਵੈਂ॥ ੧੫॥

ਮਾਲਵੇ ਦੀ ਧਰਤੀ ਬਹੁਤ ਅਨਾਜ ਉਪਜਾਵੇਗੀ, ਹੁਣ ਨਾਲੋਂ ਦੂਣਾ ਚੌਗੁਣਾ, ਅਠਗੁਣਾ ਅਨਾਜ ਪੈਦਾ ਹੋਵੇਗਾ। ਸਾਡਾ ਮਾਲਵਾ ਜਿੱਥੇ ਕਿੱਥੇ ਪ੍ਰਗਟ ਹੋਵੇਗਾ। ਏਥੇ ਬੇਅੰਤ ਸਿੰਘ ਪੈਦਾ ਹੋਣਗੇ ਜਿਹੜੇ ਆਪਣੇ ਆਪ ਨੂੰ ਮਲਵਈ ਕਹਾਉਣਗੇ॥ ੧੫॥

ਸੁਨੀਅਹਿ ਸਿੱਖ ਸ਼ਮੀਰ ਭੋ! ਚਾਹਤਿ ਹਮ ਦੀਨੋ।
ਪ੍ਰਥਮ ਰਾਜ ਤੇ ਛੂਛ ਰਹਿ ਅਬਿ ਛੇਮ ਨ ਲੀਨੋ।
ਜੋ ਲੈਬੇ ਨਹਿਂ ਦੇਤਿ ਹੈ ਸੋ ਰੋਗ ਭੁਗੈ ਹੈ।
ਆਪ ਕੁਸ਼ਟ ਕੋ ਕਸ਼ਟ ਲਹਿ ਪੁਨ ਬੰਸ ਲਗੈ ਹੈ'॥ ੧੬॥

ਹੇ ਸ਼ਮੀਰ ਸਿੱਖ! ਸੁਣੋ, ਅਸੀਂ ਦੇਣਾ ਚਾਹੁੰਦੇ ਹਾਂ, ਪਹਿਲਾਂ ਰਾਜ ਤੋਂ ਖਾਲੀ ਰਹਿ ਗਏ ਹੋ, ਹੁਣ ਕਲਿਆਣ ਵੀ ਪਾਉਗੇ। ਜਿਹੜਾ ਮਾਮਾ ਜੈਤੋ ਵਾਲਾ ਤੁਹਾਨੂੰ ਲੈਣ ਨਹੀਂ ਦਿੰਦਾ ਹੈ, ਉਹ ਰੋਗ ਭੋਗੇਗਾ। ਆਪ ਕੋਹੜ ਹੋ ਜਾਣ 'ਤੇ ਦੁਖ ਬਰਦਾਸ਼ਤ ਕਰੇਗਾ, ਫਿਰ ਇਹ ਰੋਗ ਵੰਸ਼ ਨੂੰ ਹੋ ਜਾਵੇਗਾ'' ॥ ੧੬॥

ਕਹਿ ਕਵਿ ਹਮ ਨੇ ਸੋ ਸੁਨਜੋ ਅਬਿ ਲੌ ਬਡ ਰੋਗੂ।
ਚਲਜੋ ਆਇ ਤਿਸ ਬੰਸ ਮਹਿਂ ਭੋਗਹਿਂ ਦੁਖ ਭੋਗੂ।
ਸਤਿਗੁਰ ਅਧਿਕ ਪ੍ਰਸੰਨ ਹ੍ਵੈ ਪਿਖਿ ਸੇਵ ਬਿਸਾਲਾ।
'ਇਹ ਨ ਲੇਤਿ ਹਮ ਦੇਤਿ ਹੈਂ' ਇਮ ਚਿਤੈਂ ਕ੍ਰਿਪਾਲਾ॥੧੭॥

ਕਵੀ ਕਹਿੰਦਾ ਹੈ, ਅਸੀਂ ਆਪ ਸੁਣਿਆ ਹੈ, ਹੁਣ ਤਕ ਉਸ ਵੰਸ਼ ਨੂੰ ਕੋਹੜ ਦਾ ਵੱਡਾ ਰੋਗ ਲੱਗਾ ਹੈ, ਉਸ ਵੰਸ਼ ਵਿਚ ਹੁਣ ਤਕ ਚਲਿਆ ਆਇਆ ਹੈ ਤੇ ਉਹ ਵੱਡਾ ਦੁਖ ਭੋਗ ਰਹੇ ਹਨ। ਸਤਿਗੁਰੂ ਜੀ ਨੇ ਬਹੁਤ ਪ੍ਰਸੰਨ ਹੋ ਕੇ ਤੇ ਉਨ੍ਹਾਂ ਦੀ ਵਿਸ਼ਾਲ ਸੇਵਾ ਵੇਖ ਕੇ ਕਿਹਾ, ''ਇਹ ਤਾਂ ਲੈਂਦੇ ਨਹੀਂ ਅਸੀਂ ਦਿੰਦੇ ਹਾਂ'' ਇਸ ਪ੍ਰਕਾਰ ਚਿੱਤ ਵਿਚ ਸੋਚਦੇ ਹਨ॥ ੧੭॥

ਇਕ ਦਿਨ ਬਹੁਰ ਸ਼ਮੀਰ ਕੋ ਕਰੁਨਾ ਕਰਿ ਬੋਲੇ।
'ਹੁਇ ਚਿਤ ਮਹਿਂ ਜੋ ਕਾਮਨਾ ਹਮ ਤੇ ਅਬਿ ਸੋ ਲੇ।
ਬਿਨ ਸ਼ੰਕਾ ਜਾਚਨ ਕਰੋ, ਕਹੁ ਉਰ ਅਭਿਲਾਖਾ'।
ਸੁਨਿ ਸ਼ਮੀਰ ਕਰ ਜੋਰਿ ਕੈ ਨੰਮ੍ਰੀ ਹੁਇ ਭਾਖਾ॥ ੧੮॥

ਇਕ ਦਿਨ ਸ਼ਮੀਰ ਨੂੰ ਬੜੀ ਕਿਰਪਾ ਸਹਿਤ ਬੋਲੇ, ''ਜਿਹੜੀ ਵੀ ਤੁਹਾਡੇ ਚਿੱਤ ਵਿਚ ਕਾਮਨਾ ਹੋਵੇ, ਉਹ ਸਾਥੋਂ ਹੁਣ ਲੈ ਲਵੋ। ਸ਼ੰਕਾ ਰਹਿਤ ਹੋ ਕੇ ਮੰਗੋ ਅਤੇ ਆਪਣੇ ਹਿਰਦੇ ਦੀ ਅਭਿਲਾਸ਼ਾ ਕਹੋ।'' ਇਹ ਸੁਣ ਕੇ ਸ਼ਮੀਰ ਨੇ ਹੱਥ ਜੋੜ ਕੇ ਕਿਹਾ॥ ੧੮॥

'ਮਿਟਹਿ ਚੁਰਾਸੀ ਕੋ ਭ੍ਰਮਣ ਭਵਜਲ ਦੁਖਦਾਈ।
ਸ੍ਰੀ ਸਤਿਗੁਰ ਇਸ ਤ੍ਰਾਸ ਤੇ ਮੁਹਿ ਲੇਹੁ ਬਚਾਈ'।

ਸੁਨਿ ਤੂਸ਼ਨ ਸ੍ਰੀ ਪ੍ਰਭੁ ਭਏ ਬਿਰਮੇ ਅਨ ਖਜਾਲਾ।
ਇਕ ਦੁਇ ਦਿਵਸ ਬਿਤਾਇਕੈ ਪੁਨ ਭਏ ਕ੍ਰਿਪਾਲਾ ॥੧੯॥

"ਚੁਰਾਸੀ ਦਾ ਗੇੜਾ ਖਤਮ ਹੋ ਜਾਵੇ, ਭਵਜਲ ਪਾਰ ਕਰਨਾ ਬੜਾ ਦੁਖਦਾਈ ਹੈ, ਹੇ ਸਤਿਗੁਰੂ ਜੀ! ਇਸ ਡਰ ਤੋਂ ਮੈਨੂੰ ਬਚਾ ਲਵੋ।" ਇਹ ਸੁਣ ਕੇ ਸਤਿਗੁਰੂ ਜੀ ਚੁੱਪ ਹੋ ਗਏ ਤੇ ਹੋਰ ਖਿਆਲਾਂ ਵਿਚ ਪਰਚ ਗਏ। ਇਕ ਦੋ ਦਿਨ ਬਤੀਤ ਕਰਕੇ ਸਤਿਗੁਰੂ ਜੀ ਫਿਰ ਕ੍ਰਿਪਾਲੂ ਹੋ ਗਏ॥ ੧੯॥

ਸੇਵ ਕਰੈ ਸਹਿ ਪ੍ਰੇਮ ਕੇ ਪੁਨ ਨਿਕਟ ਬੁਲਾਯੋ।
'ਹਮ ਪ੍ਰਸੰਨ ਹੈਂ ਤੋਹਿ ਪਰ, ਜਾਚਹੁ ਮਨ ਭਾਯੋ'।
ਪੁਨ ਸ਼ਮੀਰ ਗੁਰ ਤੀਰ ਕਹਿ 'ਭਵਜਲ ਮਹਿਂ ਫੇਰਾ।
ਇਸ ਦਾਰੁਣ ਦੁਖ ਤੇ ਪ੍ਰਭੂ! ਗਹੀਯਹਿ ਕਰ ਮੇਰਾ' ॥੨੦॥

ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ, ਫਿਰ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ, "ਅਸੀਂ ਤੁਹਾਡੇ ਉੱਪਰ ਪ੍ਰਸੰਨ ਹੋਏ ਹਾਂ, ਮਨ-ਭਾਉਂਦਾ ਮੰਗੋ।" ਫਿਰ ਸ਼ਮੀਰ ਨੇ ਗੁਰੂ ਜੀ ਪਾਸ ਕਿਹਾ, 'ਭਵਜਲ ਵਿਚ ਫੇਰਾ, ਇਹ ਪ੍ਰਭੂ ਜੀ ਵੱਡਾ ਦੁਖ ਹੈ, ਮੇਰਾ ਹੱਥ ਫੜੋ'॥ ੨੦॥

ਸੁਨਿ ਸ੍ਰੀ ਮੁਖ ਤੇ ਤਬਿ ਭਨਜੌਂ 'ਤੁਵ ਜਨਮ ਘਨੇਰੇ।
ਧਰਨੇ ਹੈਂ ਭਵਜਲ ਬਿਖੇ ਕਿਮ ਜਾਹਿਂ ਨਿਬੇਰੇ।
ਕਹਿਂ ਲਗਿ ਕਰਹਿਂ ਬਚਾਇਬੋ, ਜਾਚਹੁ ਵਥੁ ਆਨਾ।
ਇਸ ਬਿਨ ਅਪਰ ਅਦੇਯ ਨਹਿਂ, ਲਿਹੁ ਮਹਿਦ ਮਹਾਨਾ ॥੨੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਤੁਹਾਡੇ ਹਾਲੇ ਬਹੁਤ ਜਨਮ ਹੋਣੇ ਹਨ, ਉਹ ਤੂੰ ਭਵਜਲ ਵਿਚ ਧਾਰਨ ਕਰਨੇ ਹਨ, ਇਹ ਕਿਵੇਂ ਨਿਬੇੜੇ ਜਾ ਸਕਦੇ ਹਨ। ਕਿਥੋਂ ਤਕ ਬਚਾ ਕਰਾਂਗੇ, ਕੋਈ ਹੋਰ ਵਸਤੂ ਮੰਗ ਲਵੋ। ਇਸ ਤੋਂ ਬਗੈਰ ਹੋਰ ਕੋਈ ਨਹੀਂ, ਜਿਹੜਾ ਦੇਣਾ ਯੋਗ ਨਹੀਂ, ਵੱਡੇ ਤੋਂ ਵੱਡੀ ਮਹਾਨ ਵਸਤ ਪ੍ਰਾਪਤ ਕਰੋ॥ ੨੧॥

ਹਮ ਪ੍ਰਸੰਨ ਪਿਖਿ ਸੇਵ ਤੁਵ ਅਰੁ ਪ੍ਰੇਮ ਘਨੇਰਾ।
ਉਰ ਅਕਪਟ ਸਚ ਕਹਤਿ ਹੈਂ, ਪਰਖਜੋ ਬਹੁ ਬੇਰਾ।
ਕਰਹੁ ਸਫਲ ਨਿਜ ਘਾਲ ਕੋ ਹਮ ਦੇਂ ਤਤਕਾਲਾ'।
ਸੁਨਿ ਕੈ ਕਹੈ ਸ਼ਮੀਰ ਪੁਨ 'ਗਤਿ ਕਰਹੁ ਕ੍ਰਿਪਾਲਾ ॥੨੨॥

ਅਸੀਂ ਤੇਰੀ ਸੇਵਾ ਅਤੇ ਵੱਡਾ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ। ਅਸੀਂ ਬਹੁਤ ਵਾਰ ਪਰਖਿਆ ਹੈ ਕਿ ਤੇਰਾ ਹਿਰਦਾ ਅਕਪਟ ਹੈ ਅਤੇ ਤੂੰ ਦਿਲ ਦੀ ਸੱਚੀ ਗੱਲ ਕਹਿੰਦਾ ਹੈਂ। ਆਪਣੀ ਘਾਲ ਕਮਾਈ ਨੂੰ ਸਫਲ ਕਰੋ, ਅਸੀਂ ਤੁਰਤ ਦਿੰਦੇ ਹਾਂ।" ਇਹ ਸੁਣ ਕੇ ਫਿਰ ਸ਼ਮੀਰ ਨੇ ਕਿਹਾ, "ਹੇ ਪ੍ਰਭੂ! ਮੇਰੀ ਗਤੀ ਕਰੋ॥ ੨੨॥

ਨਿਕਟ ਸਥਲ ਨਿਜ ਦੀਜੀਏ ਜਾਚਾ ਇਹ ਮੇਰੀ।
ਅਪਰ ਨਹੀਂ ਮਨ ਕਾਮਨਾ ਕਾਟਹੁ ਮਮ ਬੇਰੀ'।
ਸੁਨਿ ਹਠ ਕੋ ਸ੍ਰੀ ਸਤਿਗੁਰੂ ਤਬਿ ਟਾਰਨ ਕੀਨਾ।
ਕੇਤਿਕ ਦਿਵਸ ਬਿਤਾਇ ਪੁਨ ਮਨ ਹੋਤਿ ਪ੍ਰਸੀਨਾ ॥੨੩॥

ਆਪਣੇ ਨੇੜੇ ਸਥਾਨ ਦੇਵੋ, ਇਹੋ ਮੇਰੀ ਮੰਗ ਹੈ, ਮੇਰੀ ਹੋਰ ਕੋਈ ਕਾਮਨਾ ਨਹੀਂ ਹੈ, ਮੇਰੀਆਂ ਬੇੜੀਆਂ ਕੱਟ ਦੇਵੋ।'' ਉਸ ਦਾ ਹਠ ਵੇਖ ਗੁਰੂ ਜੀ ਨੇ ਫਿਰ ਟਾਲ ਦਿੱਤਾ, ਕਈ ਦਿਨ ਬੀਤਣ ਤੋਂ ਬਾਅਦ ਗੁਰੂ ਜੀ ਫਿਰ ਬਹੁਤ ਪ੍ਰਸੰਨ ਹੋ ਗਏ॥ ੨੩॥

ਦਾਸ ਕਾਮਨਾ ਦਿਯੇ ਬਿਨ ਮਨ ਚੈਨ ਨ ਪਾਵੈ।
ਪਦਵੀ ਦੇਨਿ ਸਮੀਪ ਕੀ ਪੁਨ ਉਰ ਲਲਚਾਵੈ।
ਇਕ ਦਿਨ ਬਹੁਰ ਹਕਾਰਿਕੈ ਸ੍ਰੀ ਬਦਨ ਉਚਾਰਾ।
'ਮਾਂਗਉ ਮਨ ਕੀ ਕਾਮਨਾ ਜੈਸੇ ਹਠ ਧਾਰਾ॥ ੨੪॥

ਆਪਣੇ ਸੇਵਕ ਦੀ ਕਾਮਨਾ ਪੂਰੀ ਕਰੋ, ਮੇਰਾ ਮਨ ਚੈਨ ਨਹੀਂ ਪਾਉਂਦਾ ਹੈ। ਆਪਣੇ ਨੇੜੇ ਦੀ ਪਦਵੀ ਦੇਵੋ, ਹਿਰਦਾ ਫਿਰ ਬੜਾ ਲਲਚਾਇਆ ਹੈ। ਇਕ ਦਿਨ ਫਿਰ ਸ਼ਮੀਰ ਨੂੰ ਪਾਸ ਬੁਲਾ ਕੇ ਗੁਰੂ ਜੀ ਨੇ ਬਚਨ ਕੀਤਾ, ''ਆਪਣੇ ਮਨ ਦੀ ਕਾਮਨਾ ਮੰਗੋ, ਜਿਵੇਂ ਹਠ ਧਾਰਨ ਕੀਤਾ ਹੈ'' ॥ ੨੪॥

'ਪ੍ਰਭੁ ਜੀ! ਭਵਜਲ ਤੇ ਰਖਹੁ ਕਟਿ ਦੇਹੁ ਚੁਰਾਸੀ।
ਬਹੁਰ ਨ ਪਾਵੌਂ ਜਨਮ ਕੋ ਜਮ ਪਰੈ ਨ ਫਾਸੀ'।
ਹਸਿ ਬੋਲੇ 'ਦੈ ਹੈਂ ਇਹੀ ਪੁਨ ਆਵਹੁ ਪ੍ਰਾਤੀ'।
ਸੁਨਿ ਬੰਦਨ ਕੋ ਕਰਿ ਗਯੋ ਆਨੰਦ ਕਰਿ ਛਾਤੀ॥ ੨੫॥

ਸ਼ਮੀਰ ਨੇ ਕਿਹਾ, ''ਪ੍ਰਭੂ ਜੀ! ਭਵਜਲ ਤੋਂ ਬਚਾ ਲਵੋ, ਫਿਰ ਹੋਰ ਜਨਮ ਨਾ ਧਾਰਨ ਕਰਾਂ ਤੇ ਫਿਰ ਕਦੀ ਵੀ ਜਮਾਂ ਦੀ ਫਾਂਸੀ ਨਾ ਪਵੇ।'' ਗੁਰੂ ਜੀ ਹੱਸ ਕੇ ਬੋਲੇ, ''ਇਹੋ ਹੀ ਦੇਵਾਂਗੇ, ਸਵੇਰੇ ਆਵੋ।'' ਇਹ ਸੁਣ ਕੇ ਸ਼ਮੀਰ ਬੰਦਨਾ ਕਰਕੇ ਚਲੇ ਗਿਆ ਤੇ ਬਹੁਤ ਅਨੰਦ ਪ੍ਰਸੰਨ ਹੋ ਗਿਆ॥ ੨੫॥

ਸਕਲ ਰੀਤਿ ਕੀ ਸੇਵ ਕਰਿ ਨਿਸ ਮਹਿਂ ਪਰਿ ਸੋਵਾ।
ਅਦਭੁਤ ਅਨਿਕ ਪ੍ਰਕਾਰ ਕੋ ਸੁਪਨਾ ਤਬਿ ਜੋਵਾ।
ਕਾਕ, ਕੰਕ, ਕੇਕੀ, ਕਕਨ ਕਲਬਿੰਕ ਮਰਾਲਾ।
ਖਗ ਮ੍ਰਿਗ ਪਸ਼ੁ ਪੰਛੀ ਮਨੁਖ ਜਨਮਜੋ ਤਨ ਕਾਲਾ॥ ੨੬॥

ਸਰਬ ਪ੍ਰਕਾਰ ਦੀ ਸੇਵਾ ਕਰਕੇ ਰਾਤ ਨੂੰ ਸੌਂ ਗਿਆ, ਫਿਰ ਅਦਭੁਤ ਅਨੇਕ ਪ੍ਰਕਾਰ ਦੇ ਸੁਪਨੇ ਵੇਖੇ। ਕਾਂ, ਗਿੱਰਝ, ਮੋਰ, ਚਕਵਾ, ਚਿੜਾ, ਹੰਸ, ਪੰਛੀ, ਹਿਰਨ, ਪਸ਼ੂ ਪੰਛੀ ਆਦਿ ਜਨਮ ਧਾਰਨ ਕੀਤੇ ਤੇ ਸਰੀਰ ਦੇ ਕਾਲ ਹੋਣ ਤੇ ਮਨੁੱਖਾ ਜਨਮ ਧਾਰਨ ਕੀਤਾ॥ ੨੬॥

ਕੀਟੀ, ਕੀਟਨ, ਭ੍ਰਿੰਗ ਭ੍ਰਿਤ ਇੱਤਜਾਦਿ ਘਨੇਰੇ।
ਭੋਗੀ ਜੂਨਾਂ ਜਨਮ ਧਰਿ ਮਰਿ ਮਰਿ ਬਹੁ ਬੇਰੇ।
ਜਨਮ ਪਾਛਲੇ ਪੁਨ ਭਯੋ ਚੰਡਾਲ ਕਰਾਲਾ।
ਜੰਗਲ ਦੇਸ਼ ਪ੍ਰਵੇਸ਼ ਭਾ ਚੰਡਾਲੀ ਨਾਲਾ॥ ੨੭॥

ਕੀੜੀ, ਕੀੜਾ, ਭ੍ਰਿੰਗੀ ਅਤੇ ਕੋਹੜਕਿਰਲੀ ਬਣਿਆ। ਜਨਮ ਧਾਰ ਧਾਰ ਕੇ ਜੂਨਾਂ ਭੋਗੀਆਂ ਤੇ ਬਹੁਤ ਵਾਰ ਮਰ ਮਰ ਕੇ ਫਿਰ ਜਨਮ ਧਾਰਨ ਕੀਤੇ। ਪਿਛਲੇ ਜਨਮ ਵਿਚ ਫਿਰ ਵਿਕਰਾਲ ਚੰਡਾਲ ਬਣਿਆ ਤੇ ਚੰਡਾਲਨੀ ਦੇ ਨਾਲ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਿਆ॥ ੨੭॥

ਭਏ ਸੁਤਾਸੁਤ ਪੁੰਜ ਹੀ ਬਹੁ ਵਧਯੋ ਕੁਟੰਬਾ।
ਦੇਸ਼ ਪਰਯੋ ਦੁਰਭਿੱਖ ਬਹੁ ਨਹਿਂ ਅੰਨ ਕਦੰਬਾ।
ਛੁਧਤਿ ਰਹਤਿ ਦੁਖ ਸਹਤ ਹੈ ਬਨ ਬਿਖੈ ਪਧਾਰਾ।
ਪੀਲੂ ਖੈਬੇ ਹੇਤ ਕੋ ਪਾਕੀ ਲਗਿ ਡਾਰਾ॥ ੨੮॥

ਬਹੁਤ ਪੁੱਤਰ ਧੀਆਂ ਹੋਏ ਤੇ ਵੱਡਾ ਪਰਿਵਾਰ ਵਧ ਗਿਆ, ਫਿਰ ਦੇਸ਼ ਵਿਚ ਕਾਲ ਪੈ ਗਿਆ ਤੇ ਅਨਾਜ ਕਿਤੇ ਵੀ ਲੱਭਦਾ ਨਹੀਂ ਸੀ। ਭੁੱਖਾ ਰਹਿ ਕੇ ਦੁਖ ਬਰਦਾਸ਼ਤ ਕਰਦਾ ਸੀ ਤੇ ਫਿਰ ਜੰਗਲ ਵਿਚ ਚਲਾ ਗਿਆ। ਖਾਣ ਵਾਸਤੇ ਪੱਕੇ ਪੀਲੂ ਡਾਹਣੀਆਂ ਨਾਲ ਲੱਗੇ ਸਨ॥ ੨੮॥

ਕਿਤਿਕ ਸੁਤਾਸੁਤ ਸੰਗ ਲੈ ਗਮਨਯੋਂ ਬਨ ਮਾਂਹੀ।
ਤੋਰਨ ਹਿਤ ਤਰੁ ਪਰ ਚਢਯੋ ਤਰ ਬਾਲਕ ਤਾਂਹੀ।
ਤੋਰਿ ਤੋਰਿ ਤਰੁ ਤੇ ਤਰੈ ਗੇਰਤਿ ਸਿਸ ਖਾਵੈਂ।
ਪੁਨ ਸਾਖਾ ਪਤਰੀਨ ਪਰ ਨਿਜ ਪਾਉਂ ਟਿਕਾਵੈ॥ ੨੯॥

ਕਈ ਧੀਆਂ ਪੁੱਤਾਂ ਨੂੰ ਨਾਲ ਲੈ ਕੇ ਜੰਗਲ ਵਿਚ ਚਲਾ ਗਿਆ। ਤੋੜਨ ਵਾਸਤੇ ਦਰੱਖਤ ਤੇ ਚੜ੍ਹਿਆ, ਦਰੱਖਤ ਦੇ ਹੇਠਾਂ ਉਸ ਦੇ ਬਾਲਕ ਸੀ। ਤੋੜ ਤੋੜ ਕੇ ਥੱਲੇ ਸੁੱਟੀ ਜਾਂਦਾ ਸੀ ਤੇ ਬਾਲਕ ਨਾਲ-ਨਾਲ ਖਾਈ ਜਾਂਦੇ ਸਨ। ਫਿਰ ਇਕ ਪਤਲੀ ਟਾਹਣੀ ਉਤੇ ਆਪਣਾ ਪੈਰ ਟਿਕਾਇਆ॥ ੨੯॥

ਤੋਰਨ ਕੋ ਲਾਲਚ ਲਗਯੋ ਝੁਕਿ ਹੋਇ ਅਗਾਰੀ।
ਟੂਟ ਗਈ ਸਾਖਾ ਤਬੈ ਗਿਰਿ ਧਰਾ ਮਝਾਰੀ।
ਚੋਟ ਲਗੀ ਤੇ ਜਾਗ ਕਰਿ ਜੁਗ ਨੈਨ ਉਘਾਰੇ।
ਬਿਸਮਯੋ ਕਰਤਿ ਬਿਚਾਰ ਬਹੁ ਪਿਖਿ ਕੌਤਕ ਭਾਰੇ॥ ੩੦॥

ਤੋੜਨ ਦਾ ਲਾਲਚ ਕਰਕੇ ਝੁਕ ਕੇ ਅੱਗੇ ਹੋਇਆ। ਡਾਹਣੀ ਟੁੱਟ ਗਈ ਤੇ ਉਹ ਧਰਤੀ ਦੇ ਉੱਪਰ ਡਿੱਗ ਪਿਆ। ਸੱਟ ਲੱਗਣ ਨਾਲ ਜਾਗ ਕੇ ਦੋਵੇਂ ਨੈਣ ਖੋਲ੍ਹੇ। ਫਿਰ ਵਿਚਾਰ ਕਰਕੇ ਭਾਰੀ ਕੌਤਕ ਵੇਖ ਕੇ ਬਹੁਤ ਹੈਰਾਨ ਹੋਇਆ॥ ੩੦॥

ਕੇਤਿਕ ਚਿਰ ਮਹਿਂ ਮਲ ਤਜਨਿ ਬੈਠਯੋ ਕਿਤ ਜਾਈ।
ਸੋਚਤ ਸੁਪਨੇ ਕੋ ਰਿਦੇ ਜੇਤੇ ਤਨ ਪਾਈ।
ਪੀਲੂ ਖਾਏ ਪੇਟ ਭਰਿ ਬਿਸ਼ਟਾ ਤਸ ਆਈ।
ਦੇਖਤਿ ਚਿੰਤਾ ਅਧਿਕ ਭੀ ਮਤਿ ਬਹੁ ਬਿਸਮਾਈ॥ ੩੧॥

ਕੁਝ ਸਮੇਂ ਬਾਅਦ ਕਿਤੇ ਜਾ ਕੇ ਪਾਖਾਨਾ ਕਰਨ ਵਾਸਤੇ ਬੈਠਾ ਤਾਂ ਆਪਣੇ ਸੁਪਨੇ ਬਾਰੇ ਸੋਚਿਆ ਜਿਸ ਵਿਚ ਕਈ ਸਰੀਰ ਧਾਰਨ ਕੀਤੇ ਸਨ। ਜਿਵੇਂ ਪੇਟ ਭਰ ਕੇ ਪੀਲੂ ਖਾਧੇ ਸਨ, ਪਾਖਾਨਾ ਵੀ ਉਸ ਪ੍ਰਕਾਰ ਦਾ ਆਇਆ। ਵੇਖ ਕੇ ਬਹੁਤ ਚਿੰਤਾ ਵਧੀ ਤੇ ਦਿਲ ਵਿਚ ਬਹੁਤ ਹੈਰਾਨ ਹੋਇਆ॥ ੩੧॥

ਭਈ ਸੋਚ ਉਠਿਕੈ ਬਹੁਰ ਹਿਤ ਮੱਜਨ ਬੈਸੇ।
ਕਰਨ ਲਗਯੋ ਰਦਧਾਵਨਾ ਚਿਤਵਤਿ ਹੈ ਤੈਸੇ।
ਤਬਿ ਦੰਤਨ ਮਹਿਂ ਅਟਕ ਜੇ ਪੀਲੂੰ ਕੇ ਬੀਜੰ।
ਨਿਕਸੇ ਦਾਂਤਨ ਕਰੇ ਤੇ ਚਿਤ ਕੌਤਕ ਥੀਜੰ॥ ੩੨॥

ਸੋਚ ਕਰਕੇ ਉਠ ਕੇ ਫਿਰ ਇਸ਼ਨਾਨ ਕਰਨ ਵਾਸਤੇ ਬੈਠਾ, ਜਦ ਫਿਰ ਦਾਤਣ ਕਰਨ ਲੱਗਾ ਤਾਂ ਚਿੱਤ ਵਿਚ ਆਪਣੇ ਸੁਪਨੇ ਬਾਰੇ ਹੀ ਸੋਚਦਾ ਸੀ। ਜਦ ਦਾਤਣ ਕੀਤੀ ਤਾਂ ਦੰਦਾਂ ਵਿਚੋਂ ਪੀਲੂ ਦੇ ਫਸੇ ਹੋਏ ਬੀਜ ਨਿਕਲੇ ਤਾਂ ਉਨ੍ਹਾਂ ਨੂੰ ਵੇਖ ਕੇ ਚਿੱਤ ਵਿਚ ਵੱਡਾ ਅਸਚਰਜ ਕੌਤਕ ਜਾਣਿਆ॥ ੩੨॥

ਕਹਾਂ ਭਈ ਇਹ ਬਾਰਤਾ ਮੁਝ ਸੁਪਨਾ ਹੋਵਾ।
ਧਰ ਸਾਚ ਹੀ ਜਨਮ ਕੈ ਬਡ ਸੰਕਟ ਜੋਵਾ?।
ਜਾਨੀ ਜਾਇ ਨ ਕਹਾਂ ਗਤਿ ਨਿਸ ਮਹਿਂ ਮਮ ਹੋਈ।
ਪਹਿਰਂ ਬਸਤ੍ਰ ਗੁਰ ਢਿਗ ਚਲਜੋ ਚਿਤਵੈ ਮਨ ਸੋਈ॥ ੩੩॥

ਸੋਚਦਾ ਇਹ ਕੀ ਤਮਾਸ਼ਾ ਹੋਇਆ ਹੈ, ਮੈਨੂੰ ਤਾਂ ਸੁਪਨਾ ਆਇਆ ਸੀ। ਕੀ ਸੱਚ ਵਿਚ ਜਨਮ ਧਾਰ ਕੇ ਵੱਡਾ ਸੰਕਟ ਵੇਖਿਆ ਹੈ? ਇਹ ਜਾਣਿਆ ਨਹੀਂ ਜਾਂਦਾ ਹੈ ਕਿ ਮੇਰੇ ਨਾਲ ਰਾਤ ਸੁਪਨੇ ਵਿਚ ਕੀ ਗਤੀ ਹੋਈ ਹੈ। ਫਿਰ ਕੱਪੜੇ ਪਹਿਣ ਕੇ ਗੁਰੂ ਜੀ ਵੱਲ ਚਲ ਪਿਆ ਤੇ ਮਨ ਵਿਚ ਆਪਣੇ ਸੁਪਨਿਆਂ ਬਾਰੇ ਸੋਚਦਾ ਸੀ॥ ੩੩॥

ਪਦ ਅਰਬਿੰਦਨ ਬੰਦਨਾ ਕਰਿ ਥਿਰਜੋ ਅਗਾਰੀ।
ਤਬਿ ਬੂਝਨਿ ਕੀਨੋ ਪ੍ਰਭੂ 'ਚਿਤ ਚਿੰਤ ਮਝਾਰੀ?
ਨਹਿਂ ਸੋਚਹੁ, ਆਨੰਦ ਕਰੋ, ਹੋਯੋ ਭਲ ਤੇਰਾ।
ਏਕ ਨਿਸਾ ਮਹਿਂ ਨਿਬਰਗਾ ਤੁਵ ਲੇਖ ਘਨੇਰਾ'॥ ੩੪॥

ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਕੇ, ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ। ਤਦ ਸਤਿਗੁਰੂ ਜੀ ਨੇ ਪੁੱਛਿਆ, "ਚਿੱਤ ਵਿਚ ਕਿਸ ਪ੍ਰਕਾਰ ਦੀ ਚਿੰਤਾ ਹੈ? ਇਸ ਬਾਰੇ ਸੋਚੋ ਨਹੀਂ, ਆਨੰਦ ਕਰੋ, ਤੇਰਾ ਭਲਾ ਹੋ ਗਿਆ ਹੈ। ਇਕ ਰਾਤ ਵਿਚ ਹੀ ਤੇਰੇ ਬਹੁਤ ਵੱਡੇ ਲੇਖਾਂ ਦਾ ਨਬੇੜਾ ਹੋ ਗਿਆ ਹੈ"॥ ੩੪॥

ਸੁਨਤਿ ਨੰਮ੍ਰਿ ਹੁਇ ਮੁਹੁਰਮੁਹੁ ਪਗ ਨਮੋ ਕਰੰਤਾ।
'ਪ੍ਰਭੁ ਜੀ! ਭੇਵ ਬਤਾਈਏ ਮੁਝ ਚਿੰਤ ਅਨੰਤਾ।
ਸੁਪਨਾ ਹੋਯੋ ਸਾਚ ਕੈ ਦੋਨਹੁਂ ਬਿਧਿ ਜਾਨੀ।
ਫਲ ਪੀਲੂੰ ਕੋ ਸਮੋਂ ਨਹਿਂ ਨਿਸ ਮਹਿਂ ਕਿਯ ਖਾਨੀ॥ ੩੫॥

ਇਹ ਸੁਣ ਕੇ ਘੜੀ ਮੁੜੀ, ਬਾਰ-ਬਾਰ ਸਨਿਮਰ ਹੋ ਕੇ ਚਰਨ ਕੰਵਲਾਂ ਉੱਪਰ ਬੰਦਨਾ ਕਰਦਾ ਸੀ ਤੇ ਕਹਿੰਦਾ ਸੀ, "ਹੇ ਸਤਿਗੁਰੂ ਜੀ! ਮੈਨੂੰ ਇਸਦਾ ਭੇਦ ਦੱਸੋ, ਮੈਨੂੰ ਇਸ ਬਾਰੇ ਵੱਡੀ ਚਿੰਤਾ ਹੈ। ਮੈਨੂੰ ਸੱਚਾ ਸੁਪਨਾ ਆਇਆ ਹੈ, ਇਹ ਮੈਂ ਦੋਵਾਂ ਵਿਧੀਆਂ ਨਾਲ ਜਾਣ ਲਿਆ ਹੈ। ਮੈਂ ਪੀਲੂ ਦੇ ਫਲ ਰਾਤ ਸਮੇਂ ਕਿਸੇ ਪ੍ਰਕਾਰ ਵੀ ਨਹੀਂ ਖਾਧੇ ਹਨ॥ ੩੫॥

ਜਾਗੇ ਮਲ ਪੀਲੂਨ ਕੀ ਅਰੁ ਬੀਜ ਸੁ ਦੰਤੀਂ।
ਨੀਕੇ ਮੈਂ ਦੇਖਨਿ ਕਰਜੋ ਬਿਸਮਜੋ ਚਿਤ ਚਿੰਤੀਂ।
ਸ੍ਰੀ ਮੁਖ ਤੇ ਭਾਖਜੋ ਤਬੈ 'ਤੁਵ ਜਨਮ ਘਨੇਰੇ।
ਸੁਪਨੇ ਬਿਖੇ ਭੁਗਾਇ ਦਿਯ ਸੁਧਿ ਭਾ ਇਸ ਬੇਰੇ॥ ੩੬॥

ਜਾਗ ਕੇ ਮੈਂ ਵੇਖਿਆ ਹੈ ਕਿ ਪਾਖਾਨਾ ਵੀ ਪੀਲੂਆਂ ਵਾਲਾ ਆਇਆ ਹੈ ਤੇ ਪੀਲੂ ਦੇ ਬੀਜ ਦੰਦਾਂ ਵਿਚ ਵੀ ਫਸੇ ਸਨ, ਇਹ ਮੈਂ ਚੰਗੀ ਤਰ੍ਹਾਂ ਵੇਖਿਆ ਹੈ ਤੇ ਹੈਰਾਨ ਹੋ ਕੇ ਚਿੱਤ ਵਿਚ ਬਹੁਤ ਚਿੰਤਾ ਹੋਈ ਹੈ।" ਤਦ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਤੇਰੇ ਜਿਹੜੇ ਕਈ ਜਨਮ ਹੋਣੇ ਸਨ, ਉਹ ਸੁਪਨੇ ਵਿਚ ਭੁਗਵਾਏ ਹਨ ਤੇ ਇਸ ਸਮੇਂ ਤੈਨੂੰ ਉਨ੍ਹਾਂ ਦੀ ਸੋਝੀ ਵੀ ਕਰਵਾ ਦਿੱਤੀ ਹੈ॥ ੩੬॥

ਹਮ ਤੇ ਜਾਚਤਿ ਨਿਤ ਹੁਤੇ ਨਹਿਂ ਪਰੋਂ ਚੁਰਾਸੀ।
ਸੋ ਨਿਸ਼ਚੈ ਤੇ ਕੋ ਦਿਯੋ ਕਟਿਗੀ ਜਮ ਫਾਸੀ।
ਦੁਰਲਭ ਪਦ ਜੋਗੀਨ ਕੋ ਸੋ ਪ੍ਰਾਪਤਿ ਹੋਵੈਂ।
ਭਵਜਲ ਦਿਯੋ ਤਰਾਇ ਕਰਿ, ਨਹਿਂ ਸੰਕਟ ਜੋਵੈਂ' ॥ ੩੭ ॥

ਤੂੰ ਸਦਾ ਹੀ ਸਾਡੇ ਪਾਸੋਂ ਇਹ ਮੰਗਦਾ ਸੀ ਕਿ ਤੂੰ ਚੁਰਾਸੀ ਦੇ ਗੇੜ ਵਿਚ ਨਾ ਪਵੇਂ, ਇਸ ਕਰਕੇ ਉਸ ਬਾਰੇ ਤੇਰਾ ਨਿਸ਼ਚਾ ਕਰਵਾ ਦਿੱਤਾ ਤੇ ਤੇਰੀ ਜਮਾਂ ਦੀ ਫਾਂਸੀ ਕੱਟੀ ਗਈ ਹੈ। ਜੋਗੀਆਂ ਵਾਲੀ ਦੁਰਲੱਭ ਪਦਵੀ ਤੈਨੂੰ ਪ੍ਰਾਪਤ ਹੋਈ ਹੈ, ਤੇਰਾ ਭਵਜਲ ਤਾਰ ਦਿੱਤਾ ਹੈ, ਹੁਣ ਕਿਸੇ ਪ੍ਰਕਾਰ ਦਾ ਸੰਕਟ ਨਹੀਂ ਵੇਖੇਂਗਾ" ॥ ੩੭ ॥

ਗੁਰ ਢਿਗ ਤਬੈ ਤਿਖਾਨ ਇਕ ਥਿਰ ਦਜਾਲ ਪੁਰੇ ਕੋ।
ਸੋ ਬੋਲਜੋ ਕਰ ਜੋਰਿ ਕੈ ਨਿਜ ਮਸਤਕ ਟੇਕੋ।
ਬਖਸ਼ੋ ਇਸ ਕੇ ਸੰਗ ਮੁਝ ਭਵਜਲ ਤੇ ਰਾਖੋ।
ਦਾਸ ਜਾਨਿ ਕਰਿ ਆਪਨੋ ਦਿਹੁ ਬਰ ਜਿਮ ਕਾਂਖੋ' ॥ ੩੮ ॥

ਗੁਰੂ ਜੀ ਪਾਸ ਦਿਆਲਪੁਰ ਦਾ ਰਹਿਣ ਵਾਲਾ ਇਕ ਤਰਖਾਣ ਬੈਠਾ ਸੀ, ਉਹ ਆਪਣਾ ਮੱਥਾ ਟੇਕ ਕੇ ਹੱਥ ਜੋੜ ਕੇ ਕਹਿਣ ਲੱਗਾ, "ਇਸ ਦੇ ਨਾਲ ਮੈਨੂੰ ਵੀ ਬਖਸ਼ ਦੇਵੇ ਤੇ ਮੈਨੂੰ ਭਵਜਲ ਤੋਂ ਬਚਾ ਲਵੇ, ਦਾਸ ਜਾਣ ਕੇ ਮੈਨੂੰ ਸ੍ਰੇਸ਼ਟ ਵਰ ਦੇਵੋ ਜਿਵੇਂ ਅਭਿਲਾਸ਼ਾ ਪੂਰੀ ਹੋ ਜਾਵੇ' ॥ ੩੮ ॥

ਬਿਗਸੇ ਪ੍ਰਭੁ ਜੀ ਢਿਗ ਰਹਤਿ ਮਨ ਪ੍ਰੇਮ ਘਨੇਰਾ।
ਤਿਸ ਪਰ ਭੀ ਕਰੁਨਾ ਕਰੀ ਭਾਖਜੋ ਤਿਸ ਬੇਰਾ।
'ਤੂੰ ਭੀ ਸੰਗ ਸ਼ਮੀਰ ਕੇ ਤਜਾਗਹਿਂ ਨਿਜ ਪ੍ਰਾਨਾ।
ਨਿਕਟ ਹਮਾਰੇ ਪਹੁੰਚਿਕੈ ਕਰਿ ਬੰਧਨ ਹਾਨਾ' ॥ ੩੯ ॥

ਪ੍ਰਭੂ ਜੀ ਉਸ ਨੂੰ ਵੇਖ ਕੇ ਮੁਸਕਰਾਏ, ਪਾਸ ਰਹਿੰਦਾ ਹੈ ਤੇ ਮਨ ਵਿਚ ਵੱਡਾ ਪ੍ਰੇਮ ਹੈ, ਉਸ ਉੱਪਰ ਵੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਉਸ ਸਮੇਂ ਕਿਹਾ, "ਤੂੰ ਵੀ ਸ਼ਮੀਰ ਦੇ ਨਾਲ ਆਪਣੇ ਪ੍ਰਾਣ ਤਿਆਗ ਦੇਵੇਂਗਾ ਤੇ ਸਾਡੇ ਪਾਸ ਪਹੁੰਚ ਕੇ ਆਪਣੇ ਬੰਧਨ ਦੂਰ ਕਰ ਲਵੇਂ' ॥ ੩੯ ॥

ਸੁਨਿ ਦੋਨਹੁੰ ਆਨੰਦ ਧਰਿ ਬੰਦਹਿਂ ਪਦ ਕੰਜੀ।
'ਧੰਨ ਧੰਨ ਸ੍ਰੀ ਸਤਿਗੁਰੂ ਦੁਖ ਦਾਲਿਕ ਭੰਜੀ।
ਹਲਤ ਪਲਤ ਇਕ ਛਿਨ ਬਿਖੈ ਜਨ ਕੇਰਿ ਸੁਧਾਰੋ।
ਸਗਲ ਜਗਤ ਹੈ ਮੰਗਤਾ ਤੁਮ ਏਕ ਦਤਾਰੋ' ॥ ੪੦ ॥

ਇਹ ਸੁਣ ਕੇ ਦੋਵਾਂ ਨੇ ਅਨੰਦ ਧਾਰ ਕੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਤੇ ਕਿਹਾ, "ਧੰਨ ਧੰਨ ਸ੍ਰੀ ਸਤਿਗੁਰੂ ਜੀ ਹਨ, ਜਿਹੜੇ ਦੁਖ ਦਲਿਦਰ ਨੂੰ ਕੱਟ ਦਿੰਦੇ ਹਨ। ਆਪਣੇ ਦਾਸਾਂ ਦਾ ਲੋਕ ਪਰਲੋਕ ਇਕ ਛਿਣ ਵਿਚ ਸੁਧਾਰ ਦਿੰਦੇ ਹਨ। ਸਾਰਾ ਜਗਤ ਮੰਗਤਾ ਹੈ, ਤੁਸੀਂ ਇਕ ਦਾਤਾ ਹੋ" ॥ ੪੦ ॥

*ਛੇਵੀਂ ਰੁੱਤ ਦਾ ਛਪੰਜਵਾਂ ਅਧਿਆਇ ਸਮਾਪਤ ਹੋਇਆ ॥ ਪ੬ ॥*

☆☆☆

# ਅਧਿਆਇ ਸਤਵੰਝਵਾਂ

### *ਸਿਰਹੰਦ ਵਾਸੀ ਦਿਆਲ ਦਾਸ ਨੂੰ ਵਰ, ਜ਼ਫਰਨਾਮਾ*

ਦੋਹਰਾ- ਬਿਦਤਿ ਭਏ ਸ੍ਰੀ ਸਤਿਗੁਰੂ ਬਸਿ ਦੀਨੇ ਕੇ ਗ੍ਰਾਮ।
ਹਿੰਦੂ ਤੁਰਕ ਬਖਾਨਤੇ ਲੈ ਲੈ ਕਰਿ ਪ੍ਰਭੁ ਨਾਮ॥ ੧॥

ਸਤਿਗੁਰੂ ਜੀ ਦੀਨੇ ਪਿੰਡ ਵਿਚ ਰਹਿ ਕੇ ਆਲੇ-ਦੁਆਲੇ ਸਾਰੇ ਪ੍ਰਸਿੱਧ ਹੋ ਗਏ। ਹਿੰਦੂ ਤੁਰਕ ਸਤਿਗੁਰੂ ਜੀ ਦਾ ਨਾਮ ਲੈ ਲੈ ਕੇ ਕਹਿੰਦੇ ਸਨ॥ ੧॥

*ਨਿਸ਼ਾਨੀ ਛੰਦ-* ਜਿਮ ਤੁਰਕਨ ਕੋ ਸ੍ਰਾਪ ਭਾ ਤਿਹ ਰਾਜ ਪ੍ਰਤਾਪਾ।
ਉਜਰੈ ਸ਼ਹਿਰ ਸਿਰੰਦ ਬਡ ਭੇ ਜਿਸ ਮਹਿਂ ਪਾਪਾ।
ਸੀਤਲ ਪੁਰੀ ਮਹੰਤ ਇਕ ਬਹੁ ਅਜ਼ਮਤ ਵੰਤਾ।
ਧੀਰਜ ਧਾਰੀ ਸੰਤ ਸ਼ੁਭ ਸਤਿਨਾਮ ਜਪੰਤਾ॥ ੨॥

ਜਿਵੇਂ ਤੁਰਕਾਂ ਨੂੰ ਉਨ੍ਹਾਂ ਦੇ ਰਾਜ ਪ੍ਰਤਾਪ ਦੇ ਵਿਨਾਸ਼ ਹੋ ਜਾਣ ਬਾਰੇ ਸਰਾਪ ਦਿੱਤਾ ਸੀ, ਉਸ ਪ੍ਰਕਾਰ ਹੀ ਸਿਰਹੰਦ ਸ਼ਹਿਰ ਦੇ ਉਜੜਨ ਬਾਰੇ ਵੀ ਕਿਹਾ ਸੀ ਜਿਥੇ ਏਨੇ ਘੋਰ ਪਾਪ ਹੋਏ ਸਨ। ਸੀਤਲ ਨਾਮ ਵਾਲਾ ਤੇ ਸੰਨਿਆਸੀਆਂ ਦੀ ਪੁਰੀ ਸੰਪ੍ਰਦਾ ਦਾ ਇਕ ਮਹੰਤ ਰਹਿੰਦਾ ਸੀ, ਜਿਹੜਾ ਕਰਾਮਾਤ ਸਹਿਤ ਸੀ। ਉਹ ਧੀਰਜਧਾਰੀ ਸ਼ੁਭ ਸੰਤ ਸੀ, ਜਿਹੜਾ ਸਤਿਨਾਮ ਦਾ ਜਾਪ ਕਰਦਾ ਸੀ॥ ੨॥

ਚੇਲਾ ਤਿਸੀ ਮਹੰਤ ਕੋ ਇਕ ਦਯਾਲਪੁਰੀ ਹੈ।
ਅਜ਼ਮਤ ਜੁਤਿ ਬਾਸਾ ਕਿਯੋ ਸੀਰੰਦ ਪੁਰੀ ਹੈ।
ਸੁਨੀ ਗੁਰੂ ਕੀ ਬਾਰਤਾ ਪੁਰਿ ਸ੍ਰਾਪ ਉਚਾਰਾ।
'ਬੁਰਾ ਬਹੁਤ ਪੁਰਿ ਕੋ ਭਯੋ ਜਹਿਂ ਬਾਸ ਹਮਾਰਾ॥ ੩॥

ਉਸ ਮਹੰਤ ਦਾ ਇਕ ਚੇਲਾ ਸੀ ਜਿਸ ਦਾ ਨਾਮ ਦਿਆਲ ਦਾਸ ਹੈ, ਜਿਹੜਾ ਸੰਨਿਆਸੀਆਂ ਦੀ ਪੁਰੀ ਸੰਪ੍ਰਦਾ ਨਾਲ ਹੀ ਸੰਬੰਧ ਰੱਖਦਾ ਸੀ, ਇਸ ਕਰਕੇ ਉਸ ਨੂੰ ਦਿਆਲਪੁਰੀ ਵੀ ਕਹਿੰਦੇ ਸਨ। ਉਹ ਵੀ ਕਰਾਮਾਤ ਸਹਿਤ ਸੀ ਤੇ ਸਿਰਹੰਦ ਨਗਰੀ ਵਿਚ ਰਹਿੰਦਾ ਸੀ। ਉਸ ਨੇ ਜਦ ਗੁਰੂ ਜੀ ਦੀ ਇਸ ਗੱਲ ਬਾਰੇ ਸੁਣਿਆ ਕਿ ਗੁਰੂ ਜੀ ਨੇ ਸਿਰਹੰਦ ਨੂੰ ਸਰਾਪ ਦਿੱਤਾ ਹੈ। 'ਜਿੱਥੇ ਸਾਡੀ ਰਿਹਾਇਸ਼ ਹੈ ਉਸ ਨਗਰੀ ਦਾ ਬਹੁਤ ਬੁਰਾ ਹਾਲ ਹੋਵੇਗਾ॥ ੩॥

ਗੁਰ ਕੋ ਕਹਯੋ ਨ ਹਟਹਿ ਕਿਮ ਸੁਰ ਅਸੁਰਨ ਪਾਸੂ।
ਨਰ ਬਪੁਰੇ ਕੀ ਸ਼ਕਤਿ ਕਯਾ ਕਹਿ ਮੋਰਹਿ ਤਾਸੂ।
ਕਿਮ ਕਰਿ ਹੋਂ ਮੈਂ ਪੁਰਿ ਭਲੋ ਜਹਿਂ ਖਾਨ ਰੁ ਪਾਨੇ।
ਕਰੋਂ ਬਿਨੈ ਪ੍ਰਭੁ ਅੱਗ੍ਰ ਜੇ ਸੁਨਿ ਲੇਹਿਂ ਜਿ ਮਾਨੇ'॥ ੪॥

ਗੁਰੂ ਜੀ ਦਾ ਕਿਹਾ ਤਾਂ ਦੇਵਤੇ ਦੈਂਤਾਂ ਪਾਸੋਂ ਵੀ ਨਹੀਂ ਮਿਟ ਸਕਦਾ, ਮਨੁੱਖ ਵਿਚਾਰੇ ਦੀ ਕੀ ਸ਼ਕਤੀ ਹੈ, ਕਿ ਉਨ੍ਹਾਂ ਦੇ ਕਹੇ ਨੂੰ ਟਾਲ ਸਕੇ। ਮੈਂ ਆਪਣੀ ਨਗਰੀ ਦਾ ਕਿਵੇਂ ਭਲਾ ਕਰ ਸਕਦਾ ਹਾਂ, ਜਿੱਥੇ ਰਹਿ ਕੇ ਮੈਂ ਖਾਣ ਪੀਣ ਕਰਦਾ ਹਾਂ। ਮੈਂ ਪ੍ਰਭੂ ਦੇ ਅੱਗੇ ਜਾ ਕੇ ਬੇਨਤੀ ਕਰਦਾ ਹਾਂ ਜੇ ਸੁਣ ਕੇ ਮੇਰੀ ਬੇਨਤੀ ਮੰਨ ਲੈਣ'॥ ੪॥

ਇਮ ਬਿਚਾਰ ਕਰਿ ਚਲਿ ਪਰਜੋ ਸੁਨਿ ਕਰਿ ਗੁਰ ਦੀਨੇ।
ਗਮਨਜੋਂ ਪੰਥ ਉਲੰਘ ਕਰਿ ਪਹੁੰਚਜੋ ਚਿਤ ਚੀਨੇ।
ਬੂਝਜੋ ਜਾਇ ਸ਼ਮੀਰ ਕੋ ਤਿਨ ਪੂਛਿ ਪਹੁੰਚਾਯੋ।
ਹਾਥ ਜੋਰਿ ਜੁਤਿ ਪ੍ਰੇਮ ਕੇ ਪਗ ਸੀਸ ਨਿਵਾਯੋ॥ ੫॥

ਇਸ ਪ੍ਰਕਾਰ ਵਿਚਾਰ ਕੇ ਚਲ ਪਿਆ ਕਿ ਗੁਰੂ ਜੀ ਦੀਨੇ ਪਿੰਡ ਵਿਚ ਰਹਿੰਦੇ ਹਨ। ਚਲ ਕੇ ਸਾਰਾ ਪੈਂਡਾ ਲੰਘ ਕੇ ਦੀਨੇ ਪਹੁੰਚ ਗਿਆ ਜਿਸ ਨੂੰ ਵੇਖਣ ਦੀ ਚਿੱਤ ਵਿਚ ਚਾਹਤ ਸੀ। ਉਸ ਨੇ ਜਾ ਕੇ ਸ਼ਮੀਰ ਨੂੰ ਪੁੱਛਿਆ ਤੇ ਉਸ ਨੇ ਗੁਰੂ ਜੀ ਪਾਸੋਂ ਪੁੱਛ ਕੇ ਦਿਆਲ ਦਾਸ ਨੂੰ ਗੁਰੂ ਜੀ ਪਾਸ ਪਹੁੰਚਾ ਦਿੱਤਾ। ਦਿਆਲ ਦਾਸ ਨੇ ਹੱਥ ਜੋੜ ਕੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨਾਂ ਉੱਪਰ ਸਿਰ ਨਿਵਾਇਆ॥ ੫॥

*ਭੁਜੰਗ ਛੰਦ*-'ਨਮੋ ਪਾਦ ਕੰਜੰ ਗੁਰੂ ਰੂਪ ਸੋਹੇ। ਧਰਜੋ ਈਸ਼ ਔਤਾਰ ਕੋ ਲੋਕ ਮੋਹੇ।
ਨਹੀਂ ਜਾਨਿ ਸਾਕੈਂ ਪ੍ਰਭੂ ਰੂਪ ਤੇਰੋ। ਸਦਾ ਜੈ ਸਦਾ ਜੈ ਕ੍ਰਿਪਾ ਧਾਰਿ ਹੇਰੋ॥੬॥

ਦਿਆਲ ਦਾਸ ਨੇ ਫਿਰ ਕਿਹਾ, "ਸਤਿਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਮੇਰਾ ਨਮਸਕਾਰ ਹੈ, ਗੁਰੂ ਜੀ ਦਾ ਰੂਪ ਵੱਡੀ ਸ਼ੋਭਾ ਪਾ ਰਿਹਾ ਹੈ। ਈਸ਼ਵਰ ਨੇ ਆਪ ਅਵਤਾਰ ਧਾਰਨ ਕੀਤਾ ਹੈ ਤੇ ਬਹੁਤ ਲੋਕਾਂ ਨੂੰ ਮੋਹਿਆ ਹੈ। ਹੇ ਪ੍ਰਭੂ ! ਅਸੀਂ ਤੇਰੇ ਰੂਪ ਬਾਰੇ ਜਾਣ ਨਹੀਂ ਸਕਦੇ ਹਾਂ। ਤੇਰੀ ਸਦਾ ਜੈ, ਸਦਾ ਜੈ, ਕਿਰਪਾ ਧਾਰ ਕੇ ਵੇਖੋ॥ ੬॥

ਪੁਰਾ ਰੂਪ ਬੇਦੀਨ ਕੇ ਬੰਸ ਹੋਏ। ਗੁਰੂ ਨਾਨਕੰ ਆਦਿ ਭੇ ਲੋਕ ਜੋਏ।
ਦਸੋਂ ਦੇਹ ਸੋਈ ਮਹਾਰਾਜ ਧਾਰੇ। ਉਧਾਰੇ ਘਨੇ ਕੋ ਗਨੇ ਪੁੰਜ ਤਾਰੇ॥੭॥

ਬੇਦੀਆਂ ਦੇ ਵੰਸ਼ ਵਿਚ ਆਪਣਾ ਰੂਪ ਧਾਰਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਹੋਏ ਹਨ, ਜਿਨ੍ਹਾਂ ਨੂੰ ਲੋਕਾਂ ਨੇ ਵੇਖਿਆ ਹੈ। ਦਸ ਸਰੀਰ ਉਸੇ ਹੀ ਮਹਾਰਾਜ ਨੇ ਧਾਰਨ ਕੀਤੇ ਹਨ। ਬਹੁਤ ਮਨੁੱਖਾਂ ਦਾ ਉਧਾਰ ਕੀਤਾ ਹੈ ਤੇ ਇਸ ਭਵਜਲ ਸੰਸਾਰ ਤੋਂ ਪਾਰਉਤਾਰਾ ਕੀਤਾ ਹੈ॥ ੭॥

ਕਰਜੋ ਪੰਥ ਬੀਰਾਨ ਕੋ ਸਿੰਘ ਹੋਏ। ਮਹਾਂ ਪਾਪ ਕਾਰੀਨ ਕੇ ਮੂਲ ਖੋਏ।
ਸਕੇਸ਼ੰ ਸਕਾਛੰ ਸਦਾ ਸ਼ਸਤ੍ਰਧਾਰੀ। ਜਪੈ ਨਾਮ ਕੋ ਤੇਜ ਦੀਨੋ ਸੁ ਭਾਰੀ॥੮॥

ਸੂਰਬੀਰਾਂ ਦਾ ਪੰਥ ਪੈਦਾ ਕੀਤਾ ਤੇ ਸਾਰੇ ਸ਼ੇਰ ਬਣ ਗਏ ਹਨ। ਮਹਾਂ ਪਾਪ ਨੂੰ ਜੜ੍ਹਾਂ ਤੋਂ ਪੁੱਟਣ ਵਾਸਤੇ ਇਹ ਪੰਥ ਚਲਾਇਆ ਹੈ। ਕੇਸ ਕੱਛ ਸਹਿਤ ਸ਼ਸਤਰ ਧਾਰਨ ਕੀਤੇ ਹਨ। ਨਾਮ ਜਪਦੇ ਹਨ ਤੇ ਆਪਣੇ ਪੰਥ ਨੂੰ ਭਾਰੀ ਤੇਜ ਦਿੱਤਾ ਹੈ॥ ੮॥

ਨਹੀਂ ਪੰਥ ਐਸੋ ਕਬੈ ਅੱਗ੍ਰ ਹੋਯੋ। ਦੁਹੂੰ ਲੋਕ ਮਹਿਂ ਸ਼ੋਕ ਦਾਸਾਨਿ ਖੋਯੋ।
ਮਹਾਂ ਤੇਜ ਧਾਰੀ ਮਹਾਂ ਓਜਵੰਤੇ। ਮਹਾਂ ਕਾਜ ਕਾਰੀ ਮਹਾਂ ਸ਼ਸਤ੍ਰ ਹੰਤੇ॥੯॥

ਪਹਿਲਾਂ ਐਸਾ ਪੰਥ ਕਦੇ ਵੀ ਪੈਦਾ ਨਹੀਂ ਹੋਇਆ ਹੈ, ਲੋਕ ਪਰਲੋਕ ਵਿਚ ਆਪਣੇ ਸੇਵਕਾਂ ਦੇ ਦੁੱਖ ਦੂਰ ਕਰ ਦਿੰਦੇ ਹੋ। ਮਹਾਨ ਤੇਜ ਧਾਰਨ ਕੀਤਾ ਹੈ ਤੇ ਮਹਾਨ ਸ਼ਕਤੀਸ਼ਾਲੀ ਹੋ। ਮਹਾਂ ਕਾਰਜ ਕਰਦੇ ਹੋ ਤੇ ਮਹਾਨ ਸ਼ਸਤਰ ਮਾਰਦੇ ਹੋ॥ ੯॥

ਅਰੈ ਕੌਨ ਆਗੈ ਤਿਹੂੰ ਲੋਕ ਮਾਂਹੀ। ਰਖੋ ਦਾਸ ਲਾਜੈ ਮਿਟੈ ਦ੍ਵੰਦ ਜਾਂਹੀ।
ਮਹਾਂ ਮਾਰ ਮੋਹੰ ਅਹੋ ਪੰਖਿ ਰਾਜੰ। ਸਦਾ ਜੈ ਸਦਾ ਜੈ ਸਦਾ ਸ਼੍ਰੇਯ ਸਾਜੰ॥੧੦॥

ਤਿੰਨਾਂ ਲੋਕਾਂ ਵਿਚ ਇਨ੍ਹਾਂ ਦੇ ਅੱਗੇ ਕੌਣ ਅੜ ਸਕਦਾ ਹੈ। ਆਪਣੇ ਦਾਸਾਂ ਦੀ ਲਾਜ ਰੱਖਦੇ ਹੋ, ਜਿਨ੍ਹਾਂ ਦੇ ਦ੍ਵੰਦ ਮਿਟ ਜਾਂਦੇ ਹਨ। ਮੋਹ ਰੂਪੀ ਵੱਡੇ ਸੱਪ ਨੂੰ ਮਾਰ ਲੈਂਦੇ ਹੋ, ਤੁਸੀਂ ਗਰੁੜ ਭਗਵਾਨ ਹੋ। ਸਦਾ ਤੁਹਾਡੀ ਜੈ ਹੋਵੇ, ਸਦਾ ਤੁਹਾਡੀ ਜੈ ਹੋਵੇ, ਸਦਾ ਮੁਕਤੀਦਾਤੇ ਦੀ ਜੈ ਹੋਵੇ॥ ੧੦॥

ਛਕੇ ਛੈਲ ਛਾਜੇ ਛਬੰ ਛੇਤ੍ਰ ਛੱਤ੍ਰੀ। ਛਮਾ ਛੇਮ ਛੋਨੀ, ਛੁਭੈ ਛੋਭ ਅੱਤ੍ਰੀ।
ਮਲੇਛਾਨ ਲੱਛਾਨ ਛੈ, ਰੱਛ ਸ੍ਵੱਛੰ। ਲਸੇ ਬੀਰ ਰੂਪੰ ਬਸੇ ਦਾਸ ਬੱਛੰ॥ ੧੧॥

ਰਣਖੇਤਰ ਵਿਚ ਸੁੰਦਰ ਸ਼ੋਭਨੀਕ ਹੋ ਕੇ ਫੱਬ ਰਹੇ ਹੋ ਤੇ ਖੱਤਰੀ ਹੋ ਕੇ ਸੁੰਦਰ ਛਵੀ ਪਾਈ ਹੈ। ਇਸ ਧਰਤੀ ਉੱਪਰ ਖਿਮਾਂ ਅਤੇ ਕਲਿਆਣ ਦੇ ਦਾਤੇ ਹੋ। ਜਿਹੜਾ ਵੀ ਤੁਹਾਡੇ ਨਾਲ ਗੁੱਸਾ ਕਰੇ, ਉਸ ਨੂੰ ਛੋਭ ਦੇਣ ਵਾਲੇ ਸ਼ਸਤਰਧਾਰੀ ਸੂਰਮੇ ਹੋ। ਲੱਖਾਂ ਹੀ ਮਲੇਛਾਂ ਦਾ ਨਾਸ਼ ਕਰਨ ਵਾਲੇ ਤੇ ਸੰਤਾਂ ਦੀ ਰੱਖਿਆ ਕਰਨ ਵਾਲੇ ਹੋ। ਆਪ ਜੀ ਦਾ ਬੀਰ ਰੂਪ ਦਾਸ ਦੇ ਹਿਰਦੇ ਵਿਚ ਵੱਸ ਕੇ ਲਸਦਾ ਹੈ॥ ੧੧॥

ਸਰੂਪੰ ਅਨੂਪੰ ਮਹਾਂ ਭੂਪ ਭੂਪੰ। ਉਧਾਰੋ ਪ੍ਰਭੂ ਜੋ ਪਰੇ ਮੋਹ ਕੂਪੰ।
ਨਿਸੇਸ਼ੰ ਦਿਨੇਸ਼ੰ ਜਲੇਸ਼ੰ ਧਨੇਸ਼ੰ । ਰਹੈਂ ਬੀਚ ਆਗਯਾ ਸੁ ਆਦੰ ਸੁਰੇਸ਼ੰ॥੧੨॥

ਤੁਹਾਡਾ ਅਨੁਪਮ ਸਰੂਪ ਹੈ ਤੇ ਤੁਸੀਂ ਮਹਾਰਾਜਿਆਂ ਦੇ ਵੀ ਮਹਾਰਾਜੇ ਹੋ। ਜਿਹੜੇ ਮੋਹ ਦੇ ਖੂਹ ਵਿਚ ਡੁੱਬ ਗਏ, ਉਨ੍ਹਾਂ ਦਾ ਵੀ ਤੁਸੀਂ ਕਲਿਆਣ ਕਰ ਦਿੰਦੇ ਹੋ। ਤੁਸੀਂ ਚੰਦ ਹੋ, ਸੂਰਜ ਹੋ, ਵਰੁਣ ਹੋ, ਤੇ ਕੁਬੇਰ ਹੋ, ਇੰਦਰ ਆਦਿਕ ਤੁਹਾਡੀ ਆਗਿਆ ਵਿਚ ਰਹਿੰਦੇ ਹਨ॥ ੧੨॥

ਪਗੰ ਪੰਕਜੰ ਪ੍ਰੇਮ ਪਾਗੇ ਪਰੇ ਹੈਂ। ਜਪੈਂ ਨਾਮ ਭੈ ਸਿੰਧੁ ਤੇਈ ਤਰੇ ਹੈਂ।
ਅਮੰਦੰ ਮੁਕੰਦੰ ਬਿਲੰਦੰ ਅਨੰਦੰ ! ਨਮੋ ਲੇਹੁ ਮੇਰੀ ਕਰੌਂ ਹਾਥ ਬੰਦੰ॥੧੩॥

ਤੁਹਾਡੇ ਚਰਨ ਕੰਵਲ ਪ੍ਰੇਮ ਵਿਚ ਲਪੇਟੇ ਹੋਏ ਪਏ ਹਨ। ਜਿਹੜੇ ਭੈ ਦੇ ਸਾਗਰ ਦਾ ਨਾਮ ਜਪਦੇ ਹਨ, ਉਹ ਤਰ ਜਾਂਦੇ ਹਨ। ਅੰਮ੍ਰਿਤ ਦਾਤੇ ਹੋ, ਮੁਕਤੀ ਦਾਤੇ ਹੋ, ਸਭ ਤੋਂ ਉੱਚੇ ਹੋ, ਅਨੰਦ ਦੇਣ ਵਾਲੇ ਹੋ। ਦੋਵੇਂ ਹੱਥ ਜੋੜ ਕੇ ਕੀਤੀ ਹੋਈ ਮੇਰੀ ਨਮਸਕਾਰ ਪ੍ਰਵਾਨ ਕਰੋ'' ॥ ੧੩॥

*ਨਿਸ਼ਾਨੀ ਛੰਦ-* ਬਿਨੈ ਪ੍ਰਸ਼ੰਸ਼ਾ ਸਾਧ ਤੇ ਸੁਨਿ ਹੰਸੇ ਕ੍ਰਿਪਾਲਾ।
'ਦਜਾਲ ਪੁਰੀ ! ਕਹੁ ਕਾਜ ਕਜਾ ਚਲਿ ਆਇ ਉਤਾਲਾ ?।
ਪਹੁੰਚਜੋ ਜੰਗਲ ਦੇਸ਼ ਮਹਿਂ ਤਜਿ ਕਰਿ ਘਰ ਬਾਰਾ।
ਕਹਾਂ ਕਾਮਨਾ ਉਰ ਭਈ ਕਜਾ ਮਤੋ ਬਿਚਾਰਾ ?' ॥ ੧੪॥

ਸਾਧੂ ਪਾਸੋਂ ਬੇਨਤੀ ਭਰੀ ਪ੍ਰਸੰਸਾ ਸੁਣ ਕੇ ਕਿਰਪਾਲੂ ਸਤਿਗੁਰੂ ਜੀ ਹੱਸ ਪਏ। ਕਹਿਣ ਲੱਗੇ, ''ਹੇ ਦਿਆਲਪੁਰੀ ! ਆਪਣਾ ਕਾਰਜ ਦੱਸੋ ਜਿਸ ਵਾਸਤੇ ਉਤਾਵਲੇ ਹੋ ਕੇ ਚਲ ਕੇ ਆਏ ਹੋ। ਆਪਣਾ ਘਰ-ਬਾਰ ਛੱਡ ਕੇ ਇਸ ਮਾਲਵੇ ਦੇਸ਼ ਵਿਚ ਪਹੁੰਚੇ ਹੋ। ਦਿਲ ਵਿਚ ਕਿਹੜੀ ਕਾਮਨਾ ਧਾਰਨ ਕੀਤੀ ਹੈ ਤੇ ਆਪਣੀ ਬੁੱਧੀ ਵਿਚ ਕੀ ਵਿਚਾਰ ਬਣਾਇਆ ਹੈ ?'' ॥ ੧੪॥

ਸੁਨਤਿ ਸਾਧ ਬੋਲਜੋ ਬਿਨੈ 'ਜਹਿਂ ਭਾ ਅਤਿ ਪਾਪਾ।
ਸਾਹਿਬਜ਼ਾਦੇ ਹਤਿ ਕਰੇ ਤਿਸ ਕੋ ਤੁਮ ਸ੍ਰਾਪਾ।
ਤਹਾਂ ਬਾਸ ਮੇਰੋ ਅਹੈ ਸਿਖ ਸੇਵਕ ਕੇਈ।
ਸੁਨਜੋਂ ਆਪ ਕੇ ਸ੍ਰਾਪ ਕੋ ਧਰਿ ਕਰਿ ਡਰ ਤੇਈ॥ ੧੫॥

ਇਹ ਸੁਣ ਕੇ ਸਾਧੂ ਬੋਲਿਆ, "ਜਿਸ ਸਥਾਨ ਵਿਖੇ ਅਤਿ ਪਾਪ ਹੋਏ ਹਨ, ਜਿੱਥੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਹੈ, ਉਸ ਸਥਾਨ ਨੂੰ ਤੁਸੀਂ ਸਰਾਪ ਦੇ ਦਿੱਤਾ ਹੈ। ਉਥੇ ਮੈਂ ਰਹਿੰਦਾ ਹਾਂ ਤੇ ਹੋਰ ਕਈ ਸਿੱਖ ਸੇਵਕ ਵੀ ਰਹਿੰਦੇ ਹਨ। ਜਦ ਦਾ ਤੁਹਾਡਾ ਸਰਾਪ ਸੁਣਿਆ ਹੈ ਤਾਂ ਅਸੀਂ ਉਸ ਦਾ ਵੱਡਾ ਡਰ ਧਾਰਨ ਕੀਤਾ ਹੈ॥ ੧੫॥

ਮਿਲਿ ਆਏ ਮੁਝ ਪਾਸ ਬਹੁ ਤਿਨ ਹੂੰ ਕੋ ਪ੍ਰੇਰਾ।
ਬਖਸ਼ਾਵਨ ਹਿਤ ਸਭਿ ਕਹਜੋ ਤਜਿ ਆਯੋ ਡੇਰਾ।
ਸ਼ਰਨ ਪਰਜੋ ਮੈਂ ਆਨਿ ਕਰਿ ਬਹੁ ਨਰਨ ਸਮੇਤਾ।
ਕ੍ਰਿਪਾ ਕਰਹੁ ਉਚਰਹੁ ਤਥਾ ਜਿਮ ਰਹੈਂ ਨਿਕੇਤਾ"॥ ੧੬॥

ਉਹ ਸਾਰੇ ਮਿਲ ਕੇ ਮੇਰੇ ਪਾਸ ਆਏ ਹਨ, ਉਨ੍ਹਾਂ ਦਾ ਪ੍ਰੇਰਿਆ ਹੋਇਆ ਮੈਂ ਏਥੇ ਆਇਆ ਹਾਂ। ਇਸ ਸਰਾਪ ਨੂੰ ਬਖਸ਼ਾਉਣ ਵਾਸਤੇ ਸਭ ਨੇ ਕਿਹਾ ਹੈ, ਇਸ ਕਰਕੇ ਮੈਂ ਆਪਣਾ ਡੇਰਾ ਛੱਡ ਕੇ ਆਇਆ ਹਾਂ। ਮੈਂ ਬਹੁਤ ਮਨੁੱਖਾਂ ਸਹਿਤ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਕਿਰਪਾ ਕਰਕੇ ਉਸ ਪ੍ਰਕਾਰ ਉਚਾਰਨ ਕਰੋ ਜਿਵੇਂ ਸਾਡੇ ਘਰ ਬਚੇ ਰਹਿਣ"॥ ੧੬॥

ਸੁਨੇ ਨੰਮ੍ਰਿ ਬਚ ਸਾਧ ਕੇ ਕਰਿ ਕ੍ਰਿਪਾ ਬਖਾਨਾ।
'ਮਿਲਜੋ ਆਨਿ ਬਖਸ਼ਜੋ ਤੁਝੈ ਪਹੁੰਚਹੁ ਨਿਜ ਥਾਨਾ।
ਚਢਿ ਕੋਠੇ ਪਰ ਖਰੇ ਹੁਇ ਲੇ ਸੰਖ ਬਜਾਵੈ।
ਜਹਿਂ ਜਹਿਂ ਤੇਰੀ ਸੇਵਕੀ ਤਹਿਂ ਤਿਨੈ ਸੁਨਾਵੈ॥ ੧੭॥

ਸਾਧੂ ਦੇ ਸਨਿੰਮਰ ਬਚਨਾਂ ਨੂੰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੂੰ ਆ ਕੇ ਮਿਲ ਪਿਆ ਹੈਂ, ਇਸ ਕਰਕੇ ਤੈਨੂੰ ਬਖਸ਼ ਦਿੱਤਾ ਹੈ, ਹੁਣ ਆਪਣੇ ਡੇਰੇ ਵਿਚ ਪਹੁੰਚੋ। ਕੋਠੇ ਉੱਪਰ ਚੜ੍ਹ ਕੇ ਖੜ੍ਹੇ ਹੋ ਕੇ ਸੰਖ ਵਜਾਵੇਂ, ਜਿੱਥੇ-ਜਿੱਥੇ ਤੇਰੀ ਸੇਵਕੀ ਹੈ, ਉਨ੍ਹਾਂ ਨੂੰ ਸੁਣਾਵੇਂ॥ ੧੭॥

ਜਹਿਂ ਜਹਿਂ ਪਹੁਚੈ ਸੰਖ ਧੁਨਿ ਤਹਿਂ ਤਹਿਂ ਰਹਿਂ ਬਾਸਾ।
ਅਪਰ ਪੁਰੀ ਫਿਟਕਨ ਕਰੀ ਹੁਇ ਸ਼ੀਘ੍ਰ ਬਿਨਾਸ਼ਾ।
ਗਹਿਰੀ ਨੀਵ ਨਿਕੇਤ ਬਡ ਸਭਿ ਖਾਕ ਮਿਲੈਂਗੇ।
ਨਰ ਨਾਰੀ ਪੀਟੈਂ ਘਨੇ ਦੁਖ ਪਾਇ ਰੁਲੈਂਗੇ॥ ੧੮॥

ਜਿੱਥੋਂ-ਜਿੱਥੋਂ ਤਕ ਸੰਖ ਦੀ ਆਵਾਜ਼ ਪਹੁੰਚੇਗੀ ਉਥੋਂ ਉਥੋਂ ਵਸੇਬਾ ਰਹੇਗਾ, ਹੋਰ ਨਗਰੀ ਫਿਟਕਾਰੀ ਗਈ ਹੈ, ਉਹ ਛੇਤੀ ਹੀ ਵਿਨਾਸ਼ ਹੋ ਜਾਵੇਗੀ। ਜਿਹੜੇ ਡੂੰਘੀਆਂ ਨੀਂਹਾਂ ਵਾਲੇ ਘਰ ਹਨ ਉਹ ਸਾਰੇ ਮਿੱਟੀ ਵਿਚ ਮਿਲ ਜਾਣਗੇ। ਇਸਤਰੀ ਪੁਰਸ਼ਾਂ ਨੂੰ ਬਹੁਤ ਮਾਰਨਗੇ, ਜਿਸ ਕਰਕੇ ਉਹ ਵੱਡਾ ਦੁਖ ਪਾ ਕੇ ਰੁਲਣਗੇ॥ ੧੮॥

ਜਹਿਂ ਬਜਾਰ ਤਹਿਂ ਹਲ ਫਿਰੈਂ ਮਮ ਪੰਥ ਉਜਾਰੈ।
ਤੁਰਤ ਤੁਰਕ ਕੋ ਗ਼ਰਕ ਕਰਿ ਲੂਟੈ ਅਰੁ ਮਾਰੈ।
ਰਹੈਂ ਚਿੰਨ੍ਹ ਕਿਤ ਕਿਤ ਪਰੇ ਨਹਿਂ ਸਦਨ ਦਿਖੈਂਗੇ।
ਪਰੈ ਆਪਦਾ ਭੀਖਨਾਂ ਤਬਿ ਸਰਬ ਲਖੈਂਗੇ॥ ੧੯॥

ਜਿੱਥੇ ਹੁਣ ਵੱਡਾ ਬਜ਼ਾਰ ਹੈ, ਉਸ ਨੂੰ ਮੇਰੇ ਸਿੰਘ ਫਿਰ ਕੇ ਉਜਾੜ ਦੇਣਗੇ। ਹਰ ਇਕ ਤੁਰਕ ਨੂੰ ਗਰਕ ਕਰ ਦੇਣਗੇ ਤੇ ਲੁੱਟ ਕੇ ਮਾਰ ਦੇਣਗੇ। ਕਿਤੇ-ਕਿਤੇ ਨਿਸ਼ਾਨੀ ਰਹਿ ਜਾਵੇਗੀ, ਪਰ ਬਣੇ ਹੋਏ ਘਰ ਦਿਖਾਈ ਨਹੀਂ ਦੇਣਗੇ। ਵੱਡੀ ਬਿਪਤਾ ਪਵੇਗੀ ਜਿਸ ਨੂੰ ਸਾਰੇ ਵੇਖਣਗੇ॥ ੧੯॥

ਤੁਵ ਢਿਗ ਰਹੈ ਬਜਾਰ ਇਕ ਹ੍ਵੈ ਅਪਰ ਉਜਾਰਾ।
ਮਾਰਿ ਲੂਟ ਪਲਟਾ ਲਹੈ ਬਡ ਪੰਥ ਹਮਾਰਾ'।
ਦਜਾਲਪੁਰੀ ਸੁਨਿ ਦਜਾਲ ਤੇ ਪੁਨ ਮਸਤਕ ਟੇਕਾ।
'ਧੰਨ ਗੁਰੂ ਪੂਰਨ ਪੁਰਖ ਤੁਮ ਜਲਧਿ ਬਿਬੇਕਾ'॥ ੨੦॥

ਤੇਰੇ ਨੇੜੇ ਇਕ ਬਜਾਰ ਬਚੇਗਾ, ਹੋਰ ਸਾਰੇ ਉਜੜ ਜਾਣਗੇ, ਲੁਟ-ਮਾਰ ਕਰਕੇ ਮੇਰੇ ਸਿੰਘ ਵੱਡਾ ਬਦਲਾ ਲੈਣਗੇ''। ਦਿਆਲਪੁਰੀ ਨੇ ਦਿਆਲੂ ਗੁਰੂ ਜੀ ਪਾਸੋਂ ਸੁਣ ਕੇ ਮੱਥਾ ਟੇਕਿਆ, ''ਹੇ ਪੂਰਨ ਪੁਰਖ ਗੁਰੂ ਜੀ ਤੁਸੀਂ ਧੰਨ ਹੋ, ਤੁਸੀਂ ਗਿਆਨ ਦੇ ਸਾਗਰ ਹੋ''॥ ੨੦॥

ਆਗਜਾ ਲੇ ਕਰਿ ਅਨੰਦ ਧਰਿ ਨਿਜ ਪੁਰਿ ਕੋ ਆਯੋ।
ਚੜਿ ਕੋਠੇ ਪਰ ਊਚ ਧੁਨਿ ਲੇ ਸੰਖ ਬਜਾਯੋ।
ਜਹਿਂ ਜਹਿਂ ਨਰ ਜਿਤ ਕਿਤ ਸੁਨੀ ਸੋ ਅਬਿ ਲੌ ਬਾਸਾ।
ਕਈ ਕੋਸ ਲੌ ਪੁਰਿ ਬਡੋ ਗੁਰ ਸ੍ਰਾਪ ਬਿਨਾਸ਼ਾ॥ ੨੧॥

ਦਿਆਲਪੁਰੀ ਆਗਿਆ ਲੈ ਕੇ ਅਨੰਦ ਧਾਰ ਕੇ ਆਪਣੇ ਨਗਰ ਨੂੰ ਆ ਗਿਆ ਤੇ ਕੋਠੇ ਉੱਪਰ ਚੜ੍ਹ ਕੇ ਉਸ ਉੱਚੀ ਆਵਾਜ਼ ਵਿਚ ਸੰਖ ਵਜਾਇਆ। ਜਿੱਥੇ-ਜਿੱਥੇ ਜਿਸ ਵੀ ਮਨੁੱਖ ਨੇ ਸੰਖ ਦੀ ਆਵਾਜ਼ ਸੁਣੀ, ਉਹ ਘਰ ਹੁਣ ਤਕ ਵੱਸਦੇ ਹਨ। ਕਈ ਕੋਹਾਂ ਤਕ ਬਹੁਤ ਵੱਡਾ ਨਗਰ ਫੈਲਿਆ ਹੋਇਆ ਸੀ, ਜਿਸ ਨੂੰ ਨਾਸ਼ ਹੋਣ ਦਾ ਗੁਰੂ ਜੀ ਨੇ ਸਰਾਪ ਦਿੱਤਾ ਸੀ॥ ੨੧॥

ਪਹੁੰਚੀ ਸੁਧਿ ਤੁਰਕਾਨ ਢਿਗ ਗੁਰ ਸ੍ਰਾਪ ਉਚਾਰਾ।
ਅਬਿ ਕਾਂਗੜ ਪੁਰ ਥਿਰ ਭਏ ਕਰਿ ਜੰਗ ਅਖਾਰਾ।
ਕਈ ਲਾਖ ਦਲ ਸੁਭਟ ਮੈਂ ਕਰਿਕੈ ਘਮਸਾਨਾ।
ਪਰਯੋ ਸ਼ੋਕ ਸਭਿ ਦੇਸ਼ ਮਹਿਂ ਲਾਖਹੁਂ ਰਿਪੁਹਾਨਾ॥ ੨੨॥

ਤੁਰਕਾਂ ਪਾਸ ਵੀ ਇਹ ਖ਼ਬਰ ਪੁੱਜੀ ਕਿ ਨਗਰ ਨੂੰ ਗੁਰੂ ਜੀ ਨੇ ਸਰਾਪ ਦਿੱਤਾ ਹੈ, ਹੁਣ ਕਾਂਗੜ ਨਗਰ ਵਿਚ ਬੈਠੇ ਹਨ ਤੇ ਜੰਗ ਦਾ ਅਖਾੜਾ ਲਾਉਣਗੇ। ਕਈ ਲੱਖ ਸੂਰਬੀਰ ਇਕੱਠੇ ਕਰਕੇ ਮੈਂ ਯੁੱਧ ਕਰਾਂਗਾ। ਸਭ ਦੇਸ਼ ਵਿਚ ਸੋਗ ਪਿਆ ਹੈ, ਲੱਖਾਂ ਹੀ ਵੈਰੀ ਮਾਰੇ ਹਨ॥ ੨੨॥

ਥਿਰਯੋ ਨਿਕਟ ਬਿਨ ਤ੍ਰਾਸ ਹ੍ਵੈ ਜਾਟਨ ਕੇ ਗ੍ਰਾਮਾ।
ਦੁਰਗ ਨਹੀਂ ਸੈਨਾ ਨਹੀਂ ਧਨ ਨਾਂਹਿ ਨ ਧਾਮਾ'।
ਸੁਨਿਕੈ ਖਾਨ ਵਜੀਦ ਤਬਿ ਲਿਖਿ ਪੱਤ੍ਰ ਪਠਾਵਾ।
'ਭੋ ਲਖਮੀਰ ਸ਼ਮੀਰ ! ਤੂੰ ਉਰ ਡਰ ਨਹਿਂ ਪਾਵਾ॥ ੨੩॥

ਜੱਟਾਂ ਦੇ ਪਿੰਡਾਂ ਵਿਚ ਕਿਸੇ ਡਰ ਤੋਂ ਬਗੈਰ ਠਹਿਰੇ ਹਨ। ਕੋਈ ਕਿਲ੍ਹਾ ਨਹੀਂ, ਸੈਨਾ ਨਹੀਂ, ਨਾ ਹੀ ਧਨ ਹੈ ਅਤੇ ਨਾ ਹੀ ਕੋਈ ਘਰ ਹੈ।'' ਇਹ ਸੁਣ ਕੇ ਵਜ਼ੀਦ ਖਾਂ ਨੇ ਫਿਰ ਚਿੱਠੀ ਲਿਖ ਕੇ ਭੇਜੀ, ''ਹੇ ਲਖਮੀਰ ਸ਼ਮੀਰ ! ਤੂੰ ਆਪਣੇ ਦਿਲ ਵਿਚ ਡਰ ਨਹੀਂ ਪਾਇਆ ਹੈ॥ ੨੩॥

ਪਤਿਸ਼ਾਹੀ ਬੰਦਾ ਤੁਹੀ ਗੁਰ ਦੁਸ਼ਮਨ ਸ਼ਾਹੂ।
ਗਹਿ ਦੀਜੈ ਹਮ ਕੋ ਅਬੈ ਬੈਠਯੋ ਤੁਮ ਪਾਹੂ।

ਨਾਂਹਿ ਤ ਪਕਰੈਂ ਸਭਨਿ ਕੋ ਦੇਂ ਦੰਡ ਸਜ਼ਾਈ।
ਲਸ਼ਕਰ ਆਵੈ ਉਮਡ ਕੈ ਕਰਿ ਲਿਹੁ ਤਕਰਾਈ॥ ੨੪ ॥

ਤੂੰ ਬਾਦਸ਼ਾਹੀ ਬੰਦਾ ਹੈਂ, ਤੇਰਾ ਗੁਰੂ ਬਾਦਸ਼ਾਹ ਦਾ ਦੁਸ਼ਮਣ ਹੈ, ਉਸ ਨੂੰ ਫੜ ਕੇ ਸਾਨੂੰ ਦੇਵੇ, ਹੁਣ ਤੁਹਾਡੇ ਪਾਸ ਬੈਠਾ ਹੈ। ਨਹੀਂ ਤਾਂ ਅਸੀਂ ਸਾਰਿਆਂ ਨੂੰ ਫੜਾਂਗੇ ਅਤੇ ਦੰਡ, ਸਜ਼ਾਵਾਂ ਦੇਵਾਂਗੇ। ਬਹੁਤ ਵੱਡਾ ਲਸ਼ਕਰ ਉਮਡ ਕੇ ਆਵੇਗਾ ਤਕੜਾਈ ਕਰ ਲਵੇ॥ ੨੪ ॥

ਭਲਾ ਚਹੈਂ ਗਹਿ ਲੀਜੀਐ ਕਿਤ ਨਹਿਂ ਚਲਿ ਜਾਈ'।
ਸੁਨਿ ਲਖਮੀਰ ਸ਼ਮੀਰ ਤਬਿ ਸਭਿ ਗਾਥ ਸੁਨਾਈ।
'ਹਮਰੇ ਇਹ ਗੁਰ ਪੀਰ ਹੈਂ ਬਿਚਰਤਿ ਚਲਿ ਆਏ।
ਕਿਮ ਨਹਿਂ ਠਾਨਹਿਂ ਸੇਵ ਕੋ ਜਿਨ ਤੇ ਗਤਿ ਪਾਏ॥ ੨੫ ॥

ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਫੜ ਲਵੋ, ਕਿਸੇ ਹੋਰ ਸਥਾਨ ਤੇ ਨਾ ਚਲੇ ਜਾਣ।" ਇਹ ਸੁਣ ਕੇ ਲਖਮੀਰ ਸ਼ਮੀਰ ਨੇ ਫਿਰ ਸਾਰੀ ਗਾਥਾ ਸੁਣਾਈ, "ਸਾਡੇ ਇਹ ਗੁਰੂ ਪੀਰ ਹਨ, ਵਿਚਰਦੇ ਚਲ ਕੇ ਆਏ ਹਨ, ਇਨ੍ਹਾਂ ਦੀ ਕਿਵੇਂ ਸੇਵਾ ਨਾ ਕਰੀਏ, ਜਿਨ੍ਹਾਂ ਪਾਸੋਂ ਅਸੀਂ ਮੁਕਤੀ ਪ੍ਰਾਪਤ ਕਰਦੇ ਹਾਂ॥ ੨੫ ॥

ਤੁਮ ਅਪਨੀ ਦਿਸ਼ ਦੇਖੀਏ ਪੀਰਨ ਕੋ ਸੇਵੋ।
ਘਰ ਰਾਖਹੁ ਭਾਖਹੁ ਮ੍ਰਿਦੁਲ ਸਭਿ ਕੁਛ ਪੁਨ ਦੇਵੋ'।
ਕਹਿ ਭੇਜਜੋ ਤਿਨ ਪਾਸ ਇਮ, ਪਠਿ ਮਾਨਵ ਰਾਖਾ।
'ਚਢਹਿ ਸੈਨ ਤੌ ਦੇਹਿ ਸੁਧਿ' ਸਵਧਾਨੀ ਭਾਖਾ॥ ੨੬ ॥

ਤੁਸੀਂ ਆਪਣੀ ਵੱਲ ਵੇਖੋ, ਤੁਸੀਂ ਪੀਰਾਂ ਦੀ ਸੇਵਾ ਕਰਦੇ ਹੋ, ਘਰ ਰੱਖ ਕੇ ਉਨ੍ਹਾਂ ਨਾਲ ਮਿੱਠਾ ਬੋਲਦੇ ਹੋ ਤੇ ਫਿਰ ਸਭ ਕੁਝ ਦਿੰਦੇ ਹੋ।" ਇਕ ਮਨੁੱਖ ਪਾਸ ਇਸ ਪ੍ਰਕਾਰ ਕਹਿ ਕੇ ਭੇਜਿਆ। ਉਸ ਨੂੰ ਇਹ ਵੀ ਕਿਹਾ, "ਸਾਵਧਾਨੀ ਰੱਖੋ, ਜਦ ਸੈਨਾ ਚੜ੍ਹ ਕੇ ਆਵੇ ਤਾਂ ਤੁਰਤ ਸਾਨੂੰ ਖਬਰ ਦੇਵੋ"॥ ੨੬ ॥

ਇਤ ਸਤਿਗੁਰ ਸਵਧਾਨ ਹ੍ਵੈ ਚਾਕਰ ਗਨ ਰਾਖੇ।
ਪੈਦਲ ਗਨ ਅਸਵਾਰ ਹਯ ਰਿਪੁ ਸਨ ਰਣ ਕਾਂਖੇ।
ਤਿਸੀ ਚੁਬਾਰੇ ਗੁਰ ਥਿਰੇ ਰਹਿਂ ਸਹਿਜ ਸੁਭਾਊ।
ਗਹੈਂ ਕਰਦ ਕੋ ਕਰ ਬਿਖੈ ਅੰਗੁਰੀ ਖੁਰਚਾਊ॥ ੨੭ ॥

ਏਧਰ ਸਤਿਗੁਰੂ ਜੀ ਨੇ ਸਾਵਧਾਨ ਹੋ ਕੇ ਬਹੁਤ ਨੌਕਰ ਰੱਖੇ। ਬਹੁਤ ਪੈਦਲ ਅਤੇ ਘੋੜ-ਸਵਾਰ ਰੱਖੇ, ਵੈਰੀ ਨਾਲ ਯੁੱਧ ਕਰਨਾ ਚਾਹੁੰਦੇ ਸਨ। ਉਸ ਚੁਬਾਰੇ ਵਿਚ ਗੁਰੂ ਜੀ ਸਹਿਜ ਸੁਭਾਅ ਟਿਕੇ ਰਹੇ। ਹੱਥ ਵਿਚ ਤਲਵਾਰ ਫੜਦੇ ਸਨ ਤੇ ਉਂਗਲੀ ਨੂੰ ਖੁਰਚਦੇ ਸਨ॥ ੨੭ ॥

ਇਕ ਦਿਨ ਥਿਰ ਲਖਮੀਰ ਢਿਗ ਬੋਲਜੇ ਕਰ ਬੰਦੇ।
'ਅੰਗੁਲੀ ਛੋਲਹੁ ਕਰਦ ਤੇ ਕੋ ਹੇਤ ਬਿਲੰਦੇ?'।
'ਕਾਟਤਿ ਜੜ੍ਹ ਤੁਰਕਾਨ ਕੀ ਅਤਿਸ਼ੈ ਦ੍ਰਿੜ ਜੋਈ।
ਨਸ਼ਟਹਿ ਸਕਲ ਭਵਿੱਖ ਮਹਿਂ ਪਾਇ ਨ ਕਿਤ ਕੋਈ'॥੨੮॥

ਇਕ ਦਿਨ ਲਖਮੀਰ ਪਾਸ ਬੈਠਾ ਹੱਥ ਜੋੜ ਕੇ ਬੋਲਿਆ, "ਉਂਗਲੀ ਨੂੰ ਤਲਵਾਰ ਨਾਲ ਖੁਰਚਦੇ ਹੋ, ਇਸ ਨਾਲ ਕਿਹੜਾ ਵੱਡਾ ਲਾਭ ਪ੍ਰਾਪਤ ਹੁੰਦਾ ਹੈ ?" ਗੁਰੂ ਜੀ ਕਹਿਣ ਲੱਗੇ, "ਤੁਰਕਾਂ ਦੀ ਜਿਹੜੀ ਬੜੀ ਡੂੰਘੀ ਜੜ੍ਹ ਹੈ, ਇਸ ਨੂੰ ਕੱਟਦੇ ਹਾਂ, ਇਹ ਭਵਿੱਖ ਵਿਚ ਨਸ਼ਟ ਹੋ ਜਾਵੇਗੀ, ਕੋਈ ਵੀ ਕਿਤੇ ਲੱਭੇਗਾ ਨਹੀਂ" ॥ ੨੮॥

ਮਾਨ ਸਿੰਘ ਭਾਖਯੋ ਤਬੈ 'ਕਰਿ ਹਾਨਿ ਇਮਾਨਾ।
ਪ੍ਰਥਮ ਨੁਰੰਗੇ ਕੋ ਹਤਹੁ ਮਚਿ ਦੂੰਦ ਜਹਾਨਾ।
ਆਦਿ ਵਜੀਦਾ ਜੇ ਅਹੈਂ ਅਘ ਕੇ ਫਲ ਪਾਵੈਂ।
ਜਗਤ ਬਿਲੋਕਤਿ ਜਾਨਿ ਹੈ ਪਾਪੀ ਖਪਿ ਜਾਵੈਂ' ॥ ੨੯ ॥

ਮਾਨ ਸਿੰਘ ਨੇ ਫਿਰ ਕਿਹਾ, "ਜਿਸ ਨੇ ਆਪਣਾ ਇਮਾਨ ਹੀ ਨਾਸ਼ ਕਰ ਦਿੱਤਾ ਹੈ, ਪਹਿਲਾਂ ਉਸ ਨੌਰੰਗੇ ਨੂੰ ਮਾਰੋ, ਜਿਹੜਾ ਜਹਾਨ ਵਿਚ ਦੂੰਦ ਮਚਾਉਣ ਵਾਲਾ ਹੈ। ਵਜੀਦਾ ਆਦਿ ਆਪਣੇ ਪਾਪ ਦਾ ਫਲ ਪਾਉਣ। ਜਗਤ ਇਹ ਵੇਖ ਕੇ ਜਾਣ ਲਵੇ ਕਿ ਪਾਪੀ ਖਤਮ ਹੋ ਗਏ ਹਨ" ॥ ੨੯॥

ਸ੍ਰੀ ਮੁਖ ਤੇ ਕਹਿ 'ਜੰਗ ਤੇ ਹਤਿ ਹੋਇ ਨੁਰੰਗਾ।
ਦੂਰ ਦੇਸ਼ ਦੱਛਨ ਬਿਖੈ ਹੈ ਅਨਬਨ ਢੰਗਾ।
ਤਊ ਫਤੇ ਕੋ ਖਤ ਲਿਖੇ ਪਢਿ ਕਰਿ ਮਰਿ ਜਾਈ।
ਅਪਰਨ ਤੇ ਪਲਟਾ ਲਹੈ ਮਮ ਪੰਥ ਬਡਾਈ' ॥ ੩੦ ॥

ਗੁਰੂ ਜੀ ਨੇ ਫਿਰ ਮੁਖ ਤੋਂ ਕਿਹਾ, "ਨੌਰੰਗਾ ਜੰਗ ਕਰਨ ਨਾਲ ਮਰ ਸਕਦਾ ਹੈ ਪਰ ਉਹ ਬਹੁਤ ਦੂਰ ਦੱਖਣ ਦੇਸ਼ ਵਿਚ ਹੈ, ਜਿਥੇ ਕਿਸੇ ਢੰਗ ਨਾਲ ਗੱਲ ਨਹੀਂ ਬਣਦੀ ਹੈ। ਫਿਰ ਵੀ ਫ਼ਤਹਿ ਦਾ ਖਤ ਲਿਖਦੇ ਹਾਂ, ਜਿਸ ਨੂੰ ਪੜ੍ਹ ਕੇ ਹੀ ਮਰ ਜਾਵੇਗਾ, ਹੋਰਨਾਂ ਪਾਸੋਂ ਮੇਰੇ ਸਿੰਘ ਬਦਲਾ ਲੈਣਗੇ" ॥ ੩੦॥

ਲਿਖਯੋ ਜ਼ਫਰਮਾਨਾ ਤਬੈ ਬਹੁ ਬੈਂਤ ਬਨਾਈ।
ਸ੍ਰੀ ਅਕਾਲ ਕਰਤਾ ਪੁਰਖ ਪੂਰਬ ਵਡਿਆਈ।
ਅਹਿਦ ਕਰਨਿ ਈਮਾਨ ਕੋ ਮਿਲਿਬੇ ਠਹਿਰਾਯੋ।
ਤੋਰਯੋ ਬੇਈਮਾਨ ਬਨਿ ਦਸ ਲਾਖ ਪਠਾਯੋ॥ ੩੧ ॥

ਫਿਰ ਗੁਰੂ ਜੀ ਨੇ ਜ਼ਫਰਨਾਮਾ ਲਿਖਿਆ, ਉਸ ਵਿਚ ਬਹੁਤ ਬੈਂਤ ਬਣਾਏ। ਪਹਿਲਾਂ ਸ੍ਰੀ ਅਕਾਲ ਪੁਰਖ, ਕਰਤਾ ਪੁਰਖ ਦੀ ਵਡਿਆਈ ਕੀਤੀ। ਧਰਮ ਦਾ ਇਕਰਾਰ ਕੀਤਾ ਸੀ ਤੇ ਮਿਲਣ ਵਾਸਤੇ ਠਹਿਰਾਇਆ ਸੀ, ਪਰ ਤੂੰ ਉਸ ਇਕਰਾਰ ਨੂੰ ਬੇਈਮਾਨ ਬਣ ਕੇ ਤੋੜ ਦਿੱਤਾ ਤੇ ਦਸ ਲੱਖ ਦਾ ਲਸ਼ਕਰ ਭੇਜਿਆ॥ ੩੧॥

ਬਹੁਰ ਜੰਗ ਚਮਕੌਰ ਕੋ ਬਰਨਯੋਂ ਕਰਿ ਥੋਰਾ।
ਉਪਾਲੰਭ 'ਦੋਜ਼ਕ ਪਰੈਂ ਜਹਿਂ ਸੰਕਟ ਘੋਰਾ।
ਬੇਇਨਸਾਫੀ ਤੈਂ ਕਰੀ ਬਡ ਚਹੈਂ ਸਜ਼ਾਈ।
ਅਸ਼ਟ ਦਿਵਸ ਕੀ ਸਾਹਿਬੀ ਕਰਿ ਲੈ ਮਨ ਭਾਈ' ॥ ੩੨ ॥

ਫਿਰ ਚਮਕੌਰ ਦੀ ਜੰਗ ਦਾ ਵੀ ਥੋੜਾ ਹਾਲ ਵਰਣਨ ਕੀਤਾ। ਉਲਾਂਭੇ ਦਿੱਤੇ, "ਤੂੰ ਦੋਜ਼ਕ ਵਿਚ ਪਵੇਂਗਾ ਜਿੱਥੇ ਵੱਡੇ ਸੰਕਟ ਝੱਲੇਂਗਾ। ਤੂੰ ਬੇਇਨਸਾਫੀ ਕੀਤੀ ਹੈ, ਇਸ ਕਰਕੇ ਤੈਨੂੰ ਵੱਡੀ ਸਜਾ ਮਿਲਣੀ ਚਾਹੀਦੀ ਹੈ, ਤੇਰੀ ਹੁਣ ਅੱਠਾਂ ਦਿਨਾਂ ਦੀ ਸਾਹਿਬੀ ਹੈ, ਮਨ-ਭਾਉਂਦੀ ਕਰ ਲੈ" ॥ ੩੨॥

ਦਾਸਤਾਨ ਬਦਸ਼ਹਿਨ ਕੀ ਅਰੁ ਕੇਤਿਕ ਆਨਾ।
ਲਿਖੇ ਬੈਂਤ ਕਰਿ ਸ਼ਾਇਰੀ ਚਤੁਰਈ ਮਹਾਨਾ।
ਜਸ ਜਸ ਆਸ਼ੇ ਕਹਿਨ ਕੋ ਸਮੁਝਾਵਨ ਹੇਤਾ।
ਕਹੇ ਪ੍ਰਸੰਗ ਅਨੇਕ ਤਸ ਸੁਨਿ ਮੂਢ ਅਚੇਤਾ॥ ੩੩॥

ਬਾਦਸ਼ਾਹਾਂ ਦੀਆਂ ਹਕਾਇਤਾ ਅਤੇ ਕਈ ਕੁਝ ਹੋਰ ਮਹਾਨ ਚਤੁਰ ਸ਼ਾਇਰੀ ਵਿਚ ਬੈਂਤ ਬਣਾ ਕੇ ਲਿਖੇ। ਜੈਸੇ-ਜੈਸੇ ਆਸ਼ੇ ਸੀ, ਉਨ੍ਹਾਂ ਨੂੰ ਸਮਝਾਉਣ ਵਾਸਤੇ ਅਨੇਕ ਪ੍ਰਸੰਗ ਕਹੇ, ਜਿਵੇਂ ਮੂਰਖ ਅਚੇਤ ਸੁਣ ਲਵੇ॥ ੩੩॥

*ਨੋਟ : ਦਾਸਤਾਨ ਜਾਂ ਹਕਾਇਤਾਂ ਦਾ ਜ਼ਫਰਨਾਮੇ ਨਾਲ ਪ੍ਰਸੰਗਕ ਤੌਰ ਤੇ ਕੋਈ ਸੰਬੰਧ ਨਹੀਂ ਹੈ। ਇਹ ਹਕਾਇਤਾਂ ਬਾਦਸ਼ਾਹ ਪਾਸ ਵੀ ਨਹੀਂ ਗਈਆਂ ਹਨ। ਜਾਪਦਾ ਹੈ ਕਿ ਫ਼ਾਰਸੀ ਵਿਚ ਹੋਣ ਕਰਕੇ ਕਿਸੇ ਲਿਖਾਰੀ ਨੇ ਇਹ ਇਕੱਠੀਆਂ ਲਿਖ ਦਿੱਤੀਆਂ ਹਨ ਤੇ ਇਕੱਠੀਆਂ ਤੁਰੀਆਂ ਆ ਰਹੀਆਂ ਹਨ।*

ਕੁਛਕ ਕਥਾ ਲਿਖਿ ਆਪਨੀ ਸਨਮੁਖ ਨੌਰੰਗੇ।
ਜਿਸ ਪੜ੍ਹਨੇ ਤੇ ਜਾਨਿ ਹੈ 'ਮੈਂ ਕੀਨਿ ਕੁਢੰਗੇ'।
'ਪਾਤਸ਼ਾਹੁ ਪ੍ਰਭੁ ਨੇ ਕਰੇ ਜਿਨ ਧਰਮ ਦ੍ਰਿੜਾਏ।
ਕੇਤਿਕ ਗਿਨ ਹੌਂ ਜਗਤ ਮੈਂ ਜਸ ਧਰਮ ਕਮਾਏ॥ ੩੪॥

ਨੌਰੰਗੇ ਦੇ ਸਾਹਮਣੇ ਕੁਝ ਆਪਣੀ ਕਥਾ ਵੀ ਲਿਖੀ, ਜਿਸਨੂੰ ਪੜ੍ਹ ਕੇ ਉਹ ਜਾਣ ਜਾਵੇ ਕਿ ਉਸ ਨੇ "ਬਹੁਤ ਮਾੜੇ ਕੰਮ ਕੀਤੇ ਸਨ।" "ਪਾਤਸ਼ਾਹ ਪ੍ਰਭੂ ਨੇ ਕੀਤੇ ਜਿਨ੍ਹਾਂ ਨੇ ਧਰਮ ਦ੍ਰਿੜ੍ਹਾਇਆ। ਮੈਂ ਜਗਤ ਵਿਚ ਕਈ ਗਿਣ ਸਕਦਾ ਹਾਂ, ਜਿਵੇਂ ਉਨ੍ਹਾਂ ਧਰਮ ਦੀ ਕਮਾਈ ਕੀਤੀ॥ ੩੪॥

ਤੂੰ ਨੌਰੰਗ ਪਤਿਸ਼ਾਹੁ! ਸੁਨਿ ਪਤਿਸ਼ਾਹੀ ਬੈਠਾ।
ਚਹੀਐ ਧਰਮ ਕਮਾਵਨੋ ਕਿਯ ਪਾਪ ਇਕੈਠਾ।
ਖ਼ਾਲਕ ਕੀ ਦਰਗਾਹ ਮਹਿਂ ਮੁਹ ਕਜਾ ਲੈ ਜਾਵੈਂ।
ਭਲਾ ਬੁਰਾ ਜੋ ਤੂੰ ਕੀਆ ਸੋ ਸੰਗ ਸਿਧਾਵੈ॥ ੩੫॥

ਤੂੰ ਨੌਰੰਗਾ ਬਾਦਸ਼ਾਹ! ਸੁਣ ਬਾਦਸ਼ਾਹਤ ਤੇ ਬੈਠਾ ਹੈਂ, ਤੈਨੂੰ ਧਰਮ ਕਮਾਉਣਾ ਚਾਹੀਦਾ ਸੀ ਕਿ ਪਾਪ ਇਕੱਠੇ ਕਰਨੇ ਸਨ। ਤੂੰ ਖਾਲਕ ਦੀ ਦਰਗਾਹ ਵਿਚ ਕਿਹੜਾ ਮੂੰਹ ਲੈ ਕੇ ਜਾਵੇਂਗਾ। ਜਿਹੜਾ ਤੂੰ ਏਥੇ ਭਲਾ ਬੁਰਾ ਕੀਤਾ ਹੈ, ਉਹ ਤੇਰੇ ਨਾਲ ਜਾਵੇਗਾ॥ ੩੫॥

ਪਹਿਲਾਂ ਲਿਖਿਆ ਮਿਲਨ ਕੋ ਦਿਲ ਦਗ਼ਾ ਕਮਾਯਾ।
ਫੌਜਾਂ ਚਾੜ੍ਹਿ ਅਗਿਨਤ ਹੀ ਘੇਰਾ ਕਰਿਵਾਯਾ।
ਕਜਾ ਇਨਸਾਫੀ ਤੁਝ ਕਰੀ ਕਰਿ ਮਨ ਅਭਿਮਾਨਾ।
ਝੂਠਾ ਪੜ੍ਹਹਿਂ ਕੁਰਾਨ ਤੂੰ ਨਹੀਂ ਅਮਲ ਕਮਾਨਾ॥ ੩੬॥

ਪਹਿਲਾਂ ਤੂੰ ਮੈਨੂੰ ਮਿਲਣ ਵਾਸਤੇ ਲਿਖਿਆ ਸੀ, ਪਰ ਦਿਲ ਵਿਚ ਦਗਾ ਕਮਾਇਆ। ਅਣਗਿਣਤ ਫੌਜਾਂ ਚਾੜ੍ਹ ਕੇ ਘੇਰਾ ਪਵਾ ਦਿੱਤਾ। ਤੂੰ ਕੈਸਾ ਇਨਸਾਫ ਕੀਤਾ ਹੈ, ਮਨ ਵਿਚ ਅਭਿਮਾਨ ਕਰਦਾ ਹੈਂ। ਤੂੰ ਝੂਠੀ ਮੂਠੀ ਦਾ ਕੁਰਾਨ ਪੜ੍ਹਦਾ ਹੈਂ, ਪਰ ਉਸ ਉੱਪਰ ਕਦੀ ਅਮਲ ਨਹੀਂ ਕਮਾਉਂਦਾ ਹੈਂ॥ ੩੬॥

ਜੇ ਤੂੰ ਕਹਹਿਂ ਕਿ ਸੰਗ ਮਮ ਇਨਸਾਫ ਕਮਾਈ।
ਸੋ ਸੁਨਿ ਦੇ ਕਰਿ ਕਾਨ ਕੋ ਸਭਿ ਕਹੌਂ ਬਨਾਈ।
ਏਕ ਸਿਲਾ ਪਰ ਬਸਤ ਥੋ ਕਿਸ ਗ੍ਰਾਮ ਨ ਰੋਕਾ।
ਦੇਸ਼ ਮੁਲਖ ਨਹਿਂ ਰੋਕਿਆ ਬਿਨ ਦਾਵੈ ਓਕਾ॥ ੩੭॥

ਜੇ ਤੂੰ ਇਹ ਕਹੇਂ ਕਿ ਮੇਰੇ ਨਾਲ ਇਨਸਾਫ ਕਮਾਇਆ ਹੈ ਤਾਂ ਕੰਨ ਦੇ ਕੇ ਸੁਣ ਮੈਂ ਸਭ ਕੁਝ ਬਣਾ ਕੇ ਕਹਿੰਦਾ ਹਾਂ। ਮੈਂ ਇਕ ਪਹਾੜ ਉੱਪਰ ਵਸਦਾ ਸੀ, ਕਿਸੇ ਪਹਾੜੀਏ ਦਾ ਕੋਈ ਪਿੰਡ ਨਹੀਂ ਸੀ ਮੱਲਿਆ। ਨਾ ਕਿਸੇ ਦਾ ਦੇਸ਼ ਮੁਲਕ ਰੋਕਿਆ ਸੀ ਤੇ ਨਾ ਹੀ ਕਿਸੇ ਦਾ ਦੇਸ਼ ਮੁਲਕ ਖੋਹ ਲਿਆ ਸੀ ਤੇ ਮੇਰਾ ਘਰ ਅਨੰਦਪੁਰ ਬਿਨ ਦਾਅਵੇ ਮੇਰਾ ਸੀ, ਕਿਉਂਕਿ ਉਹ ਸਾਡੀ ਜ਼ਰ-ਖਰੀਦ ਸੀ।

ਕਿਸ ਕੋ ਦੀਆ ਨ ਖਾਵਤੇ ਪ੍ਰਭੁ ਦੇਇ ਸੁ ਖਾਵੇਂ।
ਏਕ ਅਕਾਲ ਅਰਾਧਤੇ ਕਿਸ ਕੋ ਨ ਦੁਖਾਵੇਂ।
ਪ੍ਰਥਮ ਬਾਪ ਮਮ ਕੈਦ ਕਰਿ ਦੀਨੋ ਮਰਿਵਾਈ।
ਐਸੀ ਦਗ਼ੇ ਬਹਾਦਰੀ ਕਰਿ ਮਨ ਗਰਬਾਈ॥ ੩੮॥

ਕਿਸੇ ਦਾ ਦਿੱਤਾ ਨਹੀਂ ਖਾਂਦੇ ਸੀ, ਪ੍ਰਭੂ ਦਾ ਦਿੱਤਾ ਖਾਂਦੇ ਸੀ। ਇਕ ਅਕਾਲ ਪੁਰਖ ਨੂੰ ਮੰਨਦੇ ਸੀ, ਕਿਸੇ ਨੂੰ ਵੀ ਦੁਖਾਉਂਦੇ ਨਹੀਂ ਸੀ। ਪਹਿਲਾਂ ਮੇਰੇ ਬਾਪ ਨੂੰ ਕੈਦ ਕਰਕੇ ਮਰਵਾ ਦਿੱਤਾ। ਐਸੇ ਦਗ਼ੇ ਕਰਕੇ ਆਪਣੇ ਆਪ ਨੂੰ ਬਹਾਦਰ ਮੰਨ ਕੇ ਹੰਕਾਰ ਕਰਦਾ ਹੈਂ॥ ੩੮॥

ਜੈਸਾ ਬੇਇਨਸਾਫ ਤੂੰ ਤੈਸੇ ਸਭਿ ਰਾਜੇ।
ਸਿਖ ਸੰਗਤ ਮਮ ਮਾਰਿ ਕਰਿ ਬਹੁ ਕੀਨ ਅਕਾਜੇ।
ਸਿੱਖਣੀਆਂ ਗਨ ਹਨਿ ਦਈ ਬਹੁ ਲੂਟਿ ਖਜ਼ਾਨੇ।
ਬੇਇਨਸਾਫੀ ਇਹ ਕਰੀ ਮਨ ਸਮੁਝਿ ਇਆਨੇ॥ ੩੯॥

ਜਿਸ ਪ੍ਰਕਾਰ ਦਾ ਤੂੰ ਬੇਇਨਸਾਫ ਸੀ, ਉਸ ਤਰ੍ਹਾਂ ਦੇ ਹੀ ਸਾਰੇ ਰਾਜੇ ਸਨ। ਮੇਰੀ ਸਿੱਖ ਸੰਗਤ ਮਾਰ ਕੇ ਤੂੰ ਬਹੁਤ ਮਾੜਾ ਕੰਮ ਕੀਤਾ ਹੈ। ਖਜ਼ਾਨੇ ਲੁੱਟ ਕੇ ਤੂੰ ਬਹੁਤ ਸਿੱਖਣੀਆਂ ਵੀ ਮਾਰ ਦਿੱਤੀਆਂ ਹਨ। ਤੂੰ ਇਹ ਵੱਡੀ ਬੇਇਨਸਾਫੀ ਕੀਤੀ ਹੈ। ਹੇ ਮੂਰਖ! ਆਪਣੇ ਮਨ ਵਿਚ ਸਮਝ॥ ੩੯॥

ਬਿੱਨਜਾਈ ਹੈ ਤੁੱਧ ਘਰ ਪ੍ਰਭੁ ਕੇ ਘਰ ਨਾਂਹੀ।
ਭਲੀ ਬੁਰੀ ਜਸ ਕਰਤਿ ਹੈ ਤਸ ਫਲ ਸੋ ਪਾਹੀ।
ਦਸ ਲਖ ਤੁਰਕ ਪਹਾੜੀਏ ਘੇਰਾ ਬਡ ਕੀਨਾ।
ਕਸਮ ਜੁ ਗਊ ਕੁਰਾਨ ਕੀ ਕਰਿ ਖੰਡਨ ਕੀਨਾ॥ ੪੦॥

ਬੇਇਨਸਾਫੀ ਤੇਰੇ ਘਰ ਵਿਚ ਹੈ, ਪਰ ਪ੍ਰਭੂ ਦੇ ਘਰ ਵਿਚ ਨਹੀਂ। ਜਿਵੇਂ ਕੋਈ ਭਲਾ ਬੁਰਾ ਕਰਦਾ ਹੈ, ਉਸ ਪ੍ਰਕਾਰ ਦਾ ਹੀ ਉਹ ਫਲ ਪ੍ਰਾਪਤ ਕਰਦਾ ਹੈ। ਦਸ ਲੱਖ ਤੁਰਕਾਂ ਅਤੇ ਪਹਾੜੀਆਂ ਨੇ ਵੱਡਾ ਘੇਰਾ ਪਾਇਆ ਸੀ। ਗਊ ਕੁਰਾਨ ਦੀ ਕਸਮ ਖਾ ਕੇ ਫਿਰ ਖੰਡਣ ਕਰ ਦਿੱਤੀ, ਉਸ ਕਸਮ ਉੱਪਰ ਟਿਕੇ ਨਹੀਂ॥ ੪੦॥

ਨਿਕਸੇ ਜਬਿ ਹਮ ਵਹਿਰ ਕੋ ਦਲ ਪਾਛੇ ਸਾਰਾ।
ਲਰੈਂ ਸਿੰਘ ਪੁਨ ਚਲਤ ਹੀ ਚਮਕੌਰ ਸਿਧਾਰਾ।

ਸਿਖ ਚਾਲੀ ਮਮ ਸੰਗ ਥੇ ਸੋ ਲੜਿ ਕਰਿ ਜੂਝੇ।
ਛੁਧਾਵੰਤਿ ਸੋ ਕਜਾ ਕਰਹਿਂ ਬੇਅੰਤ ਪਹੂਚੇ॥ ੪੧॥

ਜਦ ਅਸੀਂ ਬਾਹਰ ਨਿਕਲੇ ਤਾਂ ਸਾਰਾ ਲਸ਼ਕਰ ਪਿੱਛੇ ਆ ਗਿਆ। ਸਿੰਘਾਂ ਨੇ ਯੁੱਧ ਕੀਤਾ ਅਤੇ ਚਲਦੇ-ਚਲਦੇ ਚਮਕੌਰ ਪਹੁੰਚ ਗਏ। ਮੇਰੇ ਨਾਲ ਕੇਵਲ ਚਾਲ੍ਹੀ ਸਿੰਘ ਸਨ, ਜਿਹੜੇ ਯੁੱਧ ਕਰਕੇ ਸ਼ਹੀਦ ਹੋ ਗਏ, ਭੁੱਖੇ ਤਿਹਾਏ ਕੀ ਕਰਦੇ ਜਦ ਗਿਣਤੀ ਰਹਿਤ ਬੇਅੰਤ ਲਸ਼ਕਰ ਪਹੁੰਚ ਗਿਆ॥ ੪੧॥

ਸਾਹਿਬਜ਼ਾਦੇ ਚਾਰ ਹੀ ਛਲ ਕਰਿ ਮਰਿਵਾਏ।
ਕਾਲਪੁਰਖ ਮਮ ਰਛ ਕਰੀ ਦੇ ਹਾਥ ਬਚਾਏ।
ਤਬਿ ਤੁਧ ਪੂਛਨ ਹੋਇਗੋ ਖਾਲਕ ਦਰ ਜਾਵੈਂ।
ਰਾਮਦਾਸ ਕਜਾ ਫੇੜਿਆ? ਕੀ ਮੁਖਹੁਂ ਅਲਾਵੈਂ॥ ੪੨॥

ਚਾਰੇ ਸਾਹਿਬਜ਼ਾਦੇ ਛਲ ਕਰਕੇ ਮਰਵਾ ਦਿੱਤੇ। ਅਕਾਲ ਪੁਰਖ ਨੇ ਮੇਰੀ ਰੱਖਿਆ ਕੀਤੀ ਹੈ ਤੇ ਹੱਥ ਦੇ ਕੇ ਬਚਾ ਲਿਆ ਹੈ। ਜਦ ਤੂੰ ਖਾਲਕ ਦੇ ਦਰਵਾਜ਼ੇ ਤੇ ਜਾਵੇਂਗਾ ਤਾਂ ਤੈਨੂੰ ਪੁੱਛਣਗੇ। ਵਾਹਿਗੁਰੂ ਦੇ ਦਾਸਾਂ ਨੇ ਤੇਰਾ ਕੀ ਵਿਗਾੜਿਆ ਹੈ? ਤਾਂ ਮੂੰਹ ਨਾਲ ਕੀ ਕਹੇਂਗਾ॥ ੪੨॥

ਕਜਾ ਜਵਾਬ ਤਬਿ ਦੇਹੁਂਗੇ ਤੁਮ ਕਰੀ ਅਨੀਤੀ।
ਖਬਰਦਾਰ ਤੂੰ ਹੁਇ ਰਹੋ ਹ੍ਵੈ ਹੈਂ ਭੈ ਭੀਤੀ।
ਖ਼ਾਲਕ ਕੀ ਦਰਗਾਹ ਮਹਿਂ ਹਉਂ ਦਾਵਨਗੀਰੀ।
ਉੱਤਰ ਕੋਇ ਨ ਆਵ ਹੈ, ਹ੍ਵੈ ਹੈਂ ਦਿਲਗੀਰੀ॥ ੪੩॥

ਫਿਰ ਤੂੰ ਕੀ ਜਵਾਬ ਦੇਵੇਂਗਾ, ਜਿਸ ਨੇ ਏਡਾ ਵੱਡਾ ਅਨਿਆਂ ਕੀਤਾ ਹੈ। ਤੂੰ ਖ਼ਬਰਦਾਰ ਹੋ ਕੇ ਰਹੋ, ਤੇਰੇ ਨਾਲ ਵੀ ਬਹੁਤ ਭਿਆਨਕ ਬੀਤੇਗੀ। ਖ਼ਾਲਕ ਦੀ ਦਰਗਾਹ ਵਿਚੋਂ ਲੈਣਦਾਰ ਆਉਣਗੇ। ਤੈਨੂੰ ਉਨ੍ਹਾਂ ਸਾਹਮਣੇ ਕੋਈ ਉੱਤਰ ਨਹੀਂ ਆਵੇਗਾ, ਫਿਰ ਬਹੁਤ ਦਿਲਗੀਰ ਹੋਵੇਂਗਾ॥ ੪੩॥

ਜੇਤੇ ਦੋਜ਼ਕ ਬਨੇਂ ਹੈ ਬਿਨਸਾਫਾਂ ਕਾਰਨ।
ਫੜ ਅਗਨੀ ਜਬਿ ਪਾਵਸਨ ਜਲਿ ਕਰੈਂ ਪੁਕਾਰਨ।
ਰੰਕ ਰਾਉ ਹੈਂ ਏਕ ਸਮ ਕੁਛ ਤਹਾਂ ਨ ਕਾਨੀ।
ਕੀੜੀ ਕੀ ਪਹਿਲੇ ਸੁਨੇ ਗਰਬਨਿ ਪਿਛਵਾਨੀ॥ ੪੪॥

ਜਿੰਨੇ ਵੀ ਦੋਜ਼ਕ ਬਣੇ ਹਨ, ਉਹ ਬੇਇਨਸਾਫ਼ਾਂ ਵਾਸਤੇ ਬਣੇ ਹਨ। ਫੜ ਕੇ ਜਦ ਅੱਗ ਵਿਚ ਸੁੱਟਦੇ ਹਨ ਤਾਂ ਸੜਦੇ ਹੋਏ ਪੁਕਾਰ ਕਰਦੇ ਹਨ। ਉਥੇ ਰਾਜਾ ਰੰਕ ਇਕ ਸਮਾਨ ਹੁੰਦੇ ਹਨ, ਉਥੇ ਕਿਸੇ ਦੀ ਐਂਠ ਨਹੀਂ ਚਲਦੀ। ਛੋਟਿਆਂ ਦੀ ਪਹਿਲਾਂ ਸੁਣਦੇ ਹਨ ਤੇ ਹੰਕਾਰੀਆਂ ਦੀ ਪਿੱਛੋਂ॥ ੪੪॥

ਜੋ ਮਨ ਤੋਰ ਗੁਮਾਨ ਹੈ ਮਿਹਨਤ ਜੌਂ ਖਾਵੈਂ।
ਰਾਜ ਅੰਸ ਨਹਿਂ ਖਾਤਿ ਹੌਂ ਮੈਂ ਬਖਸ਼ਜਾ ਜਾਵੈਂ।
ਸੋ ਗੁਮਾਨ ਤਵ ਝੂਠ ਹੈ ਘੋੜੇ ਜਵ ਖਾਹੀਂ।
ਉਇ ਭੀ ਵਲੀ ਨ ਹੁਇ ਗਏ ਭਾਰੇ ਮਰ ਜਾਹੀਂ॥ ੪੫॥

ਜਿਹੜਾ ਤੇਰੇ ਮਨ ਵਿਚ ਘੁਮੰਡ ਹੈ ਕਿ ਮੈਂ ਮਿਹਨਤ ਦੇ ਜੌਂ ਖਾਂਦਾ ਹਾਂ, ਰਾਜ ਵੰਸ ਨਹੀਂ ਖਾਂਦੇ ਹਨ, ਇਸ ਕਰਕੇ ਮੈਂ ਬਖਸ਼ਿਆ ਜਾਵਾਂਗਾ। ਇਹ ਤੇਰਾ ਘੁਮੰਡ ਵੀ ਝੂਠਾ ਹੈ, ਘੋੜੇ ਜੌਂ ਖਾਂਦੇ ਹਨ, ਉਹ ਵੀ ਵਲੀ ਨਹੀਂ ਹੋ ਜਾਂਦੇ, ਭਾਰ ਢੋਂਦੇ ਮਰ ਜਾਂਦੇ ਹਨ॥ ੪੫॥

ਵਲੀ ਨ ਹੋਯੋ ਤੁਰੰਗ ਕੋ, ਤੂੰ ਕਿਸ ਬਿਧਿ ਹੋਵੈਂ?।
ਝੂਠੇ ਕਰਹਿਂ ਗੁਮਾਨ ਤੂੰ ਅਕਬਤ ਸਭਿ ਖੋਵੈਂ।
ਜੋ ਰਿਦ ਤੋਰ ਗੁਮਾਨ ਹੈਂ ਮੈਂ ਪੜ੍ਹੌਂ ਕੁਰਾਨਾ।
ਇਮ ਬਖਸ਼ਿਸ਼ ਤੇ ਛੂਟਿ ਹੋਂ ਸਭਿ ਝੂਠ ਕਮਾਨਾ॥ ੪੬॥

ਜੇ ਘੋੜਾ ਵਲੀ ਨਾ ਹੋ ਸਕਿਆ ਤਾਂ ਤੂੰ ਕਿਸ ਵਿਧੀ ਨਾਲ ਵਲੀ ਹੋ ਜਾਵੇਂਗਾ ? ਤੂੰ ਝੂਠਾ ਹੰਕਾਰ ਕਰਦਾ ਹੈਂ ਤੇ ਪਰਲੋਕ ਗਵਾ ਲਿਆ ਹੈ। ਜਿਹੜਾ ਤੇਰੇ ਹਿਰਦੇ ਵਿਚ ਘੁਮੰਡ ਹੈ ਕਿ ਮੈਂ ਕੁਰਾਨ ਪੜ੍ਹਦਾ ਹਾਂ ਤੇ ਇਸ ਬਖਸ਼ਿਸ਼ ਨਾਲ ਛੁਟਕਾਰਾ ਪਾ ਲਵਾਂਗਾ, ਇਹ ਸਭ ਕੁਝ ਤੂੰ ਝੂਠ ਕਮਾ ਰਿਹਾ ਹੈਂ॥ ੪੬॥

ਮੁਖ ਤੇ ਪੜਹਿਂ ਕੁਰਾਨ ਕੋ ਦਿਲ ਕਪਟ ਵਿਸ਼ੇਖਾ।
ਅਮਲਾਂ ਬਾਝ ਨ ਬਖਸ਼ੀਏ ਗਿਨ ਮਨ ਮਹਿਂ ਦੇਖਾ।
ਲਿਖਿ ਕੁਰਾਨ ਪਛ ਦਗਰ ਪਰ ਸੋ ਵਲੀ ਨ ਥੀਆ।
ਵਲੀ ਜਾਨਿ ਬਡ ਆਪ ਕੋ ਕਿਮ ਗਰਬਤਿ ਹੀਆ॥ ੪੭॥

ਮੂੰਹ ਨਾਲ ਤੂੰ ਕੁਰਾਨ ਪੜ੍ਹਦਾ ਹੈਂ, ਪਰ ਤੇਰੇ ਦਿਲ ਵਿਚ ਵੱਡਾ ਕਪਟ ਹੈ। ਇਨਸਾਨ ਅਮਲਾਂ ਬਗੈਰ ਨਹੀਂ ਬਖਸ਼ਿਆ ਜਾਂਦਾ, ਇਹ ਮਨ ਵਿਚ ਗਿਣਤੀ ਕਰਕੇ ਵੇਖੀ ਹੈ। ਦਗਰ ਨਾਮੇ ਪੰਛੀ ਦੇ ਪਰਾਂ ਦੇ ਕੁਰਾਨ ਲਿਖੇ, ਪਰ ਵਲੀ ਨਾ ਹੋਇਆ, ਤੂੰ ਆਪਣੇ ਆਪ ਨੂੰ ਵਲੀ ਜਾਣ ਕੇ ਦਿਲ ਵਿਚ ਕਿਉਂ ਘੁਮੰਡ ਕਰਦਾ ਹੈਂ॥ ੪੭॥

ਜੇਕਰਿ ਤੁਝੈ ਗੁਮਾਨ ਯਹਿ ਮੈਂ ਬੰਦਗੀ ਕੈਹੌਂ।
ਪਠਿ ਰਵਾਇਤਾਂ ਦੋਇ ਚਾਰ ਇਮ ਬਖਸ਼ ਮਿਲੈ ਹੌਂ।
ਬੰਦਗੀ ਤਿਸਕਾ ਨਾਮ ਹੈ ਮਨ ਕਰੇ ਮੁਖਾਲਸ।
ਉਲਟਾ ਫਰਬਾ ਤੁਧ ਕੀਆ ਮਨ ਕੀਨੀ ਲਾਲਸ॥ ੪੮॥

ਜੇ ਤੈਨੂੰ ਇਹ ਘੁਮੰਡ ਹੈ ਕਿ ਮੈਂ ਇਹ ਕਹਿ ਦੇਵਾਂਗਾ ਕਿ ਮੈਂ ਬੰਦਗੀ ਕਰਦਾ ਹਾਂ, ਦੋ ਚਾਰ ਆਇਤਾਂ ਪੜ੍ਹ ਕੇ ਇੰਝ ਆਪਣੇ ਆਪ ਨੂੰ ਬਖਸ਼ਾ ਲਵਾਂਗਾ। ਅਸਲ ਬੰਦਗੀ ਤਾਂ ਉਸ ਦਾ ਨਾਮ ਹੈ ਜਿਹੜਾ ਆਪਣੇ ਮਨ ਨੂੰ ਪਵਿੱਤਰ ਕਰੇ, ਪਰ ਉਲਟਾ ਮਨ ਮੋਟਾ ਕੀਤਾ ਹੈ ਤੇ ਮਨ ਨੂੰ ਵੱਡਾ ਲਾਲਚੀ ਬਣਾ ਲਿਆ ਹੈ॥ ੪੮॥

ਮਨ ਕੀ ਖੁਸ਼ੀਆਂ ਤੁਧ ਕਰੀ ਪਿਤ ਭ੍ਰਾਤ ਮਰਾਏ।
ਬੰਦਗੀ ਤੁਧ ਕੌਨੈ ਕਰੀ? ਸਭਿ ਕਪਟ ਕਮਾਏ।
ਜੋ ਮਨ ਤੋਰ ਗੁਮਾਨ ਯਹਿ ਮੈਂ ਉਮਤ ਪਿਕੰਬਰ।
ਸੋ ਸ਼ਫਾਤ ਮਮ ਭਰੈਗੋ, ਤਿਨ ਕਹਜੋ ਬਿਚੰਬਰ॥ ੪੯॥

ਤੂੰ ਆਪਣੇ ਮਨ ਦੀਆਂ ਖੁਸ਼ੀਆਂ ਕੀਤੀਆਂ ਹਨ ਤੇ ਆਪਣਾ ਪਿਤਾ ਅਤੇ ਭਰਾ ਮਰਵਾਏ ਹਨ। ਤੂੰ ਕਿਹੜੀ ਬੰਦਗੀ ਕੀਤੀ ਹੈ ? ਸਭ ਕਪਟ ਹੀ ਕਮਾਏ ਹਨ। ਜਿਹੜਾ ਤੇਰੇ ਮਨ ਵਿਚ ਘੁਮੰਡ ਹੈ ਕਿ ਮੈਂ ਪੈਗੰਬਰ ਦੀ ਉਮਤ ਹਾਂ, ਉਹ ਮੇਰੀ ਸਿਫਾਰਸ਼ ਭਰਨਗੇ, ਜਿਵੇਂ ਅਕਾਸ਼ ਬਾਣੀ ਵਿਚ ਕਿਹਾ ਗਿਆ ਹੈ॥ ੪੯॥

ਮੈਂ ਸ਼ਫਾਤਿ ਤਿਸ ਕੀ ਭਰੋਂ ਮੁਝ ਅਮਰ ਕਮਾਵੈ।
ਤਜਣਿ ਜੋਗ ਜੋ ਬਾਤ ਹੈ ਤਿਸ ਤੇ ਹਟਿ ਜਾਵੈ।
ਜੋ ਕਮਾਵਨੀ ਤਿਨ ਕਹੀ, ਨਹਿੰ ਕਰੀ ਕਮਾਵਨ।
ਨਹਿੰ ਮਾਨੀ ਸੋ ਪੀਰ ਕੀ, ਕਜਾ ਕਰਹਿੰ ਛੁਡਾਵਨ॥ ੫੦॥

ਮੈਂ ਉਸ ਦੀ ਸ਼ਿਫਾਰਸ਼ ਕਰਦਾ ਹਾਂ ਜਿਹੜਾ ਮੇਰੇ ਹੁਕਮ ਦੀ ਕਮਾਈ ਕਰੇ। ਛੱਡਣ ਵਾਲੀ ਜਿਹੜੀ ਗੱਲ ਹੈ, ਉਸ ਨੂੰ ਛੱਡ ਦੇਵੇ। ਜੋ ਕਮਾਉਣੀ ਉਸ ਕਹੀ ਹੈ ਸੋ ਨਹੀਂ ਕਮਾਈ ਹੈ, ਜੇ ਪੀਰ ਦੀ ਗੱਲ ਹੀ ਨਹੀਂ ਮੰਨੀ ਹੈ ਤਾਂ ਉਹ ਕਿਵੇਂ ਛੁਡਵਾ ਲਵੇਗਾ॥ ੫੦॥

ਮਾਇਆ ਦੁਨੀਆਂ ਕਰੰਗ ਹੈ ਤਿਸ ਤਾਲਬ ਕੁੱਤਾ।
ਤੋ ਕੋ ਨਹਿੰ ਬਖਸ਼ਾਵ ਹੈ, ਸਭਿ ਕਰਮ ਅਵੱਤਾ।
ਜੋ ਮਨ ਤੋਰ ਗੁਮਾਨ ਇਮ ਬੁਤ ਕਰੀ ਸ਼ਿਕਸਤੀ।
ਸੋ ਘਰ ਘਰ ਬਹੁਤੇ ਬਨੇ ਹੋਈ ਆਰਸਤੀ॥ ੫੧॥

ਮਾਇਆ ਦੁਨੀਆਂ ਕਰੰਗ ਹੈ, ਤੇ ਉਸ ਦਾ ਚਾਹਵਾਨ ਕੁੱਤਾ ਹੈ। ਉਹ ਤੈਨੂੰ ਬਖਸ਼ਾਵੇਗਾ ਨਹੀਂ, ਤੇਰੇ ਸਾਰੇ ਕਰਮ ਪੁੱਠੇ ਹਨ। ਜਿਹੜਾ ਤੇਰੇ ਮਨ ਵਿਚ ਗੁਮਾਨ ਹੈ ਕਿ ਤੂੰ ਬੁੱਤ ਤੋੜੇ ਹਨ, ਉਹ ਸਜਾਵਟ ਵਾਸਤੇ ਘਰ-ਘਰ ਬਹੁਤ ਬਣੇ ਹੋਏ ਹਨ॥ ੫੧॥

ਹਿੰਦੂ ਸੱਭਿ ਅਰਾਧਤੇ ਟੇਕੈਂ ਧਰਿ ਮਾਥਾ।
ਇਕ ਭੰਗਨਿ ਤੇ ਲਖ ਬਨੇ ਇਹ ਜਾਨਹੁ ਗਾਥਾ।
ਜੋ ਗੁਮਾਨ ਹੈ ਸ਼ਰੇ ਕੋ ਇਹ ਬਖਸ਼ਿਸ਼ ਹੋਵੈ।
ਸਭੀ ਸ਼ਰੇ ਮਹਿੰ ਬੰਧੇ ਹੈਂ ਕਿਮ ਬਖਸ਼ਨ ਜੋਵੈਂ॥ ੫੨॥

ਸਾਰੇ ਹਿੰਦੂ ਇਨ੍ਹਾਂ ਦੀ ਅਰਾਧਣਾ ਕਰਦੇ ਹਨ ਤੇ ਧਰਤੀ ਤੇ ਸਿਰ ਰੱਖ ਕੇ ਮੱਥਾ ਟੇਕਦੇ ਹਨ। ਇਕ ਭੰਨਣ ਨਾਲ ਲੱਖਾਂ ਬਣਦੇ ਹਨ, ਇਹ ਗਾਥਾ ਚੰਗੀ ਤਰ੍ਹਾਂ ਸਮਝੋ। ਜਿਹੜਾ ਤੈਨੂੰ ਸ਼ਰ੍ਹਾ ਦਾ ਗੁਮਾਨ ਹੈ, ਇਸ ਕਰਕੇ ਤੂੰ ਬਖਸ਼ਿਆ ਜਾਵੇਂਗਾ, ਸਾਰੇ ਹੀ ਸ਼ਰ੍ਹਾ ਵਿਚ ਬੱਝੇ ਹੋਏ ਹਨ, ਕਿਵੇਂ ਆਪਣੇ ਆਪ ਨੂੰ ਬਖਸ਼ਿਆ ਗਿਆ ਸਮਝਦਾ ਹੈਂ॥ ੫੨॥

ਪੰਥ ਸ਼ਰ੍ਹਾ ਕਰਿ ਬਖਸ਼ ਹੁਇ ਕਜੋਂ ਭਜਨ ਕਰੈ ਕੋ।
ਸੰਤ ਜਨਾ ਕੀ ਸੇਵਕੀ ਕਜੋਂ ਜਾਇ ਕਰੈ ਕੋ।
ਸਾਹਿਬ ਲੋਕੈਂ ਖੁਸ਼ੀ ਬਿਨ ਨਹਿੰ ਦਰਗਹ ਬਾਸਾ।
ਬਿਨ ਸਾਹਿਬ ਕੀ ਬੰਦਗੀ ਕੂਰਾ ਭਰਵਾਸਾ॥ ੫੩॥

ਸ਼ਰ੍ਹਾ ਦੇ ਰਾਹ ਚਲ ਕੇ ਕਿਵੇਂ ਕੋਈ ਬਖਸ਼ਿਆ ਜਾਵੇ, ਫਿਰ ਕੋਈ ਭਜਨ ਕਿਉਂ ਕਰੇ। ਫਿਰ ਸੰਤ ਜਨਾਂ ਦੀ ਸੇਵਕੀ ਜਾ ਕੇ ਕਿਉਂ ਕਰੇ। ਮਹਾਤਮਾ ਦੀ ਖੁਸ਼ੀ ਬਿਨਾਂ ਦਰਗਾਹ ਵਿਚ ਵਾਸਾ ਨਹੀਂ ਹੋ ਸਕਦਾ। ਸਾਹਿਬ ਦੀ ਬੰਦਗੀ ਬਗੈਰ, ਹੋਰ ਸਭ ਝੂਠਾ ਭਰਵਾਸਾ ਹੈ॥ ੫੩॥

ਜੋ ਤੂੰ ਕਰਹਿੰ ਗੁਮਾਨ ਯਹਿ ਜਸੁ ਕਰਿ ਸਭਿ ਮੇਰਾ।
ਇਤ ਕਰਿ ਬਖਸ਼ਨ ਹੋਇਗੀ ਬਿਨ ਲੋਭ ਨ ਹੇਰਾ।

ਲਾਲਚ ਕਰਿ ਜੋ ਕਰਤਿ ਥੇ ਤਿਨ ਨਰਕ ਲਿਜਾਹੀ।
ਫਿਰਾਹੂਨ ਪ੍ਰਭੁ ਤੇ ਭਏ ਬਹੁ ਮਿਲੈਂ ਸਜਾਈਂ॥ ੫੪॥

ਜਿਹੜਾ ਤੂੰ ਇਹ ਹੰਕਾਰ ਕਰਦਾ ਹੈਂ ਕਿ ਇਹ ਸਾਰੇ ਤੇਰਾ ਜੱਸ ਕਰਦੇ ਹਨ ਇਸ ਕਰਕੇ ਤੂੰ ਬਖਸ਼ਿਆ ਜਾਵੇਂਗਾ, ਪਰ ਜੱਸ ਨੂੰ ਲੋਭ ਤੋਂ ਬਗੈਰ ਨਹੀਂ ਵੇਖੀਦਾ। ਲਾਲਚ ਕਰਕੇ ਜਿਹੜੇ ਜੱਸ ਕਰਦੇ ਸਨ, ਉਹ ਨਰਕਾਂ ਵਿਚ ਜਾਣਗੇ, ਉਹ ਪਰਮੇਸਰ ਤੋਂ ਇਨਕਾਰੀ ਹੋਣ ਕਰਕੇ ਬਹੁਤ ਸਜਾਵਾਂ ਪ੍ਰਾਪਤ ਕਰਨਗੇ॥ ੫੪॥

ਸਾਹਿਬ ਸਤਾਰ ਜੁ ਦਿਲ ਗਨੈਂ ਸੋ ਬਖਸ਼ਿਸ਼ ਮੋਹੀ।
ਸਿਫਤ ਕਹਾਰ ਸਤਾਰ ਹੈ ਸਾਹਿਬ ਕੀ ਦੋ ਹੀ।
ਤੁਝ ਨੇ ਕਿਸ ਕੇ ਊਪਰੇ ਮਨਸਾ ਜਿਯ ਧਾਰੀ।
ਕਰੀ ਕਹਾਰੀ ਕਹਿਰ ਹੁਇ ਜੁ ਸਤਾਰ ਸਤਾਰੀ॥ ੫੫॥

ਜੇ ਤੂੰ ਕਹੇਂ ਕਿ ਸਾਹਿਬ ਜੋ ਭਾਵੇਂ ਦਿਲਾਂ ਦੀਆਂ ਜਾਣਦਾ ਹੈ, ਪਰ ਉਹ ਪੜਦੇ ਢੱਕ ਲੈਂਦਾ ਹੈ, ਸੋ ਮੈਨੂੰ ਵੀ ਬਖਸ਼ੇਗਾ ਤਾਂ ਉਸ ਦੀਆਂ ਦੋਵੇਂ ਸਿਫਤਾਂ ਹਨ, ਉਹ ਸਤਾਰ ਹੈ, ਪਰ ਕਹਾਰ ਵੀ ਹੈ ਭਾਵ ਕਹਿਰ ਕਰਨ ਵਾਲਾ ਵੀ ਹੈ। ਤੂੰ ਕਿਸ ਸਿਫਤ ਉੱਤੇ ਆਪਣੀ ਭਾਵਨਾ ਧਾਰੀ ਹੈ, ਜੇ ਤੂੰ ਕਹਿਰ ਕੀਤੇ ਤਾਂ ਤੇਰੇ ਉਤੇ ਕਹਿਰ ਹੋਵੇਗਾ, ਜੇ ਤੂੰ ਪੜਦੇ ਢੱਕੇ ਹਨ ਤਾਂ ਤੇਰੇ ਪੜਦੇ ਢੱਕੇਗਾ॥ ੫੫॥

ਕਿੱਕਰ ਬੀਜੈ ਅੰਬ ਮਿਲੈ ਨਹਿਂ ਹੋਇ ਕਦਾਪੀ।
ਜੈਸਾ ਬੀਜੇ ਲੁਣੈ ਸੋ ਜੋ ਕਰੀਐ ਆਪੀ।
ਬਦਲਾ ਲੇਵੈ ਖਾਲਸਾ ਛੋਡੈ ਕਬਿ ਨਾਂਹੀ।
ਜੇਤਿਕ ਦੁਖ ਕਿਸ ਦੇਹਿਗੋ ਤੇਤਿਕ ਸੋ ਪਾਹੀ'॥ ੫੬॥

ਕਿੱਕਰ ਬੀਜ ਕੇ ਅੰਬ ਮਿਲੇ, ਇਹ ਕਦੇ ਵੀ ਨਹੀਂ ਹੋ ਸਕਦਾ, ਜੈਸਾ ਕੋਈ ਬੀਜਦਾ ਹੈ, ਵੈਸਾ ਹੀ ਪ੍ਰਾਪਤ ਕਰਦਾ ਹੈ। ਜੋ ਕੁਝ ਮਨੁੱਖ ਆਪ ਹੀ ਕਰਦਾ ਹੈ, ਭਾਵ ਤੂੰ ਕਿਸੇ ਦੇ ਪੜਦੇ ਨਹੀਂ ਢੱਕੇ ਤੇਰੇ ਕਰਤਾਰ ਕਿਉਂ ਢੱਕੇਗਾ। ਖਾਲਸਾ ਇਸ ਦਾ ਬਦਲਾ ਲਵੇਗਾ, ਕਦੀ ਵੀ ਨਹੀਂ ਛੱਡੇਗਾ। ਜਿੰਨਾ ਦੁਖ ਕੋਈ ਕਿਸੇ ਨੂੰ ਦਿੰਦਾ ਹੈ, ਓਨਾ ਪ੍ਰਾਪਤ ਕਰ ਲੈਂਦਾ ਹੈ' ॥ ੫੬॥

ਗ਼ਜ਼ਲ ਰੁਬਾਈ ਗਨ ਲਿਖੀ 'ਪੈਕੰਬਰ ਪੁੰਜਾ।
ਤੋਹਿ ਸਹਾਇਕ ਕੋ ਨਹੀਂ ਈਮਾਨ ਪ੍ਰਭੰਜਾ'।
ਜਿਨ ਕੋ ਪਢਿ ਗ਼ੈਰਤ ਕਰੈ ਨਿਜ ਲਖੈ ਢਿਠਾਈ।
ਮਰਹਿ ਬਿਸੂਰਤਿ ਸਮੁਝਿਕੈ, ਗੁਰ ਲਿਖਿ ਸਮੁਦਾਈ॥ ੫੭॥

ਗ਼ਜ਼ਲ ਰੁਬਾਈਆਂ ਬਹੁਤ ਲਿਖੀਆਂ, "ਸਾਰੇ ਪੈਗੰਬਰਾਂ ਵਲੋਂ ਤੇਰਾ ਸਹਾਈ ਕੋਈ ਨਹੀਂ, ਕਿਉਂਕਿ ਤੂੰ ਈਮਾਨ ਤੋੜਿਆ ਹੈ।" ਜਿਸ ਨੂੰ ਪੜ੍ਹ ਕੇ ਗ਼ੈਰਤ ਕਰੇ ਤੇ ਸ਼ਰਮ ਆਵੇ ਆਪਣੀ ਢੀਠਤਾਈ ਸਮਝੇ। ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਬੈਂਤ ਲਿਖੇ ਜਿਨ੍ਹਾਂ ਨੂੰ ਸਮਝ ਕੇ ਝੁਰ ਝੁਰ ਕੇ ਮਰ ਜਾਵੇ॥ ੫੭॥

*ਛੇਵੀਂ ਰੁੱਤ ਦਾ ਸਤਵੰਜਵਾਂ ਅਧਿਆਇ ਸਮਾਪਤ ਹੋਇਆ॥ ੫੭॥*

☆☆☆

# ਅਧਿਆਇ ਅਠਵੰਜਵਾਂ

### ਜ਼ਫ਼ਰਨਾਮਾ ਭੇਜਣਾ, ਦੀਨਿਓਂ ਚੜ੍ਹਨਾ

ਦੋਹਰਾ- ਇਸ ਪ੍ਰਕਾਰ ਲਿਖਿ ਸਤਿਗੁਰੂ ਤੁਰਕ ਤਰਕ ਸਮੁਦਾਇ।
ਪੀਛੇ ਅਮਲ ਤਰੀਫ ਲਿਖਿ ਜਿਸ ਪਠਿ ਉਰ ਜਰ ਜਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਤੁਰਕ ਬਾਦਸ਼ਾਹ ਬਾਰੇ ਸਾਰੀਆਂ ਦਲੀਲਾਂ ਲਿਖੀਆਂ। ਦਲੀਲਾਂ ਦੇ ਮਗਰੋਂ ਸ਼ੁਭ ਗੱਲਾਂ ਤੇ ਅਮਲ ਕਰਨ ਦੀ ਮਹਿਮਾਂ ਲਿਖੀ, ਜਿਸ ਨੂੰ ਪੜ੍ਹ ਕੇ ਹਿਰਦੇ ਵਿਚ ਸੜ ਜਾਵੇ॥ ੧॥

*ਨਿਸ਼ਾਨੀ ਛੰਦ-* 'ਕਰਤਿ ਰਹਜੋ ਲਖਿ ਭਲੀ ਜੋ ਅਰੁ ਸ਼ਰ੍ਹਾ ਚਲਾਈ।
ਨਿਜ ਤੋਰਾ ਕਰਿ ਜਹਿਂ ਕਹਾਂ ਸਭਿ ਤੇ ਕਰਿਵਾਈ।
ਕਰਤਿ ਰਹਜੋ ਮੈਂ ਅਮਲ ਸ਼ੁਭ ਇਮ ਧਰੈਂ ਗੁਮਾਨਾ।
ਨਹਿਂ ਸਜ਼ਾਇ ਦੋਜ਼ਕ ਬਨੈ ਇਹ ਨਿਸ਼ਚੈ ਠਾਨਾ॥ ੨॥

"ਇਹ ਸਮਝ ਕੇ ਕਿ ਮੈਂ ਭਲੀ ਸ਼ਰ੍ਹਾ ਚਲਾਈ ਸੀ, ਆਪਣਾ ਹੁਕਮ ਜਾਰੀ ਕਰਕੇ ਜਿੱਥੇ ਕਿੱਥੇ ਸਭ ਤੋਂ ਕਰਵਾਈ ਹੈ। ਮੈਂ ਸ਼ੁਭ ਅਮਲ ਕਰਦਾ ਰਿਹਾ ਹਾਂ, ਇਸ ਪ੍ਰਕਾਰ ਹੰਕਾਰ ਧਾਰਨ ਕਰਦਾ ਸੀ। ਮੈਨੂੰ ਦੋਜ਼ਕ ਦੀ ਸਜ਼ਾ ਨਹੀਂ ਬਣਦੀ ਹੈ, ਇਹ ਨਿਸ਼ਚਾ ਧਾਰਨ ਕੀਤਾ ਸੀ॥ ੨॥॥

ਤਿਸ ਹੀ ਕੋ ਖੰਡਨ ਕਰਜੋ ਲਿਖਿ ਲਿਖਿ ਗੁਰ ਪੂਰੇ।
ਸਕਲ ਜਨਾਈ ਤੁਰਕ ਕੋ 'ਹੁਇ ਨਰਕ ਜ਼ਰੂਰੇ।
ਸਾਹਿਬਜ਼ਾਦੇ ਚਾਰ ਹੂੰ ਛਲ ਕਰਿ ਮਰਿਵਾਏ।
ਮਹਾਂ ਪਾਪ ਇਹ ਤੋਹਿ ਸਿਰ, ਕਰਿ ਅਹਿਦ ਮਿਟਾਏ॥ ੩॥

ਪੂਰੇ ਸਤਿਗੁਰੂ ਜੀ ਨੇ ਲਿਖ-ਲਿਖ ਕੇ ਉਸ ਦੀਆਂ ਗੱਲਾਂ ਦਾ ਹੀ ਖੰਡਣ ਕੀਤਾ, ਤੁਰਕ ਨੂੰ ਸਾਰੀ ਗੱਲ ਜਤਾਈ, "ਤੂੰ ਜ਼ਰੂਰ ਨਰਕਾਂ ਵਿਚ ਜਾਵੇਂਗਾ। ਚਾਰੇ ਸਾਹਿਬਜ਼ਾਦੇ ਤੂੰ ਛਲ ਕਰਕੇ ਮਰਵਾਏ, ਇਹ ਤੇਰੇ ਸਿਰ ਉੱਪਰ ਮਹਾਂ ਪਾਪ ਹੈ, ਜਿਹੜੇ ਤੂੰ ਵਾਹਦੇ ਕਰ ਕਰ ਕੇ ਤੋੜ ਲਏ॥ ੩॥

ਅਵਰੰਗ ਪਦਰਹਿ ਪਦਰ ਕੋ ਤਿਸ ਪਦਰ ਬਹੋਰੀ।
ਲਿਖੀ ਸਪਤ ਅਜਬਾ ਤਬੈ ਸੋ ਹੈਂ ਕਿਤ ਠੌਰੀ।
ਮਰੇ ਖਾਕ ਮਹਿਂ ਮਿਲ ਗਏ ਕੋ ਇਕ ਦਿਨ ਬਾਜੀ।
ਹਾਰ ਚਲੇ ਕਰ ਝਾਰਿ ਕਰਿ ਸਾਚੀ ਲਖਿ ਪਾਜੀ?'॥ ੪॥

ਨੌਰੰਗੇ ਦਾ ਪਿਤਾ ਸ਼ਾਹਜਹਾਂ ਤੇ ਉਸ ਦਾ ਪਿਤਾ ਜਹਾਂਗੀਰ ਤੇ ਉਸ ਦਾ ਪਿਤਾ ਅਕਬਰ, ਇਨ੍ਹਾਂ ਤੇਰਿਆਂ ਵਡੇਰਿਆਂ ਦੇ ਅਜੀਬ ਹਾਲਾਤ ਲਿਖੇ ਹਨ, ਉਹ ਦੱਸ ਤੇਰੇ ਵੱਡੇ ਹੁਣ ਕਿੱਥੇ ਹਨ। ਮਰ ਕੇ ਮਿੱਟੀ ਵਿਚ ਮਿਲ ਗਏ ਹਨ ਭਾਵ ਇਹ ਕੁਝ ਦਿਨਾਂ ਦੀ ਖੇਡ ਹੈ। ਹੇ ਪਾਜੀ! ਕੀ ਤੂੰ ਇਹ ਸੱਚੀ ਸਮਝੀ ਹੈ? ਸਾਰੇ ਹੱਥ ਝਾੜ ਕੇ ਚਲੇ ਗਏ ਹਨ'॥ ੪॥

ਇੱਤਜਾਦਿਕ ਲਿਖਿ ਬੈਤ ਮਹਿਂ ਸ਼ੁਭ ਗਿਰਾ ਬਨਾਈ।
ਜਿਸਕੋ ਪਠਿ ਗ਼ਮ ਕੋ ਕਰੈ ਤੂਰਨ ਮਰਿ ਜਾਈ।
'ਤਿਸ ਪਸ਼ਚਾਤੀ ਸਭਿਨਿ ਤੇ ਪਲਟਾ ਹਮ ਲੈਹੈਂ।
ਮਾਰਿ ਛਾਰ ਕਰਿ ਤੁਰਕ ਗਨ ਸਭਿ ਰਾਜ ਮਿਟੈ ਹੈਂ ॥ ੫ ॥

ਇਸ ਪ੍ਰਕਾਰ ਬੈਂਤਾਂ ਵਿਚ ਲਿਖ ਕੇ ਸ਼ੁਭ ਦਲੀਲਾਂ ਬਣਾਈਆਂ, ਜਿਸ ਨੂੰ ਪੜ੍ਹ ਕੇ ਗ਼ਮਗੀਨ ਹੋ ਕੇ ਤੁਰਤ ਮਰ ਜਾਵੇ, "ਇਸ ਤੋਂ ਬਾਅਦ ਅਸੀਂ ਸਾਰਿਆਂ ਪਾਸੋਂ ਬਦਲਾ ਲਵਾਂਗੇ। ਬਹੁਤ ਤੁਰਕ ਮਾਰ ਦੇਵਾਂਗੇ ਤੇ ਇਨ੍ਹਾਂ ਦਾ ਰਾਜ ਖ਼ਤਮ ਹੋ ਜਾਵੇਗਾ" ॥ ੫ ॥

ਲਿਖਿ ਇਕਾਂਗ ਓਂਕਾਰ ਕੋ ਮੰਤਰ ਸਤਿਨਾਮਾ।
ਵਾਹਿਗੁਰੂ ਜੀ ਕੀ ਫਤੇ ਪੁਨਿ ਲਿਖਿ ਅਭਿਰਾਮਾ।
ਕਰਿ ਇਕੱਤ੍ਰ ਕਾਗਤ ਭਲੇ ਸਮਰਥ ਸਭਿ ਭਾਂਤੀ।
ਨਾਮ 'ਜ਼ਫਰਨਾਮਾ' ਰਖਜੋ ਸ਼ੱਤ੍ਰ ਹਿਤ ਹਾਤੀ॥ ੬॥

ਇਕ ਓਂਕਾਰ ਸਤਿਨਾਮ ਦਾ ਮੰਤਰ ਲਿਖ ਕੇ ਫਿਰ ਸੁੰਦਰ ਵਾਹਿਗੁਰੂ ਜੀ ਕੀ ਫ਼ਤਹਿ ਲਿਖ ਦਿੱਤੀ। ਸਰਬ ਸਮਰੱਥ ਸਤਿਗੁਰੂ ਜੀ ਨੇ ਫਿਰ ਸਾਰੇ ਕਾਗਜ਼ ਇਕੱਠੇ ਕਰਕੇ ਉਸ ਪੱਤਰ ਦਾ ਨਾਮ 'ਜ਼ਫਰਨਾਮਾ' ਰੱਖਿਆ ਜਿਹੜਾ ਵੈਰੀ ਵਾਸਤੇ ਘਾਤਕ ਸੀ॥ ੬॥

'ਇਤ ਲਾਖਹੁਂ ਹਤਿ ਕੈ ਸੁਭਟ ਰਜ ਦ੍ਰਿਗ ਮਹਿਂ ਪਾਈ।
ਉਤ ਕਾਗਤ ਕੇ ਪਠਤਿ ਹੀ ਹਜ਼ਰਤ ਮਰਿ ਜਾਈ।
ਨਾਮ ਧਰਜੋ ਖਤ ਫਤੇ ਕੋ ਇਹ ਕਾਰਨ ਜਾਨੋ।
ਨਾਸ਼ ਦੁਤਰਫੈ ਤੁਰਕ ਹ੍ਵੈ ਸਭਿ ਰਾਜ ਪ੍ਰਹਾਨੋ॥ ੭॥

"ਏਧਰ ਲੱਖਾਂ ਸੂਰਬੀਰ ਮਾਰ ਕੇ ਬਾਦਸ਼ਾਹ ਦੀਆਂ ਅੱਖਾਂ ਵਿਚ ਘੱਟਾ ਪਾਇਆ, ਓਧਰ ਕਾਗਜ਼ ਪੜ੍ਹਦਿਆਂ ਹੀ ਬਾਦਸ਼ਾਹ ਮਰ ਜਾਵੇਗਾ। ਪੱਤਰ ਦਾ ਨਾਮ ਰੱਖਿਆ 'ਫ਼ਤਹਿ ਦਾ ਖਤ', ਇਹੋ ਕਾਰਨ ਜਾਣੋ ਕਿ ਦੋਵੇਂ ਪਾਸੀਂ ਤੁਰਕ ਦਾ ਨਾਸ਼ ਹੋਵੇਗਾ ਤੇ ਉਨ੍ਹਾਂ ਦੇ ਰਾਜ ਦਾ ਨਾਸ਼ ਹੋ ਜਾਵੇਗਾ॥ ੭॥

ਦਯਾ ਸਿੰਘ! ਤੁਮ ਲੇ ਭਲੇ ਮਿਲੀਐ ਤੁਰਕੇਸ਼ਾ।
ਬੋਲਹੁ ਨਿਕਟ ਸੁਚੇਤ ਹ੍ਵੈ ਕਰਿ ਡਰ ਨਹਿਂ ਲੇਸ਼ਾ।
ਤੋਹਿ ਬਚਨ ਮਹਿਂ ਸ਼ਕਤਿ ਦੀ ਜਿਮ ਕਹੈਂ ਸੁ ਹੋਵੈ।
ਪਹੁੰਚਹੁ ਦੱਖਨ ਦੇਸ਼ ਮਹਿਂ ਤੂਰਨ ਤਹਿਂ ਜੋਵੈ॥ ੮॥

ਹੇ ਦਇਆ ਸਿੰਘ! ਤੁਸੀਂ ਭਲੀ ਪ੍ਰਕਾਰ ਇਹ ਪੱਤਰ ਲੈ ਕੇ ਤੁਰਕਾਂ ਦੇ ਬਾਦਸ਼ਾਹ ਨੂੰ ਮਿਲੋ, ਉਸ ਦੇ ਪਾਸ ਜਾ ਕੇ ਸੁਚੇਤ ਹੋ ਕੇ ਬੋਲੋ, ਇਕ ਲੇਸ਼ ਮਾਤਰ ਵੀ ਡਰਨਾ ਨਹੀਂ ਹੈ। ਤੇਰੇ ਬਚਨਾਂ ਵਿਚ ਮੈਂ ਸ਼ਕਤੀ ਭਰ ਦਿੱਤੀ ਹੈ, ਜਿਵੇਂ ਕਹੇਂਗਾ ਉਸ ਪ੍ਰਕਾਰ ਹੀ ਹੋਵੇਗਾ। ਦੱਖਣ ਦੇਸ਼ ਵਿਚ ਜਾ ਕੇ ਪਹੁੰਚੋ ਤੇ ਤੁਰਤ ਬਾਦਸ਼ਾਹ ਨੂੰ ਜਾ ਕੇ ਮਿਲੋ॥ ੮॥

ਅਹਿਦੀ ਬਨ ਚਢਿ ਮੰਚ ਪੈ ਲਿਹੁ ਪਲਟਾ ਜਾਈ।
ਗੁਰ ਘਰ ਜਿਮ ਅਹਿਦੀ ਪਠੇ ਤਿਮ ਆਪ ਸਿਧਾਈ।

ਧਰਮ ਸਿੰਘ ਬਸਿ ਆਗਰੇ ਤਿਸ ਲੀਜਹਿ ਸੰਗਾ।
ਬਿਲਮ ਬਿਹੀਨ ਪਯਾਨੀਏ ਕਰਿ ਕਾਰਜ ਚੰਗਾ'॥ ੯॥

ਅਹਿਦੀ ਬਣ ਕੇ ਪਲੰਘ ਤੇ ਚੜ੍ਹ ਕੇ ਜਾ ਕੇ ਬਦਲਾ ਲੈ ਲਵੇ, ਗੁਰੂ ਘਰ ਜਿਵੇਂ ਅਹਿਦੀਏ ਭੇਜਦੇ ਸਨ ਇਸ ਪ੍ਰਕਾਰ ਤੁਸੀਂ ਆਪ ਅਹਿਦੀਆ ਬਣ ਕੇ ਬਾਦਸ਼ਾਹ ਪਾਸ ਜਾਵੋ। ਧਰਮ ਸਿੰਘ ਆਗਰੇ ਵਿਚ ਰਹਿੰਦਾ ਹੈ, ਉਸ ਨੂੰ ਆਪਣੇ ਨਾਲ ਲੈ ਜਾਵੋ, ਕਿਸੇ ਦੇਰੀ ਤੋਂ ਬਗ਼ੈਰ ਚਲੇ ਜਾਵੋ ਤੇ ਇਸ ਚੰਗੇ ਕਾਰਜ ਨੂੰ ਸੰਪੂਰਨ ਕਰੋ'॥ ੯॥

ਨੀਲਾਂਬਰ ਸਭਿ ਧਾਰਿਕੈ ਗੁਰ ਆਇਸੁ ਪਾਏ।
ਦਯਾ ਸਿੰਘ ਤਯਾਰੀ ਕਰੀ ਜਿਮ ਬਾਕ ਸੁਨਾਏ।
ਲੀਨ ਜ਼ਫਰਨਾਮਾ ਤਬੈ ਬੰਧਯੋ ਸਿਰ ਸਾਥਾ।
ਕਰੀ ਬੰਦਨਾ ਪ੍ਰੇਮ ਤੇ ਜੋਰੇ ਜੁਗ ਹਾਥਾ॥ ੧੦॥

ਸਭ ਪ੍ਰਕਾਰ ਨੀਲੇ ਵਸਤਰ ਧਾਰ ਕੇ, ਗੁਰੂ ਜੀ ਦੀ ਆਗਿਆ ਪਾਈ। ਦਇਆ ਸਿੰਘ ਨੇ ਉਸ ਪ੍ਰਕਾਰ ਤਿਆਰੀ ਕੀਤੀ ਜਿਵੇਂ ਗੁਰੂ ਜੀ ਨੇ ਬਚਨ ਸੁਣਾਏ ਸਨ। ਫਿਰ ਜ਼ਫਰਨਾਮਾ ਲੈ ਕੇ ਉਸ ਨੂੰ ਸਿਰ ਨਾਲ ਬੰਨ੍ਹ ਲਿਆ ਤੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਬੰਦਨਾ ਕੀਤੀ॥ ੧੦॥

ਧਰਮ ਸਿੰਘ ਤਿਮ ਨਮੋ ਕਰਿ ਰੁਖਸਤ ਜੁਗ ਹੋਏ।
ਚਲੇ ਗੁਰੂ ਕੇ ਕਾਜ ਕੋ ਹਰਖਤਿ ਸਿਖ ਦੋਏ।
ਦਯਾ ਸਿੰਘ ਚਢਿ ਮੰਚ ਪਰ ਆਸਨ ਕਰਿ ਬੈਸੇ।
ਹਾਜੀ ਕਾਬੇ ਕੋ ਮਨੋ ਅਹਿਦੀ ਥਿਰਿ ਜੈਸੇ॥ ੧੧॥

ਧਰਮ ਸਿੰਘ ਨੇ ਵੀ ਉਸ ਪ੍ਰਕਾਰ ਨਮਸਕਾਰ ਕੀਤੀ ਤੇ ਦੋਵੇਂ ਗੁਰੂ ਜੀ ਪਾਸੋਂ ਰੁਖਸਤ ਹੋ ਗਏ। ਦੋਵੇਂ ਸਿੱਖ ਪ੍ਰਸੰਨ ਹੋ ਕੇ ਗੁਰੂ ਜੀ ਦੇ ਕਾਰਜ ਵਾਸਤੇ ਚਲ ਪਏ। ਦਇਆ ਸਿੰਘ ਮੰਜੇ 'ਤੇ ਚੜ੍ਹ ਕੇ ਆਸਣ ਲਾ ਕੇ ਬੈਠ ਗਿਆ। ਮਾਨੋ ਕਾਬੇ ਦਾ ਹਾਜੀ ਹੋਵੇ, ਇਸ ਪ੍ਰਕਾਰ ਅਹਿਦੀਆ ਬਣ ਕੇ ਬੈਠ ਗਿਆ॥ ੧੧॥

ਨਰ ਨਿਕਾਰ ਕਰਿ ਗ੍ਰਾਮ ਤੇ ਮੰਚਾ ਉਚਵਾਯੋ।
ਧਰਮ ਸਿੰਘ ਹੁਇ ਗੈਲ ਮੈਂ ਗਮਨੇ ਮਗ ਪਾਯੋ।
ਗ੍ਰਾਮ ਗ੍ਰਾਮ ਪ੍ਰਤਿ ਕੈ ਨਗਰ ਨਰ ਲੇਤਿ ਨਿਕਾਰੇ।
ਹਜ਼ਰਤ ਕੇ ਹਿਤ ਹਤਨਿ ਕੋ ਜੁਗ ਸਿੰਘ ਸਿਧਾਰੇ॥ ੧੨॥

ਪਿੰਡ ਵਿਚੋਂ ਕੁਝ ਮਨੁੱਖਾਂ ਨੂੰ ਕੱਢ ਕੇ ਮੰਜਾ ਚੁਕਵਾਇਆ। ਧਰਮ ਸਿੰਘ ਮੰਜੇ ਦੇ ਨਾਲ ਹੋ ਗਿਆ ਤੇ ਰਾਹ ਲੱਭ ਕੇ ਚਲ ਪਏ। ਪ੍ਰਤਿ ਪਿੰਡ-ਪਿੰਡ ਜਾਂ ਨਗਰ-ਨਗਰ ਵਿਚੋਂ ਮਨੁੱਖ ਕੱਢ ਕੇ ਮੰਜਾ ਚੁਕਵਾ ਲੈਂਦੇ ਸਨ। ਬਾਦਸ਼ਾਹ ਨੂੰ ਮਾਰਨ ਵਾਸਤੇ ਦੋ ਸਿੰਘ ਜਾ ਰਹੇ ਸਨ॥ ੧੨॥

ਪੂਰਬ ਦਿੱਲੀ ਮੈਂ ਗਏ ਧ੍ਰਮਸਾਲ ਉਤਾਰਾ।
ਸਭਿ ਸੰਗਤਿ ਗੁਰ ਕੀ ਅਈ ਧਰਿ ਭਾਉ ਉਦਾਰਾ।
ਦਰਸ਼ਨ ਕਰਿ ਕਰਿ ਅਨੰਦ ਧਰਿ ਸਭਿ ਸੇਵ ਕਮਾਈ।
ਚਹਯੋ ਖਰਚ ਹਿਤ ਪੰਥ ਕੇ ਧਨ ਦੇ ਸਮੁਦਾਈ॥ ੧੩॥

ਪਹਿਲਾਂ ਦਿੱਲੀ ਵਿਚ ਗਏ, ਇਕ ਧਰਮਸਾਲਾ ਵਿਚ ਉਤਾਰਾ ਕੀਤਾ, ਗੁਰੂ ਜੀ ਦੀ ਸਾਰੀ ਸੰਗਤ ਹਿਰਦੇ ਵਿਚ ਵੱਡਾ ਪ੍ਰੇਮ ਧਾਰ ਕੇ ਆਈ। ਦਰਸ਼ਨ ਕਰ-ਕਰ ਅਨੰਦ ਧਾਰ ਸਭ ਸੇਵਾ ਕਰਦੇ ਸਨ। ਰਾਹ ਦੇ ਖਰਚ ਵਾਸਤੇ ਸਾਰੇ ਧਨ ਦੇਣਾ ਚਾਹੁੰਦੇ ਸਨ॥ ੧੩॥

ਬਸੇ ਰਾਤਿ ਸੁਖ ਸੋਂ ਤਹਾਂ ਕਰਿ ਖਾਨ ਰੁ ਪਾਨਾ।
ਸੌਚ ਸ਼ਨਾਨ ਪ੍ਰਾਤਿ ਕੋ ਕਿਯ ਪੰਥ ਪਯਾਨਾ।
ਕਰਨਿ ਬਿਦਾ ਸੰਗਤਿ ਗਈ ਹਟਿ ਕਰਿ ਪੁਨ ਆਈ।
ਜਥਾ ਕਰਮ ਮਗ ਉਲੰਘਤੇ ਨਿਤ ਸਿੰਘ ਸਿਧਾਈ॥ ੧੪॥

ਉਥੇ ਰਾਤ ਨੂੰ ਸੁਖ ਨਾਲ ਠਹਿਰੇ ਤੇ ਉਥੇ ਖਾਣ ਪੀਣ ਕੀਤਾ। ਸਵੇਰ ਵੇਲੇ ਸੋਚ ਇਸ਼ਨਾਨ ਕਰਕੇ ਰਾਹੋ-ਰਾਹ ਚਲ ਪਏ। ਬਹੁਤ ਸੰਗਤ ਵਿਦਾ ਕਰਨ ਗਈ ਤੇ ਫਿਰ ਰਸਤੇ ਵਿਚੋਂ ਵਾਪਸ ਆ ਗਈ। ਜਥਾ ਕਰਮ ਮਾਰਗ ਲੰਘਦੇ ਹੋਏ ਸਿੰਘ ਜਾ ਰਹੇ ਸਨ॥ ੧੪॥

ਨਗਰ ਆਗਰੇ ਉਤਰਿਕੈ ਪੁਨ ਸੰਗਤਿ ਮਾਂਹੀ।
ਪੂਜਹਿਂ ਦਰਸ਼ਨ ਕੋ ਕਰਹਿਂ ਜਿਮ ਗੁਰੂ ਲਖਾਹੀ।
ਚਲੇ ਸਿੰਘ ਆਗੇ ਬਹੁਰ ਹੁਇ ਚੰਬਲ ਪਾਰਾ।
ਨਰਵਰ ਕਾਲੇ ਬਾਗ ਕੋ ਕਰਿ ਮਜਲ ਸਿਧਾਰਾ॥ ੧੫॥

ਆਗਰੇ ਨਗਰ ਵਿਚ ਉੱਤਰ ਕੇ ਫਿਰ ਸੰਗਤ ਪਾਸ ਚਲੇ ਗਏ। ਸੰਗਤ ਪੂਜਾ ਕਰਕੇ ਦਰਸ਼ਨ ਕਰਦੀ ਸੀ ਜਿਵੇਂ ਗੁਰੂ ਜੀ ਦੇ ਦੀਦਾਰ ਕਰ ਰਹੇ ਹੋਣ। ਫਿਰ ਸਿੰਘ ਅੱਗੇ ਚਲੇ ਗਏ ਤੇ ਚੰਬਲ ਨਦੀ ਪਾਰ ਕਰ ਗਏ। ਫਿਰ ਗਵਾਲੀਅਰ ਤੋਂ ਅੱਗੇ ਨਰਵਰ ਕਾਲੇ ਬਾਗ ਤਕ ਮੰਜ਼ਲ ਤੈਅ ਕੀਤੀ॥ ੧੫॥

ਸ਼ਹਿਰ ਸਰੋਜ ਉਜੈਨ ਕੋ ਕਰਿ ਸੰਗਤ ਮੇਲਾ।
ਦੇਸ਼ ਮਾਲਵਾ ਸੈਲ ਕਰਿ ਚਲਿ ਸਿੰਘ ਸੁਹੇਲਾ।
ਨਦੀ ਨਰਬਦਾ ਪਾਰ ਗਾ 'ਗੜ੍ਹ ਸ਼ੇਰ' ਸਿਧਾਯੋ।
ਪੁਰਿ ਬੁਰਹਾਨ ਪਹੁੰਚਿ ਕੈ ਸੰਗਤਿ ਦਰਸਾਯੋ॥ ੧੬॥

ਸਰੋਜ ਅਤੇ ਉਜੈਨ ਨਗਰ ਦੀ ਸੰਗਤ ਨਾਲ ਮੇਲ ਮਿਲਾਪ ਕਰਕੇ ਸਿੰਘ ਸੁਹੇਲੇ ਮਾਲਵੇ ਦੇਸ਼ ਦੀ ਸੈਰ ਕਰਨ ਲੱਗੇ। ਫਿਰ ਨਰਬਦਾ ਨਦੀ ਪਾਰ ਕਰਕੇ 'ਸ਼ੇਰਗੜ੍ਹ' ਪਹੁੰਚ ਗਏ। ਫਿਰ ਬੁਰਹਾਨਪੁਰ ਪਹੁੰਚ ਕੇ ਸੰਗਤ ਨੂੰ ਦਰਸ਼ਨ ਦਿੱਤੇ॥ ੧੬॥

ਤਹਿਂ ਬਸਿ ਕਰਿ ਆਗੇ ਗਯੋ ਅਵਰੰਗਾ ਬਾਦੂ।
ਨਗਰ ਅਹਿਮਦਾਵਾਦ ਮਹਿਂ ਥਿਰ ਬਿਨਾ ਬਿਖਾਦੂ।
ਬਿਸਰਾਮਜੋ ਮਗ ਸ਼੍ਰਮ ਹਤਜੋ ਆਨੰਦ ਕੋ ਪਾਏ।
ਜਹਾਂ ਛਾਵਨੀ ਸ਼ਾਹ ਕੀ ਚਢਿ ਤਹਾਂ ਸਿਧਾਏ॥ ੧੭॥

ਉਥੇ ਠਹਿਰ ਕੇ ਅੱਗੇ ਔਰੰਗਾਬਾਦ ਚਲੇ ਗਏ ਤੇ ਅਹਿਮਦ ਨਗਰ ਵਿਚ ਵੀ ਕਿਸੇ ਪ੍ਰਕਾਰ ਝਗੜੇ ਤੋਂ ਬਗੈਰ ਠਹਿਰ ਕੇ ਅੱਗੇ ਗਏ। ਉਥੇ ਜਾ ਕੇ ਵਿਸ਼ਰਾਮ ਕਰਕੇ ਥਕਾਵਟ ਦੂਰ ਕਰਕੇ ਆਨੰਦ ਪਾਇਆ। ਫਿਰ ਜਿੱਥੇ ਬਾਦਸ਼ਾਹ ਦੀ ਛਾਉਣੀ ਸੀ ਮੰਜੇ ਉੱਪਰ ਚੜ੍ਹ ਕੇ ਉਥੇ ਪਹੁੰਚ ਗਏ॥ ੧੭॥

ਹੇਰਿ ਜਾਂਹਿ ਬੂਝਤਿ ਭਯੋ ਗੁਰ ਕੇ ਸਿਖ ਕੋਈ।
ਦਿਯੋ ਬਤਾਇ ਜੁ ਲਖੈ ਥੇ ਸੁਨਿ ਕੈ ਸੁਧਿ ਹੋਈ।
ਜੇਠਾ ਸਿੰਘ ਜੇਠਾ ਇਹਾਂ ਧਨ ਬੁਧਿ ਮਹਿਂ ਜਾਨੋ।
ਦਯਾ ਸਿੰਘ ਅਰੁ ਧਰਮ ਸਿੰਘ ਆਵਾਹਨ ਠਾਨੋ॥ ੧੮॥

ਉਥੇ ਵੇਖ ਕੇ ਪੁੱਛਦੇ ਸਨ ਕਿ ਏਥੇ ਕੋਈ ਗੁਰੂ ਜੀ ਦਾ ਸਿੱਖ ਹੈ। ਜਿਹੜੇ ਜਾਣਦੇ ਸਨ, ਉਨ੍ਹਾਂ ਦੱਸ ਦਿੱਤਾ ਤੇ ਸੁਣ ਕੇ ਸਾਰੀ ਖ਼ਬਰ ਪ੍ਰਾਪਤ ਕੀਤੀ। ਜੇਠਾ ਸਿੰਘ ਜੇਠਾ ਏਥੇ ਰਹਿੰਦਾ ਹੈ ਜਿਹੜਾ ਧਨ ਅਤੇ ਬੁੱਧੀ ਕਰਕੇ ਜਾਣਿਆ ਜਾਂਦਾ ਹੈ। ਦਇਆ ਸਿੰਘ ਅਤੇ ਧਰਮ ਸਿੰਘ ਨੇ ਉਸ ਨੂੰ ਆਪਣੇ ਪਾਸ ਬੁਲਾਇਆ॥ ੧੮॥

ਆਇ ਮਿਲਯੋ ਤਤਕਾਲ ਹੀ ਸੁਨਿ ਕੈ ਸਭਿ ਗਾਥਾ।
ਅਪਨੇ ਨਿਕਟ ਉਤਾਰਿ ਕਰਿ ਬਹੁ ਭਾਉ ਕਿ ਸਾਥਾ।
ਸੇਵਾ ਕੀਨੀ ਸਕਲ ਬਿਧਿ ਸਭਿ ਖਾਨ ਰੁ ਪਾਨੇ।
ਸ਼ਾਹੁ ਭੇਦ ਸਮੁਝਾਇ ਦਿਯ ਜਿਮ ਆਵਨ ਜਾਨੇ॥ ੧੯॥

ਉਹ ਸਾਰੀ ਗਾਥਾ ਸੁਣ ਝਟ ਹੀ ਆ ਕੇ ਮਿਲ ਪਿਆ, ਉਸ ਨੇ ਦਇਆ ਸਿੰਘ ਅਤੇ ਧਰਮ ਸਿੰਘ ਦਾ ਬੜੇ ਆਦਰ ਨਾਲ ਆਪਣੇ ਪਾਸ ਉਤਾਰਾ ਕਰਵਾ ਲਿਆ। ਉਨ੍ਹਾਂ ਦੋਵੇਂ ਸਿੰਘਾਂ ਦੇ ਖਾਣ ਪੀਣ ਦੀ ਉਸ ਹਰ ਪ੍ਰਕਾਰ ਸੇਵਾ ਕੀਤੀ। ਉਸ ਨੇ ਬਾਦਸ਼ਾਹ ਦਾ ਸਾਰਾ ਭੇਦ ਸਮਝਾ ਦਿੱਤਾ ਜਿਵੇਂ ਉਸ ਪਾਸ ਜਾਣਾ ਆਉਣਾ ਹੋ ਸਕਦਾ ਸੀ॥ ੧੯॥

'ਪਹੁੰਚਨਿ ਮੁਸ਼ਕਿਲ ਸ਼ਾਹੁ ਢਿਗ ਕਯਾ ਕਰੈਂ ਉਪਾਯਾ?
ਸ੍ਰੀ ਗੁਰ ਕੋ ਕਾਰਜ ਮਹਾਂ ਹਮ ਢਿਗ ਲੇ ਆਯਾ'।
ਦਯਾ ਸਿੰਘ ਬੋਲਯੋ ਸੁਮਤਿ 'ਕੁਛ ਚਿੰਤ ਨ ਕੀਜੈ।
ਸੰਗਤਿ ਕਰਹੁ ਇਕੱਤ੍ਰ ਸਭਿ ਪਠਿ ਹੁਕਮ ਸੁਨੀਜੈ॥ ੨੦॥

"ਬਾਦਸ਼ਾਹ ਪਾਸ ਪਹੁੰਚਣਾ ਬਹੁਤ ਮੁਸ਼ਕਲ ਹੈ, ਕੀ ਉਪਾਅ ਕਰੀਏ ? ਗੁਰੂ ਜੀ ਦਾ ਬਹੁਤ ਵੱਡਾ ਕਾਰਜ ਹੈ ਅਤੇ ਬਾਦਸ਼ਾਹ ਦੇ ਪਾਸ ਜਾਣ ਵਾਸਤੇ ਆਏ ਹਾਂ।" ਫਿਰ ਸ੍ਰੇਸ਼ਟ ਬੁੱਧੀ ਵਾਲਾ ਦਇਆ ਸਿੰਘ ਬੋਲਿਆ, "ਕੁਝ ਚਿੰਤਾ ਨਾ ਕਰੋ, ਸਾਰੀ ਸੰਗਤ ਨੂੰ ਇਕੱਠਿਆਂ ਕਰੋ, ਸਾਰਿਆਂ ਨੂੰ ਭੇਜ ਕੇ ਹੁਕਮ ਸੁਣਾ ਦੇਵੋ॥ ੨੦॥

ਪੁਨਹਿ ਜਤਨ ਮਿਲਿ ਕਰੈਂਗੇ ਜਿਸ ਕਿਸ ਬਿਧਿ ਹੋਵੈ।
ਅਪਨਾ ਕਾਰਜ ਆਪ ਹੀ ਗੁਰ ਬਿਘਨ ਸੁ ਖੋਵੈਂ'।
ਜੇਠਾ ਸਿੰਘ ਸੁਨਿਕੈ ਤਬੈ ਸੁਧ ਸੰਗਤਿ ਮਾਂਹੀ।
ਸਭਿ ਕੋ ਦਈ ਸੁਨਾਇ ਕਰਿ ਜਾਨੀ ਜਹਿਂ ਕਾਂਹੀ॥ ੨੧॥

ਫਿਰ ਸਾਰੇ ਮਿਲ ਕੇ ਯਤਨ ਕਰਾਂਗੇ, ਜਿਸ ਕਿਸ ਵਿਧੀ ਨਾਲ ਮੇਲ ਹੋ ਸਕੇ। ਆਪਣਾ ਕਾਰਜ ਗੁਰੂ ਜੀ ਆਪ ਹੀ ਕਰਵਾ ਲੈਂਦੇ ਹਨ ਤੇ ਸਾਰੇ ਵਿਘਨ ਦੂਰ ਕਰ ਦਿੰਦੇ ਹਨ।" ਜੇਠਾ ਸਿੰਘ ਨੇ ਸੁਣ ਕੇ ਸਾਰੀ ਸੰਗਤ ਨੂੰ ਖਬਰ ਕਰ ਦਿੱਤੀ। ਸਾਰਿਆਂ ਨੂੰ ਸੁਣਾ ਦਿੱਤਾ ਜਿੱਥੇ ਕਿੱਥੇ ਸਾਰਿਆਂ ਨੇ ਜਾਣ ਲਿਆ॥ ੨੧॥

ਭਯੋ ਪ੍ਰਾਤਿ ਕੋ ਜੋੜ ਤਬਿ ਪੰਚਾਂਮ੍ਰਿਤ ਕੀਨਾ।
ਸਤਿਗੁਰ ਕੇ ਸਿਖ ਸਰਬ ਹੀ ਬੈਠੇ ਸੁਖ ਪੀਨਾ।

ਦਯਾ ਸਿੰਘ ਕੋ ਨਮੋ ਕਰਿ ਪੁਨ ਹੁਕਮ ਸੁਨਾਯੋ।
'ਸ੍ਰੀ ਪ੍ਰਭੁ ਕੋ ਕਾਰਜ ਇਹੀ ਕੀਜਹਿ ਮਨ ਭਾਯੋ' ॥ ੨੨ ॥

ਫਿਰ ਸਵੇਰ ਨੂੰ ਸਾਰੀ ਸੰਗਤ ਦਾ ਜੋੜ ਮੇਲਾ ਹੋਇਆ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਸਤਿਗੁਰੂ ਦੇ ਸਾਰੇ ਸਿੱਖ ਬੈਠ ਕੇ ਸੁਖ ਪਾ ਰਹੇ ਸਨ। ਦਇਆ ਸਿੰਘ ਨੂੰ ਸਾਰੀ ਸੰਗਤ ਨੇ ਨਮਸਕਾਰ ਕੀਤੀ, ਫਿਰ ਦਇਆ ਸਿੰਘ ਨੇ ਹੁਕਮ ਸੁਣਾਇਆ, "ਸਤਿਗੁਰੂ ਜੀ ਦਾ ਇਹ ਕਾਰਜ ਹੈ, ਇਸ ਮਨ-ਭਾਉਂਦੇ ਕਾਰਜ ਨੂੰ ਪੂਰਾ ਕਰੋ" ॥ ੨੨ ॥

ਸੁਨਿ ਸੁਨਿ ਗੁਰਮੁਖ ਸਿੱਖ ਜੇ ਤਿਨ ਸਿਰ ਪਰ ਮਾਨਾ।
ਕੇਤੇ ਮਨਮੁਖ ਤਰਕਤੇ ਜਿਨ ਭੇਵ ਨ ਜਾਨਾ।
ਕਰਹਿਂ ਅਨਿਕ ਉਪਚਾਰ ਕੋ ਕੁਛ ਬਨ ਨਹਿਂ ਆਵੈ।
ਸਿਖ ਸਗਰੇ ਇਤ ਉਤ ਫਿਰਹਿਂ ਬਹੁਤਨਿ ਢਿਗ ਜਾਵੈਂ ॥੨੩ ॥

ਸਾਰੇ ਗੁਰਮੁਖ ਸਿੱਖਾਂ ਨੇ ਸੁਣ ਸੁਣ ਕੇ ਆਪਣੇ ਸਿਰ ਉੱਪਰ ਮੰਨਿਆ, ਕਈ ਮਨਮੁਖ ਤਰਕ ਕਰਦੇ ਸਨ, ਜਿਨ੍ਹਾਂ ਭੇਦ ਨਹੀਂ ਸੀ ਜਾਣਿਆ। ਅਨੇਕਾਂ ਉਪਚਾਰ ਕਰਦੇ ਸਨ, ਪਰ ਕੁਝ ਵੀ ਬਣ ਨਹੀਂ ਸੀ ਆਉਂਦਾ। ਸਾਰੇ ਸਿੱਖ ਏਧਰ ਓਧਰ ਫਿਰਦੇ ਸਨ ਤੇ ਬਹੁਤਿਆਂ ਦੇ ਪਾਸ ਜਾਂਦੇ ਸਨ॥ ੨੩ ॥

ਇਤ ਸਤਿਗੁਰ ਦੀਨੇ ਥਿਰੇ ਭੇ ਬਿਦਤ ਜਹਾਨਾ।
ਮੂਰਖ ਖਾਨ ਵਜੀਦ ਜੋ ਚਿਤਵੰਤਿ ਮਹਾਨਾ।
'ਮਰਜੋ ਨਹੀਂ ਪਕਰਜੋ ਨਹੀਂ, ਜੀਵਤਿ ਥਿਰ ਨੇਰੇ।
ਮਹਾਂ ਜੰਗ ਕਰਿ ਕਰਿ ਜਿਨਹੁਂ ਦੁਖ ਦਏ ਘਨੇਰੇ॥ ੨੪ ॥

ਏਧਰ ਸਤਿਗੁਰੂ ਜੀ ਦੀਨੇ ਪਿੰਡ ਵਿਚ ਠਹਿਰੇ ਹਨ, ਸਾਰੇ ਜਹਾਨ ਵਿਚ ਪ੍ਰਗਟ ਹੋ ਗਿਆ। ਮੂਰਖ ਵਜੀਦ ਖਾਂ ਇਸ ਬਾਰੇ ਬਹੁਤ ਸੋਚਦਾ ਸੀ, "ਮਰਿਆ ਨਹੀਂ, ਫੜਿਆ ਨਹੀਂ, ਜੀਉਂਦੇ ਹੀ ਨੇੜੇ ਠਹਿਰੇ ਹੋਏ ਹਨ, ਜਿਨ੍ਹਾਂ ਮਹਾਂ ਯੁੱਧ ਕਰ ਕਰਕੇ ਬਹੁਤ ਦੁੱਖ ਦਿੱਤੇ ਹਨ॥ ੨੪ ॥

ਹਜ਼ਰਤ ਕਰੇ ਉਪਾਵ ਬਹੁ ਨਾਹਿਨ ਕੋ ਚਾਲਾ।
ਸਭਿ ਤੁਰਕਾਨੇ ਸ਼ੋਕ ਦੁਖ ਜਿਨ ਡਾਲ ਬਿਸਾਲਾ।
ਅਬਿ ਤੂਸ਼ਨ ਰਹਿ ਕੋਇ ਦਿਨ ਦੀਜੈ ਬਿਸਵਾਸਾ।
ਪਰਹਿਂ ਅਚਾਨਕ ਜਾਇ ਕਰਿ, ਗਹਿ ਕਿਧੋਂ ਬਿਨਾਸ਼ਾ' ॥੨੫ ॥

ਬਾਦਸ਼ਾਹ ਨੇ ਬਹੁਤ ਉਪਾਅ ਕੀਤੇ ਹਨ, ਪਰ ਕੋਈ ਵੀ ਉਪਾਅ ਚਲਿਆ ਨਹੀਂ ਹੈ, ਜਿਸ ਨੇ ਸਾਰੇ ਤੁਰਕਾਂ ਨੂੰ ਬਹੁਤ ਦੁਖੀ ਕੀਤਾ ਹੈ। ਹੁਣ ਚੁਪ ਰਹਿ ਕੇ ਕੁਝ ਦਿਨ ਵਿਸ਼ਵਾਸ ਦੇਵੋ, ਫਿਰ ਅਚਾਨਕ ਜਾ ਪਵਾਂਗੇ, ਫੜ ਲਵਾਂਗੇ ਜਾਂ ਮਾਰ ਦੇਵਾਂਗੇ" ॥ ੨੫ ॥

ਲਗਜੋ ਬਟੋਰਨਿ ਬਾਹਨੀ ਜਿਤ ਕਿਤ ਤੇ ਆਈ।
ਜਥੇਦਾਰ ਸਨ ਸਭਿ ਕਹੀ 'ਰਹਿਂ ਤਯਾਰ ਸਦਾਈ।
ਸੰਧਯਾ ਪ੍ਰਾਤ ਪਛਾਨੀਏਂ ਚਢਿਬੇ ਕਹੁ ਕਾਜੂ।
ਇਤ ਉਤ ਬਿਥਰਹਿ ਕੋ ਨਹੀਂ ਬਨਿ ਤਯਾਰ ਸਮਾਜੂ ॥੨੬ ॥

ਫਿਰ ਉਹ ਜਿਥੋਂ ਕਿਥੋਂ ਘੋੜੇ ਅਤੇ ਊਠ ਇਕੱਠੇ ਕਰਨ ਲੱਗਾ। ਸਾਰੇ ਹਾਕਮਾਂ ਨੂੰ ਉਸ ਕਿਹਾ, "ਸਦਾ ਹੀ ਤਿਆਰ ਰਹੋ। ਸ਼ਾਮ ਸਵੇਰੇ ਹਮਲਾ ਕਰਨ ਦੇ ਕਾਰਜ ਨੂੰ ਪਛਾਣੋ। ਏਧਰ ਓਧਰ ਖਿਲਰੋ ਨਹੀਂ, ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਤਿਆਰ-ਬਰ-ਤਿਆਰ ਰੱਖੋ॥ ੨੬॥

ਗੋਰੀ ਅਰੁ ਬਾਰੂਦ ਬਹੁ ਸਭਿਹਿਨਿ ਕੋ ਦੀਜੈ।
ਗਮਨ ਦੂਰ ਹਿਤ ਹਯਨਿ ਕੋ ਆਸੂਦੇ ਕੀਜੈ।
ਇਸ ਬਿਧਿ ਖਾਂਨ ਵਜੀਦ ਬਹੁ ਤਜਾਰੀ ਕਰਿਵਾਈ।
ਇਤ ਸਤਿਗੁਰ ਸਭਿ ਜਾਨਿਕੈ ਚਿਤਵੰਤਿ ਲਰਾਈ॥ ੨੭॥

ਬਹੁਤ ਗੋਲੀ ਅਤੇ ਬਾਰੂਦ ਸਾਰਿਆਂ ਨੂੰ ਦੇਵੋ, ਦੂਰ ਜਾਣ ਵਾਸਤੇ ਘੋੜਿਆਂ ਨੂੰ ਰਾਜ਼ੀ ਬਾਜ਼ੀ ਕਰੋ।" ਇਸ ਪ੍ਰਕਾਰ ਵਜੀਦ ਖਾਂ ਨੇ ਬਹੁਤ ਤਿਆਰੀ ਕਰਵਾਈ। ਏਧਰ ਸਤਿਗੁਰੂ ਜੀ ਵੀ ਸਭ ਜਾਣ ਕੇ ਲੜਾਈ ਬਾਰੇ ਸੋਚਦੇ ਸਨ॥ ੨੭॥

ਦੁਰਗ ਹੋਇ ਗਾਢੋ ਮਹਾਂ ਮੇਲਹਿਂ ਘਮਸਾਨਾ।
ਰਚਿ ਸੰਗ੍ਰਾਮ ਬਿਸਾਲ ਕੋ ਮਾਰਹਿਂ ਤੁਰਕਾਨਾ।
ਇਹਾਂ ਆਇ ਹਮ ਬਾਸ ਕਿਯ ਸੇਵਾ ਬਹੁ ਕੀਨੀ।
ਨਗਰੀ ਨਹਿਂ ਲੁਟ ਜਾਇ ਤਿਹ ਥਿਰਤਾ ਹਮ ਲੀਨੀ॥੨੮॥

ਜਿੱਥੇ ਕਿਤੇ ਵੱਡਾ ਕਿਲ੍ਹਾ ਮਿਲ ਜਾਵੇ, ਉਸ ਦਾ ਆਸਰਾ ਲੈ ਕੇ ਵੱਡਾ ਘਮਸਾਨ ਕਰਾਂਗਾ। ਵਿਸ਼ਾਲ ਸੰਗ੍ਰਾਮ ਰਚ ਕੇ ਤੁਰਕਾਂ ਨੂੰ ਮਾਰਾਂਗਾ। ਏਥੇ ਆ ਕੇ ਅਸੀਂ ਵਾਸਾ ਕੀਤਾ ਹੈ, ਇਨ੍ਹਾਂ ਨੇ ਬਹੁਤ ਸੇਵਾ ਕੀਤੀ ਹੈ। ਇਹ ਕਿਤੇ ਨਗਰੀ ਨਾ ਲੁੱਟੀ ਜਾਵੇ, ਏਥੇ ਅਸੀਂ ਆਪਣੀ ਰਿਹਾਇਸ਼ ਰੱਖੀ ਹੈ॥ ੨੮॥

ਚਾਕਰ ਰਹਿਂ ਬੈਰਾੜ ਬਹੁ ਸਭਿ ਵਹਿਰ ਉਤਾਰੇ।
ਰੱਛ ਚਹਤਿ ਹੈਂ ਜਨਨ ਕੀ ਚਢਿ ਚਲਨਿ ਬਿਚਾਰੇ।
ਨਤੁ ਇਹਠਾਂ ਰਣ ਪਰੈ ਗੋ, ਰੱਯਤ ਨਰ ਆਦੀ।
ਸ਼ੱਤ੍ਰੂ ਇਨਹਿਂ ਦੁਖ ਦੇਹਿੰਗੇ ਰਾਹਕ ਬੁਨਿਯਾਦੀ॥ ੨੯॥

ਬਹੁਤ ਬੈਰਾੜ ਨੌਕਰ ਰਹਿਣਗੇ, ਉਨ੍ਹਾਂ ਦਾ ਬਾਹਰ ਹੀ ਉਤਾਰਾ ਕਰਵਾਵਾਂਗੇ। ਆਪਣੇ ਦਾਸਾਂ ਦੀ ਰੱਖਿਆ ਚਾਹੁੰਦੇ ਹਨ, ਇਸ ਲਈ ਏਥੋਂ ਚੜ੍ਹ ਚੱਲਣ ਬਾਰੇ ਸੋਚ ਰਹੇ ਹਨ। ਨਹੀਂ ਤਾਂ ਇਸ ਸਥਾਨ ਉੱਪਰ ਯੁੱਧ ਮੱਚ ਜਾਵੇਗਾ, ਇਥੋਂ ਦੇ ਵਸਨੀਕ ਸਾਡੀ ਆਦੀ ਪਰਜਾ ਹੈ, ਇਨ੍ਹਾਂ ਨੂੰ ਵੈਰੀ ਦੁਖ ਦੇਣਗੇ, ਇਹ ਸਾਰੇ ਬੁਨਿਆਦੀ ਤੌਰ 'ਤੇ ਕਿਸਾਨ ਹਨ॥ ੨੯॥

ਪਰਮ ਸਿੰਘ ਅਰੁ ਧਰਮ ਸਿੰਘ ਰੂਪੇ ਕੇ ਦੋਈ।
ਅਪਰ ਸਿੰਘ ਭੇ ਸੈਂਕਰੇ ਪ੍ਰੇਮੀ ਸਿਖ ਜੋਈ।
ਪੁਨ ਲਖਮੀਰ ਸ਼ਮੀਰ ਕੋ, ਤ੍ਰੈ ਭ੍ਰਾਤ, ਬੁਲਾਏ।
'ਚਢਜੋ ਚਹਤਿ ਹਮ ਇਹਾਂ ਤੇ ਦੇਖਨਿ ਅਗਵਾਏ॥ ੩੦॥

ਜਿਹੜੇ ਪਰਮ ਸਿੰਘ ਧਰਮ ਸਿੰਘ ਰੂਪੇ ਦੀ ਵੰਸ਼ ਵਿਚੋਂ ਸਨ ਤੇ ਹੋਰ ਜਿਹੜੇ ਸੈਂਕੜੇ ਪ੍ਰੇਮੀ ਸਿੰਘ ਸਨ, ਫਿਰ ਲਖਮੀਰ ਸ਼ਮੀਰ ਤਿੰਨਾਂ ਭਰਾਵਾਂ ਨੂੰ ਬੁਲਾਇਆ ਤੇ ਕਿਹਾ, "ਏਥੋਂ ਅਸੀਂ ਚੜ੍ਹ ਕੇ ਵੇਖਣ ਵਾਸਤੇ ਅੱਗੇ ਜਾਵਾਂਗੇ॥ ੩੦॥

ਗ੍ਰਾਮ ਤੁਮਾਰੇ ਧਾਮ ਮਹਿਂ ਥਿਰ ਹ੍ਵੈ ਸੁਖ ਪਾਏ।
ਲਰਹਿਂ ਅਬਹਿ ਤੁਰਕਾਨ ਸਨ ਰਿਪੁ ਹ੍ਵੈ ਸਮੁਦਾਏ।

ਸ਼ਸਤ੍ਰ ਚਲਹਿਂ ਮਾਰਨ ਮਰਨ ਘਾਲਹਿਂ ਘਮਸਾਨਾ।
ਤੁਮ ਕੋ ਪਰਹਿ ਬਿਖਾਦ ਤਬਿ ਉਮਡਹਿ ਤੁਰਕਾਨਾ॥ ੩੧॥

ਤੁਹਾਡੇ ਪਿੰਡ ਅਤੇ ਘਰ ਵਿਚ ਠਹਿਰ ਕੇ ਬਹੁਤ ਸੁਖ ਪਾਇਆ ਹੈ। ਹੁਣ ਅਸੀਂ ਤੁਰਕਾਂ ਨਾਲ ਯੁੱਧ ਕਰਾਂਗੇ, ਜਿਹੜੇ ਸਾਰੇ ਸਾਡੇ ਵੱਡੇ ਵੈਰੀ ਹਨ। ਮਰਨ ਮਾਰਨ ਵਾਸਤੇ ਸ਼ਸਤਰ ਚਲਾਵਾਂਗੇ ਤੇ ਵੱਡੇ ਘਮਸਾਨ ਦਾ ਯੁੱਧ ਘਾਲਾਂਗੇ। ਤੁਹਾਨੂੰ ਫਿਰ ਵੱਡੀ ਬਿਪਤਾ ਪੈ ਜਾਵੇਗੀ ਜਦ ਤੁਰਕ ਉੱਮਡ ਕੇ ਆਉਣਗੇ॥ ੩੧॥

ਹੇਤੁ ਬਿਚਾਰਨ ਹਮ ਕਰਜੋ ਆਗੈ ਹਮ ਜਾਵੈਂ।
ਦੁਰਗ ਲੇਹਿਂ ਕੈ ਵਹਿਰ ਹੀ ਮਿਲਿ ਜੰਗ ਮਚਾਵੈਂ।
ਸੁਨਿ ਕਰ ਜੋਰਤਿ ਕਹਤਿ ਭੇ 'ਹਮ ਹੈਂ ਅਨੁਸਾਰੇ।
ਪ੍ਰਭੁ ਜੀ! ਰਾਵਰਿ ਸਾਥ ਹੈਂ ਲਰ ਮਰਹਿਂ ਕਿ ਮਾਰੇਂ'॥ ੩੨॥

ਇਸ ਕਰਕੇ ਅਸੀਂ ਇਹ ਵਿਚਾਰ ਬਣਾਇਆ ਹੈ ਕਿ ਹੁਣ ਅਸੀਂ ਅੱਗੇ ਜਾਵਾਂਗੇ। ਕੋਈ ਕਿਲ੍ਹਾ ਲਵਾਂਗੇ ਜਾਂ ਬਾਹਰ ਹੀ ਮਿਲ ਕੇ ਜੰਗ ਮਚਾਵਾਂਗੇ।'' ਇਹ ਸੁਣ ਕੇ ਸਾਰੇ ਹੱਥ ਜੋੜ ਕੇ ਕਹਿਣ ਲੱਗੇ, ''ਹੇ ਪ੍ਰਭੂ ਜੀ! ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ, ਤੁਹਾਡੇ ਨਾਲ ਲੜ ਮਰਾਂਗੇ ਜਾਂ ਮਾਰ ਲਵਾਂਗੇ''॥ ੩੨॥

ਸਤਿਗੁਰ ਸੁਨਿਕੈ ਤਿਨਹੁਂ ਤੇ ਬਹੁ ਭਾਂਤਿ ਸਰਾਹੇ।
'ਕੁਲ ਤੁਮਰੀ ਮਹਿਂ ਸਿੰਘ ਹ੍ਵੈਂ ਰਣ ਕਰਹਿਂ ਉਮਾਹੇ।
ਅਬਿ ਸੁਖ ਸੋਂ ਘਰ ਮਹਿਂ ਥਿਰਹੁ ਇਹ ਥਲ ਦਿਢ ਹੋਵੈ।
ਜੋ ਚਢਿ ਆਵੈ ਤੁਮਹੁ ਪਰ ਪਤ ਅਪਨੀ ਖੋਵੈ॥ ੩੩॥

ਸਤਿਗੁਰੂ ਜੀ ਨੇ ਉਨ੍ਹਾਂ ਪਾਸੋਂ ਸੁਣ ਕੇ, ਉਨ੍ਹਾਂ ਦੀ ਬਹੁਤ ਸ਼ਲਾਘਾ ਕੀਤੀ, ''ਤੁਹਾਡੀ ਕੁਲ ਵਿਚ ਸਿੰਘ ਹੋਣਗੇ ਜਿਹੜੇ ਵੱਡੇ ਉਤਸ਼ਾਹ ਨਾਲ ਯੁੱਧ ਕਰਨਗੇ। ਹੁਣ ਸੁਖ ਨਾਲ ਘਰ ਦੇ ਵਿਚ ਬੈਠੋ, ਇਹ ਸਥਾਨ ਦ੍ਰਿੜ੍ਹ ਹੋਵੇਗਾ। ਜਿਹੜਾ ਵੀ ਤੁਹਾਡੇ ਉੱਪਰ ਚੜ੍ਹਾਈ ਕਰਕੇ ਆਵੇਗਾ, ਉਹ ਆਪਣੀ ਪੱਤ ਗਵਾਵੇਗਾ॥ ੩੩॥

ਖੇਤ ਜੀਤ ਕੇ ਗ੍ਰਾਮ ਨਰ ਸ਼ੱਤ੍ਰੁਨਿ ਤੇ ਪਾਵੈ।
ਨਾਮ ਲੋਹਗੜ ਹੋਇਗੋ ਦਿਨ ਪ੍ਰਤਿ ਬਿਦਤਾਵੈ'।
ਇਮ ਕਹਿ ਕਰੁਨਾ ਬਹੁ ਕਰੀ ਦੇ ਖੁਸ਼ੀ ਬਿਸਾਲੇ।
'ਹਮ ਸਹਾਇ ਪਰਲੋਕ ਮਹਿਂ ਦੁਖ ਤੇ ਰਖਵਾਲੇ'॥ ੩੪॥

ਇਹ ਪਿੰਡਾਂ ਦੇ ਲੋਕ ਰਣਖੇਤਰ ਵਿਚ ਵੈਰੀਆਂ ਉੱਪਰ ਜਿੱਤ ਪ੍ਰਾਪਤ ਕਰਨਗੇ। ਉਸ ਸਥਾਨ ਦਾ ਨਾਮ ਲੋਹਗੜ੍ਹ ਹੋਵੇਗਾ, ਜਿਹੜਾ ਦਿਨ ਪ੍ਰਤੀ ਪ੍ਰਸਿੱਧ ਹੋਵੇਗਾ।'' ਇਸ ਪ੍ਰਕਾਰ ਕਹਿ ਕੇ ਕਿਰਪਾ ਕਰਕੇ ਬਹੁਤ ਖ਼ੁਸ਼ੀ ਕੀਤੀ, ''ਅਸੀਂ ਪਰਲੋਕ ਵਿਚ ਤੁਹਾਡੇ ਸਹਾਇਕ ਹੋਵਾਂਗੇ ਤੇ ਦੁਖ ਵੇਲੇ ਰੱਖਿਆ ਕਰਾਂਗੇ''॥ ੩੪॥

ਇਮ ਕਹਿ ਤਯਾਰੀ ਪ੍ਰਭੁ ਕਰੀ ਹਯ ਜ਼ੀਨ ਪਵਾਏ।
ਹਯ, ਪੈਦਲ ਸੈਨਾ ਸਕਲ ਤਨ ਸ਼ਸਤ੍ਰ ਸਜਾਏ।
ਭਏ ਅਰੂਢਨਿ ਦੇ ਖੁਸ਼ੀ ਸਭਿ ਬੰਦਨ ਠਾਨੀ।
ਗਏ ਦੂਰ ਲਗਿ ਸੰਗ ਨਰ ਬਿਛੁਰਨਿ ਦੁਖ ਮਾਨੀ॥ ੩੫॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਤਿਆਰੀ ਕੀਤੀ ਤੇ ਘੋੜਿਆਂ ਉੱਪਰ ਕਾਠੀਆਂ ਪਵਾਈਆਂ, ਘੋੜ-ਸਵਾਰ ਅਤੇ ਪੈਦਲ ਸੈਨਾ ਸਭ ਨੇ ਸ਼ਸਤਰ ਸਜਾ ਲਏ। ਜਦ ਖ਼ੁਸ਼ੀ ਦੇ ਕੇ ਘੋੜੇ ਉੱਪਰ ਚੜ੍ਹ ਗਏ ਤਾਂ ਸਾਰਿਆਂ ਨੇ ਬੰਦਨਾ ਕੀਤੀ। ਸਾਰੇ ਮਨੁੱਖ ਬਹੁਤ ਦੂਰ ਤਕ ਗੁਰੂ ਜੀ ਦੇ ਨਾਲ ਗਏ ਤੇ ਵਿਛੜਣ ਲੱਗਿਆਂ ਉਨ੍ਹਾਂ ਬਹੁਤ ਦੁਖ ਮੰਨਾਇਆ॥ ੩੫॥

ਪੁਨ ਸਭਿ ਕੋ ਮੋਰਨ ਕਰਜੋ ਬਿਛੁਰਤਿ ਵਧਿ ਪ੍ਰੇਮਾ।
ਸਿੱਖੀ ਗੁਰਮਤਿ ਉਰ ਧਰੀ ਭੇ ਉਚਿਤ ਸੁ ਛੇਮਾਂ।
ਗੁਰੂ ਦਸਮ ਪਤਿਸ਼ਾਹੁ ਕੀ ਮੈਂ ਕਥਾ ਬਨਾਈ।
ਰੁੱਤਾਂ ਖਟ ਪੂਰਨ ਕਰੀ ਸ਼ੁਭ ਗਿਰਾ ਅਲਾਈ॥ ੩੬॥

ਫਿਰ ਸਾਰਿਆਂ ਨੂੰ ਮੋੜਿਆ, ਜਿਨ੍ਹਾਂ ਵਿਚ ਵਿਛੜਣ ਕਰਕੇ ਪ੍ਰੇਮ ਵਧਿਆ ਹੋਇਆ ਸੀ। ਸਿੱਖੀ ਗੁਰਮਤਿ ਹਿਰਦੇ ਵਿਚ ਧਾਰਨ ਕੀਤੀ ਸੀ ਤੇ ਹੁਣ ਕਲਿਆਣ ਵਾਸਤੇ ਉਚਿਤ ਹੋ ਗਏ ਸਨ। ਗੁਰੂ ਦਸਵੇਂ ਪਾਤਸ਼ਾਹ ਜੀ ਦੀ ਮੈਂ ਇਹ ਕਥਾ ਬਣਾਈ ਹੈ। ਛੇਵੀਂ ਰੁੱਤ ਪੂਰਨ ਕੀਤੀ ਹੈ, ਤੇ ਸ਼ੁਭ ਸ਼ਬਦਾਂ ਵਿਚ ਲਿਖੀ ਹੈ॥ ੩੬॥

*ਪਾਧੜੀ ਛੰਦ-* ਇਹ ਪਠਤਿ ਸੁਨਤਿ ਨਰ ਧਾਰਿ ਪ੍ਰੇਮ। ਹਤਿ ਬਿਘਨ ਲੋਕ ਪਰਲੋਕ ਛੇਮ।
ਮਨ ਬਿਪਨ ਬਿਖੈ ਅਘ ਮ੍ਰਿਗਨ ਸਿੰਘ। ਦੇ ਅਨੰਦ ਰਿਦੇ ਸੰਤੋਖ ਸਿੰਘ॥੩੭॥

ਜਿਹੜੇ ਇਸ ਕਥਾ ਨੂੰ ਪ੍ਰੇਮ ਧਾਰ ਕੇ ਪੜ੍ਹਨ ਅਤੇ ਸੁਣਨਗੇ, ਉਨ੍ਹਾਂ ਦੇ ਇਸ ਲੋਕ-ਪਰਲੋਕ ਦੇ ਵਿਘਨ ਦੂਰ ਹੋਣਗੇ ਅਤੇ ਮੁਕਤੀ ਪ੍ਰਾਪਤ ਹੋਵੇਗੀ। ਇਹ ਕਥਾ ਮਨ ਰੂਪੀ ਵਣ ਵਿਚ ਪਾਪ ਰੂਪੀ ਮ੍ਰਿਗਾਂ ਵਾਸਤੇ ਸ਼ੇਰ ਵਾਂਗ ਹੋ ਕੇ ਢੁਕੇਗੀ। ਹੇ ਸੰਤੋਖ ਸਿੰਘ ! ਇਹ ਕਥਾ ਹਿਰਦੇ ਵਿਚ ਵੱਡਾ ਅਨੰਦ ਦੇਵੇਗੀ॥ ੩੭॥

*ਛੇਵੀਂ ਰੁੱਤ ਦਾ ਅਠਵੰਜਵਾਂ ਅਧਿਆਇ ਸਮਾਪਤ ਹੋਇਆ॥ ੫੮॥*

*ਛੇਵੀਂ ਰੁੱਤ ਸਮਾਪਤ ਹੋਈ॥*

☆☆☆

ੴ ਸਤਿਗੁਰ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

## ਪਹਿਲਾ ਐਨ (ਦੱਖਣਾਇਣ)

# ਅਧਿਆਇ ਪਹਿਲਾ

### ਮੰਗਲਾ ਚਰਨ, ਭਗਤਾ ਗਮਨ

*੧. ਇਸ਼੍ਰ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ*

**ਦੋਹਰਾ- ਦਯਾ ਦਯਾਨਿਧਿ ਕੀ ਭਈ ਉੱਦਮ ਦਯਾ ਬਿਸਾਲ।**
**ਚਹਜੋ ਗ੍ਰੰਥ ਪੂਰਨ ਕੀਜੋ ਪੂਰਨ ਪ੍ਰਭੂ ਅਕਾਲ॥ ੧॥**

ਜੋ ਗ੍ਰੰਥ ਮੈਂ ਰਚਣਾ ਚਾਹਿਆ ਸੀ ਸੋ ਪੂਰਨ ਪ੍ਰਭੂ ਅਕਾਲ ਪੁਰਖ ਨੇ ਪੂਰਨ ਕਰਵਾ ਲਿਆ ਹੈ, ਇਹ ਮੇਰੇ ਉੱਪਰ ਦਇਆਨਿਧ ਦੀ ਕਿਰਪਾ ਹੋਈ ਹੈ, ਜਿਸ ਨੇ ਏਨਾ ਵੱਡਾ ਉੱਦਮ ਬਖਸ਼ਿਆ ਹੈ॥ ੧॥

*੨. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ*

**ਕਬਿੱਤ- ਬੇਦੀ ਬੰਸ ਭੂਖਨ ਜੋ ਪੂਖਨ ਅਦੂਖਨ ਸੇ ਤਿਮਰ ਕਲੂਖਨ ਪਖੰਡ ਛਪਿ ਤਾਰੇ ਹੈਂ।**
**ਪੀਰ ਸਿੱਧ ਧੀਰ ਕਰਾਮਾਤ ਕੇ ਗਹੀਰ ਗਨ ਮਾਨ ਸੈਲ ਚਢੇ ਗੁਰੂ ਨਾਨਕ ਉਤਾਰੇ ਹੈਂ।**
**ਦੇਸ਼ਨਿ ਬਿਦੇਸ਼ ਫਿਰ ਜੰਬੂਦੀਪ ਦੀਪ ਸਮੁ ਕੀਨੇ ਹੈਂ ਕਰੋਰੇਂ ਸਿੱਖ ਭਵਜਲ ਤਾਰੇ ਹੈਂ।**
**ਜਸੁ ਬਿਸਤਾਰੇ ਭਾਰੇ, ਬਿਸ਼ੈ ਬਿਸ ਤਾਰੇ ਬਹੁ, ਖੋਲਿ ਮੋਹ ਤਾਰੇ, ਬਾਦੀ ਬਾਦ ਕਰਤਾਰੇ ਹੈਂ॥੨॥**

ਬੇਦੀਆਂ ਦੀ ਵੰਸ਼ ਦੇ ਜੋ ਭੂਸ਼ਣ ਹਨ ਸੋ ਦੁਖਾਂ ਤੋਂ ਰਹਿਤ ਸੂਰਜ ਸਮਾਨ ਪ੍ਰਕਾਸ਼ਮਾਨ ਹੋਏ, ਉਨ੍ਹਾਂ ਨੂੰ ਵੇਖ ਕੇ ਪਾਪਾਂ ਰੂਪੀ ਹਨੇਰਾ ਤੇ ਪਖੰਡ ਰੂਪੀ ਤਾਰੇ ਛੁਪ ਗਏ। ਉਸ ਗੁਰੂ ਨਾਨਕ ਦੇਵ ਜੀ ਨੇ ਪੀਰ ਤੇ ਸਿੱਧ ਜੋ ਬੁੱਧੀਮਾਨ ਅਤੇ ਕਰਾਮਾਤ ਦੀ ਨਿਧੀ ਸਨ, ਨਿੰਮ੍ਰਤਾ ਅਤੇ ਭਾਉ ਭਗਤੀ ਦੀ ਪੱਧਰ ਤੇ ਉਤਾਰ ਲਿਆਂਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਜੰਬੂ ਦੀਪ ਵਿਚ ਕਰੋੜਾਂ ਜੀਵ ਦੀਵੇ ਨਾਲ ਦੀਵਾ ਜਗਾਉਣ ਸਮਾਨ ਜਗਾ ਕੇ ਸਿੱਖ ਬਣਾ ਕੇ ਭਵਜਲ ਤੋਂ ਤਾਰੇ ਹਨ। ਅਨੇਕਾਂ ਵਿਸ਼ਿਆਂ ਦੀ ਜ਼ਹਿਰ ਉਤਾਰ ਦਿੱਤੀ ਤੇ ਝਗੜਾਲੂਆਂ ਨਾਲ ਬਹਿਸਾਂ ਤਕ ਕਰ ਐਸਾ ਤਾੜਿਆ ਹੈ ਕਿ ਉਨ੍ਹਾਂ ਦੇ ਮੋਹ ਰੂਪੀ ਜੰਦਰੇ ਖੋਲ੍ਹ ਦਿੱਤੇ। ਐਸੇ ਗੁਰੂ ਨਾਨਕ ਦੇਵ ਜੀ ਦਾ ਭਾਰੀ ਜੱਸ ਸਾਰੇ ਫੈਲ ਰਿਹਾ ਹੈ। ਉਹ ਦਾਸਾਂ ਦੇ ਸਹਾਇਕ ਹਨ, ਇਸ ਕਰਕੇ ਮੇਰੇ ਵੀ ਸਹਾਇਕ ਹਨ॥ ੨॥

*੩. ਇਸ਼੍ਰ ਗੁਰੂ-ਨੌਂ ਗੁਰੂ ਸਾਹਿਬਾਂ ਦਾ ਮੰਗਲ*

**ਭਏ ਗੁਰੂ ਅੰਗਦ ਅਨੰਦਮਯ ਬਿਲੰਦ ਮਨ, ਸਤਿਗੁਰੂ ਅਮਰ ਸਿਮਰ ਸੁਖ ਭਾਰੇ ਹੈਂ।**
**ਗੁਰੂ ਰਾਮਦਾਸ ਆਸ ਪੂਰੀ ਲਖਿ ਦਾਸ ਨਿਜ, ਬਿਘਨ ਬਿਸ਼ਾਲ ਗੁਰੂ ਅਰਜਨ ਨਿਵਾਰੇ ਹੈਂ।**
**ਸ੍ਰੀ ਹਰਿਗੁਬਿੰਦ ਚੰਦ ਬੰਦਨੀਯ ਦੂੰਦ ਮੰਦ ਗੁਰੂ ਹਰਿਰਾਇ ਹਰਿਕ੍ਰਿਸ਼ਨ ਉਦਾਰੇ ਹੈਂ।**
**ਨੌਮੇ ਪਾਤਿਸ਼ਾਹਿ ਸ੍ਰੀ ਗੁਬਿੰਦ ਸਿੰਘ ਰਿਪੁ ਦਾਹ ਪੂਰੀ ਕੀਨਿ ਚਾਹ, ਜੋ ਸਹਾਯਕ ਹਮਾਰੇ ਹੈਂ॥੩॥**

ਅਨੰਦ ਸਰੂਪ ਤੇ ਉੱਚੇ ਮਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਮੇਰੇ ਸਹਾਈ ਹੋਏ ਹਨ। ਸਤਿਗੁਰੂ ਅਮਰਦਾਸ ਜੀ ਨੂੰ ਸਿਮਰ ਕੇ ਮੈਂ ਭਾਰੀ ਸੁਖ ਪਾਏ ਹਨ। ਗੁਰੂ ਰਾਮਦਾਸ ਜੀ ਨੇ ਆਪਣਾ ਦਾਸ ਜਾਣ ਕੇ ਮੇਰੀ ਆਸ ਪੂਰੀ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੇਰੇ ਸਾਰੇ ਵਿਘਨ ਦੂਰ ਕਰ ਦਿੱਤੇ ਹਨ। ਬੰਦਨ ਜੋਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੇਰੇ ਕਸ਼ਟਾਂ ਨੂੰ ਦੂਰ ਕਰਦੇ ਰਹੇ ਹਨ। ਸ੍ਰੀ ਗੁਰੂ ਹਰਿਰਾਇ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਦਾਰਥਕ ਲੋੜਾਂ ਨੂੰ ਪੂਰਨ ਕਰਨ ਵਿਚ ਮੇਰੇ

ਉੱਪਰ ਮਹਾਨ ਕਿਰਪਾ ਕਰਦੇ ਰਹੇ ਹਨ। ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਵੈਰੀ ਨਾਸ਼ਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਰੇ ਇਸ ਗ੍ਰੰਥ ਨੂੰ ਪੂਰਨ ਕਰਨ ਦੀ ਚਾਹਤ ਪੂਰਨ ਕੀਤੀ ਹੈ। ਐਸੇ ਸਤਿਗੁਰੂ ਜੀ ਸਾਡੇ ਸਹਾਇਕ ਹਨ॥ ੩॥

ਦੋਹਰਾ- ਬ੍ਰਿੰਦ ਅਰਿੰਦਮ, ਕੰਦਿ ਸੁਖ ਪਦ ਅਰਬਿੰਦ ਮੁਕੰਦ।
ਅਭਿਬੰਦਨ ਕਰ ਬੰਦਿਕੈ ਦੇਹੁ ਅਨੰਦ ਬਿਲੰਦ॥ ੪॥

ਐਸੇ ਗੁਰੂ ਸਾਹਿਬਾਨ ਦੇ ਸੁਖ ਸਰੂਪ ਤੇ ਸਾਰੇ ਵੈਰੀਆਂ ਨੂੰ ਦਮਨ ਕਰਨ ਵਾਲੇ ਮੁਕਤੀ ਦੇ ਦਾਤਾ ਦੇ ਚਰਨ ਕੰਵਲਾਂ ਨੂੰ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਮੈਨੂੰ ਹੁਣ ਉੱਚਾ ਅਨੰਦ ਭਾਵ ਪਰਮ ਅਨੰਦ ਬਖਸ਼ੋ॥ ੪॥

*ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਿਆਖਿਆ*

ਸ੍ਰੀ ਨਾਨਕ ਪਰਕਾਸ਼ ਕੋ ਪ੍ਰਥਮ ਕੀਨਿ ਇਤਿਹਾਸ।
ਪੁਨ ਅਸ਼ਟਹੁੰ ਗੁਰ ਕੇ ਕਰੇ ਰਚਿ ਕਰਿ ਦ੍ਵਾਦਸ਼ ਰਾਸਿ॥ ੫॥

ਪਹਿਲਾਂ ਮੈਂ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਕਥਨ ਕੀਤਾ ਹੈ, ਫਿਰ ਅਠ ਗੁਰੂ ਸਾਹਿਬਾਨ ਦਾ ਇਤਿਹਾਸ ਬਾਰ੍ਹਾਂ ਰਾਸਾਂ ਵਿਚ ਰਚ ਕੇ ਵਰਣਨ ਕੀਤਾ ਹੈ॥ ੫॥

ਬਹੁਰ ਖਸ਼ਟਿ ਰੁਤਿ ਕੇ ਬਿਖੇ ਦਸਮੇ ਗੁਰੂ ਬਿਲਾਸ।
ਜਨਮ ਆਦਿ ਤੇ ਰਚਿ ਭਲੇ ਕਵਿਤਾ ਕੀਨਿ ਪ੍ਰਕਾਸ਼॥ ੬॥

ਫਿਰ ਛੇ ਰੁੱਤਾਂ ਦੇ ਵਿਚ ਦਸਵੇਂ ਗੁਰੂ ਜੀ ਦਾ ਵਿਲਾਸ ਜਨਮ ਆਦਿ ਤੋਂ ਲੈ ਕੇ ਕਵਿਤਾ ਵਿਚ ਰਚ ਕੇ ਚੰਗੀ ਤਰ੍ਹਾਂ ਪ੍ਰਕਾਸ਼ ਕੀਤਾ ਹੈ॥ ੬॥

ਰਹੀ ਕਥਾ ਅਬਿ ਸ਼ੇਸ਼ ਜੋ ਤਿਸ ਹਿਤ ਐਨ ਬਨਾਇ।
ਬਰਨੌਂ ਸਰਬ ਪ੍ਰਸੰਗ ਕੋ ਸਾਰਸੁਤੀ ਉਰ ਧਜਾਇ॥ ੭॥

ਹੁਣ ਜਿਹੜੀ ਕਥਾ ਬਾਕੀ ਰਹਿ ਗਈ ਹੈ, ਉਸ ਲਈ ਐਨ ਬਣਾ ਕੇ ਸਾਰੇ ਪ੍ਰਸੰਗ ਨੂੰ ਵਰਣਨ ਕਰਦਾ ਹਾਂ ਤੇ ਸਾਰਦਾ ਨੂੰ ਆਪਣੇ ਹਿਰਦੇ ਵਿਚ ਧਿਆਉਂਦਾ ਹਾਂ॥ ੭॥

ਦਛਣਾਇਨ ਉਤਰਾਇਨ ਸੰਮਤ ਕੇ ਦੁਇ ਐਨ।
ਇਤ ਉਤ ਸੂਰਜ ਹੋਨਿ ਤੇ ਜਾਨਤਿ ਹੈਂ ਬੁਧਿ ਐਨ॥ ੮॥

ਦੱਖਣਾਇਨ ਤੇ ਉਤਰਾਇਣ ਸਾਲ ਦੇ ਦੋ ਐਨ ਸੂਰਜ ਦੇ ਇਧਰ (ਦੱਖਣ ਰੁਖ) ਤੇ ਓਧਰ (ਉੱਤਰ ਰੁਖ) ਹੋਣ ਤੇ ਬਣਦੇ ਹਨ, ਬੁੱਧੀਵਾਨ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ॥ ੮॥

ਗੁਰ ਪ੍ਰਤਾਪ ਸੂਰਜ ਕਥਯੋ ਇਹੀ ਨਾਮ ਧਰਿ ਦੀਨਿ।
ਯਾਂ ਤੇ ਸਿਖ ਸੰਗਤਿ ਲਖਹੁ ਇਮ ਕਵਿ ਬਿਨਤੀ ਕੀਨਿ॥ ੯॥

ਗੁਰੂ ਜੀ ਦੇ ਪ੍ਰਤਾਪ ਨੂੰ ਮੈਂ ਸੂਰਜ ਦੇ ਰੂਪਕ ਵਿਚ ਕਥਨ ਕੀਤਾ ਹੈ, ਇਸ ਲਈ ਇਸ ਗ੍ਰੰਥ ਦਾ ਇਹੋ ਨਾਮ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਧਰ ਦਿੱਤਾ ਹੈ। ਇਸ ਕਰਕੇ ਕਵੀ ਨੇ ਬੇਨਤੀ ਕੀਤੀ ਹੈ ਕਿ ਸਾਧਸੰਗਤ ਜੀ ਇਸ ਪ੍ਰਕਾਰ ਆਪ ਮੇਰੇ ਆਸ਼ੇ ਨੂੰ ਸਮਝ ਲਵੋ॥ ੯॥

*ਖ. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ*

ਚੌਪਈ- ਸਾਰਦ ਦਾਸਨ ਸਾਰਦ ਸਾਰਾ। ਪਾਰਦ ਬਰਨੀ ਪਾਰਦ ਪਾਰਾ।
ਸਾਰਦ ਬਿਧੁ ਬਦਨੀ ਹਰਿ ਦਾਰਿਦ। ਦਾਸਨਿ ਬਰ ਦਾ ਬਰਸਤਿ ਬਾਰਦ॥੧੦॥

ਸਾਰਦਾ ਆਪਣੇ ਸਾਰੇ ਦਾਸਾਂ ਨੂੰ ਉੱਤਮ ਵਸਤੂ ਸਾਹਿਤਕ ਵਿਦਿਆ ਦੀ ਦਾਤੀ ਹੈ। ਸਾਰਦਾ ਦਾ ਪਾਰੇ ਵਰਗਾ ਉੱਜਲ ਰੰਗ ਹੈ, ਕਾਵਿ ਸਮੁੰਦਰ ਦੇ ਆਰ-ਪਾਰ ਦਾ ਪਾਰ ਅੰਤ ਦੇਣ ਵਾਲੀ ਹੈ। ਸਰਦ ਰੁੱਤ ਦੇ ਚੰਦ੍ਰਮਾਂ ਵਰਗੇ ਮੁਖ ਵਾਲੀ ਗ਼ਰੀਬੀ ਨੂੰ ਦੂਰ ਕਰਨ ਵਾਲੀ ਤੇ ਆਪਣੇ ਦਾਸ ਰੂਪੀ ਕਵੀਆਂ ਨੂੰ ਸੁਭ ਮੱਤ ਦਾ ਵਰ੍ਹਦੇ ਬੱਦਲ ਵਾਂਗ ਵਰ ਦੇਣ ਵਾਲੀ ਦਾਤੀ ਹੈ॥ ੧੦॥

ਦੋਹਰਾ- ਸ੍ਰੀ ਪ੍ਰਭੁ ਦੀਨੇ ਤੇ ਚਢੇ ਪਿਖਿ ਪਹੁਂਚੇ ਇਕ ਗ੍ਰਾਮ।
ਖਰੇ ਹੋਇ ਬੂਝਨਿ ਕਿਯੋ 'ਕਹਾਂ ਗ੍ਰਾਮ ਕੋ ਨਾਮ?'॥ ੧੧॥

ਸਤਿਗੁਰੂ ਜੀ ਦੀਨੇ ਪਿੰਡ ਤੋਂ ਚੜ੍ਹ ਕੇ ਵੇਖ ਕੇ ਇਕ ਪਿੰਡ ਵਿਚ ਪਹੁੰਚ ਗਏ। ਖੜੇ ਹੋ ਕੇ ਪੁੱਛਣ ਲੱਗੇ, "ਇਸ ਪਿੰਡ ਦਾ ਕੀ ਨਾਮ ਹੈ?"॥ ੧੧॥

ਚੌਪਈ- ਸੁਨਿ ਰਾਹਕ ਭਾਖ੍ਯੋ ਤਿਸ ਕਾਲਾ। 'ਇਸੀ ਗ੍ਰਾਮ ਕੋ ਨਾਮ ਰੁਖਾਲਾ'।
ਸ੍ਰੀ ਗੁਰ ਬਰਜਨ ਕੀਨਸਿ ਤਾਂਹਿ। 'ਨਾਮ ਰੁਖਾਲਾ ਕਹੀਏ ਨਾਂਹਿ॥੧੨॥

ਇਹ ਸੁਣ ਕੇ ਕਿਸਾਨ ਨੇ ਉਸ ਸਮੇਂ ਕਿਹਾ, "ਇਸ ਪਿੰਡ ਦਾ ਨਾਮ ਰੁਖਾਲਾ ਹੈ।" ਸਤਿਗੁਰੂ ਜੀ ਨੇ ਉਸ ਕਿਸਾਨ ਨੂੰ ਵਰਜਦੇ ਹੋਏ ਕਿਹਾ, "ਇਸ ਦਾ ਨਾਮ ਰੁਖਾਲਾ ਨਾ ਕਹੋ॥ ੧੨॥

ਅਬਿ ਤੇ ਕਹਹੁ ਨਾਮ ਰਖਵਾਲਾ'। ਤਿਸ ਹੀ ਥਲ ਡੇਰਾ ਗੁਰ ਘਾਲਾ।
ਸੰਗੀ ਸਿੰਘ ਉਤਰਿ ਥਿਰ ਭਏ। ਤ੍ਰਿਣ ਈਂਧਨ ਇਕਠੇ ਕਰਿ ਲਏ॥੧੩॥

ਹੁਣ ਇਸ ਦਾ ਨਾਮ ਰਖਵਾਲਾ ਕਹੋ।" ਉਸ ਸਥਾਨ ਵਿਖੇ ਹੀ ਗੁਰੂ ਜੀ ਨੇ ਆਪਣਾ ਡੇਰਾ ਕੀਤਾ, ਸਾਥੀ ਸਿੰਘ ਘੋੜਿਆਂ ਤੋਂ ਉਤਰ ਕੇ ਬੈਠ ਗਏ ਤੇ ਘਾਹ ਅਤੇ ਬਾਲਣ ਇਕੱਠਾ ਕਰ ਲਿਆ॥ ੧੩॥

ਤਬਿ ਜਲਾਲ ਕੇ ਪੰਚ ਬਿਚਾਰਿ। ਮਿਲਿਬੇ ਹੇਤ ਹੋਇ ਕਰਿ ਤਯਾਰ।
ਦੁਇ ਦੀਰਘ ਘਟ ਪਯ ਤੇ ਭਰਿਕੈ। ਗੁੜ ਪ੍ਰਸਾਦਿ ਕੇਤਿਕ ਲੇ ਕਰਿਕੈ॥੧੪॥

ਤਦ ਜਲਾਲ ਪਿੰਡ ਦੇ ਨੰਬਰਦਾਰ ਵਿਚਾਰ ਕਰਕੇ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰ ਹੋ ਗਏ। ਦੋ ਵੱਡੇ ਘੜੇ ਦੁੱਧ ਨਾਲ ਭਰ ਕੇ, ਗੁੜ ਪ੍ਰਸਾਦਿ ਕਾਫੀ ਲੈ ਕੇ॥ ੧੪॥

ਆਨਿ ਗੁਰੂ ਪਗਬੰਦਨ ਠਾਨੀ। ਇਕ ਬਰਛੀ ਖਰ ਚਾਰੁ ਮਹਾਨੀ।
ਦਈ ਉਪਾਇਨ, ਸ੍ਰੀ ਪ੍ਰਭੁ ਲਈ। ਦੇਖਿ ਪ੍ਰਸੰਨ ਖੁਸ਼ੀ ਬਹੁ ਕਈ॥੧੫॥

ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ। ਇਕ ਸੁੰਦਰ ਬਰਛੀ ਜਿਹੜੀ ਬੜੀ ਤਿੱਖੀ ਸੀ, ਸਤਿਗੁਰੂ ਜੀ ਨੂੰ ਉਪਹਾਰ ਵਜੋਂ ਭੇਟ ਕੀਤੀ। ਉਸ ਬਰਛੀ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਬਹੁਤ ਖ਼ੁਸ਼ੀ ਕੀਤੀ॥ ੧੫॥

ਪਿਖਿ ਰੁਖ ਤਬਿ ਜਲਾਲ ਕੇ ਕਹੈਂ। 'ਬੈਰ ਗ੍ਰਾਮ ਇਨ ਸੋਂ ਨਿਤ ਰਹੈ।
ਕਬਿ ਕਬਿ ਤਿਨ ਸਨ ਪਰਹਿ ਲਰਾਈ। ਮਾਰਨ ਮਰਨ ਹੋਇ ਸਮੁਦਾਈ॥੧੬॥

ਗੁਰੂ ਜੀ ਦਾ ਰੁਖ ਵੇਖ ਕੇ ਫਿਰ ਜਲਾਲ ਦੇ ਮਨੁੱਖ ਕਹਿਣ ਲੱਗੇ, "ਇਨ੍ਹਾਂ ਲਾਗਲੇ ਪਿੰਡਾਂ ਨਾਲ ਸਾਡਾ ਵੈਰ ਰਹਿੰਦਾ ਹੈ, ਕਦੀ-ਕਦੀ ਇਨ੍ਹਾਂ ਨਾਲ ਲੜਾਈ ਹੋ ਜਾਂਦੀ ਹੈ ਤਾਂ ਫਿਰ ਸਾਰਿਆਂ ਦਾ ਮਾਰਨ ਮਰਨ ਹੋ ਜਾਂਦਾ ਹੈ॥ ੧੬॥

ਸ੍ਰੀ ਮੁਖ ਤੇ ਅਬਿ ਕਰਹੁ ਉਚਾਰੀ। ਜਿਸ ਤੇ ਹੋਵੈ ਫਤੇ ਹਮਾਰੀ।
ਬਾਕ ਆਪ ਕੇ ਸਫਲੈਂ ਸਦਾ। ਕਹਿਯਹਿ ਜੀਤ ਹੋਇ ਜਦ ਕਦਾ॥੧੭॥

ਹੇ ਸਤਿਗੁਰੂ ਜੀ ਹੁਣ ਆਪਣੇ ਮੁਖ ਤੋਂ ਉਚਾਰਨ ਕਰੋ, ਜਿਸ ਕਾਰਨ ਸਾਡੀ ਫ਼ਤਹਿ ਹੋਵੇ। ਤੁਹਾਡੇ ਬਚਨ ਸਦਾ ਹੀ ਸਫਲ ਹੁੰਦੇ ਹਨ, ਕਹੋ ਜਦ ਕਦੀ ਸਾਡੀ ਜਿੱਤ ਹੋਵੇ'॥ ੧੭॥

ਸ੍ਰੀ ਮੁਖ ਤੇ ਭਾਖਜੋ ਤਿਹ ਸਮੇਂ। 'ਗੁਰ ਘਰ ਕੇ ਰਹੀਅਹਿ ਨਿਤ ਨਿਮੇਂ।
ਰਿਪੁ ਸੋਂ ਲਰੇ, ਫਤੇ ਕੋ ਪੈਹੈਂ। ਚੜ੍ਹੀ ਆਇ ਉਤਰਾਇ ਸੁ ਜੈਹੈ' ॥ ੧੮ ॥

ਉਸ ਸਮੇਂ ਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ, "ਗੁਰੂ ਘਰ ਦੇ ਅੱਗੇ ਸਦਾ ਸਨਿਮਰ ਰਹੋ, ਜਿਸ ਵੈਰੀ ਨਾਲ ਲੜੋਗੇ ਫਤਹਿ ਪ੍ਰਾਪਤ ਕਰੋਗੇ, ਜਿਹੜਾ ਵੀ ਤੁਹਾਡੇ ਉੱਪਰ ਚੜ੍ਹ ਕੇ ਆਵੇਗਾ, ਉਹ ਹਾਰ ਖਾ ਕੇ ਜਾਵੇਗਾ" ॥ ੧੮ ॥

ਇਹ ਬਰ ਦਿਯੋ ਹਰਖ ਉਰ ਭਰੇ। ਕੇਤਿਕ ਸੇਵ ਔਰ ਭੀ ਕਰੇ।
ਤਿਸ ਪਸ਼ਚਾਤਿ ਲਰੇ ਕਬਿ ਸੋਈ। ਰਿਪੁ ਤੇ ਬਿਜੈ ਤਿਨਹੁੰ ਕੀ ਹੋਈ ॥ ੧੯ ॥

ਦਿਲ ਵਿਚ ਪ੍ਰਸੰਨਤਾ ਧਾਰ ਕੇ ਉਨ੍ਹਾਂ ਨੂੰ ਇਹ ਵਰ ਦਿੱਤਾ, ਉਨ੍ਹਾਂ ਕੁਝ ਹੋਰ ਵੀ ਸੇਵਾ ਕੀਤੀ। ਉਸ ਤੋਂ ਬਾਅਦ ਜਦ ਵੀ ਲੜਾਈ ਹੋਈ, ਵੈਰੀ ਉੱਪਰ ਉਨ੍ਹਾਂ ਦੀ ਹੀ ਵਿਜੈ ਹੋਈ ॥ ੧੯ ॥

ਇਸੀ ਰੀਤਿ ਬਹੁ ਬਰਖ ਬਿਤਾਏ। ਬਿਦਤੇ ਸਿੰਘ ਜਥੈ ਸਮੁਦਾਏ।
ਏਕ ਬਾਰ ਦਲ ਤਹਾਂ ਸਿਧਾਰਾ। ਤਬਿ ਜਲਾਲ ਨੇ ਕੀਨਿ ਬਿਗਾਰਾ ॥ ੨੦ ॥

ਏਸੇ ਰੀਤੀ ਨਾਲ ਬਹੁਤ ਸਾਲ ਬਤੀਤ ਕੀਤੇ, ਜਦੋਂ ਸਿੰਘ ਸਾਰੇ ਫੈਲੇ ਤੇ ਪ੍ਰਸਿੱਧ ਹੋ ਗਏ। ਇਕ ਵਾਰ ਸਿੰਘਾਂ ਦਾ ਦਲ ਉਥੇ ਗਿਆ। ਤਦ ਜਲਾਲ ਵਾਸੀਆਂ ਨੇ ਉਸ ਸਿੰਘਾਂ ਦੇ ਦਲ ਦਾ ਬਹੁਤ ਵਿਗਾੜ ਕੀਤਾ ॥ ੨੦ ॥

ਨਿਸ ਮਹਿਂ ਜੁਗ ਸਿੰਘਨ ਕੋ ਮਾਰੇ। ਬਾਜੀ ਪੰਚ ਚੁਰਾਇ ਨਿਕਾਰੇ।
ਪ੍ਰਾਤ ਖਾਲਸੇ ਜਾਨਿ ਖੁਟਾਈ। ਭਏ ਅਰੂਢਿ ਨਿਸ਼ਾਨ ਬਜਾਈ ॥ ੨੧ ॥

ਰਾਤ ਸਮੇਂ ਦੋ ਸਿੰਘਾਂ ਨੂੰ ਮਾਰਿਆ ਤੇ ਪੰਜ ਘੋੜੇ ਚੁਰਾ ਕੇ ਨਿਕਲ ਗਏ। ਸਵੇਰੇ ਜਦ ਖਾਲਸੇ ਨੇ ਖੁਟਾਈ ਜਾਣੀ ਤਾਂ ਉਹ ਨਗਾਰਾ ਵਜਾ ਕੇ ਘੋੜਿਆਂ ਉੱਪਰ ਸਵਾਰ ਹੋ ਗਏ ॥ ੨੧ ॥

ਮਾਰਜੋ ਪਿਖਿ ਜਲਾਲ ਕੋ ਗ੍ਰਾਮੂ। ਲੂਟੇ ਭਲੀ ਭਾਂਤਿ ਗਨ ਧਾਮੂ।
ਤਬਿ ਗੁਰਵਾਕ ਚਿਤਾਰਨ ਲਾਗੇ। 'ਕਹਜੋ ਪ੍ਰਥਮ ਕੋ ਜੇ ਹਮ ਤਜਾਗੇ ॥ ੨੨ ॥

ਫਿਰ ਵੇਖ ਕੇ ਜਲਾਲ ਪਿੰਡ ਨੂੰ ਮਾਰਿਆ ਤੇ ਉਨ੍ਹਾਂ ਦੇ ਸਾਰੇ ਘਰ ਭਲੀ ਪ੍ਰਕਾਰ ਲੁੱਟ ਲਏ। ਤਦ ਗੁਰਵਾਕ ਚੇਤੇ ਕਰਨ ਲੱਗੇ, "ਜਿਹੜਾ ਅਸੀਂ ਪਹਿਲਾਂ ਕਰਦੇ ਸੀ, ਉਸ ਦਾ ਤਿਆਗ ਕਰ ਦਿੱਤਾ ਹੈ ॥ ੨੨ ॥

'ਗੁਰ ਘਰ ਸੰਗ ਨਿਮੇ ਜੇ ਰਹੋ। ਬਿਜੈ ਆਪਨੀ ਜਿਤ ਕਿਤ ਲਹੋ।
ਜਬਿ ਬੇਮੁਖ ਹੋਵਹੁ ਦੁਖ ਪਾਵਹੁ। ਸਹਹੁ ਸਜ਼ਾਇ ਮਾਰ ਕੋ ਖਾਵਹੁ ॥ ੨੩ ॥

"ਗੁਰੂ ਘਰ ਨਾਲ ਸਨਿਮਰ ਹੋ ਕੇ ਰਹੋ, ਜਿੱਥੇ ਕਿੱਥੇ ਆਪਣੀ ਵਿਜੈ ਪ੍ਰਾਪਤ ਕਰੋ। ਜਦ ਵੀ ਗੁਰੂ ਘਰ ਨਾਲ ਬੇਮੁਖ ਹੋ ਜਾਵੋਗੇ ਤਾਂ ਦੁਖ ਪਾਵੋਗੇ, ਫਿਰ ਸਜ਼ਾ ਬਰਦਾਸ਼ਤ ਕਰੋ ਅਤੇ ਮਾਰ ਖਾਵੋ" ॥ ੨੩ ॥

ਹਮ ਤੇ ਖਤਾ ਭਈ ਗੁਰ ਕੇਰੀ। ਬਖ਼ਸ਼ਾਵਨਿ ਅਬਿ ਬਨਿ ਹੈ ਫੇਰੀ'।
ਪੰਜ ਰੁਪੱਯਨਿ ਕੀਨ ਕਰਾਹੂ। ਲੇ ਕਰਿ ਗਏ ਖਾਲਸੇ ਪਾਹੂ ॥ ੨੪ ॥

ਸਾਡੇ ਪਾਸੋਂ ਗੁਰੂ ਜੀ ਦੀ ਖੁਨਾਮੀ ਹੋ ਗਈ ਹੈ, ਹੁਣ ਸਾਡਾ ਉਨ੍ਹਾਂ ਪਾਸੋਂ ਬਖਸ਼ਾਉਣਾ ਬਣਦਾ ਹੈ।" ਪੰਜ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਲੈ ਕੇ ਖਾਲਸੇ ਪਾਸ ਗਏ ॥ ੨੪ ॥

ਪਾਛਲ ਅਗਲ ਪ੍ਰਸੰਗ ਸੁਨਾਵਾ। ਹਾਥ ਜੋਰਿ ਕਹਿ ਕੈ ਬਖਸ਼ਾਵਾ।
ਪੁਨ ਸੋ ਗ੍ਰਾਮ ਉਜਰਿ ਤਿਸ ਥਾਨਾ। ਜਹਿਂ ਗੁਰ ਥਲ ਤਹਿਂ ਬਾਸਜੋ ਆਨਾ ॥ ੨੫ ॥

ਪਿਛਲਾ ਅਗਲਾ ਪ੍ਰਸੰਗ ਸੁਣਾਇਆ ਤੇ ਹੱਥ ਜੋੜ ਕੇ ਕਹਿ ਕੇ ਆਪਣੇ ਆਪ ਨੂੰ ਬਖਸ਼ਾਇਆ। ਫਿਰ ਉਸ ਪਿੰਡ ਵਾਲਾ ਸਥਾਨ ਉੱਜੜ ਗਿਆ, ਜਿੱਥੇ ਗੁਰੂ ਜੀ ਦਾ ਸਥਾਨ ਸੀ, ਉਥੇ ਹੋਰ ਪਿੰਡ ਵਸਿਆ॥ ੨੫॥

ਨਾਮ ਗੁਰੂ ਸਰ ਰਾਖਨਿ ਕਰਜੋ। ਅਬਿ ਲੌ ਬਸਹਿ ਤਿਸੀ ਥਲ ਥਿਰਜੋ।
ਦੀਨੇ ਤੇ ਉਠਿ ਪੂਰਬ ਡੇਰਾ। ਕਰਜੋ ਤਹਾਂ ਪ੍ਰਭੁ ਲਾਯਕ ਹੇਰਾ॥ ੨੬॥

ਉਸ ਪਿੰਡ ਦਾ ਨਾਮ ਗੁਰੂ ਸਰ ਰੱਖਿਆ, ਉਹ ਪਿੰਡ ਹੁਣ ਤਕ ਉਸੇ ਸਥਾਨ ਉੱਪਰ ਵਸਦਾ ਹੈ। ਦੀਨੇ ਪਿੰਡ ਤੋਂ ਗੁਰੂ ਜੀ ਦਾ ਪਹਿਲਾ ਡੇਰਾ ਉੱਠ ਕੇ ਉਸ ਸਥਾਨ ਤੇ ਆ ਕੇ ਡੇਰਾ ਕੀਤਾ, ਜਿਸ ਨੂੰ ਗੁਰੂ ਜੀ ਨੇ ਯੋਗ ਸਮਝਿਆ॥ ੨੬॥

ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਸਕਲ ਪ੍ਰਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਕਰਿ ਭਲੇ। ਡਾਰਿ ਜੀਨ ਹਯ ਆਗੇ ਚਲੇ॥ ੨੭॥

ਉਥੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਸਾਰੇ ਜਾਗ ਪਏ। ਭਲੀ ਪ੍ਰਕਾਰ ਧਾਰ ਕੇ ਸੋਚ ਇਸ਼ਨਾਨ ਕੀਤਾ ਤੇ ਫਿਰ ਘੋੜਿਆਂ ਉੱਪਰ ਕਾਠੀਆਂ ਪਾ ਕੇ ਅੱਗੇ ਚਲ ਪਏ॥ ੨੭॥

ਕਿਤਿਕ ਕੋਸ ਪਰ ਭਗਤਾ ਗ੍ਰਾਮੂ। ਪਿਖਜੋ ਤਹਾਂ ਚਲਦਲ ਅਭਿਰਾਮੂ।
ਇਸ ਤਰੁ ਤਰੇ ਤੁਰੰਗ ਠਹਿਰਾਯੋ। ਉਤਰੇ ਦਾਸ ਹਾਥ ਪਕਰਾਯੋ॥ ੨੮॥

ਕਈਆਂ ਕੋਹਾਂ ਉੱਪਰ ਭਗਤਾ ਨਾਮੀ ਪਿੰਡ ਸੀ, ਉਥੇ ਇਕ ਸੁੰਦਰ ਪਿੱਪਲ ਦਾ ਬ੍ਰਿਛ ਵੇਖਿਆ। ਉਸ ਦਰੱਖਤ ਦੇ ਥੱਲੇ ਆਪਣੇ ਘੋੜੇ ਨੂੰ ਠਹਿਰਾਇਆ ਤੇ ਘੋੜੇ ਤੋਂ ਉੱਤਰ ਕੇ ਇਕ ਸੇਵਕ ਦੇ ਹੱਥ ਵਿਚ ਫੜਾ ਦਿੱਤਾ॥ ੨੮॥

ਤਹਾਂ ਗਲੀਚੇ ਕੋ ਬਿਛਵਾਇ। ਬੈਠਿ ਗਏ ਤਿਸ ਪਰ ਸੁਖਦਾਇ।
ਥਿਰ ਹ੍ਵੈ ਇਤ ਉਤ ਦ੍ਰਿਸ਼ਟਿ ਚਲਾਈ। ਨਿਕਟ ਕੂਪ ਕੀ ਲਗਹਿ ਚਿਨਾਈ॥੨੯॥

ਉਥੇ ਗਲੀਚੇ ਵਿਛਵਾਏ ਤੇ ਸਾਰੇ ਸੁਖ ਨਾਲ ਉਨ੍ਹਾਂ ਉੱਪਰ ਬੈਠ ਗਏ। ਉਥੇ ਬੈਠ ਕੇ ਗੁਰੂ ਜੀ ਨੇ ਏਧਰ ਓਧਰ ਨਜ਼ਰ ਚਲਾਈ, ਨੇੜੇ ਹੀ ਇਕ ਖੂਹ ਦੀ ਚਿਣਵਾਈ ਹੋਈ ਸੀ॥ ੨੯॥

ਅਵਿਲੋਕਤਿ ਇਕ ਨਰ ਢਿਗ ਆਯੋ। ਤਿਹ ਸੋਂ ਬੂਝਨ ਹੇਤ ਅਲਾਯੋ।
ਇਹਾਂ ਕੂਪ ਲਗਵਾਵਤਿ ਕੋਨ ? ਕਿਸ ਕੋ ਗ੍ਰਾਮ ਕਉਨ ਕੋ ਭਉਨ ?'॥ ੩੦॥

ਵੇਖ ਕੇ ਇਕ ਮਨੁੱਖ ਗੁਰੂ ਜੀ ਦੇ ਪਾਸ ਆਇਆ, ਉਸ ਨੂੰ ਪੁੱਛਣ ਵਾਸਤੇ ਗੁਰੂ ਜੀ ਬੋਲੇ, "ਏਥੇ ਕੌਣ ਖੂਹ ਲਗਾ ਰਿਹਾ ਹੈ ? ਕਿਸ ਦਾ ਇਹ ਪਿੰਡ ਹੈ ਤੇ ਕਿਸ ਦਾ ਇਹ ਘਰ ਹੈ ?"॥ ੩੦॥

ਕਹਿ ਨਰ 'ਬਹਿਲੋ ਕਾ ਇਹ ਪੋਤਾ। ਜਿਸਕੋ ਭਗਤਾ ਨਾਮ ਉਦੋਤਾ।
ਤਿਨ ਕੋ ਗ੍ਰਾਮ ਕੂਪ ਸੋ ਲਾਵਤਿ'। ਸੁਨਿ ਤਿਸ ਤੇ ਸਤਿਗੁਰੂ ਅਲਾਵਤਿ॥੩੧॥

ਉਸ ਮਨੁੱਖ ਨੇ ਕਿਹਾ, "ਬਹਿਲੋ ਦਾ ਇਹ ਪੋਤਾ ਹੈ, ਜਿਸ ਦਾ ਭਗਤਾ ਨਾਮ ਪ੍ਰਗਟ ਹੈ, ਉਨ੍ਹਾਂ ਦਾ ਇਹ ਪਿੰਡ ਹੈ ਤੇ ਉਹ ਖੂਹ ਲਗਵਾ ਰਹੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ॥ ੩੧॥

ਦੋਹਰਾ- 'ਦੰਮ ਲਗਨ ਪਤਿਸ਼ਾਹ ਕੇ ਸਾਬੂਣ ਗਰਾਂ ਦਾ ਨਾਉਂ।
ਪੂਰਬ ਇਮ ਹੋਈ ਕਹੂੰ ਗਤਿ ਇਸ ਥਾਉਂ'॥ ੩੨॥

"ਪੈਸੇ ਤਾਂ ਬਾਦਸ਼ਾਹ ਦੇ ਲੱਗਣ ਤੇ ਸਾਬੂਣ ਪਿੰਡ ਦਾ ਨਾਮ ਹੋਵੇ। ਜਿਵੇਂ ਪਹਿਲਾਂ ਹੋਈ ਹੈ, ਉਸ ਦੀ ਗਤੀ ਮੈਂ ਇਸ ਥਾਂ ਕਹਿੰਦਾ ਹਾਂ"॥ ੩੨॥

ਚੌਪਈ- ਸੁਨਿ ਕੈ ਸਿੱਖਨ ਬੂਝਨਿ ਠਾਨੀ। 'ਕੋ ਪ੍ਰਸੰਗ ਪ੍ਰਭੁ ਕਰਹੁ ਬਖਾਨੀ।
ਜਿਸ ਪਰ ਭਾਖ੍ਯੋ ਇਹ ਪੱਖ੍ਯਾਨਾ। ਹਮ ਭੀ ਸੁਨ੍ਯੋ ਚਹੈਂ ਨਿਜ ਕਾਨਾ ॥੩੩॥

ਸਿੱਖਾਂ ਨੇ ਸੁਣ ਕੇ ਪੁੱਛਿਆ, "ਕੈਸਾ ਪ੍ਰਸੰਗ ਹੈ, ਪ੍ਰਭੂ ਜੀ ਸਾਨੂੰ ਕਹਿ ਕੇ ਸੁਣਾਓ, ਜਿਸ ਨਾਲ ਇਹ ਪ੍ਰਸੰਗ ਵਾਪਰਿਆ ਹੈ, ਉਹ ਕਥਾ ਅਸੀਂ ਵੀ ਆਪਣੇ ਕੰਨਾਂ ਨਾਲ ਸੁਣਨੀ ਚਾਹੁੰਦੇ ਹਾਂ"॥ ੩੩॥

ਸ੍ਰੀ ਸਤਿਗੁਰੂ ਪ੍ਰਸੰਗ ਉਚਾਰਾ। 'ਤੁਰਕਨਿ ਇਕ ਦੀਵਾਨ ਉਦਾਰਾ।
ਰਾਮੂ ਨਾਮ ਕਹਤਿ ਹੈਂ ਜਾਂਹੀ। ਇਕ ਤਨੁਜਾ ਤਿਸ ਕੇ ਗ੍ਰਿਹ ਮਾਂਹੀ ॥੩੪॥

ਫਿਰ ਸ੍ਰੀ ਸਤਿਗੁਰੂ ਜੀ ਨੇ ਪ੍ਰਸੰਗ ਉਚਾਰਨ ਕੀਤਾ, "ਤੁਰਕਾਂ ਦਾ ਇਕ ਵੱਡਾ ਦੀਵਾਨ ਸੀ, ਜਿਸ ਨੂੰ ਰਾਮੂ ਨਾਮ ਨਾਲ ਕਹਿ ਕੇ ਪੁਕਾਰਦੇ ਸਨ, ਇਕ ਲੜਕੀ ਉਸ ਦੇ ਘਰ ਵਿਚ ਰਹਿੰਦੀ ਸੀ॥ ੩੪॥

ਸੋ ਅਨੰਦਪੁਰ ਚਲਿ ਕੈ ਆਯੋ। ਹੋਹਿ ਨੰਮ੍ਰਿ ਬਿਚ ਸਭਾ ਸੁਨਾਯੋ।
'ਮੋਹਿ ਸੁਤਾ ਕਹੁ ਲਾਗ੍ਯੋ ਪ੍ਰੇਤ। ਸ੍ਰੀ ਗੁਰ ਸਿਖ ਕੋ ਹੋਇ ਸੁਚੇਤ ॥੩੫॥

ਉਹ ਦੀਵਾਨ ਰਾਮੂ ਅਨੰਦਪੁਰ ਚਲ ਕੇ ਆਇਆ ਤੇ ਸਨਿੰਮਰ ਹੋ ਕੇ ਉਸ ਸਭਾ ਵਿਚ ਬਚਨ ਸੁਣਾਇਆ। "ਮੇਰੀ ਲੜਕੀ ਨੂੰ ਭੂਤ ਚੰਬੜਿਆ ਹੈ। ਕੋਈ ਗੁਰਸਿੱਖ ਜੇ ਸੁਚੇਤ ਹੋਵੇ॥ ੩੫॥

ਕਰਹਿ ਨਿਕਾਸਨ ਤਿਸ ਕੋ ਐਸੇ। ਬਹੁਰ ਨ ਆਇ ਪ੍ਰਵੇਸ਼ੈ ਜੈਸੇ।
ਬਹੁ ਉਪਚਾਰ ਕਰੇ ਸਭਿ ਹਾਰੇ। ਕੋ ਨਹਿਂ ਸਕ੍ਯੋ ਤਾਂਹਿ ਨਿਰਵਾਰੇ ॥੩੬॥

ਤਾਂ ਉਸ ਭੂਤ ਨੂੰ ਇਸ ਪ੍ਰਕਾਰ ਕੱਢ ਦੇਵੇ, ਕਿ ਉਹ ਦੁਬਾਰਾ ਪ੍ਰਵੇਸ਼ ਨਾ ਕਰ ਸਕੇ। ਬਹੁਤ ਇਲਾਜ ਕਰਵਾ ਕੇ ਹਾਰ ਗਏ ਹਾਂ, ਉਸ ਭੂਤ ਨੂੰ ਕੋਈ ਵੀ ਕੱਢ ਨਹੀਂ ਸਕਿਆ ਹੈ॥ ੩੬॥

ਯਾਂ ਤੇ ਮੈਂ ਗੁਰ ਸਭਾ ਮਝਾਰੀ। ਅਰਜ਼ ਉਚਾਰੀ ਸਭਿਨਿ ਅਗਾਰੀ'।
ਸੁਨਿ ਸਭਿ ਭਗਤੇ ਕੀ ਦਿਸ਼ਿ ਹੇਰਾ। ਰੁਖ ਪਰਖਤਿ ਬੋਲ੍ਯੋ ਤਿਸ ਬੇਰਾ ॥੩੭॥

ਇਸ ਕਰਕੇ ਮੈਂ ਗੁਰੂ ਜੀ ਦੀ ਸਭਾ ਵਿਚ ਆਇਆ ਹਾਂ ਤੇ ਸਾਰਿਆਂ ਦੇ ਅੱਗੇ ਬੇਨਤੀ ਕੀਤੀ ਹੈ।" ਇਹ ਸੁਣ ਕੇ ਸਾਰਿਆਂ ਨੇ ਭਗਤੇ ਵੱਲ ਵੇਖਿਆ, ਫਿਰ ਭਗਤਾ ਰੁਖ ਪਛਾਣ ਕੇ ਉਸ ਸਮੇਂ ਬੋਲਿਆ॥ ੩੭॥

'ਨਹਿਂ ਚਿੰਤਾ ਕਰਿ ਸੁਖ ਹੁਇ ਜਾਇ' ਹਰਖ੍ਯੋ ਰਾਮੂ ਸੇਵ ਕਮਾਇ।
ਲੇ ਭਗਤੇ ਕੋ ਲਵਪੁਰਿ ਗਯੋ। ਪਹੁੰਚ੍ਯੋ ਭੂਤ ਨਿਕਾਸਤਿ ਭਯੋ ॥੩੮॥

"ਚਿੰਤਾ ਨਾ ਕਰੋ ਆਰਾਮ ਆ ਜਾਵੇਗਾ।" ਰਾਮੂ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਭਗਤੇ ਦੀ ਸੇਵਾ ਕੀਤੀ ਤੇ ਉਸ ਨੂੰ ਲੈ ਕੇ ਲਾਹੌਰ ਚਲਾ ਗਿਆ। ਰਾਮੂ ਦੇ ਘਰ ਪਹੁੰਚ ਕੇ ਉਸ ਭੂਤ ਕੱਢ ਦਿੱਤਾ॥ ੩੮॥

ਤਬਿ ਦੀਵਾਨ ਕਹ੍ਯੋ ਕਰ ਜੋਰਿ। 'ਫੁਰਮਾਵਹੁ ਕਾਰਜ ਚਿਤ ਲੋਰ।
ਮੋਕਹੁ ਸੇਵਕ ਅਪਨੋ ਜਾਨਹੁ। ਕਰਊਂ ਸੇਵ ਕੁਛ ਆਪ ਬਖਾਨਹੁ' ॥੩੯॥

ਫਿਰ ਰਾਮੂ ਦੀਵਾਨ ਨੇ ਹੱਥ ਜੋੜ ਕੇ ਕਿਹਾ, "ਆਪਣਾ ਚਿੱਤ ਚਾਹੁੰਦਾ ਕਾਰਜ ਦੱਸੋ। ਮੈਨੂੰ ਆਪਣਾ ਸੇਵਕ ਜਾਣੋ, ਜੋ ਵੀ ਤੁਸੀਂ ਫੁਰਮਾਓਗੇ ਮੈਂ ਉਹੀ ਸੇਵਾ ਕਰ ਦੇਵਾਂਗਾ"॥ ੩੯॥

ਸੁਨਿ ਭਗਤੇ ਭਾਖ੍ਯੋ ਇਹ ਕਾਮੂ। 'ਚਹੈਂ ਕੂਪ ਲਾਯਹੁ ਨਿਜ ਗ੍ਰਾਮੂ।
ਦੁਰਲਭ ਤਹਾਂ ਈਂਟਕਾ ਅਹੈਂ। ਹੋਇ ਨ ਸਕਹਿ ਕਰ੍ਯੋ ਜੋ ਚਹੈਂ ॥੪੦॥

ਇਹ ਸੁਣ ਕੇ ਭਗਤੇ ਨੇ ਆਪਣੇ ਕੰਮ ਬਾਰੇ ਦੱਸਿਆ, "ਮੈਂ ਆਪਣੇ ਪਿੰਡ ਵਿਚ ਖੂਹ ਲਵਾਉਣਾ ਚਾਹੁੰਦਾ ਹਾਂ। ਉਥੇ ਪੱਕੀਆਂ ਇੱਟਾਂ ਦੁਰਲੱਭ ਹਨ, ਕਿਤੇ ਵੀ ਨੇੜੇ-ਤੇੜੇ ਨਹੀਂ ਮਿਲਦੀਆਂ ਹਨ॥ ੪੦॥

ਯਾਂ ਤੇ ਏਕ ਪਚਾਵਾ ਦੇਹੂ। ਕੂਪ ਲਗਹਿ ਕਰਿ ਕਾਰਜ ਏਹੂ।
ਸੁਨਿ ਰਾਮੂ ਬਿਸਮਜੋ ਬਚ ਭਾਖਾ। 'ਈਂਟ ਲੇਹੁ ਜੇਤਿਕ ਅਭਿਲਾਖਾ॥ ੪੧॥

ਇਸ ਕਰਕੇ ਇਕ ਆਵਾ ਇੱਟਾਂ ਦਾ ਦੇਵੋ, ਮੇਰਾ ਖੂਹ ਲੱਗ ਜਾਵੇ ਇਹੋ ਹੀ ਇਕ ਮੇਰਾ ਕਾਰਜ ਹੈ।" ਇਹ ਸੁਣ ਕੇ ਰਾਮੂ ਬੜਾ ਹੈਰਾਨ ਹੋਇਆ ਅਤੇ ਕਹਿਣ ਲੱਗਾ, "ਜਿੰਨੀ ਤੇਰੀ ਅਭਿਲਾਸ਼ਾ ਹੈ ਓਨੀਆਂ ਹੀ ਇੱਟਾਂ ਲੈ ਲਵੋ॥ ੪੧॥

ਏਤੀ ਦੂਰਿ ਪਹੂੰਚਹਿ ਕੈਸੇ? ਉਸ਼ਟ ਸਕਟ ਤੇ ਜਾਇ ਨ ਤੈਸੇ।
ਦਰਬ ਅਧਿਕ ਤੇ ਪਹੁੰਚਹਿ ਸੋਇ। ਇਹ ਉੱਤਰ ਮੋਕਹੁ ਕਹੁ ਕੋਇ'॥ ੪੨॥

ਪਰ ਇਹ ਇੱਟਾਂ ਏਡੀ ਦੂਰ ਕਿਵੇਂ ਪਹੁੰਚਣਗੀਆਂ, ਊਠਾਂ ਜਾਂ ਛਕੜਿਆਂ ਉੱਪਰ ਇਹ ਇੱਟਾਂ ਜਾ ਨਹੀਂ ਸਕਦੀਆਂ ਹਨ। ਬਹੁਤ ਧਨ ਖਰਚ ਕੇ ਉਥੇ ਪਹੁੰਚਣਗੀਆਂ, ਇਸ ਬਾਰੇ ਮੈਨੂੰ ਉੱਤਰ ਦੇਵੋ" ॥ ੪੨॥

ਸੁਨਿ ਭਗਤੇ ਕਹਿ 'ਦਿਹੁ ਤੁਮ ਤਾਹੀ। ਪਹੁੰਚਾਵਨਿ ਕੁਛ ਮੁਸ਼ਕਲ ਨਾਂਹੀ।
ਏਕ ਨਿਸਾ ਮਹਿਂ ਸਭਿ ਲੇ ਜਾਵੈਂ। ਪਹੁਚੈ ਸੁਗਮ, ਕੂਪ ਲਗਵਾਵੈਂ'॥ ੪੩॥

ਇਹ ਸੁਣ ਕੇ ਭਗਤੇ ਨੇ ਕਿਹਾ, "ਫਿਰ ਵੀ ਤੁਸੀ ਇੱਟਾਂ ਦੇਵੋ, ਮੇਰੇ ਵਾਸਤੇ ਪਹੁੰਚਾਉਣੀਆਂ ਮੁਸ਼ਕਲ ਨਹੀਂ ਹਨ। ਇਕ ਰਾਤ ਵਿਚ ਸਾਰੀਆਂ ਲੈ ਜਾਵਾਂਗੇ, ਆਰਾਮ ਨਾਲ ਪਹੁੰਚ ਕੇ ਖੂਹ ਲਵਾ ਲਵਾਂਗੇ" ॥ ੪੩॥

ਤਬਿ ਰਾਮੂ ਇਕ ਦਯੋ ਪਚਾਯਾ। ਦੇਖਨਿ ਹਿਤ ਨਰ ਏਕ ਬਿਠਾਯਾ।
ਭਗਤੇ ਸਭਿ ਪ੍ਰੇਤਨਿ ਕੋ ਪ੍ਰੇਰਾ। ਆਨਿ ਲਗੇ ਢੋਵਨਿ ਤਿਸ ਬੇਰਾ॥ ੪੪॥

ਤਦ ਰਾਮੂ ਨੇ ਇੱਟਾਂ ਦਾ ਇਕ ਆਵਾ ਦਿੱਤਾ ਤੇ ਵੇਖਣ ਵਾਸਤੇ ਉਸ ਇਕ ਆਦਮੀ ਬਿਠਾ ਦਿੱਤਾ। ਭਗਤੇ ਨੇ ਸਭ ਪ੍ਰੇਤਾਂ ਨੂੰ ਪ੍ਰੇਰਿਆ ਤੇ ਉਹ ਸਾਰੇ ਆ ਕੇ ਇੱਟਾਂ ਢੋਣ ਲੱਗੇ॥ ੪੪॥

ਏਕ ਜਾਮ ਮਹਿਂ ਸਭਿ ਲੇ ਆਏ। ਬੈਠਜੋ ਨਰ ਕੁਛ ਪਿਖਜੋ ਨ ਜਾਏ।
ਰਾਮੂ ਸੰਗ ਜਾਇ ਤਿਹਿਂ ਭਨਾ। 'ਬਡੋ ਕੁਲਾਹਲ ਮੈਂ ਇਕ ਸੁਨਾ॥ ੪੫॥

ਇਕ ਪਹਿਰ ਵਿਚ ਸਾਰੀਆਂ ਇੱਟਾਂ ਲੈ ਆਏ। ਜਿਹੜਾ ਰਾਮੂ ਨੇ ਉਥੇ ਮਨੁੱਖ ਬਿਠਾਇਆ ਸੀ, ਉਸ ਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ ਸੀ। ਉਸ ਨੇ ਰਾਮੂ ਪਾਸ ਜਾ ਕੇ ਕਿਹਾ, "ਮੈਂ ਵੱਡਾ ਰੋਲਾ-ਰੱਪਾ ਸੁਣਿਆ ਹੈ॥ ੪੫॥

ਦੇਖਜੋ ਰੂਪ ਨ ਰੰਗ ਨ ਅੰਗ। ਕਰਤਿ ਸ਼ੀਘ੍ਰ ਲੈਗੇ ਇਕ ਸੰਗ'।
ਬਿਸਮਜੋ ਰਾਮੂ ਤੂਸ਼ਨ ਭਯੋ। ਸੋ ਇਹ ਕੂਪ ਲਗਾਵਨਿ ਕਿਯੋ॥ ੪੬॥

ਪਰ ਕਿਸੇ ਦਾ ਵੀ ਰੂਪ, ਰੰਗ ਜਾਂ ਅੰਗ ਨਹੀਂ ਵੇਖਿਆ ਹੈ, ਬੜੇ ਸ਼ੀਘਰਤਾ ਕਰਕੇ ਉਹ ਸਾਰੀਆਂ ਇੱਟਾਂ ਆਪਣੇ ਨਾਲ ਲੈ ਗਏ ਹਨ।" ਰਾਮੂ ਇਹ ਸੁਣ ਕੇ ਹੈਰਾਨ ਰਹਿ ਗਿਆ ਤੇ ਫਿਰ ਚੁੱਪ ਹੋ ਗਿਆ, ਇਸ ਪ੍ਰਕਾਰ ਭਗਤੂ ਨੇ ਇਹ ਖੂਹ ਲਵਾਇਆ॥ ੪੬॥

ਅਬਿ ਭੀ ਭੂਤ ਮਜੂਰੀ ਕਰੈਂ। ਚੂਨਾ ਈਂਟ ਆਨਿ ਕੈ ਧਰੈਂ।
ਸ੍ਰੀ ਅਰਜਨ ਪ੍ਰਸੰਨ ਮਨ ਹ੍ਵੈ ਕੇ। ਭਾਈ ਬਹਿਲੋ ਕੇ ਬਸਿ ਕੈ ਕੇ॥ ੪੭॥

ਹੁਣ ਵੀ ਭੂਤ ਉਸ ਦੀ ਮਜ਼ਦੂਰੀ ਕਰਦੇ ਹਨ, ਚੂਨਾ ਅਤੇ ਇੱਟਾਂ ਲਿਆ ਕੇ ਧਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਨ ਵਿਚ ਪ੍ਰਸੰਨ ਹੋ ਕੇ, ਸਾਰੇ ਭੂਤਾਂ ਪ੍ਰੇਤਾਂ ਨੂੰ ਭਾਈ ਬਹਿਲੋ ਦੇ ਵਸ ਕਰ ਦਿੱਤਾ ਸੀ॥ ੪੭॥

ਚਾਰਹੁੰ ਦਿਸ਼ ਕੋ ਭੂਤ ਰੁ ਪ੍ਰੇਤ। ਤਬਿ ਤੇ ਇਨ ਕੇ ਬਸੀ ਨਿਕੇਤ'।
ਬੈਠੇ ਸਤਿਗੁਰ ਗਾਥ ਬਤਾਈ। ਇਤਨੇ ਮਹਿਂ ਕਿਨ ਜਾਇ ਸੁਨਾਈ॥ ੪੮॥

ਚਾਰੇ ਪਾਸਿਆਂ ਦੇ ਭੂਤ ਅਤੇ ਪ੍ਰੇਤ, ਇਨ੍ਹਾਂ ਦੇ ਵਸ ਹਨ ਅਤੇ ਇਨ੍ਹਾਂ ਦੇ ਘਰ ਵਿਚ ਰਹਿੰਦੇ ਹਨ।'' ਸਤਿਗੁਰੂ ਜੀ ਨੇ ਬੈਠ ਕੇ ਕਥਾ ਸੁਣਾਈ, ਏਨੇ ਵਿਚ ਕਿਸੇ ਨੇ ਜਾ ਕੇ ਸੁਣਾਇਆ॥ ੪੮॥

'ਗੁਰ ਉਤਰੇ ਪੀਪਰ ਤਰੁ ਤਰੇ। ਸੁਨਿ ਕਹਿ ਬਾਕ ਬਚਨ ਇਮ ਕਰੇ।
ਕੇਤਿਕ ਸਿੰਘਨ ਕੋ ਦਲ ਸਾਥ। ਕੂਪ ਲਗਹਿ ਤਿਸ ਢਿਗ ਥਿਰ ਨਾਥ' ॥੪੯॥

''ਗੁਰੂ ਜੀ ਨੇ ਪਿੱਪਲ ਦੇ ਦਰੱਖਤ ਦੇ ਥੱਲੇ ਉਤਾਰਾ ਕੀਤਾ ਹੈ। ਜੋ ਗੱਲਬਾਤ ਗੁਰੂ ਜੀ ਅਤੇ ਲੋਕਾਂ ਨੇ ਕੀਤੀ ਸੀ, ਉਸ ਨੂੰ ਸੁਣਾ ਕੇ ਕਿਹਾ ਕਿ ਗੁਰੂ ਜੀ ਨੇ ਇਸ ਪ੍ਰਕਾਰ ਦੇ ਬਚਨ ਕੀਤੇ ਹਨ। ਕਈ ਸਿੰਘਾਂ ਦਾ ਦਲ ਗੁਰੂ ਜੀ ਦੇ ਨਾਲ ਹੈ, ਜਿੱਥੇ ਖੂਹ ਲੱਗਾ ਹੈ, ਉਸ ਦੇ ਪਾਸ ਸਤਿਗੁਰੂ ਜੀ ਬੈਠੇ ਹਨ'' ॥ ੪੯॥

ਪੰਚ ਪੁੱਤ੍ਰ ਭਗਤੇ ਕੇ ਤਹਾਂ। ਇਕ ਗੁਰਦਾਸ ਜਨਜੋ ਤ੍ਰਿਯ ਮਹਾਂ।
ਦੁਤਿਯ ਭਾਰਜਾ ਤੇ ਸੁਤ ਉਪਤਾ। ਤਾਰਾ, ਭਾਰਾ ਮਿਹਰਾ, ਬਖਤਾ॥ ੫੦॥

ਉਸ ਸਮੇਂ ਉਥੇ ਭਗਤੇ ਦੇ ਪੰਜ ਪੁੱਤਰ ਬੈਠੇ ਸਨ, ਉਨ੍ਹਾਂ ਵਿਚ ਵੱਡੀ ਇਸਤਰੀ ਨੇ ਇਕ ਗੁਰਦਾਸ ਨਾਮੀ ਪੁੱਤਰ ਜੰਮਿਆ ਸੀ। ਦੂਸਰੀ ਇਸਤਰੀ ਨੇ ਤਾਰਾ, ਭਾਰਾ, ਮਿਹਰਾ ਅਤੇ ਬਖਤਾ ਪੁੱਤਰਾਂ ਨੂੰ ਜਨਮ ਦਿੱਤਾ ਸੀ॥ ੫੦॥

ਪੰਚਹੁ ਤਤਛਿਨ ਹ੍ਵੈ ਕਰਿ ਤਯਾਰ। ਏਕ ਤੁਰੰਗਮ ਸ਼ੁਭ ਸਿੰਗਾਰ।
ਜ਼ੀਨ ਰਜਤ ਕੋ ਊਪਰ ਪਾਏ। ਸ੍ਰੀ ਸਤਿਗੁਰ ਕੇ ਢਿਗ ਲੇ ਆਏ॥ ੫੧॥

ਪੰਜੇ ਪੁੱਤਰ ਤੁਰਤ ਤਿਆਰ ਹੋ ਗਏ ਤੇ ਇਕ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ, ਉਸ ਉੱਪਰ ਚਾਂਦੀ ਦੀ ਕਾਠੀ ਪਾਈ ਤੇ ਸਤਿਗੁਰੂ ਜੀ ਦੇ ਪਾਸ ਲੈ ਆਏ॥ ੫੧॥

ਪਦ ਅੰਰਬਿੰਦ ਬੰਦਨਾ ਕਰਿਕੈ। ਦਰਸ਼ਨ ਦੇਖਯੋ ਚਿਤ ਹਿਤ ਧਰਿ ਕੈ।
ਬੈਠਤਿ ਹੀ ਕਰ ਜੋਰਿ ਉਚਾਰੀ। 'ਕਹਯੋ ਕੂਰ ਕਿਨ ਆਪ ਅਗਾਰੀ॥ ੫੨॥

ਫਿਰ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਕੇ, ਚਿੱਤ ਵਿਚ ਅਤੀ ਪ੍ਰੇਮ ਧਾਰ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਬੈਠਦਿਆਂ ਹੀ ਹੱਥ ਜੋੜ ਕੇ ਬੇਨਤੀ ਕੀਤੀ, ''ਆਪ ਜੀ ਦੇ ਅੱਗੇ ਕਿਸੇ ਨੇ ਝੂਠ ਬੋਲਿਆ ਹੈ॥ ੫੨॥

ਬਪੁਰੀ ਬਾਤ ਕੂਪ ਕੀ ਕਹਾਂ। ਤੁਮ ਤੇ ਹੀ ਹਮ ਸਭਿ ਕਿਛ ਲਹਾ।
ਲਘੁ ਦੀਰਘ ਤ੍ਰਿਯ ਪੁਰਖ ਹਮਾਰੇ। ਆਦਿ ਅੰਤ ਕੇ ਦਾਸ ਤੁਮਾਰੇ॥ ੫੩॥

ਇਹ ਖੂਹ ਵਿਚਾਰੇ ਦੀ ਕੀ ਤੁੱਛ ਗੱਲ ਹੈ, ਤੁਹਾਡੇ ਪਾਸੋਂ ਹੀ ਅਸੀਂ ਸਭ ਕੁਝ ਲਿਆ ਹੈ। ਸਾਡੇ ਛੋਟੇ ਵੱਡੇ ਇਹ ਪੁਰਸ਼ ਆਦਿ ਅੰਤ ਦੇ ਤੁਹਾਡੇ ਦਾਸ ਹਨ॥ ੫੩॥

ਭੂਖਨ ਕਿਸ ਕੇ, ਬਾਂਦੀ ਕਿਸ ਕੀ। ਇਮ ਨ ਲਖੈ, ਮੂਰਖ ਮਤਿ ਤਿਸ ਕੀ।
ਹਮਰੋ ਸਭਿ ਘਰ ਬਾਰ ਤੁਮਾਰਾ। ਸਭਿ ਜਾਚਕ ਇਕ ਆਪ ਦਤਾਰਾ' ॥੫੪॥

ਗਹਿਣੇ ਕਿਸ ਦੇ ਤੇ ਗੋਲੀ ਕਿਸ ਦੀ। ਜਿਹੜਾ ਇਸ ਪ੍ਰਕਾਰ ਨਹੀਂ ਜਾਣਦਾ ਹੈ, ਉਸ ਦੀ ਮੂਰਖ ਮੱਤ ਹੈ। ਸਾਡਾ ਸਾਰਾ ਘਰ-ਬਾਰ ਤੁਹਾਡਾ ਹੈ, ਅਸੀਂ ਸਾਰੇ ਮੰਗਤੇ ਹਾਂ ਤੁਸੀਂ ਇਕ ਦਾਤੇ ਹੋ'' ॥ ੫੪॥

ਪਿਖਿ ਪੰਚਹੁੰ ਭ੍ਰਾਤਾ ਕੀ ਓਰ। ਨਿਰਹੰਕਾਰ ਰਹੇ ਕਰ ਜੋਰਿ।
ਮੰਦ ਮੰਦ ਮੁਸਕਾਇ ਬਖਾਨੇ। 'ਹੈ ਹਮਰੇ ਹੀ, ਸਭਿ ਜਗ ਜਾਨੇ॥ ੫੫॥

ਸਤਿਗੁਰੂ ਜੀ ਨੇ ਪੰਜਾਂ ਭਰਾਵਾਂ ਵੱਲ ਵੇਖਿਆ, ਜਿਹੜੇ ਨਿਰਹੰਕਾਰ ਹੋ ਕੇ ਦੋਵੇਂ ਹੱਥ ਜੋੜ ਕੇ ਖੜੇ ਸਨ। ਮਾੜਾ-ਮਾੜਾ ਮੁਸਕਰਾ ਕੇ ਬੋਲੇ, "ਤੁਸੀਂ ਸਾਡੇ ਹੀ ਹੋ, ਸਾਰਾ ਜਗ ਜਾਣਦਾ ਹੈ" ॥ ੫੫ ॥

ਕੁਸ਼ਲ ਪ੍ਰਸ਼ਨ ਕਰਿ ਖੁਸ਼ੀ ਉਦਾਰਾ। ਲਿਯੋ ਤੁਰੰਗਮ ਜੋ ਬਲਿ ਭਾਰਾ।
ਪੁਨ ਪੰਚਹੁਂ ਕਰ ਜੋਰਿ ਉਚਾਰੇ। 'ਕਰੀਅਹਿ ਪਾਵਨ ਸਦਨ ਹਮਾਰੇ ॥ ੫੬ ॥

ਸੁਖ-ਸਾਂਦ ਪੁੱਛ ਕੇ ਵੱਡੀ ਖੁਸ਼ੀ ਕੀਤੀ ਤੇ ਵੱਡੇ ਬਲਵਾਨ ਘੋੜੇ ਨੂੰ ਗੁਰੂ ਜੀ ਨੇ ਲੈ ਲਿਆ। ਫਿਰ ਪੰਜਾਂ ਨੇ ਹੱਥ ਜੋੜ ਕੇ ਕਿਹਾ, "ਸਾਡੇ ਘਰ ਨੂੰ ਪਵਿੱਤਰ ਕਰੋ ॥ ੫੬ ॥

ਚਰਨ ਸਰੋਜ ਆਪ ਕੇ ਪਰੈਂ। ਸਭਿ ਕੁਟੰਬ ਉਰ ਆਨੰਦ ਧਰੈਂ।
ਪੂਰਹੁ ਕਾਮਨਾ ਦਾਸਨ ਮਨ ਕੀ। ਸੁਨਿ ਪ੍ਰਭੁ ਚਲੇ ਸੰਗ ਹੁਇ ਤਿਨ ਕੀ ॥੫੭ ॥

ਉਸ ਘਰ ਵਿਚ ਆਪ ਜੀ ਦੇ ਚਰਨ ਕੰਵਲ ਪੈਣ, ਫਿਰ ਸਾਰਾ ਪਰਿਵਾਰ ਆਨੰਦ ਧਾਰਨ ਕਰੇ। ਆਪਣੇ ਸੇਵਕਾਂ ਦੇ ਮਨ ਦੀ ਕਾਮਨਾ ਪੂਰੀ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਉਨ੍ਹਾਂ ਦੇ ਨਾਲ ਚਲੇ ਗਏ ॥ ੫੭ ॥

ਮੰਚ ਬਿਛਾਇ ਬਿਛੌਨਾ ਛਾਏ। ਬਿਨੈ ਭਨਤਿ ਤਿਸ ਪਰ ਬੈਠਾਏ।
ਖਰੇ ਹੋਇ ਬੋਲੇ ਪ੍ਰਭੁ ਹੇਰਾ। 'ਬੇਖ ਸਹਿਜਧਾਰੀ ਹਮ ਕੇਰਾ ॥ ੫੮ ॥

ਉਨ੍ਹਾਂ ਨੇ ਸੁੰਦਰ ਪਲੰਘ ਉੱਪਰ ਸੁੰਦਰ ਵਿਛਾਉਣੇ ਵਿਛਾ ਦਿੱਤੇ ਤੇ ਬੇਨਤੀ ਕਰਕੇ ਉਸ ਉੱਪਰ ਸਤਿਗੁਰੂ ਜੀ ਨੂੰ ਬਿਠਾਇਆ। ਸ੍ਰੀ ਗੁਰੂ ਜੀ ਨੂੰ ਵੇਖ ਕੇ ਖੜੇ ਹੋ ਕੇ ਉਹ ਬੋਲੇ, "ਸਾਡਾ ਪਹਿਰਾਵਾ ਸਹਿਜਧਾਰੀ ਹੈ ॥ ੫੮ ॥

ਉਰ ਅਭਿਲਾਖਾ, ਕਰਨਿ ਅਹਾਰਾ। ਅਬਿ ਚਾਹਤਿ ਹੈਂ ਹੁਕਮ ਤੁਮਾਰਾ।
ਕ੍ਰਿਪਾ ਕਰਤਿ ਤਿਨ ਸੰਗ ਬਖਾਨਾ। 'ਤੁਮ ਪਰ ਹਮਰੀ ਕ੍ਰਿਪਾ ਮਹਾਨਾ ॥ ੫੯ ॥

ਪਰ ਹਿਰਦੇ ਵਿਚ ਅਭਿਲਾਸ਼ਾ ਹੈ ਜੋ ਪ੍ਰਸ਼ਾਦਿ ਤਿਆਰ ਕਰੀਏ, ਹੁਣ ਆਪ ਜੀ ਦਾ ਹੁਕਮ ਚਾਹੁੰਦੇ ਹਾਂ।" ਗੁਰੂ ਜੀ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਕਿਹਾ, "ਤੁਹਾਡੇ ਉੱਪਰ ਸਾਡੀ ਮਹਾਨ ਕਿਰਪਾ ਹੈ ॥ ੫੯ ॥

ਹੈ ਪ੍ਰਸੰਨਤਾ ਖੁਸ਼ੀ ਪਛਾਨ। ਤੁਮਰੋ ਹੈ ਸਭਿ ਕਿਛ ਪਰਵਾਨ।
ਸਭਿ ਭਿਆਨੀਆਂ ਚਲਿ ਕਰਿ ਆਈਂ। ਬਹੁ ਸ਼ਰਧਾ ਤੇ ਗ੍ਰੀਵ ਨਿਵਾਈ ॥੬੦ ॥

ਤੁਹਾਡੇ ਉੱਪਰ ਸਾਡੀ ਪ੍ਰਸੰਨਤਾ ਹੈ, ਸਾਡੀ ਖ਼ੁਸ਼ੀ ਪਛਾਣੋ, ਤੁਹਾਡਾ ਸਭ ਕੁਝ ਸਾਨੂੰ ਪਰਵਾਨ ਹੈ।" ਫਿਰ ਸਾਰੇ ਭਰਾਵਾਂ ਦੀਆਂ ਇਸਤਰੀਆਂ ਚਲ ਕੇ ਆਈਆਂ ਤੇ ਬੜੀ ਸ਼ਰਧਾ ਨਾਲ ਉਨ੍ਹਾਂ ਆ ਕੇ ਬੰਦਨਾ ਕੀਤੀ ॥ ੬੦ ॥

ਦੇ ਕਰਿ ਖੁਸ਼ੀ ਗੁਰੂ ਚਲਿ ਆਏ। ਸਿਵਰ ਬਿਰਾਜੇ ਸਹਿਜ ਸੁਭਾਏ।
ਦਾਸਨਿ ਤਬੈ ਲਗਾਯਹੁ ਡੇਰਾ। ਜ਼ੀਨ ਉਤਾਰਿ ਧਰੇ ਤਿਸ ਬੇਰਾ ॥ ੬੧ ॥

ਗੁਰੂ ਜੀ ਉਨ੍ਹਾਂ ਨੂੰ ਮਹਾਨ ਖੁਸ਼ੀ ਦੇ ਕੇ ਚਲ ਕੇ ਆ ਗਏ ਤੇ ਸਹਿਜ ਸੁਭਾਅ ਆਪਣੇ ਤੰਬੂ ਵਿਚ ਬਿਰਾਜ ਗਏ। ਸੇਵਕਾਂ ਨੇ ਫਿਰ ਆਪਣਾ ਡੇਰਾ ਲਾਇਆ ਤੇ ਘੋੜਿਆਂ ਉਪਰੋਂ ਕਾਠੀਆਂ ਲਾਹ ਕੇ ਉਸ ਸਮੇਂ ਧਰ ਦਿੱਤੀਆਂ ॥ ੬੧ ॥

*ਪਹਿਲੇ ਐਨ ਦਾ ਪਹਿਲਾ ਅਧਿਆਇ ਸਮਾਪਤ ਹੋਇਆ ॥ ੧ ॥*

☆☆☆

# ਅਧਿਆਇ ਦੂਸਰਾ

### ਭਾਈ ਬਹਿਲੋ ਦੀ ਵੰਸ਼, ਘੁੰਘਣੀਆ ਸਿੰਘ

ਦੋਹਰਾ- ਤ੍ਰਿਣ ਦਾਨਾ ਪਹੁੰਚਾਇ ਕਰਿ ਸੇਵ ਕਰੀ ਬਹੁ ਰੀਤਿ।
ਆਨਜੋਂ ਭੋਜਨ ਤਜਾਰ ਕਰਿ ਬਹੁ ਸ੍ਵਾਦਲ ਧਰਿ ਪ੍ਰੀਤ॥ ੧॥

ਘਾਹ ਦਾਣੇ ਪਹੁੰਚਾ ਕੇ ਭਾਈ ਭਗਤੇ ਦੇ ਪੁੱਤਰਾਂ ਨੇ ਬਹੁਤ ਰੀਤੀਆਂ ਨਾਲ ਸੇਵਾ ਕੀਤੀ। ਪ੍ਰੀਤ ਧਾਰ ਕੇ ਬਹੁਤ ਸਵਾਦੀ ਭੋਜਨ ਤਿਆਰ ਕਰਕੇ ਲਿਆਏ॥ ੧॥

ਚੌਪਈ- ਥਾਰ ਪਰੋਸ ਧਰਜੋ ਗੁਰ ਆਗੇ। ਦਯੋ ਸਰਬ ਕੋ ਅਚਵਨ ਲਾਗੇ।
ਤ੍ਰਿਪਤਿ ਪਾਨ ਕਰਿ ਪਾਨੀ ਪਾਨ। ਕਰੇ ਪਖਾਰਨ, ਗੁਰ ਭਗਵਾਨ॥੨॥

ਥਾਲ ਪਰੋਸ ਕੇ ਗੁਰੂ ਜੀ ਦੇ ਅੱਗੇ ਧਰਿਆ ਤੇ ਹੋਰ ਸਾਰੇ ਸਿੰਘਾਂ ਦੇ ਦਲ ਨੂੰ ਖਾਣ ਵਾਸਤੇ ਭੋਜਨ ਦਿੱਤਾ। ਤ੍ਰਿਪਤ ਹੋ ਕੇ ਗੁਰੂ ਜੀ ਨੇ ਪਾਣੀ ਪੀਤਾ, ਫਿਰ ਸਤਿਗੁਰੂ ਜੀ ਨੇ ਆਪਣੇ ਹੱਥ ਧੋਤੇ॥ ੨॥

ਸੁਪਤਿ ਜਥਾ ਸੁਖ ਨਿਸ ਕੇ ਮਾਂਹੀ। ਭਈ ਪ੍ਰਾਤਿ ਜਾਗ੍ਰਤ ਚਿਤ ਚਾਹੀ।
ਸੌਚ ਸ਼ਨਾਨ ਠਾਨਿ ਗੁਰ ਬੈਸੇ। ਪੰਚਹੁੰ ਭ੍ਰਾਤ ਆਇ ਕਰਿ ਤੈਸੇ॥੩॥

ਰਾਤ ਨੂੰ ਬੜੇ ਸੁਖ ਨਾਲ ਸੁੱਤੇ, ਜਦ ਵੱਡੀ ਸਵੇਰ ਹੋਈ ਤਾਂ ਜਾਗਣ ਨੂੰ ਚਿੱਤ ਚਾਹਿਆ। ਫਿਰ ਸੌਚ ਇਸ਼ਨਾਨ ਕਰਕੇ ਗੁਰੂ ਜੀ ਬੈਠ ਗਏ ਤੇ ਫਿਰ ਭਗਤੇ ਦੇ ਪੁੱਤਰ ਪੰਜੇ ਭਰਾ ਆ ਗਏ॥ ੩॥

ਮਾਨ ਸਿੰਘ ਤਬਿ ਬੂਝੀ ਬਾਤਿ। 'ਕੈ ਭਾਈ ਬਹਿਲੋ ਕੇ ਤਾਤ?।
ਪਿਤਾ ਤੁਮਾਰੋ ਨਾਮ ਸੁ ਕੌਨ? ਕਹਹੁ ਬੰਸ ਕੀ ਗਾਥਾ ਜੌਨ?'॥੪॥

ਮਾਨ ਸਿੰਘ ਨੇ ਫਿਰ ਗੱਲ ਪੁੱਛੀ, "ਭਾਈ ਬਹਿਲੋ ਦੇ ਪੁੱਤਰ ਕਿੰਨੇ ਸਨ? ਤੁਹਾਡੇ ਪਿਤਾ ਜੀ ਦਾ ਕੀ ਨਾਮ ਸੀ, ਤੁਹਾਡੇ ਵੰਸ਼ ਦੀ ਜਿਵੇਂ ਗਾਥਾ ਹੈ, ਉਸ ਪ੍ਰਕਾਰ ਸੁਣਾਓ?"॥ ੪॥

ਤਬਿ ਗੁਰਦਾਸ ਬਖਾਨੀ ਗਾਥਾ। 'ਬਖਸ਼ੇ ਜਬਿ ਸ਼੍ਰੀ ਅਰਜਨ ਨਾਥਾ।
ਭਾਈ ਬਹਿਲੋ ਤਬਿ ਚਲਿ ਆਏ। ਮਸਤ ਸੁਭਾਵ ਏਕ ਲਿਵ ਲਾਏ॥੫॥

ਤਦ ਗੁਰਦਾਸ ਨੇ ਗਾਥਾ ਬਿਆਨ ਕੀਤੀ, "ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖਸ਼ਿਸ਼ ਕੀਤੀ ਤਾਂ ਭਾਈ ਬਹਿਲੋ ਜੀ ਚਲ ਕੇ ਆ ਗਏ, ਉਨ੍ਹਾਂ ਦਾ ਮਸਤ ਸੁਭਾਵ ਸੀ ਤੇ ਸਦਾ ਇਕ ਰਸ ਲਿਵ ਲੱਗੀ ਰਹਿੰਦੀ ਸੀ॥ ੫॥

ਨਹੀਂ ਪਦਾਰਥ ਦਿਸ਼ਿ ਬ੍ਰਿਤਿ ਆਈ। ਇਕ ਰਸ ਬੈਠਹਿਂ ਸਹਿਜ ਸੁਭਾਈ।
ਜਿਤ ਦੇਖਤਿ ਤਿਤ ਦੇਖਤਿ ਰਹੈਂ। ਮੁੱਦ੍ਰਿਤ ਨੈਨ ਸੁ ਮੁੱਦ੍ਰਤ ਅਹੈਂ॥੬॥

ਕਿਸੇ ਪਦਾਰਥ ਵਾਲੇ ਪਾਸੇ ਬ੍ਰਿਤੀ ਨਹੀਂ ਸੀ ਆਉਂਦੀ ਤੇ ਸਦਾ ਸਹਿਜ ਸੁਭਾਵ ਇਕ ਰਸ ਬੈਠੇ ਰਹਿੰਦੇ ਸਨ। ਜਿਧਰ ਇਕ ਵਾਰ ਵੇਖਦੇ ਸਨ, ਫਿਰ ਓਧਰ ਵੇਖਦੇ ਰਹਿੰਦੇ ਸਨ। ਜੇ ਨੈਣ ਬੰਦ ਕਰ ਲੈਂਦੇ ਸਨ ਤਾਂ ਉਹ ਬੰਦ ਹੀ ਰਹਿੰਦੇ ਸਨ॥ ੬॥

ਇਕ ਦਿਨ ਗਨ ਸੰਗਤਿ ਚਲਿ ਆਈ। ਨਮੋ ਕਰੀ ਭਾਈ ਅਗਵਾਈ।
ਹੁਤੋ ਪੁੱਤ੍ਰ ਇਕ ਨਾਨੂ ਨਾਮ। ਤ੍ਰੈ ਸੁਤ ਉਪਜੇ ਤਾਂ ਕੇ ਧਾਮ॥ ੭॥

ਇਕ ਦਿਨ ਬਹੁਤ ਸੰਗਤ ਚਲ ਕੇ ਆ ਗਈ, ਭਾਈ ਬਹਿਲੋ ਜੀ ਨੇ ਅੱਗੇ ਜਾ ਕੇ ਨਮਸਕਾਰ ਕੀਤੀ। ਇਕ ਉਨ੍ਹਾਂ ਦਾ ਪੁੱਤਰ ਸੀ, ਜਿਸ ਦਾ ਨਾਨੂ ਨਾਮ ਸੀ, ਉਸ ਦੇ ਘਰ ਤਿੰਨ ਪੁੱਤਰ ਪੈਦਾ ਹੋਏ॥ ੭॥

ਪਿਖਿ ਸੰਗਤਿ ਕੋ ਹੁਕਮ ਬਖਾਨਾ। 'ਆਨਹੁਂ ਘਰ ਤੇ ਪ੍ਰਾਤ ਮਹਾਨਾ।
ਤਿਸ ਮਹਿ ਸਿੱਖਨ ਚਰਨ ਪਖਾਰੈਂ। ਗਮਨੇ ਮਗ ਕੋ ਸ੍ਰਮ ਨਿਰਵਾਰੈਂ'॥ ੮॥

ਸੰਗਤ ਨੂੰ ਵੇਖ ਕੇ ਭਾਈ ਬਹਿਲੋ ਨੇ ਘਰ ਦਿਆਂ ਨੂੰ ਹੁਕਮ ਕੀਤਾ, "ਘਰ ਵਿਚੋਂ ਵੱਡੀ ਪ੍ਰਾਤ ਲੈ ਕੇ ਆਵੋ, ਉਸ ਵਿਚ ਸਿੱਖ ਆਪਣੇ ਚਰਨ ਧੋਣ ਤੇ ਥਕਾਵਟ ਦੂਰ ਕਰਕੇ ਆਪਣੇ ਮਾਰਗ ਤੇ ਜਾਣ"॥ ੮॥

ਸੁਨਤਿ ਦਾਸ ਘਰ ਅੰਤਰ ਗਯੋ। ਤਿਸ ਬਾਸਨ ਕੋ ਜਾਚਤਿ ਭਯੋ॥
ਹੁਤੀ ਸੁ ਗ੍ਰੀਖਮ ਰੁਤ ਤਿਸ ਕਾਲਾ। ਜਲ ਭਰਿ ਰਾਖੀ ਪ੍ਰਾਤ ਬਿਸਾਲਾ॥ ੯॥

ਇਹ ਸੁਣ ਕੇ ਇਕ ਸੇਵਕ ਘਰ ਦੇ ਅੰਦਰ ਗਿਆ ਤੇ ਉਥੇ ਜਾ ਕੇ ਵੱਡੀ ਪ੍ਰਾਤ ਬਾਰੇ ਮੰਗ ਕੀਤੀ। ਉਸ ਸਮੇਂ ਗਰਮੀਆਂ ਦੀ ਰੁੱਤ ਸੀ, ਵੱਡੀ ਪ੍ਰਾਤ ਜਲ ਨਾਲ ਭਰ ਕੇ ਰੱਖੀ ਸੀ॥ ੯॥

ਤ੍ਰੈ ਨਾਨੂ ਸੁਤ ਬੀਚ ਬਿਠਾਏ। ਤਿਨ ਕੀ ਜਨਨੀ ਮਸਲਿ ਨੁਹਾਏ।
ਕਹ੍ਯੋ ਦਾਸ ਕੋ 'ਪ੍ਰਾਤ ਮਝਾਰੀ। ਪੁੱਤ੍ਰ ਸ਼ਨਾਨੈਂ ਨਿਰਮਲ ਬਾਰੀ॥ ੧੦॥

ਨਾਨੂ ਦੇ ਤਿੰਨੇ ਪੁੱਤਰ ਉਸ ਵਿਚ ਬਿਠਾਏ ਸਨ ਤੇ ਉਨ੍ਹਾਂ ਦੇ ਮਾਤਾ ਜੀ ਪੁੱਤਰਾਂ ਨੂੰ ਮਲ ਮਲ ਕੇ ਇਸ਼ਨਾਨ ਕਰਵਾ ਰਹੇ ਸਨ। ਉਨ੍ਹਾਂ ਦੀ ਮਾਤਾ ਜੀ ਨੇ ਸੇਵਕ ਨੂੰ ਕਿਹਾ, "ਪ੍ਰਾਤ ਵਿਚ ਪੁੱਤਰ ਠੰਢੇ ਪਾਣੀ ਵਿਚ ਇਸ਼ਨਾਨ ਕਰ ਰਹੇ ਹਨ॥ ੧੦॥

ਨਹਿਂ ਛੂਛੀ ਜੋ ਲੈ ਕਰਿ ਜਾਏ। ਨਿਜ ਸੁਤ ਸੀਤਲ ਕਰੋਂ ਨਹਾਏ'।
ਸੁਨਿ ਕਰਿ ਦਾਸ ਬਤਾਵਨਿ ਕੀਨ। ਤਬਿ ਭਾਈ ਗਰਬਤਿ ਤਿਸ ਚੀਨ॥੧੧॥

ਉਹ ਖਾਲੀ ਨਹੀਂ ਹੈ, ਜਿਹੜੀ ਲੈ ਕੇ ਜਾਵੇ, ਆਪਣੇ ਪੁੱਤਰ ਠੰਢੇ ਜਲ ਵਿਚ ਇਸ਼ਨਾਨ ਕਰ ਰਹੇ ਹਨ।" ਇਹ ਸੁਣ ਕੇ ਦਾਸ ਨੇ ਭਾਈ ਬਹਿਲੋ ਨੂੰ ਜਾ ਕੇ ਦੱਸਿਆ। ਤਦ ਭਾਈ ਬਹਿਲੋ ਨੇ ਉਸ ਨੂੰਹ ਨੂੰ ਵੱਡੇ ਹੰਕਾਰ ਵਿਚ ਜਾਣਿਆ॥ ੧੧॥

'ਬੇਮੁਖਤਾ ਗੁਰ ਤੇ ਇਨ ਧਾਰੀ। ਪੁੱਤ੍ਰਨਿ ਹਿਤ ਬੋਲਤਿ ਹੰਕਾਰੀ।
ਤੋ ਬਾਲਕ ਮ੍ਰਿਤੁ ਪਾਇ ਸਿਧੈ ਹੈਂ। ਇਹਾਂ ਪਰਾਤ ਪਰੀ ਰਹਿ ਜੈਹੈ॥ ੧੨॥

"ਕਿ ਇਸ ਨੂੰਹ ਨੇ ਗੁਰੂ ਤੋਂ ਬੇਮੁਖਤਾ ਧਾਰਨ ਕੀਤੀ ਹੈ, ਪੁੱਤਰਾਂ ਵਾਸਤੇ ਵੱਡੇ ਹੰਕਾਰ ਵਿਚ ਬੋਲਦੀ ਹੈ ਤਾਂ ਤੇਰੇ ਬਾਲਕ ਮਰ ਕੇ ਚਲੇ ਜਾਣਗੇ ਤੇ ਇਹ ਪਰਾਤ ਏਥੇ ਹੀ ਪਈ ਰਹਿ ਜਾਵੇਗੀ॥ ੧੨॥

ਸਤਿਸੰਗਤਿ ਤੇ ਸੁਤ ਸ਼ੁਭ ਜਾਨੇ। ਤਿਨ ਕੀ ਹੋਇ ਆਰਬਲ ਹਾਨੇ'।
ਇਮ ਭਾਈ ਬਹਿਲੋ ਕੇ ਕਹੇ। ਤੀਨਹੁਂ ਪੋਤ੍ਰੇ ਮਰਿ ਕਰਿ ਰਹੇ॥ ੧੩॥

ਸਤਿਸੰਗਤ ਨਾਲੋਂ ਪੁੱਤਰਾਂ ਨੂੰ ਸ਼ੁਭ ਜਾਣਿਆ ਹੈ, ਉਨ੍ਹਾਂ ਦੀ ਹੁਣ ਉਮਰ ਹੀ ਖਤਮ ਹੋ ਜਾਵੇਗੀ।" ਇਸ ਪ੍ਰਕਾਰ ਭਾਈ ਬਹਿਲੋ ਦੇ ਕਹਿਣ ਉੱਪਰ ਤਿੰਨੇ ਪੋਤਰੇ ਮਰ ਗਏ॥ ੧੩॥

ਤਿਨ ਕੋ ਪਿਤ ਨਾਨੂ ਦੁਖ ਪਾਏ। ਪੁੱਤ੍ਰ ਨੇਹ ਤੇ ਸ਼ੋਕ ਉਪਾਏ।
ਲਗ੍ਯੋ ਪਿਤਾ ਕੀ ਸੇਵਾ ਕਰਨ। ਦੇਹ ਸ਼ਨਾਨੈ ਧੋਵਤਿ ਚਰਨ॥ ੧੪॥

ਉਨ੍ਹਾਂ ਦੇ ਪਿਤਾ ਨਾਨੂ ਨੇ ਬਹੁਤ ਦੁੱਖ ਪਾਇਆ, ਪੁੱਤਰਾਂ ਦਾ ਪਿਆਰ ਕਰਕੇ ਬਹੁਤ ਦੁਖੀ ਹੋਇਆ। ਫਿਰ ਉਹ ਆਪਣੇ ਪਿਤਾ ਜੀ ਦੀ ਬਹੁਤ ਸੇਵਾ ਕਰਨ ਲੱਗਾ। ਉਨ੍ਹਾਂ ਨੂੰ ਇਸ਼ਨਾਨ ਕਰਵਾਉਂਦਾ ਸੀ ਤੇ ਉਨ੍ਹਾਂ ਦੇ ਚਰਨ ਧੋਂਦਾ ਸੀ॥ ੧੪॥

ਭੋਜਨ ਅਧਿਕ ਪ੍ਰੀਤਿ ਸੋਂ ਖ੍ਵਾਵੈ। ਇੱਤਜਾਦਿਕ ਸਭਿ ਸੇਵ ਕਮਾਵੈ।
ਪਿਤ ਪ੍ਰਯੰਕ ਕੇ ਹੁਇ ਕਰਿ ਤਰੇ। ਕਰਿ ਸੇਵਾ ਕੋ ਨਿਸ ਦਿਨ ਪਰੇ॥ ੧੫॥

ਬਹੁਤ ਪ੍ਰੀਤ ਨਾਲ ਭੋਜਨ ਵੀ ਖਵਾਉਂਦਾ ਸੀ, ਇਸ ਪ੍ਰਕਾਰ ਸਭ ਪ੍ਰਕਾਰ ਦੀ ਸੇਵਾ ਕਰਦਾ ਸੀ। ਪਿਤਾ ਜੀ ਦੇ ਪਲੰਘ ਦੇ ਹੇਠਾਂ ਹੋ ਕੇ, ਸੇਵਾ ਕਰਦਾ ਦਿਨ ਰਾਤ ਪਿਆ ਰਹਿੰਦਾ ਸੀ॥ ੧੫॥

ਜਿਮ ਆਇਸੁ ਕੋ ਪਿਤਾ ਬਖਾਨੈਂ। ਹਾਥ ਜੋਰਿ ਤੂਰਨ ਤਿਮ ਠਾਨੈ।
ਇਕ ਦਿਨ ਹੋਇ ਪ੍ਰਸੰਨ ਮਹਾਨਾ। ਦੇਖਿ ਭਾਉ ਕੋ ਬਾਕ ਬਖਾਨਾ॥ ੧੬॥

ਜਿਵੇਂ ਵੀ ਪਿਤਾ ਜੀ ਆਗਿਆ ਕਰਦੇ ਸਨ, ਹੱਥ ਜੋੜ ਕੇ ਤੁਰਤ ਉਸ ਪ੍ਰਕਾਰ ਕਰਦਾ ਸੀ। ਇਕ ਦਿਨ ਭਾਈ ਬਹਿਲੋ ਜੀ ਮਹਾਨ ਪ੍ਰਸੰਨ ਹੋ ਗਏ ਤੇ ਪ੍ਰੇਮ ਵੇਖ ਕੇ ਬਚਨ ਕੀਤਾ॥ ੧੬॥

'ਕਹਾਂ ਕਾਮਨਾ ਤੁਵ ਉਰ ਮਾਂਹੀ? ਮਾਂਗਨ ਕਰੋ ਸੁ ਹਮਰੇ ਪਾਹੀ'।
ਤਬਿ ਨਾਨੂ ਕਰ ਜੋਰਿ ਉਚਾਰਾ। 'ਰਹੈ ਜਗਤ ਮਹਿਂ ਬੰਸ ਤੁਮਾਰਾ॥ ੧੭॥

"ਤੇਰੇ ਹਿਰਦੇ ਵਿਚ ਕੀ ਕਾਮਨਾ ਹੈ? ਸਾਡੇ ਪਾਸੋਂ ਉਹ ਮੰਗ ਲਵੋ।" ਤਦ ਨਾਨੂ ਨੇ ਹੱਥ ਜੋੜ ਕੇ ਕਿਹਾ, "ਇਸ ਜਗਤ ਵਿਚ ਤੁਹਾਡਾ ਵੰਸ਼ ਰਹੇ॥ ੧੭॥

ਇਹੀ ਕਾਮਨਾ ਲਖਿਜਹਿ ਮੇਰੀ। ਪੂਜਹੁ ਕੀਜੈ ਕ੍ਰਿਪਾ ਬਡੇਰੀ'।
ਸੁਨਿ ਭਾਈ ਬਹਿਲੋ ਕਹਿ ਸੋਇ। 'ਜਾਚਹੁ ਅਪਰ ਕਾਮਨਾ ਕੋਇ'॥ ੧੮॥

ਇਹੀ ਮੇਰੀ ਕਾਮਨਾ ਜਾਣੋ, ਇਸ ਕਾਮਨਾ ਨੂੰ ਪੂਰੀ ਕਰ ਦੇਵੋ, ਆਪ ਜੀ ਦੀ ਵੱਡੀ ਕਿਰਪਾ ਹੋਵੇਗੀ।" ਇਹ ਸੁਣ ਕੇ ਭਾਈ ਬਹਿਲੋ ਨੇ ਕਿਹਾ, "ਕੋਈ ਹੋਰ ਕਾਮਨਾ ਮੰਗੋ"॥ ੧੮॥

ਪੁਨ ਨਾਨੂ ਕਹਿ 'ਸੁਤ ਹੀ ਦੀਜੈ। ਜਉ ਪ੍ਰਸੰਨ ਤਉ ਕਰੁਨਾ ਕੀਜੈ'।
ਤੀਨ ਬੇਰ ਭਾਈ ਇਮ ਕਹਜੋ। ਸੁਤ ਬਿਨ ਨਾਨੂ ਅਪਰ ਨ ਚਹਜੋ॥ ੧੯॥

ਨਾਨੂ ਨੇ ਫਿਰ ਕਿਹਾ, "ਪੁੱਤਰ ਹੀ ਦੇਵੋ, ਜੇ ਤੁਸੀਂ ਮੇਰੇ ਉੱਪਰ ਪ੍ਰਸੰਨ ਹੋ ਤਾਂ ਕਿਰਪਾ ਕਰੋ।" ਤਿੰਨ ਵਾਰ ਭਾਈ ਜੀ ਨੇ ਇਸ ਤਰ੍ਹਾਂ ਕਿਹਾ, ਪਰ ਨਾਨੂ ਨੇ ਪੁੱਤਰ ਤੋਂ ਬਗੈਰ ਹੋਰ ਕੁਝ ਨਾ ਚਾਹਿਆ॥ ੧੯॥

ਸ੍ਰੀ ਮੁਖ ਤੇ ਹੁਇ ਖੁਸ਼ੀ ਉਚਾਰਾ। 'ਉਪਜਹਿ ਸੁਤ ਤੁਵ ਹੁਇ ਗੁਨ ਭਾਰਾ।
ਭਗਤਾ ਨਾਮ ਤਾਂਹਿ ਕੋ ਧਰੀਅਹਿ। ਰਿਦੇ ਕਾਮਨਾ ਪੂਰਨ ਕਰੀਅਹਿ'॥੨੦॥

ਫਿਰ ਭਾਈ ਜੀ ਨੇ ਮੁਖ ਤੋਂ ਪ੍ਰਸੰਨ ਹੋ ਕੇ ਉਚਾਰਨ ਕੀਤਾ, "ਤੇਰੇ ਘਰ ਵਿਚ ਪੁੱਤਰ ਪੈਦਾ ਹੋਵੇਗਾ, ਜਿਹੜਾ ਭਾਰੀ ਗੁਣਵਾਨ ਹੋਵੇਗਾ। ਉਸ ਦਾ ਨਾਮ ਭਗਤਾ ਰੱਖੋ ਤੇ ਆਪਣੇ ਹਿਰਦੇ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰੋ"॥ ੨੦॥

ਸੁਤ ਕੈ ਸੁਤ ਉਪਜਨ ਬਰ ਦਯੋ। ਤਬਿ ਭਗਤਾ ਜਨਮਤਿ ਸੁਭ ਭਯੋ।
ਤਿਸ ਭਗਤੇ ਕੇ ਹਮ ਭੇ ਤਾਤਾ। ਜੁਗ ਦਾਰਾ ਤੇ ਪੰਚਹੁਂ ਭ੍ਰਾਤਾ'॥ ੨੧॥

ਪੁੱਤਰ ਦੇ ਘਰ ਪੁੱਤਰ ਪੈਦਾ ਹੋਣਗੇ, ਇਹ ਵਰ ਦਿੱਤਾ। ਤਦ ਸ਼ੁਭ ਭਗਤੇ ਦਾ ਜਨਮ ਹੋਇਆ। ਉਸ ਭਗਤੇ ਦੇ ਅਸੀਂ ਪੁੱਤਰ ਹੋਏ ਹਾਂ, ਦੋ ਪਤਨੀਆਂ ਤੋਂ ਪੰਜ ਭਰਾ ਪੈਦਾ ਹੋਏ ਹਾਂ"॥ ੨੧॥

ਸਕਲ ਬਾਰਤਾ ਤਿਨਹੁਂ ਸੁਨਾਈ। ਪ੍ਰਭੁ ਅਖੇਰ ਤਯਾਰੀ ਕਰਿਵਾਈ।
ਚਢੇ ਤੁਰੰਗ ਸੰਗ ਅਸਵਾਰਾ। ਗਮਨੇ ਕੇਤਿਕ ਦੂਰ ਉਜਾਰਾ॥ ੨੨॥

ਸਾਰੀ ਵਾਰਤਾ ਉਨ੍ਹਾਂ ਨੇ ਸੁਣਾਈ, ਫਿਰ ਸਤਿਗੁਰੂ ਜੀ ਨੇ ਸ਼ਿਕਾਰ ਖੇਡਣ ਜਾਣ ਦੀ ਤਿਆਰੀ ਕਰਵਾਈ। ਕੁਝ ਅਸਵਾਰਾਂ ਨੂੰ ਨਾਲ ਲੈ ਕੇ ਘੋੜੇ ਉੱਪਰ ਚੜ੍ਹ ਗਏ ਤੇ ਕਾਫੀ ਦੂਰ ਤਕ ਉਜਾੜ ਵਿਚ ਚਲੇ ਗਏ॥ ੨੨॥

ਤੀਤਰ ਏਕ ਬੋਲਤਾ ਦੂਰੇ। ਸੁਨਿ ਬੋਲੇ ਸ੍ਰੀ ਸਤਿਗੁਰ ਪੂਰੇ।
'ਭੂਮੀਆ ਭੂਮਿ ਊਪਰਿ ਨਿਤ ਲੁਝੈ। ਛੋਡਿ ਚਲੈ ਤ੍ਰਿਸਨਾ ਨਹੀ ਬੁਝੈ' ॥ ੨੩॥

ਦੂਰ ਇਕ ਤਿੱਤਰ ਬੋਲਦਾ ਸੀ, ਉਸ ਦੀ ਆਵਾਜ਼ ਸੁਣ ਕੇ ਸਤਿਗੁਰੂ ਜੀ ਬੋਲੇ, "ਜ਼ਿਮੀਂਦਾਰ ਜ਼ਮੀਨ ਉੱਪਰ ਹੀ ਨਿਤ ਝਗੜਦਾ ਹੈ, ਛੱਡ ਕੇ ਚਲਾ ਜਾਂਦਾ ਹੈ, ਪਰ ਫਿਰ ਵੀ ਤ੍ਰਿਸ਼ਨਾ ਬੁਝਦੀ ਨਹੀਂ" ॥ ੨੩॥

ਸਿੱਖਨ ਬੂਝਜੋ 'ਕਹਾਂ ਅਲਾਈ? ਪਾਤਸ਼ਾਹ ! ਦਿਹੁ ਹਮਹੁ ਬੁਝਾਈ'।
ਸੁਨਿ ਸ੍ਰੀ ਮੁਖ ਤੇ ਕਹਜੋ ਬ੍ਰਿਤੰਤ। 'ਇਹ ਤੀਤਰ ਬੋਲਜੋ ਛਿਤ ਕੰਤ॥ ੨੪॥

ਸਿੱਖਾਂ ਪੁੱਛਿਆ, "ਇਹ ਕੀ ਕਿਹਾ ਹੈ? ਹੇ ਸੱਚੇ ਪਾਤਸ਼ਾਹ, ਸਾਨੂੰ ਇਸ ਬਾਰੇ ਦੱਸ ਦੇਵੋ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਵਿਚੋਂ ਬ੍ਰਿਤਾਂਤ ਕਿਹਾ, "ਇਹ ਤਿੱਤਰ ਬੋਲਿਆ ਹੈ, ਜਿਹੜਾ ਇਸ ਧਰਤੀ ਦਾ ਮਾਲਕ ਸੀ॥ ੨੪॥

ਥੇਹੁ ਗੰਡ ਕੋ ਨਾਮ ਕਹਾਵੈ। ਸੋ ਇਹ ਗੰਡ ਨ ਤਜਿ ਕਰਿ ਜਾਵੈ।
ਅਪਨਿ ਸਥਾਨ ਪਛਾਨਿ ਰਹੰਤਾ। ਅਪਰ ਜਾਨ ਹਿਤ ਨਹੀਂ ਤਜੰਤਾ॥ ੨੫॥

ਗੰਡ ਨਾਮੀ ਇਹ ਥੇਹ ਕਹਾਉਂਦਾ ਹੈ ਤੇ ਇਹ ਤਿੱਤਰ ਇਸ ਗੰਡ ਨੂੰ ਛੱਡ ਕੇ ਨਹੀਂ ਜਾਂਦਾ ਹੈ। ਆਪਣਾ ਸਥਾਨ ਪਛਾਣ ਕੇ ਰਹਿੰਦਾ ਹੈ, ਹੋਰ ਕਿਸੇ ਥਾਂ ਜਾਣ ਲਈ, ਇਸ ਥਾਂ ਨੂੰ ਛੱਡਦਾ ਨਹੀਂ ਹੈ॥ ੨੫॥

ਫੂਟੀ ਆਂਖ ਏਕ ਇਸ ਕੇਰੀ। ਕਾਨਾ ਅਹੈ ਪਕਰ ਲਿਹੁ ਹੇਰੀ'।
ਸੁਨਿ ਸਿੱਖਨਿ ਘੇਰਜੋ ਬਰਿਆਈ। ਇਤ ਉਤ ਫਿਰਤਿ ਛਪਨ ਹਿਤ ਥਾਈ॥ ੨੬॥

ਇਸ ਦੀ ਇਕ ਅੱਖ ਫੁਟ ਗਈ ਹੈ, ਇਹ ਕਾਣਾ ਹੈ ਵੇਖ ਕੇ ਫੜ ਲਵੋ।" ਇਹ ਸੁਣ ਕੇ ਸਿੱਖਾਂ ਨੇ ਉਸ ਨੂੰ ਚੰਗੀ ਤਰ੍ਹਾਂ ਘੇਰਾ ਪਾ ਲਿਆ। ਏਧਰ ਉਧਰ ਛੁਪਣ ਵਾਸਤੇ ਭੱਜਾ ਫਿਰਦਾ ਸੀ॥ ੨੬॥

ਧਾਇ ਧਾਇ ਕਰਿ ਦਯੋ ਹਰਾਏ। ਹਿਤ ਪਕਰਨਿ ਕੇ ਹਾਥ ਚਲਾਏ।
ਗਹਿ ਕਰਿ ਆਨਜੋ ਗੁਰੁ ਅਗਾਰੇ। ਨਿਰਨੈ ਹਿਤ ਜੁਗ ਨੈਨ ਨਿਹਾਰੇ॥ ੨੭॥

ਤਿੱਤਰ ਨੂੰ ਸੇਵਕਾਂ ਨੇ ਭਜਾ-ਭਜਾ ਕੇ ਥਕਾ ਦਿੱਤਾ ਤੇ ਫਿਰ ਫੜਨ ਵਾਸਤੇ ਹੱਥ ਮਾਰੇ। ਫਿਰ ਫੜ ਕੇ ਗੁਰੂ ਜੀ ਦੇ ਅੱਗੇ ਲਿਆਏ। ਨਿਰਣੇ ਵਾਸਤੇ ਉਸ ਦੀਆਂ ਦੋਵੇਂ ਅੱਖਾਂ ਵੇਖੀਆਂ॥ ੨੭॥

ਏਕ ਆਂਖ ਤੇ ਕਾਣਾ ਹੇਰਿ। ਨਮੋ ਕਰਹਿਂ ਗੁਰ ਕੋ ਫਿਰ ਫੇਰ।
ਹਾਥ ਜੋਰਿ ਬੂਝਹਿਂ ਸਿਖ ਸੋਇ। 'ਇਸ ਕੋ ਅਬਿ ਹਵਾਲ ਕਜਾ ਹੋਇ? ॥ ੨੮॥

ਇਕ ਅੱਖ ਤੋਂ ਕਾਣਾ ਵੇਖ ਕੇ ਗੁਰੂ ਜੀ ਦੇ ਅੱਗੇ ਬਾਰ-ਬਾਰ ਬੰਦਨਾ ਕਰਦੇ ਸਨ। ਉਹੀ ਸਿੱਖ ਹੱਥ ਜੋੜ ਕੇ ਪੁੱਛਦੇ ਸਨ, "ਇਸ ਦਾ ਹੁਣ ਕੀ ਹਾਲ ਹੋਵੇਗਾ? ॥ ੨੮॥

ਦੈਵ ਜੋਗ ਤੇ ਰਾਵਰ ਕੇਰਾ। ਭਯੋ ਮੇਲ ਇਸ ਭਾਗ ਬਡੇਰਾ।
ਜਿਸ ਕੀ ਹੁਈ ਚਹੈ ਕੱਲਜਾਨਾ। ਤਿਹ ਸੰਜੋਗ ਆਪ ਸੋਂ ਠਾਨਾ॥ ੨੯॥

ਸੰਜੋਗ ਵਸ ਇਸ ਦਾ ਆਪ ਜੀ ਨਾਲ ਮੇਲ ਹੋਇਆ ਹੈ, ਇਹ ਵੱਡੇ ਭਾਗਾਂ ਵਾਲਾ ਹੈ। ਜਿਸ ਦਾ ਕਲਿਆਣ ਕਰਨਾ ਚਾਹੁੰਦੇ ਹੋ, ਉਸ ਦਾ ਮੇਲ ਆਪ ਜੀ ਨਾਲ ਹੁੰਦਾ ਹੈ'॥ ੨੯॥

ਸ੍ਰੀ ਪ੍ਰਭੁ ਕਹਜੋ 'ਜਨਮ ਬਹੁ ਧਾਰੇ। ਮਰਿ ਮਰਿ ਤਜੇ ਸਰੀਰ ਉਦਾਰੇ।
ਤਊ ਨ ਤਜਾਗਤਿ ਨਿਜ ਰਜਧਾਨੀ। ਬੰਧਜੋ ਫਾਸ ਸਨੇਹ ਮਹਾਨੀ॥ ੩੦॥

ਸਤਿਗੁਰੂ ਜੀ ਨੇ ਕਿਹਾ, "ਇਸ ਨੇ ਬਹੁਤ ਜਨਮ ਧਾਰੇ ਹਨ ਤੇ ਬਹੁਤ ਸਰੀਰ ਮਰ-ਮਰ ਕੇ ਛੱਡੇ ਹਨ, ਫਿਰ ਵੀ ਆਪਣਾ ਵਿਸ਼ੇਸ਼ ਸਥਾਨ ਨਹੀਂ ਛੱਡਦਾ ਹੈ, ਪ੍ਰੇਮ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਬੱਝਾ ਹੋਇਆ ਹੈ॥ ੩੦॥

ਅਬਿ ਦਰਸ਼ਨ ਤੇ ਪਾਤਕ ਟਰੇ। ਜਨਮ ਮਰਨ ਜਗ ਬੰਧਨ ਹਰੇ'।
ਇਮ ਉਧਾਰ ਖਗ ਕੋ ਕਰਿ ਭਲੇ। ਆਗੇ ਹਿਤ ਅਖੇਰ ਕੋ ਚਲੇ॥ ੩੧॥

ਹੁਣ ਦਰਸ਼ਨਾਂ ਨਾਲ ਇਸ ਦੇ ਪਾਪ ਟਲ ਜਾਣਗੇ ਤੇ ਜਨਮ ਮਰਨ ਦੇ ਬੰਧਨ ਦੂਰ ਹੋ ਜਾਣਗੇ।" ਇਸ ਪ੍ਰਕਾਰ ਪੰਛੀ ਦਾ ਭਲੀ ਪ੍ਰਕਾਰ ਉਧਾਰ ਕਰਕੇ, ਸ਼ਿਕਾਰ ਖੇਡਣ ਵਾਸਤੇ ਅੱਗੇ ਚਲੇ ਗਏ॥ ੩੧॥

ਕੇਤਿਕ ਬਿਚਰਤਿ ਸਤਿਗੁਰ ਆਏ। ਉਤਰੇ ਸਿਵਰ ਤੁਰੰਗ ਲਗਾਏ।
ਬੈਠੇ ਹੁਤੇ ਸਿੰਘ ਚਹੁੰ ਘਾਈ। ਜਥਾ ਮੁਨੀਸ਼ਨਿ ਮਹਿਂ ਰਘੁਰਾਈ॥ ੩੨॥

ਕਾਫੀ ਚਿਰ ਜੰਗਲ ਵਿਚ ਫਿਰ ਕੇ ਸਤਿਗੁਰੂ ਜੀ ਆ ਗਏ ਤੇ ਆਪਣੇ ਸ਼ਾਮਿਆਨੇ ਵਿਚ ਚਿੱਤ ਲਾ ਕੇ ਬੈਠ ਗਏ। ਉਨ੍ਹਾਂ ਦੇ ਚਾਰ-ਚੁਫੇਰੇ ਸਿੰਘ ਬੈਠੇ ਸਨ, ਮਾਨੋ ਮੁਨੀਆਂ ਦੇ ਵਿਚ ਰਾਮਚੰਦਰ ਜੀ ਬੈਠੇ ਸਨ॥ ੩੨॥

ਏਕ ਸਿੰਘ ਭਗਤੇ ਮਹਿਂ ਰਹੈ। ਬਾਲਿਕ ਤਾਂਹਿ ਆਤਮਜ ਅਹੈ।
ਗਯੋ ਕਹੂੰ ਤੇ ਸੋ ਚਲਿ ਆਯੋ। ਗੁਰ ਆਗਵਨ ਸ਼੍ਰੋਨ ਸੁਨਿ ਪਾਯੋ॥ ੩੩॥

ਇਕ ਸਿੰਘ ਭਗਤੇ ਪਿੰਡ ਵਿਚ ਰਹਿੰਦਾ ਸੀ, ਉਸ ਦਾ ਇਕ ਪੁੱਤਰ ਸੀ, ਜੋ ਹਾਲੇ ਬੱਚਾ ਸੀ। ਕਿਤੇ ਗਿਆ ਹੋਇਆ ਸੀ, ਉਥੋਂ ਚਲ ਕੇ ਆਇਆ। ਉਸ ਨੇ ਪਿੰਡ ਵਿਚ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੩੩॥

ਤਤਛਿਨ ਕੇਤਿਕ ਚਨਕ ਉਬਾਰੇ। ਕਰੀ ਬਾਕੁਲੀ ਨੀਕੀ ਤਜਾਰੇ।
ਸਾਵਧਾਨ ਹੁਇ ਕਟ ਕਸਿ ਲੀਨਿ। ਸੁਤ ਕੋ ਤਥਾ ਸੁਚੇਤਾ ਕੀਨਿ॥ ੩੪॥

ਤੁਰਤ ਕੁਝ ਛੋਲੇ ਉਬਾਲੇ ਤੇ ਵਧੀਆ ਘੁੰਘਣੀਆਂ ਤਿਆਰ ਕੀਤੀਆਂ। ਸਾਵਧਾਨ ਹੋ ਕੇ ਉਸ ਆਪਣਾ ਕਮਰਕੱਸਾ ਕੱਸ ਲਿਆ ਤੇ ਉਸ ਪ੍ਰਕਾਰ ਹੀ ਆਪਣੇ ਪੁੱਤਰ ਨੂੰ ਸੁਚੇਤ ਕੀਤਾ॥ ੩੪॥

ਕਮਰਕਸਾ ਅਪਨੇ ਸਮ ਕਰਜੋ। ਲੇਕਰਿ ਘੁੰਘਣੀਆ ਚਲਿ ਪਰਜੋ।
ਪਿਤਾ ਪੁੱਤ੍ਰ ਗੁਰ ਕੇ ਢਿਗ ਗਏ। ਬੰਦਨ ਕਰਤਿ ਬਿਲੋਕਤਿ ਭਏ॥ ੩੫॥

ਆਪਣੇ ਵਾਂਗ ਉਸ ਨੂੰ ਵੀ ਕਮਰਕੱਸਾ ਬੰਨ੍ਹਵਾਇਆ ਤੇ ਘੁੰਘਣੀਆਂ ਲੈ ਕੇ ਚਲ ਪਿਆ। ਪਿਤਾ-ਪੁੱਤਰ ਦੋਵੇਂ ਗੁਰੂ ਜੀ ਦੇ ਪਾਸ ਗਏ ਤੇ ਬੰਦਨਾ ਕਰਕੇ ਦਰਸ਼ਨ ਕਰਨ ਲੱਗੇ॥ ੩੫॥

ਵਾਹਿਗੁਰੂ ਜੀ ਕੀ ਕਹਿ ਫਤੇ। ਖਰੇ ਹੋਇ ਕਰਿ ਸਨਮੁਖ ਚਿਤੇ।
ਗੁਰੂ ਗ਼ਰੀਬ ਨਿਵਾਜ ਨਿਹਾਰਾ। ਮੁਸਕਾਵਤਿ ਜੁਤ ਕ੍ਰਿਪਾ ਉਚਾਰਾ॥ ੩੬॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤੇ ਫਿਰ ਦੋਵੇਂ ਸਤਿਗੁਰੂ ਜੀ ਦੇ ਸਾਹਮਣੇ ਖੜੇ ਹੋ ਗਏ। ਗੁਰੂ ਗ਼ਰੀਬ ਨਿਵਾਜ ਨੇ ਉਨ੍ਹਾਂ ਨੂੰ ਵੇਖਿਆ ਤੇ ਮੁਸਕਰਾਉਂਦਿਆਂ ਹੋਇਆਂ ਕਿਰਪਾ ਸਹਿਤ ਉਚਾਰਨ ਕੀਤਾ॥ ੩੬॥

'ਬਾਲਿਕ ਨਾਮ ਕਹੋ ਕਜਾ ਧਰਜੋ? ਸਾਵਧਾਨ ਹੁਇ ਆਗੇ ਖਰਜੋ'।
ਬੂਝਨ ਕਰਜੋ, ਉਚਾਰਤਿ ਸੋਈ। 'ਅਬਿ ਲੌ ਨਾਮ ਨ ਰਾਖਯੋ ਕੋਈ॥ ੩੭॥

''ਇਸ ਬਾਲਕ ਦਾ ਕੀ ਨਾਮ ਰੱਖਿਆ ਹੈ, ਜਿਹੜਾ ਸਾਵਧਾਨ ਹੋ ਕੇ ਅੱਗੇ ਖੜਾ ਹੈ?'' ਜੋ ਪੁੱਛਿਆ ਸੀ, ਉਸ ਸਿੱਖ ਨੇ ਉਚਾਰਨ ਕੀਤਾ, ''ਹੁਣ ਤਕ ਇਸ ਦਾ ਕੋਈ ਵੀ ਨਾਮ ਨਹੀਂ ਰੱਖਿਆ ਹੈ॥ ੩੭॥

ਅਬਿ ਸ੍ਰੀ ਮੁਖ ਤੇ ਆਪ ਉਚਾਰੋ। ਸੋ ਅਬਿ ਨਾਮ ਧਰਹਿਂ ਕਰਿ ਪਜਾਰੋ।
ਦਾਸ ਆਪ ਕੇ ਹਮ ਹੈਂ ਸਦਾ। ਹਲਤ ਪਲਤ ਸੁਖ ਦਿਹੁ ਜਦ ਕਦਾ॥ ੩੮॥

ਹੁਣ ਆਪ ਹੀ ਆਪਣੇ ਮੁਖਾਰਬਿੰਦ ਤੋਂ ਇਸ ਦਾ ਨਾਮ ਉਚਾਰਨ ਕਰੋ, ਉਹੀ ਇਸ ਦਾ ਨਾਮ ਪਿਆਰ ਨਾਲ ਰੱਖ ਦੇਵਾਂਗੇ। ਅਸੀਂ ਸਦਾ ਹੀ ਤੁਹਾਡੇ ਦਾਸ ਹਾਂ, ਜਿੱਥੇ ਕਿੱਥੇ ਲੋਕ ਪਰਲੋਕ ਵਿਚ ਸਾਨੂੰ ਸੁਖ ਦਿੰਦੇ ਹੋ''॥ ੩੮॥

ਸ੍ਰੀ ਮੁਖ ਤੇ ਮੁਸਕਾਇ ਬਖਾਨਾ। 'ਘੁੰਘਣੀਆ ਸਿੰਘ ਨਾਮ ਸੁਜਾਨਾ।
ਇਹ ਹੀ ਕਹਿ ਸਭਿ ਮਹਿਂ ਬਿਦਤਾਵਹੁ। ਅਪਰ ਨਾਮ ਕੋ ਨਹੀਂ ਅਲਾਵਹੁ॥ ੩੯॥

ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, ''ਘੁੰਘਣੀਆ ਸਿੰਘ ਸ੍ਰੇਸ਼ਟ ਨਾਮ ਹੈ, ਇਹ ਹੀ ਕਹਿ ਕੇ ਸਭ ਵਿਚ ਪ੍ਰਗਟ ਕਰੋ। ਕੋਈ ਹੋਰ ਨਾਮ ਨਾ ਬੋਲੋ''॥ ੩੯॥

ਸਿੰਘ ਪ੍ਰਮੁਦਤਿ ਭਯੋ ਸੁਨਿ ਗੁਰ ਤੇ। 'ਸੁਤ ਕੀ ਛੇਮ ਲਈ ਮੈਂ ਧੁਰ ਤੇ'।
ਘੁੰਘਣੀਆਂ ਲੇ ਸਿਖ ਬਰਤਾਈ। ਸ੍ਵਾਦਲ ਜਾਨਿ ਸਭਿਨਿ ਹੂੰ ਖਾਈ॥ ੪੦॥

ਸਿੰਘ ਗੁਰੂ ਜੀ ਪਾਸੋਂ ਇਹ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਬੋਲਿਆ, ''ਮੈਂ ਧੁਰ ਦਰਗਾਹ ਤੋਂ ਆਪਣੇ ਪੁੱਤਰ ਦਾ ਕਲਿਆਣ ਪ੍ਰਾਪਤ ਕਰ ਲਿਆ ਹੈ।'' ਉਸ ਨੇ ਘੁੰਘਣੀਆਂ ਲੈ ਕੇ ਸਿੰਘਾਂ ਵਿਚ ਵਰਤਾਈਆਂ, ਸਵਾਦੀ ਜਾਣ ਕੇ ਸਾਰਿਆਂ ਨੇ ਖਾਧੀਆਂ॥ ੪੦॥

ਪੁਨ ਭੋਜਨ ਨਿਸ ਮਹਿਂ ਕਰਿ ਖਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਤਬਿ ਗਨ ਭੂਤ ਪ੍ਰੇਤ ਹੁਇ ਦੀਨ। ਥਿਰ ਹੁਇ ਅੱਗ੍ਰ ਬੇਨਤੀ ਕੀਨ॥ ੪੧॥

ਫਿਰ ਭੋਜਨ ਰਾਤ ਨੂੰ ਲੈ ਕੇ ਖਾਧਾ ਤੇ ਕਿਰਪਾ ਨਿਧਾਨ ਸਤਿਗੁਰੂ ਜੀ ਆਰਾਮ ਨਾਲ ਸੌਂ ਗਏ। ਤਦ ਬਹੁਤ ਭੂਤ ਪ੍ਰੇਤ ਦੀਨ ਹੋਏ, ਉਨ੍ਹਾਂ ਸਤਿਗੁਰੂ ਜੀ ਦੇ ਅੱਗੇ ਖਲੋ ਕੇ ਬੇਨਤੀ ਕੀਤੀ॥ ੪੧॥

'ਸ੍ਰੀ ਗੁਰ ਅਰਜਨ ਹਮ ਗਹਿਵਾਏ। ਚਿਰੰਕਾਲ ਬੀਤਾ ਇਸ ਥਾਏਂ।
ਇਨ ਕੇ ਸਦਾ ਰਹੈਂ ਅਨੁਸਾਰੀ। ਜਥਾ ਬਤਾਇਂ ਤਥਾ ਕਰਿ ਕਾਰੀ॥ ੪੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਫੜਵਾਇਆ ਸੀ, ਇਸ ਥਾਂ ਕੈਦ ਵਿਚ ਹੀ ਸਾਨੂੰ ਲੰਮਾ ਸਮਾਂ ਬੀਤ ਗਿਆ ਹੈ। ਇਨ੍ਹਾਂ ਦੀ ਸਦਾ ਆਗਿਆ ਅਨੁਸਾਰ ਰਹਿੰਦੇ ਹਾਂ, ਜਿਵੇਂ ਵੀ ਇਹ ਦੱਸਦੇ ਹਨ, ਉਸ ਪ੍ਰਕਾਰ ਹੀ ਕੰਮ ਕਰਦੇ ਹਾਂ॥ ੪੨॥

ਇਕ ਇਕ ਥਾਨ ਕੈਦ ਮਹਿਂ ਡਾਰੇ। ਤਹਿਂ ਪ੍ਰਾਪਤਿ ਹੁਇ ਖੇਦ ਉਦਾਰੇ।
ਚਨਿਕ ਪੰਚ ਮਣ ਹਮ ਕੋ ਪਾਵੈ। ਅਪਰ ਵਸਤੁ ਕਿਛ ਹਾਥ ਨ ਆਵੈ॥ ੪੩॥

ਇਕ ਇਕ ਥਾਂ ਕੈਦ ਵਿਚ ਪਾਏ ਹਨ, ਕੈਦ ਵਿਚ ਅਸੀਂ ਬਹੁਤ ਦੁਖ ਪਾਇਆ ਹੈ। ਪੰਜ ਮਣ ਛੋਲੇ ਸਾਨੂੰ ਪਾਉਂਦੇ ਹਨ, ਹੋਰ ਕੋਈ ਵਸਤੂ ਸਾਡੇ ਹੱਥ ਵਿਚ ਨਹੀਂ ਆਉਂਦੀ ਹੈ॥ ੪੩॥

ਸੋ ਨਿਤ ਖਾਨੇ ਕਰਹਿਂ ਅਹਾਰਾ। ਰੁਕੇ ਰਹੈਂ ਸਹਿਂ ਕਸ਼ਟ ਉਦਾਰਾ।
ਅਬਿ ਤੁਮ ਕ੍ਰਿਪਾ ਕਰਹੁ ਛੁਟਵਾਵਹੁ। ਕਸ਼ਟ ਕੈਦ ਤੇ ਆਪ ਬਚਾਵਹੁ॥ ੪੪॥

ਉਹ ਹੀ ਭੋਜਨ ਨਿਤ ਖਾਂਦੇ ਹਾਂ, ਵੱਡੇ ਦੁਖ ਸਹਿਤ ਰੁਕੇ ਰਹਿੰਦੇ ਹਾਂ। ਹੁਣ ਕਿਰਪਾ ਕਰਕੇ ਤੁਸੀਂ ਸਾਨੂੰ ਛੁਡਵਾਵੋ, ਇਸ ਕੈਦ ਦੇ ਕਸ਼ਟ ਤੋਂ ਆਪ ਸਾਨੂੰ ਬਚਾਵੋ॥ ੪੪॥

ਛੁਟੇ ਫਿਰੈਂ ਗਨ ਦੇਸ਼ ਮਝਾਰੀ। ਤਊ ਰਹੈਂ ਇਨਕੇ ਅਨੁਸਾਰੀ।
ਬਹਿਲੋ ਬੰਸ ਉਚਾਰਹਿ ਜਥਾ। ਨਿਹਸੰਸੈ ਹਮ ਕਰਿਹੈਂ ਤਥਾ॥ ੪੫॥

ਛੁਟਕਾਰਾ ਪਾ ਕੇ ਫਿਰ ਕਈ ਦੇਸ਼ਾਂ ਵਿਚ ਫਿਰਾਂਗੇ, ਫਿਰ ਵੀ ਇਨ੍ਹਾਂ ਦੀ ਆਗਿਆ ਅਨੁਸਾਰ ਰਹਾਂਗੇ। ਬਹਿਲੋ ਵੰਸ਼ ਜਿਵੇਂ ਵੀ ਉਚਾਰਨ ਕਰੇਗਾ, ਸ਼ੰਕਾ ਰਹਿਤ ਅਸੀਂ ਉਸ ਪ੍ਰਕਾਰ ਹੀ ਕਰਾਂਗੇ॥ ੪੫॥

ਦੈਵਜੋਗ ਆਗਵਨ ਤੁਹਾਰਾ। ਜੇ ਅਬਿ ਕਸ਼ਟ ਨ ਜਾਇ ਹਮਾਰਾ।
ਪੁਨਹਿ ਕੌਨ ਸਮਰਥ ਛੁਟਕਾਵੈ। ਰਾਵਰਿ ਬਿਨਾ ਨ ਸੰਕਟ ਜਾਵੈ॥ ੪੬॥

ਸੰਜੋਗ ਨਾਲ ਤੁਹਾਡਾ ਏਧਰ ਆਉਣਾ ਹੋਇਆ ਹੈ, ਜੇ ਹੁਣ ਵੀ ਸਾਡਾ ਕਸ਼ਟ ਨਹੀਂ ਜਾਵੇਗਾ, ਫਿਰ ਹੋਰ ਕੌਣ ਸਮਰੱਥ ਛੁਡਵਾਵੇਗਾ। ਆਪ ਜੀ ਤੋਂ ਬਗੈਰ ਇਹ ਸੰਕਟ ਨਹੀਂ ਜਾਵੇਗਾ॥ ੪੬॥

ਆਏ ਪਾਇ ਬਿਖਾਦ ਬਿਸਾਲਾ। ਕੀਨਿ ਬੇਨਤੀ ਹਮ ਇਸ ਕਾਲਾ।
ਸੁਨਿ ਭੂਤਨ ਤੇ ਸੰਕਟ ਤਿਨ ਕੋ। ਬਸਤ੍ਰ ਉਤਾਰਿ ਉਘਾਰਿ ਬਦਨ ਕੋ॥ ੪੭॥

ਤੁਸੀਂ ਇਕ ਵਿਸ਼ਾਲ ਯੁੱਧ ਲੜ ਕੇ ਆਏ ਹੋ, ਇਸ ਸਮੇਂ ਅਸੀਂ ਤੁਹਾਡੇ ਪਾਸ ਬੇਨਤੀ ਕੀਤੀ ਹੈ।" ਸਤਿਗੁਰੂ ਜੀ ਨੇ ਭੂਤਾਂ ਦਾ ਸੰਕਟ ਉਨ੍ਹਾਂ ਪਾਸੋਂ ਸੁਣਿਆ। ਗੁਰੂ ਜੀ ਚਾਦਰ ਤਾਣ ਕੇ ਸੁੱਤੇ ਪਏ ਸਨ, ਜਦੋਂ ਭੂਤਾਂ ਨੇ ਬੇਨਤੀ ਕੀਤੀ ਤਾਂ ਚਾਦਰ ਉਤਾਰ ਕੇ ਮੂੰਹ ਨੰਗਾ ਕੀਤਾ॥ ੪੭॥

ਦੀਨੀ ਧੀਰਜ 'ਚਿੰਤ ਪ੍ਰਹਾਨਹੁ। ਪ੍ਰਾਤਿ ਛੁਟਾਵਹਿਂ ਨਿਸ਼ਚੇ ਠਾਨਹੁ।
ਅਬਿ ਤੁਮ ਜਾਹੁ ਸੁਨੀ ਸਭਿ ਗਾਥਾ'। ਇਮ ਕਹਿ ਸੁਪਤਿ ਭਏ ਜਗਨਾਥਾ॥ ੪੮॥

ਉਨ੍ਹਾਂ ਨੂੰ ਫਿਰ ਧੀਰਜ ਦਿੱਤਾ, "ਚਿੰਤਾ ਦੂਰ ਕਰੋ, ਸਵੇਰੇ ਛੁਡਵਾ ਦੇਵਾਂਗਾ ਇਹ ਨਿਸ਼ਚਾ ਰੱਖੋ। ਹੁਣ ਤੁਸੀਂ ਜਾਵੋ, ਮੈਂ ਤੁਹਾਡੀ ਸਾਰੀ ਬੇਨਤੀ ਸੁਣ ਲਈ ਹੈ" ਇਹ ਕਹਿ ਕੇ ਸਤਿਗੁਰੂ ਜੀ ਸੌਂ ਗਏ॥ ੪੮॥

ਰਾਤਿ ਬਿਤਾਇ ਉਠੇ ਪ੍ਰਭੁ ਪ੍ਰਾਤੀ। ਸੌਚ ਸ਼ਨਾਨ ਠਾਨਿ ਭਲਿ ਭਾਂਤੀ।
ਦਿਵਸ ਚਢੇ ਗੁਰ ਕੇ ਢਿਗ ਆਏ। ਪੰਚਹੁੰ ਭ੍ਰਾਤਾ ਦਰਸ਼ਨ ਪਾਏ॥ ੪੯॥

ਰਾਤ ਬਤੀਤ ਕਰਕੇ ਸਤਿਗੁਰੂ ਸਵੇਰੇ ਸਵੱਖਤੇ ਜਾਗ ਪਏ ਤੇ ਫਿਰ ਉਨ੍ਹਾਂ ਨੇ ਭਲੀ ਪ੍ਰਕਾਰ ਸੋਚ ਇਸ਼ਨਾਨ ਕੀਤਾ। ਦਿਨ ਚੜ੍ਹਨ ਉੱਤੇ ਪੰਜੇ ਭਰਾ ਸਤਿਗੁਰੂ ਜੀ ਪਾਸ ਆਏ, ਪੰਜਾਂ ਭਰਾਵਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥ ੪੯॥

ਬੈਠਿ ਗਏ ਬੰਦਨ ਕਰਿ ਜਬੈ। ਸ੍ਰੀ ਮੁਖ ਹੁਕਮ ਬਖਾਨਜੋ ਤਬੈ।
'ਭੂਤ ਪ੍ਰੇਤ ਜੋ ਪਕਰੇ ਰਾਸੀ। ਕਰਿ ਦਿਹੁ ਸਭਿ ਕੀ ਬੰਦ ਖਲਾਸੀ॥ ੫੦॥

ਜਦ ਬੰਦਨਾ ਕਰਕੇ ਪੰਜੇ ਬੈਠ ਗਏ ਤਾਂ ਸਤਿਗੁਰੂ ਜੀ ਨੇ ਮੁਖ ਤੋਂ ਹੁਕਮ ਕੀਤਾ, "ਜਿਹੜੇ ਸਮੂਹ ਭੂਤ ਪ੍ਰੇਤ ਫੜੇ ਹਨ ਉਨ੍ਹਾਂ ਸਾਰਿਆਂ ਦੀ ਬੰਦ ਖਲਾਸੀ ਕਰ ਦੇਵੋ॥ ੫੦॥

ਕਲੀ ਕਾਲ ਨਿਤਪ੍ਰਤਿ ਨਰ ਖੋਟੇ। ਸ਼ੁਭ ਮਤਿ ਛੋਟੇ, ਦੁਰਮਤਿ ਮੋਟੇ।
ਨਿਤ ਮਾਨਹਿੰਗੇ ਹੁਕਮ ਤੁਹਾਰਾ। ਜਹਿਂ ਬਹਿਲੋ ਕਾ ਨਾਮ ਉਚਾਰਾ॥ ੫੧॥

ਕਲਿਜੁਗ ਵਿਚ ਨਿਤਾਪ੍ਰਤੀ ਮਨੁੱਖ ਖੋਟੇ ਹੁੰਦੇ ਜਾ ਰਹੇ ਹਨ, ਉਨ੍ਹਾਂ ਦੀ ਸ਼ੁਭ ਮੱਤ ਘੱਟਦੀ ਜਾਂਦੀ ਹੈ ਤੇ ਭੈੜੀ ਮੱਤ ਵਧਦੀ ਜਾਂਦੀ ਹੈ। ਉਹ ਨਿਤ ਤੁਹਾਡਾ ਹੁਕਮ ਮੰਨਣਗੇ, ਜਿੱਥੇ ਵੀ ਬਹਿਲੋ ਦਾ ਨਾਮ ਉਚਾਰਨ ਕਰੋਗੇ॥ ੫੧॥

ਠਹਿਰ ਨ ਸਕੈਂ ਬੀਚ ਨਰ ਨਾਰੀ। ਇਮ ਬਰਤਹਿੰ ਆਇਸੁ ਅਨੁਸਾਰੀ।
ਮਿਹਨਤ ਕਰਹਿੰ ਈਂਟ ਅਰੁ ਗਾਰੇ। ਅਪਰ ਸਦਨ ਕੀ ਸਗਰੀ ਕਾਰੇ॥ ੫੨ ॥

ਇਸਤਰੀ ਪੁਰਸ਼ਾਂ ਵਿਚ ਠਹਿਰ ਨਹੀਂ ਸਕਣਗੇ, ਇਸ ਪ੍ਰਕਾਰ ਤੁਹਾਡੀ ਆਗਿਆ ਮੰਨਣਗੇ। ਉਹ ਮਿਹਨਤ ਕਰਨਗੇ, ਇੱਟਾਂ ਗਾਰਾ ਢੋਣਗੇ ਤੇ ਘਰ ਦੀ ਹੋਰ ਸਾਰੀ ਕਾਰ ਕਰਨਗੇ॥ ੫੨ ॥

ਤਿਸ ਤੇ ਛੋਡਿ ਦੇਹੁ ਇਨ ਤਾਈਂ।' ਇਸ ਪ੍ਰਕਾਰ ਜਬਿ ਕਹ੍ਯੋ ਗੁਸਾਈਂ।
ਘੇਰਾ ਚਿਨ੍ਯੋ ਹੁਤੋ ਇਕ ਥਾਨ। ਗਹੇ ਰਹੈਂ ਤਹਿੰ ਸਮਰਥ ਵਾਨ॥ ੫੩ ॥

ਇਸ ਕਰਕੇ ਇਨ੍ਹਾਂ ਨੂੰ ਛੱਡ ਦੇਵੇ।'' ਇਸ ਪ੍ਰਕਾਰ ਜਦ ਸਤਿਗੁਰੂ ਜੀ ਨੇ ਕਿਹਾ, ''ਜਿਸ ਥਾਂ ਇਕ ਘੇਰੇ ਦੀ ਚਿਣਵਾਈ ਹੋਈ ਸੀ, ਜਿੱਥੇ ਉਹ ਸਮਰੱਥਵਾਨ ਫੜੇ ਰਹਿੰਦੇ ਸਨ॥ ੫੩ ॥

ਗੁਰ ਕੋ ਬਾਕ ਮਾਨਿ ਸਭਿ ਭਾਈ। ਆਇ ਨਿਕਾਰੇ ਤਹਿੰ ਸਮੁਦਾਈ।
ਅਤਿਸ਼ੈ ਹਰਖ ਸਭਿਨਿ ਮਹਿੰ ਹੋਵਾ। ਬੰਦਹਿੰ ਗੁਰ ਕੇ ਦਰਸ਼ਨ ਜੋਵਾ॥ ੫੪ ॥

ਸਾਰੇ ਭਰਾਵਾਂ ਨੇ ਗੁਰੂ ਜੀ ਦੇ ਬਚਨ ਮੰਨ ਲਏ ਤੇ ਆ ਕੇ ਸਾਰੇ ਭੂਤਾਂ ਨੂੰ ਬਾਹਰ ਕੱਢ ਦਿੱਤਾ। ਸਾਰੇ ਭੂਤ ਬਹੁਤ ਪ੍ਰਸੰਨ ਹੋ ਗਏ ਤੇ ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੫੪ ॥

ਪੁਨ ਪੰਚਹੁੰ ਭ੍ਰਾਤਾ ਕੋ ਬੰਦਿ। ਗਏ ਜਬਹਿ ਛਿਤ ਛੁਟਿ ਕਰਿ ਬ੍ਰਿੰਦ।
ਇਸ ਪ੍ਰਕਾਰ ਭਗਤੇ ਦਿਨ ਤੀਨ। ਸ਼੍ਰੀ ਪ੍ਰਭੁ ਰਹੇ ਬਾਸਿ ਕੋ ਕੀਨਿ।
ਪੁਨਹ ਪ੍ਰਾਤਿ ਤ੍ਯਾਰੀ ਕਰਿਵਾਈ। ਕੀਨਸਿ ਡੇਰਾ ਕੂਚ ਗੁਸਾਈਂ॥ ੫੫ ॥

ਜਦ ਛੁਟਕਾਰਾ ਪਾ ਕੇ ਭੂਤ ਧਰਤੀ ਤੇ ਗਏ ਤਾਂ ਉਨ੍ਹਾਂ ਪੰਜਾਂ ਭਰਾਵਾਂ ਨੂੰ ਬੰਦਨਾ ਕੀਤੀ। ਇਸ ਪ੍ਰਕਾਰ ਗੁਰੂ ਜੀ ਨੇ ਭਗਤੇ ਪਿੰਡ ਵਿਚ ਤਿੰਨ ਦਿਨ ਰਹਿ ਕੇ ਵਸੇਬਾ ਕੀਤਾ। ਫਿਰ ਸਵੇਰੇ ਉਠ ਕੇ ਤਿਆਰੀ ਕਰਵਾਈ ਤੇ ਆਪਣੇ ਡੇਰੇ ਨੂੰ ਕੂਚ ਕਰਵਾਇਆ॥ ੫੫ ॥

*ਪਹਿਲੇ ਐਨ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨ ॥*

## *ਅਧਿਆਇ ਤੀਸਰਾ*

*ਬੰਦਰ, ਬਰਗਾੜੀ, ਬਹਿਬਲ, ਸਿਊਰਾਵੀਂ ਪਿੰਡਾਂ ਵਿਚ ਜਾਣਾ*

ਦੋਹਰਾ- ਸਹਿਜ ਸੁਭਾਇਕ ਬਿਚਰਤੇ ਖੇਲਤ ਜਾਹਿੰ ਅਖੇਰ।
ਕਿਤਿਕ ਕੋਸ ਪਰ ਗ੍ਰਾਮ ਇਕ ਬੂਝਤਿ ਭੇ ਤਿਸ ਹੇਰਿ॥ ੧ ॥

ਗੁਰੂ ਜੀ ਸਹਿਜ ਸੁਭਾਵ ਵਿਚਰਦੇ ਸਨ ਤੇ ਸ਼ਿਕਾਰ ਖੇਡਦੇ ਜਾਂਦੇ ਸਨ। ਕਈਆਂ ਕੋਹਾਂ ਦੇ ਫਾਸਲੇ ਤੇ ਇਕ ਪਿੰਡ ਆਇਆ, ਗੁਰੂ ਜੀ ਉਸ ਪਿੰਡ ਨੂੰ ਵੇਖ ਕੇ ਉਸ ਬਾਰੇ ਪੁੱਛਣ ਲੱਗੇ॥ ੧ ॥

ਚੌਪਈ- 'ਨਾਮ ਗ੍ਰਾਮ ਕੋ ਕਹਿਯਹਿ ਕੌਨ? ਲਖਹੁ ਬਰਾੜ ਬਸਤ ਇਹ ਜੌਨ'।
ਹਾਥ ਬੰਦਿ ਬੋਲੇ ਤਿਸ ਬੇਰਾ। 'ਬੰਦਰ ਨਾਮ ਗ੍ਰਾਮ ਇਸ ਕੇਰਾ' ॥ ੨ ॥

"ਇਸ ਪਿੰਡ ਦਾ ਨਾਮ ਕਹੋ, ਕੀ ਹੈ ? ਜਿਹੜੀ ਇਹ ਬਰਾੜਾਂ ਦੀ ਬਸਤੀ ਜਾਪਦੀ ਹੈ।" ਉਸ ਸਮੇਂ ਸਿੱਖ ਹੱਥ ਜੋੜ ਕੇ ਬੋਲੇ, "ਇਸ ਪਿੰਡ ਦਾ ਨਾਮ ਬੰਦਰ ਹੈ" ॥ ੨ ॥

ਸਿੱਖ ਬਿਦੇਸ਼ੀ ਸੁਨਿ ਬਿਸਮਾਏ। 'ਇਨ ਤੇ ਅਦਭੁਤ ਬਾਕ ਅਲਾਏ।
ਕਹਾਂ ਬੰਦਰਨਿ ਗ੍ਰਾਮ ਬਸਾਯੋ। ਬਨ ਬ੍ਰਿੱਛਨਿ ਬਾਸਾ ਜਿਨ ਪਾਯੋ' ॥ ੩ ॥

ਪਰਦੇਸੀ ਸਿੱਖ ਇਹ ਨਾਮ ਸੁਣ ਕੇ ਬਹੁਤ ਹੈਰਾਨ ਹੋਏ, "ਇਨ੍ਹਾਂ ਤਾਂ ਅਦਭੁਤ ਬਚਨ ਕਹੇ ਹਨ। ਕੀ ਬਾਂਦਰਾਂ ਨੇ ਇਕ ਪਿੰਡ ਵਸਾਇਆ ਹੈ, ਜੰਗਲ ਵਿਚ ਜਿਹੜੇ ਰੁੱਖਾਂ ਉੱਪਰ ਵਾਸਾ ਕਰਦੇ ਹਨ" ॥ ੩ ॥

ਤਿਨ ਤੇ ਸੁਨਿ ਸਤਿਗੁਰ ਮੁਸਕਾਏ। ਸ੍ਰੀ ਮੁਖ ਤੇ ਪੁਨ ਭੇਦ ਬਤਾਏ।
'ਬੰਦਰ ਗੋਤ ਨਰਨ ਕੋ ਅਹੈ। ਗ੍ਰਾਮ ਤਿਨੋ ਰਾਹਕ ਕੋ ਅਹੈ' ॥ ੪ ॥

ਉਨ੍ਹਾਂ ਪਾਸੋਂ ਸੁਣ ਕੇ ਸਤਿਗੁਰੂ ਜੀ ਮੁਸਕਰਾਏ, ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਭੇਦ ਦੱਸਿਆ, "ਬੰਦਰ ਗੋਤ ਇਨ੍ਹਾਂ ਮਨੁੱਖਾਂ ਦਾ ਹੈ, ਇਹ ਉਨ੍ਹਾਂ ਕਿਸਾਨਾਂ ਦਾ ਪਿੰਡ ਹੈ" ॥ ੪ ॥

ਹੇਰਿ ਸਥਾਨ ਕੀਨਿ ਗੁਰ ਡੇਰਾ। ਉਤਰਿ ਤੁਰੰਗਨਿ ਤੇ ਤਿਸ ਬੇਰਾ।
ਥਾਨ ਥਾਨ ਪ੍ਰਤਿ ਦਏ ਲਗਾਇ। ਉਤਰੇ ਸਿੰਘ ਲਜਾਇ ਤ੍ਰਿਣ ਜਾਇ ॥ ੫ ॥

ਉਸ ਸਥਾਨ ਨੂੰ ਵੇਖ ਕੇ ਗੁਰੂ ਜੀ ਨੇ ਉਥੇ ਆਪਣਾ ਡੇਰਾ ਕੀਤਾ ਤੇ ਉਸ ਸਮੇਂ ਘੋੜਿਆਂ ਤੋਂ ਉੱਤਰ ਆਏ। ਥਾਂ-ਥਾਂ ਸਾਰੇ ਘੋੜੇ ਬੰਨ੍ਹ ਦਿੱਤੇ ਤੇ ਸਿੰਘ ਉੱਤਰ ਕੇ ਘਾਹ ਲੈ ਕੇ ਆਏ॥ ੫ ॥

ਬੰਦਰ ਪੈਂਚ ਤਬੈ ਚਲਿ ਆਏ। ਰਸਤ ਘ੍ਰਿਤ ਆਦਿਕ ਸਭਿ ਲਜਾਏ।
ਤ੍ਰਿਣ ਦਾਨਾ ਘੋਰਨਿ ਕੋ ਦੀਨਿ। ਅਸਨ ਜਥਾ ਰੁਚਿ ਅਚਵਨਿ ਕੀਨਿ ॥ ੬ ॥

ਬੰਦਰ ਪਿੰਡ ਦੇ ਨੰਬਰਦਾਰ ਫਿਰ ਚਲ ਕੇ ਆ ਗਏ ਤੇ ਰਾਸ਼ਨ ਘਿਉ ਆਦਿ ਉਹ ਸਭ ਕੁਝ ਲੈ ਕੇ ਆਏ। ਉਨ੍ਹਾਂ ਘਾਹ ਦਾਣਾ ਘੋੜਿਆਂ ਨੂੰ ਦਿੱਤਾ ਤੇ ਸਾਰਿਆਂ ਨੇ ਰੁਚੀ ਅਨੁਸਾਰ ਭੋਜਨ ਛਕਿਆ॥ ੬ ॥

ਰਾਤਿ ਬਿਤਾਇ ਭਏ ਅਸਵਾਰਾ। ਚਢੇ ਗੁਰੂ ਮਗ ਖਿਲਤਿ ਸ਼ਿਕਾਰਾ।
ਪਹੁੰਚਿ ਗ੍ਰਾਮ ਬਰਗਾੜੀ ਗਏ। ਗੁਰ ਬਿਲੋਕਿ ਥਲ ਉਤਰਤਿ ਭਏ॥ ੭॥

ਰਾਤ ਬਤੀਤ ਕਰਕੇ ਸਵੇਰੇ ਫਿਰ ਅਸਵਾਰ ਹੋ ਗਏ ਤੇ ਗੁਰੂ ਜੀ ਸ਼ਿਕਾਰ ਖੇਡਦੇ ਰਾਹੇ-ਰਾਹ ਚਲ ਪਏ। ਫਿਰ ਬਰਗਾੜੀ ਪਿੰਡ ਪਹੁੰਚ ਗਏ। ਗੁਰੂ ਜੀ ਪਿੰਡ ਵੇਖ ਕੇ ਫਿਰ ਉੱਤਰ ਪਏ॥ ੭॥

ਤਹਾਂ ਕਪੂਰੇ ਭ੍ਰਾਤਾ ਨੰਦ। ਸਾਥ ਕਪੂਰੇ ਬੈਰ ਬਿਲੰਦ।
ਚਢਜੋ ਲਰਨ ਕੋ ਨਿਕਸਜੋ ਬਾਹਰ। ਉਤਰੇ ਗੁਰੂ ਸੁਨੇ ਪਿਖਿ ਜ਼ਾਹਰ॥ ੮॥

ਉਥੇ ਕਪੂਰੇ ਦਾ ਭਰਾ ਨੰਦ ਰਹਿੰਦਾ ਸੀ, ਜਿਸ ਦਾ ਕਪੂਰੇ ਨਾਲ ਵੱਡਾ ਵੈਰ ਸੀ। ਜਦ ਲੜਾਈ ਵਾਸਤੇ ਚੜ੍ਹਾਈ ਕਰਕੇ ਬਾਹਰ ਨਿਕਲਿਆ ਤਾਂ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਪ੍ਰਗਟ ਰੂਪ ਵਿਚ ਉਥੇ ਉਤਾਰਾ ਕੀਤਾ ਹੈ॥ ੮॥

ਹਟਜੋ ਲਰਨ ਤੇ ਦਰਸ਼ਨ ਚਾਹਾ। 'ਸੇਵ ਕਰੋਂ' ਚਿਤ ਮਹਤ ਉਮਾਹਾ।
ਆਨਿ ਮਿਲਜੋ ਪਗ ਬੰਦਨ ਠਾਨੀ। ਸਭਿ ਸੁਧਿ ਲੇਤਿ ਖਾਨ ਅਰੁ ਪਾਨੀ॥ ੯॥

ਲੜਾਈ ਬਾਰੇ ਖਿਆਲ ਉਸ ਛੱਡ ਦਿੱਤਾ ਤੇ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੇ। "ਮੈਂ ਗੁਰੂ ਜੀ ਦੀ ਸੇਵਾ ਕਰਾਂ" ਚਿੱਤ ਵਿਚ ਵੱਡਾ ਉਤਸ਼ਾਹ ਭਰ ਗਿਆ। ਉਹ ਗੁਰੂ ਜੀ ਨੂੰ ਆ ਕੇ ਮਿਲਿਆ ਤੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਖਾਣ ਪੀਣ ਬਾਰੇ ਸਭ ਪ੍ਰਕਾਰ ਦੀ ਖਬਰਸਾਰ ਲਈ॥ ੯॥

ਤ੍ਰਿਣ ਦਾਨਾ ਹਿਤ ਹਯਨਿ ਅਨਾਯੋ। ਆਪ ਖਰੇ ਹੁਇ ਸਭਿਨਿ ਪੁਚਾਯੋ।
ਪ੍ਰੇਮ ਭਾਵਨਾ ਕਰਿ ਬਹੁਤੇਰੀ। ਸੇਵਾ ਕਰਿ ਬਿਸਾਲ ਤਿਸ ਬੇਰੀ॥ ੧੦॥

ਘੋੜਿਆਂ ਵਾਸਤੇ ਘਾਹ ਅਤੇ ਦਾਣਾ ਮੰਗਵਾਇਆ ਤੇ ਆਪ ਖੜੇ ਹੋ ਕੇ ਸਾਰਿਆਂ ਨੂੰ ਪਹੁੰਚਾਇਆ। ਉਸ ਨੇ ਬਹੁਤ ਪ੍ਰੇਮ ਭਾਵਨਾ ਕੀਤੀ ਤੇ ਉਸ ਸਮੇਂ ਵਿਸ਼ਾਲ ਸੇਵਾ ਕੀਤੀ॥ ੧੦॥

ਸਤਿਗੁਰ ਨਿਕਟ ਆਇ ਕਰਿ ਬੈਸਾ। ਪਰਖ੍ਯੋ ਭਾਉ ਰਿਦੇ ਮਹਿਂ ਜੈਸਾ।
ਸ੍ਰੀ ਮੁਖ ਤੇ ਤਿਹ ਸੰਗ ਬਖਾਨਾ। 'ਛਾਂਗ ਅਨਾਵਹੁ ਪੁਸ਼ਟ ਮਹਾਨਾ' ॥ ੧੧ ॥

ਸਤਿਗੁਰੂ ਜੀ ਦੇ ਪਾਸ ਆ ਕੇ ਬੈਠ ਗਿਆ ਤੇ ਗੁਰੂ ਜੀ ਨੇ ਉਸਦੇ ਹਿਰਦੇ ਦੀ ਭਾਵਨਾ ਪਰਖੀ ਤੇ ਗੁਰੂ ਜੀ ਕਹਿਣ ਲੱਗੇ, ''ਬੜਾ ਮੋਟਾ ਬੱਕਰਾ ਮੰਗਵਾਵੋ'' ॥ ੧੧ ॥

ਮਾਨਿ ਹੁਕਮ ਤਤਕਾਲ ਅਨਾਯੋ। ਝਟਕਾ ਤੁਪਕ ਸਾਥ ਕਰਿਵਾਯੋ।
ਆਮਿਖ ਕੋ ਸੁਧਾਰਿ ਕਰਿ ਤਯਾਰੇ। ਡਾਰਿ ਮਸਾਲੇ ਬਿਬਿਧਿ ਪ੍ਰਕਾਰੇ॥ ੧੨ ॥

ਗੁਰੂ ਜੀ ਦਾ ਹੁਕਮ ਮੰਨ ਕੇ ਤੁਰਤ ਬੱਕਰਾ ਮੰਗਵਾਇਆ ਤੇ ਬੰਦੂਕ ਨਾਲ ਬੱਕਰੇ ਦਾ ਝਟਕਾ ਕਰਵਾਇਆ। ਫਿਰ ਮਾਸ ਨੂੰ ਸੁਧਾਰ ਕੇ ਤਿਆਰ ਕੀਤਾ ਤੇ ਉਸ ਵਿਚ ਕਈ ਪ੍ਰਕਾਰ ਦੇ ਮਸਾਲੇ ਪਾਏ ਗਏ॥ ੧੨॥

ਕਰਿ ਅਹਾਰ ਪ੍ਰਭੁ ਕੋ ਅਚਵਾਯੋ। ਬੈਠ੍ਯੋ ਨਿਕਟ ਪ੍ਰਸੰਗ ਬਤਾਯੋ।
'ਹੇ ਪ੍ਰਭੁ ! ਚਢ੍ਯੋ ਲਰਨ ਕੇ ਕਾਰਨ। ਨਿਕਸਤਿ ਰਾਵਰ ਕਰੇ ਨਿਹਾਰਨਿ ॥੧੩ ॥

ਭੋਜਨ ਤਿਆਰ ਕਰਕੇ ਸਤਿਗੁਰੂ ਜੀ ਨੂੰ ਖਵਾਇਆ ਤੇ ਗੁਰੂ ਜੀ ਦੇ ਪਾਸ ਬੈਠ ਕੇ ਪ੍ਰਸੰਗ ਸੁਣਾਇਆ, ''ਹੇ ਸਤਿਗੁਰੂ ਜੀ ! ਮੈਂ ਯੁੱਧ ਕਰਨ ਵਾਸਤੇ ਚੜ੍ਹਾਈ ਕੀਤੀ ਸੀ, ਪਰ ਬਾਹਰ ਨਿਕਲਦਿਆਂ ਹੀ ਆਪ ਜੀ ਨੂੰ ਵੇਖਿਆ॥ ੧੩ ॥

ਦਰਸ ਲਾਲਸਾ ਕਰਿ ਹਟਿ ਰਹ੍ਯੋ'। ਸੁਨਿ ਕਰਿ ਗੁਰੂ ਸ੍ਰੇਯ ਤਿਸ ਕਹ੍ਯੋ।
'ਸ਼ੱਤ੍ਰੂ ਪ੍ਰਾਤਿ ਕੋ ਕਰਹਿ ਚਢਾਈ। ਆਨਿ ਮਚਾਵਹਿ ਇਹਾਂ ਲਰਾਈ॥ ੧੪ ॥

ਆਪ ਜੀ ਦੇ ਦਰਸ਼ਨਾਂ ਦੀ ਲਾਲਸਾ ਕਰਕੇ ਮੁੜ ਆਇਆ ਹਾਂ।'' ਇਹ ਸੁਣ ਕੇ ਗੁਰੂ ਜੀ ਨੇ ਉਸ ਦੇ ਸੁਖ ਦੀ ਗੱਲ ਕਹੀ, ''ਤੇਰਾ ਵੈਰੀ ਸਵੇਰ ਨੂੰ ਚੜ੍ਹਾਈ ਕਰੇਗਾ ਤੇ ਏਥੇ ਆ ਕੇ ਲੜਾਈ ਮਚਾ ਦੇਵੇਗਾ॥ ੧੪ ॥

ਰਣ ਕਰਿਬੇ ਤੁਮ ਗਮਨਹੁ ਨਾਂਹਿ। ਅਪਰ ਗ੍ਰਾਮ ਕੇ ਨਰ ਸਭਿ ਜਾਹਿਂ।
ਅਰਹਿਂ ਲਰਹਿਂਗੇ ਹਾਰਹਿਂ ਨਾਂਹੀ। ਰਾਖਹਿਂ ਰੋਕ ਕਰਹਿਂ ਬਲ ਤਾਂਹੀ॥ ੧੫ ॥

ਤੁਸੀਂ ਯੁੱਧ ਕਰਨ ਵਾਸਤੇ ਨਾ ਜਾਵੋ, ਹੋਰ ਪਿੰਡ ਦੇ ਸਾਰੇ ਮਨੁੱਖ ਜਾਣ। ਤੇਰੀ ਦਲ ਦੇ ਜਿਹੜੇ ਮਨੁੱਖ ਅੜ ਕੇ ਲੜਨਗੇ ਉਹ ਹਾਰਨਗੇ ਨਹੀਂ। ਵੈਰੀ ਨੂੰ ਪੂਰੀ ਸ਼ਕਤੀ ਕਰਕੇ ਰੋਕ ਰੱਖਣਗੇ॥ ੧੫॥

ਜੇ ਨਹਿਂ ਬਰਜ੍ਯੋ ਰਹੈਂ ਸਦਨ ਮਹਿਂ। ਪ੍ਰਾਣ ਬਿਨਾਸਹਿਂ ਪ੍ਰਾਤੀ ਰਣ ਮਹਿਂ।
ਯਾਂ ਤੇ ਉਚਿਤ ਨ ਤੋ ਕਹੁ ਜਾਨਾ। ਪੁਨਹਿਂ ਲਰਹੁ ਕਰਿ ਜੁੱਧ ਮਹਾਨਾ॥ ੧੬ ॥

ਜੇ ਤੂੰ ਘਰ ਵਿਚ ਰੁਕਿਆ ਨਹੀਂ ਰਹੇਂਗਾ, ਤਾਂ ਯੁੱਧ ਵਿਚ ਸਵੇਰੇ ਤੇਰੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ। ਇਸ ਕਰਕੇ ਯੁੱਧ ਕਰਨ ਜਾਣਾ ਤੇਰੇ ਵਾਸਤੇ ਉਚਿਤ ਨਹੀਂ ਹੈ, ਫਿਰ ਮਹਾਨ ਯੁੱਧ ਕਰਕੇ ਲੜੋ॥ ੧੬॥

ਫਤੇ ਰਿਪੁਨਿ ਤੇ ਪ੍ਰਾਪਤਿ ਹੋਇ'। ਸੁਨਤਿ ਗੁਰੂ ਤੇ ਹਰਖ੍ਯੋ ਸੋਇ।
ਬਾਰ-ਬਾਰ ਕਰਿ ਕੈ ਪਗ ਨਮੋ। ਉਠਿ ਘਰ ਕੋ ਗਮਨ੍ਯੋਂ ਤਿਹ ਸਮੋ॥ ੧੭॥

ਤੇਰੀ ਵੈਰੀਆਂ ਉੱਪਰ ਮਹਾਨ ਫ਼ਤਹਿ ਹੋਵੇਗੀ।" ਗੁਰੂ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਪ੍ਰਸੰਨ ਹੋਇਆ ਤੇ ਬਾਰ-ਬਾਰ ਉਨ੍ਹਾਂ ਦੇ ਚਰਨਾਂ ਉੱਪਰ ਬੰਦਨਾ ਕਰਦਾ ਸੀ। ਉਸ ਸਮੇਂ ਉੱਠ ਕੇ ਆਪਣੇ ਘਰ ਨੂੰ ਚਲੇ ਗਿਆ॥ ੧੭॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਭੋਰ ਹੁਇ ਆਈ।
ਕੁਛ ਦਲ ਤਬਹਿ ਕਪੂਰੇ ਕੇਰਾ। ਆਨਿ ਸੁ ਲਰਯੋ ਸ਼ਰੀਕੇ ਝੇਰਾ॥ ੧੮॥

ਗੁਰੂ ਜੀ ਨੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਉਸ ਸਮੇਂ ਕਪੂਰੇ ਦਾ ਕੁਝ ਦਲ ਸ਼ਰੀਕੇ ਦਾ ਝਗੜਾ ਕਰਕੇ ਆ ਲੜਿਆ॥ ੧੮॥

ਸਕਲ ਗ੍ਰਾਮ ਕੇ ਬੀਰ ਪਠਾਏ। ਆਪ ਨ ਗਯੋ ਰਹਯੋ ਘਰ ਥਾਏ।
ਕੋਠੇ ਅੰਤਰ ਹੋਇ ਪ੍ਰਵੇਸ਼। ਬੈਠਿ ਰਹਯੋ ਕਰਿ ਮੋਨ ਵਿਸ਼ੇਸ਼॥ ੧੯॥

ਨੰਦ ਨੇ ਪਿੰਡ ਦੇ ਸਾਰੇ ਸੂਰਬੀਰ ਭੇਜੇ, ਪਰ ਆਪ ਨਾ ਗਿਆ, ਆਪ ਘਰ ਵਿਚ ਹੀ ਰਿਹਾ। ਇਕ ਕੋਠੇ ਦੇ ਅੰਦਰ ਪ੍ਰਵੇਸ਼ ਕਰ ਗਿਆ, ਵਿਸ਼ੇਸ਼ ਮੋਨ ਧਾਰ ਕੇ ਬੈਠਾ ਰਿਹਾ॥ ੧੯॥

ਵਹਿਰ ਪਰਯੋ ਘਮਸਾਨ ਲਰਾਈ। ਜ੍ਵਾਲਾਬਮਣੀ ਜਾਲ ਚਲਾਈ।
ਡਰਤਿ ਸ਼ਰੀਕਨਿ ਤੇ ਤਿਸ ਦਾਰਾ। ਰਿਸ ਧਰਿ ਪਤਿ ਸੋਂ ਨਿਠੁਰ ਉਚਾਰਾ॥੨੦॥

ਬਾਹਰ ਘਮਸਾਨ ਦਾ ਯੁੱਧ ਹੋਇਆ, ਬਹੁਤ ਬੰਦੂਕਾਂ ਚਲਾਈਆਂ। ਉਸ ਦੀ ਪਤਨੀ ਨੇ ਸ਼ਰੀਕਾਂ ਪਾਸੋਂ ਡਰ ਕੇ, ਗੁੱਸਾ ਧਾਰ ਕੇ ਪਤੀ ਨੂੰ ਇਸ ਪ੍ਰਕਾਰ ਬੜੇ ਗੁੱਸੇ ਨਾਲ ਉਚਾਰਨ ਕੀਤਾ॥ ੨੦॥

'ਸਿਰ ਕੀ ਪਾਗ ਸ਼ਸਤ੍ਰ ਨਿਜ ਸਾਰੇ। ਮੁਝਕੋ ਦੇਹੁ ਕਰੋਂ ਤਨ ਧਾਰੇ।
ਪਹਿਰਿ ਘਾਘਰੀ ਲੇਹੁ ਛਲੋਟੀ। ਦੁਰਹੁ ਬੈਠਿ ਹੁਇ ਬਾਤ ਨ ਖੋਟੀ॥ ੨੧॥

'ਸਿਰ ਦੀ ਪੱਗ ਤੇ ਆਪਣੇ ਸਰੀਰ ਦੇ ਸਾਰੇ ਸ਼ਸਤਰ ਮੈਨੂੰ ਦੇਵੋ ਤਾਂਕਿ ਮੈਂ ਆਪਣੇ ਸਰੀਰ ਉੱਪਰ ਧਾਰਨ ਕਰ ਲਵਾਂ। ਤੁਸੀਂ ਘਘਰੀ ਪਹਿਣ ਲਵੋ ਤੇ ਸਿਰ ਉੱਪਰ ਚੁੰਨੀ ਲੈ ਲਵੋ, ਲੁਕ ਕੇ ਬੈਠੇ ਹੋ, ਕੀ ਇਹ ਗੱਲ ਖੋਟੀ ਨਹੀਂ॥ ੨੧॥

ਆਇ ਸ਼ਰੀਕ ਲਰੇ ਘਰ ਦ੍ਵਾਰੇ। ਤੂੰ ਬੈਠਯੋ ਛਪਿ ਸਦਨ ਮਝਾਰੇ।
ਕੁਲ ਕੀ ਲਾਜ ਹਾਨ ਕਰਿ ਬੈਸਾ। ਤਨ ਬਿਹੰਡੜਾ ਹੋਵਤਿ ਜੈਸਾ॥ ੨੨॥

ਸ਼ਰੀਕ ਆ ਕੇ ਘਰ ਦੇ ਦ੍ਵਾਰ ਉੱਪਰ ਲੜਦੇ ਹਨ, ਤੂੰ ਘਰ ਵਿਚ ਲੁਕ ਕੇ ਬੈਠਾ ਹੈਂ। ਕੁਲ ਦੀ ਲਾਜ ਗਵਾ ਕੇ ਬੈਠਾ ਹੈਂ, ਕੀ ਤੇਰਾ ਸਰੀਰ ਖੁਸਰੇ ਵਰਗਾ ਹੋ ਗਿਆ ਹੈ'॥ ੨੨॥

ਇੱਤ੍ਯਾਦਿਕ ਨਿਸ਼ਠੁਰ ਜਬਿ ਕਹਯੋ। ਤ੍ਰਿਯ ਕੋ ਬੋਲ ਨਹੀਂ ਉਰ ਸਹਯੋ।
ਸ਼ਸਤ੍ਰ ਸਜਾਇ ਤੁਰੰਗਮ ਚਢਯੋ। ਮਚਯੋ ਜੁੱਧ ਰਸ ਬੀਰਹਿ ਬਢਯੋ॥ ੨੩॥

ਇਸ ਪ੍ਰਕਾਰ ਜਦ ਬਹੁਤ ਅਪਮਾਨ-ਜਨਕ ਸ਼ਬਦ ਕਹੇ ਤਾਂ ਉਹ ਆਪਣੀ ਇਸਤਰੀ ਦਾ ਬੋਲ ਹਿਰਦੇ ਵਿਚ ਬਰਦਾਸ਼ਤ ਨਾ ਕਰ ਸਕਿਆ। ਸ਼ਸਤਰ ਸਜਾ ਕੇ ਘੋੜੇ ਉੱਪਰ ਚੜ੍ਹ ਗਿਆ। ਫਿਰ ਵੱਡਾ ਯੁੱਧ ਮਚ ਗਿਆ ਤੇ ਸੂਰਬੀਰਾਂ ਵਿਚ ਬੀਰ-ਰਸ ਵੱਸ ਗਿਆ॥ ੨੩॥

ਜਾਇ ਲਰਯੋ ਰਣ ਮਹਿਂ ਹਯ ਫੇਰਾ। ਰਿਪੁ ਹਲਾਇ ਹੇਲਾ ਬਡ ਗੇਰਾ।
ਦਿਯੋ ਪਲਾਇ ਦੂਰ ਲਗਿ ਗਏ। ਠਹਿਰ ਅਰੇ ਅਰੁ ਧੀਰਜ ਕਿਏ॥ ੨੪॥

ਰਣਖੇਤਰ ਵਿਚ ਜਾ ਕੇ ਲੜਿਆ ਤੇ ਆਪਣੇ ਘੋੜੇ ਨੂੰ ਫੇਰਿਆ, ਵੈਰੀਆਂ ਨੂੰ ਹਿਲਾ ਦਿੱਤਾ ਤੇ ਵੱਡਾ ਹਮਲਾ ਕੀਤਾ। ਵੈਰੀ ਭਜਾ ਦਿੱਤੇ ਤੇ ਉਹ ਬਹੁਤ ਦੂਰ ਤਕ ਭੱਜ ਗਏ। ਪਰ ਕੁਝ ਵੈਰੀ ਰੁਕ ਕੇ ਤੇ ਧੀਰਜ ਧਾਰ ਕੇ ਅੜ ਪਏ॥ ੨੪॥

ਤਜੀ ਤੁਫੰਗ ਪੁੰਜ ਇਕ ਸੰਗ। ਗੁਲਕਾਂ ਲਗੀ ਬੇਗ ਤੇ ਅੰਗ।
ਗਿਰਜੋ ਮ੍ਰਿਤਕ ਹ੍ਵੈ ਕੈ ਤਤਕਾਲਾ। ਲਜਾਇ ਉਠਾਇ ਗ੍ਰਾਮ ਮਹਿਂ ਡਾਲਾ ॥੨੫॥

ਉਨ੍ਹਾਂ ਨੇ ਬਹੁਤ ਬੰਦੂਕਾਂ ਇਕੱਠੀਆਂ ਹੀ ਚਲਾਈਆਂ, ਇਕ ਗੋਲੀ ਬੜੀ ਤੇਜ਼ੀ ਨਾਲ ਨੰਦ ਦੇ ਸਰੀਰ ਨੂੰ ਲੱਗੀ ਤੇ ਉਹ ਤੁਰਤ ਮ੍ਰਿਤੂ ਹੋ ਕੇ ਥੱਲੇ ਡਿੱਗ ਪਿਆ। ਉਸ ਨੂੰ ਲਿਆ ਕੇ ਫਿਰ ਪਿੰਡ ਵਿਚ ਲੰਮਾ ਪਾਇਆ॥ ੨੫॥

ਇਕ ਸਨਬੰਧੀ ਤਿਸ ਕੋ ਧਾਯੋ। ਸਿਮਰਤਿ ਬਾਕ ਗੁਰੂ ਢਿਗ ਆਯੋ।
ਬੋਲਜੋ ਹਾਥ ਜੋਰਿ ਕਰਿ ਸੋਇ। 'ਮਰਜੋ ਚੋਧਰੀ ਬਰਜਜੋ ਜੋਇ॥ ੨੬॥

ਉਸ ਦਾ ਇਕ ਸਨਬੰਧੀ ਫਿਰ ਭੱਜਾ ਆਇਆ। ਗੁਰੂ ਜੀ ਦਾ ਬਚਨ ਯਾਦ ਕਰਕੇ, ਗੁਰੂ ਜੀ ਪਾਸ ਆਇਆ। ਉਹ ਹੱਥ ਜੋੜ ਕੇ ਬੋਲਿਆ, "ਉਹ ਚੌਧਰੀ ਮਰ ਗਿਆ ਹੈ, ਜਿਸ ਨੂੰ ਤੁਸੀਂ ਯੁੱਧ ਵਿਚ ਜਾਣ ਤੋਂ ਰੋਕਿਆ ਸੀ॥ ੨੬॥

ਰਾਵਰਿ ਬਚਨ ਮਾਨਿ ਨਹਿਂ ਰਹਜੋ। ਨਿਕਸਜੋ ਲਰਨ, ਨਿਠੁਰ ਤ੍ਰਿਯ ਕਹਜੋ।
ਸ੍ਰੀ ਗੁਰ ਭਾਖਜੋ 'ਮਰਜੋ ਨ ਸੋਇ'। ਸੁਨਿ ਸੋ ਕਹੈ 'ਗਯੋ ਮ੍ਰਿਤੁ ਹੋਇ' ॥੨੭॥

ਆਪ ਜੀ ਦਾ ਬਚਨ ਮੰਨ ਕੇ ਅੰਦਰ ਨਹੀਂ ਰਿਹਾ ਹੈ, ਉਸ ਸਮੇਂ ਲੜਨ ਵਾਸਤੇ ਬਾਹਰ ਨਿਕਲਿਆ ਹੈ, ਜਦ ਪਤਨੀ ਨੇ ਬਹੁਤ ਕਠੋਰ ਬਚਨ ਕਹੇ ਹਨ।" ਸ੍ਰੀ ਗੁਰੂ ਜੀ ਨੇ ਕਿਹਾ, "ਉਹ ਮਰਿਆ ਨਹੀਂ ਹੈ।" ਇਹ ਸੁਣ ਕੇ ਉਸ ਕਿਹਾ, "ਉਹ ਮ੍ਰਿਤੂ ਹੋ ਕੇ ਚਲਾ ਗਿਆ ਹੈ" ॥ ੨੭॥

ਪੁਨ ਗੁਰ ਭਨਜੋ 'ਨਹੀਂ ਮ੍ਰਿਤੁ ਹੋਵਾ'। ਸੁਨਿ ਸੋ ਕਹੈ 'ਮਰਜੋ ਦ੍ਰਿਗ ਜੋਵਾ'।
ਤ੍ਰਿਤੀ ਬਾਰ ਗੁਰ ਬਹੁਰ ਬਖਾਨਾ। 'ਨਹੀਂ ਚੋਧਰੀ ਤਜਾਗੇ ਪ੍ਰਾਨਾ' ॥ ੨੮॥

ਫਿਰ ਗੁਰੂ ਜੀ ਨੇ ਕਿਹਾ, "ਉਹ ਮਰਿਆ ਨਹੀਂ ਹੈ।" ਇਹ ਸੁਣ ਕੇ ਉਹ ਕਹਿਣ ਲੱਗਾ, "ਮਰਿਆ ਹੋਇਆ ਮੈਂ ਆਪਣੀ ਅੱਖੀਂ ਵੇਖਿਆ ਹੈ।" ਤੀਜੀ ਵਾਰ ਗੁਰੂ ਜੀ ਨੇ ਫਿਰ ਕਿਹਾ, "ਚੌਧਰੀ ਨੇ ਪ੍ਰਾਣ ਨਹੀਂ ਤਿਆਗੇ ਹਨ" ॥ ੨੮॥

ਸੋ ਬੋਲਜੋ 'ਨਿਸ਼ਚੈ ਮ੍ਰਿਤੁ ਪਾਈ'। ਤੀਨ ਬਾਰ ਗੁਰ ਗਿਰਾ ਹਟਾਈ।
ਸੁਨਿ ਪ੍ਰਭੁ ਮੁਸ਼ਟ ਖੋਲਿ ਕਰਿ ਭਾਖਾ। 'ਤਿਸ ਕੋ ਭੋਰ ਹਮਹੁ ਗਹਿ ਰਾਖਾ ॥੨੯॥

ਉਹ ਫਿਰ ਬੋਲਿਆ, "ਨਿਸ਼ਚੇ ਰੂਪ ਵਿਚ ਉਸ ਨੇ ਮੌਤ ਪਾਈ ਹੈ।" ਤਿੰਨ ਵਾਰ ਗੁਰੂ ਜੀ ਨੇ ਕਹਿ ਆਪਣਾ ਬਚਨ ਵਾਪਸ ਲੈ ਲਿਆ। ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਠੀ ਖੋਲ੍ਹ ਕੇ ਕਿਹਾ, "ਉਸ ਦੀ ਜੀਵ ਆਤਮਾ ਨੂੰ ਅਸੀਂ ਫੜ ਫੜ ਰੱਖਿਆ ਸੀ॥ ੨੯॥

ਨਹਿਂ ਬਚ ਮਾਨਾ, ਸੋ ਅਬਿ ਛੋਰਾ। ਨਾਂਹਿਤ ਜੀਵ ਉਠਤਿ ਜੁਤਿ ਜੋਰਾ।
ਨਿਜ ਮੁਸ਼ਟੀ ਮਹਿਂ ਰਾਖਜੋ ਰੋਕ। ਹਿਤ ਜਿਵਾਇਬੇ ਕਰਨ ਅਸ਼ੋਕ॥ ੩੦॥

ਤੂੰ ਮੇਰਾ ਬਚਨ ਨਹੀਂ ਮੰਨਿਆ ਹੈ, ਇਸ ਲਈ ਅਸੀਂ ਉਸਦੀ ਜੀਵ ਆਤਮਾ ਨੂੰ ਛੱਡ ਦਿੱਤਾ ਹੈ, ਨਹੀਂ ਤਾਂ ਉਹ ਸਾਡੇ ਬਲ ਨਾਲ ਜੀਉ ਉੱਠਦਾ। ਅਸੀਂ ਆਪਣੀ ਮੁੱਠੀ ਵਿਚ ਉਸ ਨੂੰ ਰੋਕ ਕੇ ਰੱਖਿਆ ਸੀ ਤਾਂਕਿ ਉਸ ਨੂੰ ਜ਼ਿੰਦਾ ਕਰਕੇ ਤੁਹਾਨੂੰ ਦੁਖ ਰਹਿਤ ਕੀਤਾ ਜਾ ਸਕੇ॥ ੩੦॥

ਸੱਤ ਬਚਨ ਤੈਂ ਕਜੋਂ ਨਹਿਂ ਮਾਨਜੋਂ ? ਮਰਜੋ ਜਿਵਾਵਤਿ, ਸੋ ਤੈਂ ਹਾਨਜੋਂ।
ਰੁਦਤਿ ਗਯੋ ਮਿਲਿ ਕੀਨਸਿ ਦਾਹ। ਭਯੋ ਚੋਧਰੀ ਤਤਛਿਨ ਸ੍ਵਾਹ॥ ੩੧॥

ਸੱਤ ਬਚਨ ਕਹਿ ਤੂੰ ਕਿਉਂ ਨਾ ਮੰਨਿਆ, ਮਰੇ ਨੂੰ ਜੀਉਂਦਾ ਕਰ ਦਿੰਦੇ, ਤੂੰ ਉਸ ਨੂੰ ਮਾਰ ਦਿੱਤਾ ਹੈ।" ਉਹ ਰਿਸ਼ਤੇਦਾਰ ਰੋਂਦਾ ਹੋਇਆ ਚਲੇ ਗਿਆ ਤੇ ਫਿਰ ਸਾਰਿਆਂ ਨੇ ਮਿਲ ਕੇ ਦਾਹ ਸੰਸਕਾਰ ਕਰ ਦਿੱਤਾ। ਚੌਧਰੀ ਤੁਰਤ ਹੀ ਸਵਾਹ ਹੋ ਗਿਆ॥ ੩੧॥

ਪੁਨ ਸ੍ਰੀ ਪ੍ਰਭੁ ਤਜਾਰੀ ਕਰਿਵਾਈ। ਡਾਰੇ ਜ਼ੀਨ ਹਯਨਿ ਸਮੁਦਾਈ।
ਕਰਯੋ ਕੂਚ ਚਲਿ ਪਰੇ ਅਗੇਰੇ। ਕਿਤਿਕ ਕੋਸ ਉਲੰਘੇ ਜਿਸ ਬੇਰੇ॥ ੩੨॥

ਫਿਰ ਗੁਰੂ ਜੀ ਨੇ ਆਪਣੀ ਤਿਆਰੀ ਕਰਵਾਈ ਤੇ ਸਾਰੇ ਘੋੜਿਆਂ ਉੱਪਰ ਕਾਠੀਆਂ ਪਵਾਈਆਂ। ਕੂਚ ਕਰਕੇ ਅੱਗੇ ਚਲ ਪਏ। ਜਿਸ ਸਮੇਂ ਕਈ ਕੋਹ ਲੰਘ ਕੇ ਅੱਗੇ ਗਏ॥ ੩੨॥

ਬਹਿਬਲ ਤੇ ਸਿਉਰਾਵੀਂ ਨਾਮੂ। ਕਰੇ ਬਿਲੋਕਨ ਜਬਿ ਦੁਇ ਗ੍ਰਾਮੂ।
ਡੇਰਾ ਕਰਤਿ ਭਏ ਸੁਭ ਥਾਨ। ਸਨੇ ਸਨੇ ਪਹੁੰਚੇ ਸਭਿ ਆਨਿ॥ ੩੩॥

ਤਾਂ ਬਹਿਬਲ ਅਤੇ ਸਿਉਰਾਵੀਂ ਨਾਮ ਦੇ ਦੋ ਪਿੰਡ ਆਏ। ਜਦ ਗੁਰੂ ਜੀ ਨੇ ਇਨ੍ਹਾਂ ਪਿੰਡਾਂ ਨੂੰ ਵੇਖਿਆ ਤੇ ਇਕ ਸ਼ੁਭ ਸਥਾਨ ਵੇਖ ਕੇ ਉਥੇ ਆਪਣਾ ਡੇਰਾ ਕਰ ਲਿਆ, ਹੌਲੀ-ਹੌਲੀ ਬਾਕੀ ਦੇ ਸਾਰੇ ਸਾਥੀ ਵੀ ਉਥੇ ਆ ਪਹੁੰਚੇ॥ ੩੩॥

ਪਹਿਰ ਤੀਸਰਾ ਦਿਨ ਕੋ ਭਯੋ। ਮਾਦਿਕ ਤਬਿ ਅਨਾਇ ਛਕਿ ਲਯੋ।
ਦੋਦੇਵਾਲ ਤਾਲ ਕੋ ਨਾਮੂ। ਤਿਸ ਮਹਿਂ ਸੁਨਿ ਜਲ ਕੋ ਅਭਿਰਾਮੂ॥ ੩੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥ ੩੪॥

ਹੇਤ ਸੁਚੇਤੇ ਤਿਸ ਢਿਗ ਗਏ। ਸੌਚ ਸ਼ਨਾਨ ਤਹਾਂ ਕਰਿ ਲਏ।
ਏਕ ਸ਼ਹੀਦ ਤੁਰਕ ਤਬਿ ਆਵਾ। ਸ਼ਮਸ਼ ਸੇਤ ਸੇਤਹਿਂ ਪਹਿਰਾਵਾ॥ ੩੫॥

ਸੁਚੇਤਤਾ ਵਾਸਤੇ ਗੁਰੂ ਜੀ ਇਕ ਸਰੋਵਰ ਦੇ ਪਾਸ ਗਏ ਤੇ ਉਥੇ ਜਾ ਕੇ ਸੌਚ ਇਸ਼ਨਾਨ ਕਰ ਲਿਆ। ਇਕ ਸ਼ਹੀਦ ਤੁਰਕ ਤਦ ਆਇਆ, ਉਸ ਦਾ ਦਾਹੜਾ ਵੀ ਚਿੱਟਾ ਸੀ ਤੇ ਪਹਿਰਾਵਾ ਵੀ ਚਿੱਟਾ ਸੀ॥ ੩੫॥

ਸਿਰਸ ਤਰੋਵਰ ਦੀਰਘ ਖਰਯੋ। ਚਿਰੰਕਾਲ ਤੇ ਬਾਸਾ ਕਰਯੋ।
ਤਹਿਂ ਤੇ ਨਿਕਸਿ ਗੁਰੂ ਢਿਗ ਆਯੋ। ਹਾਥ ਜੋਰਿ ਪਗ ਸੀਸ ਨਿਵਾਯੋ॥ ੩੬॥

ਉਥੇ ਇਕ ਸ਼ਰੀਂਹ ਦਾ ਬੜਾ ਵੱਡਾ ਦਰੱਖਤ ਖੜਾ ਸੀ, ਬਹੁਤ ਦੇਰ ਦਾ ਉਸ ਦਰੱਖਤ ਉੱਪਰ ਉਸ ਵਾਸਾ ਰੱਖਿਆ ਹੋਇਆ ਸੀ। ਉਸ ਦਰੱਖਤ ਵਿਚੋਂ ਨਿਕਲ ਕੇ ਉਹ ਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸੀਸ ਨਿਵਾਇਆ॥ ੩੬॥

ਤਿਸਕੋ ਦੇਖਿ ਗੁਰੂ ਬਚ ਕੀਆ। 'ਰਾਜ਼ੀ ਹਹਿਂ ਉਸੈਨ ਖਾਂ ਮੀਆਂ!'
ਸੁਨਿ ਮਨ ਆਨੰਦ ਦੀਰਘ ਧਾਰਾ। 'ਰਾਜ਼ੀ ਆਜ ਬਿਸਾਲ' ਉਚਾਰਾ॥ ੩੭॥

ਉਸ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਹੇ ਉਸੈਨ ਖਾਂ ਮੀਆਂ! ਰਾਜ਼ੀ ਹੈਂ!" ਇਹ ਸੁਣ ਕੇ ਸ਼ਹੀਦ ਨੇ ਮਨ ਵਿਚ ਵੱਡਾ ਆਨੰਦ ਧਾਰਨ ਕੀਤਾ ਤੇ ਉਚਾਰਨ ਕੀਤਾ, "ਅੱਜ ਵਿਸ਼ਾਲ ਰਾਜ਼ੀ ਹਾਂ"॥ ੩੭॥

'ਮੌਲਾ ਪਾਕ ਅਲਾਹਿ ਖ਼ੁਦਾਇ। ਕਰਿ ਦੀਦਾਰ ਅਧਿਕ ਸੁਖ ਪਾਇ।
ਚਿਰੰਕਾਲ ਕੋ ਚਾਹਤਿ ਰਹਯੋ। ਸੁੰਦਰ ਰੂਪ ਆਜ ਮੈਂ ਲਹਯੋ॥ ੩੮॥

"ਮੌਲਾ ਪਾਕ ਅੱਲਾ ਖ਼ੁਦਾ ਦੇ ਦੀਦਾਰ ਕਰਕੇ ਬਹੁਤ ਸੁਖ ਪਾਇਆ ਹੈ। ਬਹੁਤ ਦੇਰ ਤੋਂ ਚਾਹੁੰਦਾ ਰਿਹਾ ਹਾਂ, ਸੁੰਦਰ ਸਰੂਪ ਅੱਜ ਮੈਂ ਵੇਖਿਆ ਹੈ॥ ੩੮॥

ਹੋਇ ਬਿਸਾਲ ਮੋਹਿ ਕੱਲਜਾਨ। ਭਈ ਦੂਖ ਪਾਪਨਿ ਕੀ ਹਾਨਿ।
ਜਬਿ ਗੁਰ ਹਟੇ ਆਇਬੇ ਡੇਰੇ। ਕਰਿ ਸਲਾਮ ਸੋ ਹਟਯੋ ਪਿਛੇਰੇ॥ ੩੯॥

ਮੇਰਾ ਵਿਸ਼ਾਲ ਕਲਿਆਨ ਹੋਵੇਗਾ, ਦੁਖ ਪਾਪ ਸਾਰੇ ਦੂਰ ਹੋ ਗਏ ਹਨ।" ਜਦ ਗੁਰੂ ਜੀ ਵਾਪਸ ਆਪਣੇ ਡੇਰੇ ਆ ਗਏ ਤਾਂ ਉਹ ਬਾਅਦ ਵਿਚ ਸਲਾਮ ਕਰਕੇ ਪਿੱਛੇ ਮੁੜ ਗਿਆ॥ ੩੯॥

ਤਬਿ ਸਿੱਖਨ ਬੂਝਯੋ 'ਇਹ ਕੌਨ? ਉੱਜਲ ਰੂਪ ਦਿਖਾਯੋ ਜੌਨ।
ਕਰਯੋ ਸਲਾਮ ਆਪ ਕੋ ਜਬੈ। ਛਪਯੋ ਬਿਲੋਕਤਿ ਹਮਰੇ ਤਬੈ'॥ ੪੦॥

ਤਦ ਸਿੱਖਾਂ ਨੇ ਪੁੱਛਿਆ, "ਇਹ ਕੌਣ ਸੀ, ਜਿਸ ਨੇ ਆਪਣਾ ਉੱਜਲ ਰੂਪ ਵਿਖਾਇਆ ਹੈ, ਜਦ ਹੀ ਤੁਹਾਨੂੰ ਸਲਾਮ ਕੀਤਾ ਹੈ ਤਾਂ ਸਾਡੀਆਂ ਅੱਖਾਂ ਤੋਂ ਉਹਲੇ ਹੋ ਗਿਆ ਹੈ"॥ ੪੦॥

ਸਤਿਗੁਰ ਕਹਯੋ 'ਘਾਲ ਇਨ ਘਾਲੀ। ਕਿਸੂ ਕਰਮ ਫਲ ਭਯੋ ਬਿਸਾਲੀ।
ਅਬਿ ਕੇਤਿਕ ਦਿਨ ਮਹਿਂ ਕੱਲਜਾਨ। ਜਾਇ ਭਿਸਤ ਸੁਖ ਪਾਇ ਮਹਾਨ' ॥੪੧॥

ਸਤਿਗੁਰੂ ਜੀ ਨੇ ਕਿਹਾ, "ਇਸ ਨੇ ਬਹੁਤ ਘਾਲਣਾ ਘਾਲੀ ਸੀ, ਕੋਈ ਕਸਰ ਸੀ ਜਿਸ ਕਰਕੇ ਮੁਕਤੀ ਪਦ ਦੀ ਪ੍ਰਾਪਤੀ ਨਹੀਂ ਹੋਈ ਸੀ, ਪਰ ਇਸ ਦਾ ਕੋਈ ਐਸਾ ਸ਼ੁਭ ਕਰਮ ਵੀ ਸੀ ਜਿਸ ਦੇ ਫਲਸਰੂਪ, ਸਾਡਾ ਦਰਸ਼ਨ ਇਸ ਨੂੰ ਹੋਇਆ ਹੈ, ਹੁਣ ਇਸ ਦਾ ਛੇਤੀ ਹੀ ਕਲਿਆਣ ਹੋ ਜਾਵੇਗਾ, ਹੁਣ ਇਹ ਬਹਿਸ਼ਤਾਂ ਵਿਚ ਜਾ ਕੇ ਮਹਾਨ ਸੁਖ ਪਾਵੇਗਾ"॥ ੪੧॥

ਤਬਿ ਗ੍ਰਾਮਨਿ ਕੇ ਨਰ ਗਨ ਆਏ। ਕੁਛਕ ਰਸਤ ਘ੍ਰਿਤ ਆਦਿਕ ਲਯਾਏ।
ਬੰਦਨ ਕਰਿ ਗੁਰ ਕੇ ਢਿਗ ਬੈਸੇ। ਕਰ ਕੋ ਜੋਰਿ ਭਨੇ ਬਚ ਐਸੇ॥ ੪੨॥

ਫਿਰ ਉਨ੍ਹਾਂ ਪਿੰਡਾਂ ਦੇ ਬਹੁਤ ਲੋਕ ਆਏ, ਕਈ ਰਸਤ ਘਿਉ ਆਦਿ ਲੈ ਕੇ ਆਏ। ਉਹ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਏ ਤੇ ਹੱਥ ਜੋੜ ਕੇ ਉਨ੍ਹਾਂ ਇਸ ਪ੍ਰਕਾਰ ਬਚਨ ਕੀਤੇ॥ ੪੨॥

'ਕੇਤਿਕ ਦੇਗ ਸਮੀਪ ਕਰਾਵਹੁ। ਕੇਤਿਕ ਸਿੱਖਨਿ ਸਦਨ ਪਠਾਵਹੁ।
ਘਰ ਘਰ ਮਹਿਂ ਇਕ ਇਕ ਸਿਖ ਜਾਇ। ਤ੍ਰਿਪਤਹਿ ਕਰਿ ਭੋਜਨ ਪੁਨ ਆਇ' ॥੪੩॥

"ਕੁਝ ਕੁ ਸਿੱਖਾਂ ਦਾ ਲੰਗਰ ਆਪਣੇ ਪਾਸ ਕਰਵਾਓ, ਕਈ ਸਿੱਖਾਂ ਨੂੰ ਘਰਾਂ ਵਿਚ ਭੇਜੋ, ਘਰ-ਘਰ ਵਿਚ ਇਕ-ਇਕ ਸਿੱਖ ਜਾਵੇ, ਭੋਜਨ ਨਾਲ ਤ੍ਰਿਪਤ ਹੋ ਕੇ ਫਿਰ ਵਾਪਸ ਆ ਜਾਵੇ"॥ ੪੩॥

ਜੇ ਸਿਖ ਸੁਚ ਸੋਂ ਕਰਹਿਂ ਅਹਾਰਾ। ਸੋ ਨਹਿਂ ਗਮਨੇ ਕਿਸੂ ਅਗਾਰਾ।
ਨਿਕਟ ਗੁਰੂ ਕੇ ਸੋ ਤ੍ਰਿਪਤਾਏ। ਅਪਰ ਸਰਬ ਘਰ ਤਿਨਹੁਂ ਸਿਧਾਏ॥ ੪੪॥

ਜਿਹੜੇ ਸਿੱਖ ਸੁਚਮ ਵਾਲਾ ਭੋਜਨ ਛੱਕਦੇ ਹਨ, ਉਹ ਕਿਸੇ ਦੇ ਵੀ ਘਰ ਨਾ ਜਾਣ, ਉਹ ਗੁਰੂ ਜੀ ਦੇ ਪਾਸ ਹੀ ਲੰਗਰ ਛਕ ਕੇ ਤ੍ਰਿਪਤ ਹੋਣ। ਹੋਰ ਸਾਰੇ ਲੋਕਾਂ ਦੇ ਘਰਾਂ ਵਿਚ ਜਾਣ॥ ੪੪॥

ਇਕ ਇਕ ਸਿਖ ਇਕ ਇਕ ਘਰ ਗਯੋ। ਜਾਇ ਸਕਲ ਭੋਜਨ ਤਹਿਂ ਕਯੋ।
ਇਕ ਧਨ ਤੇ ਦਾਰਿੱਦ੍ਰੀ ਮਹਾਂ। ਕਰਨ ਅਹਾਰ ਸੁ ਪੱਜਹਿ ਕਹਾਂ॥ ੪੫॥

ਇਕ-ਇਕ ਸਿੱਖ ਇਕ-ਇਕ ਘਰ ਚਲੇ ਗਿਆ ਤੇ ਉਥੇ ਜਾ ਕੇ ਤ੍ਰਿਪਤ ਹੋ ਕੇ ਭੋਜਨ ਛੱਕਿਆ। ਇਕ ਸਿੱਖ ਐਸਾ ਸੀ ਜਿਹੜਾ ਧਨ ਵਲੋਂ ਬਹੁਤ ਗਰੀਬ ਸੀ, ਉਹ ਕਿਸੇ ਨੂੰ ਕਿਵੇਂ ਭੋਜਨ ਛਕਾ ਸਕਦਾ ਸੀ॥ ੪੫॥

ਕਹਯੋ ਸ਼ਰੀਕਨਿ 'ਜਿਤ ਕਿਤ ਲਯਾਵਹੁ। ਏਕ ਸਿੱਖ ਕੋ ਲੇ ਤ੍ਰਿਪਤਾਵਹੁ'।
ਸੋ ਸਿਖ ਲੇ ਸਿਖ ਕੋ ਘਰ ਗਯੋ। ਨਿਜ ਬਾਸਨ ਧਰਿ ਕਰਿ ਥਿਰ ਭਯੋ॥ ੪੬॥

ਉਸ ਨੂੰ ਸ਼ਰੀਕਾਂ ਨੇ ਕਿਹਾ, "ਜਿਵੇਂ ਕਿਵੇਂ ਇਕ ਸਿੱਖ ਲਿਆਵੋ ਤੇ ਉਸ ਨੂੰ ਭੋਜਨ ਛਕਾ ਕੇ ਤ੍ਰਿਪਤ ਕਰੋ।" ਉਹ ਸਿੱਖ, ਇਕ ਸਿੱਖ ਨੂੰ ਆਪਣੇ ਘਰ ਲੈ ਕੇ ਗਿਆ। ਆਪਣੇ ਬਰਤਨ ਧਰ ਕੇ ਬੈਠ ਗਿਆ॥ ੪੬॥

ਊਪਰ ਤੇ ਉਤਾਰਿ ਨਿਜ ਖੇਸ। ਤਰੇ ਬਿਛਾਯੋ ਭਾਉ ਵਿਸ਼ੇਸ਼।
ਬੈਠਿ ਸਿੱਖ ਕੇ ਚਰਨ ਪਖਾਰੇ। ਆਨੇ ਪੀਲੂ ਸੁਸ਼ਕ ਅਹਾਰੇ॥ ੪੭॥

ਆਪਣੇ ਉੱਪਰ ਤੋਂ ਖੇਸ ਉਤਾਰ ਕੇ, ਵਿਸ਼ੇਸ਼ ਪ੍ਰੇਮ ਨਾਲ ਥੱਲੇ ਵਿਛਾ ਦਿੱਤਾ। ਉਸ ਉੱਪਰ ਸਿੱਖ ਨੂੰ ਬਿਠਾ ਕੇ ਉਸਦੇ ਚਰਨ ਧੋਤੇ ਤੇ ਭੋਜਨ ਵਾਸਤੇ ਖੁਸ਼ਕ ਪੀਲੂ ਲਿਆਂਦੇ॥ ੪੭॥

ਨੀਰ ਭਿਗੋਇ ਨਰਮ ਬਹੁ ਕਰੇ। ਸਿਖ ਨੇ ਸਿਖ ਕੇ ਆਗੇ ਧਰੇ।
ਖਾਇ ਚੁਲਾ ਪਢਿ ਕਰਿ ਅਰਦਾਸ। ਚਲਿ ਆਯੋ ਸਤਿਗੁਰ ਕੇ ਪਾਸ॥ ੪੮॥

ਪਾਣੀ ਵਿਚ ਭੇਅ ਕੇ ਉਨ੍ਹਾਂ ਨੂੰ ਬਹੁਤ ਨਰਮ ਕੀਤਾ ਸੀ ਤੇ ਉਸ ਸਿੱਖ ਨੇ ਮਹਿਮਾਨ ਸਿੱਖ ਦੇ ਅੱਗੇ ਧਰ ਦਿੱਤੇ। ਸਿੱਖ ਨੇ ਖਾ ਕੇ ਅਰਦਾਸ ਕਰਕੇ ਚੁਲਾ ਕੀਤਾ ਤੇ ਚਲ ਕੇ ਸਤਿਗੁਰੂ ਜੀ ਦੇ ਪਾਸ ਆ ਗਿਆ॥ ੪੮॥

ਗਯੋ ਪੁਚਾਇ ਸੰਗ ਸਿਖ ਹੋਊ। ਸਿਖ ਨੇ ਕਰਯੋ ਹਟਾਵਨਿ ਸੋਊ।
ਜਬਿ ਸਭਿ ਆਇ ਮਿਲੇ ਗੁਰ ਤੀਰ। ਬੂਝਨ ਕੀਨੇ ਗੁਨੀ ਗਹੀਰ॥ ੪੯॥

ਉਹ ਸਿੱਖ, ਮਹਿਮਾਨ ਸਿੱਖ ਨੂੰ ਗੁਰੂ ਜੀ ਪਾਸ ਛੱਡਣ ਵਾਸਤੇ ਜਾਣ ਲੱਗਾ, ਪਰ ਗੁਰੂ ਜੀ ਵਲੋਂ ਗਏ ਸਿੱਖ ਨੇ ਕਹਿ ਕੇ ਉਸ ਨੂੰ ਵਾਪਸ ਕਰ ਦਿੱਤਾ। ਜਦ ਸਾਰੇ ਆ ਕੇ ਗੁਰੂ ਜੀ ਪਾਸ ਇਕ ਦੂਸਰੇ ਨੂੰ ਮਿਲੇ ਤਾਂ ਸਤਿਗੁਰੂ ਜੀ ਨੇ ਪੁੱਛਿਆ॥ ੪੯॥

'ਕਹਾਂ ਕਹਾਂ ਭੋਜਨ ਤੁਮ ਖਾਯੋ? ਅਪਨੋ ਅਪਨੋ ਦੇਹੁ ਬਤਾਯੋ'।
ਕੋਊ ਕਹੈ 'ਰੋਟਕਾ ਛਾਛੀ'। ਕੋ ਬੋਲਯੋ 'ਖਿਚਰੀ ਦਧਿ ਆਛੀ'॥ ੫੦॥

"ਕੈਸਾ-ਕੈਸਾ ਤੁਸੀਂ ਭੋਜਨ ਛਕਿਆ ਹੈ, ਆਪਣਾ-ਆਪਣਾ ਹਾਲ ਸਾਰੇ ਦੱਸੋ।" ਕੋਈ ਕਹਿੰਦਾ ਸੀ 'ਲੱਸੀ ਨਾਲ ਰੋਟੀਆਂ ਖਾਧੀਆਂ ਹਨ।' ਕੋਈ ਕਹਿੰਦਾ ਸੀ 'ਦਹੀਂ ਨਾਲ ਖਿਚੜੀ ਖਾਧੀ ਹੈ'॥ ੫੦॥

ਕੋ 'ਪਾਇਸ', ਕੋ ਕਹਿ 'ਥਹਿ ਪਈ'। 'ਜਵ ਕੀ ਦੋੜ' ਕਿਨਹੁਂ ਅਚਿ ਲਈ।
ਇੱਤਜਾਦਿਕ ਸਭਿ ਕੀਨ ਬਤਾਵਨਿ। ਕਰਯੋ ਜਾਇ ਜਸ ਜਸ ਘਰ ਖਾਵਨਿ॥੫੧॥

ਕਿਸੇ ਨੇ 'ਖੀਰ', ਕਿਸੇ ਨੇ 'ਦਹੀਂ' ਨਾਲ ਰੋਟੀ ਖਾਧੀ ਦੱਸੀ। 'ਜਵਾਂ ਦੀ ਦੋਹੜ' (ਦੋ ਰੋਟੀਆਂ ਵੇਲਕੇ ਵਿਚ ਘਿਉ ਲਾ ਕੇ ਬਣਾਈ) ਕਿਸੇ ਨੇ ਛੱਕ ਲਈ। ਇਸ ਪ੍ਰਕਾਰ ਸਾਰਿਆਂ ਨੇ ਆਪਣੇ-ਆਪਣੇ ਭੋਜਨ ਛਕਣ ਬਾਰੇ ਦੱਸਿਆ, ਉਸ ਪ੍ਰਕਾਰ ਹੀ ਭੋਜਨ ਜਾ ਕੇ ਛਕਿਆ ਹੈ, ਜਿਵੇਂ-ਜਿਵੇਂ ਘਰ ਵਾਲੇ ਖਾਂਦੇ ਹਨ॥ ੫੧॥

ਮੈਲਾਗਰ ਸਿੰਘ ਬੂਝਨਿ ਕੀਨਾ। 'ਤੈਂ ਕਜਾ ਅਚਯੋ, ਕਹਾਂ ਸਿਖ ਦੀਨਾ?'।
ਸੁਨਿ ਕਰ ਜੋਰਿ ਕਹਯੋ 'ਮੈਂ ਨੀਕਾ। ਭੋਜਨ ਛਕਯੋ ਭਾਉ ਪਿਖਿ ਜੀਕਾ॥੫੨॥

ਫਿਰ ਗੁਰੂ ਜੀ ਨੇ ਮੈਲਾਗਰ ਸਿੰਘ ਨੂੰ ਪੁੱਛਿਆ, "ਤੂੰ ਕੀ ਛਕਿਆ ਹੈ, ਸਿੱਖ ਨੇ ਤੈਨੂੰ ਖਾਣ ਵਾਸਤੇ ਕੀ ਦਿੱਤਾ ਹੈ?" ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਮੈਂ ਚੰਗਾ ਭੋਜਨ ਛਕਿਆ ਹੈ। ਉਸ ਸਿੱਖ ਦੇ ਦਿਲ ਦਾ ਪ੍ਰੇਮ ਭਾਵ ਵੇਖ ਕੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ॥ ੫੨॥

ਸਗਰੀ ਉਮਰ ਨਹੀਂ ਅਸ ਖਾਯੋ। ਆਜ ਜਥਾ ਸਿਖ ਨੇ ਅਚਵਾਯੋ'।
ਪੁਰਿ ਜਨ ਤਹਾਂ ਸੁਨਤਿ ਬਿਸਮਾਏ। 'ਤਿਸ ਘਰ ਕੁਛ ਨਹਿਂ, ਕਜਾ ਇਨ ਖਾਏ॥੫੩॥

ਐਸਾ ਭੋਜਨ ਮੈਂ ਸਾਰੀ ਉਮਰ ਨਹੀਂ ਖਾਧਾ ਹੈ, ਅੱਜ ਜਿਵੇਂ ਉਸ ਸਿੱਖ ਨੇ ਖਵਾਇਆ ਹੈ।" ਜਿਹੜੇ ਪਿੰਡ ਦੇ ਮਨੁੱਖ ਉਥੇ ਬੈਠੇ ਸਨ ਉਹ ਸੁਣ ਕੇ ਬਹੁਤ ਹੈਰਾਨ ਹੋਏ, "ਉਸ ਦੇ ਘਰ ਵਿਚ ਤਾਂ ਕੁਝ ਵੀ ਨਹੀਂ ਹੈ, ਇਸ ਨੇ ਕੀ ਖਾ ਲਿਆ ਹੈ॥ ੫੩॥

ਫਾਕੇ ਪਰ ਫਾਕਾ ਤਿਸ ਹੋਹਿ। ਕਿਤ ਤੇ ਆਨਿ ਅਚਾਯੋ ਤੋਹਿ'।
ਗੁਰੂ ਕਹਯੋ 'ਸਿਖ ਲੇਹੁ ਹਕਾਰੇ। ਬੂਝਹਿਂ ਤਿਹ ਕਯਾ ਦੀਨ ਅਹਾਰੇ ?' ॥੫੪॥

ਫਾਕੇ ਤੇ ਫਾਕਾ ਉਸ ਦੇ ਘਰ ਵਿਚ ਰਹਿੰਦਾ ਹੈ, ਕਿਸੇ ਪਾਸੋਂ ਲਿਆ ਕੇ ਤੈਨੂੰ ਖਵਾਇਆ ਹੈ।'' ਗੁਰੂ ਜੀ ਨੇ ਕਿਹਾ, ''ਉਸ ਸਿੱਖ ਨੂੰ ਬੁਲਾ ਲਵੋ, ਅਸੀਂ ਉਸ ਨੂੰ ਪੁਛੀਏ ਕਿ ਉਸ ਕੀ ਭੋਜਨ ਖਵਾਇਆ ਹੈ ?'' ॥ ੫੪ ॥

ਉਠਿ ਗਾਹਕ ਤਿਹ ਲਯਾਇ ਬੁਲਾਇ। ਪੂਛਯੋ ਗੁਰ 'ਤੈ ਕਹਾਂ ਖੁਵਾਇ ?'।
ਹਾਥ ਜੋਰਿ ਹੁਇ ਨੰਮ੍ਰਿ ਬਖਾਨੀ। 'ਦੀਨ ਕਟੋਰਾ ਮੈਂ ਭਰਿ ਪਾਨੀ॥ ੫੫ ॥

ਕਿਸਾਨ ਉਠ ਕੇ ਉਸ ਸਿੱਖ ਨੂੰ ਬੁਲਾ ਲਿਆਏ। ਗੁਰੂ ਜੀ ਨੇ ਪੁੱਛਿਆ, ''ਤੂੰ ਕੀ ਖਵਾਇਆ ਹੈ ?'' ਉਸ ਸਿੱਖ ਨੇ ਹੱਥ ਜੋੜ ਕੇ ਸਨਿਮਰ ਹੋ ਕੇ ਕਿਹਾ, ''ਮੈਂ ਪਾਣੀ ਦਾ ਕਟੋਰਾ ਭਰ ਕੇ ਦਿੱਤਾ ਸੀ॥ ੫੫ ॥

ਸੋ ਪੀ ਕਰਿ ਸਿਖ ਉਠਿ ਇਤ ਆਯੋ। ਹੁਤੋ ਦਾਰਿਦੀ ਨਹਿਂ ਕੁਛ ਪਾਯੋ'।
ਕਰਯੋ ਹੁਕਮ 'ਸਚ ਕਯੋਂ ਨਹਿਂ ਕਹੈਂ? ਤ੍ਰਿਪਤਾਯੋ ਸਿਖ ਜਿਮ ਹਿਤ ਚਹੈ' ॥੫੬॥

ਉਹ ਪੀ ਕੇ ਸਿੱਖ ਉੱਠ ਕੇ ਏਧਰ ਆ ਗਿਆ ਹੈ, ਮੇਰੇ ਘਰ ਵਿਚ ਗਰੀਬੀ ਸੀ, ਮੈਨੂੰ ਖਵਾਉਣ ਵਾਸਤੇ ਕੁਝ ਪ੍ਰਾਪਤ ਨਹੀਂ ਹੋਇਆ।'' ਗੁਰੂ ਜੀ ਨੇ ਹੁਕਮ ਕੀਤਾ, ''ਸੱਚ ਕਿਉਂ ਨਹੀਂ ਕਹਿੰਦਾ ਹੈਂ ? ਜਿਵੇਂ ਪ੍ਰੇਮ ਦੀ ਚਾਹ ਨਾਲ ਸਿੱਖ ਤ੍ਰਿਪਤ ਹੋਇਆ ਹੈ' ॥ ੫੬ ॥

ਸਿਖ ਨੇ ਸਾਚ ਕਹਯੋ ਤਿਸ ਬੇਰੀ। 'ਹੁਤੀ ਕੋਕੜਾਂ ਪੀਲੁਨਿ ਕੇਰੀ'।
ਗੁਰੂ ਕਹਯੋ ਸਿੱਖੀ ਧਨ ਧਨ। ਦੇਖਿ ਭਾਉ ਕੋ ਭਏ ਪ੍ਰਸੰਨ॥ ੫੭॥

ਉਸ ਸਮੇਂ ਸਿੱਖ ਨੇ ਫਿਰ ਸੱਚ ਕਿਹਾ, ''ਸੁੱਕੇ ਪੀਲੂਆਂ ਦੀ ਇਕ ਕੌਲੀ ਦਿੱਤੀ ਸੀ।'' ਗੁਰੂ ਜੀ ਨੇ ਕਿਹਾ, ''ਧੰਨ ਧੰਨ ਤੇਰੀ ਸਿੱਖੀ ਹੈ। ਅਸੀਂ ਤੇਰਾ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ॥ ੫੭॥

ਅਸ ਸਿਖ ਭੀ ਬਿਚ ਪੰਥ ਸੁਹਾਇਂ। ਸਤੀ ਦੇਹਿ ਸੰਤੋਖੀ ਖਾਇ।
ਸਿਖ ਢਿਗ ਹੋਇ ਅਚਾਵਹਿ ਨਾਂਹੀ। ਤੌ ਦੂਖਨ ਜਾਨਹੁਂ ਤਿਸ ਮਾਂਹੀ॥ ੫੮ ॥

ਐਸੇ ਸਿੱਖ ਵੀ ਸਾਡੇ ਪੰਥ ਵਿਚ ਸ਼ੋਭਦੇ ਹਨ। ਸੱਚੇ-ਸੱਚ ਦਸ ਦਿੰਦੇ ਹਨ, ਸੰਤੋਖੀ ਸਿੱਖ ਉਸ ਨੂੰ ਖਾਂਦਾ ਹੈ। ਜਿਸ ਸਿੱਖ ਪਾਸ ਪਦਾਰਥ ਹੋਵੇ, ਪਰ ਉਹ ਖਵਾਵੇ ਨਹੀਂ, ਉਸ ਸਿੱਖ ਨੂੰ ਅਸੀਂ ਦੋਸ਼ੀ ਜਾਣਦੇ ਹਾਂ॥ ੫੮ ॥

ਨਿਰਧਨ ਸਿਖ ਤੇ ਜਾਚਹਿ ਨੀਕਾ। ਦੋਸ਼ ਲਖਹੁ ਅਚਵਹਿ ਤਿਸ ਹੀ ਕਾ।
ਯਾਂ ਤੇ ਭਾਵ ਮੂਲ ਹੀ ਜਾਨ। ਅਚਨ ਅਚਾਵਨ ਬਿਧਿ ਪਹਿਚਾਨ' ॥ ੫੯ ॥

ਗਰੀਬ ਸਿੱਖ ਪਾਸੋਂ ਚੰਗਾ ਚੋਖਾ ਮੰਗੇ, ਇਹ ਖਾਣ ਵਾਲੇ ਦਾ ਹੀ ਦੋਸ਼ ਜਾਣੋ। ਇਸ ਕਰਕੇ ਪ੍ਰੇਮ ਭਾਵਨਾ ਨੂੰ ਮੂਲ ਜਾਣੋ ਤੇ ਖਾਣ ਖਵਾਉਣ ਦੀ ਵਿਧੀ ਪਹਿਚਾਣੋ' ॥ ੫੯ ॥

ਪਹਿਲੇ ਐਨ ਦਾ ਤੀਜਰਾ ਅਧਿਆਇ ਸਮਾਪਤ ਹੋਇਆ॥ ੩ ॥

☆☆☆

# ਅਧਿਆਇ ਚੌਥਾ

### *ਕੋਟ ਕਪੂਰਾ*

ਦੋਹਰਾ- ਕਰਜੋ ਕੂਚ ਤਹਿਂ ਤੇ ਚਢੇ ਸ੍ਰੀ ਸਤਿਗੁਰ ਸੁਖਦਾਇ।
ਗਏ ਕਪੂਰੇ ਕੋਟ ਕੋ ਸਿੰਘ ਸੰਗ ਸਮੁਦਾਇ॥ ੧॥

ਉਸ ਸਥਾਨ ਤੋਂ ਕੂਚ ਕਰਕੇ ਸੁਖਦਾਇਕ ਸਤਿਗੁਰੂ ਜੀ ਘੋੜੇ ਉੱਤੇ ਸਵਾਰ ਹੋ ਗਏ ਤੇ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਕੋਟ ਕਪੂਰੇ ਵੱਲ ਚਲ ਪਏ॥ ੧॥

ਚੌਪਈ- ਕੇਤਿਕ ਪੁਰਿ ਤੇ ਉਤਰੇ ਦੂਰ। ਹੇਰੀ ਥਾਇਂ ਉਚਿਤ ਜਹਿਂ ਰੂਰ।
ਡੇਰਾ ਕਰਜੋ ਤੁਰੰਗ ਲਗਾਏ। ਤ੍ਰਿਣ ਈਂਧਨ ਇਕਠੇ ਕਰਿ ਲਜਾਏ॥੨॥

ਕੋਟ ਕਪੂਰੇ ਤੋਂ ਕੁਝ ਦੂਰ ਹੀ ਆਪਣਾ ਉਤਾਰਾ ਕਰਵਾ ਲਿਆ। ਜਿੱਥੇ ਸਥਾਨ ਸੁੰਦਰ ਅਤੇ ਉਚਿਤ ਵੇਖਿਆ। ਉਥੇ ਡੇਰਾ ਕੀਤਾ ਤੇ ਘੋੜਿਆਂ ਨੂੰ ਵੱਖ-ਵੱਖ ਸਥਾਨ ਤੇ ਬੰਨ੍ਹ ਦਿੱਤਾ। ਫਿਰ ਸਿੰਘ ਬਾਲਣ ਅਤੇ ਘਾਹ ਇਕੱਠਾ ਕਰਕੇ ਲੈ ਆਏ॥ ੨॥

ਬੈਠੇ ਸਤਿਗੁਰ ਲਾਇ ਦਿਵਾਨ। ਕੇਤਿਕ ਦਰਸਤਿ ਹੈਂ ਨਰ ਆਨਿ।
ਖਬਰ ਕਪੂਰੇ ਕੇ ਢਿਗ ਗਈ। ਮਿਲਿਬੇ ਕਾਰਨ ਤਜਾਰੀ ਕਈ॥ ੩॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਕਈ ਮਨੁੱਖ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਕਪੂਰੇ ਦੇ ਪਾਸ ਵੀ ਇਹ ਖ਼ਬਰ ਪਹੁੰਚ ਗਈ, ਉਸ ਨੇ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰੀ ਕੀਤੀ॥ ੩॥

ਘੋੜਾ ਏਕ ਸ਼ਿੰਗਾਰ ਬਨਾਯੋ। ਦੈਬੇ ਹੇਤੁ ਉਪਾਯਨ ਲਜਾਯੋ।
ਕੇਤਿਕ ਨਰ ਲੇ ਕਰਿ ਨਿਜ ਸਾਥ। ਪਹੁੰਚਜੋ ਆਇ ਪਿਖੇ ਗੁਰ ਨਾਥ॥੪॥

ਇਕ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਤੇ ਗੁਰੂ ਜੀ ਨੂੰ ਦੇਣ ਵਾਸਤੇ ਉਪਹਾਰ ਵਜੋਂ ਲਿਆਇਆ। ਕਈ ਮਨੁੱਖਾਂ ਨੂੰ ਆਪਣੇ ਨਾਲ ਲੈ ਕੇ ਆ ਪਹੁੰਚਿਆ ਅਤੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥ ੪॥

ਪਦ ਅਰਬਿੰਦ ਬੰਦਨਾ ਕਰੀ। ਹਾਥ ਬੰਦਿ ਬੈਠਜੋ ਤਿਸ ਘਰੀ।
ਕੁਸ਼ਲ ਪ੍ਰਸ਼ਨ ਕਹਿ ਕ੍ਰਿਪਾ ਨਿਧਾਨਾ। 'ਕ੍ਰਿਪਾ ਆਪ ਕੀ ਅਨੰਦ ਮਹਾਨਾ॥੫॥

ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਤੇ ਉਸ ਸਮੇਂ ਹੱਥ ਜੋੜ ਕੇ ਬੈਠ ਗਿਆ। ਸਤਿਗੁਰੂ ਜੀ ਨੇ ਸੁਖ-ਸਾਂਦ ਪੁੱਛੀ, "ਆਪ ਜੀ ਦੀ ਕਿਰਪਾ ਨਾਲ ਮਹਾਨ ਅਨੰਦ ਨਾਲ ਰਹਿ ਰਿਹਾ ਹਾਂ" ਕਪੂਰੇ ਨੇ ਉੱਤਰ ਦਿੱਤਾ॥ ੫॥

'ਕਹਹੁ ਕਪੂਰਾ ਆਯੁਧ ਧਰੇ। ਧੀਰ ਬੀਰਤਾ ਕੇਤਿਕ ਕਰੇ?।
ਰਣ ਕੀ ਚੌਂਪ ਬਿਸਾਲ ਕਿ ਨਾਂਹੀ? ਜਿਸ ਤੇ ਬੀਰ ਪਰਮਪਦ ਪਾਹੀਂ'॥੬॥

"ਹੇ ਕਪੂਰਾ! ਦੱਸੋ ਤੁਸੀਂ ਸ਼ਸਤਰ ਧਾਰਨ ਕੀਤੇ ਹਨ, ਧੀਰਜ ਅਤੇ ਸੂਰਬੀਰਤਾ ਕਿੰਨੀ ਕੁ ਕਰਦੇ ਹੋ? ਯੁੱਧ ਦੀ ਵਿਸ਼ਾਲ ਚਾਹਤ ਹੈ ਕਿ ਨਹੀਂ? ਜਿਸ ਨਾਲ ਸੂਰਬੀਰਤਾ ਪਰਮ ਪਦਵੀ ਪ੍ਰਾਪਤ ਹੁੰਦੀ ਹੈ"॥ ੬॥

ਕਹਜੋ ਕਪੂਰੇ ਸ੍ਰੀ ਗੁਰ ਸਾਥ। 'ਇਹੁ ਜਗ ਨਾਥ! ਆਪ ਕੇ ਹਾਥ।
ਧੀਰ ਬੀਰ ਕੋ ਭੀਰੁ ਬਨਾਵਹੁ। ਭੀਰੁਨਿ ਤੇ ਬਹੁ ਜੁੱਧ ਮਚਾਵਹੁ'॥੭॥

ਕਪੂਰੇ ਨੇ ਗੁਰੂ ਜੀ ਨੂੰ ਕਿਹਾ, "ਹੇ ਮਾਲਕ ! ਇਹ ਜਗਤ ਆਪ ਜੀ ਦੇ ਹੱਥ ਵਿਚ ਹੈ। ਧੀਰਜਵਾਨ ਸੂਰਬੀਰ ਨੂੰ ਵੀ ਕਾਇਰ ਬਣਾ ਦਿੰਦੇ ਹੋ ਤੇ ਕਾਇਰਾਂ ਪਾਸੋਂ ਵੱਡਾ ਯੁੱਧ ਮਚਵਾ ਦਿੰਦੇ ਹੋ" ॥ ੭॥

'ਭਲਾ ਕਪੂਰੇ ਭਲਾ ਕਪੂਰੇ'। ਬੋਲੇ ਪਾਤਸ਼ਾਹੁ ਗੁਰ ਪੂਰੇ।
'ਵਹਿਰ ਅਖੇਰ ਕਰਹਿਂ ਕਿਸ ਕੇਰਾ ? ਕਿਤ ਦਿਸ਼ਿ ਗਮਨ ਫਿਰਹਿਂ ਬਹੁ ਫੇਰਾ ?' ॥੮॥

ਸਤਿਗੁਰੂ ਸੱਚੇ ਪਾਤਸ਼ਾਹ ਪੂਰਨ ਗੁਰੂ ਜੀ ਫਿਰ ਬੋਲੇ, "ਹੇ ਕਪੂਰੇ ! ਤੂੰ ਭਲਾ ਕਿਹਾ ਹੈ। ਬਾਹਰ ਤੂੰ ਸ਼ਿਕਾਰ ਕਿਸ ਨਾਲ ਕਰਦਾ ਹੈਂ, ਕਿਸ ਪਾਸੇ ਜਾ ਕੇ ਬਹੁਤ ਫਿਰਦਾ ਹੈਂ ?" ॥ ੮॥

ਕਹੈ ਕਪੂਰਾ 'ਕੂਕਰ ਬਾਜ। ਰਾਖੋਂ ਮੈਂ ਅਖੇਰ ਕੇ ਸਾਜ।
ਸ਼ਿਕਰੇ ਜੁਰਰੇ ਆਦਿ ਘਨੇਰੇ। ਅਨਵਾਏ ਦੇ ਦਰਬ ਬਡੇਰੇ॥ ੯॥

ਕਪੂਰੇ ਨੇ ਕਿਹਾ, "ਮੈਂ ਬਾਹਰ ਜਾ ਕੇ ਸ਼ਿਕਾਰ ਕੁੱਤਿਆਂ ਅਤੇ ਬਾਜ਼ਾਂ ਨਾਲ ਕਰਦਾ ਹਾਂ, ਸ਼ਿਕਾਰ ਖੇਡਣ ਵਾਸਤੇ ਇਹ ਮੈਂ ਸਾਜ਼-ਸਾਮਾਨ ਰੱਖਦਾ ਹਾਂ। ਸ਼ਿਕਰੇ, ਜੁਰਰੇ ਆਦਿ ਮੇਰੇ ਪਾਸ ਬਹੁਤ ਹਨ, ਮੈਂ ਬਹੁਤ ਧਨ ਖਰਚ ਕੇ ਮੰਗਵਾਏ ਹਨ॥ ੯॥

ਬਡੇ ਬਿਹੰਗਨਿ ਜਾਨਿ ਨ ਦੇਤਿ। ਬਲ ਤੇ ਝਪਟ ਕਰਤਿ ਗਹਿ ਲੇਤ'।
ਇੱਤਜਾਦਿਕ ਬਾਤੈਂ ਕੁਛ ਔਰ। ਕਰਤਿ ਭਏ ਸੋਢੀ ਸਿਰਮੌਰ॥ ੧੦॥

ਇਹ ਵੱਡੇ-ਵੱਡੇ ਪੰਛੀਆਂ ਨੂੰ ਜਾਣ ਨਹੀਂ ਦਿੰਦੇ ਹਨ, ਤਾਕਤ ਨਾਲ ਝਪਟਾ ਮਾਰ ਕੇ ਫੜ ਲੈਂਦੇ ਹਨ।" ਇਸ ਪ੍ਰਕਾਰ ਦੀਆਂ ਕਈ ਹੋਰ ਗੱਲਾਂ ਸੋਢੀ ਸ਼ਿਰੋਮਣੀ ਕਰ ਰਹੇ ਸਨ॥ ੧੦॥

ਕਰਿ ਬੰਦਨ ਉਠਿ ਸਦਨ ਸਿਧਾਰਾ। ਸਤਿਗੁਰ ਦੇਖਤਿ ਦੁਰਗ ਬਿਚਾਰਾ।
'ਜੇ ਕਰਿ ਦੇਹਿ ਕਪੂਰਾ ਕੋਟ। ਲਾਖਹੁਂ ਤੁਰਕ ਹਤਹਿਂ ਗਹਿ ਓਟ' ॥ ੧੧॥

ਫਿਰ ਕਪੂਰਾ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਸਤਿਗੁਰੂ ਜੀ ਨੇ ਉਸ ਦੇ ਕਿਲ੍ਹੇ ਨੂੰ ਵੇਖ ਕੇ ਵਿਚਾਰ ਕੀਤੀ, "ਜੇ ਕਪੂਰਾ ਇਹ ਕਿਲ੍ਹਾ ਦੇ ਦੇਵੇ ਤਾਂ ਅਸੀਂ ਇਸ ਕਿਲ੍ਹੇ ਦੀ ਓਟ ਲੈ ਕੇ ਲੱਖਾਂ ਤੁਰਕਾਂ ਨੂੰ ਮਾਰ ਸਕਦੇ ਹਾਂ" ॥ ੧੧॥

ਚਿਤਵਤਿ ਰਹੇ ਬਿਤੀ ਤਹਿਂ ਰਾਤੀ। ਸੌਚ ਸ਼ਨਾਨ ਠਾਨਿ ਕਰਿ ਪ੍ਰਾਤੀ।
ਲਗਯੋ ਦਿਵਾਨ ਖਾਲਸੇ ਕੇਰਾ। ਸ਼ਸਤ੍ਰ ਬਸਤ੍ਰ ਤੇ ਸੁਭਤਿ ਘਨੇਰਾ॥ ੧੨॥

ਇਸ ਗੱਲ ਬਾਰੇ ਵਿਚਾਰਦੇ ਰਹੇ ਤੇ ਇਸ ਪ੍ਰਕਾਰ ਰਾਤ ਬੀਤ ਗਈ। ਸਵੇਰੇ ਉੱਠ ਕੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਫਿਰ ਖਾਲਸੇ ਦਾ ਦੀਵਾਨ ਲੱਗਾ। ਸ਼ਸਤਰਾਂ ਵਸਤਰਾਂ ਨਾਲ ਗੁਰੂ ਜੀ ਬਹੁਤ ਸ਼ੋਭ ਰਹੇ ਸਨ॥ ੧੨॥

ਨਰ ਨਾਰੀ ਗਨ ਗ੍ਰਾਮਨਿ ਕੇਰੇ। ਧਾਇ ਆਇ ਗੁਰ ਦਰਸ਼ਨ ਹੇਰੇ।
ਚਾਵਲ ਚੂਨ ਘ੍ਰਿਤਾਦਿਕ ਲ੍ਯਾਵੈਂ। ਦੇਗ਼ ਬਿਖੈ ਦਧਿ ਦੂਧ ਸੁ ਪਾਵੈਂ॥ ੧੩॥

ਲਾਗਲੇ ਪਿੰਡਾਂ ਦੇ ਇਸਤਰੀ ਪੁਰਸ਼ ਵੱਡੀ ਗਿਣਤੀ ਵਿਚ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਭੱਜੇ ਆਏ। ਉਹ ਆਪਣੇ ਨਾਲ ਚਾਵਲ, ਆਟਾ ਅਤੇ ਘਿਉ ਆਦਿ ਲੈ ਕੇ ਆਏ ਤੇ ਲੰਗਰ ਵਾਸਤੇ ਦਹੀਂ, ਦੁੱਧ ਲਿਆਉਂਦੇ ਸਨ॥ ੧੩॥

ਭਾਉ ਪ੍ਰੇਮ ਤੇ ਧਰਹਿਂ ਦਰਸ ਕਰਿ। ਬੰਦਹਿਂ ਪਦ ਅਰਬਿੰਦ ਹਰਖ ਧਰਿ।
ਇਕ ਨਿਸ ਬਾਸੁਰ ਜਬਹਿ ਬਿਤਾਯੋ। ਬਹੁਰ ਕਪੂਰਾ ਚਲਿ ਕਰਿ ਆਯੋ॥ ੧੪॥

ਗੁਰੂ ਜੀ ਦੇ ਦਰਸ਼ਨ ਕਰਕੇ ਵੱਡਾ ਭਾਉ ਪ੍ਰੇਮ ਧਾਰਨ ਕਰਦੇ ਸਨ ਤੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਦੇ ਸਨ। ਇਕ ਰਾਤ ਦਿਨ ਜਦ ਬਤੀਤ ਕੀਤਾ, ਕਪੂਰਾ ਫਿਰ ਚਲ ਕੇ ਗੁਰੂ ਜੀ ਪਾਸ ਆਇਆ॥ ੧੪॥

ਦੀਰਘ ਜਾਮਾ ਜਿਸ ਗਰ ਪਰਜੋ। ਚਾਲ ਸ਼ੀਘ੍ਰ ਤੇ ਬਹੁ ਬਿਸਤਰਜੋ।
ਹਾਥਨਿ ਸਾਥ ਸੰਭਾਰਤਿ ਨਾਂਹੀ। ਚਲਤਿ ਉਡਾਵਤਿ ਰਜ ਮਗ ਮਾਂਹੀ ॥੧੫॥

ਜਿਸ ਨੇ ਬਹੁਤ ਵੱਡਾ ਜਾਮਾ ਗਲ ਵਿਚ ਪਾਇਆ ਸੀ ਤੇ ਛੇਤੀ ਚਲਣ ਨਾਲ ਜਾਮਾ ਬਹੁਤ ਫੈਲਦਾ ਸੀ। ਉਸ ਨੂੰ ਆਪਣੇ ਹੱਥਾਂ ਨਾਲ ਸੰਭਾਲਦਾ ਨਹੀਂ ਸੀ ਤੇ ਚਲਣ ਲੱਗਾ ਰਾਹ ਵਿਚ ਬਹੁਤ ਘੱਟਾ ਉਡਾਉਂਦਾ ਸੀ॥ ੧੫॥

ਤਿਮ ਹੀ ਸਤਿਗੁਰ ਕੇ ਢਿਗ ਆਯੋ। ਚਹਤਿ ਅਪਨਪੋ ਸਭਿਨ ਦਿਖਾਯੋ।
ਮੈਲਾਗਰ ਸਿੰਘ ਤਿਸ ਕੋ ਦੇਖਿ। ਆਇ ਉਡਾਵਤਿ ਧੂਲਿ ਵਿਸ਼ੇਖ॥ ੧੬॥

ਉਸ ਪ੍ਰਕਾਰ ਹੀ ਸਤਿਗੁਰੂ ਜੀ ਦੇ ਪਾਸ ਆਇਆ, ਆਪਣੇ ਆਪ ਨੂੰ ਸਾਰਿਆਂ ਨੂੰ ਵਿਖਾਉਣਾ ਚਾਹੁੰਦਾ ਸੀ। ਮੈਲਾਗਰ ਸਿੰਘ ਨੇ ਜਦ ਵੇਖਿਆ ਕਿ ਵਿਸ਼ੇਸ਼ ਧੂੜ ਉਡਾਉਂਦਾ ਆਇਆ ਹੈ ਤਾਂ ਉਸ ਕਿਹਾ॥ ੧੬॥

'ਚੋਧਰਿ! ਚਲਹੁ ਅਦਬ ਕੇ ਸਾਥ। ਗਰਦ ਉਡਤਿ ਬੈਠੇ ਗੁਰ ਨਾਥ।
ਬਸਤ੍ਰ ਸੰਕੋਚਿ ਪਸਾਰਹੁ ਨਾਂਹਿ। ਸਰਲ ਭਰਲ ਹੁਇ ਕਿਸ ਬਿਧਿ ਜਾਹਿਂ ॥੧੭॥

"ਚੋਧਰੀ! ਅਦਬ ਦੇ ਨਾਲ ਚਲੋ, ਘੱਟਾ ਉਡਾਉਂਦਾ ਹੋਇਆ ਗੁਰੂ ਜੀ ਪਾਸ ਬੈਠ ਗਿਆ ਹੈਂ। ਆਪਣੇ ਕੱਪੜਿਆਂ ਨੂੰ ਸੰਕੋਚ ਕੇ ਰੱਖੋ, ਖਿਲਾਰੋ ਨਹੀਂ, ਪਾਸੇ ਮਾਰਦਾ ਤੂੰ ਕਿਵੇਂ ਤੁਰ ਰਿਹਾ ਹੈਂ॥ ੧੭॥

ਸਹਤ ਅਦਾਇਬ ਸਾਹਿਬ ਦੇਖਿ। ਤਜਿ ਕਰਿ ਮਨ ਕੋ ਮਾਨ ਵਿਸ਼ੇਖ।
ਸਿੰਘ ਬਾਕ ਸੁਨਿ ਕਰਿ ਜਨੁ ਦਾਵਾ। ਮਨ ਬਨ ਕੋ ਲਗਿ ਅਧਿਕ ਜਲਾਵਾ ॥੧੮॥

ਬੜੇ ਅਦਬ ਦੇ ਨਾਲ ਸਾਹਿਬ ਦੇ ਦਰਸ਼ਨ ਕਰੋ, ਆਪਣੇ ਮਨ ਦੇ ਵਿਸ਼ੇਸ਼ ਹੰਕਾਰ ਨੂੰ ਛੱਡ ਦੇਵੋ।" ਸਿੰਘ ਦੇ ਇਹ ਬਚਨ ਸੁਣ ਕੇ ਦਾਵਾਨਲ ਅਗਨੀ ਨੇ ਮਨ ਰੂਪੀ ਵਣ ਨੂੰ ਲੱਗ ਕੇ ਬਹੁਤ ਸਾੜ ਦਿੱਤਾ॥ ੧੮॥

ਕਿਧੌਂ ਜ੍ਵਲਤਿ ਮਨ ਦੀਪਕ ਨਜਾਈਂ। ਸਿੰਘ ਬਾਕ ਬਹੁ ਬਾਯੁ ਬੁਝਾਈ।
ਰਿਸ ਜੁਤਿ ਚਿਤ ਭਾ ਲਖਿ ਅਪਮਾਨਾ। ਬਸ ਨ ਬਸਾਇ ਨ ਸਕੈ ਬਖਾਨਾ ॥੧੯॥

ਜਾਂ ਮਨ ਦੀਵੇ ਵਾਂਗ ਜਗ ਰਿਹਾ ਸੀ, ਜਿਸ ਨੂੰ ਸਿੰਘ ਦੇ ਬਚਨਾਂ ਨੇ ਹਵਾ ਦੇ ਬੁੱਲੇ ਵਾਂਗ ਬੁਝਾ ਦਿੱਤਾ। ਗੁੱਸੇ ਸਹਿਤ ਚਿਤ ਵਿਚ ਅਪਮਾਨ ਹੋਇਆ ਸਮਝਦਾ ਸੀ, ਕੁਝ ਵੀ ਵਸ ਨਹੀਂ ਸੀ ਚਲਦਾ ਤੇ ਕੁਝ ਕਹਿ ਵੀ ਨਹੀਂ ਸਕਦਾ ਸੀ॥ ੧੯॥

ਗੁਰ ਸਮੀਪ ਹੁਇ ਬੰਦਨ ਠਾਨੀ। ਬੈਠਿ ਗਯੋ ਤਬਿ ਭਾ ਮਨ ਹਾਨੀ।
ਇਕ ਪ੍ਰਯੰਕ ਪਰ ਸਤਿਗੁਰ ਥਿਰੇ। ਦੁਤਿਯੇ ਪਰ ਪ੍ਰਭੁ ਆਯੁਧ ਧਰੇ॥ ੨੦॥

ਗੁਰੂ ਜੀ ਦੇ ਪਾਸ ਹੋ ਕੇ ਬੰਦਨਾ ਕੀਤੀ ਤੇ ਜਦ ਬੈਠ ਗਿਆ ਤਾਂ ਜਾਣਿਆਂ ਕਿ ਮਨ ਦੀ ਹਾਨੀ ਹੋਈ ਹੈ। ਇਕ ਪਲੰਘ ਉੱਪਰ ਸਤਿਗੁਰੂ ਜੀ ਬੈਠੇ ਸਨ, ਦੂਸਰੇ ਪਲੰਘ ਉੱਪਰ ਸਤਿਗੁਰੂ ਜੀ ਨੇ ਸ਼ਸਤਰ ਧਰੇ ਸਨ॥ ੨੦॥

ਨਿਰਮਲ ਚੰਦ੍ਰਹਾਸ ਖਰ ਧਾਰਾ। ਧਾਰਾ ਗੁਨ ਕੁਦੰਡ ਬਡ ਭਾਰਾ।
ਤਰਕਸ਼ ਭਰੇ ਖਰੇ ਕਰਿ ਤੀਰ। ਤੀਰ ਸੁਹਾਵਤਿ ਗੁਨੀ ਗਹੀਰ॥ ੨੧॥

ਗੁਰੂ ਜੀ ਨੇ ਨਿਰਮਲ ਤਿੱਖੀ ਧਾਰ ਵਾਲੀ ਤਲਵਾਰ ਧਾਰਨ ਕੀਤੀ ਹੋਈ ਸੀ ਤੇ ਭਾਰੀ ਧਨੁੱਖ ਬਾਣ ਧਾਰਨ ਕੀਤਾ ਹੋਇਆ ਸੀ। ਤੀਰਾਂ ਦੇ ਭੱਥੇ ਤਿੱਖੇ ਤੀਰਾਂ ਨਾਲ ਭਰੇ ਹੋਏ ਸਨ, ਪਾਸ ਬੈਠੇ ਗੁਣਾਂ ਦੇ ਖਜ਼ਾਨੇ ਭਾਵ ਸਤਿਗੁਰੂ ਜੀ ਸ਼ੋਭ ਰਹੇ ਸਨ॥ ੨੧॥

ਏਕ ਚਮਰ ਸਤਿਗੁਰ ਸਿਰ ਫਿਰੈ। ਦੂਸਰ ਸ਼ਸਤ੍ਰਨਿ ਊਪਰ ਢੁਰੈ।
ਹੇਰਿ ਕਪੂਰਾ ਤਰਕਤਿ ਭਾਖੇ। 'ਭਲੇ ਬਨਾਇ ਸ਼ਸਤ੍ਰ ਇਹ ਰਾਖੇ॥ ੨੨॥

ਇਕ ਚੌਰ ਸਤਿਗੁਰੂ ਜੀ ਦੇ ਸਿਰ ਉੱਪਰ ਫਿਰਦਾ ਸੀ, ਦੂਸਰਾ ਚੌਰ ਸ਼ਸਤਰਾਂ ਉੱਪਰ ਫਿਰ ਰਿਹਾ ਸੀ, ਕਪੂਰੇ ਨੇ ਵੇਖ ਕੇ ਤਰਕ-ਮਈ ਸ਼ਬਦ ਕਹੇ, "ਇਹ ਸ਼ਸਤਰ ਭਲੇ ਬਣਾ ਕੇ ਰੱਖੇ ਹਨ॥ ੨੨॥

**ਰਾਵਰਿ ਸਿਰ ਪਰ ਚਾਮਰ ਫੇਰਤਿ। ਇਹ ਤੋ ਰੀਤਿ ਆਦਿ ਕੀ ਹੇਰਤਿ।**
**ਦੂਸਰ ਸ਼ਸਤ੍ਰਨਿ ਪਰ ਫਿਰਵਾਵੇ। ਇਹ ਤੋ ਰੀਤਿ ਨਈ ਬਿਦਤਾਵੈ॥ ੨੩॥**

ਆਪ ਜੀ ਦੇ ਸਿਰ ਤੇ ਚੌਰ ਫਿਰਦਾ ਹੈ, ਇਹ ਤਾਂ ਅਸੀਂ ਆਦਿ ਦੀ ਰੀਤੀ ਵੇਖਦੇ ਹਾਂ। ਦੂਸਰਾ ਸ਼ਸਤਰਾਂ ਉੱਪਰ ਫਿਰਵਾ ਰਹੇ ਹੋ, ਇਹ ਰੀਤੀ ਤਾਂ ਬਿਲਕੁਲ ਨਵੀਂ ਹੈ, ਜਿਹੜੀ ਹਾਲੇ ਪ੍ਰਗਟ ਨਹੀਂ ਹੋਈ॥ ੨੩॥

**ਧੂਪ ਧੁਖਾਵਤਿ ਚੰਦਨ ਚਰਚਾ। ਫੂਲਨ ਮਾਲ ਬਿਸਾਲਹਿ ਅਰਚਾ।**
**ਸੁਨਿ ਸ਼੍ਰੀ ਮੁਖ ਤੇ ਕਹਿ ਸਮੁਝਾਯੋ। 'ਸ਼ਸਤ੍ਰਨਿ ਅਦਬ ਚਹਿਯ ਰਖਵਾਯੋ॥੨੪॥**

ਧੂਪ ਧੁਖਾਇਆ ਹੈ, ਅਤੇ ਚੰਦਨ ਦਾ ਛਿੜਕਾਅ ਕੀਤਾ ਹੈ, ਵਿਸ਼ਾਲ ਫੁੱਲਾਂ ਦੇ ਹਾਰ ਰੱਖ ਕੇ ਪੂਜਾ ਕਰਦੇ ਹੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਹਿ ਕੇ ਸਮਝਾਇਆ, "ਸ਼ਸਤਰਾਂ ਦਾ ਅਦਬ ਰੱਖਣਾ ਚਾਹੀਦਾ ਹੈ॥ ੨੪॥

**ਮਾਖੀ ਆਇ ਅਪਾਵਨ ਥਿਰੈ। ਚਮਰ ਢੁਰਤਿ ਸੋ ਬਰਜਨ ਕਰੈ।**
**ਇਹ ਸਭਿ ਕੇ ਸਿਰਮੌਰ ਸੁਰਨ ਮੈਂ। ਦੇਂ ਰਿਪੁ ਗਨ ਤੇ ਫਤੇ ਸੁ ਰਨ ਮੈਂ॥੨੫॥**

ਅਪਵਿੱਤਰ ਮੱਖੀ ਆ ਕੇ ਉੱਪਰ ਬੈਠ ਜਾਂਦੀ ਹੈ, ਚੌਰ ਫਿਰਦਾ ਹੈ ਤਾਂ ਮੱਖੀਆਂ ਨੂੰ ਬੈਠਣ ਤੋਂ ਵਰਜਦਾ ਹੈ। ਦੇਵਤਿਆਂ ਵਿਚੋਂ ਪੂਜਨੀਕ ਜੋ ਸ਼ਸਤਰ ਧਾਰਨਗੇ ਅਤੇ ਪੂਜਣਗੇ, ਉਹ ਰਣਖੇਤਰ ਵਿਚ ਬਹੁਤ ਵੈਰੀਆਂ 'ਤੇ ਫ਼ਤਹਿ ਪ੍ਰਾਪਤ ਕਰਨਗੇ॥ ੨੫॥

**ਪ੍ਰਿਥੀ ਸੁਰਗ ਕੋ ਰਾਜ ਘਨੇਰਾ। ਓਜ ਸੁਰਾਸਰ ਕੇਰਿ ਬਡੇਰਾ।**
**ਸਭਿ ਸ਼ਸਤ੍ਰਨਿ ਕੇ ਹੈ ਅਨੁਸਾਰੇ। ਜੋ ਇਨ ਧਰੈ ਸੁ ਹੁਇ ਬਲ ਭਾਰੇ॥ ੨੬॥**

ਪ੍ਰਿਥਵੀ ਅਤੇ ਸਵਰਗਾਂ ਦਾ ਵੱਡਾ ਰਾਜ ਪ੍ਰਾਪਤ ਹੁੰਦਾ ਹੈ। ਦੇਵਤੇ ਅਤੇ ਦੈਂਤਾਂ ਨਾਲੋਂ ਵੀ ਇਹ ਸ਼ਸਤਰ ਸ਼ਕਤੀਸ਼ਾਲੀ ਹਨ। ਸਾਰੇ ਲੋਕ ਸ਼ਸਤਰਾਂ ਦੀ ਆਗਿਆ ਅਨੁਸਾਰ ਹਨ, ਜਿਹੜਾ ਵੀ ਇਨ੍ਹਾਂ ਨੂੰ ਧਾਰਨ ਕਰਦਾ ਹੈ, ਉਹ ਭਾਰੀ ਬਲਵਾਨ ਹੋ ਜਾਂਦਾ ਹੈ॥ ੨੬॥

**ਇਨ ਸਮ ਸ਼ਕਤਿਵੰਤ ਨਹਿਂ ਕੋਊ। ਜੋ ਕਰ ਧਰੈ ਬਲੀ ਹੁਇ ਸੋਊ।**
**ਆਦਿ ਅਕਾਲ ਪੁਰਖ ਕਰਤਾਰਾ। ਪ੍ਰਥਮ ਖੜਗ ਤਿਨ ਰਚਜੋ ਉਦਾਰਾ॥੨੭॥**

ਇਨ੍ਹਾਂ ਬਰਾਬਰ ਕੋਈ ਵੀ ਸ਼ਕਤੀਸ਼ਾਲੀ ਨਹੀਂ ਹੈ, ਜਿਹੜਾ ਵੀ ਹੱਥ ਵਿਚ ਧਾਰਨ ਕਰਦਾ ਹੈ, ਉਹੀ ਬਲਵਾਨ ਹੋ ਜਾਂਦਾ ਹੈ। ਆਦਿ ਅਕਾਲ ਪੁਰਖ ਕਰਤਾਰ ਨੇ ਪਹਿਲਾਂ ਵੱਡੀ ਖੜਗ ਤਿਆਰ ਕੀਤੀ॥ ੨੭॥

**ਮਾਨਨੀਯ ਸੁਰ ਅਸੁਰਨਿ ਕੇਰੇ। ਧਰਹਿਂ ਜੁ ਪੂਜਹਿਂ, ਹ੍ਵੈਂ ਸੁ ਬਡੇਰੇ।**
**ਨਰ ਬਪੁਰੇ ਕੀ ਗਿਨਤੀ ਕਹਾਂ। ਅਸਿਧੁਜ ਸ਼੍ਰੀ ਅਕਾਲ ਹੈ ਮਹਾਂ॥ ੨੮॥**

ਇਹ ਦੇਵਤੇ ਅਤੇ ਦੈਂਤਾਂ ਲਈ ਪੂਜਨੀਕ ਹਨ, ਜਿਹੜੇ ਸ਼ਸਤਰ ਧਾਰਨ ਕਰਕੇ ਪੂਜਦੇ ਹਨ ਉਹ ਵੱਡੇ ਸ਼ਕਤੀਸ਼ਾਲੀ ਬਣ ਜਾਂਦੇ ਹਨ। ਮਨੁੱਖ ਵਿਚਾਰੇ ਦੀ ਤਾਂ ਗਿਣਤੀ ਹੀ ਕੀ ਹੈ, ਸ੍ਰੀ ਅਕਾਲ ਪੁਰਖ ਇਕ ਮਹਾਨ ਖੜਗ ਹੈ"॥ ੨੮॥

**ਸੁਨਿ ਕਰਿ ਤੂਸ਼ਨ ਹੋਇ ਕਪੂਰੇ। ਗੁਰ ਬਚ ਨਿਸ਼ਚਾ ਕਿਯੋ ਨ ਕੂਰੇ।**
**ਅੰਤਰਜਾਮੀ ਜਾਨਿ ਬਖਾਨਾ। 'ਸੁਨਹੁ ਕਪੂਰ ਸਿੰਘ ਧਰਿ ਕਾਨਾ॥ ੨੯॥**

ਇਹ ਸੁਣ ਕੇ ਕਪੂਰਾ ਚੁੱਪ ਹੋ ਗਿਆ, ਪਰ ਝੂਠੇ ਪਾਜੀ ਨੇ ਗੁਰੂ ਜੀ ਦੇ ਬਚਨਾਂ ਉੱਪਰ ਨਿਸ਼ਚਾ ਨਾ ਕੀਤਾ। ਅੰਤਰਜਾਮੀ

ਗੁਰੂ ਜੀ ਨੇ ਇਹ ਕੁਝ ਜਾਣ ਕੇ ਕਿਹਾ, "ਹੇ ਕਪੂਰ ਸਿੰਘ! ਕੰਨ ਦੇ ਕੇ ਸੁਣੋ॥ ੨੯॥

ਨੈਂ ਲਗਿ ਕਰਿ ਹੈਂ ਰਾਜ ਤੁਹਾਰਾ। ਗਜ ਬਾਜੀ ਦਲ ਵਧੈ ਉਦਾਰਾ।
ਤੁਰਕਨ ਸੰਗ ਜੰਗ ਕੇ ਕਾਰਨ। ਦੇਹੁ ਦੁਰਗ ਦੇਖਹੁ ਦਲ ਦਾਰੁਨ॥ ੩੦॥

ਸਤਲੁਜ ਨਦੀ ਤਕ ਤੇਰਾ ਰਾਜ ਕਰਾਂਗੇ, ਹਾਥੀ ਘੋੜੇ ਸੈਨਾ ਬਹੁਤ ਵਧੇਗੀ, ਤੁਰਕਾਂ ਨਾਲ ਜੰਗ ਕਰਨ ਦੇ ਕਾਰਨ, ਸਾਨੂੰ ਆਪਣਾ ਕਿਲ੍ਹਾ ਦੇਵੇ ਤੇ ਸਾਡਾ ਤੁਰਕਾਂ ਨਾਲ ਭਿਆਨਕ ਜੰਗ ਵੇਖੇ॥ ੩੦॥

ਲਸ਼ਕਰ ਨੌਰੰਗ ਕੋ ਲਰਿ ਮਾਰੈਂ। ਕਾਤੁਰ ਤੁਰਕ ਪਲਾਵਤਿ ਹਾਰੈਂ।
ਸੁਨਿ ਕਰਿ ਦੀਨ ਹੋਇ ਕਰਿ ਕਹੈ। 'ਹਮ ਮੈਂ ਕਹਾਂ ਸ਼ਕਤਿ ਇਮ ਅਹੈ॥ ੩੧॥

ਨੌਰੰਗੇ ਦੇ ਲਸ਼ਕਰ ਨੂੰ ਯੁੱਧ ਕਰਕੇ ਮਾਰਾਂਗੇ, ਕਾਇਰ ਤੁਰਕ ਹਾਰ ਕੇ ਭੱਜ ਜਾਣਗੇ।" ਇਹ ਸੁਣ ਕੇ ਕਪੂਰੇ ਨੇ ਦੀਨ ਹੋ ਕੇ ਕਿਹਾ, "ਸਾਡੇ ਵਿਚ ਐਸੀ ਸ਼ਕਤੀ ਕਿੱਥੇ ਹੈ॥ ੩੧॥

ਰਿਪੁ ਸਮ ਜਾਨਿ ਤੁਰਕ ਗਹਿਂ ਮੋਹਿ। ਮਾਰਹਿਂ ਫਾਸੀ ਦੇ ਕਰਿ ਕ੍ਰੋਹ।
ਸ੍ਰੀ ਗੁਰ! ਤੁਮ ਤੋ ਬੇਪਰਵਾਹ। ਬਿਗਰ ਲਰੇ ਤੁਰਕੇਸ਼ੁਰ ਸ਼ਾਹ॥ ੩੨॥

ਵੈਰੀ ਵਾਂਗ ਜਾਣ ਕੇ ਤੁਰਕ ਮੈਨੂੰ ਫੜ ਲੈਣਗੇ, ਮਾਰਨਗੇ ਜਾਂ ਕ੍ਰੋਧ ਕਰਕੇ ਫਾਂਸੀ ਦੇ ਦੇਣਗੇ। ਹੇ ਗੁਰੂ ਜੀ! ਤੁਸੀਂ ਤਾਂ ਬੇਪ੍ਰਵਾਹ ਹੋ, ਤੁਰਕ ਬਾਦਸ਼ਾਹ ਨਾਲ ਵਿਗਾੜ ਕੇ ਯੁੱਧ ਕੀਤਾ ਹੈ॥ ੩੨॥

ਲਾਖਹੁਂ ਨਰ ਮਾਰੇ ਮਰਿਵਾਏ। ਆਨੰਦਪੁਰਿ ਉਜਾਰ ਕਰਿ ਆਏ।
ਭਲੀ ਸੀਖ ਅਬਿ ਦੇਵਨ ਲਾਗੇ। ਜਿਸ ਤੇ ਬਚਹਿ ਨ, ਕਿਤ ਕੋ ਭਾਗੇ॥ ੩੩॥

ਤੁਸੀਂ ਲੱਖਾਂ ਨਰ ਮਾਰੇ ਅਤੇ ਮਰਵਾਏ ਹਨ, ਅਨੰਦਪੁਰ ਨੂੰ ਉਜਾੜ ਕੇ ਆ ਗਏ ਹੋ। ਇਹ ਚੰਗੀ ਸਿੱਖਿਆ ਮੈਨੂੰ ਦੇਣ ਲੱਗੇ ਹੋ, ਜਿਸ ਨਾਲ ਬਚੀਏ ਨਹੀਂ ਤੇ ਕਿਸੇ ਪਾਸੇ ਨੂੰ ਭੱਜ ਜਾਈਏ॥ ੩੩॥

ਤਿਨ ਤੁਰਕਨਿ ਤੇ ਮੋਹਿ ਬਿਗਾਰਹੁ। ਜਿਮ ਉਜਰੇ ਤਿਮ ਮੋਹਿ ਉਜਾਰਹੁ।
ਹਮ ਤੋ ਬੰਦੇ ਨਿਤ ਪਤਿਸ਼ਾਹੀ। ਬਿਗਰੇ ਮਾਰਹਿਂ ਮੁਝ ਦੇ ਫਾਹੀ'॥ ੩੪॥

ਉਨ੍ਹਾਂ ਤੁਰਕਾਂ ਨਾਲ ਮੇਰਾ ਵਿਗਾੜ ਪੈਦਾ ਕਰਦੇ ਹੋ, ਜਿਵੇਂ ਆਪ ਜੀ ਉਜੜੇ ਹੋ, ਉਸ ਤਰ੍ਹਾਂ ਮੈਨੂੰ ਉਜਾੜਨਾ ਚਾਹੁੰਦੇ ਹੋ। ਅਸੀਂ ਤਾਂ ਬਾਦਸ਼ਾਹ ਨੂੰ ਬੰਦਨਾ ਕਰਦੇ ਹਾਂ, ਵਿਗੜੇ, ਮਾਰੇ ਜਾਂ ਮੈਨੂੰ ਫਾਂਸੀ ਦੇ ਦੇਵੇ'॥ ੩੪॥

ਸੁਨਿ ਸਤਿਗੁਰ ਰਿਸ ਉਰ ਧਰਿ ਭਾਖਾ। 'ਜੇਕਰਿ ਇਮ ਤੇਰੀ ਅਭਿਲਾਖਾ।
ਤੌ ਦੇ ਫਾਸ ਤੁਰਕ ਹੀ ਮਾਰੈਂ। ਗੁਨ ਅਵਗੁਨ ਤੁਵ ਕੁਛ ਨ ਬਿਚਾਰੈਂ॥ ੩੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਦਿਲ ਵਿਚ ਗੁੱਸਾ ਧਾਰ ਕੇ ਕਿਹਾ, "ਜੇ ਤੇਰੀ ਇਸ ਪ੍ਰਕਾਰ ਅਭਿਲਾਸ਼ਾ ਹੈ ਤਾਂ ਤੈਨੂੰ ਤੁਰਕ ਹੀ ਫਾਂਸੀ ਦੇ ਕੇ ਮਾਰਨਗੇ, ਤੇਰਾ ਗੁਣ ਔਗੁਣ ਕੁਝ ਵੀ ਨਹੀਂ ਵਿਚਾਰਨਗੇ॥ ੩੫॥

ਜਿਨ ਸ਼ਸਤ੍ਰਨਿ ਪਰ ਤਰਕ ਕਰੰਤਾ। ਪਿਖਿ ਪ੍ਰਤਾਪ ਤਿਨ ਤੇ ਡਰਪੰਤਾ।
ਦੇਨ ਲਗੇ ਹਮ ਅਧਿਕ ਬਡਾਈ। ਭਯੋ ਨਿਭਾਗ ਨ ਸਾਕਹਿਂ ਪਾਈ॥ ੩੬॥

ਜਿਨ੍ਹਾਂ ਸ਼ਸਤਰਾਂ ਉੱਪਰ ਤਰਕ ਕਰਦਾ ਹੈਂ, ਪ੍ਰਤਾਪ ਵੇਖ ਕੇ ਉਨ੍ਹਾਂ ਪਾਸੋਂ ਡਰਦਾ ਹੈਂ। ਅਸੀਂ ਤਾਂ ਤੈਨੂੰ ਵੱਡੀ ਵਡਿਆਈ ਦੇਣ ਲੱਗੇ ਸੀ, ਪਰ ਮਾੜੇ ਭਾਗਾਂ ਵਾਲਾ ਹੈਂ, ਤੂੰ ਹੁਣ ਵਡਿਆਈ ਪਾ ਨਹੀਂ ਸਕੇਂਗਾ॥ ੩੬॥

ਆਨੰਦਪੁਰਾ ਬਸਹਿਗੋ ਸਦਾ। ਇਸ ਥਲ ਤੇ ਤੂੰਹੀ ਹੁਇਂ ਅਦਾ।
ਜਿਨ ਕੋ ਬੰਦਾ, ਕਰਹਿਂ ਸੁ ਬੰਦ। ਦੇਂ ਫਾਸੀ ਤੁਹਿ ਕਰਹਿਂ ਨਿਕੰਦ॥ ੩੭॥

ਆਨੰਦਪੁਰ ਸਦਾ ਵਸਦਾ ਰਹੇਗਾ, ਇਸ ਸਥਾਨ ਉੱਪਰ ਤੂੰ ਹੀ ਨਾਸ਼ ਹੋਵੇਂਗਾ। ਜਿਨ੍ਹਾਂ ਦਾ ਤੂੰ ਬੰਦਾ ਹੈਂ, ਓਹੀ ਤੈਨੂੰ ਕੈਦ ਕਰਨਗੇ ਤੇ ਫਾਂਸੀ ਦੇ ਕੇ ਤੇਰਾ ਨਾਸ਼ ਕਰ ਦੇਣਗੇ॥ ੩੭॥

**ਤੱਤ ਅਤੱਤ ਨ ਮੂਰਖ ਜਾਨੈਂ। ਲਾਭ ਲੇਨ ਤੇ ਤੋਟਾ ਮਾਨੈਂ।**
**ਪਸੁ ਜਯੋਂ ਪੇਟ ਭਰੇ ਪਰ ਸੋਵੈਂ। ਜਸੁ ਜਗ ਗਤਿ ਪ੍ਰਲੋਕ ਕੀ ਖੋਵੈਂ॥ ੩੮॥**

ਮੂਰਖ ਕਪੂਰਾ ਸਾਰ-ਅਸਾਰ ਨਾ ਜਾਣ ਸਕਿਆ, ਲਾਭ ਲੈਣ ਨੂੰ ਘਾਟਾ ਮੰਨਦਾ ਸੀ। ਜਿਵੇਂ ਪਸ਼ੂ ਪੇਟ ਭਰ ਕੇ ਸੌਂ ਜਾਂਦੇ ਹਨ। ਇਸ ਜਗਤ ਦਾ ਜੱਸ ਅਤੇ ਪਰਲੋਕ ਦੀ ਗਤੀ ਗਵਾ ਲੈਂਦੇ ਹਨ॥ ੩੮॥

**ਮਤਿ ਅੰਧੇ ਜਾਨਜੋ ਕਛੁ ਨਾਂਹੀ। ਸਭਿ ਸੁਖ ਦੇਤਿ, ਪਰਜੋ ਦੁਖ ਮਾਂਹੀ।**
**ਜਿਨ ਤੁਰਕਨ ਪਰ ਉਰ ਭਰਵਾਸਾ। ਤਿਨ ਤੇ ਹੀ ਤੁਝ ਹੋਇ ਬਿਨਾਸ਼ਾ॥ ੩੯॥**

ਅੰਨ੍ਹੀ ਮੱਤ ਵਾਲੇ ਕੁਝ ਵੀ ਜਾਣਿਆ ਨਹੀਂ ਹੈ, ਸਭ ਪ੍ਰਕਾਰ ਦੇ ਸੁਖ ਦੇ ਰਹੇ ਸਨ, ਪਰ ਦੁਖਾਂ ਵਿਚ ਪੈ ਰਿਹਾ ਹੈ। ਜਿਨ੍ਹਾਂ ਤੁਰਕਾਂ ਉੱਪਰ ਦਿਲ ਵਿਚ ਭਰੋਸਾ ਹੈ, ਉਨ੍ਹਾਂ ਪਾਸੋਂ ਹੀ ਤੇਰਾ ਨਾਸ਼ ਹੋਵੇਗਾ॥ ੩੯॥

**ਖੇਹ ਤੋਬਰਾ ਬਦਨ ਚਢਾਇ। ਫਾਸੀ ਦੇ ਮਾਰਹਿਂ ਸਹਿਸਾਇ।**
**ਸੁਨਿ ਸ਼ਰਮਿੰਦਤਿ ਭਯੋ ਕਪੂਰਾ। ਨੀਵੀਂ ਗ੍ਰੀਵ ਥਿਰਜੋ ਕੁਛ ਕੂਰਾ॥ ੪੦॥**

ਘੋੜਿਆਂ ਦਾ ਦਾਣੇ ਖਾਣ ਵਾਲਾ ਤੋਬਰਾ ਮਿੱਟੀ ਦਾ ਭਰ ਕੇ ਤੇਰੇ ਮੂੰਹ ਉੱਪਰ ਚਾੜ੍ਹਨਗੇ ਤੇ ਫਾਂਸੀ ਦੇ ਕੇ ਹੌਲੀ-ਹੌਲੀ ਮਾਰ ਦੇਣਗੇ।" ਇਹ ਸੁਣ ਕੇ ਕਪੂਰਾ ਬਹੁਤ ਸ਼ਰਮਿੰਦਾ ਹੋਇਆ, ਝੂਠਾ ਧੌਣ ਨੀਵੀਂ ਕਰਕੇ ਕੁਝ ਦੇਰ ਓਥੇ ਖਲੋਤਾ॥ ੪੦॥

**ਪੁਨ ਉਠਿ ਅਪਨੇ ਸਦਨ ਸਿਧਾਰਾ। ਭਯੋ ਸ੍ਰਾਪ ਦਾਰੁਨ ਦੁਖ ਭਾਰਾ।**
**ਭਲੀ ਹੋਤਿ ਉਲਟੀ ਗਲ ਪਰੀ। ਬਰਜੋ ਦੁਰਗ ਤਕਰਾਈ ਕਰੀ॥ ੪੧॥**

ਫਿਰ ਉੱਠ ਕੇ ਆਪਣੇ ਘਰ ਨੂੰ ਚਲਾ ਗਿਆ, ਭਿਆਨਕ ਸਰਾਪ ਹੋਇਆ ਸੀ, ਇਸ ਕਰਕੇ ਭਾਰੀ ਦੁਖ ਮੰਨਿਆ। ਜਿਹੜਾ ਭਲਾ ਹੋਣਾ ਸੀ, ਉਹ ਉਲਟਾ ਗਲ ਪੈ ਗਿਆ ਤੇ ਕਿਲ੍ਹੇ ਵਿਚ ਦਾਖਲ ਹੋ ਕੇ ਵੱਡੀ ਤਕੜਾਈ ਕਰ ਦਿੱਤੀ॥ ੪੧॥

**ਦ੍ਵਾਰ ਕਿਵਾੜ ਅਸੰਜਤਿ ਕਰੇ। ਅਸ ਨਹਿਂ ਹੋਇ ਗੁਰੂ ਬਿਚ ਬਰੇ।**
**ਪਤਿਸ਼ਾਹੀ ਲਸ਼ਕਰ ਚਢਿ ਆਵੈ। ਮਾਰ ਗਰਦ ਮਹਿਂ ਦੁਰਗ ਮਿਲਾਵੈ॥ ੪੨॥**

ਕਿਲ੍ਹੇ ਦੇ ਦਰਵਾਜੇ ਦੇ ਕਿਵਾੜ ਚੰਗੀ ਤਰ੍ਹਾਂ ਬੰਦ ਕਰਕੇ ਤਾਲੇ ਮਾਰ ਲਏ। ਉਹ ਡਰਦਾ ਸੀ ਕਿ ਕਿਤੇ ਐਸਾ ਨਾ ਹੋ ਜਾਵੇ ਕਿ ਗੁਰੂ ਜੀ ਅੰਦਰ ਦਾਖਲ ਹੋ ਜਾਣ। ਬਾਦਸ਼ਾਹੀ ਲਸ਼ਕਰ ਚੜ੍ਹ ਕੇ ਆਵੇਗਾ ਤੇ ਇਸ ਕਿਲ੍ਹੇ ਨੂੰ ਮਾਰ ਕੇ ਮਿੱਟੀ ਵਿਚ ਮਿਲਾ ਦੇਵੇਗਾ॥ ੪੨॥

**ਯਾਂ ਤੇ ਮੂੰਦ ਲੀਏ ਦਰਵਾਜੇ। ਚਿਤ ਮਹਿਂ ਚਿੰਤ ਮਹਾਂ ਉਪਰਾਜੇ।**
**ਗੁਰੂ ਬਾਕ ਨਹਿਂ ਮੂਰਖ ਮਾਨਜੋ। ਲਿਯੋ ਨ ਬਰ ਤੌ ਸ੍ਰਾਪ ਬਖਾਨਜੋ॥ ੪੩॥**

ਇਸ ਕਰਕੇ ਦਰਵਾਜ਼ੇ ਬੰਦ ਕਰ ਲਏ, ਚਿੱਤ ਵਿਚ ਮਹਾਂ ਚਿੰਤਾ ਉਤਪੰਨ ਹੋਈ। ਮੂਰਖ ਨੇ ਗੁਰੂ ਜੀ ਦਾ ਬਚਨ ਨਹੀਂ ਮੰਨਿਆ ਸੀ, ਉਨ੍ਹਾਂ ਪਾਸੋਂ ਵਰ ਨਹੀਂ ਲਿਆ, ਬਲਕਿ ਉਨ੍ਹਾਂ ਨੇ ਸਰਾਪ ਦੇ ਦਿੱਤਾ॥ ੪੩॥

*ਪਹਿਲੇ ਐਨ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

☆☆☆

# ਅਧਿਆਇ ਪੰਜਵਾਂ

## *ਸਿਰਹੰਦ ਤੋਂ ਫੌਜ ਦੀ ਚੜ੍ਹਾਈ, ਢਿੱਲਵੀਂ ਕੌਲ ਪਾਸ*

ਦੋਹਰਾ- ਤੁਰਕਨਿ ਕੀ ਗਨ ਬਾਹਨੀ ਸੀਰੰਦ ਕੀਨਿ ਬਟੋਰ।
ਚਹੈਂ ਗੁਰੂ ਕੋ ਪਕਰਨੇ 'ਦੌਰ ਕਰਹੁ ਬਲ ਟੋਰਿ'॥ ੧॥

ਸਿਰਹੰਦ ਵਿਚ ਤੁਰਕਾਂ ਦੀ ਵੱਡੀ ਸੈਨਾ ਇਕੱਠੀ ਕੀਤੀ, ਗੁਰੂ ਜੀ ਨੂੰ ਫੜਨਾ ਚਾਹੁੰਦੇ ਸਨ, ਸੈਨਾ ਨੂੰ ਹੁਕਮ ਕੀਤਾ, "ਦੌੜ ਕੇ ਜਾਵੋ ਤੇ ਉਨ੍ਹਾਂ ਦਾ ਨਿਵਾਸ ਸਥਾਨ ਲੱਭੋ"॥ ੧॥

ਚੌਪਈ- ਸੁਧਿ ਪਹੁੰਚੀ 'ਦੀਨੇ ਕੇ ਗ੍ਰਾਮੂ। ਕੇਤਿਕ ਦਿਨ ਬਸਿ ਕਰਿ ਤਿਨ ਧਾਮੂ।
ਤਹਿਂ ਤੇ ਗਮਨ ਅਗਾਰੀ ਗਏ। ਕੇਤਿਕ ਚਮੂੰ ਸੰਗ ਮੈਂ ਲਏ'॥ ੨॥

ਸਿਰਹੰਦ ਇਹ ਖ਼ਬਰ ਪੁੱਜੀ, "ਦੀਨੇ ਪਿੰਡ ਵਿਚ ਕਈ ਦਿਨ ਉਨ੍ਹਾਂ ਦੇ ਘਰਾਂ ਵਿਚ ਰਹਿ ਕੇ, ਉਥੋਂ ਅੱਗੇ ਚਲੇ ਗਏ ਹਨ, ਕੁਝ ਸੈਨਾ ਉਨ੍ਹਾਂ ਆਪਣੇ ਨਾਲ ਵੀ ਲਈ ਹੈ"॥ ੨॥

ਸੁਨਤਿ ਵਜੀਦਾ ਮੂਰਖ ਮਾਨੀ। ਪਠੇ ਦੂਤ ਕੇਚਿਤ ਅਗਵਾਨੀ।
'ਟਿਕਹਿਂ ਗ੍ਰਾਮ ਜਿਸ, ਦਿਹੁ ਸੁਧਿ ਆਈ। ਦੌਰ ਕਰਹਿਂ ਤਹਿਂ ਦਲ ਸਮੁਦਾਈ॥ ੩॥

ਜਦ ਵਜੀਦੇ ਮੂਰਖ ਹੰਕਾਰੀ ਨੇ ਇਹ ਸੁਣਿਆ ਤਾਂ ਉਸ ਨੇ ਕਈ ਦੂਤ ਅਗਾਊਂ ਭੇਜੇ ਅਤੇ ਉਨ੍ਹਾਂ ਨੂੰ ਕਿਹਾ, "ਜਿਸ ਪਿੰਡ ਵਿਚ ਵੀ ਟਿਕਣ ਤਾਂ ਆ ਕੇ ਖ਼ਬਰ ਦੇਵੋ ਤਾਂ ਉਥੇ ਸਾਡੀ ਸੈਨਾ ਦੌੜ ਕੇ ਜਾਵੇਗੀ॥ ੩॥

ਜਾਹਿਂ ਅਚਾਨਕ ਗਹਿ ਕਰਿ ਲਜਾਵਹਿਂ। ਜੀਵਤਿ ਹਜ਼ਰਤ ਨਿਕਟ ਪਠਾਵਹਿਂ।
ਹੋਹਿ ਪ੍ਰਸੰਨ ਦਰਬ ਬਹੁ ਦੈ ਹੈ। ਸ਼ਾਹੁ ਮਨੋਰਥ ਪੂਰਨ ਹ੍ਵੈ ਹੈ'॥ ੪॥

ਅਚਾਨਕ ਜਾ ਕੇ ਫੜ ਕੇ ਲੈ ਆਉਣਗੇ ਤੇ ਜੀਉਂਦਿਆਂ ਨੂੰ ਬਾਦਸ਼ਾਹ ਦੇ ਪਾਸ ਭੇਜ ਦੇਵਾਂਗੇ। ਉਹ ਪ੍ਰਸੰਨ ਹੋ ਕੇ ਬਹੁਤ ਧਨ ਦੇਣਗੇ ਤੇ ਬਾਦਸ਼ਾਹ ਦਾ ਮਨੋਰਥ ਪੂਰਾ ਹੋ ਜਾਵੇਗਾ"॥ ੪॥

ਇੱਤਜਾਦਿਕ ਬਿਚਾਰ ਕਰਿ ਭਾਯੋ। ਲਸ਼ਕਰ ਕਈ ਹਜ਼ਾਰ ਪਠਾਯੋ।
ਦਾਵ ਤਕਾਵਤਿ ਤੁਰਕ ਬਿਚਾਰੇਂ। ਪਕਰਜੋ ਜਾਇ ਘਾਤ ਨਿਰਧਾਰੇ॥ ੫॥

ਇਸ ਪ੍ਰਕਾਰ ਵਿਚਾਰ ਕਰਕੇ ਉਸ ਨੂੰ ਇਹ ਗੱਲ ਭਾਈ ਤੇ ਕਈ ਹਜ਼ਾਰ ਲਸ਼ਕਰ ਗੁਰੂ ਜੀ ਨੂੰ ਫੜਨ ਵਾਸਤੇ ਭੇਜਿਆ। ਦਾਅ ਤੱਕਦੇ ਤੁਰਕ ਵਿਚਾਰਾਂ ਕਰਦੇ ਹਨ ਕਿ ਕਿਵੇਂ ਗੁਰੂ ਜੀ ਫੜੇ ਜਾਣ ਤੇ ਉਹ ਘਾਤ ਨਿਰਣੇ ਹੋ ਜਾਵੇ॥ ੫॥

ਕੋਪ ਕਪੂਰੇ ਪਰ ਕਰਿ ਤਬੈ। ਡੇਰਾ ਕੂਚ, ਚਢੇ ਸਿਖ ਤਬੈ।
ਸਹਿਜ ਸੁਭਾਇਕ ਹਯ ਆਰੂੜੇ। ਖਿਲਤਿ ਅਖੇਰ ਚਲਤਿ ਗੁਨ ਗੂੜੇ॥ ੬॥

ਕਪੂਰੇ ਤੋਂ ਗੁੱਸੇ ਹੋ ਕੇ ਤਦ ਗੁਰੂ ਜੀ ਨੇ ਆਪਣਾ ਡੇਰਾ ਕੂਚ ਕੀਤਾ ਤੇ ਸਿੱਖ ਅੱਗੇ ਚਲ ਪਏ। ਸਹਿਜ ਸੁਭਾਅ ਘੋੜਿਆਂ ਉੱਪਰ ਸਵਾਰ ਹੋ ਗਏ ਤੇ ਗੂੜ੍ਹੇ ਗੁਣਾਂ ਵਾਲੇ ਸਤਿਗੁਰੂ ਜੀ ਸ਼ਿਕਾਰ ਖੇਡਦੇ ਅੱਗੇ ਜਾ ਰਹੇ ਸਨ॥ ੬॥

ਢਿੱਲਵ ਗ੍ਰਾਮ ਕੋਸ ਦੁਇ ਤੀਨ। ਜਾਇ ਪਹੂੰਚੇ ਗੁਰੂ ਪ੍ਰਬੀਨ।
ਸੋਢੀ ਬੰਸ ਪ੍ਰਿੱਥੀਏ ਕੇਰਾ। ਬਸਹਿ ਤਹਾਂ ਬਾਸਾ ਬਹੁਤੇਰਾ॥ ੭॥

ਉਸ ਸਥਾਨ ਤੋਂ ਢਿਲਵਾਂ ਪਿੰਡ ਦੋ ਤਿੰਨ ਕੋਹਾਂ 'ਤੇ ਸਥਿਤ ਸੀ, ਉਥੇ ਸਤਿਗੁਰੂ ਜੀ ਜਾ ਪਹੁੰਚੇ। ਉਥੇ ਪ੍ਰਿਥੀਏ ਦਾ ਸੋਢੀ ਵੰਸ਼ ਰਹਿੰਦਾ ਸੀ, ਉਨ੍ਹਾਂ ਦਾ ਬੜੇ ਲੰਮੇ ਸਮੇਂ ਤੋਂ ਉਥੇ ਵਸੇਬਾ ਸੀ॥ ੭॥

ਨਾਮ ਕੌਲ ਅਜ਼ਮਤ ਜੁਤਿ ਜੋਏ। ਚਾਰ ਪੁੱਤ੍ਰ ਤਿਸਕੇ ਗ੍ਰਿਹ ਹੋਏ।
ਸਤਾਨੰਦ ਹਰਿਨੰਦ ਸੁ ਚਾਲੀ। ਪੁਨ ਅਮਰੀਕ ਰਾਇ ਬਨਵਾਲੀ॥ ੮॥

ਪ੍ਰਿਥੀਏ ਦੀ ਵੰਸ਼ ਵਿਚੋਂ ਜਿਹੜਾ ਸੋਢੀ ਰਹਿੰਦਾ ਸੀ, ਉਸ ਦਾ ਨਾਮ ਕੌਲ ਸੀ ਤੇ ਉਹ ਕਰਾਮਾਤ ਸਹਿਤ ਸੀ। ਉਸ ਦੇ ਘਰ ਵਿਚ ਚਾਰ ਪੁੱਤਰ ਹੋਏ, ਜਿਨ੍ਹਾਂ ਦੇ ਸ੍ਰੇਸ਼ਟ ਨਾਮ ਸਨ, ਸਤਾਨੰਦ, ਹਰਿਨੰਦ, ਅਮਰੀਕ ਰਾਇ ਅਤੇ ਬਨਵਾਲੀ॥ ੮॥

ਬਨਵਾਲੀ ਕੈ ਨੰਦਨ ਏਕ। ਅਭੈਰਾਮ ਗੁਨ ਧਰਹਿ ਅਨੇਕ।
ਅਭੈਰਾਮ ਕੇ ਸੁਤ ਭੇ ਚਾਰ। ਇਕ ਸ੍ਰੀ ਰਾਮ ਪ੍ਰਜਾਪਤਿ ਧਾਰ॥ ੯॥

ਬਨਵਾਲੀ ਦੇ ਘਰ ਇਕ ਪੁੱਤਰ ਹੋਇਆ ਜਿਸ ਦਾ ਨਾਮ ਅਭੈਰਾਮ ਸੀ ਤੇ ਉਸ ਨੇ ਅਨੇਕਾਂ ਗੁਣ ਧਾਰਨ ਕੀਤੇ ਸਨ। ਅਭੈਰਾਮ ਦੇ ਅੱਗੇ ਚਾਰ ਪੁੱਤਰ ਹੋਏ। ਇਕ ਦਾ ਨਾਮ ਸ੍ਰੀ ਰਾਮ ਸੀ ਤੇ ਦੂਸਰੇ ਦਾ ਨਾਮ ਪ੍ਰਜਾਪਤੀ ਸੀ॥ ੯॥

ਰਾਮਕੁਇਰ ਜਸਪਤਿ ਗਿਨ ਲੇਹ। ਮਾਨਨੀਯ ਸੰਗਤਿ ਕੇ ਏਹ।
ਸ੍ਰੀ ਗੁਬਿੰਦ ਸਿੰਘ ਕੋ ਆਗਵਨੂ। ਸ਼੍ਰਵਨ ਕਰਜੋ ਜਬਿ ਅਪਨੇ ਭਵਨੂ॥੧੦॥

ਤੀਸਰਾ ਰਾਮਕੁਇਰ ਅਤੇ ਚੌਥਾ ਜਸਪਤੀ ਗਿਣ ਲਵੋ। ਸਿੱਖ ਸੰਗਤ ਇਨ੍ਹਾਂ ਨੂੰ ਆਦਰਯੋਗ ਮੰਨਦੀ ਸੀ। ਜਦ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਬਾਰੇ ਆਪਣੇ ਘਰ ਵਿਚ ਸੁਣਿਆ॥ ੧੦॥

ਸ੍ਰਾਧ ਕਰਾਵਤਿ ਤਤਛਿਨ ਛੋਰਾ। ਸ਼ੀਘ੍ਰ ਧਰਤਿ ਆਯਸਿ ਗੁਰ ਓਰਾ।
ਹਰਖਤਿ ਨਿਕਟ ਪਹੂਚਜੋ ਜਬੈ। ਭਾਉ ਸਮੇਤ ਪਰਖਿ ਕਰਿ ਤਬੈ॥ ੧੧॥

ਤਾਂ ਉਸ ਸਮੇਂ ਉਹ ਆਪਣੇ ਪਿਤਰਾਂ ਦੇ ਸਰਾਧ ਕਰਵਾ ਰਹੇ ਸਨ। ਸਰਾਧ ਨੂੰ ਵਿਚੇ ਛੱਡ ਕੇ ਉਹ ਕਾਹਲੀ ਕਰਕੇ ਗੁਰੂ ਗੋਬਿੰਦ ਸਿੰਘ ਵਲ ਆਏ। ਜਦ ਪ੍ਰਸੰਨ ਹੋ ਕੇ ਉਥੇ ਜਾ ਕੇ ਪਹੁੰਚੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਪ੍ਰੇਮ ਸਹਿਤ ਵੇਖਿਆ॥ ੧੧॥

ਸ੍ਰੀ ਗੁਰ ਗਰੇ ਲਾਇ ਕਰਿ ਮਿਲੇ। ਬੈਠੇ ਕੁਸ਼ਲ ਪ੍ਰਸ਼ਨ ਕਰਿ ਭਲੇ।
ਹਾਥਨਿ ਕੀ ਦਿਸ਼ਿ ਦ੍ਰਿਸ਼ਟਿ ਚਲਾਈ। ਬੂਝਜੋ 'ਅੰਗੁਰੀ ਮਹਿਂ ਕਯਾ ਪਾਈ ?' ॥੧੨॥

ਤਾਂ ਸਤਿਗੁਰੂ ਜੀ ਉਨ੍ਹਾਂ ਨੂੰ ਗਲੇ ਲਾ ਕੇ ਮਿਲੇ ਤੇ ਬੈਠ ਕੇ ਭਲੀ ਪ੍ਰਕਾਰ ਸੁਖ-ਸਾਂਦ ਪੁੱਛੀ। ਫਿਰ ਗੁਰੂ ਜੀ ਨੇ ਉਸ ਦੇ ਹੱਥ ਵੱਲ ਵੇਖਿਆ ਤੇ ਪੁੱਛਿਆ, "ਇਹ ਉਂਗਲੀ ਵਿਚ ਕੀ ਪਾਇਆ ਹੈ ?" ॥ ੧੨॥

ਨੰਮ੍ਰਿ ਹੋਇ ਕਰਿ ਕੌਲ ਕਹੰਤਾ। 'ਬੈਠਜੋ ਮੈਂ ਅਬਿ ਸ੍ਰਾਧ ਕਰੰਤਾ।
ਸੁਨਜੋਂ ਸ਼੍ਰਵਨ ਰਾਵਰਿ ਆਗਵਨੂ। ਉਠਜੋ ਭਵਨ ਸੰਭਾਰ ਨ ਕਵਨੂ॥੧੩॥

ਫਿਰ ਸਨਿਮਰ ਹੋ ਕੇ ਕੌਲ ਨੇ ਕਿਹਾ, "ਮੈਂ ਬੈਠ ਕੇ ਸਰਾਧ ਕਰਵਾ ਰਿਹਾ ਸੀ, ਜਦ ਆਪਣੇ ਕੰਨਾਂ ਨਾਲ ਆਪ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਸੇ ਵੇਲੇ ਉੱਠ ਪਿਆ ਤੇ ਕਿਸੇ ਪ੍ਰਕਾਰ ਦੀ ਸੰਭਾਲ ਨਹੀਂ ਰਹੀ ਹੈ॥ ੧੩॥

ਸ਼ੀਘ੍ਰ ਕਰਤਿ ਮਿਲਿਬੇ ਹਿਤ ਆਏ। ਕੁਸ਼ਾ ਪਵਿੱਤ੍ਰ ਅੰਗੁਰਨਿ ਪਾਏ।
ਨਹੀਂ ਨਿਕਾਰੇ ਕਰ ਮਹਿਂ ਰਹੇ। ਤੂਰਨ ਹੀ ਦਰਸ਼ਨ ਮਨ ਚਹੇ' ॥ ੧੪॥

ਛੇਤੀ ਕਰਕੇ ਮਿਲਣ ਵਾਸਤੇ ਆਇਆ ਹਾਂ, ਇਹ ਪਵਿੱਤਰ ਕੁਸ਼ਾ ਉਂਗਲੀ ਵਿਚ ਪਾਈ ਹੈ। ਮੈਂ ਇਸ ਨੂੰ ਉਤਾਰ ਨਹੀਂ ਸਕਿਆ ਹਾਂ, ਇਸ ਲਈ ਹੱਥ ਵਿਚ ਹੀ ਰਹੀ ਹੈ, ਤੁਰਤ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ' ॥ ੧੪॥

ਸੁਨਿ ਸ਼੍ਰੀ ਗੁਰ ਗੋਬਿੰਦ ਸਿੰਘ ਕਹਜੋ। 'ਇਹ ਤੁਮ ਕਹਾਂ ਕਰਨ ਕੋ ਚਹਜੋ।
ਸਤਿਗੁਰ ਰਾਮਦਾਸ ਜਿਸ ਬੰਸ। ਲੀਨਸਿ ਜਨਮ ਮਾਨਸਰ ਹੰਸ॥ ੧੫॥

ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਇਹ ਤੁਸੀਂ ਕੀ ਕਰਨਾ ਚਾਹਿਆ ਹੈ। ਸਤਿਗੁਰੂ ਰਾਮਦਾਸ ਜੀ ਦਾ ਜਿਹੜਾ ਵੰਸ਼ ਹੈ ਉਸ ਵਿਚ ਮਾਨਸਰੋਵਰ ਦਾ ਹੰਸਾਂ ਨੇ ਜਨਮ ਲਿਆ ਹੈ॥ ੧੫॥

ਸੰਕਜਾ ਪਿਤਰ ਛੁਧਿਤਿ ਹੀ ਰਹੇ। ਜਿਨਹੁ ਬਾਸ ਬੈਕੁੰਠਹਿ ਲਹੇ।
ਐਸੇ ਤ੍ਰਿਪਤ ਭਏ ਇਕ ਵਾਰੀ। ਬਹੁਰ ਨ ਚਹੈਂ ਅੰਨ ਅਰੁ ਬਾਰੀ'॥ ੧੬॥

ਹਾਲੇ ਤਕ ਤੁਹਾਨੂੰ ਇਹ ਸ਼ੰਕਾ ਹੈ ਕਿ ਪਿੱਤਰ ਭੁੱਖੇ ਹੀ ਰਹਿੰਦੇ ਹਨ, ਜਿਨ੍ਹਾਂ ਦਾ ਬੈਕੁੰਠ ਵਿਚ ਵਾਸਾ ਹੈ। ਐਸੇ ਪਿਤਰ ਤਾਂ ਇਕੋ ਵਾਰ ਤ੍ਰਿਪਤ ਹੋ ਜਾਂਦੇ ਹਨ, ਦੁਬਾਰਾ ਉਹ ਅੰਨ ਪਾਣੀ ਨਹੀਂ ਚਾਹੁੰਦੇ ਹਨ'॥ ੧੬॥

ਸੁਨੀ ਤਰਕ ਨਿਜ ਕ੍ਰਿਤਿ ਮਹਿੰ ਜਬੈ। ਉੱਤਰ ਕੋਲ ਬਖਾਨਜੋ ਤਬੈ।
'ਅਹੈ ਵਾਸਤਵ ਆਪ ਸੁਨਾਈ। ਤਊ ਸੁਨਹੁ ਜਿਮ ਹਮ ਲਖਿ ਪਾਈ॥ ੧੭॥

ਆਪਣੀ ਕ੍ਰਿਤ ਵਿਚ ਜਦ ਤਰਕ ਸੁਣੀ ਤਾਂ ਕੋਲ ਨੇ ਉੱਤਰ ਦਿੱਤਾ, "ਇਹ ਵਾਸਤਵ ਵਿਚ ਆਪ ਨੇ ਸੁਣਾਇਆ ਹੈ, ਫਿਰ ਵੀ ਉਸ ਤਰ੍ਹਾਂ ਵੀ ਸੁਣੋ ਜਿਵੇਂ ਅਸੀਂ ਜਾਣਿਆ ਹੈ॥ ੧੭॥

ਸ਼੍ਰੀ ਬਾਬਾ ਨਾਨਕ ਅਵਤਾਰਾ। ਨਰਨਿ ਉਧਾਰੇ ਜਿਨਹੁੰ ਨ ਪਾਰਾ।
ਅੰਤ ਸਮੈਂ ਸਪਤਮਿ ਦਿਨ ਮਾਂਹੀ। ਚਹਜੋ ਗਮਨ ਪਰਲੋਕ ਤਹਾਂ ਹੀ॥ ੧੮॥

ਸ੍ਰੀ ਬਾਬਾ ਨਾਨਕ ਜੀ ਅਵਤਾਰ ਹੋਏ ਹਨ, ਜਿਨ੍ਹਾਂ ਨੇ ਬਹੁਤ ਮਨੁੱਖਾਂ ਦਾ ਉਧਾਰ ਕਰਕੇ ਭਵਜਲ ਤੋਂ ਪਾਰ ਕੀਤੇ ਹਨ। ਅੰਤ ਸਮੇਂ ਸਤਾਂ ਦਿਨਾਂ ਵਿਚ ਉਨ੍ਹਾਂ ਨੇ ਪਰਲੋਕ ਜਾਣਾ ਚਾਹਿਆ ਹੈ॥ ੧੮॥

ਸਿਰੀ ਚੰਦ ਕੀ ਜਨਨੀ ਆਈ। ਨੰਮ੍ਰਿ ਬਿਨੈ ਜੁਤਿ ਗਿਰਾ ਅਲਾਈ।
'ਪ੍ਰਾਤ ਅਸ਼ਟਮੀ ਥਿਤ ਸੁਨਿਯੰਤ। ਤੁਮ ਪਿਤ ਕੋ ਸਰਾਧ ਕਰਿਯੰਤਿ॥ ੧੯॥

ਫਿਰ ਸਿਰੀ ਚੰਦ ਦੇ ਮਾਤਾ ਜੀ ਆਏ, ਸਨਿਮਰ ਬੇਨਤੀ ਸਹਿਤ ਉਨ੍ਹਾਂ ਨੇ ਕਿਹਾ, "ਸਵੇਰ ਨੂੰ ਅਸ਼ਟਮੀ ਥਿਤ ਸੁਣੀ ਹੈ, ਉਸ ਦਿਨ ਤੁਸੀਂ ਆਪਣੇ ਪਿਤਾ ਜੀ ਦਾ ਸਰਾਧ ਕਰਵਾਉਂਦੇ ਹੋ॥ ੧੯॥

ਜੇ ਪਰਲੋਕ ਪਧਾਰਹੁ ਆਜ। ਤੌ ਨ ਹੋਇ ਹੈ ਸ਼੍ਰਾਧ ਸਮਾਜ।
ਭਲੀ ਬਾਤ ਰਹਿਯਹਿ ਭੁਨਸਾਰਾ। ਪਿਤ ਕੋ ਸ਼੍ਰਾਧ ਕਰਹੁ ਸਭਿ ਕਾਰਾ॥ ੨੦॥

ਜੇ ਅੱਜ ਹੀ ਪਰਲੋਕ ਚਲੇ ਜਾਵੋਗੇ ਤਾਂ ਅੱਜ ਸਰਾਧ ਸਮਾਜ ਨਹੀਂ ਹੋ ਸਕੇਗਾ। ਚੰਗੀ ਗੱਲ ਹੈ ਕਿ ਸਵੇਰ ਤਕ ਰਹੋ ਤੇ ਪਿਤਾ ਜੀ ਦੇ ਸਰਾਧ ਵਾਸਤੇ ਸਾਰਾ ਕਾਰਜ ਕਰੋ॥ ੨੦॥

ਪੁਨ ਨੌਮੀ ਕੈ ਦਸਮੀ ਦਿਨ ਮਹਿਂ। ਕਰਹੁ ਆਪ ਜਿਮ ਬਾਂਛਹੁ ਮਨ ਮਹਿਂ।
ਚੋਣੀ ਬਾਤ ਨੀਕ ਮਨ ਭਾਈ। ਸੋਜ ਸਮਾਵਨ ਕੀ ਉਠਿਵਾਈ॥ ੨੧॥

ਫਿਰ ਨੌਮੀ ਜਾਂ ਦਸਵੀਂ ਵਾਲੇ ਦਿਨ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਪ੍ਰਕਾਰ ਕਰੋ।" ਸਤਿਗੁਰੂ ਨਾਨਕ ਦੇਵ ਜੀ ਨੂੰ ਚੋਣੀ ਦੀ ਗੱਲ ਚੰਗੀ ਲੱਗੀ ਤੇ ਸਤਿਗੁਰੂ ਜੀ ਨੇ ਫਿਰ ਪਰਲੋਕ ਸਮਾ ਜਾਣ ਵਾਲੀ ਸਾਰੀ ਸਮੱਗਰੀ ਚੁਕਵਾ ਦਿੱਤੀ॥ ੨੧॥

ਰਹੇ ਸਪਤਮੀ ਦਿਵਸ ਬਿਤਾਯੋ। ਅਸ਼ਟਮਿ ਥਿਤੀ ਸ਼੍ਰਾਧ ਕਰਿਵਾਯੋ।
ਭੋਜਨ ਊਚ ਨੀਚ ਕੋ ਦਿਯੋ। ਮਹਾਂ ਜੱਗ ਸ਼੍ਰੀ ਨਾਨਕ ਕਿਯੋ॥ ੨੨॥

ਸਤਵੀਂ ਵਾਲਾ ਦਿਨ ਰਹਿ ਕੇ ਬਤੀਤ ਕੀਤਾ ਤੇ ਅਸ਼ਟਮੀ ਵਾਲੇ ਦਿਨ ਸਰਾਧ ਕਰਵਾਇਆ। ਗਰੀਬਾਂ ਅਮੀਰਾਂ ਨੂੰ ਭੋਜਨ ਦਿੱਤਾ, ਸਤਿਗੁਰੂ ਨਾਨਕ ਦੇਵ ਜੀ ਨੇ ਮਹਾਂ ਜੱਗ ਕੀਤਾ॥ ੨੨॥

ਪੁਨ ਨੌਮੀ ਕੇ ਦਿਨ ਭੀ ਰਹੇ। ਦਸਮੀ ਕੋ ਪ੍ਰਲੋਕ ਪ੍ਰਭੁ ਲਹੇ।
ਜੋ ਬਾਬੇ ਨਾਨਕ ਕ੍ਰਿਤ ਕੀਨੀ। ਹਮ ਤੁਮ ਕੋ ਚਹਿਯਤਿ ਸੋ ਚੀਨੀ॥ ੨੩॥

ਫਿਰ ਨੌਮੀ ਵਾਲੇ ਦਿਨ ਵੀ ਰਹੇ ਤੇ ਦਸਮੀ ਵਾਲੇ ਦਿਨ ਸਤਿਗੁਰੂ ਜੀ ਪਰਲੋਕ ਗਏ। ਜਿਹੜੀ ਬਾਬੇ ਨਾਨਕ ਜੀ ਨੇ ਕ੍ਰਿਤ ਕੀਤੀ ਹੈ, ਸਾਨੂੰ ਤੁਹਾਨੂੰ ਉਸ ਨੂੰ ਪਛਾਣਨਾ ਚਾਹੀਦਾ ਹੈ॥ ੨੩॥

ਤਿਮ ਹੀ ਕਰਿਬੋ ਬਨਹਿ ਬਿਚਾਰੋ। ਤਿਸ ਮਹਿਂ ਤਰਕ ਨ ਤਨਕ ਉਚਾਰੋ।
ਸੁਨਿ ਸ੍ਰੀ ਗੋਬਿੰਦ ਸਿੰਘ ਪ੍ਰਮਾਨਾ। ਮਾਨ ਲੀਨ ਮਨ ਪੁਨਹਿਂ ਬਖਾਨਾ॥ ੨੪॥

ਉਸ ਪ੍ਰਕਾਰ ਹੀ ਕਰਨਾ ਬਣਦਾ ਹੈ, ਇਹ ਵਿਚਾਰ ਕਰੋ, ਉਸ ਵਿਚ ਮਾੜਾ ਜੇਹਾ ਵੀ ਤਰਕ ਨਾ ਉਚਾਰਨ ਕਰੋ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਮਾਣ ਸੁਣ ਕੇ ਮਨ ਵਿਚ ਮੰਨ ਲਿਆ, ਫਿਰ ਬਚਨ ਕੀਤੇ॥ ੨੪॥

'ਗੁਰ ਕੋ ਬੰਸ ਬਡੋ ਜਗ ਮਾਂਹੀ। ਚਹੀਅਹਿ ਰਖਨ ਮ੍ਰਿਜਾਦਾ ਤਾਂਹੀ।
ਤੁਮ ਕੋ ਹੇਰਿ ਅਪਰ ਨਰ ਕਰੈਂ। ਯਾਂਤੇ ਬਡੇ ਮ੍ਰਿਜਾਦਾ ਧਰੈਂ॥ ੨੫॥

"ਗੁਰੂ ਜੀ ਦਾ ਵੰਸ਼ ਜਗਤ ਵਿਚ ਬਹੁਤ ਵੱਡਾ ਹੈ, ਇਸ ਦੀ ਮਰਯਾਦਾ ਰੱਖਣੀ ਚਾਹੀਦੀ ਹੈ। ਤੁਹਾਨੂੰ ਵੇਖ ਕੇ ਹੋਰ ਮਨੁੱਖ ਵੀ ਇਸ ਤਰ੍ਹਾਂ ਕਰਨਗੇ, ਇਸ ਕਰਕੇ ਵੱਡੇ ਮਰਯਾਦਾ ਧਾਰਨਗੇ" ॥ ੨੫॥

*ਨੋਟ :- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਸੰਗ ਹਿੰਦਾਲੀਆਂ ਨੇ ਮਨਘੜਤ ਬਣਾਇਆ ਹੈ, ਪੁਰਾਤਨ ਜਨਮ ਸਾਖੀ ਵਿਚ ਇਹ ਪ੍ਰਸੰਗ ਨਹੀਂ ਹੈ। ਬਾਬੇ ਕਾਲੂ ਜੀ ਨੂੰ ਸਰਾਧ ਕਰਨ ਤੋਂ ਆਪ ਗੁਰੂ ਨਾਨਕ ਦੇਵ ਜੀ ਨੇ ਰੋਕਿਆ ਸੀ। ਆਪ ਜੀ ਕਦੀ ਵੀ ਸਰਾਧ ਨਹੀਂ ਕਰਵਾਉਂਦੇ ਸਨ।*

ਇੱਤਜਾਦਿਕ ਕਰਿ ਬਾਕ ਬਿਲਾਸਾ। ਡੇਰਾ ਉਤਰਾਯੋ ਪ੍ਰਭੁ ਪਾਸਾ।
ਬਹੁਰ ਅਨੰਦਪੁਰੇ ਕੋ ਜੰਗ। ਕਿਤਿਕ ਸੁਨਾਵਨ ਕਰੇ ਪ੍ਰਸੰਗ॥ ੨੬॥

ਇਸ ਪ੍ਰਕਾਰ ਬਾਬੇ ਕੋਲ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਬਿਲਾਸ ਕੀਤਾ। ਸਤਿਗੁਰੂ ਜੀ ਦਾ ਡੇਰਾ ਆਪਣੇ ਪਾਸ ਉਤਾਰਿਆ। ਫਿਰ ਅਨੰਦਪੁਰ ਦੀ ਜੰਗ ਦੇ ਕਈ ਪ੍ਰਸੰਗ ਸੁਣਾਏ॥ ੨੬॥

ਸੇਵਾ ਸਭਿ ਸੋਢੀਨਿ ਕਰਾਈ। ਤ੍ਰਿਣ ਦਾਨਾ ਦੇ ਕਰਿ ਸਮੁਦਾਈ।
ਭਲੀ ਪ੍ਰਕਾਰ ਅਹਾਰ ਕਰਾਏ। ਬੈਠੇ ਬਹੁਰ ਪ੍ਰਸੰਗ ਚਲਾਏ॥ ੨੭॥

ਸਾਰੇ ਸੋਢੀਆਂ ਨੇ ਸੇਵਾ ਕੀਤੀ, ਸਾਰਿਆਂ ਨੇ ਘੋੜਿਆਂ ਵਾਸਤੇ ਘਾਹ ਅਤੇ ਦਾਣੇ ਦਿੱਤੇ। ਭਲੀ ਪ੍ਰਕਾਰ ਭੋਜਨ ਛਕਾਏ, ਬਾਅਦ ਵਿਚ ਬੈਠ ਕੇ ਪ੍ਰਸੰਗ ਚਲਾਏ॥ ੨੭॥

'ਤੁਮ ਕੋ ਮਿਲਯੋ ਕਪੂਰਾ ਕੈ ਨਹਿਂ। ਸੇਵਾ ਕਰੀ ਕਿ ਨਹਿਂ ਸ਼ਰਧਾ ਲਹਿ'।
ਸੁਨਿ ਸ੍ਰੀ ਗੁਰ ਤਤਕਾਲ ਉਚਾਰੀ। 'ਹਮਹੁ ਕਪੂਰੇ ਜੜ੍ਹਾਂ ਉਖਾਰੀ॥ ੨੮॥

"ਤੁਹਾਨੂੰ ਕਪੂਰਾ ਮਿਲਿਆ ਹੈ ਕਿ ਨਹੀਂ, ਉਸ ਨੇ ਸ਼ਰਧਾ ਧਾਰ ਕੇ ਸੇਵਾ ਕੀਤੀ ਹੈ ਕਿ ਨਹੀਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਕਹਿ ਦਿੱਤਾ, "ਅਸੀਂ ਕਪੂਰੇ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਹਨ॥ ੨੮॥

ਰਹਨ ਨ ਪਾਇ ਬਿਨਾਸੀ ਹੋਇ। ਬਾਕ ਨ ਮਾਨਜੋਂ ਮਹਿਮਾ ਜੋਇ।
ਸੁਨਤਿ ਕੋਲ ਕੇ ਛੋਭ ਬਿਸਾਲਾ। ਨਿਜ ਸਿਖ ਲਖਿ ਬੋਲਯੋ ਤਤਕਾਲਾ॥ ੨੯॥

ਉਹ ਰਹਿ ਨਹੀਂ ਸਕੇਗਾ, ਖਤਮ ਹੋ ਜਾਵੇਗਾ, ਉਸ ਨੇ ਸਾਡਾ ਬਚਨ ਨਹੀਂ ਮੰਨਿਆ, ਜਿਨ੍ਹਾਂ ਦੀ ਏਨੀ ਮਹਿਮਾ ਹੈ।'' ਇਹ ਸੁਣ ਕੇ ਕੌਲ ਨੂੰ ਬਹੁਤ ਅਫਸੋਸ ਹੋਇਆ, ਪਰ ਆਪਣਾ ਸਿੱਖ ਸਮਝ ਕੇ ਤੁਰਤ ਬੋਲਿਆ॥ ੨੯॥

'ਜਰਾਂ ਕਪੂਰੇ ਕੀ ਦ੍ਰਿਢ ਭਾਰੀ। ਹਮ ਨੈ ਰਾਖੀ ਪੇਟ ਮਝਾਰੀ।
ਮੋਹਿ ਪੇਟ ਕੋ ਪਾੜਹਿ ਜੋਇ। ਤਿਸਕੀ ਜੜ੍ਹਾ ਉਖਾਰੇ ਸੋਇ'॥ ੩੦॥

''ਕਪੂਰੇ ਦੀਆਂ ਜੜ੍ਹਾਂ ਬਹੁਤ ਪੱਕੀਆਂ ਹਨ, ਅਸੀਂ ਇਨ੍ਹਾਂ ਨੂੰ ਆਪਣੇ ਪੇਟ ਵਿਚ ਰੱਖਿਆ ਹੋਇਆ ਹੈ। ਮੇਰੇ ਪੇਟ ਨੂੰ ਜਿਹੜਾ ਪਾੜੇਗਾ, ਉਸ ਦੀਆਂ ਜੜ੍ਹਾਂ ਉਹੋ ਉਖਾੜੇਗਾ''॥ ੩੦॥

ਸੁਨਤਿ ਸ਼ੀਘ੍ਰ ਹੀ ਕੌਲ ਮਤੇ ਕੋ। ਸ੍ਰੀ ਗੁਰ ਉੱਤਰ ਦਯੋ ਪਤੇ ਕੋ।
'ਪਾੜਹਿ ਜਬਿ ਹੂੰ ਪੇਟ ਤੁਹਾਰੋ। ਤਬਿ ਤੁਮ ਹੀ ਤਿਹ ਜਰਾਂ ਉਖਾਰੋ॥ ੩੧॥

ਕੌਲ ਦੀ ਇਸ ਪ੍ਰਕਾਰ ਦੀ ਗੱਲ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਉਸਦਾ ਯੋਗ ਉੱਤਰ ਦਿੱਤਾ, ''ਜਦ ਉਹ ਤੁਹਾਡਾ ਪੇਟ ਪਾੜੇਗਾ, ਤਦ ਤੁਸੀਂ ਆਪ ਹੀ ਉਸ ਦੀਆਂ ਜੜ੍ਹਾਂ ਉਖਾੜੋਗੇ॥ ੩੧॥

ਜਿਸ ਰੱਛਾ ਹਿਤ ਜਤਨ ਬਨਾਵਹੁ। ਤਿਸ ਕੋ ਨਾਸ਼ ਕਰਤਿ ਉਤਲਾਵਹੁ।
ਸੁਨਤਿ ਕੌਲ ਸ੍ਰਾਪਹਿ ਬਿਸਮਾਯੋ। 'ਭਯੋ ਮੋਹਿ ਭੀ ਭਲੋ ਬਚਾਯੋ'॥ ੩੨॥

ਜਿਸ ਦੀ ਰੱਖਿਆ ਵਾਸਤੇ ਯਤਨ ਬਣਾਉਂਦੇ ਹੋ, ਉਸ ਦਾ ਛੇਤੀ ਹੀ ਨਾਸ਼ ਕਰੋਗੇ।'' ਕੌਲ ਸਰਾਪ ਸੁਣ ਕੇ ਬਹੁਤ ਹੈਰਾਨ ਹੋਇਆ, ''ਕਪੂਰੇ ਨੂੰ ਭਲਾ ਬਚਾਇਆ ਹੈ, ਸਗੋਂ ਮੈਨੂੰ ਵੀ ਸਰਾਪ ਹੋ ਗਿਆ ਹੈ''॥ ੩੨॥

ਨਹਿਂ ਸਨਮੁਖ ਪੁਨ ਕਛੂ ਉਚਾਰਾ। ਭੀਮ ਸ੍ਰਾਪ ਤੇ ਡਰ ਉਰ ਧਾਰਾ।
ਸੋਚਤਿ ਗਯੋ ਆਪਨੇ ਭਵਨੂ। 'ਬਾਕ ਨ ਮਿਟਹਿ ਬਨਹਿ ਬਿਧਿ ਕਵਨੂ॥ ੩੩॥

ਫਿਰ ਗੁਰੂ ਜੀ ਦੇ ਸਾਹਮਣੇ ਕੁਝ ਵੀ ਉਚਾਰਨ ਨਾ ਕੀਤਾ, ਵੱਡੇ ਸਰਾਪ ਕਰਕੇ ਹਿਰਦੇ ਵਿਚ ਡਰ ਧਾਰਨ ਕੀਤਾ। ਸੋਚਦਾ ਹੋਇਆ ਆਪਣੇ ਕਮਰੇ ਵਿਚ ਚਲਾ ਗਿਆ। ''ਇਨ੍ਹਾਂ ਦਾ ਬਚਨ ਨਹੀਂ ਮਿਟੇਗਾ, ਹੁਣ ਕਿਹੜੀ ਵਿਧੀ ਬਣੇਗੀ॥ ੩੩॥

ਮੋਹਿ ਪੇਟ ਕੋ ਸੋ ਕਿਮ ਫਾਰਹਿ'। ਇੱਤਜਾਦਿਕ ਬਹੁ ਗਟੀ ਬਿਚਾਰਹਿ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੋਚ ਸ਼ਨਾਨ ਪ੍ਰਾਤਿ ਹੁਇ ਆਈ॥ ੩੪॥

ਮੇਰੇ ਪੇਟ ਨੂੰ ਉਹ ਕਿਵੇਂ ਪਾੜੇਗਾ।'' ਇਸ ਪ੍ਰਕਾਰ ਕਈ ਗਟੀਆਂ ਵਿਚਾਰਦਾ ਸੀ। ਸਤਿਗੁਰੂ ਜੀ ਨੇ ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਫਿਰ ਸਵੇਰੇ ਸਵੱਖਤੇ ਉੱਠ ਕੇ ਸੋਚ ਇਸ਼ਨਾਨ ਕੀਤਾ॥ ੩੪॥

ਬਹੁਰ ਕੌਲ ਪੋਸ਼ਿਸ਼ ਕਰਿ ਤਯਾਰੀ। ਸੂਖਮ ਸੇਤ ਬਸਤ੍ਰ ਮੁਲ ਭਾਰੀ।
ਲੇ ਕਰਿ ਚਲਿ ਆਯੋ ਚਿਤ ਚਿੰਤਾ। ਬੈਠਯੋ ਨਿਕਟਿ ਹੋਇ ਭਗਵੰਤਾ॥ ੩੫॥

ਫਿਰ ਕੌਲ ਨੇ ਪੁਸ਼ਾਕਾ ਤਿਆਰ ਕਰਵਾਇਆ ਤੇ ਕੋਮਲ ਸਫੇਦ ਕੀਮਤੀ ਵਸਤਰ ਲੈ ਕੇ ਆਇਆ। ਚਿਤ ਵਿਚ ਚਿੰਤਾ ਧਾਰ ਕੇ ਲੈ ਕੇ ਆਇਆ ਤੇ ਸਤਿਗੁਰੂ ਜੀ ਦੇ ਪਾਸ ਹੋ ਕੇ ਬੈਠ ਗਿਆ॥ ੩੫॥

ਅਰਪਨ ਕਰੇ ਬਸਤ੍ਰ ਬਚ ਭਾਖੇ। 'ਅਬਿ ਨੀਲਾਂਬਰ ਕੋ ਨਹਿਂ ਰਾਖੋ।
ਬਿਸਦ ਪਹਿਰ ਕਰਿ ਭਲੇ ਸੁਹਾਵੋ। ਪੂਰਬਲੀ ਰੀਤਿਨਿ ਬਿਸਰਾਵੋ'॥ ੩੬॥

ਵਸਤਰ ਅਰਪਣ ਕਰਕੇ ਗੁਰੂ ਜੀ ਨੂੰ ਕਿਹਾ, ''ਹੁਣ ਨੀਲਾ ਬਾਣਾ ਨਾ ਰੱਖੋ, ਸਫੇਦ ਵਸਤਰ ਪਹਿਣ ਕੇ ਭਲੀ ਪ੍ਰਕਾਰ ਸ਼ੋਭਾ ਪਾਵੋ, ਪਿਛਲੀਆਂ ਰੀਤੀਆਂ ਛੱਡ ਦੇਵੋ''॥ ੩੬॥

ਸ੍ਰੀ ਮੁਖ ਬੋਲੇ 'ਕਹਜੋ ਤੁਹਾਰੋ। ਹਮ ਨਹਿੰ ਪਲਟਤਿ ਰਿਦੇ ਬਿਚਾਰੋ।
ਲੇ ਕਰਿ ਪਹਿਰੇ ਸਰਬ ਸਰੀਰ। ਕਰੇ ਉਤਾਰਨਿ ਨੀਲੇ ਚੀਰ॥ ੩੭॥

ਸਤਿਗੁਰੂ ਜੀ ਮੁੱਖ ਤੋਂ ਬੋਲੇ, "ਤੁਹਾਡਾ ਕਿਹਾ ਅਸੀਂ ਮੋੜਦੇ ਨਹੀਂ, ਹਿਰਦੇ ਵਿਚ ਵਿਚਾਰ ਕਰੋ।" ਨਵੇਂ ਕਪੜੇ ਲੈ ਕੇ ਸਾਰੇ ਸਰੀਰ ਉੱਪਰ ਧਾਰਨ ਕੀਤੇ ਅਤੇ ਨੀਲੇ ਕੱਪੜੇ ਉਤਾਰ ਦਿੱਤੇ॥ ੩੭॥

ਬੈਠੇ ਬਹੁਰ ਤਿਸੀ ਅਸਥਾਨ। ਕੇਤਿਕ ਸਿੰਘਨਿ ਲਗਜੋ ਦਿਵਾਨ।
ਕੋਲ ਪੁੱਤ੍ਰ ਪੋਤੇ ਜੁਤਿ ਸਬੈ। ਪੁਰਿ ਜਨ ਗਨ ਅਵਿਲੋਕਹਿੰ ਤਬੈ॥ ੩੮॥

ਫਿਰ ਉਸੇ ਸਥਾਨ ਉੱਪਰ ਬੈਠ ਗਏ, ਕਈ ਸਿੰਘਾਂ ਦਾ ਦੀਵਾਨ ਲੱਗਾ ਸੀ। ਕੋਲ ਪੁੱਤਰ ਪੋਤਰਿਆਂ ਸਹਿਤ ਬੈਠਾ ਸੀ, ਕਈ ਪਿੰਡ ਦੇ ਲੋਕ ਵੀ ਉਸ ਸਮੇਂ ਵੇਖ ਰਹੇ ਸਨ॥ ੩੮॥

ਜੁਲਤਿ ਅੰਗੀਠਾ ਅਗਨਿ ਅਗਾਰੀ। ਨੀਲਾਂਬਰ ਲੇ ਹਾਥ ਮਝਾਰੀ।
ਲੀਰ ਪਾੜ ਕਰਿ ਤਿਸ ਤੇ ਸਤਿਗੁਰ। ਸ੍ਰੀ ਮੁਖ ਤੇ ਤੁਕ ਏਵ ਉਚਰਿ ਕਰਿ॥ ੩੯॥

ਗੁਰੂ ਜੀ ਦੇ ਅੱਗੇ ਅੰਗੀਠੀ ਵਿਚ ਅੱਗ ਬਲ ਰਹੀ ਸੀ। ਗੁਰੂ ਜੀ ਨੇ ਨੀਲੇ ਬਾਣੇ ਨੂੰ ਆਪਣੇ ਹੱਥ ਵਿਚ ਲਿਆ। ਉਸ ਬਾਣੇ ਵਿਚੋਂ ਇਕ ਲੀਰ ਪਾੜ ਕੇ ਸਤਿਗੁਰੂ ਜੀ ਨੇ ਮੁਖ ਤੋਂ ਇਸ ਪ੍ਰਕਾਰ ਤੁਕ ਉਚਾਰਨ ਕੀਤੀ॥ ੩੯॥

ਛੰਦ-'ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਇਆ'।
ਪਠਿ ਕਰਿ ਤਤਛਿਨ ਲੀਰ ਜੁ ਕਰ ਮਹਿੰ ਅਗਨਿ ਬਿਖੈ ਪਟ ਡਾਰਿ ਦਯਾ।
ਪੁਨਹਿ ਪਾੜ ਕਰਿ ਤਿਮਹੀ ਪਠਿ ਕਰਿ ਪਾਵਕ ਪਾਵਤਿ ਛਾਰ ਕਇਆ।
ਚੀਰਤਿ ਚੀਰ ਕਰਤਿ ਲਘੁ ਲਘੁ ਕੋ ਅਚਰਜ ਸਭਿ ਕੇ ਰਿਦੇ ਭਇਆ॥ ੪੦॥

"ਨੀਲੇ ਵਸਤਰ ਲੈ ਕੇ ਕੱਪੜੇ ਫਾੜ ਦਿੱਤੇ ਤਾਂ ਤੁਰਕ ਪਠਾਣੀ ਅਮਲ ਜਾਂਦਾ ਰਿਹਾ" ਇਹ ਤੁਕ ਪੜ੍ਹ ਕੇ ਉਹ ਲੀਰ ਜਿਹੜੀ ਹੱਥ ਵਿਚ ਫੜੀ ਸੀ, ਉਹ ਅੱਗ ਵਿਚ ਸੁੱਟ ਦਿੱਤੀ। ਫਿਰ ਹੋਰ ਲੀਰ ਪਾੜ ਕੇ ਪਹਿਲਾਂ ਵਾਂਗ ਹੀ ਤੁਕ ਪੜ੍ਹ ਕੇ ਅੱਗ ਵਿਚ ਪਾ ਕੇ ਸਾੜ ਦਿੱਤੀ। ਫਿਰ ਸਾਰੇ ਕੱਪੜੇ ਨੂੰ ਲੀਰੋ-ਲੀਰ ਕਰਕੇ ਤੇ ਛੋਟੀਆਂ-ਛੋਟੀਆਂ ਕਰਕੇ ਅੱਗ ਵਿਚ ਸੁੱਟ ਦਿੱਤੀਆਂ। ਸਾਰੇ ਇਹ ਵੇਖ ਕੇ ਆਪਣੇ ਦਿਲ ਵਿਚ ਬਹੁਤ ਹੈਰਾਨ ਹੋਏ॥ ੪੦॥

ਸੁਨਤਿ ਬਚਨ ਅਰੁ ਕ੍ਰਿਆ ਬਿਲੋਕਤਿ ਉਰ ਸੰਸੈ ਜੁਤਿ ਕੋਲ ਭਇਆ।
ਬਿਪ੍ਰੀ ਤੁਕ ਕੋ ਪਠਿ ਪਠਿ ਸ੍ਰੀ ਮੁਖ ਪਾਰਿ ਪਾਰਿ ਪਟ ਜਾਰ ਦਇਆ।
ਸਗਲੋ ਫੂਕ ਚੁਕੇ ਨੀਲਾਂਬਰ ਤਨਕ ਤਿਸੀ ਤੇ ਰਾਖ ਲਇਆ।
ਜਮਧਰ ਸੰਗ ਬੰਧਿ ਕਰਿ ਸੋਊ ਪੰਥ ਬੇਖ ਹਿਤ ਸਭਿ ਨ ਛਇਆ॥ ੪੧॥

ਬਚਨ ਸੁਣ ਕੇ ਅਤੇ ਸਾਰੀ ਕ੍ਰਿਆ ਵੇਖ ਕੇ ਕੋਲ ਦਾ ਹਿਰਦਾ ਸ਼ੰਕਾ ਸਹਿਤ ਹੋ ਗਿਆ। ਸਤਿਗੁਰੂ ਜੀ ਨੇ ਮੁਖ ਤੋਂ ਤੁਕ ਨੂੰ ਪੜ੍ਹ ਪੜ੍ਹ ਕੇ ਤੇ ਸਾਰੇ ਕੱਪੜੇ ਨੂੰ ਸਾੜ ਦਿੱਤਾ। ਜਦ ਸਾਰਾ ਨੀਲਾ ਵਸਤਰ ਫੂਕ ਦਿੱਤਾ ਤਾਂ ਥੋੜਾ ਜੇਹਾ ਉਸ ਵਿਚੋਂ ਰੱਖ ਲਿਆ। ਉਸ ਨੂੰ ਕਟਾਰ ਨਾਲ ਬੰਨ੍ਹ ਕੇ ਪੰਥ ਦੇ ਭੇਖ ਵਾਸਤੇ ਰੱਖ ਲਿਆ ਤੇ ਸਾਰਾ ਕੱਪੜਾ ਨਾਸ਼ ਨਾ ਕੀਤਾ॥ ੪੧॥

ਚੌਪਈ- ਕਹਤਿ ਕੋਲ 'ਮਮ ਉਰ ਸੰਦੇਹੂ। ਬਿਪ੍ਰੀ ਪਠੀ ਆਪ ਤੁਕ ਏਹੂ।
ਸ੍ਰੀ ਨਾਨਕ ਕੋ ਬਾਕ ਅਮੇਟ। ਕੋਇ ਨ ਮੋਰਹਿ ਮਹਾਂ ਸਹੇਟ॥ ੪੨॥

ਇਹ ਵੇਖ ਕੇ ਕੋਲ ਨੇ ਕਿਹਾ, "ਮੇਰੇ ਦਿਲ ਵਿਚ ਇਹ ਸ਼ੰਕਾ ਹੈ, ਤੁਸੀਂ ਇਹ ਤੁਕ ਉਲਟੀ ਪੜ੍ਹੀ ਹੈ, ਗੁਰੂ ਨਾਨਕ ਦੇਵ ਜੀ ਦੇ ਬਚਨ ਅਮਿਟ ਹਨ, ਕੋਈ ਵੀ ਨਹੀਂ ਮੋੜ ਸਕਦਾ ਇਹ ਬੜੀ ਔਖੀ ਗੱਲ ਹੈ॥ ੪੨॥

ਬਿੱਪ੍ਰ ਪਠੇ ਚਾਰਹੂੰ ਬਰਣ। ਸ੍ਰੀ ਹਰਿ ਰਾਇ ਸੁਨੇ ਜਬਿ ਕਰਣ।
ਰਾਮ ਰਾਇ ਕੋ ਤਜਾਗਜੋ ਐਸੇ। ਨਿਜ ਮੁਖ ਲਗਨ ਨ ਦੀਨਸਿ ਕੈਸੇ॥੪੩॥

ਚਾਰ ਅੱਖਰ ਉਲਟੇ ਪੜ੍ਹੇ ਹਨ, ਜੇ ਸਤਿਗੁਰੂ ਹਰਿ ਰਾਇ ਜੀ ਨੇ ਐਸੇ ਉਲਟ ਅੱਖਰ ਸੁਣ ਕੇ ਰਾਮ ਰਾਇ ਨੂੰ ਤਿਆਗ ਦਿੱਤਾ ਸੀ ਤਾਂ ਇਹ ਉਲਟੇ ਅੱਖਰ ਤੁਸੀਂ ਆਪਣੇ ਮੂੰਹ ਨੂੰ ਕਿਵੇਂ ਲੱਗਣ ਦਿੱਤੇ ਹਨ॥ ੪੩॥

ਨਹਿਂ ਬੈਠਾਇਸਿ ਗੁਰਤਾ ਗਾਦੀ। ਸ੍ਰੀ ਹਰਿ ਕ੍ਰਿਸ਼ਨ ਭਏ ਅਹਿਲਾਦੀ।
ਤੁਮ ਨੇ ਸਗਰੀ ਤੁਕ ਉਲਟਾਈ। ਇਮ ਅਨੁਚਿਤ ਹਮ ਸਹਿ ਨ ਸਕਾਈ॥੪੪॥

ਗੁਰੂ ਹਰਿਰਾਇ ਜੀ ਨੇ ਤਾਂ ਰਾਮ ਰਾਇ ਨੂੰ ਗੁਰਤਾ ਦੀ ਗੱਦੀ ਉੱਪਰ ਨਹੀਂ ਜੀ ਬਹਿਣ ਦਿੱਤਾ, ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਬਖਸ਼ੀ ਸੀ। ਤੁਸੀਂ ਤਾਂ ਸਾਰੀਆਂ ਤੁਕਾਂ ਉਲਟਾ ਦਿੱਤੀਆਂ ਹਨ, ਇਸ ਪ੍ਰਕਾਰ ਅਨਉਚਿਤ ਅਸੀਂ ਬਰਦਾਸ਼ਤ ਨਹੀਂ ਕਰ ਸਕੇ ਹਾਂ'॥ ੪੪॥

ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ। 'ਰਾਮਰਾਇ ਕਹਿਬੋ ਜਗ ਜਾਨਾ।
ਕਰਨ ਤੁਰਕੜੇ ਹੇਤੁ ਖੁਸ਼ਾਮਦ। ਹਰਖਾਵਨ ਜਿਸ ਤੇ ਬਹੁ ਆਮਦ॥੪੫॥

ਇਹ ਸੁਣ ਕੇ ਕਿਰਪਾ ਨਿਧਾਨ ਗੁਰੂ ਜੀ ਨੇ ਕਿਹਾ, 'ਰਾਮ ਰਾਇ ਨੇ ਜੋ ਕਿਹਾ ਸੀ, ਉਸ ਨੂੰ ਸਾਰਾ ਜਗ ਜਾਣਦਾ ਹੈ। ਉਸ ਤਾਂ ਤੁਰਕ ਬਾਦਸ਼ਾਹ ਦੀ ਖੁਸ਼ਾਮਦ ਕਰਨ ਵਾਸਤੇ ਕਿਹਾ ਸੀ, ਉਸ ਨੂੰ ਪ੍ਰਸੰਨ ਕਰਨਾ ਚਾਹੁੰਦਾ ਸੀ, ਜਿਸ ਕਰਕੇ ਬਹੁਤ ਧਨ ਪ੍ਰਾਪਤ ਹੁੰਦਾ ਸੀ॥ ੪੫॥

ਸਤਿਗੁਰ ਕੀ ਤੁਕ ਤਿਨ ਉਲਟਾਈ। ਭਈ ਸਜ਼ਾਇ ਨ ਗੁਰਤਾ ਪਾਈ।
ਹਮ ਤੇ ਇਸ ਤੁਕ ਹਿਤ ਉਲਟਾਵਨ। ਸਕਲ ਸਮਿੱਗ੍ਰੀ ਕੀਨਿ ਲੁਟਾਵਨ॥੪੬॥

ਸਤਿਗੁਰੂ ਜੀ ਦੀ ਤੁਕ ਉਸ ਉਲਟਾ ਦਿੱਤੀ ਸੀ, ਜਿਸ ਦੀ ਉਸ ਨੇ ਸਜ਼ਾ ਪਾਈ ਅਤੇ ਗੁਰਤਾ ਨਾ ਪ੍ਰਾਪਤ ਕਰ ਸਕਿਆ। ਅਸੀਂ ਤਾਂ ਇਸ ਤੁਕ ਵਾਸਤੇ ਉਲਟਾਇਆ ਹੈ ਤੇ ਆਪਣਾ ਸਭ ਕੁਝ ਲੁਟਾ ਦਿੱਤਾ ਹੈ॥ ੪੬॥

ਚਾਰਹੁਂ ਪੂਤ ਦਿਏ ਇਸ ਕਾਜੂ। ਕੌਨ ਗਿਨੈ ਸਭਿ ਸਦਨ ਸਮਾਜੂ।
ਨਾਸ਼ ਕਰਜੋ ਸਰਬੰਸ ਸਮੇਤੇ। ਅਬਿ ਭੀ ਨਹਿਂ ਉਲਟਾਵਨਿ ਦੇਤੇ॥੪੭॥

ਚਾਰ ਪੁੱਤਰ ਇਸ ਕਾਰਜ ਵਾਸਤੇ ਦੇ ਦਿੱਤੇ ਹਨ, ਮੇਰੇ ਘਰ ਵਿਚ ਜੋ ਸਾਜ਼ੋ-ਸਾਮਾਨ ਸੀ, ਉਸ ਦੀ ਕੌਣ ਗਿਣਤੀ ਕਰ ਸਕਦਾ ਹੈ। ਸਰਬੰਸ ਸਮੇਤ ਸਾਰਾ ਨਾਸ਼ ਕਰ ਦਿੱਤਾ ਹੈ, ਹੁਣ ਵੀ ਮੈਨੂੰ ਤੁਕ ਉਲਟਾਉਣ ਨਹੀਂ ਦਿੰਦੇ ਹੋ॥ ੪੭॥

ਸ੍ਰੀ ਬਾਬਾ ਨਾਨਕ ਬਚ ਭਾਖਾ। ਭਯੋ ਬਿਦਤ ਜਗ ਮਹਿਂ ਸਭਿ ਲਾਖਾ।
ਮੁਗ਼ਲ ਪਠਾਨ ਰਾਜ ਕਲਿ ਕਾਲਾ। ਸਭਿ ਅਵਨੀ ਮਹਿਂ ਤੇਜ ਬਿਸਾਲਾ॥੪੮॥

ਸ੍ਰੀ ਬਾਬਾ ਨਾਨਕ ਜੀ ਨੇ ਬਚਨ ਕੀਤਾ ਸੀ, ਉਹ ਜਗ ਵਿਚ ਪ੍ਰਗਟ ਹੋਇਆ ਸਭ ਨੇ ਜਾਣਿਆ ਹੈ। ਕਲਿਜੁਗ ਵਿਚ ਮੁਗ਼ਲ ਪਠਾਣਾਂ ਦਾ ਰਾਜ ਸੀ, ਸਾਰੀ ਧਰਤੀ ਉੱਪਰ ਇਸ ਦਾ ਵਿਸ਼ਾਲ ਤੇਜ ਸੀ॥ ੪੮॥

ਕਹਜੋ ਬਾਕ ਤਿਨ ਕੋ ਅਬਿ ਫੇਰਾ। ਜਿਸ ਤੇ ਤੁਰਕਨਿ ਮੂਲ ਉਖੇਰਾ।
ਰਾਖੀ ਹਿੰਦੁਨ ਕੀ ਬਡਿਆਈ। ਭਯੋ ਧਰਮ ਥਿਰ ਕਯੋਂਹੁਂ ਨ ਜਾਈ॥੪੯॥

ਉਨ੍ਹਾਂ ਦੇ ਕਹੇ ਹੋਏ ਬਚਨ ਨੂੰ ਮੈਂ ਫੇਰ ਦਿੱਤਾ ਹੈ, ਜਿਸ ਕਰਕੇ ਤੁਰਕਾਂ ਦੀ ਜੜ੍ਹ ਪੁੱਟ ਦਿੱਤੀ ਹੈ। ਹਿੰਦੂਆਂ ਦੀ ਵਡਿਆਈ ਰੱਖੀ ਹੈ। ਧਰਮ ਸਥਿਰ ਹੋ ਗਿਆ ਹੈ, ਹੁਣ ਕਿਵੇਂ ਵੀ ਨਹੀਂ ਜਾਵੇਗਾ॥ ੪੯॥

ਪੰਥ ਖਾਲਸਾ ਉਤਪਤਿ ਹੋਵਾ। ਤੁਰਕ ਪ੍ਰਤਾਪ ਉਲਟ ਬਚ ਖੋਵਾ।
ਇਹ ਤੁਮ ਕਹਹੁ ਭਲੀ ਕੈ ਬੁਰੀ'। ਸੁਨਤਿ ਕੋਲ ਤਬਿ ਤੂਸ਼ਨ ਧਰੀ॥ ੫੦॥

ਪੰਥ ਖਾਲਸਾ ਉਤਪੰਨ ਹੋਇਆ ਹੈ, ਤੁਰਕਾਂ ਦੇ ਪ੍ਰਤਾਪ ਨੂੰ ਖੇਹ ਲੈਣ ਲਈ ਬਚਨ ਉਲਟਾਇਆ ਹੈ। ਇਸ ਨੂੰ ਤੁਸੀਂ ਭਲੀ ਕਹਿੰਦੇ ਹੋ ਕਿ ਬੁਰੀ।'' ਇਹ ਸੁਣ ਕੇ ਕੋਲ ਚੁੱਪ ਹੋ ਗਿਆ॥ ੫੦॥

ਪਰ ਪੂਰਬ ਸਭਿ ਰਿਦੈ ਬਿਚਾਰਜੋ। 'ਇਨਹੁ ਜਥਾਰਥ ਬਾਕ ਉਚਾਰਜੋ।
ਪਰ ਉਪਕਾਰ ਹੇਤੁ ਕ੍ਰਿਤ ਐਸੇ। ਕੋਨ ਸਹੈ ਸੰਕਟ ਇਮ ਕੈਸੇ॥ ੫੧॥

ਗੁਰੂ ਜੀ ਦਾ ਅਗਲਾ ਪਿਛਲਾ ਹਾਲ ਜਾਣ ਕੇ ਸਾਰਿਆਂ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ''ਇਨ੍ਹਾਂ ਯਥਾਰਥ ਬਚਨ ਉਚਾਰਨ ਕੀਤੇ ਹਨ। ਪਰ ਉਪਕਾਰ ਵਾਸਤੇ ਐਸੀ ਕ੍ਰਿਤ ਕੀਤੀ ਜਾਵੇ, ਕੌਣ ਇਸ ਪ੍ਰਕਾਰ ਸੰਕਟ ਬਰਦਾਸ਼ਤ ਕਰ ਸਕਦਾ ਹੈ॥ ੫੧॥

ਸਭਿ ਸੁਤ ਹਤਨਿ ਸਮਾਜ ਲੁਟਾਵਨ। ਕੋਨ ਕਰੈ ਏਤੇ ਦੁਖ ਪਾਵਨ।
ਇਹ ਬਰ ਬੀਰ ਧੀਰ ਬਡ ਧਾਰੀ। ਦੇ ਸਰਬੰਸ ਪ੍ਰੀਤ ਨਹਿੰ ਹਾਰੀ॥ ੫੨॥

ਸਾਰੇ ਪੁੱਤਰ ਮਰਵਾ ਲਏ ਹਨ ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਲੁਟਵਾ ਲਿਆ ਹੈ, ਕੌਣ ਅੱਜ ਕਰ ਸਕਦਾ ਹੈ ਤੇ ਏਨੇ ਦੁਖ ਪਾ ਸਕਦਾ ਹੈ। ਇਸ ਸ੍ਰੇਸ਼ਟ ਜੋਧੇ ਨੇ ਵੱਡਾ ਧੀਰਜ ਧਾਰਨ ਕੀਤਾ ਹੈ। ਸਾਰਾ ਸਰਬੰਸ ਵਾਰ ਕੇ ਆਪਣੀ ਪ੍ਰੀਤ ਨਹੀਂ ਹਾਰੀ ਹੈ॥ ੫੨॥

ਤੁਰਕ ਤੋਮ ਕੀ ਜਰਾਂ ਉਖਾਰੀ। ਜਿਨ ਪਤਿਸ਼ਾਹਤਿ ਜਗਤ ਸੰਭਾਰੀ।
ਇਨ ਕੀ ਕ੍ਰਿੱਤ ਸੁ ਇਨਹੂੰ ਬਨੈ। ਧੰਨ ਹੋਨਿ ਜਗ ਮਹਿੰ ਇਨ ਭਨੈ'॥ ੫੩॥

ਸਮੂਹ ਤੁਰਕਾਂ ਦੀਆਂ ਜੜ੍ਹਾਂ ਉਖੇੜ ਦਿੱਤੀਆਂ ਹਨ, ਜਿਨ੍ਹਾਂ ਨੇ ਜਗਤ ਦੀ ਬਾਦਸ਼ਾਹਿਤ ਸੰਭਾਲੀ ਸੀ। ਇਨ੍ਹਾਂ ਦੀ ਕੀਤੀ ਹੋਈ ਕ੍ਰਿਤ ਇਨ੍ਹਾਂ ਨੂੰ ਹੀ ਬਣ ਆਉਂਦੀ ਹੈ। ਇਨ੍ਹਾਂ ਦਾ ਜਗਤ ਵਿਚ ਪੈਦਾ ਹੋਣਾ ਧੰਨ ਹੈ'॥ ੫੩॥

*ਪਹਿਲੇ ਐਨ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥*

## *ਅਧਿਆਇ ਛੇਵਾਂ*

### *ਇਕ ਦਿਵਾਨੇ ਦਾ ਨਿਸਤਾਰਾ*

ਦੋਹਰਾ- ਕੇਤਿਕ ਵਸਤੂ ਸੰਗ ਗੁਰ ਕੋਲ ਧਾਮ ਧਰਿਵਾਇ।
ਕਰਜੋ ਕੂਚ ਡੇਰਾ ਤਬੈ, ਚਢੇ ਸਿੰਘ ਸਮੁਦਾਇ॥ ੧॥

ਕਈ ਵਸਤਾਂ ਜਿਹੜੀਆਂ ਗੁਰੂ ਜੀ ਪਾਸ ਵਾਧੂ ਸਨ, ਉਹ ਸਾਰੀਆਂ ਕੋਲ ਦੇ ਘਰ ਰੱਖ ਦਿੱਤੀਆਂ। ਫਿਰ ਡੇਰਾ ਕੂਚ ਕਰ ਗਿਆ ਤੇ ਸਾਰੇ ਸਿੰਘ ਘੋੜਿਆਂ ਉੱਪਰ ਸਵਾਰ ਹੋ ਗਏ॥ ੧॥

ਚੌਪਈ- ਸਹਿਜ ਸੁਭਾਇਕ ਬਿਚਰਤਿ ਚਲੇ। ਕਹੂੰ ਅਖੇਰ ਖੇਲਤੇ ਭਲੇ।
ਕਰਤਿ ਕੁਵਾਇਦ ਸ਼ਸਤ੍ਰਨਿ ਕੇਰੀ। ਸਨੇ ਸਨੇ ਗਮਨੈ ਕਿਸ ਬੇਰੀ॥ ੨॥

ਸਤਿਗੁਰੂ ਜੀ ਸਹਿਜ ਸੁਭਾਅ ਵਿਚਰਦੇ ਚਲੇ ਗਏ, ਕਿਤੇ ਭਲੀ ਪ੍ਰਕਾਰ ਸ਼ਿਕਾਰ ਵੀ ਖੇਡਦੇ ਸਨ। ਸ਼ਸਤਰ ਚਲਾਉਣ ਦੀ ਮੁਹਾਰਤ ਕਰਦੇ ਸਨ। ਕਿਸੇ ਸਮੇਂ ਹੌਲੀ-ਹੌਲੀ ਚਲਦੇ ਸਨ॥ ੨॥

ਕਿਤਿਕ ਕੋਸ ਚਲਿ ਗ੍ਰਾਮਿਕਿ ਆਯੋ। ਪਿਖਿ ਬੈਰਾੜ ਸੰਗ ਫੁਰਮਾਯੋ।
'ਕਹਾ ਗ੍ਰਾਮ ਕੋ ਨਾਮ ਬਖਾਨੋ?। ਤੁਮ ਇਤ ਰਹਹੁ ਭੇਦ ਸਭਿ ਜਾਨੋ' ॥ ੩ ॥

ਕਈ ਕੋਹ ਚਲ ਕੇ ਇੱਕ ਪਿੰਡ ਆਇਆ। ਗੁਰੂ ਜੀ ਨੇ ਪਿੰਡ ਨੂੰ ਵੇਖ ਕੇ ਬੈਰਾੜ ਨੂੰ ਕਿਹਾ, "ਇਸ ਪਿੰਡ ਦਾ ਕੀ ਨਾਮ ਹੈ, ਇਸ ਬਾਰੇ ਕਹੋ ? ਤੂੰ ਏਧਰ ਰਹਿੰਦਾ ਹੈ, ਏਧਰ ਦੇ ਸਾਰੇ ਭੇਦ ਨੂੰ ਜਾਣਦਾ ਹੈਂ" ॥ ੩॥

ਤਬਿ ਬੈਰਾੜ ਕਹ੍ਯੋ 'ਕੀ ਗ੍ਰਾਮੂੰ। ਚਾਰਿਕ ਝੁੰਗੀ ਕੇ ਬਸਿ ਧਾਮੂੰ।
ਕਹਾਂ ਨਾਮ ਇਸ ਕੋ ਕੁਛ ਹੋਇ। ਕੋ ਸੁਨਿ ਕਹਾਂ ਬਖਾਨੈ ਕੋਇ' ॥ ੪ ॥

ਤਦ ਬੈਰਾੜ ਨੇ ਕਿਹਾ, "ਇਹ ਕਿਹੜਾ ਪਿੰਡ ਹੈ, ਚਾਰ ਝੁੰਗਿਆਂ ਵਾਲਿਆਂ ਦੇ ਏਥੇ ਘਰ ਹਨ। ਇਸ ਪਿੰਡ ਦਾ ਕੀ ਨਾਮ ਹੋ ਸਕਦਾ ਹੈ, ਕੀ ਕੋਈ ਸੁਣੇ ਤੇ ਕੀ ਕੋਈ ਆਖੇ" ॥ ੪॥

ਸ੍ਰੀ ਮੁਖ ਕਹ੍ਯੋ 'ਨ ਕਹੁ ਇਸ ਰੀਤਿ। ਕਿਤਿਕ ਸਮਾ ਜਬਿ ਹੋਇ ਬਿਤੀਤ।
ਬਸਹਿ ਗ੍ਰਾਮ ਦੀਰਘ ਇਸ ਥਾਨ। ਉਪਜਹਿਂ ਸਿੰਘ ਸੁ ਬੀਰ ਮਹਾਨ' ॥ ੫ ॥

ਸਤਿਗੁਰੂ ਜੀ ਨੇ ਇਹ ਸੁਣ ਕੇ ਕਿਹਾ, "ਇਸ ਰੀਤੀ ਨਾਲ ਨਾ ਕਹੋ, ਕੁਝ ਸਮਾਂ ਜਦ ਬਤੀਤ ਹੋ ਜਾਵੇਗਾ, ਇਸ ਥਾਂ ਇਕ ਵੱਡਾ ਪਿੰਡ ਵਸੇਗਾ, ਏਥੇ ਬਹੁਤ ਸੂਰਬੀਰ ਸਿੰਘ ਪੈਦਾ ਹੋਣਗੇ" ॥ ੫॥

ਆਗੈ ਥਲ ਉਤੰਗ ਇਕ ਆਯੋ। ਤਹਾਂ ਅਰੂਢਿ ਤੁਰੰਗ ਟਿਕਾਯੋ।
ਤੀਛਨ ਤੀਰ ਨਿਖੰਗ ਨਿਕਾਰੇ। ਸੰਧਿ ਕੁਦੰਡ ਲੱਛ ਪਿਖਿ ਮਾਰੇ॥ ੬॥

ਅੱਗੇ ਜਾ ਕੇ ਇਕ ਬਹੁਤ ਉੱਚਾ ਸਥਾਨ ਆਇਆ, ਉਥੇ ਸਵਾਰ ਹੋਇਆਂ ਹੀ ਘੋੜੇ ਨੂੰ ਰੋਕਿਆ। ਕੁਝ ਤਿੱਖੇ ਤੀਰ ਕੱਢੇ ਤੇ ਧਨੁੱਖ ਵਿਚ ਧਰ ਕੇ ਨਿਸ਼ਾਨਾ ਤਕ ਕੇ ਮਾਰੇ॥ ੬॥

ਕੇਤਿਕ ਬਾਨ ਚਲਾਵਨਿ ਕਰੇ। ਆਇ ਗ੍ਰਾਮ ਢਿਗ ਸਤਿਗੁਰ ਥਿਰੇ।
ਏਕ ਰਾਤਿ ਬਸਿ ਚਢੇ ਅਖੇਰ। ਇਤ ਉਤ ਬਿਚਰੇ ਹਤਿ ਮ੍ਰਿਗ ਘੇਰਿ॥ ੭॥

ਕਈ ਤੀਰ ਚਲਾਏ ਤੇ ਪਿੰਡ ਦੇ ਨੇੜੇ ਆ ਕੇ ਸਤਿਗੁਰੂ ਜੀ ਠਹਿਰ ਗਏ। ਓਥੇ ਇਕ ਰਾਤ ਰਹਿ ਕੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰ ਦਿੱਤੀ ਤੇ ਏਧਰ ਓਧਰ ਵਿਚਰ ਕੇ ਘੇਰ-ਘੇਰ ਹਿਰਨ ਮਾਰੇ॥ ੭॥

ਕੋਠਾ ਅਪਰ ਮਲੂਕਾ ਗ੍ਰਾਮੂ। ਬਿਚ ਦੋਨਹੁਂ ਕੇ ਦੀਨਿ ਮੁਕਾਮੂ।
ਸੁੰਦਰ ਤੰਬੂ ਦਿਯੋ ਲਗਾਇ। ਉਤਰੇ ਸਿੰਘ ਚਹੂੰ ਦਿਸ਼ਿ ਆਇ।
ਖਾਨ ਪਾਨ ਕਰਿ ਨਿਸ ਬਿਸਰਾਮੇ। ਜਾਗ੍ਰਤਿ ਭਏ ਰਹੀ ਜਬਿ ਜਾਮੇ॥ ੮॥

ਇਕ ਕੋਠਾ ਤੇ ਦੂਸਰਾ ਮਲੂਕਾ ਪਿੰਡ ਸੀ, ਦੋਵਾਂ ਦੇ ਵਿਚਕਾਰ ਸਤਿਗੁਰੂ ਜੀ ਨੇ ਡੇਰਾ ਲਾਇਆ। ਸੁੰਦਰ ਤੰਬੂ ਲਗਾ ਦਿੱਤੇ ਤੇ ਸਿੰਘ ਉੱਤਰ ਕੇ ਚਾਰੇ ਪਾਸੇ ਆ ਕੇ ਬੈਠ ਗਏ। ਖਾ ਪੀ ਕੇ ਰਾਤ ਵਿਸ਼ਰਾਮ ਕੀਤਾ, ਜਦ ਪਹਿਰ ਰਾਤ ਰਹਿ ਗਈ ਤਾਂ ਜਾਗ ਪਏ॥ ੮॥

ਸੌਚ ਸ਼ਨਾਨ ਠਾਨਿ ਕਰਿ ਥਿਰੇ। ਨਿਜ ਸਰੂਪ ਮਹਿਂ ਥਿਰਤਾ ਧਰੇ।
ਅੰਮ੍ਰਿਤ ਵੇਲਾ ਚਾਰ ਘਰੀ ਜਬਿ। ਏਕ ਦਿਵਾਨਾ ਆਵਤਿ ਭਾ ਤਬਿ॥ ੯॥

ਸੋਚ ਇਸ਼ਨਾਨ ਕਰਕੇ ਬੈਠ ਗਏ ਤੇ ਆਪਣੇ ਸਰੂਪ ਵਿਚ ਸਥਿਰ ਹੋ ਗਏ। ਚਾਰ ਘੜੀਆਂ ਬਾਅਦ ਜਦ ਅੰਮ੍ਰਿਤ ਵੇਲਾ ਹੋਇਆ ਤਦ ਇਕ ਦਿਵਾਨਾ ਆ ਗਿਆ॥ ੯॥

ਸਿਰ ਮੁਖ ਸਗਰੋ ਮੂੰਡਨ ਕਰਜੋ। ਤੰਬੂ ਨਿਕਟ ਆਨਿ ਕਰਿ ਖਰਜੋ।
ਹੇਤੁ ਸੁਚੇਤੀ ਸਿੰਘ ਸ਼ਸਤ੍ਰ ਗਹਿ। ਖਰੋ ਹੁਤੋ ਤਿਹ ਸੰਗ ਬਾਕ ਕਹਿ॥ ੧੦॥

ਉਸ ਨੇ ਸਿਰ ਮੂੰਹ ਸਭ ਕੁਝ ਮੁੰਨਿਆ ਹੋਇਆ ਸੀ ਤੇ ਗੁਰੂ ਜੀ ਦੇ ਤੰਬੂ ਪਾਸ ਆ ਕੇ ਖੜਾ ਹੋ ਗਿਆ। ਸਾਵਧਾਨੀ ਵਾਸਤੇ ਸਿੰਘ ਨੇ ਸ਼ਸਤਰ ਫੜ ਲਏ, ਜਿੱਥੇ ਉਹ ਖੜਾ ਸੀ, ਉੱਥੋਂ ਉਸ ਬਚਨ ਕਹੇ॥ ੧੦॥

'ਗੁਰ ਕੇ ਨਿਕਟ ਅਬੈ ਮੈਂ ਜਾਊਂ। ਰਿਦੇ ਲਾਲਸਾ ਦਰਸ਼ਨ ਪਾਊਂ'।
ਕਹਜੋ ਸਿੰਘ ਨੇ 'ਅਬਿ ਨਹਿਂ ਸਮੋ। ਦਿਵਸ ਚਢੇ ਪਿਖਿ ਕੀਜੈ ਨਮੋ'॥ ੧੧॥

"ਗੁਰੂ ਜੀ ਦੇ ਪਾਸ ਹੁਣੇ ਮੈਂ ਜਾਵਾਂਗਾ, ਮੇਰੇ ਹਿਰਦੇ ਦੀ ਲਾਲਸਾ ਹੈ, ਗੁਰੂ ਜੀ ਦੇ ਦਰਸ਼ਨ ਪਾਵਾਂਗਾ।" ਇਕ ਸਿੰਘ ਨੇ ਕਿਹਾ, "ਹੁਣ ਮਿਲਣ ਦਾ ਸਮਾਂ ਨਹੀਂ ਹੈ, ਦਿਨ ਚੜ੍ਹਨ 'ਤੇ ਦਰਸ਼ਨ ਕਰਕੇ ਬੰਦਨਾ ਕਰੀਂ"॥ ੧੧॥

ਕਹੈ ਦਿਵਾਨਾ 'ਮੈਂ ਅਬਿ ਜੈ ਹੌਂ। ਤੇਰੇ ਕਹੇ ਨਹੀਂ ਠਹਿਰੈ ਹੌਂ।
ਸਭਿਕੇ ਸਾਂਝੇ ਸਤਿਗੁਰ ਅਹੈਂ। ਤੂੰ ਮੁਝ ਕੁਤੋ ਹਟਾਯੋ ਚਹੈਂ?'॥ ੧੨॥

ਉਹ ਦਿਵਾਨਾ ਕਹਿਣ ਲੱਗਾ, "ਮੈਂ ਤਾਂ ਹੁਣੇ ਜਾਵਾਂਗਾ, ਤੇਰੇ ਕਹਿਣ 'ਤੇ ਰੁਕਾਂਗਾ ਨਹੀਂ। ਸਤਿਗੁਰੂ ਜੀ ਸਭ ਦੇ ਸਾਂਝੇ ਹਨ, ਤੂੰ ਮੈਨੂੰ ਕਿਉਂ ਹਟਾਉਣਾ ਚਾਹੁੰਦਾ ਹੈਂ?"॥ ੧੨॥

ਬਹੁਰ ਸਿੰਘ ਨੇ ਬਰਜਨ ਕਰਜੋ। 'ਅਪਨੇ ਰੰਗ ਬਿਖੈ ਗੁਰ ਥਿਰਜੋ।
ਕਜੋਂ ਮੂਰਖ ਮਤਿ ਕਰਿ ਹਠ ਗਹੈਂ? ਹਟਿ ਅਬਿ ਜਾਹੁ ਭਲਾ ਜੇ ਚਹੈਂ॥ ੧੩॥

ਸਿੰਘ ਨੇ ਉਸ ਨੂੰ ਫਿਰ ਵਰਜਿਆ, "ਗੁਰੂ ਜੀ ਆਪਣੇ ਰੰਗ ਵਿੱਚ ਬੈਠੇ ਹਨ, ਕਿਉਂ ਮੂਰਖ ਮੱਤ ਕਰਕੇ ਹਠ ਫੜਿਆ ਹੈ? ਵਾਪਸ ਚਲੇ ਜਾ ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ॥ ੧੩॥

ਕਰੈਂ ਢੀਠਤਾ ਖੈ ਹੈਂ ਮਾਰ। ਕਹਜੋ ਨ ਸਮਝੈਂ ਮੰਦ ਗਵਾਰ!'।
ਸੁਨਤਿ ਦਿਵਾਨੇ ਕ੍ਰੋਧ ਵਧਾਯੋ। ਮੂਸਲ ਮਾਰਨ ਹੇਤੁ ਉਠਾਯੋ॥ ੧੪॥

ਜੇ ਢੀਠਤਾ ਕਰੇਂਗਾ ਤਾਂ ਮਾਰ ਖਾਵੇਂਗਾ, ਮਾੜੀ ਮੱਤ ਵਾਲੇ ਗਵਾਰ, ਸਾਡੇ ਕਹੇ ਹੋਏ ਨੂੰ ਸਮਝਦਾ ਨਹੀਂ ਹੈਂ?" ਇਹ ਸੁਣ ਕੇ ਦਿਵਾਨੇ ਨੇ ਆਪਣਾ ਕ੍ਰੋਧ ਵਧਾਇਆ ਤੇ ਮਾਰਨ ਵਾਸਤੇ ਆਪਣਾ ਕੁਤਕਾ ਚੁਕਿਆ ਅਤੇ ਕਿਹਾ॥ ੧੪॥

'ਮੋਕਹੁ ਕੌਨ ਹਟਾਵਨ ਹਾਰੋ। ਬਰਜਹਿ, ਮੂਸਲ ਖੈ ਹੈ ਭਾਰੋ'।
ਇਮ ਕਹਿ ਤੰਬੂ ਦਿਸ਼ਿ ਚਲਿ ਪਰਜੋ। ਕਹੈ ਸਿੰਘ 'ਤੂੰ ਹਟਿ ਰਹੁ ਖਰਜੋ'॥ ੧੫॥

"ਮੈਨੂੰ ਕੌਣ ਹਟਾ ਸਕਦਾ ਹੈ, ਜਿਹੜਾ ਵੀ ਮੈਨੂੰ ਵਰਜੇਗਾ ਉਹ ਭਾਰੀ ਕੁਤਕਾ ਖਾਵੇਗਾ।" ਇਸ ਪ੍ਰਕਾਰ ਕਹਿ ਕੇ ਤੰਬੂ ਵਲ ਚਲ ਪਿਆ। ਸਿੰਘ ਨੇ ਫਿਰ ਕਿਹਾ, "ਪਿਛਾਂਹ ਹੱਟ ਕੇ ਖੜੇ ਹੋ ਜਾ"॥ ੧੫॥

ਆਗੈ ਹੋਇ ਸੁ ਲਗਜੋ ਹਟਾਵਨ। ਤਬਿ ਤਿਨ ਮੂਸਲ ਕੀਨਿ ਉਠਾਵਨ।
ਮਾਰਨ ਲਾਗਜੋ ਸਿੰਘ ਨਿਹਾਰਾ। ਖੈਂਚਿ ਕ੍ਰਿਪਾਨ ਤੁਰਤ ਹੀ ਝਾਰਾ॥ ੧੬॥

ਜਦ ਅੱਗੇ ਹੋ ਕੇ ਉਸ ਨੂੰ ਹਟਾਉਣ ਲੱਗਾ ਤਾਂ ਉਸ ਦਿਵਾਨੇ ਨੇ ਕੁਤਕਾ ਚੁੱਕ ਲਿਆ। ਜਦ ਸਿੰਘ ਨੇ ਮਾਰਨ ਲੱਗੇ ਨੂੰ ਵੇਖਿਆ ਤਾਂ ਤਲਵਾਰ ਖਿੱਚ ਕੇ ਤੁਰਤ ਹੀ ਝਾੜ ਦਿੱਤਾ॥ ੧੬॥

ਘਾਵ ਸਕੰਧ ਲਗ੍ਯੋ ਬਹੁ ਚੀਰਾ। ਗਿਰ੍ਯੋ ਬਿਸੁਧ ਹ੍ਵੈ ਤੁਰਤ ਸਰੀਰਾ।
ਪਰ੍ਯੋ ਰਹ੍ਯੋ ਤੂਸ਼ਨ ਮੁਖ ਭਯੋ। ਚਾਰ ਘਰੀ ਜਬਿ ਦਿਨ ਚਢਿ ਗਯੋ ॥੧੭॥

ਮੋਢੇ ਉੱਪਰ ਜ਼ਖਮ ਲਗਿਆ ਤੇ ਮੋਢਾ ਬਹੁਤ ਚੀਰਿਆ ਗਿਆ ਤੇ ਉਸਦਾ ਸਰੀਰ ਬੇਹੋਸ਼ ਹੋ ਕੇ ਡਿੱਗ ਪਿਆ। ਪਿਆ ਰਿਹਾ ਤੇ ਮੁਖ ਤੋਂ ਚੁਪ ਰਿਹਾ। ਜਦ ਚਾਰ ਘੜੀਆਂ ਦਿਨ ਚੜ੍ਹ ਗਿਆ॥ ੧੭॥

ਬੋਲ੍ਯੋ ਬਾਕ ਜਬੈ ਸੁਧ ਪਾਈ। 'ਅਬਿ ਮੇਰੀ ਮ੍ਰਿਤੁ ਹ੍ਵੈ ਨਿਯਰਾਈ।
ਗੁਰ ਦਰਸ਼ਨ ਕੋ ਦੇਹੁ ਕਰਾਈ। ਨਾਂਹਿ ਤ ਰਹੈ ਚਾਹ ਅਧਿਕਾਈ' ॥ ੧੮ ॥

ਤਾਂ ਸੋਝੀ ਆਉਣ ਤੇ ਬੋਲਿਆ, ''ਹੁਣ ਮੇਰੀ ਮੌਤ ਨੇੜੇ ਆਈ ਹੈ। ਮੈਨੂੰ ਗੁਰੂ ਜੀ ਦੇ ਦਰਸ਼ਨ ਕਰਵਾ ਦੇਵੋ, ਨਹੀਂ ਤਾਂ ਸਦਾ ਲਈ ਮੇਰੀ ਚਾਹਤ ਰਹਿ ਜਾਵੇਗੀ'' ॥ ੧੮ ॥

ਸੁਨਿ ਕਰਿ ਸਿੰਘ ਗਯੋ ਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ।
'ਸਿੰਘ ਸੰਗ ਇਕ ਲਰ੍ਯੋ ਦਿਵਾਨਾ। ਰਿਸ ਕੇ ਬਸਿ ਹੁਇ ਹਨੀ ਕ੍ਰਿਪਾਨਾ ॥੧੯॥

ਇਹ ਸੁਣ ਕੇ ਇਕ ਸਿੰਘ ਗੁਰੂ ਜੀ ਦੇ ਪਾਸ ਗਿਆ ਤੇ ਹੱਥ ਜੋੜ ਕੇ ਅਰਦਾਸ ਕੀਤੀ। ਸਿੰਘ ਨਾਲ ਇਕ ਦਿਵਾਨਾ ਲੜ ਪਿਆ ਹੈ। ਗੁੱਸੇ ਦੇ ਵਸ ਹੋ ਕੇ ਉਸ ਨੇ ਕਿਰਪਾਨ ਮਾਰੀ ਹੈ॥ ੧੯॥

ਚਾਹਤਿ ਦਰਸ਼ਨ ਰਾਵਰ ਕੇਰਾ'। 'ਲੇ ਆਵਹੁ' ਗੁਰ ਕਹਿਂ ਤਿਸ ਬੇਰਾ।
ਸੁਨਿ ਪ੍ਰਭੁ ਤੇ ਅੰਤਰ ਲੇ ਗਏ। ਸਿਰ ਨਿਵਾਇ ਕਰਿ ਦਰਸ਼ਨ ਲਏ॥ ੨੦ ॥

ਆਪ ਜੀ ਦੇ ਦਰਸ਼ਨ ਦੀ ਉਸ ਨੂੰ ਚਾਹਤ ਹੈ''। ਗੁਰੂ ਜੀ ਨੇ ਉਸ ਸਮੇਂ ਕਿਹਾ ''ਲੈ ਆਵੋ''। ਸਤਿਗੁਰੂ ਪਾਸੋਂ ਸੁਣ ਕੇ ਉਸ ਦਿਵਾਨੇ ਨੂੰ ਅੰਦਰ ਲੈ ਗਏ। ਉਸ ਨੇ ਸਿਰ ਨਿਵਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੦॥

ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹ੍ਯੋ। 'ਅਹੋ ਦਿਵਾਨਾ ਜੀਵਨ ਚਹ੍ਯੋ?।
ਤੌ ਬਚਾਇ ਦੇਵੈਂ ਤੁਵ ਪ੍ਰਾਨਾ। ਜੇ ਜੀਵਨ ਕੀ ਚਾਹ ਮਹਾਨਾ' ॥ ੨੧ ॥

ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਕਿਰਪਾ ਕਰਕੇ ਕਿਹਾ, ''ਹੇ ਦਿਵਾਨੇ ਕੀ ਜੀਊਣਾ ਚਾਹੁੰਦਾ ਹੈਂ? ਤਾਂ ਤੇਰੇ ਪ੍ਰਾਣ ਬਚਾ ਦੇਈਏ, ਜੇ ਜੀਵਨ ਦੀ ਤੈਨੂੰ ਮਹਾਨ ਚਾਹਤ ਹੈ'' ॥ ੨੧॥

ਦਰਸ਼ਨ ਕਰਿ ਉਰ ਨਿਰਮਲ ਬਨ੍ਯੋ। ਤਬਿ ਕਰ ਜੋਰਿ ਦਿਵਾਨੇ ਭਨ੍ਯੋ।
'ਰਾਵਰ ਕੇ ਹਜ਼ੂਰ ਅਬਿ ਅਹੌਂ। ਚਿਤ ਪਰਲੋਕ ਪਯਾਨਾ ਚਹੌਂ' ॥ ੨੨ ॥

ਗੁਰੂ ਜੀ ਦੇ ਦਰਸ਼ਨ ਕਰਕੇ ਹਿਰਦਾ ਨਿਰਮਲ ਬਣ ਗਿਆ ਸੀ। ਤਦ ਹੱਥ ਜੋੜ ਕੇ ਦਿਵਾਨੇ ਨੇ ਕਿਹਾ, ''ਆਪ ਜੀ ਦੇ ਹਜ਼ੂਰ ਹੁਣ ਆਇਆ ਹਾਂ, ਚਿੱਤ ਪਰਲੋਕ ਜਾਣਾ ਚਾਹੁੰਦਾ ਹੈ'' ॥ ੨੨ ॥

ਇਮ ਬੋਲਤਿ ਹੀ ਤਜਾਗੇ ਪ੍ਰਾਨਾ। ਪਾਈ ਗਤਿ ਭਾ ਧੰਨ ਦਿਵਾਨਾ।
ਬਾਹਰ ਤਬਿ ਉਠਾਇ ਲੇ ਆਏ। ਨਰ ਜੰਗਲ ਕੇ ਸੁਨਿ ਬਿਸਮਾਏ॥ ੨੩ ॥

ਇਸ ਪ੍ਰਕਾਰ ਬੋਲਦੇ ਨੇ ਹੀ ਪ੍ਰਾਣ ਤਿਆਗ ਦਿੱਤੇ ਤੇ ਗਤੀ ਪਾ ਕੇ ਦਿਵਾਨਾ ਧੰਨ ਹੋ ਗਿਆ। ਫਿਰ ਉਸ ਨੂੰ ਉਠਾ ਕੇ ਬਾਹਰ ਲੈ ਗਏ। ਮਾਲਵੇ ਦੇ ਲੋਕ ਸੁਣ ਕੇ ਹੈਰਾਨ ਹੋਏ॥ ੨੩॥

ਕੇਤਿਕ ਨਿੰਦਹਿਂ ਮਤਿ ਹਤਿ ਹੋਏ। 'ਇਹ ਕਜਾ ਕੀਨਿ ਕਰਮ ਦੁਰ ਜੋਏ।
ਹਤ੍ਯੋ ਦਿਵਾਨਾ, ਗੁਰ ਭਲ ਭਯੋ। ਕਰਹਿ ਨ ਕ੍ਰਿਤ ਕੋ ਜਿਮ ਅਬਿ ਕਯੋ ॥੨੪॥

ਜਿਨ੍ਹਾਂ ਦੀ ਬੁੱਧੀ ਨਾਸ਼ ਹੋ ਗਈ ਸੀ, ਉਹ ਨਿੰਦਿਆ ਕਰਦੇ ਸਨ, "ਇਹ ਕੀ ਖੋਟਾ ਕਰਮ ਕੀਤਾ ਹੈ, ਇਕ ਦਿਵਾਨੇ ਨੂੰ ਮਾਰ ਦਿੱਤਾ ਹੈ, ਇਹ ਚੰਗਾ ਗੁਰੂ ਹੋਇਆ ਹੈ। ਕੋਈ ਵੀ ਸਿੱਖ ਏਹੋ ਜੇਹੀ ਕਾਰ ਨਹੀਂ ਕਰਦਾ, ਜਿਵੇਂ ਹੁਣ ਕੀਤੀ ਹੈ" ॥ ੨੪ ॥

ਕੇਤਿਕ ਕਹੈਂ 'ਦਿਵਾਨਾ ਅਰਯੋ। ਲਰਯੋ ਸਿੰਘ ਸੋਂ, ਮਾਰਨ ਕਰਯੋ'।
ਕੇਚਿਤ ਕਹੈਂ 'ਗੁਰੂ ਕੇ ਦੋਊ। ਸਿੰਘ ਦਿਵਾਨਾ ਲਰਿ ਮਰਿ ਸੋਊ' ॥ ੨੫ ॥

ਕਈ ਕਹਿੰਦੇ ਸਨ, "ਦਿਵਾਨਾ ਅੜ ਗਿਆ ਸੀ, ਸਿੰਘ ਨਾਲ ਲੜ ਪਿਆ ਸੀ, ਜਿਸ ਕਰਕੇ ਉਸ ਮਾਰ ਦਿੱਤਾ। ਕਈ ਕਹਿੰਦੇ ਸਨ, ਸਿੰਘ ਅਤੇ ਦਿਵਾਨਾ ਜੋ ਲੜਿਆ ਅਤੇ ਮਰਿਆ ਹੈ ਦੋਵੇਂ ਹੀ ਗੁਰੂ ਦੇ ਹਨ" ॥ ੨੫ ॥

ਕਰਯੋ ਕੂਚ ਤਬਿ ਸ੍ਰੀ ਪ੍ਰਭੁ ਡੇਰਾ। ਗਮਨੇ ਹੋਇ ਚੌਂਤਰੇ ਨੇਰਾ।
ਤਿਸ ਕੇ ਢਿਗ ਢਿਗ ਹੁਇ ਚਲਿ ਗਏ। ਜੈਤੋ ਆਨਿ ਉਤਰਤੇ ਭਏ ॥ ੨੬ ॥

ਫਿਰ ਗੁਰੂ ਜੀ ਨੇ ਡੇਰਾ ਕੂਚ ਕਰ ਦਿਤਾ ਤੇ ਚਲ ਕੇ ਚੌਂਤਰੇ ਪਿੰਡ ਦੇ ਨੇੜੇ ਪਹੁੰਚ ਗਏ। ਉਸ ਪਿੰਡ ਦੇ ਪਾਸ ਪਾਸ ਦੀ ਹੋ ਕੇ ਚਲੇ ਗਏ ਤੇ ਜੈਤੋ ਪਿੰਡ ਵਿਚ ਆ ਉਤਾਰਾ ਕੀਤਾ ॥ ੨੬ ॥

ਕਰਯੋ ਮੁਕਾਮ ਤਾਲ ਇਕ ਹੇਰੇ। ਤਿਸ ਕੀ ਮਹਿਮਾ ਕਹੀ ਬਡੇਰੇ।
ਨਿਸਾ ਭਈ ਕਰਿ ਖਾਨ ਰੁ ਪਾਨ। ਸੁਪਤਿ ਜਥਾ ਸੁਖ ਗੁਰ ਭਗਵਾਨ ॥ ੨੭ ॥

ਇਕ ਸੁੰਦਰ ਸਰੋਵਰ ਵੇਖ ਕੇ ਉਸ ਦੇ ਪਾਸ ਮੁਕਾਮ ਕੀਤਾ ਤੇ ਉਸ ਦੀ ਬਹੁਤ ਮਹਿਮਾ ਕੀਤੀ। ਰਾਤ ਪੈਣ ਉੱਪਰ ਖਾਣ ਪੀਣ ਕੀਤਾ ਤੇ ਸੁਖ ਨਾਲ ਗੁਰੂ ਭਗਵਾਨ ਜੀ ਸੌਂ ਗਏ ॥ ੨੭ ॥

ਭਈ ਪ੍ਰਭਾਤਿ ਕੂਚ ਕਰਿ ਡੇਰਾ। ਗਮਨੇ ਕਿਤਿਕ ਕੋਸ ਥਲ ਹੇਰਾ।
ਸੁਨਿਯਰ ਗ੍ਰਾਮ ਬਿਲੋਕਿ ਸਥਾਨ। ਉਤਰੇ ਹਯ ਤੇ ਤਹਿਂ ਗੁਨ ਖਾਨ ॥ ੨੮ ॥

ਸਵੇਰ ਹੋਈ ਤਾਂ ਡੇਰੇ ਦਾ ਕੂਚ ਕਰਵਾ ਦਿੱਤਾ, ਫਿਰ ਕਈਆਂ ਕੋਹਾਂ ਤੇ ਜਾ ਕੇ ਇਕ ਸਥਾਨ ਵੇਖਿਆ। ਸੁਨੀਅਰ ਪਿੰਡ ਵਿਚ ਚੰਗਾ ਸਥਾਨ ਵੇਖ ਕੇ ਉਥੇ ਗੁਣਾਂ ਦੀ ਖਾਣ, ਸਤਿਗੁਰੂ ਜੀ ਘੋੜੇ ਉੱਪਰੋਂ ਉੱਤਰ ਪਏ ॥ ੨੮ ॥

ਭਯੋ ਮੁਕਾਮ ਤਰੰਗ ਲਗਾਇ। ਕਰਿ ਬਿਸਰਾਮ ਬੈਠਿ ਸੁਖ ਪਾਇ।
ਡੋਗਰ ਸੰਮਾ ਨਾਮ ਬਸੰਤਾ। ਮਹਿਖੀ ਭਲੀ ਸਮੂਹ ਰਖੰਤਾ ॥ ੨੯ ॥

ਘੋੜੇ ਬੰਨ੍ਹ ਕੇ ਉਥੇ ਮੁਕਾਮ ਕੀਤਾ ਤੇ ਵਿਸਰਾਮ ਕਰਕੇ ਬੈਠ ਕੇ ਉਥੇ ਸੁਖ ਪਾਇਆ। ਉਥੇ ਸੰਮਾ ਨਾਮ ਵਾਲਾ ਡੋਗਰ ਰਹਿੰਦਾ ਸੀ, ਉਹ ਭਲੀ ਪ੍ਰਕਾਰ ਬਹੁਤ ਮੱਝਾਂ ਰੱਖਦਾ ਸੀ ॥ ੨੯ ॥

ਗੁਰ ਆਗਵਨ ਸੁਨਯੋ ਹਰਖਾਯੋ। ਸਭਿ ਮਹਿਖਨਿ ਕੋ ਦੂਧ ਚੁਆਯੋ।
ਘਟ ਭਰਵਾਇ ਲਏ ਨਿਜ ਸਾਥ। ਆਯਹੁ ਜਹਿਂ ਬੈਠੇ ਗੁਰ ਨਾਥ ॥ ੩੦ ॥

ਜਦ ਉਸ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਬਹੁਤ ਪ੍ਰਸੰਨ ਹੋਇਆ ਤੇ ਸਾਰੀਆਂ ਮੱਝਾਂ ਦਾ ਦੁੱਧ ਚੁਵਾਇਆ ਤੇ ਉਨ੍ਹਾਂ ਦੇ ਆਪਣੇ ਸਥਾਨ ਵਿਖੇ ਘੜੇ ਭਰਵਾ ਲਏ ਤੇ ਉਨ੍ਹਾਂ ਨੂੰ ਚੁਕਵਾ ਕੇ ਉਥੇ ਲੈ ਕੇ ਆਇਆ ਜਿੱਥੇ ਗੁਰੂ ਜੀ ਬੈਠੇ ਸਨ ॥ ੩੦ ॥

ਕਰਿ ਅਭਿਬੰਦਨ ਅਰਪਯੋ ਆਗੇ। ਬੈਠਯੋ ਗੁਰ ਪਗ ਕਰਿ ਅਨੁਰਾਗੇ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਹੇਰਾ। ਕਹਯੋ 'ਵਧਹਿ ਪਯ ਬਡਹੁਂ ਬਡੇਰਾ' ॥ ੩੧ ॥

ਗੁਰੂ ਜੀ ਨੂੰ ਬੰਦਨਾ ਕਰਕੇ, ਉਨ੍ਹਾਂ ਦੇ ਅੱਗੇ ਦੁੱਧ ਅਰਪਣ ਕੀਤਾ ਤੇ ਗੁਰੂ ਜੀ ਦੇ ਚਰਨਾਂ ਨਾਲ ਪਿਆਰ ਕਰਕੇ ਬੈਠ ਗਿਆ। ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਉਸ ਨੂੰ ਕਿਰਪਾ ਸਹਿਤ ਵੇਖਿਆ ਤੇ ਕਿਹਾ, "ਤੇਰੇ ਘਰ ਦੁੱਧ ਬਹੁਤ ਵਧੇਗਾ" ॥ ੩੧ ॥

ਇਤਨੇ ਮਹਿਂ ਜੋ ਜਾਟ ਕਪੂਰਾ। ਖਿਲਤਿ ਅਖੇਰ ਆਇ ਚਲਿ ਦੂਰਾ।
ਸੁਨੀ 'ਇਹਾਂ ਗੁਰ ਉਤਰੇ ਆਇ'। ਗਮਨਜੋਂ ਸੁਭਟ ਸਹਿਤ ਤਿਸ ਥਾਇਂ॥੩੨॥

ਏਨੇ ਵਿਚ ਕਪੂਰਾ ਜੱਟ, ਸ਼ਿਕਾਰ ਖੇਡਦਾ ਬਹੁਤ ਦੂਰ ਚਲ ਕੇ ਆ ਗਿਆ। ਉਸ ਨੇ ਸੁਣਿਆ ਕਿ ਗੁਰੂ ਜੀ ਨੇ ਏਥੇ ਉਤਾਰਾ ਕੀਤਾ ਹੈ ਤੇ ਸੂਰਬੀਰਾਂ ਸਹਿਤ ਉਥੇ ਪਹੁੰਚ ਗਿਆ॥ ੩੨॥

ਉਤਰਿ ਤੁਰੰਗ ਤੇ ਪਾਇਨ ਪਰਜੋ। ਭਯੋ ਅਧੀਨ ਅਗਾਰੀ ਥਿਰਜੋ।
ਦੇਖਿ ਕ੍ਰਿਪਾਲ ਤਾਂਹਿ ਸਨ ਕਹੈਂ। 'ਕਹੁ ਕਪੂਰ ਸਿੰਘ! ਰਾਜੀ ਅਹੈਂ?'॥੩੩॥

ਕਪੂਰਾ ਘੋੜੇ ਤੋਂ ਉੱਤਰ ਕੇ ਗੁਰੂ ਜੀ ਦੀ ਚਰਨੀ ਆ ਪਿਆ ਤੇ ਬਹੁਤ ਅਧੀਨ ਹੋ ਕੇ ਅੱਗੇ ਖੜਾ ਹੋ ਗਿਆ। ਸਤਿਗੁਰੂ ਕਿਰਪਾਲੂ ਜੀ ਨੇ ਵੇਖ ਕੇ ਉਸਨੂੰ ਕਿਹਾ, "ਕਪੂਰ ਸਿੰਘ! ਦੱਸਿ, ਰਾਜ਼ੀ ਬਾਜ਼ੀ ਹੋ?"॥ ੩੩॥

ਦੀਨ ਮਨਾ ਕਰ ਜੋਰਤਿ ਬੋਲਾ। 'ਮੈਂ ਰਾਜ਼ੀ ਨਹਿਂ ਬਹੁ ਮਨ ਹੋਲਾ।
ਰਾਵਰਿ ਬਾਕ ਨ ਗਏ ਕਮਾਏ। ਦੋਨਹੁਂ ਦਿਸ਼ਿ ਸੰਕਟ ਬਨਿ ਆਏ॥੩੪॥

ਕਪੂਰ ਸਿੰਘ ਮਨ ਦੀਨ ਕਰਕੇ ਹੱਥ ਜੋੜ ਕੇ ਬੋਲਿਆ, "ਮੈਂ ਰਾਜ਼ੀ ਨਹੀਂ ਹਾਂ, ਮੇਰਾ ਮਨ ਬਹੁਤ ਹੋਲਾ ਹੋ ਗਿਆ ਹੈ। ਆਪ ਜੀ ਦੇ ਬਚਨ ਮੈਥੋਂ ਕਮਾਏ ਨਹੀਂ ਗਏ ਹਨ, ਹੁਣ ਦੋਵੀਂ ਪਾਸੀਂ ਸੰਕਟ ਬਣ ਗਿਆ ਹੈ॥ ੩੪॥

ਉਤ ਤੁਰਕਨਿ ਤੇ ਚਿਤ ਬਹੁ ਡਰਜੋ। ਇਤ ਰਾਵਰ ਕੋ ਕਾਜ ਨ ਸਰਜੋ।
ਮਿਲੇ ਬਿਨਾਂ ਅਰ ਖੁਸ਼ੀ ਨ ਦੀਨਿ। ਚਢਿ ਆਏ ਤੁਮ ਰਿਸ ਉਰ ਕੀਨਿ॥੩੫॥

ਓਧਰ ਤੁਰਕਾਂ ਪਾਸੋਂ ਚਿੱਤ ਬਹੁਤ ਡਰਿਆ ਹੈ, ਏਧਰ ਆਪ ਜੀ ਦਾ ਕਾਰਜ ਨਹੀਂ ਕੀਤਾ ਹੈ। ਆਪ ਜੀ ਮਿਲਣ ਤੋਂ ਬਗੈਰ ਆਏ ਹੋ ਤੇ ਮੈਨੂੰ ਖੁਸ਼ੀ ਵੀ ਨਹੀਂ ਬਖਸ਼ੀ ਹੈ, ਤੁਸੀਂ ਦਿਲ ਵਿਚ ਗੁੱਸਾ ਧਾਰ ਕੇ ਚੜ੍ਹ ਕੇ ਆ ਗਏ ਹੋ॥ ੩੫॥

ਯਾਂਤੇ ਚਿੰਤਾ ਕਸ਼ਟ ਮਹਾਨਾ। ਕਿਮ ਰਾਜ਼ੀ ਮੈਂ ਕਰੋਂ ਬਖਾਨਾ?।
ਤੁਰਕਨਿ ਸੰਗ ਨ ਬਿਗਰਜੋ ਜਾਈ। ਸਭਿ ਅਵਨੀ ਜਿਨ ਅੱਗ੍ਰ ਝੁਕਾਈ'॥੩੬॥

ਇਸ ਕਰਕੇ ਮਨ ਵਿਚ ਵੱਡੀ ਚਿੰਤਾ ਅਤੇ ਕਸ਼ਟ ਧਾਰਨ ਕੀਤਾ ਹੈ, ਕਿਵੇਂ ਮੈਂ ਆਪ ਜੀ ਅੱਗੇ ਕਹਿ ਦੇਵਾਂ ਕਿ ਮੈਂ ਰਾਜ਼ੀ ਖੁਸ਼ੀ ਹਾਂ? ਤੁਰਕਾਂ ਨਾਲ ਵੀ ਵਿਗਾੜ ਨਹੀਂ ਪਾਇਆ ਜਾ ਸਕਦਾ ਹੈ, ਜਿਨ੍ਹਾਂ ਨੇ ਸਾਰੀ ਧਰਤੀ ਆਪਣੇ ਅੱਗੇ ਝੁਕਾਈ ਹੈ"॥ ੩੬॥

ਸ੍ਰੀ ਗੁਰ ਜਾਨਜੋਂ ਦੀਨ ਬਿਸਾਲਾ। ਬਖਸ਼ਜੋ ਖਰ ਖੰਡਾ ਅਰੁ ਢਾਲਾ।
ਲੇ ਕਰਿ ਪ੍ਰਭੁ ਤੇ ਕੁਛ ਹਰਖਾਯੋ। ਹਾਥ ਜੋਰਿ ਕਰਿ ਸੀਸ ਨਿਵਾਯੋ॥੩੭॥

ਜਦ ਗੁਰੂ ਜੀ ਨੇ ਉਸ ਨੂੰ ਵਿਸ਼ਾਲ ਦੀਨ ਜਾਣਿਆ ਤਾਂ ਉਸ ਨੂੰ ਇਕ ਤੇਜ਼ ਖੰਡਾ ਅਤੇ ਢਾਲ ਬਖਸ਼ੀ। ਉਹ ਸਤਿਗੁਰੂ ਜੀ ਪਾਸੋਂ ਲੈ ਕੇ ਕੁਝ ਪ੍ਰਸੰਨ ਹੋਇਆ ਤੇ ਹੱਥ ਜੋੜ ਕੇ ਸਿਰ ਨਿਵਾਇਆ॥ ੩੭॥

ਜਾਨੋ ਦੂਰ ਤੁਰਤ ਹਯ ਚਢਜੋ। ਲਰਿਬੇ ਕਹੁ ਉਤਸਾਹ ਨ ਬਢਜੋ।
ਸ੍ਰੀ ਗੁਰ ਭਾਖਜੋ 'ਅਹੋ ਕਪੂਰਾ! ਤੁਰਕਨ ਹੀ ਕੋ ਰਹਜੋ ਕਤੂਰਾ॥ ੩੮॥

ਦੂਰ ਜਾਣਾ ਸੀ, ਇਸ ਕਰਕੇ ਤੁਰਤ ਘੋੜੇ ਉੱਪਰ ਚੜ੍ਹ ਗਿਆ, ਯੁੱਧ ਵਾਸਤੇ ਉਸਦਾ ਉਤਸ਼ਾਹ ਨਾ ਵਧਿਆ। ਸ੍ਰੀ ਗੁਰੂ ਜੀ ਨੇ ਕਿਹਾ, "ਹੇ ਕਪੂਰਾ ਤੂੰ ਤੁਰਕਾਂ ਦਾ ਹੀ ਕਤੂਰਾ ਰਿਹਾ ਹੈਂ॥ ੩੮॥

ਚਿਤ ਗੀਦੀ ਕਾਇਰ ਬਹੁ ਕੂਰਾ। ਕਰਨਿ ਜੰਗ ਕੋ ਭਯੋ ਨ ਸੂਰਾ।
ਗੁਰ ਤੇ ਬੇਮੁਖ ਨਹਿਂ ਸੁਖ ਮੂਰਾ। ਮਰੇ ਹੂਰ ਬਰ, ਜੈ ਜਸ ਰੂਰਾ॥ ੩੯॥

ਤੇਰਾ ਚਿੱਤ ਬੜਾ ਗੀਦੀ, ਕਾਇਰ ਅਤੇ ਝੂਠਾ ਹੈ, ਜੰਗ ਕਰਨ ਵਾਸਤੇ ਸੂਰਬੀਰ ਨਹੀ ਬਣਿਆ ਹੈਂ। ਹੇ ਮੂਰਖ ! ਗੁਰੂ ਜੀ ਤੋਂ ਬੇਮੁਖ ਹੋਇਆਂ ਨੂੰ ਮੂਲੋਂ ਹੀ ਸੁਖ ਪ੍ਰਾਪਤ ਨਹੀਂ ਹੁੰਦਾ ਹੈ। ਜਿਹੜੇ ਸੂਰਬੀਰ ਹਨ, ਉਹ ਮਾਰੇ ਜਾਣ 'ਤੇ ਸੋਹਣੀਆਂ ਹੂਰਾਂ ਵਰ੍ਹਦੇ ਹਨ ਤੇ ਜਿੱਤ ਹੋ ਜਾਣ ਨਾਲ ਜਗਤ ਵਿਚ ਸ੍ਰੇਸ਼ਟ ਜੱਸ ਪ੍ਰਾਪਤ ਕਰਦੇ ਹਨ॥ ੩੯॥

ਹੋਵੈਂ ਦੁਖੀ ਬਿਸੂਰ ਬਿਸੂਰਾ। ਕਿਮ ਪ੍ਰਾਪਤਿ ਹ੍ਵੈ ਭਾਗ ਨ ਪੂਰਾ।
ਧੀਰਜ ਤੇ ਜਿਸ ਕੋ ਉਰ ਊਰਾ। ਕਿਮ ਸ਼ੱਤ੍ਰਨਿ ਕਰਿ ਹੈਂ ਚਕਚੂਰਾ"॥ ੪੦॥

ਪਰ ਇਹ ਜੱਸ ਤੈਨੂੰ ਕਿਵੇਂ ਪ੍ਰਾਪਤ ਹੋਵੇਗਾ, ਤੇਰੇ ਪੂਰੇ ਭਾਗ ਨਹੀਂ ਹਨ, ਤੂੰ ਦੁਖੀ ਹੋ ਕੇ ਝੂਰ-ਝੂਰ ਕੇ ਮਰੇਂਗਾ। ਜਿਸ ਦਾ ਧੀਰਜ ਤੋਂ ਹੀ ਹਿਰਦਾ ਊਣਾ ਹੈ, ਉਹ ਵੈਰੀਆਂ ਨੂੰ ਚਕਨਾਚੂਰ ਕਿਵੇਂ ਕਰ ਸਕੇਗਾ"॥ ੪੦॥

ਸਿੰਘਨਿ ਸਨ ਗੁਰ ਭਾਖਤਿ ਬਾਤਿ। ਸੁਨਜੋ ਕਛੂ ਬਚ ਸੁਨਜੋਂ ਨ ਜਾਤ।
ਇਤਨੇ ਮਹਿਂ ਸੁਧਿ ਇਕ ਸਿਖ ਲਜਾਯੋ। 'ਪ੍ਰਭੁ ਜੀ ! ਗਨ ਲਸ਼ਕਰ ਚਢਿ ਆਯੋ॥੪੧॥

ਗੁਰੂ ਜੀ ਸਿੰਘਾਂ ਨਾਲ ਗੱਲਾਂ ਕਰ ਰਹੇ ਸਨ, ਕਪੂਰੇ ਨੇ ਜਾਂਦੇ-ਜਾਂਦੇ ਕੁਝ ਬਚਨ ਸੁਣੇ, ਕੁਝ ਉਸ ਨੂੰ ਸੁਣਾਈ ਨਾ ਦਿੱਤੇ। ਏਨੇ ਵਿਚ ਇਕ ਸਿੱਖ ਖ਼ਬਰ ਲਿਆਇਆ ਤੇ ਬੋਲਿਆ, "ਹੇ ਸਤਿਗੁਰੂ ਜੀ ! ਬਹੁਤ ਵੱਡਾ ਲਸ਼ਕਰ ਚੜ੍ਹਾਈ ਕਰਕੇ ਆ ਗਿਆ ਹੈ॥ ੪੧॥

ਪੁਰਿ ਸਿਰੰਦ ਤੇ ਖਾਨ ਵਜੀਦਾ। ਚਢਿ ਚਲਿ ਪਰਜੋ ਸੁ ਲਖਹੁ ਰਸੀਦਾ।
ਕਾਲ ਕਿ ਪਰਸੋਂ ਲਗਿ ਚਲਿ ਆਵੈ। ਰਾਵਰ ਕੋ ਪਕਰਨਿ ਲਲਚਾਵੈ"॥ ੪੨॥

ਸਿਰਹੰਦ ਨਗਰ ਤੋਂ ਵਜੀਦ ਖਾਨ, ਲੱਖਾਂ ਦੀ ਗਿਣਤੀ ਵਿਚ ਲਸ਼ਕਰ ਲੈ ਕੇ ਚੜ੍ਹ ਪਿਆ ਹੈ ਤੇ ਉਹ ਹੁਣ ਪਹੁੰਚਿਆ ਹੀ ਜਾਣੋ। ਕਲ੍ਹ ਪਰਸੋਂ ਤਕ ਚਲ ਕੇ ਆ ਜਾਵੇਗਾ, ਉਹ ਆਪ ਜੀ ਨੂੰ ਫੜਨਾ ਚਾਹੁੰਦਾ ਹੈ"॥ ੪੨॥

ਸੁਨਿ ਸ੍ਰੀ ਪ੍ਰਭੁ ਅਸਵਾਰ ਚਢਾਯੋ। 'ਜਾਹੁ ਕਪੂਰੇ ਦੇਹੁ ਸੁਨਾਯੋ।
ਸੰਗ ਮੁਰੱਖੇ ਦੇਹੁ ਸਊਰ। ਲਖਹਿਂ ਦੇਸ਼ ਨੇਰੈ ਕੈ ਦੂਰ॥ ੪੩॥

ਇਹ ਸੁਣ ਕੇ ਗੁਰੂ ਜੀ ਨੇ ਇਕ ਘੋੜ-ਸਵਾਰ ਚੜ੍ਹਾਇਆ ਤੇ ਉਸ ਨੂੰ ਕਿਹਾ, "ਕਪੂਰੇ ਨੂੰ ਜਾ ਕੇ ਸੁਣਾ ਦੇਵੇ, ਅੱਗੇ ਚਲ ਕੇ ਰਸਤਾ ਦੱਸਣ ਵਾਲੇ ਸਵਾਰ ਦੇਵੇ ਜਿਹੜੇ ਨੇੜੇ ਅਤੇ ਦੂਰ ਦੇ ਅਸਥਾਨ ਜਾਣਦੇ ਹੋਣ॥ ੪੩॥

ਤੁਰਕਨਿ ਸਨ ਪੁਨ ਰਨ ਘਮਸਾਨਾ। ਹਮਰੋ ਪਰਹਿ, ਕਰਹਿਂ ਬਿਨ ਪ੍ਰਾਨਾ।
ਸੁਨਿ ਸਊਰ ਹਯ ਗਯੋ ਧਵਾਈ। ਮਿਲਜੋ ਜਾਇ ਕਰਿ ਢਿਗ ਕਿਸ ਥਾਂਈ॥੪੪॥

ਤੁਰਕਾਂ ਨਾਲ ਫਿਰ ਸਾਡਾ ਘਮਸਾਨ ਦਾ ਯੁੱਧ ਹੋਵੇਗਾ, ਅਸੀਂ ਉਨ੍ਹਾਂ ਸਭ ਨੂੰ ਪ੍ਰਾਣ ਰਹਿਤ ਕਰ ਦੇਵਾਂਗੇ।" ਇਹ ਸੁਣ ਕੇ ਸਵਾਰ ਘੋੜਾ ਭਜਾਉਂਦਾ ਚਲਿਆ ਗਿਆ ਤੇ ਕਿਸੇ ਥਾਂ ਜਾ ਕੇ ਕਪੂਰੇ ਨੂੰ ਮਿਲ ਪਿਆ॥ ੪੪॥

ਗੁਰ ਕੀ ਕਹਿਵਤਿ ਸਕਲ ਸੁਨਾਈ। 'ਦੇਹੁ ਮੁਰੱਖੇ ਹ੍ਵੈ ਅਗਵਾਈ'।
ਖਰੇ ਹੋਇ ਅਵਲੋਕਜੋ ਖਾਨਾ। ਤਬਹਿ ਕਪੂਰੇ ਬਾਕ ਬਖਾਨਾ॥ ੪੫॥

ਜੋ ਗੁਰੂ ਜੀ ਨੇ ਕਿਹਾ ਸੀ, ਉਸ ਨੂੰ ਸਭ ਕੁਝ ਸੁਣਾਇਆ, "ਅਗਵਾਈ ਕਰਨ ਵਾਲੇ ਘੋੜ-ਸਵਾਰ ਦੇਵੋ।" ਫਿਰ ਕਪੂਰੇ ਨੇ ਖੜੋ ਹੋ ਕੇ ਆਪਣੇ 'ਖਾਨਾ' ਨਾਮ ਦੇ ਦਾਸ ਨੂੰ ਵੇਖਿਆ, ਤਦ ਕਪੂਰੇ ਨੇ ਕਿਹਾ॥ ੪੫॥

'ਜਾਹਿ ਗੁਰੂ ਸੰਗ ਰਹੋ ਅਗਾਰੀ। ਲੇ ਗਮਨਹੁ ਸੰਗ ਜਹਾਂ ਸੁ ਬਾਰੀ।
ਤੁਰਕਨਿ ਸੰਗ ਜਿ ਹੁਇ ਭਟ ਭੇਰਾ। ਲਰਹੁ ਨ, ਟਰਹੁ ਆਪ ਤਿਸ ਬੇਰਾ॥ ੪੬॥

'ਜਾਵੋ ਗੁਰੂ ਜੀ ਦੇ ਨਾਲ ਉਨ੍ਹਾਂ ਦੇ ਅੱਗੇ-ਅੱਗੇ ਰਹੋ, ਉਨ੍ਹਾਂ ਨੂੰ ਲੈ ਕੇ ਉਥੇ ਪਹੁੰਚ ਜਾਵੋ ਜਿੱਥੇ ਪਾਣੀ ਪ੍ਰਾਪਤ ਹੋਵੇ। ਜੇ ਤੁਰਕਾਂ ਨਾਲ ਸੂਰਬੀਰਾਂ ਦਾ ਭੇੜ ਹੋਵੇ ਤਾਂ ਉਸ ਨਾਲ ਆਪ ਉਨ੍ਹਾਂ ਵਲ ਦੇ ਹੋ ਕੇ ਨਾ ਲੜੋ, ਉਸ ਸਮੇਂ ਟਾਲਾ ਕਰ ਜਾਵੋ॥ ੪੬॥

ਇਤ ਉਤ ਹ੍ਵੈ ਕਰਿ ਆਪ ਬਚਾਵਹੁ। ਬਸ ਲਾਗਤਿ ਗੁਰ ਭੀ ਨ ਲਰਾਵਹੁ।
ਜਹਾਂ ਤਾਲ ਦੀਰਘ ਖਿਦਰਾਣਾ। ਗੁਰ ਕੇ ਸੰਗ ਤਹਾਂ ਲਗਿ ਜਾਣਾ॥ ੪੭॥

ਏਧਰ ਓਧਰ ਹੋ ਕੇ ਆਪਣੇ ਆਪ ਨੂੰ ਬਚਾਵੋ, ਵੱਸ ਲਗਦਿਆਂ ਗੁਰੂ ਜੀ ਨੂੰ ਨਾ ਲੜਾਵੋ। ਜਿੱਥੇ ਖਿਦਰਾਣੇ ਦੀ ਵੱਡੀ ਢਾਬ ਹੈ ਗੁਰੂ ਜੀ ਦੇ ਨਾਲ ਉਥੋਂ ਤਕ ਜਾਵੋ॥ ੪੭॥

ਜਿਤ ਹਮ ਹੋਇਂ ਮਿਲਹੁ ਤਹਿਂ ਆਇ। ਕੈ ਮਿਲ ਜਾਹੁ ਤੁਰਕ ਦਲ ਮਾਇ।
ਸਮੁਝਿ ਬਾਰਤਾ ਸਭਿ ਤਬਿ ਖਾਨਾ। ਲੈ ਕੇਤਿਕ ਅਸਵਾਰ ਪਿਯਾਨਾ॥ ੪੮॥

ਜਿੱਥੇ ਅਸੀਂ ਹੋਈਏ, ਓਥੇ ਆ ਮਿਲੋ, ਜਾਂ ਤੁਰਕ ਦਲ ਵਿਚ ਮਿਲ ਜਾਵੋ।'' ਖਾਨਾ ਫਿਰ ਸਾਰੀ ਗੱਲ ਸਮਝ ਕੇ, ਕਈ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਚਲੇ ਗਿਆ॥ ੪੮॥

ਆਇ ਮਿਲਯੋ ਸਤਿਗੁਰ ਕੇ ਸਾਥ। ਬੰਦਨ ਕੀਨਿ ਜੋਰਿ ਜੁਗ ਹਾਥ।
ਜੰਗਲ ਦੇਸ਼ ਬਾਰਤਾ ਸਾਰੀ। ਬੂਝੀ ਗੁਰ, ਖਾਨੇ ਸੁ ਉਚਾਰੀ॥ ੪੯॥

ਉਹ ਖਾਨਾ ਫਿਰ ਸਤਿਗੁਰੂ ਜੀ ਨਾਲ ਆ ਮਿਲਿਆ ਤੇ ਦੋਵੇਂ ਹੱਥ ਜੋੜ ਕੇ ਉਸ ਬੰਦਨਾ ਕੀਤੀ। ਸਤਿਗੁਰੂ ਜੀ ਨੇ ਮਾਲਵੇ ਦੇਸ਼ ਦੀ ਸਾਰੀ ਗੱਲਬਾਤ ਪੁਛੀ, ਖਾਨੇ ਨੇ ਉਹ ਸਾਰੀ ਗੱਲ ਉਚਾਰਨ ਕਰ ਦਿੱਤੀ॥ ੪੯॥

'ਪ੍ਰਭੁ ਜੀ ! ਏਕ ਤਾਲ ਖਿਦਰਾਣਾ। ਅਲਪ ਨੀਰ ਤਿਤ ਕੋ ਹਮ ਜਾਣਾ।
ਅਪਰ ਥਾਨ ਤਿਸ ਨਿਕਟ ਨ ਪਾਨੀ। ਤਹਿਂ ਲੇ ਚਲੌਂ ਹੋਇ ਅਗਵਾਨੀ॥੫੦॥

ਕਹਿਣ ਲੱਗਾ, ''ਸਤਿਗੁਰੂ ਜੀ ! ਖਿਦਰਾਣੇ ਦੀ ਇਕ ਢਾਬ ਹੈ, ਓਥੇ ਥੋੜਾ ਪਾਣੀ ਮੌਜੂਦ ਹੈ, ਇਹ ਅਸੀਂ ਜਾਣਿਆ ਹੈ, ਹੋਰ ਕਿਤੇ ਵੀ ਨੇੜੇ ਪਾਣੀ ਨਹੀਂ ਹੈ। ਮੈਂ ਆਪ ਜੀ ਦੀ ਅਗਵਾਈ ਕਰਕੇ ਓਥੇ ਲੈ ਜਾਂਦਾ ਹਾਂ॥ ੫੦॥

ਲਰਹੁ ਤਹਾਂ ਕੁਛ ਤੁਰਕ ਸੰਘਾਰਹੁ। ਪੁਨ ਜੰਗਲ ਮਹਿਂ ਅੱਗ੍ਰ ਪਧਾਰਹੁ।
ਬਸ ਲਸ਼ਕਰ ਕੋ ਚਲੈ ਨ ਕੋਊ। ਜਲ ਬਿਨ ਹਟੈ ਮੂਢ ਮਤਿ ਹੋਊ॥ ੫੧॥

ਓਥੇ ਯੁੱਧ ਕਰਕੇ ਕੁਝ ਤੁਰਕ ਮਾਰੋ, ਫਿਰ ਮਾਲਵੇ ਦੇਸ਼ ਵਿਚ ਅੱਗੇ ਚਲੇ ਜਾਵੋ। ਓਥੇ ਲਸ਼ਕਰ ਦਾ ਕੁਝ ਵੀ ਵੱਸ ਨਹੀਂ ਚੱਲੇਗਾ। ਪਾਣੀ ਤੋਂ ਬਗੈਰ ਮੂਰਖ ਮੱਤ ਹੋ ਕੇ ਵਾਪਸ ਚਲੇ ਜਾਣਗੇ'' ॥ ੫੧॥

ਇਮ ਕਹਿ ਸੁਨਿ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਉਠਿ ਪ੍ਰਭਾਤਿ ਕਰਿ ਸੌਚ ਸ਼ਨਾਨਾ। ਪਾਇ ਜ਼ੀਨ ਹਯ, ਬਨਿ ਸਵਧਾਨਾ॥੫੨॥

ਇਸ ਪ੍ਰਕਾਰ ਕਹਿ ਸੁਣ ਕੇ ਖਾਣ ਪੀਣ ਕੀਤਾ ਤੇ ਕ੍ਰਿਪਾ-ਨਿਧਾਨ ਸਤਿਗੁਰੂ ਜੀ ਆਰਾਮ ਨਾਲ ਸੌਂ ਗਏ। ਸਵੇਰੇ ਉੱਠ ਕੇ ਸੋਚ ਇਸ਼ਨਾਨ ਕੀਤਾ ਤੇ ਘੋੜਿਆਂ ਉੱਪਰ ਕਾਠੀਆਂ ਪਾ ਕੇ ਸਾਵਧਾਨ ਹੋ ਗਏ॥ ੫੨॥

*ਪਹਿਲੇ ਐਨ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥*

# ਅਧਿਆਇ ਸਤਵਾਂ

*ਖਿਦਰਾਣੇ ਵੱਲ ਨੂੰ ਚਲਣਾ, ਜੁਗਰਾਜ ਜੱਟ*

ਦੋਹਰਾ- ਚਢਿ ਤਹਿਂ ਤੇ ਸ੍ਰੀ ਸਤਿਗੁਰੂ ਲੇ ਖਾਨੇ ਕੋ ਸੰਗ।
ਰਮਯਾਣਾ ਜੋ ਗ੍ਰਾਮ ਹੈ ਤਿਤ ਕੋ ਤੋਰਿ ਤੁਰੰਗ॥ ੧॥

ਖਾਨੇ ਨਾਮ ਦੇ ਰਾਹ ਦੱਸਣ ਵਾਲੇ ਨੂੰ ਨਾਲ ਲੈ ਕੇ ਸਤਿਗੁਰੂ ਜੀ ਆਪਣੇ ਘੋੜੇ ਤੇ ਸਵਾਰ ਹੋ ਗਏ। ਰਮਿਆਣਾ ਜਿਹੜਾ ਪਿੰਡ ਹੈ, ਉਸ ਪਾਸੇ ਵਲ ਘੋੜਿਆਂ ਨੂੰ ਤੋਰ ਲਿਆ॥ ੧॥

ਚੌਪਈ- ਕੇਤਿਕ ਚਲਿ ਜਬਿ ਆਗੇ ਗਏ। ਬਹੁ ਉਦਿਆਨ ਬਿਲੋਕਤਿ ਭਏ।
ਨਿਕਟ ਗ੍ਰਾਮ ਕੇ ਜਾਇ ਪਹੂਚੇ। ਖਰੇ ਕਰੀਰ ਪੀਲੁ ਤਰੁ ਮੂਚੇ॥ ੨॥

ਕਾਫੀ ਪੈਂਡਾ ਚਲ ਕੇ ਜਦ ਅੱਗੇ ਗਏ ਤਾਂ ਉਨ੍ਹਾਂ ਓਥੇ ਭਾਰੀ ਜੰਗਲ ਵੇਖਿਆ ਤੇ ਇਕ ਪਿੰਡ ਦੇ ਨੇੜੇ ਪਹੁੰਚ ਗਏ, ਓਥੇ ਵੱਡੇ-ਵੱਡੇ ਕਰੀਰ ਅਤੇ ਪੀਲੂ ਦੇ ਬੂਟੇ ਖੜੇ ਹਨ॥ ੨॥

ਤਹਿਂ ਇਕ ਰਾਹਕ ਤੋਰਤਿ ਡੇਲੇ। ਪਾਵਤਿ ਝੋਰੀ ਮੈਂ ਬਹੁ ਲੇ ਲੇ।
ਸ੍ਰੀ ਸਤਿਗੁਰ ਸੋ ਜਾਇ ਨਿਹਾਰਾ। ਨਿਕਟ ਗਏ ਇਮ ਬਾਕ ਉਚਾਰਾ॥੩॥

ਓਥੇ ਇਕ ਕਿਸਾਨ ਡੇਲੇ ਤੋੜ ਰਿਹਾ ਸੀ, ਉਹ ਬਹੁਤ ਡੇਲੇ ਲੈ ਲੈ ਕੇ ਆਪਣੀ ਝੋਲੀ ਵਿਚ ਪਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਜਾ ਕੇ ਵੇਖਿਆ ਤੇ ਉਸ ਦੇ ਪਾਸ ਜਾ ਕੇ ਬਚਨ ਕੀਤਾ॥ ੩॥

'ਕਹਾ ਤੂੰ ਕਰੈਂ ਤਰੁਨਿ ਮਹਿਂ ਫਿਰੈਂ ? ਕਹਾ ਝੋਲੀ ਮਹਿਂ ਪਾਵਨ ਕਰੈਂ ?'।
ਰਾਹਕ ਬੋਲਜੋ 'ਫਲ ਇਨ ਤੋਰਿ। ਲੈ ਜੈਹੋਂ ਇਨ ਖੈਬੇ ਲੋਰਿ'॥੪॥

"ਇਹ ਤੂੰ ਕੀ ਕਰਦਾ ਹੈਂ ਰੁੱਖਾਂ ਦੇ ਵਿਚ ਫਿਰਦਾ ਹੈਂ? ਆਪਣੀ ਝੋਲੀ ਵਿਚ ਕੀ ਪਾ ਰਿਹਾ ਹੈਂ?" ਕਿਸਾਨ ਨੇ ਕਿਹਾ, "ਇਨ੍ਹਾਂ ਦਰੱਖਤਾਂ ਦੇ ਫਲ ਤੋੜ ਰਿਹਾ ਹਾਂ, ਇਨ੍ਹਾਂ ਨੂੰ ਖਾਣ ਵਾਸਤੇ ਲੈ ਜਾਵਾਂਗਾ"॥ ੪॥

'ਹਮਹਿ ਦਿਖਾਵਹੁ' ਸ੍ਰੀ ਪ੍ਰਭੁ ਭਾਖਾ। ਦਈ ਮੁਸ਼ਟ ਭਰਿ, ਇਕ ਮੁਖ ਚਾਖਾ।
'ਇਹ ਤੌ ਕਟਕ ਡਾਰ ਦਿਹੁ ਚੀਨਿ'। ਚੌਥੇ ਭਾਗ ਗੇਰ ਤਿਨ ਦੀਨਿ॥ ੫॥

ਸਤਿਗੁਰੂ ਜੀ ਨੇ ਫੁਰਮਾਇਆ, "ਇਨ੍ਹਾਂ ਨੂੰ ਸਾਨੂੰ ਵਿਖਾਓ", ਉਸ ਨੇ ਉਨ੍ਹਾਂ ਫਲਾਂ ਦੀ ਮੁੱਠੀ ਭਰ ਕੇ ਦਿੱਤੀ ਤੇ ਗੁਰੂ ਜੀ ਨੇ ਇਕ ਫਲ ਨੂੰ ਖਾ ਕੇ ਵੇਖਿਆ ਤੇ ਫੁਰਮਾਇਆ, "ਇਹ ਤਾਂ ਬਹੁਤ ਕੌੜੇ ਹਨ, ਇਨ੍ਹਾਂ ਨੂੰ ਸੁੱਟ ਦੇਵੋ।" ਉਸ ਕਿਸਾਨ ਨੇ ਇਕ ਚੌਥਾਈ ਡੇਲੇ ਸੁੱਟ ਦਿੱਤੇ॥ ੫॥

ਪੁਨ ਗੁਰ ਭਨਜੋਂ 'ਗੇਰ ਦੇਹੁ ਸਾਰੇ'। ਸੁਨਿ ਰਾਹਕ ਆਧੇ ਪੁਨ ਡਾਰੇ।
ਭਨੈਂ ਪ੍ਰਭੁ 'ਧਰ ਡਾਰਹੁ ਸਭੈ'। ਸੁਨਿ ਰਾਹਕ ਕੁਛ ਗੇਰੇ ਤਬੈ॥ ੬॥

ਗੁਰੂ ਜੀ ਨੇ ਦੁਬਾਰਾ ਕਿਹਾ, "ਸਾਰੇ ਸੁੱਟ ਦੇਵੋ", ਇਹ ਸੁਣ ਕੇ ਫਿਰ ਕਿਸਾਨ ਨੇ ਅੱਧੇ ਸੁੱਟ ਦਿੱਤੇ। ਸਤਿਗੁਰੂ ਜੀ ਨੇ ਫਿਰ ਕਿਹਾ, "ਸਾਰੇ ਸੁੱਟ ਦੇਵੋ" ਇਹ ਸੁਣ ਕੇ ਕਿਸਾਨ ਨੇ ਕੁਝ ਹੋਰ ਸੁੱਟੇ॥ ੬॥

ਝੋਰੀ ਮਹਿਂ ਰਾਖੇ ਜਬਿ ਹੇਰੇ। ਪੁਨ ਗੁਰ ਕਹਜੋ 'ਕਜੋ ਨ ਸਭਿ ਗੇਰੇ?'।
ਰਾਹਕ ਕਹੈ 'ਕੁਟੰਬ ਜੁ ਮੇਰਾ। ਕਜਾ ਖੈਹੈ ਹੁਇ ਛੁਧਤਿ ਘਨੇਰਾ॥ ੭॥

ਜਦ ਗੁਰੂ ਜੀ ਨੇ ਵੇਖਿਆ ਕਿ ਉਸ ਨੇ ਕੁਝ ਡੇਲੇ ਆਪਣੀ ਝੋਲੀ ਵਿਚ ਰੱਖੇ ਹਨ ਤਾਂ ਦੁਬਾਰਾ ਗੁਰੂ ਜੀ ਨੇ ਕਿਹਾ, "ਤੂੰ ਕਿਉਂ ਸਾਰੇ ਨਹੀ ਡੇਗੇ ਹਨ?" ਕਿਸਾਨ ਨੇ ਕਿਹਾ, "ਜਿਹੜਾ ਮੇਰਾ ਪਰਿਵਾਰ ਹੈ, ਉਹ ਕੀ ਖਾਵੇਗਾ ਬਹੁਤ ਭੁੱਖਾ ਹੋਵੇਗਾ॥ ੭॥

ਕਰਹਿਂ ਪਕਾਵਨ ਲੇ ਸਭਿ ਖੈਹੈਂ। ਇਮ ਗੁਜ਼ਰਾਨੀ ਸਮਾ ਬਿਤੈ ਹੈਂ'।
ਸਭਿਨਿ ਸੁਨਾਇ ਗੁਰੂ ਤਬਿ ਭਾਖਾ। 'ਚੌਥੋ ਭਾਗ ਦੁਰਭਿੱਛ ਕੋ ਰਾਖਾ॥ ੮॥

ਇਨ੍ਹਾਂ ਨੂੰ ਪਕਾ ਕੇ ਸਾਰੇ ਖਾ ਲਵਾਂਗੇ, ਇਸ ਪ੍ਰਕਾਰ ਗੁਜ਼ਾਰਾ ਕਰਕੇ ਸਾਡਾ ਸਮਾਂ ਬਤੀਤ ਹੁੰਦਾ ਹੈ।" ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਕਿਹਾ, "ਤੂੰ ਕਾਲ ਚੋਥਾ ਹਿੱਸਾ ਰੱਖ ਲਿਆ ਹੈ॥ ੮॥

ਹਮ ਚਾਹਤਿ ਇਸ ਦੇਸ਼ ਮਝਾਰੀ। ਕਬਿ ਦੁਰਭਿੱਛ ਨ ਪਰਹਿ ਅਗਾਰੀ।
ਬਰਿਆਈ ਇਸ ਰਾਹਕ ਰਾਖਜੋ। ਮਾਨਜੋ ਬਾਕ ਨ ਜੋ ਹਮ ਭਾਖਜੋ॥ ੯॥

ਅਸੀਂ ਚਾਹੁੰਦੇ ਹਾਂ, ਇਸ ਦੇਸ਼ ਵਿਚ ਅੱਗੇ ਤੋਂ ਕਦੀ ਵੀ ਕਾਲ ਨਾ ਪਵੇ, ਪਰ ਮਲੋਮਲੀ ਚੋਥਾ ਹਿੱਸਾ ਇਸ ਕਿਸਾਨ ਨੇ ਰੱਖ ਲਿਆ ਹੈ। ਸਾਡਾ ਬਚਨ ਨਹੀ ਮੰਨਿਆ ਹੈ, ਜਿਵੇਂ ਅਸੀਂ ਕਿਹਾ ਸੀ॥ ੯॥

ਜੇਕਰਿ ਡੇਲੇ ਗੇਰਤਿ ਸਾਰੇ। ਹੋਤਿ ਅਨਾਜ ਅਨੇਕ ਪ੍ਰਕਾਰੇ।
ਰਹਤਿ ਭਲੋ ਸੁਰਭਿੱਛ ਹਮੇਸ਼ੂ। ਇਤ ਤੇ ਅੰਨ ਖਾਹਿਂ ਬਹੁ ਦੇਸ਼ੂ॥ ੧੦॥

ਜੇ ਉਹ ਸਾਰੇ ਡੇਲੇ ਡੇਗ ਦਿੰਦਾ ਤਾਂ ਇਸ ਧਰਤੀ ਵਿਚ ਅਨੇਕ ਪ੍ਰਕਾਰ ਦਾ ਅਨਾਜ ਪੈਦਾ ਹੁੰਦਾ ਤੇ ਸਦਾ ਹੀ ਕਾਲ ਰਹਿਤ ਸੁਖਾਲਾ ਸਮਾਂ ਬੀਤਦਾ। ਇਸ ਦੇਸ਼ ਤੋਂ ਬਹੁਤ ਦੇਸ਼ ਅਨਾਜ ਖਾਂਦੇ॥ ੧੦॥

ਅਬਿ ਭੀ ਤੀਨਹੁਂ ਭਾਗ ਸੁਕਾਲ। ਛਿਤ ਮਹਿਂ ਉਪਜੇ ਅੰਨ ਬਿਸਾਲ'।
ਬਾਕ ਬਿਲਾਸ ਕਰਤਿ ਇਮ ਗਏ। ਜਾਇ ਗ੍ਰਾਮ ਢਿਗ ਉਤਰਤਿ ਭਏ॥ ੧੧॥

ਹੁਣ ਵੀ ਤਿੰਨ ਭਾਗ ਕਾਲ ਰਹਿਤ ਰਹਿਣਗੇ, ਇਸ ਧਰਤੀ ਵਿਚ ਬਹੁਤ ਅਨਾਜ ਪੈਦਾ ਹੋਵੇਗਾ।" ਇਸ ਪ੍ਰਕਾਰ ਬਚਨ ਬਿਲਾਸ ਕਰਦੇ ਚਲੇ ਗਏ ਤੇ ਪਿੰਡ ਦੇ ਪਾਸ ਜਾ ਕੇ ਉਤਾਰਾ ਕਰ ਲਿਆ॥ ੧੧॥

ਮਾਝੇ ਮਹਿਂ ਗੁਰ ਕੀ ਸੁਧਿ ਸੁਨੀ। ਜਥਾ ਜੰਗ ਭੇ, ਸੈਨਾ ਹਨੀ।
ਜਥਾ ਅਨੰਦਪੁਰਿ ਛੋਰਿ ਸਿਧਾਰੇ। 'ਸਾਹਿਬਜ਼ਾਦੇ ਚਾਰਹੁਂ ਮਾਰੇ॥ ੧੨॥

ਮਾਝੇ ਵਿਚ ਗੁਰੂ ਜੀ ਬਾਰੇ ਖਬਰ ਸੁਣੀ ਗਈ, ਜਿਵੇਂ ਜੰਗ ਹੋਏ ਸਨ ਤੇ ਜਿਵੇਂ ਵੈਰੀ ਸੈਨਾ ਮਾਰੀ ਸੀ। ਜਿਵੇਂ ਅਨੰਦਪੁਰ ਛੱਡ ਕੇ ਚਲੇ ਗਏ ਸਨ। "ਚਾਰੇ ਸਾਹਿਬਜ਼ਾਦੇ ਮਾਰੇ ਗਏ ਸਨ॥ ੧੨॥

ਜੰਗਲ ਦੇਸ਼ ਪ੍ਰਵੇਸ਼ੇ ਜਾਇ। ਲਾਖਹੁਂ ਤੁਰਕਨਿ ਕੇ ਦਲ ਆਇ'।
ਸੁਨਿ ਸੁਨਿ ਬਡ ਅਫਸੋਸ ਕਰੰਤੇ। ਅਪਨ ਆਪ ਕੋ ਧਿਕ ਉਚਰੰਤੇ॥ ੧੩॥

ਗੁਰੂ ਜੀ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਏ ਹਨ, ਲੱਖਾਂ ਤੁਰਕਾਂ ਦਾ ਦਲ ਉਨ੍ਹਾਂ ਉੱਪਰ ਚੜ੍ਹਾਈ ਕਰਕੇ ਆ ਗਿਆ ਹੈ।" ਸੁਣ ਸੁਣ ਕੇ ਸਾਰੇ ਵੱਡਾ ਅਫਸੋਸ ਕਰਦੇ ਹਨ ਤੇ ਆਪਣੇ ਆਪ ਨੂੰ ਧਿਰਕਾਰਦੇ ਹਨ॥ ੧੩॥

'ਦੇਸ਼ ਹਮਾਰੋ ਬੇਮੁਖ ਹ੍ਵੈ ਕੈ। ਦੁਨੀਚੰਦ ਕੇ ਸੰਗ ਮਿਲੈ ਕੈ।
ਭਾਗੇ ਸਤਿਗੁਰ ਕੋ ਤਜਿ ਆਏ। ਸ੍ਰੀ ਗੁਰ ਕੇ ਕਾਰਜ ਬਿਗਰਾਏ॥ ੧੪॥

''ਸਾਡੇ ਦੇਸ਼ ਦੇ ਸਿੰਘ ਬੇਮੁਖ ਹੋ ਕੇ, ਦੁਨੀ ਚੰਦ ਕਾਇਰ ਦੇ ਨਾਲ ਮਿਲ ਗਏ। ਸਤਿਗੁਰੂ ਜੀ ਨੂੰ ਛੱਡ ਕੇ ਭੱਜ ਆਏ ਤੇ ਸਤਿਗੁਰੂ ਜੀ ਦੇ ਕਾਰਜ ਨੂੰ ਵਿਗਾੜ ਦਿੱਤਾ'' ॥ ੧੪ ॥

ਭਲੇ ਭਲੇ ਸਿਖ ਸਭਿਨਿ ਧਿਕਾਰੈਂ। 'ਦੇਸ਼ ਬਿਮੁਖ ਭਾ ਦੋਜ਼ਕ ਡਾਰੈਂ'।
ਸੁਨਿ ਗ਼ੈਰਤ ਸਭਿ ਕੇ ਮਨ ਆਈ। ਜਾਨੀ ਅਪਨੀ ਅਧਿਕ ਖੁਟਾਈ ॥ ੧੫ ॥

ਭਲੇ-ਭਲੇ ਸਿੱਖ ਸਭ ਆਪਣੇ ਆਪ ਨੂੰ ਧਿਰਕਾਰਦੇ ਸਨ, ''ਸਾਡਾ ਦੇਸ਼ ਬੇਮੁਖ ਹੋ ਗਿਆ ਹੈ, ਨਰਕਾਂ ਵਿਚ ਪਾਉਣਗੇ।'' ਇਹ ਸੁਣ ਕੇ ਸਾਰਿਆਂ ਦੇ ਮਨ ਵਿਚ ਗੈਰਤ ਆਈ, ਉਨ੍ਹਾਂ ਨੇ ਆਪਣੇ ਆਪ ਵਿਚ ਵੱਡਾ ਖੋਟ ਜਾਣਿਆ ॥ ੧੫ ॥

ਅਪਰ ਦੇਸ਼ ਅਸ ਕੋਇ ਨ ਹੋਵਾ। ਸਿਦਕ ਜਥਾ ਮਾਝੇ ਬਹੁ ਖੋਵਾ।
ਚਿਤਵਤਿ ਚਿਤ ਚਿੰਤਾ ਬਹੁ ਗ੍ਰਾਮੂ। 'ਕਿਮ ਗੁਰ ਕੋ ਸੁਧਰੈ ਸਭਿ ਕਾਮੂ' ॥੧੬ ॥

ਹੋਰ ਕਿਸੇ ਦੇਸ਼ ਵਿਚ ਵੀ ਇਸ ਪ੍ਰਕਾਰ ਨਹੀਂ ਹੋਇਆ ਹੈ, ਜਿਵੇਂ ਮਾਝੇ ਨੇ ਵੱਡਾ ਸਿਦਕ ਖੋਹ ਲਿਆ ਹੈ।'' ਚਿੱਤ ਵਿਚ ਇਸ ਪ੍ਰਕਾਰ ਵਿਚਾਰ ਕਰਕੇ ਪਿੰਡਾਂ ਵਿਚ ਬਹੁਤ ਚਿੰਤਾ ਵਧ ਗਈ। ''ਗੁਰੂ ਜੀ ਦੇ ਕਿਸ ਪ੍ਰਕਾਰ ਕਾਰਜ ਸੁਧਰਨਗੇ'' ॥ ੧੬ ॥

ਪੰਚਾਇਤ ਬਹੁ ਗ੍ਰਾਮਨਿ ਕੇਰੀ। ਆਪਸ ਮਹਿਂ ਸਕੇਲਿ ਤਿਸ ਬੇਰੀ।
ਪਠਿ ਪਠਿ ਮਾਨਵ ਇਕ ਥਲ ਆਏ। ਮੇਲ ਭਯੋ ਸਭਿ ਕੋ ਇਕ ਥਾਏ ॥੧੭ ॥

ਬਹੁਤ ਪਿੰਡਾਂ ਦੀਆਂ ਪੰਚਾਇਤਾਂ, ਉਸ ਸਮੇਂ ਆਪਸ ਵਿਚ ਇਕੱਠੀਆਂ ਹੋਈਆਂ। ਮਨੁੱਖ ਭੇਜ-ਭੇਜ ਇਕ ਥਾਂ ਇਕੱਠੇ ਕੀਤੇ ਤੇ ਸਾਰਿਆਂ ਦਾ ਇਕ ਸਥਾਨ ਉੱਪਰ ਮੇਲ ਹੋਇਆ ॥ ੧੭ ॥

ਲਵਪੁਰਿ ਕੋ ਗਿਰਦਾ ਸਭਿ ਮਿਲੇ। ਗਿਨਤੀ ਕੇ ਮਾਨਵ ਮੁਖਿ ਭਲੇ।
ਕਰਤਿ ਸੋਚ ਚਿੰਤਾ ਮਹਿਂ ਗ਼ਰਕ। 'ਬੇਮੁਖਤਾ ਕੋ ਫਲ ਹੁਇ ਨਰਕ' ॥ ੧੮ ॥

ਲਾਹੌਰ ਦੇ ਆਲੇ-ਦੁਆਲੇ ਦੇ ਲੋਕ ਸਭ ਇਕੱਠੇ ਹੋਏ। ਕੁਝ ਗਿਣਤੀ ਦੇ ਭਲੇ ਪੁਰਸ਼ ਉਨ੍ਹਾਂ ਦੇ ਮੁੱਖੀ ਸਨ। ਸੋਚਾਂ ਸੋਚਦੇ ਉਹ ਚਿੰਤਾ ਵਿਚ ਗਰਕ ਸਨ। ''ਬੇਮੁਖਤਾ ਦਾ ਫਲ, ਨਰਕਾਂ ਦੀ ਪ੍ਰਾਪਤੀ ਕਰਕੇ ਨਰਕ ਨਸੀਬ ਹੋਵੇਗਾ'' ॥ ੧੮ ॥

ਆਪਸ ਮਹਿਂ ਬਿਚਾਰ ਠਹਿਰਾਈ। 'ਸੌ ਦੋ ਸੈ ਨਰ ਗੁਰ ਢਿਗ ਜਾਈ।
ਪ੍ਰਭੁ ਕੋ ਮਿਲਿ ਐਸੇ ਸਮੁਝਾਵੈਂ। ਹਾਥਿ ਜੋਰਿ ਕਰਿ ਸੀਸ ਨਿਵਾਵੈਂ ॥ ੧੯ ॥

ਆਪਸ ਵਿਚ ਫਿਰ ਵਿਚਾਰ ਕੀਤਾ, ''ਸੌ ਦੋ ਸੌ ਮਨੁੱਖ ਸਤਿਗੁਰੂ ਜੀ ਦੇ ਪਾਸ ਜਾਣ। ਸਤਿਗੁਰੂ ਜੀ ਨੂੰ ਮਿਲ ਕੇ ਇਸ ਪ੍ਰਕਾਰ ਸਮਝਾਉਣ ਤੇ ਹੱਥ ਜੋੜ ਦੇ ਸਿਰ ਨਿਵਾਉਣ ॥ ੧੯ ॥

ਪੂਰਬਲੇ ਗੁਰੂਅਨਿ ਕੀ ਰੀਤਿ। ਜੇ ਤੁਮ ਧਾਰਹੁ ਥਿਰ ਕਰਿ ਚੀਤਿ।
ਤੌ ਸਿੱਖੀ ਨਿਰਬਹੈਂ ਤੁਮਾਰੀ। ਦਯਾ ਧਰਹੁ ਗਤਿ ਕਰਹੁ ਹਮਾਰੀ ॥ ੨੦ ॥

ਜਿਹੜੀ ਪਹਿਲੇ ਗੁਰੂ ਸਾਹਿਬਾਨ ਦੀ ਰੀਤੀ ਰਹੀ ਹੈ, ਜੇ ਤੁਸੀਂ ਚਿੱਤ ਕਰਕੇ ਉਹੀ ਰੀਤੀ ਧਾਰਨ ਕਰੋ। ਤਾਂ ਤੁਹਾਡੀ ਸਿੱਖੀ ਦਾ ਨਿਰਬਾਹ ਹੋਵੇਗਾ। ਦਇਆ ਧਾਰਨ ਕਰਕੇ, ਸਾਡੀ ਗਤੀ ਕਰੋ ॥ ੨੦ ॥

ਜੇ ਤੁਰਕਨਿ ਕੇ ਸੰਗ ਬਖੇਰਾ। ਦਿਨ ਪ੍ਰਤਿ ਕਰਹੁ ਜੰਗ ਬਡ ਝੇਰਾ।
ਨਹਿਂ ਸਿੱਖੀ ਕੋ ਹੁਇ ਨਿਰਬਾਹੂ। ਬਸੈਂ ਪ੍ਰਜਾ ਹੁਇ ਦੇਸ਼ਨ ਮਾਂਹੂ ॥ ੨੧ ॥

ਜਿਹੜਾ ਤੁਰਕਾਂ ਦੇ ਨਾਲ ਤੁਹਾਡਾ ਝਗੜਾ ਹੈ, ਦਿਨ ਪ੍ਰਤੀ ਤੁਸੀਂ ਵੱਡਾ ਯੁੱਧ ਅਤੇ ਝਗੜਾ ਕਰਦੇ ਹੋ। ਇਸ ਪ੍ਰਕਾਰ ਸਿੱਖਾਂ ਦਾ ਨਿਰਬਾਹ ਨਹੀਂ ਹੋ ਸਕੇਗਾ। ਇਨ੍ਹਾਂ ਦੇਸ਼ਾਂ ਵਿਚ ਸਿੱਖਾਂ ਨੂੰ ਪਰਜਾ ਬਣ ਕੇ ਵੱਸਣਾ ਚਾਹੀਦਾ ਹੈ ॥ ੨੧ ॥

ਲਰਜੈ ਨ ਜਾਇ ਸ਼ਾਹੁ ਕੇ ਸੰਗ। ਲਾਖਹੁਂ ਲਸ਼ਕਰ ਠਾਨਤਿ ਜੰਗ।
ਜੇ ਤੁਮ ਕਹੋ 'ਸਾਥ ਤੁਰਕਾਨੇ। ਹਮਰੇ ਝਗਰੇ ਪਰੇ ਮਹਾਨੇ'॥ ੨੨॥

ਬਾਦਸ਼ਾਹ ਦੇ ਨਾਲ ਸਾਥੋਂ ਲੜਿਆ ਨਹੀਂ ਜਾਂਦਾ ਹੈ, ਉਨ੍ਹਾਂ ਦਾ ਲੱਖਾਂ ਦਾ ਲਸ਼ਕਰ ਜੰਗ ਕਰਦਾ ਹੈ। ਜੇ ਤੁਸੀਂ ਕਹਿੰਦੇ ਹੋ, "ਤੁਰਕਾਂ ਦੇ ਨਾਲ ਸਾਡੇ ਮਹਾਨ ਝਗੜੇ ਪਏ ਹਨ" ॥ ੨੨॥

ਤੌ ਹਮ ਦਿੱਲੀ ਪਹੁੰਚਹਿਂ ਸਾਰੇ। ਕਰਹਿਂ ਸੁਨਾਵਨ ਸਰਬ ਪ੍ਰਕਾਰੇ।
ਭਲੀ ਭਾਂਤਿ ਹਮ ਲੇਹਿਂ ਨਿਬੇਰਾ। ਨਹੀਂ ਰਹਨ ਦੇਵੈਂ ਕੋ ਝੇਰਾ॥ ੨੩॥

ਤਾਂ ਅਸੀਂ ਸਾਰੇ ਦਿੱਲੀ ਪਹੁੰਚਾਂਗੇ, ਓਥੇ ਜਾ ਕੇ ਸਰਬ ਪ੍ਰਕਾਰ ਸੁਣਾਵਾਂਗੇ। ਭਲੀ ਪ੍ਰਕਾਰ ਅਸੀਂ ਇਸ ਝਗੜੇ ਦਾ ਨਿਬੇੜਾ ਕਰ ਲਵਾਂਗੇ ਤੇ ਕੋਈ ਝੰਜਟ ਰਹਿਣ ਨਹੀਂ ਦੇਵਾਂਗੇ॥ ੨੩॥

ਹਮਰੇ ਰਾਹੀਂ ਸਭਿ ਕਿਛ ਹੋਇ। ਬਾਦ ਬਿਰੋਧ ਦੇਹਿਂਗੇ ਖੋਇ।
ਆਪ ਸੁਖੀ ਰਹੀਅਹਿ ਸਭਿ ਰੀਤਿ। ਨਿਰਬਾਹਹੁ ਸਿੱਖਨ ਕੀ ਪ੍ਰੀਤਿ॥ ੨੪॥

ਸਾਡੇ ਰਾਹੀਂ ਸਭ ਕੁਝ ਹੋ ਸਕਦਾ ਹੈ, ਅਸੀਂ ਵੈਰ ਵਿਰੋਧ ਖਤਮ ਕਰ ਦੇਵਾਂਗੇ। ਆਪ ਸਭ ਰੀਤੀਆਂ ਨਾਲ ਸੁਖੀ ਰਹੋ ਤੇ ਸਿੱਖਾਂ ਦੀ ਪ੍ਰੀਤ ਦਾ ਨਿਰਬਾਹ ਕਰੋ॥ ੨੪॥

ਹਮ ਸਿਖ ਹੁਇਂ ਤੁਮ ਗੁਰੂ ਬਨੀਜੈ। ਰਸ ਤੁਰਕਨ ਕੇ ਸੰਗ ਰਖੀਜੈ।
ਨਤੁ ਹਮ ਸਿੱਖ ਨ ਤੁਮ ਗੁਰ ਹਏ। ਬਿਗਰਹਿ ਬਾਤ ਲਖਹੁ ਦਿਸ਼ਿ ਦੋਏ' ॥੨੫॥

ਅਸੀਂ ਤੁਹਾਡੇ ਸਿੱਖ ਹੋਈਏ ਤੇ ਤੁਸੀਂ ਸਾਡੇ ਗੁਰੂ ਬਣ ਜਾਵੋ ਤੇ ਤੁਰਕਾਂ ਦੇ ਨਾਲ ਸੁਲਾਹ ਸਫਾਈ ਰੱਖੋ। ਨਹੀਂ ਤਾਂ ਅਸੀਂ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ, ਇਹ ਵੇਖੋ ਦੋਵੀਂ ਪਾਸੀਂ ਗੱਲ ਵਿਗੜਦੀ ਹੈ" ॥ ੨੫॥

ਗ੍ਰਾਮਨਿ ਕੀ ਪੰਚਾਇਤ ਸਾਰੀ। ਇਸ ਪ੍ਰਕਾਰ ਕੀ ਮਸਲਤਿ ਧਾਰੀ।
ਪ੍ਰੇਮੀ ਸਿੱਖ ਹੋਇ ਤਬਿ ਤਜਾਰ। ਗੁਰ ਸਨ ਮਿਲਿਬੇ ਇੱਛਾ ਧਾਰਿ॥ ੨੬॥

ਪਿੰਡਾਂ ਦੀਆਂ ਸਾਰੀਆਂ ਪੰਚਾਇਤਾਂ ਨੇ ਇਸ ਪ੍ਰਕਾਰ ਸਲਾਹ ਬਣਾਈ। ਸਾਰੇ ਪ੍ਰੇਮੀ ਸਿੱਖ ਫਿਰ ਤਿਆਰ ਹੋ ਗਏ ਤੇ ਗੁਰੂ ਜੀ ਨੂੰ ਮਿਲਣ ਦੀ ਉਨ੍ਹਾਂ ਨੇ ਇੱਛਾ ਧਾਰਨ ਕੀਤੀ॥ ੨੬॥

ਗ੍ਰਾਮ ਗ੍ਰਾਮ ਤੇ ਇਕ ਨਰ ਔਰ। ਚਲਨ ਹੇਤੁ ਮਿਲਿ ਕਰਿ ਤਿਸ ਠੌਰ।
ਭਏ ਸਨੱਧ ਬੱਧ ਤਬਿ ਸਾਰੇ। ਸ਼੍ਰੀ ਸਤਿਗੁਰ ਕੀ ਓਰ ਪਧਾਰੇ॥ ੨੭॥

ਪਿੰਡਾਂ-ਪਿੰਡਾਂ ਦੇ ਕੁਝ ਹੋਰ ਮਨੁੱਖ, ਇਕੱਠੇ ਹੋ ਕੇ ਚੱਲਣ ਵਾਸਤੇ ਤਿਆਰ ਹੋ ਗਏ। ਸਾਰੇ ਫਿਰ ਸ਼ਸਤਰਬੱਧ ਹੋ ਗਏ ਤੇ ਸਤਿਗੁਰੂ ਵਾਲੇ ਪਾਸੇ ਚਲ ਪਏ॥ ੨੭॥

ਗ੍ਰਾਮ ਹਰੀ ਕੇ ਪੱਤਨ ਆਏ। ਸਲਿਤਾ ਦੋਨਹੁਂ ਤਰਿ ਹਰਖਾਏ।
ਗੁਰ ਕੀ ਸੁਧਿ ਸੁਨਿ ਕਰਿ ਸਭਿ ਤਬੈ। 'ਦੀਨੇ ਗ੍ਰਾਮ ਤਜਾਗ ਕਰਿ ਅਬੈ ॥੨੮॥

ਉਹ ਹਰੀਕੇ ਪੱਤਨ ਪਿੰਡ ਵਿਚ ਆਏ। ਹਰੀਕੇ ਪੱਤਣ ਵਿਖੇ ਦੋਵੇਂ ਬਿਆਸ ਅਤੇ ਸਤਿਲੁਜ ਦਰਿਆ ਮਿਲਦੇ ਹਨ, ਉਹ ਇਨ੍ਹਾਂ ਦੋਵਾਂ ਦਰਿਆਵਾਂ ਨੂੰ ਤਰ ਕੇ ਪਾਰ ਲੰਘ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੀ ਤਦ ਹਰ ਪ੍ਰਕਾਰ ਦੀ ਖ਼ਬਰ ਸੁਣ ਰਹੇ ਸਨ, "ਉਨ੍ਹਾਂ ਹੁਣ ਦੀਨਾ ਪਿੰਡ ਛੱਡ ਦਿੱਤਾ ਹੈ॥ ੨੮॥

ਖਿਦਰਾਣੇ ਸਰ ਕੀ ਦਿਸ਼ਿ ਆਏ'। ਸੁਨਤਿ ਸਿੰਘ ਹਰਖਤਿ ਇਤ ਧਾਏ।
ਰਮਜਾਣੇ ਤੇ ਕਰਿ ਗੁਰ ਕੂਚ। ਕੇਤਿਕ ਆਗੇ ਉਲੰਘਿ ਪਹੂਚਿ॥ ੨੯॥

ਤੇ ਖਿਦਰਾਣੇ ਦੀ ਢਾਬ ਵੱਲ ਆਏ ਹਨ', ਇਹ ਸੁਣ ਕੇ ਸਿੰਘ ਪ੍ਰਸੰਨ ਹੋ ਕੇ ਇਸ ਪਾਸੇ ਵਲ ਚਲ ਪਏ। ਓਧਰ ਗੁਰੂ ਜੀ ਰਮਿਆਣੇ ਪਿੰਡ ਤੋਂ ਕੂਚ ਕਰਕੇ ਕਾਫ਼ੀ ਪੈਂਡਾ ਲੰਘ ਕੇ ਏਧਰ ਆ ਪਹੁੰਚੇ ਸਨ॥ ੨੯॥

ਜਾਟ ਵਿੜੰਗ ਜੁਗਰਾਜ ਨਾਮ ਤਿਹ। ਖਰੋ ਹੁਤੋ ਗੁਰ ਪੰਥ ਜਾਤਿ ਜਿਹਂ।
ਤਿਸ ਬਿਲੋਕਿ ਸਿਖ ਬਾਕ ਉਚਾਰਾ। 'ਸੁਨਹੁ ਚੌਧਰੀ ! ਸ੍ਰਵਨ ਮਝਾਰਾ॥ ੩੦॥

ਇਕ ਬਿੜੰਗ ਗੋਤ ਦਾ ਜੱਟ ਜਿਸ ਦਾ ਨਾਮ ਜੁਗਰਾਜ ਸੀ, ਉਹ ਓਥੇ ਖੜਾ ਸੀ ਜਿਥੋਂ ਦੀ ਗੁਰੂ ਜੀ ਰਾਹੋ-ਰਾਹ ਜਾ ਰਹੇ ਸਨ। ਉਸ ਨੂੰ ਵੇਖ ਕੇ ਸਿੱਖਾਂ ਨੇ ਬਚਨ ਕੀਤਾ, ''ਹੇ ਚੌਧਰੀ ! ਕੰਨ ਦੇ ਕੇ ਸੁਣੋ॥ ੩੦॥

ਗਨ ਮੁਸਲਨ ਕੋ ਲਸ਼ਕਰ ਆਵੈ। ਜੇ ਤੁਝ ਬੂਝਤਿ ਅੱਗ੍ਰ ਸਿਧਾਵੈ।
ਗਏ ਅਗਾਰੀ ਗੁਰ ਇਤਿ ਦਿਸ਼ਿ ਕੋ ?। ਤੋ ਨ ਬਤਾਵਨ ਕਰੀਅਹਿ ਕਿਸ ਕੋ' ॥੩੧॥

ਮੁਸਲਮਾਨਾਂ ਦਾ ਬਹੁਤ ਵੱਡਾ ਲਸ਼ਕਰ ਆਵੇਗਾ, ਜੇ ਤੈਨੂੰ ਪੁੱਛ ਕੇ ਅੱਗੇ ਜਾਵੇ। ਗੁਰੂ ਜੀ ਅੱਗੇ ਇਸ ਪਾਸੇ ਗਏ ਹਨ ਤਾਂ ਕਿਸੇ ਨੂੰ ਵੀ ਇਸ ਬਾਰੇ ਨਾ ਦੱਸੋ''॥ ੩੧॥

ਸੁਨਤਿ ਜਾਟ ਬੋਲਜੋ ਮੁਖ ਤਬੈ। 'ਮੋ ਕਹੁ ਬੂਝਹਿਂ ਮੁਸਲੇ ਜਬੈ।
ਨਹੀਂ ਬਤਾਵਨਿ ਕੋ ਕਿਮ ਕਰਿਹੋਂ। ਮੈਂਕਜਾ ਜਾਨੋਂ ਤਿਨਹਿਂ ਉਚਰਿਹੋਂ' ॥੩੨॥

ਇਹ ਸੁਣ ਕੇ ਜੱਟ ਮੁਖ ਤੋਂ ਬੋਲਿਆ, ''ਮੈਨੂੰ ਜਦ ਵੀ ਮੁਸਲੇ ਪੁੱਛਣਗੇ ਤਾਂ ਮੈਂ ਉਨ੍ਹਾਂ ਨੂੰ ਨਹੀ ਦੱਸਾਂਗਾ, ਇਹ ਮੈਂ ਕਿਵੇਂ ਕਰ ਸਕਦਾ ਹਾਂ। ਮੈਂ ਕੀ ਜਾਣਦਾ ਹਾਂ, ਉਨ੍ਹਾਂ ਨੂੰ ਮੈਂ ਕਹਾਂਗਾ''॥ ੩੨॥

ਇਮ ਕਹਿ ਸਿਖ ਗੁਰ ਸੰਗ ਸਿਧਾਰੇ। ਚਲੇ ਗਏ ਉਦਿਆਨ ਅਗਾਰੇ।
ਬਹੁਤ ਦੂਰ ਪਹੁੰਚੇ ਜਬਿ ਜਾਈ। ਪੀਛੇ ਮਿਲਜੋ ਏਕ ਸਿੰਘ ਆਈ॥ ੩੩॥

ਇਸ ਪ੍ਰਕਾਰ ਸਿੱਖ ਕਹਿ ਕੇ ਗੁਰੂ ਜੀ ਦੇ ਦਲ ਅੱਗੇ ਜੰਗਲ ਵਿਚ ਚਲੇ ਗਏ। ਜਦ ਬਹੁਤ ਦੂਰ ਪਹੁੰਚ ਗਏ ਤਾਂ ਪਿਛੋਂ ਇਕ ਸਿੰਘ ਆ ਕੇ ਮਿਲਿਆ॥ ੩੩॥

ਤਿਨ ਸਗਰੀ ਸੁਧਿ ਆਨਿ ਸੁਨਾਈ। 'ਦੇਖਹੁ ਕਹਾਂ ਸੈਨ ਰਿਪੁ ਆਈ।
ਜਾਟ ਖਰੋ ਜੁਗਰਾਜ ਬਤਾਵਤਿ। 'ਆਗੇ ਸਤਿਗੁਰ ਇਤ ਕੋ ਜਾਵਤਿ॥ ੩੪॥

ਉਸ ਨੇ ਸਾਰੀ ਖ਼ਬਰ ਆ ਕੇ ਸੁਣਾਈ, ''ਵੇਖੋ ਵੈਰੀ ਦੀ ਸੈਨਾ ਕਿੱਥੇ ਆਈ ਹੈ, ਇਕ ਜੱਟ ਜੁਗਰਾਜ ਖੜਾ ਦੱਸਦਾ ਹੈ, ''ਅੱਗੇ ਸਤਿਗੁਰੂ ਜੀ ਇਸ ਪਾਸੇ ਜਾਂਦੇ ਹਨ॥ ੩੪॥

ਤਿਨ ਸੰਗੀ ਸਿਖ ਮੋਹਿ ਹਟਾਯੋ। ਇਤ ਗੁਰ ਗਏ ਨ ਦੇਹੁ ਬਤਾਯੋ।
ਮੁਸਲਨ ਕੋ ਲਸ਼ਕਰ ਇਤ ਆਵੈ। ਭੌਂਕ ਚੌਂਕ ਆਪੇ ਚਲਿ ਜਾਵੈ॥ ੩੫॥

ਉਸ ਦੇ ਜੰਗੀ ਸਿੰਘਾਂ ਨੂੰ ਮੈਂ ਰੋਕਿਆ ਹੈ, ਏਧਰ ਗੁਰੂ ਜੀ ਗਏ ਹਨ, ਇਹ ਨਾ ਦੱਸਣਾ। ਮੁਸਲਮਾਨਾਂ ਦਾ ਲਸ਼ਕਰ ਏਧਰ ਆਵੇਗਾ ਭੌਂ ਭੌਂ ਕੇ ਆਪੇ ਚਲੇ ਜਾਵੇਗਾ॥ ੩੫॥

ਇਮ ਤਿਸ ਨੇ ਸਭਿ ਬਾਤ ਬਤਾਈ'। ਸੁਨਿ ਸ੍ਰੀ ਪ੍ਰਭੁ ਕਹਿਂ 'ਤਿਹ ਨ ਪਚਾਈ।
ਕੁਲ ਜੁਤਿ ਅਫਰ ਅਫਰ ਮਰਿ ਜੈ ਹੈ। ਇਸ ਕਾਰਨ ਤੇ ਮ੍ਰਿਤੁ ਕੋ ਪੈ ਹੈ' ॥੩੬॥

ਇਸ ਪ੍ਰਕਾਰ ਉਸ ਨੇ ਸਾਰੀ ਗੱਲ ਦੱਸੀ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਉਹਨੂੰ ਗੱਲ ਪਚੇਗੀ ਨਹੀਂ, ਉਸਦੀ ਕੁਲ ਦੀ ਗੱਲ ਸੁਣੀ ਹੈ, ਆਫਰ-ਆਫਰ ਕੇ ਸਾਰੇ ਮਰ ਗਏ ਸਨ। ਇਸ ਕਾਰਨ ਹੀ ਉਹ ਮਰ ਜਾਵੇਗਾ''॥ ੩੬॥

ਗੁਰ ਬਚ ਤੇ ਸੋ ਆਫਰ ਮਰਯੋ। ਅਬਿ ਲੌ ਤਿਹ ਕੁਲ ਸੁਨਿਬੋ ਕਰਯੋ।
ਜਬਿ ਤਿਨ ਕੀ ਮ੍ਰਿਤੁ ਹੁਇ ਨਿਯਰਾਈ। ਅਫਰੈ ਤੀਨ ਦਿਵਸ ਮਰਿ ਜਾਈ ॥੩੭॥

ਗੁਰੂ ਜੀ ਦੇ ਬਚਨਾਂ ਕਰਕੇ ਜੁਗਰਾਜ ਜੱਟ ਆਫਰ ਕੇ ਮਰ ਗਿਆ, ਹੁਣ ਤਕ ਉਸ ਦੀ ਵੰਸ਼ ਵਿਚ ਇਹ ਸੁਣਿਆ ਜਾਂਦਾ ਹੈ। ਜਦ ਉਸ ਦੀ ਮੌਤ ਨੇੜੇ ਆ ਜਾਵੇਗੀ ਤਾਂ ਆਫਰ ਕੇ ਤਿੰਨਾ ਦਿਨਾਂ ਵਿਚ ਮਰ ਜਾਵੇਗਾ॥ ੩੭॥

ਅਫਰੇ ਜਰਹਿਂ ਚਿਖਾ ਕੇ ਬੀਚ। ਲੀਨੋ ਸ੍ਰਾਪ ਬਾਦ ਹੀ ਨੀਚ।
ਚਲੇ ਜਾਤਿ ਸਤਿਗੁਰੂ ਅਗਾਰੀ। ਪੀਲੁਨਿ ਤਰੁ ਕਰੀਰ ਜਹਿਂ ਭਾਰੀ॥ ੩੮॥

ਆਫਰੇ ਨੂੰ ਚਿਖਾ ਦੇ ਵਿਚ ਸਾੜ ਦੇਣਗੇ, ਨੀਚ ਨੇ ਫਜ਼ੂਲ ਵਿਚ ਸਰਾਪ ਲਿਆ ਹੈ। ਸਤਿਗੁਰੂ ਜੀ ਅੱਗੇ ਚਲੇ ਜਾ ਰਹੇ ਸਨ, ਜਿਥੇ ਪੀਲੂ ਅਤੇ ਕਰੀਰ ਦੇ ਭਾਰੀ ਬ੍ਰਿੱਛ ਸਨ॥ ੩੮॥

ਏਕ ਗ੍ਰਾਮ ਆਯੋ ਪੁਨ ਔਰ। ਰੂਪਾ ਖੱਤ੍ਰੀ ਬਸਿ ਤਿਸ ਠਉਰ।
ਮਿਲਯੋ ਏਕ ਗੁੜ ਰੋੜੀ ਲੈਕੇ। ਬੰਦਨ ਕਰੀ ਥਿਰਯੋ ਅਗਵੈਕੈ॥ ੩੯॥

ਫਿਰ ਇਕ ਪਿੰਡ ਹੋਰ ਆਇਆ, ਉਥੇ ਰੂਪਾ ਖੱਤਰੀ ਰਹਿੰਦਾ ਸੀ। ਉਹ ਇਕ ਗੁੜ ਦੀ ਰੋੜੀ ਲੈ ਕੇ ਗੁਰੂ ਜੀ ਨੂੰ ਮਿਲਿਆ ਤੇ ਬੰਦਨਾ ਕਰਕੇ ਅੱਗੇ ਹੋ ਕੇ ਬੈਠ ਗਿਆ॥ ੩੯॥

ਗੁਰ ਬਿਲੋਕਿ ਬੋਲੇ ਤਿਸ ਬੇਰਾ। 'ਕਹੁ ਰੂਪਾ ਕਰੀਅਹਿ ਇਤ ਡੇਰਾ?।
ਲਰਹਿਂ ਤੁਰਕ ਸੌਂ ਇਸ ਥਲ ਥਿਰੈਂ? ਆਵਤਿ ਰਿਪੁਨਿ ਪ੍ਰਾਨ ਕੋ ਹਰੈਂ?' ॥੪੦॥

ਗੁਰੂ ਜੀ ਵੇਖ ਕੇ ਉਸ ਸਮੇਂ ਬੋਲੇ, "ਹੇ ਰੂਪਾ! ਦੱਸੋ, ਏਥੇ ਡੇਰਾ ਕਰ ਲਈਏ? ਇਸ ਸਥਾਨ ਤੇ ਰਹਿ ਕੇ ਤੁਰਕ ਨਾਲ ਯੁੱਧ ਕਰਾਂਗੇ? ਆਉਂਦੇ ਵੈਰੀ ਦੇ ਪ੍ਰਾਣ ਕੱਢ ਦੇਵਾਂਗੇ?"॥ ੪੦॥

ਸੁਨਿ ਬੋਲਯੋ 'ਨਹਿਂ ਪੁਜਿ ਹੈ ਡੇਰਾ। ਤੁਮਰੇ ਤੁਰਕਨਿ ਸੰਗ ਬਖੇਰਾ।
ਲਸ਼ਕਰ ਆਇ ਪਕਰ ਕਰਿ ਲੇਹਿ। ਸੰਤਤਿ ਸਹਤ ਸਜ਼ਾਇ ਸੁ ਦੇਹਿ॥ ੪੧॥

ਇਹ ਸੁਣ ਕੇ ਰੂਪਾ ਬੋਲਿਆ, "ਆਪ ਜੀ ਦਾ ਡੇਰਾ ਕਰਨਾ ਸਾਨੂੰ ਪੁੱਜਦਾ ਨਹੀਂ ਹੈ, ਤੁਹਾਡਾ ਤੁਰਕਾਂ ਨਾਲ ਝਗੜਾ ਹੈ। ਲਸ਼ਕਰ ਆ ਕੇ ਸਾਨੂੰ ਫੜ ਲਵੇਗਾ। ਸੰਤਾਨ ਸਹਿਤ ਸਾਨੂੰ ਸਜ਼ਾਵਾਂ ਦੇਣਗੇ॥ ੪੧॥

ਗ੍ਰਾਮ ਉਜਾਰਹਿ ਲੂਟਹਿ ਸਾਰਾ। ਤੁਮ ਉਤਰੇ ਤੇ ਇਤਿਕ ਬਿਗਾਰਾ।
ਸੁਨਿ ਗੁਰ ਕਹਯੋ ਨਹੀਂ ਤੂੰ ਰਹੈਂ। ਸੰਤਤਿ ਤੋਹਿ ਬਿਨਾਸ਼ੀ ਲਹੈ॥ ੪੨॥

ਪਿੰਡ ਉਜਾੜ ਕੇ ਲੁੱਟ ਲਵੇਗਾ, ਤੁਹਾਡੇ ਏਥੇ ਉਤਾਰਾ ਕਰਨ ਉੱਤੇ ਏਨਾ ਵਿਗਾੜ ਹੁੰਦਾ ਹੈ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਫਿਰ ਵੀ ਤੂੰ ਨਹੀਂ ਰਹੇਂਗਾ ਤੇ ਤੇਰੀ ਸੰਤਾਨ ਦਾ ਵੀ ਵਿਨਾਸ਼ ਹੋ ਜਾਵੇਗਾ॥ ੪੨॥

ਉਜਰਹਿ ਗ੍ਰਾਮ ਬਸਹਿ ਬਹੁ ਬਾਰੀ। ਦਿਯੋ ਸ੍ਰਾਪ ਇਮ ਦਾਰੁਨ ਭਾਰੀ।
ਤਬਿ ਕੋ ਗ੍ਰਾਮ ਬਸਯੋ ਬਹੁ ਬਾਰੀ। ਉਜਰਹਿ ਬਾਰ ਬਾਰ ਸੁਖ ਟਾਰੀ॥ ੪੩॥

ਪਿੰਡ ਉੱਜੜ ਜਾਵੇਗਾ, ਫਿਰ ਬਹੁਤ ਵਾਰ ਵੱਸੇਗਾ।" ਇਸ ਪ੍ਰਕਾਰ ਗੁਰੂ ਜੀ ਨੇ ਵੱਡਾ ਭਿਆਨਕ ਸਰਾਪ ਦਿੱਤਾ। ਉਸ ਸਮੇਂ ਤੋਂ ਉਹ ਪਿੰਡ ਬਹੁਤ ਵਾਰੀ ਢੱਠਾ ਅਤੇ ਵੱਸਿਆ ਹੈ। ਸੁਖ ਦੂਰ ਕਰਕੇ ਬਾਰ-ਬਾਰ ਉੱਜੜਦਾ ਹੈ॥ ੪੩॥

ਸੰਤਤਿ ਸਹਿਤ ਸੁ ਖੱਤ੍ਰੀ ਮਰਯੋ। ਮੂਲ ਟਾਸ ਸਗਰੋ ਪਰਹਰਯੋ।
ਤੀਸ ਬਰਸ ਕੋ ਉਜਰਯੋ ਪਰਯੋ। ਸੋ ਅਬਿ ਬਸਯੋ ਸ੍ਰਵਨ ਹਮ ਕਰਯੋ॥ ੪੪॥

ਸੰਤਾਨ ਸਹਿਤ ਖੱਤਰੀ ਮਰ ਗਿਆ, ਮੁੱਢ ਤੋਂ ਹੀ ਡਾਹਣੇ ਸਾਰੇ ਦੂਰ ਹੋ ਗਏ। ਤੀਹਾ ਸਾਲਾਂ ਦਾ ਉਹ ਪਿੰਡ ਉੱਜੜਿਆ ਪਿਆ ਹੈ, ਉਹ ਹੁਣ ਵੱਸਿਆ ਹੈ, ਅਸੀਂ ਆਪਣੇ ਕੰਨਾਂ ਨਾਲ ਸੁਣਿਆ ਹੈ॥ ੪੪॥

ਸ੍ਰਾਪ ਕਿ ਬਰ ਸਤਿਗੁਰ ਜਬਿ ਕਰੈਂ। ਤਤਛਿਨ ਹੋਤਿ ਨਿਮਖ ਨਹਿਂ ਟਰੈਂ।
ਚਲੇ ਜਾਤਿ ਆਗੇ ਉਦਿਆਨ। ਜਹਾਂ ਨ ਗ੍ਰਾਮ ਪਿਖਤੇ ਕਿਸ ਥਾਨ॥ ੪੫॥

ਸਰਾਪ ਜਾਂ ਵਰ ਜਦ ਵੀ ਸਤਿਗੁਰੂ ਜੀ ਕਰਦੇ ਹਨ, ਤੁਰਤ ਹੋ ਜਾਂਦਾ ਸੀ, ਇਕ ਖਿਣ ਭਰ ਵੀ ਟੱਲਦਾ ਨਹੀਂ ਸੀ। ਅੱਗੇ ਜੰਗਲ ਵਿਚ ਚਲੇ ਜਾ ਰਹੇ ਸਨ, ਉਥੇ ਜਾਂਦੇ ਕਿਸੇ ਥਾਂ ਵੀ ਕੋਈ ਪਿੰਡ ਨਾ ਵੇਖਿਆ॥ ੪੫॥

*ਪਹਿਲੇ ਐਨ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥*

## ਅਧਿਆਇ ਅਠਵਾਂ

### ਮਾਝੇ ਦੇ ਸਿੰਘਾਂ ਦਾ ਬਿਦਾਵਾ

ਦੋਹਰਾ- ਚਲੇ ਜਾਇਂ ਆਗੈ ਗੁਰੂ ਸਿੰਘ ਰੁ ਖਾਨਾ ਸੰਗ।
ਕਿਤਿਕ ਸਾਥ ਬੈਰਾੜ ਹੈਂ ਸਹਿਜ ਚਲਾਹਿਂ ਤੁਰੰਗ॥ ੧॥

ਗੁਰੂ ਜੀ ਖਾਨੇ ਪਠਾਣ ਨੂੰ ਲੈ ਕੇ ਅੱਗੇ ਹੀ ਅੱਗੇ ਚਲੇ ਜਾ ਰਹੇ ਸਨ, ਕਈ ਨਾਲ ਬੈਰਾੜ ਸਨ ਜਿਹੜੇ ਹੌਲੀ-ਹੌਲੀ ਘੋੜੇ ਚਲਾਉਂਦੇ ਸਨ॥ ੧॥

ਚੌਪਈ- ਦਾਨ ਸਿੰਘ ਇਕ ਸਿਖ ਬੈਰਾੜ। ਸੰਗ ਗੁਰੂ ਕੇ ਜਾਹਿਂ ਉਜਾੜ।
ਤਿਸ ਕੋ ਸੁਤ ਸਤਿਗੁਰੂ ਪਿਛਾਰੇ। ਮੰਦ ਚਲਾਵਹਿਂ ਤੁਰੰਗ ਨਿਹਾਰੇ॥੨॥

ਦਾਨ ਸਿੰਘ ਇਕ ਬੈਰਾੜ ਸਿੱਖ ਸੀ, ਉਹ ਗੁਰੂ ਜੀ ਨਾਲ ਉਜਾੜ ਵਲ ਜਾ ਰਿਹਾ ਸੀ। ਉਸ ਦਾ ਪੁੱਤਰ ਸਤਿਗੁਰੂ ਜੀ ਦੇ ਪਿੱਛੇ-ਪਿੱਛੇ ਆਉਂਦਾ ਸੀ। ਉਹ ਇਹ ਗੱਲ ਵੇਖ ਰਿਹਾ ਸੀ ਕਿ ਸਿੰਘ ਘੋੜੇ ਹੌਲੀ ਚਲਾਉਂਦੇ ਸਨ॥ ੨॥

ਕਹਤੋ 'ਸ਼ਿਤਾਬੀ ਤੁਰੰਗ ਚਲਾਵਹੁ। ਆਏ ਤੁਰਕ ਨਿਕਟ ਲਖਿ ਪਾਵਹੁ'।
ਪ੍ਰਭੁ ਨੇ ਮੰਦਹਿ ਮੰਦ ਚਲਾਯੋ। ਪੁਨ ਡਰ ਧਰਿ ਤਿਨ ਬਾਕ ਅਲਾਯੋ॥੩॥

ਉਸ ਨੇ ਕਿਹਾ, "ਘੋੜੇ ਤੇਜ਼ ਚਲਾਵੋ, ਨਹੀਂ ਤਾਂ ਤੁਰਕ ਆਏ ਨੂੰ ਨੇੜੇ ਹੀ ਵੇਖ ਲਵੋਗੇ।" ਸਤਿਗੁਰੂ ਜੀ ਨੇ ਘੋੜਾ ਹੌਲੀ-ਹੌਲੀ ਚਲਾਇਆ। ਫਿਰ ਡਰ ਧਾਰਨ ਕਰਕੇ ਬੈਰਾੜ ਦੇ ਪੁੱਤਰ ਨੇ ਕਿਹਾ॥ ੩॥

'ਸ਼ੱਤ੍ਰਨਿ ਸੈਨ ਸਮੀਪੀ ਹੋਈ। ਅਨਗਨ ਮਿਲਹਿਂ ਕਰਹਿਂ ਅਬਿ ਢੋਈ'।
ਕਈ ਬਾਰ ਕਹਿ ਰਹਤੋ ਉਚੇਰੇ। ਨਹੀਂ ਸ਼ੀਘ੍ਰ ਤੇ ਗੁਰ ਹਯ ਪ੍ਰੇਰੇ॥੪॥

"ਵੈਰੀ ਦੀ ਸੈਨਾ ਬਹੁਤ ਨੇੜੇ ਆ ਗਈ ਹੈ, ਅਣਗਿਣਤ ਸੈਨਾ ਸਾਨੂੰ ਆ ਕੇ ਮਿਲ ਪਵੇਗੀ।" ਕਈ ਵਾਰ ਉੱਚੀ-ਉੱਚੀ ਕਹਿ ਹਟਿਆ ਪਰ ਗੁਰੂ ਜੀ ਘੋੜੇ ਨੂੰ ਤੇਜ਼ ਚੱਲਣ ਵਾਸਤੇ ਨਹੀਂ ਪ੍ਰੇਰਦੇ ਸਨ॥ ੪॥

ਤਿਸ ਕੇ ਹਾਥ ਕੋਰੜਾ ਹੁਤੋ। ਨਿਕਟ ਹੋਇ ਗੁਰ ਕੇ ਹਯ ਹਤੋ।
ਕਹੈ 'ਤੁਰਕ ਦਲ ਆਇ ਪਿਛਾਰੀ। ਕਤੋਂ ਨ ਬੇਗ ਕਰਿ ਚਲਹੁ ਅਗਾਰੀ॥੫॥

ਉਸ ਲੜਕੇ ਦੇ ਹੱਥ ਵਿਚ ਕੋਰੜਾ ਸੀ, ਉਸ ਨੇ ਨੇੜੇ ਹੋ ਕੇ ਗੁਰੂ ਜੀ ਦੇ ਘੋੜੇ ਨੂੰ ਮਾਰਿਆ ਤੇ ਕਿਹਾ, "ਤੁਰਕ ਦਲ ਪਿੱਛੇ ਆ ਗਿਆ ਹੈ, ਕਿਉਂ ਨਹੀਂ ਛੇਤੀ ਕਰਕੇ ਅੱਗੇ ਚਲਦੇ ਹੋ॥ ੫॥

ਸੰਗਤਿਆ ਤੁਰੰਗ ਟਿਰੜੀਏ ਪਾਵਹੁ। ਰਿਪੁ ਢਿਗ ਆਏ, ਕਜੋਂ ਨ ਲਖਾਵਹੁ'।
ਹਯ ਕੋ ਹਨੇ ਗੁਰੂ ਰਿਸ ਧਾਰੀ। 'ਸੰਤਤਿ ਮਾਰੀ ਜਾਇ ਤੁਮਾਰੀ'॥ ੬॥

ਇਸ ਸ਼ਕਤੀ ਵਾਲੇ ਘੋੜੇ ਨੂੰ ਤਿੱਖੀ ਚਾਲੇ ਪਾਓ। ਵੈਰੀ ਨੇੜੇ ਆ ਗਏ ਹਨ, ਇਹ ਕਿਉਂ ਨਹੀਂ ਸਮਝਦੇ ਹੋ।" ਗੁਰੂ ਜੀ ਦੇ ਘੋੜੇ ਨੂੰ ਕੋਰੜਾ ਮਾਰਨ ਕਰਕੇ ਗੁਰੂ ਜੀ ਨੇ ਗੁੱਸਾ ਧਾਰਨ ਕੀਤਾ ਤੇ ਕਿਹਾ, "ਤੇਰੀ ਸੰਤਾਨ ਮਾਰੀ ਜਾਵੇ"॥ ੬॥

ਜਾਨ ਭ੍ਰਾਤ ਕੇ ਚਾਬਕ ਮਾਰਾ। ਚਲਜੋ ਜਾਤਿ ਜੋ ਹਮ ਅਨੁਸਾਰਾ।
ਦਾਨ ਸਿੰਘ ਰਿਸ ਕੀ ਸੁਨਿ ਬਾਨੀ। ਹਾਥ ਜੋਰਿ ਕਰਿ ਬਿਨੈ ਬਖਾਨੀ॥ ੭॥

ਜਦ ਦਾਨ ਸਿੰਘ ਨੇ ਜਾਣਿਆ ਕਿ ਭ੍ਰਾਤ ਨਾਮੀਂ ਘੋੜੇ ਨੂੰ ਚਾਬਕ ਮਾਰਿਆ ਹੈ ਜਿਹੜਾ ਕਿ ਸਾਡੇ ਅਨੁਸਾਰ ਹੀ ਚਲਿਆ ਜਾ ਰਿਹਾ ਹੈ ਤਾਂ ਦਾਨ ਸਿੰਘ ਨੇ ਗੁਰੂ ਜੀ ਦੇ ਗੁੱਸੇ ਵਾਲੇ ਬਚਨ ਸੁਣ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੭॥

'ਇਹ ਮਮ ਸੁਤ ਅਪਰਾਧ ਕਮਾਵਾ। ਬਖਸ਼ਨ ਹੀ ਤੁਮ ਕੋ ਬਨਿ ਆਵਾ।
ਬਯ ਪਹਿਲੀ ਮੂਰਖ ਕ੍ਰਿਤ ਕੀਨਾ। ਨਹੀਂ ਪ੍ਰਤਾਪ ਆਪ ਕੋ ਚੀਨਾ॥ ੮॥

"ਇਹ ਮੇਰੇ ਪੁੱਤਰ ਨੇ ਵੱਡਾ ਅਪਰਾਧ ਕੀਤਾ ਹੈ, ਕ੍ਰਿਪਾ ਕਰਕੇ ਇਸ ਨੂੰ ਬਖਸ਼ ਦੇਵੋ। ਇਸ ਦੀ ਛੋਟੀ ਉਮਰ ਹੈ, ਇਸ ਨੇ ਮੂਰਖਾਂ ਵਾਲੀ ਕ੍ਰਿਤ ਕੀਤੀ ਹੈ ਤੇ ਆਪ ਜੀ ਦੇ ਪ੍ਰਤਾਪ ਨੂੰ ਨਹੀਂ ਜਾਣਿਆ ਹੈ॥ ੮॥

ਸੰਗਤਿ ਨਹਿਂ ਗੁਰ ਸਿੱਖਨਿ ਕੇਰੀ। ਜਿਸ ਤੇ ਮਹਿਮਾ ਲਖਹਿ ਬਡੇਰੀ'।
ਸੁਨਤਿ ਬਿਨੈ ਕਰੁਨਾ ਹੁਇ ਆਈ। 'ਦਾਨ ਸਿੰਘ ! ਕਰਿ ਚਿੰਤ ਨ ਕਾਈ॥੯॥

ਇਹ ਗੁਰੂ ਜੀ ਦੀ ਸੰਗਤ ਵਿਚ ਨਹੀਂ ਗਿਆ ਹੈ, ਜਿਸ ਕਰਕੇ ਇਹ ਆਪ ਜੀ ਦੀ ਵੱਡੀ ਮਹਿਮਾ ਨੂੰ ਨਹੀਂ ਜਾਣ ਸਕਿਆ ਹੈ।" ਇਹ ਬੇਨਤੀ ਸੁਣ ਕੇ ਗੁਰੂ ਜੀ ਕਿਰਪਾ ਸਹਿਤ ਹੋ ਗਏ ਅਤੇ ਬੋਲੇ, "ਦਾਨ ਸਿੰਘ ! ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ॥ ੯॥

ਪਿਤਾ ਪੁੱਤ੍ਰ ਕੀ ਲਗਾਹਿ ਨ ਗਾਰੀ। ਰਿਦੇ ਸਨੇਹ ਹੋਤਿ ਹੈ ਭਾਰੀ।
ਰਿਸ ਕੇ ਬਸਿ ਦੁਰਸੀਸ ਬਖਾਨੇ। ਚਹੈ ਨ ਚਿਤ ਮੈਂ ਸੁਤ ਕੀ ਹਾਨੇ॥ ੧੦॥

ਪਿਤਾ ਦੀ ਪੁੱਤਰ ਨੂੰ ਗਾਲ੍ਹ ਨਹੀਂ ਲੱਗਦੀ ਹੈ, ਸਗੋਂ ਹਿਰਦੇ ਵਿਚ ਭਾਰੀ ਸਨੇਹ ਹੁੰਦਾ ਹੈ। ਜਿਹੜਾ ਗੁੱਸੇ ਵਿਚ ਆ ਕੇ ਦੁਰਸੀਸ ਕਹਿੰਦਾ ਹੈ ਉਹ ਚਿੱਤ ਵਿਚ ਆਪਣੇ ਪੁੱਤਰ ਦਾ ਨੁਕਸਾਨ ਨਹੀਂ ਚਾਹੁੰਦਾ ਹੈ॥ ੧੦॥

ਤੁਮ ਸਿਖ ਸੁਤ ਕੇ ਸਮ ਹੋ ਮੇਰੇ। ਹਮ ਬਾਂਛਤਿ ਸੁਖ ਲਹੈਂ ਘਨੇਰੇ'।
ਸੁਨਿ ਕੈ ਦਾਨ ਸਿੰਘ ਕਰ ਜੋਰੇ। 'ਬਾਕ ਆਪ ਕੇ ਮੁਰਹਿਂ ਨ ਮੋਰੇ॥ ੧੧॥

ਤੁਸੀਂ ਮੇਰੇ ਸਿੱਖ ਪੁੱਤਰ ਦੇ ਬਰਾਬਰ ਹੋ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਬਹੁਤ ਸੁਖ ਪ੍ਰਾਪਤ ਕਰੋ।" ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜ ਕੇ ਕਿਹਾ, "ਪਰ ਆਪ ਜੀ ਦੇ ਬਚਨ ਮੋੜਿਆਂ ਵੀ ਨਹੀਂ ਮੁੜਦੇ॥ ੧੧॥

ਮੇਰੇ ਉਰ ਮਹਿਂ ਭਰਮ ਬਡੇਰਾ। ਕਿਮ ਥਿਰ ਹੋਹਿ? ਸਦਾ ਮੈਂ ਚੇਰਾ'।
ਕ੍ਰਿਪਾ ਨਿਧਾਨ ਪੁਨਹਿਂ ਸਮੁਝਾਯੋ। ਕਰਨ ਅਭਰਮ ਦ੍ਰਿਸ਼ਟਾਂਤ ਸੁਨਾਯੋ॥ ੧੨॥

ਮੇਰੇ ਹਿਰਦੇ ਵਿਚ ਵੱਡਾ ਭਰਮ ਪੈਦਾ ਹੋ ਗਿਆ ਹੈ, ਇਹ ਸੁਣ ਕੇ ਕਿਵੇਂ ਸਥਿਰ ਹੋ ਸਕਦਾ ਹੈ, ਸਦਾ ਮੈਂ ਆਪ ਜੀ ਦਾ ਸੇਵਕ ਹਾਂ।" ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਫਿਰ ਉਸ ਨੂੰ ਸਮਝਾਇਆ ਤੇ ਅਭਰਮ ਕਰਨ ਦਾ ਇਕ ਦ੍ਰਿਸ਼ਟਾਂਤ ਸੁਣਾਇਆ॥ ੧੨॥

ਕਾਨਨ ਮਹਿਂ ਦਾਵਾ ਲਗਿ ਜਾਇ। ਸ਼ੇਰ ਸ਼ੇਰਨੀ ਬਤਸ ਜਿਥਾਇ।
ਮੁਖ ਮਹਿਂ ਤਿਨ ਉਠਾਇ ਕਰਿ ਲਜਾਵੈਂ। ਪਿਖਨਿ ਹਾਰ ਜਾਨੈ ਜਨੁ ਖਾਵੈਂ ॥੧੩ ॥

ਜੰਗਲ ਵਿਚ ਦਾਵਾਨਲ ਅਗਨੀ ਲੱਗ ਜਾਵੇ, ਜਿੱਥੇ ਸ਼ੇਰ ਸ਼ੇਰਨੀ ਨੇ ਬੱਚੇ ਦਿੱਤੇ ਹੋਣ ਤਾਂ ਉਹ ਆਪਣੇ ਬੱਚਿਆਂ ਨੂੰ ਮੂੰਹ ਵਿਚ ਚੁੱਕ ਕੇ ਲਿਆਉਂਦੇ ਹਨ, ਵੇਖਣ ਵਾਲਾ ਸਮਝਦਾ ਹੈ ਕਿ ਉਹ ਬੱਚਿਆਂ ਨੂੰ ਖਾ ਜਾਵੇਗਾ॥ ੧੩॥

ਨਹੀਂ ਚੁਭਾਵੈਂ ਦੰਤ ਜਿ ਤਨ ਮਹਿਂ। ਸੁਖ ਸੌਂ ਧਰੈਂ ਆਨਿ ਹੀ ਬਨ ਮਹਿਂ।
ਤਿਮ ਤੁਮ ਜਾਨਿ ਭਰਮ ਕੋ ਖੋਵਹੁ। ਮਨ ਮਹਿਂ ਸ਼ੰਕਮਾਨ ਨਹਿਂ ਹੋਵਹੁ' ॥੧੪ ॥

ਉਹ ਬੱਚਿਆਂ ਦੇ ਸਰੀਰ ਵਿਚ ਆਪਣੇ ਦੰਦ ਨੂੰ ਖੋਭਦੇ ਨਹੀਂ ਹਨ ਤੇ ਮੁਖ ਨਾਲ ਬੱਚਿਆਂ ਨੂੰ ਜੰਗਲ ਵਿਚ ਕਿਸੇ ਮਹਿਫੂਜ਼ ਸਥਾਨ ਉੱਪਰ ਜਾ ਧਰਦੇ ਹਨ। ਉਸ ਪ੍ਰਕਾਰ ਤੁਸੀਂ ਵੀ ਭਰਮ ਜਾਣ ਕੇ ਇਸ ਨੂੰ ਗਵਾ ਦੇਵੋ, ਆਪਣੇ ਮਨ ਵਿਚ ਸ਼ੰਕਾਵਾਨ ਨਾ ਹੋਵੋ' ॥ ੧੪ ॥

ਦਾਨ ਸਿੰਘ ਸੁਨਿ ਰਿਦੈ ਅਨੰਦਜੋ। ਹਯ ਤੇ ਉਤਰਿ ਗੁਰੂ ਪਦ ਬੰਦਜੋ।
'ਗੁਰ ਜੀ ! ਭਲਾ, ਗੁਰੂ ਜੀ ! ਭਲਾ। ਸੁਖ ਕਰੀਅਹਿ, ਤੁਮ ਜਾਗ੍ਰਤ ਕਲਾ' ॥੧੫ ॥

ਦਾਨ ਸਿੰਘ ਇਹ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਘੋੜੇ ਤੋਂ ਉੱਤਰ ਕੇ ਗੁਰੂ ਦੇ ਚਰਨਾਂ ਉੱਪਰ ਬੰਦਨਾ ਕੀਤੀ ਤੇ ਕਿਹਾ, "ਗੁਰੂ ਜੀ ! ਭਲਾ ਗੁਰੂ ਜੀ ! ਭਲੀ ਪ੍ਰਕਾਰ ਸੁਖ ਬਖਸ਼ੋ, ਤੁਸੀਂ ਜੀਉਂਦੀ ਕਲਾ ਦੇ ਕਲਾਵਾਨ ਹੋ" ॥ ੧੫ ॥

ਇਮ ਬੋਲਤਿ ਸਿੱਖਨ ਕੇ ਸਾਥ। ਆਗੇ ਚਲੇ ਜਾਤਿ ਮਗ ਨਾਥ।
ਪਰਖਨ ਹਿਤ ਜੰਗਲ ਨਰ ਫੇਰ। ਸ੍ਰੀ ਮੁਖ ਤੇ ਬੋਲੇ ਤਿਸ ਬੇਰ॥ ੧੬ ॥

ਇਸ ਪ੍ਰਕਾਰ ਸਿੱਖਾਂ ਨਾਲ ਬੋਲਦੇ ਹੋਏ ਸਤਿਗੁਰੂ ਜੀ ਅੱਗੇ-ਅੱਗੇ ਚਲੇ ਜਾ ਰਹੇ ਸਨ। ਫਿਰ ਮਾਲਵੇ ਦੇ ਆਦਮੀਆਂ ਨੂੰ ਪਰਖਣ ਵਾਸਤੇ ਉਸ ਸਮੇਂ ਗੁਰੂ ਜੀ ਆਪਣੇ ਮੁਖ ਤੋਂ ਬੋਲੇ॥ ੧੬ ॥

'ਹਮ ਕੋ ਲਗੀ ਅਧਿਕ ਅਬਿ ਪਜਾਸਾ। ਖੋਜਹੁ ਨੀਰ ਹੋਇ ਜਿਸ ਪਾਸਾ'।
ਸੁਨਿ ਗੁਰ ਤੇ ਲਾਗੇ ਸਭਿ ਖੋਜਨ। ਬੂਝਨ ਕਰੇ ਸੰਗ ਗਨ ਜੇ ਜਨ॥ ੧੭ ॥

"ਹੁਣ ਸਾਨੂੰ ਬਹੁਤ ਪਿਆਸ ਲੱਗੀ ਹੈ, ਪਾਣੀ ਲੱਭੋ, ਜਿਸ ਪਾਸੇ ਵੀ ਹੈ।" ਗੁਰੂ ਜੀ ਪਾਸੋਂ ਸੁਣ ਕੇ ਸਾਰੇ ਪਾਣੀ ਲੱਭਣ ਲੱਗੇ, ਜਿਹੜੇ ਸਿਖ ਸੇਵਕ ਨਾਲ ਸਨ, ਸਾਰੇ ਉਨ੍ਹਾਂ ਨੂੰ ਪੁੱਛਣ ਲੱਗੇ॥ ੧੭ ॥

ਛਾਗਲ ਹੁਤੀ ਸੁ ਖਾਨੇ ਤੀਰ। ਬੂਝਜੋ ਸਿੱਖਨ 'ਤੁਝ ਢਿਗ ਨੀਰ'।
ਤਬਿ ਨਰ ਕਹਜੋ 'ਨਿਕਟ ਨਹਿਂ ਮੇਰੇ'। ਪੁਨ ਚਿਤਵਜੋ ਲਿਹੁਂ ਮੋਲ ਘਨੇਰੇ ॥੧੮ ॥

ਖਾਨੇ ਪਠਾਣ ਦੇ ਪਾਸ ਇਕ ਛਾਗਲ ਸੀ। ਸਿੱਖਾਂ ਨੇ ਉਸ ਪਾਸੋਂ ਪਾਣੀ ਬਾਰੇ ਪੁੱਛਿਆ। ਤਦ ਉਸ ਨੇ ਕਿਹਾ, "ਮੇਰੇ ਪਾਸ ਪਾਣੀ ਨਹੀਂ ਹੈ", ਫਿਰ ਸੋਚਿਆ ਕਿਸੇ ਪਾਸੋਂ ਪਾਣੀ ਮੁੱਲ ਲੈ ਲੈਂਦੇ ਹਾਂ॥ ੧੮ ॥

ਜਬਿ ਨਹਿਂ ਕਿਸ ਢਿਗ ਪਾਨੀ ਪਾਯੋ। 'ਗੁਰ ਹਿਤ ਚਹੀਅਹਿ' ਸੁਭਿਨਿ ਸੁਨਾਯੋ।
ਤਬੈ ਬਤਾਯਹੁ 'ਹੈ ਮਮ ਤੀਰ। ਲੇ ਕਰਿ ਮੋਲ ਦੇਯ ਹੋਂ ਨੀਰ॥ ੧੯ ॥

ਜਦ ਕਿਸੇ ਪਾਸ ਵੀ ਪਾਣੀ ਨਾ ਪਾਇਆ, 'ਗੁਰੂ ਜੀ ਵਾਸਤੇ ਚਾਹੀਦਾ ਹੈ' ਸਾਰਿਆਂ ਨੂੰ ਸੁਣਾਇਆ। ਤਦ ਖਾਨੇ ਪਠਾਣ ਨੇ ਦੱਸਿਆ, "ਮੇਰੇ ਪਾਸ ਪਾਣੀ ਹੈ, ਮੁੱਲ ਲੈ ਕੇ ਪਾਣੀ ਦੇਵਾਂਗਾ॥ ੧੯ ॥

ਦੇਹੁ ਰਜਤਪਣ ਲੇਹੁ ਕਟੋਰਾ। ਅਤਿ ਸੀਤਲ ਜਿਮ ਸੁਧਰਜੋ ਸ਼ੋਰਾ'।
ਗੁਰ ਸੇਵਕ ਦੇ ਕਰਿ ਭਰਿ ਲੀਨਾ। ਕਹਿ ਪ੍ਰਸੰਗ ਗੁਰ ਕੇ ਕਰ ਦੀਨਾ॥ ੨੦ ॥

ਇਕ ਚਾਂਦੀ ਦਾ ਰੁਪਈਆ ਦੇ ਕੇ ਇਕ ਕਟੋਰਾ ਪਾਣੀ ਦਾ ਲੈ ਲਵੋ, ਬਹੁਤ ਠੰਢਾ ਹੈ, ਜਿਵੇਂ ਸ਼ੋਰੇ ਵਿਚ ਠੰਢਾ ਕੀਤਾ ਹੁੰਦਾ ਹੈ।'' ਗੁਰੂ ਜੀ ਦੇ ਸੇਵਕ ਨੇ ਇਕ ਰੁਪਈਆ ਦੇ ਕੇ ਕਟੋਰਾ ਭਰ ਲਿਆ ਤੇ ਉਸ ਪ੍ਰਸੰਗ ਨੂੰ ਕਹਿ ਕੇ ਗੁਰੂ ਜੀ ਨੂੰ ਸੁਣਾ ਦਿੱਤਾ॥ ੨੦॥

ਹੇਰਿ ਨੀਰ ਕਰ ਤੇ ਗੁਰ ਡਾਰਾ। ਕਿਤਿਕ ਦੇਰ ਤੇ ਬਹੁਰ ਉਚਾਰਾ।
'ਸੋ ਪਾਨੀ ਹਮ ਪਾਨ ਨ ਕੀਨ। ਬਿਮਲ ਨ ਹੁਤੋ ਗੁਰ ਧਰਿ ਦੀਨ॥ ੨੧॥

ਪਾਣੀ ਨੂੰ ਵੇਖ ਕੇ ਗੁਰੂ ਜੀ ਨੇ ਹੱਥ ਵਿਚੋਂ ਸੁੱਟ ਦਿੱਤਾ ਤੇ ਫਿਰ ਕੁਝ ਦੇਰ ਬਾਅਦ ਉਚਾਰਨ ਕੀਤਾ, ''ਉਸ ਪਾਣੀ ਨੂੰ ਅਸੀਂ ਪੀਤਾ ਨਹੀਂ ਹੈ, ਨਿਰਮਲ ਨਹੀਂ ਸੀ, ਇਸ ਲਈ ਅਸੀਂ ਡੋਹਲ ਦਿੱਤਾ ਹੈ॥ ੨੧॥

ਏਕ ਕਟੋਰਾ ਆਨਹੁ ਆਨ। ਬਿਮਲ ਬਿਲੋਕਹਿਂ ਕਰਹਿਂ ਸੁ ਪਾਨ'।
ਬਹੁਰ ਜਾਇ ਖਾਨੇ ਸੰਗ ਭਾਖ੍ਯੋ। 'ਏਕ ਕਟੋਰਾ ਪੁਨ ਗੁਰ ਕਾਂਖ੍ਯੋ'॥ ੨੨॥

ਇਕ ਕਟੋਰਾ ਪਾਣੀ ਦਾ ਹੋਰ ਲਿਆਵੋ, ਨਿਰਮਲ ਵੇਖ ਕੇ ਪਾਣੀ ਪੀ ਲਈਏ।'' ਸੇਵਕ ਨੇ ਫਿਰ ਜਾ ਕੇ ਖਾਨੇ ਨੂੰ ਆਖਿਆ ''ਇਕ ਕਟੋਰਾ ਪਾਣੀ ਦਾ ਗੁਰੂ ਜੀ ਨੇ ਹੋਰ ਮੰਗਿਆ ਹੈ''॥ ੨੨॥

ਕਹਤਿ ਭਯੋ 'ਮੈਂ ਦੇਊਂ ਨ ਕੋਈ। ਅਪਨੇ ਕਾਰਨ ਰਾਖ੍ਯੋ ਸੋਈ'।
ਸਿੱਖਨਿ ਭਨ੍ਯੋਂ 'ਘਨੋ ਤੁਵ ਪਾਸ। ਕ੍ਯੋਂ ਨ ਦੇਤਿ ਲਾਗੀ ਪ੍ਰਭੁ ਪ੍ਯਾਸ'॥੨੩॥

ਉਹ ਕਹਿਣ ਲੱਗਾ, ''ਮੈਂ ਪਾਣੀ ਨਹੀਂ ਦੇਵਾਂਗਾ, ਮੈਂ ਪਾਣੀ ਆਪਣੇ ਪੀਣ ਵਾਸਤੇ ਰੱਖਿਆ ਹੈ।'' ਸਿੱਖ ਨੇ ਕਿਹਾ, ''ਤੇਰੇ ਪਾਸ ਕਾਫੀ ਪਾਣੀ ਹੈ, ਕਿਉਂ ਨਹੀਂ ਦਿੰਦਾ ਹੈਂ, ਗੁਰੂ ਜੀ ਨੂੰ ਪਿਆਸ ਲੱਗੀ ਹੈ''॥ ੨੩॥

ਕਹਨਿ ਲਗ੍ਯੋ 'ਦਿਹੁ ਇਕ ਦੀਨਾਰ। ਲੇਹੁ ਕਟੋਰਾ ਭਰਿ ਕਰਿ ਬਾਰਿ'।
ਸਿੱਖਨ ਕਹ੍ਯੋ 'ਰਜਤਪਣ ਲੀਜੈ। ਗੁਰ ਕੇ ਹੇਤੁ ਨੀਰ ਭਰਿ ਦੀਜੈ'॥ ੨੪॥

ਖਾਨਾ ਕਹਿਣ ਲੱਗਾ, ''ਇਕ ਅਸ਼ਰਫੀ ਦੇਵੋ ਤਾਂ ਪਾਣੀ ਦਾ ਇਕ ਕਟੋਰਾ ਭਰ ਲਵੋ।'' ਸਿੱਖਾਂ ਨੇ ਕਿਹਾ, ''ਇਕ ਰੁਪਈਆ ਲੈ ਲਵੋ ਤੇ ਗੁਰੂ ਜੀ ਵਾਸਤੇ ਪਾਣੀ ਭਰ ਦੇਵੋ''॥ ੨੪॥

ਕਹੈ ਮੂੜ੍ਹ 'ਮੈ ਦੇਊਂ ਨ ਪਾਨੀ। ਚਹਹੁ ਜਿ ਮੁਹਰਿ ਦੇਉ ਮਮ ਪਾਨੀ'।
ਸਤਿਗੁਰ ਭਨ੍ਯੋਂ 'ਦੇਹੁ ਦੀਨਾਰ। ਏਕ ਕਟੋਰਾ ਭਰਿ ਲਿਹੁ ਬਾਰ'॥ ੨੫॥

ਮੂਰਖ ਕਹਿਣ ਲੱਗਾ, ''ਮੈਂ ਪਾਣੀ ਨਹੀਂ ਦੇਵਾਂਗਾ, ਜੇ ਪਾਣੀ ਚਾਹੀਦਾ ਹੈ ਤਾਂ ਮੇਰੇ ਹੱਥ ਇਕ ਮੁਹਰ ਦੇਵੋ।'' ਸਤਿਗੁਰੂ ਜੀ ਨੇ ਕਿਹਾ, ''ਇਸ ਨੂੰ ਮੁਹਰ ਦੇ ਦੇਵੋ ਤੇ ਪਾਣੀ ਦਾ ਕਟੋਰਾ ਭਰ ਲਵੋ''॥ ੨੫॥

ਦੇ ਕਰਿ ਤਬਹਿ ਕਟੋਰਾ ਭਰ੍ਯੋ। ਹੇਰਤਿ ਸਤਿਗੁਰ ਬਾਕ ਉਚਰ੍ਯੋ।
'ਸਭਿ ਵਸਤੂ ਤੇ ਪਤਰੋ ਪਾਨੀ। ਸੁਨਿ ਖਾਨੇ! ਤੈਂ ਕਛੂ ਨ ਜਾਨੀ॥ ੨੬॥

ਇਕ ਮੁਹਰ ਦੇ ਕੇ ਕਟੋਰਾ ਭਰਵਾ ਲਿਆ ਤੇ ਸਤਿਗੁਰੂ ਜੀ ਨੇ ਇਹ ਵੇਖ ਕੇ ਬਚਨ ਕੀਤਾ, ''ਸਭ ਵਸਤੂਆਂ ਨਾਲੋਂ ਪਾਣੀ ਪਤਲਾ ਹੈ। ਹੇ ਖਾਨੇ!! ਸੁਣੋ ਤੂੰ ਕੁਝ ਵੀ ਨਹੀਂ ਜਾਣਿਆ ਹੈ॥ ੨੬॥

ਤੂੰ ਪਾਨੀ ਤੇ ਪਤਰੋ ਹੇਰਾ। ਜਾਨ੍ਯੋਂ ਭੇਦ ਆਜ ਹਮ ਤੇਰਾ'।
ਇਮ ਕਹਿ ਆਗੇ ਕਿਤਿਕ ਸਿਧਾਏ। ਮੱਦ੍ਰ ਦੇਸ਼ ਕੇ ਸਿਖ ਤਬਿ ਆਏ॥ ੨੭॥

ਤੈਨੂੰ ਅਸੀਂ ਪਾਣੀ ਨਾਲੋਂ ਵੀ ਪਤਲਾ ਵੇਖਿਆ ਹੈ, ਅਸੀਂ ਅੱਜ ਤੇਰਾ ਭੇਦ ਜਾਣ ਲਿਆ ਹੈ।'' ਇਹ ਕਹਿ ਕੇ ਕਾਫੀ ਦੂਰ ਅੱਗੇ ਚਲੇ ਗਏ। ਫਿਰ ਮਾਝੇ ਦੇਸ਼ ਤੋਂ ਸਿੱਖ ਆਏ॥ ੨੭॥

ਹਾਥ ਜੋਰਿ ਗੁਰ ਫਤੇ ਬੁਲਾਈ। ਪਦ ਅਰਬਿੰਦਨ ਗ੍ਰੀਵ ਨਿਵਾਈ।
ਦੁਹਦਿਸ਼ਿ ਤੇ ਸਿਖ ਹਰਖਤਿ ਭਏ। 'ਭਲੇ ਸਮੇਂ ਮੇਲਾ ਗੁਰ ਕਏ' ॥ ੨੮ ॥

ਹੱਥ ਜੋੜ ਕੇ ਉਨ੍ਹਾਂ ਗੁਰ ਫ਼ਤਹਿ ਬੁਲਾਈ। ਸਿਰ ਨਿਵਾ ਕੇ ਚਰਨ ਕੰਵਲਾਂ ਉੱਤੇ ਮੱਥਾ ਟੇਕਿਆ। ਦੋਹਾਂ ਪਾਸਿਆਂ ਦੇ ਸਿੱਖ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਭਲੇ ਸਮੇਂ ਗੁਰੂ ਜੀ ਨਾਲ ਮੇਲ ਕੀਤਾ ਹੈ" ॥ ੨੮ ॥

ਖਰੇ ਹੋਇ ਬੋਲੇ ਨਿਜ ਅਰਜ਼ੀ। 'ਬਿਨਹੁ ਆਪ ਸੁਨੀਅਹਿ ਬਚ ਗੁਰ ਜੀ !।
ਮਾਝਾ ਦੇਸ਼ ਗ੍ਰਾਮ ਮਿਲਿ ਸਾਰੇ। ਤੁਮ ਦਿਸ਼ਿ ਤੇ ਚਿੰਤਾ ਚਿਤ ਧਾਰੇ ॥ ੨੯ ॥

ਖੜੇ ਹੋ ਕੇ ਫਿਰ ਉਨ੍ਹਾਂ ਆਪਣੀ ਬੇਨਤੀ ਕੀਤੀ, "ਹੇ ਗੁਰੂ ਜੀ ! ਸਾਡੇ ਬੇਨਤੀ ਵਾਲੇ ਬਚਨ ਸੁਣੋ। ਮਾਝੇ ਦੇਸ਼ ਦੇ ਸਾਰੇ ਪਿੰਡਾਂ ਨੇ ਮਿਲ ਕੇ ਤੁਹਾਡੇ ਵਾਲੇ ਪਾਸੇ ਤੋਂ ਚਿਤ ਵਿਚ ਚਿੰਤਾ ਧਾਰਨ ਕੀਤੀ ਹੈ ॥ ੨੯ ॥

ਕਰਿ ਕਰਿ ਸ਼ੋਕ ਬਹੁਤ ਪਛੁਤਾਏ। ਇਹ ਸਗਰੇ ਸਿਖ ਤਿਨਹੁਂ ਪਠਾਏ।
ਉਤਰਹੁ ਹਯ ਤੇ ਕੁਛ ਥਿਰ ਹੋਇ। ਕਹਜੋ ਤਿਨਹੁਂ ਕੋ ਸੁਨੀਐ ਸੋਇ' ॥ ੩੦ ॥

ਅਸੀਂ ਦੁਖੀ ਹੋ ਹੋ ਕੇ ਬਹੁਤ ਪਛਤਾਏ ਹਾਂ, ਇਹ ਸਾਰੇ ਸਿੱਖ ਉਨ੍ਹਾਂ ਨੇ ਭੇਜੇ ਹਨ। ਘੋੜਿਆਂ ਤੋਂ ਉੱਤਰ ਕੇ ਕੁਝ ਖੜ੍ਹੇ ਹੋ ਗਏ। ਉਨ੍ਹਾਂ ਵਲੋਂ ਕਹੀ ਹੋਈ ਬੇਨਤੀ ਨੂੰ ਸੁਣੋ" ॥ ੩੦ ॥

ਇਮ ਸੁਨਿ ਕਰਿ ਸ੍ਰੀ ਸਤਿਗੁਰ ਥਿਰੇ। ਉਤਰੇ ਹਯ ਤੇ ਬੈਠਿਬ ਕਰੇ।
ਕੇਤਿਕ ਸਿੰਘ ਅਰੂਢੇ ਰਹੇ। ਕੇਚਿਤ ਉਤਰਿ ਪ੍ਰਭੂ ਢਿਗ ਲਹੇ ॥ ੩੧ ॥

ਇਸ ਪ੍ਰਕਾਰ ਸੁਣ ਕੇ ਸਤਿਗੁਰੂ ਜੀ ਖੜੇ ਹੋ ਗਏ ਤੇ ਘੋੜੇ ਤੋਂ ਉੱਤਰ ਕੇ ਬੈਠ ਗਏ। ਕਈ ਸਿੰਘ ਘੋੜਿਆਂ ਉੱਪਰ ਚੜ੍ਹੇ ਰਹੇ। ਕਈ ਉੱਤਰ ਕੇ ਸਤਿਗੁਰੂ ਪਾਸ ਆ ਗਏ ॥ ੩੧ ॥

ਮੱਦ੍ਰ ਦੇਸ਼ ਕੇ ਸਗਰੇ ਥਿਰੇ। ਬਡ ਦੀਵਾਨ ਲਾਗਬੋ ਕਰੇ।
ਕਮਰਕਸਾ ਸਭਿ ਹੂੰ ਕੋ ਅਹੇ। ਤੋੜੇ ਸੁਲਗਿ ਤੁਫੰਗਨਿ ਰਹੇ ॥ ੩੨ ॥

ਮਾਝੇ ਦੇਸ਼ ਦੇ ਸਾਰੇ ਸਿੱਖ ਬੈਠ ਗਏ, ਵੱਡਾ ਦਰਬਾਰ ਲੱਗ ਗਿਆ। ਸਾਰਿਆਂ ਨੇ ਕਮਰਕੱਸਾ ਕੀਤਾ ਸੀ ਤੇ ਬੰਦੂਕਾਂ ਦੇ ਤੋੜੇ ਸੁਲਗ ਰਹੇ ਸਨ ॥ ੩੨ ॥

ਤੁਰਕਨਿ ਕੀ ਲਗਿ ਰਹੀ ਅਵਾਈ। 'ਸੰਝ ਸਕਾਰੇ ਪਰਹਿ ਲਰਾਈ'।
ਲਰਨ ਹੇਤੁ ਤਯਾਰੀ ਕਰਿ ਰਹੇ। ਇਕ ਤਰੁ ਊਚੇ ਤਹਿਂ ਥਿਰ ਅਹੇ ॥ ੩੩ ॥

ਤੁਰਕਾਂ ਦੇ ਨੇੜੇ ਹੀ ਆ ਜਾਣ ਦੀ ਅਵਾਈ ਸੀ, "ਸਵੇਰੇ ਸਵੱਖਤੇ ਲੜਾਈ ਕਰਨੀ ਪੈ ਜਾਵੇਗੀ।" ਯੁੱਧ ਵਾਸਤੇ ਤਿਆਰੀ ਕਰ ਰਹੇ ਸਨ। ਇਕ ਸਿੰਘ ਨੂੰ ਬੜੇ ਉੱਚੇ ਦਰੱਖਤ ਉੱਪਰ ਚੜ੍ਹਾਇਆ ਸੀ ॥ ੩੩ ॥

'ਸਿੰਘ ਚਢਾਯੋ ਤਿਸ ਦਿਸ਼ ਦੇਖਹਿ। ਦੂਰ ਲਖਹੁ ਸੁਧ ਦੇਹੁ ਬਿਸ਼ੇਖਹਿ'।
ਮੱਦ੍ਰ ਦੇਸ਼ ਕੇ ਸਿਖ ਸਮੁਦਾਈ। ਗਾਥਾ ਬਿਨਤੀ ਜੁਗਤਿ ਸੁਨਾਈ ॥ ੩੪ ॥

"ਉੱਪਰ ਚੜ੍ਹਾਇਆ ਸਿੰਘ ਉਸ ਪਾਸੇ ਵਲ ਵੇਖ ਰਿਹਾ ਸੀ, ਦੂਰ ਤੋਂ ਵੇਖ ਕੇ ਵਿਸ਼ੇਸ਼ ਖ਼ਬਰ ਦੇ ਰਿਹਾ ਸੀ।" ਮਾਝੇ ਦੇਸ਼ ਦੇ ਸਾਰੇ ਸਿੰਘਾਂ ਨੇ ਆਪਣੀ ਗਾਥਾ ਬੇਨਤੀ ਸਹਿਤ ਸੁਣਾਈ ॥ ੩੪ ॥

'ਮੱਦ੍ਰ ਦੇਸ਼ ਕੇ ਗ੍ਰਾਮ ਘਨੇਰੇ। ਸਭਿ ਤੇ ਮਾਨਵ ਮਿਲੇ ਬਡੇਰੇ।
ਪੰਚ ਲੋਕ ਅਰੁ ਪ੍ਰੇਮੀ ਗੁਰ ਕੇ। ਪਿਤਾ ਪਿਤਾਮਾ ਜੋ ਸਿਖ ਧੁਰ ਕੇ ॥ ੩੫ ॥

ਮਾਝੇ ਦੇਸ਼ ਦੇ ਬਹੁਤ ਪਿੰਡਾਂ ਦੇ ਲੋਕ ਮਿਲ ਕੇ ਇਕੱਠੇ ਹੋਏ ਹਨ। ਸਾਰੇ ਪਾਸਿਆਂ ਤੋਂ ਬਹੁਤ ਮਨੁੱਖ ਮਿਲ ਕੇ ਆਏ ਹਨ ਜਿਹੜੇ ਪਿਤਾ ਪਿਤਾਮਾ ਧੁਰ ਤੋਂ ਗੁਰੂ ਜੀ ਦੇ ਵੱਡੇ ਸਿੱਖ ਹਨ॥ ੩੫॥

ਸੁਨਿ ਸੁਨਿ ਰਾਵਰ ਕੀ ਸਭਿ ਗਾਥਾ। ਮਿਲਿ ਮਿਲਿ ਭਏ ਸ਼ੋਕ ਕੇ ਸਾਥਾ।
ਅਪਨ ਆਪ ਕੋ ਧਿਕ ਧਿਕ ਕਹਜੇ। ਦੇਸ਼ ਗੁਰੂ ਬੇਮੁਖਤਾ ਲਹਜੇ॥ ੩੬॥

ਇਹ ਸਭ ਆਪ ਜੀ ਦੀ ਗਾਥਾ ਸੁਣ-ਸੁਣ ਕੇ ਮਿਲ-ਮਿਲ ਬੜੇ ਦੁਖੀ ਹੋਏ ਸਨ। ਆਪਣੇ ਆਪ ਨੂੰ ਧਿਰਕਾਰਾਂ ਪਾਈਆਂ ਹਨ। ਦੇਸ਼ ਅਤੇ ਗੁਰੂ ਨਾਲ ਬੇਮੁਖਤਾ ਪਾਈ ਹੈ॥ ੩੬॥

'ਹੁਤੀ ਕਦੀਮੀ ਸਿੱਖੀ ਜਾਂਹਿ। ਹਮ ਨਿਰਭਾਗ ਨਿਬਾਹੀ ਨਾਂਹਿ'।
ਇਮ ਬਿਚਾਰ ਕਰਿ ਸਿੱਖ ਬਟੋਰੇ। ਕਰਿ ਮਸਲਤ ਭੇਜੇ ਤੁਮ ਓਰੇ॥ ੩੭॥

"ਜਿੱਥੇ ਵੀ ਕਦੀਮੀ ਸਿੱਖ ਰਹਿੰਦੇ ਸਨ, ਸਾਡੇ ਮਾੜੇ ਭਾਗ ਹਨ ਕਿ ਸਾਥੋਂ ਸਿੱਖੀ ਨਿਭਾਹੀ ਨਹੀਂ ਗਈ ਹੈ।" ਇਸ ਪ੍ਰਕਾਰ ਵਿਚਾਰ ਕੇ ਸਿੱਖਾਂ ਨੂੰ ਇਕੱਠਿਆਂ ਕੀਤਾ ਹੈ ਤੇ ਸਲਾਹ ਕਰਕੇ ਤੁਹਾਡੇ ਪਾਸ ਭੇਜੇ ਹਨ॥ ੩੭॥

ਹਜ਼ਰਤ ਸਾਥ ਵੈਰ ਤਜਿ ਦੀਜੈ। ਹਮ ਬਿਚ ਪਰਹਿਂ ਮੇਲ ਕਰਿ ਲੀਜੈ।
ਕਾਰਜ ਸਭਿ ਨਿਬੇਰ ਕਰਿ ਲਜਾਵੈਂ। ਕਹਿ ਮਹਿਮਾ ਤਿਨ ਤੇ ਪੁਜਵਾਵੈਂ॥੩੮॥

ਬਾਦਸ਼ਾਹ ਦੇ ਨਾਲ ਵੈਰ ਛੱਡ ਦੇਵੋ, ਅਸੀਂ ਵਿਚ ਪੈਂਦੇ ਹਾਂ, ਮੇਲ ਕਰ ਲਵੋ। ਸਾਰੇ ਕਾਰਜ ਨਿਬੇੜ ਕੇ ਲਿਆਵਾਂਗੇ। ਮਹਿਮਾਂ ਕਹਿ ਕੇ ਉਨ੍ਹਾਂ ਦੇ ਪਾਸ ਭੇਜਾਂਗੇ॥ ੩੮॥

ਤੌ ਸਿੱਖੀ ਨਿਰਬਹੈ ਹਮਾਰੀ। ਪਰੇ ਰਹੈਂਗੇ ਸ਼ਰਨ ਤੁਮਾਰੀ।
ਜੇ ਤੁਰਕਨਿ ਸੰਗ ਰਖਹੁ ਬਿਖੇਰਾ। ਸਕਲ ਰੀਤਿ ਕਰਿ ਕਸ਼ਟ ਬਡੇਰਾ॥ ੩੯॥

ਤਦ ਸਾਡੀ ਸਿੱਖੀ ਨਿਭੇਗੀ, ਫਿਰ ਅਸੀਂ ਤੁਹਾਡੀ ਸ਼ਰਨ ਪਏ ਰਹਾਂਗੇ। ਜੇ ਤੁਰਕਾਂ ਨਾਲ ਝਗੜਾ ਰੱਖੋਗੇ ਤਾਂ ਸਾਰੀਆਂ ਰੀਤੀਆਂ ਨਾਲ ਉਹ ਵੱਡਾ ਦੁਖ ਦੇਵੇਗਾ॥ ੩੯॥

ਨਹਿਂ ਹੋਵਹਿ ਸਿੱਖੀ ਨਿਰਬਾਹਾ। ਲੋਕ ਬਿਸਿਦਕ ਹੋਤਿ ਉਰ ਮਾਂਹਾ।
ਸਕਲ ਦੇਸ਼ ਭੇਜਜੋ ਇਮ ਕਹਿ ਕੈ। ਰਾਵਰ ਕੇ ਸੰਕਟ ਸਭਿ ਲਹਿ ਕੈ' ॥੪੦॥

ਫਿਰ ਸਿੱਖੀ ਦਾ ਨਿਰਬਾਹ ਨਹੀਂ ਹੋ ਸਕੇਗਾ। ਲੋਕ ਹਿਰਦੇ ਵਿਚ ਬਹੁਤ ਸ਼ੰਕੀਰਣ ਹੋ ਗਏ ਹਨ। ਸਾਰੇ ਮਾਝੇ ਦੇਸ਼ ਨੇ ਇਸ ਪ੍ਰਕਾਰ ਕਹਿ ਕੇ ਭੇਜਿਆ ਹੈ, ਆਪ ਜੀ ਦੇ ਸਾਰੇ ਸੰਕਟਾਂ ਨੂੰ ਦੂਰ ਕਰਾਂਗੇ'॥ ੪੦॥

ਸ੍ਰੀ ਗੋਬਿੰਦ ਸਿੰਘ ਸੁਨਿ ਰਿਸ ਛਾਈ। ਉੱਤਰ ਕਹਜੋ ਬੀਚ ਸਮੁਦਾਈ।
'ਸਿੱਖ ਹੋਤਿ ਲੈਬੇ ਉਪਦੇਸ਼ੁ। ਦੇਹੁ ਹਮੈ ਬਿੱਪ੍ਰੀਤ ਵਿਸ਼ੇਸ਼ੁ॥ ੪੧॥

ਗੁਰੂ ਗੋਬਿੰਦ ਸਿੰਘ ਜੀ ਨੇ ਸੁਣ ਕੇ ਬੜਾ ਗੁੱਸਾ ਕੀਤਾ। ਉਨ੍ਹਾਂ ਸਾਰੇ ਇਕੱਠ ਵਿਚ ਆਪਣਾ ਉੱਤਰ ਇਸ ਪ੍ਰਕਾਰ ਸੁਣਾਇਆ। "ਸਿੱਖਾਂ ਨੂੰ ਅਸੀਂ ਉਪਦੇਸ਼ ਦੇਣਾ ਹੈ, ਜੋ ਵਿਸ਼ੇਸ਼ ਕਰਕੇ ਸਿੱਖ ਸਾਨੂੰ ਹੀ ਉਪਦੇਸ਼ ਦੇਣ ਤਾਂ ਇਹ ਉਲਟੀ ਗੱਲ ਹੈ॥ ੪੧॥

ਹਮ ਕੋ ਚਾਹ ਨਹੀਂ ਤੁਮ ਕੇਰੀ। ਪੂਰਬ ਭਾਜ ਗਏ ਬਿਨ ਹੇਰੀ।
ਗਏ ਸੁ ਗਏ ਰਹੋ ਸਭਿ ਭਾਗੇ। ਅਬਿ ਕੋ ਤੁਮੈਂ ਬੁਲਾਵਨ ਲਾਗੇ॥ ੪੨॥

ਸਾਨੂੰ ਤੁਹਾਡੀ ਕੋਈ ਚਾਹਤ ਨਹੀਂ ਹੈ, ਪਹਿਲਾਂ ਵੇਖਣ ਤੋਂ ਬਗੈਰ ਹੀ ਭੱਜ ਗਏ ਸਨ। ਜਿਹੜੇ ਗਏ ਹਨ ਸੋ ਗਏ ਹਨ, ਉਹ ਭੱਜੇ ਹੀ ਰਹੋ, ਹੁਣ ਤੁਹਾਨੂੰ ਕੌਣ ਬੁਲਾਉਣ ਲੱਗਾ ਹੈ॥ ੪੨॥

ਹਮਰੇ ਝਗਰੇ ਚਹਹੁ ਨਿਬੇਰਾ। ਕਹਾਂ ਗਏ ਤੁਮ ਪੂਰਬ ਵੇਰਾ।
ਸ੍ਰੀ ਗੁਰ ਅਰਜਨ ਕੇ ਭਾ ਕਾਰਨ। ਨਹਿਂ ਗਮਨੇ ਨਹਿਂ ਕਰਜੋ ਉਚਾਰਨਿ ॥੪੩॥

ਸਾਡੇ ਝਗੜਿਆਂ ਦਾ ਨਿਬੇੜਾ ਕਰਨਾ ਚਾਹੁੰਦੇ ਹੋ, ਪਹਿਲੀ ਵਾਰ ਤੁਸੀਂ ਕਿੱਥੇ ਗਏ ਸੀ। ਸ੍ਰੀ ਅਰਜਨ ਦੇਵ ਜੀ ਦੇ ਵਾਸਤੇ ਤੁਸੀਂ ਬਾਦਸ਼ਾਹ ਜਹਾਂਗੀਰ ਪਾਸ ਨਾ ਗਏ, ਉਨ੍ਹਾਂ ਦੀ ਗੱਲ ਦਾ ਕੋਈ ਨਿਪਟਾਰਾ ਨਾ ਕਰਵਾਇਆ॥ ੪੩॥

ਨਿਜ ਨਿਜ ਸਦਨ ਥਿਰੇ ਡਰ ਧਾਰਜੋ। ਸਕਲ ਪੰਚਾਯਤ ਕੋ ਬਲ ਹਾਰਜੋ।
ਪੁਨ ਨੌਮੇ ਪਤਿਸ਼ਾਹੁ ਭਏ ਹੈਂ। ਦਿੱਲੀ ਮਹਿਂ ਸਿਰ ਦੇਨ ਗਏ ਹੈਂ॥ ੪੪॥

ਡਰ ਧਾਰ ਕੇ ਆਪਣੇ-ਆਪਣੇ ਘਰ ਬੈਠੇ ਰਹੇ ਹੋ। ਸਾਰੀ ਪੰਚਾਇਤ ਦਾ ਬਲ ਹਾਰ ਗਿਆ ਸੀ। ਫਿਰ ਨੌਵੇਂ ਪਾਤਸ਼ਾਹ ਜੀ ਹੋਏ ਹਨ। ਉਹ ਦਿੱਲੀ ਵਿਚ ਸਿਰ ਦੇਣ ਗਏ ਸੀ॥ ੪੪॥

ਤਬਿ ਮਾਝੇ ਆਦਿਕ ਸਭਿ ਦੇਸ਼। ਭੇ ਤੂਸ਼ਨ ਧਰਿ ਤ੍ਰਾਸ ਵਿਸ਼ੇਸ਼।
ਕਿਨਹੂੰ ਕਹਜੋ ਨ ਸ਼ਾਹੁ ਅਗਾਰੀ। ਪਰਜੋ ਨ ਕੋਊ ਝਗਰ ਮਝਾਰੀ॥ ੪੫॥

ਤਦ ਮਾਝਾ ਆਦਿ ਸਾਰੇ ਦੇਸ਼, ਵੱਡਾ ਡਰ ਧਾਰ ਕੇ ਚੁੱਪ ਹੋ ਗਏ ਸਨ। ਕਿਸੇ ਨੇ ਵੀ ਜਾ ਕੇ ਬਾਦਸ਼ਾਹ ਨੂੰ ਨਾ ਕਿਹਾ, ਕੋਈ ਵੀ ਇਸ ਝਗੜੇ ਦੇ ਵਿਚ ਨਾ ਪਿਆ॥ ੪੫॥

ਕਜੋਂ ਨ ਨਿਬੇਰਜੋ ਤਬਿ ਕਿਸ ਜਾਇ। ਤਬਿ ਜਾਨਤਿ ਜਬਿ ਲੇਤਿ ਛੁਟਾਇ।
ਕਰਜੋ ਕਾਜ ਤਬਿ ਕੋ ਮਨ ਜਾਨਤਿ। ਤਾਂਤੇ ਅਬਿ ਕਹਿਬੋ ਹਮ ਮਾਨਤਿ ॥੪੬॥

ਉਸ ਸਮੇਂ ਉਸ ਝਗੜੇ ਨੂੰ ਕਿਸੇ ਨੇ ਜਾ ਕੇ ਕਿਉਂ ਨਹੀਂ ਨਿਬੇੜਿਆ, ਤਦ ਜਾਣਦੇ ਜੇ ਛੁਡਵਾ ਲੈਂਦੇ। ਮਨ ਵਿਚ ਜਾਣਦਿਆਂ ਹੋਇਆਂ ਵੀ ਇਹ ਕਾਰਜ ਕਿਉਂ ਨਾ ਕੀਤਾ, ਜੇ ਇਸ ਤਰ੍ਹਾਂ ਕਰਦੇ ਤਾਂ ਹੁਣ ਤੁਹਾਡਾ ਕਿਹਾ ਅਸੀਂ ਮੰਨ ਲੈਂਦੇ॥ ੪੬॥

ਕਿਸਹੂੰ ਤੇ ਕੁਛ ਕਾਜ ਨ ਸਰਜੋ। 'ਹਮ ਸਿਖ ਇਹ' ਨ ਜਨਾਵਨ ਕਰਜੋ।
ਅਬਿ ਉਪਦੇਸ਼ ਕਰਨਿ ਕੋ ਆਏ। ਕਹਨਿ ਬਾਕ ਕੋ ਨਹਿਨ ਲਜਾਏ॥ ੪੭॥

ਕਿਸੇ ਪਾਸੋਂ ਵੀ ਕੋਈ ਕਾਰਜ ਨਾ ਸਰਿਆ, 'ਅਸੀਂ ਸਿੱਖ ਹਾਂ, ਇਹ ਵੀ ਕਿਸੇ ਨੇ ਆਪਣੇ ਆਪ ਨੂੰ ਨਾ ਜਣਾਇਆ ਅਤੇ ਨਾ ਹੀ ਪ੍ਰਗਟ ਕੀਤਾ। ਹੁਣ ਮੈਨੂੰ ਉਪਦੇਸ਼ ਕਰਨ ਆ ਗਏ ਹੋ, ਅਜਿਹੀ ਗੱਲ ਕਹਿ ਕੇ ਤੁਹਾਨੂੰ ਸ਼ਰਮ ਨਹੀਂ ਆਈ ਹੈ॥ ੪੭॥

ਤੁਮ ਕੋ ਸਿਖ ਕਰਿ ਕਜਾ ਹਮ ਲੈ ਹੈਂ। ਪਰੇ ਕਾਜ ਜਬਿ ਦਗ਼ਾ ਕਮੈ ਹੈਂ।
ਅਬਿ ਲਿਖਿ ਦਿਹੁ ਤੁਮ 'ਹਮ ਸਿਖ ਨਾਂਹੀ'। ਚਲੇ ਜਾਹੁ ਨਿਜ ਦੇਸ਼ਨਿ ਮਾਂਹੀ ॥੪੮॥

ਤੁਹਾਨੂੰ ਆਪਣੇ ਸਿੱਖ ਬਣਾ ਕੇ ਅਸੀਂ ਕੀ ਲੈਣਾ ਹੈ, ਜਦ ਵੀ ਕੋਈ ਕੰਮ ਪੈਂਦਾ ਹੈ ਤਾਂ ਦਗ਼ਾ ਕਮਾ ਜਾਂਦੇ ਹੋ। ਹੁਣ ਮੈਨੂੰ ਲਿਖ ਕੇ ਦੇਵੋ ਕਿ "ਅਸੀਂ ਤੇਰੇ ਸਿੱਖ ਨਹੀਂ ਹਾਂ।" ਫਿਰ ਆਪਣੇ-ਆਪਣੇ ਦੇਸ਼ਾਂ ਵਿਚ ਚਲੇ ਜਾਵੋ' ॥ ੪੮॥

ਇਮ ਗੁਰ ਤੇ ਸੁਨਿ ਗਿਰਾ ਰੁਖਾਈ। ਸਭਿਨਿ ਤਰੇ ਕਹੁ ਗ੍ਰੀਵ ਨਿਵਾਈ।
ਗ੍ਰਾਮਨ ਕੇ ਮੁਖਿ ਪੰਚਨ ਮਸਲਤ। ਕਰੀ ਸਭਿਤਿ ਸੋਂ ਚਿਤ ਮਹਿਂ ਚਿਤਵਤਿ॥੪੯॥

ਇਸ ਪ੍ਰਕਾਰ ਗੁਰੂ ਜੀ ਪਾਸੋਂ ਰੁੱਖੇ ਬਚਨ ਸੁਣ ਕੇ, ਸਾਰਿਆਂ ਨੇ ਆਪਣੇ ਸਿਰ ਨਿਵਾ ਲਏ। ਪਿੰਡਾਂ ਦੇ ਮੁਖੀ ਪੰਚਾਂ ਨੇ ਫਿਰ ਸਲਾਹ ਕੀਤੀ ਤੇ ਆਪਣੇ ਚਿੱਤ ਦੀ ਗੱਲ ਉਨ੍ਹਾਂ ਸਾਰਿਆਂ ਨੂੰ ਕਹੀ॥ ੪੯॥

ਕਿਤਿਕ ਦੇਰ ਮਹਿਂ ਪੁਨ ਗੁਰ ਭਾਖਜੋ। 'ਹਮ ਤੁਰਕਨ ਕੋ ਖੋਵਨ ਕਾਂਖਜੋ।
ਇਹ ਸਿਖ ਆਏ ਮੇਲ ਕਰਾਵਨਿ। ਤ੍ਰਾਸਤਿ ਰਣ ਤ ਬਾਤ ਬਤਾਵਨ॥੫੦॥

ਕੁਝ ਦੇਰ ਬਾਅਦ ਗੁਰੂ ਜੀ ਨੇ ਫਿਰ ਕਿਹਾ, "ਸਾਡੀ ਤੁਰਕਾਂ ਨੂੰ ਖਤਮ ਕਰਨ ਦੀ ਅਭਿਲਾਸ਼ਾ ਹੈ, ਪਰ ਇਹ ਸਿੱਖ ਤੁਰਕਾਂ ਨਾਲ ਮੇਲ ਕਰਵਾਉਣ ਆਏ ਹਨ, ਯੁੱਧ ਤੋਂ ਡਰਦੇ ਸਾਨੂੰ ਇਹ ਗੱਲ ਦੱਸਦੇ ਹਨ॥ ੫੦॥

ਕਜੌਂ ਨ ਬਿਦਾਵਾ ਸਿੱਖੀ ਕੇਰਾ। ਲਿਖਹੁ ਮੜੈਲ! ਕਰਤਿ ਕਜੌਂ ਦੇਰਾ?'।
ਦੁਤੀ ਬਾਰ ਜਬਿ ਗੁਰ ਨੇ ਕਹਜੋ। ਲਿਖਨ ਹੇਤੁ ਸਭਿ ਹੂੰ ਤਬਿ ਚਹਜੋ॥੫੧॥

ਕਿਉਂ ਨਹੀਂ ਤੁਸੀਂ ਸਿੱਖੀ ਤੋਂ ਬੇਦਾਵਾ ਲਿਖਦੇ। ਹੇ ਮੜੈਲੋ! ਲਿਖੋ ਦੇਰ ਕਿਉਂ ਲਾਉਂਦੇ ਹੋ?" ਦੂਸਰੀ ਵਾਰ ਜਦ ਗੁਰੂ ਜੀ ਨੇ ਕਿਹਾ ਲਿਖਣ ਵਾਸਤੇ ਫਿਰ ਸਾਰਿਆਂ ਨੇ ਚਾਹਿਆ॥ ੫੧॥

ਦੋਹਰਾ- ਸਕਲ ਦੇਸ਼ ਮਿਲਿ ਕਰਿ ਕਹਜੋ ਲਰਹਿਂ ਤੁਰਕ ਕੇ ਸੰਗ।
'ਨਹਿਂ ਸਿੱਖੀ ਹਮ ਤੇ ਨਿਬਹਿ' ਤੋ ਲਿਖਿ ਦੇਹੁ ਨਿਸੰਗ॥ ੫੨॥

ਸਾਰੇ ਸਿੱਖ ਵਿਚਾਰ ਕਰਦੇ ਹਨ ਕਿ ਸਾਰੇ ਮਾਝੇ ਦੇਸ਼ ਨੇ ਮਿਲ ਕੇ ਸਾਨੂੰ ਕਿਹਾ ਸੀ ਕਿ ਜੇ ਗੁਰੂ ਜੀ ਤੁਰਕ ਨਾਲ ਲੜਨ ਤਾਂ ਬੇਸ਼ਕ ਇਹ ਲਿਖ ਦੇਣਾ ਕਿ "ਸਾਥੋਂ ਸਿੱਖੀ ਨਹੀਂ ਨਿਭ ਸਕਦੀ"॥ ੫੨॥

ਇਮ ਵਿਚਾਰ ਕਰਿ ਲਿਖਜੋ ਬਿਦਾਵਾ। ਗੁਰੂ ਲਿਖਾਇ ਜੇਬ ਮਹਿਂ ਪਾਵਾ।
'ਸਭਿ ਮਾਝਾ ਸਿੱਖੀ ਤੇ ਖਾਰਜ'। ਲਿਖਿ ਦੀਨੋ ਧਰਿ ਤ੍ਰਾਸ ਅਨਾਰਜ॥੫੩॥

ਇਸ ਪ੍ਰਕਾਰ ਵਿਚਾਰ ਕੇ ਬਿਦਾਵਾ ਲਿਖ ਦਿੱਤਾ ਤੇ ਗੁਰੂ ਜੀ ਨੇ ਲਿਖਵਾ ਕੇ ਆਪਣੀ ਜੇਬ ਵਿਚ ਪਾ ਲਿਆ। "ਸਾਰਾ ਮਾਝਾ ਸਿੱਖੀ ਤੋਂ ਖਾਰਜ" ਮਾੜੀ ਮੱਤ ਵਾਲਿਆਂ ਨੇ ਲਿਖ ਕੇ ਦਿੱਤਾ॥ ੫੩॥

*ਪਹਿਲੇ ਐਨ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮॥*

## ਅਧਿਆਇ ਨੌਵਾਂ

*ਮਾਝੇ ਦੇ ਸਿੱਖਾਂ ਨੇ ਮੁੜ ਕੇ ਤੁਰਕਾਂ ਨਾਲ ਯੁੱਧ ਆਰੰਭਣਾ*

ਦੋਹਰਾ- ਜੇ ਜੇ ਬੇਮੁਖ ਸਿਦਕ ਬਿਨ ਸਿਮਰਿ ਪੰਚਾਇਤ ਬਾਤ।
ਲਿਖਜੋ ਬਿਦਾਵਾ ਦੇਰਿ ਬਿਨ 'ਗੁਰ ਸਿਖ ਨਹੀਂ ਕਦਾਂਤ'॥ ੧॥

ਜਿਹੜੇ-ਜਿਹੜੇ ਬੇਮੁਖ ਅਤੇ ਸਿਦਕ ਰਹਿਤ ਸਿੱਖ ਹਨ, ਉਨ੍ਹਾਂ ਨੇ ਪੰਚਾਇਤ ਦੀ ਗੱਲ ਯਾਦ ਕਰਕੇ ਕਿਸੇ ਦੇਰ ਬਗੈਰ ਬਿਦਾਵਾ ਲਿਖ ਦਿੱਤਾ "ਅਸੀਂ ਕਦੇ ਵੀ ਗੁਰਸਿੱਖ ਨਹੀਂ ਸੀ"॥ ੧॥

ਚੌਪਈ- ਜੇ ਜੇ ਸਿਦਕੀ ਗੁਰ ਸਿਖ ਪਜਾਰੇ। ਭਯੋ ਕਸ਼ਟ ਤਿਨ ਕੇ ਮਨ ਭਾਰੇ।
'ਬਹੁਤ ਬੁਰਾ ਕਾਰਜ ਇਹ ਭਯੋ। ਲੋਕ ਪ੍ਰਲੋਕ ਖੋਇ ਸਭਿ ਲਯੋ'॥੨॥

ਜਿਹੜੇ-ਜਿਹੜੇ ਗੁਰਸਿੱਖ ਪਿਆਰੇ ਸਿਦਕ ਵਾਲੇ ਸਨ, ਉਨ੍ਹਾਂ ਨੂੰ ਵੱਡਾ ਕਸ਼ਟ ਪੈ ਗਿਆ ਤੇ ਉਨ੍ਹਾਂ ਦੇ ਮਨ ਭਾਰੇ ਹੋ ਗਏ, ਉਹ ਕਹਿਣ ਲੱਗੇ, "ਇਨ੍ਹਾਂ ਬੇਦਾਵਾ ਲਿਖ ਕੇ ਬੜਾ ਬੁਰਾ ਕਾਰਜ ਕੀਤਾ ਹੈ, ਇਨ੍ਹਾਂ ਸਭ ਨੇ ਲੋਕ ਪਰਲੋਕ ਗਵਾ ਲਿਆ ਹੈ"॥ ੨॥

ਸ੍ਰੀ ਸਤਿਗੁਰ ਭੀ ਭਏ ਉਦਾਸ। ਜਥਾ ਕਪੁੱਤ੍ਰ ਬਨੇ ਪਿਤ ਪਾਸ।
ਮਹਾਂ ਬਿਰਸ ਦੁਹਦਿਸ਼ਿ ਤੇ ਹੋਵਾ। ਧਰਹਿਂ ਸ਼ੋਕ ਜਿਨ ਜਿਨ ਤਬਿ ਜੋਵਾ॥ ੩॥

ਸਤਿਗੁਰੂ ਜੀ ਆਪ ਵੀ ਉਦਾਸ ਹੋ ਗਏ ਹਨ, ਜਿਵੇਂ ਕੋਈ ਆਪਣੇ ਪਿਤਾ ਜੀ ਪਾਸ ਕਪੁੱਤਰ ਬਣ ਜਾਵੇ। ਦੋਵਾਂ ਪਾਸਿਆਂ ਤੋਂ ਮਹਾਂ ਬੇਰਸੀ ਹੋ ਗਈ, ਜਿਸ ਜਿਸ ਵੀ ਵੇਖਿਆ ਉਹ ਹੀ ਦੁਖ ਧਾਰਨ ਕਰਦਾ ਸੀ॥ ੩॥

ਸਿੱਖ ਮਝੈਲਨਿ ਮਹਿਂ ਜੋ ਭਲੇ। ਅਤਿ ਚਿੰਤਾਤੁਰ ਸੰਕਟ ਮਿਲੇ।
ਮਨੁਜ ਦੇਸ਼ ਕੋ ਤਜਿ ਨਹਿਂ ਸੱਕਈਂ। ਬੇਮੁਖ ਗੁਰ ਤੇ ਨਿਜ ਧਿਕ ਤੱਕਈਂ॥ ੪॥

ਮਝੈਲਾਂ ਵਿਚ ਜਿਹੜੇ ਭਲੇ ਸਿੱਖ ਸਨ, ਉਹ ਸੰਕਟ ਪਾ ਕੇ ਅਤੀ ਸੋਗਵਾਨ ਹੋ ਗਏ। ਆਪਣੇ ਦੇਸ਼ ਦੇ ਆਦਮੀਆਂ ਨੂੰ ਛੱਡ ਨਹੀਂ ਸਨ ਸਕਦੇ। ਪਰ ਆਪਣੇ ਆਪ ਨੂੰ ਗੁਰੂ ਜੀ ਤੋਂ ਬੇਮੁਖ ਵੇਖ ਕੇ ਧ੍ਰਿਕਾਰ ਯੋਗ ਸਮਝਦੇ ਸਨ॥ ੪॥

ਚਢਜੇ ਤਰੋਵਰ ਪਰ ਜੋ ਹੇਰਤਿ। ਇਤਨੇ ਮਹਿਂ ਸੁਨਾਇ ਸੋ ਟੇਰਤਿ।
'ਪ੍ਰਭੁ ਜੀ! ਕਹਾ ਦੇਖਤਿ ਹੋ ਖਰੇ? ਲਸ਼ਕਰ ਰਿਪੁਨਿ ਆਇਬੋ ਕਰੇ॥ ੫॥

ਜਿਹੜੇ ਦਰੱਖਤਾਂ ਉੱਪਰ ਚੜ੍ਹ ਕੇ ਦੁਸ਼ਮਣ ਨੂੰ ਵੇਖ ਰਹੇ ਸਨ, ਏਨੇ ਵਿਚ ਸੁਣਾ ਕੇ ਉਹ ਕਹਿਣ ਲੱਗੇ, "ਹੇ ਪ੍ਰਭੂ ਜੀ! ਖੜੇ ਹੋ ਕੇ ਕੀ ਵੇਖਦੇ ਹੋ? ਵੈਰੀ ਦਾ ਲਸ਼ਕਰ ਪਹੁੰਚ ਗਿਆ ਹੈ॥ ੫॥

ਉਡੀ ਧੂਰਿ ਸੂਰਜ ਕੋ ਛਾਦਤਿ। ਸੁਨੀ ਧੁਨੀ ਕੁਛ ਦੁੰਦਭਿ ਬਾਜਤਿ।
ਕਈ ਹਜ਼ਾਰ ਆਇ ਅਸਵਾਰਾ। ਕਲਮਲਾਟ ਸੁਨੀਅਤਿ ਹੈ ਭਾਰਾ॥ ੬॥

ਵੱਡੀ ਧੂੜ ਨੇ ਉੱਡ ਕੇ ਸੂਰਜ ਨੂੰ ਢੱਕ ਲਿਆ ਹੈ ਤੇ ਨਗਾਰੇ ਵੱਜਣ ਦੀ ਅਵਾਜ਼ ਵੀ ਸੁਣਾਈ ਦਿੰਦੀ ਹੈ। ਕਈ ਹਜ਼ਾਰ ਘੋੜ-ਸਵਾਰ ਆ ਰਹੇ ਹਨ। ਭਾਰੀ ਰੌਲਾ ਸੁਣਾਈ ਦੇ ਰਿਹਾ ਹੈ॥ ੬॥

ਕਰਹੁ ਤੁਫੰਗਨ ਭਰਿ ਕਰਿ ਤਯਾਰੀ। ਠੋਕਹੁ ਗਜਨ ਦੁਗੋਰੀ ਡਾਰੀ।
ਰਹੀ ਨ ਦੂਰ 'ਆਇ ਭਾ ਨੇਰ। ਘਰੀ ਨ ਲਾਗਹਿ ਹ੍ਵੈ ਭਟ ਭੇਰ'॥ ੭॥

ਬੰਦੂਕਾਂ ਭਰ ਕੇ ਤਿਆਰੀ ਕਰੋ, ਦੋ ਗੋਲੀਆਂ ਪਾ ਕੇ ਗਜਾਂ ਨੂੰ ਠੋਕੋ। ਉਹ ਹੁਣ ਦੂਰ ਨਹੀਂ ਰਹੇ ਹਨ। ਬਹੁਤ ਨੇੜੇ ਆ ਗਏ ਹਨ, ਇਕ ਘੜੀ ਵੀ ਨਹੀਂ ਲਗੇਗੀ ਕਿ ਸੂਰਬੀਰਾਂ ਦਾ ਭੇੜ ਹੋ ਜਾਵੇਗਾ" ॥ ੭॥

ਇਮ ਬੋਲਤਿ ਹੀ ਉਤਰਜੋ ਤਰੇ। ਸਤਿਗੁਰ ਤਬੈ ਤੁਰੰਗਮ ਚਰੇ।
ਧਨੁਖ ਸੰਭਾਰਿ ਖੈਂਚਿ ਟੰਕਾਰਾ। ਤੀਛਨ ਭੀਛਨ ਤੀਰ ਨਿਕਾਰਾ॥ ੮॥

ਇਸ ਪ੍ਰਕਾਰ ਬੋਲਦੇ ਹੀ ਉਹ ਦਰੱਖਤ ਤੋਂ ਥੱਲੇ ਉੱਤਰ ਆਏ। ਸਤਿਗੁਰੂ ਜੀ ਫਿਰ ਘੋੜੇ ਉੱਪਰ ਸਵਾਰ ਹੋ ਗਏ। ਆਪਣਾ ਧਨੁੱਖ ਸੰਭਾਲ ਕੇ ਖਿੱਚ ਕੇ ਟੰਕਾਰਿਆ। ਫਿਰ ਵੱਡਾ ਤਿੱਖਾ ਤੀਰ ਕੱਢਿਆ॥ ੮॥

ਸਭਿ ਬੈਰਾੜਨ ਤਬਿ ਕਰ ਜੋਰੇ। 'ਪ੍ਰਭੁ ਜੀ ਗਮਨਹੁਂ ਕੁਛ ਇਤ ਓਰੇ।
ਆਗੇ ਆਇ ਤਾਲ ਖਿਦਰਾਣਾ। ਸੋ ਲਰਿਬੇ ਕੋ ਖਰਾ ਟਿਕਾਣਾ॥ ੯॥

ਸਾਰੇ ਬੈਰਾੜਾਂ ਨੇ ਫਿਰ ਹੱਥ ਜੋੜੇ ਅਤੇ ਕਿਹਾ, "ਸਤਿਗੁਰੂ ਜੀ ਕੁਝ ਇਸ ਪਾਸੇ ਚਲੇ ਜਾਵੋ। ਅੱਗੇ ਖਿਦਰਾਣੇ ਦੀ ਢਾਬ ਆਵੇਗੀ। ਉਹ ਯੁੱਧ ਕਰਨ ਵਾਸਤੇ ਚੰਗਾ ਟਿਕਾਣਾ ਹੈ॥ ੯॥

ਨਾਂਹਿ ਤ ਕੁਛ ਤਹਿਂ ਤੇ ਚਲਿ ਆਗੇ। ਜਹਿਂ ਤੁਰਕਨ ਜਲ ਹਾਥ ਨ ਲਾਗੇ।
ਬਿਨ ਮਾਰੇ ਆਪੇ ਮਰਿ ਜਾਇਂ। ਨਾਂਹਿ ਤ ਸੂਕੇ ਬਦਨ ਪਲਾਇਂ॥ ੧੦॥

ਨਹੀਂ ਤਾਂ ਉਸ ਤੋਂ ਕੁਝ ਅੱਗੇ ਚਲੇ ਜਾਵੇ, ਜਿੱਥੇ ਜਲ ਤੁਰਕਾਂ ਦੇ ਹੱਥ ਨਾ ਲੱਗੇ। ਬਿਨ ਮਾਰਿਆਂ ਹੀ ਆਪੇ ਮਰ ਜਾਣਗੇ, ਨਹੀਂ ਤਾਂ ਪਿਆਸੇ ਹੀ ਭੱਜ ਜਾਣਗੇ॥ ੧੦॥

ਠਹਿਰ ਨ ਸਕਹਿਂ ਤੁਰਤ ਫਿਰਿ ਜਾਵਹਿਂ। ਜਬਿ ਖੋਜੇ ਤੇ ਨੀਰ ਨ ਪਾਵਹਿਂ।
ਇਮ ਤਿਨ ਕੀ ਮਸਲਤ ਸੁਨਿ ਕਾਨੇ। ਸਨੇ ਸਨੇ ਆਗੇ ਪ੍ਰਸਥਾਨੇ॥ ੧੧॥

ਫਿਰ ਠਹਿਰ ਨਹੀਂ ਸਕਣਗੇ ਤੁਰਤ ਚਲੇ ਜਾਣਗੇ, ਜਦ ਲੱਭਣ ਨਾਲ ਵੀ ਪਾਣੀ ਪ੍ਰਾਪਤ ਨਹੀਂ ਕਰ ਸਕਣਗੇ।'' ਇਸ ਪ੍ਰਕਾਰ ਉਨ੍ਹਾਂ ਦੀ ਸਲਾਹ ਕੰਨ ਨਾਲ ਸੁਣ ਕੇ, ਗੁਰੂ ਜੀ ਹੌਲੀ-ਹੌਲੀ ਅੱਗੇ ਚਲੇ ਗਏ॥ ੧੧॥

ਪੁਨ ਸਿਖ ਕਹੈ 'ਨਿਕਟ ਹੀ ਆਏ। ਖੋਜ ਤੁਰੰਗ ਨਵੀਨੋ ਪਾਏ।
ਧਾਇ ਬਿਲੋਕੈਂ ਜਾਨਹਿਂ ਨੇਰੇ'। ਰਿਪੁ ਪ੍ਰਤਿ ਕਹ੍ਯੋ ਗੁਰੂ ਤਿਸ ਬੇਰੇ॥ ੧੨॥

ਫਿਰ ਸਿੱਖ ਨੇ ਕਿਹਾ, ''ਤੁਰਕ ਨੇੜੇ ਆ ਗਏ ਹਨ। ਤੁਰਕਾਂ ਦੇ ਖੋਜੀ ਸਾਡੇ ਘੋੜਿਆਂ ਦੇ ਸਜਰੇ ਪੈਰਾਂ ਦੇ ਖੋਜ ਵੇਖ ਕੇ ਅਤੇ ਸਾਨੂੰ ਨੇੜੇ ਜਾਣ ਕੇ ਲੱਭਣ ਲਈ ਦੌੜਨਗੇ' ਵੈਰੀ ਬਾਰੇ ਉਸ ਸਮੇਂ ਗੁਰੂ ਜੀ ਨੇ ਕਿਹਾ॥ ੧੨॥

'ਖਰ ਤੁਰਕਨ ਕੀ ਆਂਖਨ ਘੱਟਾ। ਖੋਜ ਕਹੈਂ ਨਹਿਂ ਮੁਖ ਵਿਚ ਡੱਟਾ।
ਹੁਇ ਮਤਿਵਾਰੇ ਤਰ ਤਰ ਤੱਕੈਂ। ਨਿਕਟ ਹੋਇ ਭੀ ਵੇਖ ਨ ਸੱਕੈਂ'॥ ੧੩॥

''ਮੂਰਖ ਤੁਰਕਾਂ ਦੀਆਂ ਅੱਖਾਂ ਵਿਚ ਘੱਟਾ ਪੈ ਜਾਵੇਗਾ, ਆਪਣੇ ਸਰਦਾਰਾਂ ਨੂੰ ਸਾਡੀ ਖੋਜ ਬਾਰੇ ਨਹੀਂ ਕਹਿ ਸਕਣਗੇ, ਉਨ੍ਹਾਂ ਦੇ ਮੂੰਹ ਵਿਚ ਡੱਟਾ ਆ ਜਾਵੇਗਾ। ਮਤਵਾਲੇ ਹੋ ਕੇ ਹੇਠਾਂ ਤੱਕਣਗੇ, ਨੇੜੇ ਹੋ ਕੇ ਵੀ ਵੇਖ ਨਹੀਂ ਸਕਣਗੇ''॥ ੧੩॥

ਇਮ ਕਹਿ ਖਿਦਰਾਣੇ ਲਗਿ ਗਏ। ਨੇਰ ਤੁਰਕ ਭੀ ਕਰਤੇ ਭਏ।
ਮੱਦ੍ਰ ਦੇਸ਼ ਕੀ ਸੰਗਤਿ ਜੋਈ। ਲਿਖਤਿ ਬਿਦਾਵਾ ਗਮਨੀ ਸੋਈ॥ ੧੪॥

ਇਸ ਪ੍ਰਕਾਰ ਕਹਿ ਕੇ ਖਿਦਰਾਣੇ ਦੀ ਢਾਬ ਤਕ ਗਏ, ਉਧਰ ਤੁਰਕ ਵੀ ਨੇੜਤਾ ਕਰਦੇ ਪਏ ਹਨ। ਮਾਝੇ ਦੇਸ਼ ਦੀ ਜਿਹੜੀ ਸੰਗਤ ਆਈ ਸੀ, ਉਹ ਬਿਦਾਵਾ ਲਿਖ ਕੇ ਚਲੀ ਗਈ ਸੀ॥ ੧੪॥

ਤਿਨ ਮੈਂ ਪੰਚ ਸਿਖ ਮਤਿਵੰਤੇ। ਸਭਿਨਿ ਧਿਕਾਰ ਹਟੇ ਬਲਵੰਤੇ।
ਕਹਿਨ ਲਗੇ 'ਸਭਿ ਦੇਸ਼ ਡੁਬੋਯੋ। ਲੋਕ ਪ੍ਰਲੋਕ ਸਗਲ ਹੀ ਖੋਯੋ॥ ੧੫॥

ਉਨ੍ਹਾਂ ਵਿਚ ਪੰਜ ਸਿੱਖ ਬੜੇ ਬੁਧੀਮਾਨ ਸਨ, ਉਹ ਸਾਰਿਆਂ ਨੂੰ ਧਿਰਕਾਰ ਕੇ ਵਾਪਸ ਆ ਗਏ ਤੇ ਕਹਿਣ ਲੱਗੇ, ''ਸਾਰਾ ਦੇਸ਼ ਡੁੱਬ ਗਿਆ ਹੈ, ਲੋਕ ਪਰਲੋਕ ਸਾਰਾ ਹੀ ਗਵਾ ਲਿਆ ਹੈ॥ ੧੫॥

ਹਮ ਤੋ ਗੁਰ ਹਿਤ ਦੈ ਹੈਂ ਪ੍ਰਾਨ। ਬਿਚ ਸੰਗ੍ਰਾਮ ਕਰਹਿਂ ਅਰਿ ਹਾਨ।
ਤੁਰਕ ਹਜ਼ਾਰਹੁਂ ਗੁਰ ਕੇ ਗਿਰਦ। ਕੋ ਇਸ ਸਮੈਂ ਤਜੈ ਹੁਇ ਮਰਦ॥ ੧੬॥

ਅਸੀਂ ਤਾਂ ਗੁਰੂ ਜੀ ਵਾਸਤੇ ਪ੍ਰਾਣ ਦੇਵਾਂਗੇ, ਯੁੱਧ ਵਿਚ ਵੈਰੀ ਦਾ ਨਾਸ਼ ਕਰਾਂਗੇ। ਹਜ਼ਾਰਾਂ ਤੁਰਕ ਸਤਿਗੁਰੂ ਜੀ ਦੇ ਆਲੇ-ਦੁਆਲੇ ਆ ਗਏ ਹਨ। ਸੂਰਮਾ ਹੋ ਕੇ ਕੌਣ ਇਸ ਸਮੇਂ ਗੁਰੂ ਜੀ ਨੂੰ ਤੁਰਕਾਂ ਵਿਚ ਘਿਰੇ ਹੋਏ ਨੂੰ ਛੱਡ ਦੇਵੇ॥ ੧੬॥

ਏਤੀ ਭੀਰ ਗੁਰੂ ਪਰ ਪਰੀ। ਹੈ ਸਦ ਹੈਫ ਤਜੈਂ ਇਸ ਘਰੀ।
ਜੀਵਨ ਪਾਇ ਕਰਹਿਂਗੇ ਕਹਾਂ। ਜੇ ਪ੍ਰਭੁ ਕਾਜ ਨ ਐਹੈਂ ਇਹਾਂ॥ ੧੭॥

ਏਨੀ ਭੀੜ ਗੁਰੂ ਜੀ ਉੱਤੇ ਆ ਪਈ ਹੈ। ਸਾਡੇ ਉੱਪਰ ਇਹ ਵੱਡੀ ਲਾਅਨਤ ਹੈ ਜੇ ਇਸ ਸਮੇਂ ਗੁਰੂ ਜੀ ਨੂੰ ਇਕੱਲਿਆਂ ਛੱਡ ਦੇਈਏ। ਜੀਵਨ ਪਾ ਕੇ ਕੀ ਕਰਾਂਗੇ, ਜੇ ਇਸ ਸਮੇਂ ਸਤਿਗੁਰੂ ਜੀ ਦੇ ਕੰਮ ਨਾ ਆਈਏ॥ ੧੭॥

ਅੰਤ ਸਮਾ ਸਭਿ ਕੇ ਸਿਰ ਖਰਾ। ਕਾਇਰ ਸੂਰ ਨ ਕਿਸ ਤੇ ਟਰਾ।
ਜੀਵਨ ਮਰਨ ਧੰਨ ਤਿਨ ਕੇਰਾ। ਜਿਨ ਗੁਰ ਸੇਵ ਕਰੀ ਇਸ ਬੇਰਾ॥ ੧੮॥

ਅੰਤ ਸਮਾਂ ਸਾਰਿਆਂ ਦੇ ਸਿਰ ਉੱਪਰ ਖੜਾ ਹੈ, ਕਾਇਰ ਸੂਰਬੀਰ ਕਿਸੇ ਪਾਸੋਂ ਵੀ ਟਾਲਿਆ ਨਹੀਂ ਜਾ ਸਕਦਾ। ਜੀਉਣਾ ਮਰਨਾ ਉਨ੍ਹਾਂ ਦਾ ਧੰਨ ਹੈ, ਜਿਨ੍ਹਾਂ ਨੇ ਇਸ ਸਮੇਂ ਗੁਰੂ ਜੀ ਦੀ ਸੇਵਾ ਕੀਤੀ ਹੈ॥ ੧੮॥

ਜਿਯਤ ਨਿੰਦ ਮ੍ਰਿਤੁ ਨਰਕ ਸਹੇਰਾ। ਕਰਮ ਕਮਾਯੋ ਤੁਮ ਇਸ ਬੇਰਾ।
ਸਿਖ ਪੰਚਨਿ ਤੇ ਸੁਨਿ ਕਰਿ ਕਾਨ। ਭਯੋ ਸਿਦਕ ਕੇਤਿਕ ਕੈ ਆਨਿ॥ ੧੯॥

ਜੀਊਂਦਿਆਂ ਨਿੰਦਿਆ ਤੇ ਮਰ ਕੇ ਨਰਕ ਸਹੇੜਾਂਗੇ, ਐਸਾ ਕਰਮ ਤੁਸੀਂ ਇਸ ਸਮੇਂ ਕਮਾਉਗੇ।'' ਪੰਜਾਂ ਸਿੱਖਾਂ ਪਾਸੋਂ ਇਸ ਪ੍ਰਕਾਰ ਸੁਣ ਕੇ ਕਈ ਸਿੱਖਾਂ ਨੂੰ ਸਿਦਕ ਆ ਗਿਆ॥ ੧੯॥

ਤਿਨ ਕੋ ਛੋਰਿ ਇਤਹਿ ਸੇ ਮਿਲੇ। 'ਤਜਨ ਗੁਰੂ ਕੋ ਅਬਿ ਨਹਿਂ ਭਲੇ।
ਬਰਖ ਹਜ਼ਾਰਹੁਂ ਨਰਕ ਸਹੇਰਜੋਂ। ਰਣ ਤੇ ਡਰ ਗੁਰ ਤੇ ਮੁਖ ਫੇਰਜੋਂ॥ ੨੦॥

ਆਪਣੇ ਸਾਥੀਆਂ ਨੂੰ ਛੱਡ ਕੇ ਏਧਰ ਆ ਮਿਲੇ ਅਤੇ ਬੋਲੇ, ''ਹੁਣ ਸਤਿਗੁਰੂ ਜੀ ਨੂੰ ਛੱਡਣਾ ਭਲੀ ਗੱਲ ਨਹੀਂ ਹੈ। ਹਜ਼ਾਰਾਂ ਸਾਲਾਂ ਦਾ ਨਰਕ ਸਹੇੜ ਲਵਾਂਗੇ, ਯੁੱਧ ਤੋਂ ਡਰ ਕੇ ਗੁਰੂ ਜੀ ਤੋਂ ਮੁਖ ਫੇਰਿਆ ਹੈ॥ ੨੦॥

ਏਕ ਘਰੀ ਕੋ ਸੰਕਟ ਨੀਕੋ। ਲਾਖਹੁਂ ਬਰਖ ਸਦਾ ਸੁਖ ਜੀਕੋ।
ਹਮ ਗਾਢੇ ਹੁਈ ਠਾਢੇ ਅਰੈਂ। ਰਿਪੁ ਸੌਂ ਰਨ ਕਰਿ ਮਾਰਹਿਂ ਮਰੈਂ॥ ੨੧॥

ਇਕ ਘੜੀ ਦਾ ਸੰਕਟ ਚੰਗਾ ਹੈ, ਲੱਖਾਂ ਸਾਲ ਸਦਾ ਸੁਖ ਪਾਵਾਂਗੇ। ਅਸੀਂ ਏਥੇ ਦ੍ਰਿੜ੍ਹਤਾ ਨਾਲ ਖੜੇ ਹੋ ਕੇ ਅੜਾਂਗੇ, ਵੈਰੀ ਦੇ ਨਾਲ ਯੁੱਧ ਕਰਕੇ ਮਰਾਂਗੇ ਅਤੇ ਮਾਰਾਂਗੇ॥ ੨੧॥

ਗੁਰ ਲਗਿ ਤੁਰਕ ਜਾਨ ਨਹਿਂ ਦੈਹੈਂ। ਜਬਿ ਲਗਿ ਤਨ ਮਹਿਂ ਪ੍ਰਾਨ ਰਹੈ ਹੈਂ।
ਨਹਿਂ ਬੱਟਾ ਸਿੱਖੀ ਕਉ ਲਾਵੈਂ। ਨਹੀਂ ਆਪਨੋ ਧਰਮ ਗਵਾਵੈਂ॥ ੨੨॥

ਗੁਰੂ ਜੀ ਤਕ ਤੁਰਕ ਨੂੰ ਜਾਣ ਹੀ ਨਹੀ ਦੇਵਾਂਗੇ, ਜਦ ਤਕ ਸਾਡੇ ਸਰੀਰਾਂ ਵਿਚ ਪ੍ਰਾਣ ਰਹਿਣਗੇ। ਅਸੀਂ ਸਿੱਖੀ ਨੂੰ ਵੱਟਾ ਨਹੀ ਲਾਵਾਂਗੇ ਤੇ ਆਪਣਾ ਧਰਮ ਨਹੀਂ ਗਵਾਵਾਂਗੇ॥ ੨੨॥

ਹਮ ਤੋ ਪ੍ਰਣ ਧਾਰਜੋ ਅਬਿ ਐਸੇ। ਅਪਰ ਕਰਹੁ ਜਿਨ ਕੇ ਮਨ ਜੈਸੇ'।
ਇੱਤਯਾਦਿਕ ਬਹੁ ਕਹਿ ਕਹਿ ਤਰਕ। 'ਜੀਵਤਿ ਨਿੰਦਾ ਮਰਤੇ ਨਰਕ' ॥੨੩॥

ਅਸੀਂ ਤਾਂ ਹੁਣ ਇਸ ਪ੍ਰਕਾਰ ਪ੍ਰਣ ਧਾਰਿਆ ਹੈ, ਹੋਰ ਜਿਵੇਂ ਤੁਹਾਡੇ ਮਨ ਦੀ ਮਰਜ਼ੀ ਹੈ ਕਰੋ।'' ਇਸ ਪ੍ਰਕਾਰ ਬਹੁਤ ਕਹਿ-ਕਹਿ ਕੇ ਬਹੁਤ ਤਰਕ ਕੀਤਾ। ''ਜੀਊਂਦਿਆਂ ਨਿੰਦਿਆ ਅਤੇ ਮਰਨ ਉੱਪਰ ਨਰਕ'' ॥ ੨੩॥

ਹਟੇ ਸਿੰਘ ਸਭਿ ਸੰਖ੍ਯਾ ਚਾਲੀ। ਰਿਣ ਕਰਿਬੇ ਕਹੁ ਧੀਰ ਬਿਸਾਲੀ।
ਅਪਰ ਭਏ ਕਾਇਰ ਬਲਹਾਰੇ। ਪਗ ਚੰਚਲ ਕਰਿ ਦੂਰ ਸਿਧਾਰੇ॥ ੨੪॥

ਮਾਝੇ ਦੇ ਸਾਰੇ ਸਿੰਘ ਵਾਪਸ ਆ ਗਏ, ਜਿਨ੍ਹਾਂ ਦੀ ਗਿਣਤੀ ਚਾਲ੍ਹੀ ਸੀ। ਯੁੱਧ ਕਰਨ ਵਾਸਤੇ ਉਨ੍ਹਾਂ ਵਿਸ਼ਾਲ ਧੀਰਜ ਧਾਰਨ ਕੀਤਾ ਸੀ। ਹੋਰ ਕਾਇਰ ਬਲ ਹਾਰ ਗਏ ਸਨ। ਬੜਾ ਤੇਜ਼ ਚਲ ਕੇ ਦੂਰ ਹੋ ਗਏ ਸਨ॥ ੨੪॥

*ਨੋਟ : ਭਾਈ ਵੀਰ ਸਿੰਘ ਜੀ ਇਸ ਬਾਰੇ ਟਿਪਣੀ ਕਰਦੇ ਹਨ ਕਿ ਇਹ ਚਾਲ੍ਹੀ ਅੰਕ ਦਾ ਭੁਲੇਖਾ ਚਮਕੌਰ ਦੇ ਚਾਲ੍ਹੀ ਮੁਕਤਿਆਂ ਦਾ ਹੈ। ਉਸ ਵੇਲੇ ਬਹੁਤ ਸੰਗਤ ਇਕੱਠੀ ਹੋਈ ਸੀ। ਪੰਜਾਂ ਸਿੰਘਾਂ ਦੀ ਵੰਗਾਰ ਕਰਕੇ ਸਾਰੇ ਹੀ ਨਿਤਰ ਪਏ ਸਨ, ਇਨ੍ਹਾਂ ਵਿਚੋਂ ਜਿਹੜੇ ਸ਼ਹੀਦ ਹੋਏ ਉਨ੍ਹਾਂ ਦੀ ਗਿਣਤੀ ਚਾਲ੍ਹੀ ਸੀ।*

ਪਜਾਰੇ ਪ੍ਰਾਨ ਕਰੇ ਤਜਿ ਧਰਮੂ। ਸਤਿਗੁਰ ਤਜਾਗੇ ਕਰਜੋ ਕੁਕਰਮੂ।
ਜਿਤ ਕੋ ਆਏ ਤਿਤਹਿ ਸਿਧਾਰੇ। ਮਨਹੁਂ ਚਰਨ ਮ੍ਰਿਗ ਕੇ ਸਭਿ ਧਾਰੇ॥ ੨੫॥

ਜਿਹੜਾ ਵੀ ਕੋਈ ਛੱਡ ਕੇ ਚਲੇ ਗਿਆ ਉਸ ਨੇ ਆਪਣਾ ਧਰਮ ਛੱਡ ਕੇ ਆਪਣੇ ਪ੍ਰਾਣਾਂ ਨੂੰ ਪਿਆਰ ਕੀਤਾ। ਸਤਿਗੁਰੂ ਜੀ ਨੂੰ ਛੱਡ ਕੇ ਉਨ੍ਹਾਂ ਵੱਡਾ ਕੁਕਰਮ ਕੀਤਾ ਸੀ। ਜਿੱਥੋਂ ਆਏ ਸਨ, ਓਧਰ ਚਲੇ ਗਏ, ਮਾਨੋ ਉਨ੍ਹਾਂ ਨੇ ਹਿਰਨ ਦੇ ਪੈਰ ਧਾਰਨ ਕੀਤੇ ਸਨ॥ ੨੫॥

ਜਬਿ ਸ੍ਰੀ ਪ੍ਰਭੁ ਖਿਦਰਾਣੇ ਆਏ। ਲਰਨ ਸਥਾਨ ਬਿਲੋਕਿ ਅਲਾਏ।
'ਸੁਸ਼ਕ ਪਰਜੋ ਨੰਮ੍ਰੀ ਥਲ ਅਹੈ। ਰਣ ਹਮ ਕਰਹਿਂ ਇਹਾਂ ਥਿਰ ਰਹੈਂ॥ ੨੬॥

ਜਦ ਸਤਿਗੁਰੂ ਜੀ ਖਿਦਰਾਣੇ ਆ ਗਏ ਤਾਂ ਯੁੱਧ ਦਾ ਸਥਾਨ ਵੇਖ ਕੇ ਬੋਲੇ, "ਇਹ ਨੀਂਵਾਂ ਸਥਾਨ ਖ਼ੁਸ਼ਕ ਹੋ ਗਿਆ ਹੈ, ਏਥੇ ਸਥਿਰ ਹੋ ਕੇ ਅਸੀਂ ਯੁੱਧ ਕਰੀਏ॥ ੨੬॥

ਬਦਰੀ ਬ੍ਰਿੰਦ ਸਘਨ ਹੈਂ ਆਛੇ। ਹਤਹਿਂ ਤੁਰਕ ਗਨ ਕੋ ਚਿਤ ਬਾਛੇਂ।
ਦਾਨ ਸਿੰਘ ਆਦਿਕ ਬੈਰਾੜ। ਕਹੈਂ 'ਚਹੂੰ ਦਿਸ਼ਿ ਝਾੜ ਉਜਾੜ॥ ੨੭॥

ਬੇਰੀਆਂ ਦੇ ਏਥੇ ਬਹੁਤ ਸੰਘਣੇ ਬ੍ਰਿਛ ਹਨ, ਏਥੇ ਅਸੀਂ ਆਪਣੇ ਚਿੱਤ ਦੀ ਇੱਛਾ ਅਨੁਸਾਰ ਬਹੁਤ ਤੁਰਕਾਂ ਨੂੰ ਮਾਰਾਂਗੇ। ਦਾਨ ਸਿੰਘ ਆਦਿ ਜਿਹੜੇ ਬੈਰਾੜ ਸਨ, ਉਹ ਕਹਿੰਦੇ ਸਨ, "ਚਾਰੇ ਪਾਸੇ ਝਾੜੀਆਂ ਹੀ ਝਾੜੀਆਂ ਹਨ ਅਤੇ ਵੱਡੀ ਉਜਾੜ ਹੈ॥ ੨੭॥

ਨਾਹਕ ਰੁਕਹੁ ਬੀਚ ਲਸ਼ਕਰ ਕੇ। ਘੇਰਾ ਪਾਇ ਲੇਹਿਂ ਬਲ ਕਰਿ ਕੇ।
ਆਗੇ ਚਲਹੁ ਕਿਤਿਕਿ ਥਲ ਔਰ। ਖਰੇ ਹੋਇ ਹੈਂ ਆਛੀ ਠੌਰ॥ ੨੮॥

ਫਜ਼ੂਲ ਵਿਚ ਤੁਸੀਂ ਲਸ਼ਕਰ ਵਿਚ ਨਾ ਰੁਕੋ, ਉਹ ਬਲ ਕਰ ਕੇ ਘੇਰਾ ਪਾ ਲੈਣਗੇ। ਤੁਸੀਂ ਅੱਗੇ ਕਿਸੇ ਹੋਰ ਸਥਾਨ ਤੇ ਚਲੇ ਜਾਵੋ। ਕਿਸੇ ਚੰਗੇ ਸਥਾਨ ਤੇ ਜਾ ਕੇ ਖੜੇ ਹੋ ਜਾਵੋ॥ ੨੮॥

ਪ੍ਰਿਸ਼ਟਿ ਆਪਨੀ ਰਖਹਿਂ ਉਜਾਰ। ਸ਼ਲਖ ਤੁਪਕ ਕੀ ਕਰਿਹੈਂ ਮਾਰ।
ਜੇਤਿਕ ਹਤੇ ਜਾਇਂ ਹਤਿ ਕਰਿਕੈ। ਪਰੇ ਜੋਰ ਤੇ ਜੈ ਹੈਂ ਟਰਿ ਕੈ॥ ੨੯॥

ਆਪਣੀ ਪਿੱਠ ਪਿੱਛੇ ਉਜਾੜ ਵਲ ਰੱਖਾਂਗੇ ਤੇ ਬੰਦੂਕ ਦੀਆਂ ਗੋਲੀਆਂ ਚਲਾ ਕੇ ਮਾਰ ਕਰਾਂਗੇ। ਜਿੰਨੇ ਮਾਰੇ ਜਾਣਗੇ ਓਨੇ ਮਾਰਾਂਗੇ। ਜ਼ੋਰ ਪੈਣ ਉੱਪਰ ਉਹ ਟਲ ਕੇ ਚਲੇ ਜਾਣਗੇ॥ ੨੯॥

ਇਹ ਮਤ ਹਮਰੇ ਮਾਨਹੁ ਗੁਰ ਜੀ। ਰੁਕਹੁ ਨ ਆਪ ਕਰਤਿ ਸਭਿ ਅਰਜ਼ੀ।
ਇਮ ਬਹੁ ਬਾਰ ਬਾਰ ਹੁਇ ਦੀਨ। ਕਹਜੋ ਜੋਰਿ ਕਰ 'ਸੁਨਹੁ ਪ੍ਰਬੀਨ!'॥ ੩੦॥

ਹੇ ਗੁਰੂ ਜੀ! ਇਹ ਸਾਡੀ ਸਲਾਹ ਮੰਨੋ, ਆਪ ਜੀ ਏਥੇ ਸਾਡੇ ਵਿਚ ਨਾ ਠਹਿਰੋ, ਅਸੀਂ ਬੇਨਤੀ ਕਰਦੇ ਹਾਂ।" ਇਸ ਪ੍ਰਕਾਰ ਜਦ ਵਾਰ-ਵਾਰ ਦੀਨ ਹੋ ਕੇ ਬੇਨਤੀ ਕੀਤੀ ਤੇ ਹੱਥ ਜੋੜ ਕੇ ਕਿਹਾ, "ਹੇ ਨਿਪੁੰਨ ਸਤਿਗੁਰੂ ਜੀ! ਸੁਣੋ"॥ ੩੦॥

ਤਜਿ ਖਿਦਰਾਣਾ ਕੁਛਕ ਪਯਾਨੇ। ਖਰੇ ਭਏ ਪ੍ਰਭੁ ਲਰਨ ਟਿਕਾਨੇ।
ਇਤਨੇ ਬਿਖੇ ਸਿੰਘ ਜੇ ਚਾਲੀ। ਲਰਨ ਹੇਤੁ ਕਰਿ ਧੀਰ ਬਿਸਾਲੀ॥ ੩੧॥

ਬੇਨਤੀ ਸੁਣ ਕੇ ਸਤਿਗੁਰੂ ਜੀ ਖਿਦਰਾਣਾ ਛੱਡ ਕੇ ਆਪਣੇ ਸਾਥੀਆਂ ਸਹਿਤ ਕੁਝ ਦੂਰ ਚਲੇ ਗਏ ਜਿੱਥੇ ਇਕ ਉੱਚੀ

ਟਿੱਬੀ ਸੀ (ਇਹ ਸਥਾਨ ਹੁਣ ਸ਼ਹਿਰ ਤੋਂ ਕੁਝ ਦੂਰੀ 'ਤੇ ਸਥਿਤ ਹੈ) ਏਨੇ ਵਿਚ ਜਿਹੜੇ ਚਾਲ੍ਹੀ ਸਿੰਘ ਸਨ, ਉਨ੍ਹਾਂ ਨੇ ਯੁੱਧ ਕਰਨ ਵਾਸਤੇ ਵਿਸ਼ਾਲ ਧੀਰਜ ਧਾਰਨ ਕੀਤਾ ਸੀ॥ ੩੧॥

ਗੁਰ ਕੀ ਦਿਸ਼ਾ ਉਤਾਇਲ ਆਏ। ਤੁਪਕ ਤਯਾਰ ਤੋੜੇ ਸੁਲਗਾਏ।
ਸਰ ਖਿਦਰਾਣਾ ਤਿਨਹੁਂ ਨਿਹਾਰਾ। ਆਇ ਪ੍ਰਵੇਸ਼ੇ ਤਾਂਹਿ ਮਝਾਰਾ॥ ੩੨॥

ਉਹ ਗੁਰੂ ਜੀ ਵਾਲੇ ਪਾਸੇ ਉਤਾਵਲੇ ਹੋ ਕੇ ਆਏ। ਬੰਦੂਕਾਂ ਤਿਆਰ ਕਰਕੇ ਉਨ੍ਹਾਂ ਤੋੜੇ ਸੁਲਗਾਏ। ਖਿਦਰਾਣੇ ਦੀ ਢਾਬ ਨੂੰ ਉਨ੍ਹਾਂ ਵੇਖਿਆ ਤੇ ਉਸ ਦੇ ਵਿਚ ਆ ਕੇ ਪ੍ਰਵੇਸ਼ ਕਰ ਗਏ॥ ੩੨॥

ਮਨਹੁਂ ਦੁਰਗ ਹੈ ਕਰਜੋ ਪਸਿੰਦ। 'ਥਿਰਹੁ ਇਹਾਂ ਰਣ ਕਰਹਿਂ ਬਿਲੰਦ।
ਇਤ ਹੀ ਤੁਰਕਨਿ ਕੋ ਬਿਰਮਾਵੈਂ। ਗੁਰ ਕੇ ਪਾਛੇ ਨਾਹਨ ਜਾਵੈਂ'॥ ੩੩॥

ਮਾਨੋ ਉਹ ਕਿਲ੍ਹਾ ਸੀ ਜਿਸ ਨੂੰ ਉਨ੍ਹਾਂ ਨੇ ਪਸੰਦ ਕੀਤਾ, "ਏਥੇ ਰਹੋ ਅਤੇ ਵੱਡਾ ਯੁੱਧ ਕਰੋ। ਏਥੇ ਰਹਿ ਕੇ ਹੀ ਤੁਰਕਾਂ ਨੂੰ ਹੈਰਾਨ ਕਰਾਂਗੇ, ਫਿਰ ਉਹ ਗੁਰੂ ਜੀ ਦੇ ਪਿੱਛੇ ਨਹੀਂ ਜਾਣਗੇ"॥ ੩੩॥

ਆਪਸ ਮਹਿਂ ਮਸਲਤ ਕਰਿ ਥਿਰੇ। ਲਰਿਬੇ ਕਹੁ ਤਿਆਰ ਹੁਇ ਖਰੇ।
ਕੇਤਿਕ ਸਿੰਘਨਿ ਬਹੁਤ ਜਨਾਵਨਿ। ਕਰੇ ਚਾਦਰੇ ਝਾਰਨਿ ਪਾਵਨਿ॥ ੩੪॥

ਆਪਸ ਵਿਚ ਸਲਾਹ ਕਰਕੇ ਓਥੇ ਠਹਿਰ ਗਏ, ਯੁੱਧ ਵਾਸਤੇ ਤਿਆਰ ਹੋ ਕੇ ਖੜੇ ਸਨ। ਕਈ ਸਿੰਘਾਂ ਨੇ ਆਪਣੇ ਆਪ ਨੂੰ ਵੱਡੀ ਗਿਣਤੀ ਵਿਚ ਦੱਸਣ ਲਈ, ਆਪਣੀਆਂ ਚਾਦਰਾਂ ਝਾੜਾਂ ਉੱਪਰ ਪਾ ਦਿੱਤੀਆਂ॥ ੩੪॥

ਊਚੇ ਬਦਰੀ ਕੇ ਤਰੁ ਜੇਈ। ਬਸਤ੍ਰਨਿ ਸਾਥ ਅਛਾਦੇ ਤੇਈ।
ਤੰਬੂ ਲਗੇ ਜਾਨਿ ਰਿਪੁ ਡਰੈਂ। ਆਇਂ ਨ ਇਕ ਬਿਰ ਹੇਲਾ ਕਰੈਂ॥ ੩੫॥

ਜਿਹੜੇ ਉੱਚੇ ਬੇਰੀਆਂ ਦੇ ਦਰੱਖਤ ਸਨ, ਉਨ੍ਹਾਂ ਨੂੰ ਆਪਣੇ ਕੱਪੜਿਆਂ ਨਾਲ ਢੱਕ ਦਿੱਤਾ। ਤੰਬੂ ਜਾਣ ਕੇ ਵੈਰੀ ਡਰਨਗੇ ਤੇ ਇਕੋ ਵਾਰ ਆ ਕੇ ਹਮਲਾ ਨਹੀਂ ਕਰਨਗੇ॥ ੩੫॥

ਰਹੈਂ ਦੂਰ ਹੀ ਹਤੈਂ ਤੁਫੰਗਾਂ। ਮਾਰਹਿਂ ਤੁਰਕਨਿ ਫੋਰਹਿਂ ਅੰਗਾ।
ਥਿਰੇ ਅਧਿਕ ਕਰਿਕੈ ਉਤਸਾਹੂ। ਧੰਨ ਜਨਮ ਤਿਨ ਕੋ ਜਗ ਮਾਂਹੂ॥ ੩੬॥

ਦੂਰ ਹੀ ਰਹਿਣਗੇ, ਅਸੀ ਬੰਦੂਕਾਂ ਚਲਾਵਾਂਗੇ ਤੇ ਤੁਰਕਾਂ ਦੇ ਅੰਗਾਂ ਨੂੰ ਪਾੜ ਕੇ ਮਾਰਾਂਗੇ। ਉਹ ਵੱਡਾ ਉਤਸ਼ਾਹ ਕਰਕੇ ਖੜੇ ਹੋ ਗਏ, ਜਗਤ ਵਿਚ ਉਨ੍ਹਾਂ ਦਾ ਧੰਨ ਜਨਮ ਹੈ॥ ੩੬॥

ਗੁਰ ਲਗਿ ਤੁਰਕ ਨ ਪਹੁਂਚਨਿ ਪਾਵੈਂ। ਹਤੈਂ ਇਹਾਂ ਪਾਛੇ ਉਲਟਾਵੈਂ।
ਘਾਲਹਿਂਗੇ ਘਮਸਾਨ ਘਨੇਰਾ। ਕਰਿ ਕਰਿ ਆੜ ਥਿਰੇ ਤਿਸ ਬੇਰਾ॥ ੩੭॥

ਗੁਰੂ ਜੀ ਤਕ ਤੁਰਕ ਪਹੁੰਚ ਨਾ ਜਾਵੇ, ਏਥੇ ਹੀ ਮਾਰ ਕੇ ਉਲਟਾ ਦੇਵਾਂਗੇ। ਵੱਡੇ ਘਮਸਾਨ ਦਾ ਯੁੱਧ ਮਚਾਵਾਂਗੇ, ਉਸ ਸਮੇਂ ਆਪਣੀ-ਆਪਣੀ ਓਟ ਲੈ ਕੇ ਖੜੇ ਹੋ ਗਏ॥ ੩੭॥

'ਨਹੀਂ ਆਪਨੇ ਪੈਰ ਹਿਲਾਵਹੁ। ਮਰਹੁ ਸਮੁਖ ਰਣ ਸੁਰਗ ਸਿਧਾਵਹੁ।
ਵਾਲੀ ਸਮਰਥ ਗੁਰੂ ਹਮਾਰੋ। ਸੰਘਰ ਘੋਰ ਘਨੋ ਕਰਿ ਡਾਰੋ'॥ ੩੮॥

"ਆਪਣੇ ਪੈਰ ਵੀ ਨਾ ਹਿਲਾਵੋ, ਯੁੱਧ ਵਿਚ ਸਾਹਮਣੇ ਹੋ ਕੇ ਮਰੋ ਅਤੇ ਸਵਰਗਾਂ ਵਿਚ ਜਾਵੋ। ਸਾਡੇ ਸਮਰੱਥ ਗੁਰੂ ਜੀ ਸਾਡੇ ਵਾਲੀ ਹਨ। ਘੋਰ ਭਿਆਨਕ ਯੁੱਧ ਮਚਾਓ"॥ ੩੮॥

ਚੰਡਿ ਚਲਿੱਤ੍ਰ ਪਾਠ ਕੋ ਕਰੈਂ। ਕੇਚਿਤ ਵਾਰ ਭਗਉਤੀ ਰਰੈਂ।
ਕੋ ਰਾਮਾਇਣ ਮੁਖਹੁਂ ਉਚਾਰੈ। ਸੁਭਟਨ ਕੋ ਜਸੁ ਜਿਨਹੁਂ ਮਝਾਰੈ॥ ੩੯॥

ਚੰਡੀ ਚਰਿੱਤਰ ਦਾ ਪਾਠ ਕਰਦੇ ਸਨ ਤੇ ਕਈ ਵਾਰ ਭਗਉਤੀ ਕਹਿੰਦੇ ਸਨ। ਕਈ ਮੁਖ ਤੋਂ ਰਾਮਾਇਣ ਦਾ ਉਚਾਰਨ ਕਰਦੇ ਸਨ। ਜਿਨ੍ਹਾਂ-ਜਿਨ੍ਹਾਂ ਛੰਦਾਂ ਵਿਚ ਯੋਧਿਆਂ ਦਾ ਜੱਸ ਉਚਾਰਨ ਕੀਤਾ ਸੀ॥ ੩੯॥

ਇਮ ਥਿਰ ਭਏ ਤਯਾਰ ਹੁਇ ਕਰਿ ਕੈ। ਸ਼ੱਤ੍ਰਨਿ ਹਤਨ ਧੀਰ ਉਰ ਧਰਿ ਕੈ।
ਬਿਗਰੀ ਬਾਤ ਸੁਧਾਰਨ ਹੇਤੁ। ਸਿਮਰਤਿ ਸਤਿਗੁਰ ਭਏ ਸੁਚੇਤ॥ ੪੦॥

ਇਸ ਪ੍ਰਕਾਰ ਤਿਆਰ ਹੋ ਕੇ ਖੜੇ ਸਨ, ਆਪਣੇ ਹਿਰਦੇ ਵਿਚ ਵੈਰੀਆਂ ਨੂੰ ਮਾਰਨ ਦਾ ਧੀਰਜ ਧਾਰਨ ਕੀਤਾ ਸੀ। ਵਿਗੜੀ ਹੋਈ ਗੱਲ ਨੂੰ ਸੁਧਾਰਨਾ ਚਾਹੁੰਦੇ ਸਨ ਤੇ ਸਤਿਗੁਰੂ ਜੀ ਨੂੰ ਯਾਦ ਕਰਕੇ ਸੁਚੇਤ ਹੋ ਗਏ ਸਨ॥ ੪੦॥

ਕਲਬਲਾਟ ਤੁਰਕਨਿ ਕੋ ਭਾਰੇ। ਸੁਨਿ ਸੁਨਿ ਗਹਿ ਗਹਿ ਆਯੁਧ ਤਯਾਰੇ।
ਕੋ ਕੋ ਤਯਾਗਨ ਲਗੇ ਤੁਫੰਗ। ਸੁਨਿ ਰਿਪੁ ਆਇ ਕਰਹਿਂ ਜਿਮ ਜੰਗ॥ ੪੧॥

ਤੁਰਕਾਂ ਦਾ ਭਾਰੀ ਰੌਲਾ ਪੈ ਰਿਹਾ ਸੀ, ਉਸ ਰੌਲੇ ਨੂੰ ਸੁਣ ਸੁਣ ਕੇ ਹਥਿਆਰ ਫੜ ਫੜ ਕੇ ਤਿਆਰ ਹੋ ਰਹੇ ਸਨ। ਕੋਈ ਕੋਈ ਬੰਦੂਕਾਂ ਚਲਾਉਣ ਵੀ ਲੱਗ ਪਏ ਸਨ। ਇਹ ਸੁਣ ਕੇ ਵੈਰੀ ਆ ਗਿਆ ਹੈ, ਉਸ ਨਾਲ ਜੰਗ ਕਰਦੇ ਸਨ॥ ੪੧॥

ਸੁਨੀ ਅਵਾਜ਼ ਪਠਾਨ ਵਜੀਦੇ। ਕਹਜੋ ਕਿ 'ਗੁਰ ਢਿਗ ਆਨਿ ਰਸੀਦੇ।
ਤੁਪਕ ਅਵਾਜ਼ ਸੁਨਾਈ ਦੇਤਿ। ਥਿਰਜੋ ਨਿਕਟ ਮੰਡਹਿ ਰਣ ਖੇਤ॥ ੪੨॥

ਜਦ ਪਠਾਣ ਵਜੀਦੇ ਨੇ ਆਵਾਜ਼ ਸੁਣੀ ਤਾਂ ਉਸ ਕਿਹਾ, 'ਗੁਰੂ ਜੀ ਦੇ ਪਾਸ ਆ ਪਹੁੰਚੇ ਹਾਂ। ਬੰਦੂਕ ਦੀ ਆਵਾਜ਼ ਸੁਣਾਈ ਦਿੱਤੀ ਹੈ। ਕਿਤੇ ਨੇੜੇ ਹੀ ਖੜੇ ਹਨ, ਸਾਡੇ ਨਾਲ ਯੁੱਧ ਕਰਨਗੇ॥ ੪੨॥

ਆਗੇ ਜਿਨ ਲਾਖਹੁਂ ਭਟ ਮਾਰੇ। ਬਡੋ ਬਹਾਦਰ ਨਾਂਹਿ ਨ ਹਾਰੇ।
ਜ੍ਵਾਲਾਬਮਣੀ ਕਰਿ ਕਰਿ ਤਯਾਰੀ। ਘਾਲਹੁ ਹੇਲ ਪਰਹੁ ਇਕ ਬਾਰੀ' ॥ ੪੩॥

ਪਹਿਲਾਂ ਜਿਸ ਨੇ ਲੱਖਾਂ ਸੂਰਬੀਰ ਮਾਰੇ ਹਨ, ਵੱਡੇ ਬਹਾਦਰ ਹਨ ਹਾਰਦੇ ਨਹੀਂ ਹਨ। ਬੰਦੂਕਾਂ ਤਿਆਰ ਕਰ ਕਰ ਕੇ ਇਕੋ ਵਾਰ ਪੈ ਕੇ ਹਮਲਾ ਕਰੀਏ'॥ ੪੩॥

ਸਭਿ ਲਸ਼ਕਰ ਕੋ ਦਯੋ ਸੁਨਾਇ। ਕੀਨੀ ਤਯਾਰ ਤੁਪਕ ਸਮੁਦਾਇ।
ਜਾਟ ਕਪੂਰਾ ਜਿਨ ਕੇ ਸਾਥ। ਆਇ ਬਤਾਵਤਿ ਗੁਰ ਕੀ ਗਾਥ॥ ੪੪॥

ਫਿਰ ਸਾਰੇ ਲਸ਼ਕਰ ਨੂੰ ਸੁਣਾ ਦਿੱਤਾ। ਫਿਰ ਸਾਰਿਆਂ ਨੇ ਆਪਣੀਆਂ-ਆਪਣੀਆਂ ਬੰਦੂਕਾਂ ਤਿਆਰ ਕੀਤੀਆਂ। ਕਪੂਰਾ ਜੱਟ ਜਿਨ੍ਹਾਂ ਦੇ ਨਾਲ ਸੀ ਉਹ ਆ ਕੇ ਗੁਰੂ ਜੀ ਦੀ ਸਾਰੀ ਗਾਥਾ ਦੱਸਦਾ ਸੀ॥ ੪੪॥

ਜਹਿਂ ਜਹਿਂ ਕਰਿ ਡੇਰਾ ਚਢਿ ਆਏ। ਆਵਤ ਸਗਰੇ ਚਿੰਨ੍ਹ ਦਿਖਾਏ।
ਪਿਖਿ ਪਿਖਿ ਖੋਜ ਆਵਤੇ ਦੌਰੇ। ਤੁਰੰਗ ਧਵਾਇ ਪਾਵਤੇ ਰੌਰੇ॥ ੪੫॥

ਜਿੱਥੇ-ਜਿੱਥੇ ਡੇਰਾ ਲਾ ਕੇ ਫਿਰ ਚੜ੍ਹਾਈ ਕਰਕੇ ਆਏ ਸਨ, ਉਸ ਨੇ ਆਉਣ ਦੇ ਸਾਰੇ ਨਿਸ਼ਾਨ ਵਿਖਾਏ। ਖੋਜ ਵੇਖ-ਵੇਖ ਕੇ ਦੌੜੇ ਆਉਂਦੇ ਸਨ, ਘੋੜੇ ਭਜਾਉਂਦੇ ਸਨ ਤੇ ਰੌਲਾ ਪਾਉਂਦੇ ਸਨ॥ ੪੫॥

ਆਇ ਨੇਰ ਪਾਯਹੁ ਖਿਦਰਾਣੇ। ਦੇਖੇ ਬਸਤ੍ਰ ਸੁ ਤੰਬੂ ਜਾਣੇ।
ਛੁਟਨ ਲਗੀ ਦੁਹੁਂ ਦਿਸ਼ਿ ਤੇ ਗੋਰੀ। ਪਰਜੋ ਰੋਰ ਬਹੁ ਸ਼ਲਖਨਿ ਛੋਰੀ॥ ੪੬॥

ਖਿਦਰਾਣੇ ਦੀ ਢਾਬ ਦੇ ਨੇੜੇ ਆ ਗਏ। ਝਾੜੀਆਂ ਉੱਪਰ ਪਈਆਂ ਜਿਹੜੀਆਂ ਚਾਦਰਾਂ ਵੇਖੀਆਂ, ਉਨ੍ਹਾਂ ਨੂੰ ਤੰਬੂ ਜਾਣਿਆ। ਫਿਰ ਦੋਵਾਂ ਪਾਸਿਆਂ ਤੋਂ ਗੋਲੀਆਂ ਚੱਲਣ ਲੱਗੀਆਂ। ਜਦ ਬਹੁਤ ਸ਼ਲਖਾਂ ਛੱਡੀਆਂ ਤਾਂ ਬਹੁਤ ਰੌਲਾ ਮੱਚ ਗਿਆ॥ ੪੬॥

*ਪਹਿਲੇ ਐਨ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥*

# ਅਧਿਆਇ ਦਸਵਾਂ

### *ਤੁਰਕਾਂ ਨਾਲ ਖਿਦਰਾਣੇ ਜੰਗ*

*ਦੋਹਰਾ-* **ਕਰਿ ਹਮਲਾ ਗਨ ਤੁਰਕ ਮਿਲਿ ਧਾਇ ਪਰੇ ਕਰਿ ਸ਼ੋਰ।**
**ਛੂਟੀ ਸਿੰਘਨ ਤੇ ਸ਼ਲਖ ਲਗਿ ਗੋਰੀ ਮੁਖ ਥੋਰਿ॥ ੧॥**

ਤੁਰਕਾਂ ਦੇ ਕਈ ਸਮੂਹ ਮਿਲ ਕੇ ਸ਼ੋਰ ਮਚਾ ਕੇ ਹਮਲਾ ਕਰਕੇ ਪੈ ਗਏ। ਅੱਗੋਂ ਸਿੰਘਾਂ ਵੱਲੋਂ ਸ਼ਲਖਾਂ ਚੱਲੀਆਂ ਤੇ ਗੋਲੀਆਂ ਲਗ ਕੇ ਮੂੰਹ ਟੁੱਟ ਗਏ॥ ੧॥

*ਭੁਜੰਗ ਛੰਦ-* **ਤੁਫੰਗੈਂ ਚਲੀ ਤੇ ਭਯੋ ਨਾਦ ਭਾਰਾ। ਸੁਨਯੋ ਸ਼੍ਰੋਨ ਮਹਿਂ ਸ੍ਰੀ ਗੁਰੂ ਕੋਪ ਧਾਰਾ।**
**ਖਰੇ ਹੋਇ ਟਿੱਬੀ ਹੁਤੀ ਏਕ ਤਾਂਹੀ। ਤਜੇ ਤੀਰ ਤੀਖੇ ਲਗੈਂ ਸੈਨ ਮਾਂਹੀ॥੨॥**

ਜਦ ਗੋਲੀਆਂ ਚਲੀਆਂ ਤਾਂ ਬਹੁਤ ਉੱਚੀ ਆਵਾਜ਼ ਪੈਦਾ ਹੋਈ। ਜਦ ਗੁਰੂ ਜੀ ਨੇ ਆਵਾਜ਼ਾਂ ਸੁਣੀਆਂ ਤਾਂ ਉਨ੍ਹਾਂ ਨੇ ਵੱਡਾ ਕ੍ਰੋਧ ਧਾਰਨ ਕੀਤਾ। ਉਹ ਉਸ ਸਮੇਂ ਇਕ ਟਿੱਬੀ ਉੱਪਰ ਉੱਚੇ ਸਥਾਨ ਤੇ ਖੜੇ ਸਨ। ਉਹ ਤਿੱਖੇ ਤੀਰ ਛੱਡਦੇ ਸਨ ਜਿਹੜੇ ਤੁਰਕ ਸੈਨਾ ਨੂੰ ਲੱਗਦੇ ਸਨ॥ ੨॥

**ਬਿਧੇ ਏਕ ਦੋਊ ਤ੍ਰਿਤੀ ਚਾਰ ਪਾਂਚੇ। ਲਗੇ ਪਾਰ ਸੂਕੇ ਨਹੀਂ ਪ੍ਰਾਨ ਬਾਚੇ।**
**ਚਲੈਂ ਬੇਗ ਤੇ ਦੀਹ ਉੱਠੈਂ ਸ਼ੁੰਕਾਟੇ। ਦੜਾ ਦਾੜ ਗੇਰੈਂ ਮਨੋ ਬ੍ਰਿੱਛ ਕਾਟੇ॥੩॥**

ਉਨ੍ਹਾਂ ਦਾ ਇਕ ਤੀਰ ਹੀ ਦੋ, ਤਿੰਨ, ਚਾਰ, ਪੰਜ ਨੂੰ ਵਿੰਨ੍ਹ ਜਾਂਦਾ ਸੀ, ਲੱਗ ਕੇ ਪਾਰ ਨਿਕਲ ਜਾਂਦਾ ਸੀ ਤੇ ਵੈਰੀਆਂ ਦੇ ਪ੍ਰਾਣ ਨਹੀਂ ਬਚਦੇ ਸਨ। ਭਿਆਨਕ ਤੀਰ ਬੜੀ ਤੇਜ਼ੀ ਨਾਲ ਸ਼ੂਕਦੇ ਜਾਂਦੇ ਸਨ। ਮਾਨੋ ਬ੍ਰਿੱਛਾਂ ਨੂੰ ਕੱਟ ਕੇ ਦੜਾ-ਦੜ ਡੇਗੀ ਜਾਂਦੇ ਸਨ॥ ੩॥

**ਖਰੀ ਬ੍ਰਿੰਦ ਬੇਰੀ ਥਿਰੇ ਸਿੰਘ ਮਾਂਹੀ। ਤਜੈਂ ਤੀਰ ਗੋਰੀ, ਲਗੈਂ ਅੰਗ ਤਾਂਹੀ।**
**ਪਰੇ ਏਕ ਬਾਰੀ ਘਨੋ ਘਾਲਿ ਹੇਲਾ। ਚਹੈਂ ਬ੍ਰਿੰਦ ਸ਼ੱਤ੍ਰੂ ਕਰੈਂ ਰੇਲ ਪੇਲਾ॥੪॥**

ਬਹੁਤ ਬੇਰੀਆਂ ਖੜੀਆਂ ਸਨ, ਉਨ੍ਹਾਂ ਵਿਚ ਸਿੰਘ ਖਲੋਤੇ ਸਨ। ਉਹ ਗੋਲੀਆਂ ਤੇ ਤੀਰ ਛੱਡਦੇ ਸਨ ਜਿਹੜੇ ਵੈਰੀਆਂ ਦੇ ਅੰਗਾਂ ਨੂੰ ਲੱਗਦੇ ਸਨ। ਇਕ ਵਾਰ ਵੱਡਾ ਘਮਸਾਨ ਦਾ ਹਮਲਾ ਹੋਇਆ। ਚਾਹੁੰਦੇ ਸਨ ਕਿ ਵੈਰੀ ਦੇ ਵੱਡੇ ਸਮੂਹ ਨੂੰ ਮਾਰ ਲਈਏ॥ ੪॥

**ਜਬੈ ਤਾਲ ਕੇ ਤੀਰ ਪੈ ਆਨਿ ਢੂਕੇ। 'ਲਿਜੈ ਮਾਰ ਥੋਰੇ' ਇਮੈਂ ਊਚ ਕੂਕੇ।**
**ਤਬੈ ਸਿੰਘ ਸੂਰਾ ਮਹਾਂ ਰੋਸ ਪੂਰਾ। ਤਜਯੋ ਥਾਨ ਨੰਮ੍ਰੀ ਗਜਯੋ ਨਾਦ ਭੂਰਾ॥੫॥**

ਜਦ ਢਾਬ ਦੇ ਨੇੜੇ ਆ ਪਹੁੰਚੇ ਤਾਂ ਉੱਚੀ ਆਵਾਜ਼ ਵਿਚ ਕੂਕੇ, "ਮਾਰ ਲਵੋ, ਥੋੜੇ ਹੀ ਹਨ।" ਤਦ ਸਿੰਘ ਸੂਰਬੀਰ

ਮਹਾਨ ਕ੍ਰੋਧ ਨਾਲ ਭਰ ਗਏ। ਤਦ ਉਨ੍ਹਾਂ ਨੇ ਵਾਰ ਵਾਲਾ ਨੀਵਾਂ ਥਾਂ ਛੱਡ ਦਿੱਤਾ ਤੇ ਬੜੀ ਉੱਚੀ ਆਵਾਜ਼ ਵਿਚ ਗੱਜ ਉਠੇ॥ ੫॥

ਲੀਓ ਖੈਂਚਿ ਖੰਡਾ ਪ੍ਰਚੰਡੇ ਘਮੰਡਾ। ਕਰੇ ਖੰਡ ਖੰਡੰ ਅਖੰਡੰ ਉਮੰਡਾ।
ਮਹਾਂ ਜੁੱਧ ਮੰਡਯੋ ਕਰਯੋ ਲਾਲ ਤੁੰਡੰ। ਜਿਸੇ ਹੇਰਿ ਬੈਰੀ ਕਿਯੋ ਰੰਗ ਪੰਡੰ॥ ੬॥

ਫਿਰ ਉਨ੍ਹਾਂ ਪ੍ਰਚੰਡ ਕ੍ਰੋਧ ਵਿਚ ਆ ਕੇ ਆਪਣੀਆਂ ਤਲਵਾਰਾਂ ਅਤੇ ਖੰਡੇ ਮਿਆਨਾਂ ਵਿਚੋਂ ਖਿੱਚ ਲਏ ਤੇ ਵੈਰੀਆਂ ਦੇ ਅਖੰਡ ਉਤਸ਼ਾਹ ਨਾਲ ਟੋਟੇ-ਟੋਟੇ ਕਰ ਦਿੱਤੇ। ਮਹਾਨ ਯੁੱਧ ਮਚਾਇਆ ਤੇ ਕ੍ਰੋਧ ਨਾਲ ਮੁਖ ਲਾਲ ਸੁਰਖ ਕਰ ਲਏ, ਜਿਸਨੂੰ ਵੇਖ ਕੇ ਵੈਰੀ ਦਾ ਮੁਖ ਪੀਲਾ ਪੈ ਗਿਆ॥ ੬॥

ਜਥਾ ਪੁੰਜ ਹਾਥੀਨ ਪੈ ਸ਼ੇਰ ਧਾਵੈ। ਨ੍ਰਿਭੈ ਬੀਰ ਬਾਂਕੇ ਤਥਾ ਘਾਵ ਘਾਵੈ।
ਬਰਯੋ ਸਿੰਘ ਏਕੋ ਗਨੰ ਸ਼ੱਤ੍ਰੂ ਮਾਂਹੀ। ਕਰਾਚੋਲ ਬਾਹੈ ਮਿਟੈਂ ਪੈਰ ਨਾਂਹੀ॥ ੭॥

ਜਿਵੇਂ ਹਾਥੀਆਂ ਦੇ ਝੁੰਡ ਤੇ ਸ਼ੇਰ ਧਾਵਾ ਕਰਦਾ ਹੈ, ਇਸ ਪ੍ਰਕਾਰ ਨਿਰਭੈ ਬਾਂਕੇ ਬੀਰ ਹਮਲਾ ਕਰਦੇ ਸਨ। ਵੈਰੀਆਂ ਦੇ ਸਮੂਹ ਵਿਚ ਇਕ ਸਿੰਘ ਵੜ ਗਿਆ, ਉਹ ਤਲਵਾਰ ਚਲਾਉਂਦਾ ਸੀ, ਪਰ ਪੈਰ ਪਿੱਛੇ ਨਹੀਂ ਸੀ ਕਰਦਾ॥ ੭॥

ਕਿਤੇ ਮਾਰਿ ਗੇਰੇ ਗੁਰੂ ਓਜ ਪਾਏ। ਤਬੈ ਦੇਖਿਕੈ ਬ੍ਰਿੰਦ ਸ਼ੱਤ੍ਰੂ ਰਿਸਾਏ।
ਚਹੂੰ ਕੋਦ ਘੇਰਯੋ ਕ੍ਰਿਪਾਣੰ ਉਘਾਰੇ। ਛਕਯੋ ਛੋਭ ਛੱਤ੍ਰੀ ਸੁ ਛਾਲੰ ਉਛਾਰੇ॥ ੮॥

ਗੁਰੂ ਜੀ ਦੀ ਸ਼ਕਤੀ ਪਾ ਕੇ ਉਸ ਨੇ ਕਈ ਵੈਰੀਆਂ ਨੂੰ ਮਾਰ ਗਿਰਾਇਆ। ਤਦ ਵੇਖ ਕੇ ਕਈ ਵੈਰੀ ਗੁੱਸੇ ਵਿਚ ਆ ਗਏ। ਕਿਰਪਾਨਾਂ ਕੱਢ ਕੇ ਉਸ ਨੂੰ ਚਾਰ ਪਾਸਿਆਂ ਤੋਂ ਘੇਰ ਲਿਆ। ਖੱਤਰੀ ਸਿੰਘ ਗੁੱਸੇ ਵਿਚ ਮਸਤ ਹੋ ਕੇ ਛਾਲਾਂ ਮਾਰ ਮਾਰ ਉਛਲ ਉਛਲ ਕੇ ਪੈਂਦਾ ਹੈ॥ ੮॥

ਰਸਾਵਲ ਛੰਦ-ਚਹੂੰ ਓਰ ਮਾਰੇ। ਬਡੀ ਸ਼ੀਘ੍ਰ ਧਾਰੇ। ਪਲੱਥੇ ਖਿਲਾਰੀ। ਕਰੈ ਘਾਵ ਭਾਰੀ॥ ੯॥

ਚਾਰੇ ਪਾਸੇ ਮਾਰਦਾ ਹੈ, ਬੜੀ ਸ਼ੀਘਰਤਾ ਧਾਰਨ ਕਰਦਾ ਹੈ। ਗਤਕੇਬਾਜ਼ੀ ਦਾ ਖਿਡਾਰੀ ਹੈ ਤੇ ਤਲਵਾਰ ਚਲਾਉਣ ਦੀ ਵਿਦਿਆ ਵਿਚ ਨਿਪੁੰਨ ਹੈ। ਇਸ ਕਰਕੇ ਬਹੁਤ ਵੈਰੀਆਂ ਨੂੰ ਜ਼ਖਮੀ ਕਰਦਾ ਹੈ॥ ੯॥

ਘਨੇ ਘਾਵ ਖੈ ਕੈ। ਸੁ ਸ਼੍ਰੋਣੰ ਬਹੈ ਕੈ। ਭਯੋ ਲਾਲ ਰੰਗੀ। ਸੁ ਚੀਰੰ ਸੁਰੰਗੀ॥੧੦॥

ਬਹੁਤ ਜ਼ਖਮੀ ਹੋਣ ਕਰਕੇ ਬਹੁਤ ਖੂਨ ਵਗਦਾ ਹੈ। ਜਿਸ ਕਰਕੇ ਭੂਮੀ ਲਾਲ ਰੰਗ ਦੀ ਹੋ ਗਈ ਹੈ ਤੇ ਸਾਰੇ ਕੱਪੜੇ ਲਾਲ ਰੰਗ ਨਾਲ ਰੰਗੇ ਗਏ ਹਨ॥ ੧੦॥

ਮੁਖੰ ਮੁੱਛ ਬੰਕੀ। ਬਿਲੋਕੈਂ ਅਤੰਕੀ। ਘਨੇ ਘਾਵ ਘਾਏ। ਹਯੰ ਤੇ ਗਿਰਾਏ॥੧੧॥

ਮੁਖੜੇ ਤੇ ਬਾਂਕੀਆਂ ਮੁੱਛਾਂ ਹਨ, ਜਿਸ ਨੂੰ ਵੇਖ ਕੇ ਡਰ ਆਉਂਦਾ ਹੈ। ਬਹੁਤ ਜ਼ਖਮੀ ਕਰਕੇ ਮਾਰੇ ਹਨ, ਕਈਆਂ ਨੂੰ ਘੋੜਿਆਂ ਤੋਂ ਡੇਗਿਆ ਹੈ॥ ੧੧॥

ਚਲਾਕੀ ਦਿਖਾਵੈ। ਨਹੀਂ ਦਾਵ ਖਾਵੈ। ਬਹਯੋ ਜਾਹਿ ਲੋਹੂ। ਰਿਦੈ ਸਿੰਘ ਰੋਹੂ॥੧੨॥

ਚਲਾਕੀ ਦਿਖਾਉਂਦਾ ਹੈ ਤੇ ਦਾਵ ਨਹੀਂ ਖਾਂਦਾ ਹੈ। ਲਹੂ ਵਹਿੰਦਾ ਜਾਂਦਾ ਹੈ। ਸਿੰਘ ਦੇ ਹਿਰਦੇ ਵਿਚ ਵੱਡਾ ਕ੍ਰੋਧ ਹੈ॥ ੧੨॥

ਤਕਯੋ ਤਾਂਹਿ ਅੰਗਾ। ਸਮੂਹੰ ਤੁਫੰਗਾ। ਇਕੰ ਬਾਰ ਦਾਗੀ। ਗਨੰ ਆਨਿ ਲਾਗੀ॥੧੩॥

ਉਸ ਦੇ ਸਰੀਰ ਦਾ ਨਿਸ਼ਾਨਾ ਤੱਕਿਆ। ਸਾਰਿਆਂ ਨੇ ਬੰਦੂਕਾਂ ਇਕੋ ਵਾਰ ਛੱਡ ਦਿੱਤੀਆਂ। ਬਹੁਤ ਗੋਲੀਆਂ ਆ ਕੇ ਲੱਗੀਆਂ॥ ੧੩॥

ਗਿਰਜੋ ਸਿੰਘ ਸੌਂਹੈਂ। ਕੁਪਜੋ ਬੰਕ ਭੌਂਹੈਂ। ਜਬੈ ਬੀਰ ਮਾਰਾ। ਕਰੇ ਜੰਗ ਭਾਰਾ ॥੧੪ ॥

ਉਹ ਸਿੰਘ ਸਾਹਮਣੇ ਹੋ ਕੇ ਡਿੱਗ ਪਿਆ। ਗੁੱਸੇ ਨਾਲ ਉਸ ਦੇ ਰੋਮ ਖੜੇ ਹੋ ਗਏ। ਜਦ ਉਹ ਸੂਰਬੀਰ ਮਾਰਿਆ ਗਿਆ, ਜਿਹੜਾ ਭਾਰੀ ਯੁੱਧ ਕਰ ਰਿਹਾ ਸੀ॥ ੧੪॥

ਤਬੈ ਸਿੰਘ ਔਰੇ। ਭਨਜੋ ਜੰਗ ਠੌਰੇ। 'ਲਰੈਂ ਠਾਢ ਹ੍ਵੈ ਕੈ। ਪ੍ਰਿਯੰ ਪ੍ਰਾਨ ਕੈ ਕੈ ॥੧੫ ॥

ਫਿਰ ਇਕ ਹੋਰ ਸਿੰਘ ਜੰਗ ਵਾਲੇ ਸਥਾਨ ਤੇ ਖੜਾ ਹੋ ਕੇ ਕਹਿਣ ਲੱਗਾ, "ਪ੍ਰਾਣ ਪਿਆਰੇ ਕਰਕੇ ਖੜੇ ਹੋ ਕੇ ਲੜੀਏ॥ ੧੫॥

ਸਮੈ ਸੋ ਨ ਐਸੋ। ਲਰੈਂ ਆਡ ਲੈ ਸੋ। ਤਜੋ ਜੀਯ ਸੰਕਾ। ਨ ਕੀਜੈ ਅਤੰਕਾ ॥੧੬ ॥

ਹੁਣ ਐਸਾ ਸਮਾਂ ਨਹੀਂ ਹੈ ਕਿ ਓਟਾਂ ਲੈ-ਲੈ ਕੇ ਲੜੀਏ। ਹੁਣ ਜੀਊਣ ਦੀ ਸ਼ੰਕਾ ਛੱਡ ਦੇਵੋ, ਇਸ ਦਾ ਡਰ ਨਾ ਮੰਨੋ॥ ੧੬॥

ਗੁਰੂ ਕੋ ਸੰਭਾਰੋ। ਪ੍ਰਲੋਕੰ ਸੁਧਾਰੋ। ਇਮੰ ਆਪ ਮਾਂਹੀ। ਕਹੈਂ ਸਿੰਘ ਤਾਂਹੀ ॥੧੭ ॥

ਪਰਲੋਕ ਜਾ ਕੇ ਗੁਰਪੁਰੀ ਨੂੰ ਸੰਭਾਲੋ।" ਇਸ ਪ੍ਰਕਾਰ ਆਪਸ ਵਿਚ ਸਿੰਘ ਓਥੇ ਕਹਿੰਦੇ ਸਨ॥ ੧੭॥

ਮਿਲੇ ਪੰਚ ਬੀਰਾ। ਧਰੀ ਭੂਰ ਧੀਰਾ। ਜਹਾਂ ਸ਼ੱਤ੍ਰੂ ਪੁੰਜਾ। ਪਰਜੋ ਸਿੰਘ ਭੰਜਾ ॥੧੮ ॥

ਪੰਜ ਸੂਰਬੀਰ ਮਿਲੇ ਤੇ ਉਨ੍ਹਾਂ ਨੇ ਵੱਡਾ ਧੀਰਜ ਧਾਰਨ ਕੀਤਾ। ਜਿੱਥੇ ਬਹੁਤ ਵੈਰੀ ਇਕੱਠੇ ਹੋਏ ਸਨ ਤੇ ਜਿੱਥੇ ਪਹਿਲਾਂ ਸ਼ਹੀਦ ਹੋਇਆ ਸਿੰਘ ਪਿਆ ਸੀ॥ ੧੮॥

ਤਹਾਂ ਕੋ ਸਿਧਾਰੇ। ਕ੍ਰਿਪਾਨੰ ਨਿਕਾਰੇ। ਮਝਾਰੰ ਪ੍ਰਵੇਸ਼ੇ। ਸੁ ਓਜੰ ਵਿਸ਼ੇਸ਼ੇ ॥੧੯ ॥

ਉਸ ਪਾਸੇ ਚਲੇ ਗਏ। ਕਿਰਪਾਨਾਂ ਕਢਕੇ ਵੈਰੀਆਂ ਦੇ ਵਿਚ ਪ੍ਰਵੇਸ਼ ਕਰ ਗਏ। ਉਨ੍ਹਾਂ ਨੇ ਵਿਸ਼ੇਸ਼ ਸ਼ਕਤੀ ਵਿਖਾਈ॥ ੧੯॥

ਮਨੋ ਬੇਗ ਸਿੰਘੰ। ਤਥਾ ਸ਼ੋਭ ਸਿੰਘੰ। ਖਿਚੇ ਪੰਚ ਤੇਗਾ। ਉਘਾਰੀ ਸੁ ਬੇਗਾ ॥੨੦ ॥

ਜਿਵੇਂ ਸ਼ੇਰ ਦਾ ਵੇਗ ਹੁੰਦਾ ਹੈ, ਉਸ ਪ੍ਰਕਾਰ ਹੀ ਸਿੰਘਾਂ ਦੇ ਵੇਗ ਦੀ ਵੀ ਸ਼ੋਭਾ ਹੈ। ਉਨ੍ਹਾਂ ਨੇ ਪੰਜ ਤਲਵਾਰਾਂ ਖਿੱਚੀਆਂ ਤੇ ਬੜੀ ਫੁਰਤੀ ਨਾਲ ਨੰਗੀਆਂ ਕੀਤੀਆਂ॥ ੨੦॥

ਮ੍ਰਿਗੰ ਸ਼ੱਤ੍ਰੂ ਭਾਗੇ। ਅਰੇ ਨਾਂਹਿ ਆਗੇ। ਜਿਸੈ ਘਾਇ ਘਾਲੇ। ਤਿਸੈ ਮਾਰਿ ਡਾਲੇ ॥੨੧ ॥

ਉਨ੍ਹਾਂ ਨੂੰ ਵੇਖ ਕੇ ਵੈਰੀ ਹਿਰਨਾਂ ਵਾਂਗ ਭੱਜ ਉਠੇ, ਅੱਗੇ ਹੋ ਕੇ ਯੁੱਧ ਕਰਨ ਵਾਸਤੇ ਅੜੇ ਨਹੀਂ। ਜਿਸ ਨੂੰ ਵੀ ਵਾਰ ਕਰਕੇ ਤਲਵਾਰ ਮਾਰਦੇ ਸਨ, ਉਸ ਨੂੰ ਹੀ ਮਾਰ ਦਿੰਦੇ ਸਨ॥ ੨੧॥

ਪਰਜੋ ਰੌਰ ਭਾਰੋ। ਬਕੈਂ 'ਮਾਰ ਮਾਰੋ'। ਚਹੂੰ ਓਰ ਘੇਰੇ। ਢੁਕੈਂ ਨਾਂਹਿ ਨੇਰੇ ॥੨੨ ॥

ਭਾਰੀ ਰੌਲਾ ਮੱਚ ਗਿਆ। 'ਮਾਰੋ ਮਾਰੋ' ਬੋਲਦੇ ਸਨ। ਚਾਰੇ ਪਾਸੇ ਘੇਰਾ ਪਾਇਆ ਸੀ, ਪਰ ਕੋਈ ਵੀ ਨੇੜੇ ਨਹੀਂ ਢੁਕਦਾ ਸੀ॥ ੨੨॥

ਵਜੀਦੇ ਨਿਹਾਰੇ। ਸੁ ਖਾਨੰ ਪ੍ਰਚਾਰੇ। 'ਕਹਾਂ ਜਾਹੁ ਭਾਗੇ। ਨਹੀਂ ਲਾਜ ਲਾਗੇ ॥੨੩ ॥

ਵਜੀਦੇ ਨੇ ਵੇਖਿਆ, ਉਸ ਨੇ ਖਾਨਾਂ ਨੂੰ ਲਲਕਾਰਿਆ, "ਕਿਥੇ ਭੱਜੇ ਜਾਂਦੇ ਹੋ, ਤੁਹਾਨੂੰ ਸ਼ਰਮ ਨਹੀਂ ਆਉਂਦੀ ਹੈ॥ ੨੩॥

ਮੁਰੈ ਘੇਰਿ ਮਾਰੋ। ਨਹੀਂ ਤ੍ਰਾਸ ਧਾਰੋ। ਅਹੈਂ ਸਿੰਘ ਥੋਰੇ। ਨਹੀਂ ਪਾਸ ਘੋਰੇ ॥੨੪ ॥

ਮੁੜ ਕੇ ਘੇਰ ਕੇ ਮਾਰੋ, ਡਰ ਧਾਰਨ ਨਾ ਕਰੋ। ਇਹ ਸਿੰਘ ਥੋੜੇ ਹੀ ਹਨ। ਇਨ੍ਹਾਂ ਦੇ ਪਾਸ ਘੋੜੇ ਨਹੀਂ ਹਨ॥ ੨੪॥

ਕਹਾਂ ਓਜ ਕੈ ਹੈਂ। ਮੁਰੈ ਮਾਰਿ ਲੈ ਹੈਂ'। ਵਜੀਦੇ ਵੰਗਾਰੇ। ਫਿਰੇ ਫੇਰ ਸਾਰੇ ॥੨੫ ॥

ਇਨ੍ਹਾਂ ਵਿਚ ਕਿਹੜੀ ਸ਼ਕਤੀ ਹੈ, ਮੁੜੋ, ਇਨ੍ਹਾਂ ਨੂੰ ਮਾਰ ਲਵਾਂਗੇ।" ਜਦ ਵਜੀਦੇ ਨੇ ਵੰਗਾਰਿਆ ਤਾਂ ਸਾਰੇ ਵਾਪਸ ਮੁੜ ਪਏ॥ ੨੫॥

ਗਡਾ ਵੱਡ ਹੋਏ। ਮਿਲੇ ਤੁੰਡ ਦੋਏ। ਕ੍ਰਿਪਾਨੈਂ ਚਲਾਵੈਂ। ਸੁ ਲੋਹੂ ਚਖਾਵੈਂ ॥੨੬॥

ਆਪਸ ਵਿਚ ਰਲ ਮਿਲ ਗਏ। ਦੋਵੇਂ ਆਹਮੋ ਸਾਹਮਣੇ ਹੋ ਗਏ। ਕਿਰਪਾਨਾਂ ਚਲਾਉਂਦੇ ਸਨ ਤੇ ਉਨ੍ਹਾਂ ਨੂੰ ਲਹੂ ਪਿਆਉਂਦੇ ਸਨ॥ ੨੬॥

ਰੰਗੇ ਰੰਗ ਲਾਲੰ। ਕਟੈਂ ਮਾਰ ਡਾਲੰ। ਹਯੰ ਹੇਰਿ ਨੇਰੈ। ਕਟੈਂ ਤੁੰਡ ਗੇਰੈਂ ॥੨੭॥

ਲਾਲ ਰੰਗ ਨਾਲ ਰੰਗੇ ਗਏ ਸਨ। ਕੱਟ ਕੇ ਮਾਰ ਦਿੰਦੇ ਸਨ। ਘੋੜੇ ਵੇਖ ਕੇ ਨੇੜੇ ਹੁੰਦੇ ਸਨ ਤੇ ਸਿਰ ਕੱਟ ਕੇ ਡੇਗ ਦਿੰਦੇ ਸਨ॥ ੨੭॥

ਮਹਾਂ ਤੇਜ ਤੱਤੇ। ਰਸੰ ਰੌਦ੍ਰ ਰੱਤੇ। ਗਿਨੈਂ ਸ਼ੱਤ੍ਰ ਹੂੰਨਾ। ਚਢੈ ਚਾਉ ਦੂਨਾ ॥੨੮॥

ਮਹਾਂ ਤੇਜ ਅਤੇ ਤੱਤੇ ਸਨ, ਬੀਰ-ਰਸ ਵਿਚ ਰੰਗੇ ਹੋਏ ਸਨ। ਵੈਰੀਆਂ ਨੂੰ ਕਿਸੇ ਗਿਣਤੀ ਵਿਚ ਗਿਣਦੇ ਨਹੀਂ ਸਨ। ਉਨ੍ਹਾਂ ਨੂੰ ਦੂਣਾ ਚਾਅ ਚੜ੍ਹਿਆ ਹੋਇਆ ਸੀ॥ ੨੮॥

ਉਛੱਲੈਂ ਛਲੰਗੀ। ਗੁਰੂ ਕੇ ਭੁਜੰਗੀ। ਦਿਯੋ ਓਜ ਐਸੋ। ਹਜ਼ਾਰਨ ਜੈਸੋ ॥੨੯॥

ਗੁਰੂ ਜੀ ਦੇ ਸੂਰਬੀਰ, ਉਛਲ-ਉਛਲ ਕੇ ਛਾਲਾਂ ਮਾਰਦੇ ਸਨ। ਗੁਰੂ ਜੀ ਨੇ ਐਸੀ ਸ਼ਕਤੀ ਬਖਸ਼ੀ ਸੀ, ਮਾਨੋ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ ਸਨ॥ ੨੯॥

ਮਹਾਂ ਕੋਪ ਠਾਨੈਂ। ਗਜੰ ਕੀਟ ਮਾਨੈਂ। ਬਡੇ ਓਤਸਾਹੇ। ਰਣੰ ਸ਼ੱਤ੍ਰ ਗਾਹੇ ॥੩੦॥

ਮਹਾਨ ਕ੍ਰੋਧ ਧਾਰਨ ਕਰਦੇ ਸਨ ਤੇ ਹਾਥੀਆਂ ਨੂੰ ਕੀੜੀ ਵਾਂਗ ਮੰਨਦੇ ਸਨ। ਵੱਡਾ ਉਤਸ਼ਾਹ ਸੀ, ਰਣਖੇਤਰ ਵਿਚ ਵੈਰੀ ਨੂੰ ਮਾਰ ਰਹੇ ਸਨ॥ ੩੦॥

*ਸਿਰਖੰਡੀ ਛੰਦ-* ਪੰਚਹੁੰ ਬੀਰ ਜੁਝਾਰੇ ਮਾਰਿ ਅਨੇਕ ਕੋ।
ਕਰਾਚੋਲ ਪਰਹਾਰੇ ਤੁਰਕ ਗਿਰਾਇ ਕੈ।
ਪਰੇ ਤੁਰੰਗਮ ਭਾਰੇ ਮੁਖ ਅਰੁ ਚਰਨ ਕਟਿ।
ਗੁਲਕਾਂ ਤੀਰ ਸਹਾਰੇ ਭਿਦੇ ਸ਼ਰੀਰ ਸਭਿ॥ ੩੧॥

ਪੰਜੇ ਜੁਝਾਰੂ ਸੂਰਬੀਰ ਅਨੇਕਾਂ ਨੂੰ ਮਾਰ ਕੇ, ਤਲਵਾਰਾਂ ਦੇ ਵਾਰ ਕਰਕੇ, ਤੁਰਕਾਂ ਨੂੰ ਡੇਗਦੇ ਸਨ। ਭਾਰੀ ਘੋੜੇ ਮੂੰਹ ਅਤੇ ਪੈਰ ਕੱਟੇ ਜਾਣ ਤੇ ਡਿੱਗ ਪਏ ਸਨ। ਗੋਲੀਆਂ ਅਤੇ ਤੀਰ ਲੱਗਣ ਨਾਲ ਉਨ੍ਹਾਂ ਦੇ ਸਾਰੇ ਸਰੀਰ ਵਿੰਨ੍ਹੇ ਪਏ ਸਨ॥ ੩੧॥

ਨਿਕਸੇ ਪ੍ਰਾਨ ਸੁ ਡਿੱਗੇ ਸਨਮੁਖ ਬੈਰੀਆਂ।
ਸਭਿ ਸ਼੍ਰੋਣਤ ਸਨ ਭਿੱਗੇ ਬਾਗੇ ਲਾਲ ਹ੍ਵੈ।
ਤਜੇ ਨ ਹਾਥਹੁੰ ਖੱਗੇ ਹਿੱਛਾ ਹਤਨਿ ਕੀ।
ਘਨੇ ਘਾਵ ਤਨ ਲਗੇ ਮਰਿ ਕਰਿ ਗਿਰ ਪਰੇ॥ ੩੨॥

ਜਿਨ੍ਹਾਂ ਦੇ ਪ੍ਰਾਣ ਨਿਕਲ ਗਏ ਸਨ, ਉਹ ਵੈਰੀਆਂ ਦੇ ਸਾਹਮਣੇ ਡਿੱਗੇ ਪਏ ਸਨ। ਸਾਰਿਆਂ ਦੇ ਲਹੂ ਨਾਲ ਭਿੱਜ ਕੇ ਕੱਪੜੇ ਲਾਲ ਰੰਗ ਦੇ ਹੋ ਗਏ ਸਨ। ਹੱਥ ਵਿਚੋਂ ਤਲਵਾਰ ਨਹੀਂ ਸੀ ਛੱਡਦੇ, ਹਾਲੇ ਵੀ ਮਾਰਨ ਦੀ ਇੱਛਾ ਸੀ। ਬਹੁਤ ਜ਼ਖਮ ਸਰੀਰ ਨੂੰ ਲੱਗੇ ਸਨ ਤੇ ਮਰ ਕੇ ਡਿੱਗ ਪਏ ਸਨ॥ ੩੨॥

ਬੱਦ੍ਰੀ ਬ੍ਰਿੰਦ ਮਝਾਰੇ ਸੂਕੇ ਸਰ ਬਿਖੇ।
ਥਿਰੇ ਸਿੰਘ ਤਹਿਂ ਭਾਰੇ ਤੁਪਕ ਚਲਾਂਵਦੇ।

ਉਠੇ ਸ਼ਬਦ ਕੜਕਾਰੇ ਗੁਲਕਾਂ ਸ਼ੂੰਕਤੀ।
ਲਗੈਂ ਤੁਰਕ ਤਨ ਮਾਰੇਂ ਗਿਰੇਂ ਪਵੰਗਮਹੁੰ॥ ੩੩॥

ਸੁੱਕੀ ਢਾਬ ਦੇ ਵਿਚ ਬਹੁਤ ਬੇਰੀਆਂ ਸਨ, ਓਥੇ ਖੜੇ ਹੋਏ ਸਿੰਘ ਬਹੁਤ ਬੰਦੂਕਾਂ ਚਲਾਉਂਦੇ ਸਨ। ਬਹੁਤ ਕੜ-ਕੜ ਦੀ ਆਵਾਜ਼ ਹੁੰਦੀ ਸੀ ਤੇ ਗੋਲੀਆਂ ਸ਼ੂਕਦੀਆਂ ਹੋਈਆਂ ਨਿਕਲਦੀਆਂ ਸਨ। ਉਹ ਗੋਲੀਆਂ ਤੁਰਕਾਂ ਦੇ ਸਰੀਰਾਂ ਨੂੰ ਲਗਦੀਆਂ ਸਨ ਤੇ ਉਹ ਘੋੜਿਆਂ ਤੋਂ ਡਿੱਗ ਪੈਂਦੇ ਸਨ॥ ੩੩॥

ਦੋਹਰਾ- ਬੱਦ੍ਰੀ ਸੰਘਨੀ ਮਹਿਂ ਘਨੀ ਸਿੰਘ ਸੈਨ ਕੋ ਜਾਨਿ।
ਨੇਰ ਨਹੀਂ ਕਾਯਰ ਕਰੈਂ ਦੂਰ ਫਿਰੈਂ ਡਰ ਮਾਨਿ॥ ੩੪॥

ਸੰਘਣੀਆਂ ਬੇਰੀਆਂ ਵਿਚ ਸਿੰਘਾਂ ਦੀ ਵੱਡੀ ਸੈਨਾ ਜਾਣ ਕੇ ਕਾਇਰ ਨੇੜੇ ਨਹੀਂ ਸੀ ਆਉਂਦੇ ਤੇ ਡਰ ਮੰਨ ਕੇ ਦੂਰ-ਦੂਰ ਫਿਰਦੇ ਸਨ॥ ੩੪॥

*ਭੁਜੰਗ ਛੰਦ-* ਵਜੀਦੇ ਪ੍ਰਚਾਰੇ 'ਕਰੋ ਕਜੋਂ ਨ ਹੱਲਾ। ਬਲੀ ! ਰੇਲ ਪੇਲੋ ਬਿਲੰਦੈ ਧਕੱਲਾ'।
ਦਲੰ ਬੀਰ ਦੌਰਜੇ ਬਲੰ ਬੋਲ ਪਾਏ। ਪਲੀਤੇ ਧੁਖੈਂ ਪੁੰਜ ਗੋਰੀ ਚਲਾਏ॥੩੫॥

ਵਜੀਦਾ ਲਲਕਾਰਦਾ ਸੀ, "ਹਮਲਾ ਕਿਉਂ ਨਹੀਂ ਕਰਦੇ ਹੋ, ਹੇ ਬਲਵਾਨੋ ਵੱਡਾ ਧੱਕਾ ਲਾ ਕੇ ਇਨ੍ਹਾਂ ਨੂੰ ਰੇਲ ਪੇਲ ਕਰ ਦੇਵੋ।" ਵਜੀਦੇ ਦੇ ਬੋਲ ਨਾਲ ਬਲ ਪਾ ਕੇ ਸੂਰਬੀਰ ਦੌੜ ਪਏ, ਫਿਰ ਪਲੀਤੇ ਧੁਖੇ ਅਤੇ ਬਹੁਤ ਗੋਲੀਆਂ ਚਲਾਈਆਂ॥ ੩੫॥

ਤਬੈ ਏਕ ਨੌ ਸਿੰਘ ਕੋਪੇ ਬਿਸਾਲੇ। ਤਜੀ ਆਡ ਕੋ ਖੈਂਚਿ ਖੱਗੰ ਨਿਕਾਲੇ।
ਢੁਕੇ ਢੋਇ ਗਾਢੇ ਫਿਰੰ ਫੇਰ ਚਾਲੇ। ਛਕੇ ਛੋਭ ਮੈਂ ਛਾਲ ਆਛੇ ਉਛਾਲੇ॥੩੬॥

ਫਿਰ ਦਸ ਸਿੰਘ ਬਹੁਤ ਗੁੱਸੇ ਵਿਚ ਆਏ, ਉਨ੍ਹਾਂ ਓਟ ਛੱਡ ਦਿੱਤੀ ਤੇ ਤਲਵਾਰਾਂ ਖਿੱਚ ਲਈਆਂ। ਤਕੜੇ ਹੋ ਕੇ ਨੇੜੇ ਆ ਢੁਕੇ ਤੇ ਵੈਰੀਆਂ ਦੇ ਬਹੁਤ ਨੇੜੇ ਚਲੇ ਗਏ। ਉਹ ਚੰਗੀਆਂ ਛਾਲਾਂ ਮਾਰ-ਮਾਰ ਕੇ ਅੱਗੇ ਜਾਂਦੇ ਸਨ॥ ੩੬॥

ਦਸੌ ਸਿੰਘ ਸੇ ਸਿੰਘ ਤ੍ਰਾਸੇ ਨ ਸੋਈ। ਨ੍ਰਿਭੈ ਬੀਰ ਬਾਂਕੇ ਕਰੀ ਜੰਗ ਢੋਈ।
ਕਰਾਚੋਲ ਚਾਲੇ ਸੁ ਢਾਲੇ ਉਛਾਲੇ। ਹਜ਼ਾਰੌਂ ਰਿਪੂ ਹੋਇਕੈ ਆਲਬਾਲੇ॥੩੭॥

ਉਹ ਦਸ ਸਿੰਘ ਕਿਸੇ ਪ੍ਰਕਾਰ ਵੀ ਡਰੇ ਨਹੀਂ। ਨਿਰਭੈ ਬਾਂਕੇ ਸੂਰਬੀਰਾਂ ਨੇ ਨੇੜੇ ਢੁਕ ਕੇ ਜੰਗ ਦਾ ਸਾਹਮਣਾ ਕੀਤਾ। ਕਿਰਪਾਨਾਂ ਚਲਦੀਆਂ ਸਨ ਤਾਂ ਢਾਲਾਂ ਉਛਾਲਦੇ ਸਨ। ਹਜ਼ਾਰਾਂ ਵੈਰੀ ਆਲੇ-ਦੁਆਲੇ ਹੋ ਗਏ॥ ੩੭॥

*ਨਰਾਜ ਛੰਦ-* 'ਗੁਰੂ ਗੁਰੂ' ਉਚਾਰਿ ਕੈ ਬਿਸਾਲ ਓਜ ਪਾਇਕੈ।
ਭਏ ਪ੍ਰਵੇਸ਼ ਫੌਜ ਮਹਿਂ ਘਨੇਰ ਘਾਵ ਘਾਇਕੈ।
ਜਹਾਂ ਪਰੈਂ ਇਕੱਤ੍ਰ ਹ੍ਵੈ ਬਚਿੱਤ੍ਰ ਜੁੱਧ ਠਾਨਤੇ।
ਸਮੇਤ ਅੱਤ੍ਰ ਸ਼ੱਤ੍ਰ ਕੋ ਸੁ ਪੱਤ੍ਰ ਜਜੋਂ ਪ੍ਰਹਾਨਤੇ॥ ੩੮॥

'ਗੁਰੂ-ਗੁਰੂ' ਉਚਾਰਨ ਕਰਕੇ ਤੇ ਵਿਸ਼ਾਲ ਸ਼ਕਤੀ ਪਾ ਕੇ, ਤੁਰਕਾਂ ਦੀ ਸੈਨਾ ਵਿਚ ਪ੍ਰਵੇਸ਼ ਕਰ ਗਏ ਤੇ ਬਹੁਤ ਵੈਰੀਆਂ ਨੂੰ ਘਾਇਲ ਕੀਤਾ। ਇਹ ਦਸ ਸਿੰਘ ਜਿੱਥੇ ਵੀ ਇਕੱਠੇ ਹੋ ਕੇ ਪੈਂਦੇ ਸਨ, ਵਚਿੱਤਰ ਯੁੱਧ ਕਰਦੇ ਸਨ। ਉਹ ਸ਼ਸਤਰਾਂ ਨਾਲ ਵੈਰੀ ਨੂੰ ਪੱਤਿਆਂ ਵਾਂਗ ਝਾੜਦੇ ਸਨ॥ ੩੮॥

ਬਿਲੰਦ ਸੇਲ ਠੇਲਤੇ ਕਰੰਤਿ ਰੇਲ ਪੇਲ ਕੋ।
ਦੁਹੇਲ ਹੇਲ ਮੇਲ ਤੇ, ਧਕੇਲਤੇ ਨ ਝੇਲ ਕੋ।

ਪ੍ਰਪੇਲਤੇ ਕਰੰਤਿ ਐਲ, ਭੈਲ ਗੈਲ ਚਾਲਤੇ।
ਸੁ ਲਾਲ ਚੈਲ ਛੈਲ ਹੋਤਿ ਖੇਲ ਜਜੋਂ ਉਤਾਲ ਤੇ॥ ੩੯॥

ਵੱਡੇ ਭਾਲੇ ਅਤੇ ਨੇਜ਼ੇ ਮਾਰ ਕੇ ਵੈਰੀ ਨੂੰ ਡੇਗ ਲੈਂਦੇ ਸਨ। ਕਠਨ ਹੱਲੇ ਕਰਦੇ ਹਨ, ਤੁਰਕ ਇਨ੍ਹਾਂ ਦੇ ਹੱਲੇ ਨੂੰ ਝੱਲ ਨਹੀਂ ਸਕਦੇ ਹਨ। ਧੱਕਦੇ ਹੋਏ ਰੌਲਾ ਪਾਉਂਦੇ ਹਨ ਤੇ ਮਿਲ ਕੇ ਨਾਲ-ਨਾਲ ਚਲੇ ਜਾਂਦੇ ਹਨ। ਛੈਲ ਛਬੀਲੇ ਸੂਰਮਿਆਂ ਦੇ ਵਸਤਰ ਲਾਲ ਹੋ ਰਹੇ ਹਨ ਜਿਵੇਂ ਕਾਹਲੀ-ਕਾਹਲੀ ਹੋਲੀ ਖੇਡ ਰਹੇ ਹਨ॥ ੩੯॥

ਘਿਰੰਤ ਬ੍ਰਿੰਦ ਸ਼ੱਤ੍ਰ ਮੈਂ ਬਚਿਤ੍ਰ ਅੱਤ੍ਰ ਮਾਰਤੇ।
ਭਰੇ ਸ਼ਰੀਰ ਘਾਵਤੇ ਤਊਨ ਧੀਰ ਹਾਰਤੇ।
ਕਟੰਤਿ ਅੰਗ ਭੰਗ ਹ੍ਵੈ ਗਿਰੰਤਿ ਖੇਤ ਜੰਗ ਕੇ।
ਨਿਸੰਗ ਸਿੰਘ ਸੂਰਮੇ ਸੁਰੰਗ ਚੀਰ ਰੰਗਿ ਕੇ॥ ੪੦॥

ਅਸਚਰਜ ਤਰੀਕਿਆਂ ਨਾਲ ਸ਼ਸਤਰਧਾਰੀਆਂ ਨੂੰ ਮਾਰਦੇ ਹਨ, ਭਰੇ ਹੋਏ ਸਰੀਰ ਨੂੰ ਜ਼ਖਮੀ ਕਰਦੇ ਹਨ, ਫਿਰ ਵੀ ਧੀਰਜ ਨਹੀਂ ਹਾਰਦੇ ਹਨ। ਅੰਗ ਕੱਟੇ ਜਾਣ 'ਤੇ ਭੰਗ ਹੋ ਕੇ ਮੈਦਾਨਿ-ਜੰਗ ਵਿਚ ਡਿੱਗ ਪੈਂਦੇ ਹਨ। ਸਿੰਘ ਸੂਰਮਿਆਂ ਦੇ ਕੱਪੜੇ ਨਿਸੰਗ ਹੋ ਕੇ ਲਾਲ ਰੰਗ ਵਿਚ ਰੰਗੇ ਗਏ॥ ੪੦॥

ਬਿਲੋਕਿ ਸਿੰਘ ਤਾਲ ਕੇ ਮਰੇ ਦਸੋਂ ਸਿੰਘਾਰਿ ਕੈ।
ਸਮੀਪ ਸ਼ੱਤ੍ਰ ਆਇ ਗੇ ਤੁਫੰਗ ਕੋ ਪ੍ਰਹਾਰਿ ਕੈ।
ਕਰਯੋ ਬਿਸਾਲ ਰੌਲ ਕੋ ਪ੍ਰਵਾਰਤੇ ਸੁ ਜਾਤਿ ਹੈਂ।
ਤੁਰੰਗ ਕੋ ਧਵਾਇ ਆਇ ਨੇਰ ਪਾਇ ਘਾਤ ਹੈਂ॥ ੪੧॥

ਜਦ ਢਾਬ ਵਿਚਲੇ ਸਿੰਘਾਂ ਨੇ ਵੇਖਿਆ ਕਿ ਦਸ ਸੂਰਬੀਰ ਵੈਰੀ ਨੂੰ ਮਾਰ ਕੇ ਮਰ ਗਏ ਹਨ ਤਾਂ ਉਹ ਵੈਰੀ ਦੇ ਨੇੜੇ ਆ ਗਏ ਤੇ ਬੰਦੂਕਾਂ ਦੇ ਵਾਰ ਕਰਨ ਲੱਗੇ। ਫਿਰ ਤੁਰਕਾਂ ਨੇ ਬਹੁਤ ਰੌਲਾ ਮਚਾਇਆ ਤੇ ਸਿੰਘਾਂ ਨੂੰ ਉਹ ਘੇਰੀ ਜਾਂਦੇ ਸਨ। ਘੋੜਿਆਂ ਨੂੰ ਭਜਾ ਕੇ ਉਹ ਨੇੜੇ ਆ ਕੇ ਘਾਤ ਲਾਉਂਦੇ ਸਨ॥ ੪੧॥

ਦੋਹਰਾ- ਸਿੰਘ ਇਕਾਦਸ਼ ਨਿਕਸਿ ਕਰਿ ਤੋਮਰ ਖੜਗ ਸੰਭਾਰਿ।
ਪਰੇ ਤੁਰਕ ਲਸ਼ਕਰ ਬਿਖੈ ਧਰਿ ਕਰਿ ਉਰ ਹੰਕਾਰ॥ ੪੨॥

ਫਿਰ ਗਿਆਰ੍ਹਾਂ ਸਿੰਘਾਂ ਨੇ ਨਿਕਲ ਕੇ ਨੇਜ਼ੇ ਅਤੇ ਤਲਵਾਰਾਂ ਸੰਭਾਲ ਲਈਆਂ ਤੇ ਤੁਰਕਾਂ ਦੇ ਲਸ਼ਕਰ ਨੂੰ ਹਿਰਦੇ ਵਿਚ ਹੰਕਾਰ ਧਾਰ ਕੇ ਪੈ ਗਏ॥ ੪੨॥

ਰਸਾਵਲ ਛੰਦ-ਤੁਫੰਗੈਂ ਸੰਭਾਰੀ। ਬਰੂਦੰ ਸੁ ਡਾਰੀ। ਦੁਗੋਰੀ ਕਸੰਤੇ। ਪਲੀਤੇ ਜਮੰਤੇ॥ ੪੩॥

ਬੰਦੂਕਾਂ ਸੰਭਾਲੀਆਂ, ਉਨ੍ਹਾਂ ਵਿਚ ਬਾਰੂਦ ਪਾਇਆ। ਦੋ ਗੋਲੀਆਂ ਕੱਸਦੇ ਸਨ ਤੇ ਪਲੀਤੇ ਜੰਮਾਉਂਦੇ ਸਨ॥ ੪੩॥

ਕਲਾ ਜੋੜਿ ਤੋੜੇ। ਕਲੀ ਸਾਥ ਮੋੜੇ। ਧਰੇ ਹਾਥ ਤਾਕੇ। ਝੁਕਾਏ ਕੜਾਕੇ॥ ੪੪॥

ਕਲਾ ਨਾਲ ਤੋੜੇ ਜੋੜਦੇ ਸਨ ਤੇ ਕਲੀ ਨਾਲ ਮੋੜਦੇ ਸਨ। ਹੱਥ ਵਿਚ ਫੜ ਕੇ ਨਿਸ਼ਾਨਾ ਤੱਕਦੇ ਸਨ ਤੇ ਝੁਕਾ ਕੇ ਚਲਾ ਕੇ ਕੜਾਕੇ ਪਾਉਂਦੇ ਸਨ॥ ੪੪॥

ਚਲੈਂ ਸ਼ੂੰਕ ਗੋਰੀ। ਲਗੈਂ ਦੇਹਿ ਫੋਰੀ। ਦੜਾਦਾੜ ਗੇਰੇ। ਸੁ ਤਾਲੰ ਚੁਫੇਰੇ॥ ੪੫॥

ਗੋਲੀਆਂ ਸ਼ੂਕਦੀਆਂ ਜਾਂਦੀਆਂ ਸਨ। ਲੱਗ ਕੇ ਸਰੀਰ ਪਾੜ ਦਿੰਦੀਆਂ ਸਨ, ਧੜਾਕ-ਧੜਾਕ ਕਰਕੇ ਵੈਰੀ ਢਾਬ ਦੇ ਚਾਰ-ਚੁਫੇਰੇ ਡਿੱਗ ਪੈਂਦੇ ਸਨ॥ ੪੫॥

ਕੜਾਕਾੜ ਮਾਚੀ ਲਹੂ ਧੂੜਿ ਰਾਚੀ। ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ ॥੪੬॥

ਕੜਾਕਾੜ ਮੱਚੀ ਹੋਈ ਸੀ ਤੇ ਲਹੂ ਧੂੜ ਵਿਚ ਮਿਲ ਕੇ ਰਚਿਆ ਹੋਇਆ ਸੀ। ਸਿੰਘ ਖੜੇ ਹੋ ਕੇ ਮਾਰਦੇ ਸਨ, ਡਰ ਧਾਰਨ ਨਹੀਂ ਕਰਦੇ ਸਨ॥ ੪੬॥

ਮਹਾਂ ਬੀਰ ਗਜਾਰਾਂ। ਤੜਾਗੰ ਕਿਨਾਰਾ। ਜਿਤੇ ਸ਼ੱਤ੍ਰੁਆਏ। ਤਹਾਂ ਘਾਵ ਘਾਏ ॥੪੭॥

ਗਿਆਰਾਂ ਮਹਾਂਬੀਰ ਸਨ, ਢਾਬ ਦਾ ਕਿਨਾਰਾ ਸੀ, ਜਿੰਨੇ ਵੀ ਵੈਰੀ ਆਏ ਉਥੇ ਹੀ ਉਹ ਮਾਰ ਦਿੱਤੇ॥ ੪੭॥

ਕ੍ਰਿਪਾਨੈ ਕਟੇ ਜੇ। ਪੁਰੇਜੇ ਪੁਰੇਜੇ। ਲਰੇ ਬ੍ਰਿੰਦ ਖਾਨਾ। ਬਡੋ ਜੰਗ ਠਾਨਾ ॥੪੮॥

ਜਿਹੜੇ ਕਿਰਪਾਨਾਂ ਨਾਲ ਕੱਟੇ ਸਨ, ਉਹ ਟੋਟੇ-ਟੋਟੇ ਹੋ ਗਏ ਸਨ। ਬਹੁਤ ਖਾਨਾਂ ਨੇ ਵੱਡਾ ਯੁੱਧ ਕੀਤਾ॥ ੪੮॥

ਦੋਹਰਾ- ਪੁੰਜ ਪੁੰਜ ਕੋ ਮਾਰਿ ਕਰਿ ਮਰੇ ਸਿੰਘ ਬਰ ਬੀਰ।
ਬਾਕੀ ਤ੍ਰੈਦਸ ਰਹਿ ਗਏ ਸੋ ਨਿਕਸੇ ਧਰਿ ਧੀਰ॥ ੪੯॥

ਤੁਰਕਾਂ ਦੇ ਸਮੂਹਾਂ ਨੂੰ ਮਾਰ-ਮਾਰ ਕੇ ਸਿੰਘ ਸ੍ਰੇਸ਼ਟ ਯੋਧੇ ਮਰ ਗਏ। ਬਾਕੀ ਤੇਰ੍ਹਾਂ ਰਹਿ ਗਏ, ਉਹ ਧੀਰਜ ਧਾਰ ਕੇ ਬਾਹਰ ਨਿਕਲੇ॥ ੪੯॥

ਭੁਜੰਗ ਛੰਦ- ਚਲੇ ਬੀਰ ਸੋਊ ਬਡੇ ਓਤਸਾਹੇ। ਧਰੇ ਸ਼ਸਤ੍ਰ ਸਾਰੇ ਮਹਾਂ ਜੰਗ ਮਾਂਹੇ।
ਕਢੇ ਮਜਾਨ ਤੇਗੇ ਗਹੇ ਹਾਥ ਢਾਲੇ। ਚਲਾਕੀ ਕਰੰਤੇ ਸੁ ਛਾਲੈਂ ਉਛਾਲੇ ॥੫੦॥

ਉਹ ਸੂਰਬੀਰ ਵੱਡੇ ਉਤਸ਼ਾਹ ਨਾਲ ਚਲ ਪਏ। ਉਨ੍ਹਾਂ ਮਹਾਨ ਜੰਗ ਵਿਚ ਸਾਰੇ ਸ਼ਸਤਰ ਧਾਰਨ ਕੀਤੇ ਸਨ। ਉਨ੍ਹਾਂ ਨੇ ਮਿਆਨਾਂ ਵਿਚੋਂ ਤਲਵਾਰਾਂ ਖਿੱਚ ਕੇ ਹੱਥ ਵਿਚ ਫੜ ਲਈਆਂ ਤੇ ਛਾਲਾਂ ਮਾਰ ਮਾਰ ਕੇ ਚਲਾਕੀਆਂ ਕਰਦੇ ਸਨ॥ ੫੦॥

ਝਟਾਪੱਟ ਜੁੱਟੇ ਲਟਾਪੱਟ ਹੋਏ। ਸਟਾਪੱਟ ਸੁੱਟੇ ਕਟਾਕੁੱਟ ਜੋਏ।
ਕਟਾਕੱਟ ਕੱਟੇ ਚਟਾਪੱਟ ਮਾਰੇ। ਖਟਾਪੱਟ ਖੋਟੇ ਹੱਟਾਹੱਟ ਹਾਰੇ॥ ੫੧॥

ਉਹ ਝੱਟ ਇਕ ਦੂਸਰੇ ਨੂੰ ਲਿਪਟ ਕੇ ਗੁੱਥਮਗੁੱਥਾ ਹੋ ਗਏ। ਉਹ ਝੱਟ ਹੀ ਕੱਟ ਕੇ ਸੁੱਟ ਦਿੱਤੇ। ਉਹ ਕੱਟ ਕੱਟ ਕੇ ਝੱਟ ਮਾਰ ਦਿੱਤੇ। ਖੋਟੇ ਤੁਰਕ ਛੇਤੀ ਹਾਰ ਕੇ ਪਿੱਛੇ ਹਟ ਗਏ॥ ੫੧॥

ਕਹਾਂ ਲੌ ਕਹੈਂ ਸਿੰਘ ਸੂਰੇ ਜੁਝਾਰੇ। ਰਿਪੂ ਸੰਗ ਜੂਝੇ ਪਹੂੰਚੇ ਅਗਾਰੇ।
ਖਹੇ ਖਾਨ ਖੂਨੀ ਖੁਰਾਸਾਨ ਖੱਗੀ। ਮਰੇ ਜੰਗ ਖੇਤੰ ਬਡੇ ਘਾਵ ਲੱਗੀ ॥੫੨॥

ਕਿੱਥੋਂ ਤਕ ਕਹਾਂ ਸਿੰਘ ਸੂਰਬੀਰ ਸ਼ਹੀਦ ਹੋ ਗਏ। ਵੈਰੀ ਨਾਲ ਯੁੱਧ ਕਰਕੇ ਅੱਗੇ ਪਹੁੰਚ ਗਏ। ਖੂਨੀ ਖਾਨ ਖੁਰਾਸਾਨ ਦੇ ਖੰਡੇ ਲੈ ਕੇ ਸਿੰਘਾਂ ਨਾਲ ਭਿੜੇ। ਉਹ ਰਣਖੇਤਰ ਵਿਚ ਮਰ ਗਏ ਜਿਨ੍ਹਾਂ ਨੂੰ ਵੱਡੇ ਜ਼ਖਮ ਲੱਗੇ ਸਨ॥ ੫੨॥

ਤਜੇ ਤਾਲ ਦੂਰੰ ਬਰੇ ਸੈਨ ਮੱਧੰ। ਬਡੇ ਖਾਨ ਮਾਰੇ ਕਰੈਂ ਜੁੱਧ ਕ੍ਰੁੱਧੰ।
ਰਣੰ ਗ੍ਰਿੱਧ ਬ੍ਰਿੰਦੰ ਪਖੈਂ ਮਾਸ ਬੋਲੈਂ। ਉਡੈਂ ਕੰਕ ਕਾਕੰ ਨਭੰ ਬੀਚ ਡੋਲੈਂ ॥੫੩॥

ਢਾਬ ਨੂੰ ਦੂਰ ਛੱਡ ਦਿੱਤਾ ਤੇ ਸੈਨਾ ਅੰਦਰ ਵੜ ਗਈ ਤੇ ਬਹੁਤ ਕ੍ਰੋਧ ਨਾਲ ਯੁੱਧ ਕਰਕੇ ਬਹੁਤ ਖਾਨ ਮਾਰੇ। ਰਣਖੇਤਰ ਵਿਚ ਬਹੁਤ ਗਿੱਰਝਾਂ ਮਾਸ ਖਾ ਕੇ ਬੋਲਦੀਆਂ ਸਨ। ਕਾਂ ਅਤੇ ਛੋਟੀਆਂ ਇੱਲਾਂ ਉਡ ਕੇ ਅਕਾਸ਼ ਵਿਚ ਭਾਉਂਦੀਆਂ ਸਨ॥ ੫੩॥

ਡਕੀ ਡਾਕਣੀ ਭੂਤ ਪ੍ਰੇਤੰ ਬਕੰਤੇ। ਨਚੀ ਜੋਗਣੀ ਸੀਸ ਬਾਲੰ ਖਿਲੰਤੇ।
ਕਿਤੀ ਦੂਰ ਲੌ ਜੰਗ ਖੇਤੰ ਬਿਥਾਰੇ। ਗੁਥੀ ਲੁੱਥ ਜੁਥੰ ਪਗੀ ਪੋਥ ਡਾਰੇ ॥੫੪॥

ਚੁੜੇਲਾਂ, ਡਾਕਣੀਆਂ ਅਤੇ ਭੂਤ ਪ੍ਰੇਤ ਬੋਲਦੇ ਸਨ, ਜੋਗਣੀਆਂ ਵਾਲ ਖਿਲਾਰ ਕੇ ਨੱਚਦੀਆਂ ਸਨ, ਕਾਫੀ ਦੂਰ ਤਕ ਰਣਖੇਤਰ ਫੈਲਿਆ ਹੋਇਆ ਸੀ। ਸਮੂਹ ਲੋਥਾਂ ਗੁੱਥੇ ਹੋ ਗਈਆਂ, ਪੈਰਾਂ ਦੇ ਨਾਲ ਢੇਰਾਂ ਦੇ ਢੇਰ ਦਲੇ-ਮਲੇ ਪਏ ਸਨ॥ ੫੪॥

ਸੁਰੰ ਦੇਖਿ ਸਿੰਘਾਨਿ ਕੋ ਜੁੱਧ ਸੁੱਧੰ। ਕਹੈਂ 'ਧੰਨ ਧੰਨੰ ਫਿਰੈਂ ਗੈਨ ਮੱਧੰ।
ਮਰੇ ਬੀਰ ਚਾਲੀ ਮਹਾਂ ਓਜ ਕੈ ਕੈ। ਗੁਰੂ ਧ੍ਯਾਨ ਧਾਰੇ ਤਜੇ ਪ੍ਰਾਨ ਘੈ ਕੈ ॥੫੫॥

ਜਦ ਦੇਵਤਿਆਂ ਨੇ ਸਿੰਘਾਂ ਦੇ ਐਸੇ ਯੁੱਧ ਨੂੰ ਵੇਖ ਕੇ ਜਾਣਿਆਂ ਤਾਂ ਉਹ ਅਕਾਸ਼ ਵਿਚ ਫਿਰ ਕੇ 'ਧੰਨ ਧੰਨ' ਕਹਿੰਦੇ ਸਨ। ਮਹਾਂ ਸ਼ਕਤੀ ਲਾ ਕੇ ਚਾਲ੍ਹੀ ਸੂਰਬੀਰ ਸ਼ਹੀਦ ਹੋ ਗਏ। ਗੁਰੂ ਜੀ ਦਾ ਧਿਆਨ ਧਾਰ ਕੇ ਉਹ ਆਪਣੇ ਪ੍ਰਾਣ ਛੱਡ ਗਏ॥ ੫੫॥

ਦੋਹਰਾ- ਤੁਰਕ ਹਜ਼ਾਰੋਂ ਲੜਿ ਮਰੇ ਬਹੁਤੇ ਹਤੇ ਤੁਰੰਗ।
ਭਯੋ ਜੰਗ ਪੂਰਨ ਤਬੈ ਸ਼੍ਰੋਤਾ ਸੁਨਹੁ ਪ੍ਰਸੰਗ॥ ੫੬॥

ਹਜ਼ਾਰਾਂ ਤੁਰਕ ਲੜ ਕੇ ਮਰ ਗਏ ਅਤੇ ਬਹੁਤ ਘੋੜੇ ਵੀ ਮਾਰੇ ਗਏ। ਤਦ ਯੁੱਧ ਸੰਪੂਰਨ ਹੋ ਗਿਆ, ਹੇ ਸ੍ਰੋਤਾ ਗਨ! ਇਸ ਬਾਰੇ ਪ੍ਰਸੰਗ ਸੁਣੋ॥ ੫੬॥

*ਪਹਿਲੇ ਐਨ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥*

## ਅਧਿਆਇ ਗਿਆਰ੍ਹਵਾਂ

*ਮਾਈ ਭਾਗੋ, ਤੁਰਕਾਂ ਦਾ ਪਿੱਛੇ ਮੁੜਨਾ*

ਦੋਹਰਾ- ਇਕ ਮਾਈ ਭਾਗੋ ਹੁਤੀ ਚਾਲੀ ਸਿੰਘ ਮਝਾਰ।
ਤੁਰਕ ਹਤ੍ਯੋ ਖਰ ਸਾਂਗ ਤੇ ਗੇਰ੍ਯੋ ਧਰਾ ਮਝਾਰ॥ ੧॥

ਚਾਲ੍ਹੀਆਂ ਸਿੰਘਾਂ ਵਿਚ ਇਕ ਮਾਈ ਭਾਗੋ ਵੀ ਸੀ। ਉਸ ਨੇ ਤਿੱਖੇ ਨੇਜ਼ੇ ਨਾਲ ਇਕ ਤੁਰਕ ਮਾਰ ਕੇ ਧਰਤੀ 'ਤੇ ਡੇਗਿਆ॥ ੧॥

ਚੌਪਈ- ਸਤਿਗੁਰ ਸਵਾ ਕੋਸ ਰਹਿ ਖਰੇ। ਅਬਿ ਲਗਿ ਟਿੱਬੀ ਚਿੰਨ੍ਹ ਉਚਰੇ।
ਧਰ੍ਯੋ ਪਨਚ ਪਰ ਤੀਖਨ ਬਾਨਾ। ਮੁਸ਼ਟ ਗਹੇ ਧਨੁ ਕੋ ਪੁਨ ਤਾਨਾ ॥੨॥

ਸਤਿਗੁਰੂ ਜੀ ਸਵਾ ਕੋਹ ਤੇ ਖੜੇ ਰਹੇ। ਹੁਣ ਤਕ ਉਹ ਟਿੱਬੀ ਨਿਸ਼ਾਨੀ ਦੱਸ ਰਹੀ ਹੈ। ਉਨ੍ਹਾਂ ਨੇ ਚਿੱਲੇ ਉੱਪਰ ਇਕ ਤਿੱਖਾ ਤੀਰ ਧਰਿਆ। ਮੁੱਠੀ ਨਾਲ ਫੜ ਕੇ ਫਿਰ ਧਨੁੱਖ ਨੂੰ ਤਾਨਿਆ॥ ੨॥

ਸ਼ਬਦ ਭਯਾਨਕ ਹੋਵਤਿ ਛੋਰਾ। ਆਵਤਿ ਭਯੋ ਸ਼ੱਤ੍ਰ ਦਲ ਓਰਾ।
ਭੂਮ ਭੂਰ ਭੁੰਕਾਟ ਭਇਆਲਾ। ਸੁਨਿ ਕਰਿ ਬਿਸਮੇ ਤੁਰਕ ਬਿਸਾਲਾ ॥੩॥

ਜਦ ਫਿਰ ਤੀਰ ਨੂੰ ਛੱਡਿਆ ਤਾਂ ਬੜੀ ਭਿਆਨਕ ਆਵਾਜ਼ ਪੈਦਾ ਹੋਈ। ਉਹ ਤੀਰ ਵੈਰੀ ਦੀ ਸੈਨਾ ਵੱਲ ਆਇਆ। ਧਰਤੀ ਉੱਪਰ ਭਿਆਨਕ ਭੂੰ ਭੂੰ ਕਰਦਾ ਸ਼ਬਦ ਹੋਇਆ। ਇਹ ਸੁਣ ਕੇ ਤੁਰਕ ਬਹੁਤ ਹੈਰਾਨ ਹੋਏ॥ ੩॥

'ਇਹ ਕਹਾ ਭਯੋ ਨ ਜਾਨ੍ਯੋ ਜਾਈ? ਨਹੀਂ ਸਿੰਘ ਅਬਿ ਕੋ ਅਗੁਵਾਈ।
ਗੁਰ ਸਮੇਤ ਸਭਿ ਲੀਨੇ ਮਾਰਿ। ਪਰੇ ਧਰਾ ਪੈ ਪਾਇਂ ਪਸਾਰ॥ ੪॥

ਤੁਰਕ ਕਹਿਣ ਲੱਗੇ, 'ਇਹ ਕੀ ਹੋਇਆ ਹੈ, ਕੁਝ ਜਾਣਿਆ ਨਹੀਂ ਜਾਂਦਾ? ਹੁਣ ਕੋਈ ਵੀ ਸਿੰਘ ਅੱਗੇ ਨਹੀਂ ਰਿਹਾ ਹੈ। ਗੁਰੂ ਸਮੇਤ ਸਾਰੇ ਮਾਰ ਲਏ ਹਨ, ਸਾਰੇ ਹੀ ਪੈਰ ਪਸਾਰ ਕੇ ਧਰਤੀ ਉੱਪਰ ਪਏ ਹਨ॥ ੪॥

ਖੋਜਹਿਂ ਗੁਰ ਕੀ ਲੋਥ ਬਿਚਾਰੈਂ। ਪਹੁੰਚਹਿ ਹਜ਼ਰਤਿ ਨਿਕਟ ਨਿਹਾਰੈਂ।
ਹੋਇ ਪ੍ਰਸੰਨ ਮੋਹਿ ਪਰ ਘਨੋ। ਜਿਸਕੋ ਨਿਤ ਚਹਿ ਗਹਿਨ ਕਿ ਹਨੋ'॥੫॥

ਸੋਚ ਵਿਚਾਰ ਦੇ ਨਾਲ ਗੁਰੂ ਜੀ ਦੀ ਲੋਥ ਲੱਭਦੇ ਹਾਂ, ਇਸ ਨੂੰ ਵਿਖਾਉਣ ਵਾਸਤੇ ਬਾਦਸ਼ਾਹ ਦੇ ਪਾਸ ਪਹੁੰਚਦੇ ਹਾਂ। ਮੇਰੇ ਉੱਪਰ ਉਹ ਬਹੁਤ ਪ੍ਰਸੰਨ ਹੋਣਗੇ, ਜਿਸਨੂੰ ਫੜਨਾ ਜਾਂ ਮਾਰਨਾ ਉਹ ਨਿਤ ਚਾਹੁੰਦੇ ਹਨ" ॥੫॥

ਨਿਜ ਲੋਕਨ ਸਭਿ ਭਨਤਿ ਸੁਨਾਈ। 'ਗੁਰ ਭੀ ਲਰਤੋ ਭਯੋ ਲਖਾਈ।
ਜੇ ਕਰਿ ਖੋਜ ਲੋਥ ਕਰਿ ਲੈ ਹੈਂ। ਹਜ਼ਰਤ ਕੀ ਪ੍ਰਸੰਨਤਾ ਪੈਹੈਂ' ॥੬॥

ਆਪਣੇ ਲੋਕਾਂ ਨੂੰ ਫਿਰ ਕਹਿ ਕੇ ਸੁਣਾਇਆ, "ਗੁਰੂ ਵੀ ਲੜਦਾ ਦਿਖਾਈ ਦਿੰਦਾ ਸੀ। ਜੇ ਉਨ੍ਹਾਂ ਦੀ ਲੋਥ ਖੋਜ ਕਰਕੇ ਲੱਭ ਲਈਏ ਤਾਂ ਬਾਦਸ਼ਾਹ ਦੀ ਪ੍ਰਸੰਨਤਾ ਪਾ ਲਵਾਂਗੇ" ॥੬॥

ਇਮ ਕਹਿ ਸਾਥ ਕਪੂਰੇ ਭਾਖ੍ਯੋ। 'ਜਲ ਬਤਾਇ ਦਿਹੁ ਸੁਭਟਨਿ ਕਾਂਖ੍ਯੋ।
ਜਬਿ ਕੇ ਚਢੇ ਨ ਕਿਨਹੂੰ ਲੀਨੋ। ਏਤੋ ਦਿਵਸ ਬਿਤ੍ਯੋ ਨਹਿਂ ਪੀਨੋ' ॥੭॥

ਇਸ ਪ੍ਰਕਾਰ ਕਹਿ ਕੇ ਕਪੂਰੇ ਨੂੰ ਕਿਹਾ, "ਜਲ ਦੱਸ ਦੇਵੋ, ਸੂਰਬੀਰਾਂ ਨੂੰ ਪੀਣ ਦੀ ਇੱਛਾ ਹੈ। ਜਦ ਦੀ ਚੜ੍ਹਾਈ ਕੀਤੀ ਹੈ, ਕਿਸੇ ਨੇ ਵੀ ਪਾਣੀ ਨਹੀਂ ਲਿਆ ਹੈ, ਏਡਾ ਦਿਨ ਬੀਤ ਗਿਆ ਹੈ ਕਿਸੇ ਨੇ ਵੀ ਪਾਣੀ ਨਹੀਂ ਪੀਤਾ ਹੈ॥ ੭॥

ਜੋਰਤਿ ਹਾਥ ਕਪੂਰਾ ਕਹੈ। 'ਖਾਂ ਜੀ ! ਇਸ ਥਲ ਕਿਤ ਜਲ ਅਹੈ।
ਇਨ ਪੈਰਨ ਤੇ ਜਾਉ ਜਿ ਆਗੇ। ਤੀਸ ਕੋਸ ਪਰ ਜਲ ਕਰ ਲਾਗੇ॥੮॥

ਕਪੂਰੇ ਨੇ ਹੱਥ ਜੋੜ ਕੇ ਕਿਹਾ, "ਹੇ ਖਾਂ ਜੀ! ਇਸ ਸਥਾਨ 'ਤੇ ਕਿਤੇ ਵੀ ਪਾਣੀ ਨਹੀਂ ਹੈ। ਜੇ ਹੁਣ ਚਲ ਕੇ ਅੱਗੇ ਜਾਉਗੇ ਤਾਂ ਤੀਹਾਂ ਕੋਹਾਂ ਤੇ ਜਾ ਕੇ ਜਲ ਹੱਥ ਲਗੇਗਾ॥ ੮॥

ਜੇ ਨਵਾਬ ਜੀ ਹਟਹੁ ਪਿਛਾਰੀ। ਤਉ ਦਸ ਕੋਸ ਪਾਇ ਹਹੁ ਬਾਰੀ'।
ਸੁਨਤਿ ਵਜੀਦ ਖਾਨ ਬਿਸਮਾਯੋ। ਚਿੰਤਾ ਬਸਿ ਹ੍ਵੈ ਬਹੁਰ ਅਲਾਯੋ॥੯॥

ਨਵਾਬ ਜੀ! ਜੇ ਪਿੱਛੇ ਹਟਦੇ ਹੋ ਤਾਂ ਦਸਾਂ ਕੋਹਾਂ 'ਤੇ ਜਾ ਕੇ ਪਾਣੀ ਪ੍ਰਾਪਤ ਕਰੋਗੇ।" ਵਜੀਦਾ ਇਹ ਸੁਣ ਕੇ ਬੜਾ ਹੈਰਾਨ ਹੋਇਆ। ਚਿੰਤਾ ਵਸ ਹੋ ਕੇ ਫਿਰ ਬੋਲਿਆ॥ ੯॥

'ਕਹਹੁ ਚੌਧਰੀ ! ਕਉਨ ਇਲਾਜਾ? ਬਿਨ ਜਲ ਕੇ ਬਡ ਹੋਤਿ ਕੁਕਾਜਾ।
ਤ੍ਰਿਖਾ ਦੀਹ ਤੇ ਮਰਹਿਂ ਤਿਸਾਏ। ਹਟਹਿਂ ਤਊ ਜਲ ਦੂਰ ਸਥਾਏ॥੧੦॥

"ਹੇ ਚੌਧਰੀ! ਦੱਸੋ ਇਸ ਦਾ ਫਿਰ ਕੀ ਇਲਾਜ ਹੈ? ਜਲ ਤੋਂ ਬਗੈਰ ਬੜਾ ਕੰਮ ਵਿਗੜਦਾ ਹੈ, ਵੱਡੀ ਪਿਆਸ ਕਰਕੇ ਤਿਹਾਏ ਮਰਨਗੇ। ਜੇ ਵਾਪਸ ਵੀ ਮੁੜੀਏ ਤਾਂ ਜਲ ਬਹੁਤ ਦੂਰ ਜਾ ਕੇ ਮਿਲਦਾ ਹੈ॥ ੧੦॥

ਆਗੇ ਨਹੀਂ ਸਮੀਪ ਬਤਾਵਤਿ। ਬਾਂਏ ਦਾਂਏ ਹਾਥ ਨ ਆਵਤ'।
ਤਬਹਿ ਕਪੂਰੇ ਮਸਲਤ ਕਹੀ। 'ਜਲ ਕੋ ਜਤਨ ਔਰ ਅਬਿ ਨਹੀਂ॥੧੧॥

ਅੱਗੇ ਕਿਤੇ ਨੇੜੇ ਨਹੀਂ ਦੱਸਦਾ ਹੈਂ, ਖੱਬੇ ਸੱਜੇ ਹੱਥ ਨਹੀਂ ਆਉਂਦਾ ਹੈ।" ਤਦ ਕਪੂਰੇ ਨੇ ਸਲਾਹ ਦਿੱਤੀ, "ਜਲ ਦਾ ਹੁਣ ਕੋਈ ਹੋਰ ਯਤਨ ਨਹੀਂ ਹੈ॥ ੧੧॥

ਹਯ ਬਡ ਚਾਲ ਕਿ ਪੋਈਏ ਪਾਵਹੁ। ਪਹੁੰਚਹੁ ਜਲ ਥਲ ਪ੍ਰਾਨ ਬਚਾਵਹੁ।
ਨਤੁ ਭਟ ਤੁਰੰਗ ਕਿਤਿਕ ਚਿਰ ਲਾਗੈ। ਮਗ ਮਹਿਂ ਗਮਨਤਿ ਪ੍ਰਾਨਨਿ ਤਜਾਗੈਂ॥੧੨॥

ਘੋੜੇ ਬਹੁਤ ਤੇਜ਼ ਚਾਲੇ ਜਾਂ ਪੋਈਏ ਪਾ ਕੇ ਜਲ ਵਾਲੇ ਸਥਾਨ 'ਤੇ ਪਹੁੰਚ ਕੇ ਆਪਣੇ ਪ੍ਰਾਣ ਬਚਾਵੋ। ਜੇ ਨਹੀਂ ਭਜਾਉਗੇ

ਤਾਂ ਸੂਰਮਿਆਂ ਅਤੇ ਘੋੜਿਆਂ ਨੂੰ ਪਹੁੰਚਣ ਵਿਚ ਬਹੁਤ ਦੇਰ ਲੱਗ ਜਾਵੇਗੀ, ਫਿਰ ਰਾਹ ਵਿਚ ਚਲਦੇ ਹੀ ਪ੍ਰਾਣ ਤਿਆਗ ਦੇਣਗੇ॥ ੧੨॥

ਸੂਕੇ ਓਠ ਬਦਨ ਕੁਮਲਾਵੈਂ। ਭਲੇ ਨਰਨ ਕੇ ਅਬਿ ਦਿਸ ਆਵੈਂ।
'ਸੁਨਹੁ ਕਪੂਰਾ! ਕਾਰਜ ਦੋਊ। ਕਰਨੇ ਹੁਤੇ ਅਬਹਿ ਹਮ ਸੋਊ॥ ੧੩॥

ਭਲੀ ਪ੍ਰਕਾਰ ਮਨੁੱਖਾਂ ਦੇ ਹੋਠ ਸੁੱਕੇ ਅਤੇ ਚਿਹਰੇ ਕੁਮਲਾਏ ਦਿੱਸਦੇ ਹਨ।" ਫਿਰ ਨਵਾਬ ਨੇ ਕਿਹਾ, "ਹੇ ਕਪੂਰੇ! ਸੁਣੋ, ਅਸੀਂ ਜਿਹੜੇ ਦੋ ਕਾਰਜ ਕਰਨੇ ਸੀ ਉਹ ਅਸੀਂ ਹੁਣ ਕਰ ਲਏ ਹਨ॥ ੧੩॥

ਭੇ ਮ੍ਰਿਤੁ ਜਥੇਦਾਰ ਸਰਦਾਰ। ਤਿਨ ਕੀ ਲੋਥਨ ਖੋਜਿ ਨਿਕਾਰ।
ਧਰਾ ਖਨਾਇ ਤਿਨਹੁਂ ਦਫਨਾਵਨ। ਸਕਲ ਜਿ ਮਰੇ, ਨ ਹੋਹਿਂ ਉਠਾਵਨ॥੧੪॥

ਜਿਹੜੇ ਜਥੇਦਾਰ ਸਰਦਾਰ ਮਾਰੇ ਗਏ ਹਨ, ਉਨ੍ਹਾਂ ਦੀਆਂ ਲੋਥਾਂ ਖੋਜ ਕੇ ਕੱਢ ਲਵੋ। ਕਬਰਾਂ ਪੁਟਵਾ ਕੇ ਉਨ੍ਹਾਂ ਨੂੰ ਦਫਨਾ ਦੇਵੋ। ਜਿਹੜੇ ਸਾਰੇ ਮਰੇ ਹਨ, ਉਹ ਇਸ ਸਮੇਂ ਨਹੀਂ ਚੁੱਕੇ ਜਾ ਸਕਦੇ॥ ੧੪॥

ਕਹਾਂ ਬਾਤ ਦਫਨਾਵਨਿ ਕੇਰੀ। ਇਕ ਦੁਇ ਦਿਨ ਕੀ ਸਭਿ ਕ੍ਰਿਤ ਹੇਰੀ।
ਦੁਤੀਏ ਗੁਰੂ ਲੋਥ ਕੋ ਖੋਜਨ। ਏ ਤੁਮ ਜਾਨਹੁ ਬਡੋ ਪ੍ਰਯੋਜਨ॥ ੧੫॥

ਉਨ੍ਹਾਂ ਨੂੰ ਦਫਨ ਕਰਨ ਦੀ ਗੱਲ ਤਾਂ ਕਿਤੇ ਰਹੀ। ਇਕ ਦੋ ਦਿਨ ਦੀ ਸਾਰੀ ਕ੍ਰਿਤ ਵੇਖੀ ਹੈ। ਦੂਸਰਾ ਗੁਰੂ ਜੀ ਦੀ ਲੋਥ ਨੂੰ ਲੱਭਣਾ ਹੈ, ਇਸ ਵੱਡੇ ਪ੍ਰਯੋਜਨ ਬਾਰੇ ਤੁਸੀਂ ਜਾਣਦੇ ਹੋ॥ ੧੫॥

ਕਰਿਬੇ ਹੁਤੇ ਕਹਾਂ ਅਬਿ ਕਰੈਂ। ਬਿਨਾ ਨੀਰ ਤੇ ਕਯੋਂਹੁਂ ਨ ਸਰੈਂ।
ਤਬਹਿ ਕਪੂਰੇ ਮਸਲਤ ਦੀਨੀ। 'ਇਹ ਕਯਾ ਬਾਤ ਰਿਦੇ ਤੁਮ ਚੀਨੀ॥੧੬॥

ਇਹ ਕਾਰਜ ਅਸੀਂ ਕਰਨਾ ਸੀ, ਪਰ ਹੁਣ ਕੀ ਕਰ ਸਕਦੇ ਹਾਂ, ਪਾਣੀ ਤੋਂ ਬਗੈਰ ਕਿਵੇਂ ਵੀ ਸਰਦਾ ਨਹੀਂ ਹੈ।" ਫਿਰ ਕਪੂਰੇ ਨੇ ਸਲਾਹ ਦਿੱਤੀ, "ਇਹ ਕਿਹੜੀ ਗੱਲ ਤੁਸੀਂ ਹਿਰਦੇ ਵਿਚ ਸਮਝੀ ਹੈ॥ ੧੬॥

ਜਿਨ ਕੋ ਕਬਰਨ ਮਹਿਂ ਦਫਨਾਹਹੁ। ਤਿਨ ਕੇ ਸੰਗ ਮਿਲਯੋ ਕਿਮ ਚਾਹਹੁ।
ਗਮਨਹਿਂ ਸ਼ੀਘ੍ਰ ਜਾਮ ਮਹਿਂ ਜੈ ਹੈਂ। ਪਹੁਂਚਿ ਨੀਰ ਕੋ ਪ੍ਰਾਪਤ ਹ੍ਵੈ ਹੈਂ॥੧੭॥

ਜਿਨ੍ਹਾਂ ਨੂੰ ਕਬਰਾਂ ਵਿਚ ਦਫਨ ਕਰਨ ਦਾ ਕੰਮ ਹੈ, ਉਨ੍ਹਾਂ ਨਾਲ ਜੀਉਂਦਿਆਂ ਨੂੰ ਕਿਉਂ ਮਾਰਨਾ ਚਾਹੁੰਦੇ ਹੋ। ਜੇ ਤੇਜ਼ ਚਲਣਗੇ ਤਾਂ ਇਕ ਪਹਿਰ ਵਿਚ ਪਹੁੰਚ ਜਾਣਗੇ। ਉਥੇ ਪੁੱਜ ਕੇ ਪਾਣੀ ਪ੍ਰਾਪਤ ਹੋ ਜਾਵੇਗਾ॥ ੧੭॥

ਸਭਿ ਦਿਨ ਮਹਿਂ ਦਫਨਾਇ ਨ ਜਾਇਂ। ਦੂਰ ਦੂਰ ਪਰ ਪ੍ਰਾਨ ਗਵਾਇ।
ਨਹਿਂ ਇਕ ਥਲ ਉਠਾਇ ਕਰਿ ਲੈ ਹੈਂ। ਇਹ ਤੋ ਕਾਜ ਨਹੀਂ ਬਨਿ ਐ ਹੈ॥੧੮॥

ਸਾਰੇ ਇਕ ਦਿਨ ਵਿਚ ਦਫਨਾਏ ਨਹੀਂ ਜਾਣਗੇ, ਕਈ ਫ਼ੌਜੀਆਂ ਨੇ ਬਹੁਤ ਦੂਰ-ਦੂਰ ਜਾ ਕੇ ਪ੍ਰਾਣ ਗਵਾਏ ਹਨ। ਇਕ ਸਥਾਨ ਤੇ ਉਠਾ ਕੇ ਲਿਆਉਣਾ ਮੁਸ਼ਕਲ ਹੈ, ਇਸ ਪ੍ਰਕਾਰ ਇਹ ਕਾਰਜ ਨਹੀਂ ਬਣੇਗਾ॥ ੧੮॥

ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਅਭਿਲਾਖਤਿ ਨਿਤ ਰਣ ਕੀ ਲੀਲਾ।
ਸੋ ਭੀ ਨਿਸ਼ਚੈ ਨਾਹਨ ਭਯੋ। ਕੈ ਰਣ ਹਤਯੋ, ਕਿ ਨਿਕਸੈ ਗਯੋ॥ ੧੯॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਹਠੀ ਹਨ, ਉਹ ਸਦਾ ਹੀ ਯੁੱਧ ਦੀ ਲੀਲ੍ਹਾ ਚਾਹੁੰਦੇ ਹਨ। ਉਨ੍ਹਾਂ ਬਾਰੇ ਵੀ ਕੋਈ ਨਿਸ਼ਚਾ ਨਹੀਂ ਹੋਇਆ ਹੈ ਕਿ ਯੁੱਧ ਵਿਚ ਮਾਰੇ ਗਏ ਹਨ ਜਾਂ ਨਿਕਲ ਗਏ ਹਨ॥ ੧੯॥

ਤਿਨ ਕੀ ਲੋਥ ਨ ਕਿਨਹੂੰ ਪਾਏ। ਦੂਰ ਦੂਰ ਲਗਿ ਇਤ ਉਤ ਧਾਏ।
ਅਪਨੇ ਪ੍ਰਾਨ ਬਚਾਵਨ ਕਰੀਅਹਿ। ਹਟਹੁ ਪਿਛਾਰੀ ਮਗ ਚਲਿ ਪਰੀਯਹਿ॥੨੦॥

ਉਨ੍ਹਾਂ ਦੀ ਲੋਥ ਵੀ ਕਿਸੇ ਨੇ ਨਹੀਂ ਪਾਈ ਹੈ, ਦੂਰ-ਦੂਰ ਤਕ ਏਧਰ ਓਧਰ ਦੌੜੇ ਹਨ। ਤੁਸੀਂ ਹੁਣ ਆਪਣੇ ਪ੍ਰਾਣ ਬਚਾਵੋ, ਪਿੱਛੇ ਹੱਟ ਕੇ ਰਾਹੇ-ਰਾਹ ਚਲ ਪਵੋ॥ ੨੦॥

ਜੇਤਿਕ ਸ਼ਸਤ੍ਰ ਉਤਾਰੇ ਜਾਹਿਂ। ਕਹੁ ਆਇਸੁ ਲੇ ਲਸ਼ਕਰ ਤਾਂਹਿ।
ਗਾਡੇ ਬੀਚ ਕਹਾਂ ਹੁਇ ਜਾਇ। ਪਰੇ ਧਰਾ ਪਰ ਹੀ ਸਮੁਦਾਇ॥ ੨੧॥

ਜਿੰਨੇ ਸ਼ਸਤਰ ਉਤਾਰੇ ਜਾਣ, ਉਸ ਬਾਰੇ ਲਸ਼ਕਰ ਨੂੰ ਆਗਿਆ ਦੇਵੋ, ਜੋ ਉਨ੍ਹਾਂ ਸ਼ਸਤਰਾਂ ਨੂੰ ਲੈ ਲੈਣ। ਧਰਤੀ ਵਿਚ ਗੱਡਿਆਂ ਕੀ ਹੋ ਜਾਵੇਗਾ। ਸਾਰੇ ਧਰਤੀ ਉੱਪਰ ਹੀ ਪਏ ਹਨ॥ ੨੧॥

ਫਤੇ ਮਹਾਨ ਲੀਨ ਜਸੁਵਾਰੀ। ਭਲੋ ਹਟਨ ਹੀ ਲਖਹੁ ਪਿਛਾਰੀ।
ਮਰੇ ਸੁ ਮਰੇ ਭਿਸਤ ਕੋ ਗਏ। ਨਿਮਕ ਹਲਾਲ ਪ੍ਰਾਨ ਰਨ ਦਏ॥ ੨੨॥

ਤੁਸੀਂ ਜੱਸ ਵਾਲੀ ਮਹਾਨ ਫ਼ਤਹਿ ਪ੍ਰਾਪਤ ਕੀਤੀ ਹੈ, ਹੁਣ ਪਿੱਛੇ ਹੱਟਣ ਵਿਚ ਹੀ ਆਪਣਾ ਭਲਾ ਸਮਝੋ। ਜਿਹੜੇ ਮਰੇ ਹਨ, ਉਹ ਮਰ ਕੇ ਬਹਿਸ਼ਤਾਂ ਵਿਚ ਗਏ ਹਨ, ਉਨ੍ਹਾਂ ਨਿਮਕ ਹਲਾਲ ਕਰਕੇ ਆਪਣੇ ਪ੍ਰਾਣ ਰਣਖੇਤਰ ਵਿਚ ਦਿੱਤੇ ਹਨ॥ ੨੨॥

ਜੇ ਨਬਾਬ ਜੀ ! ਇਮ ਨ ਕਰੈਹੈਂ। ਬਿਨ ਮਾਰੇ ਸਭਿ ਹਮ ਮਰਿ ਜੈ ਹੈਂ।
ਸੁਨਤਿ ਵਜ਼ੀਦ ਖਾਨ ਮਨ ਮਾਨੀ। 'ਸਾਚ ਕਪੂਰੇ ਬਾਤ ਬਖਾਨੀ॥ ੨੩॥

ਜੇ ਨਵਾਬ ਜੀ ! ਇਸ ਪ੍ਰਕਾਰ ਨਹੀਂ ਕਰਦੇ ਹਾਂ, ਬਿਨ ਮਾਰਿਆਂ ਹੀ ਸਾਰੇ ਮਰ ਜਾਵਾਂਗੇ।" ਇਹ ਸੁਣ ਕੇ ਵਜ਼ੀਦੇ ਨੇ ਗੱਲ ਮੰਨ ਲਈ ਤੇ ਕਿਹਾ, "ਕਪੂਰੇ ਨੇ ਸੱਚੀ ਗੱਲ ਕਹੀ ਹੈ॥ ੨੩॥

ਅਹੈ ਚੋਧਰੀ ਦਾਨਸ਼ਵੰਦਾ। ਹਮਰੇ ਹਿਤ ਕੀ ਨੀਤਿ ਭਨੰਦਾ।
ਇਮ ਕਹਿ ਬਾਗ ਤੁਰੰਗਮ ਫੇਰੀ। ਚਲਜੋ ਸ਼ੀਘ੍ਰ ਕਰਿ ਸਭਿ ਕੋ ਪ੍ਰੇਰੀ॥ ੨੪॥

ਇਹ ਚੋਧਰੀ ਬੜਾ ਅਕਲਮੰਦ ਹੈ, ਸਾਡੇ ਹਿਤ ਦੀ ਸਦਾ ਗੱਲ ਕਰਦਾ ਹੈ।" ਇਸ ਪ੍ਰਕਾਰ ਕਹਿ ਕੇ ਘੋੜੇ ਦੀ ਵਾਗ ਮੋੜੀ ਤੇ ਛੇਤੀ ਚਲੋ ਕਹਿ ਕੇ ਸਾਰਿਆਂ ਨੂੰ ਪ੍ਰੇਰਿਆ॥ ੨੪॥

ਮ੍ਰਿਤੁ ਤੌ ਤਜੇ ਹੁਤੇ ਤਿਸ ਠੋਰਾ। ਘਾਯਲ ਕਹੁ ਭੀ ਛੋਰਤਿ ਦੋਰਾ।
ਬਿਨ ਜਲ ਤੇ ਤਰਫਤਿ ਬਹੁ ਮਰੇ। ਬਿਨ ਸਮਰਥ ਰਣ ਥਲ ਜੇ ਪਰੇ॥ ੨੫॥

ਮੁਰਦੇ ਤਾਂ ਉਸ ਥਾਂ ਛੱਡ ਹੀ ਦਿੱਤੇ ਸਨ, ਪਰ ਜ਼ਖਮੀਆਂ ਨੂੰ ਵੀ ਉਸ ਥਾਂ ਛੱਡ ਕੇ ਦੌੜ ਗਏ। ਜਲ ਤੋਂ ਬਗੈਰ ਤੜਫ ਕੇ ਹੀ ਬਹੁਤ ਮਰ ਗਏ, ਜਿਹੜੇ ਸਮਰਥਾ ਤੋਂ ਬਗੈਰ ਰਣਖੇਤਰ ਵਿਚ ਪਏ ਸਨ॥ ੨੫॥

ਹਰਖਤਿ ਰਿਦੇ ਬਿਚਾਰਤਿ ਜਾਤਾ। 'ਅਬਿ ਕੇ ਸ੍ਰੀ ਗੁਰ ਕੀਨਸਿ ਘਾਤਾ।
ਜਿਨ ਲਾਖਹੁਂ ਲਸ਼ਕਰ ਚਢਵਾਏ। ਹਤਿ ਜਹਾਨ ਮਹਿਂ ਸ਼ੋਕ ਉਪਾਏ॥ ੨੬॥

ਵਜੀਦਾ ਦਿਲ ਵਿਚ ਪ੍ਰਸੰਨ ਹੋ ਕੇ ਕਪੂਰੇ ਨਾਲ ਗੱਲਾਂ ਕਰਦਾ ਜਾਂਦਾ ਸੀ, "ਹੁਣ ਸ੍ਰੀ ਗੁਰੂ ਜੀ ਨੂੰ ਮਾਰ ਦਿੱਤਾ ਹੈ ਜਿਸ ਨੇ ਬਾਦਸ਼ਾਹ ਦੇ ਲੱਖਾਂ ਦੀ ਗਿਣਤੀ ਵਿਚ ਚੜ੍ਹਾਏ ਹੋਏ ਲਸ਼ਕਰ ਨੂੰ ਮਾਰ ਦਿੱਤਾ ਸੀ ਤੇ ਸਾਰੇ ਜਹਾਨ ਵਿਚ ਸੋਗ ਫੈਲਾ ਦਿੱਤਾ ਸੀ॥ ੨੬॥

ਚਿਰੰਕਾਲ ਲਗਿ ਰਾਖਿ ਲਰਾਈ। ਮਾਰਨ ਮਰਨ ਕੀਨਿ ਸਮੁਦਾਈ।
ਪੂਰਬ ਲਰਜੋ ਪਹਾਰਨ ਮਹਿਂ ਜਬਿ। ਘਾਤ ਹੋਨਿ ਤੇ ਲਰਤਿ ਬਚਜੋ ਤਬਿ॥੨੭॥

ਬੜੇ ਲੰਮੇ ਸਮੇਂ ਤੱਕ ਲੜਾਈ ਜਾਰੀ ਰੱਖੀ ਹੈ ਤੇ ਸਾਰਿਆਂ ਨੇ ਮਰਨ ਮਾਰਨ ਕੀਤਾ ਹੈ। ਪਹਿਲਾਂ ਜਦ ਪਹਾੜਾਂ ਵਿਚ ਯੁੱਧ ਕੀਤਾ ਸੀ ਤਾਂ ਲੜਦਾ ਹੋਇਆ ਘਾਤ ਹੋਣ ਤੋਂ ਬਚ ਗਿਆ ਸੀ॥ ੨੭॥

ਅਰੁ ਅਰਿ ਰਹਜੋ ਜੰਗ ਮੁਖ ਮੋਰ। ਗਯੋ ਸਭਿਨਿ ਤੇ ਕਰਿ ਕਰਿ ਜੋਰ।
ਸੁਨਹੁ ਕਪੂਰਾ ਆਨੰਦਪੁਰਿ ਮੈਂ। ਰਚਜੋ ਜੰਗ ਕਰਿ ਆਨੰਦ ਉਰ ਮੈਂ॥੨੮॥

ਯੁੱਧ ਵਿਚ ਅੜਿਆ ਰਿਹਾ ਤੇ ਜੰਗ ਦਾ ਮੂੰਹ ਮੋੜ ਦਿੱਤਾ ਤੇ ਸਾਰਿਆਂ ਉੱਪਰ ਜ਼ੋਰ ਕਰ-ਕਰ ਕੇ ਨਿਕਲ ਗਿਆ। ਹੇ ਕਪੂਰੇ ! ਸੁਣੋ, ਅਨੰਦਪੁਰ ਵਿਚ ਗੁਰੂ ਜੀ ਨੇ ਹਿਰਦੇ ਵਿਚ ਆਨੰਦ ਧਾਰ ਕੇ ਜੰਗ ਦੀ ਰਚਨਾ ਕੀਤੀ ਸੀ॥ ੨੮॥

ਬਾਈ ਧਾਰ ਰਹੇ ਝਖ ਮਾਰਿ। ਸਕਲ ਹਰਾਏ ਜੰਗ ਮਝਾਰ।
ਆਦਿ ਕੇਸਰੀ ਚੰਦ ਗਿਰੇਸ਼। ਮਾਰੇ ਬਲ ਕਰਿ ਜੁੱਧ ਵਿਸ਼ੇਸ਼॥ ੨੯॥

ਬਾਈ ਧਾਰ ਰਾਜੇ ਝੱਖ ਮਾਰਦੇ ਰਹੇ ਤੇ ਸਾਰਿਆਂ ਨੂੰ ਜੰਗ ਵਿਚ ਹਰਾਇਆ। ਕੇਸਰੀ ਚੰਦ ਆਦਿ ਪਹਾੜੀ ਰਾਜੇ ਬਲਵਾਨ ਯੁੱਧ ਕਰਕੇ ਵਿਸ਼ੇਸ਼ ਤੌਰ ਤੇ ਮਾਰ ਲਏ॥ ੨੯॥

ਸੋ ਇਸ ਸਮੇਂ ਮਾਰ ਕਰਿ ਲੀਨਿ। ਫਤੇ ਖੁਦਾਇ ਹਮਹਿ ਕੋ ਦੀਨਿ।
ਭੀਮਚੰਦ ਤੇ ਆਦਿ ਪਹਾਰੀ। ਜਿਸਤੇ ਕਛੋ ਤ੍ਰਾਸ ਕੋ ਧਾਰੀ॥ ੩੦॥

ਉਸ ਨੂੰ ਇਸ ਸਮੇਂ ਮੈਂ ਮਾਰ ਲਿਆ ਹੈ। ਖ਼ੁਦਾ ਨੇ ਸਾਨੂੰ ਫ਼ਤਹਿ ਦਿੱਤੀ ਹੈ। ਭੀਮ ਚੰਦ ਆਦਿ ਪਹਾੜੀ ਰਾਜੇ ਜਿਸ ਪਾਸੋਂ ਬਹੁਤ ਡਰ ਧਾਰਨ ਕਰਦੇ ਸਨ॥ ੩੦॥

ਕਰੀ ਪੁਕਾਰ ਸ਼ਾਹੁ ਕੇ ਆਗੇ। ਤੀਨ ਲਾਖ ਦਲ ਲੇ ਕਰਿ ਭਾਗੇ।
ਹਜ਼ਰਤ ਸੁਨਤਿ ਕੋਪ ਕੋ ਧਾਰਾ। ਜਿਤ ਕਿਤ ਤੇ ਪਠਿ ਲਸ਼ਕਰ ਭਾਰਾ॥੩੧॥

ਉਨ੍ਹਾਂ ਪਹਾੜੀ ਰਾਜਿਆਂ ਨੇ ਬਾਦਸ਼ਾਹ ਦੇ ਅੱਗੇ ਪੁਕਾਰ ਕੀਤੀ, ਤਿੰਨ ਲੱਖ ਦਲ ਲੈ ਕੇ ਭੱਜ ਗਏ। ਬਾਦਸ਼ਾਹ ਨੇ ਸੁਣ ਕੇ ਗੁੱਸਾ ਧਾਰਨ ਕੀਤਾ ਤੇ ਜਿੱਥੋਂ ਕਿੱਥੋਂ ਭਾਰੀ ਲਸ਼ਕਰ ਇਕੱਠਾ ਕੀਤਾ॥ ੩੧॥

ਜ਼ਬਰਦਸਤ ਹਮ ਸਹਤਿ ਚਢਾਏ। ਕਈ ਲਾਖ ਸੈਨਾ ਉਮਡਾਏ।
ਆਨੰਦਪੁਰਿ ਕੋ ਚਹੁੰਦਿਸ਼ਿ ਘੇਰਾ। ਨਿਕਸਿ ਵਹਿਰ ਕਰਿ ਜੰਗ ਬਡੇਰਾ॥੩੨॥

ਲਾਹੌਰ ਦੇ ਸੂਬੇ ਜ਼ਬਰਦਸਤ ਖ਼ਾਨ ਨੂੰ ਮੇਰੇ ਨਾਲ ਚੜ੍ਹਾਈ ਕਰਵਾਈ। ਕਈ ਲੱਖ ਸੈਨਾ ਉਮਡ ਕੇ ਚੜ੍ਹਾਈ ਕਰਕੇ ਗਈ। ਆਨੰਦਪੁਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ, ਪਰ ਬਾਹਰ ਨਿਕਲ ਕੇ ਗੁਰੂ ਜੀ ਨੇ ਵੱਡਾ ਜੰਗ ਕੀਤਾ॥ ੩੨॥

ਨਹੀਂ ਸ਼ਿਕਸਤ ਕਿਤਹੁਂ ਤੇ ਖਾਈ। ਬਾਨ ਪ੍ਰਹਾਰੇ ਕੋਸ ਅਢਾਈ।
ਅਸ ਗੁਰ ਬਡੋ ਬਹਾਦਰ ਚੀਨਿ। ਸੋ ਅਬਿ ਮਾਰਿ ਫਤੇ ਹਮ ਲੀਨਿ॥ ੩੩॥

ਕਿਸੇ ਪਾਸੋਂ ਵੀ ਉਨ੍ਹਾਂ ਹਾਰ ਨਹੀਂ ਖਾਧੀ ਹੈ। ਉਨ੍ਹਾਂ ਦੇ ਤੀਰ ਢਾਈ ਕੋਹ ਤਕ ਜਾਂਦੇ ਹਨ। ਐਸਾ ਗੁਰੂ ਵੱਡਾ ਬਹਾਦਰ ਵੇਖਿਆ ਹੈ, ਉਸ ਨੂੰ ਮਾਰ ਕੇ ਹੁਣ ਮੈਂ ਫ਼ਤਹਿ ਪ੍ਰਾਪਤ ਕੀਤੀ ਹੈ॥ ੩੩॥

ਨਿਕਸਜੋ ਪੁਨ ਅਨੰਦਪੁਰਿ ਛੋਰਾ। ਆਵਨ ਲਾਗਿ ਸੁ ਜੰਗਲ ਓਰਾ।
ਸਗਰੋ ਲਸ਼ਕਰ ਪਰਜੋ ਪਿਛਾਰੀ। ਤੁਰਕਾਨਾ ਹਤਿ ਪੰਥ ਮਝਾਰੀ॥ ੩੪॥

ਫਿਰ ਅਨੰਦਪੁਰ ਛੱਡ ਕੇ ਨਿਕਲੇ ਤੇ ਮਾਲਵੇ ਦੇਸ਼ ਵੱਲ ਆਉਣ ਲੱਗੇ। ਸਾਡਾ ਸਾਰਾ ਲਸ਼ਕਰ ਪਿੱਛੇ ਪੈ ਗਿਆ, ਰਾਹ ਦੇ ਵਿਚ ਵੀ ਬਹੁਤ ਤੁਰਕਾਂ ਨੂੰ ਮਾਰਿਆ॥ ੩੪॥

ਰੋਪਰ ਲਗਿ ਬਚਾਇ ਸਭਿ ਲਜਾਏ। ਆਗੇ ਕਿਤਿਕ ਕੋਸ ਉਲੰਘਾਏ।
ਤਹਿਂ ਦਸ ਲਾਖ ਸੁਭਟ ਪਿਖਿ ਲਯੋ। ਆਗੇ ਪਾਛੇ ਥਲ ਰੁਕਿ ਗਯੋ॥ ੩੫॥

ਰੋਪੜ ਤਕ ਸਭ ਬਚਾ ਕੇ ਲੈ ਆਏ ਤੇ ਅੱਗੇ ਕਈ ਕੋਹਾਂ ਤਕ ਲੰਘ ਕੇ ਆ ਗਏ। ਉਥੇ ਦਸ ਲੱਖ ਸੂਰਬੀਰ ਵੇਖੇ, ਜਿਨ੍ਹਾਂ ਅੱਗੇ ਪਿੱਛੇ ਸਾਰਾ ਸਥਾਨ ਮੱਲ ਲਿਆ॥ ੩੫॥

ਨਿਕਟ ਬਿਲੋਕਿ ਦੁਰਗ ਚਮਕੌਰ। ਭਯੋ ਮਵਾਸੀ ਦ੍ਰਿੜ੍ਹ ਤਿਸ ਠੌਰ।
ਸੋ ਗੁਰ ਅਬਹਿ ਮਾਰ ਕਰਿ ਲੀਨਿ। ਫਤੇ ਖੁਦਾਇ ਹਮਹੁਂ ਕੋ ਦੀਨਿ॥ ੩੬॥

ਨੇੜੇ ਚਮਕੌਰ ਦਾ ਕਿਲ੍ਹਾ ਵੇਖ ਕੇ, ਉਸ ਥਾਂ ਜਾ ਕੇ ਦ੍ਰਿੜ੍ਹਤਾ ਨਾਲ ਪਨਾਹ ਲੈ ਲਈ। ਉਸ ਗੁਰੂ ਜੀ ਨੂੰ ਅਸੀਂ ਹੁਣ ਮਾਰ ਲਿਆ ਹੈ। ਖ਼ੁਦਾ ਨੇ ਸਾਨੂੰ ਫ਼ਤਹਿ ਦਿੱਤੀ ਹੈ॥ ੩੬॥

ਪੁਨ ਚਮਕੌਰ ਘਨੋ ਰਣ ਘਾਲਾ। ਮਾਰੇ ਤੀਖਨ ਤੀਰ ਕਰਾਲਾ।
ਸੁਨਹੁ ਚੌਧਰੀ! ਲੋਥਨ ਢੇਰ। ਮਾਰਿ ਕਰੇ ਗੜ੍ਹ ਕੇ ਚਹੁਂ ਫੇਰ॥ ੩੭॥

ਫਿਰ ਚਮਕੌਰ ਵਿਚ ਵੱਡਾ ਯੁੱਧ ਕੀਤਾ, ਵਿਕਰਾਲ ਤਿੱਖੇ ਤੀਰ ਮਾਰਦੇ ਸਨ। ਹੇ ਚੌਧਰੀ! ਸੁਣੋ ਲੋਥਾਂ ਦਾ ਉਥੇ ਢੇਰ ਲੱਗ ਗਿਆ। ਕਿਲ੍ਹੇ ਦੇ ਚਾਰ-ਚੁਫੇਰੇ ਤੀਰ ਮਾਰਦੇ ਸਨ॥ ੩੭॥

ਛੁਧਾਵੰਤਿ ਚਾਲੀ ਨਰ ਸੰਗ। ਕਈ ਲਾਖ ਸੋਂ ਕੀਨਸਿ ਜੰਗ।
ਲਸ਼ਕਰ ਕੇ ਨਰ ਮੂਠੀ ਖਾਕ। ਭਰਿ ਇਕ ਮਾਰਹਿਂ ਗੜ੍ਹ ਕੋ ਤਾਕਿ॥ ੩੮॥

ਉਨ੍ਹਾਂ ਦੇ ਨਾਲ ਭੁੱਖਣ-ਭਾਣੇ ਚਾਲ੍ਹੀ ਸਿੰਘ ਸਨ, ਉਨ੍ਹਾਂ ਨੇ ਕਈ ਲੱਖਾਂ ਨਾਲ ਜੰਗ ਕੀਤਾ। ਲਸ਼ਕਰ ਦੇ ਮਨੁੱਖ ਇਕ-ਇਕ ਮੁੱਠੀ ਖਾਕ ਦੀ ਜੇ ਭਰ-ਭਰ ਕੇ ਤੱਕ ਕੇ ਕਿਲ੍ਹੇ ਨੂੰ ਮਾਰਦੇ॥ ੩੮॥

ਤੌ ਪੂਰਣ ਕਰਿ ਦੇਤਿ ਦਬਾਇ। ਕਿਸ ਮਹਿਂ ਸ਼ਕਤਿ ਜਿ ਰਹਿ ਅਟਕਾਇ।
ਨਿਕਟ ਨ ਕੋਈ ਪਹੁੰਚਨ ਦੀਨਿ। ਅਤਿ ਸ਼ੈ ਡਰ ਸਭਿ ਕੇ ਮਨ ਕੀਨਿ॥ ੩੯॥

ਤਾਂ ਕਿਲ੍ਹੇ ਨੂੰ ਪੂਰ ਕੇ ਦਬਾ ਦਿੰਦੇ, ਫਿਰ ਕਿਸ ਵਿਚ ਸ਼ਕਤੀ ਸੀ ਜੋ ਅਟਕਿਆ ਰਹਿ ਜਾਂਦਾ। ਪਰ ਕਿਲ੍ਹੇ ਦੇ ਪਾਸ ਕਿਸੇ ਨੂੰ ਪਹੁੰਚਣ ਨਹੀਂ ਸੀ ਦਿੰਦੇ, ਸਾਰਿਆਂ ਦੇ ਮਨਾਂ ਵਿਚ ਵੱਡਾ ਡਰ ਬਹਿ ਗਿਆ ਸੀ॥ ੩੯॥

ਖ੍ਵਾਜ ਮਰਦ ਸੇ ਡਰਿ ਡਰਿ ਦਬਕੇ। ਰਹੇ ਦੂਰ ਉਰ ਤ੍ਰਾਸਤਿ ਸਭਿ ਕੇ।
ਅਤਿਸ਼ੈ ਸੰਘਨ ਘੇਰਾ ਪਾਯੋ। ਨਿਕਸਿ ਗਯੋ ਨਹਿਂ ਕਿਨ ਦਰਸਾਯੋ॥ ੪੦॥

ਖ੍ਵਾਜਾ ਮਰਦੂਦ ਡਰਦਾ ਮਾਰਾ ਦਬਕਿਆ ਰਿਹਾ। ਸਾਰੇ ਡਰ ਕੇ ਦੂਰ-ਦੂਰ ਹੀ ਰਹਿੰਦੇ ਸਨ। ਤੁਰਕਾਂ ਬੜਾ ਸੰਘਣਾ ਘੇਰਾ ਪਾਇਆ ਸੀ। ਪਰ ਗੁਰੂ ਜੀ ਨਿਕਲ ਗਏ, ਕਿਸੇ ਨੂੰ ਵੀ ਦਿਖਾਈ ਨਾ ਦਿੱਤੇ॥ ੪੦॥

ਉਚ ਕੋ ਪੀਰ ਬੇਖ ਤਨ ਧਾਰਾ। ਸਨੇ ਸਨੇ ਮਗ ਬੀਚ ਪਧਾਰਾ।
ਅਨਿਕ ਜਤਨ ਤੇ ਪਾਇ ਨ ਜੋਊ। ਰਣ ਕਰਿ ਮਾਰਿ ਲੀਨਿ ਹਮ ਸੋਊ॥ ੪੧॥

ਉੱਚ ਦੇ ਪੀਰ ਦਾ ਭੇਸ ਧਾਰਨ ਕੀਤਾ ਤੇ ਹੌਲੀ-ਹੌਲੀ ਰਾਹ ਵਿਚ ਚਲਦੇ ਗਏ। ਅਨੇਕ ਯਤਨਾਂ ਨਾਲ ਜਿਹੜੇ ਹੱਥ ਨਾ ਆਏ ਉਸ ਨੂੰ ਮੈਂ ਯੁੱਧ ਕਰਕੇ ਮਾਰ ਲਿਆ ਹੈ॥ ੪੧॥

ਜਿਸ ਕੋ ਹਜ਼ਰਤ ਨਿਸ ਦਿਨ ਕਾਂਖ਼ਜੋ। ਗਹਿ ਲੀਜੈ ਕੈ ਮਾਰਨ ਭਾਖ਼ਜੋ।
ਚਿੰਤਾ ਬਸਿ ਹੁਇ ਲਿਖਿ ਬਹੁ ਬਾਰੀ। ਫਤੇ ਖ਼ੁਦਾਇ ਦੀਨਿ ਲਿਯ ਮਾਰੀ' ॥੪੨॥

ਜਿਸ ਨੂੰ ਪ੍ਰਾਪਤ ਕਰਨਾ ਬਾਦਸ਼ਾਹ ਦਿਨ ਰਾਤ ਚਾਹੁੰਦਾ ਸੀ ਤੇ ਕਹਿੰਦਾ ਸੀ, ਫੜ ਲਵੋ ਜਾਂ ਮਾਰ ਦੇਵੋ। ਚਿੰਤਾ ਵੱਸ ਹੋ ਕੇ ਬਾਦਸ਼ਾਹ ਨੇ ਬਹੁਤ ਵਾਰ ਲਿਖਿਆ ਸੀ। ਮੈਨੂੰ ਖ਼ੁਦਾ ਨੇ ਹੁਣ ਫ਼ਤਹਿ ਦਿੱਤੀ ਹੈ ਤੇ ਮੈਂ ਉਨ੍ਹਾਂ ਨੂੰ ਮਾਰ ਲਿਆ ਹੈ' ॥ ੪੨ ॥

ਇੱਤਜਾਦਿਕ ਹਰਖਤਿ ਬਹੁ ਬਾਤ। ਕਰਤਿ ਕਪੂਰੇ ਸੋਂ ਮਗ ਜਾਤਿ।
ਜਲ ਸਥਾਨ ਪਿਖਿ ਘਾਲਜੋ ਡੇਰਾ। ਬਿਨ ਜਾਨੇ ਜੜ ਮੁਦਤਿ ਬਡੇਰਾ ॥੪੩॥

ਇਸ ਪ੍ਰਕਾਰ ਪ੍ਰਸੰਨ ਹੋ ਕੇ ਕਪੂਰੇ ਨਾਲ ਬਹੁਤ ਗੱਲਾਂ ਕਰਦਾ ਰਾਹੇ ਰਾਹ ਜਾ ਰਿਹਾ ਸੀ। ਫਿਰ ਜਲ ਸਥਾਨ ਵੇਖ ਕੇ ਡੇਰਾ ਲਾ ਲਿਆ। ਮੂਰਖ ਸਚਾਈ ਜਾਣਨ ਤੋਂ ਬਗੈਰ ਹੀ ਬਹੁਤ ਖੁਸ਼ ਹੋ ਰਿਹਾ ਸੀ॥ ੪੩ ॥

*ਪਹਿਲੇ ਐਨ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥*

# *ਅਧਿਆਇ ਬਾਰ੍ਹਵਾਂ*

*ਗੁਰੂ ਜੀ ਦੀਆਂ ਬਖਸ਼ਿਸ਼ਾਂ, ਮਹਾਂ ਸਿੰਘ ਨੂੰ ਵਰ*

ਦੋਹਰਾ- ਤੁਰਕ ਸ਼ੀਘ੍ਰਤਾ ਕਰਿ ਮੁਰੇ ਮੁਖ ਕਰਿ ਪੂਰਬ ਓਰ।
ਟਿੱਬੀ ਤੇ ਸਤਿਗੁਰ ਤੁਰਤ ਪਹੁਂਚਤਿ ਭੇ ਰਣ ਠੌਰ॥ ੧॥

ਤੁਰਕ ਫਿਰ ਬੜੀ ਛੇਤੀ ਪੂਰਬ ਵਾਲੇ ਪਾਸੇ ਮੂੰਹ ਕਰਕੇ ਮੁੜ ਪਏ। ਟਿੱਬੀ ਉੱਪਰ ਤੋਂ ਸਤਿਗੁਰੂ ਜੀ ਉੱਤਰ ਕੇ ਰਣਖੇਤਰ ਵਾਲੀ ਥਾਂ ਪਹੁੰਚ ਗਏ॥ ੧ ॥

ਚੌਪਈ- ਕਰਤਿ ਸ਼ੀਘ੍ਰਤਾ ਸਰ ਪਰ ਆਏ। ਉਤਰੇ ਤਜਿ ਤੁਰੰਗ ਸਹਿਸਾਏ।
ਜੇ ਜੇ ਮਰੇ ਦੇਖਿ ਤਿਨ ਮੁਖ ਕੋ। ਬਖਸ਼ਨ ਲਗੇ ਲੋਕ ਜੁਗ ਸੁਖ ਕੋ॥੨॥

ਗੁਰੂ ਜੀ ਸ਼ੀਘਰਤਾ ਕਰਕੇ ਢਾਬ ਵਾਲੇ ਸਥਾਨ 'ਤੇ ਪਹੁੰਚ ਗਏ। ਤੁਰਤ ਘੋੜੇ ਤੋਂ ਉੱਤਰ ਕੇ ਉਸ ਨੂੰ ਛੱਡ ਕੇ ਆ ਗਏ। ਜਿਹੜੇ-ਜਿਹੜੇ ਮਰੇ ਸਨ ਉਨ੍ਹਾਂ ਦਿਆਂ ਮੁਖੜਿਆਂ ਨੂੰ ਵੇਖ ਕੇ ਉਨ੍ਹਾਂ ਨੂੰ ਦੋਵਾਂ ਲੋਕਾਂ ਦੇ ਸੁਖ ਬਖਸ਼ਣ ਲੱਗੇ॥ ੨ ॥

'ਬੀਸ ਹਜ਼ਾਰੀ' 'ਤੀਸ ਹਜ਼ਾਰੀ'। 'ਇਸ ਕੀ ਹੁਇ ਲਾਖਨ ਸਰਦਾਰੀ'।
'ਇਤਨ ਕਦਮ ਅੱਗ੍ਰ ਚਲਿ ਏਹ। ਤਿਤੀ ਅਧਿਕਤਾ ਸੁਖ ਕੀ ਲੇਹਿ' ॥੩॥

''ਵੀਹ ਹਜ਼ਾਰੀ'', ''ਤੀਹ ਹਜ਼ਾਰੀ'', ਇਸ ਦੀ ਲੱਖਾਂ ਉੱਪਰ ਸਰਦਾਰੀ ਹੋਵੇਗੀ। ਜਿੰਨੇ ਕਦਮ ਇਹ ਅੱਗੇ ਚਲ ਕੇ ਆਇਆ ਓਨਾ ਹੀ ਵੱਧ ਇਹ ਸੁੱਖ ਪ੍ਰਾਪਤ ਕਰੇਗਾ'' ॥ ੩ ॥

'ਹੋਇ ਪ੍ਰਿਥੀਪਤਿ ਭੋਗਹਿ ਰਾਜੂ।' ਬਿਲਸਹਿ ਐਸ਼੍ਵਰਜ ਪੁੰਜ ਸਮਾਜੂ'।
'ਜਸ ਜਸ ਕਰਿ ਪੁਰਸ਼ਾਰਥ ਮਰੇ। ਤਸ ਤਸ ਬਡ ਪ੍ਰਤਾਪ ਕੋ ਧਰੇ॥੪॥

''ਇਹ ਧਰਤੀ ਦਾ ਮਾਲਕ ਹੋਵੇਗਾ ਤੇ ਰਾਜ ਭੋਗੇਗਾ।'' ''ਇਸ ਪਾਸ ਬਹੁਤ ਧਨ ਦੌਲਤ, ਸਾਜ਼ੋ-ਸਾਮਾਨ ਅਤੇ ਸਮਾਜ ਹੋਵੇਗਾ।'' ਜਿਸ ਪ੍ਰਕਾਰ ਵੀ ਉੱਦਮ ਕਰ-ਕਰ ਕੇ ਮਰੇ ਸਨ, ਵੈਸਾ-ਵੈਸਾ ਵੱਡਾ ਪ੍ਰਤਾਪ ਧਾਰਨ ਕਰਦੇ ਸਨ॥ ੪ ॥

ਪੁਨ ਪ੍ਰਲੋਕ ਸੁਖ ਬਿਲਸਹਿਂ ਜਾਈ। ਮਮ ਹਿਤ ਪ੍ਰਾਨ ਦੀਨੇ ਇਨ ਆਈ'।
ਕਰਹਿਂ ਪ੍ਰੇਮ ਬੈਠਹਿਂ ਤਿਨ ਤੀਰ। ਕਹੈਂ ਪ੍ਰਸੰਸਾ 'ਇਹ ਮਮ ਬੀਰ' ॥ ੫ ॥

ਫਿਰ ਪ੍ਰਲੋਕ ਦਾ ਸੁਖ ਬਖਸ਼ਦੇ ਸਨ। ਮੇਰੇ ਵਾਸਤੇ ਇਸ ਨੇ ਆ ਕੇ ਪ੍ਰਾਣ ਦਿੱਤੇ ਹਨ।'' ਉਨ੍ਹਾਂ ਪਾਸ ਬੈਠ ਕੇ ਪ੍ਰੇਮ ਕਰਦੇ ਸਨ ਤੇ ਪ੍ਰਸੰਸਾ ਕਰਕੇ ਕਹਿੰਦੇ ਸਨ, ''ਇਹ ਮੇਰਾ ਸੂਰਬੀਰ ਹੈ'' ॥ ੫ ॥

ਗਹਿ ਕਰ ਮਹਿਂ ਜਾਮੇ ਕੋ ਪਾਲਾ। ਪੋਂਛਹਿਂ ਮੁਖ ਧਰਿ ਪ੍ਰੀਤ ਬਿਸਾਲਾ।
ਜਥਾ ਪੁੱਤ੍ਰ ਕੋ ਪਿਤਾ ਨਿਹਾਰਹਿ। ਪੋਂਛਤਿ ਅੰਗਨ ਗੁਨਨਿ ਉਚਾਰਹਿਂ ॥ ੬ ॥

ਉਸ ਦੇ ਜਾਮੇ ਦਾ ਪੱਲਾ ਫੜ ਕੇ, ਵਿਸ਼ਾਲ ਪ੍ਰੇਮ ਧਾਰਨ ਕਰਕੇ ਮੁਖੜਾ ਪੂੰਝਦੇ ਸਨ। ਜਿਵੇਂ ਪੁੱਤਰ ਨੂੰ ਪਿਤਾ ਵੇਖਦਾ ਹੈ, ਉਸ ਤਰ੍ਹਾਂ ਅੰਗਾਂ ਨੂੰ ਪੂੰਝਦੇ ਸਨ ਤੇ ਉਸ ਦੇ ਗੁਣਾਂ ਦਾ ਉਚਾਰਨ ਕਰਦੇ ਸਨ ॥ ੬ ॥

ਅੱਸ਼੍ਰੂਪਾਤ ਲੋਚਨ ਤੇ ਡਾਰਹਿਂ। ਪੁਨ ਦੂਸਰ ਕੇ ਪਾਸ ਪਧਾਰਹਿਂ।
ਬਰ ਕੋ ਦੇਤਿ ਗਰਦ ਕੋ ਝਾਰਹਿਂ। ਇਤਿ ਉਤ ਬਿਚਰਤਿ ਸਿੰਘ ਨਿਹਾਰਹਿਂ ॥੭ ॥

ਅੱਖਾਂ ਵਿਚੋਂ ਹੰਝੂ ਕੇਰਦੇ ਸਨ, ਫਿਰ ਦੂਸਰੇ ਸ਼ਹੀਦ ਦੇ ਪਾਸ ਚਲੇ ਜਾਂਦੇ ਸਨ। ਵਰ ਦਿੰਦੇ ਸਨ ਤੇ ਘੱਟਾ ਝਾੜਦੇ ਸਨ, ਏਧਰ ਓਧਰ ਫਿਰ ਕੇ ਸਿੰਘਾਂ ਨੂੰ ਵੇਖਦੇ ਸਨ ॥ ੭ ॥

ਚੱਤ੍ਰਾਰਿੰਸ ਬਿਖੈ ਇਕ ਜੀਵਤਿ। ਘਾਵਨ ਤੇ ਸਹਿਕਤਿ ਮ੍ਰਿਤੁ ਥੀਵਤਿ।
ਸ਼ੀਘ੍ਰ ਸਮੀਪ ਜਾਇ ਕਰਿ ਸ੍ਵਾਮੀ। ਬੈਠਿ ਗਏ ਤਹਿਂ ਅੰਤਰਜਾਮੀ ॥ ੮ ॥

ਚਾਲ੍ਹੀਆਂ ਵਿਚ ਇਕ ਸਿੰਘ ਜੀਉਂਦਾ ਸੀ। ਜ਼ਖਮਾਂ ਕਰਕੇ ਸਹਿਕਦਾ ਸੀ, ਮੌਤ ਉਡੀਕਦਾ ਸੀ। ਸਤਿਗੁਰੂ ਜੀ ਛੇਤੀ ਹੀ ਉਸ ਦੇ ਪਾਸ ਗਏ ਤੇ ਉਸ ਦੇ ਪਾਸ ਬੈਠ ਗਏ ॥ ੮ ॥

ਮੰਦ ਮੰਦ ਬਹਿ ਜਿਸ ਕੋ ਸ੍ਵਾਸਾ। ਲਰਜੋ ਬਹੁਤ ਰਿਪੁ ਕਰੇ ਬਿਨਾਸ਼ਾ।
ਪੁੰਜ ਘਾਵ ਤਨ ਮਹਿਂ ਲਗ ਰਹੇ। 'ਦੇਹਿਂ ਦਰਸ ਗੁਰ' ਚਿਤ ਮਹਿਂ ਚਹੇ ॥ ੯ ॥

ਹੌਲੀ-ਹੌਲੀ ਜਿਸ ਦੇ ਸਵਾਸ ਚਲ ਰਹੇ ਸਨ, ਉਸ ਨੇ ਭਾਰੀ ਯੁੱਧ ਕਰਕੇ ਬਹੁਤ ਵੈਰੀ ਨਾਸ਼ ਕੀਤੇ ਸਨ। ਬਹੁਤ ਜ਼ਖਮ ਸਰੀਰ ਨੂੰ ਲੱਗੇ ਹੋਏ ਸਨ, 'ਹੇ ਗੁਰੂ ਜੀ ਦਰਸ਼ਨ ਦੇਵੋ' ਚਿੱਤ ਵਿਚ ਚਾਹੁੰਦਾ ਸੀ ॥ ੯ ॥

ਬੈਠਿ ਨਾਥ ਕਰ ਕਮਲ ਸਪਰਸ਼ਾ। ਦੀਨਸਿ ਅੱਪ੍ਰਮੇਯ ਉਰ ਹਰਸ਼ਾ।
'ਮਹਾਂ ਸਿੰਘ ਅਬਿ ਨੈਨ ਉਘਾਰਹੁ। ਚਹਤਿ ਦਰਸ ਚਿਤ,ਨਿਕਟ ਨਿਹਾਰਹੁ ॥੧੦ ॥

ਸਤਿਗੁਰੂ ਜੀ ਨੇ ਬੈਠ ਕੇ ਆਪਣੇ ਕਰ ਕੰਵਲਾਂ ਨਾਲ ਛੂਹਿਆ। ਪ੍ਰਸੰਨ ਹੋ ਕੇ ਦਿਲ ਦੀ ਬਹੁਤ ਖੁਸ਼ੀ ਦਿੱਤੀ ਤੇ ਕਿਹਾ, ''ਮਹਾਂ ਸਿੰਘ ਹੁਣ ਅੱਖਾਂ ਖੋਲ੍ਹ। ਦਿਲ ਵਿਚ ਦਰਸ਼ਨ ਚਾਹੁੰਦਾ ਸੀ, ਹੁਣ ਆਪਣੇ ਨੇੜੇ ਵੇਖੋ ॥ ੧੦ ॥

ਤੁਝ ਪਰ ਹਮ ਪ੍ਰਸੰਨ ਬਹੁ ਅਹੈਂ। ਸੋ ਅਬਿ ਦੇਹਿਂ ਚਹੈਂ ਜਿਸ ਲਹੈਂ'।
ਘਨ ਸੁਰ ਸਮਸਰ ਗਿਰਾ ਗਹੀਰ। ਸੁਨਿ ਕਰਿ ਦਰਸ਼ਨ ਹੇਰਿ ਸੁ ਤੀਰ ॥ ੧੧ ॥

ਤੇਰੇ ਉੱਪਰ ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਜੋ ਵੀ ਲੈਣਾ ਚਾਹੇਂ ਸੋ ਹੀ ਹੁਣ ਦਿੰਦੇ ਹਾਂ।'' ਬਦਲਦੇ ਸੁਰ ਵਾਂਗ ਗੰਭੀਰ ਬਾਣੀ ਸੁਣ ਕੇ ਤੇ ਆਪਣੇ ਪਾਸ ਹੀ ਦਰਸ਼ਨ ਕਰਕੇ ॥ ੧੧ ॥

ਮੁੰਦ੍ਰਿਤ ਲੋਚਨ ਤੁਰਤ ਉਘਾਰੇ। ਅੰਤ ਸਮੈਂ ਪਿਖਿ ਕਰਿ ਨਿਜ ਪਜਾਰੇ।
ਅਤੁਲਤ ਮੋਦ ਰਿਦੇ ਹੁਇ ਆਯੋ। ਜਨੁ ਬਡ ਰੋਗੀ ਅੰਮ੍ਰਿਤ ਪਾਯੋ ॥ ੧੨ ॥

ਮਹਾਂ ਸਿੰਘ ਨੇ ਬੰਦ ਨੈਣ ਤੁਰਤ ਉਘਾੜ ਦਿੱਤੇ। ਅੰਤ ਸਮੇਂ ਆਪਣੇ ਪਿਆਰੇ ਨੂੰ ਵੇਖ ਕੇ ਬਹੁਤ ਖੁਸ਼ੀ ਦਿਲ ਵਿਚ ਭਰ ਗਈ। ਜਿਵੇਂ ਵੱਡੇ ਰੋਗੀ ਨੇ ਅੰਮ੍ਰਿਤ ਪਾਇਆ ਹੋਵੇ ॥ ੧੨ ॥

ਪੁਨ ਗੁਰ ਭਨਜੋਂ 'ਮਾਂਗ ਸਿੰਘ ਮੇਰੇ! ਜਿਸ ਪ੍ਰਕਾਰ ਕੀ ਬਾਂਛਾ ਤੇਰੇ।
ਵਸਤੁ ਅਦੇਯ ਨਹੀਂ ਅਸ ਕੋਈ। ਤੁਵ ਜਾਚੇ ਤੇ ਦੇਂਯ ਨ ਜੋਈ॥ ੧੩॥

ਫਿਰ ਗੁਰੂ ਜੀ ਨੇ ਕਿਹਾ, "ਹੇ ਮੇਰੇ ਸਿੰਘ! ਮੰਗੋ ਜਿਸ ਪ੍ਰਕਾਰ ਦੀ ਤੇਰੀ ਇੱਛਾ ਹੈ। ਨਾ ਦੇਣ ਵਾਲੀ ਐਸੀ ਵਸਤੂ ਕੋਈ ਨਹੀਂ ਹੈ, ਤੇਰੇ ਮੰਗਣ ਪਰ ਜਿਹੜੀ ਮੈਂ ਨਾ ਦੇਵਾਂ॥ ੧੩॥

ਜਗ ਸਭਿ ਰਾਜ ਸਹਿਤ ਸੁਖ ਜੇਤੇ। ਜਾਚਨ ਕਰੇ ਦੇਉਂ ਅਬਿ ਤੇਤੇ।
ਮੁਕਤਿ ਚਤੁਰਧਾ ਅਹੈਂ ਪ੍ਰਲੋਕ। ਜਾਚਿ ਲੇਹੁ ਪਜਾਰੇ! ਬਿਨ ਸ਼ੋਕ॥ ੧੪॥

ਜਗਤ ਦੇ ਰਾਜ ਸਹਿਤ ਜਿੰਨੇ ਵੀ ਸੁਖ ਹਨ ਜੇ ਹੁਣ ਮੰਗੋਗੇ ਤਾਂ ਸਾਰੇ ਦੇਵਾਂਗਾ। ਪ੍ਰਲੋਕ ਵਿਚ ਚਾਰ ਤਰ੍ਹਾਂ ਦੀ ਮੁਕਤੀ ਹੇ ਪਿਆਰੇ! ਕਿਸੇ ਸ਼ੋਕ ਤੋਂ ਬਗੈਰ ਮੰਗ ਲਵੋ॥ ੧੪॥

ਇਸ ਤੇ ਅਪਰ ਵਸਤੁ ਕੁਛ ਨਾਂਹੀ। ਜੋ ਨਹਿਂ ਦੇਇ ਸਕਹੁਂ ਤੁਝ ਪਾਹੀ।
ਸੁਨਿ ਕਰਿ ਮਹਾਂ ਸਿੰਘ ਤਬਿ ਭਾਖਾ। 'ਪ੍ਰਭੁ ਜੀ! ਅਬਿ ਨ ਰਹੀ ਅਭਿਲਾਖਾ॥੧੫॥

ਇਸ ਤੋਂ ਚੰਗੀ ਹੋਰ ਕੋਈ ਵਸਤੂ ਨਹੀਂ ਹੈ। ਜਿਹੜੀ ਤੇਰੇ ਪਾਸ ਨਾ ਦੇ ਸਕੀਏ।" ਇਹ ਸੁਣ ਕੇ ਮਹਾਂ ਸਿੰਘ ਨੇ ਤਦ ਕਿਹਾ, "ਹੇ ਪ੍ਰਭੂ ਜੀ! ਹੁਣ ਕੋਈ ਵੀ ਅਭਿਲਾਸ਼ਾ ਨਹੀਂ ਰਹੀ ਹੈ॥ ੧੫॥

ਅੰਤ ਸਮੈਂ ਪਿਖਿ ਦਰਸ ਤੁਹਾਰਾ। ਉਪਜਯੋ ਰਿਦੇ ਅਨੰਦ ਉਦਾਰਾ।
ਸਕਲ ਬਾਸ਼ਨਾ ਪਰਨ ਕਰੀ। ਰਾਵਰ ਕੀ ਮੂਰਤਿ ਉਰ ਧਰੀ॥ ੧੬॥

ਅੰਤ ਸਮੇਂ ਤੁਹਾਡੇ ਦਰਸ਼ਨ ਕਰ ਲਏ ਹਨ, ਹਿਰਦੇ ਵਿਚ ਵੱਡਾ ਅਨੰਦ ਪ੍ਰਗਟ ਹੋਇਆ ਹੈ। ਸਾਰੀਆਂ ਵਾਸ਼ਨਾਂ ਪੂਰੀਆਂ ਹੋ ਗਈਆਂ ਹਨ। ਆਪ ਜੀ ਦੀ ਮੂਰਤ ਹੁਣ ਹਿਰਦੇ ਵਿਚ ਧਾਰਨ ਕਰ ਲਈ ਹੈ"॥ ੧੬॥

ਸ੍ਰੀ ਮੁਖ ਕ੍ਰਿਪਾ ਕਰਤਿ ਪੁਨ ਕਹਯੋ। 'ਤੁਮਰੋ ਕਰਮ ਸੁ ਉੱਤਮ ਲਹਯੋ।
ਕਰੇਹੁ ਜਾਚਨਾ ਅਬਹਿ ਜ਼ਰੂਰਿ। ਜਿਸ ਬਿਧਿ ਕੀ ਬਾਂਛਾ ਉਰ ਭੂਰ॥ ੧੭॥

ਸਤਿਗੁਰੂ ਜੀ ਨੇ ਕਿਰਪਾ ਕਰਕੇ ਫਿਰ ਕਿਹਾ, "ਤੇਰਾ ਉੱਤਮ ਕਰਮ ਵੇਖਿਆ ਹੈ। ਹੁਣ ਜ਼ਰੂਰ ਕੁਝ ਮੰਗੋ, ਜਿਸ ਪ੍ਰਕਾਰ ਦੀ ਤੇਰੇ ਹਿਰਦੇ ਵਿਚ ਵੱਡੀ ਚਾਹਤ ਹੈ॥ ੧੭॥

ਜੀਵਨ ਅਪਨੋ ਜੇ ਅਭਿਲਾਖਹਿਂ। ਕਰਹਿਂ ਜਿਵਾਵਨ ਪ੍ਰਾਨਹਿਂ ਰਾਖਹਿਂ।
ਜਾਨਿ ਲਿਹੋਂ ਅਸ ਖੁਸ਼ੀ ਹਮਾਰੀ। ਹਿਤ ਦੇਵਨ ਕੇ ਚੌਂਪ ਉਦਾਰੀ॥ ੧੮॥

ਜੇ ਆਪਣੇ ਜੀਵਨ ਦੀ ਅਭਿਲਾਸ਼ਾ ਹੈ, ਤੈਨੂੰ ਜੀਵਨ ਦੇ ਕੇ ਤੇਰੇ ਪ੍ਰਾਣ ਰੱਖ ਲਵਾਂਗੇ। ਇਸ ਪ੍ਰਕਾਰ ਸਾਡੀ ਖੁਸ਼ੀ ਜਾਣ ਲਵੋ। ਤੁਹਾਨੂੰ ਕੁਝ ਦੇਣ ਦੀ ਸਾਡੀ ਵੱਡੀ ਚਾਹਤ ਹੈ॥ ੧੮॥

ਬਚਨ ਨ ਫੇਰਹੁ, ਮਾਨਹੁਂ ਕਹਯੋ। ਜਾਚਿ ਲੇਹੁ ਜੈਸੇ ਚਿਤ ਚਹਯੋ।
ਦੇ ਕਰਿ ਹਮ ਅਨੰਦ ਕੋ ਮਾਨਹਿਂ। ਯਾਂਤੇ ਬਾਰਹਿ ਬਾਰ ਬਖਾਨਹਿਂ॥ ੧੯॥

ਮੇਰਾ ਬਚਨ ਨਾ ਮੋੜੋ, ਮੇਰਾ ਕਿਹਾ ਮੰਨ ਲਵੋ, ਜਿਵੇਂ ਵੀ ਚਿਤ ਦੀ ਚਾਹਤ ਹੈ ਮੰਗ ਲਵੋ। ਤੈਨੂੰ ਕੁਝ ਦੇ ਕੇ ਅਸੀਂ ਅਨੰਦ ਮਾਣਾਂਗੇ। ਇਸ ਕਰਕੇ ਬਾਰ-ਬਾਰ ਕਹਿੰਦੇ ਹਾਂ॥ ੧੯॥

ਬਖਸ਼ਿਸ਼ ਬਖਸ਼ਹਿ ਤੁਮਹਿਂ ਨ ਜਾਵਦ। ਨਹਿਂ ਆਨੰਦ ਹਮਰੇ ਹੁਇ ਤਾਵਦ।
ਮਹਾਂ ਸਿੰਘ ਸੁਨਿ ਰਿਦੇ ਬਿਚਾਰੀ। ਪ੍ਰਭੁਕੈ ਉਪਜੀ ਖੁਸ਼ੀ ਉਦਾਰੀ॥ ੨੦॥

ਜਦ ਤਕ ਤੈਨੂੰ ਕੋਈ ਬਖਸ਼ਿਸ਼ ਨਹੀਂ ਬਖਸ਼ਦੇ ਹਾਂ, ਤਦ ਤਕ ਸਾਨੂੰ ਆਨੰਦ ਨਹੀਂ ਆਵੇਗਾ।" ਮਹਾਂ ਸਿੰਘ ਨੇ ਸੁਣ ਕੇ ਹਿਰਦੇ ਵਿਚ ਵਿਚਾਰ ਕੀਤੀ। ਸਤਿਗੁਰੂ ਜੀ ਦੇ ਹਿਰਦੇ ਵਿਚ ਵੱਡੀ ਖੁਸ਼ੀ ਪ੍ਰਗਟ ਹੋਈ ਹੈ॥ ੨੦॥

ਲਿਖਿ ਕਰਿ ਗਏ ਬਿਦਾਵਾ ਜੋਇ। ਇਸ ਛਿਨ ਨਹੀਂ ਕੋਪ ਮਨ ਸੋਇ।
ਸਗਰੇ ਦੇਸ਼ ਕੁਕਰਮ ਕਮਾਵਾ। ਸਤਿਗੁਰ ਤਜਾਗੇ ਤ੍ਰਾਸ ਉਪਾਵਾ॥ ੨੧॥

ਜਿਹੜੇ ਬਿਦਾਵਾ ਲਿਖ ਕੇ ਗਏ ਹਨ, ਇਸ ਸਮੇਂ ਉਨ੍ਹਾਂ ਬਾਰੇ ਮਨ ਵਿਚ ਗੁੱਸਾ ਨਹੀਂ ਹੈ। ਸਾਰੇ ਮਾਝੇ ਦੇਸ਼ ਨੇ ਕੁਕਰਮ ਕਮਾਇਆ ਹੈ। ਸਤਿਗੁਰੂ ਜੀ ਨੂੰ ਤਿਆਗ ਕੇ ਡਰ ਪ੍ਰਗਟ ਕੀਤਾ ਹੈ॥ ੨੧॥

ਜਿਸ ਕੇ ਵਾਕ ਤਨਕ ਹੀ ਕਹੇ। ਨਰਕ ਕਿ ਸੁਰਗ ਤੁਰਤ ਹੀ ਲਹੇ।
ਸੂਕੇ ਭਰੇ ਭਰੇ ਸੁਸ਼ਕਾਵੈਂ। ਕਬਹੂੰ ਕਹਜੋ ਨਿਫਲ ਨਹਿਂ ਜਾਵੈ॥ ੨੨॥

ਜਿਸ ਦੇ ਕੇਵਲ ਬਚਨ ਕਰਨ ਨਾਲ ਹੀ ਨਰਕ ਜਾਂ ਸੁਰਗ ਤੁਰਤ ਹੀ ਪ੍ਰਾਪਤ ਹੋ ਜਾਂਦਾ ਹੈ। ਸੁੱਕੇ ਭਰ ਜਾਂਦੇ ਹਨ ਤੇ ਭਰੇ ਸੁੱਕ ਜਾਂਦੇ ਹਨ। ਕਦੀ ਵੀ ਕਿਹਾ ਵਿਅਰਥ ਨਹੀਂ ਜਾਂਦਾ ਹੈ॥ ੨੨॥

ਅਸ ਸਮਰਥ ਤਜਿ ਕਰਿ ਗੋਸਾਈਂ। ਰਣਿ ਲਰਿਬੇ ਤੇ ਉਰ ਭਰਮਾਈ।
ਹੋਇਂ ਭਵਿੱਖਤ ਮਹਿ ਨਰ ਜੇਤੇ। ਇਸ ਕ੍ਰਿਤ ਕੋ ਦੁਖ ਪੈਂਹੇ ਤੇਤੇ॥ ੨੩॥

ਇਸ ਪ੍ਰਕਾਰ ਦੇ ਸਮਰੱਥ ਸਤਿਗੁਰੂ ਜੀ ਨੂੰ ਛੱਡ ਕੇ ਰਣਖੇਤਰ ਵਿਚ ਲੜਨ ਤੋਂ ਹਿਰਦੇ ਵਿਚ ਭਰਮ ਗਏ ਹਨ। ਭਵਿੱਖ ਵਿਚ ਜਿੰਨੇ ਵੀ ਮਨੁੱਖ ਹੋਣਗੇ, ਉਹ ਇਸ ਕ੍ਰਿਤ ਨੂੰ ਸੁਣ ਕੇ ਬਹੁਤ ਦੁਖੀ ਹੋਣਗੇ॥ ੨੩॥

ਬੁਰਾ ਦੇਸ਼ ਸਗਰੇ ਕਾ ਭਯੋ। ਕਰਿ ਮੂਰਖ ਮਤਿ ਜੋ ਲਿਖਿ ਦਯੋ।
ਪਰਉਪਕਾਰ ਮਹਾਤਮ ਮਹਾਂ। ਸੁਨਜੋ ਸੰਤ ਜਨ ਤੇ ਜਹਿਂ ਕਹਾਂ॥ ੨੪॥

ਸਾਰਾ ਮਾਝਾ ਦੇਸ਼ ਬੁਰਾ ਹੋ ਗਿਆ ਹੈ, ਮੂਰਖ ਮੱਤ ਕਰਕੇ ਉਨ੍ਹਾਂ ਜੋ ਲਿਖ ਦਿੱਤਾ ਹੈ। ਪਰਉਪਕਾਰ ਕਰਨਾ ਵੱਡਾ ਮਹਾਤਮ ਹੈ, ਇਹ ਸੰਤਾਂ ਪਾਸੋਂ ਜਿੱਥੇ-ਕਿੱਥੇ ਸੁਣਿਆ ਹੈ॥ ੨੪॥

ਇਕ ਪਰ ਕਰੇ ਅਧਿਕ ਕੱਲਜਾਨ। ਬਨਹਿ ਦੇਸ਼ ਪਰ ਫਲਹਿ ਮਹਾਨ।
ਲਾਖਹੁਂ ਸਿੱਖ ਗੁਰੂ ਕੇ ਹੋਇਂ। ਭੋਗਹਿਂ ਰਾਜ ਧਰਾ ਪਰ ਸੋਇ॥ ੨੫॥

ਇਕ ਪੁਰਖ ਉੱਪਰ ਉਪਕਾਰ ਕਰਨ ਨਾਲ ਵੱਡਾ ਕਲਿਆਣ ਹੁੰਦਾ ਹੈ, ਪਰ ਜਦ ਇਹ ਉਪਕਾਰ ਇਕ ਦੇਸ਼ ਉੱਪਰ ਹੋਵੇਗਾ ਤਾਂ ਉਹ ਬਹੁਤ ਫਲੇਗਾ। ਲੱਖਾਂ ਗੁਰੂ ਜੀ ਦੇ ਸਿੱਖ ਹੋਣਗੇ ਤੇ ਉਹ ਧਰਤੀ ਉੱਪਰ ਰਾਜ ਭੋਗਣਗੇ॥ ੨੫॥

ਸਭਿ ਪਰ ਮੁਰ ਹੋਵੈ ਉਪਕਾਰਾ। ਇਸ ਸੋਂ ਅਧਿਕ ਨ ਅਪਰ ਬਿਚਾਰਾ।
ਸੋ ਕਾਗਦ ਅਬਿ ਪਾਰਨ ਕਰੈਂ। ਸਭਿ ਸਿੱਖਨਿ ਕੋ ਗੁਰੂ ਸੰਭਰੈਂ॥ ੨੬॥

ਫਿਰ ਸਾਰਿਆਂ ਉੱਪਰ ਗੁਰੂ ਜੀ ਦਾ ਉਪਕਾਰ ਹੋਵੇਗਾ, ਇਸ ਤੋਂ ਮਹਾਨ ਹੋਰ ਕੋਈ ਵਿਚਾਰ ਨਹੀਂ ਹੈ। ਇਸ ਕਰਕੇ ਮਾਝੇ ਦੀ ਸੰਗਤ ਵਲੋਂ ਜਿਹੜਾ ਬਿਦਾਵੇ ਦਾ ਕਾਗਜ਼ ਲਿਖ ਕੇ ਦਿੱਤਾ ਗਿਆ ਹੈ, ਉਸ ਨੂੰ ਹੁਣ ਪਾੜ ਦੇਣ ਤੇ ਗੁਰੂ ਜੀ ਆਪਣੇ ਸਾਰੇ ਸਿੱਖਾਂ ਦੀ ਸੰਭਾਲ ਕਰਨ॥ ੨੬॥

ਇਹ ਜਾਚੋਂ ਮੈਂ ਭਲੇ ਬਿਚਾਰਾ। ਮਹਾ ਸਿੰਘ ਗੁਰ ਸੰਗ ਉਚਾਰਾ।
'ਮੱਦ੍ਰ ਦੇਸ਼ ਕੀ ਸੰਗਤਿ ਹੁੱਟੀ। ਪ੍ਰਭੁ ਜੀ ਰਾਵਰ ਕੇ ਸੰਗ ਟੁੱਟੀ॥ ੨੭॥

ਇਹ ਮੈਂ ਮੰਗਦਾ ਹਾਂ, ਇਹ ਭਲਾ ਵਿਚਾਰ ਹੈ। ਮਹਾਂ ਸਿੰਘ ਨੇ ਫਿਰ ਗੁਰੂ ਜੀ ਨੂੰ ਕਿਹਾ, 'ਮਾਝੇ ਦੀ ਸੰਗਤ ਨੇ ਮਾੜਾ ਕਾਰਜ ਕੀਤਾ ਸੀ, ਪ੍ਰਭੂ ਜੀ ਆਪ ਜੀ ਦੇ ਨਾਲੋਂ ਉਨ੍ਹਾਂ ਤੋੜ ਲਈ ਹੈ॥ ੨੭॥

ਬਰ ਦੈਬੇ ਜੇ ਮੁਝ ਇਛ ਧਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।
ਸੋ ਸਿਖ ਹੋਹਿਂ ਗੁਰੂ ਤੁਮ ਰਹੋ। ਸ੍ਰੀ ਮੁਖ ਤੇ ਅਬਿ ਇਹੁ ਬਰ ਕਹੋ॥ ੨੮॥

ਜੇ ਤੁਸੀਂ ਮੈਨੂੰ ਮੂੰਹ ਮੰਗਿਆ ਵਰ ਦੇਣ ਦੀ ਇੱਛਾ ਧਾਰਨ ਕੀਤੀ ਹੈ ਤਾਂ ਕਿਰਪਾ ਕਰਕੇ ਮਾਝੇ ਦੀ ਸਾਰੀ ਸੰਗਤ ਨੂੰ ਮੇਲ ਲਵੋ। ਉਹ ਤੁਹਾਡੇ ਸਿੱਖ ਰਹਿਣ ਤੇ ਤੁਸੀਂ ਉਨ੍ਹਾਂ ਦੇ ਗੁਰੂ ਰਹੋ। ਹੇ ਸਤਿਗੁਰੂ ਜੀ ! ਹੁਣ ਤੁਸੀਂ ਆਪਣੇ ਮੁਖ ਤੋਂ ਇਹ ਵਰ ਦੇਵੋ' ॥ ੨੮ ॥

ਪ੍ਰਭੁ ਬੋਲੇ 'ਟੂਟੀ ਸੁ ਨਿਖੁੱਟੀ। ਕਜੋਂ ਮੇਲਹੁ ਤਿਹ ਜੋ ਡਰਿ ਹੁੱਟੀ।
ਅਪਨੇ ਹਿਤ ਜਾਚਹੁ ਕੁਛ ਔਰੀ। ਦਿਊਂ ਤਤਕਾਲ ਖੁਸ਼ੀ ਲਖਿ ਮੋਰੀ' ॥ ੨੯ ॥

ਸਤਿਗੁਰੂ ਜੀ ਬੋਲੇ, "ਜਿਹੜੀ ਸਿੱਖੀ ਟੁੱਟੀ ਸੀ ਉਹ ਨਿਖੁੱਟ ਗਈ, ਉਸ ਨੂੰ ਕਿਉਂ ਮੇਲਦੇ ਹੋ ਜੋ ਡਰ ਕਰਕੇ ਹਟ ਗਈ ਸੀ। ਆਪਣੇ ਵਾਸਤੇ ਕੁਝ ਹੋਰ ਮੰਗੋ, ਤੁਰਤ ਦੇਵਾਂਗਾ, ਮੇਰੀ ਖੁਸ਼ੀ ਜਾਣੋ" ॥ ੨੯ ॥

ਮਹਾਂ ਸਿੰਘ ਕਰ ਜੋਰਿ ਉਚਾਰੇ। 'ਪਾਤਿਸ਼ਾਹੁ ਸੁਤ ਸੇਵਕ ਸਾਰੇ।
ਭੂਲਹਿਂ ਬਹੁ ਅਪਰਾਧ ਕਮਾਵੈਂ। ਤਊ ਪਿਤਾ ਮਨ ਕੋਪ ਨ ਲਜਾਵੈਂ ॥ ੩੦ ॥

ਮਹਾਂ ਸਿੰਘ ਨੇ ਫਿਰ ਹੱਥ ਜੋੜ ਕੇ ਉਚਾਰਨ ਕੀਤਾ, "ਹੇ ਸੱਚੇ ਪਾਤਸ਼ਾਹ ! ਆਪ ਜੀ ਦੇ ਸਾਰੇ ਪੁੱਤਰ ਸੇਵਕ ਹਨ। ਉਹ ਭੁੱਲ ਕਰਕੇ ਬਹੁਤ ਅਪਰਾਧ ਕਮਾਉਂਦੇ ਹਨ, ਫਿਰ ਵੀ ਪਿਤਾ ਆਪਣੇ ਪੁੱਤਰਾਂ ਉੱਪਰ ਕ੍ਰੋਧ ਨਹੀਂ ਲਿਆਉਂਦੇ ਹਨ ॥ ੩੦ ॥

ਅਪਨੋ ਜਾਨਿ ਬਖਸ਼ ਤਿਸ ਦੇਤਿ। ਦੇ ਸਿੱਖਜਾ ਪੁਨ ਕਰੈਂ ਸੁਚੇਤ।
ਜੋ ਮੁਝ ਕੋ ਦੈਬੋ ਬਰ ਚਹੋ। ਟੂਟੀ ਮੇਲ ਲੇਹੁਂ ਬਚ ਕਹੋ ॥ ੩੧ ॥

ਪੁੱਤਰਾਂ ਨੂੰ ਆਪਣਾ ਜਾਣ ਕੇ ਬਖਸ਼ ਦਿੰਦੇ ਹਨ ਤੇ ਫਿਰ ਸਿੱਖਿਆ ਦੇ ਕੇ ਸੁਚੇਤ ਕਰ ਦਿੰਦੇ ਹਨ। ਹੇ ਸਤਿਗੁਰੂ ਜੀ ! ਜੇ ਮੈਨੂੰ ਵਰ ਦੇਣਾ ਚਾਹੁੰਦੇ ਹੋ ਤਾਂ ਟੁੱਟੀ ਗੰਢ ਲੈਣ ਦੇ ਬਚਨ ਕਹੋ ॥ ੩੧ ॥

ਇਸ ਬਿਨ ਇੱਛਾ ਮੋਹਿ ਨ ਔਰ। ਦੇਹੁ ਆਪ ਸੋਢੀ ਸਿਰਮੌਰ !'।
ਸਾਹਿਬ ਸੁਨੇ ਅਜਾਇਬ ਬੈਨ। ਭਰੇ ਅਨੰਦ ਪ੍ਰਫੁੱਲਤਿ ਨੈਨ ॥ ੩੨ ॥

ਇਸ ਤੋਂ ਬਗੈਰ ਮੇਰੀ ਕੋਈ ਹੋਰ ਇੱਛਾ ਨਹੀਂ ਹੈ, ਇਹ ਹੀ ਵਰ ਦੇਵੋ, ਤੁਸੀਂ ਸ਼ਿਰੋਮਣੀ ਸੋਢੀ ਸੁਲਤਾਨ ਹੋ।" ਜਦ ਸਤਿਗੁਰੂ ਜੀ ਨੇ ਇਹ ਅਜੀਬ ਬਚਨ ਸੁਣੇ ਤਾਂ ਅਨੰਦ ਨਾਲ ਭਰ ਗਏ ਤੇ ਕੰਵਲ ਨੈਣ ਖਿੜ ਗਏ ॥ ੩੨ ॥

'ਵਾਹੁ ਖਾਲਸਾ ਸਿਖ ਮਮ ਧੰਨ। ਪਰਉਪਕਾਰਿ ਮਹਾਂ ਮਨ ਮੰਨ।
ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿਂ ਦਏ' ॥ ੩੩ ॥

ਗੁਰੂ ਜੀ ਨੇ ਬਚਨ ਕੀਤਾ, "ਵਾਹੁ ਖਾਲਸਾ, ਸਿੱਖ ਮੇਰੇ ਧੰਨ ਹਨ, ਵੱਡਾ ਪਰਉਪਕਾਰ ਮਨ ਵਿਚ ਮੰਨਿਆ ਹੈ। ਤੇਰੇ ਕਹਿਣ 'ਤੇ ਅਸੀਂ ਮੇਲ ਲਏ ਹਨ। ਸਾਰਾ ਰਾਜ ਭਾਗ ਇਸ ਦੇਸ਼ ਨੂੰ ਦਿੱਤਾ" ॥ ੩੩ ॥

'ਪ੍ਰਭੁ ਜੀ ਕਾਗਦ ਲੇਹੁ ਨਿਕਾਰਾ। ਹਮਰੋ ਲਿਖਜੋ ਜੇਬ ਜੋ ਡਾਰਾ।
ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ' ॥ ੩੪ ॥

ਭਾਈ ਮਹਾਂ ਸਿੰਘ ਨੇ ਕਿਹਾ, "ਹੇ ਸਤਿਗੁਰੂ ਜੀ ! ਉਸ ਕਾਗਜ਼ ਨੂੰ ਬਾਹਰ ਕੱਢ ਲਵੋ, ਜਿਹੜਾ ਸਾਡਾ ਲਿਖਿਆ ਹੋਇਆ ਜੇਬ ਵਿਚ ਪਾਇਆ ਹੈ। ਮੈਨੂੰ ਵਿਖਾ ਕੇ ਉਸ ਨੂੰ ਪਾੜ ਦੇਵੋ ਤਾਂਕਿ ਮੇਰਾ ਇਹ ਉਪਕਾਰ ਸਫਲ ਹੋਵੇ" ॥ ੩੪ ॥

ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੌਂ ਵਾਕ ਪ੍ਰਕਾਸ਼ਾ।
'ਲਿਹੁ ਬਿਲੋਕਿ ਪਾੜਹਿਂ ਦਿਖਰਾਇ'। ਇਮ ਕਹਿ ਚੀਰਜੋ ਬੀਚ ਬਨਾਇ ॥ ੩੫ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਤੁਰਤ ਬਿਦਾਵੇ ਦਾ ਕਾਗਜ਼ ਜੇਬ ਵਿਚੋਂ ਕੱਢਿਆ ਤੇ ਮਹਾਂ ਸਿੰਘ ਨਾਲ ਬਚਨ

ਕੀਤਾ, "ਇਹ ਵੇਖ ਲਵੋ, ਤੁਹਾਨੂੰ ਵਿਖਾ ਕੇ ਕਾਗਜ਼ ਨੂੰ ਪਾੜਦੇ ਹਾਂ" ਇਸ ਪ੍ਰਕਾਰ ਕਹਿ ਕਾਗਜ਼ ਨੂੰ ਚੰਗੀ ਤਰ੍ਹਾਂ ਵਿਚੋਂ ਪਾੜ ਦਿੱਤਾ॥ ੩੫॥

ਹੇਰਤਿ ਹਰਖਮਾਨ ਉਰ ਹੋਵਾ। 'ਕਾਗਦ ਫਟਜੋ ਦਰਸ ਗੁਰ ਜੋਵਾ।
ਆਇਸੁ ਦੇਹੁ ਪ੍ਰਲੋਕ ਸਿਧਾਵੌਂ। ਦਰਸ਼ਨ ਕਰਤਿ ਅਧਿਕ ਫਲ ਪਾਵੌਂ' ॥੩੬॥

ਮਹਾਂ ਸਿੰਘ ਇਹ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਬਿਦਾਵੇ ਦਾ ਕਾਗਜ਼ ਫੱਟ ਗਿਆ ਹੈ ਅਤੇ ਗੁਰੂ ਜੀ ਦੇ ਦਰਸ਼ਨ ਹੋ ਗਏ ਹਨ, ਹੁਣ ਮੈਨੂੰ ਆਗਿਆ ਦੇਵੋ ਮੈਂ ਪਰਲੋਕ ਜਾਵਾਂ, ਦਰਸ਼ਨ ਕਰਨ ਕਰਕੇ ਵੱਡਾ ਫਲ ਪ੍ਰਾਪਤ ਕਰਾਂਗਾ" ॥ ੩੬॥

'ਜਾਹੁ ਮਹਾਂ ਸਿੰਘ ! ਜਹਿਂ ਮਮ ਲੋਕ। ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਯੋ ਅਪਾਰ' ॥੩੭॥

ਗੁਰੂ ਜੀ ਨੇ ਬਚਨ ਕੀਤਾ, "ਹੇ ਮਹਾਂ ਸਿੰਘ! ਜਾਵੋ, ਜਿੱਥੇ ਮੇਰਾ ਲੋਕ ਹੈ, ਉਥੇ ਸਦਾ ਵੱਸੋ, ਉਥੇ ਕਦੀ ਵੀ ਤੈਨੂੰ ਦੁਖ ਪ੍ਰਾਪਤ ਨਹੀਂ ਹੋਵੇਗਾ। ਤੂੰ ਪ੍ਰਾਣ ਦੇ ਕੇ ਵੱਡਾ ਉਪਕਾਰ ਕੀਤਾ ਹੈ, ਇਸ ਦਾ ਤੈਨੂੰ ਅਪਾਰ ਫਲ ਪ੍ਰਾਪਤ ਹੋਵੇਗਾ" ॥ ੩੭॥

ਸਤਿਗੁਰ ਬਚਨ ਹੋਤਿ ਭਾ ਜਬੈ। ਮਹਾਂ ਸਿੰਘ ਤਨ ਤਜਾਗਜੋ ਤਬੈ।
ਪ੍ਰਭੁ ਪਿਖਿ ਇਤ ਉਤ ਝਾੜ ਉਜਾੜ। ਬੋਲੇ ਸ੍ਰੀ ਮੁਖ 'ਸੁਨਹੁਂ ਬਿਰਾੜ !॥੩੮॥

ਸਤਿਗੁਰੂ ਜੀ ਦੇ ਜਦ ਇਸ ਪ੍ਰਕਾਰ ਬਚਨ ਹੋਏ ਤਾਂ ਮਹਾਂ ਸਿੰਘ ਉਸੇ ਵੇਲੇ ਸਰੀਰ ਛੱਡ ਗਿਆ। ਸਤਿਗੁਰੂ ਜੀ ਏਧਰ ਓਧਰ ਝਾੜੀਆਂ ਅਤੇ ਉਜਾੜ ਵੇਖ ਕੇ ਬੋਲੇ, "ਹੇ ਬਿਰਾੜ ! ਸੁਣੋ॥ ੩੮॥

ਚਾਲੀ ਸਿੰਘਨਿ ਲੋਥ ਉਠਾਵੋ। ਈਂਧਨ ਗਨ ਬਟੋਰ ਕਰਿ ਲਜਾਵੋ।
ਇਕ ਥਲ ਦੀਰਘ ਚਿਤਾ ਬਨਾਵਹੁ। ਸਸਕਾਰਹੁ ਸਭਿ ਬਿਲਮ ਨ ਲਾਵਹੁ' ॥੩੯॥

ਇਨ੍ਹਾਂ ਚਾਲ੍ਹੀ ਸ਼ਹੀਦ ਸਿੰਘਾਂ ਦੀਆਂ ਲੋਥਾਂ ਉਠਾਵੋ ਤੇ ਬਹੁਤ ਬਾਲਣ ਇਕੱਠਾ ਕਰਕੇ ਲਿਆਵੋ। ਇਕ ਥਾਂ ਵੱਡਾ ਅੰਗੀਠਾ ਤਿਆਰ ਕਰੋ। ਸਾਰੇ ਸ਼ਹੀਦਾਂ ਦਾ ਸਸਕਾਰ ਕਰ ਦੇਵੋ ਤੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ" ॥ ੩੯॥

ਜੇ ਸੰਗੀ, ਸੁਨਿ ਕੈ ਤਤਕਾਲਾ। ਸੂਕੇ ਕਾਸ਼ਟ ਸੰਚਿ ਬਿਸਾਲਾ।
ਬੀਨ ਬੀਨ ਸਿੰਘਨ ਕਹੁ ਆਨਾ। ਪਰਜੋ ਸਮੂਹ ਮਰਜੋ ਤੁਰਕਾਨਾ॥ ੪੦॥

ਜਿਹੜੇ ਸਾਥੀ ਸਨ, ਉਹ ਤੁਰਤ ਸੁਣ ਕੇ ਗਏ ਤੇ ਬਹੁਤ ਸੁੱਕੀਆਂ ਲੱਕੜਾਂ ਇਕੱਠੀਆਂ ਕਰਕੇ ਲਿਆਏ। ਫਿਰ ਸਿੰਘਾਂ ਨੂੰ ਲੱਭ ਲੱਭ ਕੇ ਲਿਆਂਦਾ। ਕਿਉਂਕਿ ਤੁਰਕਾਂ ਦਾ ਇਕ ਵੱਡਾ ਸਮੂਹ ਉਥੇ ਮਰਿਆ ਪਿਆ ਸੀ॥ ੪੦॥

ਲਰੇ ਮਰੇ ਮਿਲਿ ਤਿਨ ਮਹੁਂ ਪਰੇ। ਜਹਿਂ ਸੰਗ੍ਰਾਮ ਖੇਤ ਬਡ ਕਰੇ।
ਬਹੁ ਸਿੰਘਨ ਤਤਕਾਲ ਉਠਾਏ। ਬਡੀ ਚਿਤਾ ਕੇ ਬੀਚ ਟਿਕਾਏ॥ ੪੧॥

ਉਹ ਸਾਰੇ ਲੜ ਕੇ ਮਰ ਕੇ ਤੁਰਕਾਂ ਦੇ ਵਿਚ ਹੀ ਪਏ ਸਨ, ਜਿਸ ਰਣਖੇਤਰ ਵਿਚ ਉਨ੍ਹਾਂ ਨੇ ਵੱਡਾ ਸੰਗ੍ਰਾਮ ਕੀਤਾ ਸੀ। ਬਹੁਤ ਸਿੰਘਾਂ ਨੇ ਤੁਰਤ ਸ਼ਹੀਦ ਸਿੰਘਾਂ ਨੂੰ ਚੁੱਕ ਲਿਆ ਤੇ ਅੰਗੀਠੇ ਦੇ ਉੱਪਰ ਟਿਕਾਅ ਦਿੱਤਾ॥ ੪੧॥

ਊਪਰ ਸਮਧਾ ਧਰਿ ਸਮੁਦਾਈ। ਕਰਿ ਅਗਨੀ ਪਰਜ੍ਵਲਤਿ ਲਗਾਈ।
ਆਪ ਖਰੇ ਸਤਿਗੁਰ ਤਹਿਂ ਭਏ। ਭਸਮ ਦੇਹ ਸਗਰੇ ਕਰਿ ਦਏ॥ ੪੨॥

ਸ਼ਹੀਦਾਂ ਦੀਆਂ ਲਾਸ਼ਾਂ ਉੱਪਰ ਸਾਰਾ ਬਾਲਣ ਧਰ ਦਿੱਤਾ ਤੇ ਫਿਰ ਉਸ ਨੂੰ ਅੱਗ ਲਾ ਦਿੱਤੀ। ਸਤਿਗੁਰੂ ਜੀ ਆਪ ਉਥੇ ਖੜੇ ਸਨ ਤੇ ਸਾਰੇ ਸਰੀਰਾਂ ਨੂੰ ਉਨ੍ਹਾਂ ਨੇ ਭਸਮ ਕਰ ਦਿੱਤਾ॥ ੪੨॥

**ਮਹਿਮਾ ਅਧਿਕ ਸਰੋਵਰ ਕੇਰੀ। ਸ੍ਰੀ ਮੁਖ ਤੇ ਬਰਨੀ ਬਹੁਤੇਰੀ।**
**'ਜਹਿਂ ਰਿਖਿ ਏਕ ਸਾਧ ਤਪੁ ਮਰੈ। ਪੁੰਨ ਸਥਾਨ ਤਾਂਹਿ ਜਗ ਰਰੈ'॥ ੪੩॥**

ਸਤਿਗੁਰੂ ਜੀ ਨੇ ਫਿਰ ਉਸ ਢਾਬ ਦੀ ਵੱਡੀ ਮਹਿਮਾ ਆਪਣੇ ਮੁਖ ਤੋਂ ਕਹੀ, "ਜਿਥੇ ਇਕ ਰਿਸ਼ੀ ਤਪ ਸਾਧ ਕੇ ਮਰ ਜਾਂਦਾ ਹੈ, ਉਸ ਨੂੰ ਜਗਤ ਸੁੰਦਰ ਪੁੰਨ ਸਥਾਨ ਜਾਣਦਾ ਹੈ॥ ੪੩॥

**ਇਸ ਥਲ ਸਿੰਘ ਸਿਦਕ ਬਹੁ ਬਡੇ। ਲਰਿ ਤੁਰਕਨਿ ਮਨ ਤਨ ਸਭਿ ਛਡੇ।**
**ਮਕ੍ਰ ਸੰਕਰਖਣ ਅਰਕੀ ਹੋਇ। ਆਨ ਸ਼ਨਾਨਹਿ ਜੇ ਨਰ ਕੋਇ॥ ੪੪॥**

ਇਸ ਸਥਾਨ ਵਿਖੇ ਸਿੰਘਾਂ ਵਿਚ ਸਿਦਕ ਬਹੁਤ ਵਧਿਆ ਸੀ, ਤੁਰਕਾਂ ਨਾਲ ਯੁੱਧ ਕਰਕੇ ਸਾਰੇ ਸਰੀਰ ਛੱਡ ਗਏ ਹਨ। ਮਕਰ ਰਾਸ਼ੀ ਵਿਚ ਜਦ ਸੂਰਜ ਹੋਵੇ ਭਾਵ ਮਾਘ ਦੀ ਸੰਗ੍ਰਾਂਦ ਜਿਸ ਦਿਨ ਹੋਵੇ ਤਾਂ ਜਿਹੜਾ ਵੀ ਮਨੁੱਖ ਇਸ ਸਰੋਵਰ ਵਿਚ ਆ ਕੇ ਇਸ਼ਨਾਨ ਕਰੇਗਾ॥ ੪੪॥

**ਮਨੋਕਾਮਨਾ ਪ੍ਰਾਪਤਿ ਸੋਊ। ਪਾਪ ਕਰੇ ਗਨ ਬਯ ਸਭਿ ਖੋਊ।**
**ਬੰਦਹਿ ਗੰਜ ਸ਼ਹੀਦਨ ਕੇਰਾ। ਧਨ ਦੇਵਹਿ, ਨਿਤ ਵਧਹਿ ਵਧੇਰਾ॥ ੪੫॥**

ਉਸ ਨੂੰ ਸਾਰੀਆਂ ਮਨੋਕਾਮਨਾਂ ਪ੍ਰਾਪਤ ਹੋਣਗੀਆਂ, ਸਾਰੇ ਪਾਪ ਨਾਸ਼ ਹੋ ਜਾਣਗੇ। ਇਸ ਸ਼ਹੀਦ ਗੰਜ ਨੂੰ ਜਿਹੜਾ ਨਮਸਕਾਰ ਕਰੇਗਾ ਤੇ ਧਨ ਅਰਪਣ ਕਰੇਗਾ, ਉਸ ਦਾ ਧਨ ਨਿਤ ਬਹੁਤ ਵਧੇਗਾ॥ ੪੫॥

**ਅਬਿ ਤੇ ਨਾਮ ਮੁਕਤਿਸਰ ਹੋਇ। ਖਿਦਰਾਣਾ ਇਸ ਕਹੈ ਨ ਕੋਇ।**
**ਇਸ ਥਲ ਮੁਕਤਿ ਭਏ ਸਿਖ ਚਾਲੀ। ਜੇ ਨਿਸ਼ਪਾਪ ਘਾਲ ਬਹੁ ਘਾਲੀ॥ ੪੬॥**

ਹੁਣ ਤੋਂ ਇਸ ਦਾ ਨਾਮ ਮੁਕਤਸਰ ਹੋਵੇਗਾ, ਇਸ ਨੂੰ ਕੋਈ ਵੀ ਖਿਦਰਾਣਾ ਨਹੀਂ ਕਹੇਗਾ। ਇਸ ਸਥਾਨ ਵਿਖੇ ਚਾਲ੍ਹੀ ਸਿੱਖ ਮੁਕਤ ਹੋਏ ਹਨ ਜਿਨ੍ਹਾਂ ਨਿਸ਼ਕਾਮ ਬਹੁਤ ਘਾਲਣਾ ਘਾਲੀ ਸੀ॥ ੪੬॥

**ਯਾਂਤੇ ਨਾਮ ਮੁਕਤਿਸਰ ਹੋਵਾ। ਜੋ ਮੱਜਹਿਂ ਤਿਨ ਹੀ ਅਘ ਖੋਵਾ।**
**ਅਸ ਮਹਿੰਮਾ ਸ੍ਰੀ ਮੁਖ ਤੇ ਕਹੀ। ਸੋ ਅਬਿ ਪ੍ਰਗਟ ਜਗਤ ਮੈਂ ਸਹੀ॥ ੪੭॥**

ਇਸ ਕਰਕੇ ਇਸ ਦਾ ਨਾਮ ਮੁਕਤਸਰ ਹੋ ਗਿਆ ਹੈ, ਜਿਹੜੇ ਏਥੇ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਪਾਪ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਮਹਿਮਾ ਆਪਣੇ ਮੁਖ ਤੋਂ ਕਹੀ ਉਹ ਹੁਣ ਜਗਤ ਵਿਚ ਸਹੀ ਪ੍ਰਗਟ ਹੋਈ ਹੈ॥ ੪੭॥

*ਪਹਿਲੇ ਐਨ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥*

★★★

# ਅਧਿਆਇ ਤੇਰ੍ਹਵਾਂ

## ਮਾਈ ਭਾਗੋ, ਚਿਰਜੀਵੀ ਨੂੰ ਤਾਰਨਾ

ਦੋਹਰਾ- ਦਾਹ ਕਰੇ ਸਿਖ ਖਰੇ ਗੁਰ, ਏਕ ਸਿੰਘ ਤਬਿ ਆਇ।
ਹਾਥ ਜੋਰਿ ਬੋਲਤਿ ਭਯੋ 'ਨਾਰਿ ਪਰੀ ਇਕ ਥਾਇਂ॥ ੧॥

ਜਦ ਸਤਿਗੁਰੂ ਜੀ ਖੜੇ ਹੋ ਕੇ ਸ਼ਹੀਦਾਂ ਦਾ ਸਸਕਾਰ ਕਰ ਰਹੇ ਸਨ ਤਾਂ ਉਨ੍ਹਾਂ ਪਾਸ ਇਕ ਸਿੰਘ ਆਇਆ। ਉਹ ਹੱਥ ਜੋੜ ਕੇ ਕਹਿਣ ਲੱਗਾ, "ਇਕ ਥਾਂ ਇਕ ਇਸਤਰੀ ਪਈ ਹੈ॥ ੧॥

ਚੌਪਈ- ਲਖਿਯਤਿ ਲਰੀ ਸੰਗ ਤੁਰਕਾਨੇ। ਕੇਤਿਕ ਘਾਉ ਲਗੇ ਤਨ ਜਾਨੇ।
ਰਹੀ ਜੀਵਤੀ ਬਿਹਬਲ ਨਾਂਹੀ। ਸ੍ਰੀ ਪ੍ਰਭੁ ਆਪ ਦੇਖੀਅਹਿ ਤਾਂਹੀ' ॥੨॥

ਜਾਪਦਾ ਹੈ ਉਸ ਨੇ ਤੁਰਕਾਂ ਦੇ ਨਾਲ ਯੁੱਧ ਕੀਤਾ ਹੈ, ਉਸ ਦੇ ਸਰੀਰ ਨੂੰ ਕਈ ਜ਼ਖਮ ਲੱਗੇ ਹਨ, ਇੰਝ ਪਤਾ ਲੱਗਦਾ ਹੈ ਕਿ ਹਾਲੇ ਜੀਵਤ ਹੈ, ਪਰ ਵਿਆਕੁਲ ਨਹੀਂ ਹੈ, ਹੇ ਸਤਿਗੁਰੂ ਜੀ! ਆਪ ਜੀ ਉਸ ਨੂੰ ਵੇਖੋ" ॥ ੨॥

ਸੁਨਿ ਗੁਰ ਮੰਦ ਮੰਦ ਮੁਸਕਾਏ। ਗਮਨੇ ਤਹਿਂ ਸਿਖ ਕਰਿ ਅਗਵਾਏ।
ਝਾਰਨ ਬੀਚ ਪਰੀ ਪਟ ਫੱਟੇ। ਕੇਤਿਕ ਸ਼ਸਤ੍ਰ ਲਗੇ ਪਲ ਕੱਟੇ॥ ੩॥

ਇਹ ਸੁਣ ਕੇ ਗੁਰੂ ਜੀ ਥੋੜ੍ਹਾ-ਥੋੜ੍ਹਾ ਮੁਸਕਰਾਏ ਤੇ ਫਿਰ ਉਥੇ ਪਹੁੰਚ ਗਏ ਜਿੱਥੇ ਉਸ ਸਿੱਖ ਨੇ ਉਨ੍ਹਾਂ ਦੀ ਅਗਵਾਈ ਕੀਤੀ ਸੀ। ਉਹ ਝਾੜੀਆਂ ਵਿਚ ਪਈ ਸੀ ਤੇ ਕੱਪੜੇ ਫਟੇ ਹੋਏ ਸਨ। ਕਈ ਹਥਿਆਰ ਵੱਜ ਕੇ ਮਾਸ ਕੱਟਿਆ ਹੋਇਆ ਸੀ॥ ੩॥

ਜਾਇ ਖਰੇ ਸਤਿਗੁਰੂ ਨਿਹਾਰੀ। ਸ੍ਰੀ ਮੁਖ ਤੇ ਮੁਸਕਾਇ ਉਚਾਰੀ।
'ਪੁੱਤ੍ਰਾਂ ਕਾਰਣ ਆਈਅਹਿ ਪੀਰੀ। ਸੁੱਥਣ ਲਾਹਿ ਲਈ ਬੇਪੀਰੀ' ॥ ੪॥

ਸਤਿਗੁਰੂ ਜੀ ਨੇ ਜਾ ਕੇ ਖੜੇ ਹੋ ਕੇ ਵੇਖਿਆ ਤੇ ਉਨ੍ਹਾਂ ਮੁਖ ਤੋਂ ਮੁਸਕਰਾ ਕੇ ਬਚਨ ਕੀਤਾ, "ਗੁਰਾਂ ਪਾਸ ਪੁੱਤਾਂ ਲਈ ਆਈ ਸੀ। ਪਰ ਤੂੰ ਇਸ ਪੀੜਾ ਤੋਂ ਬੇਪੀੜ ਹੋ ਕੇ ਭਾਵ ਜਨਾਨਾ ਭੇਸ ਛੱਡ ਕੇ ਯੁੱਧ ਕਰਨ ਲਈ ਮਰਦਾਨਾ ਭੇਸ ਧਾਰਨ ਕਰ ਲਿਆ ਹੈ" ॥ ੪॥

ਇਮ ਕਹਿ ਕਰੁਨਾ ਦ੍ਰਿਸ਼ਟਿ ਨਿਹਾਰੀ। ਤਨ ਘਾਵਨ ਕੀ ਪੀਰ ਬਿਦਾਰੀ।
'ਉਠਿ ਤੂੰ ਚਲੀਅਹਿ ਸੰਗ ਹਮਾਰੇ। ਚਹੈਂ ਮਨੋਰਥ ਪੁਰਵੈਂ ਸਾਰੇ' ॥ ੫॥

ਇਸ ਪ੍ਰਕਾਰ ਕਹਿ ਕੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਸਰੀਰ ਦੇ ਜ਼ਖਮਾਂ ਦੀ ਪੀੜ ਦੂਰ ਕੀਤੀ। ਫਿਰ ਗੁਰੂ ਜੀ ਨੇ ਕਿਹਾ, "ਉੱਠ ਕੇ ਸਾਡੇ ਨਾਲ ਚਲੋ, ਜਿਹੜੇ ਮਨੋਰਥ ਚਾਹੁੰਦੀ ਹੈਂ ਸਾਰੇ ਪੂਰੇ ਕਰਾਂਗੇ" ॥ ੫॥

ਸੁਨਿ ਕਰਿ ਉਠੀ ਬੰਦਨਾ ਠਾਨੀ। ਅਧਿਕ ਅਨੰਦਤਿ ਗਿਰਾ ਬਖਾਨੀ।
'ਜਬਿ ਮਾਝੇ ਤੇ ਸਿਖ ਗਨ ਚਲੇ। ਰਾਵਰ ਕੇ ਦਰਸ਼ਨ ਹਿਤ ਮਿਲੇ॥ ੬॥

ਗੁਰੂ ਜੀ ਦੇ ਬਚਨ ਸੁਣ ਕੇ ਉੱਠੀ ਤੇ ਬੰਦਨਾ ਕੀਤੀ ਤੇ ਬਹੁਤ ਪ੍ਰਸੰਨ ਹੋ ਕੇ ਬੋਲੀ, "ਜਦ ਮਾਝੇ ਤੋਂ ਬਹੁਤ ਸਿੱਖ ਚਲ ਕੇ ਆਏ ਸਨ, ਦਰਸ਼ਨਾਂ ਵਾਸਤੇ ਆਪ ਜੀ ਨੂੰ ਮਿਲਣਾ ਚਾਹੁੰਦੇ ਸਨ॥ ੬॥

ਤਬਿ ਮੈਂ ਸੁਤ ਕੀ ਧਰਿ ਉਰ ਆਸਾ। ਪਹੁੰਚੀ ਆਇ ਤੁਮਾਰੇ ਪਾਸਾ।
ਇਹਾਂ ਲਰਨ ਕੋ ਕਾਰਨ ਹੇਰਾ। ਗੁਰ ਹਿਤ ਉਮਕਯੋ ਹੀਯ ਘਨੇਰਾ॥ ੭॥

ਤਦ ਮੈਂ ਆਪਣੇ ਦਿਲ ਵਿਚ ਪੁੱਤਰ ਦੀ ਆਸ ਧਾਰਨ ਕੀਤੀ ਤੇ ਆ ਕੇ ਤੁਹਾਡੇ ਪਾਸ ਪਹੁੰਚੀ। ਏਥੇ ਫਿਰ ਯੁੱਧ ਕਰਨ ਦਾ ਕਾਰਜ ਵੇਖਿਆ ਤਾਂ ਗੁਰੂ ਜੀ ਵਾਸਤੇ ਯੁੱਧ ਕਰਨ ਲਈ ਮੇਰੀ ਦਿਲ ਵਿਚ ਵੱਡੀ ਉਮੰਗ ਪੈਦਾ ਹੋਈ॥ ੭॥

ਮਿਲਿ ਸਿੰਘਨ ਕੇ ਸੰਗ ਇਥਾਈਂ। ਤੁਰਕਨ ਸਾਥ ਮਚਾਇ ਲਰਾਈ।
ਹੁਤੀ ਸਾਂਗ ਗਰਵੀ ਕਰ ਮੇਰੇ। ਦੁਸ਼ਮਨ ਆਨਿ ਢੁਕਯੋ ਜਬਿ ਨੇਰੇ॥ ੮॥

ਸਿੰਘਾਂ ਨਾਲ ਮਿਲ ਕੇ ਮੈਂ ਏਥੇ ਆਈ ਹਾਂ ਤੇ ਆ ਕੇ ਤੁਰਕਾਂ ਨਾਲ ਲੜਾਈ ਮਚਾਈ ਹੈ। ਮੇਰੇ ਹੱਥ ਵਿਚ ਵੱਡੀ ਬਰਛੀ ਸੀ, ਜਦ ਦੁਸ਼ਮਣ ਮੇਰੇ ਨੇੜੇ ਆਇਆ॥ ੮॥

ਬਲ ਤੇ ਹਤੀ ਪਰੋਵਨ ਕੀਨਾ। ਐਂਚਿ ਤੁਰੰਗ ਤੇ ਡਾਰਿ ਸੁ ਦੀਨਾ।
ਅਪਰ ਆਨਿ ਕੈ ਖੈਂਚਿ ਕ੍ਰਿਪਾਨ। ਇਕ ਦੁਇ ਵਾਰ ਕਰੇ ਬਲ ਠਾਨਿ॥ ੯॥

ਤਾਂ ਮੈਂ ਸਾਰੇ ਜ਼ੋਰ ਨਾਲ ਮਾਰ ਕੇ ਉਸ ਨੂੰ ਬਰਛੀ ਵਿਚ ਪਰੋ ਲਿਆ ਤੇ ਘੋੜੇ ਤੋਂ ਖਿੱਚ ਕੇ ਥੱਲੇ ਸੁੱਟ ਦਿੱਤਾ। ਫਿਰ ਇਕ ਹੋਰ ਨੇ ਆ ਕੇ ਮੇਰੇ ਉੱਪਰ ਤਲਵਾਰ ਖਿੱਚ ਕੇ ਸ਼ਕਤੀ ਲਾ ਕੇ ਇਕ ਦੋ ਵਾਰ ਕੀਤੇ॥ ੯॥

ਰਾਵਰਿ ਦੇ ਕਰਿ ਹਾਥ ਬਚਾਈ। ਅਬਿ ਬਾਂਛਾ ਮੁਝ ਰਹੀ ਨ ਕਾਈ।
ਸਤਿਗੁਰ ਸੰਗ ਰਹੌਂ ਨਿਤ ਅਬੈ। ਜਗਤ ਕਾਨ ਕੀ ਲਾਜ ਤਜਿ ਸਬੈ'॥ ੧੦॥

ਆਪ ਜੀ ਨੇ ਹੱਥ ਦੇ ਕੇ ਬਚਾਇਆ ਹੈ। ਹੁਣ ਮੇਰੀ ਕੋਈ ਇੱਛਾ ਨਹੀਂ ਰਹੀ ਹੈ। ਹੁਣ ਸਦਾ ਸਤਿਗੁਰੂ ਜੀ ਦੇ ਨਾਲ ਰਹਾਂਗੀ ਤੇ ਜਗਤ ਦੇ ਕਾਨ ਦੀ ਸਾਰੀ ਲਾਜ ਛੱਡ ਦੇਵਾਂਗੀ'॥ ੧੦॥

ਬਿਕਸੇ ਸਤਿਗੁਰ ਬਾਕ ਉਚਾਰਾ। 'ਭਲੋ ਮਨੋਰਥ ਤੈਂ ਉਰ ਧਾਰਾ।
ਜਨਮ ਮਰਨ ਤੇ ਅਬਿ ਛੁਟਿ ਜੈਹੈਂ। ਲੋਕ ਲਾਜ ਕੋ ਤਜਾਗਨ ਕੈਹੈਂ॥ ੧੧॥

ਸਤਿਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ, "ਤੂੰ ਹਿਰਦੇ ਵਿਚ ਚੰਗਾ ਮਨੋਰਥ ਧਾਰਨ ਕੀਤਾ ਹੈ। ਹੁਣ ਜਨਮ ਮਰਨ ਤੋਂ ਛੁਟਕਾਰਾ ਪਾ ਲਵੇਂਗੀ, ਲੋਕ ਲਾਜ ਨੂੰ ਛੱਡਣ ਲੱਗੀ ਹੈਂ"॥ ੧੧॥

ਇਸ ਪ੍ਰਕਾਰ ਕਰਿਕੈ ਕ੍ਰਿਤ ਸਾਰੀ। ਮਹਾਂ ਸਿਘ ਕੀ ਬਾਤ ਚਿਤਾਰੀ।
ਕੀਨੋ ਮਹਾਂ ਸਿੰਘ ਉਪਕਾਰਾ। ਅਪਰ ਨ ਲੀਨਸਿ ਰਹੇ ਉਚਾਰਾ॥ ੧੨॥

ਇਸ ਪ੍ਰਕਾਰ ਸਾਰੀ ਕ੍ਰਿਤ ਕਰਕੇ, ਮਹਾਂ ਸਿੰਘ ਦੀ ਗੱਲ ਚੇਤੇ ਕੀਤੀ। ਮਹਾਂ ਸਿੰਘ ਨੇ ਵੱਡਾ ਉਪਕਾਰ ਕੀਤਾ ਹੈ, ਹੋਰ ਕੁਝ ਨਹੀਂ ਲਿਆ ਹੈ, ਇਹੋ ਉਚਾਰਨ ਕਰਦਾ ਰਿਹਾ ਹੈ॥ ੧੨॥

ਮੇਲ ਲਈ ਟੂਟੀ ਸਭਿ ਸੰਗਤਿ। ਭਏ ਪ੍ਰਵੇਸ਼ ਗੁਰੂ ਕੀ ਪੰਗਤ।
ਸੰਗੀ ਸਭਿਨਿ ਸੁਨਾਇ ਬਖਾਨਾ। 'ਭਲੋ ਕਾਜ ਕੀਨਸਿ ਹਿਤ ਠਾਨਾ॥ ੧੩॥

ਉਸ ਨੇ ਸਾਰੀ ਟੁੱਟੀ ਹੋਈ ਸੰਗਤ ਨੂੰ ਮੇਲ ਲਿਆ ਹੈ, ਉਹ ਸਾਰੇ ਗੁਰੂ ਜੀ ਦੀ ਪੰਗਤ ਵਿਚ ਪ੍ਰਵੇਸ਼ ਕਰ ਗਏ ਹਨ। ਸਾਰੇ ਸਾਥੀਆਂ ਨੂੰ ਕਹਿ ਕੇ ਸੁਣਾਇਆ, "ਹਿਤ ਧਾਰ ਕੇ ਉਸ ਭਲਾ ਕਾਰਜ ਕੀਤਾ ਹੈ॥ ੧੩॥

ਗੁਰ ਸਿੱਖੀ ਕੀ ਬਡ ਬੁਨਿਆਦ। ਬਿਗਰੀ ਗਈ ਹੁਤੀ ਸੋ ਬਾਦ।
ਬਹੁਰ ਮਿਲਿਨਿ ਕੋ ਵਖਤ ਨ ਕੋਈ। ਪ੍ਰਾਨ ਦੇਨਿ ਲੋ ਕਬਿ ਕ੍ਰਿਤ ਹੋਈ॥੧੪॥

ਗੁਰਸਿੱਖੀ ਦੀ ਵੱਡੀ ਬੁਨਿਆਦ, ਫਿਰ ਬਾਅਦ ਵਿਚ ਵਿਗੜ ਗਈ ਹੁੰਦੀ। ਫਿਰ ਬਾਅਦ ਵਿਚ ਮਿਲਣ ਵਾਸਤੇ ਕੋਈ ਸਮਾਂ ਨਹੀਂ ਸੀ, ਪ੍ਰਾਣ ਤਿਆਗਣ ਤਕ ਕਦ ਕਾਰ ਹੋਣੀ ਸੀ॥ ੧੪॥

ਪੁਨ ਐਸੋ ਹੋਵਨਿ ਉਪਕਾਰੀ। ਤਜਿ ਨਿਜ ਹਿਤ ਇਹ ਬਾਤ ਸੁਧਾਰੀ।
ਗੁਰ ਸਿੱਖੀ ਰੱਖੀ ਤਿਸ ਦੇਸ਼ੂ। ਹੁਤੇ ਕਦੀਮੀ ਸਿੱਖ ਅਸ਼ੇਸ਼ੂ॥ ੧੫॥

ਫਿਰ ਐਸਾ ਉਪਕਾਰੀ ਮਿਲਣਾ ਮੁਸ਼ਕਲ ਸੀ, ਜਿਹੜਾ ਆਪਣੇ ਹਿਤ ਨੂੰ ਛੱਡ ਕੇ ਅਜਿਹੇ ਵਿਗਾੜ ਦਾ ਸੁਧਾਰ ਕਰਦਾ। ਉਸ ਨੇ ਗੁਰਸਿੱਖੀ ਨੂੰ ਆਪਣੇ ਦੇਸ਼ ਵਿਚ ਰੱਖ ਲਿਆ, ਜਿਹੜੇ ਬਾਕੀ ਕਦੀਮੀ ਸਿੱਖ ਸਨ॥ ੧੫॥

ਸ੍ਰੀ ਗੁਰੂ ਨਾਨਕ ਆਦਿਕ ਔਰ। ਬਿਚਰੇ ਬਸੇ ਅਧਿਕ ਤਿਸ ਠੌਰ।
ਸਹੇ ਨਹੀਂ ਕਸਵੱਟੀ ਅਬਿ ਕੀ। ਖਾਰਜ ਸਿੱਖੀ ਕੀਨਸਿ ਤਬਿ ਕੀ॥ ੧੬॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਮਾਝੇ ਵਿਚ ਬਹੁਤ ਲੰਮਾ ਸਮਾਂ ਵਿਚਰੇ ਅਤੇ ਵੱਸੇ। ਹੁਣ ਦੀ ਕਸੌਟੀ ਸਹਿ ਨਾ ਸਕਦੇ, ਜਿਹੜੇ ਉਸ ਸਮੇਂ ਤੋਂ ਸਿੱਖੀ ਤੋਂ ਖਾਰਜ ਕੀਤੇ ਹੁੰਦੇ॥ ੧੬॥

ਮਹਾਂ ਸਿੰਘ ਬਨਿ ਸਿੰਘ ਅਬਿ। ਬਰ ਲੈ ਦੇਸ਼ ਉਧਾਰ ਦਯੋ ਸਬਿ'।
ਇਮ ਸ੍ਰੀ ਪ੍ਰਭੁ ਬਹੁ ਬਾਰ ਉਚਾਰੀ। ਟੂਟੀ ਮੇਲਨ ਬਾਤ ਚਿਤਾਰੀ॥ ੧੭॥

ਮਹਾਂ ਸਿੰਘ ਨੇ ਵੱਡਾ ਸੂਰਬੀਰ ਬਣ ਕੇ ਵਰ ਲੈ ਕੇ ਸਾਰਾ ਮਾਝਾ ਦੇਸ਼ ਦਾ ਉਧਾਰ ਕਰ ਦਿੱਤਾ ਹੈ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਬਹੁਤ ਵਾਰ ਉਚਾਰਨ ਕੀਤਾ, ਟੁੱਟੀ ਗੰਢਣ ਦੀ ਗੱਲ ਬਹੁਤ ਯਾਦ ਕੀਤੀ॥ ੧੭॥

ਭੂਤ ਭਵਿੱਖ ਵਿਚਾਰ ਪ੍ਰਸੰਗ। ਭਏ ਅਨੰਦ ਪ੍ਰਭੂ ਸਰਬੰਗ।
ਖਾਨਾ ਗਯੋ ਕਪੂਰੇ ਪਾਸ। ਗੁਰ ਕੀ ਗਤਿ ਨਹਿੰ ਕਰੀ ਪ੍ਰਕਾਸ਼॥ ੧੮॥

ਭੂਤ ਭਵਿੱਖ ਦਾ ਪ੍ਰਸੰਗ ਵਿਚਾਰ ਕੇ ਸਤਿਗੁਰੂ ਜੀ ਸਰਬ ਪ੍ਰਕਾਰ ਪ੍ਰਸੰਨ ਹੋ ਗਏ। ਚੌਧਰੀ ਕਪੂਰੇ ਦਾ ਆਦਮੀ 'ਖਾਨਾ ਜਿਹੜਾ ਗੁਰੂ ਨੂੰ ਰਾਹ ਦੱਸਣ ਵਾਸਤੇ ਆਇਆ ਸੀ, ਉਹ ਕਪੂਰੇ ਪਾਸ ਪਹੁੰਚ ਗਿਆ, ਪਰ ਉਸ ਨੇ ਗੁਰੂ ਜੀ ਬਾਰੇ ਕੁਝ ਵੀ ਨਾ ਦੱਸਿਆ॥ ੧੮॥

ਤੂਸ਼ਨ ਹੀ ਲਸ਼ਕਰ ਮਹਿੰ ਰਹੈ। ਬਿਦਤਹਿ ਗੁਰੂ ਆਪ ਹੀ ਲਹੈ।
ਥਲ ਜਲ ਹੀਨ ਜਾਨਿ ਗੁਨ ਖਾਨੀ। ਚਲਿਬੇ ਹੇਤੁ ਚਹਜੋ ਅਗੁਵਾਨੀ॥ ੧੯॥

ਉਹ ਲਸ਼ਕਰ ਦੇ ਵਿਚ ਚੁੱਪ ਹੀ ਰਹਿੰਦਾ ਸੀ। ਜਦ ਗੁਰੂ ਜੀ ਪ੍ਰਗਟ ਹੋਣਗੇ ਤਾਂ ਆਪ ਹੀ ਜਾਣ ਲੈਣਗੇ। ਉਸ ਸਥਾਨ ਨੂੰ ਜਲ-ਹੀਣ ਜਾਣ ਕੇ ਸਤਿਗੁਰੂ ਜੀ ਨੇ ਅੱਗੇ ਜਾਣਾ ਚਾਹਿਆ॥ ੧੯॥

ਰਾਖੇ ਚਾਕਰ ਜੇ ਬੈਰਾੜ। 'ਚਲਹੁ ਅੱਗ੍ਰ ਤੁਮ ਪਿਖੀ ਉਜਾੜ।
ਨਿਰਮਲ ਜਲ ਕੋ ਥਲ ਜਿਤ ਪਾਵਹੁ। ਚਲਹੁ ਸ਼ੀਘ੍ਰ ਤਹਿੰ ਸਿਵਰ ਟਿਕਾਵਹੁ॥੨੦॥

ਜਿਹੜੇ ਬੈਰਾੜ ਨੌਕਰ ਰੱਖੇ ਸਨ, ਉਨ੍ਹਾਂ ਨੂੰ ਕਿਹਾ, ''ਅੱਗੇ ਚਲੋ ਤੁਸੀਂ ਉਜਾੜ ਵੇਖ ਲਈ ਹੈ। ਜਿੱਥੇ ਨਿਰਮਲ ਜਲ ਦਾ ਥਲ ਪਾਵੋ, ਛੇਤੀ ਚਲ ਕੇ ਉਥੇ ਡੇਰਾ ਲਾਵੋ''॥ ੨੦॥

ਇਮ ਕਹਿ ਤੋਰਿ ਤੁਰੰਗਮ ਚਲੇ। ਇਕ ਸਰਾਇ ਹੇਰੀ ਥਲ ਭਲੇ।
ਤਹੀਂ ਸਰੋਵਰ ਸੁੰਦਰ ਹੇਰਾ। ਤਿਸ ਕੇ ਤੀਰ ਕਰਜੋ ਗੁਰ ਡੇਰਾ॥ ੨੧॥

ਇਸ ਪ੍ਰਕਾਰ ਕਹਿ ਕੇ ਘੋੜਿਆਂ ਨੂੰ ਤੋਰ ਕੇ ਚਲ ਪਏ। ਅੱਗੇ ਜਾ ਕੇ ਇਕ ਭਲੇ ਸਥਾਨ ਵਿਖੇ ਇਕ ਸਰਾਂ ਵੇਖੀ। ਉਥੇ ਇਕ ਸੁੰਦਰ ਸਰੋਵਰ ਵੀ ਵੇਖਿਆ। ਉਸ ਦੇ ਕਿਨਾਰੇ ਗੁਰੂ ਜੀ ਨੇ ਡੇਰਾ ਲਾ ਲਿਆ॥ ੨੧॥

ਜਹਿਂ ਕਹਿਂ ਉਤਰਿ ਤੁਰੰਗ ਲਗਾਏ। ਤ੍ਰਿਣ ਕਾਸ਼ਟ ਇਕਠੇ ਕਰਿਵਾਏ।
ਬਿਚਰਤਿ ਭਏ ਸਿੰਘ ਜਹਿਂ ਕਹਾਂ। ਏਕ ਸਾਧ ਕੋ ਆਸ਼੍ਰਮ ਤਹਾਂ॥ ੨੨॥

ਜਿੱਥੇ ਕਿੱਥੇ ਉੱਤਰ ਕੇ ਘੋੜੇ ਬੰਨ੍ਹ ਦਿੱਤੇ ਤੇ ਘਾਹ ਅਤੇ ਲੱਕੜੀਆਂ ਇਕੱਠੀਆਂ ਕਰਵਾਈਆਂ ਤੇ ਸਿੰਘ ਜਿੱਥੇ ਕਿੱਥੇ ਵਿਚਰਨ ਲੱਗੇ। ਉਥੇ ਇਕ ਸਾਧ ਦਾ ਆਸ਼੍ਰਮ ਸੀ॥ ੨੨॥

ਬੂਝਨਿ ਲਗਯੋ ਸੇਵਕਨਿ ਸੋਈ। 'ਪਰਲੇ ਤੀਰ ਤਾਲ ਕੇ ਹੋਈ।
ਉਤਰਯੋ ਕੌਨ ਬੋਲ ਸੁਨੀਅੰਤੇ? ਕਿਤ ਤੇ ਆਇ ਕਹਾਂ ਗਮਨੰਤੇ?'॥ ੨੩॥

ਉਹ ਆਪਣੇ ਸੇਵਕਾਂ ਨੂੰ ਪੁੱਛਣ ਲੱਗਾ, "ਸਰੋਵਰ ਦੇ ਪਰਲੇ ਪਾਸੇ ਕਿਸ ਨੇ ਉਤਾਰਾ ਕੀਤਾ ਹੈ, ਉਨ੍ਹਾਂ ਦੇ ਬੋਲ ਸੁਣਾਈ ਦਿੰਦੇ ਹਨ। ਕਿੱਥੋਂ ਆਏ ਹਨ ਅਤੇ ਕਿੱਥੇ ਜਾ ਰਹੇ ਹਨ?"॥ ੨੩॥

ਤਿਸ ਕੇ ਦਾਸਨ ਦਯੋ ਬਤਾਈ। 'ਗੁਰੂ ਮਰੇਲਾ ਉਤਰਯੋ ਆਈ।
ਤੁਰਕਨਿ ਸੰਗ ਜੰਗ ਕਰਿ ਭਾਰੇ। ਕੇਤੀ ਬਾਰ ਹਜ਼ਾਰਹੁਂ ਗਾਰੇ'॥ ੨੪॥

ਉਸ ਦੇ ਸੇਵਕਾਂ ਨੇ ਦੱਸ ਦਿੱਤਾ, "ਤੁਰਕਾਂ ਨੂੰ ਮਾਰਨ ਵਾਲੇ ਗੁਰੂ ਜੀ ਨੇ ਉਤਾਰਾ ਕੀਤਾ ਹੈ। ਤੁਰਕਾਂ ਨਾਲ ਭਾਰੀ ਜੰਗ ਕਰਕੇ, ਕਈ ਵਾਰ ਹਜ਼ਾਰਾਂ ਤੁਰਕ ਨਾਸ਼ ਕਰ ਦਿੱਤੇ ਹਨ"॥ ੨੪॥

ਸੁਨਤਿ ਸਾਧ ਬੂਝਨ ਲਗਿ ਫੇਰੀ। 'ਆਰਬਲਾ ਕੇਤੀ ਗੁਰ ਕੇਰੀ?
ਕੇਤਿਕ ਸਿਖ ਸੇਵਕ ਹੈਂ ਸੰਗ? ਉਤਰਯੋ ਆਨ ਕਰਤਿ ਹੀ ਜੰਗ'॥ ੨੫॥

ਇਹ ਸੁਣ ਕੇ ਸਾਧ ਨੇ ਫਿਰ ਪੁੱਛਿਆ, "ਗੁਰੂ ਜੀ ਦੀ ਉਮਰ ਕਿੰਨੀ ਹੈ? ਕਿੰਨੇ ਸਿੱਖ ਸੇਵਕ ਨਾਲ ਹਨ? ਕੀ ਜੰਗ ਕਰਦੇ ਨੇ ਹੀ ਏਥੇ ਆ ਉਤਾਰਾ ਕੀਤਾ ਹੈ?"॥ ੨੫॥

ਤਹਾਂ ਸਿੰਘ ਸੋ ਬਿਚਰਤਿ ਗਏ। ਬੂਝੀ ਬਾਤ ਬਤਾਵਤ ਭਏ।
'ਬਰਸ ਤੀਸ ਤੇ ਊਪਰ ਚਰੇ। ਚਾਲੀ ਸੰਮਤ ਕੇ ਲਖਿ ਤਰੇ'॥ ੨੬॥

ਉਥੇ ਸਿੰਘ ਫਿਰਦੇ ਫਿਰਾਉਂਦੇ ਗਏ, ਉਨ੍ਹਾਂ ਗੱਲ ਪੁੱਛੀ ਤੇ ਉਨ੍ਹਾ ਨੇ ਦੱਸ ਦਿੱਤਾ। ਉਨ੍ਹਾਂ ਦੀ ਉਮਰ ਤੀਹਾਂ ਸਾਲਾਂ ਤੋਂ ਉੱਪਰ ਹੈ ਤੇ ਚਾਲ੍ਹੀਆਂ ਤੋਂ ਹੇਠਾਂ ਹੈ"॥ ੨੬॥

ਸੁਨਤਿ ਸਾਧ ਤਰਕਤਿ ਕਹਿ ਬੈਨਾ। 'ਤਿਸ ਗੁਰ ਤੇ ਹਮ ਨੇ ਕਯਾ ਲੈਨਾ।
ਸਧੀ ਸਾਧਨਾ ਹੋਇ ਨ ਕੋਈ। ਸ਼ਾਂਤਿ ਸਮੇਤ ਨਹੀਂ ਚਿਤ ਹੋਈ'॥ ੨੭॥

ਇਹ ਸੁਣ ਕੇ ਸਾਧ ਨੇ ਤਰਕ ਦੇ ਸ਼ਬਦ ਕਹੇ, "ਉਸ ਗੁਰੂ ਪਾਸੋਂ ਅਸੀਂ ਕੀ ਲੈਣਾ ਹੈ, ਉਸ ਨੇ ਕੋਈ ਵੀ ਸਾਧਨਾ ਸਾਧੀ ਨਹੀਂ ਹੋਵੇਗੀ ਤੇ ਸ਼ਾਂਤੀ ਸਮੇਤ ਉਸ ਦਾ ਚਿੱਤ ਨਹੀਂ ਹੋਵੇਗਾ"॥ ੨੭॥

ਤਿਸ ਕੋ ਕਹਯੋ ਸਿੰਘ ਸੁਨਿ ਆਏ। ਤਰਕ ਰਿਦੇ ਕਰਕਤਿ ਖੁਨਸਾਏ।
ਮਿਲੇ ਆਨਿ ਜਬਿ ਸਤਿਗੁਰ ਪਾਸ। ਕਹੀ ਸਾਧ ਕੀ ਕਰੀ ਪ੍ਰਕਾਸ਼॥ ੨੮॥

ਉਸ ਦੇ ਕਹੇ ਹੋਏ ਸ਼ਬਦ ਨੂੰ ਸਿੰਘ ਸੁਣ ਕੇ ਆ ਗਏ, ਪਰ ਉਸ ਦੇ ਤਰਕ ਦੀ ਗੱਲ ਸਿੰਘਾਂ ਦੇ ਹਿਰਦੇ ਵਿਚ ਬੜੀ ਕੜਕਦੀ ਸੀ ਤੇ ਉਹ ਖੁਣਸਦੇ ਸਨ। ਜਦ ਸਤਿਗੁਰੂ ਜੀ ਨੂੰ ਆ ਕੇ ਮਿਲੇ ਤਾਂ ਸਾਧ ਦੀ ਕਹੀ ਹੋਈ ਗੱਲ ਉਨ੍ਹਾ ਗੁਰੂ ਜੀ ਪਾਸ ਜ਼ਾਹਰ ਕੀਤੀ॥ ੨੮॥

ਸੁਨਿ ਗੁਰ ਕਹਯੋ 'ਸਾਧ ਬਹੁ ਦਿਨ ਕੋ। ਆਰਬਲਾ ਗੁਮਾਨ ਬਹੁ ਮਨ ਕੋ'।
ਕਿਤਿਕ ਚੇਲਕਾ ਤਿਸ ਕੇ ਆਇ। 'ਦਰਸ਼ਨ ਕਰਹਿਂ' ਖਿਰੇ ਤਿਸ ਥਾਂਇ॥੨੯॥

ਸੁਣ ਕੇ ਗੁਰੂ ਜੀ ਨੇ ਕਿਹਾ, "ਸਾਧ ਦੀ ਬੜੀ ਵੱਡੀ ਉਮਰ ਹੈ, ਉਸ ਦੇ ਮਨ ਵਿਚ ਉਮਰ ਦਾ ਵੱਡਾ ਘੁਮੰਡ ਹੈ।" ਉਸ ਸਾਧ ਦੇ ਕਈ ਚੇਲੇ ਗੁਰੂ ਜੀ ਪਾਸ ਆਏ ਤੇ ਕਹਿਣ ਲੱਗੇ ਦਰਸ਼ਨ ਕਰਾਂਗੇ ਤੇ ਉਸ ਥਾਂ ਬੈਠ ਗਏ॥ ੨੯॥

ਤਬਿ ਸਿੱਖਨਿ ਬੂਝਯੋ ਪ੍ਰਭੁ ਸਾਥ। 'ਬੈਸ ਸਾਧ ਕੀ ਕੇਤਿਕ ਨਾਥ!।
ਜਿਸਕੋ ਕਰਿ ਗੁਮਾਨ ਬਹੁ ਰਹਯੋ। ਤਰਕਤਿ ਰਾਵਰ ਕੋ ਬਚ ਕਹਯੋ॥ ੩੦॥

ਤਦ ਸਿੱਖਾਂ ਨੇ ਸਤਿਗੁਰੂ ਜੀ ਨੂੰ ਪੁੱਛਿਆ, "ਸਾਧ ਦੀ ਉਮਰ ਕਿੰਨੀ ਹੈ, ਜਿਸ ਦਾ ਉਹ ਵੱਡਾ ਹੰਕਾਰ ਕਰ ਰਿਹਾ ਹੈ ਤੇ ਤਰਕ ਕਰਕੇ ਆਪ ਜੀ ਨੂੰ ਬਚਨ ਕਹੇ ਹਨ"॥ ੩੦॥

ਗੁਰ ਕਹਿਂ 'ਪੰਚ ਹਜ਼ਾਰਨ ਬਰਸ। ਖਟ ਵੀਹਾਂ ਊਪਰ ਭੇ ਸਰਸ।
ਸ੍ਵਾਸ ਟਿਕਾਇ ਸਮਾਧਿ ਲਗਾਵੈ। ਬੈਸੇ ਸੰਮਤ ਕਿਤਿਕ ਬਿਤਾਵੈ॥ ੩੧॥

ਗੁਰੂ ਜੀ ਨੇ ਕਿਹਾ, "ਪੰਜ ਹਜ਼ਾਰ ਸਾਲ ਤੇ ਛੇ ਵੀਹਾਂ ਉੱਪਰ ਵੱਧ ਹਨ ਭਾਵ ੫੧੨੦ ਸਾਲ ਹੈ। ਸਵਾਸ ਟਿਕਾ ਕੇ ਸਮਾਧੀ ਲਾਉਂਦਾ ਹੈ ਤੇ ਬੈਠਾ-ਬੈਠਾ ਹੀ ਕਈ ਸਾਲ ਬਤੀਤ ਕਰ ਦਿੰਦਾ ਹੈ॥ ੩੧॥

ਕਬਿ ਕਬਿ ਤਜਨ ਸਮਾਧੀ ਕਰੈ। ਬੋਲ ਬਿਲੋਕਹਿ ਇਤ ਉਤ ਫਿਰੈ'।
ਸੁਨਤਿ ਚੇਲਕਾ ਬਹੁ ਬਿਸਮਾਏ। ਅਪਨੇ ਗੁਰੂ ਸਾਧ ਢਿਗ ਆਏ॥ ੩੨॥

ਕਦੀ-ਕਦੀ ਸਮਾਧੀ ਛੱਡ ਦਿੰਦਾ ਹੈ, ਬੋਲਦਾ ਹੈ, ਵੇਖਦਾ ਹੈ ਤੇ ਏਧਰ ਓਧਰ ਤੁਰਦਾ ਫਿਰਦਾ ਹੈ।" ਇਹ ਸੁਣ ਕੇ ਸਾਧ ਦੇ ਚੇਲੇ ਬਹੁਤ ਹੈਰਾਨ ਹੋਏ ਤੇ ਆਪਣੇ ਗੁਰੂ ਸਾਧ ਪਾਸ ਆ ਗਏ॥ ੩੨॥

'ਹੇ ਮਹੰਤ ਜੀ ! ਸਿਖ ਸੁਨਿ ਗਏ। ਤੁਮਰੀ ਕਹੀ ਬਤਾਵਤਿ ਭਏ।
ਬਿਕਸਿ ਬਦਨ ਤੇ ਗੁਰੂ ਬਖਾਨੀ। 'ਆਰਬਲਾ ਕੋ ਸਾਧ ਗੁਮਾਨੀ'॥ ੩੩॥

'ਹੇ ਮਹੰਤ ਜੀ! ਜਿਹੜੇ ਸਿੱਖ ਤੁਹਾਡੀ ਗੱਲ ਸੁਣ ਕੇ ਗਏ ਸਨ, ਉਨ੍ਹਾਂ ਨੇ ਤੁਹਾਡੀ ਉਹ ਗੱਲ ਆਪਣੇ ਗੁਰੂ ਜੀ ਨੂੰ ਦੱਸੀ ਹੈ ਤੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਸਾਧ ਨੂੰ ਵੱਡੀ ਉਮਰ ਦਾ ਹੰਕਾਰ ਹੈ'॥ ੩੩॥

ਸਿੰਘਨਿ ਬੂਝੀ ਬੈਸ ਤੁਮਾਰੀ। ਸੋ ਸਗਰੀ ਤਤਕਾਲ ਉਚਾਰੀ।
ਪੰਜ ਹਜ਼ਾਰ ਛਿਬੀਹਾ ਔਰ। ਹਮ ਨੇ ਸੁਨੀ ਹੁਤੇ ਤਿਸ ਠੌਰ'॥ ੩੪॥

ਜਦ ਸਿੰਘਾਂ ਨੇ ਉਨ੍ਹਾਂ ਪਾਸੋਂ ਤੁਹਾਡੀ ਉਮਰ ਬਾਰੇ ਪੁੱਛਿਆ ਹੈ ਤਾਂ ਉਨ੍ਹਾਂ ਤੁਹਾਡੀ ਸਾਰੀ ਉਮਰ ਦੱਸ ਦਿੱਤੀ ਹੈ, ਪੰਜ ਹਜ਼ਾਰ ਤੇ ਛੇ ਵੀਹਾਂ ਹੋਰ ਹੈ। ਅਸੀਂ ਉਸ ਥਾਂ ਜਾ ਕੇ ਸੁਣੀ ਹੈ'॥ ੩੪॥

ਕਹਤਿ ਸਾਧ ਆਚਰਜ ਸਮੇਤੀ। 'ਇਤਿਕ ਬੈਸ ਮਹਿਂ, ਸੋਝੀ ਏਤੀ।
ਸਕਲ ਕਲਾ ਸਮਰਥ ਗੁਰ ਪੂਰਾ। ਕਰਨ ਉਚਿਤ ਤਿਨ ਦਰਸ਼ਨ ਰੂਰਾ'॥ ੩੫॥

ਸਾਧ ਹੈਰਾਨ ਹੋ ਕੇ ਕਹਿਣ ਲੱਗਾ, "ਮੇਰੀ ਏਨੀ ਉਮਰ ਹੈ ਮੈਨੂੰ ਇਸ ਬਾਰੇ ਪਤਾ ਹੈ। ਇਹ ਗੁਰੂ ਜੀ ਸਰਬ ਕਲਾ ਸਮਰੱਥ ਹਨ। ਉਨ੍ਹਾਂ ਦੇ ਦਰਸ਼ਨ ਕਰਨੇ ਉਚਿਤ ਹਨ"॥ ੩੫॥

ਉਠਯੋ ਤੁਰਤ ਲੇ ਹਾਥ ਸਟੋਰੀ। ਸਨੇ ਸਨੇ ਗਮਨਯੋਂ ਪ੍ਰਭੁ ਓਰੀ।
ਆਗੈ ਗੁਰ ਕੋ ਲਗਯੋ ਦਿਵਾਨ। ਕਰਤਿ ਸਿੰਘ ਰਹੁਰਾਸ ਬਖਾਨ॥ ੩੬॥

ਹੱਥ ਵਿਚ ਸੋਟੀ ਲੈ ਕੇ ਤੁਰਤ ਉੱਠ ਪਿਆ ਤੇ ਹੌਲੀ-ਹੌਲੀ ਸਤਿਗੁਰੂ ਜੀ ਪਾਸ ਪਹੁੰਚ ਗਿਆ। ਗੁਰੂ ਜੀ ਦੇ ਅੱਗੇ ਦਿਵਾਨ ਲੱਗਾ ਹੋਇਆ ਸੀ ਤੇ ਸਿੰਘ ਰਹਰਾਸਿ ਦਾ ਪਾਠ ਕਰ ਰਹੇ ਸਨ॥ ੩੬॥

ਨਿਕਟ ਪਹੁੰਚਿ ਕਰਿ ਠਾਂਢੋ ਰਹਜੋ। ਸ੍ਰੀ ਪ੍ਰਭੁ ਤਿਸ ਬਿਲੋਕਿ ਕਰਿ ਕਹਜੋ।
'ਸਾਧੋ ! ਬੈਠਿ ਜਾਹੁ ਕਜੋਂ ਖਰਜੋ'। ਸੁਨਤਿ ਪ੍ਰਨਾਮ ਗੁਰੂ ਕੋ ਕਰਜੋ॥ ੩੭॥

ਨੇੜੇ ਪਹੁੰਚ ਕੇ ਖੜਾ ਰਿਹਾ, ਸਤਿਗੁਰੂ ਜੀ ਨੇ ਉਸ ਨੂੰ ਵੇਖ ਕੇ ਕਿਹਾ, "ਸਾਧੋ! ਬੈਠ ਜਾਵੋ, ਕਿਉਂ ਖੜੇ ਹੋ।" ਇਹ ਸੁਣ ਕੇ ਗੁਰੂ ਜੀ ਨੂੰ ਪ੍ਰਨਾਮ ਕੀਤਾ॥ ੩੭॥

ਬੈਠਿ ਗਯੋ ਸਿੰਘਨਿ ਮਹਿਂ ਮਿਲਿ ਕਰਿ। ਸੁਨਤਿ ਰਹਜੋ ਰਹਿਰਾਸ ਪ੍ਰੇਮ ਧਰਿ।
ਜਬਿ ਅਰਦਾਸ ਭੋਗ ਪਰਿ ਗਯੋ। ਸਾਧ ਜੋਰਿ ਕਰ ਉਚਰਤਿ ਭਯੋ॥ ੩੮॥

ਫਿਰ ਸਿੰਘਾਂ ਵਿਚ ਮਿਲ ਕੇ ਬੈਠ ਗਿਆ ਤੇ ਪ੍ਰੇਮ ਧਾਰ ਕੇ ਰਹਰਾਸਿ ਦਾ ਪਾਠ ਸੁਣਦਾ ਰਿਹਾ। ਜਦ ਅਰਦਾਸ ਹੋ ਗਈ ਤੇ ਭੋਗ ਪੈ ਗਿਆ ਤਾਂ ਸਾਧ ਹੱਥ ਜੋੜ ਕੇ ਕਹਿਣ ਲੱਗਾ॥ ੩੮॥

'ਚਰਨ ਕਮਲ ਸੋਂ ਮੋਹਿ ਲਗਾਵਹੁ। ਸਿੱਖ ਕਰਹੁ ਨਿਜ ਰੂਪ ਬੁਝਾਵਹੁ।
ਤੁਮਰੇ ਦਰਸ਼ਨ ਪਰ ਬਲਿਹਾਰੀ। ਸਕਲ ਕਲਾ ਸਮਰਥ ਗੁਨ ਭਾਰੀ' ॥ ੩੯॥

"ਆਪਣੇ ਚਰਨ ਕੰਵਲਾਂ ਨਾਲ ਮੈਨੂੰ ਲਗਾਵੋ, ਮੈਨੂੰ ਸਿੱਖ ਕਰੋ ਤੇ ਆਪਣਾ ਰੂਪ ਸਮਝਾਵੋ। ਤੁਹਾਡੇ ਦਰਸ਼ਨਾਂ ਉੱਪਰ ਮੈਂ ਬਲਿਹਾਰ ਜਾਂਦਾ ਹਾਂ, ਤੁਸੀਂ ਸਰਬ ਕਲਾ ਸਮਰੱਥ ਭਾਰੀ ਗੁਣਵਾਨ ਹੋ" ॥ ੩੯॥

ਬਿਕਸਿ ਬਦਨ ਤੇ ਸ੍ਰੀ ਪ੍ਰਭੁ ਕਹੈਂ। 'ਤੂੰ ਤੌ ਆਗੇ ਹੀ ਸਿਖ ਅਹੈਂ।
ਕੈਵਲ ਕੇ ਸਾਧਨ ਬਹੁ ਸਾਧੇ। ਅਧਿਕ ਸਮਾਧਿ ਅਗਾਧ ਅਰਾਧੇ॥ ੪੦॥

ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਤੂੰ ਤਾਂ ਪਹਿਲਾਂ ਹੀ ਸਿੱਖ ਹੈਂ। ਮੁਕਤੀ ਦੇ ਸਾਧਨ ਤੂੰ ਬਹੁਤ ਸਾਧੇ ਹਨ। ਬਹੁਤ ਸਮਾਧੀਆਂ ਵਿਚ ਅਗਾਧ ਨੂੰ ਅਰਾਧਿਆ ਹੈ॥ ੪੦॥

ਕਰਹੁ ਅਕਾਲ ਪੁਰਖ ਕੋ ਬੰਦਨ। ਬਦਨ ਹੋਵੈਂ ਬੰਧੁ ਨਿਕੰਦਨ'।
ਇਮ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਹੇਰੀ। ਰਿਦੈ ਪ੍ਰਕਾਸ਼ ਭਯੋ ਤਿਸ ਬੇਰੀ॥ ੪੧॥

ਅਕਾਲ ਪੁਰਖ ਨੂੰ ਬੰਦਨਾ ਕਰੋ, ਬੰਦਨਾ ਕਰਨ ਨਾਲ ਜਨਮ ਮਰਨ ਦੇ ਬੰਧਨ ਨਾਸ਼ ਹੋਣਗੇ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤਾਂ ਉਸ ਸਮੇਂ ਹੀ ਹਿਰਦੇ ਵਿਚ ਪ੍ਰਕਾਸ਼ ਹੋ ਗਿਆ॥ ੪੧॥

ਬਾਰਿ ਬਾਰਿ ਬਾਰਜ ਪਦ ਬੰਦਤਿ। ਲਖਿ ਗੁਰ ਮਹਿਮਾ ਰਿਦੇ ਅਨੰਦਤਿ।
ਬਹੁਰ ਸਾਧ ਕਹਿ ਸ਼ਰਧਾ ਸੇਤੀ। 'ਏਤਿਕ ਬੈਸ ਰੁ ਸੋਝੀ ਏਤੀ ?' ॥ ੪੨॥

ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕਰਦਾ ਸੀ ਤੇ ਗੁਰੂ ਜੀ ਦੀ ਮਹਿਮਾ ਜਾਣ ਕੇ ਹਿਰਦੇ ਵਿਚ ਪ੍ਰਸੰਨ ਹੁੰਦਾ ਸੀ। ਫਿਰ ਸਾਧ ਨੇ ਸ਼ਰਧਾ ਸਹਿਤ ਕਿਹਾ, "ਏਨੀ ਛੋਟੀ ਉਮਰ ਵਿਚ ਤੁਹਾਨੂੰ ਏਨਾ ਗਿਆਨ ਕਿਵੇਂ ਪ੍ਰਾਪਤ ਹੋਇਆ ਹੈ ?" ॥ ੪੨॥

ਸੁਨਿ ਕਰਿ ਸ੍ਰੀ ਸਤਿਗੁਰੂ ਬਖਾਨਾ। 'ਤੁਮਹੁਂ ਗੋਦੜਾ ਰਖਜੋ ਪੁਰਾਨਾ।
ਪੋਸ਼ਿਸ਼ ਨਈ ਜਿਨਹੁਂ ਕਰ ਪਾਵੈ। ਲੇ ਸੋ ਪਹਿਰਹਿਂ ਅੰਗ ਸੁਹਾਵੈ' ॥ ੪੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜਿਨ੍ਹਾਂ ਦੇ ਨਵੀਂ ਪੋਸ਼ਾਕ ਹੱਥ ਆਵੇ ਉਹ ਲੈ ਕੇ ਪਹਿਣਦੇ ਹਨ, ਫਿਰ ਸਰੀਰ ਦੇ ਅੰਗ ਸ਼ੋਭਦੇ ਹਨ, ਪਰ ਤੂੰ ਪੁਰਾਣੀ ਦੇਹ ਸਾਂਭ ਰੱਖੀ ਹੈ। ਜਿਨ੍ਹਾਂ ਨੂੰ ਨਵੇਂ ਸੁਹਣੇ ਸਰੀਰ ਮਿਲਣ ਉਹ ਪੁਰਾਣਿਆਂ ਨੂੰ ਕੀ ਕਰਨ" ॥ ੪੩॥

ਬੰਦਨ ਕਰਤਿ ਸਾਧ ਥਿਰ ਭਯੋ। ਤਬਿ ਸਿੰਘਨਿ ਗਨ ਬੂਝਨਿ ਕਯੋ।
'ਤੁਮਰੀ ਬਯ ਮਹਿਂ ਸਮੇ ਘਨੇਰੇ। ਕਹੋ ਪ੍ਰਸੰਗ ਜਥਾ ਕੇ ਹੇਰੇ'॥ ੪੪॥

ਬੰਦਨਾ ਕਰਕੇ ਸਾਧ ਬੈਠ ਗਿਆ, ਫਿਰ ਕਈ ਸਿੰਘਾਂ ਨੇ ਪੁੱਛਿਆ, "ਤੁਹਾਡੀ ਉਮਰ ਵਿਚ ਬੜਾ ਲੰਮਾ ਸਮਾਂ ਲੰਘਿਆ ਹੈ, ਅਜਿਹਾ ਕੋਈ ਪ੍ਰਸੰਗ ਸੁਣਾਓ ਜਿਵੇਂ ਤੁਸੀਂ ਵੇਖਿਆ ਹੈ"॥ ੪੪॥

ਇਕ ਬ੍ਰਿਤੰਤ ਤਬਿ ਸਾਧ ਸੁਨਾਯੋ। 'ਸੁਨਹੁ ਸਮਾ ਜੈਸੇ ਦਰਸਾਯੋ।
ਬਾਸੁਰ ਏਕ ਸਮਾਧਿ ਉਘਾਰੀ। ਨਹੀਂ ਬਿਲੋਕਤਿ ਭਾ ਨਰ ਨਾਰੀ॥ ੪੫॥

ਇਕ ਬ੍ਰਿਤਾਂਤ ਫਿਰ ਸਾਧ ਨੇ ਸੁਣਾਇਆ, "ਸੁਣੋ ਜਿਵੇਂ ਸਮਾਂ ਵੇਖਿਆ ਹੈ, ਇਕ ਦਿਨ ਮੈਂ ਸਮਾਧੀ ਖੋਲ੍ਹੀ ਤਾਂ ਕੋਈ ਵੀ ਨਰ ਨਾਰੀ ਦਿਖਾਈ ਨਹੀਂ ਸੀ ਦਿੰਦਾ॥ ੪੫॥

ਇਕ ਦੁਇ ਮਜਲ ਗਯੋ ਮੈ ਜਬਿਹੂੰ। ਕੋ ਇਕ ਮਨੁਜ ਨਿਹਾਰਯੋ ਤਬਿ ਹੂੰ।
ਤਿਨ ਸੋਂ ਬੂਝਨਿ ਕੀਨਿ ਬ੍ਰਿਤੰਤ। 'ਕਹਾਂ ਭਯੋ ਨਰੁ ਨਹੀਂ ਦਿਖੰਤਿ ?'॥ ੪੬॥

ਜਦ ਮੈਂ ਇਕ ਦੋ ਮੰਜ਼ਲਾਂ ਚਲ ਕੇ ਗਿਆ ਤਦ ਮੈਂ ਇਕ ਮਨੁੱਖ ਨੂੰ ਵੇਖਿਆ। ਉਸ ਨੂੰ ਮੈਂ ਬ੍ਰਿਤਾਂਤ ਬਾਰੇ ਪੁੱਛਿਆ, "ਕੀ ਹੋਇਆ ਹੈ ਕੋਈ ਵੀ ਮਨੁੱਖ ਦਿਖਾਈ ਨਹੀਂ ਦਿੰਦਾ ਹੈ ?"॥ ੪੬॥

ਭਾ ਦੁਰਭਿੱਛ ਗਏ ਮਰਿ ਘਨੇ। ਕੋ ਕੋ ਰਹੇ ਕਿਸੂ ਥਲ ਬਨੇ।
ਦ੍ਵਾਦਸ਼ ਸੰਮਤ ਪਰਯੋ ਬਿਸਾਲ। ਅਬਿ ਬਰਖਾ ਤੇ ਭਯੋ ਸੁਕਾਲ॥ ੪੭॥

ਕਾਲ ਪੈ ਗਿਆ ਸੀ, ਬਹੁਤ ਮਨੁੱਖ ਮਰ ਗਏ ਹਨ, ਕੋਈ-ਕੋਈ ਕਿਸੇ ਸਥਾਨ 'ਤੇ ਰਹਿੰਦਾ ਹੈ। ਬਾਰ੍ਹਾਂ ਸਾਲ ਤਕ ਵੱਡਾ ਕਾਲ ਪਿਆ ਹੈ। ਹੁਣ ਵਰਖਾ ਹੋਣ ਨਾਲ ਕਾਲ ਖਤਮ ਹੋਇਆ ਹੈ॥ ੪੭॥

ਸਨੇ ਸਨੇ ਨਰ ਪੁਨ ਜਗ ਭਏ। ਐਸੇ ਸਮੇ ਬੀਤ ਬਹੁ ਗਏ।
ਕਈ ਬਾਰ ਲਰਿ ਲਰਿ ਬਹੁ ਮਰੇ। ਕਈ ਬਾਰ ਉਜਰੇ ਬਸ ਪਰੇ॥ ੪੮॥

ਹੌਲੀ-ਹੌਲੀ ਫਿਰ ਮਨੁੱਖ ਜਗਤ ਵਿਚ ਹੋ ਗਏ। ਐਸੇ ਬਹੁਤ ਸਮੇਂ ਬੀਤੇ ਹਨ। ਕਈ ਵਾਰ ਯੁੱਧ ਕਰ ਕਰਕੇ ਬਹੁਤ ਮਰੇ ਹਨ। ਕਈ ਵਾਰ ਉੱਜੜੇ ਹਨ ਤੇ ਕਈ ਵਾਰ ਵੱਸੇ ਹਨ॥ ੪੮॥

ਕਬਿ ਕੈਸੇ ਕਬਿ ਕੈਸੇ ਸਮੇਂ। ਜਗ ਮੈਂ ਕਰੇ ਬਿਲੋਕਨ ਹਮੇਂ'।
ਸੁਨਿ ਗੁਰ ਖੁਸ਼ੀ ਸਾਧ ਪਰ ਕਰੀ। ਗਰਬਾਦਿਕ ਦੁਬਿਧਾ ਉਰ ਹਰੀ॥ ੪੯॥

ਕਦੀ ਕੈਸਾ ਸਮਾਂ ਤੇ ਕਦੀ ਕੈਸਾ ਸਮਾਂ ਹੋਇਆ ਹੈ, ਜਗਤ ਵਿਚ ਐਸੇ ਸਮੇਂ ਅਸੀਂ ਬਹੁਤ ਵੇਖੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਸਾਧ ਉੱਪਰ ਬੜੀ ਖੁਸ਼ੀ ਕੀਤੀ। ਉਸ ਦਾ ਹੰਕਾਰ ਆਦਿ ਅਤੇ ਦੁਬਿਧਾ ਦੂਰ ਕੀਤੀ॥ ੪੯॥

ਮਸਤਕ ਟੇਕਿ ਆਸ਼੍ਰਮ ਮਹਿਂ ਗਯੋ। ਖਾਨ ਪਾਨ ਸਤਿਗੁਰ ਤਬਿ ਕਯੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ॥ ੫੦॥

ਫਿਰ ਸਾਧ ਮੱਥਾ ਟੇਕ ਕੇ ਆਸ਼੍ਰਮ ਵਿਚ ਚਲਾ ਗਿਆ ਤੇ ਸਤਿਗੁਰੂ ਜੀ ਨੇ ਫਿਰ ਖਾਣ ਪੀਣ ਕੀਤਾ। ਸੌਂ ਕੇ ਸੁਖ ਸਹਿਤ ਰਾਤ ਬਤੀਤ ਕੀਤੀ ਤੇ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ॥ ੫੦॥

*ਪਹਿਲੇ ਐਨ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩॥*

# ਅਧਿਆਇ ਚੌਦ੍ਹਵਾਂ

## ਖੇਸ ਦਾ ਭੇਸ, ਡੋਗਰਾਂ ਨੂੰ ਬਖਸ਼ਿਸ਼, ਬਾਜ਼ੀਦਪੁਰ

ਦੋਹਰਾ- ਡਾਰਿ ਹਯਨਿ ਪਰ ਜ਼ੀਨ ਤਬਿ ਭਏ ਸਤਿਗੁਰੂ ਤਯਾਰ।
ਚੜ੍ਹੇ ਸਿੰਘ ਬੈਰਾੜ ਗਨ ਚਲੇ ਉਜਾਰ ਉਜਾਰ॥ ੧॥

ਫਿਰ ਘੋੜਿਆਂ ਉੱਪਰ ਕਾਠੀਆਂ ਪਾ ਕੇ ਸਤਿਗੁਰੂ ਜੀ ਤਿਆਰ ਹੋ ਗਏ। ਬੈਰਾੜ ਸਿੰਘ ਵੀ ਤਿਆਰ ਹੋ ਗਏ ਤੇ ਘੋੜਿਆਂ ਪਰ ਚੜ੍ਹ ਕੇ ਉਜਾੜ ਉਜਾੜ ਵਿਚ ਚਲਦੇ ਗਏ॥ ੧॥

ਚੌਪਈ- ਨੌਥੇਹੇ ਜਬਿ ਸ੍ਰੀ ਪ੍ਰਭੁ ਗਏ। ਤਹਿਂ ਕੇ ਨਰ ਗਨ ਆਵਤਿ ਭਏ।
ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। ਆਪ ਚਮੂੰ ਹਜ਼ਰਤ ਕੀ ਮਾਰੀ॥੨॥

ਜਦ ਸਤਿਗੁਰੂ ਜੀ ਨੌਥੇਹੇ ਪਿੰਡ ਵਿਚ ਗਏ ਤਾਂ ਉਥੋਂ ਦੇ ਬਹੁਤ ਮਨੁੱਖ ਆਏ। ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ। ਆਪ ਜੀ ਨੇ ਬਾਦਸ਼ਾਹ ਦੀ ਫੌਜ ਮਾਰੀ ਹੈ॥ ੨॥

ਇਸ ਥਲ ਕੀਜੈ ਨਹੀਂ ਮੁਕਾਮੂ। ਉਤਰੋ ਜਾਇ ਆਗਲੇ ਗ੍ਰਾਮੂ।
ਬਿਨਤੀ ਸਹਿਤ ਆਪ ਕੋ ਕਹੈਂ। ਹਜ਼ਰਤ ਤੇ ਤ੍ਰਾਸਤਿ ਨਿਤ ਰਹੈਂ॥ ੩॥

ਇਸ ਕਰਕੇ ਇਸ ਥਾਂ ਮੁਕਾਮ ਨਾ ਕਰੋ ਤੇ ਅਗਲੇ ਪਿੰਡ ਵਿਚ ਜਾ ਕੇ ਉਤਾਰਾ ਕਰ ਲਵੋ। ਅਸੀਂ ਬੇਨਤੀ ਸਹਿਤ ਆਪ ਜੀ ਨੂੰ ਕਹਿੰਦੇ ਹਾਂ। ਅਸੀਂ ਸਦਾ ਬਾਦਸ਼ਾਹ ਤੋਂ ਡਰਦੇ ਰਹਿੰਦੇ ਹਾਂ'॥ ੩॥

ਤਿਨ ਪਰ ਕ੍ਰਿਪਾ ਕਰਤਿ ਚਲਿ ਪਰੇ। ਜਾਇ ਮਜਲ ਸਿਰ ਡੇਰਾ ਕਰੇ।
ਫੱਤੇ ਸੰਮੂ ਗ੍ਰਾਮ ਅਗਾਰੇ। ਖਰੇ ਤੁਰੰਗ ਕਰਿ ਜ਼ੀਨ ਉਤਾਰੇ॥ ੪॥

ਉਨ੍ਹਾਂ ਉੱਪਰ ਕਿਰਪਾ ਕਰਕੇ ਅੱਗੇ ਚਲ ਪਏ ਤੇ ਫਿਰ ਇਕ ਮੰਜ਼ਲ ਉੱਪਰ ਜਾ ਕੇ ਡੇਰਾ ਕੀਤਾ। ਫਿਰ ਫੱਤੇ ਸੰਮੂ ਪਿੰਡ ਦੇ ਅੱਗੇ ਜਾ ਕੇ ਘੋੜੇ ਖੜੇ ਕਰਕੇ ਕਾਠੀਆਂ ਉਤਾਰ ਦਿੱਤੀਆਂ॥ ੪॥

ਸਹਿਜ ਸੁਭਾਇਕ ਠਾਂਢੇ ਬਿਚਰਤਿ। ਸਿਵਰ ਲਗੇ ਕੋ ਹੇਰਤਿ ਉਤ ਇਤ।
ਤਿਸ ਛਿਨ ਪੁੰਜ ਹਰੀ ਕੇ ਆਏ। ਲੁੰਡੀ ਖੇਸ ਭੇਟ ਹਿਤ ਲ੍ਯਾਏ॥ ੫॥

ਸਹਿਜ ਸੁਭਾਅ ਖੜੇ ਹੋ ਕੇ ਵਿਚਰ ਰਹੇ ਸਨ, ਲੱਗੇ ਹੋਏ ਤੰਬੂ ਸ਼ਾਮਿਆਨਿਆਂ ਨੂੰ ਏਧਰ ਓਧਰ ਵੇਖ ਰਹੇ ਸਨ। ਉਸ ਸਮੇਂ ਉਹ ਹਰੀ ਕੇ ਗੋਤ ਦੇ ਬਹੁਤ ਲੋਕ ਆਏ, ਉਹ ਲੁੰਗੀਆਂ ਅਤੇ ਖੇਸ ਭੇਟਾ ਕਰਨ ਵਾਸਤੇ ਲਿਆਏ॥ ੫॥

ਕਰ ਪਰ ਧਰਿ ਕਰਿ ਅੱਗ੍ਰ ਦਿਖਾਈ। ਕੀਨ ਬੰਦਨਾ ਗ੍ਰੀਵ ਨਿਵਾਈ।
'ਏਹ ਪ੍ਰਭੁ ਜੀ! ਸਭਿ ਗ੍ਰਾਮ ਹਮਾਰੇ। ਧੰਨ ਭਾਗ ਭੇ ਦਰਸ ਨਿਹਾਰੇ'॥ ੬॥

ਹੱਥ ਵਿਚ ਫੜ ਕੇ ਅੱਗੇ ਦਿਖਾਏ ਤੇ ਧੌਣ ਨਿਵਾ ਕੇ ਬੰਦਨਾ ਕੀਤੀ ਤੇ ਕਹਿਣ ਲੱਗੇ, 'ਹੇ ਪ੍ਰਭੂ ਜੀ! ਸਾਡੇ ਸਾਰੇ ਪਿੰਡ ਦੇ ਧੰਨ ਭਾਗ ਹਨ ਆਪ ਜੀ ਦੇ ਦਰਸ਼ਨ ਕੀਤੇ ਹਨ'॥ ੬॥

ਪਿਖਿ ਲੁੰਡੀ ਸਤਿਗੁਰੂ ਉਠਾਈ। ਕਟ ਤਟ ਕੇ ਲਪੇਟ ਚਹੁੰ ਘਾਈ।
ਬਹੁਰ ਖੇਸ ਕੋ ਖੋਲਿ ਬਿਸਾਲੇ। ਦ੍ਵੈ ਸਿਕੰਧ ਦ੍ਵੈ ਛੋਰਨਿ ਡਾਲੇ॥ ੭॥

ਲੁੰਗੀ ਵੇਖ ਕੇ ਸਤਿਗੁਰੂ ਜੀ ਨੇ ਚੁੱਕੀ ਤੇ ਲੱਕ ਨਾਲ ਚਾਰੇ ਪਾਸੇ ਲਪੇਟ ਲਈ। ਫਿਰ ਖੇਸ ਨੂੰ ਚੰਗੀ ਤਰ੍ਹਾਂ ਖੋਲ੍ਹਿਆ। ਦੋਵਾਂ ਮੋਢਿਆਂ ਉੱਪਰ ਦੋਵੇਂ ਖੇਸ ਸੁੱਟ ਲਏ॥ ੭॥

ਬੇਸ ਬਨਾਇ ਬੇਸ਼ ਤਿਸ ਦੇਸ਼। ਖਰੇ ਭਏ ਗੁਰ ਫਬੇ ਬਿਸ਼ੇਸ਼।
ਮਾਨ ਸਿਘ ਸ੍ਰੀ ਪ੍ਰਭੁ ਸਨ ਭਨਜੋਂ। 'ਇਹ ਤਨਖਾਹ ਉਚਿਤ ਕ੍ਰਿਤ ਜਨਜੋਂ' ॥੮॥

ਉਸ ਦੇਸ਼ ਦਾ ਭੇਸ ਬਣਾ ਲਿਆ, ਗੁਰੂ ਜੀ ਚੰਗੀ ਤਰ੍ਹਾਂ ਫਬ ਕੇ ਖੜੇ ਹੋਏ ਸਨ। ਫਿਰ ਮਾਨ ਸਿੰਘ ਸਤਿਗੁਰੂ ਜੀ ਨੂੰ ਕਹਿਣ ਲੱਗਾ, ''ਇਹ ਤਨਖਾਹ ਉਚਿਤ ਕਿਰਤ ਜਾਣੀ ਹੈ'' ॥ ੮॥

ਮੁਸਕਾਵਤਿ ਮੁਖ ਸ੍ਰੀ ਪ੍ਰਭੁ ਭਨੈਂ। 'ਨਿਤਹਿ ਸੁਚੇਤ ਖਾਲਸਾ ਬਨੈ'।
ਪੁਨ ਗੁਰ ਕਹਜੋ 'ਦੇਸ਼ ਤਸ ਭੇਸ। ਲੁੰਡੀ ਤੇੜ ਸੁ ਮੋਢੇ ਖੇਸ'॥ ੯॥

ਮੁਸਕਰਾ ਕੇ ਸ੍ਰੀ ਗੁਰੂ ਜੀ ਨੇ ਮੁਖ ਤੋਂ ਕਿਹਾ, ''ਨਿਤ ਸੁਚੇਤ ਖਾਲਸਾ ਬਣੇ।'' ਫਿਰ ਗੁਰੂ ਜੀ ਨੇ ਕਿਹਾ, ''ਜੈਸਾ ਦੇਸ਼ ਵੈਸਾ ਭੇਸ, ਲੁੰਗੀ ਤੇੜ ਮੋਢੇ ਖੇਸ'' ॥ ੯॥

ਹੇਰਿ ਹਰੀ ਕੇ ਰਾਹਕ ਦਿਸ਼ ਕੋ। ਕੀਨਿ ਉਚਾਰਨ ਆਇਸੁ ਅਸ ਕੋ।
'ਨਿਸ ਮਹਿਂ ਚਹੁਂ ਦਿਸ਼ਿ ਰਹਹੁ ਹਮਾਰੇ। ਜਾਗ੍ਰਤ ਬਿਚਰਹੁ ਹੋਤਿ ਸਕਾਰੇ॥੧੦॥

ਫਿਰ ਹਰੀ ਕੇ ਕਿਸਾਨਾਂ ਵੱਲ ਵੇਖ ਕੇ ਗੁਰੂ ਜੀ ਨੇ ਇਸ ਪ੍ਰਕਾਰ ਆਗਿਆ ਕੀਤੀ, ''ਮੈਂ ਚਾਹੁੰਦਾ ਹਾਂ ਕਿ ਰਾਤ ਨੂੰ ਤੁਸੀਂ ਸਾਡੇ ਚਾਰੇ ਪਾਸੇ ਰਹੋ ਤੇ ਸਵੇਰ ਹੋਣ ਤਕ ਜਾਗਦੇ ਫਿਰਦੇ ਰਹੋ॥ ੧੦॥

ਸਾਵਧਾਨ ਬਨਿ ਸ਼ਸਤ੍ਰਨਿ ਧਾਰੀ। ਪਹਿਰਾ ਦੀਜੈ ਜਾਮਨਿ ਸਾਰੀ'।
ਮੱਤ ਹਰੀ ਕੇ ਸੁਨਤਿ ਵਖਾਨੈਂ। 'ਇਹਾਂ ਨ ਹਮ ਕਿਸ ਤੇ ਡਰ ਮਾਨੈਂ॥ ੧੧॥

ਸਾਵਧਾਨ ਬਣ ਕੇ ਸ਼ਸਤਰ ਧਾਰਨ ਕਰੋ ਤੇ ਸਾਰੀ ਰਾਤ ਪਹਿਰਾ ਦੇਵੋ।'' ਹਰੀ ਕੇ ਗੋਤ ਦੇ ਮਨੁੱਖ ਸੁਣ ਕੇ ਕਹਿਣ ਲੱਗੇ, ''ਏਥੇ ਅਸੀਂ ਕਿਸੇ ਪਾਸੋਂ ਵੀ ਡਰ ਨਹੀਂ ਮੰਨਦੇ ਹਾਂ॥ ੧੧॥

ਤੁਮ ਭੀ ਨਹਿਂ ਕੀਜੇ ਚਿਤ ਸ਼ੰਕਾ। ਸੁਪਤਹੁ ਨਿਸ ਮਹਿਂ ਹੀਨ ਅਤੰਕਾ'।
ਪੁਨ ਗੁਰ ਬੋਲੇ 'ਕਾਰ ਜ਼ਰੂਰ। ਪਹਿਰਾ ਦੈਬੋ ਬਨਹਿਂ ਹਜ਼ੂਰ'॥ ੧੨॥

ਤੁਸੀਂ ਵੀ ਚਿੱਤ ਵਿਚ ਕੋਈ ਸ਼ੰਕਾ ਨਾ ਕਰੋ ਤੇ ਰਾਤ ਨੂੰ ਡਰ ਰਹਿਤ ਹੋ ਕੇ ਸੋਵੋਂ।'' ਫਿਰ ਗੁਰੂ ਜੀ ਬੋਲੇ, ''ਇਹ ਕਾਰ ਜ਼ਰੂਰ ਕਰੋ, ਤੁਹਾਡਾ ਹਜ਼ੂਰੀ ਵਿਚ ਪਹਿਰਾ ਦੇਣਾ ਬਣਦਾ ਹੈ''॥ ੧੨॥

ਮੂਢਨਿ ਬਹੁਰ ਨ ਮਾਨਜੋਂ ਬੈਨ। 'ਹਮਰੇ ਗ੍ਰਾਮ ਤ੍ਰਾਸ ਕਿਸ ਹੈ ਨ।
ਸੁਪਤਿ ਜਥਾ ਸੁਖ ਰਾਤਿ ਬਿਤਾਵਹੁ। ਨਾਹਿਨ ਕੋ ਸ਼ੰਕਾ ਮਨ ਲਜਾਵਹੁ' ॥੧੩॥

ਮੂਰਖ ਫਿਰ ਵੀ ਗੁਰੂ ਜੀ ਦੇ ਬਚਨ ਨਾ ਮੰਨੇ, ''ਸਾਡੇ ਪਿੰਡ ਵਿਚ ਕਿਸੇ ਨੂੰ ਵੀ ਡਰ ਨਹੀਂ ਹੈ। ਆਰਾਮ ਨਾਲ ਸੌਂ ਕੇ ਰਾਤ ਬਤੀਤ ਕਰੋ ਤੇ ਮਨ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਲਿਆਵੋ''॥ ੧੩॥

ਸੁਨਿ ਸਤਿਗੁਰ ਤਿਨ ਬਾਤ ਬੁਝਾਈ। 'ਹਮਰੇ ਸੰਗ ਸਿੰਘ ਸਮੁਦਾਈ।
ਹੋਵੈਂ ਸੁੱਖਾ ਛਕਿ ਮਸਤਾਨੇ। ਨਹੀਂ ਨਿਸਾ ਮਹਿਂ ਜਾਗ੍ਰਨ ਠਾਨੇਂ॥ ੧੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧੪॥

ਜੇ ਚਾਕਰ ਬੈਰਾੜ ਘਨੇਰੇ। ਰਾਠ ਧਾੜਵੀ ਸਮ ਹਮ ਹੇਰੇ।
ਪ੍ਰੇਮ ਨ ਮਨ ਮਹਿਂ, ਭੈ ਨਹਿਂ ਮਾਨੈ। ਅਪਨੀ ਇੱਛਾ ਕਾਰਜ ਠਾਨੈਂ ॥੧੫॥

ਜਿਹੜੇ ਬੈਰਾੜ ਆਦਿ ਵੱਡੇ ਨੌਕਰ ਹਨ, ਇਨ੍ਹਾਂ ਨੂੰ ਅਸੀਂ ਰਾਠ ਧਾੜਵੀਆਂ ਵਾਂਗ ਵੇਖਦੇ ਹਾਂ। ਇਨ੍ਹਾਂ ਦੇ ਮਨ ਵਿਚ ਪ੍ਰੇਮ ਨਹੀਂ ਹੈ, ਇਹ ਕਿਸੇ ਦਾ ਡਰ ਵੀ ਨਹੀਂ ਮੰਨਦੇ ਹਨ ਤੇ ਆਪਣੀ ਇੱਛਾ ਅਨੁਸਾਰ ਕਾਰਜ ਕਰਦੇ ਹਨ'॥ ੧੫॥

ਸੁਨਤਿ ਹਰੀ ਕੇ ਗੁਰ ਕੀ ਬਾਤ। ਮਾਨੀ 'ਪਹਿਰਾ ਦੇਂ ਹਮ ਰਾਤਿ'।
ਮਸਤਕ ਟੇਕਿ ਗਏ ਨਿਜ ਡੇਰੇ। ਡੋਗਰ ਦਾਸ ਹੁਤੇ ਤਿਨ ਕੇਰੇ॥ ੧੬॥

ਹਰੀ ਕੇ ਗੁਰੂ ਜੀ ਦੀ ਗੱਲ ਸੁਣ ਕੇ ਮੰਨ ਗਏ ਤੇ ਕਹਿਣ ਲੱਗੇ, "ਅਸੀਂ ਰਾਤ ਨੂੰ ਪਹਿਰਾ ਦੇਵਾਂਗੇ।" ਉਹ ਮੱਥਾ ਟੇਕ ਕੇ ਆਪਣੇ ਡੇਰੇ ਚਲੇ ਗਏ। ਉਨ੍ਹਾਂ ਦੇ ਡੋਗਰ ਜਾਤ ਦੇ ਸੇਵਕ ਸਨ॥ ੧੬॥

ਤਿਨ ਕੇ ਸਾਥ ਸੁ ਗਿਰਾ ਉਚਾਰੀ। 'ਗੁਰ ਢਿਗ ਪਹੁੰਚਹੁ ਨਿਜ ਨਿਜ ਵਾਰੀ।
ਪਹਿਰਾ ਦੀਜੈ ਜਾਗ੍ਰਤ ਰਹੀਅਹਿ। ਸਗਰੀ ਨਿਸ ਨਹਿਂ ਨਿੰਦ੍ਰਾ ਲਹੀਅਹਿ' ॥੧੭॥

ਉਸ ਨੂੰ ਹਰੀ ਕੇ ਕਹਿਣ ਲੱਗੇ, "ਗੁਰੂ ਜੀ ਦੇ ਪਾਸ ਵਾਰੀ-ਵਾਰੀ ਪਹੁੰਚੋ। ਪਹਿਰਾ ਦੇਵੋ ਤੇ ਜਾਗਦੇ ਰਹੋ, ਸਾਰੀ ਰਾਤ ਸੌਣਾ ਨਹੀਂ ਹੈ"॥ ੧੭॥

ਸਤਿਗੁਰ ਕਰਿ ਕੈ ਖਾਨ ਰੁ ਪਾਨ। ਸਗਲ ਸਿੰਘ ਸੁਪਤੇ ਸੁਖ ਠਾਨਿ।
ਡੋਗਰ ਆਇ ਗੁਰੂ ਢਿਗ ਠਹਿਰੇ। ਚਹੁੰਦਿਸ਼ਿ ਖਰੇ ਭਏ ਹਿਤ ਪਹਿਰੇ॥੧੮॥

ਸਤਿਗੁਰੂ ਜੀ ਨੇ ਆਪਣਾ ਖਾਣ ਪੀਣ ਕੀਤਾ। ਸਾਰੇ ਸਿੰਘ ਸੁਖ ਨਾਲ ਸੁੱਤੇ ਰਹੇ। ਡੋਗਰ ਗੁਰੂ ਜੀ ਪਾਸ ਆ ਕੇ ਠਹਿਰਦੇ ਸਨ ਤੇ ਚਾਰੇ ਪਾਸੇ ਖੜੇ ਹੋ ਕੇ ਪਹਿਰਾ ਦਿੰਦੇ ਸਨ॥ ੧੮॥

ਪਹਿਰ ਜਾਮਨੀ ਬੀਤੀ ਜਬੈ। ਸ੍ਰੀ ਮੁਖ ਤੇ ਉਚੇ ਕਹਿ ਤਬੈ।
'ਖਰੋ ਹਰੀ ਕਾ ਜਾਗ੍ਰਤ ਕੋਈ? ਪਹਿਰਾ ਦੇਨਿ ਆਇ ਕਿ ਨ ਕੋਈ?' ॥੧੯॥

ਜਦ ਪਹਿਰ ਰਾਤ ਬੀਤ ਗਈ ਤਾਂ ਗੁਰੂ ਜੀ ਨੇ ਮੁਖ ਤੋਂ ਉਚਾਰਨ ਕੀਤਾ, "ਕੋਈ ਹਰੀ ਕਾ ਜਾਗਦਾ ਖੜਾ ਹੈ? ਪਹਿਰਾ ਦੇਣ ਕੋਈ ਆਇਆ ਹੈ ਕਿ ਨਹੀਂ?"॥ ੧੯॥

ਕਹਤਿ ਭਏ 'ਹਮ ਡੋਗਰ ਆਏ। ਹਿਤ ਪਹਿਰੇ ਕੇ ਤਿਨਹੁਂ ਪਠਾਏ।
ਸਭਿ ਜਾਗ੍ਰਤਿ ਹੈਂ ਬਨਿ ਸਵਧਾਨ। ਸੁਪਤਹੁ ਆਪ ਗੁਰੂ ਭਗਵਾਨ!' ॥੨੦॥

ਉਹ ਕਹਿਣ ਲੱਗੇ, "ਅਸੀਂ ਡੋਗਰ ਆਏ ਹਾਂ, ਪਹਿਰਾ ਦੇਣ ਵਾਸਤੇ ਉਨ੍ਹਾਂ ਨੇ ਭੇਜੇ ਹਨ। ਸਾਰੇ ਸਾਵਧਾਨ ਬਣ ਕੇ ਜਾਗ ਰਹੇ ਹਾਂ। ਹੇ ਗੁਰੂ ਭਗਵਾਨ ਜੀ ਆਪ ਜੀ ਸੌਂ ਜਾਵੋ'॥ ੨੦॥

ਬਖਸ਼ਿਸ਼ ਕਰਜੋ ਚਹਤ ਹੈਂ ਕੋਈ। ਭਾਗ ਬਿਨਾ ਕਿਮ ਪ੍ਰਾਪਤਿ ਹੋਈ।
ਆਧੀ ਰਾਤਿ ਬਿਤੀ ਜਬਿ ਜਾਨੀ। ਊਚੀ ਧੁਨਿ ਤੇ ਪ੍ਰਭੂ ਬਖਾਨੀ॥ ੨੧॥

ਕੋਈ ਬਖਸ਼ਿਸ਼ ਕਰਨੀ ਚਾਹੁੰਦੇ ਸੀ, ਪਰ ਭਾਗਾਂ ਬਗੈਰ ਕਿਵੇਂ ਪ੍ਰਾਪਤ ਹੋ ਸਕਦੀ ਸੀ। ਜਦ ਗੁਰੂ ਜੀ ਨੇ ਅੱਧੀ ਰਾਤ ਬੀਤੀ ਹੋਈ ਜਾਣੀ ਤਾਂ ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਫਿਰ ਕਿਹਾ॥ ੨੧॥

'ਆਇ ਕਿ ਨਹੀਂ ਹਰੀ ਕਾ ਕੋਈ? ਹਿਤ ਸੋਝੀ ਲੈਬੇ ਇਤ ਸੋਈ'।
'ਹਮ ਡੋਗਰ ਠਾਢੇ ਤਿਨ ਦਾਸ। ਪਹਿਰਾ ਦੇਤਿ ਜਾਗਤੇ ਪਾਸ॥ ੨੨॥

ਕੋਈ ਹਰੀ ਕਾ ਆਇਆ ਹੈ ਕਿ ਨਹੀਂ ? ਏਥੇ ਪਹਿਰੇ ਦੀ ਖ਼ਬਰ ਲੈਣ ਵਾਸਤੇ ਆਇਆ ਹੈ ਕਿ ਨਹੀਂ।'' ''ਅਸੀਂ ਡੋਗਰ ਉਨ੍ਹਾਂ ਦੇ ਦਾਸ ਖੜੇ ਹਾਂ, ਜਾਗਦੇ ਰਹਿ ਕੇ ਤੁਹਾਡੇ ਪਾਸ ਪਹਿਰਾ ਦੇ ਰਹੇ ਹਾਂ॥ ੨੨॥

ਸੋ ਨਿਸ ਬਿਖੈ ਹੋਤਿ ਮਦ ਪਾਨੀ। ਸੁਪਤੇ ਸਦਨ ਬਿਖੈ ਸੁਖ ਠਾਨੀ।
ਦਾਸ ਤਿਨਹੁਂ ਕੇ ਤਥਾ ਤੁਮਾਰੇ। ਹਮ ਸਵਧਾਨ ਖਰੇ ਅਬਿ ਸਾਰੇ' ॥ ੨੩ ॥

ਉਨ੍ਹਾਂ ਨੇ ਰਾਤ ਸਮੇਂ ਸ਼ਰਾਬ ਪੀਤੀ ਹੁੰਦੀ ਹੈ, ਉਹ ਸੁਖ ਧਾਰ ਕੇ ਆਪਣੇ-ਆਪਣੇ ਘਰਾਂ ਵਿਚ ਸੁੱਤੇ ਪਏ ਹਨ। ਜਿਵੇਂ ਅਸੀਂ ਉਨ੍ਹਾਂ ਦੇ ਦਾਸ ਹਾਂ, ਉਸ ਤਰ੍ਹਾਂ ਹੀ ਤੁਹਾਡੇ ਹਾਂ, ਅਸੀਂ ਸਾਰੇ ਹੀ ਹੁਣ ਸਾਵਧਾਨ ਹੋ ਕੇ ਖੜੇ ਹਾਂ''॥ ੨੩॥

ਪੁਨ ਤੂਸ਼ਨਿ ਹੁਇ ਰਾਤਿ ਬਿਤਾਈ। ਜਾਮ ਰਹੀ ਜਬਿ ਕਹਜੋ ਗੁਸਾਈਂ।
'ਆਇ ਕਿ ਨਹੀਂ ਹਰੀ ਕਾ ਅਬੈ। ਲੈਬੇ ਹਿਤ ਪਹਿਰੇ ਸੁਧਿ ਸਬੈ' ॥ ੨੪ ॥

ਫਿਰ ਚੁੱਪ ਰਹਿ ਕੇ ਰਾਤ ਬਤੀਤ ਕੀਤੀ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਨੇ ਕਿਹਾ, ''ਹੁਣ ਤਕ ਕੋਈ ਹਰੀ ਕਾ ਆਇਆ ਹੈ ਕਿ ਨਹੀਂ, ਉਨ੍ਹਾਂ ਆ ਕੇ ਪਹਿਰੇ ਬਾਰੇ ਕੋਈ ਖਬਰ ਸਾਰ ਲਈ ਹੈ ਕਿ ਨਹੀਂ''॥ ੨੪॥

ਪੁਨ ਡੋਗਰ ਬੋਲੇ 'ਹਮ ਅਹੈਂ। ਪਹਿਰਾ ਦੇਂ, ਸਵਧਾਨੀ ਰਹੈਂ।
ਇਸ ਛਿਨ ਕੌਨ ਹਰੀ ਕਾ ਆਵੈ। ਪੀ ਪੀ ਮਦ ਘਰ ਮਹਿਂ ਸੁਪਤਾਵੈਂ ॥ ੨੫ ॥

ਫਿਰ ਡੋਗਰ ਬੋਲੇ, ''ਅਸੀਂ ਏਥੇ ਹਾਂ ਤੇ ਬੜੀ ਸਾਵਧਾਨੀ ਨਾਲ ਪਹਿਰਾ ਦੇ ਰਹੇ ਹਾਂ। ਇਸ ਸਮੇਂ ਕੌਣ ਹਰੀ ਕਾ ਆ ਸਕਦਾ ਹੈ। ਸ਼ਰਾਬਾਂ ਪੀ ਪੀ ਘਰਾਂ ਵਿਚ ਸੁੱਤੇ ਪਏ ਹਨ॥ ੨੫॥

ਹਮ ਹਜੂਰ ਰਾਵਰ ਕੇ ਖਰੇ। ਆਗਜਾ ਦੇਹੁ ਤਥਾ ਅਬਿ ਕਰੈਂ।
ਸੇਵਾ ਕਰਿ ਹੈਂ ਸਰਬ ਪ੍ਰਕਾਰੀ। ਹਮ ਡੋਗਰ ਸਗਰੇ ਅਨੁਸਾਰੀ' ॥ ੨੬ ॥

ਅਸੀਂ ਆਪ ਜੀ ਦੀ ਹਜ਼ੂਰੀ ਵਿਚ ਖੜੇ ਹਾਂ, ਆਗਿਆ ਦੇਵੋ ਉਸ ਤਰ੍ਹਾਂ ਹੀ ਹੁਣ ਕਰਾਂਗੇ। ਤੁਹਾਡੀ ਸਰਬ ਪ੍ਰਕਾਰ ਸੇਵਾ ਕਰਾਂਗੇ, ਅਸੀਂ ਸਾਰੇ ਡੋਗਰ ਆਪ ਜੀ ਦੀ ਆਗਿਆ ਅਨੁਸਾਰ ਹਾਂ''॥ ੨੬॥

ਸੁਨਿ ਕਰਿ ਬਿਨੈ ਸਮੇਤ ਕ੍ਰਿਪਾਲਾ। ਦੀਨਸਿ ਬਰ ਤਿਨ ਕੋ ਤਤਕਾਲਾ।
'ਬਸਦੇ ਰਹਹੁ ਤੀਰ ਇਸ ਨਈ। ਨਈ ਚੋਧ੍ਰਤਾ ਤੁਮ ਕੋ ਦਈ॥ ੨੭॥

ਜਦ ਸਤਿਗੁਰੂ ਜੀ ਨੇ ਬੇਨਤੀ ਸਹਿਤ ਗੱਲ ਸੁਣੀ ਤਾਂ ਉਨ੍ਹਾਂ ਨੂੰ ਤੁਰਤ ਵਰ ਦਿੱਤਾ, ''ਇਸ ਨਦੀ ਕੰਢੇ ਸਦਾ ਵੱਸਦੇ ਰਹੋ, ਹੁਣ ਨਵੀਂ ਚੋਧਰਤਾ ਤੁਹਾਨੂੰ ਦਿੱਤੀ॥ ੨੭॥

ਨੈਂ ਕੇ ਤੀਰ ਤੀਰ ਜੋ ਦੇਸ਼। ਹੋਇ ਤੁਹਾਰੋ ਦੇਸ਼ ਅਸ਼ੇਸ਼'।
ਸੁਨਿ ਕ੍ਰਿਪਾਲ ਤੇ ਬਖਸ਼ਿਸ਼ ਬਾਨੀ। ਨਿਕਟ ਆਇ ਸਭਿ ਬੰਦਨ ਠਾਨੀ ॥੨੮ ॥

ਨਦੀ ਦੇ ਕਿਨਾਰੇ-ਕਿਨਾਰੇ ਜਿਹੜਾ ਦੇਸ਼ ਹੈ, ਉਹ ਸਾਰਾ ਦੇਸ਼ ਤੁਹਾਡਾ ਹੋਵੇਗਾ।'' ਸਤਿਗੁਰੂ ਜੀ ਪਾਸੋਂ ਬਖਸ਼ਿਸ਼ ਦੇ ਬਚਨ ਸੁਣ ਕੇ ਸਾਰਿਆਂ ਨੇ ਨੇੜੇ ਆ ਕੇ ਬੰਦਨਾ ਕੀਤੀ॥ ੨੮॥

'ਰਾਵਰਿ ਕੇ ਬਚ ਸਦਾ ਸਥਿਰ ਹੈਂ। ਦੇਖਿ ਦੀਨ ਕੋ ਬਖਸ਼ਨ ਕਰਿ ਹੈਂ'।
ਤਬਿ ਤੇ ਦਿਨ ਪ੍ਰਤਿ ਡੋਗਰ ਦੇਸ਼। ਸਨੇ ਸਨੇ ਹੁਇ ਗਯੋ ਅਸ਼ੇਸ਼॥ ੨੯ ॥

ਉਹ ਕਹਿਣ ਲੱਗੇ, ''ਆਪ ਜੀ ਦੇ ਬਚਨ ਸਦਾ ਸਥਾਈ ਹਨ, ਗ਼ਰੀਬ ਵੇਖ ਕੇ ਬਖਸ਼ਿਸ਼ ਕਰਦੇ ਹੋ। ਉਸ ਸਮੇਂ ਤੋਂ ਦਿਨ ਪ੍ਰਤੀ ਡੋਗਰ ਦੇਸ਼, ਹੋਲੀ-ਹੋਲੀ ਸਾਰਾ ਉਨ੍ਹਾਂ ਦਾ ਹੋ ਗਿਆ॥ ੨੯॥

ਮੂਢ ਹਰੀ ਕੇ ਸਕਹਿ ਨ ਲੇਜ। ਗੁਰ ਚਿਤ ਚਹਤਿ ਰਹੇ ਕੁਛ ਦੇਜ।
ਸੌਚ ਸ਼ਨਾਨ ਠਾਨਿ ਕਰਿ ਫੇਰ। ਚਢਿ ਪ੍ਰਭੁ ਚਾਲੇ ਹੋਤਿ ਸਬੇਰ॥ ੩੦॥

ਮੂਰਖ ਹਰੀ ਕੇ ਕੁਝ ਵੀ ਲੈ ਨਾ ਸਕੇ, ਗੁਰੂ ਜੀ ਚਿੱਤ ਵਿਚ ਉਨ੍ਹਾਂ ਨੂੰ ਕੁਝ ਦੇਣਾ ਚਾਹੁੰਦੇ ਰਹੇ। ਫਿਰ ਗੁਰੂ ਜੀ ਸੌਚ ਇਸ਼ਨਾਨ ਕਰਕੇ ਸਵੇਰ ਹੁੰਦਿਆਂ ਹੀ ਘੋੜਿਆਂ 'ਤੇ ਚੜ੍ਹ ਕੇ ਅੱਗੇ ਚਲ ਪਏ॥ ੩੦॥

ਕੇਤਿਕ ਕੋਸ ਉਲੰਘ ਕਰਿ ਗਏ। ਬਿਚ ਉਦਿਆਨ ਉਤਰਤੇ ਭਏ।
ਬੱਦ੍ਰੀ ਬਡੋ ਤਰੋਵਰ ਖਰਜੋ। ਤਿਸ ਕੇ ਤਰੇ ਸਿਵਰ ਗੁਰ ਕਰਜੋ॥ ੩੧॥

ਕਈ ਕੋਹ ਫਿਰ ਲੰਘ ਕੇ ਗਏ ਤੇ ਜੰਗਲ ਵਿਚ ਉਤਾਰਾ ਕਰ ਲਿਆ। ਇਕ ਬੇਰੀ ਦਾ ਵੱਡਾ ਦਰੱਖਤ ਖੜਾ ਸੀ। ਉਸ ਦੇ ਥੱਲੇ ਗੁਰੂ ਜੀ ਨੇ ਡੇਰਾ ਲਾ ਲਿਆ॥ ੩੧॥

ਏਕ ਰਾਤਿ ਤਹਿਂ ਬਸੇ ਬਿਤਾਈ। ਪ੍ਰਭੁ ਪੁਨ ਚਢੇ ਪ੍ਰਾਤਿ ਹੁਇ ਆਈ।
ਕੇਤਿਕ ਕੋਸ ਕੀਨਿ ਪ੍ਰਸਥਾਨਾ। ਜਾਇ ਪਹੂੰਚੇ ਤਬਿ ਇਕ ਥਾਨਾ॥ ੩੨॥

ਇਕ ਰਾਤ ਉਥੇ ਰਹਿ ਕੇ ਬਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਫਿਰ ਘੋੜੇ ਉੱਪਰ ਸਵਾਰ ਹੋ ਗਏ। ਕਈ ਕੋਹ ਚਲ ਕੇ ਗਏ, ਤਦ ਫਿਰ ਇਕ ਸਥਾਨ 'ਤੇ ਜਾ ਪਹੁੰਚੇ॥ ੩੨॥

ਗ੍ਰਾਮ ਵਜੀਦ ਪੁਰੇ ਤਿਸ ਕਾਲਾ। ਸੈਨ ਸਮੇਤ ਸਿਵਰ ਕੋ ਘਾਲਾ।
ਉਤਰੇ ਬੰਧ ਤੁਰੰਗਮ ਦਏ। ਸਿੰਘ ਗੁਰੂ ਢਿਗ ਆਵਤਿ ਭਏ॥ ੩੩॥

ਉਸ ਸਮੇਂ ਵਜੀਦਪੁਰ ਪਿੰਡ ਵਿਚ ਸੈਨਾ ਸਮੇਤ ਤੰਬੂ ਲਾ ਲਏ। ਉਤਾਰਾ ਕਰਕੇ ਘੋੜੇ ਬੰਨ੍ਹ ਦਿੱਤੇ ਤੇ ਸਿੰਘ ਗੁਰੂ ਜੀ ਪਾਸ ਆ ਗਏ॥ ੩੩॥

'ਪਾਤਸ਼ਾਹ! ਇਤ ਆਵਨ ਕਰੇ। ਪਹੁੰਚੇ ਇਹਾਂ ਕੁਸੂਰਹਿ ਤਰੇ।
ਬਜਹਿਂ ਨੌਬਤਾ ਇਸ ਪੁਰਿ ਬਾਈ। ਬਸੈ ਪਠਾਨ ਚਮੂੰ ਸਮੁਦਾਈ'॥ ੩੪॥

'ਹੇ ਸਤਿਗੁਰੂ ਜੀ! ਏਧਰ ਆਏ ਹਾਂ, ਏਥੇ ਕਸੂਰ ਦੇ ਥੱਲੇ ਆ ਪਹੁੰਚੇ ਹਾਂ। ਏਥੇ ਬਾਈ ਨੌਬਤਾਂ ਵੱਜਦੀਆਂ ਹਨ, ਏਥੇ ਸਾਰੇ ਪਠਾਣ ਲੋਕ ਰਹਿੰਦੇ ਹਨ। ਇਥੇ ਬਾਈ ਪਠਾਣ ਸਰਦਾਰ ਰਹਿੰਦੇ ਹਨ, ਸਾਰੀ ਪਠਾਣ ਸੈਨਾ ਏਥੇ ਵੱਸਦੀ ਹੈ'॥ ੩੪॥

ਸ੍ਰੀ ਮੁਖ ਤੇ ਫੁਰਮਾਵਨ ਕਰਜੋ। 'ਤੁਰਕਨ ਤੇਜ ਭਵਿੱਖਤ ਹਰਜੋ।
ਕਾਨੇ ਕਾਛੇ ਗ੍ਰਾਮ ਬਡੇਰੇ। ਤਹਿਂ ਉਪਜਹਿਂਗੇ ਸਿੰਘ ਘਨੇਰੇ॥ ੩੫॥

ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੁਰਕਾਂ ਦਾ ਤੇਜ ਭਵਿੱਖ ਵਿਚ ਦੂਰ ਕਰ ਦਿੱਤਾ ਹੈ। ਹੁਣ ਸਾਡੇ ਕਾਨ੍ਹੇ ਕਾਛੇ ਨੌਬਤਾਂ ਵੱਜਣਗੀਆਂ ਤੇ ਏਥੇ ਬਹੁਤ ਸਿੰਘ ਪ੍ਰਗਟ ਹੋਣਗੇ॥ ੩੫॥

ਬਹੁਤ ਨੌਬਤਾਂ ਬਜੈਂ ਹਮਾਰੀ। ਕੇਤਿਕ ਦਿਨ ਮਹਿਂ ਤਿਨਹੁਂ ਮਝਾਰੀ'।
ਇਮ ਬਤਰਾਵਤਿ ਤਿਸ ਥਲ ਖਰੇ। ਤੀਤਰ ਇਕ ਅਵਾਜ ਤਬਿ ਕਰੇ॥ ੩੬॥

ਕੁਝ ਦਿਨਾਂ ਵਿਚ ਇਨ੍ਹਾਂ ਦੇ ਵਿਚ ਸਾਡੀਆਂ ਬਹੁਤ ਨੌਬਤਾਂ ਵੱਜਣਗੀਆਂ।" ਇਸ ਪ੍ਰਕਾਰ ਦੱਸਦੇ ਹੋਏ ਜਿਸ ਸਥਾਨ ਤੇ ਖੜੇ ਸਨ, ਉਥੇ ਇਕ ਤਿੱਤਰ ਬੋਲ ਰਿਹਾ ਸੀ॥ ੩੬॥

ਸੁਨਿ ਕ੍ਰਿਪਾਲ ਭਾਖਜੋ ਤਿਹ ਸਮੈ। 'ਜਾਂ ਬੋਲਜੇ ਤਾਂ ਲੱਧਾ ਹਮੈ'।
ਹਯ ਪਰ ਤਬਿ ਆਰੋਹਨਿ ਹੋਏ। ਕੀਨਿ ਪਯਾਨੋ ਸ਼ੀਘ੍ਰ ਸੁ ਜੋਏ॥ ੩੭॥

ਤਿੱਤਰ ਦੀ ਆਵਾਜ਼ ਸੁਣ ਕੇ ਕ੍ਰਿਪਾਲੂ ਸਤਿਗੁਰੂ ਜੀ ਨੇ ਕਿਹਾ, "ਜਾਂ ਬੋਲਿਆ ਹੈ ਤਾਂ ਸਾਨੂੰ ਲੱਭ ਪਿਆ ਹੈ।" ਫਿਰ ਸਤਿਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਉਸ ਪਾਸੇ ਬੜੀ ਤੇਜ਼ੀ ਨਾਲ ਚੱਲ ਪਏ॥ ੩੭॥

ਛੋਡਜੋ ਤਿਸ ਕੇ ਬਾਜ ਪਿਛਾਰੇ। ਕਰੀ ਨ ਝਪਟ ਨ ਤਿਸ ਕੋ ਮਾਰੇ।
ਪੁਨ ਕਹਿ ਕਰਿ ਕੂਕਰ ਛੁਟਵਾਏ। ਪਿਖਿ ਤੀਤਰ ਕੋ ਪੀਛੇ ਧਾਏ॥ ੩੮॥

ਉਸ ਤਿੱਤਰ ਦੇ ਪਿੱਛੇ ਬਾਜ ਨੂੰ ਛੱਡਿਆ। ਬਾਜ ਨੇ ਨਾ ਹੀ ਝਪਟ ਮਾਰੀ ਅਤੇ ਨਾ ਹੀ ਉਸ ਤਿੱਤਰ ਨੂੰ ਮਾਰਿਆ। ਫਿਰ ਕਹਿ ਕੇ ਕੁੱਤੇ ਛੁਡਵਾਏ, ਉਹ ਤਿੱਤਰ ਨੂੰ ਵੇਖ ਕੇ ਪਿੱਛੇ ਦੌੜੇ॥ ੩੮॥

ਝਾਰਨ ਬਿਖੈ ਜਾਇ ਕਰਿ ਬਰਜੋ। ਬਹੁਰ ਨਿਕਾਰਜੋ ਉਡਿਬੋ ਕਰਜੋ।
ਪੀਛੇ ਕੇਤਿਕ ਸਿੰਘ ਨ ਸਾਥ। ਚਲੇ ਜਾਹਿਂ ਤੂਰਨ ਜਗਨਾਥ॥ ੩੯॥

ਤਿੱਤਰ ਝਾੜੀਆਂ ਵਿਚ ਜਾ ਕੇ ਵੜ ਗਿਆ। ਫਿਰ ਝਾੜੀਆਂ ਵਿਚੋਂ ਕੱਢਿਆ ਤਾਂ ਉੱਡ ਗਿਆ। ਪਿੱਛੇ ਕਈ ਸਿੰਘਾਂ ਦੇ ਨਾਲ ਸਤਿਗੁਰੂ ਜੀ ਛੇਤੀ-ਛੇਤੀ ਚਲੇ ਜਾ ਰਹੇ ਸਨ॥ ੩੯॥

ਕਰਤਿ ਬੇਗ ਤੇ ਜਾਇ ਉਡਾਰੀ। ਥਕਤਿ ਛਪਹਿ ਪਿਖਿ ਝਾਰਨ ਝਾਰੀ।
ਬਹੁਤ ਬਿਲੋਕਹਿਂ ਖੋਜਨ ਕਰੈਂ। ਨਿਕਸਤਿ ਹੀ ਉਡ ਕਰਿ ਚਲਿ ਪਰੈ॥ ੪੦॥

ਤਿੱਤਰ ਨੇ ਫਿਰ ਬੜੀ ਛੇਤੀ ਕਰਕੇ ਉਡਾਰੀ ਮਾਰੀ। ਥੱਕ ਜਾਂਦਾ ਹੈ ਤਾਂ ਬਹੁਤ ਸੰਘਣੀਆਂ ਝਾੜੀਆਂ ਵੇਖ ਕੇ ਵਿਚ ਛੁਪ ਜਾਂਦਾ ਹੈ। ਜਦ ਬਹੁਤ ਵੇਖ ਕੇ ਖੋਜ ਕਰਦੇ ਸਨ ਤਾਂ ਫਿਰ ਨਿਕਲ ਕੇ ਉਡ ਕੇ ਚਲੇ ਜਾਂਦਾ ਸੀ॥ ੪੦॥

ਦਬਕਹਿ ਬਹੁਰ ਥਾਂਇ ਕੋ ਪਾਇ। ਝਾਰੀ ਝਾਰਨਿ ਝਾਰਹਿਂ ਜਾਇ।
ਕਈ ਕੋਸ ਇਸ ਬਿਧਿ ਚਲਿ ਗਏ। ਥਕਤਿ ਤੁਰੰਗਮ ਭੀ ਤਬਿ ਭਏ॥ ੪੧॥

ਡਰ ਕੇ ਫਿਰ ਕੋਈ ਥਾਂ ਲੱਭ ਕੇ ਲੁਕ ਜਾਂਦਾ ਸੀ। ਗੁਰੂ ਜੀ ਨਾਲ ਜਿਹੜੇ ਸਿੰਘ ਸਨ, ਉਹ ਸਮੂਹ ਝਾੜੀਆਂ ਨੂੰ ਝਾੜਦੇ ਜਾਂਦੇ ਸਨ। ਕਈ ਕੋਹ ਇਸ ਪ੍ਰਕਾਰ ਚਲਦੇ ਗਏ, ਫਿਰ ਘੋੜੇ ਵੀ ਥੱਕ ਗਏ॥ ੪੧॥

ਪਕਰਜੋ ਜਾਇ ਜਤਨ ਬਹੁ ਕਰਿਕੈ। ਕਹਿ ਕਰਿ ਪਰ ਉਖਰਾਇ ਸੁਧਰਿ ਕੈ।
ਪੁਨ ਛੁਰਵਾਯਹੁ ਤੀਤਰ ਆਗਾ। ਬਾਜ ਜਿਯਤ ਕੋ ਭੱਖਨਿ ਲਾਗਾ॥ ੪੨॥

ਬਹੁਤ ਯਤਨ ਕਰਕੇ ਜਾ ਕੇ ਤਿਤਰ ਨੂੰ ਫੜ ਲਿਆ। ਫਿਰ ਕਹਿ ਕੇ ਚੰਗੀ ਤਰ੍ਹਾਂ ਉਸ ਦੇ ਖੰਭ ਉਖਾੜੇ। ਫਿਰ ਤਿੱਤਰ ਨੂੰ ਬਾਜ਼ ਦੇ ਅੱਗੇ ਛੁਡਵਾਇਆ ਤਾਂ ਬਾਜ ਜੀਊਂਦੇ ਤਿੱਤਰ ਨੂੰ ਹੀ ਖਾਣ ਲੱਗਾ॥ ੪੨॥

ਤੋਰਿ ਤੋਰਿ ਆਮਿਖ ਤਿਸ ਕੇਰਾ। ਖਾਇ ਜਾਤਿ ਦੇ ਕਸ਼ਟ ਬਡੇਰਾ।
ਅਪਨਿ ਹਜ਼ੂਰ ਖੁਲਾਵਹਿਂ ਖਰੇ। ਪਲ ਬੋਟੀ ਕਾਟਤਿ ਭਖਿ ਕਰੇ॥ ੪੩॥

ਤੋੜ-ਤੋੜ ਕੇ ਉਸ ਦਾ ਮਾਸ ਖਾਂਦਾ ਸੀ, ਖਾਈ ਜਾਂਦਾ ਸੀ ਤੇ ਤਿੱਤਰ ਨੂੰ ਬਹੁਤ ਕਸ਼ਟ ਦਿੰਦਾ ਸੀ। ਸਤਿਗੁਰੂ ਜੀ ਆਪਣੀ ਹਜ਼ੂਰੀ ਵਿਚ ਖੜੇ ਹੋ ਕੇ ਬਾਜ ਨੂੰ ਮਾਸ ਖਵਾਉਂਦੇ ਸਨ। ਮਾਸ ਦੀਆਂ ਬੋਟੀਆਂ ਭਰ ਭਰ ਕੇ ਖਾ ਰਿਹਾ ਸੀ॥ ੪੩॥

ਦਾਨ ਸਿੰਘ ਬੋਲਜੋ ਪਿਖਿ ਠਾਢੇ। 'ਆਪ ਪ੍ਰਭੂ ਤੁਮ ਹੋ ਬਡ ਡਾਢੇ।
ਕੋਇ ਨ ਕੁਛ ਕਹਿ ਸਾਕਹਿ ਕੈਸੇ। ਅਬਿ ਡਾਢੀ ਕ੍ਰਿਤ ਕੀਨਸਿ ਜੈਸੇ॥ ੪੪॥

ਫਿਰ ਦਾਨ ਸਿੰਘ ਖੜਾ ਹੋ ਕੇ ਬੋਲਿਆ, "ਹੇ ਸਤਿਗੁਰੂ ਜੀ! ਤੁਸੀਂ ਬੜੇ ਡਾਢੇ ਹੋ। ਆਪ ਜੀ ਨੂੰ ਕੋਈ ਵੀ ਕਿਸੇ ਤਰ੍ਹਾਂ ਕਹਿ ਨਹੀਂ ਸਕਦਾ ਹੈ, ਜਿਵੇਂ ਹੁਣ ਤੁਸੀਂ ਡਾਢੀ ਕ੍ਰਿਤ ਕਰ ਰਹੇ ਹੋ॥ ੪੪॥

ਇਤਨੀ ਕੀਨਿ ਦੌਰਿ ਇਸ ਬੇਰਾ। ਕਹਾਂ ਸ਼ੇਰ ਕੋ ਹੇਰਿ ਅਖੇਰਾ।
ਇਕ ਤੀਤਰ ਕੇ ਧਾਇ ਪਿਛਾਰੇ। ਦਿਏ ਹੁਸਾਇ ਤੁਰੰਗਮ ਸਾਰੇ॥ ੪੫॥

ਇਸ ਸਮੇਂ ਏਨੀ ਦੌੜ ਕੀਤੀ ਹੈ, ਕਿੱਥੇ ਸ਼ੇਰ ਨੂੰ ਵੇਖ ਕੇ ਸ਼ਿਕਾਰ ਮਾਰਿਆ ਹੈ। ਇਕ ਤਿੱਤਰ ਦੇ ਪਿੱਛੇ ਦੌੜੇ ਹਾਂ ਤੇ ਸਾਰੇ ਘੋੜਿਆਂ ਨੂੰ ਥਕਾ ਦਿੱਤਾ ਹੈ॥ ੪੫॥

ਜੇ ਸ਼ਿਕਾਰ ਕੀ ਚਾਹ ਕਰੰਤੇ। ਤੀਤਰ ਸਹੇ ਅਨੇਕ ਹਨੰਤੇ'।
ਸ੍ਰੀ ਮੁਖ ਤੇ ਕਹਿ ਤਿਹ ਸਮੁਝਾਯੋ। 'ਦਾਨ ਸਿੰਘ! ਸੁਨੀਅਹਿ ਜਿਮ ਘਾਯੋ॥੪੬॥

ਜੇ ਸ਼ਿਕਾਰ ਦੀ ਚਾਹਤ ਕਰਦੇ ਤਾਂ ਅਨੇਕਾਂ ਤਿੱਤਰ ਸਹੇ ਮਾਰਦੇ।'' ਸਤਿਗੁਰੂ ਜੀ ਨੇ ਉਸ ਨੂੰ ਕਹਿ ਕੇ ਸਮਝਾਇਆ, ''ਦਾਨ ਸਿੰਘ! ਸੁਣੋ ਜਿਵੇਂ ਮਾਰਿਆ ਹੈ॥ ੪੬॥

ਨਹੀਂ ਚਾਹੁ ਕੁਛ ਕਰਨਿ ਸ਼ਿਕਾਰਾ। ਇਸ ਲਗਿ ਕਾਰਜ ਹੁਤੋ ਹਮਾਰਾ'।
ਆਸ਼ੈ ਜਬਿ ਗੰਭੀਰ ਸੁਨਿ ਪਰੇ। ਦਾਨ ਸਿੰਘ ਪੁਨ ਬੂਝਨ ਕਰੇ॥ ੪੭॥

ਸ਼ਿਕਾਰ ਖੇਡਣ ਦੀ ਕੋਈ ਚਾਹ ਨਹੀਂ ਹੈ, ਇਸ ਤਕ ਹੀ ਸਾਡਾ ਕਾਰਜ ਸੀ।'' ਜਦ ਸਤਿਗੁਰੂ ਜੀ ਦੇ ਗੰਭੀਰ ਆਸ਼ੇ ਨੂੰ ਸੁਣਿਆ ਤਾਂ ਦਾਨ ਸਿੰਘ ਨੇ ਫਿਰ ਪੁੱਛਿਆ॥ ੪੭॥

'ਪਾਤਿਸ਼ਾਹੁ! ਦਿਹੁ ਸਕਲ ਸੁਨਾਏ। ਕਿਸ ਕਾਰਨ ਤੇ ਏਤਿਕ ਧਾਏ?'।
ਸ੍ਰੀ ਮੁਖ ਕਹਯੋ 'ਸੁਨਹੁ ਇਸ ਕਾਜ। ਤੀਤਰ ਜਾਟ ਬਾਣੀਆਂ ਬਾਜ॥ ੪੮॥

''ਹੇ ਸਤਿਗੁਰੂ ਜੀ! ਇਹ ਸਾਰਾ ਪ੍ਰਸੰਗ ਸੁਣਾਓ, ਜਿਸ ਕਾਰਨ ਏਨੇ ਭੱਜੇ ਹਾਂ?'' ਸਤਿਗੁਰੂ ਜੀ ਨੇ ਕਿਹਾ, ''ਇਹ ਕਾਰਜ ਸੁਣੋ। ਇਹ ਤਿੱਤਰ ਜੱਟ ਹੈ ਤੇ ਬਾਣੀਆਂ ਬਾਜ ਹੈ॥ ੪੮॥

ਪੂਰਬ ਜਨਮ ਹੁਤੇ ਨਰ ਏਹੀ। ਜਾਟ ਕਰਜ਼ ਲੇ ਬਨੀਏ ਤੇ ਹੀ।
ਅਪਰ ਗ੍ਰਾਮ ਮਹਿਂ ਬਸਯੋ ਸੁ ਜਾਇ। ਬਨੀਏ ਗਹਯੋ ਲਗਯੋ ਕਬਿ ਦਾਇ॥੪੯॥

ਪਿਛਲੇ ਜਨਮ ਵਿਚ ਇਹ ਦੋਵੇਂ ਮਨੁੱਖ ਸਨ। ਜੱਟ ਨੇ ਬਾਣੀਏ ਪਾਸੋਂ ਕਰਜ਼ ਲਿਆ ਸੀ। ਫਿਰ ਇਹ ਜੱਟ ਕਿਸੇ ਹੋਰ ਪਿੰਡ ਵਿਚ ਜਾ ਵੱਸਿਆ। ਜਦ ਦਾਅ ਲੱਗਾ ਤਾਂ ਬਾਣੀਏ ਨੇ ਜੱਟ ਨੂੰ ਫੜ ਲਿਆ॥ ੪੯॥

ਦਰਬ ਦਿਏ ਬਿਨ ਤਜੋਂ ਨ ਤੋਹੀ। ਦਗ਼ਾ ਗਯੋ ਕਰਿਕੈ ਸੰਗ ਮੋਹੀ।
ਜਾਟ ਕਹੈ 'ਅਬਿਕੈ ਦਿਹੁ ਛੋਰਿ। ਦੇਵੋਂ ਲਗਿ ਬਿਰਾਟਕਾ ਤੋਰ'॥ ੫੦॥

ਤੇ ਕਹਿਣ ਲੱਗਾ ਕਿ ਧਨ ਦੇਣ ਬਗੈਰ ਮੈਂ ਤੈਨੂੰ ਛੱਡਾਂਗਾ ਨਹੀਂ, ਮੇਰੇ ਨਾਲ ਤੂੰ ਧੋਖਾ ਕਰਕੇ ਚਲੇ ਗਿਆ ਹੈਂ।'' ਜੱਟ ਨੇ ਕਿਹਾ, ''ਇਸ ਵਾਰ ਛੱਡ ਦੇਵੋ, ਤੇਰਾ ਧਨ ਮੈਂ ਕੌਡੀ-ਕੌਡੀ ਤਕ ਚੁਕਾ ਦੇਵਾਂਗਾ'' ॥ ੫੦॥

ਸੁਨਿ ਬਨੀਆ ਕਹਿ 'ਜ਼ਾਮਨ ਦੀਜੈ। ਛੁਟਿ ਕਰਿ ਜਾਹੁ ਸਦਨ ਮਗ ਲੀਜੈ'।
ਕਹੈ ਜਾਟ 'ਕੋ ਜਾਮਨ ਮੇਰੋ? ਗੁਰ ਬਿਨ ਇਹ ਠਾਂ ਆਨ ਨ ਹੇਰੋਂ'॥ ੫੧॥

ਇਹ ਸੁਣ ਕੇ ਬਾਣੀਏ ਨੇ ਕਿਹਾ, ''ਜਾਮਨੀ ਦੇਵੋ, ਛੁੱਟ ਕੇ ਚਲੇ ਜਾਵੋ ਤੇ ਆਪਣੇ ਘਰ ਦਾ ਰਾਹ ਲਵੋ।'' ਜੱਟ ਕਹਿਣ ਲੱਗਾ, ''ਮੇਰਾ ਕੌਣ ਜਾਮਨ ਹੈ? ਗੁਰੂ ਜੀ ਤੋਂ ਬਗੈਰ ਇਸ ਥਾਂ ਹੋਰ ਕਿਸੇ ਨੂੰ ਨਹੀਂ ਵੇਖਦਾ ਹਾਂ'' ॥ ੫੧॥

ਸੁਨਿ ਬਨੀਆ ਕਹਿ 'ਧਰਮ ਰਖੀਜੈ। ਗੁਰ ਕੋ ਹੀ ਜਾਮਨ ਕਰਿ ਦੀਜੈ'।
ਮੁਝ ਕੋ ਦੇ ਜਾਮਨ ਛੁਟਿ ਗਯੋ। ਨਹਿਂ ਧਨ ਦਿਯੋ, ਮ੍ਰਿਤਕ ਪੁਨ ਭਯੋ॥੫੨॥

ਇਹ ਸੁਣ ਕੇ ਬਾਣੀਏ ਨੇ ਕਿਹਾ ਕਿ ''ਧਰਮ ਰੱਖੋ ਤੇ ਗੁਰੂ ਜੀ ਨੂੰ ਹੀ ਜਾਮਨ ਕਰ ਦੇਵੋ।'' ਮੇਰੀ ਜਾਮਨੀ ਦੇ ਕੇ ਜੱਟ ਛੁੱਟ ਗਿਆ ਧਨ ਨਹੀਂ ਦਿੱਤਾ, ਫਿਰ ਉਸ ਦੀ ਮੌਤ ਹੋ ਗਈ॥ ੫੨॥

ਅਹੈ ਬਾਜ ਕੋ ਪੂਰਬ ਗਜਾਤਾ। ਹਮਰੋ ਹਾਥ ਸਪਰਸੇ ਗਾਤਾ।
ਨਹਿਂ ਤੀਤਰ ਕੋ ਇਸ ਨੇ ਮਾਰਾ। ਲੈ ਹੌਂ ਜਾਮਨ ਤੇ ਨਿਰਧਾਰਾ॥ ੫੩॥

ਇਸ ਬਾਜ ਨੂੰ ਪਿਛਲੇ ਜਨਮ ਦਾ ਗਿਆਨ ਹੋ ਗਿਆ ਹੈ, ਜਦ ਸਾਡੇ ਹੱਥ ਨੂੰ ਛੂਹ ਕੇ ਗਿਆ ਸੀ। ਇਸ ਕਰਕੇ ਇਸ ਨੇ ਜਾ ਕੇ ਤਿੱਤਰ ਨੂੰ ਨਹੀਂ ਮਾਰਿਆ ਹੈ, ਇਸ ਨੇ ਹਿਰਦੇ ਵਿਚ ਧਾਰਨ ਕੀਤਾ ਹੈ ਕਿ ਜਾਮਨ ਪਾਸੋਂ ਹਿਸਾਬ ਕਿਤਾਬ ਲਵੇਗਾ॥ ੫੩॥

ਹਮਨੇ ਅਪਨਿ ਜਾਮਨੀ ਲਾਹੀ। ਜਿਯਤਿ ਦਿਯੋ ਗਹਿ ਵਢਿ ਵਢਿ ਖਾਹੀ'।
ਸੁਨਿਕਰਿ ਦਾਨ ਸਿੰਘ ਕਰ ਜੋਰੇ। ਪਰਜੋ ਚਰਨ ਪਰ ਪ੍ਰਭੁ ਨਿਹੋਰੇ॥ ੫੪॥

ਹੁਣ ਅਸੀਂ ਆਪਣੀ ਜਾਮਨੀ ਲਾਹ ਦਿੱਤੀ ਹੈ, ਜੀਉਂਦਾ ਹੀ ਫੜ ਕੇ ਦਿੱਤਾ ਹੈ ਤੇ ਹੁਣ ਵੱਢ-ਵੱਢ ਖਾਂਦਾ ਹੈ।'' ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜੇ ਤੇ ਸਤਿਗੁਰੂ ਜੀ ਦੇ ਚਰਨ ਵੇਖ ਕੇ ਉਨ੍ਹਾਂ ਉੱਪਰ ਢਹਿ ਪਿਆ॥ ੫੪॥

ਸਨਮੁਖ ਬੋਲਜੋ 'ਹੇ ਗੁਰ ਭੂਲਾ। ਬਖਸ਼ੋ ਮੋਹਿ ਦਾਸ ਅਨਕੂਲਾ'।
'ਦਾਨ ਸਿੰਘ ਕਜੋਂ ਚਿੰਤ ਅਧੀਨ। ਉੱਤਰ ਹੀ ਤੈਂ ਬੂਝਨ ਕੀਨ'॥ ੫੫॥

ਫਿਰ ਸਾਹਮਣੇ ਹੋ ਕੇ ਬੋਲਿਆ, ''ਹੇ ਸਤਿਗੁਰੂ ਜੀ! ਮੈਂ ਭੁੱਲ ਗਿਆ ਸੀ, ਮੈਨੂੰ ਆਪਣੀ ਆਗਿਆ ਅਨੁਸਾਰ ਦਾਸ ਜਾਣ ਕੇ ਬਖਸ਼ ਲਵੋ।'' ਸਤਿਗੁਰੂ ਜੀ ਨੇ ਕਿਹਾ, ''ਦਾਨ ਸਿੰਘ! ਕਿਉਂ ਚਿੰਤਾ ਕਰਦਾ ਹੈਂ, ਉੱਤਰ ਹੀ ਤਾਂ ਤੂੰ ਪੁੱਛਿਆ ਸੀ''॥ ੫੫॥

ਦਾਨ ਸਿੰਘ ਪੁਨ ਮਸਤਕ ਟੇਕਾ। ਤੁਮਰੀ ਖੁਸ਼ੀ ਚਹੈਂ ਇਹ ਏਕਾ।
ਚਢਿ ਤਹਿਂ ਤੇ ਪਹੁੰਚੇ ਨਿਜ ਡੇਰੇ। ਖਾਨ ਪਾਨ ਕੀਨਸਿ ਤਿਸ ਬੇਰੇ॥ ੫੬॥

ਦਾਨ ਸਿੰਘ ਨੇ ਫਿਰ ਮੱਥਾ ਟੇਕਿਆ, ਤੁਹਾਡੀ ਇਕੋ-ਇਕ ਖੁਸ਼ੀ ਚਾਹੁੰਦਾ ਹਾਂ। ਉਥੋਂ ਘੋੜਿਆਂ ਉੱਪਰ ਸਵਾਰ ਹੋ ਕੇ ਆਪਣੇ ਡੇਰੇ ਪਹੁੰਚ ਗਏ ਤੇ ਉਸ ਸਮੇਂ ਜਾ ਕੇ ਖਾਣ ਪੀਣ ਕੀਤਾ॥ ੫੬॥

*ਪਹਿਲੇ ਐਨ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥*

# ਅਧਿਆਇ ਪੰਦਰ੍ਹਵਾਂ

## *ਘੋਗਤ ਉਧਾਰ, ਹੁਕਮ ਨਾਥ*

ਦੋਹਰਾ- ਨਿਸ ਬਿਤਾਇ ਕਰਿ ਸਤਿਗੁਰੂ ਕੀਨੋ ਸੌਚ ਸ਼ਨਾਨ।
ਜ਼ੀਨ ਹਯਨਿ ਪਰ ਪਾਇ ਕਰਿ ਚਢੇ ਕਿਯੋ ਪ੍ਰਸਥਾਨ॥ ੧॥

ਰਾਤ ਬਤੀਤ ਕਰਕੇ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ, ਫਿਰ ਘੋੜਿਆਂ ਉੱਪਰ ਕਾਠੀਆਂ ਪਾ ਕੇ ਸਵਾਰ ਹੋ ਕੇ ਉਥੋਂ ਅੱਗੇ ਚਲ ਪਏ॥ ੧॥

ਚੌਪਈ- ਸਤਿਗੁਰ ਘੋਰੇ ਕੀ ਤ੍ਰੈ ਮੇਖ। ਲਗੀ ਰਹੀ ਤਿਸ ਥਾਨ ਅਸ਼ੇਖ।
ਜੰਡ ਹਰੇ ਸੋ ਹੋਵਤਿ ਭਏ। ਅਬਿਲੌ ਖਰੇ ਪਿਖੇ ਜੋ ਗਏ॥ ੨॥

ਸਤਿਗੁਰੂ ਜੀ ਦੇ ਘੋੜੇ ਦੇ ਤਿੰਨ ਕਿੱਲੇ ਉਸ ਥਾਂ ਹੀ ਗੱਡੇ ਰਹੇ, ਉਹ ਬਾਅਦ ਵਿਚ ਹਰੇ ਹੋ ਕੇ ਜੰਡ ਬਣ ਗਏ, ਉਹ ਜੰਡ ਹੁਣ ਤਕ ਖੜੇ ਹਨ, ਕਈਆਂ ਨੇ ਜਾ ਕੇ ਵੇਖੇ ਹਨ॥ ੨॥

ਸਿਖ ਸੰਗਤਿ ਤਹਿਂ ਬੰਦਨ ਕਰੈ। ਤਿਨ ਕੋ ਦਰਸ਼ਨ ਭੀ ਅਘ ਹਰੈ।
ਇਮ ਸ੍ਰੀ ਪ੍ਰਭੁ ਬਿਚਰਤਿ ਫਿਰਿ ਆਏ। ਪਹੁੰਚਿ ਮੁਕਤਿਸਰ ਸਿਵਰ ਲਗਾਏ॥੩॥

ਸਿੱਖ ਸੰਗਤ ਜਾ ਕੇ ਉਥੇ ਬੰਦਨਾ ਕਰਦੀ ਹੈ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਸਤਿਗੁਰੂ ਜੀ ਵਿਚਰਦੇ ਹੋਏ ਫਿਰ ਤੁਰ ਕੇ ਆਏ ਤੇ ਮੁਕਤਸਰ ਪਹੁੰਚ ਕੇ ਫਿਰ ਡੇਰੇ ਲਾਏ॥ ੩॥

ਹੋਇ ਭਵਿੱਖਤ ਮਹਿਂ ਇਹ ਮਹਾਂ। ਸਿੱਖ ਸ਼ਨਾਨਹਿਂ ਫਲ ਕੋ ਲਹਾ।
ਖਾਨ ਪਾਨ ਕਰਿ ਨਿਸਾ ਬਿਤਾਈ। ਸੌਚ ਸ਼ਨਾਨੇ ਕੀਨਿ ਚਢਾਈ॥ ੪॥

ਸਤਿਗੁਰੂ ਜੀ ਕਹਿਣ ਲੱਗੇ ਕਿ ਭਵਿੱਖ ਵਿਚ ਇਹ ਸਥਾਨ ਇਕ ਵੱਡਾ ਤੀਰਥ ਹੋਵੇਗਾ ਤੇ ਜਿਹੜਾ ਵੀ ਸਿੱਖ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਹ ਮੂੰਹ ਮੰਗਿਆ ਫਲ ਪ੍ਰਾਪਤ ਕਰੇਗਾ। ਖਾ ਪੀ ਕੇ ਉਥੇ ਰਾਤ ਬਤੀਤ ਕੀਤੀ ਤੇ ਫਿਰ ਸੌਚ ਇਸ਼ਨਾਨ ਕਰਕੇ ਅੱਗੇ ਚੜ੍ਹਾਈ ਕਰ ਦਿੱਤੀ॥ ੪॥

ਗ੍ਰਾਮ ਰੁਪਾਣੇ ਚਲਿ ਕਰਿ ਆਏ। ਉਤਰੇ ਤਹਾਂ ਤੁਰੰਗ ਲਗਾਏ।
ਸੁੱਖਾ ਅਰੁ ਅਫੀਮ ਛਕਿ ਕਰਿਕੈ। ਬਿਚਰਤਿ ਇਤ ਉਤ ਧਨੁ ਸਰ ਧਰਿਕੈ॥੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੫॥

ਥਲ ਉਤੰਗ ਇਕ ਘੋਗੜ ਹੇਰਾ। ਤੀਰ ਮਾਰਿ ਤਿਸ ਕੋ ਹਤਿ ਗੇਰਾ।
ਜੋਰਾ ਸਿੰਘ ਖਰੋ ਤਬਿ ਪਾਸੀ। 'ਪ੍ਰਭੁ ਜੀ ਘੋਗੜ ਕੀਨਿ ਬਿਨਾਸ਼ੀ॥ ੬॥

ਉੱਚੇ ਸਥਾਨ ਤੇ ਇਕ ਘੋਗੜ ਨੂੰ ਵੇਖਿਆ ਤੇ ਤੀਰ ਮਾਰ ਕੇ ਉਸ ਨੂੰ ਮਾਰ ਕੇ ਡੇਗ ਲਿਆ। ਤਦ ਜੋਰਾ ਸਿੰਘ ਪਾਸ ਖੜਾ ਸੀ। ਉਸ ਨੇ ਕਿਹਾ, "ਸਤਿਗੁਰੂ ਜੀ ਇਸ ਘੋਗੜ ਨੂੰ ਮਾਰ ਦਿੱਤਾ ਹੈ॥ ੬॥

*ਨੋਟ : ਘੋਗੜ ਇਕ ਗਿੱਰਝ ਵਰਗਾ ਪੰਛੀ ਹੈ, ਜਿਹੜਾ ਪਿੰਡਾਂ ਦੇ ਇਰਦ-ਗਿਰਦ ਰਹਿੰਦਾ ਹੈ ਤੇ ਮਲ ਖਾਂਦਾ ਹੈ।*

ਇਹ ਕਜੋਂ ਹਤਜੋ ਕਾਮ ਨਹਿਂ ਐਹੈ। ਇਮ ਹੀ ਪਰਜੋ ਰਹੈ ? ਕੋ ਖੈਹੈ ?।
ਇਸ ਕੋ ਮਾਰਨ ਕੋ ਕਜਾ ਕਾਰਨ ? ਪਾਤਸ਼ਾਹੁ ਪ੍ਰਭੁ ਕਹਹੁ ਉਚਾਰਨ॥੭॥

ਇਸ ਨੂੰ ਕਿਉਂ ਮਾਰਿਆ ਹੈ, ਇਹ ਤਾਂ ਕਿਸੇ ਕੰਮ ਨਹੀਂ ਆਉਂਦਾ ਹੈ ਇਸ ਪ੍ਰਕਾਰ ਹੀ ਪਿਆ ਰਹੇਗਾ ? ਇਸ ਨੂੰ ਕੌਣ ਖਾਵੇਗਾ ? ਇਸ ਨੂੰ ਮਾਰਨ ਦਾ ਕੀ ਕਾਰਨ ਹੈ ? ਹੇ ਸੱਚੇ ਪਾਤਸ਼ਾਹ ! ਸਾਰਾ ਹਾਲ ਉਚਾਰਨ ਕਰੋ"॥ ੭॥

ਸ੍ਰੀ ਮੁਖ ਤੇ ਕਹਿਕੇ ਸਮੁਝਾਯੋ। 'ਸੈ ਤਨੁ ਘੋਗੜ ਕੋ ਇਨ ਪਾਯੋ।
ਪ੍ਰਥਮ ਨ੍ਰਿਪਤਿ ਥੋ ਜੁਕਤ ਜਮੱਯਤ। ਸਿੱਖ ਗ਼ਰੀਬ ਏਕ ਇਸ ਰੱਯਤਿ॥੮॥

ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹਿ ਕੇ ਸਮਝਾਇਆ ਕਿ ਜਿਹੜਾ ਪਿਛਲੇ ਜਨਮ ਵਿਚ ਆਪਣੀ ਸੈਨਾ ਸਮੇਤ ਰਾਜਾ ਸੀ, ਉਸ ਨੇ ਘੋਗੜ ਦਾ ਸਰੀਰ ਧਾਰਨ ਕੀਤਾ ਸੀ। ਇਕ ਗ਼ਰੀਬ ਸਿੱਖ ਇਸ ਦੀ ਪਰਜਾ ਸੀ॥ ੮॥

ਬਸਤੇ ਕੇਤਿਕ ਸਮਾ ਬਿਤਾਏ। ਇਕ ਦਿਨ ਸਿਖ ਕੇ ਮਨ ਇਮ ਆਏ।
ਗੁਰ ਹਿਤ ਚਾਹਜੋ ਕਰਨਿ ਅਹਾਰਾ। ਸਕਲ ਭਾਂਤਿ ਸੋਂ ਦੀਯਸਿ ਤਜਾਰਾ॥ ੯॥

ਉਸ ਸਿੱਖ ਨੇ ਏਥੇ ਰਹਿ ਕੇ ਕਾਫੀ ਸਮਾਂ ਬਤੀਤ ਕੀਤਾ। ਇਕ ਦਿਨ ਸਿੱਖ ਦੇ ਮਨ ਵਿਚ ਇਸ ਤਰ੍ਹਾਂ ਆਇਆ। ਉਹ ਗੁਰੂ ਜੀ ਵਾਸਤੇ ਭੋਜਨ ਤਿਆਰ ਕਰਨਾ ਚਾਹੁੰਦਾ ਸੀ। ਉਸ ਨੇ ਸਭ ਪ੍ਰਕਾਰ ਨਾਲ ਭੋਜਨ ਤਿਆਰ ਕਰਵਾਇਆ॥ ੯॥

ਸਿੱਖਨਿ ਕੋ ਨਿਉਂਦਾ ਤਿਨ ਦੀਯੋ। ਨ੍ਰਿਪ ਭੀ ਸਿੱਖ ਬੋ ਧਾਮਾ ਲੀਯੋ।
ਸਭਿ ਕੋ ਮੇਲ ਭਯੋ ਤਬਿ ਆਇ। ਕਰਿ ਅਰਦਾਸਹਿਂ ਭੋਜਨ ਖਾਇ॥ ੧੦॥

ਉਸ ਨੇ ਫਿਰ ਸਾਰੇ ਸਿੱਖਾਂ ਨੂੰ ਸੱਦਾ ਦਿੱਤਾ। ਰਾਜਾ ਵੀ ਸਿੱਖ ਸੀ, ਉਸ ਨੂੰ ਵੀ ਨਿਉਂਦਾ ਭੇਜਿਆ। ਫਿਰ ਸਾਰਿਆਂ ਦੇ ਮੇਲ ਉਸ ਦੇ ਘਰ ਹੋ ਗਿਆ। ਅਰਦਾਸ ਕਰਕੇ ਫਿਰ ਸਾਰਿਆਂ ਨੇ ਭੋਜਨ ਛੱਕਿਆ॥ ੧੦॥

ਸਿਖ ਕੀ ਸੁਤਾ ਅਵਸਥਾ ਤਰੁਨੀ। ਸੋ ਰਾਜਾ ਪਿਖਿ ਕੈ ਮਨ ਹਰਨੀ।
ਅਪਨੇ ਸਦਨ ਗਯੋ ਨਿਸ ਪਰੀ। ਨ੍ਰਿਪ ਨਰ ਪਠੇ ਹਕਾਰਨਿ ਕਰੀ॥ ੧੧॥

ਉਸ ਸਿੱਖ ਦੀ ਇਕ ਜਵਾਨ ਲੜਕੀ ਸੀ, ਰਾਜੇ ਨੇ ਉਸ ਲੜਕੀ ਨੂੰ ਵੇਖ ਕੇ ਚਰਾਉਣਾ ਚਾਹਿਆ। ਉਹ ਰਾਜਾ ਫਿਰ ਆਪਣੇ ਘਰ ਚਲਾ ਗਿਆ। ਜਦ ਰਾਤ ਪਈ ਤਾਂ ਰਾਜੇ ਨੇ ਆਪਣੇ ਬੰਦੇ ਭੇਜ ਕੇ ਉਸ ਕੁੜੀ ਨੂੰ ਮੰਗਵਾਇਆ॥ ੧੧॥

ਸਿਖ ਨੇ ਲਖੀ ਨਰੇਸ਼ ਖੁਟਾਈ। ਪਰਮ ਦੁਖੀ ਭਾ ਬਸ ਨ ਬਸਾਈ।
ਦੇਖਿ ਪਿਤਾ ਕੋ ਪੁੱਤ੍ਰੀ ਕਹੈ। ਕਿਯੋਂ ਨਾਹਕ ਏਤੋ ਦੁਖ ਲਹੈਂ॥ ੧੨॥

ਸਿੱਖ ਨੇ ਰਾਜੇ ਦੀ ਖੋਟੀ ਬੁੱਧੀ ਨੂੰ ਸਮਝਿਆ, ਬਹੁਤ ਦੁੱਖੀ ਹੋਇਆ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਪਿਤਾ ਜੀ ਨੂੰ ਵੇਖ ਕੇ ਪੁੱਤਰੀ ਕਹਿਣ ਲੱਗੀ, "ਕਿਉਂ ਫਜ਼ੂਲ ਵਿਚ ਏਨੇ ਦੁਖੀ ਹੁੰਦੇ ਹੋ॥ ੧੨॥

ਮੋਹਿ ਸਾਥ ਨ੍ਰਿਪ ਨਿਕਟ ਚਲੀਜੈ। ਗੁਰੂ ਕਰੈ ਸੁਖ, ਚਿੰਤ ਨ ਕੀਜੈ।
ਲੈ ਕਰਿ ਪਿਤਾ ਗਈ ਢਿਗ ਰਾਜੇ। ਕਹੈ ਕਿ ਐਬੇ ਸਮੇ ਨ ਆਜੇ॥ ੧੩॥

ਮੇਰੇ ਨਾਲ ਰਾਜੇ ਦੇ ਪਾਸ ਚਲੋ, ਸਾਡਾ ਗੁਰੂ ਸੁਖੀ ਕਰੇਗਾ, ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ।" ਲੜਕੀ ਆਪਣੇ ਪਿਤਾ ਜੀ ਨੂੰ ਲੈ ਕੇ ਰਾਜੇ ਪਾਸ ਗਈ ਤੇ ਕਿਹਾ ਕਿ ਹੁਣ ਆਉਣ ਦਾ ਸਮਾਂ ਨਹੀਂ ਹੈ॥ ੧੩॥

ਦਿਵਸ ਆਗਲੇ ਮੈਂ ਚਲਿ ਆਵੋਂ। ਬਿਨਾ ਬੁਲਾਏ, ਨਹਿਂ ਠਹਿਰਾਵੋਂ।
ਅਪਨੋ ਨਰ ਨਹਿਂ ਕਰੋ ਪਠਾਵਨ ਰਚੌਂ। ਅਧਰਮ ਅਧਿਕ ਦੁਖ ਪਾਵਨ ॥੧੪॥

ਅਗਲੇ ਦਿਨ ਮੈਂ ਚਲ ਕੇ ਆਵਾਂਗੀ, ਬਿਨਾਂ ਬੁਲਾਏ ਆਵਾਂਗੀ ਅਟਕਾਂਗੀ ਨਹੀਂ। ਆਪਣੇ ਆਦਮੀਆਂ ਨੂੰ ਨਾ ਭੇਜੋ। ਜੇ ਮੈਂ ਝੂਠਾ ਧਰਮ ਕਰਾਂਗੀ ਤਾਂ ਬੜਾ ਦੁਖ ਪਾਵਾਂਗੀ'॥ ੧੪॥

ਸੁਨਿ ਰਾਜਾ ਕਹਿ 'ਛਲ ਨਹਿਂ ਕਰੀਅਹਿ। ਤ੍ਰਿਯਾ ਚਰਿੱਤ੍ਰ ਨ ਕਛੂ ਬਿਚਰੀਅਹਿ।
ਹੋਹਿਂ ਕੂਰ ਕਰਿਬੇ ਬਚ ਤੋਹੀ। ਤੌ ਸਜ਼ਾਇ ਹ੍ਵੈ ਆਇਸੁ ਮੋਹੀ'॥ ੧੫॥

ਰਾਜੇ ਨੇ ਸੁਣ ਕੇ ਕਿਹਾ, "ਛਲ ਨਾ ਕਰਨਾ, ਕਿਸੇ ਪ੍ਰਕਾਰ ਦਾ ਤ੍ਰੀਆ ਚਰਿੱਤ੍ਰ ਨਾ ਵਿਚਾਰਨਾ। ਜੇ ਤੇਰਾ ਬਚਨ ਝੂਠਾ ਹੋਵੇਗਾ ਤਾਂ ਬਹੁਤ ਸਜ਼ਾ ਪਾਵੇਂਗੀ, ਇਹ ਮੇਰਾ ਹੁਕਮ ਹੈ'॥ ੧੫॥

ਕਹਿਨ ਲਗੀ 'ਮੈਂ ਰਹੌ ਨ ਕਾਲੀ। ਤੌ ਸਜਾਇ ਕਿਮ ਹੋਇ ਬਿਸਾਲੀ'।
ਇਮ ਕਹਿ ਪਿਤਾ ਸੰਗਿ ਹਟਿ ਆਈ। ਨਿਸ ਮਹਿਂ ਬਿਖ ਲੇ ਕਰਿ ਤਿਸ ਖਾਈ॥੧੬॥

ਲੜਕੀ ਕਹਿਣ ਲੱਗੀ, "ਮੈਂ ਕੱਲ੍ਹ ਨੂੰ ਰਹਾਂਗੀ ਨਹੀਂ, ਫਿਰ ਮੈਨੂੰ ਬਹੁਤ ਸਜ਼ਾ ਕਿਉਂ ਹੋਵੇਗੀ।" ਇਸ ਪ੍ਰਕਾਰ ਕਹਿ ਕੇ ਆਪਣੇ ਪਿਤਾ ਜੀ ਦੇ ਨਾਲ ਵਾਪਸ ਆ ਗਈ। ਰਾਤ ਨੂੰ ਉਸ ਜ਼ਹਿਰ ਲੈ ਕੇ ਖਾ ਲਈ॥ ੧੬॥

ਮਰਨ ਸਮੈਂ ਦੀਨੋ ਇਮ ਸ੍ਰਾਪ। 'ਇਹ ਮਹੀਪ ਪਾਪੀ ਸੰਤਾਪ।
ਰਾਜ ਕਰਨ ਕੇ ਲਾਯਕ ਨਾਂਹੀ। ਘੋਗੜ ਤਨ ਪਾਵਹੁ ਬਨ ਮਾਂਹੀ॥ ੧੭॥

ਮਰਨ ਸਮੇਂ ਇਸ ਪ੍ਰਕਾਰ ਸਰਾਪ ਦਿੱਤਾ, "ਇਹ ਰਾਜਾ ਵੱਡਾ ਪਾਪੀ ਅਤੇ ਸੰਤਾਪੀ ਹੈ। ਇਹ ਰਾਜ ਕਰਨ ਦੇ ਲਾਇਕ ਨਹੀਂ ਹੈ ਤੇ ਵਣ ਵਿਚ ਜਾ ਕੇ ਘੋਗੜ ਦਾ ਸਰੀਰ ਪਾਵੇ॥ ੧੭॥

ਰਹਹੁ ਇਕਾਂਕੀ ਸੰਗ ਨ ਕੋਈ। ਕਰਨ ਪਾਪ ਪੈ ਹੋ ਫਲ ਸੋਈ'।
ਇਮ ਕਹਿ ਪ੍ਰਾਨ ਤਜੇ ਤਤਕਾਲਾ। ਕੇਤਿਕ ਦਿਨ ਮਹਿਂ ਭਾ ਨ੍ਰਿਪ ਕਾਲਾ॥੧੮॥

ਇਕੱਲਾ ਰਹੇਂ ਤੇਰਾ ਕੋਈ ਸਾਥੀ ਨਾ ਹੋਵੇ, ਪਾਪ ਕਰਨ ਦਾ ਇਹੋ ਫਲ ਪ੍ਰਾਪਤ ਕਰੇਂ।" ਇਸ ਪ੍ਰਕਾਰ ਕਹਿ ਕੇ ਤੁਰਤ ਪ੍ਰਾਣ ਛੱਡ ਦਿੱਤੇ। ਫਿਰ ਕੁਝ ਦਿਨਾਂ ਵਿਚ ਰਾਜਾ ਮਰ ਗਿਆ॥ ੧੮॥

ਇਕ ਸੌ ਦੇਹਿ ਜਨਮ ਅਸ ਧਾਰੇ। ਘੋਗੜ ਹੋਤਿ ਰਹਜੋ ਨਿਰਧਾਰੇ।
ਨਿਜ ਸਿਖ ਲਖਿ ਕੈ ਅਬਹਿ ਉਧਾਰਜੋ। ਜਬਿ ਪ੍ਰਸੰਗ ਪ੍ਰਭੁ ਸਰਬ ਉਚਾਰਜੋ॥੧੯॥

ਇਕ ਸੌ ਦੇਹਾਂ ਇਸਨੇ ਜਨਮ ਧਾਰਨ ਕੀਤੇ, ਘੋਗੜ ਦੇ ਤੌਰ ਤੇ ਜਨਮ ਧਾਰਦਾ ਰਿਹਾ ਹੈ। ਆਪਣਾ ਸਿੱਖ ਜਾਣ ਕੇ ਅਸੀਂ ਹੁਣ ਇਸ ਦਾ ਉਧਾਰ ਕੀਤਾ ਹੈ।" ਜਦ ਸਤਿਗੁਰੂ ਜੀ ਨੇ ਸਾਰਾ ਪ੍ਰਸੰਗ ਉਚਾਰਨ ਕੀਤਾ॥ ੧੯॥

ਜੋਰਾ ਸਿੰਘ ਆਦਿਕ ਢਿਗ ਜੇਤੇ। ਬਿਸਮੈ 'ਧੰਨ ਧੰਨ' ਕਹਿ ਤੇਤੇ।
ਨਿਸ ਮਹਿਂ ਖਾਨ ਪਾਨ ਸਭਿ ਕਰਜੋ। ਸੁਪਤੇ ਬਹੁਰ ਦਿਵਸ ਪੁਨ ਚਰਜੋ॥੨੦॥

ਜੋਰਾ ਸਿੰਘ ਆਦਿ ਜਿੰਨੇ ਵੀ ਪਾਸ ਸਨ, ਉਹ ਬਹੁਤ ਹੈਰਾਨ ਹੋਏ ਅਤੇ 'ਧੰਨ ਧੰਨ ਸਤਿਗੁਰੂ ਜੀ' ਕਹਿੰਦੇ ਸਨ। ਰਾਤ ਸਮੇਂ ਸਾਰਿਆਂ ਨੇ ਖਾਣ ਪੀਣ ਕੀਤਾ, ਸੌਂ ਗਏ ਤਾਂ ਫਿਰ ਅਗਲਾ ਦਿਨ ਚੜ੍ਹ ਆਇਆ॥ ੨੦॥

ਜ਼ੀਨ ਤੁਰੰਗਨ ਪਰ ਤਬਿ ਡਾਰੇ। ਹੁਇ ਅਰੂਢਿ ਪ੍ਰਭੁ ਪੰਥ ਪਧਾਰੇ।
ਸੈਨਾ ਸੰਗ ਬਿਰਾੜਨ ਕੇਰੀ। ਚਾਕਰ ਰਾਖੇ ਗੁਰੂ ਅਗੇਰੀ॥ ੨੧॥

ਫਿਰ ਘੋੜਿਆਂ ਉੱਪਰ ਕਾਠੀਆਂ ਪਾਈਆਂ, ਸਤਿਗੁਰੂ ਜੀ ਫਿਰ ਸਵਾਰ ਹੋ ਕੇ ਮਾਰਗ ਵਿਚ ਚਲੇ ਗਏ। ਉਨ੍ਹਾਂ ਦੇ ਨਾਲ ਬਿਰਾੜਾਂ ਦੀ ਸੈਨਾ ਸੀ। ਗੁਰੂ ਜੀ ਨੇ ਇਹ ਸਾਰੇ ਨੌਕਰ ਰੱਖੇ ਸਨ॥ ੨੧॥

ਸੁਨਿ ਸੁਨਿ ਸੁਧਿ ਕੋ ਸਿੰਘ ਜੁਝਾਰੇ। ਆਇ ਮਿਲਹਿਂ ਗੁਰ ਦਰਸ ਨਿਹਾਰੇ।
ਅਧਿਕ ਭੀਰ ਦਿਨ ਪ੍ਰਤਿ ਹੁਇ ਸਾਥ। ਬਿਚਰਤਿ ਆਰੋਹੇ ਨਿਤ ਨਾਥ॥੨੨॥

ਜੁਝਾਰੂ ਸਿੰਘ ਸੁਣ-ਸੁਣ ਕੇ ਆ ਕੇ ਮਿਲਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਪ੍ਰਤੀ ਦਿਨ ਗੁਰੂ ਜੀ ਦੇ ਨਾਲ ਬਹੁਤ ਭੀੜ ਹੁੰਦੀ ਸੀ, ਸਤਿਗੁਰੂ ਜੀ ਸਵਾਰ ਹੋ ਕੇ ਨਿਤ ਵਿਚਰਦੇ ਰਹਿੰਦੇ ਸਨ॥ ੨੨॥

ਕੇਤਿਕ ਕੋਸ ਉਲੰਘਤਿ ਗਏ। ਡੇਰਾ ਪਹੁੰਚਿ ਬੇਹੜੀ ਕਏ।
ਹਯ ਬੰਧਾਵਨਿ ਸਗਰੇ ਕੀਨੇ। ਤ੍ਰਿਣ ਈਂਧਨ ਇਕਠੇ ਕਰਿ ਲੀਨੇ॥ ੨੩॥

ਕਈ ਕੋਹ ਪੈਂਡਾ ਲੰਘ ਕੇ ਚਲੇ ਗਏ ਤੇ ਬੇਹੜੀ ਪਹੁੰਚ ਕੇ ਡੇਰਾ ਕੀਤਾ। ਸਾਰੇ ਘੋੜੇ ਬੰਨ੍ਹਵਾ ਦਿੱਤੇ ਤੇ ਘਾਹ ਅਤੇ ਬਾਲਣ ਇਕੱਠਾ ਕਰਵਾ ਲਿਆ॥ ੨੩॥

ਏਕ ਨਾਥ ਬਡ ਅਜ਼ਮਤਵੰਤਾ। ਕਰਿ ਆਸ਼੍ਰਮ ਕੋ ਤਹਾਂ ਬਸੰਤਾ।
ਆਗੇ ਇਕ ਦਿਨ ਗੁਰ ਸੋਂ ਮਿਲਿ ਕਰਿ। ਬੋਲਜੋ ਹੁਤੋ ਮਾਨ ਕੋ ਮਨ ਧਰਿ ॥੨੪॥

ਇਕ ਨਾਥ ਬੜਾ ਕਰਾਮਾਤੀ ਸੀ, ਉਹ ਆਪਣਾ ਆਸ਼੍ਰਮ ਬਣਾ ਕੇ ਉਥੇ ਰਹਿੰਦਾ ਸੀ। ਪਹਿਲਾਂ ਇਕ ਦਿਨ ਗੁਰੂ ਜੀ ਨੂੰ ਮਿਲ ਕੇ ਆਪਣੇ ਮਨ ਵਿਚ ਹੰਕਾਰ ਧਾਰ ਕੇ ਬੋਲਿਆ ਸੀ॥ ੨੪॥

'ਜਗ ਮੈਂ ਗੁਰੂ ਕਹਾਵਤਿ ਫਿਰੈ। ਕਰਾਮਾਤ ਭੀ ਕੁਛ ਤਨੁ ਧਰੈ।
ਜੇ ਅਜ਼ਮਤ ਕੁਛ ਦੇਹੁ ਦਿਖਾਇ। ਦੇਖੇ ਬਿਨਾ ਨ ਮਨ ਪਤਿਯਾਇ' ॥੨੫॥

"ਜਗਤ ਵਿਚ ਗੁਰੂ ਕਹਾਉਂਦੇ ਫਿਰਦੇ ਹਨ, ਕੀ ਕੋਈ ਕਰਾਮਾਤ ਵੀ ਸਰੀਰ ਵਿਚ ਧਾਰਨ ਕੀਤੀ ਹੈ। ਜੇ ਕੋਈ ਕਰਾਮਾਤ ਹੈ ਤਾਂ ਦਿਖਾ ਦੇਵੋ, ਵੇਖਣ ਤੋਂ ਬਗੈਰ ਮਨ ਪਤੀਜਦਾ ਨਹੀਂ ਹੈ" ॥ ੨੫॥

ਸੁਨਿ ਗੁਰ ਕਹਜੋ ਹੁਤੋ ਤਿਸ ਤਾਂਈ। 'ਡੇਰਾ ਕਰਹਿਂ ਜਬਹਿ ਤੁਵ ਥਾਈ।
ਤਬਹਿ ਦਿਖਾਵਹਿਂ ਦਿਢ ਹੁਇ ਰਹੀਏ। ਅਬਿ ਦੇਖਨ ਕੋ ਨਹਿਂ ਕੁਛ ਕਹੀਏ' ॥੨੬॥

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਜਦ ਤੇਰੇ ਸਥਾਨ ਤੇ ਡੇਰਾ ਕਰਾਂਗੇ ਤਦ ਤੈਨੂੰ ਕਰਾਮਾਤ ਵਿਖਾਵਾਂਗੇ, ਇਸ ਕਰਕੇ ਉਥੇ ਦ੍ਰਿੜ੍ਹ ਹੋ ਕੇ ਰਹੋ। ਹੁਣ ਵੇਖਣ ਵਾਸਤੇ ਕੁਝ ਨਾ ਕਹੋ" ॥ ੨੬॥

ਦੇਖਿ ਨਾਥ ਕੋ ਗਾਥ ਚਿਤਾਰੀ। 'ਇਹ ਤੋ ਕਰਾਮਾਤ ਚਹਿ ਭਾਰੀ'।
ਬੈਠਜੋ ਹੁਤੋ ਆਪਨੇ ਥਾਨਾ। ਤਰਕਸ਼ ਤੇ ਲੇ ਕਰਿ ਗੁਰ ਬਾਨਾ॥ ੨੭॥

ਨਾਥ ਨੂੰ ਵੇਖ ਕੇ ਪੁਰਾਣੀ ਗਾਥਾ ਯਾਦ ਕੀਤੀ, "ਇਹ ਤਾਂ ਭਾਰੀ ਕਰਾਮਾਤ ਵੇਖਣੀ ਚਾਹੁੰਦਾ ਹੈ।" ਨਾਥ ਆਪਣੇ ਸਥਾਨ 'ਤੇ ਬੈਠਾ ਸੀ। ਭੱਥੇ ਵਿਚੋਂ ਗੁਰੂ ਜੀ ਨੇ ਇਕ ਤੀਰ ਲਿਆ॥ ੨੭॥

ਛਿਤ ਸੋਂ ਛ੍ਵਾਇ ਸੀਸ ਸੰਗ ਲਾਯੋ। ਬਹੁਰ ਨਾਥ ਸੋਂ ਬਾਕ ਅਲਾਯੋ।
'ਹੁਕਮ ਨਾਥ ! ਕਹੁ ਅਪਨੀ ਗਾਥਾ। ਰਾਜੀ ਅਹੈਂ ਅਨੰਦ ਕੇ ਸਾਥਾ' ॥੨੮॥

ਧਰਤੀ ਨੂੰ ਛੁਹਾ ਕੇ ਸਿਰ ਨੂੰ ਲਾਇਆ, ਫਿਰ ਨਾਥ ਨਾਲ ਬਚਨ ਕੀਤਾ, 'ਹੇ ਹੁਕਮ ਨਾਥ ! ਆਪਣੀ ਗਾਥਾ ਕਹੋ, ਰਾਜ਼ੀ ਬਾਜ਼ੀ ਅਤੇ ਅਨੰਦ ਸਮੇਤ ਹੈਂ' ॥ ੨੮॥

ਸੁਨਤਿ ਨਾਥ ਬੋਲਜੋ ਤਿਹ ਸਮੋ। 'ਗੁਰ ਗੋਬਿੰਦ ਸਿੰਘ ਲਿਹੁ ਮਮ ਨਮੋ।
ਮੈਂ ਰਾਜ਼ੀ ਕਰਿ ਦੀਨਿਸਿ ਦੀਨ। ਸਭਿ ਕਾਰਜ ਤੇ ਖਾਰਜ ਕੀਨ' ॥ ੨੯॥

ਇਹ ਸੁਣ ਕੇ ਨਾਥ ਗੁਰੂ ਜੀ ਨੂੰ ਉਸ ਸਮੇਂ ਬੋਲਿਆ, "ਗੁਰੂ ਗੋਬਿੰਦ ਸਿੰਘ ! ਮੇਰੀ ਨਮਸਕਾਰ ਕਬੂਲ ਕਰੋ, "ਮੈਂ ਕਰਾਮਾਤ ਕਰਕੇ ਰਾਜ਼ੀ ਸੀ, ਪਰ ਤੁਸੀਂ ਕਰਾਮਾਤ ਖੋਹ ਕੇ ਮੈਨੂੰ ਦੀਨ ਕਰ ਦਿੱਤਾ ਹੈ। ਕਰਾਮਾਤ ਲਗਾਉਣ ਰੂਪੀ ਸਾਰੇ ਕਾਰਜਾਂ ਤੋਂ ਮੈਨੂੰ ਖਾਰਜ ਕਰ ਦਿੱਤਾ ਹੈ" ॥ ੨੯॥

ਗੁਰੂ ਕਹਜੋ 'ਦੇਖਹਿਂ ਅਬਿ ਠੌਰ। ਚਲੀਅਹਿ ਦਿੱਲੀ ਨਗਰ ਲਾਹੌਰ।
ਕਿਤਿਕ ਸਮੈਂ ਮੈਂ ਚਲਿ ਪੁਨ ਆਵੈ। ਜੇ ਤੇਰੇ ਚਿਤ ਮਹਿਂ ਇਮ ਭਾਵੈ' ॥ ੩੦॥

ਸਤਿਗੁਰੂ ਜੀ ਨੇ ਕਿਹਾ, "ਚਲੋ ਹੁਣ ਦਿੱਲੀ ਲਾਹੌਰ ਆਦਿ ਨਗਰ ਵੇਖੀਏ। ਕੁਝ ਸਮੇਂ ਵਿਚ ਫਿਰ ਚਲ ਕੇ ਆ ਜਾਵਾਂਗੇ, ਜੇ ਤੇਰੇ ਚਿੱਤ ਵਿਚ ਇੰਝ ਭਾਉਂਦਾ ਹੈ" ॥ ੩੦॥

ਨਾਥ ਕਹੈ 'ਨਿਸ਼ਫਲ ਅਭਿਲਾਖਾ। ਜੈਬੋ ਉਚਿਤ ਨ ਮੋ ਕਹੁ ਰਾਖਾ।
ਖੈਂਚਿ ਨਿਕਾਰਾ ਸਾਰ ਉਦਾਰਾ। ਕਰਿ ਫੋਕਟ ਮੋਕਹੁ ਅਬਿ ਡਾਰਾ' ॥ ੩੧॥

ਨਾਥ ਨੇ ਕਿਹਾ, "ਇਹ ਨਿਸ਼ਫਲ ਅਭਿਲਾਸ਼ਾ ਹੈ, ਤੁਸੀਂ ਜਾਣ ਦੇ ਉਚਿਤ ਮੈਨੂੰ ਰੱਖਿਆ ਹੀ ਨਹੀਂ ਹੈ। ਕਰਾਮਾਤੀ ਰੂਪ ਦਾ ਵੱਡਾ ਸਾਰ ਸਾਰਾ ਖਿੱਚ ਕੇ ਕੱਢ ਲਿਆ ਹੈ। ਹੁਣ ਮੈਨੂੰ ਫੋਗ ਬਣਾ ਕੇ ਸੁੱਟ ਦਿੱਤਾ ਹੈ'॥ ੩੧॥

ਸਤਿਗੁਰ ਭਨਜੋਂ 'ਕਾਮਨਾ ਤੇਰੀ। ਅਜ਼ਮਤ ਜਾਚਤਿ ਫਲੀ ਘਨੇਰੀ।
ਅਪਨੋ ਦੋਸ਼ ਜਾਨਿ ਟਿਕ ਰਹੋ। ਜਿਮ ਬਾਂਛਤਿ ਚਿਤ ਫਲ ਤਿਮ ਲਹੋ'॥ ੩੨॥

ਸਤਿਗੁਰੂ ਜੀ ਨੇ ਕਿਹਾ, "ਇਹ ਤੇਰੀ ਕਾਮਨਾ ਸੀ, ਅਜ਼ਮਤ ਮੰਗਦਾ ਸੀ ਉਹ ਹੁਣ ਫਲਣ ਲੱਗੀ ਹੈ। ਆਪਣਾ ਦੋਸ਼ ਜਾਣ ਕੇ ਟਿਕਿਆ ਰਹੋ। ਜਿਵੇਂ ਤੇਰੇ ਚਿੱਤ ਦੀ ਇੱਛਾ ਸੀ ਤਿਵੇਂ ਫਲ ਪ੍ਰਾਪਤ ਕਰ ਲਵੋ'॥ ੩੨॥

ਤੂਸ਼ਨ ਰਹਜੋ ਜਾਨਿ ਬਚ ਸਾਚੇ। ਮਾਨ ਰਾਚਿ ਅਜ਼ਮਤ ਕਹੁ ਜਾਚੇ।
ਇਕ ਮਠ ਸੁੰਦਰ ਹੈ ਤਿਸ ਠੋਰ। ਵਿਚ ਕਾਸਬ ਭੱਟੀ ਕੀ ਗੋਰ॥ ੩੩॥

ਨਾਥ ਫਿਰ ਸੱਚੇ ਬਚਨ ਜਾਣ ਕੇ ਚੁੱਪ ਰਿਹਾ। ਹੰਕਾਰ ਵਿਚ ਰਚ ਕੇ ਅਜ਼ਮਤ ਮੰਗਦਾ ਸੀ। ਉਸ ਸਥਾਨ 'ਤੇ ਇਕ ਸੁੰਦਰ ਮੱਠ ਸੀ ਉਸ ਵਿਚ ਕਾਸਬ ਨਾਮੇ ਭੱਟੀ ਦੀ ਕਬਰ ਸੀ॥ ੩੩॥

ਤਿਸ ਕੋ ਪਿਖਿ ਕਰਿ ਗੁਰੂ ਸਰਾਹੀ। ਭਲੀ ਥਾਇੰ ਸੁੰਦਰ ਇਸ ਮਾਂਹੀ।
ਮਾਨ ਸਿੰਘ ਆਦਿਕ ਬਚ ਸੁਨੇ। ਪ੍ਰਭੁ ਕੇ ਸੰਗ ਬਿਬੇਕੀ ਬਨੇ॥ ੩੪॥

ਉਸ ਨੂੰ ਵੇਖ ਕੇ ਗੁਰੂ ਜੀ ਨੇ ਸ਼ਲਾਘਾ ਕੀਤੀ। ਇਹ ਭਲਾ ਸਥਾਨ ਹੈ, ਇਸ ਵਿਚ ਸੁੰਦਰ ਕਬਰ ਬਣੀ ਹੈ। ਮਾਨ ਸਿੰਘ ਆਦਿਕ ਨੇ ਜਦ ਬਚਨ ਸੁਣੇ ਤੇ ਸਤਿਗੁਰੂ ਜੀ ਦੇ ਨਾਲ ਸਿੱਖ ਮਰਯਾਦਾ ਦੀ ਵਿਚਾਰ ਕਰਨ ਵਾਲੇ ਬਣ ਗਏ॥ ੩੪॥

'ਥਾਨ ਤੁਰਕ ਕੋ ਆਪ ਸਰਾਹਾ। ਯਾਂਤੇ ਉਚਿਤ ਦੇਹੁ ਤਨਖਾਹਾ।
'ਗੋਰ ਮੜ੍ਹੀ ਮਠ ਭੂਲ ਨ ਮਾਨੈ'। ਇਸ ਬਿਧਿ ਰਾਵਰ ਰਹਿਤ ਬਖਾਨੈਂ॥ ੩੫॥

"ਤੁਰਕ ਦੇ ਇਸ ਸਥਾਨ ਦੀ ਤੁਸੀਂ ਸ਼ਲਾਘਾ ਕੀਤੀ ਹੈ, ਇਸ ਕਰਕੇ ਉਚਿਤ ਹੈ ਕਿ ਤੁਹਾਨੂੰ ਤਨਖਾਹੀਆ ਕਰਾਰ ਦੇਈਏ। 'ਗੋਰ ਮੜ੍ਹੀ ਮਠ ਭੂਲ ਨਾ ਮਾਨੈ'। ਇਸ ਵਿਧੀ ਨਾਲ ਆਪ ਜੀ ਕਹਿੰਦੇ ਰਹਿੰਦੇ ਹੋ'॥ ੩੫॥

ਸੁਨਤਿ ਬਿਬੇਕ ਖਾਲਸੇ ਕੇਰਾ। ਬਖ਼ਸ਼ਾਵਤਿ ਭੇ ਗੁਰ ਤਿਸ ਬੇਰਾ।
ਬਿੰਸਤ ਪੰਚ ਰਜਤਪਣ ਲਾਏ। ਦਾਨ ਸਿੰਘ ਕਰ ਜੋਰਿ ਅਲਾਏ॥ ੩੬॥

ਖਾਲਸੇ ਦਾ ਵਿਚਾਰ ਸੁਣ ਕੇ, ਗੁਰੂ ਜੀ ਉਸ ਸਮੇਂ ਬਖਸ਼ਾਉਣ ਲੱਗੇ। ਪੰਜ ਚਾਂਦੀ ਦੇ ਰੁਪਏ ਤਨਖਾਹ ਲਾਈ, ਦਾਨ ਸਿੰਘ ਨੇ ਹੱਥ ਜੋੜ ਕੇ ਕਿਹਾ॥ ੩੬॥

'ਇਹ ਕਜਾ ਬਿਧਿ ਰਾਵਰ ਨੇ ਕਰੀ? ਬਿੱਪ੍ਰੀਤੀ ਹਮ ਕੋ ਦਿਖਿ ਪਰੀ'।
ਤਿਸ ਕੋ ਸ਼੍ਰੀ ਪ੍ਰਭੁ ਕੀਨਿ ਬਤਾਵਨ। 'ਕਰਹਿਂ ਖਾਲਸੇ ਕੋ ਸਿਖਰਾਵਨ॥ ੩੭॥

ਇਹ ਕਿਹੜੀ ਵਿਧੀ ਆਪ ਜੀ ਨੇ ਕੀਤੀ ਹੈ? ਇਸ ਵਿਚ ਸਾਨੂੰ ਬੇਪ੍ਰੀਤੀ ਦਿਖਾਈ ਦਿੱਤੀ ਹੈ।" ਉਸ ਨੂੰ ਸਤਿਗੁਰੂ ਜੀ ਨੇ ਦੱਸਿਆ, "ਅਸੀਂ ਖਾਲਸੇ ਨੂੰ ਸਿਖਾਉਣ ਲੱਗੇ ਹਾਂ॥ ੩੭॥

ਲੇਨਿ ਦੇਨਿ ਹੋਵਹਿ ਤਨਖਾਹ। ਪਰੈ ਖਾਲਸੇ ਮਹਿਂ ਇਹ ਰਾਹ'।
ਤਬਿ ਸਤਿਗੁਰ ਤਰਕਸ਼ ਗਰ ਲਾਹਾ। ਧਨੁਖ ਸਹਿਤ ਦਾਸਨ ਕਰ ਮਾਹਾ॥ ੩੮॥

ਲੈਣ ਦੇਣ ਤਨਖਾਹ ਹੋਵੇ, ਤਾਂਕਿ ਖਾਲਸੇ ਵਿਚ ਇਹ ਪਰੰਪਰਾ ਚਲ ਪਵੇ।" ਤਦ ਸਤਿਗੁਰੂ ਜੀ ਨੇ ਭੱਥੇ ਨੂੰ ਆਪਣੇ ਗਲ੍ਹ ਵਿਚੋਂ ਲਾਹਿਆ ਤੇ ਧਨੁੱਖ ਸਹਿਤ ਆਪਣੇ ਦਾਸਾਂ ਨੂੰ ਫੜਾ ਦਿੱਤਾ॥ ੩੮॥

ਏਕ ਮੂਲ ਪਰ ਜੰਡ ਸੁ ਤੀਨ। ਨਿਕਟ ਖਰੇ ਡੇਰਾ ਜਹਿਂ ਕੀਨ।
ਆਯੁਧ ਤਿਨ ਕੇ ਸੰਗ ਝੁਲਾਏ। ਅਬਿ ਲੌ ਖਰੇ ਦੇਖਿ ਸਿਖ ਆਏ॥ ੩੯॥

ਜਿੱਥੇ ਇਕ ਮੁੱਢ ਉੱਪਰ ਤਿੰਨ ਜੰਡ ਖੜੇ ਸਨ, ਜਿਸ ਦੇ ਨੇੜੇ ਖੜੇ ਸਨ ਤੇ ਜਿਥੇ ਡੇਰਾ ਕੀਤਾ ਸੀ, ਹਥਿਆਰਾਂ ਨੂੰ ਉਨ੍ਹਾਂ ਦੇ ਨਾਲ ਲਟਕਾ ਦਿੱਤਾ। ਉਹ ਬ੍ਰਿਛ ਹੁਣ ਤਕ ਖੜੇ ਹਨ, ਕਈ ਸਿੱਖ ਵੇਖ ਕੇ ਆਏ ਹਨ॥ ੩੯॥

ਧਰਹਿ ਕਾਮਨਾ ਕਰਹਿ ਜਿ ਨਮੋ। ਪੂਰਤਿ ਹੈ ਸੋ ਤਰੁ ਇਹ ਸਮੋ।
ਹੁਤੀ ਨਾਥ ਕੈ ਧੇਨੁ ਘਨੇਰੀ। ਚੋਇ ਦੁਗਧ ਸੋ ਲੇਵੈ ਬੇਰੀ॥ ੪੦॥

ਕਾਮਨਾ ਧਾਰ ਕੇ ਜੋ ਇਨ੍ਹਾਂ ਬ੍ਰਿੱਛਾਂ ਨੂੰ ਨਮਸਕਾਰ ਕਰੀਏ, ਉਹ ਦਰੱਖਤ ਸਾਰੀਆਂ ਕਾਮਨਾਂ ਇਸ ਸਮੇਂ ਪੂਰੀਆਂ ਕਰਦੇ ਹਨ। ਨਾਥ ਦੇ ਪਾਸ ਬਹੁਤ ਗਾਈਆਂ ਸਨ। ਉਹ ਵੇਲੇ ਸਿਰ ਦੁੱਧ ਚੋਅ ਲੈਂਦਾ ਸੀ॥ ੪੦॥

ਬਛਰੇ ਸੰਗ ਛੋਰਿ ਦੇ ਸੋਈ। ਅਜ਼ਮਤ ਤੇ ਨ ਚੁੰਘਾਵੈ ਕੋਈ।
ਮਾਟੀ ਬਾਸਨ ਦੇਤਿ ਚੜਾਇ। ਰੀਝਤਿ ਖਿਚਰੀ ਖੂਬ ਬਨਾਇ॥ ੪੧॥

ਉਹ ਵੱਛਿਆਂ ਨੂੰ ਗਾਈਆਂ ਦੇ ਨਾਲ ਛੱਡ ਦਿੰਦਾ ਸੀ ਤੇ ਕਰਾਮਾਤ ਕਰਕੇ ਕੋਈ ਵੱਛਾ ਵੀ ਗਾਂ ਨੂੰ ਨਹੀਂ ਚੁੰਘਦਾ ਸੀ। ਮਿੱਟੀ ਦੇ ਬਰਤਨ ਚਾੜ੍ਹ ਦਿੰਦੇ ਸਨ ਤੇ ਰੀਝ ਨਾਲ ਬਹੁਤ ਸਵਾਦੀ ਖਿਚੜੀ ਬਣਾਉਂਦੇ ਸਨ॥ ੪੧॥

ਫੋਰੇ ਤੇ ਠੀਕਰ ਹੁਇਂ ਤੇਤੇ। ਨਾਥ ਨਾਥ ਹੁਇਂ ਮਾਨੁਖ ਜੇਤੇ।
ਕਰਾਮਾਤ ਇਹ ਸਕਲ ਗਵਾਈ। ਤਿਸ ਦਿਨ ਗੋ ਚੁੰਘਾਇ ਸਭਿ ਆਈ॥੪੨॥

ਜਦ ਮਿੱਟੀ ਦੇ ਬਰਤਨ ਨੂੰ ਭੰਨਦੇ ਸਨ ਤਾਂ ਉਸ ਦੇ ਉਤਨੇ ਠੀਕਰ ਹੋ ਜਾਂਦੇ ਸਨ, ਜਿੰਨੇ ਨਾਥ ਸਮੇਤ ਹੋਰ ਮਨੁੱਖ ਹੁੰਦੇ ਸਨ। ਨਾਥ ਨੇ ਇਹ ਸਾਰੀ ਕਰਾਮਾਤ ਗਵਾ ਲਈ, ਉਸ ਦਿਨ ਤੋਂ ਗਾਈਆਂ ਵੱਛਿਆਂ ਨੂੰ ਦੁੱਧ ਚੁੰਘਾ ਲੈਂਦੀਆਂ ਸਨ॥ ੪੨॥

ਰੀਧੇ ਬਾਸਨ ਭਗਨ ਨ ਤੈਸੇ। ਦਿਨ ਪ੍ਰਤਿ ਕਰਤਿ ਅਚਵਨੋ ਜੈਸੇ।
ਏਕ ਨਿਸਾ ਗੁਰ ਢਿਗ ਥਿਤ ਭਯੋ। ਅਗਲੇ ਦਿਨ ਸੁ ਆਨ ਥਲ ਗਯੋ॥੪੩॥

ਰਿੰਨ੍ਹਣ ਵਾਲੇ ਬਰਤਨ ਪਹਿਲਾਂ ਵਾਂਗ ਨਹੀਂ ਟੁੱਟਦੇ ਸਨ, ਪ੍ਰਤੀ ਦਿਨ ਜਿਵੇਂ ਖਿਚੜੀ ਖਾਂਦੇ ਸਨ। ਇਕ ਰਾਤ ਗੁਰੂ ਜੀ ਪਾਸ ਰਿਹਾ, ਅਗਲੇ ਦਿਨ ਕਿਸੇ ਹੋਰ ਸਥਾਨ ਤੇ ਚਲੇ ਗਿਆ॥ ੪੩॥

ਧੇਨੁ ਬਤਸ਼ ਲੇ ਸਾਥ ਸਿਧਾਰਾ। ਅਪਰ ਸਮਾਜ ਤਜਯੋ ਤਹਿਂ ਸਾਰਾ।
ਬਾਸਨ, ਬਸਨ, ਸਕਟ ਅਰੁ ਘੋਰਾ। ਸਹਿਤ ਖਰਾਸ ਗਮਨਤੇ ਛੋਰਾ॥ ੪੪॥

ਗਾਈਆਂ ਵੱਛੇ ਨਾਲ ਲੈ ਕੇ ਚਲੇ ਗਿਆ ਤੇ ਹੋਰ ਸਾਰੇ ਸਾਮਾਨ ਨੂੰ ਉਥੇ ਹੀ ਛੱਡ ਦਿੱਤਾ। ਬਰਤਨ, ਵਸਤਰ, ਛਕੜਾ, ਘੋੜਾ ਅਤੇ ਆਟਾ ਪੀਹਣ ਵਾਲਾ ਖਰਾਸ ਵੱਗਦਾ ਹੀ ਛੱਡ ਗਿਆ॥ ੪੪॥

ਰਤੀਏ ਗ੍ਰਾਮ ਜਾਇ ਕਰਿ ਬਾਸਾ। ਨਹਿਂ ਬਖਸ਼ਾਇ ਮਿਲਯੋ ਪ੍ਰਭੁ ਪਾਸਾ।
ਕੀਨਿ ਮੁਕਾਮ ਗੁਰੂ ਭਗਵਾਨ। ਰੋੜਾ ਇਕ ਬਨੀਓ ਤਿਸ ਥਾਨ॥ ੪੫॥

ਰਤੀਏ ਪਿੰਡ ਵਿਚ ਜਾ ਕੇ ਵੱਸ ਗਿਆ, ਪਰ ਸਤਿਗੁਰੂ ਜੀ ਪਾਸ ਆ ਕੇ ਮਿਲ ਕੇ ਆਪਣੇ ਆਪ ਨੂੰ ਨਾ ਬਖਸ਼ਾਇਆ। ਗੁਰੂ ਜੀ ਨੇ ਆਪਣਾ ਇਕ ਥਾਂ ਮੁਕਾਮ ਕੀਤਾ। ਉਥੇ ਇਕ ਰੋੜਾ ਬਾਣੀਆਂ ਰਹਿੰਦਾ ਸੀ॥ ੪੫॥

ਦੇਤਿ ਰਸਤ ਕੀਨੀ ਬਹੁ ਸੇਉ। ਖੁਸ਼ੀ ਕਰੀ ਤਿਸ ਪਰ ਗੁਰਦੇਉ।
ਬੂਝਤਿ ਭਯੋ ਨਾਥ ਕੀ ਗਾਥਾ। 'ਕਹਾਂ ਕਰੀ ਰਾਵਰ ਕੇ ਸਾਥਾ?॥ ੪੬॥

ਉਸ ਨੇ ਰਸਦ ਦੇ ਕੇ ਬਹੁਤ ਸੇਵਾ ਕੀਤੀ, ਗੁਰੂ ਜੀ ਨੇ ਉਸ ਉੱਪਰ ਵੱਡੀ ਖੁਸ਼ੀ ਕੀਤੀ। ਉਹ ਬਾਣੀਆਂ ਨਾਥ ਦੀ ਗਾਥਾ ਪੁੱਛਣ ਲੱਗਾ, "ਉਸ ਨੇ ਆਪ ਜੀ ਦੇ ਨਾਲ ਕੀ ਸਲੂਕ ਕੀਤਾ ? ॥ ੪੬ ॥

ਇਸ ਥਲ ਤੇ ਉਠਿ ਕਰਿ ਕਿਤ ਗਯੋ ? ਵਸਤੂ ਬ੍ਰਿੰਦ ਸੁ ਤਜਾਗਤਿ ਭਯੋ।
ਸੁਨਿ ਕੈ ਸ੍ਰੀ ਪ੍ਰਭੁ ਭੇਵ ਬਤਾਯੋ। 'ਨਿਜ ਅਜ਼ਮਤ ਧਰਿ ਉਰ ਗਰਬਾਯੋ ॥ ੪੭ ॥

ਇਸ ਸਥਾਨ ਤੋਂ ਉੱਠ ਕੇ ਕਿੱਥੇ ਗਿਆ ਹੈ, ਜਿਹੜਾ ਬਹੁਤ ਵਸਤਾਂ ਛੱਡ ਗਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਭੇਦ ਦੱਸਿਆ, "ਆਪਣੇ ਪਾਸ ਕਰਾਮਾਤ ਹੋਣ ਕਰਕੇ ਬਹੁਤ ਵੱਡਾ ਹੰਕਾਰਿਆ ਗਿਆ ਸੀ ॥ ੪੭ ॥

ਤੀਰ ਸੰਗ ਹਮ ਐਂਚਿ ਨਿਕਾਰੀ। ਉਠਿ ਕਰਿ ਗਯੋ ਲਾਜ ਕਰਿ ਭਾਰੀ।
ਮਿਲਜੋ ਨ ਪੁਨ ਐਕੇ ਬਖਸ਼ਾਯੋ। ਹੰਕਾਰਤਿ ਨਿਜ ਓਜ ਗਵਾਯੋ ॥ ੪੮ ॥

ਤੀਰ ਨਾਲ ਅਸੀਂ ਸਾਰੀ ਕਰਾਮਾਤ ਖਿੱਚ ਕੇ ਕੱਢ ਲਈ, ਬਹੁਤ ਸ਼ਰਮਿੰਦਾ ਹੋ ਕੇ ਉੱਠ ਕੇ ਚਲਾ ਗਿਆ ਹੈ। ਫਿਰ ਆ ਕੇ ਨਹੀਂ ਮਿਲਿਆ ਹੈ ਤੇ ਆਪਣੇ ਆਪ ਨੂੰ ਬਖਸ਼ਾਇਆ ਵੀ ਨਹੀਂ ਹੈ, ਹੰਕਾਰ ਕਰਕੇ ਆਪਣੀ ਸ਼ਕਤੀ ਗਵਾਈ ਹੈ' ॥ ੪੮ ॥

*ਪਹਿਲੇ ਐਨ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ ॥ ੧੫ ॥*

## ਅਧਿਆਇ ਸੋਲ੍ਹਵਾਂ

*ਕਾਂ, ਸਰਪ ਉਧਾਰ; ਬੈਰਾੜਾਂ ਨੇ ਤਨਖਾਹਾਂ ਮੰਗਣੀਆਂ*

ਦੋਹਰਾ- ਬਾਸੁਰ ਕਿਤਿਕ ਮੁਕਾਮ ਕਰਿ ਪੁਨ ਸ੍ਰੀ ਪ੍ਰਭੁ ਹ੍ਵੈ ਤਜਾਰ।
ਜ਼ੀਨ ਤੁਰੰਗਨ ਪਰ ਪਰੇ ਹੋਤਿ ਭਏ ਅਸਵਾਰ ॥ ੧ ॥

ਕਈ ਦਿਨ ਉਥੇ ਮੁਕਾਮ ਕਰਕੇ ਫਿਰ ਸਤਿਗੁਰੂ ਜੀ ਚਲਣ ਵਾਸਤੇ ਤਿਆਰ ਹੋ ਗਏ। ਘੋੜਿਆਂ ਉੱਪਰ ਕਾਠੀਆਂ ਪਾ ਕੇ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ ॥ ੧ ॥

ਚੌਪਈ- ਬਿਧਿ ਅਨੇਕ ਪ੍ਰਭੁ ਕਰਤਿ ਅਖੇਰੇ। ਖੇਲਤਿ ਬਿਚਰਤਿ ਜਾਤਿ ਅਗੇਰੇ।
ਖਸ਼ਟ ਕੋਸ ਪ੍ਰਭੁ ਪਹੁੰਚੇ ਜਾਈ। ਸੰਗ ਸੈਨ ਸਿੰਘਨਿ ਸਮੁਦਾਈ ॥ ੨ ॥

ਕਈ ਵਿਧੀਆਂ ਨਾਲ ਸਤਿਗੁਰੂ ਜੀ ਸ਼ਿਕਾਰ ਖੇਡਦੇ ਸਨ ਤੇ ਸ਼ਿਕਾਰ ਖੇਡਦੇ ਹੀ ਅੱਗੇ ਵਿਚਰਦੇ ਜਾਂਦੇ ਸਨ। ਛੇ ਕੋਹਾਂ ਤੇ ਗੁਰੂ ਜੀ ਜਾ ਪਹੁੰਚੇ। ਉਨ੍ਹਾਂ ਦੇ ਨਾਲ ਸਿੰਘਾਂ ਦੀ ਸਾਰੀ ਸੈਨਾ ਸੀ ॥ ੨ ॥

ਤਿਸ ਥਲ ਭੂੰਦੜ ਰਹੈ ਦਿਵਾਨਾ। ਗੁਰ ਆਗਵਨ ਸੁਨੇ ਹਰਖਾਨਾ।
ਤੂਰਨ ਹੀ ਚਲਿ ਕਰਿ ਸੋ ਆਯੋ। ਚਰਨ ਕਮਲ ਪਰ ਸੀਸ ਨਿਵਾਯੋ ॥ ੩ ॥

ਉਸ ਥਾਂ ਭੂੰਦੜ ਦਿਵਾਨਾ ਰਹਿੰਦਾ ਸੀ, ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਉਹ ਬਹੁਤ ਪ੍ਰਸੰਨ ਹੋਇਆ। ਉਹ ਤੁਰਤ ਹੀ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸਿਰ ਨਿਵਾਇਆ ॥ ੩ ॥

ਪੰਚ ਰੁਪੱਯੇ ਥਾਨ ਮਹੀਨ। ਅੱਗ੍ਰ ਉਪਾਯਨ ਧਰਿ ਕਰਿ ਦੀਨ।
ਉਤਰੇ ਸ੍ਰੀ ਪ੍ਰਭੁ ਕੀਨਸਿ ਡੇਰਾ। ਥਿਰੇ ਸਿੰਘ ਬਾਂਛਤਿ ਥਲ ਹੇਰਾ ॥ ੪ ॥

ਪੰਜ ਰੁਪਏ ਅਤੇ ਬਰੀਕ ਕੱਪੜੇ ਦਾ ਥਾਨ ਲਿਆਇਆ। ਅੱਗੇ ਉਪਹਾਰ ਧਰ ਕੇ ਦਿੱਤੇ। ਸਤਿਗੁਰੂ ਜੀ ਨੇ ਉਥੇ ਉੱਤਰ ਕੇ ਡੇਰਾ ਕੀਤਾ। ਸਿੰਘ ਉਥੇ ਠਹਿਰ ਗਏ ਤਾਂ ਉਨ੍ਹਾਂ ਨੇ ਆਪਣੀ ਇੱਛਾ ਮੁਤਾਬਿਕ ਸਥਾਨ ਵੇਖਿਆ॥ ੪॥

ਖ੍ਰਿੰਦ ਕਲਸ ਪਯ ਕੇ ਭਰਿ ਆਨੇ। ਭੂੰਦੜ ਸੰਗ ਲਯਾਇ। ਮਿਸ਼ਟਾਨੇ।
ਜੇਤਿਕ ਸਿੰਘ ਸਭਿਨਿ ਕੋ ਪਯਾਏ। ਬਾਰਿ ਬਾਰਿ ਕਹਿ ਕਰਿ ਤ੍ਰਿਪਤਾਏ॥ ੫॥

ਉਹ ਦੁੱਧ ਦੇ ਕਈ ਘੜੇ ਭਰ ਕੇ ਲਿਆਇਆ। ਭੂੰਦੜ ਆਪਣੇ ਨਾਲ ਮਿੱਠਾ ਵੀ ਲਿਆਇਆ। ਜਿੰਨੇ ਵੀ ਸਿੰਘ ਸਨ, ਸਭ ਨੂੰ ਦੁੱਧ ਪਿਆਇਆ ਤੇ ਬਾਰ-ਬਾਰ ਕਹਿ ਕੇ ਤ੍ਰਿਪਤ ਕੀਤੇ॥ ੫॥

ਅਧਿਕ ਅਧੀਨ ਭਯੋ ਗੁਰ ਆਗੇ। ਬਾਰ ਬਾਰ ਪਗ ਪੰਕਜ ਲਾਗੇ।
ਕਹਿਬੋ ਸੁਨਿਬੋ ਬਾਤ ਅਨੇਕੂ। ਕਰਤਿ ਭਏ ਸ੍ਰੀ ਜਲਧਿ ਬਿਬੇਕੂ॥ ੬॥

ਗੁਰੂ ਜੀ ਅੱਗੇ ਬਹੁਤ ਅਧੀਨ ਹੋ ਗਿਆ, ਬਾਰ-ਬਾਰ ਚਰਨ ਕੰਵਲਾਂ ਨੂੰ ਲੱਗਦਾ ਸੀ। ਅਨੇਕਾਂ ਗੱਲਾਂ-ਬਾਤਾਂ ਕਹਿੰਦਾ ਅਤੇ ਸੁਣਦਾ ਸੀ ਤੇ ਗਿਆਨ ਦੇ ਸਾਗਰ ਸਤਿਗੁਰੂ ਜੀ ਗੱਲਾਂ ਕਰ ਰਹੇ ਸਨ॥ ੬॥

ਗੁਰ ਬੋਲੇ 'ਭੂੰਦੜ! ਹਮ ਚਰੈਂ। ਅਪਰ ਸਥਾਨ ਬਿਲੋਕਨਿ ਕਰੈਂ'।
ਕਹੈ ਜੋਰਿ ਕਰ 'ਸੇਵ ਬਤਾਓ। ਦਾਸ ਜਾਨ ਕਰਿ ਮੁਖ ਫੁਰਮਾਓ॥ ੭॥

ਗੁਰੂ ਬੋਲੇ, "ਹੇ ਭੂੰਦੜ! ਅਸੀਂ ਹੁਣ ਘੋੜੇ ਤੇ ਚੜ੍ਹਦੇ ਹਾਂ, ਕੋਈ ਹੋਰ ਸਥਾਨ ਜਾ ਕੇ ਵੇਖੀਏ।" ਭੂੰਦੜ ਹੱਥ ਜੋੜ ਕੇ ਕਹਿਣ ਲੱਗਾ, "ਸੇਵਾ ਦੱਸੋ, ਦਾਸ ਜਾਣ ਕੇ ਮੁਖ ਤੋਂ ਫੁਰਮਾਓ॥ ੭॥

ਦਰਸ਼ਨ ਦਯੋ ਭਾਗ ਧੰਨ ਮੇਰੇ। ਭਯੋ ਨਿਹਾਲ ਅਨੰਦ ਘਨੇਰੇ।
ਅਪਨੋ ਜਾਨਿ ਕੀਨਿ ਆਗਮਨੂ। ਸੰਤ ਉਬਾਰਿ ਦੁਸ਼ਟ ਦਲ ਦਮਨੂ॥ ੮॥

ਤੁਸੀਂ ਦਰਸ਼ਨ ਦਿੱਤੇ ਹਨ ਮੇਰੇ ਧੰਨ ਭਾਗ ਹੋ ਗਏ ਹਨ, ਮੈਂ ਨਿਹਾਲ ਹੋ ਗਿਆ ਹਾਂ ਤੇ ਵੱਡਾ ਆਨੰਦ ਪਾਇਆ ਹੈ। ਤੁਸੀਂ ਮੈਨੂੰ ਆਪਣਾ ਜਾਣ ਕੇ ਏਥੇ ਆਏ ਹੋ। ਸੰਤਾਂ ਨੂੰ ਉਬਾਰ ਕੇ ਦੁਸ਼ਟਾਂ ਦਾ ਨਾਸ਼ ਕਰਦੇ ਹੋ"॥ ੮॥

ਖੁਸ਼ੀ ਕਰੀ ਪ੍ਰਭੁ ਭਏ ਅਰੂਢਿ। ਗਮਨੇ ਮਾਰਗ ਕੋ ਗੁਨ ਗੂਢ।
ਪਹੁੰਚੇ ਨਿਕਟ ਬੋਹੜੀ ਜਾਣੀ। ਤਹਿੰ ਤੇ ਚਲਿ ਕਰਿ ਕਾਲ ਝਿਰਾਣੀ॥ ੯॥

ਸਤਿਗੁਰੂ ਜੀ ਨੇ ਘੋੜੇ ਤੇ ਚੜ੍ਹ ਕੇ ਉਸ ਉੱਪਰ ਖੁਸ਼ੀ ਕੀਤੀ ਤੇ ਸਤਿਗੁਰੂ ਆਪਣੇ ਮਾਰਗ ਵਿਖੇ ਚੱਲ ਪਏ। ਨੇੜੇ ਪਹੁੰਚ ਕੇ ਇਕ ਬੋਹੜੀ ਨਾਮ ਵਾਲਾ ਪਿੰਡ ਜਾਣਿਆ ਤੇ ਉਥੋਂ ਚਲ ਕੇ ਕਾਲ ਝਿਰਾਣੀ ਪਹੁੰਚ ਗਏ॥ ੯॥

ਤਹਾਂ ਮਹੀਰਹੁ ਖਰੋ ਫਲਾਹੀ। ਕਾਰੋ ਕਾਕ ਬਸੈ ਤਿਸ ਮਾਂਹੀ।
ਅਵਲੋਕਤਿ ਭਾਖਯੋ ਤਿਸ ਬੇਰ। 'ਧਰਮ ਸਿੰਘ ਤਰੁ ਕੀ ਦਿਸ਼ਿ ਹੇਰਿ॥ ੧੦॥

ਉਥੇ ਇਕ ਫਲਾਹੀ ਦਾ ਬ੍ਰਿਛ ਸੀ, ਉਸ ਬ੍ਰਿਛ ਵਿਚ ਇਕ ਕਾਲੇ ਰੰਗ ਦਾ ਕਾਂ ਰਹਿੰਦਾ ਸੀ। ਉਸ ਨੂੰ ਵੇਖ ਕੇ ਸਤਿਗੁਰੂ ਜੀ ਨੇ ਕਿਹਾ, "ਧਰਮ ਸਿੰਘ ਬ੍ਰਿਛ ਵੱਲ ਵੇਖੋ॥ ੧੦॥

ਨਿਡਜ ਬਨਾਯਹੁ ਬਾਯਸ ਰਹੈ। ਤੀਨ ਬਤਸ਼ ਇਸ ਕੇ ਬਿਚ ਅਹੈਂ।
ਚੋਂਚ ਪਸਾਰ ਆਇ ਤੁਝ ਓਰੀ। ਤਿਸ ਕੀ ਗ੍ਰੀਵਾ ਦੇਹੁ ਮਰੋਰੀ॥ ੧੧॥

ਆਲ੍ਹਣਾ ਬਣਾ ਕੇ ਇਸ ਵਿਚ ਇਕ ਕਾਂ ਰਹਿੰਦਾ ਹੈ, ਤਿੰਨ ਇਸ ਦੇ ਬੱਚੇ ਆਲ੍ਹਣੇ ਵਿਚ ਹਨ। ਇਹ ਚੁੰਝ ਖੋਲ੍ਹ ਕੇ ਤੁਹਾਡੇ ਵੱਲ ਆਵੇਗਾ, ਉਸ ਦੀ ਧੌਣ ਮਰੋੜ ਦੇਵੋ॥ ੧੧॥

ਅਪਰ ਦੁਹਨ ਕੋ ਕੁਛ ਨ ਕਹੀਜੈ। ਚਢਿ ਫੁਲਾਹ ਪਰ ਜਾਹੁ ਗਹੀਜੈ।
ਸੁਨਿ ਗੁਰ ਹੁਕਮ ਗਏ ਜੁਗ ਭ੍ਰਾਤਾ। ਬਾਇਸ ਬਤਸ਼ ਬਿਲੋਕ ਸ ਤਾਤਾ॥੧੨॥

ਹੋਰ ਦੋਹਾਂ ਨੂੰ ਕੁਝ ਨਾ ਕਹੋ। ਫਲਾਹੀ ਦੇ ਉੱਪਰ ਚੜ੍ਹ ਕੇ ਇਨ੍ਹਾਂ ਨੂੰ ਫੜ ਲਵੋ।" ਗੁਰੂ ਜੀ ਦਾ ਹੁਕਮ ਸੁਣ ਕੇ ਦੋਵੇਂ ਭਰਾ ਗਏ। ਉਨ੍ਹਾਂ ਨੇ ਕਾਂ ਦੇ ਬੱਚੇ ਤੇ ਉਨ੍ਹਾਂ ਦੇ ਪਿਉ ਨੂੰ ਵੇਖਿਆ॥ ੧੨॥

ਧਰਮ ਸਿੰਘ ਤਰੁਕੇ ਤਰ ਖਰਜੋ। ਪਰਮ ਸਿੰਘ ਊਪਰ ਤਬਿ ਚਰਜੋ।
ਤੀਨ ਹੁਤੇ ਇਕ ਚੋਂਚ ਪਸਾਰੀ। ਪਰਖਿ ਲਯੋ ਗਹਿ ਹਾਥ ਮਝਾਰੀ॥ ੧੩॥

ਧਰਮ ਸਿੰਘ ਦਰੱਖਤ ਦੇ ਥੱਲੇ ਖੜਾ ਹੋਇਆ, ਤਦ ਪਰਮ ਸਿੰਘ ਦਰੱਖਤ ਦੇ ਉੱਪਰ ਚੜ੍ਹ ਗਿਆ। ਬੱਚੇ ਤਿੰਨ ਸਨ ਤੇ ਇਕ ਨੇ ਚੁੰਝ ਖੋਲ੍ਹੀ ਸੀ। ਉਸ ਨੂੰ ਹੱਥ ਵਿਚ ਫੜ ਕੇ ਉਸ ਨੇ ਪਰਖ ਲਿਆ॥ ੧੩॥

ਗ੍ਰੀਵਾ ਤੋਰਿ ਤੁਰਤ ਹੀ ਮਾਰਾ। ਸਭਿਹਿ ਨਿਹਾਰਤਿ ਬਿਸਮਿ ਉਚਾਰਾ।
'ਪਾਤਿਸ਼ਾਹ ! ਇਹ ਕਜੋਂ ਮਰਵਾਯੋ ? ਮਰਜੋ ਅਕਾਰਥ ਕਾਜ ਨ ਆਯੋ ॥੧੪॥

ਫਿਰ ਧੌਣ ਤੋੜ ਕੇ ਤੁਰਤ ਹੀ ਮਾਰ ਦਿੱਤਾ। ਸਾਰਿਆਂ ਨੇ ਵੇਖ ਕੇ ਹੈਰਾਨ ਹੋ ਕੇ ਉਚਾਰਨ ਕੀਤਾ, "ਹੇ ਸੱਚੇ ਪਾਤਸ਼ਾਹ ! ਇਸ ਨੂੰ ਕਿਉਂ ਮਰਵਾ ਦਿੱਤਾ ਹੈ ? ਅਕਾਰਥ ਮਰ ਗਿਆ ਹੈ, ਕਿਸੇ ਕੰਮ ਨਹੀਂ ਆਇਆ ਹੈ" ॥ ੧੪॥

ਸ਼੍ਰੀ ਮੁਖ ਤੇ ਬਿਰਤੰਤ ਉਚਾਰਾ। 'ਪ੍ਰਥਮ ਲਾਂਗਰੀ ਹੁਤੋ ਹਮਾਰਾ।
ਦੇਗ ਗੁਰੂ ਕੀ ਸੇਵਾ ਕਰੈ। ਸਿੱਖਨਿ ਪਰ ਲੇ ਝਹੀਆਂ ਪਰੈ॥ ੧੫॥

ਸਤਿਗੁਰੂ ਜੀ ਨੇ ਮੁਖ ਤੋਂ ਬਿਰਤਾਂਤ ਉਚਾਰਨ ਕੀਤਾ, "ਪਹਿਲਾਂ ਇਹ ਸਾਡਾ ਲਾਂਗਰੀ ਸੀ। ਗੁਰੂ ਕੇ ਲੰਗਰ ਦੀ ਸੇਵਾ ਕਰਦਾ ਸੀ ਤੇ ਸਿੱਖਾਂ ਨੂੰ ਕਚੀਚੀਆਂ ਲੈ ਲੈ ਪੈਂਦਾ ਸੀ॥ ੧੫॥

ਦੇਤਿ ਅਹਾਰ ਲਰਤਿ ਹੀ ਰਹੈ। ਨਹਿਂ ਕਿਸ ਹੂੰ ਤੇ ਮਨ ਮੁਦ ਲਹੈ।
ਇਕ ਸਿਖ ਲਰਜੋ ਬਾਕ ਤਿਨ ਕਹਜੋ। 'ਕਰਲ ਕਰਲ ਕਰਤਾ ਨਿਤ ਰਹਜੋ॥੧੬॥

ਭੋਜਨ ਦਿੰਦਾ ਲੜਦਾ ਹੀ ਰਹਿੰਦਾ ਸੀ, ਕਿਸੇ ਨਾਲ ਵੀ ਮਿੱਠਾ ਬਚਨ ਨਹੀਂ ਸੀ ਬੋਲਦਾ। ਇਕ ਸਿੱਖ ਜਦ ਲੜ ਪਿਆ ਤਾਂ ਉਸ ਨੂੰ ਇਸ ਕਿਹਾ, "ਤੂੰ ਸਦਾ ਕਰਲ ਕਰਲ ਕਰਦਾ ਰਹਿੰਦਾ ਹੈਂ॥ ੧੬॥

ਕਾਂ ਕਾਂ ਬਾਇਸ ਕੀ ਸਮ ਬੋਲ। ਦੇਗ ਬਿਖੈ ਬਹੁ ਪਾਵਤਿ ਰੋਲ।
ਸਿਖ ਤੇ ਭਯੋ ਸ੍ਰਾਪ ਇਮ ਜਬੈ। ਕੇਤਿਕ ਦਿਨ ਮਹਿਂ ਮ੍ਰਿਤੁ ਭਾ ਤਬੈ॥੧੭॥

ਕਾਂ ਵਾਂਗ ਕਾਂ ਕਾਂ ਕਰਦਾ ਰਹਿੰਦਾ ਹੈਂ, ਲੰਗਰ ਵਿਚ ਬੜਾ ਰੌਲਾ ਪਾਉਂਦਾ ਹੈਂ। ਜਿਵੇਂ ਸਿੱਖ ਨੇ ਇਸ ਨੂੰ ਸਰਾਪ ਦਿੱਤਾ ਸੀ, ਕਈ ਦਿਨਾਂ ਬਾਅਦ ਇਸ ਦੀ ਮੌਤ ਹੋ ਗਈ॥ ੧੭॥

ਕਾਕ ਜੋਨਿ ਮਹਿਂ ਜਨਮਜੋਂ ਆਇ। ਸਿੱਖਨ ਕੋ ਦੇਖੇ ਉਮਕਾਇ।
ਸੇਵ ਕਰਨ ਕੋ ਫਲ ਅਬਿ ਲਯੋ। ਕਾਕ ਜੋਨਿ ਤੇ ਛੂਟਤਿ ਭਯੋ॥ ੧੮॥

ਫਿਰ ਇਸ ਨੇ ਆ ਕੇ ਕਾਂ ਦੀ ਜੂਨ ਵਿਚ ਜਨਮ ਲਿਆ ਤੇ ਸਿੱਖਾਂ ਨੂੰ ਵੇਖ ਕੇ ਉਮਗਦਾ ਹੈ। ਸੇਵਾ ਕਰਨ ਦਾ ਹੁਣ ਫਲ ਲਿਆ ਹੈ ਤੇ ਕਾਂ ਦੀ ਜੂਨ ਤੋਂ ਛੁਟਕਾਰਾ ਹੋ ਗਿਆ ਹੈ॥ ੧੮॥

ਅਪਨੋ ਜਾਨਿ ਜੂਨ ਤੇ ਛੋਰਾ। ਕਰਜੋ ਮੁਕਤਿ ਗਾ ਸੁਰਪੁਰਿ ਓਰਾ।
ਸੁਨਿ ਸਿੰਘਨਿ ਸ਼੍ਰੀ ਮੁਖ ਤੇ ਗਾਥਾ। ਬਿਸਮਾਨੇ ਟੇਕਤਿ ਪ੍ਰਭੁ ਮਾਥਾ॥ ੧੯॥

ਆਪਣਾ ਜਾਣ ਕੇ ਜੂਨ ਤੋਂ ਛੁਡਵਾਇਆ ਹੈ। ਇਸ ਦੀ ਮੁਕਤੀ ਕਰ ਦਿੱਤੀ ਹੈ, ਹੁਣ ਸਵਰਗਾਂ ਵਿਚ ਚਲੇ ਗਿਆ ਹੈ।" ਸਿੰਘਾਂ ਨੇ ਸਤਿਗੁਰੂ ਜੀ ਦੇ ਮੁਖ ਤੋਂ ਗਾਥਾ ਸੁਣ ਕੇ ਹੈਰਾਨ ਹੋ ਕੇ ਮੱਥਾ ਟੇਕਿਆ॥ ੧੯॥

ਪੂਰਬ ਦਿਸ਼ਾ ਗ੍ਰਾਮ ਕੀ ਗਏ। ਤਾਲ ਬਿਸਾਲ ਬਿਲੋਕਤਿ ਭਏ।
ਤਹਿਂ ਇਕ ਸਰਪ ਆਵਤੋ ਧਾਏ। ਕਰਤਿ ਸ਼ੀਘ੍ਰ ਫਣ ਊਚ ਉਠਾਏ॥ ੨੦॥

ਫਿਰ ਪਿੰਡ ਦੇ ਪੂਰਬ ਵਾਲੇ ਪਾਸੇ ਗਏ, ਉਥੇ ਇਕ ਵੱਡਾ ਸਰੋਵਰ ਵੇਖਿਆ। ਉਥੇ ਇਕ ਸੱਪ ਭੱਜਾ ਆਉਂਦਾ ਸੀ, ਉਸ ਨੇ ਛੇਤੀ ਨਾਲ ਆਪਣੀ ਫਨ ਉੱਚੀ ਚੁੱਕ ਲਈ॥ ੨੦॥

ਸਤਿਗੁਰ ਬਾਨ ਖੈਂਚ ਕਰਿ ਮਾਰਾ। ਗਿਰਜੋ ਧਰਾ ਪਰ ਪ੍ਰਾਨ ਬਿਦਾਰਾ।
ਸ੍ਰੀ ਮੁਖ ਤੇ ਸਭਿਹੂੰਨਿ ਸੁਨਾਯੋ। 'ਇਹੁ ਮਸੰਦ ਦੀਰਘ ਗਰਬਾਯੋ॥ ੨੧॥

ਸਤਿਗੁਰੂ ਜੀ ਨੇ ਬਾਣ ਖਿੱਚ ਕੇ ਮਾਰਿਆ ਤਾਂ ਧਰਤੀ ਤੇ ਡਿੱਗ ਕੇ ਪ੍ਰਾਣ ਨਿਕਲ ਗਏ। ਸਤਿਗੁਰੂ ਜੀ ਨੇ ਫਿਰ ਸਭ ਨੂੰ ਸੁਣਾਇਆ, "ਇਹ ਮਸੰਦ ਵੱਡਾ ਘੁਮੰਡੀ ਸੀ॥ ੨੧॥

ਸਤਿਸੰਗਤਿ ਮਹਿਂ ਨਿਵਜੋ ਨ ਸੀਸ। ਇਕ ਮਨ ਜਪਜੋ ਨਾਂਹਿ ਜਗਦੀਸ਼।
ਗੁਰ ਕੀ ਕਾਰ ਦਰਬ ਬਹੁ ਆਨੇ। ਸੰਚਿ ਸੰਚਿ ਕਰਿ ਕੀਨਿ ਮਹਾਨੇ॥ ੨੨॥

ਸਤਿਸੰਗਤ ਵਿਚ ਇਸ ਸਿਰ ਨਹੀਂ ਨਿਵਾਇਆ ਤੇ ਇਕ ਮਨ ਹੋ ਕੇ ਪ੍ਰਭੂ ਦਾ ਨਾਮ ਨਹੀਂ ਸੀ ਜਪਿਆ। ਗੁਰੂ ਦੀ ਕਾਰ ਬਹੁਤ ਆਉਂਦੀ ਸੀ, ਇਕੱਠੀ ਕਰ ਕਰਕੇ ਬਹੁਤ ਧਨ ਜੋੜ ਲਿਆ॥ ੨੨॥

ਸਿਮਰਤ ਧਨਿ ਕੋ ਤਜਿ ਕਰਿ ਪ੍ਰਾਨ। ਭਯੋ ਸਰਪ ਧਾਰਤਿ ਅਭਿਮਾਨ।
ਹਮ ਕੋ ਹੇਰਿ ਸਮੁਖ ਚਲਿ ਆਵੈ। ਇਹ ਭੀ ਸਰਪ ਜੂਨ ਛੁਟਕਾਵੈ॥ ੨੩॥

ਧਨ ਨੂੰ ਯਾਦ ਕਰਦਾ ਹੋਇਆ ਹੀ ਪ੍ਰਾਣ ਛੱਡ ਗਿਆ ਤੇ ਅਭਿਮਾਨ ਧਾਰ ਕੇ ਸੱਪ ਦੀ ਜੂਨੇ ਪੈ ਗਿਆ। ਸਾਨੂੰ ਵੇਖ ਕੇ ਸਾਹਮਣੇ ਚਲ ਕੇ ਆ ਰਿਹਾ ਸੀ, ਇਸ ਦੀ ਵੀ ਸੱਪ ਦੀ ਜੂਨ ਛੁਡਵਾ ਦਿੰਦੇ ਹਾਂ"॥ ੨੩॥

ਜਾਇ ਗੁਰੂ ਸਰ ਡੇਰਾ ਕੀਨ। ਹਯਨ ਲਗਾਇ ਉਤਾਰੇ ਜ਼ੀਨ।
ਤਹਿਂ ਸੋਢੀ ਮਿਲਿਬੇ ਕਹੁ ਆਏ। ਬੰਦਨ ਕਰਿ ਦਰਸ਼ਨ ਹਰਖਾਏ॥ ੨੪॥

ਗੁਰੂ ਜੀ ਨੇ ਜਾ ਕੇ ਸਰੋਵਰ ਦੇ ਕਿਨਾਰੇ ਡੇਰਾ ਕੀਤਾ ਤੇ ਘੋੜਿਆਂ ਨੂੰ ਬੰਨ੍ਹ ਕੇ ਉਨ੍ਹਾਂ ਦੀਆਂ ਕਾਠੀਆਂ ਲਾਹ ਦਿੱਤੀਆਂ। ਉਥੇ ਸੋਢੀ ਮਿਲਣ ਵਾਸਤੇ ਆਏ ਤੇ ਬੰਦਨਾ ਕਰਕੇ ਦਰਸ਼ਨ ਕਰਕੇ ਪ੍ਰਸੰਨ ਹੋਏ॥ ੨੪॥

ਚਾਵਲ ਚੂਨ ਘ੍ਰਿਤਾਦਿਕ ਲਜਾਏ। ਤ੍ਰਿਨ ਦਾਨਾ ਸਭਿ ਦਯੋ ਪੁਚਾਏ।
ਇੱਤਜਾਦਿਕ ਸੇਵਾ ਸਭਿ ਕਰੀ। ਖਾਨ ਪਾਨ ਕੀਨਸਿ ਨਿਸ ਪਰੀ॥ ੨੫॥

ਚਾਵਲ, ਆਟਾ ਅਤੇ ਘਿਉ ਆਦਿ ਲਿਆਂਦੇ ਤੇ ਘਾਹ ਆਦਿ ਘੋੜਿਆਂ ਦਾ ਦਾਣਾ ਪਹੁੰਚਾ ਦਿੱਤਾ। ਇਸ ਪ੍ਰਕਾਰ ਸੇਵਾ ਬਹੁਤ ਕੀਤੀ ਤੇ ਖਾ ਪੀ ਕੇ ਰਾਤ ਪੈ ਗਈ॥ ੨੫॥

ਸੁਪਤਿ ਜਥਾ ਸੁਖ ਗੁਰ ਭਗਵਾਨ। ਉਠੇ ਪ੍ਰਾਤ ਕਰਿ ਸੋਚ ਸ਼ਨਾਨ।
ਕਰਜੋ ਕੂਚ ਹਯ ਜ਼ੀਨ ਪਵਾਏ। ਭਏ ਅਰੂਢਨ ਮਗ ਪਗ ਪਾਏ॥ ੨੬॥

ਸਤਿਗੁਰੂ ਜੀ ਸੁਖ ਸਹਿਤ ਸੌਂ ਗਏ ਤੇ ਸਵੇਰੇ ਸਵੱਖਤੇ ਉੱਠ ਕੇ ਸੋਚ ਇਸ਼ਨਾਨ ਕੀਤਾ। ਫਿਰ ਗੁਰੂ ਜੀ ਨੇ ਘੋੜਿਆਂ ਉੱਪਰ ਕਾਠੀਆਂ ਪਵਾ ਕੇ ਕੂਚ ਕਰ ਦਿੱਤਾ। ਘੋੜਿਆਂ ਉੱਪਰ ਸਵਾਰ ਹੋ ਕੇ ਆਪਣੇ ਰਸਤੇ ਪੈ ਗਏ॥ ੨੬॥

ਕਰਤਿ ਅਖੇਰ ਕ੍ਰਿਪਾਲ ਪਯਾਣੇ। ਡੇਰਾ ਕਰਜੋ ਗ੍ਰਾਮ ਛਤਿਆਣੇ।
ਨਿਸ ਬਿਤਾਇ ਤਹਿਂ, ਭੇ ਅਸਵਾਰਾ। ਟਿੱਬਾ ਏਕ ਉਤੰਗ ਨਿਹਾਰਾ॥ ੨੭॥

ਸਤਿਗੁਰੂ ਜੀ ਸ਼ਿਕਾਰ ਖੇਡਦੇ ਹੀ ਅੱਗੇ ਜਾ ਰਹੇ ਸਨ ਤੇ ਛਤਿਆਣੇ ਪਿੰਡ ਵਿਚ ਜਾ ਕੇ ਆਪਣਾ ਡੇਰਾ ਕੀਤਾ। ਉਥੇ ਰਾਤ ਬਤੀਤ ਕੀਤੀ ਤੇ ਫਿਰ ਘੋੜਿਆਂ ਉੱਪਰ ਸਵਾਰ ਹੋ ਗਏ। ਰਾਹ ਦੇ ਵਿਚ ਇਕ ਬਹੁਤ ਉੱਚਾ ਟਿੱਬਾ ਵੇਖਿਆ॥ ੨੭॥

ਬ੍ਰਹਮੀ ਇਕ ਫਕੀਰ ਤਹਿਂ ਰਹੇ। ਤਿਸ ਕੇ ਨਾਮ ਸਥਲ ਸੋ ਕਹੈਂ।
ਚਾਕਰ ਜੇ ਬਿਰਾੜ ਗੁਰ ਰਾਖੇ। ਮਿਲਿ ਆਪਸ ਮਹਿਂ ਮੂਰਖ ਭਾਖੇ॥ ੨੮॥

ਉਥੇ ਬ੍ਰਹਮੀ (ਇਬ੍ਰਾਹੀਮ) ਨਾਮ ਦਾ ਇਕ ਫਕੀਰ ਰਹਿੰਦਾ ਸੀ। ਉਸ ਦੇ ਨਾਮ ਉੱਪਰ ਹੀ ਉਸ ਸਥਾਨ ਨੂੰ ਬ੍ਰਹਮੀ ਕਹਿੰਦੇ ਸਨ। ਗੁਰੂ ਜੀ ਨੇ ਜਿਹੜੇ ਬਿਰਾੜ ਨੌਕਰ ਰੱਖੇ ਸਨ, ਉਹ ਮੂਰਖ ਆਪਸ ਵਿਚ ਮਿਲ ਕੇ ਕਹਿਣ ਲੱਗੇ॥ ੨੮॥

'ਗੁਰ ਤੇ ਕਜੋਂ ਨ ਚਾਕਰੀ ਲੇਤੇ। ਬਨੇ ਕਠੋਰ ਬਿਨਾ ਨਹਿਂ ਦੇਤੇ।
ਪੂਰਬ ਕਈ ਬਾਰ ਤੁਮ ਜਾਚੀ। ਦੈਹੈ ਦੈਹੈ ਗਿਰਾ ਉਬਾਰੀ'॥ ੨੯॥

"ਗੁਰੂ ਜੀ ਪਾਸੋਂ ਕਿਉਂ ਆਪਣੀ ਤਨਖਾਹ ਨਹੀਂ ਲੈਂਦੇ ਹੋ, ਉਨ੍ਹਾਂ ਨੇ ਕਠੋਰ ਬਣਨ ਤੋਂ ਬਗੈਰ ਤਨਖਾਹ ਨਹੀਂ ਦੇਣੀ ਹੈ। ਪਹਿਲਾਂ ਵੀ ਕਈ ਵਾਰ ਤੁਸੀਂ ਮੰਗੀ ਹੈ। ਦਿੰਦੇ ਹਾਂ ਦਿੰਦੇ ਹਾਂ ਕਹਿ ਦਿੰਦੇ ਹਨ'॥ ੨੯॥

ਕੇਚਿਤ ਕਹੈਂ ਨ ਧਨ ਗੁਰ ਪਾਸਾ। ਕਿਮ ਲੈਬੇ ਕੀ ਕਰਿ ਹਹੁ ਆਸਾ।
ਠਹਿਰੇਂਗੇ ਜਬਿ ਕਿਸ ਇਸਥਾਨਾ। ਸੰਗਤਿ ਆਵਹਿ ਮੇਲ ਮਹਾਨਾ॥ ੩੦॥

ਕਈ ਕਹਿੰਦੇ ਸਨ ਕਿ ਗੁਰੂ ਜੀ ਪਾਸ ਧਨ ਨਹੀਂ ਹੈ, ਕਿਵੇਂ ਲੈਣ ਦੀ ਆਸ ਕਰਦੇ ਹੋ। ਜਦ ਕਿਸੇ ਅਸਥਾਨ 'ਤੇ ਠਹਿਰਣਗੇ ਤਾਂ ਵੱਡੀ ਸੰਗਤ ਆ ਕੇ ਮੇਲ ਕਰੇਗੀ॥ ੩੦॥

ਅਰਪਹਿ ਦਰਬ ਦੇਹਿੰਗੇ ਸੋਈ। ਇਹਾਂ ਉਜਾਰ ਕਹਾਂ ਤੇ ਹੋਈ।
ਸੁਨਿ ਕੈ ਕੇਚਿਤ ਬਾਕ ਬਖਾਨੈਂ। 'ਹਮ ਤੇ ਔਰ ਕਛੂ ਨਹਿਂ ਜਾਨੈਂ॥ ੩੧॥

ਉਹ ਸੰਗਤ ਧਨ ਅਰਪਣ ਕਰਕੇ ਦੇਵੇਗੀ। ਏਥੇ ਉਜਾੜ ਵਿਚ ਕਿਥੋਂ ਸੰਗਤ ਇਕੱਠੀ ਹੋ ਜਾਵੇਗੀ। ਕਈਆਂ ਨੇ ਸੁਣ ਕੇ ਕਿਹਾ, "ਅਸੀਂ ਤਾਂ ਹੋਰ ਕੁਝ ਨਹੀਂ ਜਾਣਦੇ ਹਾਂ॥ ੩੧॥

ਅਬਿ ਤੇ ਇਹਾਂ ਖਰੇ ਕਰਿ ਲੇਹਿਂ। ਲੀਏ ਬਿਨਾ ਨ ਚਲਿਬੇ ਦੇਹਿਂ।
ਗੁਰੂ ਕਰਾਮਾਤੀ ਜਗ ਜਾਨੈ। ਯਾਂਤੇ ਲਘੁ ਦੀਰਘ ਸਭਿ ਮਾਨੈਂ॥ ੩੨॥

ਹੁਣ ਤਾਂ ਏਥੇ ਹੀ ਖੜੇ ਕਰ ਲੈਂਦੇ ਹਾਂ ਤੇ ਤਨਖਾਹ ਲੈਣ ਤੋਂ ਬਗੈਰ ਚਲਣ ਨਹੀਂ ਦੇਵਾਂਗੇ। ਸਾਰਾ ਜਗ ਜਾਣਦਾ ਹੈ ਕਿ ਗੁਰੂ ਜੀ ਕਰਾਮਾਤੀ ਹਨ, ਇਸ ਕਰਕੇ ਛੋਟੇ ਵੱਡੇ ਸਾਰੇ ਮੰਨਦੇ ਹਨ॥ ੩੨॥

ਜਬਿ ਅਟਕਾਇ ਲੇਇੰਗੇ ਇਹਾਂ। ਤਬਿ ਹਮ ਕੋ ਧਨ ਦੈਹੈਂ ਮਹਾਂ।
ਨਤੁ ਹ੍ਵੈ ਅਪਰ ਬਾਰਤਾ ਖੋਟੀ। ਹਮਰੀ ਹੱਦ ਇਹਾਂ ਲਗਿ ਤੋਟੀ॥ ੩੩॥

ਜਦ ਏਥੇ ਅਟਕਾਅ ਲਵਾਂਗੇ, ਤਦ ਸਾਨੂੰ ਮਹਾਨ ਧਨ ਦੇਣਗੇ, ਨਹੀਂ ਤਾਂ ਹੋਰ ਵਾਰਤਾ ਖੋਟੀ ਹੋਵੇਗੀ, ਸਾਡੀ ਹੱਦ ਤਾਂ ਇਥੋਂ ਤਕ ਹੈ॥ ੩੩॥

ਸਭਿ ਬਿਧਿ ਤੇ ਹੈ ਜ਼ੋਰ ਹਮਾਰਾ। ਚਹੈਂ ਕਰੈਂ ਔਰ ਨ ਰਖਵਾਰਾ।
ਸਾਬੋ ਕੀ ਹਦ ਅਹੈ ਅਗਾਰੀ। ਅਬਿਹ ਪ੍ਰਵੇਸ਼ਹਿਂ ਤਿਸਹਿ ਮਝਾਰੀ॥ ੩੪॥

ਸਾਰੀਆਂ ਵਿਧੀਆਂ ਨਾਲ ਸਾਡਾ ਜ਼ੋਰ ਹੋਵੇਗਾ, ਜੋ ਚਾਹੇ ਕਰੀਏ ਇਨ੍ਹਾਂ ਦਾ ਹੋਰ ਕੋਈ ਰਾਖਾ ਨਹੀਂ ਹੈ। ਅੱਗੇ ਸਾਬੋ ਕੀ ਹੱਦ ਹੈ, ਹੁਣ ਉਸੇ ਵਿਚ ਪ੍ਰਵੇਸ਼ ਕਰਨਗੇ॥ ੩੪॥

ਡੱਲਾ ਮਿਲੈ ਆਨਿ ਬਲ ਭਾਰੀ। ਸੁਭਟ ਸੈਂਕਰੇ ਬਾਕ ਮਝਾਰੀ।
ਕਰਹੁ ਜ਼ੋਰ ਸੋ ਚਲਨ ਨ ਦੈਹੈ। ਬਹੁਰ ਚਾਕਰੀ ਮੁਸ਼ਕਲ ਪੈਹੈਂ॥ ੩੫॥

ਭਾਰੀ ਬਲਵਾਨ ਡੱਲਾ ਆ ਕੇ ਮਿਲੇਗਾ, ਸੈਂਕੜੇ ਸੂਰਬੀਰ ਉਸ ਦੇ ਹੁਕਮ ਅਧੀਨ ਹਨ। ਉਹ ਸਾਡਾ ਜ਼ੋਰ ਚਲਣ ਨਹੀਂ ਦੇਵੇਗਾ। ਬਾਅਦ ਵਿਚ ਤਨਖਾਹ ਬੜੀ ਮੁਸ਼ਕਲ ਨਾਲ ਪਾਵਾਂਗੇ॥ ੩੫॥

ਭਲੀ ਬਾਤ ਗੁਰ ਲਿਹੁ ਅਟਕਾਈ। ਇਕ ਇਕ ਦਿਨ ਕੋ ਧਨ ਲਿਹੁ ਪਾਈ।
ਪੁਨਹਿ ਸਮਾ ਜਬਿ ਘਨੋ ਬਿਤਾਵਹਿ। ਗੁਰ ਤੇ ਦਰਬ ਚਾਕਰੀ ਪਾਵਹਿਂ॥ ੩੬॥

ਇਹ ਚੰਗੀ ਗੱਲ ਹੈ ਕਿ ਗੁਰੂ ਜੀ ਨੂੰ ਅਟਕਾਅ ਲਵੇ, ਇਕ-ਇਕ ਦਿਨ ਦਾ ਧਨ ਪ੍ਰਾਪਤ ਕਰ ਲਵੇ। ਫਿਰ ਜਦ ਕਾਫੀ ਲੰਮਾ ਸਮਾਂ ਬਤੀਤ ਕਰਾਂਗੇ, ਫਿਰ ਗੁਰੂ ਜੀ ਪਾਸੋਂ ਤਨਖਾਹ ਪਾ ਲਵਾਂਗੇ''॥ ੩੬॥

ਇਹ ਮਸਲਤ ਮਿਲਿ ਮੂਢ ਪਕਾਈ। ਗੁਰ ਮਹਿਮਾ ਨ ਲਖੈਂ ਅਧਿਕਾਈ।
ਦਾਨ ਸਿੰਘ ਇਕ ਬਾਰ ਹਟਾਏ। 'ਇਮ ਨਹਿਂ ਲੇਹੁ ਬੁਰਾ ਹੁਇ ਜਾਏ॥ ੩੭॥

ਮੂਰਖਾਂ ਨੇ ਮਿਲ ਕੇ ਇਸ ਪ੍ਰਕਾਰ ਸਲਾਹ ਬਣਾਈ, ਉਹ ਗੁਰੂ ਜੀ ਦੀ ਵੱਡੀ ਮਹਿਮਾ ਨੂੰ ਨਹੀਂ ਸਨ ਸਮਝਦੇ। ਦਾਨ ਸਿੰਘ ਨੇ ਇਕ ਵਾਰ ਹਟਾਏ, ''ਇਸ ਤਰ੍ਹਾਂ ਤਨਖਾਹ ਨਾ ਲਵੋ, ਬੁਰਾ ਹੋ ਜਾਵੇਗਾ॥ ੩੭॥

ਹਾਥਨਿ ਜੋਰਿ ਜਾਚਨਾ ਕਰੀਏ। 'ਖਰਚ ਦੇਹੁ ਘਰ ਪਠਹਿਂ ਬਿਚਰੀਏ।
ਜਿਸ ਤੇ ਖਾਨ ਪਾਨ ਸਭਿ ਹੋਇ। ਅਪਰ ਆਮਦਨ ਰਹੀ ਨ ਕੋਇ'॥ ੩੮॥

ਹੱਥ ਜੋੜ ਕੇ ਤਨਖਾਹ ਮੰਗੀਏ। ''ਘਰੇ ਭੇਜ ਦੇਈਏ ਤੇ ਆਪ ਵਿਚਰਦੇ ਰਹੀਏ। ਜਿਸ ਨਾਲ ਸਭ ਪ੍ਰਕਾਰ ਦਾ ਖਾਣ ਪੀਣ ਹੋਵੇ। ਹੋਰ ਸਾਡੀ ਕੋਈ ਆਮਦਨ ਵੀ ਨਹੀਂ ਰਹੀ ਹੈ''॥ ੩੮॥

ਦੈਹੈਂ ਸਤਿਗੁਰ ਨਾਂਹਿਨ ਰਾਖੈਂ। ਸਮ ਸੌਂ ਲੇ, ਬੁਰਾ ਨਹਿਂ ਭਾਖੈਂ'।
ਦਾਨ ਸਿੰਘ ਤੇ ਸੁਨਿ ਬੈਰਾੜ। ਨਹਿਂ ਮਾਨੇ ਚਹਿਂ ਕਰਨ ਬਿਗਾੜ॥ ੩੯॥

ਸਤਿਗੁਰੂ ਜੀ ਤਨਖਾਹ ਦੇਣਗੇ, ਉਹ ਰੱਖਦੇ ਨਹੀਂ। ਸ਼ਾਂਤੀ ਨਾਲ ਲਵੋ ਤੇ ਮਾੜੀ ਗੱਲ ਕੋਈ ਨਾ ਕਹੋ।'' ਦਾਨ ਸਿੰਘ ਪਾਸੋਂ ਸੁਣ ਕੇ ਬੈਰਾੜ ਨਾ ਮੰਨੇ ਤੇ ਵਿਗਾੜ ਕਰਨਾ ਚਾਹੁੰਦੇ ਸਨ॥ ੩੯॥

'ਅਪਨੀ ਹੱਦ ਬਿਖੈ ਹਮ ਲੈਹੈਂ। ਆਗੇ ਗਏ ਨਹੀਂ ਕਿਮ ਦੈਹੈਂ।
ਇਹਾਂ ਜੋਰ ਹਮਰੋ ਅਬਿ ਚਲੈ। ਜਾਚਹਿਂ ਦਰਬ ਸਰਬ ਹੀ ਮਿਲੈ'॥ ੪੦॥

''ਆਪਣੀ ਹੱਦ ਵਿਚ ਅਸੀਂ ਲਵਾਂਗੇ, ਅੱਗੇ ਜਾ ਕੇ ਕਿਵੇਂ ਦੇਣਗੇ। ਇਥੇ ਸਾਡਾ ਹੁਣ ਜ਼ੋਰ ਚਲੇਗਾ, ਧਨ ਮੰਗਾਂਗੇ ਤਾਂ ਸਾਰਾ ਹੀ ਮਿਲੇਗਾ''॥ ੪੦॥

ਕਰਿ ਮਸਲਤ ਇਕਠੇ ਹੁਇ ਫੇਰ। ਤਜਿ ਤੁਰੰਗ ਗੇ ਗੁਰੂ ਅਗੇਰ।
ਖਰੇ ਭਏ ਆਗੇ ਸਮੁਦਾਈ। 'ਦੇਹੁ ਚਾਕਰੀ ਸਭਿ ਹਮ ਤਾਂਈ'॥ ੪੧॥

ਸਲਾਹ ਕਰਕੇ ਫਿਰ ਇਕੱਠੇ ਹੋ ਗਏ, ਘੋੜੇ ਛੱਡ ਕੇ ਗੁਰੂ ਜੀ ਦੇ ਅੱਗੇ ਚਲੇ ਗਏ। ਸਾਰੇ ਜਾ ਕੇ ਗੁਰੂ ਜੀ ਦੇ ਅੱਗੇ ਖੜੇ ਹੋ ਗਏ ਤੇ ਕਹਿਣ ਲੱਗੇ, ''ਸਾਨੂੰ ਸਾਰਿਆਂ ਨੂੰ ਤਨਖਾਹ ਦੇਵੋ''॥ ੪੧॥

*ਪਹਿਲੇ ਐਨ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥*

# ਅਧਿਆਇ ਸਤਾਰ੍ਹਵਾਂ

### ਬੈਰਾੜਾਂ ਨੂੰ ਤਨਖਾਹਾਂ ਦਿੱਤੀਆਂ, ਦਾਨ ਸਿੰਘ ਨੂੰ ਅੰਮ੍ਰਿਤ ਛਕਾਇਆ

ਦੋਹਰਾ- ਬਿਗਰੇ ਬ੍ਰਿੰਦ ਬਿਰਾੜ ਜੜ੍ਹ ਗੁਰ ਹਯ ਕੀ ਗਹਿ ਬਾਗ।
ਖਰੇ ਭਏ ਬੋਲੇ ਬਿਮੁਖ ਜਿਨ ਕੇ ਸੁਭ ਨਹਿੰ ਭਾਗ॥ ੧॥

ਸਾਰੇ ਮੂਰਖ ਬੈਰਾੜ ਗੁਰੂ ਜੀ ਦੇ ਘੋੜੇ ਦੀ ਵਾਗ ਫੜ ਕੇ ਵਿਗੜ ਗਏ। ਖੜੇ ਹੋ ਕੇ ਬੇਮੁਖ ਹੋ ਕੇ ਬੋਲੇ, ਜਿਨ੍ਹਾਂ ਦੇ ਭਾਗ ਸ਼ੁਭ ਨਹੀਂ ਸਨ॥ ੧॥

ਚੌਪਈ- 'ਦੇਹੁ ਚਾਕਰੀ ਪ੍ਰਭੁ ਹਮਾਰੀ ! ਪੁਨਹਿ ਗਮਨ ਕੋ ਕਰੋ ਅਗਾਰੀ।
ਕਰੀ ਨੌਕਰੀ ਕਿਤਿਕ ਮਹੀਨੇ। ਨਹੀਂ ਰਜਤਪਣ ਰਾਵਰ ਦੀਨੇ॥ ੨॥

ਕਹਿਣ ਲੱਗੇ, "ਹੇ ਸਤਿਗੁਰੂ ਜੀ! ਸਾਡੀ ਤਨਖਾਹ ਦੇਵੋ, ਫਿਰ ਚਲ ਕੇ ਅੱਗੇ ਜਾਵੋ। ਅਸੀਂ ਕਈ ਮਹੀਨੇ ਨੌਕਰੀ ਕੀਤੀ ਹੈ, ਆਪ ਜੀ ਨੇ ਕੋਈ ਵੀ ਰੁਪਈਆ ਨਹੀਂ ਦਿੱਤਾ ਹੈ॥ ੨॥

ਦਰਬ ਪਠਜੋ ਚਹਿੰ ਨਿਜ ਘਰ ਮਾਂਹੀ। ਸਕਲ ਕੁਟੰਬ ਅੰਨ ਲੇ ਖਾਹੀ।
ਇਤਹੁਂ ਪ੍ਰਤੀਖਤਿ ਹੈ ਪਰਵਾਰਾ। ਹਮ ਖਾਟਹਿਂ ਸੋ ਕਰਹਿਂ ਅਹਾਰਾ ॥੩॥

ਅਸੀਂ ਧਨ ਆਪਣੇ-ਆਪਣੇ ਘਰ ਭੇਜਣਾ ਚਾਹੁੰਦੇ ਹਾਂ, ਸਾਡਾ ਸਾਰਾ ਪਰਿਵਾਰ ਅਨਾਜ ਲੈ ਕੇ ਖਾਵੇਗਾ। ਸਾਡੇ ਪਰਿਵਾਰਾਂ ਨੇ ਸਾਡੇ ਵੱਲ ਉਡੀਕ ਲਾਈ ਹੋਈ ਹੈ। ਅਸੀਂ ਕਮਾਵਾਂਗੇ ਤਾਂ ਉਹ ਭੋਜਨ ਛਕਣਗੇ"॥ ੩॥

ਸੁਨਿ ਗੁਰ ਕਹਜੋ 'ਨ ਸ਼ੀਘ੍ਰ ਕਰੀਜੈ। ਦਿਨ ਦਿਨ ਕੋ ਧਨ ਗਿਨਿ ਗਿਨਿ ਲੀਜੈ।
ਸਦਨ ਪਠਾਵਹੁ ਦੇਰਿ ਨ ਕੋਈ। ਡੇਰਾ ਜਹਿਂ ਮੁਕਾਮ ਹਮ ਹੋਈ' ॥੪॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਛੇਤੀ ਨਾ ਕਰੋ, ਦਿਹਾੜੀ-ਦਿਹਾੜੀ ਦਾ ਧਨ ਗਿਣ ਗਿਣ ਕੇ ਲਵੋ। ਘਰ ਨੂੰ ਭੇਜੋ, ਇਸ ਵਿਚ ਕੋਈ ਦੇਰ ਨਹੀਂ ਹੈ। ਜਿੱਥੇ ਵੀ ਸਾਡਾ ਡੇਰਾ ਜਾਂ ਮੁਕਾਮ ਹੋਵੇਗਾ"॥ ੪॥

ਆਗਾ ਰੋਕਿ ਖਰੇ ਹੁਇ ਰਹੇ। ਪੁਨ ਬੈਰਾੜ ਬ੍ਰਿੰਦ ਮਿਲਿ ਕਹੇ।
'ਪੂਰਬ ਜਾਚਾ ਕਰਿ ਕਰਿ ਲਹੇ। 'ਦੈ ਹੈਂ ਦੈ ਹੈਂ' ਦਿਨ ਪ੍ਰਤਿ ਕਹੇ॥ ੫॥

ਅੱਗਾ ਰੋਕ ਕੇ ਖੜੇ ਹੋਏ ਰਹੇ। ਫਿਰ ਸਾਰੇ ਬੈਰਾੜ ਮਿਲ ਕੇ ਕਹਿਣ ਲੱਗੇ, "ਪਹਿਲਾਂ ਕਈ ਵਾਰ ਮੰਗ ਕੇ ਵੇਖ ਲਿਆ ਹੈ, 'ਦਿੰਦੇ ਹਾਂ, ਦਿੰਦੇ ਹਾਂ' ਪ੍ਰਤੀ ਦਿਨ ਕਹਿੰਦੇ ਹੋ॥ ੫॥

ਹਟਹਿਂ ਨ ਆਜ ਲੀਏ ਬਿਨ ਜਾਨੋ। ਇਸ ਮਹਿਂ ਹੇਤੁ ਔਰ ਇਕ ਮਾਨੋ।
ਇਸੀ ਥਾਨ ਲਗਿ ਹੱਦ ਹਮਾਰੀ। ਜਿਸ ਤੇ ਜਾਚਤਿ ਹੈਂ ਹਠ ਧਾਰੀ॥੬॥

ਅੱਜ ਤਨਖਾਹ ਲੈਣ ਬਗੈਰ ਹਟਾਂਗੇ ਨਹੀਂ, ਇਹ ਗੱਲ ਜਾਣ ਲਵੋ। ਇਸ ਵਿਚ ਸਾਡਾ ਇਕ ਹੋਰ ਹਿੱਤ ਮੰਨੋ। ਇਸ ਸਥਾਨ ਤੱਕ ਸਾਡੀ ਹੱਦ ਹੈ, ਇਸ ਕਰਕੇ ਹਠ ਧਾਰ ਕੇ ਮੰਗ ਰਹੇ ਹਾਂ॥ ੬॥

ਹੈ ਸਾਬੋ ਕੀ ਸੀਮ ਅਗੇਰੇ। ਇਹਾਂ ਦੇਹੁ ਧਨ ਗਮਨਹੁ ਫੇਰੇ।
ਹਮ ਤੇ ਅਬਹਿ ਨ ਹੋਤਿ ਸਮਾਈ। ਦਿਏ ਬਿਨਾ ਨ ਚਲਹੁ ਅਗਵਾਈ॥੭॥

ਅੱਗੇ ਸਾਬੋ ਕੀ ਤਲਵੰਡੀ ਦੀ ਸੀਮਾ ਹੈ, ਇਥੇ ਧਨ ਦੇ ਕੇ ਫਿਰ ਅੱਗੇ ਜਾਵੋ। ਸਾਥੋਂ ਹੁਣ ਸਮਾਈ ਨਹੀਂ ਹੁੰਦੀ ਹੈ। ਤਨਖਾਹ ਦੇਣ ਤੋਂ ਬਗੈਰ ਅੱਗੇ ਨਾ ਜਾਵੋ॥ ੭॥

ਹਮ ਨਹਿਂ ਜਾਨ ਦੇਹਿਂਗੇ ਜਾਨੋ। ਦੈਨੋ ਦਰਬ ਇਸੀ ਥਲ ਠਾਨੋ।
ਬੇਮੁਖ ਬਨਨਿ ਬੈਨ ਬੈਰਾੜ। ਬੋਲੇ ਬਾਕ ਬਿਸਾਲ ਬਿਗਾੜ॥ ੮॥

ਇਹ ਜਾਣ ਲਵੋ ਕਿ ਅਸੀਂ ਜਾਣ ਨਹੀਂ ਦੇਵਾਂਗੇ। ਇਸੇ ਸਥਾਨ 'ਤੇ ਧਨ ਦੇ ਕੇ ਜਾਵੋ।'' ਬੇਮੁਖ ਬਣਨ ਵਾਲੇ ਅਤੇ ਬਹੁਤਾ ਵਿਗਾੜ ਕਰਨ ਵਾਲੇ ਬੋਲ ਬੈਰਾੜਾਂ ਨੇ ਬੋਲੇ॥ ੮॥

ਤਬਿ ਸ੍ਰੀ ਮੁਖ ਤੇ ਤਿਨਹਿ ਬਖਾਨਾ। 'ਸੁਨਹੁ ਬਿਰਾੜੋ ਦੇ ਕਰਿ ਕਾਨਾ।
ਕੈ ਗੁਰ ਸਿੱਖੀ ਤੁਮਹੁ ਰਖੀਜੈ। ਕਿਧੌਂ ਚਾਕਰੀ ਹਮ ਤੇ ਲੀਜੈ॥ ੯॥

ਤਦ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, ''ਹੇ ਬਿਰਾੜੋ ਕੰਨ ਦੇ ਕੇ ਸੁਣੋ, ਜਾਂ ਤੁਸੀਂ ਸਿੱਖੀ ਰੱਖੋ, ਜਾਂ ਤੁਸੀਂ ਸਾਥੋਂ ਆਪਣੀ ਤਨਖਾਹ ਲੈ ਲਵੋ॥ ੯॥

ਕਰਿ ਨਿਰਨੈ ਸਗਰੇ ਮਿਲਿ ਕਹੋ। ਸਿੱਖੀ ਲਹੋ ਕਿ ਧਨ ਕੋ ਲਹੋ?'।
ਸੁਨਿ ਬੈਰਾੜ ਸਲਾਹ ਕਰੰਤੇ। ਦਰਬ ਲੋਭ ਕੋ ਰਿਦੇ ਧਰੰਤੇ॥ ੧੦॥

ਨਿਰਣਾ ਕਰਕੇ ਸਾਰੇ ਮਿਲ ਕੇ ਕਹੋ, ਸਿੱਖੀ ਲਵੋਗੇ ਕਿ ਧਨ ਲਵੋਗੇ?'' ਇਹ ਸੁਣ ਕੇ ਬੈਰਾੜ ਸਲਾਹ ਕਰਨ ਲੱਗੇ ਤੇ ਧਨ ਦੇ ਲੋਭ ਨੂੰ ਹਿਰਦੇ ਵਿਚ ਧਾਰਨ ਕੀਤਾ॥ ੧੦॥

ਕਹੈਂ 'ਨਹੀਂ ਗੁਰ ਸਿੱਖੀ ਧਰੈਂ। ਦਰਬ ਚਾਕਰੀ ਲੈਬੋ ਕਰੈਂ।
ਲਿਏ ਬਿਨਾ ਹਮ ਜਾਨਿ ਨ ਦੈਹੈਂ। ਜਾਨ ਦੇਹਿਂ ਤੋ ਪੁਨ ਕਿਤ ਪੈਹੈਂ॥ ੧੧॥

ਕਹਿਣ ਲੱਗੇ, ''ਅਸੀਂ ਗੁਰਸਿੱਖੀ ਧਾਰਨ ਨਹੀਂ ਕਰਾਂਗੇ, ਤਨਖਾਹ ਦਾ ਧਨ ਲਵਾਂਗੇ। ਲੈਣ ਤੋਂ ਬਗੈਰ ਅਸੀਂ ਜਾਣ ਨਾ ਦੇਵਾਂਗੇ। ਜੇ ਜਾਣ ਦੇਵਾਂਗੇ ਤੇ ਫਿਰ ਕਿੱਥੇ ਧਨ ਪਾਵਾਂਗੇ॥ ੧੧॥

ਦਰਬ ਛੋਰਿ ਸਿੱਖੀ ਕਿਮ ਧਾਰੇਂ। ਕਰਤਿ ਚਾਕਰੀ ਬਿਚਰੇ ਸਾਰੇ।
ਅਪਰ ਹੱਦ ਮਹਿਂ ਹਾਥ ਨ ਆਵੈ। ਅਪਨਿ ਸੀਮ ਯਾਂਤੇ ਅਟਕਾਵੈਂ॥ ੧੨॥

ਧਨ ਨੂੰ ਛੱਡ ਕੇ ਸਿੱਖੀ ਕਿਵੇਂ ਧਾਰਨ ਕਰੀਏ, ਤੁਹਾਡੀ ਨੌਕਰੀ ਕਰਦੇ ਸਾਰੇ ਫਿਰਦੇ ਰਹੇ ਹਾਂ। ਅਗਲੀ ਹੱਦ ਵਿਚ ਜਾ ਕੇ ਸਾਡੇ ਕੁਝ ਵੀ ਹੱਥ ਨਹੀਂ ਆਵੇਗਾ, ਇਸ ਕਰਕੇ ਆਪਣੀ ਹੱਦ ਉੱਤੇ ਰੋਕਦੇ ਹਾਂ''॥ ੧੨॥

ਸੁਨਿ ਸ੍ਰੀ ਪ੍ਰਭੁ ਨਿਜ ਧਨੁਖ ਸੰਭਾਰਾ। ਸਰ ਬਗਰਾਇ ਗਗਨ ਕੋ ਮਾਰਾ।
ਤੁਰਤ ਘਟਾ ਘਨ ਕੀ ਹੁਇ ਆਈ। ਬਹੀ ਬਾਉ ਊਚੇ ਗਰਜਾਈ॥ ੧੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣਾ ਧਨੁੱਖ ਸੰਭਾਲਿਆ ਤੇ ਚਿੱਲੇ ਉਤੇ ਤੀਰ ਰੱਖ ਕੇ ਅਕਾਸ਼ ਵੱਲ ਮਾਰਿਆ। ਉਸੇ ਵੇਲੇ ਬੱਦਲ ਦੀ ਘਨਘੋਰ ਘਟਾ ਚੜ੍ਹ ਕੇ ਆ ਗਈ, ਤੇਜ਼ ਹਵਾ ਚੱਲੀ ਤੇ ਬੱਦਲ ਬਹੁਤ ਉੱਚੀ ਗਰਜਿਆ॥ ੧੩॥

ਕਰਕਾ ਬਰਖੇ ਜਾਲ ਬਿਸਾਲਾ। ਅੰਗਨ ਲਾਗੇ ਚੋਟ ਕਰਾਲਾ।
ਬਹੁਰ ਪਰੈ ਬਰਖਾ ਬਹੁ ਬਾਰੀ। ਪਿਖਿ ਬਿਰਾੜ ਭਾਜੇ ਇਕ ਵਾਰੀ॥ ੧੪॥

ਗੜਿਆਂ ਦੀ ਭਾਰੀ ਵਰਸ਼ਾ ਹੋਣ ਲੱਗੀ ਤੇ ਉਹ ਸਰੀਰ ਨੂੰ ਵੱਜ ਕੇ ਬੜੀ ਸੱਟ ਲਾਉਂਦੇ ਸਨ। ਫਿਰ ਵਰਖਾ ਦਾ ਭਾਰੀ ਮੀਂਹ ਪੈਣ ਲੱਗਾ। ਬਿਰਾੜ ਵੇਖ ਕੇ ਇਕ ਵਾਰ ਭੱਜ ਉਠੇ॥ ੧੪॥

ਸਘਨ ਬਿਟਪ ਕੇ ਤਰੇ ਖਰੇ ਹੈਂ। ਲੇ ਲੇ ਕਰਿ ਨਿਜ ਓਟ ਥਿਰੇ ਹੈਂ।
ਸਿੰਘਨ ਲੇ ਕੰਬਰ ਬਰ ਤਾਨੇ। ਸਤਿਗੁਰ ਕੇ ਸਿਰ ਪਰ ਠਹਿਰਾਨੇ॥ ੧੫॥

ਬੇਹੜ ਦੇ ਸੰਘਣੇ ਦਰੱਖਤ ਦੇ ਥੱਲੇ ਖੜੇ ਸਨ, ਸਾਰੇ ਆਪਣੀ-ਆਪਣੀ ਓਟ ਲੈ ਕੇ ਖੜੇ ਸਨ। ਸਿੰਘ ਸ੍ਰੇਸ਼ਟ ਕੰਬਲ ਤਾਣ ਕੇ ਸਤਿਗੁਰੂ ਜੀ ਦੇ ਸਿਰ ਉੱਪਰ ਕਰਕੇ ਠਹਿਰ ਗਏ॥ ੧੫॥

ਸ੍ਰੀ ਪ੍ਰਭੁ ਖਪਰਾ ਹਾਥ ਨਿਕਾਰਾ। ਨਿਜ ਤੁਰੰਗ ਕੇ ਸਿਰ ਪਰ ਧਾਰਾ।
ਕਰਕਾ ਲਗਜੋ ਨ ਹਯ ਪਰ ਕੋਈ। ਖਰੇ ਰਹੇ ਤਿਸ ਥਲ ਥਿਰ ਹੋਈ॥ ੧੬॥

ਸਤਿਗੁਰੂ ਜੀ ਨੇ ਇਕ ਚੋੜੇ ਮੂੰਹ ਵਾਲਾ ਤੀਰ ਕੱਢਿਆ ਤੇ ਉਸ ਨੂੰ ਆਪਣੇ ਘੋੜੇ ਦੇ ਸਿਰ ਉੱਪਰ ਧਾਰਨ ਕੀਤਾ, ਜਿਸ ਕਰਕੇ ਕੋਈ ਗੜ੍ਹਾ ਘੋੜੇ ਦੇ ਸਿਰ ਨੂੰ ਨਾ ਵੱਜਾ ਤੇ ਉਸ ਸਥਾਨ ਵਿਖੇ ਸਥਿਰ ਹੋ ਕੇ ਖੜੇ ਰਹੇ॥ ੧੬॥

ਕੋਸ ਕੋਸ ਚਹੁੰਗਿਰਦੇ ਮਹਾਂ। ਕਰਕਾ ਜੁਤਿ ਬਰਖਜੋ ਜਲ ਤਹਾਂ।
ਤਿਸ ਥਲ ਹੀ ਡੇਰਾ ਕਰਿ ਦਯੋ। ਸਭਿ ਵਹੀਰ ਪਾਛਲ ਕੋ ਅਯੋ॥ ੧੭॥

ਚਾਰ-ਚੁਫੇਰੇ ਕੋਹ-ਕੋਹ ਤੱਕ ਗੜਿਆਂ ਸਹਿਤ ਬਹੁਤ ਜਲ ਵਰ੍ਹਿਆ। ਗੁਰੂ ਜੀ ਨੇ ਉਸ ਸਥਾਨ ਉੱਤੇ ਹੀ ਆਪਣਾ ਡੇਰਾ ਕਰ ਦਿੱਤਾ ਤੇ ਸਾਰੀ ਵਹੀਰ ਪਿੱਛੇ ਆ ਗਈ॥ ੧੭॥

ਤਿਸ ਵਹੀਰ ਮਹਿਂ ਇਕ ਸਿਖ ਆਯੋ। ਖੱਚਰ ਏਕ ਦਰਬ ਕੀ ਲਯਾਯੋ।
ਪਗ ਪੰਕਜ ਪਰ ਬੰਦਨ ਕਰਿਕੈ। ਜੇਤਿਕ ਧਨ ਸੋ ਆਗੇ ਧਰਿਕੈ॥ ੧੮॥

ਉਸ ਵਹੀਰ ਦੇ ਵਿਚ ਇਕ ਸਿੱਖ ਆਇਆ, ਉਹ ਧਨ ਨਾਲ ਲੱਦੀ ਹੋਈ ਇਕ ਖੱਚਰ ਲਿਆਇਆ। ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਬੰਦਨਾ ਕਰਕੇ, ਜਿੰਨਾ ਵੀ ਉਸ ਪਾਸ ਧਨ ਸੀ, ਉਸ ਨੂੰ ਗੁਰੂ ਜੀ ਦੇ ਅੱਗੇ ਧਰ ਦਿੱਤਾ॥ ੧੮॥

'ਮਹਾਰਾਜ ਇਹੁ ਲੇਹੁ ਖਜਾਨਾ। ਦਿਯੋ ਕੁਬੇਰ ਪੁਚਾਵਨ ਠਾਨਾ'।
ਸ੍ਰੀ ਗੁਰ ਕਹਜੋ 'ਗੋਨ ਮੁਖ ਖੋਲਹੁ। ਸਭਿ ਬੈਰਾੜਨਿ ਕੋ ਅਬਿ ਬੋਲਹੁ'॥੧੯॥

ਉਹ ਸਿੱਖ ਕਹਿਣ ਲੱਗਾ, "ਮਹਾਰਾਜ ਇਹ ਖਜ਼ਾਨਾ ਲਵੋ, ਕੁਬੇਰ ਨੇ ਆਪ ਜੀ ਪਾਸ ਪਹੁੰਚਾਉਣ ਵਾਸਤੇ ਭੇਜਿਆ ਹੈ।" ਸਤਿਗੁਰੂ ਜੀ ਨੇ ਕਿਹਾ, "ਛੱਟ ਦਾ ਮੂੰਹ ਖੋਲ੍ਹੋ, ਤੇ ਸਾਰੇ ਬੈਰਾੜਾਂ ਨੂੰ ਹੁਣ ਕਹੋ"॥ ੧੯॥

ਅਪਨੇ ਨਿਕਟ ਲਗਾਯਹੁ ਢੇਰ। ਆਧੀ ਮੁਹਰ ਰਜਤਪਣ ਹੇਰਿ।
ਇਤਨੇ ਮਹਿਂ ਬੁਲਾਇ ਕਰਿ ਲਯਾਏ। ਕਰਿ ਪੰਕਤ ਬੈਰਾੜ ਬਿਠਾਏ॥ ੨੦॥

ਗੁਰੂ ਜੀ ਨੇ ਆਪਣੇ ਪਾਸ ਢੇਰ ਲਾ ਲਿਆ। ਅੱਧੀਆਂ ਮੁਹਰਾਂ ਸਨ ਤੇ ਅੱਧੇ ਚਾਂਦੀ ਦੇ ਰੁਪਏ ਸਨ। ਏਨੇ ਵਿਚ ਬੈਰਾੜਾਂ ਨੂੰ ਬੁਲਾ ਲਿਆ ਤੇ ਪੰਗਤਾਂ ਬਣਵਾ ਕੇ ਬਿਠਾ ਲਏ॥ ੨੦॥

'ਲੇਹੁ ਚਾਕਰੀ ਲੇਖਾ ਕਰਿ ਕਰਿ। ਨਿਜ ਤੇ ਗੁਰ ਸਿੱਖੀ ਕੋ ਹਰਿ ਹਰਿ'।
ਆਨੇ ਅਸ਼ਟ ਦਏ ਅਸਵਾਰ। ਲਿਏ ਪਦਾਂਤੀ ਅਰਧ ਬਿਚਾਰ॥ ੨੧॥

"ਹਿਸਾਬ ਕਰ ਕਰਕੇ ਆਪਣੀ ਤਨਖਾਹ ਲੈਂਦੇ ਜਾਵੋ ਤੇ ਆਪਣੇ ਆਪ ਤੋਂ ਸਿੱਖੀ ਨੂੰ ਦੂਰ ਕਰਦੇ ਜਾਵੋ।" ਇਕ ਘੋੜ-ਸਵਾਰ ਨੂੰ ਅੱਠ ਆਨੇ ਦਿੱਤੇ ਤੇ ਪੈਦਲ ਨੂੰ ਵਿਚਾਰ ਕੇ ਇਸ ਤੋਂ ਅੱਧੇ ਦਿੱਤੇ॥ ੨੧॥

ਗਿਨ ਗਿਨ ਦੇਤਿ ਭਏ ਸਭਿਹੂਨਿ। ਪੈਦਲ ਇਕ ਸਵੂਰ ਕੋ ਦੂਨ।
ਤੁਰੰਗ ਪੰਚ ਸੈ ਗਨਤੀ ਆਏ। ਨੌ ਸੈ ਪੈਦਲ ਧਨ ਕੋ ਪਾਏ॥ ੨੨॥

ਸਾਰਿਆਂ ਨੂੰ ਗਿਣ-ਗਿਣ ਕੇ ਦੇ ਰਹੇ ਸਨ। ਪੈਦਲ ਨੂੰ ਇਕ ਤੇ ਸਵਾਰ ਨੂੰ ਉਸ ਨਾਲੋਂ ਦੂਣੇ ਦਿੰਦੇ ਸਨ। ਪੰਜ ਸੌ ਘੋੜਾ ਗਿਣਤੀ ਵਿਚ ਆਇਆ ਤੇ ਨੌ ਸੌ ਪੈਦਲ ਨੇ ਧਨ ਪ੍ਰਾਪਤ ਕੀਤਾ॥ ੨੨॥

ਜਬਿ ਸਭਿਹੂੰਨਿ ਚਾਕਰੀ ਲੀਨਿ। ਦਰਬ ਹੇਰਿ ਕਰਿ ਆਨੰਦ ਪੀਨ।
ਸ੍ਰੀ ਮੁਖ ਤੇ ਬੋਲੇ ਹਿਤ ਨਾਲੀ। 'ਆਵਹੁ ਦਾਨ ਸਿੰਘ ਅਸੁਪਾਲੀ॥ ੨੩॥

ਜਦ ਸਾਰਿਆਂ ਨੇ ਆਪਣੀਆਂ ਤਨਖਾਹਾਂ ਲੈ ਲਈਆਂ ਤਾਂ ਉਨ੍ਹਾਂ ਨੇ ਧਨ ਵੇਖ ਕੇ ਬੜਾ ਅਨੰਦ ਪ੍ਰਾਪਤ ਕੀਤਾ। ਫਿਰ ਸਤਿਗੁਰੂ ਜੀ ਹਿਤ ਨਾਲ ਬੋਲੇ, "ਘੋੜੇ ਪਾਲਣ ਵਾਲੇ ਦਾਨ ਸਿੰਘ ਤੁਸੀਂ ਵੀ ਆਵੋ॥ ੨੩॥

ਦਰਬ ਚਾਕਰੀ ਕੋ ਬਰਤੰਤੇ। ਤੁਵ ਸੰਗੀ ਸਭਿ ਲੇਨਿ ਕੁਰੰਤੇ।
ਤੂੰ ਭੀ ਲਿਹੁ ਲੇਖਾ ਨਿਜ ਕਰਿਕੇ। ਅੱਗ੍ਰ ਨੌਕਰੀ ਕਰਿ ਮੁਦ ਧਰਿਕੇ' ॥ ੨੪॥

ਨੌਕਰੀ ਕਰਨ ਦੇ ਤਨਖਾਹ ਦਾ ਧਨ ਤੇਰੇ ਸਾਰੇ ਸਾਥੀਆਂ ਨੇ ਲੈ ਲਿਆ ਹੈ। ਤੁਸੀਂ ਵੀ ਆਪਣਾ ਹਿਸਾਬ ਕਰਕੇ ਲੈ ਲਵੋ ਤੇ ਪ੍ਰਸੰਨਤਾ ਧਾਰ ਕੇ ਅੱਗੇ ਵੀ ਨੌਕਰੀ ਕਰੋ"॥ ੨੪॥

ਸੁਨਿ ਕੈ ਦਾਨ ਸਿੰਘ ਕਰ ਜੋਰੇ। 'ਦੂਧ ਪੂਤ ਧਨ ਸਭਿ ਘਰ ਮੋਰੇ।
ਕ੍ਰਿਪਾ ਕਰਹੁ ਸਿੱਖੀ ਮੁਝ ਦੀਜੈ। ਅਪਨੋ ਜਾਨਿ ਬਖਸ਼ ਕਰਿ ਲੀਜੈ' ॥ ੨੫॥

ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜ ਕੇ ਕਿਹਾ, "ਦੁੱਧ ਪੁੱਤ, ਧਨ ਸਭ ਕੁਝ ਮੇਰੇ ਘਰ ਵਿਚ ਹੈ। ਕਿਰਪਾ ਕਰਕੇ ਮੈਨੂੰ ਸਿੱਖੀ ਦੀ ਦਾਤ ਦੇਵੋ ਤੇ ਆਪਣਾ ਜਾਣ ਕੇ ਬਖਸ਼ ਲਵੋ"॥ ੨੫॥

ਪੁਨ ਗੁਰ ਭਨਜੇ 'ਮਿਲਨ ਸੰਗ ਭਾਈ। ਤਿਨ ਹੀ ਸਮ ਤੁਝ ਕੋ ਬਨਿ ਆਈ।
ਹਾਨ ਲਾਭ ਤਿਨ ਕੋ ਸਮ ਜਾਨਹੁਂ। ਭ੍ਰਾਤਨਿ ਤੇ ਬਿਛੁਰਨ ਨਹਿਂ ਠਾਨਹੁਂ ॥੨੬॥

ਫਿਰ ਗੁਰੂ ਜੀ ਨੇ ਕਿਹਾ, "ਭਰਾਵਾਂ ਨਾਲ ਰਲਣਾ ਚਾਹੀਦਾ ਹੈ, ਉਨ੍ਹਾਂ ਵਾਂਗ ਹੀ ਕਰਨਾ ਤੈਨੂੰ ਬਣਦਾ ਹੈ। ਆਪਣਾ ਹਾਣ ਲਾਭ ਉਨ੍ਹਾਂ ਵਾਂਗ ਜਾਣੋ ਤੇ ਆਪਣੇ ਭਰਾਵਾਂ ਨਾਲੋਂ ਨਾ ਵਿਛੜੋ॥ ੨੬॥

ਜਿਮ ਸਭਿ ਕਰੈਂ ਜੋਗ ਤਿਮ ਕਰਿਬੋ। ਪ੍ਰਿਥਕ ਹੋਨਿ ਕੀ ਕਜੋਂ ਤ੍ਰਿਟਿ ਧਰਿਬੋ ?'।
ਦਾਨ ਸਿੰਘ ਕਹਿ 'ਕ੍ਰਿਪਾ ਕਰੀਜੈ। ਇਨਕੇ ਸਾਥ ਨ ਮੋਹਿ ਮਿਲੀਜੈ॥ ੨੭॥

ਜਿਵੇਂ ਤੇਰੇ ਸਾਰੇ ਭਰਾ ਕਰਦੇ ਹਨ, ਉਸ ਤਰ੍ਹਾਂ ਹੀ ਤੁਹਾਨੂੰ ਕਰਨਾ ਯੋਗ ਬਣਦਾ ਹੈ, ਵੱਖ ਹੋਣ ਦੀ ਕਿਉਂ ਇੱਛਾ ਧਾਰਨ ਕੀਤੀ ਹੈ ?" ਦਾਨ ਸਿੰਘ ਨੇ ਕਿਹਾ, "ਕਿਰਪਾ ਕਰੋ, ਇਨ੍ਹਾਂ ਦੇ ਨਾਲ ਮੈਨੂੰ ਨਾ ਮਿਲਾਓ॥ ੨੭॥

ਅਪਰ ਸਰਬ ਕੁਛ ਹੈ ਘਰ ਮੇਰੇ। ਅਬਿ ਸਿੱਖੀ ਦੀਜਹਿ ਲਖਿ ਚੇਰੇ'।
ਸੁਨਿ ਪ੍ਰਸੰਨ ਹ੍ਵੈ ਕਰਿ ਗੁਰ ਭਾਖਯੋ। 'ਸਿੱਖੀ ਕੋ ਬੀਰਜ ਤੈਂ ਰਾਖਯੋ॥ ੨੮॥

ਹੋਰ ਸਭ ਕੁਝ ਮੇਰੇ ਘਰ ਵਿਚ ਹੈ, ਹੁਣ ਆਪਣੀ ਸਿੱਖੀ ਦੇਵੋ ਤੇ ਮੈਨੂੰ ਆਪਣਾ ਸੇਵਕ ਜਾਣੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਤੂੰ ਬੈਰਾੜਾਂ ਵਿਚ ਸਿੱਖੀ ਦਾ ਬੀਜ ਰੱਖ ਲਿਆ ਹੈ॥ ੨੮॥

ਇਸੀ ਬੀਜ ਤੇ ਸਗਰੇ ਦੇਸ਼। ਦਿਨ ਦਿਨ ਪ੍ਰਤਿ ਵਧਿ ਜਾਇ ਵਿਸ਼ੇਸ਼।
ਭਲੋ ਦੇਸ ਜੰਗਲ ਕੋ ਕਰਜੋ। ਬਡ ਉਪਕਾਰ ਕਰਨ ਹਿਤ ਧਰਜੋ॥ ੨੯॥

ਇਸ ਬੀਜ ਕਰਕੇ ਸਾਰੇ ਦੇਸ਼, ਦਿਨ ਦਿਨ ਪ੍ਰਤੀ ਵਿਸ਼ੇਸ਼ ਤੌਰ ਤੇ ਵਧਣਗੇ। ਤੂੰ ਮਾਲਵੇ ਦੇਸ਼ ਦਾ ਭਲਾ ਕਰ ਦਿੱਤਾ ਹੈ। ਵੱਡਾ ਉਪਕਾਰ ਕਰਨ ਵਾਸਤੇ ਹਿਤ ਧਾਰਿਆ ਹੈ॥ ੨੯॥

ਜਿਮ ਸਭਿ ਮਾਝੇ ਕੀ ਵਡਿਆਈ। ਮਹਾਂ ਸਿੰਘ ਨੇ ਰਾਖਿ ਦਿਖਾਈ।
ਦੇਸ਼ ਮਾਲਵੇ ਕੀ ਅਬਿ ਰਾਖੀ। ਉਪਜਹਿਂ ਸਿੱਖੀ ਕੇ ਅਭਿਲਾਖੀ॥ ੩੦॥

ਜਿਵੇਂ ਸਾਰੇ ਮਾਝੇ ਦੀ ਵਡਿਆਈ, ਮਹਾਂ ਸਿੰਘ ਨੇ ਰੱਖ ਕੇ ਵਿਖਾਦੀ ਸੀ, ਉਸ ਪ੍ਰਕਾਰ ਹੀ ਮਾਲਵੇ ਦੇਸ਼ ਦੀ ਤੂੰ ਵਡਿਆਈ ਰੱਖ ਲਈ ਹੈ। ਏਥੇ ਸਿੱਖੀ ਦੇ ਅਭਿਲਾਸ਼ੀ ਪ੍ਰਗਟ ਹੋਣਗੇ॥ ੩੦॥

ਅਬਿ ਤੂੰ ਜਗਤ ਜੂਠ ਤਜਿ ਦੇਹੂ। ਬਨਹੁਂ ਸਿੱਖ ਪਾਹੁਲ ਕਹੁ ਲੇਹੂ'।
ਕਹੈ ਸੁ 'ਉਦਰ ਅਫਰ ਮਮ ਜਾਵਹਿ। ਤਜਹੁਂ ਕਸ਼ਟ ਹੁਇ ਕੌਨ ਬਚਾਵਹਿ' ॥੩੧॥

ਹੁਣ ਤੰਬਾਕੂ ਨੂੰ ਛੱਡ ਦੇਵੇਂ ਤੇ ਅੰਮ੍ਰਿਤ ਛੱਕ ਕੇ ਸਿੱਖ ਬਣ ਜਾਵੇਂ।'' ਦਾਨ ਸਿੰਘ ਨੇ ਕਿਹਾ, ''ਮੇਰਾ ਪੇਟ ਆਫਰ ਜਾਂਦਾ ਹੈ, ਤੰਬਾਕੂ ਛੱਡਣ ਨਾਲ ਬਹੁਤ ਕਸ਼ਟ ਹੁੰਦਾ ਹੈ, ਇਸ ਤੋਂ ਕੌਣ ਬਚਾਵੇਗਾ''॥ ੩੧॥

ਸ੍ਰੀ ਮੁਖ ਕਹਜੋ 'ਕਸ਼ਟ ਤੁਵ ਟਾਰੇ। ਸਿਰ ਪਰ ਕਰੀਅਹਿ ਕੇਸਨਿ ਧਾਰੇ।
ਸਿੱਖ ਸੰਪੂਰਨ ਹੀ ਅਬਿ ਬਨੋ। ਦੁਰਮਤਿ ਜਗ ਕੀ ਦੀਰਘ ਹਨੋ'॥ ੩੨॥

ਸਤਿਗੁਰੂ ਜੀ ਨੇ ਫਿਰ ਕਿਹਾ, ''ਤੇਰਾ ਕਸ਼ਟ ਦੂਰ ਕਰ ਦਿੰਦੇ ਹਾਂ, ਆਪਣੇ ਸਿਰ ਉੱਪਰ ਕੇਸ ਧਾਰਨ ਕਰ ਲਵੋ। ਹੁਣ ਸੰਪੂਰਣ ਸਿੱਖ ਬਣੋ ਤੇ ਜਗਤ ਦੀ ਭੈੜੀ ਮੱਤ ਨੂੰ ਦੂਰ ਕਰੋ''॥ ੩੨॥

ਸੁਨਿ ਬੋਲਜੋ 'ਕਜੋਂ ਕੇਸ ਰਖਾਵਹੁ। ਬਿਨਾ ਕੇਸ ਤੇ ਸਿਖ ਲਖਿ ਪਾਵਹੁ'।
'ਦਾਨ ਸਿੰਘ ਸੁਨਿ ਕਾਰਨ ਯਾਂਕੋ। ਹੇਰਹਿਂ ਪਰਜੋ ਨਰਕ ਸਿਖ ਜਾਂਕੋ॥ ੩੩॥

ਉਹ ਸੁਣ ਕੇ ਬੋਲਿਆ, ''ਕੇਸ ਕਿਉਂ ਰਖਵਾਉਂਦੇ ਹੋ, ਕੇਸਾਂ ਤੋਂ ਬਗੈਰ ਹੀ ਸਿੱਖ ਸਮਝ ਲਵੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਹੇ ਦਾਨ ਸਿੰਘ! ਇਸ ਦਾ ਕਾਰਨ ਸੁਣੋ, ਜਦ ਕਿਸੇ ਸਿੱਖ ਨੂੰ ਨਰਕ ਵਿਚ ਪਿਆ ਵੇਖਾਂਗੇ॥ ੩੩॥

ਕੇਸਨ ਤੇ ਹਮ ਲੇਹਿਂ ਪਛਾਨ। ਚਹੈਂ ਬਚਾਵਨ ਕਸ਼ਟ ਮਹਾਂਨ।
ਕੇਸਨ ਤੇ ਗਹਿ ਤੁਰਤ ਨਿਕਾਰਹਿਂ। ਅਪਨੀ ਲਾਗੀ ਛਾਪ ਬਿਚਾਰਹਿਂ' ॥੩੪॥

ਇਕ ਸਿੰਘ ਨੂੰ ਕੇਸਾਂ ਤੋਂ ਪਛਾਣ ਲਵਾਂਗੇ ਤੇ ਫਿਰ ਉਸਨੂੰ ਮਹਾਨ ਕਸ਼ਟ ਤੋਂ ਬਚਾ ਲਵਾਂਗੇ। ਕੇਸਾਂ ਤੋਂ ਫੜ ਕੇ ਤੁਰਤ ਬਾਹਰ ਕੱਢਾਂਗੇ ਤੇ ਆਪਣੀ ਲੱਗੀ ਮੋਹਰ 'ਤੇ ਵਿਚਾਰ ਕਰਾਂਗੇ''॥ ੩੪॥

ਸੁਨਿ ਕੈ ਦਾਨ ਸਿੰਘ ਤਿਸ ਕਾਲਾ। ਜਿਸ ਕੇ ਮੁਖ ਪਰ ਸ਼ਮਸ਼ ਬਿਸਾਲਾ।
ਦੋਨਹੁਂ ਹਾਥਨ ਗਹਿ ਕਰਿ ਸੋਈ। ਬੋਲਜੋ ਪ੍ਰਭੁ ਸੋਂ ਸਨਮੁਖ ਹੋਈ॥ ੩੫॥

ਉਸ ਸਮੇਂ ਦਾਨ ਸਿੰਘ ਸੁਣ ਕੇ, ਜਿਸ ਦੇ ਮੁਖ ਉੱਪਰ ਵੱਡੀ ਦਾਹੜੀ ਸੀ, ਉਸ ਨੂੰ ਦੋਵਾਂ ਹੱਥਾਂ ਨਾਲ ਫੜ ਕੇ ਸਤਿਗੁਰੂ ਜੀ ਦੇ ਸਾਹਮਣੇ ਹੋ ਕੇ ਬੋਲਿਆ॥ ੩੫॥

'ਇਸ ਤੇ ਆਪ ਚਿਨਾਰੀ ਧਰੀਅਹਿ। ਗਹਿ ਕੈ ਸ਼ਮਸ਼ ਨਿਕਾਸਨ ਕਰੀਅਹਿ'।
ਸੁਨਿ ਕੈ ਸਤਿਗੁਰ ਹਾਥ ਰੁਮਾਲ। ਕਰਿ ਮੁਖ ਆਗੇ ਹਸੇ ਬਿਸਾਲ॥ ੩੬॥

''ਇਸ ਤੋਂ ਆਪ ਜੀ ਪਛਾਣ ਧਾਰਨ ਕਰੋ, ਦਾੜ੍ਹੀ ਫੜ ਕੇ ਬਾਹਰ ਕੱਢ ਲਵੋ।'' ਇਹ ਸੁਣ ਸਤਿਗੁਰੂ ਜੀ ਹੱਥ ਵਿਚ ਰੁਮਾਲ ਫੜ ਕੇ ਆਪਣੇ ਮੁਖ ਅੱਗੇ ਕਰਕੇ ਬਹੁਤ ਹੱਸੇ॥ ੩੬॥

'ਬਾਕ ਆਪ ਕੋ ਮੈਂ ਨ ਹਟਾਵੋਂ। ਸਿਰ ਪਰ ਰਖਿਕੈ ਕੇਸ ਵਧਾਵੋਂ।
ਜਗਤਜੂਠ ਤਜਿ ਪਾਹੁਲ ਲੈ ਹੋਂ। ਗੁਰਸਿੱਖੀ ਕੇ ਪੰਥ ਚਲੈ ਹੋਂ'॥ ੩੭॥

ਇਹ ਵੇਖ ਕੇ ਦਾਨਾ ਬੋਲਿਆ, "ਮੈਂ ਆਪ ਜੀ ਦੇ ਹੁਕਮ ਨੂੰ ਮੋੜਦਾ ਨਹੀਂ ਹਾਂ, ਸਿਰ ਉੱਪਰ ਕੇਸ ਰੱਖ ਕੇ ਵਧਾਵਾਂਗਾ।" ਤੰਬਾਕੂ ਛੱਡ ਕੇ ਅੰਮ੍ਰਿਤ ਛਕਾਂਗਾ ਤੇ ਗੁਰਸਿੱਖੀ ਦੇ ਪੰਥ ਵਿਚ ਚੱਲਾਂਗਾ"॥ ੩੭॥

ਇਮ ਕਹਿ ਭਯੋ ਪ੍ਰਭੂ ਅਨੁਸਾਰੀ। ਅੰਮ੍ਰਿਤ ਲੇ ਗੁਰ ਫਤੇ ਉਚਾਰੀ।
ਪੁਨ ਬੈਰਾੜ ਦਰਬ ਕੋ ਪਾਏ। ਮਿਲਿ ਆਪਸ ਮਹਿਂ ਉਠਿ ਹਰਖਾਏ॥ ੩੮॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਿਆ ਤੇ ਅੰਮ੍ਰਿਤ ਛੱਕ ਕੇ ਗੁਰੂ ਜੀ ਨੂੰ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਉਚਾਰਨ ਕੀਤੀ ਫਿਰ ਬੈਰਾੜਾਂ ਨੇ ਧਨ ਪ੍ਰਾਪਤ ਕੀਤਾ, ਆਪਸ ਵਿਚ ਮਿਲ ਕੇ ਉੱਠ ਕੇ ਬਹੁਤ ਪ੍ਰਸੰਨ ਹੋਏ॥ ੩੮॥

'ਧਰਜੋ ਗੁਰੂ ਢਿਗ ਦਰਬ ਘਨੇਰਾ। ਏਕ ਫਰੇਬ ਕਰਹੁ ਇਸ ਬੇਰਾ।
ਜਿਸ ਤੇ ਪ੍ਰਾਪਤ ਹ੍ਵੈ ਧਨ ਆਨ'। ਗਏ ਗੁਰੂ ਢਿਗ ਮਸਲਤ ਠਾਨਿ॥ ੩੯॥

"ਗੁਰੂ ਜੀ ਪਾਸ ਬਹੁਤ ਧਨ ਧਰਿਆ ਹੈ, ਇਸ ਸਮੇਂ ਇਕ ਫ਼ਰੇਬ ਕਰੋ, ਜਿਸ ਕਰਕੇ ਸਾਨੂੰ ਹੋਰ ਧਨ ਪ੍ਰਾਪਤ ਹੋ ਜਾਵੇ।" ਫਿਰ ਸਲਾਹ ਕਰਕੇ ਗੁਰੂ ਜੀ ਪਾਸ ਗਏ॥ ੩੯॥

'ਕਰਨਿ ਚਾਕਰੀ ਜਬਿ ਹਮ ਆਏ। ਇਕ ਆਯਹੁ ਇਕ ਘਰੋਂ ਟਿਕਾਏ।
ਦ੍ਵੈ ਨੇ ਦ੍ਵੈ ਤੀਨਹੁਂ ਨੇ ਤੀਨ। ਤਜਿ ਤਜਿ ਸਦਨ ਆਇਬੋ ਕੀਨ॥ ੪੦॥

ਬੈਰਾੜ ਕਹਿਣ ਲੱਗੇ, "ਜਦ ਅਸੀਂ ਨੌਕਰੀ ਕਰਨ ਆਏ ਸੀ ਤਾਂ ਇਕ ਭਰਾ ਆਇਆ ਇਕ ਘਰ ਵਿਚ ਟਿਕਾਇਆ ਸੀ। ਦੋ ਨੇ ਦੋ ਟਿਕਾਏ ਸਨ ਤੇ ਤਿੰਨਾਂ ਨੇ ਤਿੰਨ ਟਿਕਾਏ ਸਨ। ਅਸੀਂ ਸਾਰੇ ਘਰ ਛੱਡ ਛੱਡ ਕੇ ਆ ਗਏ॥ ੪੦॥

ਯਾਂਤੇ ਦੁਹਰੋ ਦਿਹੁ ਦਰਮਾਹਾਂ। ਜੋ ਹਮ ਜੈ ਕੈ ਦੇਂ ਘਰ ਮਾਹਾਂ।
ਨਤੁ ਸਭਿ ਤੇ ਧਨ ਆਧੋ ਲੈ ਹੈਂ। ਕਹਾਂ ਨਿਕਟ ਰਖਿ ਹਮ ਤਬਿ ਖੈ ਹੈਂ॥ ੪੧॥

ਇਸ ਕਰਕੇ ਸਾਨੂੰ ਦੂਹਰੀ ਮਾਸਕ ਤਨਖਾਹ ਦੇਵੋ, ਜਿਹੜੀ ਅਸੀਂ ਆਪਣੇ ਘਰ ਵਿਚ ਜਾ ਕੇ ਦੇਈਏ। ਨਹੀਂ ਤਾਂ ਸਾਰਿਆਂ ਨਾਲੋਂ ਅੱਧਾ ਧਨ ਲੈਂਦੇ ਹਾਂ ਤੇ ਘਰ ਕਿੱਥੇ ਰੱਖ ਕੇ ਫਿਰ ਅਸੀਂ ਖਾਵਾਂਗੇ॥ ੪੧॥

ਗੁਰ ਸਿੱਖੀ ਤੇ ਭੇ ਸਭਿ ਊਨੀ। ਅਬਿ ਤੇ ਦੇਹੁ ਚਾਕਰੀ ਦੂਨੀ।
ਲੇ ਕਰਿ ਧਨ ਕੁਟੰਬ ਕੋ ਪਾਰਹਿਂ। ਕਰਹਿਂ ਨੌਕਰੀ ਸੰਗ ਸਿਧਾਰਹਿਂ॥ ੪੨॥

ਗੁਰਸਿੱਖੀ ਤੋਂ ਵੀ ਸਾਰੇ ਖਾਲੀ ਰਹਿ ਗਏ ਹਾਂ, ਹੁਣ ਤਾਂ ਦੂਣੀ ਤਨਖਾਹ ਦੇਵੋ। ਜਿਹੜਾ ਧਨ ਲੈ ਕੇ ਆਪਣੇ ਪਰਿਵਾਰ ਨੂੰ ਪਾਲੀਏ। ਨੌਕਰੀ ਕਰਾਂਗੇ ਤੇ ਨਾਲ ਜਾਵਾਂਗੇ"॥ ੪੨॥

ਸੁਨਿ ਕ੍ਰਿਪਾਲ ਤਿਨ ਕੀ ਬੁਧਿ ਹੀਨ। ਦਰਮਾਹਾਂ ਦੂਨਾਂ ਤਬਿ ਦੀਨ।
ਸ਼ੇਸ਼ ਰਜਤਪਣ ਅਰੁ ਦੀਨਾਰ। ਬਚੇ ਸੁ ਗਾਡੇ ਧਰਾ ਮਝਾਰ॥ ੪੩॥

ਸਤਿਗੁਰੂ ਜੀ ਨੇ ਸੁਣਿਆ ਕਿ ਇਨ੍ਹਾਂ ਦੀ ਬੁਧੀ ਹੀਣੀ ਹੈ ਤਾਂ ਮਾਸਕ ਤਨਖਾਹ ਉਨ੍ਹਾਂ ਨੂੰ ਦੂਣੀ ਦੇ ਦਿੱਤੀ। ਚਾਂਦੀ ਦੇ ਰੁਪਏ ਅਤੇ ਮੁਹਰਾਂ ਜਿਹੜੀਆਂ ਬਾਕੀ ਬਚ ਗਈਆਂ, ਉਨ੍ਹਾਂ ਨੂੰ ਧਰਤੀ ਵਿਚ ਨੱਪ ਦਿੱਤਾ॥ ੪੩॥

ਨਾਮ ਗੁਪਤਸਰ ਥਲ ਕੋ ਰਾਖਜੋ। 'ਦਰਬ ਗੁਪਤ ਆਨਜੋਂ' ਅਭਿਲਾਖਜੋ।
ਨਿਜ ਨਿਜ ਡੇਰਨਿ ਜਾਇ ਬਿਰਾੜ। ਕਰਹਿਂ ਪਰਸਪਰ ਬਾਤ ਉਘਾੜ॥ ੪੪॥

ਤੇ ਉਸ ਸਥਾਨ ਦਾ ਨਾਮ ਗੁਪਤਸਰ ਰੱਖ ਦਿੱਤਾ, "ਧਨ ਗੁਪਤ ਆਇਆ ਹੈ" ਇੰਝ ਨਾਮ ਰੱਖਣ ਦੀ ਅਭਿਲਾਸ਼ਾ ਕੀਤੀ। ਫਿਰ ਬਿਰਾੜ ਆਪਣੇ-ਆਪਣੇ ਡੇਰਿਆਂ ਵਿਚ ਚਲੇ ਗਏ ਤੇ ਆਪਸ ਵਿਚ ਉੱਚੀ-ਉੱਚੀ ਗੱਲਾਂ ਕਰਦੇ ਸਨ॥ ੪੪॥

'ਬਰਛੀ ਕੀ ਸੁ ਅਨੀ ਪਰ ਦਰਬੰ। ਏਕ ਬਾਰ ਲਿਯ ਗੁਰ ਤੇ ਸਰਬੰ।
ਦੂਨੋ ਲਿਯੋ ਸਭਿਨਿ ਦਰਮਾਹਾਂ। ਬਿਲਮ ਨ ਲਗੀ ਏਕ ਛਿਨ ਮਾਂਹਾ ॥੪੫॥

"ਅਸੀਂ ਬਰਛੀ ਦੀ ਨੋਕ 'ਤੇ ਧਨ ਲਿਆ ਹੈ, ਇਕ ਵਾਰ ਹੀ ਸਾਰਿਆਂ ਨੇ ਗੁਰੂ ਜੀ ਪਾਸੋਂ ਲਿਆ ਹੈ। ਸਾਰਿਆਂ ਨੇ ਦੂਣਾ ਮਾਸਕ ਵੇਤਨ ਲਿਆ ਹੈ। ਕੋਈ ਦੇਰ ਨਹੀਂ ਲੱਗੀ ਹੈ, ਇਕ ਛਿਣ ਵਿਚ ਲੈ ਲਿਆ ਹੈ" ॥ ੪੫ ॥

ਇਕ ਸਿਖ ਤਿਨ ਤੇ ਸੁਨਿ ਕਰਿ ਗਯੋ। ਪ੍ਰਭੁ ਸਮੀਪ ਕਹਤਿ ਸੋ ਭਯੋ।
'ਪਾਤਸ਼ਾਹੁ ਬਿਗੜੇ ਬੈਰਾੜ। ਬਸਿਬੇਹਾਰ ਉਜਾੜ ਸੁ ਝਾੜ॥ ੪੬॥

ਉਨ੍ਹਾਂ ਪਾਸੋਂ ਇਕ ਸਿੱਖ ਸੁਣ ਕੇ ਗੁਰੂ ਜੀ ਪਾਸ ਗਿਆ, ਤੇ ਸਤਿਗੁਰੂ ਜੀ ਦੇ ਪਾਸ ਜਾ ਕੇ ਕਹਿਣ ਲੱਗਾ, " ਹੇ ਸੱਚੇ ਪਾਤਸ਼ਾਹ ! ਬੈਰਾੜ ਬੜੇ ਵਿਗੜ ਗਏ ਹਨ ਜਿਹੜੇ ਉਜਾੜ ਵਿਚ ਝਾੜੀਆਂ ਵਿਚ ਰਹਿੰਦੇ ਹਨ॥ ੪੬॥

ਬਰਛੀ ਅਣੀ ਸਾਥ ਧਨ ਲੀਨ। ਗੁਰ ਤੇ ਬਿਲਮ ਨ ਲਗਿਬੇ ਦੀਨ।
ਕਹਿ ਕਹਿ ਆਪਸ ਮਹਿਂ ਬਹੁ ਹਸੈਂ। ਤੁਮਰੋ ਪ੍ਰੇਮ ਨ ਮਹਿਮਾ ਬਸੈ' ॥੪੭॥

ਬਰਛੀ ਦੀ ਨੋਕ ਨਾਲ ਅਸੀਂ ਧਨ ਲਿਆ ਹੈ, ਗੁਰੂ ਜੀ ਪਾਸ ਕਿਸੇ ਪ੍ਰਕਾਰ ਦੀ ਦੇਰ ਨਹੀਂ ਹੋਣ ਦਿੱਤੀ ਹੈ। ਆਪਸ ਵਿਚ ਕਹਿ-ਕਹਿ ਬਹੁਤ ਹੱਸਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਤੁਹਾਡਾ ਪ੍ਰੇਮ ਅਤੇ ਮਹਿਮਾ ਨਹੀਂ ਵੱਸਦੀ ਹੈ" ॥ ੪੭॥

ਸੁਨਿ ਕਰਿ ਸ੍ਰੀ ਮੁਖ ਤੇ ਕਹਿ ਤਬੈ। 'ਹਮਰੋ ਹੋਇ ਖਾਲਸਾ ਜਬੈ।
ਚੋਟ ਨੋਕ ਕੀ ਕਰਿ ਉਤ ਲੈਹੈ। ਦਰਬ ਸਹੰਸ੍ਰ ਗੁਣਾ ਸਭਿ ਦੈਹੈਂ॥ ੪੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ ਕਿ "ਜਦ ਸਾਡਾ ਖਾਲਸਾ ਹੋਵੇਗਾ ਤਾਂ ਉਹ ਜੁੱਤੀ ਦੀ ਨੋਕ ਦੀ ਚੋਟ ਨਾਲ ਸੈਂਕੜੇ ਗੁਣਾਂ ਵਧ ਧਨ ਲਵੇਗਾ ਅਤੇ ਸਾਰੇ ਦੇਣਗੇ॥ ੪੮॥

ਖੋਯੋ ਰਾਜ ਨ ਹੋਹਿ ਜਮੱਯਤ। ਬਸਹਿਂ ਖਾਲਸੇ ਕੀ ਹੁਇ ਰੱਯਤ।
ਅਪਨੋ ਕਾਰਜ ਆਪ ਬਿਗਾਰਾ। ਮੂਢ ਅਜਾਨ ਹਰਖ ਪੁਨ ਧਾਰਾ॥ ੪੯॥

ਗਵਾਚਾ ਹੋਇਆ ਰਾਜ ਫਿਰ ਪ੍ਰਾਪਤ ਨਹੀਂ ਹੋਵੇਗਾ ਤੇ ਖਾਲਸੇ ਦੀ ਪਰਜਾ ਹੋ ਕੇ ਰਹਿਣਗੇ। ਇਨ੍ਹਾਂ ਨੇ ਆਪਣਾ ਕਾਰਜ ਆਪ ਵਿਗਾੜਿਆ ਹੈ। ਅੰਞਾਣ ਮੂਰਖਾਂ ਨੇ ਪ੍ਰਸੰਨਤਾ ਧਾਰਨ ਕੀਤੀ ਹੈ" ॥ ੪੯ ॥

*ਪਹਿਲੇ ਐਨ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥*

## *ਅਧਿਆਇ ਅਠਾਰ੍ਹਵਾਂ*

### *ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਇਆ, ਦਿਵਾਨੇ ਨੂੰ ਬਖਸ਼ਿਸ਼*

ਦੋਹਰਾ- ਬਹਿਮੀ ਹੁਤੋ ਫਕੀਰ ਤਹਿਂ ਮੁਸਲਮਾਨ ਕਾ ਥਾਨ।
ਗੋਰ ਬਣਾਈ ਦੀਰਘਾ ਮਿਣ ਨੌ ਹਾਥ ਪ੍ਰਮਾਣ॥ ੧॥

ਬਹਿਮੀ ਸ਼ਾਹ ਇਕ ਮੁਸਲਮਾਨ ਫਕੀਰ ਸੀ, ਉਸ ਦਾ ਉਥੇ ਸਥਾਨ ਸੀ, ਉਸ ਨੇ ਨੌਂ ਹੱਥ ਮਿਣ ਕੇ ਬੜੀ ਵੱਡੀ ਕਬਰ ਬਣਵਾਈ ਸੀ॥ ੧॥

ਚੌਪਈ- ਪ੍ਰਥਮ ਜੀਵਤੇ ਸੋ ਬਨਿਵਾਈ। ਲਾਇ ਰੇਖਤਾ ਦਿਢ ਕਰਵਾਈ।
ਮੋਰੀ ਅਲਪ ਰਖੀ ਤਿਸ ਮਾਂਹੀ। ਮਰਣ ਲਗੇ ਪ੍ਰਵਿਸ਼ਨ ਵਿਚ ਤਾਂਹੀ ॥੨॥

ਉਸ ਨੇ ਪਹਿਲਾਂ ਜੀਊਂਦਿਆਂ ਹੀ ਬਣਵਾ ਲਈ ਸੀ, ਚੂਨੇ ਗਚ ਇੱਟਾਂ ਲਵਾ ਕੇ ਪੱਕੀ ਕਰਵਾਈ ਸੀ। ਉਸ ਵਿਚ ਇਕ ਛੋਟੀ ਮੋਰੀ ਰੱਖੀ। ਮਰਨ ਲੱਗੇ ਨੇ ਉਸ ਵਿਚ ਪ੍ਰਵੇਸ਼ ਕਰਨਾ ਸੀ॥ ੨॥

ਸੋ ਸਤਿਗੁਰ ਕੇ ਢਿਗ ਚਲਿ ਆਯੋ। ਪਗ ਪੰਕਜ ਪਰ ਸੀਸ ਨਿਵਾਯੋ।
ਮਣ ਇਕ ਘ੍ਰਿਤ ਸੋ ਮਣ ਮਿਸ਼ਟਾਨ। ਮਣ ਮੈਦਾ ਦੀਨਸਿ ਤਿਸ ਆਨਿ ॥੩॥

ਉਹ ਸਤਿਗੁਰੂ ਜੀ ਪਾਸ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਉਸ ਆਪਣਾ ਸਿਰ ਨਿਵਾਇਆ। ਉਸ ਫਕੀਰ ਨੇ ਇਕ ਮਣ ਘਿਊ, ਸੌ ਮਣ ਮਿੱਠਾ ਤੇ ਇਕ ਮਣ ਮੈਦਾ ਲਿਆ ਕੇ ਦਿੱਤਾ॥ ੩॥

ਅਪਰ ਚੂਨ, ਚਾਵਰ, ਅਰੁ ਦਾਨਾ। ਦਯੋ ਬਿਨੈ ਜੁਤਿ ਖਾਨ ਰੁ ਪਾਨਾ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਪਰਜੋ ਆਨ ਮੈਂ ਸ਼ਰਣਿ ਤੁਮਾਰੀ ॥੪॥

ਹੋਰ ਆਟਾ, ਚਾਵਲ ਅਤੇ ਦਾਣੇ ਦਿੱਤੇ। ਬੇਨਤੀ ਸਹਿਤ ਖਾਣ ਪੀਣ ਵਾਸਤੇ ਦਿੱਤਾ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ॥ ੪॥

ਦਾਸ ਆਪਨੋ ਮੋਹਿ ਬਨਾਵਹੁ। ਕਰਹੁ ਸਿੰਘ ਪਾਹੁਲ ਛਕਵਾਵਹੁ।
ਜਗਤ ਬਿਖੈ ਹੈਂ ਪੰਥ ਘਨੇਰੇ। ਭਲੀ ਪ੍ਰਕਾਰ ਸਰਬ ਮੈਂ ਹੇਰੇ॥ ੫॥

ਮੈਨੂੰ ਤੁਸੀਂ ਆਪਣਾ ਦਾਸ ਬਣਾ ਲਵੋ ਤੇ ਅੰਮ੍ਰਿਤ ਛਕਾ ਕੇ ਆਪਣਾ ਸਿੰਘ ਬਣਾ ਲਵੋ। ਇਸ ਜਗਤ ਵਿਚ ਬਹੁਤ ਪੰਥ ਹਨ, ਭਲੀ ਪ੍ਰਕਾਰ ਸਾਰੇ ਮੈਂ ਵੇਖ ਲਏ ਹਨ॥ ੫॥

ਪ੍ਰਥਮ ਮੂੰਡਿ ਸਿਰ, ਭੀਖ ਮੰਗਾਵੈਂ। ਭਲੋ ਭੇਸ ਤੇ ਬੁਰੋ ਬਨਾਵੈਂ।
ਰਾਵਰਿ ਪੰਥ ਸਮਾਨ ਨ ਆਨ। ਮੈਂ ਪਰਖੀ ਸਭਿ ਰੀਤਿ ਪਛਾਨ॥ ੬॥

ਪਹਿਲੇ ਸਿਰ ਮੁੰਨ ਕੇ ਭਿਖਿਆ ਮੰਗਵਾਉਂਦੇ ਹਨ। ਭਲੇ ਭੇਸ ਨਾਲੋਂ ਬੁਰਾ ਬਣਾ ਦਿੰਦੇ ਹਨ। ਆਪ ਜੀ ਦੇ ਪੰਥ ਵਰਗਾ ਹੋਰ ਕੋਈ ਨਹੀਂ ਹੈ। ਮੈਂ ਸਾਰੀਆਂ ਰੀਤੀਆਂ ਪਛਾਣ ਕੇ ਪਰਖ ਕੀਤੀ ਹੈ॥ ੬॥

ਉੱਜਲ ਬੇਸ ਸੁ ਉੱਜਲ ਮਤਾ। ਸਿਮਰਨ ਸੱਤਿਨਾਮ ਚਿਤ ਰਤਾ।
ਯਾਂਤੇ ਹੈ ਮੇਰੀ ਅਭਿਲਾਖਾ। ਬਨੋਂ ਸਿੰਘ ਮੈਂ ਯਾਂਤੇ ਭਾਖਾ' ॥ ੭॥

ਤੁਹਾਡਾ ਉੱਜਲ ਭੇਸ ਹੈ ਤੇ ਉੱਜਲ ਮੱਤ ਹੈ ਤੇ ਚਿੱਤ ਨੂੰ ਪ੍ਰਭੂ ਦੇ ਪ੍ਰੇਮ ਵਿਚ ਰੰਗ ਕੇ ਸਤਿਨਾਮ ਦਾ ਸਿਮਰਨ ਕਰਦੇ ਹੋ। ਇਸ ਕਰਕੇ ਮੇਰੀ ਅਭਿਲਾਸ਼ਾ ਹੈ ਕਿ ਸਿੰਘ ਬਣਾਂ, ਇਹ ਮੈਂ ਇਸ ਕਰਕੇ ਕਿਹਾ ਹੈ'' ॥ ੭॥

ਸੁਨਿ ਸ੍ਰੀ ਪ੍ਰਭੁ ਪ੍ਰਸੰਨਤਾ ਧਾਰੀ। 'ਪੂਰਬ ਭਲੀ ਰੀਤਿ ਤੈਂ ਡਾਰੀ।
ਮੁਸਲਮਾਨ ਹੁਇ ਭਾਵਨ ਧਰੈ। ਮਿਲਨਿ ਪੰਥ ਮਹਿਂ ਜੇ ਹਿਤ ਕਰੈ ॥੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਪ੍ਰਸੰਨਤਾ ਧਾਰਨ ਕੀਤੀ, "ਇਹ ਪਹਿਲੀ ਭਲੀ ਰੀਤ ਤੂੰ ਚਲਾਈ ਹੈ, ਮੁਸਲਮਾਨ ਹੋ ਕੇ ਸਿੰਘ ਬਣਨ ਦੀ ਭਾਵਨਾ ਧਾਰਨ ਕੀਤੀ ਹੈ। ਜੇ ਤੂੰ ਸਾਡੇ ਪੰਥ ਵਿਚ ਹਿਤ ਕਰਕੇ ਮਿਲਣਾ ਚਾਹੁੰਦਾ ਹੈਂ॥ ੮॥

ਤੌ ਇਹ ਉਚਿਤ ਖਾਲਸੇ ਬੀਚ। ਪਾਹੁਲ ਲਹੈ ਊਚ ਕੈ ਨੀਚ।
ਮਾਨ ਸਿੰਘ ਸੋਂ ਹੁਕਮ ਬਖਾਨਾ। 'ਖਰੋ ਹੋਹੁ ਕਰਿ ਸਿੱਖ ਸੁਜਾਨਾ' ॥੯॥

ਤਾਂ ਖਾਲਸੇ ਵਿਚ ਇਹ ਉਚਿਤ ਹੈ ਕਿ ਅਮੀਰ ਗਰੀਬ ਸਾਰੇ ਪਹਿਲਾਂ ਖੰਡੇ ਬਾਟੇ ਦਾ ਅੰਮ੍ਰਿਤ ਛਕਣ।" ਉਨ੍ਹਾਂ ਮਾਨ

ਸਿੰਘ ਨੂੰ ਹੁਕਮ ਕੀਤਾ, "ਹੇ ਚਤੁਰ ਸਿੱਖ ਖੜੇ ਹੋਵੋ"॥ ੯॥

ਲੇ ਆਗਜ਼ਾ ਅੰਮ੍ਰਿਤ ਬਨਵਾਯੋ। ਖਰੇ ਹੋਇ ਤਤਕਾਲ ਛਕਾਯੋ।
ਸ੍ਰੀ ਮੁਖ ਤੇ ਤਬਿ ਨਾਮ ਉਚਰਜੋ। ਸ਼ੁਭ 'ਅਜਮੇਰ ਸਿਘ' ਤਿਹ ਧਰਜੋ॥੧੦॥

ਆਗਿਆ ਲਵੋ ਤੇ ਅੰਮ੍ਰਿਤ ਬਣਵਾਓ ਤੇ ਖੜੇ ਹੋ ਕੇ ਤੁਰਤ ਛਕਾਓ। ਸਤਿਗੁਰੂ ਜੀ ਨੇ ਫਿਰ ਮੁਖ ਤੋਂ ਨਾਮ ਉਚਾਰਨ ਕੀਤਾ। ਸ਼ੁਭ "ਅਜਮੇਰ ਸਿੰਘ" ਉਸ ਦਾ ਨਾਮ ਧਰ ਦਿੱਤਾ॥ ੧੦॥

ਵਾਹਿਗੁਰੂ ਜੀ ਕੀ ਕਹਿ ਫਤੇ। ਭਾ ਕੱਲਜਾਣ ਉਚਿਤ ਮੁਦ ਚਿਤੇ।
ਸਿਮਰਨ ਕਰਨਿ ਲਗਜੋ ਗੁਰ ਕੇਰਾ। ਗੁਰਬਾਣੀ ਪਠਿ ਸੰਝ ਸਵੇਰਾ॥ ੧੧॥

ਅਜਮੇਰ ਸਿੰਘ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾ ਕੇ ਕਲਿਆਣ ਉਚਿਤ ਹੋ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਫਿਰ ਗੁਰੂ ਜੀ ਦਾ ਸਿਮਰਨ ਕਰਨ ਲੱਗਾ ਤੇ ਸ਼ਾਮ ਸਵੇਰੇ ਗੁਰਬਾਣੀ ਦਾ ਪਾਠ ਕਰਦਾ ਸੀ॥ ੧੧॥

ਤਹਿਂ ਡੇਰਾ ਕਰਿ ਨਿਸਾ ਬਿਤਾਈ। ਪ੍ਰਾਤਿ ਭਏ ਤਜਾਰੀ ਕਰਿਵਾਈ।
ਹਯ ਅਰੂਢਿ ਕਰਿ ਚਲੇ ਕ੍ਰਿਪਾਲਾ। ਸੰਗ ਸੁਭਟ ਗਨ ਆਯੁਧ ਨਾਲਾ॥੧੨॥

ਉਥੇ ਡੇਰਾ ਕਰਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ ਉੱਪਰ ਫਿਰ ਤਿਆਰੀ ਕਰਵਾਈ। ਘੋੜੇ ਉੱਪਰ ਚੜ੍ਹ ਕੇ ਫਿਰ ਸਤਿਗੁਰੂ ਜੀ ਚਲ ਪਏ। ਗੁਰੂ ਜੀ ਦੇ ਨਾਲ ਕਈ ਸ਼ਸਤਰਧਾਰੀ ਸੂਰਬੀਰ ਸਨ॥ ੧੨॥

ਕੇਤਿਕ ਕੋਸ ਉਲੰਘ ਕਰਿ ਗਏ। ਸਾਹਿਬਚੰਦ ਗ੍ਰਾਮ ਪਹੁੰਚਏ।
ਸਮਾ ਭਯੋ ਸੁੱਖੇ ਕਹੁ ਆਨਿ। ਤਹਿਂ ਰਗੜਾਇ ਕਰਤਿ ਭੇ ਪਾਨ॥ ੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੧੩॥

ਸੌਚ ਸੁਚੇਤਾ ਕਰਿ ਪੁਨ ਚਰੇ। ਕੇਤਿਕ ਗਮਨ ਅੱਗ੍ਰ ਕੋ ਕਰੇ।
ਗ੍ਰਾਮ ਕੋਟ ਭਾਈ ਕੇ ਜਹਾਂ। ਡੇਰਾ ਜਾਇ ਕਰਤਿ ਭੇ ਤਹਾਂ॥ ੧੪॥

ਸੋਚ ਸੁਚੇਤ ਹੋ ਕੇ ਫਿਰ ਘੋੜਿਆਂ ਪਰ ਚੜ੍ਹ ਪਏ ਤੇ ਚਲ ਕੇ ਕਾਫ਼ੀ ਦੂਰ ਅੱਗੇ ਚਲੇ ਗਏ। ਜਿੱਥੇ 'ਕੋਟ ਭਾਈ' ਪਿੰਡ ਸੀ, ਉਥੇ ਜਾ ਕੇ ਆਪਣਾ ਡੇਰਾ ਕਰ ਲਿਆ॥ ੧੪॥

ਬਸੈਂ ਬਾਣੀਏ ਗੁਰ ਸਿਖ ਦੋਇ। ਗੁਰ ਆਗਵਨ ਸੁਨਤਿ ਭੇ ਸੋਇ।
ਪ੍ਰਥਮ ਜਾਇ ਪਗ ਬੰਦਨ ਠਾਨੀ। ਕੁਸ਼ਲ ਪ੍ਰਸ਼ਨ ਸਤਿਗੁਰੂ ਬਖਾਨੀ॥ ੧੫॥

ਉਥੇ ਦੋ ਗੁਰਸਿੱਖ ਬਾਣੀਏ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ। ਪਹਿਲਾਂ ਜਾ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਉਨ੍ਹਾਂ ਪਾਸੋਂ ਸੁੱਖ-ਸਾਂਦ ਪੁੱਛੀ॥ ੧੫॥

ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਸੇਵਾ ਕਰਜੋ ਚਹੈਂ ਹਮ ਥਾਰੀ।
ਕ੍ਰਿਪਾ ਕਰਹੁ ਅਬਿ ਆਗਜ਼ਾ ਦੀਜੈ। ਸੰਗ ਲਾਂਗਰੀ ਮਮ ਕਰਿ ਦੀਜੈ'॥੧੬॥

ਹੱਥ ਜੋੜ ਕੇ ਦੋਵਾਂ ਨੇ ਬੇਨਤੀ ਕੀਤੀ, "ਅਸੀਂ ਤੁਹਾਡੀ ਸੇਵਾ ਕਰਨੀ ਚਾਹੁੰਦੇ ਹਾਂ। ਕਿਰਪਾ ਕਰਕੇ ਹੁਣ ਆਗਿਆ ਦੇਵੋ, ਮੇਰੇ ਨਾਲ ਲਾਂਗਰੀ ਨੂੰ ਭੇਜ ਦੇਵੋ"॥ ੧੬॥

ਸਕਲ ਦੇਗ਼ ਹਿਤ ਚਹੈਂ ਸੁ ਲਜਾਵੈਂ। ਕਰਿ ਅਹਾਰ ਪ੍ਰਭੁ ਕੋ ਤ੍ਰਿਪਤਾਵੈਂ।
ਖੁਸ਼ੀ ਕਰੀ ਅਸ ਹੁਕਮ ਬਖਾਨਾ। 'ਅੰਮ੍ਰਿਤ ਛਕਹੁ ਹੋਹਿ ਕੱਲਜਾਨਾ॥੧੭॥

ਲੰਗਰ ਵਾਸਤੇ ਜੋ ਵੀ ਚਾਹੀਦਾ ਸੀ, ਲਿਆਉਂਦੇ ਸਨ ਤੇ ਭੋਜਨ ਛਕਾ ਕੇ ਸਤਿਗੁਰੂ ਜੀ ਨੂੰ ਤ੍ਰਿਪਤ ਕਰਦੇ ਸਨ।

ਸਤਿਗੁਰੂ ਜੀ ਨੇ ਖੁਸ਼ੀ ਕਰਕੇ ਇਹ ਹੁਕਮ ਦਿੱਤਾ, "ਅੰਮ੍ਰਿਤ ਛਕੋ ਤੁਹਾਡਾ ਕਲਿਆਣ ਹੋਵੇ॥ ੧੭॥

ਮਿਲਹੁ ਖਾਲਸੇ ਸੋਂ ਬਨਿ ਰੂਪ। ਅੰਤ ਸਮੈਂ ਪਦ ਲੇਹੁ ਅਨੂਪ'।
ਸ੍ਰੀ ਗੁਰ ਤੇ ਸੁਨਿ ਕਰਿ ਤਿਨ ਮਾਨਾਂ। ਕਰਿ ਕੜਾਹ ਤੂਰਨ ਤਬਿ ਆਨਾ॥੧੮॥

ਖਾਲਸੇ ਦਾ ਰੂਪ ਧਾਰ ਕੇ ਮਿਲੋ ਤੇ ਅੰਤ ਸਮੇਂ ਅਨੂਪਮ ਪਦਵੀ ਪ੍ਰਾਪਤ ਕਰੋ।" ਗੁਰੂ ਜੀ ਪਾਸੋਂ ਸੁਣ ਕੇ ਉਨ੍ਹਾਂ ਨੇ ਮੰਨ ਲਿਆ ਤੇ ਕੜਾਹ ਪ੍ਰਸ਼ਾਦਿ ਕਰਵਾ ਕੇ ਤੁਰਤ ਹੀ ਲੈ ਆਏ॥ ੧੮॥

ਗਰ ਸ਼ਮਸ਼ੇਰ ਪਾਇ ਕਰਿ ਖਰੇ। ਵਾਹਿਗੁਰੂ ਸੁ ਮੰਤ੍ਰ ਮੁਖ ਰਰੇ।
ਖਰੇ ਬਿਲੋਕੇ ਗੁਰੂ ਬਖਾਨੇਂ। 'ਉਠਿ ਗੁਰਬਖਸ਼ ਸਿੰਘ ਲਿਹੁ ਮਾਨੇ'॥ ੧੯॥

ਗਲ ਦੇ ਵਿਚ ਤਲਵਾਰ ਪਾ ਕੇ ਖੜੇ ਹੋ ਗਏ ਤੇ ਵਾਹਿਗੁਰੂ ਮੰਤਰ ਮੁਖ ਵਿਚ ਜਪਦੇ ਸਨ। ਗੁਰੂ ਜੀ ਜਦ ਕਹਿੰਦੇ ਸਨ ਤਾਂ ਖੜੇ ਹੋ ਕੇ ਵੇਖਦੇ ਸਨ, "ਗੁਰਬਖਸ਼ ਸਿੰਘ ਝੇਰੜ ਨੂੰ ਫਿਰ ਹੁਕਮ ਹੋਇਆ ਕਿ ਤੂੰ ਅੰਮ੍ਰਿਤ ਛਕਾ"॥ ੧੯॥

ਸੁਨਿ ਕਰਿ ਹੁਕਮ ਨੀਰ ਅਨਵਾਯੋ। ਲੇ ਮਿਸ਼ਟਾਨ ਪਤਾਸਨ ਪਾਯੋ।
ਪਢੇ ਸਵੈਯੇ ਸਿੰਘਨ ਪੰਚ। ਪੂਰਬ ਜਪ, ਅਨੰਦ ਪੁਨ ਬੰਚ॥ ੨੦॥

ਗੁਰਬਖਸ਼ ਸਿੰਘ ਨੇ ਸੁਣ ਕੇ ਪਾਣੀ ਮੰਗਵਾਇਆ ਤੇ ਮਿੱਠਾ ਲੈ ਕੇ ਵਿਚ ਪਤਾਸੇ ਪਾਏ। ਪੰਜਾਂ ਸਿੰਘਾਂ ਨੇ ਸਵੈਯੇ ਪੜ੍ਹੇ। ਪਹਿਲਾਂ ਜਪੁਜੀ ਸਾਹਿਬ, ਜਾਪ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਕੀਤਾ॥ ੨੦॥

ਝੇਰੜ ਸੰਗਜਾ ਭਾਖੈਂ ਸਬੈ। ਸੋ ਗੁਰਬਖਸ਼ ਸਿੰਘ ਉਠਿ ਤਬੈ।
ਕਰਿ ਅਰਦਾਸ ਹੁਕਮ ਕੋ ਲੈਕੈ। ਦ੍ਵੈ ਕੋ ਅੰਮ੍ਰਿਤ ਦਿਯੋ ਛਕੈ ਕੈ॥ ੨੧॥

ਗੁਰਬਖਸ਼ ਸਿੰਘ ਨੂੰ ਸਾਰੇ ਝੇਰੜ ਨਾਮ ਨਾਲ ਬੁਲਾਉਂਦੇ ਸਨ। ਉਹ ਗੁਰਬਖਸ਼ ਫਿਰ ਉੱਠਿਆ। ਅਰਦਾਸ ਕਰਕੇ ਉਸ ਹੁਕਮ ਲਿਆ ਤੇ ਦੋਵਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਦਿੱਤਾ॥ ੨੧॥

ਪ੍ਰਥਮ ਨਾਮ 'ਰੰਗੀ' ਤਿਸ ਕੇਰਾ। 'ਰੰਗੀ ਸਿੰਘ' ਧਰਯੋ ਤਿਸ ਬੇਰਾ।
'ਘੁੰਮੀ ਸਿੰਘ' ਦੂਸਰੇ ਨਾਮੂ। ਧਰਤਿ ਭਏ ਸ੍ਰੀ ਮੁਖ ਸੁਖ ਧਾਮੂ॥ ੨੨॥

ਜਿਸ ਬਾਣੀਏ ਦਾ ਪਹਿਲਾ ਨਾਮ 'ਰੰਗੀ' ਸੀ, ਉਸ ਦਾ ਨਾਮ 'ਰੰਗੀ ਸਿੰਘ' ਉਸ ਸਮੇਂ ਧਰ ਦਿੱਤਾ। ਦੂਸਰੇ ਦਾ ਨਾਮ 'ਘੁੰਮੀ ਸਿੰਘ' ਰੱਖ ਦਿੱਤਾ। ਸੁਖਾਂ ਦੇ ਘਰ ਸਤਿਗੁਰੂ ਜੀ ਨੇ ਉਨ੍ਹਾਂ ਦੇ ਨਾਮ ਧਰ ਦਿੱਤੇ॥ ੨੨॥

ਇਮ ਨਿਹਾਲ ਹੁਇ ਮਸਤਕ ਟੇਕਾ। ਖੁਸ਼ੀ ਕਰੀ ਤਬਿ ਜਲਧਿ ਬਿਬੇਕਾ।
ਸਭਿ ਡੇਰੇ ਕੀ ਸੇਵਾ ਕੀਨਿ। ਹਯਨਿ ਚਰਨ ਹਿਤ ਤ੍ਰਿਣ ਗਨ ਦੀਨ॥੨੩॥

ਇਸ ਪ੍ਰਕਾਰ ਨਿਹਾਲ ਹੋ ਕੇ ਮੱਥਾ ਟੇਕਿਆ। ਤਦ ਗਿਆਨ ਦੇ ਸਾਗਰ ਨੇ ਬਹੁਤ ਖੁਸ਼ੀ ਕੀਤੀ। ਦੋਵਾਂ ਭਰਾਵਾਂ ਨੇ ਸਾਰੇ ਡੇਰੇ ਦੀ ਸੇਵਾ ਕੀਤੀ ਤੇ ਘੋੜਿਆਂ ਦੇ ਖਾਣ ਵਾਸਤੇ ਬਹੁਤ ਘਾਹ ਦਿੱਤਾ॥ ੨੩॥

ਖਾਨ ਪਾਨ ਕਰਿ ਸਭਿ ਤ੍ਰਿਪਤਾਏ। ਸੁਖ ਤੇ ਪੌਢਿ ਰਾਤਿ ਸੁਪਤਾਏ।
ਸੌਚ ਸ਼ਨਾਨ ਹੋਇ ਸਵਧਾਨਾ। ਭਏ ਅਰੂਢਿ ਅਨਾਇ ਕਿਕਾਨਾ॥ ੨੪॥

ਖਾ ਪੀ ਕੇ ਸਾਰੇ ਤ੍ਰਿਪਤ ਹੋ ਗਏ। ਸੁਖ ਨਾਲ ਲੰਮੇ ਪੈ ਕੇ ਸੌਂ ਕੇ ਰਾਤ ਬਤੀਤ ਕੀਤੀ। ਫਿਰ ਸੋਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ ਤੇ ਘੋੜਾ ਮੰਗਵਾ ਕੇ ਸਵਾਰ ਹੋ ਗਏ॥ ੨੪॥

ਕਰਨ ਅਖੇਰ ਕ੍ਰਿਪਾਲ ਪਧਾਰੇ। ਸਨੇ ਸਨੇ ਉੱਦਜਾਨ ਸਿਧਾਰੇ।
ਮਨ ਭਾਵਤਿ ਬਿਚਰੇ ਤਿਸ ਬੇਰਾ। ਕਰਯੋ ਗ੍ਰਾਮ ਸੁਨੀਅਰ ਮਹਿਂ ਡੇਰਾ॥੨੫॥

ਕ੍ਰਿਪਾਲੂ ਸਤਿਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ, ਹੌਲੀ-ਹੌਲੀ ਜੰਗਲ ਵਿਚ ਚਲੇ ਗਏ, ਉਸ ਸਮੇਂ ਜੰਗਲ ਵਿਚ ਮਨ ਦੀ ਇੱਛਾ ਅਨੁਸਾਰ ਫਿਰਦੇ ਰਹੇ ਤੇ ਇਕ ਸੁਨੀਅਰ ਨਾਮ ਦੇ ਪਿੰਡ ਵਿਚ ਫਿਰ ਡੇਰਾ ਕੀਤਾ॥ ੨੫॥

ਤਹਿਂ ਬਿਤਾਇ ਨਿਸ ਗਮਨਤਿ ਭਏ। ਗ੍ਰਾਮ ਰੋਹਲੇ ਉਤਰਨ ਕਏ।
ਤਹਿਂ ਤੇ ਚਢਿ ਪੁਨ ਪੰਥ ਪਯਾਨੇ। ਗ੍ਰਾਮ ਬਬੀਹੇ ਨਿਕਟ ਸਥਾਨੇ॥ ੨੬॥

ਉਥੇ ਰਾਤ ਬਤੀਤ ਕਰਕੇ ਅੱਗੇ ਚਲੇ ਗਏ ਤੇ ਰੋਹਲੇ ਪਿੰਡ ਵਿਚ ਜਾ ਉਤਾਰਾ ਕੀਤਾ। ਉਥੋਂ ਚੜ੍ਹ ਕੇ ਫਿਰ ਅੱਗੇ ਚਲੇ ਗਏ ਤੇ ਪਿੰਡ ਬਬੀਹੇ ਦੇ ਨੇੜੇ ਇਕ ਸਥਾਨ ਸੀ॥ ੨੬॥

ਕਰਯੋ ਸਿਵਰ ਉਤਰੇ ਗੁਨ ਧਾਮੂ। ਨੌ ਬਾਸੁਰ ਤਹਿਂ ਕੀਨ ਮੁਕਾਮੂ।
ਤਹਿਂ ਤੇ ਚਢਿ ਬਾਜਕ ਕੋ ਗਏ। ਸਮੈਂ ਦੇਖਿ ਸੁਖਾ ਛਕ ਲਏ॥ ੨੭॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੨੭॥

ਗ੍ਰਾਮ ਨਰਨ ਸੁਨਿ ਗੁਰ ਆਗਵਨੂ। ਪੈ ਬਟੋਰ ਕਰਿ ਸਗਰੇ ਭਵਨੂ।
ਭਰਿ ਭਰਿ ਘਟ ਗਨ ਬਾਹਰ ਲਯਾਏ। ਕਰਿ ਦਰਸ਼ਨ ਸਭਿ ਸੀਸ ਨਿਵਾਏ॥੨੮॥

ਜਦ ਪਿੰਡ ਦੇ ਲੋਕਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਸਾਰੇ ਘਰਾਂ ਵਿਚੋਂ ਦੁੱਧ ਇਕੱਠਾ ਕਰਕੇ ਘੜੇ ਭਰ ਭਰ ਕੇ ਲਿਆਏ। ਫਿਰ ਗੁਰੂ ਜੀ ਦੇ ਦਰਸ਼ਨ ਕਰਕੇ ਸਭ ਨੇ ਆਪਣੇ ਸਿਰ ਨਿਵਾਏ॥ ੨੮॥

ਪਾਇ ਪਾਇ ਮਿਸ਼ਟਾਨ ਪਿਲਾਵਾ। ਤ੍ਰਿਪਤਿ ਹੋਇ ਪੀਵਤਿ ਮਨ ਭਾਵਾ।
ਏਕ ਸਿੰਘ ਨੇ ਪਾਨ ਨ ਕੀਨਿ। ਦੇ ਬਹੁ ਰਹਯੋ ਨਹੀਂ ਕਰ ਲੀਨ॥ ੨੯॥

ਦੁੱਧ ਵਿਚ ਮਿੱਠਾ ਪਾ ਪਾ ਕੇ ਪਿਲਾਇਆ ਤੇ ਸਾਰੇ ਸਿੰਘ ਮਨ-ਭਾਉਂਦਾ ਦੁੱਧ ਪੀ ਪੀ ਕੇ ਤ੍ਰਿਪਤ ਹੋ ਗਏ। ਉਨ੍ਹਾਂ ਵਿਚੋਂ ਇਕ ਸਿੰਘ ਨੇ ਦੁੱਧ ਨਾ ਪੀਤਾ, ਉਸ ਨੂੰ ਬਹੁਤ ਦੇ ਰਹੇ ਪਰ ਉਸ ਨੇ ਹੱਥ ਵਿਚ ਨਹੀਂ ਫੜਿਆ॥ ੨੯॥

ਬੂਝਯੋ ਸ੍ਰੀ ਪ੍ਰਭੁ 'ਕਯੋਂ ਨਹਿਂ ਪੀਨਾ?'। ਕਹੈ ਸਿੰਘ 'ਖੈਬੋ ਪਲ ਕੀਨਾ।
ਧੇਨੁ ਦੁਗਧ ਕੋ ਪੀਵਤਿ ਦੋਸ਼। ਯਾਂਤੇ ਮੈਂ ਨ ਪਿਯੋ ਕਰਿ ਹੋਸ਼॥ ੩੦॥

ਫਿਰ ਉਸ ਨੂੰ ਸਤਿਗੁਰੂ ਜੀ ਨੇ ਪੁੱਛਿਆ, "ਤੂੰ ਕਿਉਂ ਦੁੱਧ ਨਹੀਂ ਪੀਂਦਾ ਹੈਂ?" ਤਾਂ ਉਸ ਸਿੰਘ ਨੇ ਕਿਹਾ, "ਮੈਂ ਮਾਸ ਖਾਧਾ ਹੈ। ਮਾਸ ਖਾਣ ਦੇ ਬਾਅਦ ਗਊ ਦਾ ਦੁੱਧ ਪੀਣ ਵਿਚ ਵੱਡਾ ਦੋਸ਼ ਹੈ, ਇਸ ਕਰਕੇ ਮੈਂ ਆਪਣੀ ਮਰਜ਼ੀ ਨਾਲ ਨਹੀਂ ਪੀਤਾ ਹੈ॥ ੩੦॥

ਜੇ ਮਹਿਖੀ ਕੋ ਹੋਇ ਨਿਰਾਲਾ। ਤੋ ਮੈਂ ਕਰਿ ਹੋਂ ਪਾਨ ਸੁਖਾਲਾ'।
ਸੁਨਿ ਇਸ ਤੇ ਸਿਖ ਏਕ ਉਚਾਰੇ। 'ਮੈਂ ਲਯਾਵਹੁਂ ਪੈ ਮਹਿਖ ਨਿਰਾਰੇ'॥੩੧॥

ਜੇ ਮੱਝ ਦਾ ਵੱਖਰਾ ਦੁੱਧ ਹੋਵੇ ਤਾਂ ਮੈਂ ਆਸਾਨੀ ਨਾਲ ਪੀ ਸਕਦਾ ਹਾਂ।" ਇਹ ਸੁਣ ਕੇ ਇਕ ਸਿੱਖ ਨੇ ਉਚਾਰਨ ਕੀਤਾ, "ਮੈਂ ਮੱਝ ਦਾ ਵੱਖਰਾ ਦੁੱਧ ਲਿਆਉਂਦਾ ਹਾਂ"॥ ੩੧॥

ਗੁਰ ਭਾਖਯੋ 'ਪੀਵਨ ਬਹੁ ਕਰਹੁ। ਤ੍ਰਿਪਤਹੁ ਭਲੇ ਉਦਰ ਕੋ ਭਰਹੁ'।
ਇਮ ਸ੍ਰੀ ਪ੍ਰਭੁ ਕੀਨਸਿ ਤਹਿਂ ਡੇਰੇ। ਪੈ ਪਿਆਇ ਤ੍ਰਿਪਤਾਇ ਘਨੇਰੇ॥ ੩੨॥

ਗੁਰੂ ਜੀ ਨੇ ਕਿਹਾ, "ਬਹੁਤ ਦੁੱਧ ਪੀਵੋ, ਤ੍ਰਿਪਤ ਹੋ ਕੇ ਭਲੀ ਪ੍ਰਕਾਰ ਪੇਟ ਨੂੰ ਭਰੋ।" ਇਸ ਪ੍ਰਕਾਰ ਸਤਿਗੁਰੂ ਜੀ ਨੇ ਉਥੇ ਡੇਰਾ ਕੀਤਾ, ਦੁੱਧ ਪਿਆ ਕੇ ਬਹੁਤ ਤ੍ਰਿਪਤ ਕਰਵਾਏ॥ ੩੨॥

ਪੂਰਬ ਜਬਹਿ ਦਿਵਾਨਾ ਮਾਰਯੋ। ਕਿਸ ਨੇ ਸਭਿ ਮਹਿਂ ਜਾਇ ਉਚਾਰਯੋ।
'ਪੰਥ ਤੁਮਾਰੇ ਕੋ ਤਹਿਂ ਗਯੋ। ਸਿੰਘ ਕ੍ਰਿਪਾਨ ਝਾਰਿ ਹਤਿ ਦਯੋ'॥ ੩੩॥

ਪਹਿਲਾਂ ਜਦ ਇਕ ਦਿਵਾਨੇ ਨੂੰ ਮਾਰਿਆ ਸੀ, ਤਾਂ ਕਿਸੇ ਨੇ ਜਾ ਕੇ ਉਸ ਬਾਰੇ ਸਭ ਨੂੰ ਸੁਣਾਇਆ। "ਉਹ ਤੁਹਾਡੇ ਰਸਤੇ ਵੱਲ ਗਿਆ ਸੀ ਤਾਂ ਇਕ ਸਿੰਘ ਨੇ ਉਸ ਨੂੰ ਕ੍ਰਿਪਾਨ ਮਾਰ ਕੇ ਮਾਰ ਦਿੱਤਾ ਸੀ" ॥ ੩੩ ॥

ਘੁੱਦਾ ਸੁੱਖੂ ਹੁਤੇ ਮਹੰਤ। ਰਿਸ ਕਰਿ ਮਿਲਿ ਸਭਿ ਕੀਨਿ ਮਤੰਤ।
'ਲਿਹੁ ਪਲਟਾ ਗੁਰ ਤੇ ਚਲਿ ਅਬੈ'। ਲਏ ਬਟੋਰ ਟੋਰ ਕਰਿ ਸਬੈ ॥ ੩੪ ॥

ਘੁੱਦਾ ਸੁੱਖੂ ਦੋ ਮਹੰਤ ਸਨ, ਉਨ੍ਹਾਂ ਗੁੱਸੇ ਵਿਚ ਆ ਕੇ ਸਾਰਿਆਂ ਨੇ ਮਿਲ ਕੇ ਸਲਾਹ ਕੀਤੀ, "ਗੁਰੂ ਜੀ ਪਾਸੋਂ ਚਲ ਕੇ ਹੁਣ ਬਦਲਾ ਲਵੋ" ਤੇ ਉਸ ਨੇ ਲੱਭ-ਲੱਭ ਸਾਰੇ ਦਿਵਾਨੇ ਇਕੱਠੇ ਕਰ ਲਏ॥ ੩੪ ॥

ਇਕਠੇ ਹੁਇ ਪੰਚਾਸ ਦਿਵਾਨੇ। ਲੈਨਿ ਬੈਰ ਕੋ ਪੰਥ ਪਯਾਨੇ।
ਮਗ ਮਹਿਂ ਕਰਿ ਬਿਚਾਰ ਡਰ ਧਾਰਾ। 'ਸ੍ਰੀ ਗੁਰ ਧੀਰ ਬੀਰ ਬਲਿ ਭਾਰਾ ॥ ੩੫ ॥

ਇਸ ਪ੍ਰਕਾਰ ਪੰਜਾਹ ਦਿਵਾਨੇ ਇਕੱਠੇ ਹੋ ਗਏ ਤੇ ਗੁਰੂ ਜੀ ਪਾਸੋਂ ਵੈਰ ਲੈਣ ਵਾਸਤੇ ਉਹ ਰਾਹੇ-ਰਾਹ ਚਲ ਪਏ। ਰਾਹ ਵਿਚ ਵਿਚਾਰ ਕਰਕੇ ਡਰ ਮੰਨਿਆ, "ਸ੍ਰੀ ਗੁਰੂ ਜੀ ਧੀਰਜਵਾਨ ਭਾਰੀ ਬਲਵਾਨ ਸੂਰਬੀਰ ਹਨ॥ ੩੫ ॥

ਤਿਸ ਆਗੇ ਕਹਾ ਸ਼ਕਤਿ ਹਮਾਰੀ। ਅੱਗ੍ਰ ਨਿਵੈਂ ਜਿਸ ਖਲਕਤ ਸਾਰੀ'।
ਇਮ ਉਰ ਅਰਧ ਸਮੁਝਿ ਮੁੜਿ ਗਏ। ਰਹੇ ਪਚੀ ਸੋ ਗਮਨਤਿ ਭਏ ॥ ੩੬ ॥

ਉਸ ਦੇ ਅੱਗੇ ਸਾਡੀ ਕੀ ਸ਼ਕਤੀ ਹੈ, ਜਿਸ ਦੇ ਅੱਗੇ ਸਾਰੀ ਖਲਕਤ ਨਿਉਂਦੀ ਹੈ।" ਇਸ ਪ੍ਰਕਾਰ ਦਿਲ ਵਿਚ ਸਮਝ ਕੇ ਅੱਧੇ ਵਿਚੋਂ ਮੁੜ ਗਏ। ਜਿਹੜੇ ਪੰਝੀ ਰਹੇ ਉਹ ਚਲਦੇ ਗਏ॥ ੩੬ ॥

ਕਿਤਿਕ ਦੂਰ ਚਲਿਬੋ ਤਬਿ ਕਰੇ। ਤ੍ਰੈਦਸ ਡਰ ਕੋ ਧਰਿ ਹਟਿ ਪਰੇ।
ਜੁਗ ਮਹੰਤ ਕਰਿ ਧੀਰ ਪਯਾਨੇ। ਦਸ ਪੁਨ ਹਟੇ ਗੁਰੂ ਡਰ ਮਾਨੇ ॥ ੩੭ ॥

ਕਾਫੀ ਦੂਰ ਤਕ ਤਦ ਚਲਦੇ ਗਏ, ਤੇਰ੍ਹਾਂ ਹੋਰ ਡਰ ਧਾਰ ਕੇ ਪਿੱਛੇ ਮੁੜ ਗਏ। ਦੋਵੇਂ ਮਹੰਤ ਧੀਰਜ ਧਾਰ ਕੇ ਚਲਦੇ ਗਏ। ਫਿਰ ਦਸ ਹੋਰ ਗੁਰੂ ਜੀ ਦਾ ਡਰ ਮੰਨ ਕੇ ਵਾਪਸ ਮੁੜ ਗਏ॥ ੩੭ ॥

ਸੁੱਖੂ ਅਰ ਬੁੱਧੂ ਦ੍ਵੈ ਰਹੇ। ਸਭਿ ਸੰਗਿਨ ਕੀ ਗਤਿ ਕੋ ਲਹੇ।
ਢੱਡ ਸਾਰੰਗੀ ਦੋਨਹੁਂ ਕਰ ਤੇ। ਧਰੀ ਕਹੂੰ ਸ਼ੰਕਾ ਉਰ ਧਰਿਤੇ॥ ੩੮ ॥

ਫਿਰ ਸੁੱਖੂ ਅਤੇ ਬੁੱਧੂ ਦੋਵੇਂ ਰਹਿ ਗਏ। ਆਪਣੇ ਨਾਲ ਦੇ ਸਾਥੀਆਂ ਦੀ ਦਸ਼ਾ ਵੇਖਦੇ ਹੋਏ ਢੱਡ ਤੇ ਸਾਰੰਗੀ ਦੋਵੇਂ ਆਪਣੇ ਦਿਲ ਵਿਚ ਸ਼ੰਕਾ ਧਾਰ ਕੇ ਰੱਖ ਦਿੱਤੀਆਂ॥ ੩੮ ॥

ਲੈਨੋ ਬੈਰ ਰਹਜੋ ਕਿਤ ਦੂਰ। ਦਰਸ਼ਨ ਕਰੀਅਹਿ ਚਲੋ ਹਦੂਰ।
ਇਮ ਬਿਚਾਰਿ ਗੇ ਮਸਤਕ ਟੇਕਾ। ਪਿਖਿ ਤਿਨ ਬੋਲੇ ਜਲਧਿ ਬਿਬੇਕਾ ॥ ੩੯ ॥

ਵੈਰ ਲੈਣਾ ਕਿਤੇ ਦੂਰ ਰਹਿ ਗਿਆ, ਚਲੋ ਚਲ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਹਾਂ। ਇਸ ਪ੍ਰਕਾਰ ਵਿਚਾਰ ਕਰਕੇ ਮੱਥਾ ਟੇਕਿਆ। ਉਨ੍ਹਾਂ ਨੂੰ ਵੇਖ ਕੇ ਗਿਆਨ ਦੇ ਸਾਗਰ ਸਤਿਗੁਰੂ ਜੀ ਬੋਲੇ॥ ੩੯ ॥

'ਹਾਥਨ ਤੇ ਧਰਿ ਕਹਾਂ ਦੁਰਾਈ। ਲੇ ਆਵਹੁ ਤਿਨ ਕੋ ਅਬਿ ਜਾਈ।
'ਅੰਤਰਜਾਮੀ ਸਭਿ ਗੁਰ ਜਾਨੀ'। ਇਮ ਲਖਿ ਉਠਿ ਦੋਨਹੁਂ ਪੁਨ ਆਨੀ ॥੪੦ ॥

"ਢੱਡ ਸਾਰੰਗੀ ਹੱਥਾਂ ਵਿਚੋਂ ਧਰ ਕੇ ਕਿੱਥੇ ਛੁਪਾਈਆਂ ਹਨ, ਉਨ੍ਹਾਂ ਨੂੰ ਜਾ ਕੇ ਹੁਣ ਲੈ ਆਵੋ।" "ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ।" ਇਸ ਪ੍ਰਕਾਰ ਸਮਝ ਕੇ ਦੋਵਾਂ ਨੇ ਫਿਰ ਜਾ ਕੇ ਲੈ ਆਂਦੀਆਂ॥ ੪੦ ॥

ਢੱਡ ਸਾਰੰਗੀ ਜਬਿ ਲੇ ਆਏ। ਦੋਨਹੁਂ ਖਰੇ ਭਏ ਅਗਵਾਏ।
ਪ੍ਰਭੁ ਬੋਲੇ 'ਤੁਮ ਗਾਇ ਸੁਨਾਵਹੁ। ਜਥਾ ਹਮੇਸ਼ ਅਪਰ ਥਲ ਗਾਵਹੁ' ॥੪੧॥

ਜਦ ਢੱਡ ਸਾਰੰਗੀ ਲੈ ਆਏ ਤਾਂ ਦੋਵੇਂ ਹੀ ਅੱਗੇ ਖੜੇ ਹੋ ਗਏ। ਸਤਿਗੁਰੂ ਜੀ ਬੋਲੇ, "ਤੁਸੀਂ ਗਾ ਕੇ ਸੁਣਾਵੋ, ਜਿਵੇਂ ਹਮੇਸ਼ਾਂ ਹੀ ਦੂਸਰੇ ਥਾਵਾਂ ਤੇ ਜਾ ਕੇ ਗਾਉਂਦੇ ਹੋ" ॥ ੪੧ ॥

ਸੁਨਿ ਕਰਿ ਹੁਕਮ ਦਿਵਾਨੇ ਦੋਊ। ਕਰੀ ਸਾਰੰਗੀ ਸੁਰ ਮਿਲਿ ਸੋਊ।
ਜੰਗਲ ਦੇਸ਼ ਸੱਦ ਹੁਇ ਜੈਸੇ। ਊਚੇ ਸੁਰ ਗਾਵਨ ਲਗਿ ਤੈਸੇ॥ ੪੨ ॥

ਇਹ ਸੁਣ ਕੇ ਦੋਵਾਂ ਦਿਵਾਨਿਆਂ ਨੇ ਮਿਲ ਕੇ ਸਾਰੰਗੀ ਸੁਰਤਾਲ ਵਿਚ ਕੀਤੀ। ਮਾਲਵੇ ਦੇਸ਼ ਵਿਚ ਜਿਵੇਂ ਸੱਦ ਦੀ ਲੰਮੀ ਹੇਕ ਖਿਚਦੇ ਸਨ, ਉਸ ਪ੍ਰਕਾਰ ਹੀ ਉੱਚੀ ਸੁਰ ਵਿਚ ਗਾਉਣ ਲੱਗ ਗਏ॥ ੪੨ ॥

*ਕੱਚਾ ਕੋਠਾ ਵਿਚ ਵਸਦਾ ਜਾਨੀ।*
*ਸਦਾ ਨ ਮਾਪੇ ਨਿਤ ਨਹੀਂ ਜੁਆਨੀ।*
*ਚਲਣਾ ਆਗੇ ਹੋਇ ਗੁਮਾਨੀ।*

ਕੱਚਾ ਕੋਠਾ ਹੈ, ਉਸ ਦੇ ਵਿਚ ਸਾਡਾ ਪਿਆਰਾ ਰਹਿੰਦਾ ਹੈ। ਸਦਾ ਮਾਪੇ ਨਹੀਂ ਰਹਿੰਦੇ ਹਨ ਤੇ ਨਾ ਹੀ ਨਿਤ ਜੁਆਨੀ ਰਹਿੰਦੀ ਹੈਂ। ਹੇ ਮੇਰੇ ਹੰਕਾਰੀ ਮਨ, ਅੱਗੇ ਜਾਣਾ ਹੀ ਪੈਣਾ ਹੈ॥

*ਚੌਪਈ-* ਸੁਨਿ ਸ੍ਰੀ ਮੁਖ ਤੇ ਬਹੁਰ ਉਚਾਰੇ। 'ਤਿਸੀ ਰੀਤਿ ਕਹੁ ਫੇਰ ਪੁਕਾਰੇ।
ਢੱਡ ਸਾਰੰਗੀ ਮੇਲ ਬਜਾਓ। ਊਚੇ ਸੁਰ ਸੋਂ ਗਾਇ ਸੁਨਾਓ' ॥ ੪੩ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਉਚਾਰਨ ਕੀਤਾ, "ਉਸੇ ਰੀਤ ਨੂੰ ਫਿਰ ਗਾਵੋ। ਢੱਡ ਸਾਰੰਗੀ ਮਿਲ ਕੇ ਵਜਾਓ ਤੇ ਉੱਚੀ ਸੁਰ ਨਾਲ ਗਾ ਕੇ ਸੁਣਾਓ" ॥ ੪੩ ॥

ਮਾਨਜੋਂ ਹੁਕਮ ਫੇਰ ਤਿਨ ਗਾਯੋ। ਊਚੇ ਸੁਰ ਸੋਂ ਭਲੇ ਸੁਨਾਯੋ।
ਭਏ ਖੁਸ਼ੀ ਪ੍ਰਭੁ ਫੇਰ ਗਵਾਯੋ। ਤੀਨ ਬਾਰ ਤਿਮ ਹੀ ਕਹਿਵਾਯੋ॥ ੪੪ ॥

ਉਨ੍ਹਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਫਿਰ ਗਾਇਆ ਤੇ ਉੱਚੀ ਸੁਰ ਵਿਚ ਗਾ ਕੇ ਭਲੀ ਪ੍ਰਕਾਰ ਸੁਣਾਇਆ। ਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਦੁਬਾਰਾ ਗੀਤ ਗਵਾਇਆ ਤੇ ਤਿੰਨ ਵਾਰ ਉਸੇ ਪ੍ਰਕਾਰ ਕਹਿਵਾਇਆ॥ ੪੪ ॥

ਬਸੇ ਰਾਤਿ ਕਰਿ ਖਾਨ ਰੁ ਪਾਨਾ। ਭਈ ਪ੍ਰਾਤਿ ਗੁਰ ਚਹਿਸ ਪਯਾਨਾ।
ਤਬਿ ਸੁੱਖੂ ਬੁੱਧੂ ਹੁਇ ਖਰੇ। ਇਮ ਅਰਦਾਸ ਜੋਰਿ ਕਰ ਕਰੇ॥ ੪੫ ॥

ਸਤਿਗੁਰੂ ਜੀ ਖਾ ਪੀ ਕੇ ਰਾਤ ਉਥੇ ਹੀ ਠਹਿਰੇ, ਜਦ ਸਵੇਰ ਹੋਈ ਤਾਂ ਗੁਰੂ ਜੀ ਅੱਗੇ ਚਲਣਾ ਚਾਹੁੰਦੇ ਸਨ। ਤਦ ਸੁੱਖੂ ਬੁੱਧੂ ਖੜੇ ਹੋ ਗਏ ਤੇ ਹੱਥ ਜੋੜ ਕੇ ਇਸ ਪ੍ਰਕਾਰ ਅਰਦਾਸ ਕੀਤੀ॥ ੪੫ ॥

'ਹਮ ਪਰ ਪ੍ਰਭੁ ਕੀਜੈ ਅਸਵਾਰੀ। ਜਿਮ ਕੀਨੀ ਮਗ ਚਲਤ ਅਗਾਰੀ।
ਇਹੀ ਭਾਵਨਾ ਪੂਰਨ ਕਰੀਅਹਿ। ਅਪਨੇ ਜਾਨਿ ਦਯਾ ਉਰ ਧਰੀਅਹਿ' ॥੪੬॥

"ਹੇ ਪ੍ਰਭੂ ਜੀ ! ਸਾਡੇ ਉੱਪਰ ਅਸਵਾਰੀ ਕਰੋ, ਜਿਵੇਂ ਰਾਹ ਚਲਦਿਆਂ ਪਹਿਲਾਂ ਕੀਤੀ ਹੈ। ਸਾਡੀ ਇਹ ਭਾਵਨਾ ਪੂਰੀ ਕਰੋ ਤੇ ਆਪਣੇ ਜਾਣ ਕੇ ਹਿਰਦੇ ਵਿਚ ਦਇਆ ਧਾਰਨ ਕਰੋ" ॥ ੪੬ ॥

ਸੁਨਿ ਗੁਰ ਪਲੰਘ ਅਪਨਿ ਉਠਵਾਯੋ। ਸੁੱਖੂ ਬੁੱਧੂ ਸੀਸ ਲਗਾਯੋ।
ਦੁਇ ਸਿਖ ਅਪਰ ਲਗੇ ਹੈ ਸੰਗ। ਗਮਨੇ ਗੁਰੂ ਉਠਾਇ ਉਤੰਗ॥ ੪੭ ॥

ਇਹ ਸੁਣ ਕੇ ਗੁਰੂ ਜੀ ਨੇ ਆਪਣਾ ਪਲੰਘ ਉਠਵਾਇਆ ਤੇ ਸੁੱਖੂ ਬੁੱਧੂ ਨੇ ਪਲੰਘ ਆਪਣੇ ਸਿਰਾਂ ਉੱਪਰ ਚੁੱਕ ਲਿਆ। ਦੋ ਸਿੰਘ ਹੋਰ ਨਾਲ ਲੱਗੇ। ਗੁਰੂ ਨੂੰ ਚੁੱਕ ਕੇ ਛੇਤੀ-ਛੇਤੀ ਚਲ ਪਏ॥ ੪੭॥

ਸੁੱਖੂ ਕੇ ਸਿਰ ਜਥਾ ਨਗਾਰਾ। ਸਮ ਡੰਕੇ ਹਾਥਨ ਗਹਿ ਮਾਰਾ।
ਮੁਖ ਤੇ ਧੌਂ ਧੌਂ ਕਰਤਿ ਸਿਧਾਰੇ। ਚਲੇ ਜਾਤਿ ਮਾਰਗ ਅਗਵਾਰੇ॥ ੪੮॥

ਸੁੱਖੂ ਦਾ ਸਿਰ ਜਿਵੇਂ ਨਗਾਰਾ ਹੋਵੇ, ਡੰਕਿਆਂ ਵਾਂਗ ਉਸ ਉੱਪਰ ਹੱਥਾਂ ਨਾਲ ਮਾਰਿਆ। ਮੁਖ ਤੋਂ ਧੌਂ-ਧੌਂ ਕਰਦੇ ਜਾ ਰਹੇ ਸਨ ਤੇ ਰਾਹ ਦੇ ਵਿਚ ਅੱਗੇ ਹੀ ਅੱਗੇ ਜਾ ਰਹੇ ਸਨ॥ ੪੮॥

ਕਰ ਤੇ ਗੁਰੂ ਬਜਾਵਨ ਠਾਨੈ। ਧੌਂ ਧੌਂ ਸੁੱਖੂ ਮੁਖਹੁਂ ਬਖਾਨੈ।
ਇਸੀ ਪ੍ਰਕਾਰ ਕੋਸ ਇਕ ਗਏ। ਤਹਿਂ ਸਤਿਗੁਰੂ ਉਤਰਤੇ ਭਏ॥ ੪੯॥

ਹੱਥਾਂ ਨਾਲ ਗੁਰੂ ਜੀ ਸਿਰ ਨੂੰ ਵਜਾਉਂਦੇ ਜਾਂਦੇ ਸਨ ਤੇ ਸੁੱਖੂ ਆਪਣੇ ਮੂੰਹ ਨਾਲ ਧੌਂ-ਧੌਂ ਬੋਲਦਾ ਜਾਂਦਾ ਸੀ। ਏਸੇ ਪ੍ਰਕਾਰ ਇਕ ਕੋਹ ਅੱਗੇ ਗਏ, ਫਿਰ ਸਤਿਗੁਰੂ ਜੀ ਪਲੰਘ ਤੋਂ ਉੱਤਰ ਪਏ॥ ੪੯॥

ਕਰੀ ਭਾਵਨਾ ਪੂਰਨ ਤਾਂਹੀ। ਡੇਰਾ ਕਰਜੋ ਨੀਕ ਥਲ ਮਾਂਹੀ।
ਥਿਰੇ ਪਲੰਘ ਪਰ ਜਲਧਿ ਬਿਬੇਕਾ। ਸੁੱਖੂ ਆਨਿ ਮਾਥ ਪਗ ਟੇਕਾ॥ ੫੦॥

ਉਨ੍ਹਾਂ ਦੀ ਭਾਵਨਾ ਪੂਰੀ ਕਰ ਦਿੱਤੀ ਤੇ ਇਕ ਚੰਗਾ ਸਥਾਨ ਵੇਖ ਕੇ ਡੇਰਾ ਕੀਤਾ। ਉਥੇ ਗਿਆਨ ਦੇ ਸਾਗਰ ਸਤਿਗੁਰੂ ਜੀ ਪਲੰਘ ਤੇ ਬੈਠ ਗਏ। ਸੁੱਖੂ ਨੇ ਆ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੫੦॥

ਦੇਤਿ ਪ੍ਰਦਛਨਾ ਧਾਵਤਿ ਡੋਲਤਿ। ਊਂਘਾ ਊਂਘਾ ਮੁਖ ਤੇ ਬੋਲਤਿ।
ਹਾਰ ਪਰਜੋ ਜਬਿ ਦੌਰਤਿ ਦੌਰਤਿ। ਆਗੇ ਗਿਰਜੋ ਗੁਰੂ ਕੇ ਬੌਰਤਿ॥ ੫੧॥

ਭੱਜਦਾ ਡੋਲਦਾ ਗੁਰੂ ਜੀ ਦੀਆਂ ਪਰਿਕਰਮਾਂ ਕਰ ਰਿਹਾ ਸੀ ਤੇ ਊਂਘਾ-ਊਂਘਾ ਮੁਖ ਤੋਂ ਬੋਲਦਾ ਸੀ। ਦੌੜਦਾ-ਦੌੜਦਾ ਜਦ ਹਾਰ ਗਿਆ ਤਾਂ ਬੌਰਾ ਹੋ ਕੇ ਗੁਰੂ ਜੀ ਦੇ ਅੱਗੇ ਡਿੱਗ ਪਿਆ॥ ੫੧॥

ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਠਾਨਾ। ਕਹਜੋ 'ਕਰਾਵਹੁ ਇਸੇ ਸ਼ਨਾਨਾ'।
ਆਨਿ ਨੀਰ ਕੋ ਪਕਰਿ ਉਠਾਯੋ। ਸਰਬ ਦੇਹ ਤੇ ਭਲੇ ਨੁਹਾਯੋ॥ ੫੨॥

ਸਤਿਗੁਰੂ ਜੀ ਨੇ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਕਿਹਾ, "ਇਸ ਨੂੰ ਇਸ਼ਨਾਨ ਕਰਾਵੋ।" ਸਿੰਘਾਂ ਨੇ ਪਾਣੀ ਲਿਆ ਕੇ ਉਸ ਨੂੰ ਫੜ ਕੇ ਉਠਾਇਆ ਤੇ ਸਾਰੇ ਸਰੀਰ ਨੂੰ ਭਲੀ ਪ੍ਰਕਾਰ ਇਸ਼ਨਾਨ ਕਰਵਾਇਆ॥ ੫੨॥

ਸੁਧਿ ਆਈ ਬੋਲਜੋ ਤਿਸ ਬੇਰਾ। 'ਮੱਜਨ ਕਜੋਂ ਕਰਵਾਇਸਿ ਮੇਰਾ ?।
ਉਪਜਜੋ ਉਰ ਮੈਂ ਬਡ ਬੈਰਾਗਾ। ਅਬਿ ਘਟ ਗਯੋ ਭਯੋ ਲਘੁ ਭਾਗਾ॥ ੫੩॥

ਜਦ ਹੋਸ਼ ਆਇਆ ਤਾਂ ਉਸ ਸਮੇਂ ਬੋਲਿਆ, "ਮੈਨੂੰ ਇਸ਼ਨਾਨ ਕਿਉਂ ਕਰਵਾਇਆ ਹੈ ? ਇਸ਼ਨਾਨ ਕਰਵਾਉਣ ਤੋਂ ਪਹਿਲਾਂ ਦਿਲ ਵਿਚ ਜਿਹੜਾ ਵੱਡਾ ਵੈਰਾਗ ਪੈਦਾ ਹੋਇਆ ਸੀ, ਹੁਣ ਉਹ ਘਟ ਗਿਆ ਹੈ, ਤੇ ਥੋੜ੍ਹਾ ਜਿਹਾ ਹਿੱਸਾ ਉਸ ਦਾ ਹੋ ਗਿਆ ਭਾਵ ਰਹਿ ਗਿਆ ਹੈ॥ ੫੩॥

ਉਚਿਤ ਨਹੀਂ ਥੋ ਕਰਨ ਸ਼ਨਾਨਾ'। ਸੁਨਿ ਧੀਰਜ ਸਤਿਗੁਰੂ ਬਖਾਨਾ।
ਦਯੋ ਰਜਤਪਣ ਇਕ ਚੌਕੂਨ। 'ਰਹੁ ਪੂਜਤਿ ਪੁਨ ਹੋਇ ਦੁਗੂਨ'॥ ੫੪॥

ਇਸ਼ਨਾਨ ਕਰਵਾਉਣਾ ਉਚਿਤ ਨਹੀਂ ਸੀ।" ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ। ਇਕ ਚਾਰ ਕੋਨਿਆਂ ਵਾਲਾ ਰੁਪਈਆ ਦਿੱਤਾ ਤੇ ਕਿਹਾ, "ਇਸ ਦੀ ਪੂਜਾ ਕਰਦੇ ਰਹੋ, ਫਿਰ ਦੁਗਣਾ ਹੋ ਜਾਵੇਗਾ"॥ ੫੪॥

ਸੋ ਦੇ ਕਰਿ ਪ੍ਰਭੁ ਰੁਖਸਦ ਕੀਨਾ। ਡੇਰੇ ਗਯੋ ਰੰਗ ਗੁਰ ਭੀਨਾ।
ਅਬਿ ਲਗਿ ਸੋ ਚਹੁਕੂਨ ਰਪੱਯਾ। ਬੰਦਨ ਕਰਹਿਂ ਕਾਮਨਾ ਪੱਯਾ॥ ੫੫॥

ਉਹ ਦੇ ਕੇ ਸਤਿਗੁਰੂ ਜੀ ਨੇ ਰੁਖਸਤ ਕੀਤਾ, ਜਦ ਆਪਣੇ ਡੇਰੇ ਪੁੱਜਾ ਤਾਂ ਗੁਰੂ ਜੀ ਦੇ ਰੰਗ ਵਿਚ ਭਿੱਜ ਗਿਆ। ਹੁਣ ਤਕ ਉਸ ਚੋਕੋਨੇ ਰੁਪਈਏ ਨੂੰ ਬੰਦਨਾ ਕਰਨ ਨਾਲ ਮਨ-ਇੱਛਤ ਫਲ ਪ੍ਰਾਪਤੀ ਹੁੰਦੀ ਹੈ॥ ੫੫॥

*ਪਹਿਲੇ ਐਨ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥*

## *ਅਧਿਆਇ ਉਨ੍ਹੀਂਵਾਂ*

### *ਸਫੈਦ ਸਰੋਵਰ, ਤਲਵੰਡੀ ਡੱਲੇ ਪਾਸ*

ਦੋਹਰਾ- ਡੇਰਾ ਜੱਸੀ ਗ੍ਰਾਮ ਭਾ ਤਹਿਂ ਇਕ ਤਾਲ ਬਿਸਾਲ।
ਸ਼ਸਤ੍ਰ ਬਸਤ੍ਰ ਕ ਸਹਿਤ ਗੁਰ ਭੇ ਪ੍ਰਵੇਸ਼ ਤਿਸ ਕਾਲ॥ ੧॥

ਜਦ ਜੱਸੀ ਪਿੰਡ ਵਿਚ ਡੇਰਾ ਕੀਤਾ ਤਾਂ ਉਥੇ ਇਕ ਵੱਡਾ ਸਰੋਵਰ ਸੀ, ਉਸ ਸਮੇਂ ਗੁਰੂ ਜੀ ਵਸਤਰਾਂ ਸ਼ਸਤਰਾਂ ਸਮੇਤ ਘੋੜੇ ਤੇ ਅਸਵਾਰ ਉਸ ਸਰੋਵਰ ਵਿਚ ਪ੍ਰਵੇਸ਼ ਕਰ ਗਏ॥ ੧॥

ਚੌਪਈ- ਤਟ ਉਰਾਰ ਤੇ ਭਏ ਪ੍ਰਵੇਸ਼ੁ। ਉਲੰਘੇ ਤਤਛਿਨ ਤਾਲ ਅਸ਼ੇਸ਼ੁ।
ਰੰਗ ਦਾਰ ਪੋਸ਼ਿਸ਼ ਸਰਬੰਗ। ਮੁਸ਼ਕੀ ਚੰਚਲ ਤਰੇ ਤੁਰੰਗ॥ ੨॥

ਉਰਲੇ ਕਿਨਾਰੇ ਤੋਂ ਉਸ ਵਿਚ ਪ੍ਰਵੇਸ਼ ਹੋਏ ਤੇ ਤੁਰਤ ਬਾਕੀ ਸਰੋਵਰ ਨੂੰ ਪਾਰ ਕਰ ਗਏ। ਉਨ੍ਹਾਂ ਦੀ ਸਾਰੀ ਪੋਸ਼ਾਕ ਰੰਗਦਾਰ ਤੇ ਕਾਲੇ ਰੰਗ ਦਾ ਬੜਾ ਚਾਲਾਕ ਘੋੜਾ ਉਸ ਸਮੇਂ ਉਨ੍ਹਾਂ ਦੇ ਥੱਲੇ ਸੀ॥ ੨॥

ਪਰਲੇ ਤੀਰ ਜਾਇ ਥਿਰ ਭਏ। ਹਯ ਪੋਸ਼ਿਸ਼ ਉੱਜਲ ਹ੍ਵੈ ਗਏ।
ਲੋਕ ਹਜ਼ਾਰਹੁਂ ਪਿਖਿ ਬਿਸਮਾਏ। ਢਿਗ ਸਗਰੇ ਹੁਇ ਬਾਕ ਅਲਾਏ॥ ੩॥

ਗੁਰੂ ਜੀ ਪਰਲੇ ਕੰਢੇ ਲੰਘ ਕੇ ਖੜੇ ਹੋ ਗਏ ਤੇ ਘੋੜੇ ਅਤੇ ਪੋਸ਼ਾਕ ਸਮੇਤ ਚਿੱਟੇ ਹੋ ਗਏ। ਹਜ਼ਾਰਾਂ ਲੋਕ ਵੇਖ ਕੇ ਹੈਰਾਨ ਹੋਏ। ਸਾਰਿਆਂ ਨੇ ਗੁਰੂ ਜੀ ਦੇ ਪਾਸ ਜਾ ਕੇ ਕਿਹਾ॥ ੩॥

'ਕੌਤਕ ਕਹਾਂ ਆਪ ਦਰਸਾਯਹੁ। ਬਸਤ੍ਰ ਤੁਰੰਗ ਸੁਪੇਦ ਬਨਾਯਹੁ।
ਸਿਰ ਦਸਤਾਰ ਰਹੀ ਸੁਰਮਈ'। ਸੁਨਿ ਸ੍ਰੀ ਪ੍ਰਭੁ ਸਭਿ ਸਨ ਕਹਿ ਦਈ॥ ੪॥

'ਆਪ ਜੀ ਨੇ ਇਹ ਕੈਸਾ ਕੌਤਕ ਵਿਖਾਇਆ ਹੈ, ਕੱਪੜੇ ਅਤੇ ਘੋੜੇ ਨੂੰ ਸਫੇਦ ਬਣਾ ਦਿੱਤਾ ਹੈ। ਸਿਰ ਉੱਪਰ ਦਸਤਾਰ ਸੁਰਮੇ ਰੰਗ ਦੀ ਰਹੀ ਹੈ। ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰਿਆਂ ਨੂੰ ਕਿਹਾ॥ ੪॥

'ਬਿਚਰਤਿ ਰਾਮ ਚੰਦ ਇਤ ਆਏ। ਇਹਾਂ ਸ਼ਨਾਨ ਕੀਨਿ ਹਰਖਾਏ।
ਤਬਿ ਕੋ ਇਹ ਤੀਰਥ ਬਹੁ ਪਾਵਨ। ਪੁਰਬੀ ਸਮਾ, ਕੀਯੋ ਹਮ ਪਾਵਨ॥ ੫॥

'ਸ੍ਰੀ ਰਾਮ ਚੰਦਰ ਜੀ ਫਿਰਦੇ-ਫਿਰਦੇ ਏਧਰ ਆਏ ਸਨ ਤੇ ਏਥੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਇਸ਼ਨਾਨ ਕੀਤਾ ਸੀ। ਤਦ ਤੋਂ ਇਹ ਤੀਰਥ ਬੜਾ ਪਵਿੱਤਰ ਹੈ, ਸਮਾਂ ਪੁਰਬੀ ਦਾ ਸੀ, ਪਵਿੱਤਰ ਅਸੀਂ ਕੀਤਾ ਹੈ॥ ੫॥

ਯਾਂਤੇ ਬਿਸਦ ਬਸਤ੍ਰ ਹਯ ਭਯੋ। ਪੁਰਬੀ ਤੇ ਫਲ ਪਾਵਨ ਕਯੋ।
ਬੱਗਾ ਸਰ ਤੀਰਥ ਕੋ ਨਾਮੁ। ਪਾਵਨ ਅਧਿਕ ਸਪਰਸੇ ਰਾਮੁ'॥ ੬॥

ਇਸ ਕਰਕੇ ਵਸਤਰ ਅਤੇ ਘੋੜਾ ਸਫੇਦ ਰੰਗ ਦੇ ਹੋ ਗਏ ਹਨ। ਪੁਰਬੀ ਦਾ ਫਲ ਕਰਕੇ ਪਵਿੱਤਰ ਕੀਤਾ ਹੈ। ਉਸ ਤੀਰਥ ਦਾ ਨਾਮ ਸਫੇਦ ਸਰੋਵਰ ਹੈ। ਰਾਮ ਚੰਦਰ ਜੀ ਦੇ ਛੂਹਣ ਕਰਕੇ ਬਹੁਤ ਪਵਿੱਤਰ ਹੋ ਗਿਆ ਹੈ"॥ ੬॥

ਸੁਨਿਕੈ ਸਿਖ ਤਬਿ ਸਰਬ ਨਹਾਏ। ਸ੍ਰੀ ਗੁਰ ਤਿਨ ਸੋਂ ਬਹੁਰ ਜਨਾਏ।
'ਪੁਰਬੀ ਸਮਾ ਗਯੋ ਟਰਿ ਅਬੈ। ਨਹੀਂ ਮਹਾਤਮ ਪ੍ਰਾਪਤਿ ਸਬੈ'॥ ੭॥

ਇਹ ਸੁਣ ਕੇ ਫਿਰ ਸਾਰੇ ਸਿੱਖਾਂ ਨੇ ਇਸ਼ਨਾਨ ਕੀਤਾ। ਗੁਰੂ ਜੀ ਨੇ ਬਾਅਦ ਵਿਚ ਉਨ੍ਹਾਂ ਨੂੰ ਦੱਸਿਆ, "ਹੁਣ ਪੁਰਬੀ ਸਮਾਂ ਟਲ ਗਿਆ ਹੈ, ਹੁਣ ਸਾਰਿਆਂ ਨੂੰ ਮਹਾਤਮ ਪ੍ਰਾਪਤ ਨਹੀਂ ਹੋਵੇਗਾ"॥ ੭॥

ਚਲਿ ਕਰਿ ਪੁਨ ਡੇਰੇ ਮਹਿਂ ਆਏ। ਖਰੇ ਹੋਇ ਕਹਿ ਸਭਿਨਿ ਸੁਨਾਏ।
'ਜੱਸੀ ਆਇ ਚਲੇ ਗੁੜ ਖਾਇ ਚਲੇ। ਜੱਸੀ ਆਇ ਚਲੇ ਗੁੜ ਖਾਇ ਚਲੇ'॥੮॥

ਫਿਰ ਚਲ ਕੇ ਡੇਰੇ ਵਿਚ ਆ ਗਏ ਤੇ ਖੜੇ ਹੋ ਕੇ ਸਾਰਿਆਂ ਨੂੰ ਸੁਣਾਇਆ, "ਜੱਸੀ ਪਿੰਡ ਵਿਚ ਆ ਕੇ ਚਲੇ ਗੁੜ ਖਾ ਕੇ ਚਲੇ, ਜੱਸੀ ਪਿੰਡ ਵਿਚ ਆ ਕੇ ਚਲੇ ਗੁੜ ਖਾ ਕੇ ਚਲੇ।"॥ ੮॥

ਦੁਇ ਤ੍ਰੈ ਬਾਰੀ ਕਹਯੋ ਸੁਨਾਈ। ਤੂਸ਼ਨਿ ਰਹੇ ਸਕਲ ਬਿਸਮਾਈ।
ਬੀਤ ਗਈ ਜਬਿ ਘਟਿਕਾ ਚਾਰੀ। ਉਤਰਿ ਥਿਰੀ ਸੈਨਾ ਤਬਿ ਸਾਰੀ॥ ੯॥

ਦੋ ਤਿੰਨ ਵਾਰ ਕਹਿ ਕੇ ਸੁਣਾਇਆ, ਹੈਰਾਨ ਹੋ ਕੇ ਸਾਰੇ ਚੁੱਪ ਰਹੇ। ਜਦ ਚਾਰ ਘੜੀਆਂ ਬੀਤ ਗਈਆਂ ਤਾਂ ਸਾਰੀ ਸੈਨਾ ਉੱਤਰ ਕੇ ਬੈਠ ਗਈ॥ ੯॥

ਏਕ ਲੁਬਾਣਾ ਤਹਿਂ ਚਲਿ ਆਯੋ। ਬੈਲਨ ਬ੍ਰਿੰਦ ਸੰਗ ਮੈਂ ਲਜਾਯੋ।
ਕਰਤਿ ਫਿਰਤਿ ਗੁੜ ਕੋ ਵਾਪਾਰਾ। 'ਉਤਰੇ ਗੁਰੂ' ਸੁਨਤਿ ਮੁਦ ਧਾਰਾ॥੧੦॥

ਇਕ ਲੁਬਾਣਾ ਸਿੱਖ ਉਥੇ ਚਲ ਕੇ ਆਇਆ, ਉਹ ਬਹੁਤ ਬਲਦ ਆਪਣੇ ਨਾਲ ਲਿਆਇਆ। ਉਹ ਗੁੜ ਦਾ ਵਪਾਰ ਕਰਦਾ ਫਿਰਦਾ ਸੀ। ਉਸ ਨੇ ਜਦ ਸੁਣਿਆ ਕਿ "ਏਥੇ ਗੁਰੂ ਜੀ ਨੇ ਉਤਾਰਾ ਕੀਤਾ ਹੈ" ਤਾਂ ਬਹੁਤ ਪ੍ਰਸੰਨ ਹੋਇਆ॥ ੧੦॥

ਪੱਕਾ ਤੀਸ ਮਣਾ ਗੁੜ ਲਜਾਇ। ਸ੍ਰੀ ਗੁਰ ਆਗੈ ਭੇਟ ਚੜ੍ਹਾਇ।
ਕਰਿ ਬੰਦਨ ਕੋ ਦਰਸ਼ਨ ਪਾਯੋ। ਰਿਦੇ ਅਨੰਦ ਜਨਮ ਸਫਲਾਯੋ॥ ੧੧॥

ਉਹ ਤੀਹ ਮਣ ਪੱਕਾ ਗੁੜ ਲਿਆਇਆ ਤੇ ਸਤਿਗੁਰੂ ਜੀ ਅੱਗੇ ਭੇਟਾ ਵਜੋਂ ਚੜ੍ਹਾ ਦਿੱਤਾ। ਬੰਦਨਾ ਕਰਕੇ ਗੁਰੂ ਜੀ ਦੇ ਦਰਸ਼ਨ ਪਾਏ ਤੇ ਹਿਰਦੇ ਵਿਚ ਅਨੰਦ ਧਾਰ ਕੇ ਆਪਣਾ ਜਨਮ ਸਫਲਾ ਕੀਤਾ॥ ੧੧॥

ਖੁਸ਼ੀ ਕਰੀ ਗੁਰ ਪੂਰੀ ਆਸਾ। ਅੰਤ ਸਮੈਂ ਕੋ ਦੇ ਭਰਵਾਸਾ।
ਨਿਕਟ ਗੁਰੂ ਕੇ ਕੀਨਸਿ ਡੇਰਾ। ਏਕ ਨਿਸਾ ਕੋ ਕੀਨਿ ਬਸੇਰਾ॥ ੧੨॥

ਗੁਰੂ ਜੀ ਨੇ ਉਸ ਉੱਤੇ ਆਪਣੀ ਖੁਸ਼ੀ ਕੀਤੀ ਤੇ ਉਸ ਦੀਆਂ ਸਾਰੀਆਂ ਆਸਾਂ ਪੂਰੀਆਂ ਕੀਤੀਆਂ ਤੇ ਅੰਤ ਸਮੇਂ ਦਾ ਉਸ ਨੂੰ ਭਰਵਾਸਾ ਦਿੱਤਾ। ਉਸ ਨੇ ਗੁਰੂ ਜੀ ਦੇ ਨੇੜੇ ਹੀ ਡੇਰਾ ਲਾ ਲਿਆ ਤੇ ਇਕ ਰਾਤ ਉਹ ਉਥੇ ਠਹਿਰਿਆ॥ ੧੨॥

ਤਿਸ ਦਿਨ ਰਸਤ ਨਹੀਂ ਬਰਤਾਈ। ਜਿਤਿਕ ਅਚੈਂ ਗੁੜ ਦਿਯ ਸਭਿ ਤਾਂਈ।
ਨਹੀਂ ਦੇਗ ਭੀ ਤਿਸ ਦਿਨ ਹੋਈ। ਗੁੜ ਕੋ ਖਾਇ ਰਹੇ ਸਭਿ ਕੋਈ॥ ੧੩॥

ਉਸ ਦਿਨ ਗੁਰੂ ਜੀ ਨੇ ਰਸਦ ਨਾ ਵਰਤਾਈ, ਜਿੰਨੇ ਵੀ ਸਨ, ਸਭ ਨੂੰ ਗੁੜ ਖਾਣ ਵਾਸਤੇ ਦਿੱਤਾ। ਉਸ ਦਿਨ ਲੰਗਰ ਵੀ ਤਿਆਰ ਨਾ ਹੋਇਆ। ਸਾਰੇ ਗੁੜ ਖਾ ਕੇ ਆਰਾਮ ਕਰਦੇ ਰਹੇ॥ ੧੩॥

ਸਕਲ ਤੁਰੰਗਨਿ ਦਈ ਨਿਹਾਰੀ। ਦੇਗ਼ ਕਰੀ ਅਗਲੇ ਦਿਨ ਭਾਰੀ।
ਬਹੁਰ ਗ੍ਰਾਮ ਕੇ ਨਰ ਗਨ ਆਏ। ਜਥਾ ਸ਼ਕਤਿ ਭੇਟਨ ਕੋ ਲਜਾਏ॥ ੧੪॥

ਸਾਰੇ ਘੋੜਿਆਂ ਨੂੰ ਵੀ ਗੁੜ ਦੀ ਹੀ ਨਿਹਾਰੀ ਦਿੱਤੀ ਤੇ ਅਗਲੇ ਦਿਨ ਬਹੁਤ ਲੰਗਰ ਤਿਆਰ ਕੀਤਾ। ਫਿਰ ਪਿੰਡ ਦੇ ਵੀ ਬਹੁਤ ਲੋਕ ਆਏ ਤੇ ਉਹ ਆਪਣੀ ਸ਼ਕਤੀ ਅਨੁਸਾਰ ਭੇਟਾਂ ਲੈ ਕੇ ਆਏ॥ ੧੪॥

ਕੇਤਿਕ ਦਿਨ ਮੁਕਾਮ ਕਰਿ ਥਿਰੇ। ਬਹੁਰ ਕੂਚ ਤਹਿਂ ਤੇ ਪ੍ਰਭੁ ਕਰੇ।
ਪੱਕੇ ਗ੍ਰਾਮ ਕੀਯੋ ਪੁਨ ਡੇਰਾ। ਏਕ ਨਿਸਾ ਤਹਿਂ ਬਸੇ ਬਸੇਰਾ॥ ੧੫॥

ਕਈ ਦਿਨ ਉਥੇ ਮੁਕਾਮ ਕਰਕੇ ਠਹਿਰੇ। ਪਰ ਸਤਿਗੁਰੂ ਜੀ ਨੇ ਉਥੋਂ ਕੂਚ ਕੀਤਾ। ਫਿਰ ਪੱਕੇ ਪਿੰਡ ਜਾ ਕੇ ਡੇਰਾ ਕੀਤਾ ਤੇ ਇਕ ਰਾਤ ਉਥੇ ਠਹਿਰ ਕੇ ਬਸੇਰਾ ਕੀਤਾ॥ ੧੫॥

ਗੁਰ ਤੁਰੰਗ ਜਹਿਂ ਲਾਵਨ ਕੀਨਿ। ਮੇਖ ਤਹਾਂ ਗਾਡੀ ਧਰ ਤੀਨ।
ਤੀਨਹੁਂ ਜੰਡ ਹਰੇ ਹੁਇ ਗਏ। ਅਬਿ ਲੋ ਖਰੇ ਨਰਨ ਦਰਸਏ॥ ੧੬॥

ਜਿਥੇ ਗੁਰੂ ਜੀ ਦਾ ਘੋੜਾ ਬੰਨ੍ਹਿਆ, ਉਥੇ ਤਿੰਨ ਕਿੱਲੇ ਠੋਕੇ ਗਏ। ਉਨ੍ਹਾਂ ਕਿੱਲਿਆਂ ਤੋਂ ਜੰਡ ਹਰੇ ਹੋ ਗਏ, ਹੁਣ ਤਕ ਖੜੇ ਜੰਡ ਮਨੁੱਖਾਂ ਨੇ ਵੇਖੇ ਹਨ॥ ੧੬॥

ਪੁਨ ਤਹਿਂ ਤੇ ਕਰਿ ਕੂਚ ਪਯਾਨੇ। ਸੁਨਿ ਸੁਨਿ ਨਰ ਦਰਸ਼ਨ ਕੋ ਠਾਨੇ।
ਰਹਯੋ ਨਿਕਟ ਤਿਲਵੰਡੀ ਗ੍ਰਾਮੂ। ਜਹਾਂ ਬਸੇ ਡੱਲਾ ਕਰਿ ਧਾਮੂ॥ ੧੭॥

ਫਿਰ ਉਥੋਂ ਕੂਚ ਕਰਕੇ ਚਲੇ ਗਏ ਤੇ ਮਨੁੱਖ ਗੁਰੂ ਜੀ ਦੇ ਆਉਣ ਬਾਰੇ ਸੁਣ-ਸੁਣ ਕੇ ਦਰਸ਼ਨਾਂ ਵਾਸਤੇ ਆਉਂਦੇ ਸਨ। ਸਾਬੋ ਕੀ ਤਲਵੰਡੀ ਪਿੰਡ ਹੁਣ ਨੇੜੇ ਹੀ ਆ ਗਿਆ ਸੀ, ਜਿੱਥੇ ਡੱਲਾ ਨਾਮ ਦਾ ਜੱਟ ਆਪਣਾ ਘਰ ਬਣਾ ਕੇ ਰਹਿੰਦਾ ਸੀ॥ ੧੭॥

ਸਾਬੋ ਕੇ ਰਾਹਕ ਗਨ ਜੇਤੇ। ਤਿਸ ਕੇ ਅਨੁਸਾਰੀ ਰਹਿਂ ਤੇਤੇ।
ਤਿਨ ਸੁਨਿ ਕਰਿ ਸਤਿਗੁਰ ਆਗਵਨੂ। ਆਏ ਨਿਕਟ ਦੁਸ਼ਟ ਦਲ ਦਵਨੂ॥੧੮॥

ਸਾਬੋ ਪਿੰਡ ਦੇ ਜਿੰਨੇ ਵੀ ਕਿਸਾਨ ਸਨ, ਉਹ ਸਾਰੇ ਉਸ ਦੀ ਆਗਿਆ ਅਨੁਸਾਰ ਸਨ। ਉਨ੍ਹਾਂ ਜਦ ਸਤਿਗੁਰੂ ਜੀ ਦੇ ਆਉਣ ਬਾਰੇ ਸੁਣਿਆ ਕਿ ਦੁਸ਼ਟਾਂ ਦੇ ਦਲਾਂ ਨੂੰ ਸਾੜਨ ਵਾਲੇ ਸਤਿਗੁਰੂ ਜੀ ਨੇੜੇ ਹੀ ਆ ਗਏ ਹਨ॥ ੧੮॥

ਭਵਨ ਭਵਨ ਪ੍ਰਤਿ ਮਾਨਵ ਪਠਿ ਕੈ। ਰਾਹਕ ਸਕਲ ਹਕਾਰਿ ਇਕਠਿਕੈ।
ਸ਼ਸਤ੍ਰ ਧਾਰਿ ਤਤਛਿਨ ਚਲਿ ਆਏ। ਸੁਭਟ ਚਤਰ ਸ਼ਤ ਕੋ ਸਮੁਦਾਏ॥੧੯॥

ਤਾਂ ਉਸ ਨੇ ਘਰ-ਘਰ ਪ੍ਰਤਿ ਮਨੁੱਖ ਭੇਜ ਕੇ ਸਾਰੇ ਕਿਸਾਨ ਬੁਲਾ-ਬੁਲਾ ਕੇ ਇਕੱਠੇ ਕੀਤੇ। ਸਾਰੇ ਸ਼ਸਤਰ ਧਾਰ ਕੇ ਤੁਰਤ ਚਲੇ ਆਏ, ਚਾਰ ਸੌ ਕਿਸਾਨਾਂ ਦਾ ਇਕੱਠ ਜੁੜ ਗਿਆ॥ ੧੯॥

ਗਮਨਯੋਂ ਮਿਲਿ ਸਭਿ ਸੰਗ ਅਗਾਰੀ। ਆਦਰ ਹੇਤੁ ਭਾਉ ਕਰਿ ਭਾਰੀ।
ਆਵਤਿ ਚਢੇ ਰੂਪ ਸੁਖਕੰਦਾ। ਦੇਖਤਿ ਸਭਿ ਕੇ ਅਧਿਕ ਅਨੰਦਾ॥ ੨੦॥

ਡੱਲਾ ਸਾਰੇ ਕਿਸਾਨਾਂ ਦੇ ਅੱਗੇ ਲੱਗ ਕੇ ਚਲ ਪਿਆ। ਆਦਰ ਵਾਸਤੇ ਭਾਰੀ ਪ੍ਰੇਮ ਕਰਦਾ ਸੀ। ਸੁਖਾਂ ਦੇ ਮੂਲ ਘੋੜੇ ਉੱਪਰ ਚੜ੍ਹੇ ਆ ਰਹੇ ਸਨ। ਵੇਖ ਕੇ ਸਾਰਿਆਂ ਨੇ ਵੱਡਾ ਅਨੰਦ ਧਾਰਨ ਕੀਤਾ॥ ੨੦॥

ਦੇ ਕਰਿ ਭੇਟ ਚਰਨ ਅਰਬਿੰਦੇਂ। ਸਿਰ ਧਰਿ ਬੰਦੇ ਦ੍ਵੈ ਕਰ ਬੰਦੇਂ।
ਸਭਿ ਰਾਹਕ ਹੁਇ ਹੁਇ ਕਰਿ ਨੇਰੇ। ਚਰਨ ਸਪਰਸ਼ਤਿ ਭਾਗ ਬਡੇਰੇ॥ ੨੧॥

ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਭੇਟਾਂ ਅਰਪਣ ਕਰਕੇ ਦੋਵੇਂ ਹੱਥ ਜੋੜ ਕੇ ਸਿਰ ਧਰ ਕੇ ਬੰਦਨਾ ਕੀਤੀ। ਸਾਰੇ ਕਿਸਾਨ ਨੇੜੇ ਹੋ ਹੋ ਕੇ ਆਪਣੇ ਵੱਡੇ ਭਾਗ ਜਾਣ ਕੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਨੂੰ ਸਪਰਸ਼ ਕਰਦੇ ਸਨ॥ ੨੧॥

ਸਨੇ ਸਨੇ ਹਟਿਗੇ ਕਰਿ ਨਮੋ। ਕੁਸ਼ਲ ਪ੍ਰਸ਼ਨ ਗੁਰ ਕਿਯ ਤਿਹ ਸਮੋਂ।
'ਜੁਤਿ ਬਾਂਧਵ ਗਨ ਤਵ ਪਰਵਾਰਾ। ਅਹੈ ਅਰੋਗ ਕੌਮ ਬਡ ਭਾਰਾ?'॥ ੨੨॥

ਹੌਲੀ-ਹੌਲੀ ਨਮਸਕਾਰ ਕਰਕੇ ਪਿੱਛੇ ਹਟ ਗਏ। ਉਸ ਸਮੇਂ ਗੁਰੂ ਜੀ ਨੇ ਸੁੱਖ-ਸਾਂਦ ਪੁੱਛੀ, "ਤੁਹਾਡੇ ਸਾਕ ਸੰਬੰਧੀਆਂ ਅਤੇ ਪਰਿਵਾਰਾਂ ਵਿਚ ਸੁਖ-ਸਾਂਦ ਹੈ, ਕੀ ਤੁਹਾਡੀ ਭਾਰੀ ਕਿਸਾਨਾਂ ਦੀ ਕੌਮ ਅਰੋਗ ਹੈ?"॥ ੨੨॥

'ਸ੍ਰੀ ਪ੍ਰਭੁ ਕ੍ਰਿਪਾ ਆਪ ਕੀ ਪਾਏ। ਸਭਿ ਬਿਧਿ ਕੁਸ਼ਲ ਗ੍ਰਾਮ ਸਮੁਦਾਏ।
ਦਰਸ਼ਨ ਸ਼੍ਰੇਯ ਮੂਲ ਅਬਿ ਪਾਵਾ। ਸੁਨਿ ਆਗਵਨ ਅਨੰਦ ਵਧਾਵਾ'॥ ੨੩॥

ਕਿਸਾਨ ਕਹਿਣ ਲੱਗੇ, "ਹੇ ਸਤਿਗੁਰੂ ਜੀ! ਆਪ ਜੀ ਦੀ ਕਿਰਪਾ ਪਾ ਕੇ ਸਾਰੇ ਪਿੰਡ ਸਭ ਵਿਧੀਆਂ ਨਾਲ ਰਾਜ਼ੀ-ਬਾਜ਼ੀ ਹਨ। ਕਲਿਆਨ ਦੇ ਮੂਲ ਵਾਲਾ ਹੁਣ ਦਰਸ਼ਨ ਪਾਇਆ ਹੈ, ਤੁਹਾਡੇ ਆਉਣ ਬਾਰੇ ਸੁਣ ਕੇ ਬਹੁਤ ਅਨੰਦ ਵਧਿਆ ਹੈ"॥ ੨੩॥

ਕਿਤਿਕ ਦੂਰ ਤਲਵੰਡੀ ਰਹੀ। ਉਤਰਿ ਪਰੇ ਪਿਖਿ ਸੁਨਿ ਥਲ ਤਹੀ।
'ਸਕਲ ਬਹੀਰ ਜਬੈ ਚਲਿ ਆਵੈ। ਸੰਧਜਾ ਭਈ ਗ੍ਰਾਮ ਢਿਗ ਜਾਵੈਂ'॥ ੨੪॥

ਹਾਲੇ ਤਲਵੰਡੀ ਕੁਝ ਦੂਰ ਰਹਿੰਦੀ ਸੀ, ਪਰ ਗੱਲਾਂ-ਬਾਤਾਂ ਕਹਿ ਕਹਾ ਕੇ ਦਰਸ਼ਨ ਦੇ ਕੇ ਉਥੇ ਹੀ ਉੱਤਰ ਪਏ। ਗੁਰੂ ਜੀ ਕਹਿਣ ਲੱਗੇ, "ਸਾਰੀ ਵਹੀਰ ਜਦ ਚਲ ਕੇ ਆ ਜਾਵੇਗੀ ਤਾਂ ਸ਼ਾਮ ਹੋਣ 'ਤੇ ਪਿੰਡ ਦੇ ਨੇੜੇ ਜਾਵਾਂਗੇ"॥ ੨੪॥

ਫ਼ਰਸ਼ ਬਿਸਾਲ ਕਰੇ ਤਿਸ ਥਾਨਾ। ਬੈਠਿ ਗਏ ਪੁਨ ਕ੍ਰਿਪਾ ਨਿਧਾਨਾ।
ਬ੍ਰਿੰਦ ਬਿਰਾਦਰ ਲੇ ਕਰਿ ਸੋਈ। ਬੈਠਜੋ ਡੱਲਾ ਪ੍ਰਭੁ ਢਿਗ ਹੋਈ॥ ੨੫॥

ਉਸ ਥਾਂ ਚਾਦਰਾਂ ਗਲੀਚੇ ਵਿਛਾ ਕੇ ਵਿਸ਼ਾਲ ਫਰਸ਼ ਤਿਆਰ ਕੀਤਾ, ਫਿਰ ਸਤਿਗੁਰੂ ਕਿਰਪਾ-ਨਿਧਾਨ ਜੀ ਉਥੇ ਬੈਠ ਗਏ। ਆਪਣੇ ਬਹੁਤ ਭਰਾਵਾਂ ਨੂੰ ਨਾਲ ਲੈ ਕੇ ਡੱਲਾ ਗੁਰੂ ਜੀ ਪਾਸ ਬੈਠ ਗਿਆ॥ ੨੫॥

ਕਰ ਕੋ ਜੋਰਿ ਪ੍ਰਸੰਗ ਚਲਾਵਾ। 'ਤੁਰਕ ਦੁਸ਼ਟ ਬਹੁ ਕਪਟ ਕਮਾਵਾ।
ਆਪ ਲਰੇ ਕੀਨਸਿ ਘਮਸਾਨਾ। ਭਯੋ ਬਿਨਾਸ਼ੀ ਗਨ ਤੁਰਕਾਨਾ॥ ੨੬॥

ਡੱਲੇ ਨੇ ਹੱਥ ਜੋੜ ਕੇ ਪ੍ਰਸੰਗ ਚਲਾਇਆ, "ਦੁਸ਼ਟ ਤੁਰਕਾਂ ਨੇ ਬਹੁਤ ਕਪਟ ਕਮਾਇਆ ਹੈ। ਆਪ ਜੀ ਨੇ ਲੜ ਕੇ ਘਮਸਾਨ ਦਾ ਯੁੱਧ ਕੀਤਾ ਹੈ ਤੇ ਬਹੁਤ ਤੁਰਕਾਂ ਦਾ ਵਿਨਾਸ਼ ਕੀਤਾ ਹੈ॥ ੨੬॥

ਕਹਾਂ ਮੁਲਖ ਕੋ ਮਾਲਿਕ ਸ਼ਾਹੂ। ਕਹਾਂ ਆਪ ਢਿਗ ਭਟ, ਉਤਸਾਹੂ।
ਕਾਰਜ ਪਰੇ ਜੰਗ ਕੇ ਭਾਰੀ। ਸਾਹਿਬਜ਼ਾਦੇ ਮ੍ਰਿਤੁ ਭੇ ਚਾਰੀ॥ ੨੭॥

ਕਿੱਥੇ ਇਕ ਮੁਲਕ ਦਾ ਮਾਲਕ ਬਾਦਸ਼ਾਹ, ਕਿੱਥੇ ਆਪ ਪਾਸ ਕੁਝ ਉਤਸ਼ਾਹੀ ਸੂਰਬੀਰ। ਆਪ ਜੀ ਨੂੰ ਜੰਗ ਦੇ ਭਾਰੇ ਕਾਰਜ ਪਏ ਹਨ ਤੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ॥ ੨੭॥

ਭੀਰ ਕਠਨ ਰਾਵਰ ਪਰ ਆਈ। ਘੇਰਜੋ ਆਨੰਦਪੁਰਿ ਚਹੁੰ ਘਾਈ।
ਸਮੈਂ ਕਸ਼ਟ ਕੇ ਅਸ ਜਬਿ ਆਏ। ਹਮ ਕੋ ਸਿਮਰਜੋ ਨਹੀਂ ਕਦਾਏ॥ ੨੮॥

ਕਠਨ ਭੀੜ ਆਪ ਜੀ ਉੱਪਰ ਪਈ ਹੈ, ਅਨੰਦਪੁਰ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਸੀ। ਜਦ ਅਜਿਹੇ ਕਸ਼ਟ ਦੇ ਸਮੇਂ ਆਏ ਹਨ, ਕੀ ਕਦੇ ਸਾਨੂੰ ਵੀ ਯਾਦ ਕੀਤਾ ਹੈ?॥ ੨੮॥

ਦੋ ਸੈ ਕਿਧੋਂ ਤੀਨ ਸੈ ਬੀਰਾ। ਲੇ ਕਰਿ ਮੈਂ ਪਹੁੰਚਤਿ ਪ੍ਰਭੁ ਤੀਰਾ।
ਕਰਿ ਪ੍ਰਾਕ੍ਰਮ ਕੇ ਜੁੱਧ ਬਿਸਾਲੇ। ਸਭਿ ਬਿਧਿ ਤੁਮ ਕੋ ਰਖਤਿ ਸੁਖਾਲੇ ॥੨੯॥

ਦੋ ਸੋ ਜਾਂ ਤਿੰਨ ਸੋ ਸੂਰਬੀਰ, ਮੈਂ ਲੈ ਕੇ ਆਪ ਜੀ ਦੇ ਪਾਸ ਪਹੁੰਚਦਾ। ਉੱਦਮ ਕਰਕੇ ਵਿਸ਼ਾਲ ਯੁੱਧ ਕਰਦਾ ਤੇ ਸਾਰੀਆਂ ਵਿਧੀਆਂ ਨਾਲ ਤੁਹਾਨੂੰ ਸੁਖਾਲੇ ਰੱਖਦਾ''॥ ੨੯॥

ਸੁਨਿ ਕਰਿ ਡੱਲੇ ਤੇ ਸੁਭਿ ਬੈਨੰ। ਸ੍ਰੀ ਮੁਖ ਭਾਖਯੋ ਪੰਕਜ ਨੈਨੰ।
'ਭਈ ਸੁ ਭਈ ਬੀਤ ਅਬਿ ਗਇਊ। ਹਾਥ ਨ ਆਵੈ ਜਤਨ ਜਿ ਕਇਊ ॥੩੦॥

ਡੱਲੇ ਪਾਸੋਂ ਸ਼ੁਭ ਗੱਲਾਂ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਕੰਵਲ ਨੈਣਾਂ ਵਾਲੇ ਮੁਖ ਤੋਂ ਕਿਹਾ, ''ਭਈ ਸੋ ਭਈ, ਹੁਣ ਸਭ ਬੀਤ ਗਈ ਹੈ, ਜਿਹੜੀ ਹੁਣ ਕਿਸੇ ਵੀ ਯਤਨ ਨਾਲ ਹੱਥ ਨਹੀਂ ਆਉਣੀ ਹੈ॥ ੩੦॥

ਜੰਗ ਬਿਖੈ ਮਾਰਨ ਕੈ ਮਰਨੋ। ਪਸ਼ਚਾਤਾਪ ਕਹਾਂ ਤਿਸ ਕਰਨੋ'।
ਪੁਨ ਡੱਲਾ ਬੋਲਯੋ ਸੁਨਿ ਐਸੇ। 'ਅਹੈ ਜਥਾਵਤ ਉਚਰਹੁ ਜੈਸੇ॥ ੩੧॥

ਜੰਗ ਵਿਚ ਮਾਰਨਾ ਜਾਂ ਮਰਨਾ ਹੁੰਦਾ ਹੈ, ਉਸ ਦਾ ਫਿਰ ਪਛਤਾਵਾ ਕੀ ਕਰਨਾ ਹੋਇਆ।'' ਡੱਲਾ ਗੁਰੂ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਫਿਰ ਬੋਲਿਆ, ''ਆਪ ਜੀ ਜਿਵੇਂ ਉਚਾਰਨ ਕਰਦੇ ਹੋ ਉਸ ਪ੍ਰਕਾਰ ਹੀ ਯੋਗ ਹੈ॥ ੩੧॥

ਤਊ ਦਾਸ ਹਮ ਰਾਵਰ ਕੇਰੇ। ਘਾਲਤਿ ਰਣ ਘਮਸਾਨ ਘਨੇਰੇ।
ਕਰਤਿ ਕਾਜ ਰਾਵਰ ਕੇ ਤਬਿਹੂੰ। ਲੇ ਕਰਿ ਮੈਂ ਪਹੁੰਚਤਿ ਭਟ ਸਭਿਹੂੰ ॥੩੨॥

ਫਿਰ ਵੀ ਮੈਂ ਆਪ ਜੀ ਦਾ ਦਾਸ ਹਾਂ, ਮੈਂ ਰਣਖੇਤਰ ਵਿਚ ਵੱਡਾ ਘਮਸਾਨ ਦਾ ਯੁੱਧ ਕਰਦਾ ਤੇ ਆਪ ਜੀ ਦੇ ਤਦ ਕਾਰਜ ਕਰਦਾ। ਮੈਂ ਸਾਰੇ ਸੂਰਬੀਰ ਲੈ ਕੇ ਪਹੁੰਚਦਾ॥ ੩੨॥

ਲਿਖਤ ਹੁਕਮਨਾਮਾ ਜੇ ਪਠਿ ਹੋ। ਬਿਨਾਂ ਬਿਲੰਬ ਮਿਲਤਿ ਮੈਂ ਤਟ ਹੋ।
ਸਭਿ ਬਿਧਿ ਕਰਿ ਸਹਾਇ ਲੇ ਆਵਤਿ। ਇਤੇ ਬਿਘਨ ਕਯੋਂ ਹ੍ਵੈਬੇ ਪਾਵਤਿ ॥੩੩॥

ਜੇ ਹੁਕਮਨਾਮਾ ਲਿਖ ਕੇ ਭੇਜ ਦਿੰਦੇ ਤਾਂ ਝਟ ਛੇਤੀ ਮੈਂ ਆਪ ਪਾਸ ਪਹੁੰਚ ਜਾਂਦਾ। ਸਭ ਵਿਧੀਆਂ ਨਾਲ ਸਹਾਇਤਾ ਕਰਕੇ ਮੈਂ ਲੈ ਆਉਂਦਾ, ਏਨੇ ਵਿਘਨ ਫਿਰ ਕਿਉਂ ਆ ਕੇ ਪੈਂਦੇ''॥ ੩੩॥

ਸੁਨਿ ਸ੍ਰੀ ਪ੍ਰਭੁ ਪੁਨ ਤਿਹ ਸਮੁਝਾਯੋ। 'ਸਮਾ ਬਿਤਯੋ ਕਬਿ ਹਾਥ ਨ ਆਯੋ।
ਨਹੀਂ ਉਪਾਇ ਬਨਹਿ ਅਬਿ ਤਾਹੂੰ। ਹੋਨਹਾਰ ਸਿਰ ਪਰ ਸਭਿ ਕਾਹੂੰ ॥੩੪॥

ਸਤਿਗੁਰੂ ਜੀ ਨੇ ਫਿਰ ਕਹਿ ਕੇ ਉਸ ਨੂੰ ਸਮਝਾਇਆ, ''ਬੀਤਿਆ ਸਮਾਂ ਕਦੀ ਵੀ ਹੱਥ ਨਹੀਂ ਆਉਂਦਾ ਹੈ। ਹੁਣ ਉਸਦਾ ਕੋਈ ਉਪਾਅ ਵੀ ਨਹੀਂ ਬਣਦਾ ਹੈ। ਹੋਣਹਾਰ ਹੋਣੀ ਸਭ ਦੇ ਸਿਰ ਉੱਪਰ ਮੰਡਲਾਉਂਦੀ ਹੈ''॥ ੩੪॥

ਇਤੋ ਕਹਯੋ ਪਰ ਤਊ ਨ ਮੋਨੰ। ਤਜੈਂ ਪ੍ਰਸੰਗ, ਸੁਨਾਵੈ ਤੋਨੰ।
ਅਪਨੋ ਆਪਾ ਕਰਹਿ ਜਨਾਵਨ। ਲਰੇ ਮਰੇ ਬਿਨ ਬਡਤਾ ਪਾਵਨ॥ ੩੫॥

ਏਨਾ ਕੁਝ ਕਿਹਾ, ਪਰ ਫਿਰ ਵੀ ਡੱਲਾ ਚੁੱਪ ਨਾ ਹੋਇਆ। ਸਤਿਗੁਰੂ ਜੀ ਪ੍ਰਸੰਗ ਨੂੰ ਛੱਡਦੇ ਸਨ ਪਰ ਡੱਲਾ ਉਨ੍ਹਾਂ ਨੂੰ ਸੁਣਾਉਂਦਾ ਸੀ। ਆਪਣੇ ਆਪ ਨੂੰ ਉਹ ਜਤਾਉਂਦਾ ਸੀ। ਲੜਨ ਮਰਨ ਤੋਂ ਬਗੈਰ ਹੀ ਵਡਿਆਈ ਪਾਉਣਾ ਚਾਹੁੰਦਾ ਸੀ॥ ੩੫॥

ਸਭਾ ਹਜ਼ਾਰਹੁਂ ਸੁਭਟਨਿ ਕੇਰੀ। ਬੈਠੇ ਸਨਧਬੱਧ ਤਿਸ ਬੇਰੀ।
ਲਵਪੁਰਿ ਕੇ ਕਾਰੀਗਰ ਆਏ। ਬਹੁ ਮੋਲੀ ਬਰ ਤੁਪਕਨ ਲਜਾਏ॥ ੩੬॥

ਹਜ਼ਾਰਾਂ ਸੂਰਬੀਰਾਂ ਦੀ ਸਭਾ ਲੱਗੀ ਹੋਈ ਸੀ, ਸਾਰੇ ਸੂਰਬੀਰ ਸ਼ਸਤਰ ਧਾਰ ਕੇ ਬੈਠੇ ਸਨ। ਲਾਹੌਰ ਦੇ ਕਾਰੀਗਰ ਆਏ, ਉਹ ਬਹੁਤ ਕੀਮਤੀ ਸ੍ਰੇਸ਼ਟ ਬੰਦੂਕਾਂ ਲੈ ਕੇ ਆਏ ਸਨ॥ ੩੬॥

ਆਨਿ ਹਜ਼ੂਰ ਪ੍ਰਭੂ ਕੇ ਧਰੀ। ਕਰ ਪੰਕਜ ਮਹਿਂ ਗਹਿਬੇ ਕਰੀ।
ਅੰਤਰ ਵਹਿਰ ਹੇਰਿ ਬਿਧਿ ਨਾਨਾ। ਦਸਤਰਵਾਂ ਕਰਿ ਤਾਕਿ ਨਿਸ਼ਾਨਾ॥ ੩੭॥

ਉਨ੍ਹਾਂ ਨੇ ਆ ਕੇ ਸਤਿਗੁਰੂ ਜੀ ਦੇ ਪਾਸ ਧਰ ਦਿੱਤੀਆਂ ਤੇ ਗੁਰੂ ਜੀ ਨੇ ਆਪਣੇ ਕਰ-ਕੰਵਲਾਂ ਨਾਲ ਫੜ ਲਈਆਂ। ਅੰਦਰ ਬਾਹਰ ਬਹੁਤ ਵਿਧੀਆਂ ਨਾਲ ਵੇਖੀਆਂ। ਬੰਦੂਕ ਨੂੰ ਪੂਰੀ ਤਰ੍ਹਾਂ ਤਿਆਰ ਕਰਕੇ ਫਿਰ ਉਨ੍ਹਾਂ ਨਿਸ਼ਾਨਾ ਤੱਕਿਆ॥ ੩੭॥

ਸਭਾ ਬਿਖੈ ਡੱਲੇ ਕਹੁ ਪਰਖਨ। ਸਭਿਨਿ ਸੁਨਾਇ ਕਹ੍ਯੋ ਰਿਪੁ ਧਰਖਨ।
'ਭੋ ਡੱਲਾ! ਦੀਜੈ ਨਰ ਦੋਇ। ਹਤਹਿਂ ਤੁਰੰਗ ਪਰਖ ਪੁਨ ਹੋਇ॥ ੩੮॥

ਸਭਾ ਦੇ ਵਿਚ ਡੱਲੇ ਨੂੰ ਪਰਖਣ ਵਾਸਤੇ ਸਾਰਿਆਂ ਨੂੰ ਸੁਣਾ ਕੇ ਵੈਰੀਆਂ ਨੂੰ ਦਬਾਉਣ ਵਾਲੇ ਸਤਿਗੁਰੂ ਜੀ ਨੇ ਕਿਹਾ, "ਹੇ ਡੱਲਾ! ਦੋ ਮਨੁੱਖ ਦੇਵੇਂ, ਜਿਨ੍ਹਾਂ ਨੂੰ ਮਾਰ ਕੇ ਇਸ ਬੰਦੂਕ ਦੀ ਪਰਖ ਕਰੀਏ॥ ੩੮॥

ਕਿਤਿਕ ਤੇਜ਼ ਕਰਿ ਘਾਵਨ ਘਾਲਹਿ। ਮਰਹਿ ਕਿ ਨਹੀਂ ਸੁਭਟ ਤਤਕਾਲਹਿ'।
ਸੁਨਿ ਗੁਰਬਾਕ ਸਕਲ ਬਿਸਮਾਏ। ਇਹ ਕਜਾ ਕਹ੍ਯੋ 'ਨਰਨ ਕੋ ਘਾਏ'॥ ੩੯॥

ਇਹ ਬੰਦੂਕ ਕਿੱਥੋਂ ਤਕ ਮਾਰ ਕਰਦੀ ਹੈ, ਇਹ ਵੀ ਵੇਖੀਏ ਕਿ ਸੂਰਬੀਰ ਤੁਰਤ ਮਰਦੇ ਹਨ ਕਿ ਨਹੀਂ।" ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਹੈਰਾਨ ਹੋਏ, ਇਹ ਕੀ ਕਿਹਾ ਹੈ, "ਮਨੁੱਖਾਂ ਨੂੰ ਮਾਰੀਏ"॥ ੩੯॥

ਜੇ ਡੱਲੇ ਸੰਗ ਭ੍ਰਾਤ ਬਟੋਰੇ। ਚਲਜੋ ਚਹਤਿ ਨਿਜ ਧਾਮਨ ਓਰੇ।
ਭਏ ਭੀਰੁ, ਧੀਰਜ ਤਜਿ ਬੀਰਾ। ਬੈਠਜੋ ਜਾਇ ਨਹੀਂ ਗੁਰੁ ਤੀਰਾ॥ ੪੦॥

ਡੱਲਾ ਜਿਹੜੇ ਭਰਾਵਾਂ ਨੂੰ ਇਕੱਠੇ ਕਰਕੇ ਲਿਆਇਆ ਸੀ, ਉਹ ਆਪਣੇ-ਆਪਣੇ ਘਰਾਂ ਨੂੰ ਜਾਣਾ ਚਾਹੁੰਦੇ ਸਨ। ਵੱਡੇ ਕਾਇਰ ਹੋ ਗਏ ਤੇ ਸੂਰਬੀਰਾਂ ਨੇ ਧੀਰਜ ਛੱਡ ਦਿੱਤਾ। ਗੁਰੂ ਜੀ ਦੇ ਲਾਗੇ ਹੁਣ ਬੈਠਿਆ ਨਹੀਂ ਸੀ ਜਾਂਦਾ॥ ੪੦॥

ਸੁਨਤਿ ਹੁਤੇ ਜਿਮ ਗੁਰ ਕੀ ਚਾਲਾ। ਦਿਨ ਪ੍ਰਤਿ ਸੁੱਖਾ ਛਕਹਿਂ ਬਿਸਾਲਾ।
ਮਨ ਭਾਵਤਿ ਬੋਲਹਿਂ ਮੁਖ ਆਈ। ਅਹੈ ਸਿਰਰ ਕਹਿਂ ਬਿਮੁਖ ਬਨਾਈ॥ ੪੧॥

ਵਿਵਾਦ ਗ੍ਰੱਸਤ ਹੋਣ ਕਰਕੇ ਅਰਥ ਨਹੀਂ ਦਿੱਤੇ ਗਏ ਹਨ॥ ੪੧॥

ਤੁਪਕ ਪਰਖਿਬੇ ਨਰ ਹਤਿ ਚਹੈਂ। ਕਹਹੁ ਕੌਨ ਕਿਮ ਇਨ ਢਿਗ ਰਹੈ।
ਤਬਿ ਡੱਲੇ ਕੀ ਆਂਖ ਬਚਾਇ। ਆਧੇ ਰਾਹਕ ਗਏ ਸਿਧਾਇ॥ ੪੨॥

ਬੰਦੂਕ ਪਰਖਣ ਵਾਸਤੇ ਮਨੁੱਖਾਂ ਨੂੰ ਮਾਰਨਾ ਚਾਹੁੰਦੇ ਹਨ, ਦੱਸੋ ਕੌਣ ਕਿਵੇਂ ਇਨ੍ਹਾਂ ਦੇ ਪਾਸ ਰਹੇਗਾ। ਤਦ ਡੱਲੇ ਦੀ ਅੱਖ ਬਚਾ ਕੇ ਅੱਧੇ ਕਿਸਾਨ ਆਪਣੇ ਘਰਾਂ ਨੂੰ ਚਲੇ ਗਏ॥ ੪੨॥

ਨਹਿਂ ਕਹਿ ਦੇਹਿਂ, ਅੱਗ੍ਰ ਤੂੰ ਆਇ। ਖਰੋ ਹੋਇ ਗੁਲਕਾਂ ਤਨ ਖਾਇ।
ਅਸ ਭੈ ਧਰਿ ਧਰਿ ਘਰੋਂ ਸਿਧਾਰੇ। ਅਰਧ ਰਹੇ ਸੋ ਭੀ ਡਰ ਧਾਰੇ॥ ੪੩॥

ਇਹ ਨਾ ਕਹਿ ਦੇਣ ਕਿ ਅੱਗੇ ਤੂੰ ਆ ਕੇ ਖੜੇ ਹੋ ਕੇ ਆਪਣੇ ਸਰੀਰ ਵਿਚ ਗੋਲੀਆਂ ਖਾ। ਇਸ ਪ੍ਰਕਾਰ ਭੈਅ ਧਾਰ ਕੇ ਆਪਣੇ ਘਰਾਂ ਨੂੰ ਚਲੇ ਗਏ। ਜਿਹੜੇ ਅੱਧੇ ਰਹਿ ਗਏ, ਉਨ੍ਹਾਂ ਵੀ ਡਰ ਧਾਰਨ ਕੀਤਾ ਸੀ॥ ੪੩॥

ਸੁਨਿ ਡੱਲਾ ਬਿਸਮਜੋ ਧਰਿ ਮੋਨ। ਬੈਠਜੋ ਨੀਵ ਗ੍ਰੀਵ, ਮੁਖ ਔਨ।
ਕੈਧੋਂ ਕਹਤਿ ਹੁਤੋ ਬਹੁ ਬਾਤੀ। ਕੈ ਤੂਸ਼ਨਿ ਭਾ ਨਿਜ ਮਤਿ ਹਾਤੀ॥ ੪੪॥

ਇਹ ਸੁਣ ਕੇ ਡੱਲਾ ਹੈਰਾਨ ਰਿਹਾ ਤੇ ਉਸ ਨੇ ਚੁੱਪ ਧਾਰ ਲਈ, ਨੀਵੀਂ ਧੌਣ ਕਰਕੇ ਬੈਠ ਗਿਆ ਤੇ ਮੂੰਹ ਧਰਤੀ ਵੱਲ ਸੀ। ਜਿਹੜਾ ਕਿ ਹੁਣੇ ਹੀ ਬਹੁਤ ਗੱਲਾਂ ਕਹਿ ਰਿਹਾ ਸੀ, ਆਪਣੀ ਮੱਤ ਮਾਰ ਕੇ ਚੁੱਪ-ਚਾਪ ਬੈਠਾ ਸੀ॥ ੪੪॥

ਸ੍ਰੀ ਪ੍ਰਭੁ ਤੁਪਕ ਹਾਥ ਧਰਿ ਰਹੇ। ਕਬਹੂੰ ਪਲੀਤਾ ਖੋਲਤਿ ਲਹੇ।
ਗਜ ਨਿਕਾਲ ਡਾਲਤਿ ਫਿਰ ਕਬੈ। ਕੋਠੀ ਕਿਤਿਕ ਬਨੀ ਲਖਿ ਤਬੈ॥ ੪੫॥

ਸਤਿਗੁਰੂ ਜੀ ਨੇ ਬੰਦੂਕ ਆਪਣੇ ਹੱਥ ਵਿਚ ਧਾਰਨ ਕੀਤੀ ਹੋਈ ਸੀ। ਕਦੀ ਪਲੀਤਾ ਖੋਲ੍ਹ ਕੇ ਵੇਖਦੇ ਸਨ, ਕਦੀ ਗਜ ਕੱਢ ਕੇ ਫਿਰ ਵਿਚ ਪਾਉਂਦੇ ਸਨ। ਬਾਰੂਦ ਭਰਨ ਵਾਲੀ ਕੋਠੀ ਕਿਸ ਪ੍ਰਕਾਰ ਦੀ ਬਣੀ ਹੈ, ਕਦੀ ਉਸ ਨੂੰ ਵੇਖਦੇ ਸਨ॥ ੪੫॥

ਇਮ ਦੇਖਤਿ ਭੇ ਕੇਤਿਕ ਸਮੈਂ। ਢਿਗ ਬੈਠੇ ਸਭਿ ਕੇ ਮੁਖ ਨਿਮੇ।
ਪੁਨ ਬੋਲੇ 'ਡੱਲੇ! ਨਰ ਦੋਇ। ਹਮ ਕੋ ਦੇਹੁ ਖਰੇ ਹੁਇਂ ਜੋਇ॥ ੪੬॥

ਇੰਝ ਵੇਖਦਿਆਂ ਹੀ ਕੁਝ ਸਮਾਂ ਬੀਤ ਗਿਆ, ਪਾਸ ਬੈਠਿਆਂ ਦੇ ਸਾਰਿਆਂ ਦੇ ਮੁਖ ਨੀਵੇਂ ਸਨ। ਗੁਰੂ ਜੀ ਫਿਰ ਬੋਲੇ, "ਡੱਲੇ! ਦੋ ਮਨੁੱਖ, ਸਾਨੂੰ ਦੇਵੋ ਜਿਹੜੇ ਬੰਦੂਕ ਪਰਖਣ ਵਾਸਤੇ ਸਾਹਮਣੇ ਖੜੇ ਹੋਣ॥ ੪੬॥

ਮਾਰਿ ਤੁਫੰਗਨਿ ਪਰਖਨਿ ਠਾਨੈਂ। ਕੇਤਿਕ ਘਾਵ ਕਰਹਿ ਸਭਿ ਜਾਨੈਂ।
ਸੁਨਿ ਕਰਿ ਡੱਲੋ ਤੂਸ਼ਨਿ ਠਾਨੀ। ਊਚ ਗ੍ਰੀਵ ਕਰਿ ਕੁਛ ਨ ਬਖਾਨੀ॥ ੪੭॥

ਉਨ੍ਹਾਂ ਨੂੰ ਗੋਲੀਆਂ ਮਾਰ ਕੇ ਬੰਦੂਕਾਂ ਦੀ ਪਰਖ ਕਰੀਏ। ਬੰਦੂਕ ਕਿੰਨੀ ਮਾਰ ਕਰਦੀ ਹੈ, ਇਹ ਸਾਰੇ ਜਾਣ ਲੈਣ।" ਇਹ ਸੁਣ ਕੇ ਡੱਲੇ ਨੇ ਚੁੱਪ ਧਾਰ ਲਈ। ਉੱਚੀ ਧੌਣ ਕਰਕੇ ਕੁਝ ਨਾ ਕਿਹਾ॥ ੪੭॥

ਸੁਨਿ ਬੰਧਪ ਉਠਿ ਉਠਿ ਬਹੁ ਗਏ। ਧੀਰ ਸਹਿਤ ਨਹਿਂ ਥਿਰਤਾ ਲਏ।
ਚਾਕਰ ਨਹੀਂ ਜਿ ਡਰ ਢਿਗ ਰਹੇ। ਹੁਤੇ ਭ੍ਰਾਤ ਗਮਨੇ ਚਿਤ ਚਹੇ॥ ੪੮॥

ਡੱਲੇ ਦੇ ਬਹੁਤੇ ਸਕੇ ਸੰਬੰਧੀ ਉਠ ਉਠ ਕੇ ਚਲੇ ਗਏ, ਕੋਈ ਵੀ ਧੀਰਜ ਨਾਲ ਬੈਠਦਾ ਨਹੀਂ ਸੀ। ਨੌਕਰ ਨਹੀਂ ਜਿਹੜਾ ਡਰ ਕੇ ਪਾਸ ਰਹੇ, ਉਹ ਭਰਾ ਸਨ, ਜਿੱਥੇ ਜੀਅ ਚਾਹਿਆ ਉੱਠ ਕੇ ਚਲੇ ਗਏ॥ ੪੮॥

ਸਭਾ ਬਿਖੈ ਮੁਝ ਕੋ ਨ ਪਚਾਰੇ। ਜਾਹੁ ਖਰੋ ਹੁਇ ਗੁਰੂ ਅਗਾਰੇ।
ਇਮ ਚਿਤ ਜਾਨਿ ਤ੍ਰਾਸ ਧਰਿ ਗਏ। ਨਹੀਂ ਸਭਾ ਮਹਿਂ ਸੋ ਥਿਰ ਭਏ॥ ੪੯॥

ਸਭਾ ਵਿਚ ਮੈਨੂੰ ਕੋਈ ਨਾ ਬੁਲਾਵੇ ਕਿ ਜਾ ਕੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਜਾ। ਇਸ ਪ੍ਰਕਾਰ ਚਿੱਤ ਵਿਚ ਜਾਣ ਕੇ ਡਰ ਧਾਰ ਕੇ ਚਲੇ ਗਏ। ਉਹ ਸਭਾ ਦੇ ਵਿਚ ਬੈਠੇ ਨਾ ਰਹੇ॥ ੪੯॥

ਸਤਿਗੁਰ ਖਯਾਲ ਤਿਨਹੁੰ ਤੇ ਟਾਲਿ। ਪਰਚੇ ਪਿਖਿਨਿ ਤੁਪਕ ਦ੍ਵੈਨਾਲਿ।
ਪੁਨ ਬਰੂਦ ਗੋਰੀ ਜੁਗ ਡਾਰੀ। ਗਜ ਸੋਂ ਠੋਕਿ ਭਲੇ ਕਿਯ ਤਯਾਰੀ॥ ੫੦॥

ਸਤਿਗੁਰੂ ਜੀ ਉਨ੍ਹਾਂ ਤੋਂ ਖਿਆਲ ਟਾਲ ਕੇ, ਦੋ ਨਾਲੀ ਬੰਦੂਕ ਨੂੰ ਵੇਖਣ ਵਿਚ ਹੀ ਪਰਚ ਗਏ। ਫਿਰ ਬਾਰੂਦ ਅਤੇ ਦੋ ਗੋਲੀਆਂ ਪਾਈਆਂ ਤੇ ਗਜ ਨਾਲ ਠੋਕ ਭਲੀ ਪ੍ਰਕਾਰ ਬੰਦੂਕ ਚਲਾਉਣ ਵਾਸਤੇ ਤਿਆਰ ਕੀਤੀ॥ ੫੦॥

ਤ੍ਰਿਤੀ ਬਚਨ ਕੋ ਬਹੁਰ ਬਖਾਨਾ। ਰਹਜੋ ਨ ਕੋ ਰਾਹਕ ਤਿਸ ਥਾਨਾ।
ਤਬਿ ਤੋਰਾ ਸੁਲਗਾਇ ਮੰਗਾਯੋ। ਇਕ ਸਿਖ ਸੰਗ ਹੁਕਮ ਫੁਰਮਾਯੋ॥ ੫੧॥

ਫਿਰ ਗੁਰੂ ਜੀ ਨੇ ਤੀਸਰਾ ਬਚਨ ਕੀਤਾ, ਕੋਈ ਕਿਸਾਨ ਵੀ ਕਿਸੇ ਥਾਂ ਨਾ ਰਿਹਾ। ਤਦ ਤੋੜਾ ਸੁਲਗਾ ਕੇ ਮੰਗਵਾਇਆ ਤੇ ਇਕ ਸਿੱਖ ਨੂੰ ਹੁਕਮ ਕੀਤਾ॥ ੫੧॥

'ਦ੍ਵੈ ਰੰਗਰੇਟੇ ਸਿਖ ਤਿਸ ਥਾਂਏ। ਥਿਰੇ ਦੂਰ ਦੇਖਹੁ ਦ੍ਰਿਗ ਲਾਏ।
ਨਾਮ ਦੁਹਨ ਮਹਿਂ ਨਹਿਂ ਕਿਹ ਲੀਜੈ। ਗੁਰੂ ਹਕਾਰਤਿ ਇਮ ਕਹਿ ਦੀਜੈ॥੫੨॥

"ਦੋ ਰੰਗਰੇਟੇ ਸਿੱਖ ਉਸ ਥਾਂ ਦੂਰ ਬੈਠੇ ਸਨ, ਉਹ ਅੱਖਾਂ ਲਾ ਕੇ ਗੁਰੂ ਜੀ ਵੱਲ ਵੇਖ ਰਹੇ ਸਨ। ਦੋਵਾਂ ਦਾ ਨਾਮ ਕੀ ਲਈਏ ਗੁਰੂ ਜੀ ਨੇ ਬੁਲਾਇਆ ਹੈ, ਇੰਝ ਕਹਿ ਦੇਵੇ॥ ੫੨॥

ਹਤਹਿਂ ਤੁਪਕ ਇਹ ਦੇਹੁ ਬਤਾਈ। ਪਰਖਨ ਹੇਤੁ ਘਾਵ ਕੋ ਘਾਈ'।
ਸੁਨਿ ਸਿਖ ਗਯੋ ਸੁ ਜਾਇ ਅਲਾਵੈ। 'ਹਿਤ ਹਤਿਬੇ ਇਕ, ਗੁਰੂ ਬੁਲਾਵੈਂ' ॥੫੩॥

ਬੰਦੂਕ ਮਾਰਾਂਗੇ, ਇਹ ਦੱਸ ਦੇਵੇ, ਬੰਦੂਕ ਪਰਖਣ ਵਾਸਤੇ ਉਨ੍ਹਾਂ ਨੂੰ ਮਾਰਾਂਗੇ।" ਇਹ ਸੁਣ ਕੇ ਸਿੱਖ ਗਿਆ ਤੇ ਉਨ੍ਹਾਂ ਨੂੰ ਜਾ ਕੇ ਸੁਣਾਇਆ "ਇਕ ਨੂੰ ਮਾਰਨ ਵਾਸਤੇ ਗੁਰੂ ਜੀ ਬੁਲਾਉਂਦੇ ਹਨ" ॥ ੫੩॥

ਨਹਿਂ ਦੋਨਹੁਂ ਤਬਿ ਪਾਗ ਸੰਭਾਰੀ। ਕੁਛ ਸਿਰ ਪਰ ਕੁਛ ਕਰ ਮਹਿਂ ਧਾਰੀ।
ਝਗਰਤ ਆਵਹਿਂ ਦੋਨਹੁਂ ਚਲੇ। ਸਭਾ ਸਹਿਤ ਗੁਰ ਆਗੇ ਖਲੇ॥ ੫੪॥

ਦੋਵਾਂ ਨੇ ਫਿਰ ਆਪਣੀਆਂ ਪੱਗਾਂ ਵੀ ਨਾ ਸੰਭਾਲੀਆਂ, ਕੁਝ ਸਿਰ ਉੱਪਰ ਤੇ ਕੁਝ ਹੱਥ ਵਿਚ ਧਾਰਨ ਕਰ ਲਈ। ਝਗੜਦੇ ਹੋਏ ਦੋਵੇਂ ਚਲੇ ਆਉਂਦੇ ਸਨ ਤੇ ਸਭਾ ਸਹਿਤ ਗੁਰੂ ਜੀ ਦੇ ਅੱਗੇ ਖੜੇ ਹੋ ਗਏ॥ ੫੪॥

'ਤੁਮ ਮਹਿਂ ਤੇ ਹਮ ਏਕ ਹਕਾਰਾ। ਕਿਮ ਦੋਊ ਥਿਰ ਝਗਰਾ ਡਾਰਾ'।
ਕਹੈਂ ਜੋਰਿ ਕਰ 'ਗਯੋ ਹਕਾਰਨ। ਨਹਿਂ ਇਕ ਕੋ ਕਿਯ ਨਾਮ ਉਚਾਰਨਿ॥੫੫॥

ਗੁਰੂ ਜੀ ਨੇ ਕਿਹਾ, "ਤੁਹਾਡੇ ਵਿਚੋਂ ਅਸੀਂ ਇਕ ਨੂੰ ਬੁਲਾਇਆ ਸੀ, ਕਿਵੇਂ ਦੋਵਾਂ ਨੇ ਖਲੋ ਕੇ ਝਗੜਾ ਛੇੜਿਆ ਹੈ।" ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, "ਜਿਹੜਾ ਬੁਲਾਉਣ ਗਿਆ ਸੀ, ਉਸ ਨੇ ਦੋਵਾਂ ਵਿਚੋਂ ਕਿਸੇ ਦਾ ਨਾਮ ਵੀ ਉਚਾਰਨ ਨਹੀਂ ਕੀਤਾ ਹੈ॥ ੫੫॥

ਮੈਂ ਚਾਹੋਂ ਥਿਰ ਅੱਗ੍ਰ ਤੁਫੰਗਾ। ਇਹ ਚਾਹਤਿ ਝਗਰਤਿ ਮੁਝ ਸੰਗਾ।
ਮੋ ਪਰ ਹਤਿ ਪਰਖਹੁ ਪ੍ਰਭੁ ਅਬੈ'। ਸੁਨਿ ਪ੍ਰਸੰਨ ਹੋਏ ਗੁਰ ਤਬੈ॥ ੫੬॥

ਮੈਂ ਬੰਦੂਕ ਦੇ ਅੱਗੇ ਖੜਾ ਹੋਣਾ ਚਾਹੁੰਦਾ ਹਾਂ, ਇਹ ਵੀ ਚਾਹੁੰਦਾ ਹੈ ਇਸ ਕਰਕੇ ਮੇਰੇ ਨਾਲ ਝਗੜਾ ਕਰਦਾ ਹੈ। ਹੇ ਸਤਿਗੁਰੂ ਜੀ! ਮੈਨੂੰ ਮਾਰ ਕੇ ਇਸ ਬੰਦੂਕ ਦੀ ਪਰਖ ਕਰੋ।" ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥ ੫੬॥

'ਦੇਖਹੁ ਡੱਲਾ ਇਨ ਸਮ ਬੀਰ। ਜੰਗ ਕਰਨ ਹਿਤ ਹਮਰੇ ਤੀਰ।
ਸੁਭਟ ਤੀਨ ਸੈ ਤੁਝ ਸੰਗ ਜੋਊ। ਦੇਖਿ ਭਲੀ ਬਿਧਿ ਹੈ ਕਿਤ ਕੋਊ॥ ੫੭॥

ਹੇ ਡੱਲਾ! ਵੇਖੋ, ਇਹੋ ਜਿਹੇ ਸੂਰਬੀਰ ਸਾਡੇ ਪਾਸ ਜੰਗ ਕਰਨ ਵਾਸਤੇ ਹਨ। ਤੇਰੇ ਨਾਲ ਜਿਹੜਾ ਤਿੰਨ ਸੌ ਸੂਰਬੀਰ ਹੈ, ਭਲੀ ਪ੍ਰਕਾਰ ਵੇਖੋ, ਉਨ੍ਹਾਂ ਵਿਚੋਂ ਕੋਈ ਏਥੇ ਮੌਜੂਦ ਹੈ॥ ੫੭॥

ਹਮ ਹਿਤ ਤਨ ਕੋ ਲੋਭ ਨ ਇਨ ਕੇ। ਜੇ ਕਾਯਰ ਨਹਿਂ ਧੀਰਜ ਤਿਨ ਕੇ।
ਕਹਾਂ ਲਗੇ ਹਮ ਮਾਰਨ ਤਿਨ ਕੋ। ਬਾਕ ਸੁਨਤਿ ਹਤਿ ਧੀਰਜ ਮਨ ਕੋ॥੫੮॥

ਸਾਡੇ ਵਾਸਤੇ, ਇਨ੍ਹਾਂ ਨੂੰ ਆਪਣੇ ਸਰੀਰ ਦਾ ਕੋਈ ਲੋਭ ਨਹੀਂ ਹੈ। ਜਿਹੜੇ ਕਾਇਰ ਹਨ, ਉਹ ਆਪਣੇ ਦਿਲ ਦਾ ਧੀਰਜ ਗਵਾ ਲੈਂਦੇ ਹਨ। ਇਨ੍ਹਾਂ ਨੂੰ ਅਸੀਂ ਕਿੱਥੇ ਮਾਰਨ ਲੱਗੇ ਸੀ, ਜਿਹੜੇ ਸਾਡੇ ਬਚਨ ਸੁਣਦਿਆਂ ਹੀ ਮਨ ਦਾ ਧੀਰਜ ਖੋਹ ਬੈਠੇ ਹਨ॥ ੫੮॥

ਜਬਿ ਰਣ ਪਰਹਿ ਤੁਫੰਗ ਅਗਾਰੀ। ਮਾਰਣ ਮਰਣ ਹੋਇ ਤਿਸ ਬਾਰੀ।
ਤਬਿ ਤੇਰੇ ਭਟ ਠਹਿਰ ਨ ਸੱਕੈਂ। ਅਪਰ ਬਿਗਾਰ ਭਾਜਿਬੇ ਤੱਕੈਂ॥ ੫੯॥

ਜਦ ਯੁੱਧ ਹੋਵੇਗਾ ਤਾਂ ਉਸ ਸਮੇਂ ਬੰਦੂਕ ਦੇ ਅੱਗੇ ਮਰਨ ਮਾਰਨ ਹੋਵੇਗਾ। ਤਦ ਤੇਰੇ ਸੂਰਬੀਰ ਠਹਿਰ ਨਹੀਂ ਸਕਣਗੇ ਤੇ ਉਹ ਹੋਰਨਾਂ ਨੂੰ ਵੀ ਵਿਗਾੜ ਕੇ ਭੱਜਣ ਲਈ ਤੱਕਣਗੇ॥ ੫੯॥

ਯਾਂਤੇ ਮਹਾਂਬੀਰ ਹਮ ਸੰਗਾ। ਲਾਖਹੁਂ ਤੁਰਕ ਹਤੇ ਵਿਚ ਜੰਗਾ।
ਡੱਲੇ ਕੋ ਹੰਕਾਰ ਉਤਾਰਾ। 'ਸੱਤਿ ਸੱਤਿ' ਕਰ ਜੋਰਿ ਉਚਾਰਾ॥ ੬੦॥

ਇਸ ਕਰਕੇ ਸਾਡੇ ਨਾਲ ਮਹਾਨ ਸੂਰਬੀਰ ਹਨ, ਇਨ੍ਹਾਂ ਨੇ ਜੰਗ ਵਿਚ ਲੱਖਾਂ ਤੁਰਕ ਮਾਰੇ ਹਨ।'' ਇਸ ਪ੍ਰਕਾਰ ਡੱਲੇ ਦਾ ਹੰਕਾਰ ਤੋੜਿਆ। 'ਸੱਚ ਹੈ ਸੱਚ ਹੈ' ਕਹਿ ਕੇ ਹੱਥ ਜੋੜ ਕੇ ਉਸ ਉਚਾਰਨ ਕੀਤਾ॥ ੬੦॥

ਅਦਭੁਤ ਖਯਾਲ ਦੇਖਿ ਬਿਸਮਾਏ। ਸਕਲ ਸਭਾ ਸੁਨਿ ਸੁਨਿ ਮੁਦ ਪਾਏ ॥੬੧ ॥

ਅਦਭੁਤ ਖਿਆਲ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ। ਸਾਰੀ ਸਭਾ ਸੁਣ-ਸੁਣ ਕੇ ਬਹੁਤ ਪ੍ਰਸੰਨ ਹੋਈ॥ ੬੧॥

*ਪਹਿਲੇ ਐਨ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥ ੧੯॥*

## ਅਧਿਆਇ ਵੀਹਵਾਂ

*ਡੱਲੇ ਪਾਸ ਬਾਹਰ ਡੇਰਾ, ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ*

ਦੋਹਰਾ- ਸਭਿ ਬਹੀਰ ਆਯਹੁ ਮਿਲਯੋ ਉਤਰਨਿ ਸਮਾ ਪਛਾਨ।
ਸ੍ਰੀ ਗੁਰ ਗੋਬਿੰਦ ਸਿੰਘ ਜੀ ਚਢਿ ਕਰਿ ਚਲੇ ਕਿਕਾਨ॥ ੧॥

ਗੁਰੂ ਜੀ ਦਾ ਉਤਾਰੇ ਦਾ ਸਮਾਂ ਪਛਾਣ ਕੇ ਸਾਰੀ ਵਹੀਰ ਆ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਉੱਪਰ ਚੜ੍ਹ ਕੇ ਚਲ ਪਏ॥ ੧॥

ਚੌਪਈ- ਪਹੁੰਚੇ ਜਬਿ ਤਲਵੰਡੀ ਜਾਇ। ਤਬਿ ਡੱਲਾ ਕਰ ਜੋਰਿ ਅਲਾਇ।
'ਕਰਹੁ ਦੁਰਗ ਕੇ ਅੰਤਰ ਡੇਰਾ। ਸਭਿ ਬਿਧਿ ਤੇ ਸੁਖ ਹੋਇ ਘਨੇਰਾ ॥੨ ॥

ਜਦ ਤਲਵੰਡੀ ਵਿਚ ਜਾ ਕੇ ਪਹੁੰਚੇ ਤਦ ਡੱਲੇ ਨੇ ਹੱਥ ਜੋੜ ਕੇ ਕਿਹਾ, ''ਕਿਲ੍ਹੇ ਦੇ ਅੰਦਰ ਡੇਰਾ ਕਰੋ, ਸਭ ਵਿਧੀਆਂ ਨਾਲ ਵੱਡਾ ਸੁੱਖ ਪ੍ਰਾਪਤ ਹੋਵੇਗਾ'' ॥ ੨॥

ਸਤਿਗੁਰ ਕਹੈਂ 'ਵਹਿਰ ਹੀ ਆਛੇ। ਅਬਹਿ ਬੀਚ ਬਰਿਬੋ ਕਿਮ ਬਾਂਛੇਂ ?।
ਰਣ ਕਰਿਬੇ ਕੀ ਨਾਹਿਨ ਆਸਾ। ਲਿਖਿ ਚਾਹਜੋ ਤੁਰਕੇਸ਼ ਬਿਨਾਸ਼ਾ ॥੩ ॥

ਸਤਿਗੁਰੂ ਜੀ ਨੇ ਕਿਹਾ, ''ਬਾਹਰ ਹੀ ਚੰਗਾ ਹੈ, ਹੁਣੇ ਕਿਲ੍ਹੇ ਵਿਚ ਦਾਖਲ ਹੋਣ ਦੀ ਕਿਵੇਂ ਇੱਛਾ ਧਾਰਨ ਕਰਾਂਗੇ ? ਹੁਣ ਯੁੱਧ ਕਰਨ ਦੀ ਕੋਈ ਆਸ ਨਹੀਂ ਹੈ। ਅਸੀਂ ਹੁਣ ਤੁਰਕ ਬਾਦਸ਼ਾਹ ਦਾ ਨਾਸ਼ ਲਿਖ ਕੇ ਕਰਨਾ ਚਾਹੁੰਦੇ ਹਾਂ॥ ੩॥

ਬਹੁਰ ਬਸਨਿ ਕੇ ਸਦਨ ਜ਼ਨਾਨੇ। ਅਸਮੰਜਸ ਇੱਤਜਾਦਿਕ ਜਾਨੇ।
ਸੁਨਿ ਡੱਲੇ ਪੁਨ ਬਿਨੈ ਬਖਾਨੀ। 'ਇਕ ਘਰ ਮਹਿਂ ਸਭਿ ਹੋਹਿਂ ਜ਼ਨਾਨੀ॥੪॥

ਫਿਰ ਘਰ ਦੇ ਅੰਦਰ ਇਸਤਰੀਆਂ ਦੇ ਵੱਸਣ ਦੇ ਵੀ ਘਰ ਹਨ। ਇਸ ਕਰਕੇ ਇਹ ਸਭ ਕੁਝ ਅਯੋਗ ਅਤੇ ਨਾਮੁਨਾਸਿਬ ਜਾਣਿਆ ਹੈ।'' ਇਹ ਸੁਣ ਕੇ ਡੱਲੇ ਨੇ ਫਿਰ ਬੇਨਤੀ ਕੀਤੀ, ''ਸਾਰੀਆਂ ਜ਼ਨਾਨੀਆਂ ਇਕ ਘਰ ਵਿਚ ਰਹਿਣਗੀਆਂ॥ ੪॥

ਅਪਰ ਸਥਾਨ ਕਰਹਿਂ ਸਭਿ ਖਾਲੀ। ਉਤਰਹੁ ਅੰਤਰ ਸਰਬ ਸੰਭਾਲੀ।
ਨਾਂਹਿ ਤ ਜੇ ਜ਼ਨਾਨੀਆਂ ਸਾਰੀ। ਬਸਹਿਂ ਜਾਇ ਕਰਿ ਨਗਰ ਮਝਾਰੀ॥ ੫॥

ਹੋਰ ਸਾਰੇ ਸਥਾਨ ਖਾਲੀ ਕਰ ਦੇਵਾਂਗੇ, ਅੰਦਰ ਉਤਾਰਾ ਕਰੋ, ਸਰਬ ਪ੍ਰਕਾਰ ਸੰਭਾਲ ਹੋਵੇਗੀ। ਨਹੀਂ ਤਾਂ ਸਾਰੀਆਂ ਜ਼ਨਾਨੀਆਂ ਨਗਰ ਦੇ ਵਿਚ ਜਾ ਕੇ ਵੱਸਣਗੀਆਂ॥ ੫॥

ਸਕਲ ਮਕਾਨ ਆਪ ਕੇ ਜਾਨੋ। ਬਸਹੁ ਅਨੇਕ ਸੁਖਨ ਕੋ ਠਾਨੋ'।
ਪੁਨਹਿ ਭਨਜੋ 'ਹਮ ਬਾਹਰ ਭਲੇ। ਡੇਰਾ ਕਰਹਿਂ ਨਿਕਟ ਹੀ ਕਿਲੇ॥ ੬॥

ਫਿਰ ਸਾਰੇ ਮਕਾਨ ਆਪਣੇ ਜਾਣੋ ਤੇ ਅਨੇਕ ਸੁੱਖਾਂ ਨੂੰ ਧਾਰ ਕੇ ਅੰਦਰ ਵਾਸਾ ਕਰੋ।'' ਗੁਰੂ ਜੀ ਨੇ ਫਿਰ ਕਿਹਾ, ''ਅਸੀਂ ਬਾਹਰ ਹੀ ਚੰਗੇ ਹਾਂ, ਕਿਲ੍ਹੇ ਦੇ ਨੇੜੇ ਹੀ ਡੇਰਾ ਕਰਾਂਗੇ॥ ੬॥

ਤੇਰੋ ਭਾਵੁ ਭਲੇ ਲਖਿ ਪਾਯੋ। ਜਿਮ ਅੰਤਰ ਤਿਮ ਬਾਹਰ ਭਾਯੋ'।
ਇਮ ਕਹਿ ਸਤਿਗੁਰ ਕੀਨਸਿ ਡੇਰਾ। ਹ੍ਵੈ ਕਰਿ ਅਧਿਕ ਦੁਰਗ ਕੇ ਨੇਰਾ॥ ੭॥

ਤੇਰਾ ਭਾਵ ਅਸੀਂ ਭਲੀ ਪ੍ਰਕਾਰ ਜਾਣਿਆ ਹੈ। ਜਿਵੇਂ ਅੰਦਰ ਹੈ ਉਸ ਪ੍ਰਕਾਰ ਬਾਹਰ ਵੀ ਚੰਗਾ ਲੱਗਾ ਹੈ।'' ਇਸ ਪ੍ਰਕਾਰ ਕਹਿ ਕ ਸਤਿਗੁਰੂ ਜੀ ਨੇ ਡੇਰਾ ਕੀਤਾ ਤੇ ਕਿਲ੍ਹੇ ਦੇ ਬਹੁਤ ਨੇੜੇ ਹੋ ਗਏ॥ ੭॥

ਕੰਧ ਨਿਕਟ ਹਯ ਬ੍ਰਿੰਦ ਲਗਾਏ। ਤੰਬੂ ਤਾਨ ਦੀਨਿ ਤਿਸ ਥਾਂਏ।
ਕੁਛਕੁ ਫਰਕ ਤੇ ਸਿੰਘ ਥਿਰੇ ਹੈਂ। ਦੂਰ ਦੂਰ ਲੌ ਉਤਰਿ ਪਰੇ ਹੈਂ॥ ੮॥

ਕਿਲ੍ਹੇ ਦੇ ਕੰਧ ਦੇ ਨੇੜੇ ਸਾਰੇ ਘੋੜੇ ਬੰਨ੍ਹ ਦਿੱਤੇ ਤੇ ਉਸ ਥਾਂ ਤੰਬੂ ਤਾਣ ਦਿੱਤੇ। ਕੁਝ ਫਰਕ 'ਤੇ ਸਿੰਘ ਠਹਿਰ ਗਏ ਤੇ ਦੂਰ-ਦੂਰ ਤਕ ਉਤਾਰਾ ਕਰ ਲਿਆ॥ ੮॥

ਤਿਨ ਤੇ ਪਰੇ ਪਰੇ ਬੈਰਾਰ। ਉਤਰੇ ਪੈਦਲ ਅਰੁ ਅਸਵਾਰ।
ਆਛੀ ਰੀਤਿ ਲਗਾਇਸਿ ਡੇਰੇ। ਗੁਰ ਕੇ ਚਹੁਂਦਿਸ਼ਿ ਰੱਛ ਬਡੇਰੇ॥ ੯॥

ਉਨ੍ਹਾਂ ਤੋਂ ਪਰ੍ਹੇ ਬੈਰਾੜ ਪੈ ਗਏ, ਪੈਦਲ ਅਤੇ ਘੋੜ-ਸਵਾਰ ਦੋਵਾਂ ਨੇ ਉਤਾਰਾ ਕਰ ਲਿਆ। ਚੰਗੀ ਰੀਤੀ ਨਾਲ ਡੇਰੇ ਲਾ ਲਏ। ਗੁਰੂ ਜੀ ਦੇ ਚਾਰ ਚੁਫੇਰੇ ਵੱਡੇ ਰਖਵਾਲੇ ਸਨ॥ ੯॥

ਕਹਿ ਬਹੁ ਬਾਰ ਦੇਗ਼ ਕਰਿ ਅੰਤਰ। ਤੂਰਨ ਹੀ ਬਰਤਾਇ ਨਿਰੰਤਰ।
ਸਭਿ ਬੈਰਾੜ ਰੋਜ ਕੋ ਪਾਵਹਿਂ। ਅਪਨੋ ਭੋਜਨ ਆਪ ਬਨਾਵਹਿਂ॥ ੧੦॥

ਸਤਿਗੁਰੂ ਜੀ ਉੱਤਰੇ ਤਾਂ ਬਾਹਰ ਹੀ ਪਰ ਡੱਲੇ ਨੇ ਬਹੁਤ ਕਹਿ ਕੇ ਪ੍ਰੇਮੀ ਸਿੰਘਾਂ ਦਾ ਲੰਗਰ ਅੰਦਰ ਹੀ ਕਰਵਾਇਆ। ਤੁਰਤ ਲੰਗਰ ਵਰਤਾਅ ਦਿੰਦੇ ਸਨ। ਸਾਰੇ ਬੈਰਾੜ ਦਿਹਾੜੀ ਪਾਉਂਦੇ ਸਨ ਤੇ ਆਪਣਾ ਭੋਜਨ ਆਪ ਤਿਆਰ ਕਰਦੇ ਸਨ॥ ੧੦॥

ਸਿੰਘ ਸੰਗ ਸਭਿ ਦੇਗ਼ ਅਹਾਰਾ। ਅਚਵਨ ਕਰਹਿਂ ਅਨੇਕ ਪ੍ਰਕਾਰਾ।
ਜਾਇ ਦੁਰਗ ਕੇ ਅੰਤਰ ਖਾਇਂ। ਪ੍ਰਭੁ ਕੇ ਬਾਲ ਵਹਿਰ ਹੀ ਲਜਾਇਂ॥ ੧੧॥

ਸਾਰੇ ਸਿੰਘ ਲੰਗਰ ਵਿਚ ਭੋਜਨ ਛਕਦੇ ਸਨ ਤੇ ਅਨੇਕ ਪ੍ਰਕਾਰ ਦੇ ਭੋਜਨ ਖਾਂਦੇ ਸਨ। ਕਿਲ੍ਹੇ ਦੇ ਅੰਦਰ ਜਾ ਕੇ ਭੋਜਨ ਲੈਂਦੇ ਸਨ ਤੇ ਸਤਿਗੁਰੂ ਜੀ ਦਾ ਭੋਜਨ ਬਾਹਰ ਹੀ ਲੈ ਆਉਂਦੇ ਸਨ॥ ੧੧॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੋਚ ਸ਼ਨਾਨ ਪ੍ਰਾਤ ਅਰੁਨਾਈ।
ਬੈਠੇ ਸਤਿਗੁਰ ਲਾਇ ਦਿਵਾਨ। ਕਰਹਿਂ ਰਬਾਬੀ ਕਿਰਤਨ ਗਾਨ॥ ੧੨॥

ਸੁੱਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਸਵੇਰੇ ਸੂਰਜ ਦੀ ਲਾਲੀ ਵੇਲੇ ਸੋਚ ਇਸ਼ਨਾਨ ਕੀਤਾ। ਫਿਰ ਸਤਿਗੁਰੂ ਜੀ ਦਿਵਾਨ ਲਾ ਕੇ ਬੈਠ ਗਏ ਤੇ ਰਬਾਬੀ ਕੀਰਤਨ ਦਾ ਗਾਇਨ ਕਰਨ ਲੱਗੇ॥ ੧੨॥

ਨਿਕਟ ਨਿਕਟ ਕੇ ਗ੍ਰਾਮ ਅਨੇਕ। ਆਇ ਸੁ ਦਰਸਹਿ ਜਲਧਿ ਬਿਬੇਕ।
ਬਹੁਰ ਸੁੰਦਰੀ ਸਾਹਿਬ ਦੇਵੀ। ਪ੍ਰਭੁ ਕੇ ਮਹਿਲ ਪਾਇ ਸੁਧ ਏਵੀ॥ ੧੩॥

ਨੇੜੇ-ਨੇੜੇ ਦੇ ਅਨੇਕਾਂ ਪਿੰਡਾਂ ਦੇ ਲੋਕ ਆ ਕੇ ਗਿਆਨ ਦੇ ਸਾਗਰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਫਿਰ ਮਾਤਾ ਸੁੰਦਰੀ ਜੀ ਅਤੇ ਸਾਹਿਬ ਦੇਵਾਂ ਜੀ ਨੂੰ ਸਤਿਗੁਰੂ ਜੀ ਦੇ ਏਥੇ ਠਹਿਰਣ ਬਾਰੇ ਖਬਰ ਮਿਲੀ॥ ੧੩॥

ਕਿਤ ਕਿਤ ਸਿੱਖਨ ਕੇ ਘਰ ਰਹਕੇ। ਸਾਹਬਜ਼ਾਦੇ ਮ੍ਰਿਤੁ ਭੇ ਲਹਿ ਕੇ।
ਸੁਨਿ ਸੁਨਿ ਸੁਧ ਕੋ ਪਾਇ ਦੁਖਾਰੀ। ਕਰਿ ਕਰਿ ਸ਼ੋਕ ਬਹਜੇ ਦ੍ਰਿਗ ਬਾਰੀ॥੧੪॥

ਕਿਸੇ ਕਿਸੇ ਸਿੱਖਾਂ ਦੇ ਘਰਾਂ ਵਿਚੋਂ ਇਹ ਖਬਰਾਂ ਸੁਣੀਆਂ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ। ਇਹ ਸੁਣ-ਸੁਣ ਕੇ ਤੇ ਖ਼ਬਰਾਂ ਪਾ ਕੇ ਬੜੀਆਂ ਦੁਖੀ ਹੋਈਆਂ। ਸੋਗ ਕਰ-ਕਰ ਕੇ ਅੱਖਾਂ ਵਿਚੋਂ ਪਾਣੀ ਬਹਿੰਦਾ ਸੀ॥ ੧੪॥

ਟਿਕੇ ਆਨਿ ਤਿਲਵੰਡੀ ਜਬੈ। ਦੋਨਹੁੰ ਆਨਿ ਦਰਸ ਕਿਯ ਤਬੈ।
ਪੁੱਤ੍ਰਨਿ ਪੀਰ ਪਾਇ ਕਰਿ ਰੋਈ। ਗਦ ਗਦ ਗਿਰਾ ਬਿਕੁਲ ਬਹੁ ਹੋਈ॥੧੫॥

ਜਦ ਸਤਿਗੁਰੂ ਜੀ ਤਲਵੰਡੀ ਆ ਕੇ ਟਿਕ ਗਏ ਤਾਂ ਫਿਰ ਦੋਵਾਂ ਮਾਤਾਵਾਂ ਜੀ ਨੇ ਉਥੇ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਪੁੱਤਰਾਂ ਦੀ ਪੀੜ ਪਾ ਕੇ ਰੋਈਆਂ। ਗਲੇ ਭਰ ਆਏ ਤੇ ਬਹੁਤ ਵਿਆਕੁਲ ਹੋ ਗਈਆਂ॥ ੧੫॥

ਸੁੰਦਰੀ ਸੁਤ ਸੁੰਦਰ ਸਰਬੰਗਾ। ਸਿਮਰਿ ਸਿਮਰਿ ਗੁਨ ਗਨ ਤੇ ਚੰਗਾ।
ਰੁਦਤਿ ਅਧਿਕ ਪਤਿ ਚਰਨਨ ਪਾਸੀ। ਸ਼ੋਕ ਸਹਿਤ ਬਹੁ ਗਿਰਾ ਪ੍ਰਕਾਸ਼ੀ॥੧੬॥

ਸੁੰਦਰੀ ਦਾ ਪੁੱਤਰ ਸਰਬ ਪ੍ਰਕਾਰ ਸੁੰਦਰ ਸੀ। ਉਸ ਦੇ ਚੰਗੇ ਗੁਣਾਂ ਨੂੰ ਯਾਦ ਕਰ ਕਰ ਆਪਣੇ ਪਤੀ ਜੀ ਦੇ ਚਰਨਾਂ ਪਾਸ ਬਹੁਤ ਰੋਂਦੀਆਂ ਸਨ। ਸ਼ੋਕ ਸਹਿਤ ਬਹੁਤ ਗੱਲਾਂ ਕੀਤੀਆਂ॥ ੧੬॥

'ਸਕਲ ਸਮਾਜ ਸਦਨ ਕੇ ਸਾਥਾ। ਪੁੱਤ੍ਰਨਿ ਹਤਨ ਕਸ਼ਟ, ਹੈ ਨਾਥਾ!'।
ਬਦਨ ਪ੍ਰਪੁਲਤ ਅੱਸ੍ਰੂ ਬਹਿ ਬਾਰੀ। ਬਹੁ ਬਿਖਾਦ ਤੇ ਬਜਾਕੁਲ ਭਾਰੀ॥੧੭॥

ਕਹਿੰਦੀਆਂ ਸਨ, "ਹੇ ਸਤਿਗੁਰੂ ਜੀ! ਸਾਰੇ ਸਮਾਜ, ਘਰਾਂ ਦੇ ਨਾਲ ਪੁੱਤਰਾਂ ਦਾ ਮਾਰੇ ਜਾਣਾ ਵੱਡਾ ਕਸ਼ਟਦਾਇਕ ਹੈ! ਅੱਥਰੂਆਂ ਰਸਤੇ ਪਾਣੀ ਵਹਿ ਰਿਹਾ ਹੈ ਤੇ ਚਿਹਰਾ ਤਰ-ਬਤਰ ਹੋ ਰਿਹਾ ਹੈ। ਵੱਡਾ ਸੰਕਟ ਜਾਣ ਕੇ ਭਾਰੀ ਵਿਆਕੁਲ ਸਨ॥ ੧੭॥

ਇਕ ਪੁੱਤ੍ਰਾ ਸੁੰਦਰ ਗੁਨ ਪੂਰਨ। ਭਯੋ ਸੁ ਹਤਿ ਕਰਿ ਸ਼ੱਤ੍ਰਨਿ ਚੂਰਨ।
ਕਿਮ ਧੀਰਜ ਪਾਵਹਿ ਦੁਖਿਯਾਰੀ। ਦੀਨ ਮਨਾ ਬਹੁ ਰੁਦਤਿ ਲਚਾਰੀ॥੧੮॥

ਇਕ ਸੁੰਦਰ ਪੁੱਤਰ ਜਿਹੜਾ ਗੁਣਾਂ ਵਿਚ ਪੂਰਨ ਸੀ, ਉਹ ਵੈਰੀਆਂ ਨੂੰ ਮਾਰਦੇ ਹੋਏ ਸ਼ਹੀਦ ਹੋ ਗਏ। ਉਹ ਦੁਖਿਆਰੀ ਕਿਵੇਂ ਧੀਰਜ ਪਾਉਂਦੀ। ਬਹੁਤ ਦੀਨ ਅਤੇ ਲਾਚਾਰ ਹੋ ਕੇ ਬਹੁਤ ਰੋਂਦੀ ਸੀ॥ ੧੮॥

ਸ੍ਰੀ ਸਾਹਿਬ ਦੇਵੀ ਤਿਸ ਰੀਤਿ। ਰੁਦਤਿ ਨਿਕਟ ਦੁਖ ਬਜਾਕੁਲ ਚੀਤ।
ਸ੍ਰੀ ਗੁਰ ਧੀਰਜ ਦੀਨਿ ਹਟਾਈ। 'ਕਜੌਂ ਨਾਹਕ ਦੁਖ ਸ਼ੋਕ ਉਪਾਈ॥ ੧੯॥

ਮਾਤਾ ਸਾਹਿਬ ਦੇਵਾਂ ਵੀ ਉਸੇ ਰੀਤੀ ਅਨੁਸਾਰ ਵਿਆਕੁਲ ਚਿੱਤ ਹੋ ਕੇ ਦੁਖੀ ਹੋ ਕੇ ਰੋਂਦੀ ਸੀ। ਸਤਿਗੁਰੂ ਜੀ ਨੇ ਧੀਰਜ ਦੇ ਕੇ ਰੋਣ ਤੋਂ ਹਟਾਈਆਂ, "ਕਿਉਂ ਫਜ਼ੂਲ ਵਿਚ ਏਨਾ ਦੁਖ ਅਤੇ ਸ਼ੋਕ ਪਾਉਂਦੀਆਂ ਹੋ॥ ੧੯॥

ਤੋਹਿ ਪੁੱਤ੍ਰ ਬਡ ਬੀਰ ਬਹਾਦੁਰ। ਗਯੋ ਸੁਰਗ ਦੇਵਨ ਤੇ ਸਾਦਰ।
ਜਗ ਮਹਿਂ ਜਸੁ ਅਖੰਡ ਕੋ ਪਾਵਾ। ਜਨਮ ਲਾਭ ਕੋ ਕਰਮ ਕਮਾਵਾ॥ ੨੦॥

ਤੇਰਾ ਪੁੱਤਰ ਵੱਡਾ ਸੂਰਬੀਰ ਬਹਾਦਰ ਸੀ, ਉਹ ਸਵਰਗਾਂ ਵਿਚ ਗਿਆ ਦੇਵਤਿਆਂ ਪਾਸੋਂ ਆਦਰ ਪ੍ਰਾਪਤ ਕਰਦਾ ਹੈ। ਜਗ ਵਿਚ ਉਸ ਅਖੰਡ ਜੱਸ ਪਾਇਆ ਹੈ। ਇਸ ਜਨਮ ਦਾ ਲਾਭ ਵਾਲਾ ਕਰਮ ਕਮਾਇਆ ਹੈ॥ ੨੦॥

ਅਸ ਬੀਰਨ ਕੀ ਜਨਨੀ ਜੋਇ। ਸ਼ੋਕ ਕਰਨ ਕੇ ਉਚਿਤ ਨ ਸੋਇ।
ਤੂੰ ਗੁਰ ਕੇ ਘਰ ਸਜਾਨ ਨ ਠਾਨਤਿ। ਜਗਤ ਬਿਨਾਸ਼ੀ ਕਜੋਂ ਨਹਿਂ ਜਾਨਤਿ॥ ੨੧॥

ਐਸੇ ਸੂਰਬੀਰਾਂ ਦੀਆਂ ਜਿਹੜੀਆਂ ਮਾਤਾਵਾਂ ਹੋਣ, ਉਨ੍ਹਾਂ ਵਾਸਤੇ ਸ਼ੋਕ ਕਰਨਾ ਬਿਲਕੁਲ ਉਚਿਤ ਨਹੀਂ ਹੈ। ਤੂੰ ਗੁਰੂ ਕੇ ਘਰ ਸਿਆਣਪ ਧਾਰਨ ਨਹੀਂ ਕਰਦੀ ਹੈਂ। ਇਹ ਸਾਰਾ ਜਗਤ ਵਿਨਾਸ਼ ਹੋ ਜਾਣਾ ਹੈ ਇਹ ਕਿਉਂ ਨਹੀਂ ਜਾਣਦੀ ਹੈਂ॥ ੨੧॥

ਨਿਤ ਹੀ ਜੋ ਪ੍ਰਨਾਮ ਕੋ ਪਾਇ। ਸੋ ਕਿਮ ਥਿਰਹਿ ਪਿਖਤਿ ਬਿਨਸਾਇ।
ਪ੍ਰਥਮ ਜਨਮ ਬਾਲਕ ਲਘੁ ਜੋਇ। ਦਿਨ ਦਿਨ ਪ੍ਰਤਿ ਦੀਰਘ ਤਨ ਹੋਇ॥ ੨੨॥

ਨਿਤ ਹੀ ਜੋ ਬਦਲਦਾ ਰਹਿੰਦਾ ਹੈ, ਉਹ ਕਿਵੇਂ ਠਹਿਰ ਸਕਦਾ ਹੈ, ਵੇਖਦਿਆਂ ਹੀ ਨਾਸ਼ ਹੋ ਜਾਂਦਾ ਹੈ। ਪਹਿਲਾਂ ਜਨਮ ਸਮੇਂ ਛੋਟਾ ਜਿਹਾ ਬਾਲਕ ਹੁੰਦਾ ਹੈ ਫਿਰ ਦਿਨ-ਦਿਨ ਪ੍ਰਤੀ ਸਰੀਰ ਵੱਡਾ ਹੋ ਜਾਂਦਾ ਹੈ॥ ੨੨॥

ਤਰੁਨ ਅਵਸਥਾ ਲਗੇ ਬਿਸਾਲਾ। ਹੋਤਿ ਪ੍ਰਨਾਮ ਸਰਬ ਥਾ ਕਾਲਾ।
ਪੁਨਹਿ ਸੁਪੈਦ ਕੇਸ ਹੁਇ ਜਾਇਂ। ਛੀਜਹਿ ਦੇਹਿ ਜੁਵਾ ਬਿਨਸਾਇ॥ ੨੩॥

ਜਵਾਨੀ ਵਿਚ ਬੜਾ ਵੱਡਾ ਲਗਦਾ ਹੈ। ਸਭ ਥਾਂ ਸਭ ਸਮੇਂ ਬਦਲਦਾ ਰਹਿੰਦਾ ਹੈ। ਫਿਰ ਵਾਲ ਚਿੱਟੇ ਹੋ ਜਾਂਦੇ ਹਨ। ਸਰੀਰ ਕਮਜ਼ੋਰ ਹੋ ਜਾਂਦਾ ਹੈ ਤੇ ਜਵਾਨੀ ਦੂਰ ਹੋ ਜਾਂਦੀ ਹੈ॥ ੨੩॥

ਜੀਰਣ ਬਨਹਿ ਬਿਨਾਸ਼ੀ ਹੋਇ। ਸਭਿ ਕੇ ਰਿਦੇ ਬਿਦਤ, ਦ੍ਰਿਗ ਜੋਇ।
ਬਾਲਕ ਤਰੁਨ ਬ੍ਰਿੱਧ ਕੇ ਕਾਲ। ਅਟਕਤਿ ਨਹੀਂ ਭਖਤਿ ਨਿਤ ਕਾਲ॥ ੨੪॥

ਫਿਰ ਬਹੁਤ ਬੁੱਢਾ ਹੋ ਕੇ ਸਰੀਰ ਖ਼ਤਮ ਹੋ ਜਾਂਦਾ ਹੈ। ਸਾਰਿਆਂ ਦੇ ਹਿਰਦੇ ਵਿਚ ਇਹ ਪ੍ਰਗਟ ਹੈ, ਸਦਾ ਅੱਖਾਂ ਨਾਲ ਵੇਖਦੇ ਹਨ। ਬਾਲਕ, ਜਵਾਨ ਅਤੇ ਬ੍ਰਿੱਧ ਸਭ ਦੀ ਮੌਤ ਹੋ ਜਾਂਦੀ ਹੈ। ਕੋਈ ਵੀ ਅਟਕਦਾ ਨਹੀਂ ਹੈ, ਨਿਤ ਕਾਲ ਖਾ ਜਾਂਦਾ ਹੈ॥ ੨੪॥

ਇਸ ਮਹਿਂ ਪ੍ਰੀਤਿ ਕਰਹਿ ਜੋ ਜੇਤੀ। ਬਿਨਸਨ ਬਿਖੈ ਬ੍ਰਿਥਾ ਵਧਿ ਤੇਤੀ।
ਅਸ ਤਨੁ ਪਾਇ ਸਕਾਰਥ ਲਾਵੈ। ਜਨਮ ਮਰਨ ਮਹਿਂ ਸੋ ਨਹਿਂ ਆਵੈ॥ ੨੫॥

ਇਸ ਵਿਚ ਜਿਹੜਾ ਜਿੰਨੀ ਵੀ ਪ੍ਰੀਤ ਕਰਦਾ ਹੈ, ਉਸ ਦੇ ਖ਼ਤਮ ਹੋ ਜਾਣ ਉੱਪਰ ਓਨਾ ਹੀ ਵੱਧ ਦੁਖ ਹੁੰਦਾ ਹੈ। ਜਿਹੜਾ ਐਸਾ ਤਨ ਪਾ ਕੇ ਉਸ ਚੰਗੇ ਕਾਰਜ ਵਿਚ ਲਾਵੇ, ਉਹ ਫਿਰ ਜਨਮ ਮਰਨ ਵਿਚ ਨਹੀਂ ਆਉਂਦਾ ਹੈ॥ ੨੫॥

ਜਹਾਂ ਅਨੰਦ ਬਿਲੰਦ ਅਨਾਸ਼ਾ। ਤਹਾਂ ਆਤਮਜ ਤੇਰੋ ਬਾਸਾ।
ਉਚਿਤ ਨ ਸ਼ੋਕ ਕਰਨ ਤਿਸ ਹੇਤੂ। ਗਜਾਨ ਗਤੀ ਚਿਤ ਮਹਿਂ ਲਿਹੁ ਚੇਤ' ॥੨੬॥

ਜਿੱਥੇ ਕਦੀ ਵੀ ਨਾ ਨਾਸ਼ ਹੋਣ ਵਾਲਾ ਵੱਡਾ ਅਨੰਦ ਹੈ, ਉਥੇ ਤੇਰੇ ਪੁੱਤਰ ਦਾ ਵਾਸਾ ਹੈ। ਉਸ ਵਾਸਤੇ ਦੁਖ ਮੰਨਾਉਣਾ ਉਚਿਤ ਨਹੀਂ। ਐਸੀ ਗਿਆਨ ਗਤੀ ਨੂੰ ਆਪਣੇ ਚਿੱਤ ਵਿਚ ਯਾਦ ਕਰੋ'' ॥ ੨੬॥

ਇੱਤਜਾਦਿਕ ਕਹਿ ਰੁਦਤਿ ਹਟਾਈ। ਤਊ ਨ ਪੁੱਤ੍ਰ ਪ੍ਰੀਤਿ ਮਨ ਜਾਈ।
ਇਤਨੇ ਮਹਿਂ ਡੱਲਾ ਚਲਿ ਆਯੋ। ਹਾਥ ਜੋਰਿ ਕਰਿ ਬਾਕ ਅਲਾਯੋ॥ ੨੭॥

ਇਸ ਪ੍ਰਕਾਰ ਕਹਿ ਕੇ ਰੋਣ ਤੋਂ ਹਟਾਈ, ਫਿਰ ਵੀ ਪੁੱਤਰ ਦੀ ਪ੍ਰੀਤ ਮਨ ਵਿਚੋਂ ਨਾ ਗਈ। ਏਨੇ ਵਿਚ ਡੱਲਾ ਚਲ ਕੇ ਆ ਗਿਆ। ਹੱਥ ਜੋੜ ਕੇ ਉਸ ਕਿਹਾ॥ ੨੭॥

'ਦਿਹੁ ਆਇਸ ਅਬਿ ਇਨੈ, ਗੁਸਾਈਂ ! ਬਸਹਿਂ ਦੁਰਗ ਕੇ ਅੰਤਰ ਜਾਈ।
ਸਦਨ ਪ੍ਰਿਥਕ ਇਨ ਹਿਤ ਕਿਯ ਖਾਲੀ। ਕਰਹਿਂ ਬਾਸ ਕੋ ਤਹਾਂ ਸੁਖਾਲੀ' ॥੨੮॥

''ਹੇ ਮਾਲਕ ! ਹੁਣ ਇਨ੍ਹਾਂ ਨੂੰ ਆਗਿਆ ਦੇਵੋ, ਇਹ ਜਾ ਕੇ ਕਿਲ੍ਹੇ ਦੇ ਅੰਦਰ ਰਹਿਣ। ਪਹਿਲਾ ਘਰ ਇਨ੍ਹਾਂ ਵਾਸਤੇ ਖਾਲੀ ਕੀਤਾ ਹੈ। ਉਥੇ ਹੀ ਸੁਖੀ-ਸੁਖੀ ਆਪਣਾ ਵਾਸਾ ਰੱਖਣ'' ॥ ੨੮॥

ਸੁਨਿ ਗੁਰ ਕਹਜੋ 'ਬੂਝਿ ਲਿਹੁ ਇਨ ਕੋ। ਬਸਹਿਂ ਤਹਾਂ ਜਹਿਂ ਭਾਵਤਿ ਮਨ ਕੋ'।
ਤਬਿ ਡੱਲਾ ਦੋਨਹੁਂ ਢਿਗ ਗਯੋ। ਹਾਥ ਜੋਰਿ ਕਰਿ ਬੋਲਤਿ ਭਯੋ॥ ੨੯॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਨ੍ਹਾਂ ਨੂੰ ਪੁੱਛ ਲਵੋ। ਉਥੇ ਰਹਿਣ ਜਿੱਥੇ ਇਨ੍ਹਾਂ ਦੇ ਦਿਲ ਨੂੰ ਚੰਗਾ ਲੱਗੇ।'' ਫਿਰ ਡੱਲਾ ਦੋਵਾਂ ਪਾਸ ਗਿਆ। ਹੱਥ ਜੋੜ ਕੇ ਕਹਿਣ ਲੱਗਾ॥ ੨੯॥

'ਚਲਹੁ ਮਾਤ ਜੀ ਦੁਰਗ ਕਿ ਅੰਤਰ। ਥਿਰਹੁ ਭਲੇ ਸੁਖ ਲਹਹੁ ਨਿਰੰਤਰ।
ਮੋਰ ਕੁਟੰਬ ਸਕਲ ਕਰ ਜੋਰਹਿ। ਸਭਿ ਬਿਧਿ ਸੇਵਹਿ ਚਰਨ ਨਿਹੋਰਹਿ॥ ੩੦॥

''ਹੇ ਮਾਤਾ ਜੀ ! ਕਿਲ੍ਹੇ ਦੇ ਅੰਦਰ ਚਲੋ। ਭਲੀ ਪ੍ਰਕਾਰ ਉਥੇ ਰਹੋ ਤੇ ਸਦਾ ਸੁਖ ਲਵੋ। ਮੇਰਾ ਸਾਰਾ ਪਰਿਵਾਰ ਹੱਥ ਜੋੜਦਾ ਹੈ, ਸਭ ਵਿਧੀਆਂ ਨਾਲ ਤੁਹਾਡੇ ਚਰਨਾਂ ਦੀ ਸੇਵਾ ਕਰਨਗੇ॥ ੩੦॥

ਜਨਮ ਸਫਲ ਹਮ ਸਭਿ ਕੋ ਕਰੀਅਹਿ। ਅੰਤਰ ਉਤਰਹੁ ਭਲੇ ਬਿਚਰੀਅਹਿ'।
ਦੋਨਹੁਂ ਸੁਨਿ ਭਾਖਜੋ ਪਿਖਿ ਖਲੋ। 'ਪ੍ਰਭੁ ਕੇ ਪਗਨ ਬਿਖੈ ਹੀ ਭਲੋ॥ ੩੧॥

ਸਾਡਾ ਸਾਰਿਆਂ ਦਾ ਜਨਮ ਸਫਲਾ ਕਰੋ, ਅੰਦਰ ਉਤਾਰਾ ਕਰਕੇ ਭਲੀ ਪ੍ਰਕਾਰ ਵਿਚਰੋ।'' ਦੋਵਾਂ ਨੇ ਖਲੋਤਾ ਵੇਖ ਕੇ ਕਿਹਾ, ''ਸਤਿਗੁਰੂ ਜੀ ਦੇ ਚਰਨਾਂ ਵਿਚ ਹੀ ਭਲਾ ਹੈ॥ ੩੧॥

ਚਰਨ ਸਰੋਜਨ ਬਿਛੁਰ ਨ ਚਾਹਤਿ। ਬਹੁ ਦਿਨ ਤੇ ਹਮ ਪਿਖਿਨਿ ਉਮਾਹਤਿ'।
ਕਿਤਿਕ ਫਰਕ ਕਰਿ ਸਿਵਰ ਉਤਾਰਾ। ਤੰਬੂ ਤਨਜੋ ਕਨਾਤ ਮਝਾਰਾ॥ ੩੨॥

ਇਨ੍ਹਾਂ ਚਰਨ ਕੰਵਲਾਂ ਤੋਂ ਅਸੀਂ ਵਿਛੜਣਾ ਨਹੀਂ ਚਾਹੁੰਦੀਆਂ ਹਾਂ, ਬਹੁਤ ਦਿਨਾਂ ਦੀ ਸਾਡੀ ਦਰਸ਼ਨਾਂ ਦੀ ਉਮੰਗ ਹੈ।'' ਕੁਝ ਫਰਕ ਕਰਕੇ ਉਨ੍ਹਾਂ ਦਾ ਡੇਰਾ ਲਵਾ ਦਿੱਤਾ ਤੇ ਕਨਾਤਾਂ ਦੇ ਵਿਚ ਤੰਬੂ ਲਵਾ ਦਿੱਤੇ॥ ੩੨॥

ਸੁਤ ਸ਼ੋਕਾਰਤਿ ਸੁੰਦਰੀ ਸੁੰਦਰ। ਸਾਹਿਬਦੇਵੀ ਜੁਤਿ ਥਿਰ ਅੰਦਰ।
ਡੱਲਾ ਕਰਿ ਅਹਾਰ ਬਿਧਿ ਨਾਨਾ। ਥਾਰ ਪੁਚਾਵਹਿ ਪ੍ਰੀਤ ਮਹਾਨਾ॥ ੩੩॥

ਮਾਤਾ ਸੁੰਦਰੀ ਜੀ ਸੁੰਦਰ ਪੁੱਤਰਾਂ ਦੇ ਵਿਜੋਗ ਵਿਚ ਸ਼ੋਕ ਨਾਲ ਦੁਖੀ ਹਨ, ਸਾਹਿਬ ਦੇਵੀ ਸਹਿਤ ਉਸ ਦੇ ਅੰਦਰ ਬੈਠ ਗਈ। ਡੱਲਾ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾ ਕੇ ਮਹਾਨ ਪ੍ਰੀਤ ਨਾਲ ਥਾਲ ਪਹੁੰਚਾ ਦਿੰਦਾ ਸੀ॥ ੩੩॥

ਪੰਚ ਦਿਵਸ ਇਸ ਭਾਂਤਿ ਬਿਤਾਏ। ਅੰਤਰ ਦੇਗ ਬਨੈ ਸਭਿ ਖਾਏ।
ਦਿਵਸ ਖਸ਼ਟਮੇ ਪ੍ਰਭੁ ਫੁਰਮਾਯੋ। ਦੇਗ ਥਾਨ ਲਿਹੁ ਵਹਿਰ ਬਨਾਯੋ ॥ ੩੪ ॥

ਪੰਜ ਦਿਵਸ ਇਸੇ ਪ੍ਰਕਾਰ ਬਤੀਤ ਕੀਤੇ। ਅੰਦਰ ਲੰਗਰ ਤਿਆਰ ਹੁੰਦਾ ਸੀ, ਸਾਰੇ ਖਾਂਦੇ ਸਨ। ਛੇਵੇਂ ਦਿਨ ਸਤਿਗੁਰੂ ਜੀ ਨੇ ਫੁਰਮਾਇਆ, "ਲੰਗਰ ਦਾ ਥਾਂ ਲੈ ਕੇ ਭੋਜਨ ਬਾਹਰ ਬਣਾਓ"॥ ੩੪॥

ਪੁਨ ਡੱਲੇ ਕੋ ਕਿਯ ਸਮੁਝਾਵਨ। 'ਲੰਗਰ ਬਨਹਿ ਨਿਕਟ ਹਮ ਖਾਵਨ।
ਘਨੋ ਭਾਉ ਹਮ ਨੇ ਤੁਵ ਦੇਖਾ। ਸਭਿ ਬਿਧਿ ਕੀਨੀ ਸੇਵ ਵਿਸ਼ੇਖਾ' ॥ ੩੫ ॥

ਫਿਰ ਡੱਲੇ ਨੂੰ ਸਮਝਾਇਆ, "ਲੰਗਰ ਸਾਡੇ ਨੇੜੇ ਤਿਆਰ ਹੋਵੇ ਜਿਸ ਨੂੰ ਅਸੀਂ ਖਾਈਏ। ਅਸੀਂ ਤੁਹਾਡਾ ਬਹੁਤ ਪ੍ਰੇਮ ਵੇਖਿਆ ਹੈ, ਸਭ ਵਿਧੀਆਂ ਨਾਲ ਤੂੰ ਵਿਸ਼ੇਸ਼ ਸੇਵਾ ਕੀਤੀ ਹੈ"॥ ੩੫॥

ਸੁਨਿ ਡੱਲੇ ਕਰ ਜੋਰਿ ਉਚਾਰਾ। 'ਮੋਹਿ ਕੁਟੰਬ ਸਮਾਜਹਿ ਸਾਰਾ।
ਦੁਰਗ, ਧੇਨੁ, ਹਯ, ਮਹਿਖਿ ਉਦਾਰਾ। ਘਰਿ ਬਾਹਰਿ ਸਭਿ ਅਹੈ ਤੁਮਾਰਾ ॥੩੬ ॥

ਇਹ ਸੁਣ ਕੇ ਡੱਲੇ ਨੇ ਹੱਥ ਜੋੜ ਕੇ ਕਿਹਾ, "ਮੇਰਾ ਸਾਰਾ ਪਰਿਵਾਰ ਤੁਹਾਡਾ ਸਮਾਜ ਹੈ। ਕਿਲ੍ਹਾ, ਗਾਈਆਂ, ਘੋੜੇ, ਮੱਝਾਂ ਸਭ ਕੁਝ ਤੁਹਾਡਾ ਹੈ, ਘਰ ਬਾਹਰ ਸਭ ਕੁਝ ਤੁਹਾਡਾ ਹੈ॥ ੩੬॥

ਜਥਾ ਸ਼ਕਤਿ ਮੈਂ ਦੇਗ ਬਨੈ ਹੋਂ। ਲਿਹੁ ਸ਼ਰਧਾ ਪਿਖਿ ਜਬਿ ਲਗ ਦੈਹੋਂ।
ਘਰ ਮਹਿਂ ਅੰਨ ਆਪ ਕੋ ਸਾਰਾ। ਕਰਿਹੋ ਸਿੰਘਨਿ ਸਹਿਤ ਅਹਾਰਾ' ॥ ੩੭ ॥

ਸ਼ਕਤੀ ਮੁਜਬ ਮੈਂ ਲੰਗਰ ਤਿਆਰ ਕਰਦਾ ਹਾਂ, ਮੇਰੀ ਸ਼ਰਧਾ ਨੂੰ ਵੇਖੋ ਜਦ ਤਕ ਦਿੰਦਾ ਹਾਂ। ਇਸ ਘਰ ਵਿਚ ਸਾਰਾ ਅਨਾਜ ਆਪ ਦਾ ਹੈ, ਮੈਂ ਸਿੰਘਾਂ ਸਹਿਤ ਭੋਜਨ ਛੱਕਦਾ ਹਾਂ"॥ ੩੭॥

ਪੁਨ ਗੁਰ ਭਾਖਯੋ 'ਖ਼ੁਸ਼ੀ ਹਮਾਰੀ। ਬਨਹਿ ਦੇਗ ਬਾਹਰ ਅਬਿ ਸਾਰੀ।
ਤੇਰੋ ਭਾਉ ਇਸੀ ਬਿਧਿ ਅਹੈ। ਪ੍ਰੇਮ ਸਮੇਤ ਸਾਚ ਹੀ ਕਹੈਂ' ॥ ੩੮ ॥

ਫਿਰ ਗੁਰੂ ਜੀ ਨੇ ਕਿਹਾ, "ਸਾਡੀ ਖ਼ੁਸ਼ੀ ਬਣਦੀ ਹੈ ਕਿ ਹੁਣ ਸਾਰਾ ਲੰਗਰ ਬਾਹਰ ਤਿਆਰ ਹੋਵੇ। ਤੇਰਾ ਪ੍ਰੇਮ ਇਸੇ ਵਿਧੀ ਵਿਚ ਹੈ, ਅਸੀਂ ਪ੍ਰੇਮ ਸਹਿਤ ਸੱਚ ਹੀ ਕਹਿੰਦੇ ਹਾਂ"॥ ੩੮॥

ਲਾਗੀ ਬਨਨ ਦੇਗ ਬਡ ਬਾਹਿਰ। ਅਚਹਿਂ ਸਿੰਘ ਅਰੁ ਛੁਧਤਿ ਸੁ ਜ਼ਾਹਰ।
ਸਭਿ ਬੈਰਾੜ ਚਾਕਰੀ ਪਾਵੈਂ। ਨਿਜ ਨਿਜ ਭੋਜਨ ਕਰਹਿਂ ਸੁ ਖਾਵੈਂ॥ ੩੯ ॥

ਫਿਰ ਵੱਡਾ ਲੰਗਰ ਬਾਹਰ ਹੀ ਤਿਆਰ ਹੋਣ ਲੱਗਾ। ਸਿੰਘ ਅਤੇ ਭੁੱਖੇ ਸਾਰੇ ਲੰਗਰ ਛਕਦੇ ਸਨ। ਸਾਰੇ ਬੈਰਾੜ ਤਨਖਾਹ ਲੈਂਦੇ ਸਨ, ਉਹ ਆਪਣਾ-ਆਪਣਾ ਭੋਜਨ ਤਿਆਰ ਆਪ ਕਰਕੇ ਖਾਂਦੇ ਸਨ॥ ੩੯॥

ਕੇਤਿਕ ਦਿਨ ਇਸ ਰੀਤਿ ਬਿਤਾਏ। ਪੁਨ ਡੱਲਾ ਕਰ ਜੋਰਿ ਅਲਾਏ।
'ਸਿੰਘਨ ਸਹਤ ਸਕਲ ਬੈਰਾੜ। ਕਰੋਂ ਆਪ ਹਿਤ ਤਯਾਰ ਅਹਾਰ॥ ੪੦॥

ਕਈ ਦਿਨ ਇਸੇ ਰੀਤੀ ਨਾਲ ਬਤੀਤ ਕੀਤੇ। ਫਿਰ ਡੱਲਾ ਹੱਥ ਜੋੜ ਕੇ ਕਹਿਣ ਲੱਗਾ, "ਸਿੰਘਾਂ ਸਹਿਤ ਸਾਰੇ ਬੈਰਾੜਾਂ ਵਾਸਤੇ ਮੈਂ ਭੋਜਨ ਤਿਆਰ ਕਰਾਵਾਂਗਾ॥ ੪੦॥

ਅੰਤਰ ਪਾਵਨ ਪਾਵਨ ਕਰੋ। ਪਾਵਨ ਸਦਨ ਸਰਬ ਹੀ ਧਰੋ।
ਇਮ ਕਹਿ ਕਰਿ ਬਹੁ ਭਾਂਤਨਿ ਤਜਾਰਾ। ਕਰਵਾਇਸ ਬਰ ਸ੍ਵਾਦ ਅਹਾਰਾ ॥੪੧॥

ਮੇਰੇ ਕਿਲ੍ਹੇ ਅੰਦਰ ਪਵਿੱਤਰ ਚਰਨ ਪਾ ਕੇ ਪਵਿੱਤਰ ਕਰੋ। ਮੇਰਾ ਸਾਰਾ ਘਰ ਪਵਿੱਤਰ ਕਰੋ।" ਇਸ ਪ੍ਰਕਾਰ ਕਹਿ ਕੇ ਬਹੁਤ ਭਾਂਤ ਦਾ ਲੰਗਰ ਤਿਆਰ ਕੀਤਾ ਜਿਹੜਾ ਕਿ ਬੜਾ ਸਵਾਦੀ ਅਤੇ ਸ੍ਰੇਸ਼ਟ ਸੀ॥ ੪੧॥

ਮਧੁਰ ਸ਼ਨਿਘਧ ਪ੍ਰੇਮ ਤੇ ਕਰਜੋ। ਬ੍ਰਿੰਦ ਨਰਨ ਮਿਲਿ ਤਜਾਰ ਸੁ ਧਰਜੋ।
ਬਿਨੈ ਬਖਾਨਿ ਗਯੋ ਲੈ ਅੰਤਰ। ਪੰਗਤਿ ਗਨ ਬੈਠਾਇ ਨਿਰੰਤਰ॥ ੪੨॥

ਬੜੇ ਪ੍ਰੇਮ ਨਾਲ ਮਿੱਠੇ ਅਤੇ ਘਿਉ ਵਾਲੇ ਪਦਾਰਥ ਤਿਆਰ ਕੀਤੇ, ਕਈ ਮਨੁੱਖਾਂ ਨੇ ਮਿਲ ਕੇ ਤਿਆਰ ਕਰਕੇ ਧਰੇ। ਸਤਿਗੁਰੂ ਜੀ ਨੂੰ ਬੇਨਤੀ ਕਰਕੇ ਅੰਦਰ ਲੈ ਗਿਆ। ਕਈ ਆਹਮੋ ਸਾਹਮਣੇ ਪੰਗਤਾਂ ਬਿਠਾ ਦਿੱਤੀਆਂ॥ ੪੨॥

ਸਤਿਗੁਰ ਹਿਤ ਚੌਕੀ ਡਸਵਾਈ। ਸ੍ਵੇਤ ਸੁਜਨਿ ਤੇ ਊਪਰ ਛਾਈ।
ਸਭਿ ਕੇ ਬੀਚ ਥਿਰੇ ਗੋਸਾਈਂ। ਜੁਗ ਮਾਤਨ ਘਰ ਬਿਖੈ ਬਿਠਾਈ॥ ੪੩॥

ਸਤਿਗੁਰੂ ਜੀ ਵਾਸਤੇ ਇਕ ਚੌਂਕੀ ਡੁਹਾਈ ਤੇ ਸੁਫੇਦ ਸੋਚਨੀ ਉਸ ਦੇ ਉੱਪਰ ਵਿਛਵਾਈ। ਸਾਰਿਆਂ ਦੇ ਵਿਚ ਸਤਿਗੁਰੂ ਜੀ ਬੈਠ ਗਏ। ਦੋਵਾਂ ਮਾਤਾਵਾਂ ਨੂੰ ਘਰ ਦੇ ਅੰਦਰ ਬਿਠਾਇਆ ਗਿਆ॥ ੪੩॥

ਸਹਿਤ ਬਿਰਾੜ ਸਿੰਘ ਬੈਠਾਏ। ਸਭਿ ਕੇ ਹਿਤ ਅਹਾਰ ਗਨ ਲਜਾਏ।
ਭਲੀ ਰੀਤਿ ਤੇ ਪਰੁਸਨ ਲਾਗੇ। ਥਾਲ ਬਿਸਾਲ ਕ੍ਰਿਪਾਲ ਸੁ ਆਗੇ॥ ੪੪॥

ਬੈਰਾੜਾਂ ਸਹਿਤ ਸਾਰੇ ਸਿੰਘਾਂ ਨੂੰ ਬਿਠਾਇਆ ਤੇ ਸਾਰਿਆਂ ਵਾਸਤੇ ਬਹੁਤ ਭੋਜਨ ਲੈ ਕੇ ਆਏ। ਫਿਰ ਭਲੀ ਰੀਤੀ ਨਾਲ ਪਰੋਸਣ ਲੱਗੇ ਤੇ ਇਕ ਵੱਡਾ ਥਾਲ ਕ੍ਰਿਪਾਲੂ ਸਤਿਗੁਰੂ ਜੀ ਅੱਗੇ ਰੱਖਿਆ॥ ੪੪॥

ਤਿਮ ਅੰਤਰ ਜੁਗ ਥਾਲ ਪੁਚਾਏ। ਦਾਸੀ ਬ੍ਰਿੰਦਨ ਲੇ ਕਰਿ ਖਾਏ।
ਜਥਾ ਜੋਗ ਸਭਿ ਕੋ ਤ੍ਰਿਪਤਾਯੋ। ਖਰੇ ਹੋਇ ਕਰਿ ਚੁਰਾ ਪਠਾਯੋ॥ ੪੫॥

ਉਸ ਪ੍ਰਕਾਰ ਹੀ ਦੋ ਥਾਲ ਮਾਤਾਵਾਂ ਵਾਸਤੇ ਪਹੁੰਚਾਏ ਤੇ ਬਹੁਤ ਦਾਸੀਆਂ ਨੇ ਭੋਜਨ ਲੈ ਕੇ ਖਾਧਾ। ਯਥਾ-ਯੋਗ ਸਾਰਿਆਂ ਨੂੰ ਤ੍ਰਿਪਤ ਕੀਤਾ ਤੇ ਖੜੇ ਹੋ ਕੇ ਚੁਲਾ ਕਰਵਾਇਆ॥ ੪੫॥

ਇਕ ਤੁਰੰਗ ਬਹੁ ਮੋਲ ਦੁਸ਼ਾਲਾ। ਭੇਟ ਰਜਤਪਣ ਸ਼ਤ ਤਿਸ ਕਾਲਾ।
ਦੇ ਕਰਿ ਪ੍ਰਭੁ ਕੋ ਗ੍ਰੀਵ ਨਿਵਾਈ। ਖੁਸ਼ੀ ਲੀਨਿ ਆਨੰਦ ਮਨ ਪਾਈ॥ ੪੬॥

ਇਕ ਬੜਾ ਕੀਮਤੀ ਘੋੜਾ ਅਤੇ ਦੁਸ਼ਾਲਾ ਅਤੇ ਸੌ ਚਾਂਦੀ ਦੇ ਰੁਪਏ ਉਸ ਸਮੇਂ ਭੇਟ ਕਰਕੇ ਸਤਿਗੁਰੂ ਜੀ ਅੱਗੇ ਸਿਰ ਨਿਵਾਇਆ। ਗੁਰੂ ਜੀ ਦੀ ਖੁਸ਼ੀ ਲੈ ਕੇ ਮਨ ਵਿਚ ਬੜਾ ਆਨੰਦ ਪਾਇਆ॥ ੪੬॥

ਦ੍ਵੈ ਮਾਤਾ ਕੋ ਤੇਵਰ ਦੋਇ। ਬਨੇ ਬਹੁਤ ਧਨ ਲਾਗੇ ਜੋਇ।
ਦੀਏ ਪਚਾਸ ਰਜਤਪਣ ਤਬੈ। ਭਏ ਪ੍ਰਸੰਨ ਅਚਵ ਕਰਿ ਸਬੈ॥ ੪੭॥

ਦੋਵਾਂ ਮਾਤਾਵਾਂ ਨੂੰ ਦੋ ਤੇਵਰ ਦਿੱਤੇ। ਜਿਹੜੇ ਬਹੁਤ ਧਨ ਖਰਚ ਕੇ ਤਿਆਰ ਕੀਤੇ ਸਨ। ਤਦ ਪੰਜਾਹ ਚਾਂਦੀ ਦੇ ਰੁਪਏ ਦਿੱਤੇ। ਸਾਰੇ ਭੋਜਨ ਖਾ ਕੇ ਪ੍ਰਸੰਨ ਹੋਏ॥ ੪੭॥

ਉਠਿ ਸਤਿਗੁਰ ਪਹੁੰਚੇ ਨਿਜ ਡੇਰੇ। ਸਿੰਘ ਬਿਰਾੜ ਸਕਲ ਤਿਸ ਬੇਰੇ।
ਡਲੇ ਕਹੁ ਬਹੁ ਭਾਂਤਿ ਸਰਾਹਾ। ਸੇਵ ਗੁਰੂ ਕੀ ਕਰਨ ਉਮਾਹਾ॥ ੪੮॥

ਸਤਿਗੁਰੂ ਜੀ ਉੱਠ ਕੇ ਆਪਣੇ ਡੇਰੇ ਚਲੇ ਗਏ। ਸਿੰਘ ਅਤੇ ਬਿਰਾੜ ਵੀ ਉਸ ਸਮੇਂ ਚਲੇ ਗਏ। ਉਨ੍ਹਾਂ ਨੇ ਡੱਲੇ ਦੀ ਬਹੁਤ ਪ੍ਰਕਾਰ ਸਲਾਘਾ ਕੀਤੀ। ਗੁਰੂ ਜੀ ਦੀ ਸੇਵਾ ਕਰਨ ਵਾਸਤੇ ਵੱਡਾ ਉਤਸ਼ਾਹ ਧਾਰਨ ਕੀਤਾ ਹੈ॥ ੪੮॥

*ਪਹਿਲੇ ਐਨ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

# ਅਧਿਆਇ ਇੱਕੀਵਾਂ

## ਚੱਬੇ ਦੀ ਮਾਈ ਨੂੰ ਪੁੱਤਰਾਂ ਦੇ ਵਰ, ਭਾਈ ਭਗਤੂ ਵੰਸ਼

ਦੋਹਰਾ- ਇਸੀ ਰੀਤਿ ਪ੍ਰਭੁ ਜੀ ਬਸੇ ਲਰਨਿ ਹੰਗਾਮਾ ਛੋਰਿ।
ਕਮਰਕਸਾ ਖੋਲਜੋ ਥਿਰੇ ਸੁਖ ਕੋ ਲਹਿ ਸਭਿ ਓਰ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਜੰਗ ਦਾ ਲੜਨਾ ਛੱਡ ਕੇ ਉਥੇ ਰਹਿਣ ਲੱਗੇ। ਕਮਰਕੱਸਾ ਖੋਲ੍ਹ ਦਿੱਤਾ ਤੇ ਸਭ ਪ੍ਰਕਾਰ ਦੇ ਸੁਖ ਲੈ ਕੇ ਰਹਿਣ ਲੱਗੇ॥ ੧॥

ਚੌਪਈ- ਨਾਮ ਦਮਦਮਾ ਤਿਸ ਕੋ ਧਰਜੋ। ਭਏ ਨਚਿੰਤ ਰਿਪੁਨਿ ਬਲ ਹਰਜੋ।
ਪਸਰੀ ਸੁਧਿ ਸਭਿ ਦੇਸ਼ ਬਿਦੇਸ਼। ਆਵਨ ਸੰਗਤਿ ਲਗੀ ਹਮੇਸ਼॥ ੨॥

ਉਸ ਅਸਥਾਨ ਦਾ ਨਾਮ ਦਮਦਮਾ ਰੱਖ ਦਿੱਤਾ ਤੇ ਵੈਰੀਆਂ ਦਾ ਬਲ ਦੂਰ ਕਰਕੇ ਨਿਸ਼ਚਿੰਤ ਹੋ ਗਏ। ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਖ਼ਬਰ ਫੈਲ ਗਈ ਤੇ ਫਿਰ ਸਦਾ ਸੰਗਤ ਆਉਣ ਲੱਗੀ॥ ੨॥

ਅਰਪਿ ਅਕੋਰਨ ਦਰਸ਼ਨ ਕਰੈਂ। ਮਨੋ ਕਾਮਨਾ ਤੂਰਨ ਪੂਰੈ।
ਲਗੈ ਦਿਵਾਨ ਸ਼ਬਦ ਕੋ ਗਾਵਹਿਂ। ਪ੍ਰੇਮੀ ਸਿੰਘ ਹਜ਼ਾਰਹੁਂ ਆਵਹਿਂ॥ ੩॥

ਸੰਗਤ ਉਪਹਾਰ ਅਰਪਣ ਕਰਕੇ ਦਰਸ਼ਨ ਕਰਦੀ ਹੈ ਤੇ ਉਨ੍ਹਾਂ ਦੀਆਂ ਮਨੋਕਾਮਨਾਂ ਤੁਰਤ ਪੂਰੀਆਂ ਹੋ ਜਾਂਦੀਆਂ ਸਨ। ਦੀਵਾਨ ਲੱਗਦਾ ਸੀ ਤੇ ਸ਼ਬਦ ਗਾਉਂਦੇ ਸਨ ਤੇ ਹਜ਼ਾਰਾਂ ਪ੍ਰੇਮੀ ਸਿੰਘ ਆਉਂਦੇ ਸਨ॥ ੩॥

ਸ੍ਰੀ ਪ੍ਰਭੁ ਚੜ੍ਹਿ ਅਖੇਰ ਕੋ ਚਾਲੇ। ਸੰਗੀ ਸਿੰਘ ਅਰੂਢਤਿ ਜਾਲੇ।
ਜਬਿ ਡੇਰੇ ਤੇ ਨਿਕਸਨਿ ਲਾਗੇ। ਕਹਜੋ ਸੱਦ ਇਕ ਇਸਤ੍ਰੀ ਆਗੇ॥ ੪॥

ਇਕ ਦਿਨ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਕੇ ਸ਼ਿਕਾਰ ਖੇਡਣ ਚਲੇ ਤੇ ਵੱਡੀ ਗਿਣਤੀ ਵਿਚ ਸਾਥੀ ਸਿੰਘ ਘੋੜਿਆਂ ਉੱਪਰ ਸਵਾਰ ਹੋ ਕੇ ਨਾਲ ਤਿਆਰ ਹੋ ਗਏ। ਗੁਰੂ ਜੀ ਜਦ ਡੇਰੇ ਤੋਂ ਬਾਹਰ ਨਿਕਲਣ ਲੱਗੇ ਤਾਂ ਇਕ ਇਸਤਰੀ ਨੇ ਅੱਗੇ ਆ ਕੇ ਸੱਦ ਕਹੀ॥ ੪॥

'ਬਿਨੈ ਕਰੇਂਦੀ ਵੋ ਸਤਿਗੁਰ ਗੋਬਿੰਦ ਸਿੰਘ ਅੱਗੇ। ਸੋਹਣੀ ਦਾਹੜੀ ਬੀਬੀ ਪੱਗੇ।
ਗੋਤ ਵੜਾਇਚ ਪਿੰਡ ਹੈ ਚੱਬੇ। ਖਾਲੀ ਚਲੀ ਜੇ ਇਕ ਫਲ ਲੱਗੇ'।

"ਮੈਂ ਸਤਿਗੁਰੂ ਸ੍ਰੀ ਗੋਬਿੰਦ ਸਿੰਘ ਅੱਗੇ ਬੇਨਤੀ ਕਰਦੀ ਹਾਂ। ਜਿਨ੍ਹਾਂ ਦੀ ਸੋਹਣੀ ਦਾਹੜੀ ਹੈ ਅਤੇ ਸੁੰਦਰ ਪੱਗੜੀ ਹੈ। ਮੇਰੀ ਗੋਤ ਵੜਾਇਚ ਹੈ ਤੇ ਪਿੰਡ ਮੇਰਾ ਚੱਬਾ ਹੈ। ਮੈਂ ਇਸ ਦੁਨੀਆਂ ਤੋਂ ਬਾਂਝ ਹੀ ਚੱਲੀ ਹਾਂ, ਆਪ ਜੀ ਦੀ ਕਿਰਪਾ ਹੋਵੇ ਤਾਂ ਇਕ ਫਲ ਲੱਗ ਜਾਵੇ।"

ਸੁਨਿ ਸਾਹਿਬ ਤਿਸਕੀ ਦਿਸ਼ਿ ਹੇਰਿ। ਮੁਸਕਾਨੇ ਭਾਖਯੋ 'ਕਹੁ ਫੇਰ'।
ਇਸਤ੍ਰੀ ਸੁਨਿ ਕਰਿ ਬਹੁਰ ਉਚਾਰਾ। ਪੂਰਬ ਗਾਵਯੋ ਜਿਸੀ ਪ੍ਰਕਾਰਾ॥ ੫॥

ਸਤਿਗੁਰੂ ਜੀ ਨੇ ਸੁਣ ਕੇ ਉਸ ਇਸਤਰੀ ਵਲ ਵੇਖਿਆ ਤੇ ਮੁਸਕਰਾ ਕੇ ਬੋਲੇ, "ਇਕ ਵਾਰ ਫਿਰ ਕਹੋ।" ਇਸਤਰੀ ਨੇ ਸੁਣ ਕੇ ਦੁਬਾਰਾ ਉਚਾਰਨ ਕੀਤਾ ਜਿਵੇਂ ਪਹਿਲਾਂ ਗਾਇਆ ਸੀ, ਉਸ ਪ੍ਰਕਾਰ ਹੀ ਗਾ ਕੇ ਸੁਣਾਇਆ॥ ੫॥

ਬੂਝੀ ਪ੍ਰਭੁ 'ਕਹਾਂ ਤੇ ਆਈ?। ਕੌਨ ਦੇਸ਼ ਕਿਸ ਗ੍ਰਾਮ ਬਸਾਈ?'।
'ਗੁਰੂ ਗਰੀਬ ਨਿਵਾਜ! ਸੁਨੀਜੈ। ਚੱਬਾ ਮਾਝੇ ਦੇਸ਼ ਜਨੀਜੈ॥ ੬॥

ਸਤਿਗੁਰੂ ਜੀ ਨੇ ਫਿਰ ਪੁੱਛਿਆ, "ਕਿਥੋਂ ਆਈ ਹੈਂ ? ਕਿਹੜਾ ਦੇਸ਼ ਹੈ ਅਤੇ ਕਿਹੜੇ ਪਿੰਡ ਵਿਚ ਰਹਿੰਦੀ ਹੈਂ ?" ਉਹ ਕਹਿਣ ਲੱਗੀ, "ਗੁਰੂ ਗਰੀਬ ਨਿਵਾਜ ! ਸੁਣੋ, ਮੇਰਾ ਪਿੰਡ ਚੱਬਾ ਹੈ, ਜਿਹੜਾ ਮਾਝੇ ਦੇਸ਼ ਵਿਚ ਜਾਣੀਦੈ॥ ੬॥

ਸ੍ਰੀ ਅੰਮ੍ਰਿਤਸਰ ਦੱਖਣ ਪਾਸੇ। ਤੀਨ ਕੋਸ ਪਰ ਗ੍ਰਾਮ ਸੁ ਬਾਸੇ।
ਤਹਿਂ ਤੇ ਮੈਂ ਆਈ ਧਰਿ ਆਸਾ। ਜਾਚਨ ਪੁੱਤ੍ਰ ਆਪਕੇ ਪਾਸਾ॥ ੭॥

ਸ੍ਰੀ ਅੰਮ੍ਰਿਤਸਰ ਤੋਂ ਉਹ ਦੱਖਣ ਵਾਲੇ ਪਾਸੇ ਹੈ। ਅੰਮ੍ਰਿਤਸਰ ਤੋਂ ਤਿੰਨਾਂ ਕੋਹਾਂ ਉੱਪਰ ਉਹ ਪਿੰਡ ਵੱਸਦਾ ਹੈ। ਉਥੋਂ ਮੈਂ ਆਸ ਧਾਰ ਕੇ ਆਈ ਹਾਂ, ਆਪ ਜੀ ਪਾਸੋਂ ਪੁੱਤਰ ਮੰਗਣ ਵਾਸਤੇ ਆਈ ਹਾਂ॥ ੭॥

*ਨੋਟ :- ਇਸ ਪ੍ਰਕਾਰ ਦਾ ਪ੍ਰਸੰਗ ਛੇਵੇਂ ਪਾਤਿਸ਼ਾਹ ਦੇ ਸਮੇਂ ਹੋਇਆ ਸੀ। ਉਸ ਵਾਸਤੇ ਵੇਖੋ ਗੁਰ ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਰਾਸ ਛੇਵੀਂ, ਅਧਿਆਇ ੫੪।*

ਬੈਠੇ ਸਭਾ ਨ ਮਾਂਗਯੋ ਗਯੋ। ਸੱਦ ਬਿਖੈ ਤੁਮ ਸਨ ਕਹਿ ਦਯੋ।
ਦੂਰ ਪੰਥ ਤੇ ਮੈਂ ਚਲਿ ਆਈ। ਪੁਰਹੁ ਕਾਮਨਾ ਸ਼ਰਨ ਤਕਾਈ'॥ ੮॥

ਜਦ ਸਭਾ ਵਿਚ ਬੈਠੇ ਸੀ, ਉਸ ਸਮੇਂ ਮੰਗਿਆ ਨਹੀਂ ਗਿਆ, ਹੁਣ ਮੈਂ ਸੱਦ ਵਿਚ ਆਪ ਜੀ ਨੂੰ ਸਭ ਕਹਿ ਦਿੱਤਾ ਹੈ। ਮੈਂ ਬਹੁਤ ਦੂਰ ਤੋਂ ਚਲ ਕੇ ਆਈ ਹਾਂ। ਮੇਰੀ ਕਾਮਨਾ ਪੂਰੀ ਕਰੋ, ਮੈਂ ਤੁਹਾਡੀ ਸ਼ਰਨ ਤੱਕੀ ਹੈ"॥ ੮॥

ਸੁਨਿ ਪ੍ਰਭੁ ਹੁਕਮ ਦਾਸ ਕੋ ਕਹਯੋ। 'ਮਸੁ ਅਰੁ ਕਲਮ ਆਨਿ ਅਬਿ ਚਹਯੋ।
ਲਯਾਯੋ ਤੁਰਤ ਗੁਰੂ ਲਿਖਿ ਦੀਨ। ਸਿਖ ਨੇ ਦੈਬੇ ਹਿਤ ਕਰ ਲੀਨ॥ ੯॥

ਸਤਿਗੁਰੂ ਜੀ ਨੇ ਸੁਣ ਕੇ ਸੇਵਕ ਨੂੰ ਹੁਕਮ ਦੇ ਕੇ ਕਿਹਾ, ਸਿਆਹੀ ਅਤੇ ਕਲਮ ਲਿਆਵੋ, ਹੁਣੇ ਚਾਹੀਦੀ ਹੈ। ਜਦ ਸੇਵਕ ਸਿਆਹੀ ਅਤੇ ਕਲਮ ਲਿਆਇਆ ਤਾਂ ਗੁਰੂ ਜੀ ਨੇ ਤੁਰਤ ਲਿਖਣ ਲੱਗੇ। ਸਿੱਖ ਨੇ ਫਿਰ ਕਲਮ ਦਵਾਤ ਦੇਣ ਵਾਸਤੇ ਆਪਣੇ ਹੱਥ ਵਿਚ ਫੜ ਲਈ॥ ੯॥

ਗੁਰ ਬੋਲੇ 'ਇਕ ਸੁਤ ਤੁਹਿ ਦਯੋ'। ਕਾਗਤ ਪਿਖਤਿ ਸਿੱਖ ਲਖਿ ਲਯੋ।
ਮਹਾਰਾਜ ਏ ਸਾਤਾ ਭਯੋ। ਮੁਖ ਤੇ ਕਹੋ ਏਕ ਸੁਤ ਦਯੋ'॥ ੧੦॥

ਗੁਰੂ ਜੀ ਨੇ ਕਿਹਾ, "ਇਕ ਪੁੱਤਰ ਤੈਨੂੰ ਦਿੱਤਾ" ਪਰ ਕਾਗਜ਼ ਨੂੰ ਵੇਖ ਕੇ ਸਿੱਖ ਜਾਣ ਗਿਆ ਅਤੇ ਕਹਿਣ ਲੱਗਾ, "ਮਹਾਰਾਜ ! ਇਹ ਤਾਂ ਸਾਤਾ ਲਿਖਿਆ ਗਿਆ ਹੈ, ਪਰ ਮੁਖ ਤੋਂ ਕਹਿੰਦੇ ਹੋ ਇਕ ਪੁੱਤਰ ਦਿੱਤਾ"॥ ੧੦॥

ਸੁਨਿ ਪ੍ਰਭੁ ਕਹਯੋ 'ਸਪਤ ਹੀ ਹੋਹਿਂ। ਆਇ ਦੂਰ ਤੇ ਜਾਚਯੋ ਮੋਹਿ'।
ਲੇ ਕਾਗਤ ਇਸਤ੍ਰੀ ਹਰਖਾਈ। ਕਰਿ ਬੰਦਨ ਕੋ, ਸਦਨ ਸਿਧਾਈ॥ ੧੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਸਤ ਹੀ ਹੋਣਗੇ, ਬੜੀ ਦੂਰ ਤੋਂ ਆ ਕੇ ਮੈਥੋਂ ਪੁੱਤਰ ਮੰਗੇ ਹਨ।" ਕਾਗਜ਼ ਲੈ ਕੇ ਇਸਤਰੀ ਬਹੁਤ ਪ੍ਰਸੰਨ ਹੋਈ ਤੇ ਬੰਦਨਾ ਕਰਕੇ ਆਪਣੇ ਘਰ ਨੂੰ ਚਲੀ ਗਈ॥ ੧੧॥

ਸਮਾ ਪਾਇ ਸੁਤ ਸਾਤ ਉਪਾਇ। ਗੁਰ ਮਹਿਮਾ ਕੋ ਬਹੁ ਬਿਦਤਾਇ।
ਪੁਨ ਉਦਿਆਨ ਸ਼ਿਕਾਰ ਸਿਧਾਰੇ। ਇਤ ਉਤ ਬਿਚਰਤ ਮ੍ਰਿਗਨਿ ਨਿਹਾਰੇ ॥੧੨ ॥

ਸਮਾਂ ਪਾ ਕੇ ਸਤ ਪੁੱਤਰ ਪੈਦਾ ਹੋਏ, ਜਿਸ ਨੇ ਗੁਰੂ ਮਹਿਮਾ ਨੂੰ ਬਹੁਤ ਪ੍ਰਗਟ ਕੀਤਾ। ਫਿਰ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਗਏ। ਏਧਰ ਓਧਰ ਫਿਰਦੇ ਹਿਰਨ ਵੇਖਦੇ ਸਨ॥ ੧੨॥

ਨਹੀਂ ਅਖੇਰ ਕਹੂੰ ਤੇ ਪਾਵਾ। ਤਬਿ ਸਿੰਘਨ ਸਨ ਪ੍ਰਭੁ ਅਲਾਵਾ।
'ਕਿਹ ਸਿਖ ਨੇ ਕੰਘਾ ਨਹਿਂ ਕਰਜੋ ? ਜਿਸ ਤੇ ਨਹਿਂ ਸ਼ਿਕਾਰ ਕਰ ਪਰਜੋ' ॥੧੩ ॥

ਪਰ ਸ਼ਿਕਾਰ ਕਿਤੇ ਵੀ ਨਾ ਪਾਇਆ, ਫਿਰ ਸਤਿਗੁਰੂ ਜੀ ਨੇ ਸਿੰਘਾਂ ਨੂੰ ਕਿਹਾ, "ਕਿਸ ਸਿੱਖ ਨੇ ਅੱਜ ਕੰਘਾ ਨਹੀਂ ਕੀਤਾ ਹੈ ? ਜਿਸ ਕਰਕੇ ਅੱਜ ਸ਼ਿਕਾਰ ਹੱਥ ਨਹੀਂ ਆਇਆ ਹੈ"॥ ੧੩॥

ਸੁਨਜੋ ਸਭਿਨਿ ਇਕ ਨੇ ਕਹਿ ਦੀਨਾ। 'ਮੈਂ ਕੰਘਾ ਕੇਸਨ ਨਹਿਂ ਕੀਨਾ'।
ਹੁਕਮ ਕਰਜੋ 'ਅਬਿ ਭੀ ਕਰਿ ਲੀਜੈ। ਤੂਰਨ ਬਨਹੁ ਸੁਚੇਤ ਮਿਲੀਜੈ' ॥੧੪ ॥

ਸਾਰਿਆਂ ਨੇ ਸੁਣਿਆ ਤੇ ਫਿਰ ਇਕ ਸਿੰਘ ਨੇ ਕਹਿ ਦਿੱਤਾ, "ਮੈਂ ਅੱਜ ਕੰਘਾ ਆਪਣੇ ਕੇਸਾਂ ਵਿਚ ਨਹੀਂ ਕੀਤਾ ਹੈ।" ਸਤਿਗੁਰੂ ਜੀ ਨੇ ਹੁਕਮ ਕੀਤਾ, "ਹੁਣ ਹੀ ਕੰਘਾ ਕਰ ਲਵੋ ਤੇ ਤੁਰਤ ਸੁਚੇਤ ਹੋ ਕੇ ਮਿਲੋ" ॥ ੧੪॥

ਤਤਛਿਨ ਤਿਨ ਸੁਨਿ ਕੈ ਕਰਿ ਲੀਨ। ਸੰਗ ਮਿਲਾਇ ਪਯਾਨੋ ਕੀਨ।
ਪੁਨ ਉੱਦਜਾਨ ਬਿਖੈ ਜਬਿ ਫਿਰੇ। ਪਿਖਿ ਸ਼ਿਕਾਰ ਕੋ ਮਾਰਨ ਕਰੇ॥ ੧੫ ॥

ਇਹ ਸੁਣ ਕੇ ਉਸ ਸਿੰਘ ਨੇ ਤੁਰਤ ਕੰਘਾ ਕਰ ਲਿਆ ਤੇ ਫਿਰ ਸਤਿਗੁਰੂ ਜੀ ਨਾਲ ਮਿਲ ਕੇ ਚਲਿਆ। ਫਿਰ ਜਦ ਜੰਗਲ ਵਿਚ ਗਏ ਤਾਂ ਸ਼ਿਕਾਰ ਵੇਖ ਕੇ ਮਾਰਨ ਲੱਗੇ॥ ੧੫॥

ਹਟੇ ਪ੍ਰਭੁ ਸਭਿ ਕੋ ਸਮੁਝਾਯੋ। 'ਸਿੰਘਨ ਕੋ ਐਸੇ ਬਨਿ ਆਯੋ।
ਹੋਇ ਸੁਚੇਤ ਸਕਲ ਪਰਕਾਰੇ। ਚਢਨ ਸਮੈਂ ਅਰਦਾਸ ਉਚਾਰੇ॥ ੧੬ ॥

ਸਤਿਗੁਰੂ ਜੀ ਨੇ ਫਿਰ ਹਟ ਕੇ ਸਾਰਿਆਂ ਨੂੰ ਸਮਝਾਇਆ, "ਸਿੰਘਾਂ ਨੂੰ ਇਸ ਪ੍ਰਕਾਰ ਹੀ ਕਰਨਾ ਬਣਦਾ ਹੈ। ਸਿੱਖ ਨੂੰ ਸਭ ਪ੍ਰਕਾਰ ਸੁਚੇਤ ਰਹਿਣਾ ਚਾਹੀਦਾ ਹੈ ਤੇ ਸ਼ਿਕਾਰ ਤੇ ਜਾਣ ਸਮੇਂ ਅਰਦਾਸ ਉਚਾਰਨ ਕਰੇ॥ ੧੬॥

ਕਾਰਜ ਸਰਬ ਸਿੱਧ ਹੁਇ ਜਾਤੇ। ਨਹਿਂ ਦੋਨਹੁਂ ਬਿਨ ਕਹੂੰ ਪ੍ਰਜਾਤੇ'।
ਸੁਨਿ ਕੈ ਸੀਖ ਸਭਿਨਿ ਹੂੰ ਮਾਨੀ। ਜਥਾ ਆਪ ਸ੍ਰੀ ਬਦਨ ਬਖਾਨੀ॥ ੧੭ ॥

ਇਸ ਪ੍ਰਕਾਰ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ। ਸੁਚੇਤ ਹੋਏ ਬਿਨਾਂ ਤੇ ਅਰਦਾਸਾ ਸੋਧੇ ਬਿਨਾਂ ਕਿਤੇ ਵੀ ਨਾ ਜਾਇਆ ਕਰਨ।" ਇਹ ਸੁਣ ਕੇ ਸਾਰੇ ਸਿੱਖਾਂ ਨੇ ਮੰਨਿਆ, ਜਿਵੇਂ ਸਤਿਗੁਰੂ ਜੀ ਨੇ ਬਚਨ ਕੀਤਾ ਸੀ॥ ੧੭॥

ਆਇ ਬਿਰਾਜੇ ਸਤਿਗੁਰ ਡੇਰੇ। ਨਿਸਾ ਬਿਤਾਇ ਸਥਿਰੇ ਸਵੇਰੇ।
ਬੈਠਜੋ ਨਿਕਟ ਖਾਲਸਾ ਆਇ। ਦਰਸਹਿ ਸੰਗਤਿ ਫਲ ਕੋ ਪਾਇ॥ ੧੮ ॥

ਸਤਿਗੁਰੂ ਜੀ ਫਿਰ ਆਪਣੇ ਡੇਰੇ ਵਿਚ ਆ ਕੇ ਬਿਰਾਜ ਗਏ। ਰਾਤ ਬਤੀਤ ਕਰਕੇ ਸਵੇਰੇ ਉੱਠ ਪਏ। ਫਿਰ ਖਾਲਸਾ ਆ ਕੇ ਸਤਿਗੁਰੂ ਜੀ ਦੇ ਨੇੜੇ ਬੈਠ ਗਿਆ। ਸੰਗਤ ਦਰਸ਼ਨ ਕਰਕੇ ਫਲ ਪ੍ਰਾਪਤ ਕਰਦੀ ਸੀ॥ ੧੮॥

ਦਧਿ ਸੋਂ ਦੀਰਘ ਘਟ ਕੋ ਭਰਜੋ। ਲੇ ਇਕ ਆਨਿ ਦਰਸ ਕੋ ਕਰਜੋ।
ਬੂਝਨ ਕੀਨ 'ਬਸਹਿਂ ਕਿਸ ਗ੍ਰਾਮੂ ? ਤੋਹਿ ਪਿਤਾ ਅਰੁ ਤੁਵ ਕਜਾ ਨਾਮੂ ?' ॥੧੯ ॥

ਇਕ ਸਿੱਖ ਨੇ ਦਹੀਂ ਦਾ ਇਕ ਵੱਡਾ ਘੜਾ ਭਰਿਆ ਤੇ ਲਿਆ ਕੇ ਗੁਰੂ ਜੀ ਅੱਗੇ ਰੱਖ ਕੇ ਦਰਸ਼ਨ ਕੀਤੇ। ਗੁਰੂ ਜੀ ਨੇ ਪੁੱਛਿਆ, "ਕਿਸ ਪਿੰਡ ਵਿਚ ਰਹਿੰਦਾ ਹੈਂ ? ਤੇਰੇ ਪਿਤਾ ਅਤੇ ਤੇਰਾ ਕੀ ਨਾਮ ਹੈ ?" ॥ ੧੯ ॥

ਸ੍ਰੀ ਗੁਰ ਤੇ ਸੁਨਿ ਸਕਲ ਬਤਾਈ। 'ਮੌੜ ਗ੍ਰਾਮ ਮਹਿਂ ਬਸੌਂ ਗੁਸਾਈਂ !।
ਪਿਤਾ ਭੀਮ ਤੇ ਮੈਂ ਸੁਤ ਭਯੋ। ਦਲਪਤਿ ਮੋਹਿ ਨਾਮ ਧਰਿ ਦਯੋ' ॥ ੨੦ ॥

ਉਸ ਨੇ ਗੁਰੂ ਜੀ ਪਾਸੋਂ ਸੁਣ ਕੇ ਸਾਰੀ ਗੱਲ ਦੱਸੀ, "ਮੌੜ ਪਿੰਡ ਵਿਚ ਮੈਂ ਰਹਿੰਦਾ ਹਾਂ। ਮੇਰੇ ਪਿਤਾ ਜੀ ਦਾ ਨਾਮ ਭੀਮ ਹੈ ਤੇ ਮੈਂ ਉਨ੍ਹਾਂ ਦਾ ਪੁੱਤਰ ਹਾਂ। ਉਨ੍ਹਾਂ ਨੇ ਮੇਰਾ ਨਾਮ ਦਲਪਤਿ ਰੱਖਿਆ ਹੈ" ॥ ੨੦ ॥

ਭੇ ਪ੍ਰਸੰਨ ਕਦ ਹੇਰਿ ਬਿਸਾਲਾ। ਕ੍ਰਿਪਾ ਕਰਤਿ ਬੋਲੇ ਤਿਸ ਕਾਲਾ।
'ਜੇ ਕਰਿ ਭੀਮ ਆਤਮਜ ਭਯੋ। ਤਬਹਿ ਦਲਨ ਕੀ ਪਤਿ ਪਦ ਲਯੋ ॥ ੨੧ ॥

ਉਸ ਦਾ ਵੱਡਾ ਡੀਲ-ਡੌਲ ਅਤੇ ਕੱਦ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਉੱਪਰ ਕਿਰਪਾ ਕਰਕੇ ਉਸ ਸਮੇਂ ਬੋਲੇ, "ਜੇ ਭੀਮ ਤੋਂ ਪੈਦਾ ਹੋਇਆ ਪੁੱਤਰ ਹੈਂ, ਤਦ ਹੀ ਤੂੰ ਦਲਾਂ ਦੇ ਪਤੀ ਦੀ ਪਦਵੀ ਪ੍ਰਾਪਤ ਕੀਤੀ ਹੈ" ॥ ੨੧ ॥

ਖੁਸ਼ੀ ਹੋਇ ਗੁਰ ਪਾਗ ਬੰਧਾਈ। 'ਜੇ ਸਿੱਖੀ ਕੋ ਰਖਹਿਂ ਜਿਠਾਈ।
ਤੌ ਐਸ਼੍ਵਰਜ ਭੀ ਵਧਹਿ ਮਹਾਨਾ। ਮਾਨਤਿ ਰਹਹੁ ਗੁਰੂ ਕੀ ਆਨਾ' ॥ ੨੨ ॥

ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਪੱਗ ਬੰਨ੍ਹਵਾਈ ਤੇ ਕਿਹਾ, "ਜੇ ਸਿੱਖੀ ਦੀ ਵਡਿਆਈ ਰੱਖੇਂਗਾ ਤਾਂ ਤੇਰੇ ਪਾਸ ਬਹੁਤ ਧਨ ਦੌਲਤ ਵਧੇਗਾ। ਗੁਰੂ ਜੀ ਦੀ ਆਨ ਨੂੰ ਮੰਨਦੇ ਰਹੋ" ॥ ੨੨ ॥

ਕਿਤਿਕ ਸਮੈਂ ਬੈਠਨ ਤਬਿ ਕਰਜੇ। ਬੰਦਨ ਠਾਨਿ ਸਦਨ ਚਲਿ ਪਰਜੇ।
ਦਿਨ ਦ੍ਵੈ ਚਾਰਿਕ ਬੰਧੀ ਸਿਰ ਪਰ। ਡੋਮਨ ਕੇ ਗਾਵਨ ਕੋ ਸੁਨਿ ਕਰਿ ॥ ੨੩ ॥

ਉਹ ਸਿੱਖ ਕਾਫੀ ਸਮੇਂ ਤੱਕ ਬੈਠਾ ਰਿਹਾ ਤੇ ਫਿਰ ਬੰਦਨਾ ਕਰਕੇ ਆਪਣੇ ਘਰ ਵੱਲ ਚਲ ਪਿਆ। ਦੋ ਚਾਰ ਦਿਨ ਪੱਗ ਆਪਣੇ ਸਿਰ ਉੱਪਰ ਬੰਨ੍ਹੀ ਤੇ ਫਿਰ ਡੂਮਾਂ ਦਾ ਗਾਉਣਾ ਸੁਣ ਕੇ ॥ ੨੩ ॥

ਸੋ ਦਸਤਾਰ ਤਿਨਹੁਂ ਕੋ ਦੀਨਿ। ਮੂਰਖ ਕਛੂ ਬਿਚਾਰ ਨ ਕੀਨ।
ਨਹਿਂ ਗੁਰ ਮਹਿਮਾ ਮਨ ਮਹਿਂ ਆਇ। ਖਾਲੀ ਰਹਜੋ ਖੁਸ਼ੀ ਕੋ ਪਾਇ ॥ ੨੪ ॥

ਪ੍ਰਸੰਨ ਹੋ ਕੇ ਉਹ ਦਸਤਾਰ ਉਨ੍ਹਾਂ ਨੂੰ ਦੇ ਦਿੱਤੀ। ਮੂਰਖ ਨੇ ਕਿਸੇ ਪ੍ਰਕਾਰ ਵੀ ਵਿਚਾਰ ਨਾ ਕੀਤੀ। ਗੁਰੂ ਜੀ ਦੀ ਮਹਿਮਾ ਮਨ ਵਿਚ ਨਾ ਲਿਆਇਆ, ਖੁਸ਼ੀ ਨੂੰ ਪਾ ਕੇ ਖਾਲੀ ਹੀ ਰਿਹਾ ॥ ੨੪ ॥

ਭਾਈ ਭਗਤੂ ਕਾ ਇਕ ਪੋਤਾ। ਦਜਾਲਦਾਸ ਜਿਸ ਨਾਮ ਉਦੋਤਾ।
ਭੁੱਚੋ ਗ੍ਰਾਮ ਬਿਖੈ ਤੇ ਗਯੋ। ਗੁਰ ਦਰਸ਼ਨ ਕਰਿ ਨੰਮ੍ਰੀ ਭਯੋ ॥ ੨੫ ॥

ਭਾਈ ਭਗਤੂ ਦਾ ਇਕ ਪੋਤਾ, ਜਿਸ ਦਾ ਨਾਮ ਪ੍ਰਗਟ ਰੂਪ ਵਿਚ ਦਿਆਲ ਦਾਸ ਸੀ। ਉਹ ਭੁੱਚੋ ਪਿੰਡ ਤੋਂ ਚਲ ਕੇ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਸਨਿਮਰ ਹੋ ਗਿਆ ॥ ੨੫ ॥

ਕੁਛਕ ਰਜਤਪਣ ਭੇਟ ਚੜ੍ਹਾਈ। ਬੈਠਜੇ ਸ੍ਰੀ ਪ੍ਰਭੁ ਦ੍ਰਿਸ਼ਟਿ ਚਲਾਈ।
ਸ੍ਰੀ ਮੁਖ ਤੇ ਫੁਰਮਾਨ ਬਖਾਨਾ। 'ਦਜਾਲ ਸਿੰਘ ਅਬਿ ਕਰਹੁ ਪ੍ਰਮਾਨਾ ॥ ੨੬ ॥

ਕੁਝ ਰੁਪਏ ਗੁਰੂ ਜੀ ਦੀ ਭੇਟਾ ਵਜੋਂ ਚੜ੍ਹਾਏ। ਸਤਿਗੁਰੂ ਜੀ ਬੈਠੇ ਸਨ, ਉਨ੍ਹਾਂ ਨੇ ਉਸ ਵੱਲ ਆਪਣੀ ਦ੍ਰਿਸ਼ਟੀ ਕੀਤੀ। ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਦਿਆਲ ਸਿੰਘ ! ਹੁਣ ਇਹ ਨਾਮ ਮੰਨਣਾ ਕਰੋ ॥ ੨੬ ॥

ਖੰਡੇ ਕੀ ਪਾਹੁਲ ਸੁਭ ਧਾਰਹੁ। ਬਨਹੁ ਖਾਲਸਾ ਭਰਮ ਨਿਵਾਰਹੁ।
ਕੇਸ਼ ਕਾਛ ਕੀ ਰਹਤਿ ਰਖੀਜੈ। ਮੀਣ ਮਸੰਦ ਮੇਲ ਨਹਿਂ ਕੀਜੈ॥ ੨੭॥

ਖੰਡੇ ਦੀ ਸੁਭ ਪਾਹੁਲ ਧਾਰਨ ਕਰੋ ਤੇ ਖਾਲਸਾ ਬਣ ਕੇ ਆਪਣੇ ਸਾਰੇ ਭਰਮ ਦੂਰ ਕਰ ਲਵੋ। ਕੇਸਾਂ ਅਤੇ ਕੱਛ ਦੀ ਰਹਿਤ ਰੱਖੋ। ਮੀਣੇ ਅਤੇ ਮਸੰਦਾਂ ਨਾਲ ਮੇਲ ਨਾ ਕਰੋ॥ ੨੭॥

ਸ਼ਸਤ੍ਰਨਿ ਕੋ ਨਿਸ ਦਿਨ ਤਨ ਧਰੀਅਹਿ। ਫਤੇ ਗੁਰੂ ਜੀ ਕੀ ਸੁ ਉਚਰੀਅਹਿ'।
ਸੁਨਿ ਕੈ ਕਮਦਿਲ ਹੋਇ ਉਚਾਰੀ। 'ਸਿੱਖੀ ਹਮਹੁੰ ਕਦੀਮੀ ਧਾਰੀ॥ ੨੮॥

ਸ਼ਸਤਰਾਂ ਨੂੰ ਦਿਨ ਰਾਤ ਆਪਣੇ ਸਰੀਰ 'ਤੇ ਧਾਰਨ ਕਰੋ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਉਚਾਰਨ ਕਰੋ।" ਇਹ ਸੁਣ ਕੇ ਉਸ ਨੇ ਇਹ ਕਮਦਿਲ ਹੋ ਕੇ ਉਚਾਰਨ ਕੀਤਾ, "ਸਿੱਖੀ ਅਸੀਂ ਕਦੀਮੀ ਧਾਰਨ ਕੀਤੀ ਹੈ॥ ੨੮॥

ਪਿਤਾ ਪਿਤਾਮਾ ਗੁਰ ਘਰ ਕੇਰੇ। ਜਹਿਂ ਕਹਿਂ ਬਿਦਤੇ ਜਗਤ ਬਡੇਰੇ।
ਅਬਿ ਮੈ ਨਈ ਰੀਤਿ ਕਜਾ ਧਾਰੌਂ। ਨਿਜ ਬਡਿਅਨਿ ਕੋ ਪੰਥ ਸੰਭਾਰੌਂ॥ ੨੯॥

ਪਿਤਾ ਪਿਤਾਮਾ ਗੁਰੂ ਘਰ ਦੇ ਹਨ, ਜਿੱਥੇ ਕਿੱਥੇ ਸਾਡੇ ਵਡੇਰੇ ਜਗਤ ਵਿਚ ਪ੍ਰਗਟ ਹਨ। ਹੁਣ ਨਵੀਂ ਰੀਤੀ ਕੀ ਧਾਰਨ ਕਰਾਂ, ਆਪਣੇ ਵਡੇਰਿਆਂ ਦਾ ਪੰਥ ਸੰਭਾਲਾਂਗਾ॥ ੨੯॥

ਸਭਿ ਗੁਰ ਖੁਸ਼ੀ ਕਰਤ ਹੀ ਰਹੈ। ਦਾਸ ਕਦੀਮੀ ਅਪਨੇ ਲਹੇ।
ਭਈ ਆਰਬਲ ਅਬੈ ਬਡੇਰੀ। ਪਹੁਲ ਲੇਨਿ ਨ ਉਚਿਤਾ ਮੇਰੀ'॥ ੩੦॥

ਸਾਰੇ ਗੁਰੂ ਸਾਹਿਬਾਨ ਨੇ ਸਾਡੇ ਉੱਪਰ ਖੁਸ਼ੀ ਕੀਤੀ ਹੈ, ਸਾਨੂੰ ਆਪਣੇ ਕਦੀਮੀ ਸੇਵਕ ਜਾਣਦੇ ਹਨ। ਹੁਣ ਉਮਰ ਬਹੁਤ ਵੱਡੀ ਹੋ ਗਈ ਹੈ, ਪਾਹੁਲ ਲੈਣਾ ਮੇਰੇ ਵਾਸਤੇ ਉਚਿਤ ਨਹੀਂ ਹੈ"॥ ੩੦॥

ਸ਼੍ਰੀ ਮੁਖ ਤੇ ਕਹਿ ਪੁਨ ਸਮੁਝਾਯੋ। 'ਹਮ ਨੇ ਉੱਤਮ ਪੰਥ ਚਲਾਯੋ।
ਲੋਕ ਪ੍ਰਲੋਕ ਬਿਖੈ ਸੁਖਦਾਇਕ। ਰਾਜ ਤੇਜ ਜੁਤਿ ਹ੍ਵੈ ਰਿਪੁ ਘਾਯਕ॥ ੩੧॥

ਸਤਿਗੁਰੂ ਜੀ ਨੇ ਫਿਰ ਕਹਿ ਕੇ ਸਮਝਾਇਆ, "ਅਸੀਂ ਇਕ ਉੱਤਮ ਪੰਥ ਚਲਾਇਆ ਹੈ, ਜਿਹੜਾ ਲੋਕ ਪਰਲੋਕ ਵਿਚ ਸੁਖਦਾਇਕ ਹੈ ਤੇ ਵੈਰੀਆਂ ਨੂੰ ਮਾਰ ਕੇ ਇਹ ਰਾਜ ਤੇਜ ਸਹਿਤ ਹੋਵੇਗਾ॥ ੩੧॥

ਤਿਸ ਜਹਾਜ ਪਰ ਚਢਹਿ ਜੁ ਆਇ। ਕੀਟੀ ਤੇ ਗਯੰਦ ਬਨਿ ਜਾਇ।
ਜੇ ਸਯਾਲ ਸਮ ਸਭਿ ਤੇ ਡਰੈ। ਬਨੈ ਸਿੰਘ ਸਿੰਘ ਨਾਮ ਸੁ ਧਰੈ॥ ੩੨॥

ਉਸ ਜਹਾਜ਼ ਉੱਪਰ ਜਿਹੜਾ ਵੀ ਆ ਕੇ ਚੜ੍ਹੇਗਾ, ਉਹ ਕੀੜੀ ਤੋਂ ਹਾਥੀਆਂ ਦਾ ਰਾਜਾ ਬਣ ਜਾਵੇਗਾ। ਜਿਹੜੇ ਗਿੱਦੜ ਵਾਂਗ ਸਭ ਤੋਂ ਡਰਦੇ ਹਨ, ਉਹ ਸ਼ੇਰ ਬਣ ਜਾਣਗੇ ਤੇ ਸਿੰਘ ਹੀ ਆਪਣਾ ਨਾਮ ਧਰਨਗੇ॥ ੩੨॥

ਯਾਂਤੇ ਤੂੰ ਭੀ ਧਾਰਨ ਕਰੀਅਹਿ। ਰੀਤਿ ਮਸੰਦੀ ਨਾਂਹਿਨ ਧਰੀਅਹਿ'।
ਸੁਨਿ ਪੁਨ ਬਚਨ ਹਟਾਵਨ ਕੀਨਾ। ਗੁਰੂ ਬਾਕ ਪਰ ਨਹਿਨ ਪਤੀਨਾ॥ ੩੩॥

ਇਸ ਕਰਕੇ ਤੁਸੀਂ ਵੀ ਅੰਮ੍ਰਿਤ ਧਾਰਨ ਕਰੋ ਤੇ ਮਸੰਦਾਂ ਵਾਲੀ ਰੀਤੀ ਨਾ ਧਾਰਨ ਕਰੋ।" ਦੁਬਾਰਾ ਗੁਰੂ ਜੀ ਦਾ ਬਚਨ ਸੁਣ ਕੇ ਵੀ ਨਾ ਮੰਨਿਆ ਤੇ ਗੁਰੂ ਜੀ ਦੇ ਬਚਨਾਂ 'ਤੇ ਭਰੋਸਾ ਨਾ ਕੀਤਾ॥ ੩੩॥

'ਅਬਿ ਤੋ ਕ੍ਰਿਪਾ ਕਰਹੁ ਰਹਿਂ ਐਸੇ। ਪਿਤਾ ਪਿਤਾਮਾ ਹਮਰੇ ਜੈਸੇ'।
ਸੁਨਿ ਕਰਿ ਗੁਰੁ ਸ੍ਰਾਪ ਤਬਿ ਦੀਨਾ। ਬਾਰਿ ਬਾਰਿ ਬਚ ਬਾਰਨਿ ਕੀਨਾ॥ ੩੪॥

ਕਹਿਣ ਲੱਗਾ", "ਹੁਣ ਤਾਂ ਕਿਰਪਾ ਕਰੋ, ਇਸ ਤਰ੍ਹਾਂ ਹੀ ਰਹਾਂਗਾ, ਜਿਵੇਂ ਸਾਡੇ ਪਿਤਾ ਪਿਤਾਮਾ ਰਹਿੰਦੇ ਆਏ ਹਨ।" ਇਹ ਸੁਣ ਕੇ ਫਿਰ ਗੁਰੂ ਜੀ ਨੇ ਸਰਾਪ ਦਿੱਤਾ ਜਦ ਬਾਰ-ਬਾਰ ਗੁਰੂ ਜੀ ਦੇ ਬਚਨਾਂ ਨੂੰ ਮੋੜਿਆ॥ ੩੪॥

'ਹਮ ਤੇ ਨਹਿਂ ਪਾਹੁਲ ਤੈਂ ਲਈ। ਅਪਰ ਬੁੱਧਿ ਹਠਿ ਤੇ ਦਿਢ ਕਈ।
ਮਿਲਹਿਂ ਨੀਂਵ ਜਬਹਿ ਹਮਾਰੇ। ਤਿਨ ਕੇ ਕਰਿਹੈਂ ਅੰਗੀਕਾਰੇ' ॥ ੩੫॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੩੫॥

ਸੁਨਿ ਕਰਿ ਦਜਾਲ ਦਾਸ ਭਾ ਮੋਨ। ਕੇਤਿਕ ਚਿਰ ਮਹਿਂ ਗਮਨਜੋ ਭੌਨ।
ਪਸਚਾਤਾਪ ਕਰਤਿ ਚਲਿ ਗਯੋ। 'ਗੁਰ ਕੇ ਸੰਗ ਬਿਰਸ ਬਹੁ ਭਯੋ' ॥ ੩੬॥

ਇਹ ਸੁਣ ਕੇ ਦਿਆਲ ਦਾਸ ਚੁਪ ਰਿਹਾ, ਕੁਝ ਸਮੇਂ ਬਾਅਦ ਉਹ ਆਪਣੇ ਘਰ ਨੂੰ ਚਲਾ ਗਿਆ। ਪਛਤਾਵਾ ਕਰਦਾ ਹੋਇਆ ਚਲਾ ਗਿਆ। 'ਗੁਰੂ ਜੀ ਦੇ ਨਾਲ ਬਹੁਤ ਬੇਰਸੀ ਕੀਤੀ' ॥ ੩੬॥

ਤਬਿ ਤੇ ਸ੍ਰੀ ਪ੍ਰਭੁ ਰੁਖ਼ ਨ ਮਿਲਾਯੋ। ਨਹਿਂ ਸਾਦਰ ਕਬਿ ਨਿਕਟ ਬਿਠਾਯੋ।
'ਭਗਤੂ ਕਾ ਮਸੰਦ' ਧਰਿ ਨਾਮੂ। ਨਾਂਹਿਨ ਗਮਨੇ ਇਸ ਕੇ ਧਾਮੂ॥ ੩੭॥

ਉਸ ਸਮੇਂ ਬਾਅਦ ਸਤਿਗੁਰੂ ਜੀ ਨੇ ਆਪਣਾ ਰੁਖ਼ ਉਸ ਵੱਲ ਨਾ ਕੀਤਾ ਤੇ ਨਾ ਹੀ ਫਿਰ ਕਦੀ ਆਪਣੇ ਪਾਸ ਬਿਠਾਇਆ। 'ਭਗਤੂ ਦਾ ਮਸੰਦ' ਉਸ ਦਾ ਨਾਮ ਧਰ ਦਿੱਤਾ ਤੇ ਨਾ ਹੀ ਫਿਰ ਕਦੀ ਉਸ ਦੇ ਘਰ ਗਏ॥ ੩੭॥

ਭਗਤੂ ਸੁਤ ਗੋਰਾ ਇਕ ਭਯੋ। ਤਿਸ ਤੇ ਦਜਾਲ ਦਾਸ ਉਪਜਯੋ।
ਭਗਤੂ ਸੁਤ ਦੂਸਰ ਭਾ ਜੀਵਣ। ਸ੍ਰੀ ਹਰਿਰਾਇ ਨਿਕਟ ਦਿਯ ਜੀਵਣ॥ ੩੮॥

ਭਗਤੂ ਦਾ ਪੁੱਤਰ ਇਕ ਗੋਰਾ ਹੋਇਆ ਹੈ, ਉਸ ਤੋਂ ਦਿਆਲ ਦਾਸ ਪੈਦਾ ਹੋਇਆ ਸੀ। ਭਗਤੂ ਦੇ ਦੂਸਰੇ ਪੁੱਤਰ ਦਾ ਨਾਮ ਜੀਵਣ ਸੀ, ਜਿਸ ਨੇ ਸ੍ਰੀ ਗੁਰੂ ਹਰਿਰਾਇ ਦੇ ਪਾਸ ਆਪਣਾ ਜੀਵਣ ਦੇ ਦਿੱਤਾ ਸੀ॥ ੩੮॥

ਬਿੱਪ੍ਰ ਪੁੱਤ੍ਰ ਕੋ ਤਬੈ ਜਿਵਾਯੋ। ਤਿਸ ਕੋ ਬੰਸ ਅਧਿਕ ਬਿਰਧਾਯੋ।
ਗ੍ਰਾਮ ਚੱਕ ਤਿਸ ਮਹਿਂ ਕਰਿ ਬਾਸਾ। ਸੋ ਚਲਿ ਕਰਿ ਆਏ ਗੁਰ ਪਾਸਾ॥ ੩੯॥

ਫਿਰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕੀਤਾ ਸੀ, ਉਸ ਦੀ ਵੰਸ਼ ਬਹੁਤ ਵਧਿਆ ਹੈ। ਚੱਕ ਨਾਮੀ ਪਿੰਡ ਵਿਚ ਉਨ੍ਹਾਂ ਦਾ ਵਾਸਾ ਹੈ। ਉਹ ਚਲ ਕੇ ਗੁਰੂ ਜੀ ਦੇ ਪਾਸ ਆਏ॥ ੩੯॥

ਖੰਡੇ ਕੀ ਪਾਹੁਲ ਤਿਨ ਲੀਨੀ। ਖੁਸ਼ੀ ਗੁਰੂ ਕੀ ਜਿਸ ਬਿਧਿ ਚੀਨੀ।
ਰਾਮ ਸਿੰਘ ਇਕ ਨਾਮ ਧਰਾਯੋ। ਦੂਸਰ ਫਤੇ ਸਿੰਘ ਮਨ ਭਾਯੋ॥ ੪੦॥

ਖੰਡੇ ਦੀ ਪਾਹੁਲ ਉਨ੍ਹਾਂ ਨੇ ਲਈ, ਜਿਸ ਵੀ ਵਿਧੀ ਨਾਲ ਗੁਰੂ ਜੀ ਦੀ ਖੁਸ਼ੀ ਜਾਣੀ। ਇਕ ਨੇ ਆਪਣਾ ਰਾਮ ਸਿੰਘ ਨਾਮ ਧਰਵਾਇਆ। ਦੂਸਰੇ ਨੂੰ ਫਤਹਿ ਸਿੰਘ ਨਾਮ ਮਨ ਨੂੰ ਚੰਗਾ ਲੱਗਾ॥ ੪੦॥

ਇਕ ਮਾਤਾ ਤੇ ਦੋਨਹੁਂ ਭਾਈ। ਦੋ ਬਿਮਾਤ ਤੇ ਦੋਊਂ ਬਤਾਈ।
ਬਖਤੂ ਸਿੰਘ ਅਰੁ ਤਖਤੂ ਸਿੰਘ। ਸੁਤ ਜੀਵਣ ਚਾਰੋਂ ਜਨੁ ਸਿੰਘ॥ ੪੧॥

ਇਕ ਮਾਤਾ ਤੋਂ ਦੋਵੇਂ ਭਰਾ ਪੈਦਾ ਹੋਏ ਸਨ। ਇਕ ਮਤ੍ਰੇਈ ਮਾਂ ਤੋਂ ਦੱਸਦਾ ਹਾਂ ਕਿ ਦੋ ਹੋਰ ਪੁੱਤਰ ਸਨ। ਇਕ ਦਾ ਨਾਮ ਬਖਤੂ ਸਿੰਘ ਸੀ ਅਤੇ ਦੂਸਰੇ ਦਾ ਨਾਮ ਤਖਤੂ ਸਿੰਘ ਸੀ, ਇਹ ਚਾਰੇ ਸਿੰਘ ਜੀਵਣ ਦੇ ਪੁੱਤਰ ਜਾਣੋ॥ ੪੧॥

ਨਿਕਟ ਗ੍ਰਾਮ ਮਹਿਂ ਇਨਕੋ ਬਾਸਾ। ਆਵਤਿ ਜਾਤਿ ਰਹੈਂ ਗੁਰ ਪਾਸਾ।
ਕਿਤਿਕ ਮਾਸ ਸਤਿਗੁਰੂ ਬਿਤਾਏ। ਚਹੁਂਦਿਸ਼ਿ ਤੇ ਸਿਖ ਦਰਸ਼ਨ ਆਏ॥ ੪੨॥

ਨੇੜੇ ਦੇ ਪਿੰਡ ਵਿਚ ਇਨ੍ਹਾਂ ਦਾ ਵਾਸਾ ਸੀ ਤੇ ਇਹ ਗੁਰੂ ਜੀ ਪਾਸ ਆਉਂਦੇ ਜਾਂਦੇ ਸਨ। ਕਈ ਮਹੀਨੇ ਗੁਰੂ ਜੀ ਨੇ ਉਥੇ ਬਤੀਤ ਕੀਤੇ। ਚਾਰੇ ਪਾਸਿਆਂ ਤੋਂ ਸਿੱਖ ਦਰਸ਼ਨਾਂ ਵਾਸਤੇ ਆਉਂਦੇ ਸਨ॥ ੪੨॥

ਨਰ ਨਾਰਨਿ ਕੀ ਭੀਰ ਹਮੇਸ਼। ਹਿਤ ਦਰਸ਼ਨ ਕੇ ਮਿਲਹਿਂ ਵਿਸੇਸ਼।
ਨਾਨਾ ਬਿਧਿ ਕੀ ਆਨਿ ਅਕੋਰ। ਕਰਹਿਂ ਸਮਰਪਨ ਜੁਗ ਕਰਿ ਜੋਰਿ॥ ੪੩॥

ਇਸਤਰੀ ਪੁਰਸ਼ਾਂ ਦੀ ਸਦਾ ਭੀੜ ਲੱਗੀ ਰਹਿੰਦੀ ਸੀ, ਦਰਸ਼ਨਾਂ ਵਾਸਤੇ ਉਹ ਵਿਸ਼ੇਸ਼ ਤੌਰ 'ਤੇ ਮਿਲਦੇ ਸਨ। ਕਈ ਵਿਧੀਆਂ ਦੇ ਉਪਹਾਰ ਲਿਆਉਂਦੇ ਸਨ ਤੇ ਦੋਵੇਂ ਹੱਥ ਜੋੜ ਕੇ ਅਰਪਣ ਕਰਦੇ ਸਨ॥ ੪੩॥

*ਪਹਿਲੇ ਐਨ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

## ਅਧਿਆਇ ਬਾਈਵਾਂ

### *ਗੋਦੜੀਆ ਸਿੰਘ, ਭਾਗੋ, ਡੱਲਾ ਤੇ ਵਜ਼ੀਰ ਖਾਂ ਦਾ ਪਰਵਾਨਾ*

ਦੋਹਰਾ- ਇਕ ਦਿਨ ਸ਼੍ਰੀ ਮੁਖ ਤੇ ਕਹ੍ਯੋ 'ਰਾਮ ਸਿੰਘ ਤਵ ਗ੍ਰਾਮ।
ਉਤਰੈਂ ਇਕ ਦ੍ਵੈ ਨਿਸਾ ਤਹਿਂ ਦੇਖਹਿਂ ਕਸ ਅਭਿਰਾਮ'॥ ੧॥

ਇਕ ਦਿਨ ਸਤਿਗੁਰੂ ਜੀ ਨੇ ਕਿਹਾ, ''ਰਾਮ ਸਿੰਘ ਤੇਰੇ ਪਿੰਡ ਇਕ ਦੋ ਰਾਤਾਂ ਉਤਾਰਾ ਕਰਾਂਗਾ ਤੇ ਵੇਖਾਂਗੇ ਕਿ ਤੇਰਾ ਪਿੰਡ ਕਿਹੋ ਜਿਹਾ ਸੋਹਣਾ ਹੈ''॥ ੧॥

ਚੌਪਈ- ਸੁਨਿ ਬੋਲ੍ਯੋ ਕਰਿ ਜੋਰਿ ਸੁ ਤਬੈ। 'ਸਿਕਤਾ ਘਨੋ ਦੇਸ਼ ਇਤਿ ਸਬੈ।
ਤੀਖਣ ਤੇਜ ਤਪਨ ਕੋ ਪਾਇ। ਜਹਿਂ ਕਹਿਂ ਤੇ ਦੀਰਘ ਤਪਤਾਇ॥੨॥

ਰਾਮ ਸਿੰਘ ਇਹ ਸੁਣ ਕੇ ਹੱਥ ਜੋੜ ਕੇ ਬੋਲਿਆ, ''ਏਧਰ ਕਣੀਦਾਰ ਰੇਤਾ ਸਾਰੇ ਦੇਸ਼ ਵਿਚ ਬਹੁਤ ਹੈ। ਇਹ ਤਿੱਖੀ ਤੇਜ ਤਪ ਜਾਂਦੀ ਹੈ, ਜਿੱਥੇ ਕਿੱਥੇ ਬਹੁਤ ਤਪ ਜਾਂਦੀ ਹੈ॥ ੨॥

ਬਹੁਰ ਸਮੀਰ ਅਧੀਰਜ ਵਾਰੀ। ਕਰਹਿ ਉਡਾਵਨ ਗਗਨ ਮਝਾਰੀ।
ਬਹੈ ਬੇਗ ਤੇ ਬਹੁ ਦੁਖਦਾਈ। ਐਸੇ ਦੇਸ਼ ਗ੍ਰਾਮ ਇਸ ਥਾਈ'॥ ੩॥

ਫਿਰ ਬਹੁਤ ਤੇਜ਼ ਹਨੇਰੀ ਚਲਦੀ ਹੈ, ਜਿਹੜੀ ਕਿ ਅਕਾਸ਼ ਵਿਚ ਉਡਾ ਕੇ ਲੈ ਜਾਂਦੀ ਹੈ। ਜਦ ਵੱਡੇ ਵੇਗ ਨਾਲ ਚਲਦੀ ਹੈ ਤਾਂ ਬਹੁਤ ਦੁਖਦਾਇਕ ਹੁੰਦੀ ਹੈ। ਇਸ ਥਾਂ ਤਾਂ ਇਹੋ ਜੇਹਾ ਦੇਸ਼ ਅਤੇ ਪਿੰਡ ਹਨ''॥ ੩॥

ਸ਼੍ਰੀ ਪ੍ਰਭੁ ਕਹ੍ਯੋ 'ਕਰੀਜਹਿ ਤਯਾਰੀ। ਚਲਹਿਂ ਬਿਲੋਕਹਿਂਗੇ ਇਕ ਬਾਰੀ'।
ਸੁਨਿ ਕੈ ਹੁਕਮ ਰਾਮ ਸਿੰਘ ਗਯੋ। ਗ੍ਰਾਮ ਬਿਖੈ ਸਭਿ ਸੌਂ ਕਹਿ ਦਯੋ॥ ੪॥

ਸਤਿਗੁਰੂ ਜੀ ਨੇ ਕਿਹਾ, ''ਤਿਆਰੀ ਕਰੋ, ਇਕ ਵਾਰ ਚਲ ਕੇ ਵੇਖਾਂਗੇ।'' ਹੁਕਮ ਸੁਣ ਕੇ ਰਾਮ ਸਿੰਘ ਗਿਆ ਤੇ ਪਿੰਡ ਵਿਚ ਸਭ ਨੂੰ ਕਹਿ ਆਇਆ॥ ੪॥

ਗ੍ਰੀਖਮ ਰਿਤੁ ਮਹਿਂ ਸਰਦ ਸਥਾਨਾ। ਲਗ੍ਯੋ ਬਨਾਵਨ ਜਾਨਿ ਮਹਾਨਾ।
ਕਰਿ ਝਾਰਨ ਚਹੂੰ ਓਰਨ ਓਟਾ। ਰਾਖ੍ਯੋ ਬੈਠਨ ਹਿਤ ਥਲ ਛੋਟਾ॥ ੫॥

ਗਰਮੀ ਦੀ ਰੁੱਤ ਵਿਚ ਮਹਾਨ ਸਰਦ ਸਥਾਨ ਬਣਾਉਣ ਲੱਗੇ। ਝਾੜੀਆਂ ਦੀ ਚਾਰੇ ਪਾਸੇ ਓਟ ਬਣਾਈ ਤੇ ਬੈਠਣ ਵਾਸਤੇ ਛੋਟਾ ਜਿਹਾ ਸਥਾਨ ਰੱਖ ਲਿਆ॥ ੫॥

ਸਿਕਤਾ ਮੋਟਾ ਬੀਚ ਬਿਛਾਵਾ। ਬਾਰ ਬਾਰ ਜਲ ਤੇ ਛਿਰਕਾਵਾ।
ਕੋਰੇ ਕੁੰਭ ਨੀਰ ਭਰਿ ਕਰਿਕੇ। ਬਹੁ ਸੀਤਲ ਦੀਨੇ ਵਿਚ ਧਰਿਕੇ॥ ੬॥

ਮੋਟੀ ਦਾਣੇਦਾਰ ਰੇਤ ਉਸ ਦੇ ਵਿਚ ਵਿਛਾਈ ਤੇ ਬਾਰ-ਬਾਰ ਉੱਪਰ ਜਲ ਦਾ ਛਿੜਕਾਵ ਕੀਤਾ। ਕੋਰੇ ਘੜਿਆਂ ਵਿਚ ਪਾਣੀ ਭਰ ਕੇ, ਠੰਡੇ ਜਲ ਨੂੰ ਵਿਚ ਧਰ ਦਿੱਤਾ॥ ੬॥

ਇੱਤਜਾਦਿਕ ਸਭਿ ਕਰਿਕੈ ਤਜਾਰੀ। ਨੀਕੇ ਸਤਿਗੁਰ ਹੇਤੁ ਸੁਧਾਰੀ।
ਇਕ ਸਿਖ ਗੋਦੜੀਆ ਜਿਸ ਨਾਮੂ। ਜਿਸਕੇ ਚਰਿਤ ਮਹਾਂ ਅਭਿਰਾਮੂ॥ ੭॥

ਇਸ ਪ੍ਰਕਾਰ ਸਾਰੀ ਤਿਆਰੀ ਕਰਕੇ ਸਤਿਗੁਰੂ ਜੀ ਵਾਸਤੇ ਸੁਧਾਰ ਕੇ ਇਹ ਸੁੰਦਰ ਸਥਾਨ ਤਿਆਰ ਕੀਤਾ। ਇਕ ਸਿੱਖ ਜਿਸ ਦਾ ਨਾਮ ਗੋਦੜੀਆ ਸੀ ਤੇ ਜਿਸਦੇ ਚਰਿਤਰ ਬੜੇ ਮਨੋਹਰ ਸਨ॥ ੭॥

ਅਲਪ ਬੈਸ ਮਹਿਂ ਆਵਤਿ ਭਯੋ। ਭਗਤੂ ਪੁੱਤ੍ਰਨਿ ਢਿਗ ਰਹਿ ਗਯੋ।
ਗੋਰੇ ਕਹਿ ਕਰਿ ਕਾਰ ਲਗਾਯੋ। ਕੂਪ ਨੀਰ ਕੋ ਚਰਸ ਵਹਾਯੋ॥ ੮॥

ਉਹ ਛੋਟੀ ਉਮਰ ਵਿਚ ਹੀ ਆਇਆ ਸੀ ਤੇ ਭਗਤੂ ਦੇ ਪੁੱਤਰਾਂ ਪਾਸ ਰਹਿ ਪਿਆ ਸੀ। ਗੋਰੇ ਨੇ ਕਹਿ ਕੇ ਉਸ ਨੂੰ ਕੰਮ ਤੇ ਲਾਇਆ ਤੇ ਉਹ ਪਾਣੀ ਦੇ ਖੂਹ ਉੱਪਰ ਚਰਸਾ ਬਹਾਉਣ ਲੱਗਾ॥ ੮॥

ਅਪਰ ਸੇਵ ਜੋ ਕਹੈ ਕਮਾਵੈ। ਕਰਹਿ ਸੰਝ ਲਗਿ ਜਹਾਂ ਲਗਾਵੈ।
ਇਕ ਦਿਨ ਘਾਸ ਬਾਢਿਬੇ ਲਾਯੋ। ਦਹਿਸਿਰ ਤੋਲ ਬਾਜਰਾ ਲਜਾਯੋ॥ ੯॥

ਹੋਰ ਸੇਵਾ ਜੋ ਕਹਿੰਦਾ ਸੀ ਕਮਾਉਂਦਾ ਸੀ ਤੇ ਜਿੱਥੇ ਵੀ ਕੰਮ ਤੇ ਲਵਾ ਦਿੰਦਾ ਸੀ ਸ਼ਾਮ ਤਕ ਕੰਮ ਕਰਦਾ ਸੀ। ਇਕ ਦਿਨ ਉਸ ਨੂੰ ਘਾਹ ਕੱਟਣ ਵਾਸਤੇ ਲਾਇਆ। ਘਰੋਂ ਦਸ ਸੇਰ ਬਾਜਰਾ ਤੋਲ ਕੇ ਲਿਆਇਆ॥ ੯॥

ਚਰਬਤ ਸੇਰ ਏਕ ਦਿਨ ਮਾਂਹੀ। ਘਾਸ ਬਢਹਿ ਨਿਤ ਮਿਟਹਿ ਸੁ ਨਾਂਹੀ।
ਦਸ ਦਜੋਸਨ ਲਗਿ ਢੇਰ ਲਗਾਏ। ਨਹਿਂ ਆਵਤਿ ਭਾ ਬਿਨਾ ਬੁਲਾਏ॥੧੦॥

ਉਹ ਇਕ ਦਿਨ ਵਿਚ ਇਕ ਸੇਰ ਬਾਜਰਾ ਚੱਬ ਜਾਂਦਾ ਸੀ, ਨਿਤ ਘਾਹ ਕੱਟਦਾ ਤੇ ਹਟਦਾ ਨਹੀਂ ਸੀ। ਦਸਾਂ ਦਿਨਾਂ ਵਿਚ ਢੇਰ ਲਾ ਦਿੰਦਾ ਸੀ ਤੇ ਕਦੀ ਵੀ ਬਿਨਾਂ ਬੁਲਾਏ ਨਹੀਂ ਆਉਂਦਾ ਸੀ॥ ੧੦॥

ਨਿਕਟ ਤਾਲ ਜਲ ਪੀਵਨ ਕਰੈ। ਰਿਦੇ ਸਦਾ ਸਿਮਰਨ ਹਰਿ ਧਰੈ।
ਜਾਇ ਬਿਲੋਕਜੋ ਹਰਖਤਿ ਭਏ। ਲਾਦੇ ਸਕਟ ਆਨਿਬੋ ਕਏ॥ ੧੧॥

ਨੇੜੇ ਹੀ ਇਕ ਸਰੋਵਰ ਸੀ ਜਿਥੋਂ ਪਾਣੀ ਪੀ ਲੈਂਦਾ ਸੀ, ਹਿਰਦੇ ਵਿਚ ਹਰੀ ਦਾ ਸਿਮਰਨ ਕਰਦਾ ਸੀ। ਜਾ ਕੇ ਉਸਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਫਿਰ ਘਾਹ ਦਾ ਗੱਡਾ ਲੱਦ ਕੇ ਲੈ ਆਏ॥ ੧੧॥

ਪੁਨਹਿ ਲਜਾਇ ਘਰ ਪੀਸਨ ਲਾਯੋ। ਪੀਸਤ ਰਹੈ ਨ ਮਨ ਡੋਲਾਯੋ।
ਜਪੁਜੀ ਬਾਰ ਇਕੀਸ ਉਚਾਰੈ। ਕਰ ਪਗ ਸੋਂ ਨਿਤ ਕਾਰ ਸੰਭਾਰੈ॥ ੧੨॥

ਫਿਰ ਘਰ ਵਿਚ ਲਿਆ ਕੇ ਚੱਕੀ ਪੀਸਣ ਲਾ ਦਿੱਤਾ। ਪੀਸਦਾ ਰਹਿੰਦਾ ਸੀ, ਮਨ ਨਹੀਂ ਸੀ ਡੋਲਾਉਂਦਾ। ਜਪੁਜੀ ਸਾਹਿਬ ਦੇ ਪਾਠ ਇੱਕੀ ਵਾਰ ਕਰਦਾ ਸੀ। ਹੱਥਾਂ ਪੈਰਾਂ ਨਾਲ ਨਿਤ ਕਾਰ ਸੰਭਾਲਦਾ ਸੀ॥ ੧੨॥

ਪੁਨ ਦਾਸੀ ਤਿਸ ਕੇ ਸੰਗ ਲਾਈ। ਪੀਸਹਿ ਆਪ ਸੁ ਬਰਜਿ ਹਟਾਈ।
ਭਗਤੂ ਸੁਤ ਜੀਵਣ ਇਕ ਬਾਰੀ। ਕਿਸ ਗਾਹਕ ਕੋ ਝਿਰਕਤਿ ਭਾਰੀ॥ ੧੩॥

ਫਿਰ ਉਸ ਦੇ ਨਾਲ ਇਕ ਦਾਸੀ ਲਾਈ, ਪਰ ਦਾਸੀ ਨੂੰ ਨਾ ਪੀਹਣ ਦਿੱਤਾ, ਆਪ ਹੀ ਪੀਸਦਾ ਸੀ। ਭਗਤੂ ਦਾ ਪੁੱਤਰ ਜੀਵਣ ਇਕ ਵਾਰ ਕਿਸੇ ਕਿਸਾਨ ਨੂੰ ਬਹੁਤ ਝਿੜਕ ਰਿਹਾ ਸੀ॥ ੧੩॥

ਗੋਦੜੀਆ ਕਰਿ ਕ੍ਰਿਪਾ ਨਿਵਾਰੈ। 'ਕਜੋਂ ਨਾਹਕ ਇਸ ਕੋ ਬਹੁ ਮਾਰੈਂ'।
ਸੁਨਿ ਜੀਵਣ ਬੋਲਜੋ ਰਿਸ ਹੋਈ। 'ਰਾਜ ਸਾਜ ਕੀ ਸੁਧ ਕਜਾ ਤੋਹੀ' ॥ ੧੪॥

ਗੋਦੜੀਆ ਕਿਰਪਾ ਕਰਕੇ ਹਟਾਉਂਦਾ ਸੀ, "ਕਿਉਂ ਫਜ਼ੂਲ ਵਿਚ ਇਸ ਨੂੰ ਬਹੁਤ ਮਾਰ ਰਿਹਾ ਹੈਂ।" ਇਹ ਸੁਣ ਕੇ ਜੀਵਣ ਗੁੱਸੇ ਵਿਚ ਆ ਕੇ ਬੋਲਿਆ, "ਤੈਨੂੰ ਰਾਜ ਸਾਜ ਦੀ ਕੀ ਸੋਝੀ ਹੈ" ॥ ੧੪॥

ਉਠਿ ਕਰਿ ਡਾਢੀ ਲਾਤ ਪ੍ਰਹਾਰੀ। 'ਕਜੋਂ ਨਹਿਂ ਪੀਸਨ ਕੀ ਕਰਿ ਕਾਰੀ'।
ਕਹਿ ਗੋਦੜੀਆ 'ਕ੍ਰਿਪਾ ਨ ਧਾਰੇ। ਰਿਦੇ ਰਾਜ ਅਹੰਕਾਰ ਅਫਾਰੇ' ॥ ੧੫॥

ਉੱਠ ਕੇ ਬੜੇ ਜ਼ੋਰ ਨਾਲ ਲੱਤ ਮਾਰੀ, "ਆਟਾ ਪੀਹਣ ਦਾ ਕੰਮ ਕਿਉਂ ਨਹੀਂ ਕਰਦਾ ਹੈਂ।" ਗੋਦੜੀਏ ਨੇ ਕਿਹਾ, "ਕਿਰਪਾ ਨਹੀਂ ਧਾਰਦਾ ਹੈਂ, ਹਿਰਦੇ ਵਿਚ ਰਾਜ ਦੇ ਹੰਕਾਰ ਦਾ ਅਫਰੇਵਾਂ ਹੈ" ॥ ੧੫॥

ਇਮ ਕਹਿ ਲਗਜੋ ਕਾਰ ਕੋ ਆਈ। ਅਫਰਜੋ ਜੀਵਣ ਬਹੁ ਦੁਖ ਪਾਈ।
ਜਬਿ ਉਪਚਾਰ ਕਰਨ ਕੋ ਆਏ। 'ਸ੍ਰਾਪ ਦਾਸ ਦੀਨਸਿ' ਬਤਲਾਏ॥ ੧੬॥

ਇਸ ਪ੍ਰਕਾਰ ਕਹਿ ਕੇ ਆ ਕੇ ਆਪਣਾ ਕੰਮ ਕਰਨ ਲੱਗ ਗਿਆ। ਜਦ ਜੀਵਣ ਨੂੰ ਅਫਰੇਵਾਂ ਹੋ ਗਿਆ ਤਾਂ ਉਸ ਬਹੁਤ ਦੁਖ ਪਾਇਆ। ਜਦ ਇਲਾਜ ਕਰਵਾਉਣ ਵਾਸਤੇ ਆਇਆ ਤਾਂ ਉਸ ਦੇ ਸੇਵਕ ਨੇ ਸਰਾਪ ਬਾਰੇ ਦੱਸ ਦਿੱਤਾ॥ ੧੬॥

'ਹਮ ਤੇ ਭੀ ਵਧ ਸੇਵਕ ਹੋਯੋ। ਜਿਸ ਕੇ ਬਾਕਨ ਤੇ ਸੁਖ ਖੋਯੋ'।
ਬਿਨੈ ਬਖਾਨਤਿ ਗੋਰਾ ਲਯਾਯੋ। ਜੀਵਣ ਕੇ ਜਬਿ ਹਾਥ ਛੁਹਾਯੋ॥ ੧੭॥

"ਸਾਡੇ ਨਾਲੋਂ ਵੀ ਵੱਡਾ ਸੇਵਕ ਹੋ ਗਿਆ ਹੈ, ਜਿਸ ਦੇ ਬਚਨਾਂ ਕਰਕੇ ਸੁਖ ਗਵਾਇਆ ਹੈ।" ਬੇਨਤੀ ਕਰਨ ਵਾਸਤੇ ਫਿਰ ਗੋਰਾ ਲਿਆਇਆ। ਗੋਦੜੀਏ ਨੇ ਜਦ ਜੀਵਣ ਨੂੰ ਹੱਥ ਲਾਇਆ॥ ੧੭॥

ਗਯੋ ਅਫਾਰਾ ਸੁਖ ਕੋ ਪਾਏ। ਮਿਲਿ ਸਗਰੇ ਤਿਸਕੇ ਪ੍ਰਤਿ ਗਾਏ।
'ਹਮਰੀ ਸੇਵਾ ਕਰਿ ਤੈਂ ਪਾਈ। ਵਧਯੋ ਅਧਿਕ ਪੁਨ ਭਾ ਦੁਖਦਾਈ॥ ੧੮॥

ਤਾਂ ਉਸੇ ਵੇਲੇ ਅਫਾਰਾ ਚਲੇ ਗਿਆ ਤੇ ਸੁੱਖ ਪ੍ਰਾਪਤ ਕੀਤਾ। ਸਾਰਿਆਂ ਨੇ ਮਿਲ ਕੇ ਉਸਦੀ ਉਸਤਤਿ ਕੀਤੀ। "ਸਾਡੀ ਸੇਵਾ ਕਰਕੇ ਤੂੰ ਇਹ ਕਰਾਮਾਤ ਪਾਈ ਹੈ, ਬਹੁਤ ਵਧ ਕੇ ਹੁਣ ਦੁਖਦਾਈ ਹੋ ਗਿਆ ਹੈ॥ ੧੮॥

ਜਹਿਂ ਇੱਛਾ ਬਿਚਰਹੁ ਤਹਿਂ ਆਪ। ਸ਼ਕਤਿ ਨ ਰਾਖਨ ਕੀ, ਕਹਿਂ ਸ੍ਰਾਪ'।
ਸੁਨਿ ਸ੍ਵੈਛਾ ਹੀ ਗਮਨ ਕਰੰਤਾ। ਹਿਤ ਸੇਵਾ ਜੋ ਕਿਤ ਉਚਰੰਤਾ॥ ੧੯॥

ਜਿੱਥੇ ਤੇਰੀ ਇੱਛਾ ਹੈ ਹੁਣ ਉਥੇ ਵਿਚਰੋ। ਸਾਡੇ ਵਿਚ ਹੁਣ ਤੈਨੂੰ ਰੱਖਣ ਦੀ ਸ਼ਕਤੀ ਨਹੀਂ ਹੈ, ਕਿਉਂਕਿ ਜੇ ਤੂੰ ਸਰਾਪ ਕਹਿ ਦਿੰਦਾ ਹੈਂ ਤਾਂ ਅਸੀਂ ਦੁਖ ਪਾਉਂਦੇ ਹਾਂ।" ਇਹ ਸੁਣ ਕੇ ਆਪਣੀ ਇੱਛਾ ਅਨੁਸਾਰ ਹੀ ਤੁਰਦਾ ਫਿਰਦਾ ਸੀ। ਸੇਵਾ ਲਈ ਜੇ ਕੋਈ ਕਿਧਰੇ ਕਹਿੰਦਾ ਸੀ॥ ੧੯॥

ਭੋਜਨ ਖਾਇ ਕਰਤਿ ਰਹਿ ਕਾਰਾ। ਸੱਤਿਨਾਮ ਨਿਸ ਦਿਨ ਉਰ ਧਾਰਾ।
ਅਪਰ ਜਹਾਂ ਕਹਿਂ ਬਾਕ ਉਚਾਰਾ। ਤਾਤਕਾਲ ਸਫਲਜੋ ਬਹੁ ਬਾਰਾ॥੨੦॥

ਭੋਜਨ ਖਾ ਕੇ ਕਾਰ ਕਰਦਾ ਰਹਿੰਦਾ ਹੈ। ਸਤਿਨਾਮ ਰਾਤ ਦਿਨ ਹਿਰਦੇ ਵਿਚ ਧਾਰ ਕੇ ਰੱਖਦਾ ਹੈ। ਹੋਰ ਜਿੱਥੇ ਕਿੱਥੇ ਬਚਨ ਉਚਾਰਨ ਕਰਦਾ ਸੀ, ਤੁਰਤ ਉਸ ਦਾ ਕਿਹਾ ਹੋਇਆ ਬਚਨ ਪੂਰਾ ਹੁੰਦਾ ਸੀ॥ ੨੦॥

ਨਿਜ ਘਰ ਬਸਜੋ ਪ੍ਰਥਮ ਹੀ ਬਜਾਹਾ। ਤ੍ਰੈ ਸੁਤ ਜਨਮੇ ਨਿਜ ਘਰ ਮਾਂਹਾਂ।
ਇਕ ਦਿਨ ਗਯੋ ਗ੍ਰਾਮ ਕਿਸ ਔਰ। ਇਕ ਰਾਹਕ ਖੇਤਨ ਕੋ ਠੌਰ॥੨੧॥

ਫਿਰ ਆਪਣੇ ਘਰ ਵਿਚ ਰਹਿਣ ਲੱਗਾ, ਪਹਿਲਾਂ ਹੀ ਵਿਆਹਿਆ ਹੋਇਆ ਸੀ। ਉਸ ਦੇ ਘਰ ਵਿਚ ਤਿੰਨਾਂ ਪੁੱਤਰ ਪੈਦਾ ਹੋਏ। ਇਕ ਦਿਨ ਕਿਸੇ ਹੋਰ ਪਿੰਡ ਗਿਆ। ਇਕ ਕਿਸਾਨ ਨੇ ਖੇਤਾਂ ਦੇ ਵਿਚ॥ ੨੧॥

ਕ੍ਰਿਖਿ ਬਾਢਣ ਕੋ ਦਯੋ ਲਗਾਈ। ਸਭਿ ਬਾਸੁਰ ਲੈ ਕਾਰ ਕਮਾਈ।
ਖਾਨ ਪਾਨ ਕੀ ਖਬਰ ਨ ਲੀਨੀ। ਸੰਧਜਾ ਪਰੀ ਜਾਟ ਮਨ ਚੀਨੀ॥੨੨॥

ਖੇਤੀ ਵੱਢਣ ਲਾ ਦਿੱਤਾ। ਸਾਰਾ ਦਿਨ ਉਸ ਨੇ ਕਾਰ ਕਮਾਈ। ਕਿਸਾਨ ਨੇ ਰੋਟੀ ਪਾਣੀ ਦੇਣ ਬਾਰੇ ਉਸ ਦੀ ਖ਼ਬਰ ਨਾ ਲਈ। ਸ਼ਾਮ ਹੋਈ ਤਾਂ ਜੱਟ ਨੇ ਮਨ ਵਿਚ ਜਾਣਿਆ॥ ੨੨॥

ਕਹਜੋ 'ਚਲਹੁ ਅਬਿ ਖਿਚਰੀ ਦੈ ਹੈਂ। ਭਲੀ ਭਾਂਤਿ ਤੇ ਕਹੁ ਤ੍ਰਿਪਤੈ ਹੈਂ'।
ਗੋਦੜੀਆ ਬੋਲਜੋ ਰਿਸ ਹੋਹੀ। 'ਬਾਢਣ ਦੇਹੁ ਭਲੀ ਬਿਧਿ ਮੋਹੀ'॥੨੩॥

ਫਿਰ ਕਿਹਾ, "ਚਲੋ ਹੁਣ ਖਿਚੜੀ ਦਿੰਦੇ ਹਾਂ, ਭਲੀ ਪ੍ਰਕਾਰ ਤੈਨੂੰ ਤ੍ਰਿਪਤ ਕਰਦੇ ਹਾਂ।" ਗੋਦੜੀਆ ਗੁੱਸੇ ਵਿਚ ਆ ਕੇ ਬੋਲਿਆ, "ਮੈਨੂੰ ਭਲੀ ਪ੍ਰਕਾਰ ਖੇਤੀ ਵੱਢਣ ਦੇਵੋ"॥ ੨੩॥

ਤਬਿ ਤੇ ਭਯੋ ਜਾਟ ਦੁਖਿਆਰਾ। ਹਾਇ ਹਾਇ ਕਰਿ ਊਚ ਪੁਕਾਰਾ।
ਲੋਕਨ ਕਹਜੋ 'ਮਹਾਂ ਅਜ਼ਮਤੀ। ਤਿਸ ਤੇ ਕਾਰ ਕਰਾਵਤਿ ਅਤੀ॥੨੪॥

ਤਦ ਤੋਂ ਜੱਟ ਬੜਾ ਦੁਖੀ ਹੋ ਗਿਆ। ਹਾਏ-ਹਾਏ ਕਰਕੇ ਉੱਚੀ-ਉੱਚੀ ਚੀਕਣ ਲੱਗਾ। ਲੋਕਾਂ ਨੇ ਉਸ ਨੂੰ ਕਿਹਾ, "ਇਹ ਵੱਡਾ ਕਰਾਮਾਤੀ ਹੈ, ਤੂੰ ਇਸ ਪਾਸੋਂ ਬਹੁਤ ਕੰਮ ਕਰਵਾਇਆ ਹੈ॥ ੨੪॥

ਅਜਹੁਂ ਭਿ ਤਿਸ ਕੋ ਦਧੀ ਖੁਲਾਵਹੁ। ਹਾਥ ਜੋਰਿ ਬਿਨਤੀ ਬਖਸ਼ਾਵਹੁ'।
ਜਾਟ ਮਾਤ ਦਧਿ ਮਿਰਚਾਂ ਪਾਇ। ਧਰਿ ਆਗੇ ਸਭਿ ਦਈ ਖੁਵਾਇ॥੨੫॥

ਹਾਲੇ ਵੀ ਉਸ ਨੂੰ ਦਹੀਂ ਖਵਾਵੇ ਤੇ ਹੱਥ ਜੋੜ ਕੇ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾਵੇ।" ਜੱਟ ਦੀ ਮਾਂ ਨੇ ਦਹੀਂ ਵਿਚ ਮਿਰਚਾਂ ਪਾ ਕੇ ਉਸ ਦੇ ਅੱਗੇ ਧਰ ਕੇ ਖਵਾ ਦਿੱਤੀਆਂ॥ ੨੫॥

ਬਹੁ ਚਰਪਰੀ ਖਾਇ ਕਰਿ ਗਾਈ। 'ਸਰਪ ਖਾਇ ਤਤਛਿਨ ਤੁਝ ਮਾਈ'।
ਰਾਤਿ ਬਿਖੈ ਦੋਨਹੁਂ ਮਰਿ ਗਏ। ਪ੍ਰਾਤ ਉਠਜੋ ਕਿਤਹੂੰ ਗਮਨਏ॥੨੬॥

ਬਹੁਤ ਮਿਰਚਾਂ ਵਾਲਾ ਦਹੀਂ ਖਾ ਕੇ ਫਿਰ ਉਸ ਕਿਹਾ, "ਹੇ ਮਾਈ! ਤੈਨੂੰ ਤੁਰਤ ਸੱਪ ਖਾ ਜਾਵੇ।" ਰਾਤ ਨੂੰ ਮਾਂ ਪੁੱਤ ਦੋਵੇਂ ਮਰ ਗਏ। ਸਵੇਰੇ ਸਵੱਖਤੇ ਉੱਠ ਕੇ ਕਿਤੇ ਚਲੇ ਗਿਆ॥ ੨੬॥

ਕੇਤਿਕ ਦਜੋਸਨਿ ਫਿਰਿ ਬਹੁ ਥਾਇਂ। ਘਰ ਪਹੁੰਚਜੋ ਪੁਨ ਸਹਜ ਸੁਭਾਇ।
ਜੋ ਕਹਿ ਦੇਤਿ ਸੁ ਕਾਰ ਕਮਾਵੈ। ਜੁਪਜੀ ਪਢੈ ਗੁਰੂ ਗੁਰ ਧਜਾਵੈ॥੨੭॥

ਕਈ ਦਿਨ ਬਹੁਤ ਥਾਵਾਂ ਤੇ ਫਿਰ ਕੇ ਫਿਰ ਸਹਿਜ ਸੁਭਾਅ ਘਰ ਪਹੁੰਚ ਗਿਆ। ਜੋ ਕੁਝ ਕਹਿ ਦਿੰਦਾ ਸੀ, ਉਹ ਕਾਰ ਕਮਾਉਂਦਾ ਸੀ। ਜਪੁਜੀ ਪੜ੍ਹਦਾ ਸੀ ਤੇ ਗੁਰੂ ਧਿਆਉਂਦਾ ਸੀ॥ ੨੭॥

ਇਕ ਦਿਨ ਖੇਤ ਬਿਖੈ ਚਲਿ ਆਯੋ। ਸਰਸੋਂ ਹੁਤੀ ਉਖਾਰਨਿ ਲਾਯੋ।
ਮਿਲਯੋ ਸਾਧ ਬੂਝਯੋ 'ਕਯਾ ਕਰੈਂ ?। ਕਿਸ ਪਰਚੇ ਮਹਿਂ ਚਿਤ ਕਉ ਧਰੈਂ ॥੨੮॥

ਇਕ ਦਿਨ ਖੇਤਾਂ ਵਿਚ ਚਲ ਕੇ ਆਇਆ। ਖੇਤ ਵਿਚ ਸਰ੍ਹੋਂ ਸੀ, ਉਸ ਨੂੰ ਸਰ੍ਹੋਂ ਪੁੱਟਣ ਵਾਸਤੇ ਲਾ ਦਿੱਤਾ। ਇਕ ਸਾਧ ਮਿਲ ਕੇ ਪੁੱਛਣ ਲੱਗਾ, "ਕੀ ਕਰਦਾ ਹੈਂ, ਕਿਸ ਪਰਚੇ ਵਿਚ ਚਿੱਤ ਨੂੰ ਧਰਦਾ ਹੈਂ॥ ੨੮॥

ਬੋਲਯੋ 'ਜਰਾਂ ਉਖਾਰੋਂ ਆਛੇ। ਪੁਨ ਲਗਿਬੇ ਕਹੁ ਨਾਹਿਨ ਬਾਂਛੇ'।
ਉੱਤਰ ਦਯੋ ਸਾਧ ਕੋ ਜਬੈ। ਗਮਨ ਜਥੇਚਿਤ ਕੀਨਸਿ ਤਬੈ॥ ੨੯॥

ਗੋਦੜੀਆ ਬੋਲਿਆ, "ਚੰਗੀ ਤਰ੍ਹਾਂ ਜੜ੍ਹਾਂ ਪੁੱਟਦਾ ਹਾਂ ਫਿਰ ਦੁਬਾਰਾ ਲੱਗਣ ਦੀ ਇੱਛਾ ਨਹੀਂ ਰਹੇਗੀ।" ਜਦ ਸਾਧ ਨੂੰ ਐਸਾ ਉੱਤਰ ਦਿੱਤਾ ਤਾਂ ਆਪਣੀ ਇੱਛਾ ਅਨੁਸਾਰ ਫਿਰ ਘੁੰਮਣ ਫਿਰਨ ਚਲੇ ਗਿਆ॥ ੨੯॥

ਤ੍ਰੈ ਨੰਦਨ ਪੂਰਬ ਜਨਮਏ। ਪਾਇ ਬਚਨ ਤਬਿ ਸਭਿ ਮਰਿ ਗਏ।
ਹਰਖ ਨ ਸ਼ੋਕ ਲੇਸ਼ ਜਿਸ ਮਨ ਮੈਂ। ਹੇਮ ਧੂਲ ਇਕ ਸਮ ਘਰ ਬਨ ਮੈਂ॥ ੩੦॥

ਤਿੰਨ ਪੁੱਤਰ ਪਹਿਲਾਂ ਪੈਦਾ ਹੋਏ ਸਨ, ਬਚਨ ਪਾ ਕੇ ਫਿਰ ਸਾਰੇ ਮਰ ਗਏ। ਜਿਸ ਦੇ ਮਨ ਵਿਚ ਰਤਾ ਭਰ ਵੀ ਖੁਸ਼ੀ ਜਾਂ ਗ਼ਮੀਂ ਨਹੀਂ ਸੀ, ਜਿਸ ਦੇ ਵਾਸਤੇ ਸੋਨਾ ਤੇ ਮਿੱਟੀ ਘਰ ਅਤੇ ਜੰਗਲ ਵਿਚ ਇਕ ਸਮਾਨ ਸੀ॥ ੩੦॥

ਗੁਰ ਆਗਵਨ ਸੁਨਯੋ ਹਰਖਾਯੋ। ਸਹਿਜ ਸੁਭਾਇਕ ਬਿਚਰਤਿ ਆਯੋ।
ਦਰਸ਼ਨ ਕਰਤਿ ਬਿਲੰਦ ਅਨੰਦਯੋ। ਪਦ ਅਰਬਿੰਦ ਪੁਨਹਿ ਪੁਨ ਬੰਦਯੋ॥ ੩੧॥

ਜਦ ਉਸ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਬਹੁਤ ਖੁਸ਼ ਹੋਇਆ। ਸਹਿਜ ਸੁਭਾਅ ਫਿਰਦਾ ਤੁਰਦਾ ਆ ਗਿਆ। ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। ਚਰਨ ਕੰਵਲਾਂ ਉੱਪਰ ਬਾਰ-ਬਾਰ ਬੰਦਨਾ ਕਰਦਾ ਸੀ॥ ੩੧॥

ਸਤਿਗੁਰ ਬੂਝਨ ਕਰਯੋ ਬ੍ਰਿਤੰਤ। ਲੋਕਨ ਕਹਯੋ 'ਬਡੋ ਇਹ ਸੰਤ'।
ਸਕਲ ਪ੍ਰਸੰਗ ਪ੍ਰਭੂ ਕੇ ਸੰਗ। ਕਰਯੋ ਬਤਾਵਨ ਜਿਮ ਚਿਤ ਰੰਗ॥ ੩੨॥

ਸਤਿਗੁਰੂ ਜੀ ਨੇ ਉਸ ਦਾ ਬ੍ਰਿਤਾਂਤ ਪੁੱਛਿਆ। ਲੋਕਾਂ ਕਿਹਾ, "ਇਹ ਬੜਾ ਵੱਡਾ ਸੰਤ ਹੈ।" ਸਾਰਾ ਪ੍ਰਸੰਗ ਸਤਿਗੁਰੂ ਜੀ ਨੂੰ ਸੁਣਾਇਆ, ਇਹ ਵੀ ਦੱਸਿਆ ਜਿਵੇਂ ਉਸ ਦੇ ਚਿੱਤ ਦੀ ਮੌਜ ਸੀ॥ ੩੨॥

ਰਹਤਿ ਭਯੋ ਸਿੰਘਨ ਦਲ ਮਾਂਹੀ। ਲੇਤਿ ਅਹਾਰ ਦੇਗ ਤੇ ਖਾਹੀ।
ਸੱਤਿਨਾਮ ਸਿਮਰਨ ਗੁਰ ਦਰਸ਼ਨ। ਕਰਤਿ ਨਿਤਾਪ੍ਰਤਿ ਦੋਸ਼ਨਿ ਧਰਖਨ॥ ੩੩॥

ਉਹ ਸਿੰਘਾਂ ਦੇ ਦਲ ਵਿਚ ਰਹਿ ਪਿਆ ਤੇ ਭੋਜਨ ਲੰਗਰ ਵਿਚੋਂ ਖਾ ਲੈਂਦਾ ਸੀ। ਸਤਿਨਾਮ ਦਾ ਸਿਮਰਨ ਕਰਦਾ ਸੀ ਤੇ ਨਿਤਾਪ੍ਰਤੀ ਦੋਸ਼ਾਂ ਦੇ ਨਾਸ਼ ਕਰਤਾ ਭਾਵ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥ ੩੩॥

ਸਭਾ ਬਿਖੈ ਸਤਿਗੁਰ ਇਕ ਬੇਰਾ। ਕਹਯੋ 'ਬਿਸ਼ੇਸ਼ ਦੇਸ਼ ਇਸ ਹੇਰਾ।
ਗੋਦੜੀਏ ਸਮ ਔਰ ਨ ਤਯਾਗੀ। ਗੂਢ ਪ੍ਰਮੇਸ਼ੁਰ ਸੌਂ ਲਿਵਲਾਗੀ॥ ੩੪॥

ਸਭਾ ਦੇ ਵਿਚ ਇਕ ਵਾਰ ਸਤਿਗੁਰੂ ਜੀ ਨੇ ਕਿਹਾ, "ਇਸ ਦੇਸ਼ ਨੂੰ ਬਹੁਤ ਵੇਖਿਆ ਹੈ। ਗੋਦੜੀਏ ਵਰਗਾ ਹੋਰ ਕੋਈ ਤਿਆਗੀ ਨਹੀਂ ਹੈ, ਇਸਦੀ ਪਰਮੇਸ਼ਰ ਨਾਲ ਗੂੜ੍ਹੀ ਲਿਵ ਲੱਗੀ ਹੈ॥ ੩੪॥

ਦੇਸ਼ ਪਵਿੱਤ੍ਰ ਕਰਨਿ ਸਮਰੱਥ। ਚਹੈ ਸੁ ਕਰੈ ਸਕਲ ਇਸ ਹੱਥ।
ਸ੍ਰੀ ਮੁਖ ਤੇ ਇਮ ਸੁਜਸੁ ਬਖਾਨਾ। ਸੰਤ ਮਹਾਨ ਸਭਿਨਿ ਹੂੰ ਜਾਨਾ॥ ੩੫॥

ਇਹ ਦੇਸ਼ ਨੂੰ ਪਵਿੱਤਰ ਕਰਨ ਦੇ ਸਮਰੱਥ ਹੈ, ਜੋ ਚਾਹੇ ਇਹ ਕਰ ਸਕਦਾ ਹੈ, ਸਭ ਕੁਝ ਇਸ ਦੇ ਹੱਥ ਵਿਚ ਹੈ।'' ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਐਸਾ ਸ੍ਰੇਸ਼ਟ ਜੱਸ ਕਿਹਾ ਤਾਂ ਸਾਰਿਆਂ ਨੇ ਉਸ ਨੂੰ ਮਹਾਨ ਸੰਤ ਜਾਣਿਆ॥ ੩੫॥

ਮਿਲੀ ਮੁਕਤਿਸਰ ਭਾਗੋ ਮਾਈ। ਵਧੀ ਪ੍ਰੀਤਿ ਗੁਰ ਮਹਿਂ ਅਧਿਕਾਈ।
ਰਹਿਬੇ ਲਗੀ ਦਿਗੰਬਰ ਸੋਈ। ਲਾਜ ਕਾਨ ਲੋਕਨ ਕੀ ਖੋਈ॥ ੩੬॥

ਮਾਈ ਭਾਗੋ ਮੁਕਤਸਰ ਵਿਚ ਸਤਿਗੁਰੂ ਜੀ ਨੂੰ ਮਿਲੀ ਸੀ, ਉਸ ਦੀ ਗੁਰੂ ਜੀ ਵਿਚ ਬਹੁਤ ਪ੍ਰੀਤ ਵੱਧ ਗਈ ਤੇ ਨੰਗੀ ਰਹਿਣ ਲੱਗੀ ਤੇ ਲੋਕਾਂ ਦੀ ਲਾਜ ਅਤੇ ਆਣ ਛੱਡ ਦਿੱਤੀ॥ ੩੬॥

ਕਥਾ ਬੇਦ ਮਹਿਂ ਜਿਸ ਕੀ ਅਹੈ। ਨਾਮ ਗਾਰਗੀ ਨਗਨ ਸੁ ਰਹੈ।
ਪਰਮਹੰਸਨੀ ਬਡ ਅਵਧੂਤਾ। ਤਿਮ ਭਾਗੋ ਗੁਰ ਢਿਗ ਅਵਧੂਤਾ॥ ੩੭॥

ਜਿਸ ਦੀ ਵੇਦਾਂ ਵਿਚ ਕਥਾ ਲਿਖੀ ਹੈ, ਗਾਰਗੀ ਨਾਮ ਦੀ ਇਕ ਔਰਤ ਨੰਗੀ ਰਹਿੰਦੀ ਸੀ। ਉਹ ਪਰਮਹੰਸਨੀ ਵੱਡੀ ਅਵਧੂਤ ਸੀ, ਉਸ ਪ੍ਰਕਾਰ ਮਾਈ ਭਾਗੋ ਗੁਰੂ ਜੀ ਪਾਸ ਅਵਧੂਤ ਸੀ॥ ੩੭॥

ਗਰਵੀ ਸਾਂਗ ਹਾਥ ਮਹਿਂ ਧਰੈ। ਸਦਾ ਅਨੰਦ ਏਕ ਰਸ ਥਿਰੈ।
ਕੇਤਿਕ ਮਾਸ ਨਗਨ ਜਬਿ ਰਹੀ। ਇਕ ਦਿਨ ਦੇਖਿ ਨਿਕਟ ਗੁਰ ਕਹੀ॥੩੮॥

ਉਹ ਗੜਵੀ ਅਤੇ ਬਰਛੀ ਹੱਥ ਵਿਚ ਧਾਰਨ ਕਰਦੀ ਸੀ ਤੇ ਸਦਾ ਇਕ ਰਸ ਅਨੰਦ ਵਿਚ ਰਹਿੰਦੀ ਸੀ। ਜਦ ਕਈ ਮਹੀਨਿਆਂ ਤਕ ਨੰਗੀ ਰਹੀ। ਇਕ ਦਿਨ ਪਾਸ ਦੇਖ ਕੇ ਗੁਰੂ ਜੀ ਨੇ ਕਿਹਾ॥ ੩੮॥

'ਸੁਨਿ ਮਾਈ ਭਾਗੋ ਸਚਿਆਰੀ। ਕੁਲ ਨੈਹਰਿ ਸਸੁਰਾਰਿ ਉਬਾਰੀ।
ਪਰਮਹੰਸ ਆਵਸਥਾ ਪਾਈ। ਤੁਝ ਕੋ ਦੋਸ਼ ਨ ਲਗੈ ਕਦਾਈ॥ ੩੯॥

ਹੇ ਸਚਿਆਰੀ ਮਾਈ ਭਾਗੋ! ਸੁਣੋ, ਆਪਣੀ ਕੁਲ ਨੂੰ ਨਾਸ਼ ਨਾ ਕਰੋ ਤੇ ਸੁਸਰਾਲ ਬਚਾ ਲਵੋ। ਤੂੰ ਹੁਣ ਪਰਮਹੰਸ ਅਵਸਥਾ ਪਾਈ ਹੈ। ਤੈਨੂੰ ਹੁਣ ਕਦੀ ਵੀ ਦੋਸ਼ ਨਹੀਂ ਲੱਗੇਗਾ॥ ੩੯॥

ਰਹਨਿ ਦਿਗੰਬਰ ਤੁਝ ਬਨਿ ਆਈ। ਇਕ ਰਸ ਬ੍ਰਿੱਤਿ ਭਈ ਲਿਵਲਾਈ।
ਤਨ ਹੰਤਾ ਸਭਿ ਰਿਦੇ ਬਿਨਾਸ਼ੀ। ਪਾਯੋ ਪਰਮ ਰੂਪ ਅਬਿਨਾਸ਼ੀ॥ ੪੦॥

ਨੰਗੇ ਰਹਿਣਾ ਤੈਨੂੰ ਬਣਦਾ ਹੈ। ਤੇਰੀ ਬ੍ਰਿਤੀ ਨੇ ਇਕ ਰਸ ਲਿਵ ਲਾਈ ਹੈ। ਸਰੀਰ ਦਾ ਹੰਕਾਰ ਤੇਰੇ ਹਿਰਦੇ ਵਿਚੋਂ ਖਤਮ ਹੋ ਗਿਆ ਹੈ। ਤੂੰ ਪਰਮ ਰੂਪ ਅਬਿਨਾਸ਼ੀ ਪਾ ਲਿਆ ਹੈ॥ ੪੦॥

ਤਊ ਸੰਗ ਤੂੰ ਰਹਤਿ ਹਮਾਰੇ। ਪਹਿਰਿ ਕਾਛ, ਲਘੁ ਸਿਰ ਦਸਤਾਰੇ।
ਊਪਰ ਚੀਰ ਚਾਦਰਾ ਲੀਜੈ। ਦੇਹ ਅਛਾਦਹੁ ਸਮਾ ਬਿਤੀਜੈ'॥ ੪੧॥

ਫਿਰ ਵੀ ਤੂੰ ਸਾਡੇ ਨਾਲ ਰਹਿੰਦੀ ਹੈਂ, ਤੂੰ ਕੱਛ ਪਹਿਣ ਅਤੇ ਸਿਰ ਤੇ ਛੋਟੀ ਦਸਤਾਰ ਸਜਾਵੇਂ। ਆਪਣੇ ਸਰੀਰ ਉੱਪਰ ਕੋਈ ਕੱਪੜਾ ਚਾਦਰ ਆਦਿ ਲਵੇ, ਆਪਣੇ ਸਰੀਰ ਨੂੰ ਢੱਕ ਕੇ ਸਮਾਂ ਬਤੀਤ ਕਰੋ''॥ ੪੧॥

ਸੁਨਿ ਗੁਰ ਹੁਕਮ ਮਾਨ ਤਿਨ ਲੀਨਾ। ਬਸਤ੍ਰ ਸ਼ਰੀਰ ਅਛਾਦਨ ਕੀਨਾ।
ਕਰ ਮਹਿਂ ਸਾਂਗ ਸਦਾ ਗਹਿ ਰਾਖੇ। ਰਹੈ ਸੰਗ ਗੁਰ ਕੇ ਅਭਿਲਾਖੇ॥ ੪੨॥

ਗੁਰੂ ਜੀ ਦਾ ਹੁਕਮ ਸੁਣ ਕੇ ਮਾਈ ਭਾਗੋ ਨੇ ਮੰਨ ਲਿਆ ਤੇ ਵਸਤਰਾਂ ਨਾਲ ਆਪਣੇ ਸਰੀਰ ਨੂੰ ਢੱਕ ਲਿਆ। ਹੱਥ ਵਿਚ ਸਦਾ ਬਰਛੀ ਫੜ ਕੇ ਰੱਖਦੀ ਸੀ ਤੇ ਸਦਾ ਗੁਰੂ ਜੀ ਦੇ ਨਾਲ ਰਹਿਣਾ ਚਾਹੁੰਦੀ ਸੀ॥ ੪੨॥

ਇਕ ਦਿਨ ਲਗਯੋ ਦਿਵਾਨ ਸੁਹਾਈ। ਬੈਠਯੋ ਡੱਲਾ ਨਿਕਟ ਗੁਸਾਈਂ।
ਸੂਬਾ ਜੋ ਸਿਰੰਦ ਮਹਿਂ ਰਹੈ। ਨਾਮ ਵਜ਼ੀਦ ਖਾਨ ਜਿਸ ਕਹੈਂ॥ ੪੩॥

ਇਕ ਦਿਨ ਦਿਵਾਨ ਲੱਗਾ ਸ਼ੋਭ ਰਿਹਾ ਸੀ। ਡੱਲਾ ਗੁਰੂ ਜੀ ਦੇ ਪਾਸ ਬੈਠਾ ਸੀ। ਸੂਬਾ ਜਿਹੜਾ ਸਿਰਹੰਦ ਵਿਚ ਰਹਿੰਦਾ ਸੀ, ਜਿਸ ਦਾ ਨਾਮ ਵਜ਼ੀਦ ਖਾਂ ਕਹਿੰਦੇ ਹਨ॥ ੪੩॥

ਗੁਰ ਕੀ ਸੁਧਿ ਤਿਲਵੰਡੀ ਸੁਨੀ। ਬਿਸਮਾਨਯੋ ਜੜ੍ਹ ਮੁੰਡੀ ਧੁਨੀ।
ਬਡੇ ਬਡੇ ਰਚਿ ਜੰਗ ਅਖਾਰੇ। ਜੀਵਤਿ ਰਹਯੋ ਨ ਲਰਿ ਕਿਨ ਮਾਰੇ॥ ੪੪॥

ਉਸ ਨੇ ਗੁਰੂ ਜੀ ਦੀ ਤਲਵੰਡੀ ਵਿਖੇ ਮੌਜੂਦਗੀ ਦੀ ਖ਼ਬਰ ਸੁਣੀ। ਉਹ ਬੜਾ ਹੈਰਾਨ ਹੋਇਆ ਤੇ ਮੂਰਖ ਨੇ ਸਿਰ ਮਾਰਿਆ। ਵੱਡੇ-ਵੱਡੇ ਜੰਗ ਦੇ ਅਖਾੜੇ ਰਚ ਕੇ, ਜੀਉਂਦੇ ਰਹੇ ਹਨ, ਯੁੱਧ ਕਰਕੇ ਕਿਸੇ ਵੀ ਨਹੀਂ ਮਾਰਿਆ ਹੈ॥ ੪੪॥

ਹਤਿ ਦੀਨਸਿ ਲਾਖਹੁਂ ਤੁਰਕਾਨਾ। ਗ੍ਰਾਮ ਨਗਰ ਭਾ ਸ਼ੋਕ ਮਹਾਨਾ।
ਲਿਖਿ ਭੇਜਯੋ ਡੱਲੇ ਕੋ ਤਬੈ। 'ਗੁਰ ਕੋ ਪਕਰਿ ਦੇਹੁ ਇਤ ਅਬੈ॥ ੪੫॥

ਲੱਖਾਂ ਤੁਰਕ ਉਨ੍ਹਾਂ ਮਾਰ ਦਿੱਤੇ ਹਨ, ਨਗਰ-ਨਗਰ, ਪਿੰਡ-ਪਿੰਡ ਵਿਚ ਵੱਡਾ ਸੋਗ ਫੈਲਿਆ ਹੈ। ਤਦ ਉਸ ਡੱਲੇ ਨੂੰ ਚਿੱਠੀ ਲਿਖ ਕੇ ਭੇਜੀ, "ਹੁਣ ਗੁਰੂ ਜੀ ਨੂੰ ਫੜ ਕੇ ਸਾਨੂੰ ਦੇਵੇ॥ ੪੫॥

ਹਜ਼ਰਤ ਦੇਹਿ ਤੋਹਿ ਬਡਿਆਈ। ਗਹੋ ਅਚਾਨਕ ਦੇਹੁ ਪਠਾਈ।
ਨਾਂਹਿ ਤ ਚਮੂੰ ਆਨਿ ਕਰਿ ਭਾਰੀ। ਤੋਹਿ ਸਹਤ ਲੇ ਹੈ ਗੁਰ ਮਾਰੀ' ॥ ੪੬॥

ਬਾਦਸ਼ਾਹ ਤੈਨੂੰ ਵਡਿਆਈ ਦੇਵੇਗਾ, ਅਚਾਨਕ ਫੜ ਕੇ ਭੇਜ ਦੇਵੇ। ਨਹੀਂ ਤਾਂ ਭਾਰੀ ਫੌਜ ਆ ਕੇ, ਤੇਰੇ ਸਹਿਤ ਗੁਰੂ ਜੀ ਨੂੰ ਮਾਰ ਲਵੇਗੀ' ॥ ੪੬॥

ਸੋ ਕਾਗਦ ਆਯੋ ਪਢਿ ਲੀਨਿ। ਉੱਤਰ ਕੋ ਲਿਖਾਇ ਤਬਿ ਦੀਨਿ।
'ਸੰਗ ਗੁਰੂ ਕੇ ਪ੍ਰਾਨ ਹਮਾਰੇ। ਕਿਮ ਦੈਹੈਂ ਤੁਝ ਮਰੇ ਨ ਮਾਰੇ॥ ੪੭॥

ਜਿਹੜਾ ਪਰਵਾਨਾ ਸੂਬੇ ਵਲੋਂ ਆਇਆ ਉਸ ਨੂੰ ਪੜ੍ਹ ਲਿਆ, ਫਿਰ ਉਸ ਦਾ ਉੱਤਰ ਲਿਖਵਾ ਕੇ ਦੇ ਦਿੱਤਾ। 'ਗੁਰੂ ਜੀ ਦੇ ਨਾਲ ਹੀ ਸਾਡੇ ਪ੍ਰਾਣ ਹਨ, ਕਿਵੇਂ ਤੈਨੂੰ ਮਰੇ ਮਾਰੇ ਬਿਨਾਂ ਦੇ ਦੇਈਏ॥ ੪੭॥

ਜੇ ਕਰਿ ਚਮੂੰ ਘਨੀ ਪੁਨ ਆਵੈ। ਮਾਰਿ ਕਿਤਿਕ ਹਮ ਤਜਿ ਪੁਰਿ ਜਾਵੈਂ।
ਜਾਇ ਪ੍ਰਵੇਸ਼ਹਿਂ ਜੰਗਲ ਮਾਂਹੀ। ਜਹਾਂ ਨੀਰ ਹੁਇ ਪ੍ਰਾਪਤਿ ਨਾਂਹੀ॥ ੪੮॥

ਜੇਕਰ ਵੱਡੀ ਸੈਨਾ ਚੜ੍ਹ ਕੇ ਆਵੇਗੀ ਤਾਂ ਬਹੁਤ ਸੈਨਾ ਨੂੰ ਮਾਰ ਕੇ ਅਸੀਂ ਨਗਰ ਹੀ ਛੱਡ ਜਾਵਾਂਗੇ ਤੇ ਜੰਗਲ ਦੇ ਵਿਚ ਪ੍ਰਵੇਸ਼ ਕਰ ਜਾਵਾਂਗੇ, ਜਿਥੇ ਪਾਣੀ ਵੀ ਪ੍ਰਾਪਤ ਨਹੀਂ ਹੋਵੇਗਾ॥ ੪੮॥

ਗੁਰ ਕੇ ਸੰਗ ਰਹੈਂਗੇ ਸਦਾ। ਤੇਰੋ ਹੁਕਮ ਕਰਹਿੰਗੇ ਅਦਾ।
ਇਮ ਲਿਖਿ ਪਠਯੋ ਸੁਨਤਿ ਦੁਖ ਪਾਯੋ। ਮਹਾਂ ਮੂਢ ਕੋ ਬਸ ਨ ਬਸਾਯੋ॥ ੪੯॥

ਅਸੀਂ ਸਦਾ ਹੀ ਗੁਰੂ ਜੀ ਦੇ ਨਾਲ ਰਹਾਂਗੇ ਤੇ ਤੇਰਾ ਹੁਕਮ ਦੂਰ ਕਰਾਂਗੇ' ਇਸ ਪ੍ਰਕਾਰ ਪਰਵਾਨੇ ਦਾ ਉੱਤਰ ਲਿਖ ਕੇ ਭੇਜ ਦਿੱਤਾ, ਜਿਸ ਨੂੰ ਸੁਣ ਕੇ ਸੂਬਾ ਬਹੁਤ ਦੁਖੀ ਹੋਇਆ। ਮਹਾਂ ਮੂਰਖ ਦਾ ਕੁਝ ਵੀ ਵੱਸ ਨਾ ਚੱਲਿਆ॥ ੪੯॥

*ਪਹਿਲੇ ਐਨ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥*

# ਅਧਿਆਇ ਤੇਈਵਾਂ

## ਰਾਮ ਸਿੰਘ ਦੇ ਘਰ ਭਾਈ ਕੇ ਚੱਕ, ਦਿਆਲ ਦਾਸ

ਦੋਹਰਾ- ਇਕ ਦਿਨ ਡੱਲੇ ਸੋਂ ਕਹ੍ਯੋ 'ਹਮਰੀ ਚਾਹਿ ਮਹਾਨ।
ਦੁਰਗ ਬਠਿੰਡੇ ਕੋ ਪਿਖਹਿਂ ਬਡੋ ਲਰਨ ਕੋ ਥਾਨ॥ ੧॥

ਸਤਿਗੁਰੂ ਜੀ ਨੇ ਇਕ ਦਿਨ ਡੱਲੇ ਨੂੰ ਕਿਹਾ, "ਸਾਡੀ ਵੱਡੀ ਚਾਹਤ ਹੈ ਬਠਿੰਡੇ ਦੇ ਕਿਲ੍ਹੇ ਨੂੰ ਵੇਖੀਏ, ਜਿਹੜਾ ਯੁੱਧ ਕਰਨ ਵਾਸਤੇ ਇਕ ਬੜਾ ਵੱਡਾ ਸਥਾਨ ਹੈ॥ ੧॥

ਚੌਪਈ- ਕੇਤਿਕ ਦਿਨ ਇਤ ਉਤ ਬਿਚਰੈਂ ਹੈਂ। ਸਹਿਜ ਸੁਭਾਇਕ ਪੁਨ ਚਲਿ ਸੈ ਹੈਂ।
ਤਬਿ ਡੱਲਾ ਬੋਲ੍ਯੋ ਕਰ ਜੋਰਿ। 'ਪ੍ਰਭੁ ਜੀ ਤੁਰਕਨ ਹੈਂ ਇਤ ਓਰ॥ ੨॥

ਕਈ ਦਿਨ ਏਧਰ ਓਧਰ ਵਿਚਰਦੇ ਰਹੇ ਹਾਂ, ਫਿਰ ਸਹਿਜ ਸੁਭਾਅ ਚਲ ਪਵਾਂਗੇ। ਤਦ ਡੱਲਾ ਹੱਥ ਜੋੜ ਕੇ ਬੋਲਿਆ, "ਸਤਿਗੁਰੂ ਜੀ ਇਸ ਪਾਸੇ ਤੁਰਕ ਬਹੁਤ ਹਨ॥ ੨॥

ਦੇਸ਼ ਮਵਾਸੀ ਜਲ ਬਿਨ ਸਦਾ। ਦੁਰਗ ਬਠਿੰਡਾ ਊਜਰ ਤਦਾ।
ਪੂਰਬ ਬਸ੍ਯੋ ਭਯੋ ਚਿਰ ਕਾਲਾ। ਕੀਨਸਿ ਬਿਨੈਪਾਲ ਮਹਿਪਾਲਾ॥ ੩॥

ਆਕੀ ਦੇਸ਼ ਹੈ, ਜਿਹੜਾ ਸਦਾ ਜਲ ਤੋਂ ਬਗੈਰ ਰਹਿੰਦਾ ਹੈ, ਬਠਿੰਡੇ ਦਾ ਕਿਲ੍ਹਾ ਏਸੇ ਕਰਕੇ ਉਜੜਿਆ ਹੈ। ਪਹਿਲਾਂ ਵੱਸੇ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ। ਬਿਨੈਪਾਲ ਨਾਮ ਦੇ ਰਾਜੇ ਇਸ ਨੂੰ ਬਣਵਾਇਆ ਸੀ॥ ੩॥

ਬਿਚਰਹੁ ਜਥਾ ਆਪ ਕੀ ਮਰਜ਼ੀ। ਤੁਰਕ ਨ ਆਇ ਸਕੈਂ ਰਨ ਗਰਜ਼ੀ।
ਬਹੁਰ ਕ੍ਰਿਪਾ ਕਰਿ ਇਤ ਹੀ ਆਵਹੁ। ਬਸਿਬੇ ਅਪਰ ਨ ਚਿਤ ਲਲਚਾਵਹੁ॥ ੪॥

ਜਿੱਥੇ ਮਰਜ਼ੀ ਵਿਚਰੋ ਇਹ ਆਪ ਜੀ ਦੀ ਮਰਜ਼ੀ ਹੈ। ਜੰਗ ਦੀ ਇੱਛਾ ਕਰਕੇ ਤੁਰਕ ਨਹੀਂ ਆ ਸਕਣਗੇ। ਫਿਰ ਕਿਰਪਾ ਕਰਕੇ ਏਧਰ ਹੀ ਆ ਜਾਵੋ, ਕਿਸੇ ਹੋਰ ਥਾਂ ਵੱਸਣ ਦਾ ਚਿੱਤ ਵਿਚ ਲਾਲਚ ਨਾ ਕਰੋ"॥ ੪॥

ਦੇ ਧੀਰਜ ਕੋ ਚਢੇ ਗੁਸਾਈਂ। ਸਿੰਘਨ ਚਮੂੰ ਸੰਗ ਸਮੁਦਾਈ।
ਖੇਲਤਿ ਕਿਤਿਕ ਅਖੇਰ ਚਲੰਤੇ। ਇਤ ਉਤ ਬਿਚਰਤਿ ਸ੍ਰੀ ਭਗਵੰਤੇ॥ ੫॥

ਡੱਲੇ ਨੂੰ ਧੀਰਜ ਦੇ ਕੇ ਸਤਿਗੁਰੂ ਜੀ ਘੋੜ-ਸਵਾਰ ਹੋ ਗਏ, ਸਿੰਘਾਂ ਦੀ ਸਾਰੀ ਸੈਨਾ ਗੁਰੂ ਜੀ ਨਾਲ ਸੀ। ਸ਼ਿਕਾਰ ਖੇਡਦੇ ਚਲੇ ਜਾਂਦੇ ਸਨ ਤੇ ਸਤਿਗੁਰੂ ਜੀ ਏਧਰ ਓਧਰ ਵਿਚਰਦੇ ਸਨ॥ ੫॥

ਚੱਕ ਗ੍ਰਾਮ ਭਾਈ ਕੋ ਜਹਾਂ। ਰਾਮ ਸਿੰਘ ਤਯਾਰੀ ਕਿਯ ਮਹਾਂ।
ਤਹਾਂ ਜਾਇ ਪਹੁੰਚੇ ਤਤਕਾਲਾ। ਕਰਹਿਂ ਨਿਹਾਲ ਸੇਵਕਨਿ ਜਾਲਾ॥ ੬॥

ਜਿੱਥੇ ਭਾਈ ਕਾ ਚੱਕ ਪਿੰਡ ਸੀ, ਉਥੇ ਰਾਮ ਸਿੰਘ ਨੇ ਮਹਾਨ ਤਿਆਰੀ ਕੀਤੀ ਸੀ। ਸਤਿਗੁਰੂ ਜੀ ਤੁਰਤ ਉਥੇ ਜਾ ਪਹੁੰਚੇ। ਉਥੇ ਸੇਵਕਾਂ ਦੇ ਵੱਡੇ ਸਮੂਹ ਨੂੰ ਨਿਹਾਲ ਕਰਦੇ ਸਨ॥ ੬॥

ਪਿਖਿ ਆਗਵਨ ਪਹੁਚਿ ਅਗਾਰੀ। ਗ੍ਰਾਮ ਨਰਨ ਪਦ ਬੰਦਨ ਧਾਰੀ।
ਲੇ ਕਰਿ ਸੰਗ ਅੱਗ੍ਰ ਹ੍ਵੈ ਚਾਲਾ। ਰਾਮ ਸਿੰਘ ਕਰਿ ਭਾਉ ਬਿਸਾਲਾ॥ ੭॥

ਜਦ ਗੁਰੂ ਜੀ ਨੂੰ ਸਭ ਦੇ ਅੱਗੇ ਆ ਕੇ ਪਹੁੰਚਦਿਆਂ ਨੂੰ ਵੇਖਿਆ ਤਾਂ ਪਿੰਡ ਦੇ ਮਨੁੱਖਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਰਾਮ ਸਿੰਘ ਗੁਰੂ ਜੀ ਨੂੰ ਨਾਲ ਲੈ ਕੇ ਵਿਸ਼ਾਲ ਪ੍ਰੇਮ ਸਹਿਤ ਅੱਗੇ-ਅੱਗੇ ਜਾ ਰਿਹਾ ਸੀ॥ ੭॥

ਥਲ ਚਲਦਲ ਤਰੁਵਰ ਕੇ ਤਰੇ। ਰਚੀ ਧੋਹ ਸੀਤਲਤਾ ਕਰੇ।
ਤਹਿਂ ਥਿਰ ਹ੍ਵੈ ਕਰਿ ਗੁਰੂ ਉਤਾਰੇ। ਤਜਿ ਤੁਰੰਗ ਕੋ ਅੰਤਰ ਬਾਰੇ॥ ੮॥

ਪਿੱਪਲ ਦੇ ਬ੍ਰਿਛ ਦੇ ਥੱਲੇ ਜਿੱਥੇ ਟਾਹਣੀਆਂ ਅਤੇ ਘਾਹ ਫੂਸ ਪਾ ਕੇ ਝੌਂਪੜਾ ਬਣਾਇਆ ਸੀ ਅਤੇ ਪਾਣੀ ਪਾ ਕੇ ਬਹੁਤ ਠੰਢਾ ਕੀਤਾ ਸੀ, ਉਥੇ ਜਾ ਕੇ ਗੁਰੂ ਜੀ ਦਾ ਉਤਾਰਾ ਕਰਵਾਇਆ। ਗੁਰੂ ਜੀ ਘੋੜੇ ਨੂੰ ਛੱਡ ਕੇ ਝੌਂਪੜੇ ਦੇ ਅੰਦਰ ਦਾਖਲ ਹੋ ਗਏ॥ ੮॥

ਸਿਕਤਾ ਮੋਟ ਸਕਲ ਥਲ ਡਾਲਾ। ਜਲ ਸੀਤਲ ਛਿਰਕਾਉ ਬਿਸਾਲਾ।
ਕੋਰੇ ਘਰੇ ਭਰੇ ਗਨ ਧਰੇ। ਰੁਚਿਰ ਪ੍ਰਯੰਕ ਡਸਾਵਨ ਕਰੇ॥ ੯॥

ਮੋਟੀ ਦਾਣੇਦਾਰ ਰੇਤ ਸਾਰੇ ਸਥਾਨ ਵਿਚ ਪਾਈ ਹੋਈ ਸੀ ਤੇ ਠੰਢੇ ਜਲ ਦਾ ਬਹੁਤ ਛਿੜਕਾਅ ਕੀਤਾ ਸੀ। ਬਹੁਤ ਕੋਰੇ ਘੜੇ ਭਰ ਕੇ ਧਰੇ ਸਨ ਤੇ ਉਥੇ ਸੁੰਦਰ ਪਲੰਘ ਵੀ ਡੁਹਾਇਆ ਸੀ॥ ੯॥

ਆਸਤਰਨ ਸਿਤ ਸਹਤ ਨਿਹਾਰਾ। ਬੈਠਿ ਗੁਰੂ ਇਮ ਬਾਕ ਉਚਾਰਾ।
'ਸੁਨਿ ਥੇ ਰਾਮ ਸਿੰਘ ! ਕਹਿ ਜੋਈ। ਤਪਤ ਬਿਸਾਲ ਗ੍ਰਾਮ ਹਮ ਹੋਈ॥੧੦॥

ਚਿੱਟੇ ਆਸਤਰਨ ਸਹਿਤ ਪਲੰਘ ਵੇਖਿਆ ਤਾਂ ਗੁਰੂ ਜੀ ਨੇ ਉਸ ਉੱਤੇ ਬੈਠ ਕੇ ਇਸ ਪ੍ਰਕਾਰ ਬਚਨ ਕੀਤਾ, 'ਹੇ ਰਾਮ ਸਿੰਘ ! ਸੁਣੋ, ਜੋ ਤੂੰ ਕਹਿੰਦਾ ਸੀ, ਇਸ ਪਿੰਡ ਵਿਚ ਸਾਨੂੰ ਬਹੁਤ ਗਰਮੀ ਲਗੇਗੀ॥ ੧੦॥

ਕਰਜੋ ਬਿਲੋਕਨਿ ਸੁੰਦਰ ਥਾਨ। ਸ੍ਰੀ ਜਮਨਾ ਕੇ ਕੂਲ ਸਮਾਨ।
ਬਾਉ ਪਾਂਵਟੇ ਕੇ ਸਮ ਆਈ। ਗ੍ਰੀਖਮ ਕੀ ਸਭਿ ਤਪਤ ਮਿਟਾਈ॥ ੧੧॥

ਅਸੀਂ ਇਹ ਸੁੰਦਰ ਸਥਾਨ ਵੇਖਿਆ ਹੈ, ਇਹ ਜਮਨਾ ਨਦੀ ਦੇ ਕਿਨਾਰੇ ਵਰਗਾ ਹੈ। ਏਥੇ ਪਾਉਂਟੇ ਵਾਂਗ ਹਵਾ ਆਉਂਦੀ ਹੈ, ਗਰਮੀ ਦੀ ਸਾਰੀ ਤਪਸ਼ ਮਿਟਾ ਦਿੱਤੀ ਹੈ॥ ੧੧॥

ਇਮ ਸਰਾਹਿ ਕਰਿ ਗੁਰ ਭਗਵਾਨੂ। ਭਏ ਸਥਿਰ ਸੁਠ ਦੇਖਿ ਸਥਾਨੂ।
ਦੇਗ਼ ਕਰਾਵਤਿ ਭਯੋ ਬਿਸਾਲਾ। ਥਾਲ ਪਰੋਸਿ ਲਜਾਇ ਤਤਕਾਲਾ॥ ੧੨॥

ਸਤਿਗੁਰੂ ਜੀ ਨੇ ਇਸ ਪ੍ਰਕਾਰ ਬਹੁਤ ਸ਼ਲਾਘਾ ਕੀਤੀ। ਸੁੰਦਰ ਸਥਾਨ ਵੇਖ ਕੇ ਬੈਠ ਗਏ। ਵਿਸ਼ਾਲ ਲੰਗਰ ਤਿਆਰ ਕਰਵਾ ਰਹੇ ਸਨ ਤੇ ਥਾਲ ਪਰੋਸ ਕੇ ਤੁਰਤ ਲੈ ਆਏ॥ ੧੨॥

ਮਨ ਭਾਵਤ ਸ੍ਰੀ ਪ੍ਰਭੁ ਜੀ ਖਾਇ। ਅਪਰ ਦੇਗ਼ ਸਭਿ ਕੋ ਬਰਤਾਇ।
ਸੁੰਦਰੀ ਸਾਹਿਬ ਦੇਵੀ ਦੋਇ। ਸਦਨ ਉਤਾਰਿ ਸੇਵ ਕਰਿ ਸੋਇ॥ ੧੩॥

ਮਨ-ਭਾਉਂਦਾ ਭੋਜਨ ਸਤਿਗੁਰੂ ਜੀ ਨੇ ਖਾਧਾ ਤੇ ਹੋਰ ਲੰਗਰ ਸਭ ਨੂੰ ਵਰਤਾ ਦਿੱਤਾ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ ਦੋਹਾਂ ਦਾ ਉਤਾਰਾ ਆਪਣੇ ਘਰ ਵਿਚ ਕਰਵਾ ਕੇ ਸੇਵਾ ਕੀਤੀ॥ ੧੩॥

ਗੁਰ ਕੋ ਥਾਲ ਰਾਮ ਸਿੰਘ ਲਯੋ। ਸੀਤ ਪ੍ਰਸ਼ਾਦਿ ਅਚਵਤੇ ਭਯੋ।
ਜੁਗ ਮਾਤਨ ਕੇ ਦੋਨਹੁੰ ਥਾਲ। ਲੇ ਭਯਾਣੀਯੋਂ ਨੇ ਤਿਸ ਕਾਲ॥ ੧੪॥

ਫਿਰ ਗੁਰੂ ਜੀ ਦਾ ਥਾਲ ਰਾਮ ਸਿੰਘ ਨੇ ਲਿਆ, ਉਸ ਨੇ ਗੁਰੂ ਜੀ ਦਾ ਸੀਤ ਪ੍ਰਸਾਦਿ ਛਕਿਆ। ਦੋਵਾਂ ਮਾਤਾਵਾਂ ਜੀ ਦੇ ਦੋਵੇਂ ਥਾਲ ਉਸ ਸਮੇਂ ਭਰਾਵਾਂ ਦੀਆਂ ਇਸਤਰੀਆਂ ਨੇ ਲੈ ਲਏ॥ ੧੪॥

ਸੀਤ ਪ੍ਰਸਾਦ ਸੁੰਦਰੀ ਕੇਰਾ। ਸੋ ਅਚਵਨ ਕੀਨਸਿ ਤਿਸ ਬੇਰਾ।
ਸਾਹਿਬ ਦੇਵੀ ਕੋ ਲੇ ਥਾਰ। ਦਿਯੋ ਕੂਕਰਨਿ ਆਗੇ ਡਾਰਿ॥ ੧੫॥

ਮਾਤਾ ਸੁੰਦਰੀ ਜੀ ਦਾ ਸੀਤ ਪ੍ਰਸ਼ਾਦਿ ਉਸ ਸਮੇਂ ਛਕਿਆ। ਮਾਤਾ ਸਾਹਿਬ ਦੇਵੀ ਦਾ ਥਾਲ ਲੈ ਕੇ ਕੁੱਤਿਆਂ ਅੱਗੇ ਪਾ ਦਿੱਤਾ॥ ੧੫॥

ਸੁਨਿ ਕੈ ਕੋਪ ਕਰਯੋ ਮਨ ਮਾਂਹੀ। ਕਹਿ ਭੇਜਯੋ ਸਤਿਗੁਰ ਕੇ ਪਾਹੀ।
'ਹਮ ਨੇ ਕਹਯੋ ਨਹੀਂ ਤੁਮ ਲੇਹੁ। ਲੇ ਕਰਿ ਆਪ ਕਰੀ ਬਿਧਿ ਏਹੁ' ॥੧੬॥

ਇਹ ਸੁਣ ਕੇ ਮਾਤਾ ਸਾਹਿਬ ਦੇਵੀ ਜੀ ਨੇ ਮਨ ਵਿਚ ਬੜਾ ਗੁੱਸਾ ਕੀਤਾ। ਉਨ੍ਹਾਂ ਨੇ ਸਤਿਗੁਰੂ ਜੀ ਪਾਸ ਕਹਿ ਕੇ ਭੇਜਿਆ, "ਅਸੀਂ ਇਹ ਕਿਹਾ ਨਹੀਂ ਹੈ, ਤੁਸੀਂ ਸੀਤ ਪ੍ਰਸਾਦਿ ਲਵੋ, ਆਪੇ ਲੈ ਕੇ ਕੁੱਤਿਆਂ ਅੱਗੇ ਸੁੱਟ ਦਿੱਤਾ ਹੈ" ॥ ੧੬॥

ਰਾਮ ਸਿੰਘ ਸੰਗ ਪ੍ਰਭੁ ਉਚਾਰਾ। 'ਇਹ ਕਜਾ ਕੀਨਿ ਤੁਮਾਰੀ ਦਾਰਾ?'।
ਹਾਥ ਬੰਦਿ ਬੋਲਯੋ ਤਿਸ ਕਾਲਾ। 'ਇਸ ਕੋ ਭਯੋ ਨ ਗੌਤ ਕੁਨਾਲਾ॥੧੭॥

ਰਾਮ ਸਿੰਘ ਨੂੰ ਫਿਰ ਸਤਿਗੁਰੂ ਜੀ ਨੇ ਕਿਹਾ, "ਇਹ ਤੁਹਾਡੀ ਇਸਤਰੀ ਨੇ ਕੀ ਕੀਤਾ ਹੈ?" ਰਾਮ ਸਿੰਘ ਫਿਰ ਹੱਥ ਜੋੜ ਕੇ ਬੋਲਿਆ, "ਉਨ੍ਹਾਂ ਦਾ ਗੋਤ ਕੁਨਾਲਾ ਨਹੀਂ ਹੋਇਆ ਹੈ॥ ੧੭॥

*ਨੋਟ : ਨਵੀਂ ਵਿਆਹੀ ਇਸਤਰੀ ਨੂੰ ਗੋਤਰ ਵਿਚ ਸ਼ਾਮਲ ਕਰਨ ਲਈ ਕੁਨਾਲੀ ਵਿਚ ਭੋਜਨ ਪਰੋਸ ਸਾਰੇ ਪਰਿਵਾਰ ਦੇ ਇਕ ਥਾਂ ਖਾਣ ਦੀ ਰੀਤੀ ਹੈ।*

ਗੁਰੁ ਅੰਗ ਸੰਗ ਨਹਿਂ ਤਨ ਲਾਗਾ। ਇਮ ਬਿਚਾਰ ਕਰਿ ਥਾਰ ਸੁ ਤਜਾਗਾ'।
ਦਜਾਲਦਾਸ ਸੁਨਿ ਪ੍ਰਭੁ ਆਗਵਨੂ। ਪੂਰਬ ਮਾਨਯੋਂ ਬਾਕ ਨ ਜਵਨੂ॥੧੮॥

ਉਸ ਦਾ ਗੁਰੂ ਜੀ ਦੇ ਅੰਗ-ਸੰਗ ਤਨ ਨਹੀਂ ਲੱਗਾ ਹੈ। ਇਸ ਪ੍ਰਕਾਰ ਵਿਚਾਰ ਕਰਕੇ ਥਾਲ ਤਿਆਗ ਦਿੱਤਾ ਹੈ।" ਦਿਆਲ ਦਾਸ ਜਿਸ ਨੇ ਪਹਿਲਾਂ ਸਤਿਗੁਰੂ ਜੀ ਦੇ ਬਚਨ ਨਹੀਂ ਮੰਨੇ ਸਨ, ਉਸ ਨੇ ਵੀ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੧੮॥

ਭੁੱਚੋ ਤੇ ਸੋ ਚਲਿ ਕਰਿ ਆਯਹੁ। ਚਰਨ ਸਰੋਜਨ ਸੀਸ ਨਿਵਾਯਹੁ।
ਤਿਸ ਕੋ ਪਿਖਿ ਬੋਲੇ ਨ ਗੁਸਾਈਂ। ਰਾਮ ਸਿੰਘ ਕਰ ਬੰਦਿ ਅਲਾਈ॥੧੯॥

ਉਹ ਭੁੱਚੋ ਪਿੰਡ ਤੋਂ ਚਲ ਕੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਆਪਣਾ ਸਿਰ ਨਿਵਾਇਆ। ਉਸ ਨੂੰ ਵੇਖ ਕੇ ਗੁਰੂ ਜੀ ਬੋਲੇ ਨਹੀਂ। ਫਿਰ ਰਾਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ॥ ੧੯॥

'ਇਸ ਹੀ ਬਾੜੀ ਕੋ ਪ੍ਰਭੁ ! ਏਹੋ। ਅਪਨੋ ਜਾਨਹੁ ਕ੍ਰਿਪਾ ਕਰੇਹੋ'।
ਤਊ ਨ ਰੁਖ਼ ਕਰਿ, ਕਛੁ ਨ ਬਖਾਨਯੋ। ਤਬਿ ਦੋਨਹੁਂ ਨੇ ਆਸ਼ੈ ਜਾਨਯੋ॥੨੦॥

ਇਹ ਭਗਤੂ ਦੀ ਕੁਲ ਦਾ ਹੈ, ਇਸ ਨੂੰ ਆਪਣਾ ਜਾਣ ਕੇ ਕਿਰਪਾ ਕਰੋ।" ਫਿਰ ਵੀ ਗੁਰੂ ਜੀ ਨੇ ਧਿਆਨ ਕਰਕੇ ਕੁਝ ਨਾ ਕਿਹਾ, ਤਦ ਦੋਵਾਂ ਨੇ ਅਸਲ ਆਸ਼ੇ ਨੂੰ ਜਾਣ ਲਿਆ॥ ੨੦॥

ਸਮੁਝਾਯੋ ਤਹਿਂ ਕਰਿਕੈ ਨਜਾਰੋ। 'ਦੁਰਗ ਬਠਿੰਡੇ ਪ੍ਰਭੂ ਪਧਾਰੇ।
ਭੁੱਚੋ ਗ੍ਰਾਮ ਨਿਕਟ ਕੋ ਜਾਇਂ। ਤੂੰ ਚਲਿ ਕਰਿ ਤਯਾਰੀ ਕਰਿਵਾਇ॥ ੨੧॥

ਦਿਆਲ ਦਾਸ ਨੂੰ ਵੱਖ ਕਰਕੇ ਸਮਝਾਇਆ, "ਸਤਿਗੁਰੂ ਬਠਿੰਡੇ ਦੇ ਕਿਲ੍ਹੇ ਵਿਚ ਜ਼ਰੂਰ ਜਾਣਗੇ। ਭੁੱਚੋ ਪਿੰਡ ਦੇ ਨੇੜੇ ਦੀ ਹੋ ਕੇ ਜਾਣਗੇ, ਤੂੰ ਚਲ ਕੇ ਤਿਆਰੀ ਕਰਵਾ॥ ੨੧॥

ਦੇਗ ਬਿਸਾਲ ਕਰਾਹੁ ਕਰੀਜੈ। ਤਬਿ ਕਰਿ ਅਰਜ਼ੀ ਗੁਰੂ ਰਿਝੀਜੈ'।
ਸੁਨਿ ਕਰਿ ਦਜਾਲਦਾਸ ਗਮਨਯੋ। ਭੋਜਨ ਪੁੰਜ ਤਯਾਰ ਕਰਿਵਯੋ॥ ੨੨॥

ਕੜਾਹ ਪ੍ਰਸ਼ਾਦਿ ਦੀ ਵਿਸ਼ਾਲ ਦੇਗ ਕਰਵਾਵੇ, ਫਿਰ ਬੇਨਤੀ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰੇ।" ਇਹ ਸੁਣ ਕੇ ਦਿਆਲ ਦਾਸ ਚਲੇ ਗਿਆ ਤੇ ਉਸ ਨੇ ਬਹੁਤ ਭੋਜਨ ਤਿਆਰ ਕਰਵਾਇਆ॥ ੨੨॥

ਸੰਧਯਾ ਭਈ ਰਾਮ ਸਿੰਘ ਪ੍ਰਾਹੀ। 'ਚਲਹੁ ਪ੍ਰਭੂ ਉਤਰਹੁ ਘਰ ਮਾਹੀ'।
ਕਹਯੋ 'ਇਹਾਂਹੀ ਬਸਹਿਂ ਸੁਖਾਰੇ। ਆਛੋ ਥਾਨ ਪਸਿੰਦ ਹਮਾਰੇ' ॥ ੨੩॥

ਸ਼ਾਮ ਪੈਣ ਤੇ ਰਾਮ ਸਿੰਘ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਮੇਰੇ ਘਰ ਉਤਾਰਾ ਕਰੋ।" ਸਤਿਗੁਰੂ ਜੀ ਨੇ ਕਿਹਾ, "ਏਥੇ ਹੀ ਸੁਖਾਲੇ ਰਹਾਂਗੇ, ਇਹ ਚੰਗਾ ਸਥਾਨ ਸਾਡੇ ਪਸੰਦ ਹੈ" ॥ ੨੩॥

'ਕਰਹੁ ਗੁਰੂ ਪਗ ਪੰਕਜ ਪਾਵਨ। ਸਦਨ ਹਮਾਰੇ ਹ੍ਵੈ ਹੈਂ ਪਾਵਨ'।
ਬਿਨੈ ਬਖਾਨਤਿ ਲੇ ਕਰਿ ਚਾਲਾ। ਇਕ ਬਿਮਾਤ ਇਸ ਕੀ ਤਿਸ ਕਾਲਾ॥੨੪॥

"ਹੇ ਸਤਿਗੁਰੂ ਜੀ ! ਸਾਡੇ ਘਰ ਆਪਣੇ ਚਰਨ ਕੰਵਲ ਪਾਵੋ ਤੇ ਸਾਡੇ ਘਰ ਨੂੰ ਪਵਿੱਤਰ ਕਰ ਦੇਵੋ।" ਬੇਨਤੀ ਕਰਕੇ ਲੈ ਕੇ ਚਲਾ ਗਿਆ। ਉਸ ਸਮੇਂ ਰਾਮ ਸਿੰਘ ਦੀ ਇਕ ਮਤ੍ਰੇਈ ਮਾਤਾ ਸੀ॥ ੨੪॥

ਸੂਖਮ ਖੇਸ ਸੁਪੇਦ ਅਛੇਰਾ। ਭੁਜ ਪਰ ਧਰਿ ਛਪਾਇ ਮਗ ਹੇਰਾ।
'ਰਾਮ ਸਿੰਘ ਕੇ ਸਦਨ ਨ ਜਾਵੌਂ। ਇਤ ਆਵਹਿਂ ਗੁਰ ਅੱਗ੍ਰ ਚਢਾਵੌਂ' ॥੨੫॥

ਉਸ ਨੇ ਬਾਂਹ ਉੱਤੇ ਖੇਸ ਰੱਖ ਕੇ ਛੁਪਾ ਲਿਆ ਤੇ ਸ੍ਰੀ ਗੁਰੂ ਜੀ ਦੇ ਰਾਹ ਨੂੰ ਵੇਖਿਆ। ਸੋਚਣ ਲੱਗੀ ਕਿ "ਮੈਂ ਰਾਮ ਸਿੰਘ ਦੇ ਘਰ ਨਹੀਂ ਜਾਵਾਂਗੀ, ਜਦ ਗੁਰੂ ਜੀ ਏਧਰ ਆਉਣਗੇ ਤਾਂ ਉਨ੍ਹਾਂ ਅੱਗੇ ਖੇਸ ਭੇਟ ਕਰਾਂਗੀ" ॥ ੨੫॥

ਇਮ ਉਰ ਧਰਿ ਕਰਿ ਥਿਰੀ ਅਗਾਰੀ। ਸਤਿਗੁਰ ਜਾਨੀ ਤਿਹਿ ਬਿਧਿ ਸਾਰੀ।
ਮੁਰੇ ਜਾਨਿ ਤਿਸ ਕੀ ਦਿਸ਼ਿ ਜਬੈ। ਰਾਮ ਸਿੰਘ ਬੋਲਯੋ ਬਚ ਤਬੈ॥ ੨੬॥

ਇਸ ਪ੍ਰਕਾਰ ਦਿਲ ਵਿਚ ਧਾਰ ਕੇ ਅੱਗੇ ਖੜੀ ਹੋ ਗਈ, ਸਤਿਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਸਾਰੀ ਜਾਣ ਲਈ। ਜਦ ਉਸ ਦੇ ਪਾਸੇ ਵੱਲ ਮੁੜੇ ਤਦ ਰਾਮ ਸਿੰਘ ਬੋਲਿਆ॥ ੨੬॥

'ਇਤ ਆਵਹੁ ਇਤ ਆਵਹੁ ਸ੍ਵਾਮੀ'। 'ਚਲ ਤੂੰ' ਭਾਖਯੋ ਅੰਤਰਜਾਮੀ।
'ਹਮ ਭੀ ਆਏ, ਹੈ ਕੁਛ ਕਾਮੂ'। ਹੇਰਤਿ ਗਏ ਪੌਰ ਤ੍ਰਿਯ ਧਾਮੂ॥ ੨੭॥

"ਏਧਰ ਆਵੋ, ਏਧਰ ਆਵੋ ਸਵਾਮੀ" ਇਹ ਸੁਣ ਕੇ ਅੰਤਰਜਾਮੀ ਸਤਿਗੁਰੂ ਜੀ ਨੇ ਕਿਹਾ, "ਤੂੰ ਚਲ", ਅਸੀਂ ਵੀ ਆਉਂਦੇ ਹਾਂ, ਸਾਨੂੰ ਕੁਝ ਕੰਮ ਹੈ" ਵੇਖਦਿਆਂ-ਵੇਖਦਿਆਂ ਉਸ ਇਸਤਰੀ ਦੇ ਘਰ ਦੇ ਦਰਵਾਜ਼ੇ 'ਤੇ ਚਲੇ ਗਏ॥ ੨੭॥

ਲਖਯੋ ਪ੍ਰੇਮ ਮਮ ਤਿਹ ਤ੍ਰਿਯ ਜਾਨੀ। ਧਾਇ ਚਰਨ ਪੰਕਜ ਲਪਟਾਨੀ।
ਖੇਸ ਭੇਟ ਦੇ ਕਰਿ ਹਰਖਾਈ। 'ਧੰਨ ਧੰਨ ਗੁਰ' ਉਰ ਲਖਿ ਪਾਈ॥ ੨੮॥

ਉਸ ਇਸਤਰੀ ਨੇ ਜਾਣਿਆ ਕਿ ਮੇਰੇ ਪ੍ਰੇਮ ਨੂੰ ਵੇਖਿਆ ਹੈ ਤੇ ਉਹ ਦੌੜ ਕੇ ਚਰਨ ਕੰਵਲਾਂ 'ਤੇ ਢਹਿ ਪਈ। ਖੇਸ ਭੇਟ ਕਰਕੇ ਬਹੁਤ ਪ੍ਰਸੰਨ ਹੋਈ, "ਧੰਨ ਧੰਨ ਗੁਰੂ ਜੀ ਹਨ" ਦਿਲ ਵਿਚ ਇਹ ਜਾਣ ਲਿਆ ਕਿ ਗੁਰੂ ਜੀ ਨੇ ਮੇਰਾ ਪ੍ਰੇਮ ਸਮਝ ਲਿਆ ਹੈ॥ ੨੮॥

ਰਾਮ ਸਿੰਘ ਕੀ ਦਿਸ਼ਿ ਪੁਨ ਆਏ। ਅੱਗ੍ਰ ਹੋਇ ਨਿਜ ਘਰ ਪ੍ਰਵਿਸ਼ਾਏ।
ਘਰ ਪਰ ਕਾਚੋ ਹੁਤੋ ਚੁਬਾਰਾ। ਤਿਸ ਮਹਿਂ ਚਾਹਯੋ ਕਰਹਿਂ ਉਤਾਰਾ॥ ੨੯॥

ਫਿਰ ਰਾਮ ਸਿੰਘ ਵਾਲੇ ਪਾਸੇ ਆਏ, ਉਸ ਨੇ ਅੱਗੇ ਹੋ ਕੇ ਘਰ ਵਿਚ ਪ੍ਰਵੇਸ਼ ਕਰਵਾਏ। ਘਰ ਦੇ ਵਿਚ ਇਕ ਕੱਚਾ ਚੁਬਾਰਾ ਸੀ, ਉਸ ਵਿਚ ਗੁਰੂ ਜੀ ਨੇ ਉਤਾਰਾ ਕਰਨਾ ਚਾਹਿਆ॥ ੨੯॥

ਰਾਮ ਸਿੰਘ ਕੇ ਘਰ ਬਿਚ ਜਾਨਾ। ਕਾਸ਼ਟ ਕੀ ਤਹਿਂ ਧਰੀ ਸੁਪਾਨਾ।
ਬਖਤੂ ਸਿੰਘ ਕੇ ਘਰ ਮਹਿਂ ਜੋਇ। ਚਢਨਿ ਸੁਪਾਨ ਮ੍ਰਿਤਕਾ ਸੋਇ॥ ੩੦॥

ਰਾਮ ਸਿੰਘ ਦੇ ਘਰ ਵਿਚੋਂ ਉੱਪਰ ਚੁਬਾਰੇ ਵਿਚ ਜਾਣ ਲਈ, ਇਕ ਲੱਕੜ ਦੀ ਪੌੜੀ ਧਰੀ ਸੀ। ਬਖਤੂ ਸਿੰਘ ਦੇ ਘਰ ਵਿਚੋਂ ਚੜ੍ਹਨ ਲਈ ਮਿੱਟੀ ਦੀਆਂ ਪੌੜੀਆਂ ਬਣੀਆਂ ਸਨ॥ ੩੦॥

'ਮਮ ਸ਼ਰੀਕ ਕੇ ਸਦਨ ਨ ਜਾਏਂ'। ਕਾਸ਼ਟ ਪੌਰੀ ਗੁਰੂ ਚਢਾਏ।
ਊਪਰ ਚਢਿ ਅਵਿਲੋਕੀ ਜਬੈ। ਸ੍ਰੀ ਮੁਖ ਤੇ ਫੁਰਮਾਯੋ ਤਬੈ॥ ੩੧॥

"ਮੇਰੇ ਸ਼ਰੀਕ ਦੇ ਘਰ ਨਾ ਜਾਣਾ", ਲੱਕੜ ਦੀ ਪੌੜੀ ਰਾਹੀਂ ਗੁਰੂ ਜੀ ਨੂੰ ਉੱਪਰ ਚੜ੍ਹਾਇਆ। ਜਦ ਗੁਰੂ ਜੀ ਨੇ ਉੱਪਰ ਜਾ ਕੇ ਕੱਚੀ ਪੌੜੀ ਨੂੰ ਵੇਖਿਆ ਤਾਂ ਉਨ੍ਹਾ ਨੇ ਉਸ ਸਮੇਂ ਮੁਖ ਤੋਂ ਫੁਰਮਾਇਆ॥ ੩੧॥

'ਇਹ ਕਜਾ ਰਾਮ ਸਿੰਘ ਤੈਂ ਕੀਨਾ?। ਕਠਨ ਥਾਨ ਕੋ ਮਾਰਗ ਦੀਨਾ।
ਕਰਤਿ ਸ਼ਰੀਕਾ ਇਤਹਿ ਚਢਾਏ। ਐਸੇ ਨਹਿਂ ਤੁਝ ਕੋ ਬਨਿਆਏ!'॥ ੩੨॥

"ਇਹ ਰਾਮ ਸਿੰਘ ਤੂੰ ਕੀ ਕੀਤਾ ਹੈ? ਕਠਨ ਸਥਾਨ ਵਾਲਾ ਮਾਰਗ ਦਿੱਤਾ ਹੈ। ਸ਼ਰੀਕਾ ਕਰਕੇ ਏਧਰ ਦੇ ਰਸਤੇ ਚੜ੍ਹਾਇਆ ਹੈ, ਇਸ ਪ੍ਰਕਾਰ ਕਰਨਾ ਤੈਨੂੰ ਬਣਦਾ ਨਹੀਂ ਹੈ"॥ ੩੨॥

ਬਸੇ ਰਾਤਿ ਕੋ ਤਿਸਹਿ ਚੁਬਾਰੇ। ਕੀਨਸਿ ਸੌਚ ਸ਼ਨਾਨ ਸਕਾਰੇ।
ਉਤਰੇ ਮ੍ਰਿਤਕਾ ਕੀ ਸੋਪਾਨ। ਬਖਤੂ ਸਿੰਘ ਤਖਤੂ ਸਿੰਘ ਜਾਨਿ॥ ੩੩॥

ਰਾਤ ਨੂੰ ਉਸ ਚੁਬਾਰੇ ਵਿਚ ਰਹੇ ਤੇ ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ। ਮਿੱਟੀ ਦੀਆਂ ਪੌੜੀਆਂ ਰਾਹੀਂ ਉੱਤਰੇ। ਬਖਤੂ ਸਿੰਘ ਤਖਤੂ ਸਿੰਘ ਨੇ ਜਦ ਇਸ ਬਾਰੇ ਜਾਣਿਆ॥ ੩੩॥

ਪਲੰਘ ਡਸਾਇ ਗੁਰੂ ਬੈਠਾਏ। ਟੇਕਯੋ ਮਾਥ ਅਕੋਰ ਚਢਾਏ।
ਇਕ ਬਾਲਿਕ ਤਿਨ ਕੋ ਤਬਿ ਆਯੋ। ਸ੍ਰੀ ਪ੍ਰਭੁ ਅੰਕ ਬਿਖੈ ਬੈਠਾਯੋ॥ ੩੪॥

ਤਦ ਉਨ੍ਹਾਂ ਨੇ ਪਲੰਘ ਡੁਹਾ ਕੇ ਗੁਰੂ ਜੀ ਨੂੰ ਬਿਠਾਇਆ ਤੇ ਮੱਥਾ ਟੇਕ ਕੇ ਉਪਹਾਰ ਅਰਪਣ ਕੀਤੇ। ਫਿਰ ਉਨ੍ਹਾਂ ਦਾ ਇਕ ਬਾਲਕ ਆਇਆ ਤਾਂ ਸਤਿਗੁਰੂ ਜੀ ਨੇ ਉਸ ਨੂੰ ਗੋਦ ਵਿਚ ਬਿਠਾ ਲਿਆ॥ ੩੪॥

ਰਾਮ ਸਿੰਘ ਅਵਿਲੋਕਤਿ ਝਿਰਕਾ। 'ਅਦਬ ਨਹੀਂ ਤੁਮ ਰਾਖਯੋ ਗੁਰ ਕਾ।
ਬਸਤ੍ਰ ਆਦਿ ਛੁਵਬੇ ਜਿਨ ਨਾਂਹੀ। ਕਰਹੁ ਅਵੱਗਜਾ ਅੰਕ ਬਿਠਾਹੀ'॥ ੩੫॥

ਰਾਮ ਸਿੰਘ ਨੇ ਵੇਖ ਕੇ ਝਿੜਕਿਆ, "ਤੂੰ ਗੁਰੂ ਜੀ ਦਾ ਅਦਬ ਨਹੀਂ ਰਖਿਆ ਹੈ। ਬਸਤਰ ਆਦਿ ਜਿਨ੍ਹਾਂ ਨੂੰ ਛੂੰਹਦੇ ਨਹੀਂ ਹਨ, ਗੋਦ ਵਿਚ ਬੈਠ ਕੇ ਉਨ੍ਹਾਂ ਦੀ ਅਵੱਗਿਆ ਕਰਦੇ ਹੋ"॥ ੩੫॥

ਕਹਯੋ ਪ੍ਰਭੁ 'ਨਹੀਂ ਝਿਰਕਨ ਬਾਂਛੋ। ਇਹ ਭੀ ਪੁਰਖ ਹੋਇ ਹੈ ਆਛੋ'।
ਏਕ ਤੁਰੰਗਮ ਕੋ ਸ਼ਿੰਗਾਰ। ਲਿਏ ਰਜਤਪਣ ਸੋ ਕਰ ਧਾਰਿ॥ ੩੬॥

ਸਤਿਗੁਰੂ ਜੀ ਨੇ ਕਿਹਾ, "ਇਸਨੂੰ ਝਿੜਕਣਾ ਨਾ ਚਾਹੋ, ਇਹ ਵੀ ਇਕ ਚੰਗਾ ਪੁਰਖ ਹੋਵੇਗਾ।" ਇਕ ਘੋੜੇ ਨੂੰ ਸ਼ਿੰਗਾਰ ਕੇ, ਸੌ ਚਾਂਦੀ ਦੇ ਰੁਪਏ ਹੱਥ ਵਿਚ ਧਾਰਨ ਕੀਤੇ॥ ੩੬॥

ਰਾਮ ਸਿੰਘ ਇਹ ਤਬੈ ਉਪਾਇਨ। ਦਈ ਪ੍ਰਭੂ ਕੋ ਧਰਿ ਸਿਰ ਪਾਇਨ।
ਖੁਸ਼ੀ ਕਰੀ ਮਨ ਬਾਂਛਤਿ ਦੀਨਿ। ਕਹਿ ਕਰਿ ਹਯ ਮੰਗਵਾਵਨ ਕੀਨਿ ॥੩੭॥

ਰਾਮ ਸਿੰਘ ਨੇ ਫਿਰ ਇਹ ਉਪਹਾਰ, ਸਤਿਗੁਰੂ ਜੀ ਦੇ ਚਰਨਾਂ ਉੱਪਰ ਸਿਰ ਧਰ ਕੇ ਦਿੱਤੇ। ਗੁਰੂ ਜੀ ਨੇ ਉਸ ਉੱਪਰ ਖੁਸ਼ੀ ਕੀਤੀ ਤੇ ਉਸ ਨੂੰ ਮੂੰਹ ਮੰਗੀਆਂ ਮੁਰਾਦਾਂ ਦਿੱਤੀਆਂ। ਫਿਰ ਕਹਿ ਕੇ ਘੋੜਾ ਮੰਗਵਾਇਆ॥ ੩੭॥

ਭਏ ਅਰੂਢਨ ਪੰਥ ਪਧਾਰੇ। ਗਮਨੇ ਕੇਚਿਤ ਕੋਸ ਅਗਾਰੇ।
ਭੁੱਚੋ ਗ੍ਰਾਮ ਤੀਰ ਚਲਿ ਗਏ। ਤਹਾਂ ਤੜਾਗ ਬਿਲੋਕਤਿ ਭਏ॥ ੩੮॥

ਘੋੜੇ ਉੱਪਰ ਚੜ੍ਹ ਕੇ ਆਪਣੇ ਮਾਰਗ ਪੈ ਗਏ ਤੇ ਕਈ ਕੋਹ ਅੱਗੇ ਚਲੇ ਗਏ। ਭੁੱਚੋ ਪਿੰਡ ਦੇ ਫਿਰ ਨੇੜੇ ਚਲੇ ਗਏ। ਉਥੇ ਉਹ ਕੋਈ ਤਾਲ ਜਾਂ ਸਰੋਵਰ ਵੇਖਣ ਲੱਗੇ॥ ੩੮॥

ਤਿਸ ਮਹਿਂ ਪਾਨੀ ਕੁਛਕ ਮਲੀਨ। ਤ੍ਰਿਖਾ ਤੁਰੰਗਮ ਕੀ ਪ੍ਰਭੁ ਚੀਨ।
ਬੀਚ ਪ੍ਰਵੇਸ਼ੇ ਪਾਨ ਕਰਾਵਨ। ਹਯ ਕੀ ਗ੍ਰੀਵਾ ਕੀਨਿ ਨਿਵਾਵਨ॥ ੩੯॥

ਸਰੋਵਰ ਵਿਚ ਪਾਣੀ ਕੁਝ ਮੈਲਾ ਸੀ, ਪਰ ਸਤਿਗੁਰੂ ਜੀ ਨੇ ਘੋੜਿਆਂ ਦੀ ਪਿਆਸ ਜਾਣ ਕੇ, ਪਾਣੀ ਪਿਲਾਉਣ ਵਾਸਤੇ ਸਰੋਵਰ ਦੇ ਵਿਚ ਪ੍ਰਵੇਸ਼ ਕਰ ਗਏ ਤੇ ਘੋੜੇ ਦੀ ਧੌਣ ਨਿਵਾਈ॥ ੩੯॥

ਪਾਨੀ ਪਾਨ ਨ ਕੀਨ ਪਛਾਨਾ। ਸ੍ਰੀ ਮੁਖ ਤੇ ਤਿਸ ਸਮੈਂ ਬਖਾਨਾ।
'ਹੈ ਮਸੰਦ ਕੀ ਇਤ ਬਦਬੋਇ। ਯਾਂਤੇ ਅਸੁ ਜਲ ਛਕਜੇ ਨ ਸੋਇ' ॥੪੦॥

ਪਰ ਘੋੜੇ ਨੇ ਪਾਣੀ ਨਾ ਪੀਤਾ ਤਾਂ ਸਤਿਗੁਰੂ ਜੀ ਨੇ ਇਹ ਕਾਰਨ ਜਾਣ ਲਿਆ, "ਇਸ ਜਲ ਵਿਚੋਂ ਮਸੰਦ ਦੀ ਬਦਬੋ ਆਉਂਦੀ ਹੈ, ਇਸ ਕਰਕੇ ਘੋੜੇ ਨੇ ਜਲ ਨਹੀਂ ਛੱਕਿਆ ਹੈ"॥ ੪੦॥

ਗ੍ਰਾਮ ਬਿਖੈ ਸਿਖ ਤਬੈ ਪਠਾਯੋ। ਦਜਾਲਦਾਸ ਘਰ ਕੋ ਦਰਸਾਯੋ।
ਬੈਠਜੋ ਹੁਤੋ ਆਨਿ ਤਿਸ ਕਹਜੋ। ਸੁਨਿ ਕੈ ਸਭਿ ਹੂੰ ਨਿਸ਼ਚੈ ਲਹਜੋ॥ ੪੧॥

ਫਿਰ ਪਿੰਡ ਵਿਚ ਇਕ ਸਿੱਖ ਨੂੰ ਭੇਜਿਆ ਤੇ ਉਸ ਨੇ ਦਿਆਲ ਦਾਸ ਦੇ ਘਰ ਨੂੰ ਵੇਖਿਆ। ਬੈਠਾ ਹੋਇਆ ਹੈ, ਉਸ ਆ ਕੇ ਗੁਰੂ ਜੀ ਨੂੰ ਦੱਸਿਆ। ਸੁਣ ਕੇ ਸਾਰਿਆਂ ਨੂੰ ਨਿਸ਼ਚਾ ਹੋ ਗਿਆ॥ ੪੧॥

ਦਜਾਲਦਾਸ ਸੁਨਿਕੈ ਆਗਵਨੁ। ਤੂਰਨ ਗਮਨਜੋਂ ਤਜਾਗਤਿ ਭਵਨੁ।
ਮਿਲਜੋ ਜਾਇ ਪਗ ਬੰਦਨ ਠਾਨੀ। ਹਾਥ ਜੋਰਿ ਕਰਿ ਅਰਜ਼ ਬਖਾਨੀ॥ ੪੨॥

ਦਿਆਲ ਦਾਸ ਸੁਣ ਕੇ ਆਇਆ ਤੇ ਤੁਰਤ ਆਪਣਾ ਘਰ ਛੱਡ ਕੇ ਚਲ ਪਿਆ। ਸਤਿਗੁਰੂ ਨੂੰ ਜਾ ਕੇ ਮਿਲ ਕੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ। ਫਿਰ ਹੱਥ ਜੋੜ ਕੇ ਬੇਨਤੀ ਕੀਤੀ॥ ੪੨॥

'ਸ੍ਰੀ ਸਤਿਗੁਰ ਕੀਜਹਿ ਇਤ ਡੇਰਾ। ਜਾਨਹੁ ਭਲੇ ਕਦੀਮੀ ਚੇਰਾ'।
ਸੁਨਿਕੈ ਸ੍ਰੀ ਮੁਖ ਤੇ ਫੁਰਮਾਇ। 'ਉਤਰੈਂ ਭਾਗੂ ਗ੍ਰਾਮ ਸੁ ਜਾਇ' ॥ ੪੩॥

"ਸਤਿਗੁਰੂ ਜੀ ਏਥੇ ਡੇਰਾ ਕਰੋ, ਮੈਨੂੰ ਆਪਣਾ ਕਦੀਮੀ ਚੇਲਾ ਜਾਣੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਭਾਗੂ ਪਿੰਡ ਵਿਚ ਜਾ ਕੇ ਉਤਾਰਾ ਕਰਾਂਗੇ" ॥ ੪੩॥

ਲਖਜੋ ਬ੍ਰਿੱਧ ਬਹੁ ਬਿਨੈ ਬਖਾਨੀ। 'ਤਜਾਰ ਕਰੀ ਮੈਂ ਦੇਗ ਮਹਾਂਨੀ।
ਭੋਜਨ ਅਚਹੁ ਕਰਹੁ ਬਰਤਾਵਨ। ਪਾਵਨਿ ਪਾਵਨਿ ਕਰਿ ਘਰ ਪਾਵਨ' ॥੪੪॥

ਬੁੱਢਾ ਦਿਆਲ ਦਾਸ ਸਮਝ ਗਿਆ, ਪਰ ਫਿਰ ਵੀ ਉਸ ਬਹੁਤ ਬੇਨਤੀ ਕੀਤੀ, "ਮੈਂ ਮਹਾਨ ਲੰਗਰ ਤਿਆਰ ਕੀਤਾ ਹੈ, ਭੋਜਨ ਛਕੋ ਅਤੇ ਵਰਤਾਓ, ਆਪਣੇ ਪਵਿੱਤਰ ਚਰਨ ਪਾ ਕੇ ਮੇਰਾ ਘਰ ਪਵਿੱਤਰ ਕਰੋ" ॥ ੪੪ ॥

ਪੁਨ ਗੁਰ ਭਨਜੋ 'ਨ ਉਤਰਨ ਬਨੈ। ਗਮਨੈਂ ਪੰਥ ਘਾਮ ਹ੍ਵੈ ਘਨੈ'।
ਇਮ ਕਹਿ ਅੱਗ੍ਰ ਪਯਾਨੋ ਕੀਨ। ਦਜਾਲ ਦਾਸ ਤੇ ਲੀਨਿ ਨ ਦੀਨ ॥ ੪੫ ॥

ਫਿਰ ਗੁਰੂ ਜੀ ਨੇ ਕਿਹਾ, "ਏਥੇ ਉਤਾਰਾ ਨਹੀਂ ਬਣਦਾ ਹੈ, ਹੁਣ ਰਾਹੇ-ਰਾਹ ਚਲਦੇ ਹਾਂ, ਫਿਰ ਬਹੁਤ ਧੁੱਪ ਹੋ ਜਾਵੇਗੀ।" ਇਸ ਪ੍ਰਕਾਰ ਕਹਿ ਕੇ ਅੱਗੇ ਚਲ ਪਏ। ਦਿਆਲ ਦਾਸ ਪਾਸੋਂ ਨਾ ਪ੍ਰਸ਼ਾਦਿ ਲਿਆ ਤੇ ਨਾ ਹੀ ਅੰਮ੍ਰਿਤ ਛਕਾਇਆ ॥ ੪੫ ॥

ਰਾਮ ਸਿੰਘ ਤਿਹ ਸੰਗ ਉਬਾਚਾ। 'ਅਬਿ ਉਪਚਾਰ ਕਰਹੁ ਇਮ ਚਾਚਾ!।
ਸਕਲ ਅਹਾਰ ਤਿਹਾਵਲ ਜੋਇ। ਊਪਰ ਸਕਟ ਲਾਦ ਲਿਹੁ ਸੋਇ ॥ ੪੬ ॥

ਫਿਰ ਰਾਮ ਸਿੰਘ ਉਸ ਨੂੰ ਕਹਿਣ ਲੱਗਾ, "ਹੇ ਚਾਚਾ! ਹੁਣ ਇਹ ਯਤਨ ਕਰੋ ਸਾਰਾ ਭੋਜਨ ਅਤੇ ਜੋ ਕੜਾਹ ਪ੍ਰਸ਼ਾਦਿ ਹੈ, ਉਸ ਨੂੰ ਗੱਡੇ ਉੱਪਰ ਲੱਦ ਲਵੋ ॥ ੪੬ ॥

ਗਮਨਹੁ ਸੰਗ ਪ੍ਰਸੰਨਤਾ ਧਰੈਂ। ਲੇਹਿਂ ਦੇਗ਼ ਬੰਟਨਿ ਕੋ ਕਰੈਂ।
ਗੁਰੂ ਬਿਰੁਖ ਤੁਮ ਸੋਂ ਲਖਿ ਮਹਾਂ। ਬਖਸ਼ੈਂ ਹੈਂ ਚਲੀਅਹਿ ਜਹਿਂ ਕਹਾਂ' ॥ ੪੭ ॥

ਪ੍ਰਸੰਨਤਾ ਧਾਰ ਕੇ ਨਾਲ ਚਲੋ, ਲੰਗਰ ਲੈ ਕੇ ਫਿਰ ਵੰਡ ਦੇਵਾਂਗੇ। ਗੁਰੂ ਜੀ ਦੀ ਤੁਹਾਡੇ ਨਾਲ ਵੱਡੀ ਬੇਰੁਖੀ ਹੈ, ਇਸ ਨੂੰ ਸਮਝ ਲਵੋ, ਜਿੱਥੇ ਕਿੱਥੇ ਜਾ ਕੇ ਜ਼ਰੂਰ ਬਖਸ਼ਣਗੇ" ॥ ੪੭ ॥

ਇਮ ਸੁਨਿ ਕੈ ਤਿਨ ਸਕਟ ਲਦਾਯੋ। ਕਰਿ ਕੈ ਤਯਾਰ ਸੰਗ ਚਲਿਵਾਯੋ।
ਆਗੈ ਗਮਨ ਕੀਨਿ ਸੁਖ ਧਾਮੂ। ਡੇਰਾ ਕੀਯਸਿ ਭਾਗੂ ਗ੍ਰਾਮੂ ॥ ੪੮ ॥

ਇਹ ਸੁਣ ਕੇ ਉਸ ਗੱਡਾ ਲਦਾ ਲਿਆ ਤੇ ਤਿਆਰ ਕਰਕੇ ਨਾਲ ਚਲਵਾਇਆ। ਸਤਿਗੁਰੂ ਜੀ ਫਿਰ ਅੱਗੇ ਚਲ ਪਏ ਤੇ ਜਾ ਕੇ ਭਾਗੂ ਪਿੰਡ ਵਿਚ ਡੇਰਾ ਕੀਤਾ ॥ ੪੮ ॥

*ਪਹਿਲੇ ਐਨ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ ॥ ੨੩ ॥*

## ਅਧਿਆਇ ਚੌਵੀਵਾਂ

### ਬਠਿੰਡੇ ਵਿਚੋਂ ਕਾਣਾ ਦੈਂਤ ਕੱਢਣਾ

ਦੋਹਰਾ- ਨਿਸ ਬਿਤਾਇ ਸ੍ਰੀ ਸਤਿਗੁਰੂ ਕਰਿਕੈ ਸੋਚ ਸ਼ਨਾਨ।
ਗਏ ਵਠਿੰਡੇ ਦੁਰਗ ਕੋ ਦੇਖਯੋ ਜਾਇ ਮਹਾਨ ॥ ੧ ॥

ਰਾਤ ਬਤੀਤ ਕਰਕੇ ਅਤੇ ਸਤਿਗੁਰੂ ਜੀ ਸੋਚ ਇਸ਼ਨਾਨ ਕਰਕੇ ਬਠਿੰਡੇ ਚਲੇ ਗਏ ਤੇ ਮਹਾਨ ਕਿਲ੍ਹੇ ਨੂੰ ਜਾ ਕੇ ਵੇਖਿਆ ॥ ੧ ॥

ਚੌਪਈ- ਗੁਰ ਬਹੀਰ ਮੈਂ ਮਿਲਿ ਚਲਿ ਆਯੋ। ਗੋਦੜੀਆ ਜਿਹ ਨਾਮ ਕਹਾਯੋ।
ਦਜਾਲਦਾਸ ਭਰਿ ਸਕਟ ਅਹਾਰਾ। ਫਿਰੈ ਲਿਯੋ, ਨਹਿਂ ਅੰਗੀਕਾਰਾ ॥੨ ॥

ਜਿਹੜਾ ਗੋਦੜੀਏ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਹ ਗੁਰੂ ਜੀ ਦੀ ਵਹੀਰ ਨਾਲ ਮਿਲ ਕੇ ਚਲ ਕੇ ਆਇਆ ਸੀ। ਦਿਆਲ ਦਾਸ ਨੇ ਗੱਡਾ ਭੋਜਨ ਨਾਲ ਭਰਿਆ ਸੀ, ਲਈ ਫਿਰਦਾ ਸੀ, ਪਰ ਸਤਿਗੁਰੂ ਜੀ ਨੇ ਅੰਗੀਕਾਰ ਨਹੀਂ ਕੀਤਾ ਸੀ॥ ੨॥

ਡੇਰਾ ਕੀਜਸਿ ਗੁਰ ਭਗਵਾਨ। ਉਤਰੇ ਸਰਬ ਚੁਗਿਰਦੇ ਆਨਿ।
ਨਿਸਾ ਪਰੀ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ॥ ੩॥

ਸਤਿਗੁਰੂ ਜੀ ਨੇ ਫਿਰ ਉਥੇ ਡੇਰਾ ਕੀਤਾ ਤੇ ਸਾਰੇ ਉਨ੍ਹਾਂ ਦੇ ਚਾਰ-ਚੁਫੇਰੇ ਆ ਉੱਤਰੇ। ਰਾਤ ਪੈਣ 'ਤੇ ਖਾਣ ਪੀਣ ਕੀਤਾ ਤੇ ਕਿਰਪਾ-ਨਿਧਾਨ ਫਿਰ ਸੁਖ ਨਾਲ ਸੌਂ ਗਏ॥ ੩॥

ਪਹਿਰਾ ਦੇਤ ਸਿੰਘ ਹੈਂ ਖਰੇ। ਬਾਰੀ ਨਿਜ ਨਿਜ ਜਾਗ੍ਰਨਿ ਕਰੇ।
ਅਰਧ ਰਾਤਿ ਮਹਿਂ ਕੰਨਜਾ ਆਈ। ਦੀਨ ਪ੍ਰਦਛਨਾ ਗ੍ਰੀਵ ਨਿਵਾਈ॥ ੪॥

ਸਿੰਘ ਖੜੇ ਹੋ ਕੇ ਪਹਿਰਾ ਦੇ ਰਹੇ ਸਨ, ਆਪਣੀ ਵਾਰੀ ਆਉਣ 'ਤੇ ਸਾਰੇ ਜਾਗਦੇ ਸਨ। ਅੱਧੀ ਰਾਤ ਹੋਣ 'ਤੇ ਇਕ ਕੰਨਿਆ ਆਈ ਤੇ ਉਸ ਸਿਰ ਨਿਵਾ ਕੇ ਪਰਿਕਰਮਾਂ ਕੀਤੀਆਂ॥ ੪॥

ਬਹੁ ਪ੍ਰਕਾਰ ਕੀ ਬਿਨੈ ਬਖਾਨੀ। 'ਤੁਮ ਆਏ ਮਮ ਬ੍ਰਿਥਾ ਪਛਾਨੀ।
ਜੰਗਲ ਦੇਸ਼ ਜਿਤਿਕ ਛਿਤ ਜੋਇ। ਧਰਿ ਸਰੂਪ ਮੈਂ ਆਈ ਸੋਇ॥ ੫॥

ਬਹੁਤ ਪ੍ਰਕਾਰ ਦੀ ਬੇਨਤੀ ਕੀਤੀ, ''ਤੁਸੀਂ ਮੇਰੀ ਵਿਥਿਆ ਪਛਾਣ ਕੇ ਆਏ ਹੋ। ਮਾਲਵੇ ਦੀ ਜਿੰਨੀ ਵੀ ਧਰਤੀ ਹੈ, ਮੈਂ ਉਸ ਦਾ ਸਰੂਪ ਧਾਰ ਕੇ ਆਈ ਹਾਂ॥ ੫॥

ਦੈਵ ਜੋਗ ਕਰਿ ਤੁਮ ਆਗਵਨੁ। ਸਗਰੋ ਦੇਸ਼ ਕਰਹੁ ਅਬਿ ਰਵਨੁ।
ਇਕ ਤੌ ਕਾਣੇ ਦੇਵ ਭਯਾਨਾ। ਬਸਹਿ ਦੁਰਗ ਮਹਿਂ ਦੁਸ਼ਟ ਮਹਾਨਾ॥ ੬॥

ਸੰਜੋਗ ਨਾਲ ਆਪ ਜੀ ਦਾ ਆਉਣਾ ਹੋਇਆ ਹੈ, ਹੁਣ ਸਾਰੇ ਦੇਸ਼ ਨੂੰ ਵੀ ਸੋਹਣਾ ਬਣਾ ਦੇਵੋ। ਇਕ ਤਾਂ ਕਾਣਾ ਦੈਂਤ ਬਹੁਤ ਭਿਆਨਕ ਹੈ। ਉਹ ਮਹਾਨ ਦੁਸ਼ਟ ਕਿਲ੍ਹੇ ਦੇ ਵਿਚ ਰਹਿੰਦਾ ਹੈ॥ ੬॥

ਸੋ ਅਨਾਜ ਕੀ ਬਧਨ ਨ ਦੇਤਿ। ਛੀਨ ਨਰਨ ਤੇ ਖਾਇ ਸੁ ਲੇਤਿ।
ਇਸ ਕੋ ਕਰੋ ਨਿਕਾਸਨਿ ਜਬੈ। ਦਿਨ ਪ੍ਰਤਿ ਦੇਸ਼ ਬਸਹਿਗੋ ਸਬੈ॥ ੭॥

ਉਹ ਅਨਾਜ ਦੀ ਪੈਦਾਇਸ਼ ਵਧਣ ਨਹੀਂ ਦਿੰਦਾ ਹੈ, ਲੋਕਾਂ ਪਾਸੋਂ ਖੋਹ ਕੇ ਖਾ ਲੈਂਦਾ ਹੈ। ਇਸ ਨੂੰ ਜਦ ਕਿਲ੍ਹੇ ਵਿਚੋਂ ਕੱਢ ਦੇਵੋਗੇ ਤਾਂ ਫਿਰ ਦਿਨ ਪ੍ਰਤੀ ਸਾਰਾ ਦੇਸ਼ ਵੱਸੇਗਾ॥ ੭॥

ਪੁਨ ਉਪਜਹਿਂਗੇ ਅੰਨ ਮਹਾਨੇ। ਤੁਮ ਆਗਵਨ ਪ੍ਰਤਾਪ ਪਛਾਨੇ'।
ਸੁਨਿ ਸਤਿਗੁਰ ਕੰਨਜਾ ਤੇ ਸਬੈ। ਧੀਰਜ ਦੀਨਸਿ ਕਹਿ ਮ੍ਰਿਦੁ ਤਬੈ॥ ੮॥

ਫਿਰ ਬਹੁਤ ਅਨਾਜ ਪੈਦਾ ਹੋਵੇਗਾ, ਤੁਹਾਡੇ ਆਉਣ ਦਾ ਪ੍ਰਤਾਪ ਪਛਾਣਦੇ ਹਾਂ।'' ਉਸ ਕੰਨਿਆਂ ਪਾਸੋਂ ਸਭ ਸੁਣ ਕੇ, ਉਸ ਨੂੰ ਬੜੇ ਮਿੱਠੇ ਬਚਨ ਕਹਿ ਕੇ ਧੀਰਜ ਦਿੱਤਾ॥ ੮॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੋਚ ਸ਼ਨਾਨ ਪ੍ਰਾਤਿ ਹੁਇ ਆਈ।
ਬੈਠੇ ਸਤਿਗੁਰ ਲਾਇ ਦਿਵਾਨ। ਇਕ ਪੰਡਿਤ ਗੁਰ ਸੰਗ ਮਹਾਨ॥ ੯॥

ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਸਵੇਰੇ ਸਵੱਖਤੇ ਉੱਠ ਕੇ ਸੋਚ ਇਸ਼ਨਾਨ ਕੀਤਾ। ਸਤਿਗੁਰ ਜੀ ਫਿਰ ਦਿਵਾਨ ਲਾ ਕੇ ਬੈਠ ਗਏ। ਇਕ ਮਹਾਨ ਪੰਡਿਤ ਗੁਰੂ ਜੀ ਦੇ ਨਾਲ ਸੀ॥ ੯॥

ਸੋ ਭੀ ਥਿਰਜੋ ਆਨਿ ਕਰਿ ਪਾਸ। ਸ੍ਰੀ ਪ੍ਰਭੁ ਕਰਜੋ ਪ੍ਰਸੰਗ ਪ੍ਰਕਾਸ਼।
'ਬਡੋ ਦੁਰਗ ਇਹ ਰਚਿਬੋ ਕਰਜੋ। ਬਡੋ ਦੇਵ ਵਿਚ ਬਾਸਾ ਧਰਜੋ॥ ੧੦॥

ਉਹ ਵੀ ਗੁਰੂ ਜੀ ਦੇ ਪਾਸ ਆ ਕੇ ਬੈਠ ਗਿਆ। ਸਤਿਗੁਰੂ ਜੀ ਨੇ ਇਹ ਪ੍ਰਸੰਗ ਪ੍ਰਕਾਸ਼ ਕੀਤਾ, "ਇਹ ਬਹੁਤ ਵੱਡਾ ਕਿਲ੍ਹਾ ਬਣਾਇਆ ਹੈ, ਇਸ ਵਿਚ ਇਕ ਬਹੁਤ ਵੱਡਾ ਦੈਂਤ ਰਹਿੰਦਾ ਹੈ॥ ੧੦॥

ਦੇਸ਼ ਉਜਾਰਨ ਮਹਿਂ ਜਿਹ ਆਸ਼ੇ। ਕਹਹੁ ਬਿੱਪ੍ਰ ਕਿਮ ਤਿਸੈ ਨਿਕਾਸੈਂ।
ਸੁਨਿ ਪੰਡਿਤ ਇਮ ਬਾਕ ਬਖਾਨਜੋ। 'ਮਹਾਂ ਪੁਰਖ ਤੁਮ ਸਭਿ ਕਿਛ ਜਾਨਜੋਂ॥੧੧॥

ਜਿਸ ਦਾ ਆਸ਼ਾ ਇਸ ਦੇਸ਼ ਨੂੰ ਉਜਾੜਨ ਦਾ ਹੈ। ਹੇ ਪੰਡਿਤ ਜੀ! ਕਹੋ, ਉਸ ਦੈਂਤ ਨੂੰ ਏਥੋਂ ਕਿਵੇਂ ਕੱਢੀਏ।" ਇਹ ਸੁਣ ਕੇ ਪੰਡਿਤ ਨੇ ਇਸ ਪ੍ਰਕਾਰ ਕਿਹਾ, "ਤੁਸੀਂ ਮਹਾਂਪੁਰਖ ਹੋ, ਸਭ ਕੁਝ ਜਾਣਦੇ ਹੋ॥ ੧੧॥

ਬੂਝਜੋ ਮੋਹਿ ਕਹੌਂ ਪ੍ਰਭੁ ਪਾਸੀ। ਰਚਜੋ ਦੁਰਗ ਇਹ ਮਹਾਂ ਮਵਾਸੀ।
ਬਿਨੈਪਾਲ ਮਹਿਪਾਲ ਬਡੇਰਾ। ਰਚਜੋ ਦੁਰਗ ਧਨ ਦੇ ਬਹੁਤੇਰਾ॥ ੧੨॥

ਤੁਸੀਂ ਮੈਨੂੰ ਪੁੱਛਿਆ ਹੈ, ਇਸ ਕਰਕੇ ਮੈਂ ਤੁਹਾਡੇ ਪਾਸ ਕਹਿੰਦਾ ਹਾਂ, ਇਹ ਮਹਾਨ ਪਨਾਹ ਵਾਸਤੇ ਕਿਲ੍ਹਾ ਬਣਾਇਆ ਹੈ। ਬਿਨੈਪਾਲ ਇਕ ਵੱਡਾ ਰਾਜਾ ਸੀ, ਉਸ ਨੇ ਬਹੁਤ ਧਨ ਦੇ ਕੇ ਇਹ ਕਿਲ੍ਹਾ ਤਿਆਰ ਕਰਵਾਇਆ ਹੈ॥ ੧੨॥

ਭਯੋ ਮਹੀਪ ਗੋਰੀਆ ਜਬੈ। ਇਸ ਮੈਂ ਭਾ ਪ੍ਰਵੇਸ਼ ਸੋ ਤਬੈ।
ਊਪਰ ਤੇ ਬਿਦਾਰ ਤਿਨ ਦੀਨਾ। ਹੁਤੋ ਬਿਸਾਲ ਅਲਪ ਇਹ ਕੀਨਾ॥੧੩॥

ਜਦ ਰਾਜਾ ਆਕੀ ਹੋ ਗਿਆ ਤਾਂ ਇਸ ਕਿਲ੍ਹੇ ਵਿਚ ਪ੍ਰਵੇਸ਼ ਕਰ ਗਿਆ। ਉਸ ਨੇ ਕਿਲ੍ਹੇ ਨੂੰ ਉੱਪਰ ਤੋਂ ਢਾਹ ਦਿੱਤਾ, ਜਿਹੜਾ ਕਿਲ੍ਹਾ ਬਹੁਤ ਵੱਡਾ ਸੀ, ਉਸ ਨੂੰ ਛੋਟਾ ਕਰ ਦਿੱਤਾ॥ ੧੩॥

ਹਾਥੀ ਕੋ ਬਲਿ ਦਿਹੁ ਇਸ ਥਾਨ। ਤੌ ਇਸ ਕੇ ਬਿਚ ਕਰਹੁ ਪਯਾਨ।
ਦੇਵ ਆਦਿ ਜੋ ਅਪਰ ਸਨਾਤਿ। ਸਭਿ ਚਲਿ ਜਾਹਿਂ, ਨ ਰਹੈਂ ਕਦਾਂਤਿ॥੧੪॥

ਇਸ ਥਾਂ ਹਾਥੀ ਦੀ ਬਲੀ ਦੇ ਕੇ ਇਸ ਦੇ ਵਿਚ ਦਾਖਲ ਹੋ ਜਾਵੋ, ਦੈਂਤ ਆਦਿ ਜਿਹੜੇ ਹੋਰ ਭੂਤ ਪ੍ਰੇਤ ਹਨ, ਉਹ ਸਾਰੇ ਚਲੇ ਜਾਣਗੇ, ਕਦੀ ਵੀ ਨਹੀਂ ਰਹਿਣਗੇ। ਸਾਰੇ ਨਿਕਲ ਜਾਣਗੇ, ਕੋਈ ਵੀ ਨਹੀਂ ਰਹੇਗਾ॥ ੧੪॥

ਬਿਨਾ ਦੀਏ ਬਲਿ, ਭੀ ਚਲਿ ਜਾਵਹੁ। ਹੋ ਸਮਰਥ ਜਿਮ ਚਹਹੁ ਬਨਾਵਹੁ।
ਤਊ ਹਰਖ ਕਰਿ ਸਕਲ ਪਯਾਨੈਂ। ਬਲਿ ਕੋ ਲੇਤਿ ਸੁ ਭਲੋ ਬਖਾਨੈਂ॥੧੫॥

ਤੁਸੀਂ ਬਲੀ ਹੋ, ਬਿਨਾਂ ਬਲੀ ਦਿੱਤੇ ਵੀ ਜਾ ਸਕਦੇ ਹੋ, ਤੁਸੀਂ ਹਰ ਪ੍ਰਕਾਰ ਸਮਰੱਥ ਹੋ ਜਿਵੇਂ ਚਾਹੋ ਬਣਾ ਸਕਦੇ ਹੋ, ਫਿਰ ਵੀ ਪ੍ਰਸੰਨ ਹੋ ਕੇ ਸਾਰੇ ਚਲੇ ਜਾਣਗੇ। ਤਦ ਵੀ ਜੇ ਬਲੀ ਦੇਵੋਗੇ ਤਾਂ ਸਾਰੇ ਖੁਸ਼ੀ ਨਾਲ ਚਲੇ ਜਾਣਗੇ ਅਤੇ ਬਲੀ ਲੈ ਕੇ ਉਹ ਸ਼ੁਭ ਬੋਲਦੇ ਜਾਣਗੇ"॥ ੧੫॥

ਸ੍ਰੀ ਗੁਰ ਕਹਜੋ 'ਕਹਾਂ ਅਬਿ ਹਾਥੀ। ਪ੍ਰਾਪਤਿ ਨਹਿਂ ਉਪਾਇ ਕੇ ਸਾਥੀ।
ਹਾਥ ਆਇ, ਸੋ ਕਹਾਂ ਮੰਗਾਵੈਂ। ਦੇਂ ਬਲਿ, ਥਲ ਬਾਸੀ ਹਰਖਾਵੈਂ॥੧੬॥

ਸਤਿਗੁਰੂ ਜੀ ਨੇ ਕਿਹਾ, ਹੁਣ ਹਾਥੀ ਕਿਥੋਂ ਮਿਲਣਾ ਹੈ, ਉਹ ਕੁਝ ਉਪਾਅ ਕਰਨ ਦੇ ਨਾਲ ਵੀ ਪ੍ਰਾਪਤ ਨਹੀਂ ਹੋਵੇਗਾ। ਜੇ ਹੱਥ ਨਹੀਂ ਆਵੇਗਾ ਤਾਂ ਕਿਥੋਂ ਮੰਗਵਾਵਾਂਗੇ। ਬਲੀ ਦੇ ਕੇ ਇਸ ਥਾਂ ਵੱਸਣ ਵਾਲੇ ਭੂਤਾਂ ਨੂੰ ਖੁਸ਼ ਕਰੀਏ"॥ ੧੬॥

ਸੁਨਿ ਪੰਡਿਤ ਕਹਿ 'ਨਹਿਂ ਜਿ ਮਤੰਗਾ। ਮਹਿਖ ਮੰਗਾਉ ਅੰਗ ਸਮ ਰੰਗਾ'।
ਤਬਿ ਸਿੱਖਨਿ ਸਨ ਗੁਰੂ ਬਖਾਨਾ। 'ਗ੍ਰਾਮ ਬੰਗੇਹਰਿ ਨਿਕਟਿ ਸਥਾਨਾ॥੧੭॥

ਇਹ ਸੁਣ ਕੇ ਪੰਡਿਤ ਨੇ ਕਿਹਾ, "ਜੇ ਹਾਥੀ ਨਹੀਂ ਮਿਲਦਾ ਤਾਂ ਸੰਢਾ ਮੰਗਵਾਓ, ਜਿਸ ਦਾ ਰੰਗ ਹਾਥੀ ਵਰਗਾ ਹੋਵੇ।" ਤਦ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਬੰਗੇਹਰ ਪਿੰਡ ਏਥੋਂ ਨੇੜੇ ਹੀ ਹੈ"॥ ੧੭॥

ਚਲਿ ਤੁਮ ਜਾਹੁ ਮਹਿਖ ਕੋ ਲਜਾਵਹੁ। ਤਹਿਂ ਕੇ ਮਾਲਕ ਸਕਲ ਸੁਨਾਵਹੁ।
ਪੰਚ ਸਿੰਘ ਗਮਨੇ ਤਿਸ ਕਾਲਾ। ਗਾਹਕ ਖਰੇ ਪਿਖੇ ਤਹਿਂ ਜਾਲਾ॥ ੧੮॥

ਤੁਸੀਂ ਚਲ ਕੇ ਜਾਵੋ ਤੇ ਇਕ ਸੰਢਾ ਲੈ ਕੇ ਆਵੋ ਤੇ ਸੰਢੇ ਦੇ ਮਾਲਕ ਨੂੰ ਸਾਰੀ ਗੱਲ ਸੁਣਾਵੋ।" ਉਸ ਸਮੇਂ ਪੰਜ ਸਿੰਘ ਗਏ, ਇਕ ਥਾਂ ਉਨ੍ਹਾਂ ਨੇ ਬਹੁਤ ਕਿਸਾਨ ਖੜੇ ਵੇਖੇ॥ ੧੮॥

ਸਭਿਨਿ ਸੰਗ ਤਿਹ ਨਿਕਟ ਅਲਾਯੋ। 'ਸ੍ਰੀ ਗੁਰ ਤੁਮ ਤੇ ਸੰਢਾ ਮੰਗਾਯੋ।
ਬਲਿ ਕੋ ਦੇਹਿਂ, ਨਿਕਾਸਹਿਂ ਦੇਉ। ਸਭਿ ਕੋ ਭਲੋ ਹੋਇ ਲਖਿ ਭੇਉ'॥ ੧੯॥

ਸਾਰਿਆਂ ਦੇ ਪਾਸ ਜਾ ਕੇ ਉਨ੍ਹਾਂ ਕਿਹਾ, "ਸਤਿਗੁਰੂ ਜੀ ਨੇ ਤੁਹਾਡੇ ਪਾਸੋਂ ਸੰਢਾ ਮੰਗਵਾਇਆ ਹੈ। ਬਲੀ ਦੇ ਕੇ ਉਹ ਦੈਂਤ ਨੂੰ ਕੱਢਣਗੇ। ਫਿਰ ਸਾਰਿਆਂ ਦਾ ਭਲਾ ਹੋਵੇਗਾ, ਇਹ ਭੇਦ ਸਮਝ ਲਵੋ"॥ ੧੯॥

ਮਹਾਂ ਬਲੀ ਅਰੁ ਮਾਰਨਹਾਰਾ। ਜਾਟਨ ਕੋ ਦੁਖਦਾਨ ਉਦਾਰਾ।
ਬੱਦਰੀ ਤਰੁ ਸੋਂ ਖਰੋ ਖਸੰਤਾ। ਜਿਸ ਦੇਖੇ ਤੇ ਭੈ ਉਪਜੰਤਾ॥ ੨੦॥

ਇਕ ਸੰਢਾ ਵੱਡਾ ਮਹਾਂ ਬਲੀ ਅਤੇ ਮਾਰਨਖੰਡਾ ਸੀ, ਜੱਟਾਂ ਨੂੰ ਵੱਡਾ ਦੁੱਖ ਦਿੰਦਾ ਸੀ। ਬੇਰੀ ਦੇ ਦਰੱਖਤ ਪਾਸ ਖੜਾ ਹੋ ਕੇ ਬੇਰੀ ਨਾਲ ਖਹਿ ਗਿਆ ਸੀ, ਜਿਸ ਨੂੰ ਵੇਖਣ ਨਾਲ ਹੀ ਵੱਡਾ ਡਰ ਪ੍ਰਗਟ ਹੁੰਦਾ ਸੀ॥ ੨੦॥

ਮਤੋ ਮਤਾਇ ਸਭਿਨਿ ਮਨ ਜਾਨਾ। ਸਿੰਘਨ ਸੰਗ ਹਾਸ ਕੋ ਠਾਨਾ।
'ਜਬਿ ਛੇਰਹਿੰਗੇ ਬਲ ਤੇ ਮਾਰਹਿ। ਇਤ ਉਤ ਭਾਜਹਿਂ ਸਕਲ ਪਧਾਰਹਿਂ' ॥੨੧॥

ਫਿਰ ਮਤਾ ਪਕਾ ਕੇ ਸਾਰਿਆਂ ਨੇ ਆਪਣੇ ਮਨ ਵਿਚ ਜਾਣਿਆ ਤੇ ਸਿੰਘਾਂ ਦੇ ਨਾਲ ਹਾਸਾ ਕਰਨ ਲੱਗੇ। "ਜਦ ਇਹ ਸੰਢੇ ਨੂੰ ਛੇੜਨਗੇ ਤਾਂ ਉਹ ਬਲ ਨਾਲ ਇਨ੍ਹਾਂ ਮਾਰੇਗਾ, ਫਿਰ ਏਧਰ ਓਧਰ ਹੋ ਕੇ ਸਾਰੇ ਸਿੰਘ ਭੱਜ ਜਾਣਗੇ॥ ੨੧॥

ਖਰੇ ਤਮਾਸ਼ਾ ਦੇਖਹਿਂ ਇਹਾਂ'। ਸਿੰਘਨਿ ਸੰਗ ਊਚ ਤਬਿ ਕਹਾ।
'ਉਤ ਹੇਰਹੁ ਬਦਰੀ ਤਰੁ ਤਰੇ। ਖਰੋ ਮਹਿਖ, ਲਿਹੁ ਆਗੇ ਕਰੇ॥ ੨੨॥

ਇਥੇ ਖੜੇ ਹੋ ਕੇ ਤਮਾਸ਼ਾ ਵੇਖਦੇ ਹਾਂ।" ਫਿਰ ਸਿੰਘਾਂ ਨੂੰ ਸੁਣਾ ਕੇ ਉੱਚੀ ਆਵਾਜ਼ ਵਿਚ ਕਿਹਾ, "ਓਧਰ ਬੇਰੀ ਦੇ ਰੁੱਖ ਦੇ ਥੱਲੇ ਵੇਖੋ, ਸੰਢਾ ਖੜਾ ਹੈ, ਇਸ ਨੂੰ ਅੱਗੇ ਲਾ ਕੇ ਲੈ ਜਾਵੋ॥ ੨੨॥

ਸ੍ਰੀ ਗੁਰ ਤੇ ਹਮ ਨਾਹਨ ਰਾਖੈਂ'। ਕਹਿ ਇਮ ਹਾਸ ਕਰਨ ਅਭਿਲਾਖੈ।
ਸੁਨਿ ਕਰਿ ਪੰਚਹੁਂ ਸਿੰਘ ਸਿਧਾਰੇ। ਬਲੀ ਮਹਿਖ ਜਹਿਂ ਖਰੋ ਅਗਾਰੇ॥ ੨੩॥

ਸਤਿਗੁਰੂ ਜੀ ਨੂੰ ਅਸੀਂ ਨਾਂਹ ਨਹੀਂ ਕਰਦੇ ਹਾਂ।" ਇਸ ਪ੍ਰਕਾਰ ਕਹਿ ਕੇ ਹਾਸਾ ਕਰਨ ਦੀ ਅਭਿਲਾਸ਼ਾ ਕੀਤੀ। ਇਹ ਸੁਣ ਕੇ ਪੰਜੇ ਸਿੰਘ ਚਲੇ ਗਏ। ਜਿੱਥੇ ਬਲਵਾਨ ਸੰਢਾ ਅੱਗੇ ਖੜਾ ਸੀ॥ ੨੩॥

ਕਹਯੋ ਜਾਇ 'ਗੁਰ ਤੋਹਿ ਬੁਲਾਯੋ। ਚਲਿ ਆਗੇ, ਬਲਿ ਦੇ ਮਨ ਭਾਯੋ'।
ਸੁਨਿ ਗੁਰ ਨਾਮ ਮਹਿਖ ਚਲਿ ਪਰਯੋ। ਬਲੀ ਨਿਬਲ ਸਮ ਪਗ ਮਗ ਧਰਯੋ॥੨੪॥

ਉਸ ਨੂੰ ਜਾ ਕੇ ਕਿਹਾ, "ਗੁਰੂ ਜੀ ਨੇ ਤੈਨੂੰ ਬੁਲਾਇਆ ਹੈ, ਅੱਗੇ ਚਲੋ ਤੇ ਮਨ-ਭਾਉਂਦੀ ਬਲੀ ਦੇਵੋ।" ਗੁਰੂ ਜੀ ਦਾ ਨਾਮ ਸੁਣ ਕੇ ਸੰਢਾ ਚਲ ਪਿਆ। ਬਲਵਾਨ ਸੰਢਾ ਨਿਰਬਲ ਸੰਢੇ ਵਾਂਗ ਚਲ ਪਿਆ॥ ੨੪॥

ਸਨੇ ਸਨੇ ਚਲਿ ਜਾਤਿ ਅਗਾਰੀ। ਤਿਮ ਪੰਚਹੁਂ ਸਿੰਘ ਚਲੇ ਪਿਛਾਰੀ।
ਰਾਹਕ ਹੇਰਤਿ ਹੋਇ ਹਿਰਾਨੇ। ਕਲਾਵਾਨ ਸਤਿਗੁਰੂ ਪਛਾਨੇ॥ ੨੫॥

ਹੌਲੀ-ਹੌਲੀ ਅੱਗੇ-ਅੱਗੇ ਚਲਿਆ ਜਾ ਰਿਹਾ ਸੀ, ਉਸ ਪ੍ਰਕਾਰ ਹੀ ਪੰਜੇ ਸਿੰਘ ਪਿੱਛੇ-ਪਿੱਛੇ ਜਾ ਰਹੇ ਸਨ। ਕਿਸਾਨ ਇਹ ਵੇਖ ਕੇ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਨੂੰ ਉਨ੍ਹਾਂ ਨੇ ਵੱਡਾ ਕਲਾਵਾਨ ਜਾਣਿਆ॥ ੨੫॥

ਪਸ਼ਚਾਤਾਪ ਕਰਤਿ ਹੀ ਰਹੇ। ਹਸਿਬੇ ਹੇਤੁ ਹਮਹੁ ਕਯੋਂ ਕਹੇ।
ਊਚ ਉਠਾਵਤਿ ਮੁਖ ਕੋ ਗਯੋ। ਮਹਿਖ ਗੁਰੂ ਕੇ ਸਨਮੁਖ ਭਯੋ॥ ੨੬॥

ਉਹ ਪਛਤਾਉਂਦੇ ਹੀ ਰਹਿ ਗਏ, ਹਾਸੇ ਵਾਸਤੇ ਅਸੀਂ ਕਿਉਂ ਕਿਹਾ। ਸੰਢਾ ਉੱਚਾ ਮੂੰਹ ਚੁੱਕ ਕੇ ਚਲਾ ਗਿਆ ਤੇ ਸਤਿਗੁਰੂ ਜੀ ਦੇ ਸਾਹਮਣੇ ਜਾ ਕੇ ਖੜਾ ਹੋ ਗਿਆ॥ ੨੬॥

ਉਠਿ ਸ੍ਰੀ ਪ੍ਰਭੁ ਬਿਚ ਦੁਰਗ ਪਧਾਰੇ। ਅਧਿਕ ਉਤੰਗ ਖਰੋ ਦ੍ਰਿਢ ਭਾਰੇ।
ਸਨੇ ਸਨੇ ਚਢਿ ਸ਼ਿਖਰ ਸਿਧਾਰੇ। ਪੀਛੇ ਗਮਨੇ ਸੰਗਿ ਜਿ ਸਾਰੇ॥ ੨੭॥

ਸਤਿਗੁਰੂ ਜੀ ਉੱਠ ਕੇ ਕਿਲ੍ਹੇ ਦੇ ਅੰਦਰ ਚਲੇ ਗਏ। ਕਿਲ੍ਹਾ ਬਹੁਤ ਉੱਚੇ ਸਥਾਨ ਤੇ ਖੜਾ ਸੀ ਤੇ ਬੜਾ ਮਜ਼ਬੂਤ ਬਣਿਆ ਸੀ। ਹੌਲੀ-ਹੌਲੀ ਸਤਿਗੁਰੂ ਜੀ ਸਿਖਰ ਤੇ ਪਹੁੰਚ ਗਏ, ਉਨ੍ਹਾਂ ਦੇ ਪਿੱਛੇ-ਪਿੱਛੇ ਸਾਰੇ ਸਿੰਘ ਨਾਲ ਗਏ॥ ੨੭॥

ਊਪਰ ਸੰਗ ਮਹਿਖ ਭੀ ਗਯੋ। ਸਭਿ ਮਹਿਂ ਧੀਰਜ ਧਰਿ ਥਿਰ ਭਯੋ।
ਮੈਲਾਗਰ ਸਿੰਘ ਕੀ ਦਿਸ਼ਿ ਹੇਰਾ। ਸ੍ਰੀ ਪ੍ਰਭੁ ਹੁਕਮ ਕਰਯੋ ਤਿਸ ਬੇਰਾ॥ ੨੮॥

ਉਨ੍ਹਾਂ ਦੇ ਨਾਲ ਸੰਢਾ ਵੀ ਉੱਪਰ ਚਲਾ ਗਿਆ, ਉਹ ਸਾਰਿਆਂ ਵਿਚ ਧੀਰਜ ਧਾਰ ਕੇ ਖੜਾ ਰਿਹਾ। ਫਿਰ ਸਤਿਗੁਰੂ ਜੀ ਨੇ ਮੈਲਾਗਰ ਸਿੰਘ ਵੱਲ ਵੇਖਿਆ। ਸਤਿਗੁਰੂ ਜੀ ਨੇ ਫਿਰ ਉਸ ਸਮੇਂ ਹੁਕਮ ਕੀਤਾ॥ ੨੮॥

'ਕਰਿ ਝਟਕਾ ਬਲਿ ਦਿਹੁ ਇਸ ਤਾਂਈ। ਬਹੁਰ ਨਿਕਾਸਹਿਂ ਦੇਵ ਇਥਾਈਂ'।
ਮੈਲਾਗਰ ਸਿੰਘ ਸੁਨਿ ਤਤਕਾਲਾ। ਖੈਂਚਿ ਨਿਕਾਰਯੋ ਖੜਗ ਕਰਾਲਾ॥ ੨੯॥

''ਝਟਕਾ ਕਰਕੇ ਇਸ ਸੰਢੇ ਦੀ ਬਲੀ ਦੇਵੋ, ਫਿਰ ਏਥੋਂ ਦੈਂਤ ਨੂੰ ਕੱਢੀਏ।'' ਮੈਲਾਗਰ ਸਿੰਘ ਨੇ ਸੁਣ ਕੇ ਤੁਰੰਤ ਆਪਣੀ ਵਿਕਰਾਲ ਤਲਵਾਰ ਖਿੱਚ ਕੇ ਮਿਆਨ ਵਿਚੋਂ ਬਾਹਰ ਕੱਢੀ॥ ੨੯॥

ਬਲ ਤੇ ਇਸ ਪ੍ਰਕਾਰ ਕੋ ਬਾਹਯੋ। ਸੀਸ ਅਜਾਤ ਮਹਿਮ ਕੋ ਲਾਹਯੋ।
ਪਰਯੋ ਮੁਨੇਰਨ ਊਪਰ ਭਾਰੀ। ਦਿਦੇ ਪ੍ਰਾਣ ਸਤਿਗੁਰੂ ਅਗਾਰੀ॥ ੩੦॥

ਬੜੇ ਜ਼ੋਰ ਨਾਲ ਇਸ ਪ੍ਰਕਾਰ ਤਲਵਾਰ ਚਲਾਈ ਤੇ ਐਸੀ ਸਫਾਈ ਨਾਲ ਸਿਰ ਉਤਾਰਿਆ ਕਿ ਸੰਢੇ ਨੂੰ ਪਤਾ ਵੀ ਨਾ ਲੱਗਾ। ਸੰਢੇ ਦਾ ਭਾਰੀ ਸਰੀਰ ਬਨੇਰੇ ਉੱਪਰ ਡਿੱਗ ਪਿਆ ਤੇ ਸੰਢੇ ਨੇ ਸਤਿਗੁਰੂ ਜੀ ਦੇ ਸਾਹਮਣੇ ਪ੍ਰਾਣ ਦੇ ਦਿੱਤੇ॥ ੩੦॥

ਮਰਨ ਸੁਧਾਰਯੋ ਅਪਨਿ ਭਲੇਰੇ। ਸਭਿਹਿਨਿ ਮਹਿਂ ਪ੍ਰਭੁ ਕਹਯੋ ਉਚੇਰੇ।
'ਮਹਿਖ ਮਰੇ ਕੋ ਤਰੇ ਗਿਰਾਵੈ। ਬਲੀ ਏਕ ਦੁਤਿਯ ਨ ਕਰ ਲਾਵੈ'॥ ੩੧॥

ਭਲੀ ਪ੍ਰਕਾਰ ਆਪਣੇ ਮਰਨ ਨੂੰ ਸੁਧਾਰ ਲਿਆ ਤੇ ਫਿਰ ਸਾਰਿਆਂ ਦੇ ਵਿਚ ਸਤਿਗੁਰੂ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, ''ਮਰੇ ਹੋਏ ਸੰਢੇ ਨੂੰ ਜਿਹੜਾ ਥੱਲੇ ਡੇਗੇ, ਇਕ ਹੀ ਬਲਵਾਨ ਸੁੱਟੇ ਦੂਸਰਾ ਨਾ ਹੱਥ ਲਾਵੇ''॥ ੩੧॥

ਸੁਨਿ ਤੂਸ਼ਨਿ ਹੋਏ ਸਭਿ ਕੋਈ। ਸਾਧ ਗੁਦੜੀਆ ਬੋਲਯੋ ਸੋਈ।
'ਹੁਕਮ ਹੋਇ ਤਰ ਇਸੇ ਗਿਰਾਵੋਂ। ਮੈਂ ਏਕਾਰੀ ਬਲ ਦਿਖਰਾਵੋਂ'॥ ੩੨॥

ਇਹ ਸੁਣ ਕੇ ਸਾਰੇ ਚੁੱਪ ਹੋ ਗਏ, ਫਿਰ ਗੋਂਦੜੀਆ ਸਾਧ ਬੋਲਿਆ, "ਆਪ ਜੀ ਦਾ ਹੁਕਮ ਹੋਵੇ ਤਾਂ ਮੈਂ ਇਸ ਨੂੰ ਥੱਲੇ ਡੇਗਾਂ, ਮੈਂ ਇਕੱਲਾ ਹੀ ਬਲ ਵਿਖਾਵਾਂਗਾ" ॥ ੩੨ ॥

ਸ਼ਾਰਤ ਸਮਝਜੋ ਲਿਯੋ ਉਠਾਇ। ਊਚ ਮੁਨੇਰੇ ਤੇ ਕੁਛ ਲਜਾਇ।
ਤਰੇ ਬਗਾਇ ਦੂਰ ਕੋ ਗੇਰਾ। ਬਿਸਮਾਨੇ ਜਬਿ ਸਭਿ ਨੇ ਹੇਰਾ॥ ੩੩॥

ਗੁਰੂ ਜੀ ਦਾ ਇਸ਼ਾਰਾ ਸਮਝ ਕੇ, ਉਸ ਨੇ ਚੁੱਕ ਲਿਆ ਤੇ ਉੱਚੇ ਬਨੇਰੇ 'ਤੇ ਲਿਆ ਕੇ ਥੱਲੇ ਬਹੁਤ ਦੂਰ ਡੇਗ ਦਿੱਤਾ। ਬਹੁਤ ਹੈਰਾਨ ਹੋਏ, ਜਦ ਸਾਰਿਆਂ ਨੇ ਇਹ ਕੌਤਕ ਵੇਖਿਆ॥ ੩੩॥

ਇਤਨੇ ਬਿਖੇ ਦੇਵ ਚਲਿ ਆਯੋ। ਸ੍ਰੀ ਪ੍ਰਭੁ ਕੋ ਨਿਜ ਦਰਸ ਦਿਖਾਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਬਾਸਾ ਗੋਇੰਦਵਾਲ ਅਗਾਰੀ॥ ੩੪॥

ਏਨੇ ਵਿਚ ਦੈਂਤ ਵੀ ਚਲ ਕੇ ਆ ਗਿਆ ਤੇ ਸਤਿਗੁਰੂ ਜੀ ਨੂੰ ਆਪਣੇ ਆਪ ਨੂੰ ਉਸ ਵਿਖਾਇਆ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਪਹਿਲਾਂ ਮੈਂ ਗੋਇੰਦਵਾਲ ਦੇ ਵਿਚ ਰਹਿੰਦਾ ਸੀ॥ ੩੪॥

ਹਮਰੀ ਜਾਤਿ ਹਜ਼ਾਰਹੁਂ ਥਿਰੇ। ਮਹਾਂ ਉਜਾਰ ਨਰਨ ਕੀ ਕਰੇ।
ਸ੍ਰੀ ਅੰਗਦ ਕਰਿ ਹੁਕਮ ਪਠਾਏ। ਸ੍ਰੀ ਗੁਰ ਅਮਰ ਹਮਹੁਂ ਪਰ ਆਏ॥ ੩੫॥

ਸਾਡੀ ਜਾਤੀ ਦੇ ਉਥੇ ਹਜ਼ਾਰਾਂ ਰਾਕਸ਼ ਰਹਿੰਦੇ ਸਨ, ਉਨ੍ਹਾਂ ਨੇ ਉਥੇ ਮਨੁੱਖਾਂ ਦੀ ਮਹਾਂ ਉਜਾੜ ਬਣਾਈ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਦੇ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਾਡੇ ਉੱਪਰ ਭੇਜਿਆ॥ ੩੫॥

ਸੰਗ ਛਰੀ ਕੇ ਜਾਰਤਿ ਹਮੈਂ। ਭਾਜੇ ਪ੍ਰੇਤ ਸਰਬ ਤਿਹ ਸਮੈਂ।
ਗਰਭਵਤੀ ਤਬਿ ਮਾਤ ਹਮਾਰੀ। ਭਾਜਿ ਪ੍ਰਸੂਤੀ ਖੇਤ ਮਝਾਰੀ॥ ੩੬॥

ਉਹ ਇਕ ਛੜੀ ਨਾਲ ਸਾਨੂੰ ਸਾੜਦੇ ਸਨ, ਉਸ ਸਮੇਂ ਉਥੋਂ ਸਾਰੇ ਰਾਕਸ਼ ਅਤੇ ਪ੍ਰੇਤ ਭੱਜ ਗਏ। ਉਸ ਸਮੇਂ ਸਾਡੀ ਮਾਂ ਗਰਭਵਤੀ ਸੀ। ਉਸ ਨੇ ਭੱਜਦੀ ਹੋਈ ਨੇ ਇਕ ਖੇਤ ਵਿਚ ਬੱਚਾ ਜਣਿਆ॥ ੩੬॥

ਫਰਡਾ ਲਗਿ ਜੁਵਾਰ ਕੋ ਮੇਰੇ। ਫੂਟਜੋ ਨੈਨ ਏਕ ਤਿਸ ਬੇਰੇ।
ਦੁਤਿਯ ਭ੍ਰਾਤ ਜਨਮਜੋ ਤਬਿ ਔਰ। ਟੁੰਡਾ, ਟੂਟਜੋ ਕਰ ਤਿਸ ਠੌਰ॥ ੩੭॥

ਉਥੇ ਮਕਈ ਦੇ ਖੇਤ ਵਿਚ ਡਿੱਗਣ ਕਰਕੇ, ਮਕਈ ਦਾ ਬੁੱਥਾ ਮੇਰੀ ਅੱਖ ਵਿਚ ਲੱਗਾ ਤੇ ਉਸ ਸਮੇਂ ਮੇਰੀ ਇਕ ਅੱਖ ਫੁੱਟ ਗਈ। ਫਿਰ ਮੇਰਾ ਇਕ ਹੋਰ ਭਰਾ ਪੈਦਾ ਹੋਇਆ, ਉਹ ਟੁੰਡਾ ਹੋ ਗਿਆ, ਉਸ ਦਾ ਇਕ ਹੱਥ ਉਥੇ ਟੁੱਟ ਗਿਆ॥ ੩੭॥

ਤਬ ਤੇ ਹਮ ਬਾਸੇ ਇਸ ਥਾਂਏ। ਸੰਮਤ ਸੈ ਤੇ ਅਧਿਕ ਬਿਤਾਏ।
ਇਤ ਭੀ ਬਸਨ ਦੇਤਿ ਕਜੋਂ ਨਾਂਹੀ? ਕੋਨ ਦੇਸ਼ ਮਹਿਂ ਹਮ ਚਲਿ ਜਾਂਹੀ?' ॥੩੮॥

ਤਦ ਤੋਂ ਅਸੀਂ ਇਸ ਥਾਂ ਤੇ ਰਹਿੰਦੇ ਹਾਂ, ਏਥੇ ਸੌ ਸਾਲ ਤੋਂ ਵੀ ਉੱਪਰ ਬਤੀਤ ਕੀਤੇ ਹਨ। ਏਥੇ ਵੀ ਸਾਨੂੰ ਹੁਣ ਕਿਉਂ ਨਹੀਂ ਰਹਿਣ ਦਿੰਦੇ? ਅਸੀਂ ਹੁਣ ਕਿਹੜੇ ਦੇਸ਼ ਵਿਚ ਚਲੇ ਜਾਈਏ?" ॥ ੩੮॥

ਸ੍ਰੀ ਪ੍ਰਭੁ ਹੁਕਮ ਕੀਨਿ ਤਿਸ ਤਾਂਈ। 'ਅਬਹਿ ਕਦੀਮੀ ਬਸਹੁ ਉਥਾਈ।
ਫਿਟਕੀ ਪੁਰੀ ਸਿਰੰਦ ਉਜਾਰਹੁ। ਜੜ੍ਹਾਂ ਉਖਾਰਿ ਸਤੁੱਦ੍ਰਵ ਡਾਰਹੁ॥ ੩੯॥

ਸਤਿਗੁਰੂ ਜੀ ਨੇ ਉਸ ਨੂੰ ਫਿਰ ਹੁਕਮ ਕੀਤਾ, "ਹੁਣ ਤੁਹਾਨੂੰ ਕਦੀਮੀ ਡੇਰਾ ਦਿੰਦੇ ਹਾਂ। ਫਿਟਕਾਰੀ ਹੋਈ ਸਿਰਹੰਦ ਦੀ ਨਗਰੀ ਨੂੰ ਹੁਣ ਉਜਾੜੋ ਤੇ ਉਸ ਦੀਆਂ ਜੜ੍ਹਾਂ ਉਖਾੜ ਕੇ ਸਤਲੁਜ ਵਿਚ ਸੁੱਟ ਦੇਵੋ॥ ੩੯॥

ਨਹਿਂ ਤਹਿਂ ਤੇ ਕੋ ਬਸਤਿ ਹਟਾਵੈ। ਸਦਾ ਬਾਸ ਤੁਮਰੋ ਬਿਨਆਵੈ।
ਨਿਕਸਹੁ ਅਬਿ ਬਿਲੰਬ ਨਹਿਂ ਕੀਜੈ। ਇਹ ਸਭਿ ਹਮਰੋ ਦੇਸ਼ ਲਖੀਜੈ ॥੪੦॥

ਉਥੇ ਰਹਿਣ ਤੋਂ ਤੁਹਾਨੂੰ ਕੋਈ ਨਹੀਂ ਹਟਾਵੇਗਾ, ਉਥੇ ਤੁਹਾਡਾ ਸਦਾ ਲਈ ਵਾਸਾ ਬਣਦਾ ਹੈ। ਹੁਣ ਏਥੋਂ ਨਿਕਲੋ ਤੇ ਦੇਰ ਨਾ ਲਾਵੋ, ਇਹ ਸਾਰੇ ਸਾਡੇ ਦੇਸ਼ ਸਮਝੀਏ॥ ੪੦॥

ਜੰਗਲ ਨਾਮ ਭਾਖਤੇ ਜੋਇ। ਆਨੰਦ ਘਨੋ ਮਾਲਵਾ ਹੋਇ'।
ਸੁਨਿ ਬੋਲਜੋ 'ਮੈਂ ਛੁਧਾ ਸਮੇਤ। ਪਹੁੰਚਜੋ ਜਾਇ ਨਹੀਂ ਇਸ ਹੇਤ॥ ੪੧॥

ਇਸਨੂੰ ਜਿਹੜੇ ਸਾਰੇ ਜੰਗਲ ਨਾਮ ਨਾਲ ਪੁਕਾਰਦੇ ਹਨ, ਇਹ ਆਨੰਦ ਸਹਿਤ ਸੰਘਣਾ ਮਾਲਵਾ ਹੋ ਜਾਵੇਗਾ।'' ਇਹ ਸੁਣ ਕੇ ਦੈਂਤ ਬੋਲਿਆ, ''ਮੈਂ ਹੁਣ ਬਹੁਤ ਭੁੱਖਾ ਹਾਂ, ਇਸ ਵਾਸਤੇ ਹੁਣ ਪਹੁੰਚਿਆ ਨਹੀਂ ਜਾਵੇਗਾ॥ ੪੧॥

ਹੁਕਮ ਅਘਾਵਨ ਕੋ ਕਹਿ ਦੀਜੈ। ਪੁਨ ਮੋਕਹੁ ਇਤ ਤੇ ਨਿਕਸੀਜੈ'।
ਸ੍ਰੀ ਮੁਖ ਤਿਹ ਕੇ ਸਾਥ ਬਖਾਨਾ। 'ਆਗੈ ਕਹਾਂ ਕਰਤਿ ਤੂ ਖਾਨਾ? ॥ ੪੨॥

ਖਾਣ ਦਾ ਹੁਕਮ ਕਹਿ ਦੇਵੋ, ਫਿਰ ਮੈਨੂੰ ਏਥੋਂ ਕੱਢ ਦੇਵੋ।'' ਸਤਿਗੁਰੂ ਜੀ ਨੇ ਫਿਰ ਉਸ ਨੂੰ ਕਿਹਾ, ''ਅੱਗੇ ਤੂੰ ਕਿੱਥੇ ਖਾਣਾ ਖਾਂਦਾ ਹੈਂ? ॥ ੪੨॥

ਆਜ ਨਹੀਂ ਕੈਸੇ ਤੁਮ ਬਨਜੋ'। ਸੁਨਿ ਕੈ ਦੇਵ ਗੁਰੂ ਸੰਗ ਭਨਜੋ।
'ਮਹਾਰਾਜ ਫਿਰਿਕੈ ਇਸ ਦੇਸ਼। ਬਿਚਰਤਿ ਜਿਤ ਕਿਤ ਖਾਤਿ ਵਿਸ਼ੇਸ਼॥ ੪੩॥

ਅੱਜ ਤੈਨੂੰ ਕਿਵੇਂ ਖਾਣਾ ਪ੍ਰਾਪਤ ਨਹੀਂ ਹੋਇਆ ਹੈ।'' ਇਹ ਸੁਣ ਕੇ ਦੈਂਤ ਨੇ ਗੁਰੂ ਜੀ ਨੂੰ ਕਿਹਾ, ''ਇਸ ਦੇਸ਼ ਵਿਚ ਫਿਰ ਕੇ ਵਿਚਰਦੇ ਹਾਂ ਤੇ ਜਿੱਥੇ-ਕਿੱਥੇ ਵਿਸ਼ੇਸ਼ ਖਾਣਾ ਖਾ ਲੈਂਦੇ ਹਾਂ॥ ੪੩॥

ਅੰਨ ਹਜ਼ਾਰਹੁਂ ਮਣ ਕੋ ਭੋਜਨ। ਦੇਖਤਿ ਫਿਰੋਂ ਅਸੁਚ ਹੁਇ ਜੋ ਜਨ।
ਸਤਿਗੁਰ ਅਰੁ ਹਰਿ ਨਾਮ ਨ ਕਹੈਂ। ਤਿਨ ਤੇ ਛੀਨਿ ਖਾਤ ਹਮ ਰਹੈਂ॥ ੪੪॥

ਹਜ਼ਾਰਾਂ ਮਣ ਅਨਾਜ ਸਾਡਾ ਭੋਜਨ ਹੈ। ਅਸੀਂ ਵੇਖਦੇ ਫਿਰਦੇ ਹਾਂ, ਜਿਹੜਾ ਵੀ ਮਨੁੱਖ ਸੁੱਚਾ ਨਹੀਂ ਹੁੰਦਾ ਹੈ, ਸਤਿਗੁਰੂ ਜੀ ਅਤੇ ਹਰੀ ਦਾ ਨਾਮ ਨਹੀਂ ਕਹਿੰਦਾ ਹੈ, ਉਸ ਪਾਸੋਂ ਅਨਾਜ ਖੋਹ ਕੇ ਅਸੀਂ ਖਾ ਲੈਂਦੇ ਹਾਂ॥ ੪੪॥

ਆਜ ਪ੍ਰਾਤਿ ਹੀ ਮੋਹਿ ਨਿਕਾਰਹੁ। ਨਹਿਂ ਕਿਤ ਤੇ ਕਰਿ ਲੀਨ ਅਹਾਰੋ'।
ਸ੍ਰੀ ਮੁਖ ਕਹਜੋ 'ਅਬਹਿ ਤੂੰ ਜਾਹੁ। ਹੈ ਮਸੂਰ ਪੁਰਿ ਤੁਮਰੇ ਰਾਹੁ॥ ੪੫॥

ਅੱਜ ਸਵੇਰੇ ਸਵੱਖਤੇ ਮੈਨੂੰ ਕੱਢਦੇ ਹੋ, ਮੈਂ ਕਿਸੇ ਸਥਾਨ ਤੋਂ ਵੀ ਹੁਣ ਤਕ ਭੋਜਨ ਪ੍ਰਾਪਤ ਨਹੀਂ ਕੀਤਾ ਹੈ।'' ਸਤਿਗੁਰੂ ਜੀ ਨੇ ਕਿਹਾ, ''ਹੁਣ ਤੂੰ ਜਾ, ਮਸੂਰਪੁਰ ਤੇਰੇ ਰਾਹ ਵਿਚ ਆਉਂਦਾ॥ ੪੫॥

ਤਹਾਂ ਦੁਪਹਿਰਾ ਕਰਿ ਬਿਸਰਾਮੂ। ਸੰਧਜਾ ਕਹੁ ਸਿਰੰਦ ਕਰਿ ਧਾਮੂ'।
ਸੁਨਤਿ ਹੁਕਮ ਕੋ ਕੀਨਿ ਪਿਯਾਨਾ। ਕਰਿ ਬੰਦਨ ਨਿਜ ਹਿਤ ਕੋ ਮਾਨਾ॥੪੬॥

ਉਥੇ ਜਾ ਕੇ ਦੁਪਹਿਰ ਨੂੰ ਵਿਸ਼ਰਾਮ ਕਰੋ ਤੇ ਸ਼ਾਮ ਨੂੰ ਸਿਰਹੰਦ ਨੂੰ ਆਪਣਾ ਘਰ ਬਣਾਵੋ।'' ਗੁਰੂ ਜੀ ਦਾ ਹੁਕਮ ਸੁਣ ਕੇ ਚਲਾ ਗਿਆ। ਬੰਦਨਾ ਕਰਕੇ ਆਪਣੇ ਹਿਤ ਨੂੰ ਮੰਨ ਲਿਆ॥ ੪੬॥

ਸ੍ਰੀ ਪ੍ਰਭੁ ਕੀਨਿ ਤਿਸੀ ਥਲ ਡੇਰਾ। ਬਿਸਮਤਿ ਲੋਕ ਸੁਨਤਿ ਜਿਨ ਹੇਰਾ।
ਮਹਾਰਾਜ ਕੀ ਸਤੁਤਿ ਸੁਨਾਵੈਂ। 'ਇਨ ਕੇ ਕਾਜ ਇਨਹੁ ਬਨਿਆਵੈ' ॥ ੪੭॥

ਸਤਿਗੁਰੂ ਜੀ ਨੇ ਫਿਰ ਉਸ ਸਥਾਨ ਵਿਖੇ ਹੀ ਆਪਣਾ ਡੇਰਾ ਕੀਤਾ। ਜਿਨ੍ਹਾਂ ਲੋਕਾਂ ਨੇ ਵੇਖਿਆ ਸੀ, ਉਹ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਦੀ ਉਸਤਤਿ ਸੁਣਾਉਂਦੇ ਸਨ, "ਇਨ੍ਹਾਂ ਦਾ ਕਾਰਜ, ਇਨ੍ਹਾਂ ਨੂੰ ਹੀ ਬਣ ਆਉਂਦਾ ਹੈ" ॥ ੪੭ ॥

*ਪਹਿਲੇ ਐਨ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ ॥ ੨੪ ॥*

# ਅਧਿਆਇ ਪੰਜੀਵਾਂ

*ਸੱਸੀ ਦਾ ਗੀਤ, ਬਠਿੰਡੇ ਦੀ ਕਥਾ, ਦਿਆਲ ਦਾਸ ਬਖਸ਼ਿਆ*

ਦੋਹਰਾ- ਖਾਨ ਪਾਨ ਕਰਿ ਰਾਤਿ ਕੋ ਥਿਰਿ ਪ੍ਰਯੰਕ ਪਰ ਸੋਇ।
ਉਤਰੇ ਤਰੇ ਸੁ ਦੁਰਗ ਕੇ ਹੁਤੇ ਵਪਾਰੀ ਕੋਇ॥ ੧॥

ਆਪਣਾ ਖਾਣ ਪੀਣ ਕਰਕੇ ਸਤਿਗੁਰੂ ਜੀ ਰਾਤ ਨੂੰ ਪਲੰਘ ਉੱਪਰ ਲੇਟ ਕੇ ਸੌਂ ਗਏ। ਕਿਲ੍ਹੇ ਦੇ ਹੇਠਾਂ ਕੁਝ ਵਾਪਾਰੀਆਂ ਨੇ ਡੇਰਾ ਕੀਤਾ ਸੀ॥ ੧॥

ਚੌਪਈ- ਤਿਨ ਸੱਸੀ ਪੁੰਨੂ ਕੋ ਗਾਯੋ। ਬਾਰ ਬਾਰ ਕਰਿ ਰਾਗ ਬਸਾਯੋ।
ਰਾਤਿ ਬਿਖੈ ਰਸ ਕੋ ਬਹੁ ਕੀਨਿ। ਥਿਰਿ ਪ੍ਰਯੰਕ ਸੁਨਿ ਗੁਰੂ ਪ੍ਰਬੀਨ॥੨॥

ਉਨ੍ਹਾਂ ਵਾਪਾਰੀਆਂ ਨੇ ਸੱਸੀ ਪੰਨੂ ਦਾ ਗੀਤ ਗਾਇਆ, ਬਾਰ-ਬਾਰ ਗਾ ਕੇ ਰਾਗ ਵਿਚ ਵਸਾਇਆ। ਰਾਤ ਦੇ ਸਮੇਂ ਬਹੁਤ ਰਸ ਬੰਨ੍ਹਿਆ ਪ੍ਰਬੀਨ ਸਤਿਗੁਰੂ ਜੀ ਪਲੰਘ ਉੱਪਰ ਲੇਟੇ ਹੋਏ ਸਨ, ਉਨ੍ਹਾਂ ਦੇ ਗੀਤ ਸੁਣਦੇ ਰਹੇ॥ ੨॥

ਚਿਰੰਕਾਲ ਲਗਿ ਗਾਵਤਿ ਰਹਯੋ। ਸਭਿਨਿ ਸੁਨਯੋਂ ਆਛੇ ਮਨ ਲਹਯੋ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਪ੍ਰਭੁ ਪ੍ਰਾਤਿ ਹੁਇ ਆਈ॥ ੩॥

ਕਾਫੀ ਲੰਮੇ ਸਮੇਂ ਤਕ ਉਹ ਗਾਉਂਦੇ ਰਹੇ, ਸਾਰਿਆਂ ਨੇ ਸੁਣਿਆ ਤੇ ਮਨ ਵਿਚ ਚੰਗਾ ਸਮਝਿਆ। ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਜਦ ਸਵੇਰ ਹੋ ਗਈ ਤਾਂ ਗੁਰੂ ਜੀ ਜਾਗ ਪਏ॥ ੩॥

ਸੌਚ ਸ਼ਨਾਨ ਦਿਵਾਨ ਲਗਾਯੋ। ਬੂਝਯੋ ਗੁਰੂ 'ਰਾਤਿ ਕਿਨ ਗਾਯੋ?'।
ਸਿੰਘਨਿ ਕਹਯੋ 'ਲਾਦ ਕੋ ਲਯਾਏ। ਉਸ਼ਟਰ ਬ੍ਰਿੰਦ ਸੰਗ, ਤਿਨ ਗਾਏ' ॥ ੪॥

ਸ਼ੌਚ ਇਸ਼ਨਾਨ ਕਰਕੇ ਗੁਰੂ ਜੀ ਨੇ ਦਿਵਾਨ ਲਾਇਆ ਤੇ ਫਿਰ ਉਨ੍ਹਾਂ ਪੁੱਛਿਆ "ਰਾਤ ਨੂੰ ਗੀਤ ਕੌਣ ਗਾਉਂਦਾ ਸੀ?" ਸਿੰਘਾਂ ਨੇ ਕਿਹਾ, "ਕੁਝ ਵਾਪਾਰੀ ਮਾਲ ਲੱਦ ਕੇ ਲਿਆਏ ਹਨ, ਉਨ੍ਹਾਂ ਨਾਲ ਬਹੁਤ ਊਠ ਹਨ, ਉਨ੍ਹਾਂ ਨੇ ਗੀਤ ਗਾਏ ਹਨ" ॥ ੪॥

'ਜਾਇ ਬੁਲਾਵਹੁ ਲਯਾਵਹੁ ਤਾਂਹਿ'। ਸੁਨਿ ਕਰਿ ਦਾਸ ਗਯੋ ਤਿਨ ਪਾਹਿ।
'ਗੁਰੂ ਹਕਾਰਹਿਂ', ਚਲਿ ਸੋ ਆਯੋ। ਦਰਸ਼ਨ ਕਰਤੇ ਸੀਸ ਨਿਵਾਯੋ॥ ੫॥

ਸਤਿਗੁਰੂ ਜੀ ਨੇ ਕਿਹਾ, "ਉਨ੍ਹਾਂ ਨੂੰ ਬੁਲਾ ਕੇ ਲਿਆਵੋ।" ਇਹ ਸੁਣ ਕੇ ਸੇਵਕ ਉਨ੍ਹਾਂ ਦੇ ਪਾਸ ਗਏ ਤੇ ਕਿਹਾ, "ਗੁਰੂ ਜੀ ਬੁਲਾਉਂਦੇ ਹਨ।" ਉਹ ਚਲ ਕੇ ਆ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਸਿਰ ਨਿਵਾਏ॥ ੫॥

ਸ੍ਰੀ ਪ੍ਰਭੁ ਭਨਹਿਂ 'ਰਾਤਿ ਜਿਮ ਗਾਵਤਿ। ਸੱਸੀ ਪੁੰਨੂ ਰਾਗ ਬਸਾਵਤਿ।
ਬੈਠਿ ਇਹਾਂ ਅਬਿ ਗਾਵਨ ਕਰੋ। ਤਿਸੀ ਪ੍ਰਕਾਰ ਅਧਿਕ ਰਸ ਧਰੋ' ॥ ੬ ॥

ਸਤਿਗੁਰੂ ਜੀ ਨੇ ਕਿਹਾ, "ਰਾਤ ਜਿਵੇਂ ਗਾਉਂਦੇ ਸੀ, ਸੱਸੀ ਪੁੰਨੂੰ ਦੇ ਗੀਤ ਨੂੰ ਰਾਗ ਵਿਚ ਵਸਾਉਂਦੇ ਸੀ। ਹੁਣ ਏਥੇ ਬੈਠ ਕੇ ਗੀਤ ਗਾਓ ਤੇ ਉਸੇ ਪ੍ਰਕਾਰ ਵੱਡਾ ਰਸ ਧਾਰਨ ਕਰੋ" ॥ ੬ ॥

ਸੁਨਿ ਕਰ ਜੋਰਤਿ ਬੋਲਜੋ ਸੋਇ। 'ਅਬਿ ਤੌ ਗਾਯੋ ਜਾਇ ਨ ਕੋਇ।
ਲਾਜ ਆਪ ਤੇ ਮੁਝ ਕੋ ਆਵੈ। ਸਮੁਖ ਬੋਲਿਬੇ ਨਾਂਹਿਨ ਭਾਵੈ' ॥ ੭ ॥

ਇਹ ਸੁਣ ਕੇ ਉਹ ਹੱਥ ਜੋੜ ਕੇ ਬੋਲਿਆ, "ਹੁਣ ਤਾਂ ਗਾਇਆ ਨਹੀਂ ਜਾ ਸਕਦਾ, ਆਪ ਜੀ ਪਾਸੋਂ ਮੈਨੂੰ ਸ਼ਰਮ ਆਉਂਦੀ ਹੈ, ਆਪ ਜੀ ਦੇ ਸਾਹਮਣੇ ਬੋਲਣਾ ਚੰਗਾ ਨਹੀਂ ਲੱਗਦਾ ਹੈ" ॥ ੭ ॥

ਤਬਿ ਗੁਰ ਦਈ ਕਨਾਤ ਤਨਾਇ। ਸਭਿ ਕੇ ਓਟੈ ਤਾਂਹਿ ਬਿਠਾਇ।
ਪ੍ਰਭੁ ਕੇ ਹੁਕਮ ਮਾਨਿ ਕਰਿ ਗਾਯੋ। ਤਊ ਰਾਤਿ ਸਮ ਰਸ ਨਹਿਂ ਪਾਯੋ ॥ ੮ ॥

ਤਦ ਗੁਰੂ ਜੀ ਨੇ ਇਕ ਕਨਾਤ ਤਨਾਈ, ਸਾਰਿਆਂ ਦੇ ਓਹਲੇ ਉਨ੍ਹਾਂ ਨੂੰ ਬਿਠਾ ਦਿੱਤਾ। ਤਾਂ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਉਸ ਨੇ ਗੀਤ ਗਾਇਆ, ਪਰ ਫਿਰ ਵੀ ਰਾਤ ਸਮੇਂ ਵਰਗਾ ਰਸ ਨਾ ਪ੍ਰਾਪਤ ਹੋਇਆ ॥ ੮ ॥

ਧਨ ਦੇ ਕਰਿ ਤਿਸ ਕਿਯੋ ਨਿਹਾਲ। ਕਰੀ ਮੌਜ ਸ੍ਰੀ ਪ੍ਰਭੂ ਬਿਸਾਲ।
ਸੱਸੀ ਪਰ ਕਿਹ ਤਰਕ ਉਠਾਈ। ਤਿਸ ਪ੍ਰਤਿ ਉੱਤਰ ਕਰਜੋ ਗੁਸਾਈਂ ॥ ੯ ॥

ਉਸ ਨੂੰ ਸਤਿਗੁਰੂ ਜੀ ਨੇ ਧਨ ਦੇ ਕੇ ਨਿਹਾਲ ਕੀਤਾ ਤੇ ਉਸ ਉੱਪਰ ਮਹਾਨ ਬਖ਼ਸ਼ਿਸ਼ ਕੀਤੀ। ਸੱਸੀ ਉੱਪਰ ਕਹਿ ਕੇ ਕਿਸੇ ਤਰਕ ਉਠਾਈ, ਉਸ ਪ੍ਰਤੀ ਗੁਰੂ ਜੀ ਨੇ ਉੱਤਰ ਦਿੱਤਾ ॥ ੯ ॥

'ਅੰਗੁਰ ਗਡੈ ਨ ਅਵਨੀ ਮਾਂਹੀ। ਸਸੀਆ ਭਈ ਪ੍ਰਵੇਸ਼ਨ ਤਾਂਹੀ।
ਪ੍ਰੇਮ ਮਹਾਤਮ ਬਡਹੁਂ ਬਡੇਰਾ। ਪ੍ਰਾਨ ਜਾਨ ਲਗਿ ਜਿਨਹੁਂ ਨਿਬੇਰਾ ॥ ੧੦ ॥

ਤੁਹਾਥੋਂ ਉਸ ਜ਼ਮੀਨ ਵਿਚ ਉਂਗਲੀ ਨਹੀਂ ਗੱਡੀ ਜਾਂਦੀ, ਉਸ ਜ਼ਮੀਨ ਵਿਚ ਸੱਸੀ ਪ੍ਰਵੇਸ਼ ਕਰ ਗਈ। ਪ੍ਰੇਮ ਦਾ ਮਹਾਤਮ ਵੱਡੇ ਤੋਂ ਵੱਡਾ ਹੈ, ਜਿਸ ਨੇ ਆਪਣੇ ਪ੍ਰਾਣ ਜਾਣ ਤਕ ਪ੍ਰੇਮ ਨੂੰ ਨਿਬਾਹਿਆ ॥ ੧੦ ॥

ਤਿਨ ਕੇ ਨਾਮ ਸਦਾ ਥਿਰ ਭਏ। ਲਾਖਹੁਂ ਬਰਖ ਬਖਾਨੇ ਗਏ।
ਗੁਰੂ ਪ੍ਰਮੇਸੁਰ ਸਨ ਜਿਨ ਪ੍ਰੇਮ। ਸੇ ਤਤਕਾਲ ਪਾਵਤੇ ਛੇਮ ॥ ੧੧ ॥

ਉਨ੍ਹਾਂ ਦੇ ਨਾਮ ਸਦਾ ਲਈ ਅਮਰ ਹੋ ਗਏ ਹਨ, ਲੱਖਾਂ ਸਾਲਾਂ ਤਕ ਉਨ੍ਹਾਂ ਦੇ ਨਾਮ ਲੈਂਦੇ ਆ ਰਹੇ ਹਾਂ। ਜਿਨ੍ਹਾਂ ਦਾ ਗੁਰੂ ਪ੍ਰਮੇਸ਼ਵਰ ਨਾਲ ਪ੍ਰੇਮ ਹੈ, ਉਹ ਤੁਰਤ ਮੁਕਤੀ ਪ੍ਰਾਪਤ ਕਰ ਲੈਂਦੇ ਹਨ ॥ ੧੧ ॥

ਬਿਨਾ ਪ੍ਰੇਮ ਫੋਕਟ ਸਭਿ ਜਤਨ। ਪ੍ਰੇਮ ਸੁਕਰਮਨਿ ਸਭਿ ਮਹਿਂ ਰਤਨ।
ਪ੍ਰੇਮੀ ਜਪ ਤਪ ਬਿਨ ਮਖ ਜੋਗ। ਪ੍ਰਾਪਤਿ ਹੋਤਿ ਉਚੇਰੇ ਲੋਗ ॥ ੧੨ ॥

ਪ੍ਰੇਮ ਬਗੈਰ ਸਾਰੇ ਯਤਨ ਫਜ਼ੂਲ ਹਨ। ਸਾਰੇ ਸ੍ਰੇਸ਼ਟ ਕਰਮਾਂ ਵਿਚ ਪ੍ਰੇਮ ਰਤਨ ਹੈ। ਪ੍ਰੇਮੀ ਜਪ-ਤਪ ਅਤੇ ਯੋਗ ਤੋਂ ਬਿਨਾਂ ਸਵਰਗ ਲੋਕ ਨੂੰ ਪ੍ਰਾਪਤ ਕਰਦਾ ਹੈ" ॥ ੧੨ ॥

ਇੱਤਯਾਦਿਕ ਮਹਿਮਾ ਮੁਖ ਗਾਈ। ਕਿਤਿਕ ਸਮੇਂ ਤਹਿਂ ਥਿਰੇ ਗੁਸਾਈਂ।
ਕਹਜੋ ਬ੍ਰਿਤੰਤ ਬਿਰਾੜਨਿ ਫੇਰ। 'ਬਿਨੈਪਾਲ ਨ੍ਰਿਪ ਚਢਜੋ ਅਖੇਰ ॥ ੧੩ ॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੇ ਮੁਖ ਤੋਂ ਪ੍ਰੇਮ ਦੀ ਮਹਿਮਾ ਕੀਤੀ। ਕਾਫੀ ਸਮੇਂ ਤੱਕ ਸਤਿਗੁਰੂ ਜੀ ਉਥੇ ਬੈਠੇ ਰਹੇ। ਫਿਰ ਬੈਰਾੜਾਂ ਨੇ ਆਪਣਾ ਬ੍ਰਿਤਾਂਤ ਕਿਹਾ, "ਰਾਜਾ ਬਿਨੈਪਾਲ ਨੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ॥ ੧੩ ॥

ਜਬਿ ਉਦਿਆਨ ਬਿਖੈ ਚਲਿ ਗਯੋ। ਕੌਤਕ ਏਕ ਬਿਲੋਕਤਿ ਭਯੋ।
ਅਜਾ ਪ੍ਰਸੂਤਾ ਬ੍ਰਿੱਕ ਸੋਂ ਲਰੈ। ਅਪਨੋ ਬਤਸ਼ ਬਚਾਵਨ ਕਰੈ॥ ੧੪ ॥

ਜਦ ਜੰਗਲ ਦੇ ਵਿਚ ਚਲਾ ਗਿਆ ਤਾਂ ਉਥੇ ਉਸ ਨੇ ਇਕ ਕੌਤਕ ਵੇਖਿਆ। ਸੂਈ ਬੱਕਰੀ ਏਥੇ ਬਘਿਆੜ ਨਾਲ ਲੜ ਰਹੀ ਸੀ ਤੇ ਆਪਣੇ ਬੱਚੇ ਨੂੰ ਬਚਾਅ ਰਹੀ ਸੀ॥ ੧੪ ॥

ਥਲ ਅਜੀਤ ਬਡ ਲਖਯੋ ਮਵਾਸੀ। ਅਪਨੇ ਸਚਿਵਨ ਸਾਥ ਪ੍ਰਕਾਸ਼ੀ।
'ਸ਼ੀਘ੍ਰ ਦੁਰਗ ਕੋ ਪਾਵਨ ਕਰੀਅਹਿ। ਜਿਤ ਕਿਤ ਤੇ ਨਰ ਪੁੰਜ ਹਕਰੀਅਹਿ' ॥੧੫ ॥

ਰਾਜੇ ਨੇ ਉਹ ਸਥਾਨ ਅਜਿੱਤ ਅਤੇ ਕਿਲ੍ਹੇ ਯੋਗ ਜਾਣਿਆ ਤੇ ਆਪਣੇ ਵਜ਼ੀਰ ਨੂੰ ਕਿਹਾ, "ਏਥੇ ਸ਼ੀਘਰ ਕਿਲ੍ਹਾ ਤਿਆਰ ਕਰਵਾਓ, ਜਿਥੋਂ ਕਿਥੋਂ ਬਹੁਤ ਮਨੁੱਖਾਂ ਨੂੰ ਬੁਲਵਾਓ" ॥ ੧੫ ॥

ਨਰ ਖੋਜੇ ਨਹਿਂ ਪਾਵਤਿ ਘਨੇ। ਜਾਨਯੋ ਸ਼ੀਘ੍ਰ ਦੁਰਗ ਨਹਿਂ ਬਨੇ।
ਭਾਗ ਹਾਕਮੀ ਜਿਤਿਕ ਅਨਾਜੇ। ਛੋਰਿ ਦੀਨਿ ਰਾਹਕ ਕੋ ਰਾਜੇ॥ ੧੬ ॥

ਮਨੁੱਖ ਲੱਭਣ ਨਾਲ ਬਹੁਤ ਨਾ ਪ੍ਰਾਪਤ ਹੋਏ, ਜਦ ਇਹ ਜਾਣਿਆ ਕਿ ਛੇਤੀ ਕਿਲ੍ਹਾ ਨਹੀਂ ਬਣੇਗਾ। ਜਿਤਨਾ ਰਾਜੇ ਦਾ ਅਨਾਜ ਰਾਜਾ ਹੋਣ ਕਰਕੇ ਹਿੱਸਾ ਸੀ, ਉਹ ਰਾਜੇ ਨੇ ਕਿਸਾਨਾਂ ਨੂੰ ਛੱਡ ਦਿੱਤਾ॥ ੧੬ ॥

ਤਿਤਿਕ ਮ੍ਰਿੱਤਕਾ ਦੁਰਗ ਪਵਾਈ। ਮਿਲੇ ਆਨਿ ਮਾਨਵ ਸਮੁਦਾਈ।
ਇਸ ਪ੍ਰਕਾਰ ਤੂਰਨ ਬਨਿਵਾਵਾ। ਅਧਿਕ ਉਤੰਗ ਮਵਾਸਿ ਚਿਨਾਵਾ॥ ੧੭ ॥

ਓਨੀ ਮਿੱਟੀ ਕਿਲ੍ਹੇ ਵਿਚ ਪਵਾਈ, ਫਿਰ ਬਹੁਤ ਮਨੁੱਖ ਆ ਕੇ ਮਿਲੇ। ਇਸ ਪ੍ਰਕਾਰ ਤੁਰਤ ਕਿਲ੍ਹਾ ਬਣਵਾਇਆ ਤੇ ਕਿਲ੍ਹੇ ਦੀ ਬਹੁਤ ਉੱਚੀ ਚਿਣਵਾਈ ਕੀਤੀ॥ ੧੭॥

ਸੁਨੀ ਸੁਰੰਗ ਬੀਚ ਇਸ ਕੀਨ। ਗਢ ਭਟਨੇਰ ਲਗੋ ਚਿਨ ਦੀਨਿ।
ਇੱਤਯਾਦਿਕ ਕੁਛ ਅਪਰ ਪ੍ਰਸੰਗ। ਕਰੇ ਸੁਨਾਵਨਿ ਸਤਿਗੁਰ ਸੰਗ॥ ੧੮ ॥

ਕਿਲ੍ਹੇ ਦੇ ਵਿਚ ਇਕ ਸੁਰੰਗ ਬਣਵਾਈ, ਭਟਨੇਰ ਦੇ ਕਿਲ੍ਹੇ ਤੱਕ ਇਹ ਸੁਰੰਗ ਚਿਣ ਦਿੱਤੀ।" ਇਸ ਪ੍ਰਕਾਰ ਕਈ ਹੋਰ ਪ੍ਰਸੰਗ ਸਤਿਗੁਰੂ ਜੀ ਨੂੰ ਸੁਣਾਏ॥ ੧੮॥

ਭਏ ਤਯਾਰ ਅਗਲੀ ਭੁਨਸਾਰਾ। ਹਯ ਪਰ ਜ਼ੀਨ ਡਾਰਿ ਅਸਵਾਰਾ।
ਉਲੰਘਿ ਪੰਥ ਕੇਤਿਕ ਜਬਿ ਆਏ। ਡੇਰਾ 'ਸੰਮੀ' ਗ੍ਰਾਮ ਸੁ ਪਾਏ॥ ੧੯ ॥

ਅਗਲੀ ਸਵੇਰ ਨੂੰ ਤੜਕੇ ਤਿਆਰ ਹੋ ਗਏ, ਘੋੜੇ ਉੱਪਰ ਕਾਠੀ ਪਾ ਕੇ ਸਵਾਰ ਹੋ ਗਏ। ਜਦ ਕਾਫੀ ਪੈਂਡਾ ਲੰਘ ਕੇ ਆ ਗਏ ਤੇ ਡੇਰਾ ਆ ਕੇ 'ਸੰਮੀ' ਪਿੰਡ ਵਿਚ ਲਾਇਆ॥ ੧੯ ॥

ਤਹਿਂ ਕੇ ਨਰਨ ਆਇ ਕਰ ਜੋਰੇ। ਜਥਾਸ਼ਕਤਿ ਧਰਿ ਅੱਗ੍ਰ ਅਕੋਰੇ।
ਦਰਸ਼ਨ ਕਰਿ ਪਦ ਬੰਦਤਿ ਸਾਰੇ। ਦੁਗਧ ਦਧੀ ਲੇ ਧਰਜੇ ਅਗਾਰੇ॥ ੨੦ ॥

ਉਥੋਂ ਦੇ ਮਨੁੱਖਾਂ ਨੇ ਆ ਕੇ ਹੱਥ ਜੋੜੇ ਤੇ ਆਪਣੀ ਸ਼ਕਤੀ ਅਤੇ ਸਮਰੱਥਾ ਅਨੁਸਾਰ ਉਪਹਾਰ ਅਰਪਣ ਕੀਤੇ। ਦਰਸ਼ਨ ਕਰਕੇ ਸਾਰਿਆਂ ਨੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਦੁੱਧ ਦਹੀਂ ਨੂੰ ਸਤਿਗੁਰੂ ਜੀ ਦੇ ਅੱਗੇ ਧਰਿਆ॥ ੨੦॥

ਤ੍ਰਿਣ ਦਾਨਾ ਘੋਰਨਿ ਕੋ ਦੀਨਿ। ਰਸਤ ਪੁਚਾਈ ਦੇਗ਼ ਸੁ ਕੀਨ।
ਸੁਪਤਿ ਜਥਾ ਸੁਖ ਰਾਤਿ ਬਿਤਾਈ। ਪ੍ਰਾਤਿ ਭਈ ਚਢਿਕੈ ਸੁਖਦਾਈ॥ ੨੧ ॥

ਘਾਹ ਦਾਣੇ ਘੋੜਿਆਂ ਨੂੰ ਦਿੱਤੇ, ਰਸਦ ਪਹੁੰਚਾ ਕੇ ਲੰਗਰ ਤਿਆਰ ਕੀਤਾ। ਸੌਂ ਕੇ ਫਿਰ ਰਾਤ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ॥ ੨੧॥

ਆਨਿ ਦਮਦਮੇ ਕੀਨਸਿ ਡੇਰਾ। ਡੱਲਾ ਮਿਲਯੋ ਆਨਿ ਤਿਸ ਬੇਰਾ।
ਬੰਦਨ ਕਰੀ ਚਰਨ ਅਰਬਿੰਦ। ਬੈਠਿ ਨਿਕਟ ਤਹਿਂ ਨਰ ਮਿਲਿ ਬ੍ਰਿੰਦ॥ ੨੨ ॥

ਫਿਰ ਦਮਦਮੇ ਪਹੁੰਚ ਕੇ ਡੇਰਾ ਕਰ ਲਿਆ, ਉਸ ਸਮੇਂ ਡੱਲਾ ਆ ਕੇ ਮਿਲਿਆ ਤੇ ਉਸ ਨੇ ਆ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਤਿਗੁਰੂ ਜੀ ਦੇ ਪਾਸ ਬੈਠ ਗਿਆ ਤਾਂ ਬਹੁਤ ਮਨੁੱਖ ਸਤਿਗੁਰੂ ਜੀ ਨੂੰ ਆ ਕੇ ਮਿਲੇ॥ ੨੨॥

ਦਜਾਲ ਦਾਸ ਸਕਟਾ ਭਰਿ ਜੋਇ। ਸੰਗ ਲਿਯੋ ਫਿਰਿ ਲਜਾਯੋ ਸੋਇ।
ਰਾਮ ਸਿੰਘ ਤਬਿ ਅਰਜ਼ ਬਖਾਨੀ। 'ਬਖਸ਼ਹੁ ਪ੍ਰਭੂ ਆਪਨੋ ਜਾਨੀ॥ ੨੩ ॥

ਦਿਆਲ ਦਾਸ ਨੇ ਜਿਹੜਾ ਲੰਗਰ ਦਾ ਗੱਡਾ ਭਰਿਆ ਸੀ, ਉਹ ਆਪਣੇ ਨਾਲ ਹੀ ਫਿਰ ਲੈ ਕੇ ਆਇਆ। ਰਾਮ ਸਿੰਘ ਨੇ ਫਿਰ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਦਿਆਲ ਦਾਸ ਨੂੰ ਆਪਣਾ ਜਾਣ ਕੇ ਬਖ਼ਸ਼ ਦੇਵੋ॥ ੨੩॥

ਆਦਿ ਤਿਹਾਵਨ ਅਧਿਕ ਅਹਾਰਾ। ਲੀਏ ਬਠਿੰਡੇ ਸਕਟ ਪਧਾਰਾ।
ਦਜਾਲ ਦਾਸ ਤਬਿ ਚਰਨੀ ਪਰਯੋ। ਹਾਥ ਜੋਰਿ ਕਰਿ ਆਗੈ ਖਿਰਯੋ॥ ੨੪ ॥

ਕੜਾਹ ਪ੍ਰਸ਼ਾਦਿ ਅਤੇ ਬਹੁਤ ਭੋਜਨ ਲੈ ਕੇ ਬਠਿੰਡੇ ਗੱਡਾ ਲੈ ਕੇ ਗਿਆ ਸੀ।" ਦਿਆਲ ਦਾਸ ਫਿਰ ਗੁਰੂ ਜੀ ਦੇ ਚਰਨੀਂ ਢਹਿ ਪਿਆ। ਫਿਰ ਹੱਥ ਜੋੜ ਕੇ ਅੱਗੇ ਖੜ੍ਹਾ ਹੋ ਗਿਆ॥ ੨੪॥

ਦੇਖਿ ਕ੍ਰਿਪਾਲ ਕਹਯੋ 'ਥਿਰ ਥਯੋ। ਭਗਤੂ ਕੁਲ ਮਸੰਦ ਇਹ ਭਯੋ।
ਹਮ ਬਖਸ਼ਯੋ ਦੇਵਹੁ ਬਰਤਾਇ'। ਭੀ ਅਰਦਾਸ ਗੁਰੂ ਅਗਵਾਇ॥ ੨੫ ॥

ਸਤਿਗੁਰੂ ਜੀ ਨੇ ਫਿਰ ਵੇਖ ਕੇ ਕਿਹਾ, "ਬੈਠ ਜਾ, ਭਗਤੂ ਕੁਲ ਦਾ ਇਹ ਮਸੰਦ ਹੋਇਆ ਹੈ, ਅਸੀਂ ਤੈਨੂੰ ਬਖਸ਼ਿਆ ਹੈ, ਲੰਗਰ ਵਰਤਾ ਦੇਵੋ।" ਫਿਰ ਗੁਰੂ ਜੀ ਦੇ ਅੱਗੇ ਅਰਦਾਸ ਕੀਤੀ॥ ੨੫॥

ਜਬਿ ਦੇਖਯੋ ਭੋਜਨ ਕੋ ਜਾਇ। ਪਰੇ ਕਿਰਮ ਜਿਸ ਮਹਿਂ ਸਮੁਦਾਇ।
ਆਨਿ ਗੁਰੂ ਢਿਗ ਅਰਜ਼ ਸੁਨਾਈ। 'ਖੈਬੇ ਲਾਇਕ ਨਹੀਂ ਗੁਸਾਈਂ॥ ੨੬ ॥

ਪਰ ਜਦ ਭੋਜਨ ਨੂੰ ਜਾ ਕੇ ਵੇਖਿਆ ਤਾਂ ਉਸ ਵਿਚ ਬਹੁਤ ਕਿਰਮ ਪਏ ਹੋਏ ਸਨ। ਫਿਰ ਗੁਰੂ ਜੀ ਅੱਗੇ ਆ ਕੇ ਬੇਨਤੀ ਕੀਤੀ, "ਇਹ ਭੋਜਨ ਹੁਣ ਖਾਣ ਦੇ ਲਾਇਕ ਨਹੀਂ ਰਿਹਾ ਹੈ॥ ੨੬॥

ਬਿਤੇ ਦਿਵਸ ਬਹੁ ਕਿਰਮ ਪਰੇ ਹੈਂ। ਫਿਰਯੋ ਸੰਗ ਬਿਚ ਸਕਟ ਧਰੇ ਹੈਂ'।
ਸੁਨਿ ਪ੍ਰਭੁ ਕਹਯੋ 'ਹਮੇ ਦਿਖਰਾਵਉ। ਪੀਛੇ ਤੇ ਸਭਿ ਮਹਿਂ ਬਰਤਾਵਉ' ॥੨੭ ॥

ਬਹੁਤ ਦਿਨ ਬੀਤ ਗਏ ਹਨ, ਇਸ ਕਰਕੇ ਕਿਰਮ ਪੈ ਗਏ ਹਨ, ਗੱਡੇ ਉੱਤੇ ਧਰ ਕੇ ਆਪ ਜੀ ਦੇ ਨਾਲ ਕਈ ਦਿਨ ਫਿਰਦਾ ਰਿਹਾ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਸਾਨੂੰ ਵਿਖਾਓ, ਬਾਅਦ ਵਿਚ ਸਭ ਨੂੰ ਵਰਤਾਅ ਦੇਵੋ' ॥੨੭॥

ਕੇਤਿਕ ਲਜਾਯੋ ਗੁਰੂ ਅਗਾਰੀ। ਲੇ ਨਿਜ ਹਾਥਨਿ ਗੁਲਕਾ ਧਾਰੀ।
ਕਰਤਲ ਪਰ ਬੱਟੀ ਗੁਰ ਕਰੀ। ਦੇਗ਼ ਭਗਤ ਕੀ ਪੂਰਨ ਪਰੀ॥ ੨੮ ॥

ਕੁਝ ਲੰਗਰ ਅਤੇ ਪ੍ਰਸ਼ਾਦਿ ਸਤਿਗੁਰੂ ਜੀ ਦੇ ਅੱਗੇ ਲਿਆਇਆ। ਗੁਰੂ ਜੀ ਨੇ ਆਪਣੇ ਹੱਥਾਂ ਵਿਚ ਲੈ ਕੇ ਤੇ ਹੱਥ ਦੀ ਤਲੀ ਉੱਪਰ ਧਰ ਕੇ ਗੋਲੀ ਵੱਟੀ। ਭਗਤ ਦਾ ਲੰਗਰ ਸੰਪੂਰਨ ਹੋ ਗਿਆ। ਫਿਰ ਭਗਤ ਦਾ ਲੰਗਰ ਛੱਕ ਲਿਆ॥ ੨੮॥

ਪੁਨ ਬਰਤਾਵਨਹਾਰ ਨਿਹਾਰਾ। ਸੁੱਧ ਅਹਾਰ ਭਯੋ ਇਕ ਬਾਰਾ।
ਸਿੰਘਨ ਮਹਿਂ ਲਾਗਜੋ ਬਰਤਾਵਨ। ਬਹੁ ਕਰਾਹਿ ਦੇ ਕਰਿ ਤ੍ਰਿਪਤਾਵਨ॥੨੯॥

ਫਿਰ ਕਿਸੇ ਵਰਤਾਉਣ ਵਾਲੇ ਨੇ ਵੇਖਿਆ ਕਿ ਇਕ ਵਾਰ ਫਿਰ ਸ਼ੁੱਧ ਭੋਜਨ ਹੋ ਗਿਆ ਸੀ। ਫਿਰ ਸਿੰਘਾਂ ਵਿਚ ਵਰਤਾਉਣ ਲੱਗਾ ਤੇ ਕੜਾਹ ਦੇ ਕੇ ਸਭ ਨੂੰ ਤ੍ਰਿਪਤ ਕੀਤਾ॥ ੨੯॥

ਭਜੋ ਰੌਰ ਤਬਿ ਲੂਟ ਮਚਾਈ। ਪਰਜੋ ਖਾਲਸਾ ਲੇ ਲੇ ਧਾਈ।
ਆਪੇ ਆਪ ਸਗਰ ਲੇ ਗਏ। ਸਤਿਗੁਰ ਹੇਰਿ ਹੇਰਿ ਬਿਕਸਏ॥ ੩੦॥

ਫਿਰ ਰੌਲਾ ਪੈ ਗਿਆ ਤੇ ਲੁੱਟ ਮੱਚ ਗਈ, ਖਾਲਸਾ ਦੌੜ-ਦੌੜ ਕੇ ਕੜਾਹ ਪ੍ਰਸ਼ਾਦਿ ਲੁੱਟਣ ਪੈ ਗਿਆ। ਆਪੇ ਆਪ ਸਾਰੇ ਲੈ ਗਏ, ਸਤਿਗੁਰੂ ਜੀ ਵੇਖ-ਵੇਖ ਕੇ ਬਹੁਤ ਮੁਸਕਰਾਏ॥ ੩੦॥

ਕਿਤਿਕ ਦੇਰ ਪੀਛੇ ਸਿਖ ਆਏ। ਹੁਤੇ ਪੰਚ ਦਸ ਨਹਿਂ ਕੁਛ ਖਾਏ।
ਪਿਖਿ ਗੁਰ ਕਹਜੋ 'ਜਾਹੁ ਇਸ ਕਾਲਾ। ਦਜਾਲਦਾਸ ਕੋ ਗਹਿ ਲਿਹੁ ਪਾਲਾ ॥੩੧॥

ਕੁਝ ਦੇਰ ਬਾਅਦ ਹੋਰ ਸਿੱਖ ਆਏ, ਪੰਜ ਦਸ ਸਿੰਘ ਸਨ ਜਿਨ੍ਹਾਂ ਕੁਝ ਵੀ ਨਹੀਂ ਖਾਧਾ ਸੀ। ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਇਸ ਸਮੇਂ ਜਾਵੋ ਤੇ ਦਿਆਲ ਦਾਸ ਦਾ ਪੱਲਾ ਫੜ ਲਵੋ" ॥ ੩੧॥

ਗਏ ਕਹੈਂ 'ਦਿਹੁ ਦੇਗ਼ ਹਮਾਰੀ'। ਗੋਰੇ ਸੁਤ ਤਬਿ ਛਾਪ ਉਤਾਰੀ।
ਤਿਨ ਕੋ ਦਈ 'ਮੋਲ ਲੇ ਖਾਵਹੁ। ਦੇਗ਼ ਬਿਖੈ ਕੁਛ ਭੰਗ ਨ ਪਾਵਹੁ' ॥ ੩੨॥

ਉਹ ਦਿਆਲ ਦਾਸ ਪਾਸ ਗਏ ਅਤੇ ਕਹਿਣ ਲੱਗੇ, "ਸਾਨੂੰ ਸਾਡਾ ਲੰਗਰ ਦੇਵੋ।" ਗੋਰੇ ਦੇ ਪੁੱਤਰ ਨੇ ਫਿਰ ਆਪਣੀ ਛਾਪ ਉਤਾਰੀ ਤੇ ਉਨ੍ਹਾਂ ਨੂੰ ਦੇ ਕੇ ਕਹਿਣ ਲੱਗਾ, "ਮੁੱਲ ਲੈ ਕੇ ਖਾ ਲਵੋ, ਲੰਗਰ ਦੇ ਵਿਚ ਕਿਸੇ ਪ੍ਰਕਾਰ ਦਾ ਰੰਗ ਵਿਚ ਭੰਗ ਨਾ ਪਾਵੋ" ॥ ੩੨॥

ਏਕ ਤੁਰੰਗਮ ਏਕ ਦੁਸ਼ਾਲਾ। ਦਜਾਲਦਾਸ ਦੀਨਸਿ ਤਿਸ ਕਾਲਾ।
ਬਖਸ਼ ਮਿਲਾਯੋ ਸੰਗਤਿ ਮਾਂਹੀ। ਰਹਜੋ ਸੰਗ ਸੇਵਾ ਕਰਿ ਪਾਹੀ॥ ੩੩॥

ਇਕ ਘੋੜਾ ਅਤੇ ਇਕ ਦੁਸ਼ਾਲਾ, ਦਿਆਲ ਦਾਸ ਨੇ ਉਸ ਸਮੇਂ ਸਤਿਗੁਰੂ ਜੀ ਨੂੰ ਅਰਪਣ ਕੀਤਾ। ਸਤਿਗੁਰੂ ਜੀ ਨੇ ਉਸ ਨੂੰ ਬਖਸ਼ ਕੇ ਸੰਗਤ ਵਿਚ ਮਿਲਾ ਲਿਆ। ਉਹ ਗੁਰੂ ਜੀ ਦੇ ਪਾਸ ਰਹਿ ਕੇ ਉਨ੍ਹਾਂ ਦੀ ਸੇਵਾ ਕਰਦਾ ਸੀ॥ ੩੩॥

ਕਰਿ ਨਰ ਦਰਸ਼ਨ ਸਦਨ ਸਿਧਾਰੇ। ਖਾਨ ਪਾਨ ਸੈਨਾ ਕਰਿ ਸਾਰੇ।
ਥਿਰ ਹ੍ਵੈ ਕੇਤਿਕ ਦਿਵਸ ਬਿਤਾਏ। ਪੁਰਹਿਂ ਕਾਮ ਸਿਖ ਸੰਗਤਿ ਆਏ॥ ੩੪॥

ਸਾਰੇ ਮਨੁੱਖ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਚਲੇ ਗਏ। ਸਾਰੀ ਸੈਨਾ ਨੇ ਵੀ ਖਾ ਪੀ ਲਿਆ। ਉਥੇ ਰਹਿ ਕੇ ਕਾਫੀ ਦਿਨ ਬਤੀਤ ਕੀਤੇ। ਜਿਹੜੀ ਸਿੱਖ ਸੰਗਤ ਆਉਂਦੀ ਸੀ, ਉਨ੍ਹਾਂ ਦੀ ਕਾਮਨਾ ਪੂਰੀ ਕਰਦੇ ਸਨ॥ ੩੪॥

ਇਕ ਦਿਨ ਡੱਲੇ ਕੋ ਲੇ ਸੰਗ। ਹਿਤ ਅਖੇਰ ਕੇ ਚਢੇ ਤੁਰੰਗ।
ਗਏ ਦੂਰ ਮ੍ਰਿਗ ਦੇਖਜੋ ਜਬੈ। ਸਰ ਖਰ ਛੋਰਿ ਸੰਘਾਰਜੋ ਤਬੈ॥ ੩੫॥

ਇਕ ਦਿਨ ਡੱਲੇ ਨੂੰ ਆਪਣੇ ਨਾਲ ਲੈ ਕੇ ਸਤਿਗੁਰੂ ਜੀ ਸ਼ਿਕਾਰ ਖੇਡਣ ਲਈ ਘੋੜੇ 'ਤੇ ਸਵਾਰ ਹੋ ਗਏ। ਜਦ ਇਕ ਮ੍ਰਿਗ ਨੂੰ ਵੇਖਿਆ ਤਾਂ ਬਹੁਤ ਦੂਰ ਨਿਕਲ ਗਏ। ਇਕ ਤਿੱਖਾ ਤੀਰ ਛੱਡ ਕੇ ਫਿਰ ਉਸ ਹਿਰਨ ਨੂੰ ਮਾਰਿਆ॥ ੩੫॥

ਮਾਰਤਿ ਸ੍ਰੀ ਮੁਖ ਤੇ ਬਹੁ ਹਸੇ। ਓਸ਼ਟ ਬੀਚ ਦਸਨ ਦੁਤਿ ਲਸੇ।
ਪਿਖਿ ਡੱਲੇ ਕਰ ਜੋਰਿ ਅਲਾਏ। 'ਇਸ ਕੋ ਹਤਿ ਕਰਿ ਕਜੋਂ ਬਿਕਸਾਏ ?' ॥੩੬॥

ਉਸ ਹਿਰਨ ਨੂੰ ਮਾਰ ਕੇ ਸਤਿਗੁਰੂ ਜੀ ਬਹੁਤ ਹੱਸਣ ਲੱਗੇ, ਹੋਠਾਂ ਵਿਚ ਸੁੰਦਰ ਦੰਦ ਦਿਖਾਈ ਦੇਣ ਲੱਗੇ। ਇਹ ਵੇਖ ਕੇ ਡੱਲੇ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਇਸ ਨੂੰ ਮਾਰ ਕੇ ਕਿਉਂ ਹੱਸੇ ਹੋ ?" ॥ ੩੬ ॥

'ਏ ਗੁਰ ਸਿਖ ਗੁਰ ਕੇਰਿ ਖਜ਼ਾਨਾ। ਰਹਜੋ ਚੁਰਾਵਤਿ ਦਰਬ ਮਹਾਨਾ।
ਅਧਿਕ ਖਰਾਬ ਕਰਜੋ ਅਰੁ ਖਾਯੋ। ਤਿਸ ਅਘ ਤੇ ਇਹ ਮ੍ਰਿਗ ਤਨ ਪਾਯੋ॥੩੭॥

ਗੁਰੂ ਜੀ ਨੇ ਕਿਹਾ, "ਇਹ ਗੁਰਸਿੱਖ ਗੁਰੂ ਦਾ ਖਜ਼ਾਨਚੀ ਸੀ, ਇਹ ਬਹੁਤ ਧਨ ਚੋਰੀ ਕਰਦਾ ਰਿਹਾ ਹੈ। ਬਹੁਤ ਖਰਾਬ ਕੀਤਾ ਅਤੇ ਖਾਧਾ। ਉਸ ਪਾਪ ਕਰਕੇ ਇਸ ਨੇ ਮ੍ਰਿਗ ਦਾ ਸਰੀਰ ਪਾਇਆ ਹੈ॥ ੩੭॥

ਸੁਨਿ ਡੱਲਾ ਬੈਰਾਰ! ਬਿਚਾਰਾ। ਲੇ ਪਰ ਅੰਸ ਕਿਸੀ ਪਰਕਾਰਾ।
ਤਿਸ ਕੋ ਆਮਿਖ ਕਾਟਜੋ ਜਾਇ। ਇਨ ਕੁੱਠੈ ਰੀਧੈ ਅਰੁ ਖਾਇ॥ ੩੮॥

ਹੇ ਡੱਲੇ ਬੈਰਾੜ ! ਸੁਣੋ ਪਰਾਇਆ ਧਨ ਅੰਸ਼ ਮਾਤਰ ਵੀ ਕਿਸੇ ਪ੍ਰਕਾਰ ਲੈਣਾ ਨਹੀਂ ਚਾਹੀਦਾ ਹੈ। ਉਸ ਦਾ ਮਾਸ ਕੱਟਿਆ ਜਾਵੇਗਾ, ਫਿਰ ਇਹ ਤੜਫੇਗਾ ਅਤੇ ਰਿੰਨ੍ਹ ਕੇ ਖਾਧਾ ਜਾਵੇਗਾ॥ ੩੮॥

ਜੇ ਨਰ ਪਰ ਕੀ ਅੰਸ ਚੁਰਾਵੈਂ। ਕੈ ਬਲ ਤੇ ਛੀਨਹਿਂ ਹਰਖਾਵੈਂ।
ਮ੍ਰਿਗ ਬਕਰੇ ਆਦਿਕ ਤਨ ਧਰੈਂ। ਲੇਨਹਾਰ ਤਿਨ ਭੱਖਨ ਕਰੈਂ॥ ੩੯॥

ਜਿਹੜਾ ਮਨੁੱਖ ਪਰਾਇਆ ਧਨ ਚੁਰਾਉਂਦਾ ਹੈ ਜਾਂ ਸ਼ਕਤੀ ਲਾ ਕੇ ਖੋਹ ਕੇ ਪ੍ਰਸੰਨ ਹੁੰਦਾ ਹੈ ਤਾਂ ਉਹ ਮ੍ਰਿਗ ਬੱਕਰੇ ਆਦਿ ਦਾ ਸਰੀਰ ਧਾਰਨ ਕਰਦਾ ਹੈ, ਲਹਿਣੇਦਾਰ ਫਿਰ ਉਸ ਨੂੰ ਮਾਰ ਕੇ ਖਾ ਜਾਂਦਾ ਹੈ॥ ੩੯॥

ਸ੍ਵਾਮੀ ਅੰਸ ਚੁਰਾਵੈਂ ਜੇਈ। ਇਸੀ ਦਸ਼ਾ ਦੁਖ ਪਾਵੈਂ ਤੇਈ।
ਹਮ ਤਬਿ ਬਰਜ ਰਹਜੋ, ਨਹਿਂ ਮਾਨਜੋਂ। ਯਾਂਤੇ ਹਸੇ ਬ੍ਰਿਤੰਤ ਸੁ ਜਾਨਜੋਂ ॥੪੦॥

ਆਪਣੇ ਮਾਲਕ ਦਾ ਜਿਹੜਾ ਧਨ ਚੋਰੀ ਕਰਦਾ ਹੈ, ਉਹ ਵੀ ਏਸੇ ਢੰਗ ਨਾਲ ਦੁਖ ਪਾਉਂਦਾ ਹੈ। ਅਸੀਂ ਉਸ ਸਮੇਂ ਬਹੁਤ ਵਰਜ ਰਹੇ ਸੀ, ਪਰ ਮੰਨਿਆ ਨਹੀਂ ਸੀ, ਉਸ ਬ੍ਰਿਤਾਂਤ ਨੂੰ ਜਾਣ ਕੇ ਹੱਸੇ ਸੀ' ॥ ੪੦॥

ਇਮ ਕਹਿ ਦੂਰ ਦਮਦਮਾ ਰਹਜੋ। ਪਹੁੰਚਨਿ ਸਮਾ ਨ ਮਨ ਮਹਿਂ ਲਹਜੋ॥
ਤਰੁ ਕੀਕਰ ਅਵਲੋਕਨਿ ਕਰੇ। ਤਹਾਂ ਥਿਰੇ ਪ੍ਰਭੁ ਡੇਰਾ ਕਰੇ॥ ੪੧॥

ਇਸ ਪ੍ਰਕਾਰ ਜਦ ਕਿਹਾ ਤਾਂ ਉਸ ਸਮੇਂ ਦਮਦਮਾ ਬਹੁਤ ਦੂਰ ਰਹਿ ਗਿਆ ਸੀ, ਪਹੁੰਚਣ ਦਾ ਸਮਾਂ ਮਨ ਵਿਚ ਨਾ ਜਾਣਿਆ। ਇਕ ਚੰਗਾ ਕਿੱਕਰ ਦਾ ਦਰੱਖਤ ਵੇਖਿਆ, ਉਥੇ ਸਤਿਗੁਰੂ ਜੀ ਆਪਣਾ ਡੇਰਾ ਲਾ ਕੇ ਬੈਠ ਗਏ॥ ੪੧॥

ਤਬਿ ਸਿੱਖਨ ਕਰ ਜੋਰਿ ਬਖਾਨਾ। 'ਪ੍ਰਭੁ ਜੀ ! ਕਰਜੋ ਨ ਹਮ ਕੁਛ ਖਾਨਾ।
ਦੋਨਹੁਂ ਸਮੇ ਰਹੇ ਅਬਿ ਖਾਲੀ। ਸਭਿ ਕੋ ਬਜਾਪੀ ਛੁਧਾ ਬਿਸਾਲੀ॥ ੪੨॥

ਤਦ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ! ਅਸੀਂ ਤਾਂ ਕੁਝ ਖਾਧਾ ਪੀਤਾ ਨਹੀਂ। ਦੋਵੇਂ ਸਮੇਂ ਹੁਣ ਭੁੱਖੇ ਰਹੇ ਹਾਂ, ਸਾਰਿਆਂ ਨੂੰ ਬਹੁਤ ਭੁੱਖ ਲੱਗੀ ਹੋਈ ਹੈ॥ ੪੨॥

ਕਿਮ ਇਹ ਨਿਸਾ ਬਤਾਵਨਿ ਕਰੈਂ। ਪ੍ਰਾਤਿ ਹੋਤਿ ਪੁਨ ਚਲਿਬੋ ਪਰੈ'।
ਸੁਨ ਸ੍ਰੀ ਮੁਖ ਤੇ ਹੁਕਮ ਬਖਾਨਾ। 'ਚਢਹੁ ਕੀਕਰਾਂ ਖਰੀ ਮਹਾਨਾ॥ ੪੩॥

ਇਹ ਰਾਤ ਕਿਸ ਤਰ੍ਹਾਂ ਬਤੀਤ ਕਰਾਂਗੇ, ਸਵੇਰ ਹੋਣ 'ਤੇ ਫਿਰ ਚਲ ਪਵਾਂਗੇ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਹੁਕਮ ਕੀਤਾ, "ਕਿੱਕਰਾਂ ਉੱਪਰ ਚੜ੍ਹੋ, ਜਿਹੜੀਆਂ ਮਹਾਨ ਕਿੱਕਰਾਂ ਏਥੇ ਖੜੀਆਂ ਹਨ॥ ੪੩॥

ਬਲ ਤੇ ਇਨਹੁਂ ਹਿਲਾਵਨਿ ਕਰੀਏ। ਮਨ ਭਾਵਤਿ ਅਚਵਹੁ ਛੁਧਿ ਹਰੀਏ'।
ਮਾਨਿ ਬਾਕ ਕੋ ਭਏ ਅਰੋਹਨਿ। ਗਹਿ ਝੂਣੇ ਕੀਨੇ ਦ੍ਰਿਗ ਜੋਹਨ॥ ੪੪॥

ਬਲ ਲਾ ਕੇ ਇਨ੍ਹਾਂ ਨੂੰ ਹਿਲਾਓ, ਫਿਰ ਮਨ-ਭਾਉਂਦਾ ਭੋਜਨ ਖਾ ਕੇ ਭੁੱਖ ਦੂਰ ਕਰੋ।" ਸਤਿਗੁਰੂ ਜੀ ਦੇ ਬਚਨ ਮੰਨ ਕੇ ਕਿੱਕਰਾਂ ਦੇ ਉੱਪਰ ਚੜ੍ਹ ਗਏ ਤੇ ਕਿੱਕਰਾਂ ਨੂੰ ਹਿਲਾ ਕੇ ਆਪਣੇ ਨੈਣਾਂ ਨਾਲ ਵੇਖਿਆ॥ ੪੪॥

ਅਨਿਕ ਭਾਂਤਿ ਕੇ ਭਏ ਅਹਾਰਾ। ਖੁਰਮੇ ਬ੍ਰਿੰਦ ਜਲੇਬ ਉਦਾਰਾ।
ਮੋਦਕ ਆਦਿ ਪਰੇ ਸਮੁਦਾਈ। ਗਨ ਭੋਜਨ ਬਰਖਾ ਬਰਖਾਈ॥ ੪੫॥

ਅਨੇਕ ਭਾਂਤ ਦੇ ਭੋਜਨ ਪਏ ਸਨ, ਬਹੁਤ ਖੁਰਮੇ ਅਤੇ ਜਲੇਬ ਪਏ ਸਨ। ਲੱਡੂ ਆਦਿ ਬਹੁਤ ਪਏ ਸਨ, ਮਾਨੋ ਬਹੁਤ ਭੋਜਨ ਦੀ ਵਰਖਾ ਹੋ ਗਈ ਸੀ॥ ੪੫॥

ਖਾਇ ਖਾਇ ਕਰਿ ਸਿਖ ਤ੍ਰਿਪਤਾਨੇ। ਕਿਤਿਕ ਸਿੰਘ ਨਹਿਂ ਕੀਨਸਿ ਖਾਨੇ।
ਬੂਝਜੇ ਪ੍ਰਭੁ 'ਤੁਮ ਕਜੋਂ ਨਹਿਂ ਖਾਯੋ। ਸਗਰੇ ਦਿਵਸ ਹਾਥ ਨਹਿਂ ਆਯੋ' ॥੪੬॥

ਖਾ ਖਾ ਕੇ ਸਿੱਖ ਤ੍ਰਿਪਤ ਹੋ ਗਏ, ਕਈਆਂ ਸਿੰਘਾਂ ਨੇ ਇਹ ਭੋਜਨ ਨਾ ਖਾਧੇ। ਉਨ੍ਹਾਂ ਨੂੰ ਸਤਿਗੁਰੂ ਜੀ ਨੇ ਪੁੱਛਿਆ, "ਤੁਸੀਂ ਕਿਉਂ ਨਹੀਂ ਖਾਧੇ ਹਨ ? ਸਾਰਾ ਦਿਨ ਤੁਹਾਡੇ ਹੱਥ ਵਿਚ ਕੁਝ ਨਹੀਂ ਸੀ ਆਇਆ ?" ॥ ੪੬॥

ਹਾਥ ਜੋਰਿ ਕਹਿਂ ਸਿੱਖ ਜਿ ਸਜਾਨੇ। 'ਸ੍ਰੀ ਪ੍ਰਭੁ ! ਆਪ ਨ ਕੀਨਸਿ ਖਾਨੇ।
ਕਿਮ ਹਮ ਖਾਇ ਸਕਹਿਂ ਤੁਮ ਬਿਨਾ'। ਸੁਨਿ ਪ੍ਰਸੰਨ ਹ੍ਵੈ ਸ੍ਰੀ ਮੁਖ ਭਨਾ॥੪੭॥

ਜਿਹੜੇ ਸਿਆਣੇ ਸਿੱਖ ਸਨ, ਉਹ ਹੱਥ ਜੋੜ ਕੇ ਕਹਿਣ ਲੱਗੇ, "ਹੇ ਸਤਿਗੁਰੂ ਜੀ ! ਆਪ ਜੀ ਨੇ ਵੀ ਨਹੀਂ ਖਾਧੇ ਹਨ, ਅਸੀਂ ਤੁਹਾਡੇ ਬਗੈਰ ਕਿਵੇਂ ਖਾ ਸਕਦੇ ਸੀ।" ਸਤਿਗੁਰੂ ਇਹ ਸੁਣ ਕੇ ਪ੍ਰਸੰਨ ਹੋ ਕੇ ਬੋਲੇ॥ ੪੭॥

'ਇਹ ਸਿਖ ਗੁਰਮੁਖ ਲੇਹੁ ਬਿਚਾਰੇ। ਪੇਟ ਪਾਲ ਹੈਂ ਅਚਵਨ ਵਾਰੇ।
ਮਨਮੁਖ ਭੀ ਸਿਖ ਕਹੈਂ ਘਨੇਰੇ। ਸਿੱਖੀ ਪਾਵਨ ਦੂਰ ਬਡੇਰੇ'॥ ੪੮॥

"ਇਨ੍ਹਾਂ ਸਿੱਖਾਂ ਨੂੰ ਗੁਰਮੁਖ ਵਿਚਾਰ ਲਵੋ, ਖਾਣ ਵਾਲੇ ਤਾਂ ਪੇਟ ਪਾਲ ਹਨ। ਮਨਮੁੱਖ ਸਿੱਖ ਵੀ ਬਹੁਤ ਕਹਿੰਦੇ ਹਨ ਕਿ ਸਿੱਖੀ ਪਾਉਣੀ ਦੂਰ ਦੀ ਗੱਲ ਹੈ" ॥ ੪੮॥

ਪੁਨ ਚਢਿ ਕਰਿ ਨਿਜ ਡੇਰਨਿ ਆਏ। ਇਮ ਕੇਤਿਕ ਦਿਨ ਜਬਹਿ ਬਿਤਾਏ।
ਖਾਨ ਪਾਨ ਕਰਿ ਬਿਰੇ ਗੁਸਾਈਂ। ਨਿਸਾ ਵਧੀ ਅਧਿਕੈ ਅਧਿਕਾਈ॥ ੪੯॥

ਫਿਰ ਘੋੜਿਆਂ ਤੇ ਸਵਾਰ ਹੋ ਕੇ ਆਪਣੇ ਡੇਰਿਆਂ ਨੂੰ ਆ ਗਏ, ਇੰਝ ਕੁਝ ਦਿਨ ਜਦ ਬਤੀਤ ਕੀਤੇ ਤਾਂ ਸਤਿਗੁਰੂ ਜੀ ਖਾ ਪੀ ਕੇ ਬੈਠ ਗਏ ਤੇ ਰਾਤ ਬਹੁਤ ਤੋਂ ਬਹੁਤ ਵੱਡੀ ਹੋ ਗਈ ਭਾਵ ਸੂਰਜ ਨਾ ਚੜ੍ਹਿਆ॥ ੪੯॥

ਲੋਕ ਪਸੂ ਬਹੁ ਭਏ ਦੁਖਾਰੇ। ਕਰਹਿਂ ਪ੍ਰਤੀਖਨ ਹ੍ਵੈ ਭੁਨਸਾਰੇ।
ਬੈਠੇ ਸਭਿਨਿ ਬਿਖੈ ਨਰ ਨਾਰੀ। ਹੋਹਿ ਨ ਪ੍ਰਾਤਿ ਸਭਿਨਿ ਮਤਿ ਹਾਰੀ॥ ੫੦॥

ਲੋਕ ਅਤੇ ਪਸ਼ੂ ਬਹੁਤ ਦੁਖੀ ਹੋ ਗਏ, ਇਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਸਵੇਰ ਹੋਵੇ। ਇਸਤਰੀ ਪੁਰਸ਼ ਸਾਰੇ ਬੈਠੇ ਸਨ। ਸਵੇਰ ਹੋ ਨਹੀਂ ਸੀ ਰਹੀ, ਸਾਰਿਆਂ ਦੀ ਮੱਤ ਮਾਰੀ ਗਈ ਸੀ॥ ੫੦॥

'ਕੋ ਕਾਰਨ ਭਾ ਜਾਇ ਨ ਜਾਨਾ। ਮਾਰਤੰਡ ਚਢਿਯ ਨ ਅਸਮਾਨਾ'।
ਰੁਕੇ ਲੋਕ ਸਗਰੇ ਅਕੁਲਾਏ। ਸ੍ਰੀ ਪਰਮੇਸੁਰ ਨਾਮ ਧਿਆਏ॥ ੫੧॥

"ਕੀ ਕਾਰਨ ਹੋ ਗਿਆ ਸੀ, ਇਹ ਜਾਣਿਆ ਨਹੀਂ ਸੀ ਜਾਂਦਾ। ਸੂਰਜ ਅਕਾਸ਼ ਉੱਪਰ ਚੜ੍ਹਦਾ ਨਹੀਂ ਸੀ।" ਰੁਕੇ ਹੋਏ ਸਾਰੇ ਲੋਕ ਵਿਆਕੁਲ ਹੋ ਗਏ। ਪ੍ਰਭੂ ਦਾ ਨਾਮ ਧਿਆਉਂਦੇ ਸਨ॥ ੫੧॥

ਅਧਿਕ ਰਾਤਿ ਜਬਿ ਬੀਤਨ ਕਰੀ। ਪ੍ਰਾਤਿ ਸਭਿਨਿ ਕੋ ਚਿੰਤਾ ਪਰੀ।
ਡੱਲੇ ਸੰਗ ਮਿਲੇ ਸਭਿ ਜਾਇ। 'ਅਧਿਕ ਨਿਸਾ ਕੁਛ ਲਖ੍ਯੋ ਨ ਜਾਇ॥ ੫੨॥

ਜਦ ਵੱਡੀ ਰਾਤ ਬਤੀਤ ਕੀਤੀ, ਸਵੇਰ ਦੀ ਸਾਰਿਆਂ ਨੂੰ ਚਿੰਤਾ ਹੋ ਗਈ। ਫਿਰ ਸਾਰੇ ਡੱਲੇ ਨੂੰ ਜਾ ਕੇ ਮਿਲੇ ਤੇ ਕਹਿਣ ਲੱਗੇ, "ਬਹੁਤ ਵੱਡੀ ਰਾਤ ਹੋ ਗਈ ਹੈ, ਕੁਝ ਜਾਣਿਆਂ ਨਹੀਂ ਜਾਂਦਾ ਹੈ॥ ੫੨॥

ਚਲਹੁ ਪ੍ਰਭੂ ਕੋ ਬੂਝਹਿਂ ਏਹ। ਹੈਂ ਸਰਬੱਗ੍ਯ ਬਤਾਇ ਸੁ ਦੇਹਿਂ'।
ਡੱਲੇ ਜੁਤਿ ਮਾਨਵ ਸਮੁਦਾਇ। ਪਦ ਅਰਬਿੰਦ ਨਿਵੇਂ ਸਭਿ ਆਇ॥ ੫੩॥

ਚਲੋ ਸਤਿਗੁਰੂ ਜੀ ਨੂੰ ਇਸ ਬਾਰੇ ਪੁੱਛਦੇ ਹਾਂ। ਉਹ ਸਰਬ ਸ਼ਕਤੀਮਾਨ ਹਨ, ਸਭ ਕੁਝ ਦੱਸ ਦੇਣਗੇ।" ਡੱਲੇ ਸਹਿਤ ਸਾਰੇ ਮਨੁੱਖਾਂ ਨੇ ਆ ਕੇ ਨਿਉਂ ਕੇ ਸਤਿਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੫੩॥

ਬੈਠੇ ਬਿਸਮਤਿ ਬਾਤ ਬਖਾਨੀ। 'ਨਿਸ ਕੀ ਗਤਿ ਕੁਛ ਜਾਇ ਨ ਜਾਨੀ'।
ਗੁਰੂ ਕਹ੍ਯੋ 'ਭਾਣਾ ਹਰਿ ਜੋਈ। ਦੇਵਨ ਬਿਖੈ ਸਪਰਧਾ ਹੋਈ॥ ੫੪॥

ਬੈਠ ਕੇ ਹੈਰਾਨੀ ਵਾਲੀ ਗੱਲ ਕਹੀ, "ਇਸ ਰਾਤ ਦੀ ਗਤੀ ਦੀ ਕੋਈ ਗੱਲ ਜਾਣੀ ਨਹੀਂ ਜਾਂਦੀ ਹੈ।" ਗੁਰੂ ਜੀ ਨੇ ਕਿਹਾ, "ਪ੍ਰਭੂ ਦਾ ਜੋ ਭਾਣਾ ਹੈ, ਦੇਵਤਿਆਂ ਵਿਚ ਈਰਖਾ ਹੋ ਗਈ ਹੈ॥ ੫੪॥

ਸੂਰਜ ਸੁਰਪਤਿ ਹਟਿ ਹਟਿ ਬੈਠੇ। ਅਪਰ ਬ੍ਰਿੰਦ ਸੁਰ ਹੋਇ ਇਕੈਠੇ।
ਬਰਜੀ ਬਰਖਾ ਹੁਇ ਜਗ ਨਾਂਹੀ। ਦਿਨਕਰ ਥਿਰ੍ਯੋ ਸੁਰਗ ਕੇ ਮਾਂਹੀ॥ ੫੫॥

ਸੂਰਜ, ਇੰਦਰ, ਆਪਣੇ-ਆਪਣੇ ਕੰਮਾਂ ਤੋਂ ਹਟ-ਹਟ ਕੇ ਬੈਠ ਗਏ ਹਨ। ਹੋਰ ਜਿਹੜੇ ਬਹੁਤ ਦੇਵਤੇ ਹਨ, ਉਹ ਇਕੱਠੇ ਹੋਏ ਹਨ। ਵਰਖਾ ਨੂੰ ਵੀ ਵਰਜ ਦਿੱਤਾ ਹੈ ਕਿ ਜੱਗ ਵਿਚ ਨਹੀਂ ਹੋਵੇਗੀ ਤੇ ਸੂਰਜ ਸਵਰਗ ਵਿਚ ਬੈਠ ਗਿਆ ਹੈ॥ ੫੫॥

ਰਾਤਿ ਵਧਣ ਕੋ ਇਹੁ ਲਖਿ ਕਾਰਨ'। ਸੁਨਿ ਡੱਲੇ ਕਿਯ ਬਾਕ ਉਚਾਰਨ।
'ਪ੍ਰਭੁ ਜੀ ਕਿਮ ਜੀਵਹਿਂ ਬਿਨ ਬਾਰੀ?'। ਸੁਨਿ ਸਤਿਗੁਰ ਤਬਿ ਤੂਸ਼ਨ ਧਾਰੀ॥ ੫੬॥

ਰਾਤ ਵਧਣ ਦਾ ਇਹ ਕਾਰਨ ਜਾਣ ਕੇ ਅਤੇ ਸੁਣ ਕੇ ਫਿਰ ਡੱਲੇ ਨੇ ਕਿਹਾ, "ਹੇ ਸਤਿਗੁਰੂ ਜੀ! ਪਾਣੀ ਤੋਂ ਬਗੈਰ ਕਿਵੇਂ ਜੀਵਾਂਗੇ?" ਇਹ ਸੁਣ ਕੇ ਸਤਿਗੁਰੂ ਜੀ ਚੁਪ ਰਹੇ॥ ੫੬॥

*ਪਹਿਲੇ ਐਨ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

☆☆☆

# ਅਧਿਆਇ ਛੱਬੀਵਾਂ

*ਮੀਂਹ ਵਰਸਾਇਆ, ਤਾਪ ਹਟਾਇਆ*

ਦੋਹਰਾ- 'ਔੜ ਲਗੀ ਬਰਖਾ ਹਟੀ ਬੀਤੇ ਦਿਵਸ ਕਿਤੇਕ।
ਖੇਤੀ ਲਾਗੀ ਸੁਕਿਬੇ ਉਬਰਜੋ ਖੇਤ ਨ ਏਕ॥ ੧॥

ਫਿਰ ਔੜ ਲੱਗ ਗਈ, ਵਰਖਾ ਪੈਣੋਂ ਹਟ ਗਈ ਤੇ ਕਈ ਦਿਨ ਇਸ ਤਰ੍ਹਾਂ ਬੀਤ ਗਏ। ਖੇਤੀ ਸੁੱਕਣ ਲੱਗੀ ਤੇ ਇਕ ਵੀ ਖੇਤ ਨਾ ਬਚਿਆ॥ ੧॥

ਚੌਪਈ- ਪ੍ਰਜਾ ਭਈ ਦੀਰਘ ਦੁਖਿਆਰੀ। ਹੁਇ ਦੁਰਭਿੱਛ ਪਰਜੋ ਨਹਿਂ ਬਾਰੀ।
ਹੁਇ ਹੈ ਕਹਾਂ ਹਵਾਲ ਹਮਾਰੋ। ਬਿਨਾਂ ਅੰਨ ਕਜੋਂ ਜਿਯਨ ਬਿਚਾਰੋ ॥੨ ॥

ਪਰਜਾ ਬਹੁਤ ਦੁਖੀ ਹੋ ਗਈ, ਮੀਂਹ ਨਾ ਪੈਣ ਕਰਕੇ ਕਾਲ ਪੈ ਗਿਆ। ਹੁਣ ਸਾਡਾ ਕੀ ਹਾਲ ਹੋਵੇਗਾ, ਅਨਾਜ ਤੋਂ ਬਗੈਰ ਕਿਵੇਂ ਜੀਉਂਦੇ ਰਹਾਂਗੇ'॥ ੨॥

ਰਾਹਕ ਮਹਾਂ ਕਸ਼ਟ ਕੋ ਪਾਏ। ਮਿਲਿ ਮਿਲਿ ਬੈਠਿ ਬੈਠਿ ਪਛੁਤਾਏ।
ਕੇਤਿਕ ਗ੍ਰਾਮਨਿ ਕੇ ਸਮੁਦਾਈ। ਚਿਤ ਚਿੰਤਾ ਬਸਿ ਭੇ ਇਕ ਠਾਈ॥ ੩॥

ਕਿਸਾਨ ਬਹੁਤ ਦੁਖ ਪਾਉਂਦੇ ਸਨ, ਮਿਲ ਮਿਲ ਕੇ ਬੈਠ ਕੇ ਪਛੁਤਾਉਂਦੇ ਸਨ। ਕਈ ਪਿੰਡਾਂ ਦੇ ਸਾਰੇ ਲੋਕ ਚਿੱਤ ਵਿਚ ਚਿੰਤਾ ਵੱਸ ਹੋ ਕੇ ਇਕ ਥਾਂ ਬੈਠੇ ਸਨ॥ ੩॥

'ਅਬਿ ਸਮੀਪ ਸਤਿਗੁਰੂ ਸੁਹਾਏ। ਜਿਨ ਤੇ ਮਨੋ ਕਾਮਨਾ ਪਾਏ।
ਏਕ ਕੀ ਪੁਰਵਤਿ ਆਸਾ। ਮਿਲਿ ਕੈ ਦੇਸ਼ ਚਲਹੁ ਗੁਰ ਪਾਸਾ॥ ੪॥

"ਹੁਣ ਤਾਂ ਸਤਿਗੁਰੂ ਜੀ ਦੇ ਨੇੜੇ ਰਹਿਣਾ ਹੀ ਸੋਂਭਦਾ ਹੈ, ਜਿਨ੍ਹਾਂ ਪਾਸੋਂ ਮਨੋਕਾਮਨਾ ਪ੍ਰਾਪਤ ਕਰਾਂਗੇ। ਇਕ ਇਕ ਦੀ ਆਸ ਪੂਰੀ ਕਰਦੇ ਹਨ। ਸਾਰਾ ਦੇਸ਼ ਮਿਲ ਕੇ ਗੁਰੂ ਜੀ ਦੇ ਪਾਸ ਚਲੋ॥ ੪॥

ਜਾਚਹੁ ਬਰਖਾ ਗੁਰੂ ਕਰੈ ਹੈਂ। ਜੀਵ ਦਾਨ ਜਗ ਕੋ ਤਬਿ ਦੈਹੈਂ।
ਇਮ ਬਿਚਾਰਿ ਸੰਗਤ ਸਮੁਦਾਈ। ਸਜਾਨੇ ਸਿੱਖ ਕਰੇ ਅਗੁਵਾਈ॥ ੫॥

ਉਨ੍ਹਾਂ ਪਾਸੋਂ ਵਰਖਾ ਮੰਗੋ, ਗੁਰੂ ਜੀ ਵਰਖਾ ਪਾਉਣਗੇ, ਫਿਰ ਜਗਤ ਨੂੰ ਜੀਵ ਦਾਨ ਦੇਣਗੇ।" ਇਸ ਤਰ੍ਹਾਂ ਵਿਚਾਰ ਬਣਾ ਕੇ ਸੰਗਤ ਇਕੱਠੀ ਹੋਈ, ਸਿਆਣੇ ਸਿੱਖ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ॥ ੫॥

ਆਨਿ ਦਮਦਮੇ ਕੀਨਸਿ ਡੇਰੇ। ਚਹੁੰਦਿਸ਼ਿ ਕੇ ਨਰ ਮਿਲੇ ਘਨੇਰੇ।
ਧਰੇ ਤ੍ਰਾਸ ਦੁਰਭਿਛ ਕੋ ਭਾਰੇ। ਆਇ ਗੁਰੂ ਸਭਿਹਿਨਿ ਪਰਵਾਰੇ॥ ੬॥

ਦਮਦਮੇ ਪਹੁੰਚ ਕੇ ਡੇਰੇ ਲਾ ਲਏ, ਚਾਰੇ ਪਾਸਿਆਂ ਦੇ ਬਹੁਤ ਮਨੁੱਖ ਮਿਲ ਕੇ ਇਕੱਠੇ ਹੋਏ ਸਨ। ਬਹੁਤ ਡਰ ਧਾਰਨ ਕਰਦੇ ਸਨ, ਕਿਉਂਕਿ ਭਾਰੀ ਕਾਲ ਪੈ ਗਿਆ ਸੀ। ਸਾਰੇ ਆ ਕੇ ਗੁਰੂ ਜੀ ਦੇ ਚਾਰ-ਚੁਫੇਰੇ ਖੜੇ ਹੋ ਗਏ॥ ੬॥

ਕਰਿ ਕਰਿ ਨਮੋ ਚਹੁੰਦਿਸ਼ਿ ਥਿਰੇ। ਕੇਚਿਤ ਬੈਠੇ ਕੇਚਿਤ ਖਰੇ।
ਖਰੋ ਮੇਵਰੋ ਅਰਜ਼ ਗੁਜਾਰੀ। 'ਕਰਹੁ ਪ੍ਰਭੂ ਜਗ ਕੀ ਰਖਵਾਰੀ॥ ੭॥

ਬੰਦਨਾ ਕਰ ਕਰ ਚਾਰੇ ਪਾਸੇ ਖੜੇ ਹੁੰਦੇ ਜਾਂਦੇ ਸਨ, ਕਈ ਬੈਠ ਜਾਂਦੇ ਸਨ, ਕਈ ਖੜੇ ਰਹਿੰਦੇ ਸਨ। ਮੇਵੜੇ ਨੇ ਫਿਰ ਬੇਨਤੀ ਕੀਤੀ, "ਹੇ ਸਤਿਗੁਰੂ ਜੀ ਜਗਤ ਦੀ ਰਖਵਾਲੀ ਕਰੋ॥ ੭॥

ਨਹੀਂ ਗਗਨ ਮਹਿਂ ਮੇਘ ਦਿਖੰਤੇ। ਸਭਿ ਦੇਸ਼ਨ ਕੇ ਖੇਤ ਸੁਕੰਤੇ।
ਅਬਿ ਕੇ ਫਸਲ ਜਿ ਅੰਨ ਬਿਨਾਸ਼ਾ। ਨਹੀਂ ਨਰਨ ਕੀ ਜੀਵਨ ਆਸ਼ਾ॥ ੮॥

ਅਕਾਸ਼ ਵਿਚ ਬੱਦਲ ਦਿਖਾਈ ਨਹੀਂ ਦਿੰਦੇ ਹਨ, ਸਾਰੇ ਦੇਸ਼ਾਂ ਦੇ ਖੇਤ ਸੁੱਕ ਗਏ ਹਨ। ਹੁਣ ਦੀ ਫਸਲ ਅਤੇ ਅਨਾਜ ਨਾਸ਼ ਹੋ ਗਿਆ ਹੈ, ਮਨੁੱਖਾਂ ਦੇ ਹੁਣ ਜੀਵਨ ਦੀ ਆਸ ਨਹੀਂ ਰਹਿ ਗਈ ਹੈ॥ ੮॥

ਅਪਨੀ ਸੰਗਤਿ ਜਾਨਿ ਬਚਾਵਹੁ। ਕਰਹੁ ਬਾਕ ਬਰਖਾ ਬਰਖਾਵਹੁ'।
ਸੁਨਿ ਅਰਜ਼ੀ ਪ੍ਰਭੁ ਕ੍ਰੋਧ ਵਧਾਯੋ। ਡੱਲੇ ਦਿਸ਼ਿ ਅਵਲੋਕਿ ਅਲਾਯੋ॥ ੯॥

ਆਪਣੀ ਸੰਗਤ ਜਾਣ ਕੇ ਬਚਾ ਲਵੋ, ਆਪਣੇ ਬਚਨ ਕਰਕੇ ਵਰਖਾ ਬਰਸਾਵੋ।" ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਕ੍ਰੋਧ ਵਧਾਇਆ ਤੇ ਡੱਲੇ ਵੱਲ ਵੇਖ ਕੇ ਕਿਹਾ॥ ੯॥

'ਉਠਿ ਸੁਰਪਤਿ ਕੋ ਹਤਹੁ ਬਿਸਾਲਾ। ਪਠਹਿ ਮੇਘ ਜਿਸ ਤੇ ਤਤਕਾਲਾ'।
ਗੁਰੂ ਬਚਨ ਪਰ ਧਰਿ ਬਿਸਵਾਸਾ। ਡੱਲਾ ਉਠਯੋ ਬਿਲੋਕਿ ਅਕਾਸ਼ਾ॥ ੧੦॥

"ਉੱਠ ਕੇ ਇੰਦਰ ਨੂੰ ਵਿਸ਼ਾਲ ਜੁੱਤੀਆਂ ਮਾਰੋ, ਜਿਸ ਕਰਕੇ ਉਹ ਤੁਰਤ ਬੱਦਲ ਭੇਜ ਦੇਵੇ।" ਗੁਰੂ ਜੀ ਦੇ ਬਚਨਾਂ 'ਤੇ ਵਿਸ਼ਵਾਸ ਧਰ ਕੇ ਡੱਲਾ ਅਕਾਸ਼ ਨੂੰ ਵੇਖ ਕੇ ਉੱਠਿਆ॥ ੧੦॥

ਪਨਹੀ ਸਪਤ ਬਗਾਇ ਸੁ ਮਾਰੀ। ਮੁਖ ਤੇ ਗਾਰੀ ਅਨਿਕ ਨਿਕਾਰੀ।
'ਮਾਨਿ ਹੁਕਮ ਕੋ ਬਰਖਹੁ ਤੂਰਨ। ਹਮ ਭੀ ਬਚ ਮਾਨਹਿਂ ਗੁਰ ਪੂਰਨ॥ ੧੧॥

ਸੱਤ ਜੁੱਤੀਆਂ ਵਗਾਹ-ਵਗਾਹ ਮਾਰੀਆਂ ਤੇ ਮੂੰਹ ਨਾਲ ਅਨੇਕਾਂ ਗਾਲ੍ਹਾਂ ਕੱਢੀਆਂ, "ਹੁਕਮ ਮੰਨ ਕੇ ਤੁਰਤ ਵਰਸ਼ਾ ਕਰੋ, ਅਸੀਂ ਵੀ ਪੂਰਨ ਗੁਰੂ ਜੀ ਦੇ ਬਚਨ ਮੰਨਦੇ ਹਾਂ॥ ੧੧॥

ਬੀਚ ਤ੍ਰਿਲੋਕੀ ਹੈ ਅਸ ਕੌਨ। ਜਿਸਕੇ ਮਨ ਮਹਿਂ ਸ੍ਰੀ ਗੁਰ ਭੈ ਨ।
ਆਪ ਕ੍ਰਿਸ਼ਨ ਰਣ ਕਰਿ ਜੈ ਪਾਈ। ਗੁਰ ਦਾਸਨ ਤੇ ਮਾਰ ਕਰਾਈ॥ ੧੨॥

ਇਨ੍ਹਾਂ ਤਿੰਨਾਂ ਲੋਕਾਂ ਵਿਚ ਐਸਾ ਕੌਣ ਹੈ, ਜਿਸ ਦੇ ਮਨ ਵਿਚ ਸਤਿਗੁਰੂ ਜੀ ਦਾ ਭੈ ਨਹੀਂ ਹੈ। ਆਪ ਕ੍ਰਿਸ਼ਨ ਨੇ ਯੁੱਧ ਕਰਕੇ ਇੰਦਰ 'ਤੇ ਫ਼ਤਹਿ ਪਾਈ ਸੀ। ਗੁਰੂ ਜੀ ਨੇ ਦਾਸਾਂ ਪਾਸੋਂ ਇੰਦਰ ਨੂੰ ਮਾਰ ਪਵਾਈ ਸੀ॥ ੧੨॥

ਦੇਰ ਨ ਧਰਹੁ ਕਰਹੁ ਅਬਿ ਬਰਖਾ'। ਤੇਜ ਪ੍ਰਭੂ ਕੇ ਸੁਰਪਤਿ ਧਰਖਾ।
ਇਤਨੇ ਕਹੇ ਗਗਨ ਘਨ ਛਾਏ। ਜਲ ਗੇਰਨਿ ਲਾਗੇ ਸਮੁਦਾਏ॥ ੧੩॥

ਹੁਣ ਦੇਰ ਨਾ ਧਾਰਨ ਕਰੋ ਤੇ ਤੁਰਤ ਵਰਸ਼ਾ ਕਰੋ।" ਸਤਿਗੁਰੂ ਜੀ ਦਾ ਪ੍ਰਤਾਪ ਵੇਖ ਕੇ ਇੰਦਰ ਦੇਵਤਾ ਕੰਬਿਆ। ਏਨਾ ਕਹਿਣ ਤੇ ਆਕਾਸ਼ ਵਿਚ ਬੱਦਲ ਛਾ ਗਏ ਤੇ ਸਾਰੇ ਬੱਦਲ ਜਲ ਡੇਗਣ ਲੱਗੇ॥ ੧੩॥

ਸ੍ਰੀ ਮੁਖ ਤੇ ਬਹੁ ਹਸੇ ਕ੍ਰਿਪਾਲਾ। ਕਹਯੋ ਸ਼ਲੋਕ ਸਕਲ ਤਿਸ ਕਾਲਾ।
ਲੋਕ ਹਜ਼ਾਰਹੁਂ ਪਿਖੈਂ ਤਮਾਸ਼ਾ। ਸੁਨਯੋਂ ਸ਼੍ਰੋਨ ਇਮ ਸ਼ਬਦ ਪ੍ਰਕਾਸ਼ਾ॥ ੧੪॥

ਫਿਰ ਕ੍ਰਿਪਾਲੂ ਸਤਿਗੁਰੂ ਜੀ ਆਪਣੇ ਮੁਖ ਤੋਂ ਬਹੁਤ ਹੱਸੇ ਤੇ ਉਸ ਸਮੇਂ ਸਾਰਾ ਸਲੋਕ ਉਚਾਰਨ ਕੀਤਾ। ਹਜ਼ਾਰਾਂ ਲੋਕ ਤਮਾਸ਼ਾ ਵੇਖ ਰਹੇ ਸਨ, ਉਨ੍ਹਾਂ ਨੇ ਗੁਰੂ ਜੀ ਦੇ ਮੁਖ ਤੋਂ ਪ੍ਰਕਾਸ਼ ਹੋਇਆ ਸ਼ਬਦ ਇਸ ਪ੍ਰਕਾਰ ਸੁਣਿਆ॥ ੧੪॥

*ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥*
*ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥*
*ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ੧॥*

*(ਆਸਾ ਵਾਰ ਮ: ੧, ਪੰਨਾ ੪੬੪)*

ਪ੍ਰਭੂ ਦੇ ਡਰ ਵਿਚ ਹੀ ਸਦਾ ਤੇਜ਼ ਅਤੇ ਮੱਠੀਆਂ ਹਵਾਵਾਂ ਵਗਦੀਆਂ ਹਨ। ਪ੍ਰਭੂ ਦੇ ਡਰ ਵਿਚ ਹੀ ਲੱਖਾਂ ਦਰਿਆ ਚਲਦੇ ਹਨ। ਪ੍ਰਭੂ ਦੇ ਡਰ ਵਿਚ ਹੀ ਅੱਗ ਵਿਗਾਰ ਕਰਦੀ ਹੈ। ਪ੍ਰਭੂ ਦੇ ਡਰ ਵਿਚ ਹੀ ਧਰਤੀ ਬੋਝ ਹੇਠਾਂ ਦੱਬੀ ਹੋਈ ਹੈ। ਪ੍ਰਭੂ ਦੇ ਡਰ ਵਿਚ ਹੀ ਬੱਦਲ ਰੂਪੀ ਇੰਦਰ ਸਿਰ-ਪਰਨੇ ਤੁਰਿਆ ਫਿਰਦਾ ਹੈ। ਪ੍ਰਭੂ ਦੇ ਡਰ ਵਿਚ ਹੀ ਧਰਮ ਰਾਜ ਉਸ ਦੇ ਦਰਵਾਜ਼ੇ ਤੇ ਖੜਾ ਹੈ। ਪ੍ਰਭੂ ਦੇ ਡਰ ਵਿਚ ਹੀ ਸੂਰਜ ਹੈ ਤੇ ਪ੍ਰਭੂ ਦੇ ਡਰ ਵਿਚ ਹੀ ਚੰਦਰਮਾ ਹੈ। ਉਹ ਕ੍ਰੋੜਾਂ ਹੀ ਮੀਲ ਬਿਨਾਂ ਕਿਸੇ ਓੜਕ ਦੇ ਤੁਰਦੇ ਹਨ। ਪ੍ਰਭੂ ਦੇ ਡਰ ਵਿਚ ਹੀ ਸਿੱਧ, ਬੁੱਧ, ਦੇਵਤੇ ਅਤੇ ਯੋਗੀ ਹਨ। ਪ੍ਰਭੂ ਦੇ ਡਰ ਵਿਚ ਹੀ ਆਕਾਸ਼ ਤਣਿਆ ਹੋਇਆ ਹੈ। ਪ੍ਰਭੂ ਦੇ ਡਰ ਵਿਚ ਹੀ ਯੋਧੇ ਅਤੇ ਪਰਮ ਸੂਰਬੀਰ ਹਨ। ਪ੍ਰਭੂ ਦੇ ਡਰ ਵਿਚ ਹੀ ਲੱਖਾਂ ਆਉਂਦੇ ਅਤੇ ਲੱਖਾਂ ਜਾਂਦੇ ਹਨ। ਪ੍ਰਭੂ ਨੇ ਆਪਣੇ ਡਰ ਦਾ ਸਾਰਿਆਂ ਦੇ ਸਿਰਾਂ ਉੱਪਰ ਆਪਣਾ ਲੇਖ ਲਿਖਿਆ ਹੋਇਆ ਹੈ। ਹੇ ਨਾਨਕ ! ਸੱਚਾ ਸਰੂਪ ਰਹਿਤ ਇਕ ਪ੍ਰਭੂ ਹੀ ਡਰ ਰਹਿਤ ਹੈ॥ ੧॥

ਚੌਪਈ- ਇਹ ਸ਼ਲੋਕ ਸਭਿ ਪਠਜੋ ਸੁਨਾਯੋ। ਸਭਿ ਸੰਗਤਿ ਕੇ ਮਨ ਮਹਿਂ ਭਾਯੋ।
ਬਰਖਾ ਲਾਗੀ ਪਰਨ ਘਨੇਰੀ। ਗਏ ਸਕਲ ਨਰ ਘਰ ਤਿਸ ਬੇਰੀ॥੧੫॥

ਇਹ ਸਲੋਕ ਸਭ ਨੂੰ ਪੜ੍ਹ ਕੇ ਸੁਣਾਇਆ, ਸਾਰੀ ਸੰਗਤ ਦੇ ਮਨ ਵਿਚ ਇਹ ਸਲੋਕ ਚੰਗਾ ਲੱਗਾ। ਫਿਰ ਬਹੁਤ ਵਰਖਾ ਪੈਣ ਲੱਗੀ ਤੇ ਉਸ ਸਮੇਂ ਸਾਰੇ ਮਨੁੱਖ ਆਪਣੇ ਘਰਾਂ ਨੂੰ ਚਲੇ ਗਏ॥ ੧੫॥

ਗੁਰੂ ਸੁਜਸੁ ਕੋ ਜਾਤਿ ਬਖਾਨਹਿ। 'ਮੂਢ ਸੁ ਨਰ ਜੋ ਇਨਹੁਂ ਨ ਮਾਨਹਿ'।
ਸਕਲ ਦੇਸ਼ ਮਹਿਂ ਭਯੋ ਸੁਕਾਲਾ। ਹਰੇ ਖੇਤ ਪਿਖਿ ਭਏ ਨਿਹਾਲਾ॥ ੧੬॥

ਉਹ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਹਿੰਦੇ ਜਾਂਦੇ ਸਨ, "ਉਹ ਮਨੁੱਖ ਮੂਰਖ ਹਨ, ਜਿਹੜੇ ਇਨ੍ਹਾਂ ਨੂੰ ਨਹੀਂ ਮੰਨਦੇ ਹਨ।" ਸਾਰਾ ਦੇਸ਼ ਕਾਲ ਰਹਿਤ ਹੋ ਗਿਆ। ਆਪਣੇ ਹਰੇ-ਭਰੇ ਖੇਤਾਂ ਨੂੰ ਵੇਖ ਕੇ ਨਿਹਾਲ ਹੁੰਦੇ ਸਨ॥ ੧੬॥

ਅੰਨ ਅਨੇਕ ਭਾਂਤਿ ਕੇ ਹੋਇ। ਜਹਿਂ ਕਹਿਂ ਗੁਰ ਪ੍ਰਤਾਪ ਕੋ ਜੋਇ।
ਨਿਤ ਪ੍ਰਤਿ ਚਢਹਿਂ ਅਖੇਰ ਬਹਾਨੇ। ਦੂਰ ਦੂਰ ਥਲ ਪਿਖਨਿ ਪਿਆਨੇ॥੧੭॥

ਅਨੇਕ ਪ੍ਰਕਾਰ ਦਾ ਅਨਾਜ ਪੈਦਾ ਹੋਇਆ, ਜਿੱਥੇ ਕਿੱਥੇ ਗੁਰੂ ਜੀ ਦੇ ਪ੍ਰਤਾਪ ਨੂੰ ਵੇਖਦੇ ਸਨ। ਸਤਿਗੁਰੂ ਜੀ ਨਿਤ ਸ਼ਿਕਾਰ ਦੇ ਬਹਾਨੇ ਚੜ੍ਹਾਈ ਕਰਦੇ ਸਨ ਤੇ ਦੂਰ-ਦੂਰ ਤਕ ਸਥਾਨ ਵੇਖਣ ਵਾਸਤੇ ਜਾਂਦੇ ਸਨ॥ ੧੭॥

ਗਾਹਜੋ ਦੇਸ਼ ਮਾਲਵਾ ਫਿਰਿਕੇ। ਇਤ ਉਤ ਕੋ ਨਰ ਹੇਰਨਿ ਕਰਿਕੈ।
ਇਕ ਦਿਨ ਸਤਿਗੁਰ ਬੈਠਿ ਬਖਾਨਾ। 'ਦਯਾਵਾਨ ਇਹੁ ਦੇਸ਼ ਮਹਾਨਾ॥੧੮॥

ਉਨ੍ਹਾਂ ਨੇ ਸਾਰਾ ਮਾਲਵਾ ਦੇਸ਼ ਫਿਰ ਕੇ ਗਾਹਿਆ। ਏਧਰ ਓਧਰ ਦੇ ਮਨੁੱਖਾਂ ਨੂੰ ਵੇਖਦੇ ਸਨ। ਇਕ ਦਿਨ ਸਤਿਗੁਰੂ ਜੀ ਨੇ ਬੈਠ ਕੇ ਬਚਨ ਕੀਤਾ, "ਇਹ ਦੇਸ਼ ਮਹਾਨ ਦਇਆਵਾਨ ਹੈ॥ ੧੮॥

ਸਿੱਖੀ ਭਾਵ ਬਡੇਰ ਬਡੇਰਾ। ਦੋਸ਼ ਇਹੀ ਕਹਿਂ ਝੂਠ ਘਨੇਰਾ।
ਪੁੱਤ੍ਰੀ ਪੀਛੇ ਪਲਹਿਂ ਸਦਾਈ। ਅੰਨ ਘਨੋ ਹੁਇ ਤੋਟ ਨ ਕਾਈ॥ ੧੯॥

ਸਿੱਖੀ ਭਾਵ ਇਨ੍ਹਾਂ ਵਿਚ ਵੱਡੇ ਤੋਂ ਵੱਡਾ ਹੈ, ਦੋਸ਼ ਕੇਵਲ ਇਹੋ ਹੀ ਹੈ ਕਿ ਜਿਹੜਾ ਬਹੁਤਾ ਝੂਠ ਬੋਲਦੇ ਹਨ ਤੇ ਸਦਾ ਹੀ ਆਪਣੀਆਂ ਪੁੱਤਰੀਆਂ ਵੇਚਦੇ ਹਨ। ਬਹੁਤ ਅਨਾਜ ਹੁੰਦਾ ਹੈ, ਕਿਸੇ ਪ੍ਰਕਾਰ ਦੀ ਤੋਟ ਨਹੀਂ ਰਹਿੰਦੀ ਹੈ॥ ੧੯॥

ਨਹੀਂ ਅਘਾਵਹਿੰਗੇ ਮਨ ਕਾਚੇ। ਪੈਸੇ ਕੀ ਤ੍ਰਿਸ਼ਨਾ ਮਹਿਂ ਰਾਚੇ।
ਬਾਕ ਨ ਮਾਨਹਿਂ ਰਹਿਂ ਮਤਿ ਮਾਰੇ। ਅਪਨੋ ਭਲੇ ਨ ਜਾਨਿ ਗਵਾਰੇ॥ ੨੦॥

ਮਨ ਦੇ ਕੱਚੇ ਕਦੀ ਵੀ ਤ੍ਰਿਪਤ ਨਹੀਂ ਹੋਣਗੇ, ਧਨ ਦੀ ਤ੍ਰਿਸ਼ਨਾ ਵਿਚ ਰਚੇ ਹੋਏ ਹਨ। ਬਚਨ ਨਹੀਂ ਮੰਨਦੇ ਹਨ ਤੇ ਬੁੱਧੀ ਦੇ ਮਾਰੇ ਹੋਏ ਰਹਿੰਦੇ ਹਨ, ਇਹ ਮੂਰਖ ਆਪਣਾ ਭਲਾ ਨਹੀਂ ਜਾਣਦੇ ਹਨ॥ ੨੦॥

ਬਚਨ:-ਖਾਨ ਕੋ ਭੇਸ॥ਸਿੱਖੀ ਕੋ ਪ੍ਰਦੇਸ। ਮਤਲਬ ਪਾਤਸ਼ਾਹੀ। ਰਾਜ ਬਿਨ ਪਾਹੀ॥੧॥

ਖਾਣ ਲਈ ਭੇਸ ਬਣਾਉਂਦੇ ਹਨ। ਸਿੱਖੀ ਦੇਸ਼ ਤੋਂ ਪਰ੍ਹੇ ਹਨ। ਮਤਲਬ ਹੀ ਇਨ੍ਹਾਂ ਦੀ ਪਾਤਸ਼ਾਹੀ ਹੈ, ਭਾਵ ਗੌਂ ਦੇ ਯਾਰ ਹਨ। ਰਾਜ ਪਾਉਣ ਤੋਂ ਬਿਨਾਂ ਹਨ॥ ੧॥

ਚੌਪਈ- ਏਕ ਵਾਰ ਸਭਿ ਦੇਸ਼ ਮਝਾਰੀ। ਪਰਜੋ ਗਰਜ ਕੋ ਤਾਪ ਸੁ ਭਾਰੀ।
ਸਕਲ ਦੁਖੀ ਤਨ ਥਰਹਰਿ ਕਾਂਪੇ। ਪੀਤ ਬਦਨ ਦਿਨ ਰਾਤਿ ਸੰਤਾਪੇ॥੨੧॥

ਇਕ ਵਾਰ ਸਾਰੇ ਦੇਸ਼ ਵਿਚ ਗਰਜ ਕੇ ਭਾਰੀ ਤਾਪ ਚੜ੍ਹਨ ਲੱਗਾ, ਸਾਰੇ ਦੁਖੀ ਸਨ, ਸਰੀਰ ਥਰ-ਥਰ ਕੰਬਦੇ ਸਨ, ਪੀਲੇ ਚਿਹਰੇ ਦਿਨ ਰਾਤ ਦੁਖ ਬਰਦਾਸ਼ਤ ਕਰਦੇ ਸਨ॥ ੨੧॥

ਖਾਯੋ ਜਾਇ ਨ ਪੀਵੈਂ ਪਾਨੀ। ਪਰੇ ਰਹੈਂ ਦੁਰਬਲਹਿ ਮਹਾਨੀ।
ਡੱਲੇ ਆਨਿ ਗੁਰੂ ਕੇ ਪਾਸ। ਕਹੀ ਤਾਪ ਕੀ ਬ੍ਰਿਥਾ ਪ੍ਰਕਾਸ਼॥ ੨੨॥

ਕੁਝ ਖਾਧਾ ਨਹੀਂ ਸੀ ਜਾਂਦਾ, ਕੇਵਲ ਪਾਣੀ ਪੀਂਦੇ ਸਨ ਤੇ ਮਹਾਨ ਦੁਰਬਲ ਹੋ ਕੇ ਪਏ ਰਹਿੰਦੇ ਸਨ। ਡੱਲੇ ਨੇ ਗੁਰੂ ਜੀ ਦੇ ਪਾਸ ਆ ਕੇ ਇਸ ਤਾਪ ਦੀ ਵਿਥਿਆ ਸੁਣਾਈ॥ ੨੨॥

'ਮਹਾਂਰਾਜ! ਕੁਛ ਜਤਨ ਬਤਾਵਹੁ। ਅਪਨੇ ਜਾਨਹੁ ਤਾਪ ਮਿਟਾਵਹੁ।
ਤੁਮ ਬਿਨ ਹਮਰੋ ਨਹਿਂ ਰਖਵਾਰਾ। ਗਹਜੋ ਆਸਰਾ ਬਡੋ ਬਿਚਾਰਾ'॥ ੨੩॥

ਕਹਿਣ ਲੱਗਾ, 'ਮਹਾਰਾਜ! ਕੋਈ ਯਤਨ ਦੱਸੋ, ਆਪਣੇ ਜਾਣ ਕੇ ਇਸ ਤਾਪ ਨੂੰ ਖਤਮ ਕਰੋ। ਤੁਹਾਡੇ ਬਗੈਰ ਸਾਡਾ ਏਥੇ ਕੋਈ ਰਖਵਾਲਾ ਨਹੀਂ ਹੈ। ਅਸੀਂ ਤੁਹਾਡਾ ਵੱਡਾ ਆਸਰਾ ਜਾਣਿਆ ਹੈ'॥ ੨੩॥

ਸੁਨਤਿ ਬਿਨੈ ਕੋ ਭਏ ਕ੍ਰਿਪਾਲ। ਕਹਜੋ 'ਉਪਾਇ ਕਰਹੁ ਤਤਕਾਲ।
ਸਿਰ ਪਰ ਰਾਖਹੁ ਸਗਰੇ ਕੇਸ਼। ਗੁਰਬਾਣੀ ਨਿਤ ਪੜ੍ਹਹੁ ਵਿਸ਼ੇਸ਼॥ ੨੪॥

ਡੱਲੇ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਅਤੇ ਕਿਹਾ, "ਤੁਰਤ ਇਸਦਾ ਉਪਾਅ ਕਰੋ। ਸਿਰ ਉੱਪਰ ਸਾਰੇ ਕੇਸ ਰੱਖੋ ਤੇ ਨਿਤ ਗੁਰਬਾਣੀ ਦਾ ਵਿਸ਼ੇਸ਼ ਤੌਰ 'ਤੇ ਪਾਠ ਕਰੋ॥ ੨੪॥

ਨਿਕਸੈ ਤਾਪ ਦੇਸ਼ ਤੇ ਤਬੈ। ਗੁਰਮਤਿ ਕਰਨਿ ਲਗਹੁਗੇ ਜਬੈ'।
ਸੁਨਿ ਡੱਲੇ ਸਭਿਹੂੰਨਿ ਸੁਨਾਈ। ਕਰਤਿ ਭਏ ਤਿਮ ਨਰ ਸਮੁਦਾਈ॥ ੨੫॥

ਫਿਰ ਇਹ ਤਾਪ ਇਸ ਦੇਸ਼ ਵਿਚੋਂ ਨਿਕਲ ਜਾਵੇਗਾ, ਜਦ ਤੁਸੀਂ ਸਾਰੇ ਗੁਰਮਤ ਕਰਨ ਲੱਗ ਜਾਵੋਗੇ।'' ਇਹ ਸੁਣ ਕੇ ਡੱਲੇ ਨੇ ਸਾਰਿਆਂ ਨੂੰ ਸੁਣਾਇਆ ਤੇ ਫਿਰ ਸਾਰੇ ਮਨੁੱਖ ਉਸ ਤਰ੍ਹਾਂ ਕਰਨ ਲੱਗ ਗਏ॥ ੨੫॥

ਤਜਿ ਨਿਜ ਗ੍ਰਾਮਨਿ ਕੋ ਚਲਿ ਆਏ। ਰਹੇ ਦਮਦਮੇ ਪਢਨ ਲਗਾਏ।
ਪੁਨ ਗੁਰ ਕਹਜੋ 'ਲਹਹੁ ਸੁਖ ਸਾਰੇ। ਧਰਮਸਾਲ ਰਚਿ ਗ੍ਰਾਮ ਮਝਾਰੇ॥ ੨੬॥

ਆਪਣੇ-ਆਪਣੇ ਪਿੰਡਾਂ ਨੂੰ ਛੱਡ ਕੇ ਆ ਗਏ ਤੇ ਦਮਦਮੇ ਰਹਿੰਦੇ ਸਨ ਤੇ ਸਾਰਿਆਂ ਨੂੰ ਗੁਰਬਾਣੀ ਪੜ੍ਹਨ ਲਾ ਦਿੱਤਾ। ਫਿਰ ਗੁਰੂ ਜੀ ਨੇ ਕਿਹਾ, ''ਸਾਰੇ ਸੁਖ ਪ੍ਰਾਪਤ ਕਰੋ ਤੇ ਪਿੰਡ ਵਿਚ ਧਰਮਸਾਲਾ ਬਣਾਵੋ॥ ੨੬॥

ਸਿਖ ਸੰਗਤਿ ਤਿਸ ਬੀਚ ਬਿਠਾਵਹੁ। ਧਰਹੁ ਭਾਉ ਉਰ ਟਹਿਲ ਕਮਾਵਹੁ।
ਜੋੜ ਕਰਹੁ ਸਤਿ ਸੰਗਤਿ ਕੇਰਾ। ਗੁਰਬਾਣੀ ਮਨ ਰੁਚੇ ਘਨੇਰਾ॥ ੨੭॥

ਸਿੱਖ ਸੰਗਤ ਨੂੰ ਉਸ ਧਰਮਸਾਲਾ ਦੇ ਵਿਚ ਬਿਠਾਵੋ ਤੇ ਹਿਰਦੇ ਵਿਚ ਪ੍ਰੇਮ ਧਾਰ ਕੇ ਟਹਿਲ ਸੇਵਾ ਕਮਾਓ। ਸਤਿਸੰਗਤ ਦਾ ਜੋੜ ਮੇਲ ਕਰੋ ਤੇ ਗੁਰਬਾਣੀ ਪੜ੍ਹਨ ਦੀ ਮਨ ਵਿਚ ਵੱਡੀ ਪ੍ਰੀਤ ਧਾਰਨ ਕਰੋ॥ ੨੭॥

ਹੁਇ ਹੈ ਸੁਖ ਨਹਿੰ ਚੜਿ ਹੈ ਤਾਪ। ਨਾਸ਼ ਹੋਇੰਗੇ ਸੋਗ ਸੰਤਾਪ'।
ਧਰਿ ਕਰਿ ਤ੍ਰਾਸ ਸਕਲ ਨੇ ਮਾਨੀ। ਕਹੀ ਗੁਰੂ ਜਿਮ ਸਭਿ ਤਿਮ ਠਾਨੀ॥੨੮॥

ਫਿਰ ਸੁਖ ਪ੍ਰਾਪਤ ਹੋਵੇਗਾ ਤੇ ਤਾਪ ਨਹੀਂ ਚੜ੍ਹੇਗਾ ਤੇ ਸੋਗ ਸੰਤਾਪ ਖਤਮ ਹੋ ਜਾਣਗੇ।'' ਹਿਰਦੇ ਵਿਚ ਡਰ ਕੇ ਸਾਰਿਆਂ ਨੇ ਗੁਰੂ ਜੀ ਦੀ ਗੱਲ ਮੰਨ ਲਈ, ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਪ੍ਰਕਾਰ ਹੀ ਕੀਤਾ॥ ੨੮॥

ਦਯਾ ਧਰਮ ਅਰੁ ਪਠਿਬੋ ਬਾਨੀ। ਸਿੱਖੀ ਪਸਰੀ ਦੇਸ਼ ਮਹਾਨੀ।
ਪੁਨ ਸਿਰ੍ਹੰਦ ਕੇ ਸੂਬੇ ਜਾਨਿ। ਗੁਰੂ ਟਿਕੇ ਤੇ ਦੁਖੀ ਮਹਾਨ॥ ੨੯॥

ਦਇਆ ਧਰਮ ਕਰਦੇ ਸਨ ਅਤੇ ਬਾਣੀ ਪੜ੍ਹਦੇ ਸਨ ਤੇ ਉਸ ਦੇਸ਼ ਵਿਚ ਮਹਾਨ ਸਿੱਖੀ ਫੈਲ ਗਈ। ਫਿਰ ਸਿਰਹੰਦ ਦੇ ਸੂਬੇ ਨੇ ਜਦ ਗੁਰੂ ਜੀ ਬਾਰੇ ਜਾਣਿਆ ਤਾਂ ਗੁਰੂ ਜੀ ਦੇ ਉਥੇ ਟਿਕਣ ਕਰਕੇ ਮਹਾਨ ਦੁਖੀ ਹੋਇਆ॥ ੨੯॥

ਲਿਖਜੋ ਪੱਤ੍ਰ ਨਿਜ ਜੋਰ ਜਨਾਯੋ। ਡੱਲੇ ਕੇ ਸਮੀਪ ਪਹੁੰਚਾਯੋ।
ਗਯੋ ਦੁਰਗ ਮਹਿੰ ਲੇ ਕਰਿ ਸੋਈ। ਸਤਿਗੁਰ ਕੋ ਸੁਧ ਤਿਸ ਕੀ ਹੋਈ॥ ੩੦॥

ਉਸ ਨੇ ਦੁਬਾਰਾ ਪੱਤਰ ਲਿਖ ਕੇ ਆਪਣਾ ਜ਼ੋਰ ਜਤਾਇਆ ਤੇ ਉਸ ਪੱਤਰ ਨੂੰ ਡੱਲੇ ਦੇ ਪਾਸ ਪਹੁੰਚਾਇਆ। ਦੂਤ ਉਸ ਪੱਤਰ ਨੂੰ ਲੈ ਕੇ ਕਿਲ੍ਹੇ ਦੇ ਵਿਚ ਗਿਆ, ਸਤਿਗੁਰੂ ਜੀ ਨੂੰ ਉਸ ਦੀ ਖ਼ਬਰ ਹੋ ਗਈ॥ ੩੦॥

ਏਕ ਸਿੱਖ ਕੋ ਤਬੈ ਪਠਾਯੋ। 'ਗੁਪਤਿ ਰਹਹੁ ਸੁਨਿ ਕਹਾਂ ਪਠਾਯੋ।
ਸੁਨਿ ਕੈ ਡੱਲਾ ਤਬਿ ਕਯਾ ਕਹੈ। ਨਹੀਂ ਡਰੈ, ਕੈ ਡਰਪਤਿ ਅਹੈ' ॥ ੩੧॥

ਤਦ ਸਤਿਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ ਅਤੇ ਕਿਹਾ, ''ਗੁਪਤ ਰਹਿ ਕੇ ਸੁਣੀਂ ਕਿ ਵਜ਼ੀਰ ਖਾਂ ਨੇ ਕੀ ਲਿਖ ਕੇ ਭੇਜਿਆ ਹੈ, ਤੇ ਇਹ ਵੀ ਸੁਣੋ ਡੱਲਾ ਤਦ ਕੀ ਕਹਿੰਦਾ ਹੈ। ਨਹੀਂ ਡਰਦਾ ਹੈ ਜਾਂ ਡਰਦਾ ਹੈ''॥ ੩੧॥

ਅੰਤਰ ਇਤ ਉਤ ਸਿਖ ਬਿਚਰੰਤਾ। ਡੱਲਾ ਕਾਗਦ ਤੁਰਕ ਸੁਨੰਤਾ।
'ਕਯੋਂ ਨਿਜ ਬੁਰਾ ਕਰਨਿ ਅਭਿਲਾਖਾ। ਪਾਤਸ਼ਾਹੁ ਰਿਪੁ ਗੁਰ ਢਿਗ ਰਾਖਾ॥੩੨॥

ਅੰਦਰ ਏਧਰ ਓਧਰ ਸਿੱਖ ਫਿਰਦਾ ਸੀ, ਡੱਲੇ ਨੇ ਤੁਰਕ ਦੇ ਲਿਖੇ ਪਰਵਾਨੇ ਨੂੰ ਸੁਣਿਆ, ''ਕਿਉਂ ਆਪਣਾ ਬੁਰਾ ਕਰਨ ਦੀ ਅਭਿਲਾਸ਼ਾ ਹੈ, ਬਾਦਸ਼ਾਹ ਦੇ ਦੁਸ਼ਮਣ ਗੁਰੂ ਜੀ ਨੂੰ ਆਪਣੇ ਪਾਸ ਰੱਖਿਆ ਹੈ॥ ੩੨॥

ਅਬਿ ਭੀ ਕਰਜੋ ਜਿ ਚਹਿਂ ਭਲਿਆਈ। ਹਮ ਕੋ ਗੁਰੂ ਦਿਹੋ ਪਕਰਾਈ।
ਸੈਨ ਘਨੇਰੀ ਦੇਤਿ ਪਠਾਇ। ਮਿਲਿ ਕਰਿ ਤਿਸ ਕੋ ਦੇਹੁ ਗਹਾਇ॥ ੩੩॥

ਹੁਣ ਵੀ ਜੇ ਆਪਣੀ ਭਲਿਆਈ ਚਾਹੁੰਦਾ ਹੈਂ ਤਾਂ ਸਾਡੇ ਪਾਸ ਗੁਰੂ ਜੀ ਨੂੰ ਫੜਾ ਦੇਵੇਂ। ਅਸੀਂ ਵੱਡੀ ਸੈਨਾ ਭੇਜਦੇ ਹਾਂ, ਉਸ ਸੈਨਾ ਨਾਲ ਮਿਲ ਕੇ ਗੁਰੂ ਜੀ ਨੂੰ ਫੜਵਾ ਦੇਵੇਂ॥ ੩੩॥

ਨਤੁ ਤੁਝ ਕੋ ਦੇਂ ਬਡੀ ਸਜਾਈ। ਬਸਿਬੇ ਦੇਹਿਂ ਨਹੀਂ ਇਸ ਥਾਂਈ।
ਲੂਟਹਿਂ ਗ੍ਰਾਮ ਉਜਾਰਨ ਕਰੈਂ। ਆਇ ਅਚਾਨਕ ਸਭਿ ਕੋ ਧਰੈਂ'॥ ੩੪॥

ਨਹੀਂ ਤਾਂ ਤੈਨੂੰ ਵੱਡੀ ਸਜਾ ਦੇਵਾਂਗੇ, ਇਸ ਥਾਂ ਤੈਨੂੰ ਵੱਸਣ ਨਹੀਂ ਦੇਵਾਂਗੇ। ਤੇਰਾ ਨਗਰ ਲੁੱਟ ਕੇ ਉਜਾੜ ਬਣਾ ਦੇਵਾਂਗੇ, ਅਚਾਨਕ ਆ ਕੇ ਸਾਰਿਆਂ ਨੂੰ ਫੜ ਲਵਾਂਗੇ'॥ ੩੪॥

ਸੁਨਿ ਡੱਲੇ ਉੱਤਰ ਲਿਖਵਾਯੋ। 'ਹਮ ਨਹਿਂ ਡਰਹਿਂ ਜਿ ਚਹਤਿ ਡਰਾਯੋ।
ਭੇਜਹਿਂ ਦਲ ਤਿਸ ਕੇ ਸੰਗ ਲਰੈਂ। ਮਾਰਿ ਲੂਟ ਆਗੈ ਚਲਿ ਪਰੈਂ॥ ੩੫॥

ਇਹ ਸੁਣ ਕੇ ਡੱਲੇ ਨੇ ਉੱਤਰ ਲਿਖਵਾਇਆ, 'ਅਸੀਂ ਨਹੀਂ ਡਰਦੇ ਹਾਂ, ਜੇ ਡਰਾਉਣਾ ਚਾਹੁੰਦਾ ਹੈਂ। ਜਿਹੜਾ ਦਲ ਭੇਜੇਂਗਾ, ਉਸ ਦੇ ਨਾਲ ਯੁੱਧ ਕਰਾਂਗੇ ਤੇ ਉਸ ਨੂੰ ਮਾਰ ਲੁੱਟ ਕੇ ਅੱਗੇ ਚਲ ਪਵਾਂਗੇ॥ ੩੫॥

ਨਿਰਜਲ ਬਨ ਮਹਿਂ ਬਸ ਨਹਿਂ ਤੇਰੋ। ਸਿਰ ਕੇ ਸਾਥ ਗੁਰੂ ਹੈ ਮੇਰੋ।
ਕਿਸ ਬਿਧਿ ਗਹੈਂ ਨ ਗਹਿਬੇ ਦੇਹਿਂ। ਨਿਜ ਪ੍ਰਾਨਨਿ ਕੇ ਸੰਗ ਰਖੇਹਿਂ'॥ ੩੬॥

ਜਲ ਰਹਿਤ ਰਣਖੇਤਰ ਵਿਚ ਤੇਰਾ ਵੱਸ ਨਹੀਂ ਚਲੇਗਾ, ਮੇਰਾ ਗੁਰੂ ਮੇਰੇ ਸਿਰ ਦੇ ਨਾਲ ਹੈ। ਕਿਸੇ ਵਿਧੀ ਨਾਲ ਵੀ ਉਸਨੂੰ ਫੜਾਂਗੇ ਨਹੀਂ ਅਤੇ ਨਾ ਹੀ ਕਿਸੇ ਨੂੰ ਫੜਨ ਦੇਵਾਂਗੇ, ਉਨ੍ਹਾਂ ਨੂੰ ਆਪਣੇ ਪ੍ਰਾਣਾਂ ਦੇ ਨਾਲ ਰੱਖਾਂਗੇ'॥ ੩੬॥

ਇਮ ਉੱਤਰ ਡੱਲੇ ਲਿਖਵਾਯੋ। ਸਮੁਖ ਵਜੀਦੇ ਤੁਰਤ ਪਠਾਯੋ।
ਸਗਰੀ ਬਾਤ ਦੁਹਨਿ ਦਿਸ਼ਿ ਕੇਰੀ। ਸਿਖ ਨੇ ਸੁਨੀ ਭਲੇ ਤਿਸ ਬੇਰੀ॥ ੩੭॥

ਇਸ ਪ੍ਰਕਾਰ ਡੱਲੇ ਨੇ ਉੱਤਰ ਲਿਖਵਾਇਆ ਤੇ ਵਜੀਦੇ ਦੇ ਸਾਹਮਣੇ ਤੁਰਤ ਭੇਜ ਦਿੱਤਾ। ਸਿੱਖ ਨੇ ਦੋਵਾਂ ਪਾਸਿਆਂ ਦੀ ਗੱਲਬਾਤ ਭਲੀ ਪ੍ਰਕਾਰ ਉਸ ਸਮੇਂ ਸੁਣ ਲਈ॥ ੩੭॥

ਸੋ ਸਤਿਗੁਰ ਢਿਗ ਆਨਿ ਸੁਨਾਈ। ਸੁਨਿ ਕਰਿ ਖੁਸ਼ੀ ਭਏ ਸੁਖਦਾਈ।
ਕੇਤਿਕ ਦਿਵਸ ਬਿਤੀਤੇ ਔਰ। ਸਤਿਗੁਰ ਬਾਸੇ ਤਿਸ ਹੀ ਠੌਰ॥ ੩੮॥

ਉਹ ਸਾਰੀ ਗੱਲਬਾਤ ਉਸ ਸਤਿਗੁਰੂ ਜੀ ਪਾਸ ਆ ਕੇ ਸੁਣਾ ਦਿੱਤੀ। ਇਹ ਸੁਣ ਕੇ ਸੁਖਦਾਈ ਸਤਿਗੁਰੂ ਜੀ ਪ੍ਰਸੰਨ ਹੋ ਗਏ। ਕਈ ਦਿਨ ਹੋਰ ਬਤੀਤ ਕੀਤੇ। ਸਤਿਗੁਰੂ ਜੀ ਉਸ ਸਥਾਨ ਵਿਖੇ ਹੀ ਰਹਿੰਦੇ ਰਹੇ॥ ੩੮॥

ਸੰਗਤਿ ਦੂਰ ਦੂਰ ਤੇ ਆਵੈ। ਪ੍ਰਭੁ ਕੇ ਪਾਇਨ ਸੀਸ ਝੁਕਾਵੈ।
ਅਰਪਹਿ ਅਨਿਕ ਅਕੋਰਨਿ ਲਜਾਇ। ਮਨਹੁ ਕਾਮਨਾ ਅਪਨੀ ਪਾਇ॥ ੩੯॥

ਸਿੱਖ ਸੰਗਤ ਬਹੁਤ ਦੂਰ-ਦੂਰ ਤੋਂ ਆਉਂਦੀ ਸੀ ਤੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਸੀਸ ਝੁਕਾਉਂਦੇ ਸਨ। ਅਨੇਕਾਂ ਪ੍ਰਕਾਰ ਦੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ ਤੇ ਸਾਰੇ ਆਪਣੀਆਂ ਮਨੋਕਾਮਨਾਂ ਪ੍ਰਾਪਤ ਕਰਦੇ ਸਨ॥ ੩੯॥

ਨਿਸ ਮਹਿਂ ਦਸ ਸਿੰਘਨਿ ਕੋ ਪਹਿਰਾ। ਪਲੰਘ ਨਿਕਟ ਜਾਗਹਿਂ ਨਿਤ ਠਹਿਰਾ।
ਇਕ ਦਿਨ ਖੇੜਾ ਪਾਵਨ ਕੀਨਿ। ਗਾਵਨ ਨਾਚਨ ਨਰ ਨਾਰੀਨ॥ ੪੦॥

ਰਾਤ ਨੂੰ ਦਸਾਂ ਸਿੰਘਾਂ ਦਾ ਪਹਿਰਾ ਰਹਿੰਦਾ ਸੀ, ਉਹ ਪਲੰਘ ਦੇ ਨੇੜੇ ਜਾਗ ਕੇ ਨਿਤ ਠਹਿਰਦੇ ਸਨ। ਇਕ ਦਿਨ ਇਸਤਰੀ-ਪੁਰਸ਼ਾਂ ਨੇ ਗਾਉਣ ਨੱਚਣ ਦਾ ਅਖਾੜਾ ਰਚਿਆ॥ ੪੦॥

ਸੋ ਸਿਖ ਆਪਸ ਮਹਿਂ ਇਮ ਕਹੈਂ। 'ਨਿੰਦ੍ਰਾ ਬਸੀ ਗੁਰੂ ਅਬਿ ਅਹੈਂ।
ਚਲਹੁ ਬਿਲੋਕਹਿਂ ਤਤਛਿਨ ਆਵੈਂ। ਤਬਿ ਲੌ ਕਹਾਂ ਬਿਗਰ ਕੁਛ ਜਾਵੈ॥੪੧॥

ਉਹ ਸਿੱਖ ਆਪਸ ਵਿਚ ਕਹਿੰਦੇ ਸਨ, "ਗੁਰੂ ਜੀ ਇਸ ਸਮੇਂ ਨੀਂਦ ਦੇ ਵੱਸ ਵਿਚ ਹਨ। ਚਲੋ ਤੁਰਤ ਵੇਖ ਕੇ ਆ ਜਾਈਏ, ਤਦ ਤਕ ਕੀ ਵਿਗੜ ਚੱਲਿਆ ਹੈ॥ ੪੧॥

ਸਤਿਗੁਰ ਜਾਗਨਿ ਤੇ ਪਹਿਲਾਈ। ਆਇ ਥਿਰੈਂਗੇ ਇਸ ਹੀ ਥਾਂਈ'।
ਇਮ ਕਹਿ ਕਰਿ ਸਿਖ ਪੰਚ ਪਧਾਰੇ। ਪੰਚ ਨ ਗਏ ਥਿਰੇ ਡਰ ਧਾਰੇ॥ ੪੨॥

ਸਤਿਗੁਰੂ ਜੀ ਦੇ ਜਾਗਣ ਤੋਂ ਪਹਿਲਾਂ ਹੀ, ਇਸ ਥਾਂ ਆ ਕੇ ਖੜੇ ਹੋ ਜਾਵਾਂਗੇ।" ਇਸ ਪ੍ਰਕਾਰ ਕਹਿ ਕੇ ਪੰਜ ਸਿੱਖ ਚਲੇ ਗਏ, ਪੰਜ ਨਾ ਗਏ, ਉਹ ਡਰ ਧਾਰ ਕੇ ਖੜੇ ਰਹੇ॥ ੪੨॥

ਖੇਡਾ ਕਰਜੋ ਬਿਲੋਕਨ ਜਬੈ। ਡਰਤਿ ਪਰਸਪਰ ਬੋਲੇ ਤਬੈ।
'ਇਹਠਾਂ ਆਇ ਲਿਯੋ ਕਹੁ ਕਹਾਂ। ਸ੍ਰੀ ਪ੍ਰਭੁ ਕੋਪ ਕਰਹਿੰਗੇ ਤਹਾਂ॥ ੪੩॥

ਜਦ ਤਮਾਸ਼ਾ ਵੇਖਣ ਲੱਗੇ ਤੇ ਡਰਦੇ ਹੋਏ ਆਪਸ ਵਿਚ ਬੋਲੇ, "ਇਸ ਥਾਂ ਆ ਕੇ ਅਸੀਂ ਕੀ ਲਿਆ ਹੈ, ਉਥੇ ਸਤਿਗੁਰੂ ਜੀ ਬਹੁਤ ਗੁੱਸਾ ਕਰਨਗੇ॥ ੪੩॥

ਕਜੋਂ ਨਾਹਕ ਅਪਰਾਧੀ ਥੀਜੈ। ਅਬਿ ਭੀ ਚਲਹੁ ਨ ਬਿਲਮ ਲਗੀਜੈ'।
ਇਮ ਬੋਲਤਿ ਤੂਰਨ ਹਟਿ ਆਏ। ਤ੍ਰਾਸਤਿ ਖਰੇ ਭਏ ਨਿਜ ਥਾਂਏ॥ ੪੪॥

ਕਿਉਂ ਫਜ਼ੂਲ ਵਿਚ ਅਪਰਾਧੀ ਬਣਦੇ ਹਾਂ, ਹੁਣ ਵੀ ਚਲੋ ਦੇਰ ਨਾ ਕਰੋ।" ਇਸ ਤਰ੍ਹਾਂ ਬੋਲਦੇ ਹੋਏ ਤੁਰਤ ਵਾਪਸ ਆ ਗਏ ਤੇ ਡਰਦੇ ਹੋਏ ਆਪਣੇ ਸਥਾਨ 'ਤੇ ਖੜੇ ਹੋ ਗਏ॥ ੪੪॥

ਗੁਰ ਸੋਵਤਿ ਭੀ ਜਾਗਤਿ ਸਦਾ। ਜਿਨ ਤੇ ਛਿਪ ਹੈ ਬਾਤ ਨ ਕਦਾ।
ਗਏ ਹੁਤੇ ਸੋ ਡਰ ਧਰਿ ਖਿਰੇ। ਜੇ ਨਹਿਂ ਗਏ ਅਫਸੋਸ ਸੁ ਧਰੇ॥ ੪੫॥

ਗੁਰੂ ਜੀ ਸੁੱਤੇ ਹੋਏ ਵੀ ਸਦਾ ਜਾਗਦੇ ਸਨ, ਜਿਨ੍ਹਾਂ ਪਾਸੋਂ ਕੋਈ ਵੀ ਗੱਲ ਛੁਪਾਈ ਨਹੀਂ ਸੀ ਜਾ ਸਕਦੀ। ਜਿਹੜੇ ਗਏ ਸਨ ਉਹ ਡਰ ਧਾਰ ਕੇ ਖੜੇ ਸਨ। ਜਿਹੜੇ ਨਹੀਂ ਗਏ ਸਨ, ਉਹ ਅਫਸੋਸ ਧਾਰ ਕੇ ਖੜੇ ਸਨ॥ ੪੫॥

ਇਹ ਪਿਖਿ ਆਇ ਗਏ ਜਿਮ ਅਬੈ। ਹਮ ਬੀ ਜਾਤਿ ਬਿਲੋਕਤਿ ਤਬੈ।
ਥਿਰੇ ਰਹੇ ਕਜਾ ਤੁਮ ਨੇ ਪਾਯੋ। ਦਿਖਹਿਂ ਤਮਾਸ਼ਾ ਬਾਦ ਗਵਾਯੋ॥ ੪੬॥

ਇਹ ਵੇਖ ਕੇ ਜਿਵੇਂ ਹੁਣ ਆ ਗਏ ਹਨ, ਅਸੀਂ ਉਸ ਸਮੇਂ ਜਾ ਕੇ ਵੇਖ ਲੈਂਦੇ। ਏਥੇ ਖੜੇ ਰਹੇ ਹੋ, ਤੁਸੀਂ ਇਸ ਵਿਚ ਕੀ ਪਾਇਆ ਹੈ, ਤਮਾਸ਼ਾ ਵੇਖਣਾ ਫਜ਼ੂਲ ਵਿਚ ਗਵਾ ਲਿਆ ਹੈ॥ ੪੬॥

ਗੁਰ ਤੋ ਸੁਪਤਿ ਰਹੇ ਅਬਿ ਤਾਂਈ। ਇਮ ਪੰਚਹੁਂ ਨਿਸ ਝੂਰਿ ਬਿਤਾਈ।
ਭਈ ਪ੍ਰਾਤਿ ਨਿਜ ਡੇਰੇ ਗਏ। ਸ਼ੌਚਿ ਸ਼ਨਾਨ ਗੁਰੂ ਤਨ ਕਏ॥ ੪੭॥

ਗੁਰੂ ਜੀ ਤਾਂ ਹੁਣ ਤੱਕ ਸੁੱਤੇ ਰਹੇ ਹਨ। ਇਸ ਪ੍ਰਕਾਰ ਪੰਜਾਂ ਨੇ ਆਪਣੇ ਝੂਰਨ ਬਾਰੇ ਦੱਸਿਆ। ਸਵੇਰ ਹੋਈ ਤਾਂ ਆਪਣੇ ਡੇਰੇ ਵਿਚ ਚਲੇ ਗਏ। ਗੁਰੂ ਜੀ ਨੇ ਆਪਣੇ ਸਰੀਰ ਤੇ ਸੋਚ ਇਸ਼ਨਾਨ ਕੀਤਾ॥ ੪੭॥

ਲਗੇ ਦਿਵਾਨ ਸੁ ਸਕਲ ਬੁਲਾਏ। ਬੂਝੇ 'ਨਿਸ ਮਹਿਂ ਕਹਾਂ ਸਿਧਾਏ ?।
ਕਿਮ ਕਿਮ ਆਪਸ ਮਹਿਂ ਤੁਮ ਭਾਖੀ ? ਕਹਹੁ ਸਾਚ, ਹਮ ਸਭਿ ਕੇ ਸਾਖੀ ॥੪੮॥

ਜਦ ਦਿਵਾਨ ਲੱਗਾ ਤੇ ਸਾਰੇ ਪਹਿਰੇਦਾਰ ਬੁਲਾ ਲਏ ਤੇ ਪੁੱਛਿਆ, "ਰਾਤ ਨੂੰ ਕਿੱਥੇ ਗਏ ਸੀ ? ਕਿਵੇਂ-ਕਿਵੇਂ ਤੁਸੀਂ ਆਪਸ ਵਿਚ ਕਿਹਾ ? ਸੱਚ-ਸੱਚ ਕਹੋ, ਅਸੀਂ ਸਾਰਿਆਂ ਦੇ ਗਵਾਹ ਹਾਂ" ॥ ੪੮॥

ਦੁਹਾਂ ਧਿਰਾਂ ਤਬਿ ਸਾਚ ਬਖਾਨੀ। ਜਿਮ ਬੀਤੀ, ਜਿਮ ਭਾਖੀ ਬਾਨੀ।
ਸ੍ਰੀ ਗੁਰ ਸੁਨਿ ਕਰਿ ਸਭਿਨਿ ਸੁਨਾਏ। 'ਨਿਕਟੇ ਦੂਰ ਦੂਰ ਨਿਕਟਾਏ ॥ ੪੯॥

ਦੋਹਾਂ ਧਿਰਾਂ ਨੇ ਫਿਰ ਸੱਚੋ-ਸੱਚ ਕਹਿ ਦਿੱਤਾ, ਜਿਵੇਂ ਬੀਤੀ ਸੀ ਅਤੇ ਜਿਵੇਂ ਕਿਹਾ ਸੀ। ਸਤਿਗੁਰੂ ਜੀ ਨੇ ਸੁਣ ਕੇ ਸਾਰਿਆਂ ਨੂੰ ਸੁਣਾਇਆ। "ਜੋ ਸਰੀਰ ਕਰਕੇ ਨੇੜੇ ਸਨ ਸੋ ਮਨ ਕਰਕੇ ਦੂਰ ਸਨ॥ ੪੯॥

ਗਏ ਜੁ, ਤਿਨ ਕੋ ਮਨ ਹਮ ਪਾਹੀ। ਗਏ ਨ, ਤਿਨ ਮਨ ਖੇੜੇ ਮਾਹੀ'।
ਸੁਨਿ ਸਭਿ ਸਾਚ ਸਾਚ ਕਹਿ ਮਾਨੀ। 'ਧੰਨ ਧੰਨ ਸਤਿਗੁਰ ਗੁਨ ਖਾਨੀ' ॥੫੦॥

ਜਿਹੜੇ ਤਨ ਲੈ ਕੇ ਸਾਥੋਂ ਦੂਰ ਗਏ ਸਨ, ਉਨ੍ਹਾਂ ਦਾ ਡਰ ਕਰਕੇ ਮਨ ਸਾਡੇ ਪਾਸ ਸੀ। ਜਿਹੜੇ ਨਹੀਂ ਗਏ, ਉਨ੍ਹਾਂ ਦਾ ਮਨ ਤਮਾਸ਼ੇ ਵਿਚ ਸੀ।" ਇਹ ਸੁਣ ਕੇ ਸਭ ਨੇ ਸੱਚ ਸੱਚ ਕਹਿ ਕੇ ਮੰਨ ਲਈ। "ਧੰਨ ਧੰਨ ਗੁਣਾਂ ਦੀ ਖਾਣ ਸਤਿਗੁਰੂ ਜੀ" ॥ ੫੦॥

*ਪਹਿਲੇ ਐਨ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥*

## *ਅਧਿਆਇ ਸਤਾਈਵਾਂ*

### *ਮੀਂਹ ਪਵਾਇਆ ਤੇ ਬੰਦ ਕਰਵਾਇਆ, ਭਾਈ ਝੂਲਣ ਸਿੰਘ*

ਦੋਹਰਾ- ਸੋ ਬਰਖਾ ਕਰਿ ਘਨ ਗਏ ਖੇਤੀ ਲਈ ਪਕਾਇ।
ਕਿਤਿਕ ਮਾਸ ਬੀਤੇ ਬਹੁਰ ਬਾਰਿ ਬੂੰਦ ਨਹਿਂ ਪਾਇ॥ ੧॥

ਬਰਖਾ ਕਰਕੇ ਬੱਦਲ ਚਲੇ ਗਏ ਤੇ ਖੇਤੀ ਪਕਵਾ ਲਈ। ਫਿਰ ਬਹੁਤ ਮਹੀਨੇ ਬੀਤ ਗਏ ਤਾਂ ਪਾਣੀ ਦੀ ਬੂੰਦ ਤਕ ਵੀ ਨਾ ਡਿੱਗੀ॥ ੧॥

ਚੌਪਈ- ਗ੍ਰਾਮ ਨਿਕਟ ਕੇ ਸਰ ਸੁਸਕਾਨੇ। ਪਸੂ ਮਨੁਖ ਜਹਿਂ ਪਾਨੀ ਪਾਨੇ।
ਸ੍ਰੀ ਗੁਰ ਸੁਨਿ ਡੱਲੇ ਕੀ ਬਾਤ। ਕਹੀ ਤੁਰਕ ਸੋਂ ਲਿਖਿ ਬੱਖਜਾਤ॥੨॥

ਪਿੰਡ ਦੇ ਨੇੜੇ ਦੇ ਸਰੋਵਰ ਸੁੱਕ ਗਏ, ਜਿੱਥੇ ਪਸ਼ੂ ਤੇ ਮਨੁੱਖ ਪਾਣੀ ਪੀਂਦੇ ਸਨ। ਸਤਿਗੁਰੂ ਜੀ ਨੇ ਡੱਲੇ ਦੀ ਗੱਲ ਸੁਣੀ, ਜਿਹੜੀ ਉਸ ਨੇ ਤੁਰਕ ਨੂੰ ਲਿਖ ਕੇ ਕਹੀ ਸੀ॥ ੨॥

'ਜੀਵਣ ਮਰਣ ਗੁਰੂ ਕੇ ਸੰਗ। ਪਠਹਿਂ ਚਮੂੰ ਤਬਿ ਘਾਲਹਿਂ ਜੰਗ'।
ਇਤਿਜਾਦਿਕ ਜਬਿ ਸਿੰਘ ਸੁਨਾਈ। ਅਧਿਕ ਪ੍ਰਸੰਨ ਭਏ ਗੋਸਾਈਂ॥ ੩॥

"ਮੇਰਾ ਜੀਉਣਾ ਮਰਨਾ ਗੁਰੂ ਜੀ ਦੇ ਨਾਲ ਹੈ, ਜੇ ਤੂੰ ਸੈਨਾ ਭੇਜੇਂਗਾ ਤਾਂ ਉਸ ਨਾਲ ਜੰਗ ਕਰਾਂਗੇ।" ਇਸ ਪ੍ਰਕਾਰ ਜਦ ਸਿੰਘ ਨੇ ਸੁਣਾਈ ਤਾਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥ ੩॥

ਜਬਿ ਡੱਲਾ ਗੁਰ ਢਿਗ ਚਲਿ ਆਯੋ। ਬੈਠਿ ਗਯੋ ਪਗ ਸੀਸ ਨਿਵਾਯੋ।
ਭਏ ਪ੍ਰਸੰਨ ਕ੍ਰਿਪਾਲੁ ਬਖਾਨਾ। 'ਤੈ ਸੰਗ ਬੰਧਪ ਚਮੂੰ ਮਹਾਨਾ॥ ੪॥

ਜਦ ਡੱਲਾ ਗੁਰੂ ਜੀ ਪਾਸ ਚਲ ਕੇ ਆਇਆ ਤਾਂ ਚਰਨਾਂ ਉੱਪਰ ਸਿਰ ਨਿਵਾ ਕੇ ਬੈਠ ਗਿਆ ਤਾਂ ਕਿਰਪਾਲੂ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਤੇਰੇ ਪਾਸ ਸਨਬੰਧੀਆਂ ਦੀ ਫੌਜ ਬਹੁਤ ਹੈ॥ ੪॥

ਰੋਜ ਗੁਰੂ ਸਰਕਾਰ ਜੁ ਬਰਤੇ। ਸਭਿ ਚਾਕਰ ਜਿਮ ਲੈਬੋ ਕਰਤੇ।
ਤਿਮ ਤੂੰ ਗਿਨਿ ਨਿਜ ਸੰਗ ਜਿਤੇਕ। ਲੀਜਹਿ ਅਪਨੋ ਰੋਜ ਤਿਤੇਕ॥ ੫॥

ਜੋ ਗੁਰੂ ਦੀ ਸਰਕਾਰੋਂ ਰੋਜ਼ਾਨਾ ਵਰਤਦਾ ਹੈ, ਸਾਰੇ ਨੌਕਰ ਜਿਵੇਂ ਲੈਂਦੇ ਹਨ, ਉਸ ਪ੍ਰਕਾਰ ਤੂੰ ਵੀ ਜਿੰਨੇ ਤੇਰੇ ਨਾਲ ਸਾਥੀ ਹਨ ਓਨਾ ਤੂੰ ਆਪਣਾ ਰੋਜ਼ਾਨਾ ਲੈ ਲਵੇਂ॥ ੫॥

ਨਿਜ ਬੰਧਪ ਬੈਰਾੜਨਿ ਦੀਜੈ। ਸਭਿ ਕੋ ਚਿਤ ਆਨਦ ਜੁਤਿ ਕੀਜੈ।
ਇਸ ਤੇ ਬਿਨਾਂ ਆਨ ਅਭਿਲਾਖਾ। ਸੋ ਭੀ ਦੇਹਿਂ ਕਰਹੁ ਨਿਜ ਭਾਖਾ॥ ੬॥

ਆਪਣੇ ਸਨਬੰਧੀਆਂ ਬੈਰਾੜਾਂ ਨੂੰ ਦੇਵੇ ਤਾਂ ਸਾਰਿਆਂ ਦੇ ਮਨ ਅਨੰਦ ਸਹਿਤ ਕਰ ਦੇਵੋ। ਇਸ ਤੋਂ ਬਿਨਾਂ ਜੋ ਕੋਈ ਹੋਰ ਅਭਿਲਾਸ਼ਾ ਹੈ, ਉਹ ਵੀ ਦਿੰਦੇ ਹਾਂ ਤੁਸੀਂ ਇਸ ਬਾਰੇ ਕਹੋ॥ ੬॥

ਸੁਨਿ, ਡੱਲਾ ਬੈਰਾੜ ਉਦਾਰਾ! ਤੁਝ ਪਰ ਰਿਦਾ ਪ੍ਰਸੰਨ ਹਮਾਰਾ।
ਧਰਹੁ ਕਾਮਨਾ, ਸੋ ਕਹਿ, ਦੇਈਂ। ਹਮ ਤੇ ਕਰਹੁ ਜਾਚਨਾ ਲੇਈਂ'॥ ੭॥

ਹੇ ਡੱਲਾ ਬੈਰਾੜ! ਸੁਣੋ, ਤੁਹਾਡੇ ਉੱਪਰ ਸਾਡਾ ਹਿਰਦਾ ਬਹੁਤ ਪ੍ਰਸੰਨ ਹੈ। ਕਾਮਨਾ ਧਾਰਨ ਕਰੋ, ਉਹ ਕਹੋ ਅਸੀਂ ਦੇਈਏ। ਸਾਡੇ ਪਾਸੋਂ ਮੰਗ ਕੇ ਲੈ ਲਵੋ'॥ ੭॥

ਸੁਨਿ ਡੱਲੇ ਕਰ ਜੋਰਿ ਉਚਾਰੀ। 'ਪਾਤਸ਼ਾਹੁ! ਚਹਿਯਤਿ ਅਬਿ ਬਾਰੀ।
ਪਸ਼ੁ ਪੰਛੀ ਮਾਨਵ ਸਮੁਦਾਯਾ। ਬਿਨਾ ਨੀਰ ਤੇ ਹੁਇ ਬਿਕੁਲਾਯਾ॥ ੮॥

ਇਹ ਸੁਣ ਕੇ ਡੱਲੇ ਨੇ ਹੱਥ ਜੋੜ ਕੇ ਕਿਹਾ, 'ਹੇ ਸੱਚੇ ਪਾਤਸ਼ਾਹ! ਹੁਣ ਅਸੀਂ ਪਾਣੀ ਚਾਹੁੰਦੇ ਹਾਂ। ਪਸ਼ੂ, ਪੰਛੀ ਅਤੇ ਸਾਰੇ ਮਨੁੱਖ, ਪਾਣੀ ਤੋਂ ਬਗੈਰ ਵਿਆਕੁਲ ਹੋ ਗਏ ਹਨ॥ ੮॥

ਜੇ ਪ੍ਰਸੰਨ ਬਰਖਾ ਦਿਹੁ ਅਬੈ। ਟੋਭੇ ਪੁਰਹਿਂ ਲਹੈਂ ਸੁਖ ਸਬੈ'।
ਸੁਨਿ ਕਰਿ ਐਸੇ ਪ੍ਰਭੁ ਉਚਾਰਾ। 'ਮੀਂਹੁ ਕਹਾਂ ਹਮ ਕਾਂਖ ਮਝਾਰਾ॥ ੯॥

ਜੇ ਮੇਰੇ ਉੱਪਰ ਪ੍ਰਸੰਨ ਹੋ ਤਾਂ ਹੁਣ ਵਰਖਾ ਦੇਵੋ। ਸਾਰੇ ਟੋਭੇ ਅਤੇ ਸਰੋਵਰ ਭਰ ਜਾਣ ਤੇ ਸਾਰੇ ਬਹੁਤ ਸੁਖ ਲੈਣ।" ਇਸ ਪ੍ਰਕਾਰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਮੀਂਹ ਕਿਹੜਾ ਸਾਡੀ ਕੱਛ ਵਿਚ ਹੈ॥ ੯॥

ਜਿਸ ਤੇ ਅਬਿ ਨਿਕਾਸ ਕਰਿ ਦੇਹਿਂ। ਅਪਰ ਕਾਮਨਾ ਜਾਚਨ ਲੇਹਿ'।
ਇਮ ਕਹਿਂ ਸੁਨਿ ਹੋਏ ਸਭਿ ਮੋਨ। ਕਿਤਿਕ ਸਮੇਂ ਥਿਰ, ਗਾ ਪੁਨ ਭੋਨ॥੧੦॥

ਜਿਥੋਂ ਹੁਣ ਕੱਢ ਕੇ ਦੇਈਏ, ਹੋਰ ਕੋਈ ਕਾਮਨਾ ਮੰਗ ਲਵੋ।" ਇਸ ਪ੍ਰਕਾਰ ਕਹਿ ਸੁਣ ਕੇ ਸਾਰੇ ਚੁੱਪ ਹੋ ਗਏ। ਕਾਫੀ ਸਮਾਂ ਉਥੇ ਠਹਿਰ ਕੇ ਫਿਰ ਆਪਣੇ ਘਰ ਚਲਾ ਗਿਆ॥ ੧੦॥

ਅਗਲੇ ਦਿਵਸ ਰੋਜ਼ ਬਰਤੰਤਾ। ਚਾਕਰ ਗਨ ਗਿਨਿ ਗਿਨਿ ਸੁਲਹੰਤਾ।
ਤਬਿ ਡੱਲਾ ਬੰਦਨ ਹਿਤ ਆਯੋ। ਬੈਠਤਿ ਪਗ ਪਰ ਸੀਸ ਨਿਵਾਯੋ॥ ੧੧॥

ਅਗਲੇ ਦਿਨ ਰੋਜ਼ੀਨਾ ਵਰਤਣ ਲੱਗਾ, ਬਹੁਤ ਨੌਕਰ ਗਿਣ-ਗਿਣ ਕੇ ਲੈਂਦੇ ਸਨ। ਤਦ ਡੱਲਾ ਬੰਦਨਾ ਵਾਸਤੇ ਆਇਆ ਤੇ ਬੈਠ ਕੇ ਚਰਨਾਂ ਉੱਪਰ ਸਿਰ ਨਿਵਾਇਆ॥ ੧੧॥

ਕਰਿ ਕਰਿ ਲੇਖਾ ਸਭਿ ਚਿਤ ਚੇਤੇ। ਆਵਤਿ ਜਾਤਿ ਲੇਤਿ ਇਕ ਦੇਤੇ।
ਤਿਨ ਦਿਸ਼ਿ ਦੇਖਤਿ ਪ੍ਰਭੁ ਬਖਾਨਾ। 'ਲਿਹੁ ਡੱਲਾ ਨਿਜ ਰੋਜ਼ ਮਹਾਨਾ॥ ੧੨॥

ਕਰ ਕਰ ਲੇਖਾ ਸਭ ਚਿੱਤ ਵਿਚ ਚੇਤੇ ਸੀ, ਆਉਂਦੇ ਜਾਂਦੇ ਸਨ, ਇਕ ਲੈਂਦਾ ਸੀ ਤੇ ਇਕ ਨੂੰ ਦਿੰਦੇ ਸਨ। ਉਨ੍ਹਾਂ ਵੱਲ ਵੇਖ ਸਤਿਗੁਰੂ ਜੀ ਨੇ ਕਿਹਾ, "ਹੇ ਡੱਲਾ! ਆਪਣਾ ਮਹਾਨ ਰੋਜ਼ੀਨਾ ਲਵੋ॥ ੧੨॥

ਅਪਰ ਕਾਮਨਾ ਭੀ ਲਿਹੁ ਸੰਗ। ਜਾਚ ਲੇਹੁ ਅਪਨੋ ਹਿਤ ਅੰਗ!'
ਸੁਨਿ ਡੱਲੇ ਕਰ ਜੋਰਿ ਉਚਾਰੀ। 'ਪਾਤਸ਼ਾਹੁ ਦਿਹੁ ਬਰਖਾ ਬਾਰੀ॥ ੧੩॥

ਹੋਰ ਕਾਮਨਾ ਵੀ ਇਹਦੇ ਨਾਲ ਲਵੋ। ਆਪਣੇ ਤੇ ਆਪਣੇ ਅੰਗਾਂ ਸਾਕਾਂ ਲਈ ਮੰਗ ਲਵੋ।" ਇਹ ਸੁਣ ਕੇ ਡੱਲੇ ਨੇ ਹੱਥ ਜੋੜ ਕੇ ਕਿਹਾ, "ਹੇ ਸੱਚੇ ਪਾਤਸ਼ਾਹ ਬਰਖਾ ਦਾ ਪਾਣੀ ਦੇਵੋ॥ ੧੩॥

ਪ੍ਰਾਨੀ ਹਰਖਹਿਂ ਜਿਸ ਤੇ ਸਾਰੇ। ਇਸ ਤੇ ਅਪਰ ਨ ਚਾਹ ਉਦਾਰੇ।
ਖੁਸ਼ੀ ਆਪ ਕੀ ਸਭਿਹਿਨਿ ਊਪਰ। ਘਨੀ ਦੇਹੁ ਬਰਖਾ ਅਬਿ ਭੂ ਪਰ॥ ੧੪॥

ਜਿਸ ਨਾਲ ਸਾਰੇ ਪ੍ਰਾਣੀ ਪ੍ਰਸੰਨ ਹੋ ਜਾਣਗੇ, ਇਸ ਨਾਲੋਂ ਹੋਰ ਕੋਈ ਵੱਡੀ ਚਾਹਤ ਨਹੀਂ ਹੈ। ਆਪ ਜੀ ਦੀ ਖੁਸ਼ੀ ਸਾਰਿਆਂ ਦੇ ਉੱਪਰ ਹੈ। ਹੁਣ ਧਰਤੀ ਉੱਤੇ ਵੱਡੀ ਬਰਖਾ ਦੇਵੋ" ॥ ੧੪॥

ਮੌਨ ਭਏ ਸੁਨਿਕੈ ਗੁਨ ਖਾਨੀ। 'ਸਭਿ ਚਾਹਿਤਿ, ਸਰ ਰਹਜੇ ਨ ਪਾਨੀ।
ਤਬਿ ਉਠਿ ਗਮਨਜੋਂ ਡੱਲਾ ਘਰ ਕੋ। ਨਿਤ ਹਰਖਾਇ ਸੇਵ ਕਰਿ ਗੁਰ ਕੋ॥੧੫॥

ਸਤਿਗੁਰੂ ਜੀ ਇਹ ਸੁਣ ਕੇ ਚੁੱਪ ਹੋ ਗਏ, "ਸਾਰੇ ਚਾਹੁੰਦੇ ਹਨ, ਸਰੋਵਰਾਂ ਅਤੇ ਛੱਪੜਾਂ ਵਿਚ ਪਾਣੀ ਨਹੀਂ ਰਿਹਾ ਹੈ।" ਤਦ ਡੱਲਾ ਉੱਠ ਕੇ ਆਪਣੇ ਘਰ ਨੂੰ ਚਲਾ ਗਿਆ। ਉਹ ਨਿਤ ਗੁਰੂ ਜੀ ਦੀ ਸੇਵਾ ਕਰਕੇ ਪ੍ਰਸੰਨ ਹੁੰਦਾ ਸੀ॥ ੧੫॥

ਸੋ ਦਿਨ ਜਾਮਨਿ ਬੀਤੇ ਜਬੈ। ਦਰਸ ਕਰਨ ਆਯੋ ਪੁਨ ਤਬੈ।
ਬੈਠਿ ਗਯੋ ਗੁਰ ਕੇ ਚਿਤ ਆਯੋ। ਜਥਾ ਤੁਰਕ ਸੋਂ ਲਿਖਜੋ ਪਠਾਯੋ॥ ੧੬॥

ਉਹ ਦਿਨ ਰਾਤ ਜਦ ਬੀਤ ਗਈ ਤਾਂ ਡੱਲਾ ਫਿਰ ਦਰਸ਼ਨ ਕਰਨ ਵਾਸਤੇ ਆਇਆ ਤਾਂ ਗੁਰੂ ਜੀ ਦੇ ਚਿੱਤ ਵਿਚ ਆਇਆ, ਜਿਵੇਂ ਡੱਲੇ ਨੇ ਤੁਰਕ ਨੂੰ ਲਿਖ ਭੇਜਿਆ ਸੀ॥ ੧੬॥

ਹੋਇ ਪ੍ਰਸੰਨ ਦਿਯੋ ਕੁਛ ਚਾਹਤਿ। ਰੀਝ ਪਚਾਇ ਨ, ਦੇਤਿ ਉਮਾਹਤਿ।
'ਡੱਲੇ ਬਿਰਾੜ! ਜਾਚ ਅਬਿ ਲੇਹੁ। ਜੋ ਮੁਖ ਕਹੈਂ ਤਥਾ ਕਰਿ ਦੇਹੁਂ॥ ੧੭॥

ਗੁਰੂ ਜੀ ਪ੍ਰਸੰਨ ਹੋ ਕੇ ਉਸ ਨੂੰ ਕੁਝ ਦੇਣਾ ਚਾਹੁੰਦੇ ਸਨ। ਗੁਰੂ ਜੀ ਦੇਣ ਦੀ ਚਾਹਤ ਨੂੰ ਪਚਾ ਲੈਣਾ ਨਹੀਂ ਸਨ ਚਾਹੁੰਦੇ, ਭਾਵ ਛੱਡਣਾ ਨਹੀਂ ਚਾਹੁੰਦੇ ਤੇ ਦੇਣ ਲਈ ਉਤਸ਼ਾਹਤ ਹਨ। ਕਹਿਣ ਲੱਗੇ, "ਹੇ ਡੱਲੇ ਬਿਰਾੜ! ਹੁਣ ਮੰਗ ਲਵੋ, ਜਿਵੇਂ ਵੀ ਮੁਖ ਤੋਂ ਕਹੋਗੇ ਉਸ ਤਰ੍ਹਾਂ ਹੀ ਕਰ ਦੇਵਾਂਗੇ" ॥ ੧੭॥

'ਸ੍ਰੀ ਪ੍ਰਭੁ ਪਾਤਸ਼ਾਹੁ ਗੁਰ ਸਾਚੇ!। ਦਿਹੁ ਬਰਖਾ ਪ੍ਰਾਨੀ ਸਭਿ ਜਾਚੇ'।
ਸੁਨਤਿ ਪ੍ਰਸੰਨ ਕ੍ਰਿਪਾਲ ਮਹਾਨਾ। ਸ੍ਰੀ ਮੁਖ ਤੇ ਮੁਸਕਾਇ ਬਖਾਨਾ॥ ੧੮॥

ਡੱਲੇ ਨੇ ਫਿਰ ਕਿਹਾ, "ਹੇ ਪ੍ਰਭੂ ਸੱਚੇ ਪਾਤਸ਼ਾਹ! ਆਪਣੇ ਪ੍ਰਾਣੀਆਂ ਨੂੰ ਵਰਖਾ ਦੇਵੋ, ਸਭ ਸੇਵਕ ਮੰਗਦੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਮੁਖ ਤੋਂ ਮੁਸਕਰਾ ਕੇ ਕਿਹਾ॥ ੧੮॥

*ਬਚਨ :- 'ਜੱਟ ਦਾ ਬੋਲ। ਬਾਣੀਏ ਦੀ ਚੁੱਪ। ਗੁਰੂ ਦਾ ਵਾਕ। ਬ੍ਰਾਹਮਣ ਦਾ ਸਾਕ।'*

ਚੌਪਈ- ਇਹ ਛੂਛੇ ਨਹਿਂ ਜਾਇਂ ਕਦਾਈਂ। ਚਹੈਂ ਜੁ ਚਿਤ ਮਹਿਂ ਲੇਂ ਬਰਿਆਈ।
ਜਟ ਪਿੰਨੇ ਤਾਂ ਕੰਧ ਥੀ ਘਿੰਨੇ। ਅਪਰ ਪਾਸ ਤੇ ਕਜੋਂ ਨਹਿਂ ਲਿੰਨੇ ॥੧੯॥

ਇਹ ਕਦੀ ਵੀ ਖਾਲੀ ਨਹੀਂ ਜਾਂਦੇ ਹਨ, ਜੋ ਵੀ ਚਿੱਤ ਵਿਚ ਚਾਹੁੰਦੇ ਹਨ ਮਲੋਮਲੀ ਲੈ ਲੈਂਦੇ ਹਨ। ਜੇ ਜੱਟ ਮੰਗੇ ਤਾਂ ਕੰਧ ਤੋਂ ਵੀ ਲੈ ਲੈਂਦਾ ਹੈ, ਹੋਰ ਪਾਸੋਂ ਭਲਾ ਕਿਉਂ ਨਹੀਂ ਲੈ ਲਵੇਗਾ। ਭਾਵ ਇਹ ਹੈ ਕਿ ਜੇ ਜੱਟ ਮੰਗੇ ਤਾਂ ਫਿਰ ਮੁੜਦਾ ਨਹੀਂ॥ ੧੯॥

ਜਾਹੁ ਡਲਾ ਅਬਿ ਬਿਲਮ ਨ ਲਾਉ। ਟੋਭੇ ਸਭਿ ਹੀ ਸਾਫ ਕਰਾਉ।
ਬਰਖਾ ਦਈ ਅਧਿਕ ਅਧਿਕਾਤੇ। ਬਾਰ ਬਾਰ ਤੈਂ ਜਾਚੀ ਜਾਂ ਤੇ ॥੨੦॥

ਜਾਹ ਡੱਲਾ ਹੁਣ ਦੇਰ ਨਾ ਲਾਵੇ, ਸਾਰੇ ਟੋਭੇ ਸਰੋਵਰ ਸਾਫ ਕਰਵਾਓ। ਤੁਹਾਨੂੰ ਅਧਿਕ ਤੋਂ ਅਧਿਕ ਵਰਖਾ ਦਿੱਤੀ ਕਿਉਂਕਿ ਤੂੰ ਇਹ ਵਰਖਾ ਬਾਰ-ਬਾਰ ਮੰਗੀ ਹੈ" ॥ ੨੦॥

ਡੱਲਾ ਉਠਜੋ ਅਨੰਦਤਿ ਹੋਵਾ। ਗੁਰੂ ਪ੍ਰਸੰਨ ਅਪਨ ਪਰ ਜੋਵਾ।
ਸੁਨਿ ਸੁਨਿ ਨਰ ਨਾਰੀ ਬਿਸਮਾਏ। 'ਘਨੇ ਆਇਂ ਘਨ ਗੁਰ ਫੁਰਮਾਏ ॥੨੧॥

ਡੱਲਾ ਉੱਠਕੇ ਅਨੰਦ ਪ੍ਰਸੰਨ ਹੋ ਗਿਆ, ਗੁਰੂ ਜੀ ਨੂੰ ਆਪਣੇ ਉੱਪਰ ਪ੍ਰਸੰਨ ਵੇਖਿਆ। ਸੁਣ ਸੁਣ ਕੇ ਸਾਰੇ ਇਸਤਰੀ ਪੁਰਖ ਹੈਰਾਨ ਹੋਏ। ਗੁਰੂ ਜੀ ਨੇ ਕਿਹਾ ਹੈ, "ਬਹੁਤ ਬੱਦਲ ਆਉਣਗੇ॥ ੨੧॥

ਨਹਿਂ ਬਿਲੋਕੀਅਤਿ ਅਬਿ ਨਭ ਮਾਂਹੀ। ਲਗੀ ਔੜ ਘਨ ਪੱਯਤਿ ਨਾਂਹੀ।
ਬਰਖਾ ਹੁਇ ਹੈ', ਹੇਰਨ ਹੇਤੁ। ਨਰ ਨਾਰੀ ਬਿਸਮੰਤਿ ਸੁਚੇਤ॥ ੨੨॥

ਹੁਣ ਬੱਦਲ ਨੂੰ ਅਕਾਸ਼ ਵਿਚ ਨਹੀਂ ਵੇਖਦੇ ਹਾਂ, ਬਹੁਤ ਔੜ ਲੱਗੀ ਹੈ ਬੱਦਲ ਪੈਂਦਾ ਹੀ ਨਹੀਂ ਹੈ। ਵਰਖਾ ਹੋਵੇਗੀ' ਇਹ ਵੇਖਣ ਵਾਸਤੇ, ਇਸਤਰੀ ਪੁਰਸ਼ ਹੈਰਾਨ ਹੋ ਕੇ ਸੁਚੇਤ ਹੋ ਗਏ॥ ੨੨॥

ਢੋਲ ਬ੍ਰਿੰਦ ਇਕਠੇ ਕਰਿਵਾਏ। ਤੀਰ ਤਾਲ ਕੇ ਜਾਇ ਬਜਾਏ।
ਸੁਨਿ ਸੁਨਿ ਮਾਨਵ ਅਏ ਪਲਾਈ। ਤਾਲ ਸੁਧਾਰਹਿਂ ਚੌਂਪ ਉਠਾਈ॥ ੨੩॥

ਬਹੁਤ ਢੋਲ ਇਕੱਠੇ ਕਰਵਾ ਕੇ ਮੰਗਵਾਏ ਤੇ ਸਰੋਵਰ ਦੇ ਨੇੜੇ ਜਾ ਕੇ ਵਜਾਏ। ਇਹ ਸੁਣ-ਸੁਣ ਕੇ ਮਨੁੱਖ ਦੌੜਦੇ ਆਏ। ਪ੍ਰਸੰਨਤਾ ਵਧਾ ਕੇ ਤਾਲ ਦਾ ਸੁਧਾਰ ਕਰੀਏ॥ ੨੩॥

ਤਿਹ ਛਿਨ ਚਲੀ ਪੌਣ ਪੁਰਵਾਈ। ਨਿਕਸੇ ਘਨ ਜਿਮ ਗਜ ਸਮੁਦਾਈ।
ਘੁਮਡੀ ਘਟ ਘਰੀਕ ਮਹਿਂ ਘਨੀ। ਘੋਰ ਘੋਰ ਘਨ ਚਪਲਾ ਸਨੀ॥ ੨੪॥

ਉਸੇ ਵੇਲੇ ਪੁਰੇ ਦੀ ਹਵਾ ਚੱਲੀ, ਫਿਰ ਬੱਦਲ ਨਿਕਲੇ, ਜਿਵੇਂ ਹਾਥੀਆਂ ਦਾ ਝੁੰਡ ਹੋਵੇ। ਘੜੀ ਕੁ ਵਿਚ ਬਹੁਤ ਘਟਾਂ ਉਮਡ ਆਈਆਂ। ਘੋਰ ਗਾੜ੍ਹੇ ਬੱਦਲ ਬਿਜਲੀ ਸਹਿਤ ਸਨ॥ ੨੪॥

ਬਡੀ ਬਡੀ ਬੂੰਦੈਂ ਬਹੁ ਪਰੀ। ਬਰਸਨ ਲਗ੍ਯੋ ਅਧਿਕ ਝੀ ਝਰੀ।
ਜਿਤ ਕਿਤ ਨੀਰ ਪ੍ਰਵਾਹ ਚਲੰਤਾ। ਊਚੇ ਥਲ ਤੇ ਨੀਂਮ੍ਰ ਢਰੰਤਾ॥ ੨੫॥

ਵੱਡੀਆਂ-ਵੱਡੀਆਂ ਬੂੰਦਾਂ ਬਹੁਤ ਪਈਆਂ, ਬਾਰਸ਼ ਵਰਸਣ ਲੱਗੀ ਤੇ ਵੱਡੀ ਝੜੀ ਲੱਗ ਗਈ। ਜਿੱਥੇ ਕਿੱਥੇ ਪਾਣੀ ਦਾ ਪ੍ਰਵਾਹ ਚਲਦਾ ਸੀ। ਉੱਚੇ ਥਾਵਾਂ ਤੋਂ ਨੀਵਿਆਂ ਥਾਵਾਂ ਵਲ ਜਾਂਦਾ ਸੀ॥ ੨੫॥

ਧਾਇ ਧਾਇ ਨਰ ਧਾਮਨ ਬਰੇ। ਬਾਰੀ ਬਹੈ ਬਿਲੋਕਨ ਕਰੇਂ।
'ਧੰਨ ਗੁਰੂ, ਗੁਰ ਧੰਨਾ' ਬਖਾਨਹਿਂ। 'ਮਹਾਂ ਮੂਢ ਜੋ ਇਨਹੁਂ ਨ ਮਾਨਹਿਂ' ॥੨੬॥

ਭੱਜ-ਭੱਜ ਕੇ ਮਨੁੱਖ ਆਪਣੇ ਘਰਾਂ ਵਿਚ ਵੜ ਗਏ, ਪਾਣੀ ਵਗਦਾ ਸੀ ਤਾਂ ਉਸ ਨੂੰ ਵੇਖਦੇ ਸਨ। 'ਧੰਨ ਗੁਰੂ, ਗੁਰੂ ਧੰਨ' ਕਹਿੰਦੇ ਸਨ, "ਉਹ ਮਹਾਂ ਮੂਰਖ ਹੈ, ਜਿਹੜਾ ਇਨ੍ਹਾਂ ਨੂੰ ਨਹੀਂ ਮੰਨਦਾ ਹੈ"॥ ੨੬॥

ਤੀਨਹੁਂ ਦਿਨ ਸੁ ਤੀਨ ਹੀ ਜਾਮਨਿ। ਬਰਖੀ ਘਟਾ ਦਮਕਤੀ ਦਾਮਨਿ।
ਅਸ ਇਕ ਬਾਰ ਪਰ੍ਯੋ ਬਹੁ ਬਾਰੀ। ਬ੍ਯਾਕੁਲ ਹੋਇ ਪਰੇ ਨਰ ਨਾਰੀ॥੨੭॥

ਤਿੰਨ ਦਿਨ ਤੇ ਤਿੰਨ ਰਾਤਾਂ ਘਟਾ ਬਰਸਦੀ ਰਹੀ ਤੇ ਬਿਜਲੀ ਚਮਕਦੀ ਸੀ। ਇਸ ਪ੍ਰਕਾਰ ਇਕ ਵਾਰ ਬਹੁਤ ਬਾਰਸ਼ ਹੋਈ ਤਾਂ ਸਾਰੇ ਇਸਤਰੀ ਪੁਰਸ਼ ਬਹੁਤ ਵਿਆਕੁਲ ਹੋ ਗਏ॥ ੨੭॥

ਖਾਨ ਪਾਨ ਭੂਲੀ ਸੁਧਿ ਨਾਨਾ। ਬਿਦਰਤਿ ਸਦਨ ਸੁਧਾਰਤਿ ਠਾਨਾ।
ਸਭਿ ਮਿਲਿ ਕਰਿ ਡੱਲੇ ਕਹੁ ਪ੍ਰੇਰੈਂ। 'ਬਿਨਤੀ ਕੀਜਹਿ ਗੁਰੂ ਅਗੇਰੈ॥੨੮॥

ਖਾਣ ਪੀਣ ਦੀ ਸਭ ਪ੍ਰਕਾਰ ਸੋਝੀ ਭੁੱਲ ਗਈ। ਘਰ ਡਿੱਗਦੇ ਜਾਂਦੇ ਸਨ ਤੇ ਉਨ੍ਹਾਂ ਨੂੰ ਸੁਧਾਰਦੇ ਸਨ। ਸਾਰੇ ਮਿਲ ਕੇ ਡੱਲੇ ਨੂੰ ਪ੍ਰੇਰ ਰਹੇ ਸਨ, "ਗੁਰੂ ਜੀ ਅੱਗੇ ਬੇਨਤੀ ਕਰੋ॥ ੨੮॥

ਹਮਰੇ ਸੁਖ ਹਿਤ ਘਨ ਬਰਖਾਯੋ। ਅਬਿ ਸਭਿ ਤ੍ਰਿਪਤੇ ਬਾਂਛਤਿ ਪਾਯੋ'।
ਸੁਨਿ ਡੱਲਾ ਪਹੁਂਚ੍ਯੋ ਤਿਹ ਸਮੇ। ਹਾਥ ਬੰਦਿ ਕਰਿ ਕੀਨਸਿ ਨਮੋ॥੨੯॥

ਸਾਡੇ ਸੁੱਖ ਵਾਸਤੇ ਬੱਦਲ ਵਰਸਾਇਆ ਹੈ, ਹੁਣ ਸਾਰੇ ਤ੍ਰਿਪਤ ਹੋ ਗਏ ਹਨ ਮੂੰਹ ਮੰਗਿਆ ਮੀਂਹ ਪਾਇਆ ਹੈ।" ਇਹ ਸੁਣ ਕੇ ਡੱਲਾ ਉਸ ਸਮੇਂ ਗੁਰੂ ਜੀ ਪਾਸ ਪੁੱਜਾ ਤੇ ਹੱਥ ਜੋੜ ਕੇ ਨਮਸਕਾਰ ਕੀਤੀ॥ ੨੯॥

ਅਰਜ਼ ਗੁਜਾਰੀ 'ਅਬਿ ਬਸ ਕਰੀਅਹਿ। ਬਡੋ ਬਾਰਿ ਚਹੂੰ ਓਰ ਨਿਹਰੀਅਹਿ।
ਦਲ ਮਨਿੰਦ ਘਨ ਘਨੇ ਦਿਸਾਵਹਿਂ। ਇਕ ਆਵਤਿ ਬਰਖਤਿ ਇਕ ਜਾਵਹਿਂ॥੩੦॥

ਬੇਨਤੀ ਕੀਤੀ, "ਹੁਣ ਬੱਸ ਕਰੀਏ, ਬਹੁਤ ਪਾਣੀ ਚਾਰੇ ਪਾਸੇ ਵੇਖਦੇ ਹਾਂ। ਸੈਨਾ ਵਾਂਗ ਸੰਘਣੇ ਬੱਦਲ ਦਿਖਾਈ ਦੇ ਰਹੇ ਹਨ। ਇਕ ਆ ਕੇ ਵਰ੍ਹਦਾ ਹੈ ਤੇ ਇਕ ਚਲੇ ਜਾਂਦਾ ਹੈ॥ ੩੦॥

ਇਹ ਪ੍ਰਸੰਗ ਬਡ ਰਾਵਰ ਕੇਰਾ। ਚਹੁਂਦਿਸ਼ਿ ਮਹਿਂ ਸਿਮਰਹਿਂ ਚਿਰ ਬੇਰਾ।
ਪੂਰਹ ਕਾਮਨਾ ਜਨ ਭਲ ਭਾਂਤੀ। ਨਹਿਂ ਕੋ ਦੁਲਭ ਆਪ ਤੇ ਬਾਤੀ॥੩੧॥

ਇਹ ਪ੍ਰਸੰਗ ਆਪ ਜੀ ਦਾ ਬਹੁਤ ਵੱਡਾ ਹੈ, ਚਾਰੇ ਪਾਸਿਆਂ ਦੇ ਲੋਕ ਆਪ ਜੀ ਨੂੰ ਯਾਦ ਕਰਦੇ ਹਨ। ਭਲੀ ਭਾਂਤ ਉਨ੍ਹਾਂ ਦੀ ਕਾਮਨਾ ਪੂਰੀ ਕਰੋ, ਨਹੀਂ ਤਾਂ ਆਪ ਜੀ ਦੀ ਗੱਲ ਦੁਰਲੱਭ ਹੋ ਜਾਵੇਗੀ॥ ੩੧॥

ਬ੍ਰਹਮਾਦਿਕ ਆਗ੍ਯਾ ਮਹਿਂ ਸਾਰੇ। ਕਿਸ ਮਹਿਂ ਸ਼ਕਤਿ ਹੁਕਮ ਕੋ ਟਾਰੇ'।
ਸੁਨਿ ਪ੍ਰਭੁ ਕਹ੍ਯੋ 'ਘਨਹੁਂ ਕੇ ਪਨਹੀ। ਹਤਹੁ ਉਰਧ ਕੋ ਸਪਤ ਸੁ ਗਨ ਹੀ॥੩੨॥

ਬ੍ਰਹਮਾਦਿਕ ਸਾਰੇ ਤੁਹਾਡੀ ਆਗਿਆ ਵਿਚ ਹਨ, ਕਿਸ ਵਿਚ ਸ਼ਕਤੀ ਹੈ ਕਿ ਆਪ ਜੀ ਦੇ ਹੁਕਮ ਨੂੰ ਮੋੜੇ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਗਿਣ ਕੇ ਸਤ ਜੁੱਤੀਆਂ ਉੱਪਰ ਦੀ ਦਸ਼ਾ ਵਲ ਬੱਦਲਾਂ ਨੂੰ ਮਾਰੋ॥ ੩੨॥

ਹਟਿ ਜੈ ਹੈ ਬਰਖਾ ਤਤਕਾਲਾ। ਅਪਨ ਸਹਿਤ ਕਰਿ ਸਭਿਨਿ ਸੁਖਾਲਾ'।
ਸੁਨਿ ਡੱਲੇ ਉਠਿ ਕੀਨਸਿ ਤੈਸੇ। ਘਟਾ ਫਟੀ ਘਨ ਗਮਨੇ ਗੈ ਸੇ॥ ੩੩॥

ਫਿਰ ਵਰਖਾ ਤੁਰਤ ਹਟ ਜਾਵੇਗੀ, ਆਪਣੇ ਸਹਿਤ ਸਾਰਿਆਂ ਨੂੰ ਸੌਖਾ ਕਰ ਲਵੋ।'' ਇਹ ਸੁਣ ਕੇ ਡੱਲੇ ਨੇ ਉਠ ਕੇ ਉਸ ਤਰ੍ਹਾਂ ਹੀ ਕੀਤਾ। ਉਸ ਵੇਲੇ ਘਟਾ ਫੱਟ ਗਈ ਤੇ ਹਾਥੀਆਂ ਵਰਗੇ ਬੱਦਲ ਚਲੇ ਗਏ॥ ੩੩॥

ਗੁਰੂ ਬਾਕ ਕੀ ਸ਼ਕਤਿ ਬਿਲੋਕਿ। ਬਿਗਸੇ ਸ਼ਰਧਾਲੂ ਸਭਿ ਲੋਕ।
ਗੁਰ ਕੀ ਕੀਰਤਿ ਘਰਿ ਘਰ ਭਰੀ। ਰਾਇਬੇਲ ਚੰਬੇਲੀ ਖਿਰੀ॥ ੩੪॥

ਗੁਰੂ ਜੀ ਦੇ ਬਚਨਾਂ ਦੀ ਸ਼ਕਤੀ ਵੇਖੀ, ਸਾਰੇ ਸ਼ਰਧਾਲੂ ਲੋਕ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੀ ਕੀਰਤੀ ਘਰ-ਘਰ ਵਿਚ ਫੈਲ ਗਈ, ਜਿਵੇਂ ਸਾਰੇ ਹੀ ਰਾਇਬੇਲ ਤੇ ਚੰਬੇਲੀ ਖਿੜ ਗਈ ਹੋਵੇ॥ ੩੪॥

ਇਕ ਝੂਲਣ ਸਿੰਘ ਨਾਮ ਫਿਰੰਤਾ। ਹਾਥ ਦੁਤਾਰਾ ਰੁਚਿਰ ਬਜੰਤਾ।
ਮਾਤ ਸੁੰਦਰੀ ਕੀ ਸੁਨਿ ਦਾਸੀ। ਸੁਨਿਕੈ ਕਹਜੋ ਬਾਕ ਤਿਸ ਪਾਸੀ॥ ੩੫॥

ਇਕ ਝੂਲਣ ਸਿੰਘ ਨਾਮ ਦਾ ਵਿਅਕਤੀ ਫਿਰਦਾ ਸੀ, ਉਹ ਆਪਣੇ ਹੱਥ ਦੁਤਾਰਾ ਰੱਖਦਾ ਸੀ ਤੇ ਉਸ ਨੂੰ ਸੁੰਦਰ ਢੰਗ ਨਾਲ ਵਜਾਉਂਦਾ ਸੀ। ਮਾਤਾ ਸੁੰਦਰੀ ਜੀ ਦੀ ਦਾਸੀ ਨੇ ਸੁਣਿਆ ਤੇ ਉਸ ਨੇ ਸੁਣ ਕੇ ਉਸ ਨੂੰ ਕਿਹਾ॥ ੩੫॥

'ਇਹ ਠਾਂ ਕਹਾਂ ਬਜਾਵਨ ਕਰੈਂ। ਚਹੈਂ ਬਜਾਇ ਜਿ ਆਵਹੁ ਉਰੈ'।
ਸੁਨਿ ਝੂਲਣ ਸਿੰਘ ਬੂਝਤਿ ਅਹੈ। 'ਮਾਤਾ ਕਹੈਂ ਕਿਧੋਂ ਤੂੰ ਕਹੈਂ ?'॥ ੩੬॥

''ਇਹ ਥਾਂ ਕਿਉਂ ਵਜਾਉਂਦਾ ਹੈਂ, ਜੇ ਵਜਾਉਣਾ ਚਾਹੁੰਦੇ ਹੋ ਤਾਂ ਸਾਡੇ ਪਾਸ ਆਵੋ।'' ਝੂਲਣ ਸਿੰਘ ਨੇ ਸੁਣ ਕੇ ਪੁੱਛਿਆ, ''ਮਾਤਾ ਜੀ ਕਹਿੰਦੇ ਹਨ ਜਾਂ ਤੂੰ ਕਹਿੰਦੀ ਹੈਂ ?''॥ ੩੬॥

'ਮਾਤਾ ਕਹੈ ਨ, ਹੌਂ ਹੀ ਕਹੌਂ। ਰਿਸ ਨ ਹੋਨ ਦਿਹੁਂ, ਇਮ ਚਿਤ ਚਹੌਂ'।
ਸੁਨਿ ਝੂਲਣ ਸਿੰਘ ਤਹਾਂ ਪਧਾਰਾ। ਸੁਰ ਕੋ ਕਰਤਿ ਬਜਾਇ ਦੁਤਾਰਾ॥ ੩੭॥

''ਮਾਤਾ ਜੀ ਨਹੀਂ ਕਹਿੰਦੇ ਹਨ, ਮੈਂ ਹੀ ਕਹਿੰਦੀ ਹਾਂ। ਉਨ੍ਹਾਂ ਨੂੰ ਗੁੱਸੇ ਨਹੀਂ ਹੋਣ ਦੇਵਾਂਗੀ, ਇਸ ਪ੍ਰਕਾਰ ਮੈਂ ਚਿੱਤ ਵਿਚ ਚਾਹੁੰਦੀ ਹਾਂ।'' ਇਹ ਸੁਣ ਕੇ ਝੂਲਣ ਸਿੰਘ ਉਥੇ ਗਿਆ। ਸੁਰ ਕਰਕੇ ਉਸ ਦੁਤਾਰਾ ਵਜਾਇਆ॥ ੩੭॥

ਸੁੰਦਰੀ ਸੌਂ ਦਾਸੀ ਕਹਿ ਦਈ। 'ਸਿੰਘ ਦੁਤਾਰਾ ਵਾਇਨ ਠਈ'।
ਬੂਝਜੋ ਮਾਤ 'ਸ਼ਬਦ ਕੋ ਗਾਵੈ?'। ਕਹਜੋ 'ਨ ਗਾਵੈਂ, ਇਮਹੁਂ ਬਜਾਵੈ'॥ ੩੮॥

ਮਾਤਾ ਸੁੰਦਰੀ ਜੀ ਨੂੰ ਦਾਸੀ ਨੇ ਕਹਿ ਦਿੱਤਾ, ''ਇਹ ਸਿੰਘ ਦੁਤਾਰਾ ਵਜਾਉਂਦਾ ਹੈ।'' ਫਿਰ ਮਾਤਾ ਜੀ ਨੇ ਪੁੱਛਿਆ, ''ਇਸ ਦੇ ਨਾਲ ਇਹ ਸ਼ਬਦ ਕਿਹੜਾ ਗਾਉਂਦਾ ਹੈ ?'' ਦਾਸੀ ਨੇ ਕਿਹਾ, ''ਗਾਉਂਦਾ ਨਹੀਂ ਹੈ, ਇਸ ਤਰ੍ਹਾਂ ਹੀ ਦੁਤਾਰਾ ਵਜਾਉਂਦਾ ਹੈ''॥ ੩੮॥

ਕੇਤਿਕ ਚਿਰ ਤਹਿਂ ਬੈਠਿ ਬਜਾਯੋ। ਉਠਿ ਝੂਲਣ ਸਿੰਘ ਬਹੁਰ ਸਿਧਾਯੋ।
ਗੁਰੂ ਅਖੇਰ ਗਏ ਤਿਸ ਕਾਲਾ। ਆਏ ਸੰਧਜਾ ਪਰੀ ਕ੍ਰਿਪਾਲਾ॥ ੩੯॥

ਝੂਲਣ ਸਿੰਘ ਨੇ ਕਾਫੀ ਦੇਰ ਉਥੇ ਬੈਠ ਕੇ ਵਜਾਇਆ, ਫਿਰ ਉਠ ਕੇ ਉਹ ਚਲਾ ਗਿਆ। ਉਸ ਸਮੇਂ ਗੁਰੂ ਜੀ ਸ਼ਿਕਾਰ ਖੇਡਣ ਗਏ ਸਨ। ਕਿਰਪਾਲੂ ਸਤਿਗੁਰੂ ਜੀ ਸ਼ਾਮ ਨੂੰ ਵਾਪਸ ਆਏ॥ ੩੯॥

ਝੂਲਣ ਸਿੰਘ ਮਨ ਬਿਖੈ ਬਿਚਾਰੀ। ਗ਼ੈਰਤ ਅਧਿਕ ਰਿਦੇ ਮਹਿਂ ਧਾਰੀ।
ਮੁਝ ਤੇ ਮਨਮਤਿ ਭੀ ਅਧਿਕਾਈ। ਜੇ ਹੁਇ ਮਮ ਭਗਨੀ ਕੈ ਮਾਈ॥ ੪੦॥

ਝੂਲਣ ਸਿੰਘ ਨੇ ਮਨ ਵਿਚ ਵਿਚਾਰ ਕੀਤੀ ਤਾਂ ਹਿਰਦੇ ਵਿਚ ਬਹੁਤ ਗ਼ੈਰਤ ਧਾਰਨ ਕੀਤੀ। ਮੇਰੇ ਨਾਲੋਂ ਮਨਮਤੀਏ ਵੀ ਵੱਡੇ ਹਨ। ਜੇ ਮੇਰੀ ਭੈਣ ਜਾਂ ਮਾਂ ਹੋਵੇ॥ ੪੦॥

ਤਹਾਂ ਕਹਾਂ ਮੈਂ ਏਵ ਬਜਾਵੌਂ। ਤਬਿ ਤੇ ਲਾਜ ਧਰੌਂ ਹਟਿ ਜਾਵੌਂ।
ਬਹੁ ਦੁਖ ਪਾਇ ਅਧਿਕ ਪਛੁਤਾਯੋ। ਕਯੋਂ ਗੁਰ ਮਹਿਲਾਂ ਨਿਕਟ ਬਜਾਯੋ॥੪੧॥

ਤਾਂ ਉਥੇ ਮੈਂ ਇਹ ਦੁਤਾਰਾ ਕਿਵੇਂ ਵਜਾਵਾਂਗਾ, ਇਸ ਕਰਕੇ ਲਾਜ ਧਾਰ ਕੇ ਇਸ ਨੂੰ ਵਜਾਉਣਾ ਛੱਡ ਦਿੰਦਾ ਹਾਂ। ਬਹੁਤ ਦੁਖ ਪਾ ਕੇ ਬੜਾ ਪਛੁਤਾਇਆ, ਮੈਂ ਇਸ ਨੂੰ ਗੁਰੂ ਜੀ ਦੇ ਮਹਿਲਾਂ ਪਾਸ ਕਿਉਂ ਵਜਾਇਆ ਹੈ॥ ੪੧॥

ਲੇ ਤੀਖਨ ਤਬਿ ਕਰਦ ਚਲਾਈ। ਕਾਟਿ ਲਿੰਗ ਕੋ ਦਯੋ ਬਗਾਈ।
ਨੇਮ ਕਰਯੋ ਬੋਲਨ ਕੋ ਤਬੈ। ਧਾਰੀ ਮੋਨ ਆਰਬਲ ਸਬੈ॥ ੪੨॥

ਫਿਰ ਤਿੱਖੀ ਕਰਦ ਲੈ ਕੇ ਚਲਾਈ ਤੇ ਆਪਣਾ ਲਿੰਗ ਕੱਟ ਕੇ ਸੁੱਟ ਦਿੱਤਾ। ਫਿਰ ਨਾ ਬੋਲਣ ਦਾ ਨੇਮ ਬਣਾ ਲਿਆ ਹੈ ਤੇ ਸਾਰੀ ਉਮਰ ਲਈ ਚੁੱਪ ਧਾਰਨ ਕਰ ਲਈ॥ ੪੨॥

ਸਿੰਘਨ ਹਾਲ ਦੇਖਿ ਤਿਸ ਕੇਰਾ। ਕਰਯੋ ਸੁਨਾਵਨ ਸਗਰੋ ਝੇਰਾ।
'ਪ੍ਰਭੁ ਜੀ ! ਮੋਨ ਧਰੇ ਥਿਰ ਭਯੋ। ਸ਼੍ਰੋਣਤਿ ਬਹਯੋ ਸ਼ਿਸ਼ਨ ਕਟਿ ਦਯੋ'॥੪੩॥

ਸਿੰਘਾਂ ਨੇ ਉਸ ਦਾ ਹਾਲ ਵੇਖ ਕੇ, ਉਸ ਦੇ ਸਾਰੇ ਦੁਖ ਬਾਰੇ ਸੁਣਾਇਆ। "ਹੇ ਸਤਿਗੁਰੂ ਜੀ ! ਮੋਨ ਧਾਰ ਕੇ ਬੈਠਾ ਹੈ, ਖ਼ੂਨ ਵਗਦਾ ਹੈ, ਆਪਣੀ ਇੰਦਰੀ ਕੱਟ ਦਿੱਤੀ ਹੈ"॥ ੪੩॥

ਗੁਰ ਕਹਿ 'ਕਹਾਂ ਭਯੋ ਇਮ ਕੀਨਿ ?। ਮਨ ਕੀ ਹਬਸ ਹੋਇ ਨਹਿਂ ਹੀਨ'।
ਕੇਤਿਕ ਚਿਰ ਮਹਿਂ ਘਾਵ ਅਛੇਰਾ। ਬਸਯੋ ਜਾਇ ਪਿਖਿ ਥਾਨ ਚੰਗੇਰਾ॥੪੪॥

ਗੁਰੂ ਜੀ ਨੇ ਕਿਹਾ, "ਕੀ ਹੋਇਆ ਸੀ, ਜਿਹੜਾ ਇਸ ਤਰ੍ਹਾਂ ਕੀਤਾ ਹੈ ? ਮਨ ਦੀ ਖ਼ਾਹਸ਼ ਮਰਦੀ ਨਹੀਂ ਸੀ।" ਕਾਫ਼ੀ ਸਮੇਂ ਬਾਅਦ ਜ਼ਖ਼ਮ ਠੀਕ ਹੋ ਗਿਆ, ਫਿਰ ਇਕ ਚੰਗਾ ਸਥਾਨ ਵੇਖ ਕੇ ਰਹਿਣ ਲੱਗਾ॥ ੪੪॥

ਚੱਕ੍ਰ ਬੈਠਿਬੇ ਥਲ ਥੋ ਸੋਇ। ਰਹਯੋ ਇਕਾਕੀ ਇਕ ਮਨ ਹੋਇ।
ਨਿਕਟ ਗ੍ਰਾਮ ਜੋ ਸੇਵਾ ਕਰੈ। ਖਾਨ ਪਾਨ ਆਨਹਿ ਢਿਗ ਧਰੈ॥ ੪੫॥

ਉਹ ਗੋਲਕਾਰ ਬੈਠਣ ਦੀ ਥਾਂ ਸੀ ਤਾਂ ਉਥੇ ਜਾ ਕੇ ਇਕ ਮਨ ਹੋ ਕੇ ਇਕੱਲਾ ਰਿਹਾ। ਨੇੜੇ ਪਿੰਡ ਦੇ ਲੋਕ ਉਸ ਦੀ ਸੇਵਾ ਕਰਦੇ ਸਨ ਤੇ ਖਾਣ ਪੀਣ ਦੀਆਂ ਵਸਤਾਂ ਲਿਆ ਕੇ ਪਾਸ ਧਰ ਦਿੰਦੇ ਸਨ॥ ੪੫॥

ਤਿਸੀ ਗ੍ਰਾਮ ਕੀ ਮਹਿਖੀ ਧੇਨੁ। ਚਾਰਨ ਚਲੇ ਹਟਾਵੈ ਸੈਨ।
ਮਾਰਿ ਲਸ਼ਟਕਾ ਕਰੈ ਪਿਛਾਰੀ। 'ਕਹਾਂ ਕਰੈ ਇਹ?' ਨਰਨ ਬਿਚਾਰੀ॥ ੪੬॥

ਉਸ ਪਿੰਡ ਦੀਆਂ ਮੱਝੀਆਂ ਗਾਈਆਂ ਜਦ ਚਾਰਨ ਜਾਂਦੇ ਸਨ ਤਾਂ ਇਸ਼ਾਰੇ ਨਾਲ ਪਿੱਛੇ ਮੋੜ ਦਿੰਦਾ ਸੀ, ਲਾਠੀ ਮਾਰ ਕੇ ਪਿਛਾਂਹ ਮੋੜ ਦਿੰਦਾ ਸੀ। "ਇਹ ਕੀ ਕਰਦਾ ਹੈ ?" ਮਨੁੱਖਾਂ ਨੇ ਵਿਚਾਰ ਕੀਤੀ॥ ੪੬॥

ਆਸ਼ੈ ਸਮਝਯੋ ਗਯੋ ਨ ਕੋਈ। ਗਏ ਚੁਗਾਵਨਿ ਕੋ ਪੁਨ ਸੋਈ।
ਲੂਟੀ ਆਨਿ ਕਟਕ ਨੇ ਜਬੈ। ਲਖਯੋ ਅਰ੍ਥਯਾ ਇਮ ਕਹਿ ਤਬੈ॥ ੪੭॥

ਉਸ ਦਾ ਕੋਈ ਵੀ ਆਸ਼ਾ ਸਮਝਿਆ ਨਾ ਗਿਆ, ਫਿਰ ਉਹ ਮੱਝਾਂ ਗਾਈਆਂ ਚਾਰਨ ਗਏ। ਜਦ ਫੌਜ ਨੇ ਆ ਕੇ ਮੱਝਾਂ ਲੁੱਟ ਲਈਆਂ ਤਦ ਉਨ੍ਹਾਂ ਜਾਣਿਆ ਕਿ ਅਕੂਆ ਇਸ ਪ੍ਰਕਾਰ ਕਹਿੰਦਾ ਸੀ ਕਿ ਅੱਗੇ ਨਾ ਜਾਵੋ, ਲੁੱਟੇ ਜਾਵੋਗੇ॥ ੪੭॥

ਸਭਿ ਨਰ ਮਿਲਿ ਕੈ ਤਬਿ ਚਲਿ ਆਏ। ਬੰਦਹਿੰ ਪਾਇਨ ਸੋਂ ਲਪਟਾਏ।
ਤਬਿ ਜੁਗ ਹਾਥਨ ਪੇਟ ਬਜਾਯੋ। 'ਚਢਹੁ ਫਤੇ ਹੁਇ' ਤਿਨਹੁਂ ਜਨਾਯੋ॥੪੮॥

ਸਾਰੇ ਪਿੰਡ ਦੇ ਮਨੁੱਖ ਫਿਰ ਚਲ ਕੇ ਆ ਗਏ ਤੇ ਝੂਲਣ ਸਿੰਘ ਦੇ ਚਰਨਾਂ ਤੇ ਡਿੱਗ ਪਏ। ਤਦ ਝੂਲਣ ਸਿੰਘ ਨੇ ਦੋਵਾਂ ਹੱਥਾਂ ਨਾਲ ਪੇਟ ਵਜਾਇਆ, 'ਚੜ੍ਹਾਈ ਕਰੋ ਤੁਹਾਡੀ ਫਤਹਿ ਹੋਵੇਗੀ' ਇਸ ਪ੍ਰਕਾਰ ਉਨ੍ਹਾਂ ਨੂੰ ਸਮਝਾਇਆ॥ ੪੮॥

ਆਸ਼ੈ ਸਮਝਿ ਗਏ ਨਰ ਧਾਇ। ਲਰੇ ਜਾਇ ਲਿਯ ਮਾਲ ਛੁਡਾਇ।
ਨਾਮ 'ਅਕੂਆ' ਸਭਿ ਹੀ ਕਹੈਂ। ਸੇਵਾ ਸ਼ਰਧਾ ਕਰਤੇ ਰਹੈਂ॥ ੪੯॥

ਉਸ ਦੇ ਆਸ਼ੇ ਸਮਝ ਕੇ ਮਨੁੱਖ ਭੱਜੇ ਗਏ ਤੇ ਯੁੱਧ ਕਰਕੇ ਆਪਣਾ ਸਾਰਾ ਮਾਲ ਛੁਡਵਾ ਲਿਆ। ਉਸ ਨੂੰ ਸਾਰੇ ਹੀ ਅਕੂਆ (ਨਾ ਬੋਲਣ ਵਾਲਾ) ਕਹਿੰਦੇ ਸਨ ਤੇ ਬੜੀ ਸ਼ਰਧਾ ਨਾਲ ਉਸ ਦੀ ਸੇਵਾ ਕਰਦੇ ਰਹੇ॥ ੪੯॥

ਨਈ ਜੁ ਬਧੂ ਬਜਾਹ ਲੇ ਆਇ। ਤਬਿ ਇਹ ਦੇਖਨ ਤਿਸ ਕੋ ਜਾਇ।
ਗੁਰ ਕੋ ਬਾਕ ਹਬਸ ਨਹਿਂ ਮਿਟੈ। ਸੋ ਤਬਿ ਰਹੀ, ਨ ਕਜੋਂਹੂੰ ਹਟੈ॥ ੫੦॥

ਜਿਹੜਾ ਕੋਈ ਵੀ ਨਵੀਂ ਵਹੁਟੀ ਵਿਆਹ ਕੇ ਲਿਆਉਂਦਾ ਸੀ, ਫਿਰ ਉਹ ਉਸ ਨੂੰ ਵੇਖਣ ਜਾਂਦਾ ਸੀ। ਗੁਰੂ ਜੀ ਦੇ ਬਚਨ ਕਿ ਹਵਸ ਨਹੀਂ ਮਿਟੀ ਹੈ, ਉਹ ਤਦ ਵੀ ਰਹੀ, ਕਿਸੇ ਪ੍ਰਕਾਰ ਵੀ ਖਤਮ ਨਾ ਹੋਈ॥ ੫੦॥

ਪੂਰਨ ਸਿੱਖੀ ਮਹਿਂ ਬਹੁ ਭਯੋ। ਅਬਿ ਲੌ ਤਿਸਕੋ ਥਾਨ ਪੁਜਯੋ।
ਜਨ ਕੀ ਪੁਰੀ ਕਾਮਨਾ ਘਨੀ। ਇਸ ਪ੍ਰਕਾਰ ਤਿਹ ਸਾਖੀ ਸੁਨੀ॥ ੫੧॥

ਫਿਰ ਉਹ ਸਿੱਖੀ ਵਿਚ ਹਰ ਪ੍ਰਕਾਰ ਪੂਰਨ ਹੋ ਗਿਆ। ਹੁਣ ਤਕ ਉਸ ਦੇ ਸਥਾਨ ਦੀ ਪੂਜਾ ਹੁੰਦੀ ਹੈ। ਲੋਕਾਂ ਦੀਆਂ ਸਾਰੀਆਂ ਕਾਮਨਾਂ ਪੂਰੀਆਂ ਕਰਦਾ ਸੀ, ਇਸ ਪ੍ਰਕਾਰ ਉਸ ਦੀ ਸਾਖੀ ਸੁਣੀ ਗਈ ਹੈ॥ ੫੧॥

*ਪਹਿਲੇ ਐਨ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## *ਅਧਿਆਇ ਅਠਾਈਵਾਂ*

*ਸੰਗਤ ਨੂੰ ਜੰਗ ਕਰਨੀ ਸਿਖਾਈ, ਡੱਲੇ ਨੂੰ ਅੰਮ੍ਰਿਤ ਛਕਾਉਣਾ*

ਦੋਹਰਾ- ਸੁਧ ਸੁਨਿ ਕਰਿ ਕਿਸ ਨਿਕਟ ਤੇ ਸਿੰਘਨ ਕਹਜੋ ਸੁਨਾਇ।
'ਜ਼ੋਰਦਸਤ ਲਵਪੁਰੀ ਕੋ ਸੂਬਾ ਬਹੁ ਦੁਖਦਾਇ॥ ੧॥

ਕਿਸੇ ਪਾਸੇ ਖ਼ਬਰ ਸੁਣ ਕੇ ਸਿੰਘਾਂ ਨੇ ਗੁਰੂ ਜੀ ਨੂੰ ਸੁਣਾ ਕੇ ਕਿਹਾ, 'ਲਾਹੌਰ ਦਾ ਸੂਬਾ ਜ਼ਬਰਦਸਤ ਖਾਂ ਬਹੁਤ ਦੁਖਦਾਇਕ ਹੈ॥ ੧॥

ਚੌਪਈ- ਸੰਗਤਿ ਛੀਨ ਲਈ ਇਤ ਆਵਤਿ। ਤਜਹਿ ਨ ਨਾਮ ਗੁਰੂ ਸੁਨ ਪਾਵਤਿ'।
ਇਕ ਦਿਨ ਫੇਰ ਦਈ ਸੁਧ ਕਾਹੂ। 'ਸੂਬਾ ਜੋ ਸਿਰੰਦ ਦੇ ਮਾਹੂ॥ ੨॥

ਏਧਰ ਆਉਂਦੀ ਸੰਗਤ ਨੂੰ ਲੁੱਟ ਲਿਆ ਹੈ, ਜਦ ਗੁਰੂ ਜੀ ਦਾ ਨਾਮ ਸੁਣ ਲੈਂਦਾ ਹੈ ਤੇ ਫਿਰ ਛੱਡਦਾ ਨਹੀਂ ਹੈ।'' ਇਕ ਦਿਨ ਫਿਰ ਕਿਸੇ ਖ਼ਬਰ ਦਿੱਤੀ, ''ਜਿਹੜਾ ਸਿਰਹੰਦ ਦਾ ਸੂਬਾ ਹੈ॥ ੨॥

ਤਿਨ ਭੀ ਸੰਗਤਿ ਲੀਨਸਿ ਛੀਨ। ਮੂਢ ਕੁਤਸਤ ਕਾਜ ਕੋ ਕੀਨ।
ਸੁਨਿ ਗੁਰ ਬੋਲੇ ਧਰਿ ਕੈ ਰੋਸਾ। 'ਸੂਬੇ ਕੋ ਸੰਗਤਿ ਨੇ ਖੋਸਾ' ॥ ੩ ॥

ਉਸ ਵੀ ਸੰਗਤ ਨੂੰ ਲੁੱਟ ਲਿਆ, ਮੂਰਖ ਨੇ ਖੋਟਾ ਕੰਮ ਕੀਤਾ ਹੈ।'' ''ਇਹ ਸੁਣ ਕੇ ਗੁਰੂ ਜੀ ਰੋਸ ਧਰ ਕੇ ਬੋਲੇ, ''ਸੂਬੇ ਨੂੰ ਸੰਗਤ ਨੇ ਖੋਹਿਆ ਹੈ'' ॥ ੩ ॥

ਇਸ ਬਿਧਿ ਆਨਿ ਕਹਤਿ ਨਹਿਂ ਕੋਊ। 'ਸੰਗਤਿ ਛੀਨੀ ਭਾਖਤਿ ਸੋਊ'।
ਪੁਨ ਸਭਿਹਿਨਿ ਕੋ ਕਹ੍ਯੋ ਸੁਨਾਇ। 'ਸਾਚ ਕਹੈਂ ਸਿਖ ਜੁਤਿ ਸਮੁਦਾਇ ॥੪ ॥

ਇਸ ਵਿਧੀ ਨਾਲ ਕੋਈ ਵੀ ਆ ਕੇ ਕਹਿੰਦਾ ਨਹੀਂ ਸੀ, ''ਸੰਗਤ ਨੂੰ ਲੁੱਟ ਲਿਆ ਹੈ, ਇਹ ਕਹਿੰਦੇ ਸਨ।'' ਫਿਰ ਸਾਰਿਆਂ ਨੂੰ ਕਹਿ ਕੇ ਸੁਣਾਇਆ, ''ਸਾਰੇ ਸਿੱਖ ਸਮੂਹ ਸਹਿਤ ਸੱਚ ਕਹਿੰਦੇ ਹਨ॥ ੪ ॥

ਬੀਤੀ ਨੌ ਸਤਿਗੁਰ ਪਤਿਸ਼ਾਹੀ। ਰਣ ਉਪਦੇਸ਼੍ਯੋ ਸੰਗਤਿ ਨਾਂਹੀ।
ਸੇਵਾ ਕਰਨੀ ਭਾਉ ਬਿਸਾਲਾ। ਜਪਹੁ ਨਾਮ ਪਕਰਾਈ ਮਾਲਾ ॥ ੫ ॥

ਪਹਿਲਾਂ ਨੌਂ ਪਾਤਸ਼ਾਹੀਆਂ ਬੀਤੀਆਂ ਹਨ, ਕਿਸੇ ਨੇ ਵੀ ਸੰਗਤ ਨੂੰ ਯੁੱਧ ਕਰਨ ਦਾ ਉਪਦੇਸ਼ ਨਹੀਂ ਦਿੱਤਾ ਹੈ। ਵਿਸ਼ਾਲ ਭਾਵਨਾ ਨਾਲ ਸੇਵਾ ਕਰੋ, ਨਾਮ ਜਪੋ, ਇਸ ਵਾਸਤੇ ਮਾਲਾ ਪਕੜਾਈ ਸੀ॥ ੫ ॥

ਅਬਿ ਮੈਂ ਚੰਡੀ ਪਾਠ ਪਠਾਵੌਂ। ਸਿੰਘ ਨਾਮ ਧਰਿ ਸ਼ਸਤ੍ਰ ਗਹਾਵੌਂ।
ਲਘੁ ਚਿਰੀਅਨਿ ਤੇ ਬਾਜ ਤੁਰਾਵੌਂ। ਮਰਦ ਮਿਲਾਇ ਗਰਦ ਦਿਖਰਾਵੌਂ ॥੬ ॥

ਹੁਣ ਮੈਂ ਚੰਡੀ ਦਾ ਪਾਠ ਪੜ੍ਹਾਵਾਂਗਾ, ਸਿੰਘ ਨਾਮ ਧਰ ਕੇ ਸ਼ਸਤਰ ਫੜਾਵਾਂਗਾ, ਛੋਟੀਆਂ ਚਿੜੀਆਂ ਪਾਸੋਂ ਬਾਜ ਤੁੜਾਵਾਂਗਾ ਤੇ ਇਨ੍ਹਾਂ ਮਰਦਾਂ ਨੂੰ ਮਿੱਟੀ ਵਿਚ ਮਿਲਾ ਕੇ ਵਿਖਾ ਦੇਵਾਂਗਾ॥ ੬ ॥

ਖੰਡੇ ਕੀ ਪਾਹੁਲ ਜੋ ਲੇਇ। ਸਿੰਘ ਨਾਮ ਧਰਿਵਾਵੈ ਜੇਇ।
ਸੋ ਸ਼ਸਤ੍ਰਨਿ ਤੇ ਛੂਛ ਨ ਰਹੈ। ਬਹੁ ਅੱਭ੍ਯਾਸ ਨਿਤਾਪ੍ਰਤਿ ਗਹੈ ॥ ੭ ॥

ਜਿਹੜਾ ਖੰਡੇ ਦੀ ਪਾਹੁਲ ਲਵੇਗਾ, ਉਹ ਸਿੰਘ ਨਾਮ ਧਰਵਾਵੇਗਾ। ਉਹ ਹਥਿਆਰਾਂ ਤੋਂ ਖ਼ਾਲੀ ਨਹੀਂ ਰਹੇਗਾ ਤੇ ਨਿਤਾਪ੍ਰਤੀ ਬਹੁਤ ਅਭਿਆਸ ਕਰੇਗਾ॥ ੭॥

ਕੇਸਨ ਕੋ ਬਹੁ ਅਦਬ ਰਖੀਜੈ। ਮੇਰੀ ਸਿਰ ਪਰ ਛਾਪ ਲਖੀਜੈ।
ਪੁਨ ਡੱਲੇ ਸਨ ਹੁਕਮ ਬਖਾਨਾ। 'ਗਹਿ ਗਹਿ ਲਾਠੀ ਬਹੁ ਨਰ ਪਾਨਾ ॥ ੮ ॥

ਕੇਸਾਂ ਦਾ ਬਹੁਤ ਅਦਬ ਰਖੋ, ਆਪਣੇ ਸਿਰ ਉੱਪਰ ਇਹ ਮੇਰੀ ਮੋਹਰ ਸਮਝੋ।'' ਫਿਰ ਡੱਲੇ ਸਮੇਤ ਹੁਕਮ ਕੀਤਾ, ''ਬਹੁਤ ਮਨੁੱਖ ਆਪਣੇ ਹੱਥਾਂ ਵਿਚ ਲਾਠੀਆਂ ਫੜ ਲੈਣ॥ ੮॥

ਹੇਤੁ ਛੀਨਿਬੇ ਸੰਗਤਿ ਜਾਵਹੁ। ਲੇਹੁ ਵਸਤੁ ਸੋ ਨਹੀਂ ਗਵਾਵਹੁ।
ਅਬਿ ਸੰਗ੍ਰਾਮ ਕਰਨਿ ਸਿਖਰਾਵੈਂ। ਇਨ ਤੇ ਹੀ ਤੁਰਕਨਿ ਮਰਿਵਾਵੈਂ ॥ ੯ ॥

ਖੋਹਣ ਵਾਸਤੇ ਸੰਗਤ ਜਾਵੇ, ਵਸਤਾਂ ਲੈ ਲਵੇ, ਉਨ੍ਹਾਂ ਨੂੰ ਨਾ ਗਵਾਵੇ, ਹੁਣ ਇਨ੍ਹਾਂ ਨੂੰ ਯੁੱਧ ਕਰਨਾ ਸਿਖਾਉਂਦੇ ਹਾਂ, ਇਨ੍ਹਾਂ ਪਾਸੋਂ ਹੀ ਤੁਰਕ ਮਰਵਾਉਂਦੇ ਹਾਂ'' ॥ ੯ ॥

ਉਤ ਕਹਿ ਪਠਜੋ ਸੰਗਤਾਂ ਮਾਂਹੀ। 'ਇਹ ਬੈਰਾੜ ਹੁਕਮ ਮੈਂ ਨਾਂਹੀ।
ਪਾਹੁਨਚਾਰੀ ਥਿਰ ਇਸ ਥਾਨਾ। ਆਵਹੁ ਅੱਗੂ ਬਨਹੁ ਸਵਧਾਨਾ॥ ੧੦॥

ਉਸ ਪ੍ਰਕਾਰ ਕਹਿ ਕੇ ਸੰਗਤਾਂ ਵਿਚ ਭੇਜਿਆ, "ਇਹ ਬੈਰਾੜ ਦਾ ਹੁਕਮ ਹੈ, ਮੇਰਾ ਨਹੀਂ ਹੈ। ਅਸੀਂ ਏਥੇ ਪ੍ਰਾਹੁਣੇ ਟਿਕੇ ਹੋਏ ਹਾਂ, ਜੇ ਅੱਗੇ ਆਵੋਗੇ ਤਾਂ ਸਾਵਧਾਨ ਬਣੋ॥ ੧੦॥

ਵਸਤੂ ਨਹੀਂ ਖੁਸਾਵਨਿ ਕਰੀਏ। ਪੁਰਸ਼ਾਰਥ ਅਪਨੇ ਮਹਿਂ ਧਰੀਏ'।
ਇਤ ਤੇ ਡੱਲਾ ਲੇ ਨਰ ਘਨੇ। ਉਤ ਸੁਚੇਤ ਕਸ ਕਟਿ ਸਿਖ ਬਨੇ॥ ੧੧॥

ਵਸਤਾਂ ਖਵਾਉਣੀਆਂ ਨਹੀਂ ਹਨ, ਆਪਣੇ ਵਿਚ ਉੱਦਮ ਧਾਰਨ ਕਰੋ।" ਇਥੋਂ ਡੱਲਾ ਬਹੁਤ ਮਨੁੱਖਾਂ ਨੂੰ ਨਾਲ ਲਵੇ, ਉਧਰ ਕਮਰਕੱਸਾ ਕੱਸ ਕੇ ਸਿੱਖ ਸੁਚੇਤ ਬਣਨ॥ ੧੧॥

ਭਯੋ ਭੇਰ ਦੁਹੂਅਨਿ ਦਿਸ਼ਿ ਕੇਰਾ। ਪਰਜੋ ਰੌਰ ਇਕ ਬਾਰਿ ਬਡੇਰਾ।
ਊਚੇ ਥਲ ਸਤਿਗੁਰ ਤਬਿ ਥਿਰੇ। ਦੇਖਿ ਦੇਖਿ ਬਿਕਸੈਂ ਮੁਦ ਭਰੇ॥ ੧੨॥

ਦੋਹਾਂ ਪਾਸਿਆਂ ਤੋਂ ਵੱਡਾ ਭੇੜ ਹੋਇਆ, ਇਕ ਵਾਰ ਵੱਡਾ ਰੌਲਾ ਮੱਚ ਗਿਆ। ਉੱਚੇ ਥਾਂ ਫਿਰ ਸਤਿਗੁਰੂ ਜੀ ਬੈਠ ਗਏ, ਵੇਖ-ਵੇਖ ਉਹ ਖੁਸ਼ੀ ਵਿਚ ਭਰੇ ਮੁਸਕਰਾਉਂਦੇ ਸਨ॥ ੧੨॥

ਇਹ ਔਸਤਿ ਓਹ ਨਹੀਂ ਖੁਸਾਵੈਂ। ਹੇਲ ਕਰਹਿਂ ਇਕ ਝੇਲਤਿ ਜਾਵੈਂ।
ਸ਼ਸਤ੍ਰਨਿ ਮਾਰਹਿਂ ਦੋਨਹੁਂ ਦਿਸ਼ਿ ਮਹਿਂ। ਬਲ ਕੋ ਕਰਤਿ ਭਿਰਤਿ ਆਪਸ ਮਹਿਂ॥੧੩॥

ਇਹ ਮੌਕਾ ਉਹ ਨਹੀਂ ਗਵਾਉਂਦੇ ਹਨ, ਇਕ ਹੱਲਾ ਕਰਦੇ ਹਨ, ਇਕ ਹੱਲਾ ਝੱਲੀ ਜਾਂਦੇ ਹਨ। ਦੋਵਾਂ ਪਾਸਿਆਂ ਤੋਂ ਇਕ ਦੂਸਰੇ ਨੂੰ ਸ਼ਸਤਰ ਮਾਰਦੇ ਹਨ ਤੇ ਬੜੀ ਸ਼ਕਤੀ ਧਾਰ ਕੇ ਇਕ ਦੂਸਰੇ ਨਾਲ ਭਿੜਦੇ ਹਨ॥ ੧੩॥

ਥਿਰੇ ਨਿਕਟ ਤਿਨ ਗੁਰੂ ਸੁਨਾਵੈਂ। 'ਇਮ ਤੁਰਕਨਿ ਸਨ ਜੰਗ ਮਚਾਵੈਂ।
ਮਾਰਨ ਮਰਨ ਹਜ਼ਾਰਨ ਹੋਇ। ਰਾਜ ਲੇਹਿਂ ਸਿੰਘ ਬਨਿ ਸਭਿ ਕੋਇ'॥ ੧੪॥

ਜਿਹੜੇ ਪਾਸ ਬੈਠਦੇ ਹਨ, ਉਨ੍ਹਾਂ ਨੂੰ ਗੁਰੂ ਜੀ ਸੁਣਾਉਂਦੇ ਹਨ, "ਇਸ ਪ੍ਰਕਾਰ ਤੁਰਕਾਂ ਨਾਲ ਜੰਗ ਮਚਾਉਣਗੇ। ਹਜ਼ਾਰਾਂ ਦਾ ਮਰਨ ਮਾਰਨ ਹੋਵੇਗਾ। ਸਿੰਘ ਸਭ ਕੁਝ ਬਣ ਕੇ ਰਾਜ ਲੈਣਗੇ'॥ ੧੪॥

ਭਿਰਤਿ ਇਸੀ ਬਿਧਿ ਸੰਗਤਿ ਆਈ। ਗੁਰ ਪਦ ਕਮਲਨ ਸੀਸ ਝੁਕਾਈ।
ਅੱਸ੍ਰਾਸਨ ਕਰਿ ਬਹੁਰ ਬਖਾਨਾ। 'ਇਮ ਸ਼ੱਤ੍ਰਨਿ ਸਨ ਬਨਿ ਸਵਧਾਨਾ॥ ੧੫॥

ਇਸੇ ਪ੍ਰਕਾਰ ਭਿੜਦੀ ਸੰਗਤ ਆਈ, ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਉਨ੍ਹਾਂ ਸਿਰ ਨਿਵਾਇਆ। ਗੁਰੂ ਜੀ ਨੇ ਧੀਰਜ ਦੇ ਕੇ ਫਿਰ ਕਿਹਾ, "ਇਸ ਪ੍ਰਕਾਰ ਵੈਰੀਆਂ ਨਾਲ ਸਾਵਧਾਨ ਬਣੋ॥ ੧੫॥

ਸ਼ਸਤ੍ਰਨ ਗਹਿ ਸੰਘਾਰਨ ਕਰੀਏ। ਅਪਨਾ ਆਪ ਉਬਾਰਨ ਧਰੀਏ'।
ਪੁਨ ਸਤਿਗੁਰ ਕਰਿਵਾਇ ਕਰਾਹੂ। ਇਕ ਦਿਸ਼ਿ ਸਭਿ ਧਰਿਵਾਯਹੁ ਤਾਂਹੂ॥੧੬॥

ਸ਼ਸਤਰ ਫੜ ਕੇ ਵੈਰੀ ਨੂੰ ਮਾਰੋ ਤੇ ਆਪਣੇ ਆਪ ਨੂੰ ਬਚਾਓ।" ਫਿਰ ਸਤਿਗੁਰੂ ਜੀ ਨੇ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਸਾਰਾ ਇਕ ਪਾਸੇ ਧਰਵਾ ਲਿਆ॥ ੧੬॥

ਹੁਕਮ ਕਰਜੋ 'ਲੂਟਹੁ ਸਭਿ ਜਾਈ'। ਸੁਨਿ ਕਰਿ ਪਰਜੋ ਖਾਲਸਾ ਧਾਈ।
ਬਲ ਕੋ ਕਰੈਂ ਧਕੇਲਨਿ ਤਬੈ। ਅਧਿਕ ਤਿਹਾਵਲ ਲੂਟਤਿ ਸਬੈ॥ ੧੭॥

ਫਿਰ ਗੁਰੂ ਜੀ ਨੇ ਹੁਕਮ ਕੀਤਾ, "ਸਾਰੇ ਜਾ ਕੇ ਕੜਾਹ ਪ੍ਰਸ਼ਾਦਿ ਦੀ ਲੁੱਟ ਮਚਾਵੋ।" ਇਹ ਸੁਣ ਕੇ ਖਾਲਸਾ ਦੌੜ-ਦੌੜ ਕੇ ਪੈ ਗਿਆ। ਬੜੇ ਜ਼ੋਰ ਨਾਲ ਇਕ ਦੂਸਰੇ ਨੂੰ ਧੱਕੇ ਮਾਰਦੇ ਸਨ ਤੇ ਸਾਰੇ ਬਹੁਤ ਕੜਾਹ ਪ੍ਰਸ਼ਾਦਿ ਲੁੱਟ ਰਹੇ ਸਨ॥ ੧੭॥

ਫੇਰ ਕਰਾਯੋ ਫੇਰ ਲੁਟਾਯੋ। ਕਿਤਿਕ ਰਹੇ ਥਿਰ ਹਾਥ ਨ ਲਾਯੋ।
ਸ੍ਰੀ ਮੁਖ ਬੂਝ੍ਯੋ 'ਲੁਟ੍ਯੋ ਨ ਕੈਸੇ ? ਹਮਰੇ ਨਿਕਟ ਰਹੇ ਤੁਮ ਬੈਸੇ' ॥ ੧੮ ॥

ਕੜਾਹ ਪ੍ਰਸ਼ਾਦਿ ਫਿਰ ਤਿਆਰ ਕਰਵਾਇਆ ਤੇ ਫਿਰ ਲੁਟਾਇਆ, ਕਈ ਖੜੇ ਰਹਿ ਗਏ, ਕੜਾਹ ਪ੍ਰਸ਼ਾਦਿ ਨੂੰ ਉਨ੍ਹਾਂ ਹੱਥ ਨਾ ਲਾਇਆ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਿਉਂ ਨਹੀਂ ਲੁਟਿਆ ਹੈ ? ਸਾਡੇ ਪਾਸੇ ਤੁਸੀਂ ਬੈਠੇ ਰਹੇ ਹੋ" ॥ ੧੮॥

ਹਾਥ ਜੋਰਿ ਤਿਨ ਬਿਨੈ ਬਖਾਨੀ। 'ਬੰਟੇ ਤੇ ਜੋ ਪ੍ਰਾਪਤਿ ਪਾਨੀ।
ਸੋ ਹਮ ਖੈ ਹੈਂ ਲੋਭ ਨ ਧਾਰਹਿਂ'। ਸੁਨਿ ਸ੍ਰੀ ਮੁਖ ਤੇ ਗੁਰੂ ਉਚਾਰਹਿਂ॥ ੧੯ ॥

ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਵੰਡਣ ਨਾਲ ਜੋ ਹੱਥ ਵਿਚ ਪਾਉਂਦੇ ਹਾਂ, ਅਸੀਂ ਉਹੋ ਖਾਂਦੇ ਹਾਂ, ਲੋਭ ਨਹੀਂ ਧਾਰਨ ਕਰਦੇ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਉਚਾਰਨ ਕਰਕੇ ਬਚਨ ਕਿਹਾ॥ ੧੯॥

'ਧੰਨ ਖਾਲਸਾ ਹ੍ਵੈ ਬਿਧਿ ਦੋਇ। ਸਤਿਸੰਤੋਖੀ ਬੀ ਬਹੁ ਹੋਇ।
ਬਹੁਤ ਲੁਟੇਰੇ ਭੀ ਬਿਚ ਬਨੈਂ। ਥਿਰੈਂ ਅਨਿਕ ਭੀ ਸਿੱਖੀ ਸਨੈ ॥ ੨੦ ॥

ਦੋਵਾਂ ਵਿਧੀਆਂ ਨਾਲ ਖਾਲਸਾ ਧੰਨ ਹੈ, ਸੰਤਿਸੰਤੋਖ ਵੀ ਬਹੁਤ ਹੋਵੇਗਾ। ਬਹੁਤ ਲੁਟੇਰੇ ਵੀ ਵਿਚ ਬਣਨਗੇ। ਅਨੇਕਾਂ ਸਿੱਖ ਸੰਤੋਖ ਸਹਿਤ ਸਥਿਰ ਹੋਣਗੇ" ॥ ੨੦॥

ਪੁਨ ਅੰਮ੍ਰਿਤ ਕੇ ਕਰੈਂ ਕਰਾਹੇ। ਦੇਤਿ ਪ੍ਰਵਾਹੁ ਸਰੋਵਰ ਮਾਂਹੇ।
ਤਬਿ ਸਿੰਘਨ ਕਰ ਜੋਰਿ ਸੁ ਬੂਝੈਂ। 'ਪ੍ਰਭੁ ਜੀ ! ਕਾਰਨ ਕੌਨ ਅਰੂੰਝੈਂ ? ॥੨੧ ॥

ਫਿਰ ਅੰਮ੍ਰਿਤ ਦੇ ਕੜਾਹੇ ਤਿਆਰ ਕਰਵਾਉਂਦੇ ਸਨ ਤੇ ਉਸ ਨੂੰ ਸਰੋਵਰ ਵਿਚ ਪ੍ਰਵਾਹ ਕਰ ਦਿੰਦੇ ਸਨ। ਫਿਰ ਸਿੰਘਾਂ ਨੇ ਹੱਥ ਜੋੜ ਕੇ ਪੁੱਛਿਆ, "ਹੇ ਸਤਿਗੁਰੂ ਜੀ ! ਇਸ ਦਾ ਕੀ ਕਾਰਨ ਜਾਣੀਏ ? ॥ ੨੧॥

ਨਿਤ ਪ੍ਰਤਿ ਅੰਮ੍ਰਿਤ ਕਰਿ ਕਰਿ ਗੇਰੋ। ਕਾਰਨ ਕੌਨ ਆਪ ਨੇ ਹੇਰੋ ?'।
ਤਬਿ ਸਤਿਗੁਰ ਸਭਿ ਸਾਥ ਬਖਾਨੀ। 'ਇਹਾਂ ਖਾਲਸਾ ਸੁੰਮਣਵਾਨੀ॥ ੨੨ ॥

ਨਿਤਪ੍ਰਤਿ ਅੰਮ੍ਰਿਤ ਤਿਆਰ ਕਰਵਾ ਕਰਵਾ ਕੇ ਸਰੋਵਰ ਵਿਚ ਸੁੱਟ ਦਿੰਦੇ ਹੋ, ਇਸ ਬਾਰੇ ਆਪ ਜੀ ਨੇ ਕੀ ਕਾਰਨ ਵੇਖਿਆ ਹੈ ?" ਤਦ ਸਤਿਗੁਰੂ ਜੀ ਨੇ ਸਭ ਨੂੰ ਕਿਹਾ, "ਏਥੇ ਜਲ ਦੇ ਸੋਮੇਂ ਵਾਂਗ ਖਾਲਸਾ ਪ੍ਰਗਟ ਹੋ ਕੇ ਵੱਸੇਗਾ॥ ੨੨॥

ਉਪਜਹਿਂ ਪੁੰਜ ਸਿੰਘ ਇਸ ਥਾਈ'। ਪੁਨ ਬਹੁ ਲਿਖਣਾ ਘੜਹਿਂ ਗੁਸਾਈਂ।
ਕਰਿ ਕਰਿ ਧਰਹਿਂ ਤਜਾਰ ਬਹੁ ਬਾਰੀ। ਬੂਝੇ ਤੇ ਸ੍ਰੀ ਪ੍ਰਭੁ ਉਚਾਰੀ॥ ੨੩ ॥

ਇਸ ਸਥਾਨ 'ਤੇ ਬਹੁਤ ਸਿੰਘ ਪੈਦਾ ਹੋਣਗੇ।" ਫਿਰ ਸਤਿਗੁਰੂ ਜੀ ਬਹੁਤ ਕਲਮਾਂ ਘੜਦੇ ਸਨ। ਬਹੁਤ ਵਾਰ ਤਿਆਰ ਕਰ ਕਰਕੇ ਰੱਖਦੇ ਸਨ। ਪੁੱਛਣ ਉੱਪਰ ਸਤਿਗੁਰੂ ਜੀ ਨੇ ਬਚਨ ਕੀਤਾ॥ ੨੩॥

'ਹੋਇ ਦਮਦਮਾ ਗੁਰ ਕੀ ਕਾਸ਼ੀ। ਲੇਖਕ ਬਨਹਿਂ ਪਢਹਿਂ ਸਿਖ ਰਾਸੀ'।
ਇਕ ਦਿਨ ਚਢਿ ਅਖੇਰ ਕੋ ਗਏ। ਕੋਸ ਅਸ਼ਟ ਇਕ ਉਤਰਤਿ ਭਏ॥੨੪ ॥

ਇਹ ਦਮਦਮਾ ਗੁਰੂ ਦੀ ਕਾਸ਼ੀ ਬਣੇਗਾ। ਬਹੁਤ ਸਿੱਖ ਲੇਖਕ ਬਣਨਗੇ ਅਤੇ ਪੜ੍ਹਾਈ ਕਰਕੇ ਵੱਡੇ-ਵੱਡੇ ਵਿਦਵਾਨ ਬਣਨਗੇ।" ਇਕ ਦਿਨ ਗੁਰੂ ਜੀ ਘੋੜ-ਸਵਾਰ ਹੋ ਕੇ ਸ਼ਿਕਾਰ ਖੇਡਣ ਗਏ ਤੇ ਅਠਾਂ ਕੋਹਾਂ 'ਤੇ ਜਾ ਕੇ ਉਤਾਰਾ ਕਰ ਲਿਆ॥ ੨੪॥

ਤਹਾਂ ਸਿੰਸਪਾ ਖਰੀ ਬਡੇਰੇ। ਹਾਥ ਪੰਚ ਦਸ ਫੇਰ ਘਨੇਰੇ।
ਗਾਹਕ ਮਉੜ ਤਬਹਿ ਚਲਿ ਗਏ। ਦੁਗਧ ਘਟੇ ਭਰਿ ਲਜਾਵਤਿ ਭਏ॥੨੫॥

ਉਥੇ ਇਕ ਬੜਾ ਵੱਡਾ ਟਾਹਲੀ ਦਾ ਰੁੱਖ ਖੜਾ ਸੀ ਤੇ ਪੰਦਰ੍ਹਾਂ ਹੱਥ ਉਸ ਟਾਹਲੀ ਦੀ ਮੋਟਾਈ ਦਾ ਘੇਰਾ ਸੀ। ਮੌੜ ਜੱਟ ਫਿਰ ਚਲ ਕੇ ਗਏ ਤੇ ਫਿਰ ਦੁੱਧ ਦੇ ਘੜੇ ਭਰ ਕੇ ਲਿਆਏ॥ ੨੫॥

ਸਭਿ ਕੋ ਪਜਾਇ ਖੁਸ਼ੀ ਲੇ ਘਨੀ। 'ਵਧਹੁ ਬੰਸ ਹੁਇ ਸਿੰਘ ਸੁ ਬਨੀ'।
ਬਹੁਰ ਪ੍ਰਭੁ ਡੇਰੇ ਚਲਿ ਆਏ। ਉਤਰਿ ਆਪਨੇ ਥਾਨ ਸੁਹਾਏ॥ ੨੬॥

ਸਾਰਿਆਂ ਨੂੰ ਦੁੱਧ ਪਿਆ ਕੇ ਉਨ੍ਹਾਂ ਵੱਡੀ ਖੁਸ਼ੀ ਪ੍ਰਾਪਤ ਕੀਤੀ। ਗੁਰੂ ਜੀ ਨੇ ਅਸ਼ੀਰਵਾਦ ਦਿੱਤਾ, "ਤੁਹਾਡਾ ਵੰਸ਼ ਵਧੇ ਤੇ ਸਾਰੇ ਬਲਵਾਨ ਸਿੰਘ ਹੋਣ।" ਫਿਰ ਸਤਿਗੁਰੂ ਜੀ ਚਲ ਕੇ ਆਪਣੇਂ ਡੇਰੇ ਆ ਗਏ ਤੇ ਉਤਰ ਕੇ ਆਪਣੇ ਸਥਾਨ 'ਤੇ ਸ਼ੋਭਾ ਪਾਈ॥ ੨੬॥

ਕਬਿ ਕਬਿ ਥਿਰਹਿਂ ਗੁਰੂ ਸਰ ਜਾਵੈਂ। ਗਨ ਸੰਗਤਿ ਤੇ ਕਾਰ ਕਢਾਵੈਂ।
ਸਾਯੰ ਸਮੇਂ ਜਾਇਂ ਜੰਡਿਆਨੇ। ਬੈਠਹਿਂ ਸਭਿਨਿ ਹਕਾਰਨ ਠਾਨੈਂ॥ ੨੭॥

ਜਦ ਕਦੀ ਵੀ ਗੁਰੂ ਜੀ ਠਹਿਰਦੇ ਸਨ ਤਾਂ ਉਹ ਸਰੋਵਰ ਤੇ ਜਾਂਦੇ ਸਨ ਤੇ ਬਹੁਤ ਸੰਗਤ ਪਾਸੋਂ ਕਾਰ ਸੇਵਾ ਕਰਵਾਉਂਦੇ ਸਨ। ਸ਼ਾਮ ਵੇਲੇ ਜੰਡਿਆਨੇ ਜਾਂਦੇ ਸਨ ਤੇ ਬੈਠ ਕੇ ਸਭ ਨੂੰ ਬੁਲਾਉਂਦੇ ਸਨ॥ ੨੭॥

*ਨੋਟ : ਅੱਜਕਲ੍ਹ ਏਥੇ ਜੰਡਸਰ ਨਾਮ ਦਾ ਗੁਰਦੁਆਰਾ ਹੈ ਤੇ ਇਕ ਸਰੋਵਰ ਵੀ ਹੈ।*

ਅਗਨਤ ਰਜਤਪਣ ਆਸਨ ਤਰੇ। ਬਹੁ ਦੀਨਾਰ ਨਿਕਾਰਨਿ ਕਰੇਂ।
ਰੋਜ਼ਦਾਰ ਕੋ ਦੇਤਿ ਬੁਲਾਈ। ਆਇ ਆਇ ਲੇਤੇ ਸਮੁਦਾਈ॥ ੨੮॥

ਬਹੁਤ ਚਾਂਦੀ ਦੇ ਰੁਪਏ ਆਪਣੇ ਆਸਣ ਦੇ ਥੱਲੇ ਰੱਖੇ ਸਨ ਤੇ ਬਹੁਤ ਅਸ਼ਰਫੀਆਂ ਕੱਢਦੇ ਸਨ। ਫਿਰ ਦਿਹਾੜੀਦਾਰਾਂ ਨੂੰ ਬੁਲਾ ਕੇ ਦਿੰਦੇ ਸਨ ਤੇ ਸਾਰੇ ਆ ਆ ਕੇ ਆਪਣੀਆਂ ਦਿਹਾੜੀਆਂ ਲਈ ਜਾਂਦੇ ਸਨ॥ ੨੮॥

ਜਿਤਿਕ ਚਾਕਰੀ ਧਨ ਜੋ ਲੇਤਿ। ਤਿਤਿਕ ਮੁਸ਼ਟ ਭਰਿ ਬਿਨ ਪਿਖਿ ਦੇਤਿ।
ਕਈ ਬੇਰ ਬਰਤਾਯੋ ਤਹਾਂ। ਸੈਨ ਰੁਜ਼ੀਨਾ ਲੇਤੇ ਮਹਾਂ॥ ੨੯॥

ਜਿੰਨਾ ਵੀ ਉਹ ਨੌਕਰੀ ਦਾ ਧਨ ਲੈਂਦੇ ਸਨ, ਓਨਾ ਹੀ ਮੁੱਠਾਂ ਭਰ-ਭਰ ਵੇਖਣ ਤੋਂ ਬਗੈਰ ਦੇਈ ਜਾਂਦੇ ਸਨ। ਕਈ ਵਾਰ ਉਥੇ ਧਨ ਵਰਤਾਇਆ ਤੇ ਸੈਨਾ ਬਹੁਤ ਰੁਜ਼ੀਨਾ ਲੈਂਦੀ ਸੀ॥ ੨੯॥

ਭਰਮੇ ਪਿਖਿ ਬਿਰਾੜ ਤਿਸ ਥਾਨ। 'ਇਸ ਥਲ ਗੁਰ ਧਨ ਧਰਜੋ ਮਹਾਨ।
ਥਿਰ ਹੁਇ ਇਤਹਿਂ ਕਾਢ ਕਰਿ ਧਰੈਂ। ਹਮ ਜੁਤਿ ਸਭਿਹਿਨਿ ਦੈਬੋ ਕਰੈਂ'॥੩੦॥

ਉਸ ਥਾਂ ਨੂੰ ਬਿਰਾੜ ਵੇਖ ਕੇ ਭਰਮ ਗਏ, "ਇਸ ਥਾਂ ਗੁਰੂ ਜੀ ਨੇ ਮਹਾਨ ਧਨ ਧਰਿਆ ਹੈ। ਏਥੇ ਬੈਠ ਕੇ ਧਨ ਕੱਢ ਕੇ ਦਿੰਦੇ ਹਨ। ਸਾਨੂੰ ਸਾਰਿਆਂ ਨੂੰ ਏਥੋਂ ਧਨ ਦਿੰਦੇ ਹਨ"॥ ੩੦॥

ਨਿਸ ਮਹਿਂ ਫੈਲਜੋ ਤਿਮਰ ਘਨੇਰਾ। ਗਏ ਨਿਕਾਸਨ ਕੋ ਤਿਸ ਬੇਰਾ।
ਅਵਨੀ ਖਨੀ ਅਧਿਕ ਬਲ ਲਾਈ। ਇਕ ਬਿਰਾਟਕਾ ਹਾਥ ਨ ਆਈ॥੩੧॥

ਰਾਤ ਨੂੰ ਜਦ ਬਹੁਤ ਹਨੇਰਾ ਫੈਲ ਗਿਆ ਤਾਂ ਉਸ ਸਮੇਂ ਧਨ ਕੱਢਣ ਵਾਸਤੇ ਗਏ। ਬਹੁਤ ਸ਼ਕਤੀ ਲਾ ਕੇ ਧਰਤੀ ਨੂੰ ਪੁੱਟਿਆ ਪਰ ਇਕ ਕੌਡੀ ਵੀ ਹੱਥ ਨਾ ਆਈ॥ ੩੧॥

ਮੂਰਖ ਰਹੇ ਲਜਾਇ ਬਡੇਰੇ। ਪਛੁਤਾਏ ਨਿਜ ਕਰਮ ਖੁਟੇਰੇ।
ਇਕ ਦਿਨ ਡੱਲਾ ਨਿਸਾ ਮਝਾਰੀ। ਸਿਪਰ ਖੜਗ ਦੋਨਹੁਂ ਹਥ ਧਾਰੀ॥ ੩੨ ॥

ਮੂਰਖ ਬਹੁਤ ਸ਼ਰਮਿੰਦੇ ਹੋਏ ਤੇ ਵੱਡਾ ਖੋਟਾ ਕਰਮ ਕਰਕੇ ਬਹੁਤ ਪਛੁਤਾਏ। ਇਕ ਦਿਨ ਡੱਲਾ ਰਾਤ ਦੇ ਸਮੇਂ ਤਲਵਾਰ ਢਾਲ ਦੋਵੇਂ ਹੱਥ ਵਿਚ ਧਾਰਨ ਕੀਤੇ॥ ੩੨॥

ਗੁਰੂ ਦ੍ਵਾਰ ਪਰ ਦਿਢ ਹ੍ਵੈ ਰਹਜੋ। ਪਹਿਰਾ ਦਿਯੋ ਸੁਚੇਤੀ ਲਹਜੋ।
ਖਰੋ ਹੇਰਿ ਪ੍ਰਭੁ ਰਹੇ ਹਟਾਇ। 'ਸੁਪਤਹੁ ਜਾਇ ਆਪਨੇ ਥਾਇਂ' ॥ ੩੩ ॥

ਗੁਰੂ ਜੀ ਦੇ ਦਰਵਾਜ਼ੇ 'ਤੇ ਦ੍ਰਿੜ੍ਹ ਹੋ ਕੇ ਖੜਾ ਰਿਹਾ ਤੇ ਬੜੇ ਸੁਚੇਤ ਹੋ ਕੇ ਪਹਿਰਾ ਦਿੱਤਾ। ਖੜਾ ਵੇਖ ਕੇ ਸਤਿਗੁਰੂ ਜੀ ਨੇ ਹਟਾਇਆ, ਤੇ ਕਿਹਾ, "ਆਪਣੇ ਸਥਾਨ ਤੇ ਜਾ ਕੇ ਆਰਾਮ ਨਾਲ ਸੌਂਵੋ" ॥ ੩੩ ॥

'ਸ੍ਰੀ ਪ੍ਰਭੁ ਸੇਵ ਕਰੌਂ ਮੈਂ ਆਜੁ। ਨਹਿਂ ਸੋਵੌਂ ਮੈਂ ਪਿਖਹੁਂ ਸਮਾਜੁ'।
ਇਮ ਕਹਿ ਖਰੋ ਰਹਜੋ ਨਿਸ ਜਾਗਾ। 'ਗੁਰ ਗੁਰ' ਜਪਜੋ ਪ੍ਰੇਮ ਮਹਿਂ ਪਾਗਾ॥ ੩੪ ॥

ਇਹ ਸੁਣ ਕੇ ਡੱਲੇ ਨੇ ਕਿਹਾ, "ਹੇ ਸਤਿਗੁਰੂ ਜੀ! ਅੱਜ ਮੈਂ ਤੁਹਾਡੀ ਸੇਵਾ ਕਰਾਂਗਾ, ਸੌਂਵਾਂਗਾ ਨਹੀਂ, ਸਮਾਜ ਨੂੰ ਵੇਖਾਂਗਾ।" ਇਸ ਪ੍ਰਕਾਰ ਕਹਿ ਕੇ ਸਾਰੀ ਰਾਤ ਜਾਗਦਾ ਹੋਇਆ ਖੜਾ ਰਿਹਾ। ਗੁਰੂ ਜੀ ਦੇ ਪ੍ਰੇਮ ਵਿਚ ਰੰਗਿਆ ਹੋਇਆ 'ਗੁਰੂ ਗੁਰੂ' ਜਪਦਾ ਰਿਹਾ॥ ੩੪ ॥

ਉਠੇ ਪ੍ਰਾਤ ਪਿਖਿ ਡੱਲਾ ਖਰਜੋ। ਹੁਇ ਪ੍ਰਸੰਨ ਮੁਖ ਤੇ ਬਚ ਕਰਜੋ।
'ਜਾਚਿ ਲੇਹੁ ਮਨ ਕਾਮਨ ਜੋਇ। ਪੂਰਨ ਕਰਹਿਂ ਅਨੰਦ ਮਹਿਂ ਸੋਇ' ॥ ੩੫ ॥

ਸਵੇਰੇ ਉਠ ਕੇ ਗੁਰੂ ਜੀ ਨੇ ਵੇਖਿਆ ਕਿ ਡੱਲਾ ਖੜਾ ਹੈ ਤਾਂ ਪ੍ਰਸੰਨ ਹੋ ਕੇ ਮੁਖ ਤੋਂ ਬਚਨ ਕੀਤਾ, "ਤੁਹਾਡੇ ਮਨ ਵਿਚ ਜਿਹੜੀ ਵੀ ਕਾਮਨਾ ਹੈ ਮੰਗ ਲਵੋ, ਤਾਂਕਿ ਉਨ੍ਹਾਂ ਨੂੰ ਪੂਰਨ ਕਰਕੇ ਤੈਨੂੰ ਅਨੰਦ ਦੀ ਬਖਸ਼ਿਸ਼ ਕਰੀਏ" ॥ ੩੫ ॥

'ਸ੍ਰੀ ਪ੍ਰਭੁ ! ਜਹਾਂ ਬਾਸ ਤੁਮ ਠਾਨਾ। ਇਕ ਪੀਢੀ ਕਹੁ ਮੁਹਿ ਦਿਹੁ ਥਾਨਾ।
ਅਪਨਿ ਨਜੀਕ ਰਾਖੀਅਹਿ ਮੋਹੀ। ਅਪਰ ਨ ਮੋ ਉਰ ਮੈਂ ਇਛ ਹੋਹੀ' ॥ ੩੬ ॥

ਭਾਈ ਡੱਲੇ ਨੇ ਕਿਹਾ, "ਹੇ ਸਤਿਗੁਰੂ ਜੀ! ਜਿੱਥੇ ਤੁਸੀਂ ਵਾਸਾ ਕੀਤਾ ਹੈ, ਉਥੇ ਮੈਨੂੰ ਇਕ ਪੀੜ੍ਹੀ ਜਿੰਨਾ ਸਥਾਨ ਦੇਵੋ। ਮੈਨੂੰ ਆਪਣੇ ਪਾਸ ਰੱਖੋ, ਹੋਰ ਮੇਰੇ ਮਨ ਵਿਚ ਕੋਈ ਇੱਛਾ ਨਹੀਂ ਹੈ" ॥ ੩੬ ॥

ਸੁਨਿ ਕਰਿ ਤਿਸ ਤੇ ਗੁਰੂ ਉਚਾਰੀ। 'ਅੰਮ੍ਰਿਤ ਲਿਹੁ ਖੰਡੇ ਕਹੁ ਧਾਰੀ।
ਡੱਲੇ ਤੇ ਡਲ ਸਿੰਘ ਕਹਾਵਹੁ। ਪੁਨ ਗੁਰ ਘਰ ਕੋ ਸਿਦਕ ਕਮਾਵਹੁ' ॥ ੩੭ ॥

ਉਸ ਪਾਸੋਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਖੰਡੇ ਦੇ ਅੰਮ੍ਰਿਤ ਨੂੰ ਲੈ ਕੇ ਧਾਰਨ ਕਰੋ। ਫਿਰ ਡੱਲੇ ਤੋਂ ਡਲ ਸਿੰਘ ਕਹਾਵੋ, ਫਿਰ ਗੁਰੂ ਘਰ ਦਾ ਸਿਦਕ ਕਮਾਵੋ" ॥ ੩੭ ॥

ਪੁਨ ਕਰ ਜੋਰਿ ਕਹਜੋ ਹਿਤ ਦੇ ਚਿਤ। 'ਮੈਂ ਤੋ ਬਹੁਤ ਛਕਜੋ ਹੈ ਅੰਮ੍ਰਿਤ'।
ਗੁਰ ਬੋਲੇ 'ਕਬਿ ਕਿਸ ਤੇ ਛਕਜੋ ? ਹਮ ਨਹਿਂ ਲਖਜੋ ਕੂਰ ਕਜੋਂ ਬਕਜੋ ?' ॥ ੩੮ ॥

ਫਿਰ ਡੱਲੇ ਨੇ ਹੱਥ ਜੋੜ ਕੇ ਚਿੱਤ ਦਾ ਹਿਤ ਦੇ ਕੇ ਕਿਹਾ, "ਮੈਂ ਤਾਂ ਬਹੁਤ ਅੰਮ੍ਰਿਤ ਛਕਿਆ ਹੈ।" ਗੁਰੂ ਜੀ ਨੇ ਕਿਹਾ, "ਕਦ ਅਤੇ ਕਿਸ ਤੋਂ ਛਕਿਆ ਹੈ, ਅਸੀਂ ਨਹੀਂ ਵੇਖਿਆ ਹੈ, ਝੂਠ ਕਿਉਂ ਬੋਲਿਆ ਹੈ ?" ॥ ੩੮ ॥

'ਸ੍ਰੀ ਗੁਰ ਸੀਤ ਪ੍ਰਸਾਦ ਤੁਹਾਰਾ। ਅਚਤਿ ਰਹਜੋ ਮੈਂ ਲੇਕਰਿ ਥਾਰਾ।
ਤਿਸ ਤੇ ਹੀ ਮੁਝ ਕਰਹੁ ਸਨਾਥ। ਸਭਿ ਘਟ ਕੇ ਮਾਲਿਕ ਜਗਨਾਥ !' ॥ ੩੯ ॥

'ਹੇ ਸਤਿਗੁਰੂ ਜੀ ਤੁਹਾਡਾ ਸੀਤ ਪ੍ਰਸ਼ਾਦਿ ਮੈਂ ਤੁਹਾਡਾ ਥਾਲ ਲੈ ਕੇ ਛਕਦਾ ਰਿਹਾ ਹਾਂ, ਉਸ ਨਾਲ ਹੀ ਮੈਨੂੰ ਮਾਲਕ ਵਾਲਾ ਬਣਾ ਲਵੋ। ਆਪ ਜੀ ਸਾਰਿਆਂ ਦੇ ਦਿਲਾਂ ਦੇ ਮਾਲਕ ਹੋ' ॥ ੩੯ ॥

ਪੁਨ ਪ੍ਰਭੁ ਕਹਜੋ 'ਨ ਇਸ ਬਿਧਿ ਟਰੋ। ਖੰਡੇ ਕੋ ਅੰਮ੍ਰਿਤ ਮੁਖ ਧਰੋ'।
'ਸ੍ਰੀ ਗੁਰ ਸੋ ਭੀ ਖੰਡੇ ਕੇਰ। ਕਰਦ ਭੇਟ ਕਿਯ ਅਚਿਬੇ ਬੇਰ' ॥ ੪੦ ॥

ਫਿਰ ਸਤਿਗੁਰੂ ਜੀ ਨੇ ਕਿਹਾ, "ਇਸ ਵਿਧੀ ਨਾਲ ਟਾਲੋ ਨਹੀਂ, ਖੰਡੇ ਦਾ ਅੰਮ੍ਰਿਤ ਮੁਖ ਵਿਚ ਧਾਰਨ ਕਰੋ।" ਡੱਲਾ ਕਹਿਣ ਲੱਗਾ, "ਸਤਿਗੁਰੂ ਜੀ ਉਹ ਵੀ ਖੰਡੇ ਦਾ ਹੀ ਹੈ, ਕਈ ਵਾਰ ਕਿਰਪਾਨ ਭੇਟ ਕਰਕੇ ਛਕਿਆ ਹੈ' ॥ ੪੦ ॥

ਸੁਨਿ ਕਰਿ ਸ੍ਰੀ ਮੁਖ ਬਹੁ ਬਿਕਸਾਨੇ। 'ਸੁਨਿ ਡਲ ਸਿੰਘ ਹਮ ਖੁਸ਼ੀ ਮਹਾਨੇ।
ਜੋ ਅੰਮ੍ਰਿਤ ਖੰਡੇ ਕੋ ਲੈ ਹੈ। ਗੁਰ ਕੇ ਸੋ ਜਹਾਜ ਚਢਿ ਜੈਹੈ' ॥ ੪੧ ॥

ਇਹ ਸੁਣ ਕੇ ਗੁਰੂ ਜੀ ਮੁਖ ਤੋਂ ਬਹੁਤ ਹੱਸੇ, "ਹੇ ਡਲ ਸਿੰਘ! ਸੁਣੋ ਅਸੀਂ ਤੇਰੇ 'ਤੇ ਮਹਾਨ ਖੁਸ਼ੀ ਕੀਤੀ ਹੈ। ਜਿਹੜੇ ਖੰਡੇ ਦਾ ਅੰਮ੍ਰਿਤ ਲੈ ਲੈਂਦੇ ਹਨ, ਉਹ ਗੁਰੂ ਜੀ ਦੇ ਜਹਾਜ਼ 'ਤੇ ਚੜ੍ਹ ਜਾਂਦੇ ਹਨ' ॥ ੪੧ ॥

ਸਿਰ ਪਗ ਧਰਿ ਧਰਿਕੈ ਤਬਿ ਭਨਿ ਹੈ। 'ਸੱਤ ਬਚਨ ਜੀ, ਸੱਤਿ ਬਚਨ ਹੈਂ'।
ਅਗਲੇ ਦਿਨ ਕਰਾਹ ਕਰਿਵਾਯੋ। ਸ੍ਰੀ ਗੁਰ ਕੇ ਆਗੇ ਧਰਿਵਾਯੋ ॥ ੪੨ ॥

ਗੁਰੂ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਫਿਰ ਡੱਲਾ ਬੋਲਿਆ, "ਸੱਤ ਬਚਨ ਜੀ, ਤੁਹਾਡਾ ਬਚਨ ਸੱਚਾ ਹੈ।" ਅਗਲੇ ਦਿਨ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਗੁਰੂ ਜੀ ਦੇ ਅੱਗੇ ਧਰਵਾਇਆ ॥ ੪੨ ॥

ਹਾਥ ਜੋਰਿ ਆਗੈ ਹੁਇ ਖਰਜੋ। ਖੰਡੇ ਕੇ ਅੰਮ੍ਰਿਤ ਤਬਿ ਕਰਜੋ।
ਸੈ ਨਰ ਅਪਰ ਖਰੇ ਸੰਗ ਹੋਏ। ਛਕਜੋ ਸੁਨਹਿਰੇ ਇਕ ਸਭਿ ਕੋਏ ॥ ੪੩ ॥

ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ, ਫਿਰ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਸੌ ਮਨੁੱਖ ਹੋਰ ਨਾਲ ਹੋ ਗਏ, ਸਾਰਿਆਂ ਨੇ ਇਕ ਸਾਥ ਇਕੱਠਿਆਂ ਅੰਮ੍ਰਿਤ ਛਕਿਆ ॥ ੪੩ ॥

*ਨੋਟ : ਭਾਈ ਵੀਰ ਸਿੰਘ ਜੀ ਇਸ ਬਾਰੇ ਟਿਪਣੀ ਕਰਦੇ ਹੋਏ ਲਿਖਦੇ ਹਨ, "ਕੈਸਾ ਅਦਭੁਤ ਨਜ਼ਾਰਾ ਹੈ, ਦੇਸ਼ ਦਾ ਸਰਦਾਰ ਆਪਣੀ ਪਰਜਾ ਦੇ ਸੌ ਮਨੁੱਖਾਂ ਨਾਲ ਮਿਲ ਕੇ ਇਕੱਠਾ ਅੰਮ੍ਰਿਤ ਛਕਦਾ ਹੈ।"*

ਪੁਨ ਪ੍ਰਸੰਨ ਬਹੁ ਭਏ ਕ੍ਰਿਪਾਲਾ। ਬਖਸ਼ਜੋ ਖੜਗ ਬਡੋ ਅਰੁ ਢਾਲਾ।
ਦ੍ਵੈ ਹਜ਼ਾਰ ਕੇ ਕੰਕਨ ਦੋਇ। ਹੁਤੇ ਜਰਾਊ ਬਖਸ਼ੇ ਸੋਇ ॥ ੪੪ ॥

ਫਿਰ ਸਤਿਗੁਰੂ ਜੀ ਬਹੁਤ ਪ੍ਰਸੰਨ ਹੋ ਗਏ, ਡਲ ਸਿੰਘ ਨੂੰ ਇਕ ਬਹੁਤ ਵੱਡੀ ਕਿਰਪਾਨ ਅਤੇ ਢਾਲ ਬਖਸ਼ੀ। ਦੋ ਹਜ਼ਾਰ ਦੇ ਦੋ ਸੋਨੇ ਦੇ ਕੰਗਣ ਦਿੱਤੇ, ਜਿਹੜੇ ਜੜਾਊ ਸਨ, ਉਹ ਦੋਵੇਂ ਗੁਰੂ ਜੀ ਨੇ ਡਲਾ ਸਿੰਘ ਨੂੰ ਬਖਸ਼ ਦਿੱਤੇ ॥ ੪੪ ॥

ਗੁਰ ਕੋ ਬਸਤ੍ਰ ਪੂਜਿਬੇ ਹੇਤੁ। ਦੇਤਿ ਭਏ ਤਬਿ ਕ੍ਰਿਪਾ ਨਿਕੇਤ।
ਇਕ ਦਿਨ ਸੁਧਿ ਕਿਨ ਆਨਿ ਸੁਨਾਈ। 'ਤੁਰਕਨਿ ਸੈਨ ਚਢੀ ਸਮੁਦਾਈ ॥ ੪੫ ॥

ਗੁਰੂ ਜੀ ਦੇ ਜਿਹੜੇ ਪੂਜਣ-ਯੋਗ ਵਸਤਰ ਸਨ, ਉਹ ਕਿਰਪਾ ਦੇ ਘਰ ਸਤਿਗੁਰੂ ਜੀ ਨੇ ਉਸ ਸਮੇਂ ਡਲਾ ਸਿੰਘ ਨੂੰ ਬਖਸ਼ ਦਿੱਤੇ। ਇਕ ਦਿਨ ਕਿਸੇ ਨੇ ਆ ਕੇ ਖ਼ਬਰ ਸੁਣਾਈ, "ਸਾਰੀ ਤੁਰਕ ਸੈਨਾ ਨੇ ਚੜ੍ਹਾਈ ਕਰ ਦਿੱਤੀ ਹੈ ॥ ੪੫ ॥

ਇਤ ਕੋ ਆਇ ਲਰਨ ਕੇ ਹੇਤੁ'। ਸੁਨਿ ਡਲ ਸਿੰਘ ਬਹੁ ਬਨਜੋ ਸੁਚੇਤ।
ਜਾਇ ਅੱਗ੍ਰ ਇਕ ਤਰੁ ਕੇ ਤਰੇ। ਬੈਠਜੋ ਰਹੈ ਪ੍ਰਤੀਖਨ ਕਰੇ ॥ ੪੬ ॥

ਉਹ ਯੁੱਧ ਕਰਨ ਵਾਸਤੇ ਏਧਰ ਆ ਰਹੀ ਹੈ।" ਇਹ ਸੁਣ ਕੇ ਡਲ ਸਿੰਘ ਬਹੁਤ ਸੁਚੇਤ ਬਣ ਗਿਆ। ਅੱਗੇ ਜਾ ਕੇ ਇਕ ਰੁੱਖ ਦੇ ਥੱਲੇ ਸੈਨਾ ਦਾ ਇੰਤਜ਼ਾਰ ਕਰਨ ਵਾਸਤੇ ਬੈਠਾ ਰਹਿੰਦਾ ਸੀ ॥ ੪੬ ॥

ਇਕ ਦੁਇ ਦਿਨ ਬੀਤੇ ਨਹਿਂ ਆਯੋ। ਸ੍ਰੀ ਗੁਰ ਢਿਗ ਥਿਰ ਬਾਕ ਸੁਨਾਯੋ।
'ਪਾਤਸ਼ਾਹੁ ! ਤੁਰਕ ਜਿ ਇਕ ਬਾਰੀ। ਕਰਹਿਂ ਭੇਰ ਤੌ ਲੇਹੁ ਨਿਹਾਰੀ॥੪੭॥

ਜਦ ਇਕ ਦੋ ਦਿਨ ਬੀਤ ਗਏ ਤਾਂ ਤੁਰਕਾਂ ਦੀ ਸੈਨਾ ਨਾ ਆਈ, ਫਿਰ ਗੁਰੂ ਜੀ ਪਾਸ ਬੈਠ ਕੇ ਬਚਨ ਸੁਣਾਇਆ, 'ਹੇ ਸੱਚੇ ਪਾਤਿਸ਼ਾਹ ! ਤੁਰਕ ਜੇ ਇਕ ਵਾਰ ਭੇੜ ਕਰਨ ਤਾਂ ਤੁਹਾਨੂੰ ਵੇਖ ਲੈਣਗੇ॥ ੪੭॥

ਤਬਿ ਜੇਤਿਕ ਬਾਹੈਂ ਤਰਵਾਰੀ। ਰੁੰਡ ਮੁੰਡ ਕਰਿ ਧਰਾ ਮਝਾਰੀ।
ਭਿਰਹਿਂ ਜਥਾ ਬੈਰਾੜ ਲੜਾਕੇ। ਕਰਿ ਹੈਂ ਤੁਰਕਨਿ ਤਨ ਗਨ ਫਾਂਕੇ' ॥੪੮॥

ਤਦ ਜਿੰਨੀ ਸਾਡੀ ਸੈਨਾ ਹੈ, ਇਹ ਤਲਵਾਰਾਂ ਚਲਾਵੇਗੀ ਤੇ ਤੁਰਕਾਂ ਨੂੰ ਰੁੰਡ ਮੁੰਡ ਕਰਕੇ ਧਰਤੀ 'ਤੇ ਸੁੱਟ ਦੇਣਗੇ। ਜਿਵੇਂ ਬੈਰਾੜ ਬਹੁਤ ਲੜਾਕੇ ਹਨ, ਉਹ ਵੀ ਭੇੜ ਕਰਨਗੇ, ਉਹ ਬਹੁਤ ਤੁਰਕਾਂ ਦੀਆਂ ਫਾੜੀਆਂ ਕਰਕੇ ਰੱਖ ਦੇਣਗੇ'' ॥ ੪੮॥

ਸੁਨਿ ਕਰਿ ਦਯਾ ਸਿੰਧੁ ਹਰਖਾਏ। 'ਸਾਧ ਸਾਧ ਡਲ ਸਿੰਘ' ਕੋ ਗਾਏ।
'ਇਮ ਹੀ ਚਹਿਯਤਿ ਤੁਰਕਨਿ ਸੰਗਾ। ਧਰਿ ਉਤਸਾਹ ਕਰਨ ਕੋ ਜੰਗਾ' ॥੪੯॥

ਇਹ ਸੁਣ ਕੇ ਦਇਆ ਦੇ ਸਾਗਰ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, ''ਸ਼ਾਬਾਸ਼ ਸ਼ਾਬਾਸ਼ ਡਲ ਸਿੰਘ ! ਇਸ ਪ੍ਰਕਾਰ ਹੀ ਤੁਰਕਾਂ ਨਾਲ ਕਰਨਾ ਚਾਹੀਦਾ ਹੈ, ਬੜਾ ਉਤਸ਼ਾਹ ਧਾਰ ਕੇ ਜੰਗ ਕਰਨਾ ਚਾਹੀਦਾ ਹੈ'' ॥ ੪੯॥

*ਪਹਿਲੇ ਐਨ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

## ਅਧਿਆਇ ਉਣੱਤ੍ਰੀਵਾਂ

### *ਪਟਿਆਲਾ, ਨਾਭਾ ਅਤੇ ਜੀਂਦ ਦੇ ਵਡੇਰੇ*

ਦੋਹਰਾ- ਆਯੋ ਰਾਮਾ ਏਕ ਦਿਨ ਸੰਗ ਤਿਲੋਕਾ ਜਾਂਹਿ।
ਚੂਨ ਦਾਲ ਕੋ ਸਕਟ ਭਰਿ ਪਹੁੰਚੇ ਸਤਿਗੁਰ ਪਾਹਿ॥ ੧॥

ਇਕ ਦਿਨ ਰਾਮਾ ਆਇਆ, ਜਿਸ ਦੇ ਨਾਲ ਤਿਲੋਕਾ ਵੀ ਸੀ। ਉਹ ਆਟੇ ਦਾਲ ਦਾ ਗੱਡਾ ਭਰ ਕੇ ਸਤਿਗੁਰੂ ਜੀ ਦੇ ਪਾਸ ਪਹੁੰਚੇ॥ ੧॥

ਚੌਪਈ- ਦੋਨਹੁਂ ਸ਼ਰਧਾਲੂ ਕਰ ਦਰਸ਼ਨ। ਕਰ ਸਿਰ ਚਰਨ ਸਰੋਜਨ ਪਰਸਨ।
ਹਾਥ ਜੋਰਿ ਪੁਨਿ ਠਾਢੇ ਭਏ। ਦਯਾਸਿੰਧੁ ਤਬਿ ਬੂਝਨ ਕਏ॥ ੨॥

ਦੋਵਾਂ ਸ਼ਰਧਾਲੂਆਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਹੱਥ ਅਤੇ ਸਿਰ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਸਪਰਸ਼ ਕੀਤੇ। ਫਿਰ ਹੱਥ ਜੋੜ ਕੇ ਖੜੇ ਹੋ ਗਏ ਤਾਂ ਦਇਆ ਦੇ ਸਾਗਰ ਸਤਿਗੁਰੂ ਜੀ ਨੇ ਪੁੱਛਿਆ॥ ੨॥

'ਰਾਮਾ ਸਿੰਘ, ਤਿਲੋਕ ਸਿੰਘ ਸੁਨਿ ! ਰਸਤ ਸਕਟ ਭਰਿ ਲਜਾਇ ਬਹੁਤ ਮਨ।
ਕਿਹ ਤੇ ਆਨੀ ਕੀਨਿ ਖਰੀਦ ? ਕੈ ਨਿਜ ਘਰ ਤੇ ਸਕਲ ਰਸੀਦ ?' ॥੩॥

''ਹੇ ਰਾਮਾ ਸਿੰਘ, ਤਿਲੋਕ ਸਿੰਘ ! ਸੁਣੋ, ਬਹੁਤ ਮਣ ਰਸਦ ਤੁਸੀਂ ਗੱਡਾ ਭਰ ਕੇ ਲਿਆਏ ਹੋ। ਇਹ ਕਿਥੋਂ ਖਰੀਦ ਕੇ ਲਿਆਂਦੀ ਹੈ ? ਜਾਂ ਆਪਣੇ ਘਰ ਤੋਂ ਸਾਰੀ ਲਿਆਂਦੀ ਹੈ ?'' ॥ ੩॥

'ਪਾਤਸ਼ਾਹ ! ਨਿਜ ਘਰ ਤੇ ਲਜਾਏ। ਬੰਧਪ ਅਪਰਨ ਭੀ ਕੁਛ ਪਾਏ।
ਸਭਿ ਤੇ ਕਰਿ ਬਟੋਰ ਇਹ ਆਨੀ। ਭੀ ਦਰਸ਼ਨ ਕੀ ਚਾਹ ਮਹਾਨੀ' ॥੪॥

ਦੋਵਾਂ ਨੇ ਕਿਹਾ, "ਸੱਚੇ ਪਾਤਸ਼ਾਹ ! ਆਪਣੇ ਘਰ ਤੋਂ ਲਿਆਏ ਹਾਂ, ਕੁਝ ਹੋਰ ਸੰਬੰਧੀਆਂ ਨੇ ਵੀ ਕੁਝ ਹਿੱਸਾ ਪਾਇਆ ਹੈ। ਸਾਰਿਆਂ ਪਾਸੋਂ ਇਹ ਰਸਦ ਇਕੱਠੀ ਕਰਕੇ ਲਿਆਂਦੀ ਹੈ, ਆਪ ਜੀ ਦੇ ਦਰਸ਼ਨਾਂ ਦੀ ਵੱਡੀ ਚਾਹਤ ਸੀ" ॥ ੪॥

ਇਕ ਸਿਖ ਗੁਰ ਕੇ ਨਿਕਟ ਉਚਾਰੇ। 'ਸਾਹਿਬਜ਼ਾਦੇ ਤਹਿਂ ਸਸਕਾਰੇ।
ਇਨਹੁਂ ਕਰੀ ਕ੍ਰਿਤ ਤੁਰਕਨਿ ਮਾਂਹੀ। ਜਿਮ ਹੋਈ ਸੁਨੀਅਹਿ ਇਨ ਪਾਹੀ' ॥੫॥

ਇਕ ਸਿੱਖ ਨੇ ਗੁਰੂ ਜੀ ਪਾਸ ਉਚਾਰਨ ਕੀਤਾ, "ਸਾਹਿਬਜ਼ਾਦਿਆਂ ਦਾ ਉਥੇ ਇਨ੍ਹਾਂ ਸਸਕਾਰ ਕੀਤਾ ਸੀ। ਤੁਰਕਾਂ ਵਿਚ ਇਨ੍ਹਾਂ ਹੀ ਸਾਰੀ ਕ੍ਰਿਤ ਕੀਤੀ ਹੈ, ਜਿਵੇਂ ਹੋਈ ਹੈ, ਇਨ੍ਹਾਂ ਪਾਸੋਂ ਸੁਣੋ" ॥ ੫॥

ਇਕ ਬਿਰਾੜ ਤਬਿ ਲਗਜੋ ਸੁਨਾਵਨ। 'ਰਣ ਕੇ ਅੰਤ ਭਯੋ ਭਟ ਘਾਵਨ।
ਪ੍ਰਭੁ ਜੀ ਤੁਰਕਨ ਤੇ ਡਰ ਧਰਿ ਕੈ। ਬੇਸ ਬਾਵਰੇ ਅਪਨੋ ਕਰਿਕੈ ॥ ੬॥

ਇਕ ਬਿਰਾੜ ਫਿਰ ਸੁਣਾਉਣ ਲੱਗਾ, "ਸਾਰੇ ਸੂਰਬੀਰ ਮਾਰ ਕੇ ਜਦ ਯੁੱਧ ਖਤਮ ਹੋ ਗਿਆ। ਹੇ ਸਤਿਗੁਰੂ ਜੀ ! ਤੁਰਕਾਂ ਦਾ ਡਰ ਧਾਰ ਕੇ ਅਸੀਂ ਪਾਗਲਾਂ ਵਾਲਾ ਆਪਣਾ ਭੇਸ ਧਾਰਨ ਕਰ ਲਿਆ॥ ੬॥

ਸਿਰ ਤੇ ਨਗਨ ਧੂਰ ਤਨ ਭਰੇ। ਲੋਥਨ ਬ੍ਰਿੰਦਨ ਮਹਿਂ ਬਹੁ ਫਿਰੇ।
ਗਨ ਤੁਰਕਨਿ ਕੋ ਗੁਰ ਸੁਤ ਦੋਊ। ਰਣ ਠਾਨਤਿ ਲੁਪਤੇ ਥਲ ਸੋਊ ॥੭॥

ਸਿਰ ਤੋਂ ਨੰਗੇ ਸੀ ਤੇ ਸਰੀਰ ਧੂੜ ਨਾਲ ਭਰੇ ਸਨ, ਲੋਥਾਂ ਵਿਚ ਅਸੀਂ ਬਹੁਤ ਫਿਰੇ। ਬਹੁਤ ਤੁਰਕਾਂ ਨਾਲ ਗੁਰੂ ਜੀ ਦੇ ਦੋਵੇਂ ਪੁੱਤਰ ਯੁੱਧ ਕਰਦੇ ਅਲੋਪ ਹੋ ਗਏ॥ ੭॥

ਦ੍ਰਿਸ਼ਟਿ ਪਰੇ ਨਹਿਂ ਦੋਨਹੁਂ ਭਾਈ। ਜੇ ਪਾਵਤਿ ਸਿਰ ਵਢਿ ਲੇ ਜਾਈ।
ਅਪਨੇ ਜਾਨਿ ਦਾਸ ਇਨ ਤਾਈਂ। ਦੋਨਹੁਂ ਲੋਥੈਂ ਦਈ ਦਿਖਾਈ॥੮॥

ਉਹ ਦੋਵੇਂ ਭਰਾ ਕਿਸੇ ਨੂੰ ਵੀ ਦਿਖਾਈ ਨਾ ਦਿੱਤੇ, ਜੇ ਉਹ ਦਿਖਾਈ ਦੇ ਜਾਂਦੇ ਤਾਂ ਸਿਰ ਵੱਢ ਕੇ ਲੈ ਜਾਂਦੇ। ਆਪਣੇ ਸੇਵਕ ਜਾਣ ਕੇ ਇਨ੍ਹਾਂ ਦੋਵਾਂ ਸੇਵਕਾਂ ਨੂੰ ਦੋਵੇਂ ਲਾਸ਼ਾਂ ਦਿਖਾਈ ਦੇ ਗਈਆਂ॥ ੮॥

ਘਨੇ ਘਾਵ ਸ਼੍ਰੋਣਤਿ ਸਨ ਪੂਰੇ। ਪਰੇ ਪ੍ਰਿਥੀ ਪਰ ਦੀਰਘ ਸੂਰੇ।
ਰਿਸ ਤੇ ਭੌਹੈਂ ਚਢੀ ਬਿਸਾਲਾ। ਸੁਭਟਨਿ ਸੇਜਾ ਪਰ ਤਿਸ ਕਾਲਾ॥੯॥

ਬਹੁਤ ਗਹਿਰੇ ਜ਼ਖਮ ਹੋਏ ਸਨ ਤੇ ਲਹੂ ਨਾਲ ਭਰੇ ਹੋਏ ਸਨ, ਵੱਡੇ ਸੂਰਬੀਰ ਧਰਤੀ 'ਤੇ ਪਏ ਸਨ। ਗੁੱਸੇ ਨਾਲ ਭੌਵਾਂ ਬਹੁਤ ਚੜ੍ਹੀਆਂ ਹੋਈਆਂ ਸਨ, ਉਸ ਸਮੇਂ ਸੂਰਬੀਰਾਂ ਦੀ ਸੇਜ ਤੇ ਪਏ ਸਨ॥ ੯॥

ਪ੍ਰਥਮ ਸਕੇਲ ਕਾਠ ਗਠ ਮਹਾਂ। ਚਿਖਾ ਬਨਾਇ ਧਰੇ ਤਨ ਤਹਾਂ।
ਦੋਨਹੁਂ ਭ੍ਰਾਤਾ ਕੋ ਸਸਕਾਰੇ। ਇਮ ਕੀਨਸਿ ਇਨ ਦਾਸ ਤਿਹਾਰੇ' ॥੧੦॥

ਪਹਿਲਾਂ ਤਾਂ ਅਸੀਂ ਬਹੁਤ ਲੱਕੜ ਇਕੱਠੀ ਕੀਤੀ, ਫਿਰ ਚਿਖਾ ਬਣਾ ਕੇ ਉਨ੍ਹਾਂ ਦੇ ਸਰੀਰ ਧਰ ਦਿੱਤੇ ਤੇ ਦੋਵਾਂ ਭਰਾਵਾਂ ਦਾ ਸਸਕਾਰ ਕਰ ਦਿੱਤਾ। ਤੁਹਾਡੇ ਸੇਵਕਾਂ ਨੇ ਇਸ ਪ੍ਰਕਾਰ ਕੀਤਾ ਹੈ" ॥ ੧੦॥

ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ। ਸ੍ਰੀ ਮੁਖ ਤੇ ਭਾਖਜੋ ਤਿਸ ਕਾਲਾ।
'ਰਾਮਾ ਸਿੰਘ ਤਿਲੋਕ ਸਿੰਘ ਸੁਨਿ ! ਜਾਚ ਲੇਹੁ ਹਮ ਤੇ ਬਾਂਛਤ ਮਨ' ॥੧੧॥

ਇਹ ਸੁਣ ਕੇ ਸਤਿਗੁਰੂ ਜੀ ਪਰਮ ਪ੍ਰਸੰਨ ਹੋਏ ਤੇ ਉਸ ਸਮੇਂ ਮੁਖ ਤੋਂ ਬਚਨ ਕੀਤਾ, "ਹੇ ਰਾਮਾ ਸਿੰਘ, ਤਿਲੋਕ ਸਿੰਘ! ਸੁਣੋ, ਸਾਡੇ ਪਾਸੋਂ ਮੂੰਹ ਮੰਗੀ ਮੁਰਾਦ ਮੰਗ ਲਵੋ"॥ ੧੧॥

ਗੁਰ ਅਨਕੂਲ ਜਾਨਿ ਕਰਿ ਆਛੇ। ਦੁਹੂੰਅਨਿ ਮਾਂਗਜੋ ਜਿਮ ਚਿਤ ਬਾਂਛੇ।
'ਪ੍ਰਭੁ ਜੀ! ਜਬਿ ਕੇ ਹਮ ਇਤ ਆਏ। ਭਲੀ ਪ੍ਰਕਾਰ ਨ ਪਾਇ ਜਮਾਏ॥੧੨॥

ਗੁਰੂ ਜੀ ਨੂੰ ਚੰਗੀ ਤਰ੍ਹਾਂ ਆਪਣੇ ਅਨੁਕੂਲ ਜਾਣ ਕੇ, ਦੋਹਾਂ ਨੇ ਆਪਣੇ ਚਿਤ ਦੀ ਇੱਛਾ ਅਨੁਸਾਰ ਮੰਗਿਆ, "ਹੇ ਪ੍ਰਭੂ ਜੀ! ਜਦ ਦੇ ਅਸੀਂ ਏਧਰ ਆਏ ਹਾਂ, ਭਲੀ ਪ੍ਰਕਾਰ ਪੈਰ ਨਹੀਂ ਜਮਾਏ ਹਨ॥ ੧੨॥

ਕਹੂੰ ਨ ਭੂਮ ਹਮਾਰੀ ਭਈ। ਜਿਮ ਗਾਹਕ ਅਪਰਨ ਨਿਜ ਲਈ'।
ਦਯਾ ਸਿੰਧੁ ਸੁਨਿ ਧੀਰਜ ਦੀਨਿ। ਤੁਮ ਤੇ ਦੇਸ਼ ਸਕਲ ਹੀ ਲੀਨਿ॥੧੩॥

ਕਿਤੇ ਵੀ ਸਾਡੀ ਧਰਤੀ ਆਪਣੀ ਨਹੀਂ ਹੋਈ ਹੈ, ਜਿਵੇਂ ਹੋਰ ਕਿਸਾਨਾਂ ਨੇ ਆਪਣੀ ਧਰਤੀ ਬਣਾਈ ਹੈ।" ਦਇਆ ਦੇ ਸਾਗਰ, ਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ। ਤੁਸੀਂ ਤਾਂ ਸਾਰਾ ਦੇਸ਼ ਹੀ ਲੈ ਲਿਆ ਹੈ॥ ੧੩॥

ਐਸੇ ਪਾਇ ਤੁਮਾਰੇ ਜਮੈਂ। ਭੂਪਨ ਭੂਪ ਦੇਸ਼ ਗਨ ਨਮੈਂ।
ਦਿੱਲੀ ਲਵਪੁਰਿ ਕੇ ਵਿਚ ਵਧੋ। ਗ੍ਰਾਮ ਹਜ਼ਾਰਨ ਹੀ ਕਹੁ ਸਧੋ॥ ੧੪॥

ਐਸੇ ਤੁਹਾਡੇ ਪੈਰ ਜੰਮਣਗੇ, ਬਹੁਤ ਦੇਸ਼ਾਂ ਦੇ ਰਾਜਿਆਂ ਦੇ ਰਾਜੇ ਤੁਹਾਡੇ ਅੱਗੇ ਬੰਦਨਾ ਕਰਨਗੇ। ਦਿੱਲੀ ਲਾਹੌਰ ਦੇ ਵਿਚ ਵਧੋਗੇ ਤੇ ਹਜ਼ਾਰਾਂ ਪਿੰਡਾਂ ਦੇ ਮਾਲਕ ਬਣੋਗੇ॥ ੧੪॥

ਕੁਰਸੀ ਬਹੁਤ ਬਕੁਰਸੀ ਰਾਜ। ਪੈਹਹੁ ਬਡੋ ਅਨੇਕ ਸਮਾਜ।
ਹਮਰੇ ਹਿਤ ਇਮ ਕਾਰਜ ਕੀਨਿ। ਇਸੀ ਹੇਤੁ ਕਰਿ ਸਭਿ ਕੁਛ ਲੀਨ'॥੧੫॥

ਪੁਸ਼ਤ-ਦਰ-ਪੁਸ਼ਤ ਤੁਹਾਡਾ ਰਾਜ ਚਲੇਗਾ ਤੇ ਤੁਹਾਡੇ ਪਾਸ ਅਨੇਕ ਪ੍ਰਕਾਰ ਦਾ ਧਨ ਦੌਲਤ ਅਤੇ ਸਾਜ਼-ਸਾਮਾਨ ਹੋਵੇਗਾ। ਸਾਡੇ ਵਾਸਤੇ ਤੁਸੀਂ ਏਡਾ ਵੱਡਾ ਕਾਰਜ ਕੀਤਾ ਹੈ, ਏਸੇ ਹਿਤ ਕਰਕੇ ਸਭ ਕੁਝ ਲਿਆ ਹੈ"॥ ੧੫॥

ਇਮ ਕਹਿ ਅਪਰ ਜਿ ਥੇ ਤਿਨ ਸਾਥ। ਤਿਨ ਪਰ ਖੁਸ਼ੀ ਕਰੀ ਤਬਿ ਨਾਥ।
ਮਨਹੁਂ ਕਾਮਨਾ ਪੂਰਨ ਭਈ। ਦੋਨਹੁਂ ਕੋ ਦਸਤਾਰ ਦੁ ਦਈ॥ ੧੬॥

ਇਸ ਪ੍ਰਕਾਰ ਕਹਿ ਕੇ ਜਿਹੜੇ ਹੋਰ ਉਨ੍ਹਾਂ ਦੇ ਨਾਲ ਆਏ ਸਨ, ਉਨ੍ਹਾਂ ਉੱਪਰ ਵੀ ਸਤਿਗੁਰੂ ਜੀ ਨੇ ਆਪਣੀ ਖੁਸ਼ੀ ਕੀਤੀ। ਮਨੋਕਾਮਨਾਂ ਪੂਰੀਆਂ ਹੋਈਆਂ ਤੇ ਦੋਵਾਂ ਨੂੰ ਦੋ ਦਸਤਾਰਾਂ ਦਿੱਤੀਆਂ॥ ੧੬॥

ਸਪਤਿ ਦਿਵਸ ਗੁਰ ਕੇ ਢਿਗ ਰਹੇ। ਬਰ ਲੇ ਕਰਿ ਦਰਸ਼ਨ ਬਰ ਲਹੇ।
ਪੁਨ ਰੁਖਸਦ ਹੁਇ ਘਰ ਕੋ ਗਏ। ਤਬਿ ਤੇ ਬਧੇ ਰਾਜ ਬਡ ਭਏ॥ ੧੭॥

ਸਤ ਦਿਨ ਉਹ ਗੁਰੂ ਜੀ ਪਾਸ ਰਹੇ, ਵਰ ਲੈ ਕੇ ਸ੍ਰੇਸ਼ਟ ਦਰਸ਼ਨ ਪ੍ਰਾਪਤ ਕੀਤੇ, ਫਿਰ ਰੁਖਸਤ ਲੈ ਕੇ ਆਪਣੇ ਘਰ ਨੂੰ ਚਲੇ ਗਏ। ਤਦ ਤੋਂ ਵਧ ਕੇ ਵੱਡੇ ਰਾਜੇ ਹੋਏ॥ ੧੭॥

ਨਾਭਾ ਅਰ ਦੂਸਰ ਪਟਿਆਲਾ। ਗੁਰ ਬਚ ਤੇ ਇਹ ਭੇ ਮਹਿਪਾਲਾ।
ਜਬਹਿ ਮਹਿਖ ਸਿਖ ਲੇਵਨ ਗਏ। ਹਾਸ ਕਰਤਿ ਵੰਗੋਹਰ ਭਏ॥ ੧੮॥

ਨਾਭਾ ਅਤੇ ਦੂਸਰਾ ਪਟਿਆਲਾ, ਗੁਰੂ ਜੀ ਦੇ ਬਚਨਾਂ ਨਾਲ ਇਹ ਉਨ੍ਹਾਂ ਸਥਾਨਾਂ ਦੇ ਰਾਜੇ ਬਣੇ। ਜਦ ਬਠਿੰਡੇ ਦੇ ਕਿਲ੍ਹੇ ਵਿਚੋਂ ਦੈਂਤ ਕੱਢਣ ਲਈ ਸਿੱਖ ਝੋਟਾ ਲੈਣ ਵਾਸਤੇ ਗਏ ਸਨ ਤਾਂ ਉਥੋਂ ਦੇ ਕਿਸਾਨ ਸਿੰਘਾਂ ਨਾਲ ਹਾਸਾ ਕਰਨ ਲੱਗੇ ਸਨ॥ ੧੮॥

ਮਾਰਖੰਡ ਸੋ ਦਯੋ ਬਤਾਇ। ਮਾਰਹਿ ਪਿਖੈਂ ਤਮਾਸ਼ਾ ਧਾਇ।
ਬਦਰੀ ਤਰੁ ਸੋਂ ਖਰੋ ਬਤਾਯੋ। ਗੁਰ ਕੇ ਨਾਮ ਸੁਨੈ ਚਲਿ ਆਯੋ॥ ੧੯॥

ਉਨ੍ਹਾਂ ਨੇ ਸਿੰਘਾਂ ਨੂੰ ਮਾਰਖੰਡੇ ਖੂਨੀ ਸੰਢੇ ਬਾਰੇ ਦੱਸ ਦਿੱਤਾ, ਉਹ ਝੋਟੇ ਦੇ ਮਾਰਨ ਦਾ ਤਮਾਸ਼ਾ ਵੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਝੋਟਾ ਬੇਰੀ ਦੇ ਦਰੱਖਤ ਹੇਠਾਂ ਖੜਾ ਹੈ, ਪਰ ਉਹ ਗੁਰੂ ਜੀ ਦਾ ਨਾਮ ਸੁਣ ਕੇ ਹੀ ਨਾਲ ਚਲ ਕੇ ਆ ਗਿਆ॥ ੧੯॥

ਲਖੀ ਅਵੱਗਜਾ ਗੁਰ ਕੀ ਹੋਈ। ਤਬਿ ਵੰਗੇਹਰਿ ਮਿਲਿ ਸਭਿ ਕੋਈ।
ਬਖਸ਼ਾਵਨ ਹਿਤ ਚਲਿ ਕਰਿ ਆਏ। ਦੋਇ ਤੁਰੰਗ ਉਪਾਇਨ ਲਜਾਏ॥੨੦॥

ਉਨ੍ਹਾਂ ਨੇ ਜਦ ਇਹ ਸਮਝਿਆ ਕਿ ਗੁਰੂ ਜੀ ਦੀ ਵੱਡੀ ਅਵੱਗਿਆ ਹੋ ਗਈ ਹੈ ਤਾਂ ਬੰਗੇਹਰ ਪਿੰਡ ਦੇ ਸਾਰੇ ਮਿਲ ਕੇ ਇਕੱਠੇ ਹੋਏ ਤੇ ਆਪਣੇ ਆਪ ਨੂੰ ਬਖਸ਼ਾਉਣ ਵਾਸਤੇ ਸਤਿਗੁਰੂ ਜੀ ਪਾਸ ਆਏ ਤੇ ਦੋ ਘੋੜੇ ਗੁਰੂ ਜੀ ਵਾਸਤੇ ਉਪਹਾਰ ਦੇ ਤੌਰ ਤੇ ਲਿਆਏ॥ ੨੦॥

ਲਾਦ ਰਸਦ ਕੇਤਿਕ ਸੰਗ ਲੀਨਿ। ਕੁਛਕ ਰੂਪ ਰਸ ਪਾਵਨ ਕੀਨਿ।
ਦੇਨਿ ਹੇਤੁ ਗੁਰ ਕੋ ਲੇ ਆਏ। ਧਰਿ ਆਗੇ ਸਭਿ ਸੀਸ ਨਿਵਾਏ॥ ੨੧॥

ਕਾਫੀ ਰਸਦ ਨਾਲ ਲੱਦ ਲਈ, ਕੁਝ ਲੂਣ ਵੀ ਪਾ ਲਿਆ। ਗੁਰੂ ਜੀ ਨੂੰ ਦੇਣ ਵਾਸਤੇ ਲੈ ਕੇ ਆਏ। ਗੁਰੂ ਜੀ ਦੇ ਅੱਗੇ ਧਰ ਕੇ ਸਾਰਿਆਂ ਨੇ ਸਿਰ ਨਿਵਾਏ॥ ੨੧॥

ਹਾਥ ਜੋਰਿ ਥਿਰਿ ਅਰਜ਼ ਗੁਜ਼ਾਰੀ। 'ਪ੍ਰਭੁ ਜੀ ! ਬਖਸ਼ਹੁ ਖਤਾ ਹਮਾਰੀ।
ਮਹਿਖ ਲੇਨ ਸਿਖ ਭੇਜੇ ਜਬੈ। ਹਮ ਨੇ ਕਪਟ ਰਚਯੋ ਪਿਖਿ ਤਬੈ॥ ੨੨॥

ਹੱਥ ਜੋੜ ਕੇ ਖੜੇ ਹੋ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਸਾਡੀ ਗ਼ਲਤੀ ਨੂੰ ਬਖਸ਼ ਦੇਵੋ। ਜਦ ਸੰਢਾ ਲੈਣ ਵਾਸਤੇ ਆਪ ਜੀ ਦੇ ਸਿੱਖ ਸਾਡੇ ਪਾਸ ਗਏ ਸਨ ਤਾਂ ਉਸ ਸਮੇਂ ਅਸੀਂ ਵੇਖ ਕੇ ਕਪਟ ਰਚਿਆ ਸੀ॥ ੨੨॥

ਤੁਮਨੇ ਪੜਦਾ ਢਕਯੋ ਹਮਾਰੋ। ਗਯੋ ਵਠਿੰਡੇ ਮਹਿਖ ਬਿਚਾਰੋ'।
ਤੁਪਕ ਰੂਪਰਸ ਹੇਰੀ ਧਰਿ ਕਰਿ। ਗੁਰੂ ਪ੍ਰਸੰਨ ਭਏ ਇਮ ਕਹਿ ਕਰਿ॥੨੩॥

ਤੁਸੀਂ ਸਾਡਾ ਪੜਦਾ ਢੱਕ ਲਿਆ ਹੈ, ਉਹ ਝੋਟਾ ਫਿਰ ਬਠਿੰਡੇ ਦੇ ਕਿਲ੍ਹੇ ਵਿਚ ਗਿਆ ਸੀ।" ਗੁਰੂ ਜੀ ਨੇ ਜਦ ਬੰਦੂਕ ਅਤੇ ਲੂਣ ਧਰੇ ਹੋਏ ਵੇਖੇ ਤਾਂ ਗੁਰੂ ਜੀ ਇਸ ਪ੍ਰਕਾਰ ਕਹਿ ਕੇ ਪ੍ਰਸੰਨ ਹੋ ਗਏ॥ ੨੩॥

'ਕਯਾ ਜਾਚਤਿ ਹੋ ਕਰਹੁ ਸੁਨਾਵਨ ? ਬਖਸ਼ੀ ਖਤਾ ਪਰੇ ਅਬਿ ਪਾਵਨ'।
ਹਾਥ ਜੋਰਿ ਤਬਿ ਸਭਿਨਿ ਬਖਾਨਾ। 'ਰਾਮੇ ਕੋ ਦਿਯ ਰਾਜ ਮਹਾਨਾ॥ ੨੪॥

"ਕੀ ਮੰਗਦੇ ਹੋ ਸੁਣਾਓ ? ਤੁਹਾਡੀ ਗ਼ਲਤੀ ਬਖਸ਼ ਦਿੱਤੀ ਹੈ, ਹੁਣ ਚਰਨੀਂ ਆ ਪਏ ਹੋ।" ਹੱਥ ਜੋੜ ਕੇ ਫਿਰ ਸਾਰਿਆਂ ਨੇ ਕਿਹਾ, "ਰਾਮੇ ਨੂੰ ਮਹਾਨ ਰਾਜ ਦਿੱਤਾ ਹੈ॥ ੨੪॥

ਹਮ ਕੋ ਭੀ ਬਖਸ਼ਹੁ ਕਰਿ ਕਰੁਨਾ। ਆਇ ਪਰੇ ਰਾਵਰ ਕੀ ਸ਼ਰਨਾ'।
ਸ਼੍ਰੀ ਗੁਰ ਕਹਯੋ 'ਮਿਲੇ ਤੁਮ ਆਇ। ਜਾਨਿ ਅਵੱਗਜਾ ਲਿਯ ਬਖਸ਼ਾਇ॥੨੫॥

ਸਾਨੂੰ ਵੀ ਕਿਰਪਾ ਕਰਕੇ ਬਖਸ਼ੋ, ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ।" ਸ੍ਰੀ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਹੁਣ ਆ ਕੇ ਮਿਲੇ ਹੋ, ਅਵੱਗਿਆ ਜਾਣ ਕੇ ਆਪਣੇ ਆਪ ਨੂੰ ਬਖਸ਼ਾ ਲਿਆ ਹੈ॥ ੨੫॥

ਯਾਂਤੇ ਪ੍ਰਥਮ ਰਾਜ ਹੈ ਜੇਤਿਕ। ਕੇਤਿਕ ਸਮੈਂ ਥਿਰਹਿਗੋ ਤੇਤਿਕ।
ਨਹਿਂ ਛੀਨਹਿਂ ਕੋ ਘਰ ਸੁਖ ਪਾਓ। ਸਿਖ ਸੰਗਤਿ ਕੀ ਸੇਵ ਕਮਾਓ ॥੨੬॥

ਇਸ ਕਰਕੇ ਜਦ ਤਕ ਪਹਿਲਾ ਰਾਜ ਹੈ, ਕਾਫੀ ਸਮਾਂ ਤਦ ਤਕ ਬਣੇ ਰਹੋਗੇ, ਕੋਈ ਵੀ ਤੁਹਾਡਾ ਰਾਜ ਖੋਹੇਗਾ ਨਹੀਂ, ਆਪਣੇ ਘਰ ਵਿਚ ਰਹਿ ਕੇ ਸੁਖ ਪਾਓ ਤੇ ਸਿੱਖ ਸੰਗਤ ਦੀ ਸੇਵਾ ਕਮਾਓ'' ॥ ੨੬ ॥

ਇਮ ਬਖਸ਼ਾਇ ਕਿਤਿਕ ਦਿਨ ਰਹੇ। ਰੁਖਸਦ ਹੋਇ ਗ੍ਰਾਮ ਮਗ ਗਹੇ।
ਊਚੇ ਥਾਨ ਬੈਠਿ ਇਕ ਦਿਨ ਮਹਿਂ। ਲਗਜੋ ਦਿਵਾਨ ਸੁਹਾਇ ਸਭਿਨਿ ਮਹਿਂ ॥੨੭॥

ਇਸ ਪ੍ਰਕਾਰ ਬਖਸ਼ਾ ਕੇ ਕਈ ਦਿਨ ਰਹੇ, ਫਿਰ ਰੁਖਸਤ ਹੋ ਕੇ ਆਪਣੇ ਪਿੰਡ ਦਾ ਰਾਹ ਫੜ ਲਿਆ। ਇਕ ਦਿਨ ਬੜੇ ਉੱਚੇ ਥਾਂ ਬੈਠ ਕੇ ਗੁਰੂ ਜੀ ਨੇ ਦੀਵਾਨ ਲਾਇਆ ਤੇ ਵਿਚ ਬੈਠ ਕੇ ਬਹੁਤ ਸ਼ੋਭਾ ਪਾਈ॥ ੨੭॥

ਡਲ ਸਿੰਘ ਗਨ ਬਿਰਾੜ ਥਿਰ ਸਾਰੇ। ਸਭਿਨਿ ਸੁਨਾਵਨਿ ਬਾਕ ਉਚਾਰੇ।
'ਬਹੁ ਗੋਧੂਮ ਖੇਤ ਦਿਖ ਆਵਹਿਂ। ਸੁੰਦਰ ਸ੍ਵਾਦਲ ਅੰਨ ਉਪਾਵਹਿਂ' ॥੨੮॥

ਡਲ ਸਿੰਘ ਅਤੇ ਬਹੁਤ ਬਿਰਾੜ ਵਿਚ ਬੈਠੇ ਸਨ, ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਨੇ ਉਚਾਰਨ ਕੀਤੀ, ''ਕਣਕ ਦੇ ਬਹੁਤ ਖੇਤ ਦਿਖਾਈ ਦਿੰਦੇ ਹਨ, ਇਹ ਸੁੰਦਰ ਸਵਾਦੀ ਅਨਾਜ ਪੈਦਾ ਕਰਨਗੇ'' ॥ ੨੮ ॥

ਸੁਨਿ ਡੱਲੇ ਜੁਤਿ ਸਭਿ ਕਰ ਜੋਰੇ। 'ਖੋਹੀ ਖਰੀ ਪ੍ਰਭੁ ਇਤ ਓਰੇ।
ਬਚ ਗੋਧੂਮ ਖਰੀ ਨ ਉਚਾਰੋ। ਮੋਠ ਬਾਜਰੀ ਭਲੇ ਬਿਚਾਰੋ॥ ੨੯॥

ਇਹ ਸੁਣ ਕੇ ਡੱਲੇ ਸਹਿਤ ਸਭ ਨੇ ਹੱਥ ਜੋੜ ਕੇ ਕਿਹਾ, ''ਹੇ ਸਤਿਗੁਰੂ ਜੀ ! ਇਸ ਪਾਸੇ ਕਾਹੀ ਖੜੀ ਹੈ। ਕਣਕ ਖੜੀ ਹੈ ਦਾ ਬਚਨ ਨਾ ਉਚਾਰਨ ਕਰੋ, ਇਹ ਮੋਠ ਬਾਜਰੀ ਹੈ, ਭਲੀ ਪ੍ਰਕਾਰ ਵਿਚਾਰ ਕਰੋ॥ ੨੯॥

ਛਿਤ ਗੋਧੂਮ ਜਿ ਇਹਾਂ ਉਪਾਵੈਂ। ਤੁਰਕ ਦੇਹਿਂ ਦੁਖ, ਚੜ੍ਹਿ ਚਲਿ ਆਵੈਂ'।
ਸੁਨਿ ਕਰਿ ਸ੍ਰੀ ਮੁਖ ਤੇ ਮੁਸਕਾਏ। ਲਖ ਮਤਿ ਹੀਨੇ ਮੋਨ ਰਹਾਏ॥ ੩੦॥

ਜੇ ਇਸ ਧਰਤੀ ਵਿਚ ਕਣਕ ਬੀਜਦੇ ਹਾਂ ਤਾਂ ਤੁਰਕ ਦੁਖ ਦਿੰਦੇ ਹਨ ਤੇ ਚੜ੍ਹਾਈ ਕਰਕੇ ਚਲੇ ਆਉਂਦੇ ਹਨ।'' ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਮੁਸਕਰਾਏ, ਤੇ ਮਾੜੀ ਮੱਤ ਵਾਲੇ ਜਾਣ ਕੇ ਚੁੱਪ ਰਹੇ॥ ੩੦॥

ਲਖਹਿਂ ਨ ਤੁਰਕ ਭਏ ਅਬਿ ਅਦਾ। ਗੁਰ ਕੋ ਬਾਕ ਥਿਰੇ ਸਦ ਸਦਾ।
ਬੀਤ ਗਏ ਕੇਤਿਕ ਦਿਨ ਔਰ। ਬੈਠੇ ਸਤਿਗੁਰ ਊਚੀ ਠੌਰ॥ ੩੧॥

ਡੱਲਾ ਇਹ ਸਮਝਦਾ ਨਹੀਂ ਕਿ ਤੁਰਕ ਹੁਣ ਪੂਰੇ ਹੋ ਗਏ ਹਨ, ਗੁਰੂ ਜੀ ਦਾ ਬਚਨ ਸਦਾ ਲਈ ਸਥਿਰ ਰਹੇਗਾ।'' ਕਈ ਦਿਨ ਫਿਰ ਹੋਰ ਬੀਤ ਗਏ, ਸਤਿਗੁਰੂ ਜੀ ਉੱਚੇ ਸਥਾਨ 'ਤੇ ਬੈਠੇ ਸਨ॥ ੩੧॥

ਸੁੱਖਾ ਛਕੇ ਅਮਲ ਦ੍ਰਿਗ ਆਏ। ਡੱਲੇ ਸਹਿਤ ਨਿਕਟ ਸਮੁਦਾਏ।
ਦ੍ਰਿਸ਼ਟਿ ਉਚੇਰੀ ਕਰਿ ਗੁਰ ਭਨੇ। 'ਪਿਖਹੁ ਕਮਾਦ ਖਰੇ ਇਤ ਘਨੇ॥ ੩੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੩੨॥

ਜਿਸਤੇ ਬਹੁ ਬਿਧਿ ਕੇ ਮਿਸ਼ਟਾਨ। ਹੇਤ ਭਲੇ ਲਹਿਂ ਸ੍ਵਾਦ ਜਹਾਨ'।
ਸੁਨਿ ਬੈਰਾੜ ਕਹੈਂ ਕਰ ਜੋਰਿ। 'ਪ੍ਰਭੁ ਜੀ ! ਨਹਿਂ ਕਮਾਦ ਇਤ ਓਰ॥ ੩੩॥

ਉੱਚੀ ਦ੍ਰਿਸ਼ਟੀ ਕਰਕੇ ਗੁਰੂ ਜੀ ਨੇ ਕਿਹਾ, "ਵੇਖੋ ਏਧਰ ਬਹੁਤ ਕਮਾਦ ਦੇ ਖੇਤ ਹਨ। ਜਿਸ ਤੋਂ ਬਹੁਤ ਪ੍ਰਕਾਰ ਦਾ ਮਿੱਠਾ ਪੈਦਾ ਹੋਵੇਗਾ, ਜਿਸ ਦਾ ਸਾਰਾ ਜਹਾਨ ਭਲੀ ਪ੍ਰਕਾਰ ਸਵਾਦ ਲਵੇਗਾ।" ਇਹ ਸੁਣ ਕੇ ਬੈਰਾੜ ਹੱਥ ਜੋੜ ਕੇ ਕਹਿਣ ਲੱਗੇ, "ਹੇ ਸਤਿਗੁਰੂ ਜੀ! ਇਸ ਪਾਸੇ ਕੋਈ ਕਮਾਦ ਦਾ ਖੇਤ ਨਹੀਂ ਹੈ॥ ੩੩॥

ਤ੍ਰਿਣ ਲੰਬੇਰੇ ਵਧਿ ਬਹੁ ਗਏ। ਸੋ ਆਗੇ ਤੁਮ ਦੇਖਤਿ ਭਏ।
ਇੱਤ੍ਯਾਦਿਕ ਵਖੁ ਚਹੈਂ ਨ ਕੋਈ। ਮੋਠ ਬਾਜਰੀ ਨਿਪਜਹਿ ਜੋਈ॥ ੩੪॥

ਘਾਹ ਹੀ ਵੱਧ ਕੇ ਬਹੁਤ ਲੰਮਾ ਹੋ ਗਿਆ ਹੈ, ਜਿਹੜਾ ਤੁਸੀਂ ਆਪਣੇ ਅੱਗੇ ਵੇਖ ਰਹੇ ਹੋ। ਇਸ ਪ੍ਰਕਾਰ ਦੀ ਵਸਤੂ ਕੋਈ ਵੀ ਚਾਹੁੰਦਾ ਨਹੀਂ ਹੈ, ਜਿੱਥੇ ਕੇਵਲ ਮੋਠ ਬਾਜਰੀ ਪੈਦਾ ਹੁੰਦੀ ਹੈ॥ ੩੪॥

ਸੋਈ ਭਲੀ ਅਹੈ ਇਸ ਦੇਸ਼। ਨਾਂਹਿ ਤ ਪਹੁਚੈਂ ਤੁਰਕ ਵਿਸ਼ੇਸ਼।
ਸਰਬ ਭਾਂਤਿ ਤੇ ਦੁਖ ਉਪਜੈਹੈਂ। ਓਜ ਪਾਇ ਕਰਿ ਹਾਲਾ ਲੈਹੈਂ॥ ੩੫॥

ਉਹੀ ਇਸ ਦੇਸ਼ ਵਿਚ ਭਲੀ ਹੈ, ਨਹੀਂ ਤਾਂ ਏਥੇ ਵਿਸ਼ੇਸ਼ ਤੌਰ ਤੇ ਤੁਰਕ ਪਹੁੰਚ ਜਾਣਗੇ। ਸਭ ਪ੍ਰਕਾਰ ਦੇ ਦੁਖ ਦੇਣਗੇ ਤੇ ਸ਼ਕਤੀ ਦਿਖਾ ਕੇ ਹਾਲਾ ਲੈਣਗੇ"॥ ੩੫॥

ਸੁਨਿ ਸ਼੍ਰੀ ਮੁਖ ਤੇ ਪੁਨ ਮੁਸਕਾਏ। 'ਕਜੋਂ ਤੁਮ ਅਪਨੋ ਭਲੇ ਨ ਭਾਏ?।
ਅਵਿਨੀ ਪੁਰਿ ਸਿਰੰਦ ਕੀ ਸਾਰੀ। ਇਹਾਂ ਲਗਾਵਨ ਹੇਤੁ ਉਚਾਰੀ॥ ੩੬॥

ਇਹ ਸੁਣ ਕੇ ਸਤਿਗੁਰੂ ਜੀ ਫਿਰ ਮੁਸਕਰਾਏ, "ਤੁਹਾਨੂੰ ਆਪਣਾ ਭਲਾ ਕਿਉਂ ਚੰਗਾ ਨਹੀਂ ਲੱਗਦਾ ਹੈ? ਸਿਰਹੰਦ ਦੀ ਸਾਰੀ ਧਰਤੀ ਏਥੇ ਲਾਉਣ ਵਾਸਤੇ ਮੈਂ ਉਚਾਰਨ ਕੀਤਾ ਹੈ॥ ੩੬॥

ਭਲੇ ਪਦਾਰਥ ਜੋ ਤਹਿੰ ਹੁਤੇ। ਸਗਰੇ ਉਪਜਤਿ ਸ੍ਵਾਦਲ ਇਤੇ।
ਕੇਚਿਤ ਦਿਨ ਹੁਇ ਤੁਰਕ ਬਿਨਾਸੀ। ਰਾਜ ਖਾਲਸੇ ਕੋ ਹੁਇ ਰਾਸੀ॥ ੩੭॥

ਭਲੇ ਪਦਾਰਥ ਜਿਹੜੇ ਉਥੇ ਪੈਦਾ ਹੁੰਦੇ ਹਨ, ਸਾਰੇ ਸਵਾਦੀ ਪਦਾਰਥ ਏਥੇ ਪੈਦਾ ਹੋਣਗੇ। ਕੁਝ ਦਿਨਾਂ ਵਿਚ ਤੁਰਕਾਂ ਦਾ ਨਾਸ਼ ਹੋ ਜਾਣਾ ਹੈ ਤੇ ਸਾਰੇ ਖਾਲਸੇ ਦਾ ਰਾਜ ਹੋ ਜਾਣਾ ਹੈ॥ ੩੭॥

ਮੋਠ ਬਾਜਰੀ ਅੰਗੀਕਾਰਹੁ। ਅਪਰ ਨ ਹੁਇ ਇਸ ਦੇਸ਼ ਉਚਾਰਹੁ।
ਸਵਾ ਜਾਮ ਦਿਨ ਚਰਿ ਹੈ ਜਾਵਦ। ਤੁਮਰੀ ਮਤਿ ਥਿਰ ਰਹੈ ਨ ਤਾਵਦ॥ ੩੮॥

ਤੁਸੀਂ ਮੋਠ ਬਾਜਰੀ ਹੀ ਅੰਗੀਕਾਰ ਕਰਨਾ ਚਾਹੁੰਦੇ ਹੋ, ਇਸ ਦੇਸ਼ ਵਿਚ ਹੋਰ ਕੁਝ ਨਾ ਹੋਵੇ ਇਹ ਉਚਾਰਨ ਕਰਦੇ ਹੋ। ਜਦ ਤਕ ਸਵਾ ਪਹਿਰ ਦਿਨ ਨਹੀਂ ਚੜ੍ਹ ਆਉਂਦਾ ਤਦ ਤਕ ਤੁਹਾਡੀ ਮੱਤ ਸਥਿਰ ਨਹੀਂ ਹੁੰਦੀ॥ ੩੮॥

ਬਚਨ ਹਟਾਵਤਿ ਰਹੇ ਨ ਮਾਨਾ। ਤਊ ਸੁਨਹੁ ਇਹ ਦੇਸ਼ ਮਹਾਨਾ।
ਸਨੇ ਸਨੇ ਗੋਧੁਮ ਹੁਇ ਜਾਇ। ਦਿਨ ਪ੍ਰਤਿ ਬਸਤਿ ਰਹੈ ਅਧਿਕਾਇ॥ ੩੯॥

ਮੇਰੇ ਬਚਨਾਂ ਨੂੰ ਮੋੜਦੇ ਰਹੇ ਹੋ, ਮੰਨੇ ਨਹੀਂ ਹੋ, ਫਿਰ ਵੀ ਸੁਣੋ, ਇਹ ਦੇਸ਼ ਮਹਾਨ ਹੈ। ਹੌਲੀ-ਹੌਲੀ ਏਥੇ ਕਣਕ ਹੋ ਜਾਵੇਗੀ, ਦਿਨ ਪ੍ਰਤੀ ਬਹੁਤ ਵਸੋਂ ਹੁੰਦੀ ਜਾਵੇਗੀ॥ ੩੯॥

ਅਪਰ ਕਾਜ ਤੁਮ ਬਹੁਤ ਬਿਗਾਰਾ। ਮਾਨਜੋਂ ਬਾਕ ਨ ਜਥਾ ਉਚਾਰਾ।
ਨਾਂਹਿ ਤ ਸਕਲ ਵਸਤੁ ਇਸ ਦੇਸ਼। ਉਪਜਤਿ ਨਿਤ ਪ੍ਰਤਿ ਹੋਤਿ ਵਿਸ਼ੇਸ਼॥ ੪੦॥

ਹੋਰ ਕਾਰਜ ਤੁਸੀਂ ਬਹੁਤ ਵਿਗਾੜਿਆ ਹੈ, ਮੇਰੇ ਬਚਨ ਨਹੀਂ ਮੰਨੇ ਹਨ ਜਿਵੇਂ ਮੈਂ ਉਚਾਰਨ ਕੀਤੇ ਸਨ। ਨਹੀਂ ਤਾਂ ਇਸ ਦੇਸ਼ ਵਿਚ ਸਾਰੀਆਂ ਵਸਤਾਂ ਪੈਦਾ ਹੁੰਦੀਆਂ। ਨਿਤਾਪ੍ਰਤੀ ਵਿਸ਼ੇਸ਼ ਤੌਰ 'ਤੇ ਪੈਦਾ ਹੁੰਦੀਆਂ'' ॥ ੪੦॥

ਡਲ ਸਿੰਘ ਆਦਿਕ ਗਨ ਬੈਰਾਰ। ਥਿਰੁ ਹੁਇ ਰਹੇ ਮੋਨ ਮੁਖ ਧਾਰਿ।
ਜਾਨ ਸਕਹਿਂ ਨਹਿਂ ਆਸ਼ੈ ਗੁਰ ਕੋ। ਨਹਿਂ ਬਾਕਨਿ ਪਰ ਧੀਰਜ ਉਰ ਕੋ ॥੪੧॥

ਡਲ ਸਿੰਘ ਆਦਿ ਸਾਰੇ ਬੈਰਾੜ, ਮੁਖ ਤੋਂ ਮੋਨ ਧਾਰ ਕੇ ਬੈਠੇ ਰਹੇ। ਉਹ ਗੁਰੂ ਜੀ ਦਾ ਆਸ਼ਾ ਜਾਣ ਨਹੀਂ ਸਕੇ ਸਨ, ਨਾ ਹੀ ਬਚਨਾਂ ਤੇ ਹਿਰਦੇ ਵਿਚ ਧੀਰਜ ਆਇਆ ਸੀ॥ ੪੧॥

*ਪਹਿਲੇ ਐਨ ਦਾ ਉਣੱਤ੍ਰੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

# *ਅਧਿਆਇ ਤੀਹਵਾਂ*

## *ਕਪੂਰੇ ਦੀ ਮੌਤ, ਧਰਤੀ ਸੱਚ ਤੇ ਖਲੋਤੀ ਹੈ*

ਦੋਹਰਾ- ਇਕ ਦਿਨ ਬੈਠੇ ਸਤਿਗੁਰੂ ਦਸਕ ਸਿੰਘ ਤਹਿਂ ਆਇ।
ਬੰਦਨ ਕਰਿ ਬੈਠਤਿ ਭਏ ਗਾਥਾ ਕਹੀ ਸੁਨਾਇ॥ ੧॥

ਇਕ ਦਿਨ ਸਤਿਗੁਰੂ ਜੀ ਬੈਠੇ ਸਨ ਤਾਂ ਦਸ ਸਿੰਘ ਉਥੇ ਆਏ। ਗੁਰੂ ਜੀ ਨੂੰ ਬੰਦਨਾ ਕਰ ਕੇ ਬੈਠ ਗਏ ਤਾਂ ਉਨ੍ਹਾਂ ਨੇ ਗਾਥਾ ਕਹਿ ਕੇ ਸੁਣਾਈ॥ ੧॥

ਚੌਪਈ- 'ਕੋਟ ਕਪੂਰੇ ਕੋ ਲਿਯ ਮਾਰੀ। ਭਈ ਸਾਚ ਜਿਮ ਪ੍ਰਭੁ ਉਚਾਰੀ'।
ਡਲ ਸਿੰਘ ਬੈਠਜੋ ਨਿਕਟ ਸੁਨੰਤਾ। ਬੂਝਨ ਕੀਨਿ ਸਕਲ ਬਿਰਤੰਤਾ ॥੨॥

''ਕੋਟ ਕਪੂਰੇ ਨੂੰ ਮਾਰ ਲਿਆ ਹੈ, ਜਿਵੇਂ ਸਤਿਗੁਰੂ ਨੇ ਉਚਾਰਨ ਕੀਤਾ ਸੀ, ਉਸ ਪ੍ਰਕਾਰ ਹੀ ਸੱਚ ਹੋਇਆ ਹੈ।'' ਡਲ ਸਿੰਘ ਨੇੜੇ ਬੈਠਾ ਸੁਣਦਾ ਸੀ, ਉਹ ਸਾਰਾ ਬ੍ਰਿਤਾਂਤ ਪੁੱਛਣ ਲੱਗਾ॥ ੨॥

'ਕਿਨ ਮਾਰਜੋ ਕਹੁ ਛੋਰ ਪ੍ਰਸੰਗ ?। ਕਿਸ ਕੇ ਸੰਗ ਕੀਨਿ ਤਿਨ ਜੰਗ ?'।
ਸੁਨਿਕੈ ਸਿੰਘਨ ਸਰਬ ਸੁਨਾਯੋ। 'ਮੇਲਾ ਢਿਲਵੀਂ ਬਹੁ ਚਲਿ ਆਯੋ॥ ੩॥

''ਕਿਸਨੇ ਮਾਰਿਆ ਹੈ, ਸਾਰਾ ਪ੍ਰਸੰਗ ਕਹਿ ਕੇ ਸੁਣਾਓ, ਕਿਸ ਦੇ ਨਾਲ ਉਸ ਜੰਗ ਕੀਤੀ ਸੀ ?'' ਇਹ ਸੁਣ ਕੇ ਸਿੰਘਾਂ ਨੇ ਸਾਰਾ ਪ੍ਰਸੰਗ ਸੁਣਾਇਆ, ''ਢਿਲਵੀਂ ਮੇਲੇ ਵਿਚ ਬਹੁਤ ਦੁਨੀਆਂ ਚਲ ਕੇ ਆਈ॥ ੩॥

ਸੋਢੀ ਕੌਲ ਸੁ ਮੰਜੀ ਲਾਇ। ਬੈਠਜੋ, ਭੇਟੈਂ ਲੋਕ ਚੜ੍ਹਾਇਂ।
ਤਹਾਂ ਕਪੂਰਾ ਭੀ ਚਲਿ ਗਯੋ। ਕੇਚਿਤ ਸੁਭਟ ਸੰਗ ਮਹਿਂ ਲਿਯੋ॥ ੪॥

ਸੋਢੀ ਕੌਲ ਜਿਹੜਾ ਮੰਜੀ ਲਾਉਂਦਾ ਸੀ, ਉਹ ਬੈਠਾ ਸੀ ਤੇ ਲੋਕ ਭੇਟਾ ਚੜ੍ਹਾ ਰਹੇ ਸਨ। ਉਥੇ ਕਪੂਰਾ ਵੀ ਚਲ ਕੇ ਗਿਆ, ਕਈ ਸੂਰਬੀਰ ਉਸ ਆਪਣੇ ਨਾਲ ਲਏ॥ ੪॥

ਬੈਰੀ ਬਰਗਾੜੀ ਤਿਸ ਕੇਰੇ। ਹੁਤੋ ਸ਼ਰੀਕਾ ਮਰੇ ਅਗੇਰੇ।
ਸੋ ਭੀ ਚਲਿ ਆਏ ਬਿਚ ਮੇਲੇ। ਜਿਨਹੁ ਦੁਹੇਲੇ ਹੋਹਿ ਨ ਮੇਲੇ॥ ੫॥

ਬਰਗਾੜੀ ਵਾਲੇ ਉਸ ਦੇ ਵੈਰੀ ਸਨ, ਉਨ੍ਹਾਂ ਦਾ ਸ਼ਰੀਕਾ ਸੀ, ਉਨ੍ਹਾਂ ਦੇ ਪਹਿਲਾਂ ਮਰ ਗਏ ਸਨ। ਉਹ ਵੀ ਮੇਲੇ ਵਿਚ ਚਲ ਕੇ ਆਏ। ਜਿਨ੍ਹਾਂ ਨੂੰ ਦੁਖ ਦਿੱਤਾ ਹੋਇਆ ਸੀ, ਉਨ੍ਹਾਂ ਨਾਲ ਮੇਲ ਨਹੀਂ ਹੋਇਆ ਸੀ॥ ੫॥

ਪਾਨ ਸ਼ਰਾਬ ਕਰੀ ਦਿਸ਼ ਦੋਊ। ਪਾਛਲ ਬੈਰ ਚਿਤਾਰਤਿ ਸੋਊ।
ਪ੍ਰਥਮ ਕਰਜੋ ਬਕਬਾਦ ਬਿਸਾਲਾ। ਗਾਰਿ ਨਿਕਾਰਤਿ ਭੇ ਜਿਸ ਕਾਲਾ॥ ੬॥

ਫਿਰ ਦੋਵਾਂ ਪਾਸਿਆਂ ਨੇ ਸ਼ਰਾਬ ਪੀਤੀ ਹੋਈ ਸੀ, ਉਹ ਪਿਛਲੇ ਵੈਰ ਨੂੰ ਯਾਦ ਕਰਵਾਉਣ ਲੱਗੇ। ਪਹਿਲਾਂ ਸਾਨੂੰ ਬੁਰੀ ਤਰ੍ਹਾਂ ਬਰਬਾਦ ਕੀਤਾ ਹੈ। ਫਿਰ ਉਸ ਸਮੇਂ ਗਾਲ੍ਹਾਂ ਕੱਢਣ ਲੱਗ ਗਏ॥ ੬॥

ਬਢੀ ਸਪਰਧਾ ਦੁਇ ਦਿਸ਼ਿ ਕੇਰੀ। ਆਯੁਧ ਲਗੇ ਚਲਨ ਤਿਸ ਬੇਰੀ।
ਜ੍ਵਾਲਾਬਮਣੀ ਬ੍ਰਿੰਦ ਚਲਾਈ। ਮਰੇ ਕਿਤਿਕ ਮਚਿ ਪਰੀ ਲਰਾਈ॥ ੭॥

ਦੋਵੀਂ ਪਾਸੀਂ ਈਰਖਾ ਅਤੇ ਜਲਨ ਬਹੁਤ ਵਧ ਗਈ, ਉਸ ਸਮੇਂ ਫਿਰ ਹਥਿਆਰ ਚਲਣ ਲੱਗੇ। ਬਹੁਤ ਬੰਦੂਕਾਂ ਚਲਾਈਆਂ, ਕਈ ਮਰ ਗਏ ਤੇ ਵੱਡੀ ਲੜਾਈ ਮੱਚ ਗਈ॥ ੭॥

ਜਾਨਜੋਂ ਸਾਹਿਬ ਕੌਲ ਬਖੇਰਾ। ਬਿਗਰਜੋ ਮੇਲਾ ਤ੍ਰਾਸ ਬਡੇਰਾ।
ਅਭੈ ਰਾਮ ਨੰਦਨ ਸ੍ਰੀ ਰਾਮ। ਭੇਜਜੋ ਜੁੱਧ ਹਟੈਬੇ ਕਾਮ॥ ੮॥

ਜਦ ਕੌਲ ਸਾਹਿਬ ਨੇ ਇਸ ਝਗੜੇ ਬਾਰੇ ਜਾਣਿਆ ਕਿ ਵੱਡਾ ਡਰ ਵਧਣ ਨਾਲ ਮੇਲਾ ਵਿਗੜ ਜਾਵੇਗਾ ਤਾਂ ਉਸ ਅਭੈ ਰਾਮ ਦੇ ਪੁੱਤਰ ਸ੍ਰੀ ਰਾਮ ਨੂੰ ਭੇਜਿਆ ਕਿ ਉਹ ਜਾ ਕੇ ਯੁੱਧ ਨੂੰ ਹਟਾ ਦੇਵੇ॥ ੮॥

ਤਰਜਤਿ ਦੋਨਹੁਂ ਦਿਸ਼ਿਨਿ ਹਟਾਵੈ। ਗੁਰ ਘਰ ਮੈਂ ਕਿਮ ਜੰਗ ਮਚਾਵੈਂ ?।
ਨਿਜ ਘਰ ਗਮਨਹੁਂ ਕਰਹੁ ਲਰਾਈ। ਹਟਿ ਜਾਵੋ ਕਜੋਂ ਧੂਮ ਮਚਾਈ॥ ੯॥

ਉਹ ਵਰਜ ਕੇ ਦੋਵਾਂ ਪਾਸਿਆਂ ਨੂੰ ਹਟਾਉਂਦਾ ਸੀ ਤੇ ਕਹਿੰਦਾ ਸੀ ਗੁਰੂ ਘਰ ਵਿਚ ਕਿਉਂ ਜੰਗ ਮਚਾਉਂਦੇ ਹੋ ? ਆਪਣੇ ਘਰ ਵਿਚ ਜਾ ਕੇ ਲੜਾਈ ਕਰੋ, ਹਟ ਜਾਵੋ ਕਿਉਂ ਰੌਲਾ ਮਚਾਇਆ ਹੈ॥ ੯॥

ਇਤ ਉਤਿ ਬਰਜਤਿ ਤਰਜਤਿ ਬਿਚਰਤਿ। ਭਏ ਸ਼ਰਬੀ ਰਿਪੁ ਅਤਿ ਹਤਿ ਮਤਿ।
ਜ੍ਵਾਲਾਬਮਣੀ ਤਾਕਿ ਚਲਾਇ। ਹਤਿ ਦੀਨੋ ਸ੍ਰੀ ਰਾਮ ਗਿਰਾਈ॥ ੧੦॥

ਏਧਰ ਓਧਰ ਵਰਜਦਾ ਝਿੜਕਦਾ ਫਿਰਦਾ ਸੀ। ਵੈਰੀ ਸ਼ਰਾਬੀ ਹੋਏ ਸਨ ਤੇ ਉਨ੍ਹਾਂ ਦੀ ਮੱਤ ਮਾਰੀ ਗਈ ਸੀ। ਉਸ ਵੱਲ ਬੰਦੂਕ ਤਕ ਕੇ ਚਲਾਈ ਤਾਂ ਸ੍ਰੀ ਰਾਮ ਨੂੰ ਮਾਰ ਕੇ ਡੇਗ ਲਿਆ॥ ੧੦॥

ਸੁਨਿ ਮਾਨਵ ਤਬਿ ਦੌਰੇ ਗਏ। ਮਰਜੋ ਉਠਾਇ ਸੁ ਲਜਾਵਤਿ ਭਏ।
ਸੋਢੀ ਅਪਰ ਗਏ ਰਿਸ ਭਰਿਕੇ। ਬਰਜਤਿ ਤਰਜਤਿ ਗਾਰਿ ਨਿਕਰਿਕੇ॥ ੧੧॥

ਇਹ ਸੁਣਕੇ ਮਨੁੱਖ ਫਿਰ ਦੌੜੇ ਗਏ, ਮਰੇ ਹੋਏ ਨੂੰ ਉਠਾ ਕੇ ਲਿਆ ਰਹੇ ਸਨ। ਫਿਰ ਹੋਰ ਸੋਢੀ ਗੁੱਸਾ ਧਾਰ ਕੇ ਗਏ ਤੇ ਗਾਲ੍ਹਾਂ ਕੱਢ ਕੇ ਵਰਜਣ ਅਤੇ ਰੋਕਣ ਲੱਗੇ॥ ੧੧॥

ਸਿਰੀ ਰਾਮ ਸਸਕਾਰਨ ਲਾਗੇ। ਖਰੋ ਕੌਲ ਬਹੁ ਸੰਕਟ ਪਾਗੇ।
ਬੋਲਜੋ ਨਹੀਂ ਦਾਹੁ ਇਸ ਕਰੀਏ। ਅਪਰ ਬਿਘਨ ਕੁਛ ਹੋਇ ਬਿਚਰੀਏ॥੧੨॥

ਜਦ ਸਿਰੀ ਰਾਮ ਦਾ ਸਸਕਾਰ ਕਰਨ ਲੱਗੇ ਤਾਂ ਕੌਲ ਖੜਾ ਕੌਲ ਬਹੁਤ ਸੰਕਟ ਵਿਚ ਭਿੱਜਾ ਸੀ। ਉਹ ਕਹਿਣ ਲੱਗਾ, "ਇਸ ਦਾ ਸਸਕਾਰ ਨਾ ਕਰੋ, ਕੋਈ ਹੋਰ ਵਿਘਨ ਨਾ ਖੜਾ ਹੋ ਜਾਏ ਇਸ ਤੇ ਵਿਚਾਰ ਕਰੋ॥ ੧੨॥

ਤਾਤੀ ਬਾਯੁ ਲਗੈ ਮੁਝ ਅੰਗ। ਤਹਿਂ ਗੁਰ ਮਾਰੇ ਠਾਨਤਿ ਜੰਗ।
ਮਮ ਪਰਵਾਰ ਹਟਾਵਨਿ ਗਯੋ। ਮਹਿਦ ਬਖੇਰਾ ਮਿਲਿ ਉਪਜਯੋ॥ ੧੩॥

ਮੇਰੇ ਅੰਗਾਂ ਨੂੰ ਤੱਤੀ ਹਵਾ ਲਗਦੀ ਹੈ, ਇਸ ਕਰਕੇ ਗੁਰੂ ਮਾਰੇ ਜੰਗ ਕਰ ਰਹੇ ਹਨ। ਮੇਰਾ ਪਰਿਵਾਰ ਹਟਾਉਣ ਗਿਆ ਹੈ, ਵੱਡਾ ਝਗੜਾ ਮਿਲ ਕੇ ਪੈਦਾ ਹੋਇਆ ਹੈ॥ ੧੩॥

ਇਤਨੇ ਮਹਿਂ ਨਰ ਦੌਰਤਿ ਆਵਾ। ਕੌਲ ਸਮੀਪ ਦੁਖਤਿ ਬਚ ਗਾਵਾ।
ਸਿਰੀ ਰਾਮ ਕੋ ਅਨੁਜ ਪ੍ਰਜਾਪਤਿ। ਗੋਰੀ ਲਗੀ ਤੁਰਤ ਹੀ ਭਾ ਹਤਿ॥ ੧੪॥

ਏਨੇ ਵਿਚ ਇਕ ਮਨੁੱਖ ਦੌੜਦਾ ਆਇਆ ਤੇ ਕੌਲ ਦੇ ਪਾਸ ਉਸ ਦੁਖੀ ਹੋ ਕੇ ਕਿਹਾ, "ਸ੍ਰੀ ਰਾਮ ਦਾ ਛੋਟਾ ਭਰਾ ਪ੍ਰਜਾਪਤੀ ਗੋਲੀ ਲੱਗਣ ਨਾਲ ਤੁਰਤ ਹੀ ਮਰ ਗਿਆ ਹੈ॥ ੧੪॥

ਜਾਇ ਉਠਾਯਹੁ ਤਤਛਿਨ ਲਜਾਏ। ਸਭਿ ਸੋਢਨਿ ਕਸ਼ਟ ਬਹੁ ਪਾਏ।
ਦੋਨਹੁਂ ਕੋ ਇਕਠੇ ਸਸਕਾਰਾ। ਅਭੈਰਾਮ ਤਬਿ ਸ੍ਰਾਪ ਉਚਾਰਾ॥ ੧੫॥

ਜਾ ਕੇ ਚੁੱਕ ਕੇ ਤੁਰਤ ਲੈ ਆਏ, ਸਾਰੇ ਸੋਢੀਆਂ ਨੇ ਬਹੁਤ ਦੁਖ ਪਾਇਆ। ਦੋਵਾਂ ਦਾ ਇਕੱਠਿਆਂ ਦਾ ਸਸਕਾਰ ਕੀਤਾ। ਅਭੈਰਾਮ ਨੇ ਫਿਰ ਸਰਾਪ ਉਚਾਰਨ ਕੀਤਾ॥ ੧੫॥

'ਮਮ ਨੰਦਨ ਤੈਂ ਮਾਰੇ ਦੋਇ। ਇਸ ਅਘ ਕੋ ਫਲ ਇਮ ਤੁਝ ਹੋਇ।
ਪੂਰਬ ਸ੍ਰਾਪ ਦਸਮ ਪਾਤਿਸ਼ਾਹਾ। ਮਰੈਂ ਤੁਰਕ ਤੇ ਲੈ ਕਰਿ ਫਾਹਾ॥ ੧੬॥

"ਮੇਰੇ ਤੂੰ ਦੋਵੇਂ ਪੁੱਤਰ ਮਾਰੇ ਹਨ, ਇਸ ਪਾਪ ਦਾ ਫਲ ਤੈਨੂੰ ਵੀ ਇਸ ਤਰ੍ਹਾਂ ਦਾ ਮਿਲੇ। ਪਹਿਲਾਂ ਤੈਨੂੰ ਦਸਵੇਂ ਪਾਤਿਸ਼ਾਹ ਤੋਂ ਸਰਾਪ ਮਿਲਿਆ ਹੈ ਕਿ ਤੁਰਕ ਤੋਂ ਫਾਹੀ ਲੈ ਕੇ ਮਰੇਂ॥ ੧੬॥

ਖੇਹ ਤੋਬਰਾ ਬਦਲ ਚਢਾਵਹਿਂ। ਮਰਤ ਸਮੇ ਇਸ ਬਿਧਿ ਦੁਖ ਪਾਵਹਿਂ।
ਮੋਹਿ ਸ੍ਰਾਪ ਤੇ ਜੜ੍ਹੈਂ ਤੁਹਾਰੀ। ਉਖਰ ਗਈ ਸਗਰੀ ਇਕ ਬਾਰੀ॥ ੧੭॥

ਉਹ ਮਿੱਟੀ ਦਾ ਭਰਿਆ ਘੋੜੇ ਦੇ ਦਾਣੇ ਖਾਣ ਵਾਲਾ ਤੋਬਰਾ ਤੇਰੇ ਮੂੰਹ ਨੂੰ ਚਾੜ੍ਹਨਗੇ, ਮਰਦੇ ਸਮੇਂ ਤੂੰ ਇਸ ਪ੍ਰਕਾਰ ਦੁਖ ਪਾਵੇਂਗਾ। ਮੇਰੇ ਸਰਾਪ ਨਾਲ ਤੇਰੀਆਂ ਜੜ੍ਹਾਂ ਇਕੋ ਵਾਰ ਉਖੜ ਗਈਆਂ ਹਨ॥ ੧੭॥

ਪਾਨੀ ਦੇਵਾ ਰਹੈ ਨ ਕੋਈ। ਇਮ ਸੰਕਟ ਬਡ ਤੁਮ ਕੋ ਹੋਈ'।
ਭਯੋ ਸ੍ਰਾਪ ਸੁਨਿਕੈ ਪਛੁਤਾਯੋ। ਬਹੁਰੋ ਕੇਤਿਕ ਕਾਲ ਬਿਤਾਯੋ॥ ੧੮॥

ਤੈਨੂੰ ਕੋਈ ਪਾਣੀ ਦੇਣ ਵਾਲਾ ਵੀ ਨਹੀਂ ਰਹੇਗਾ, ਇਸ ਪ੍ਰਕਾਰ ਤੈਨੂੰ ਭਾਰੀ ਸੰਕਟ ਹੋਵੇਗਾ।" ਸਰਾਪ ਹੋਇਆ ਸੁਣ ਕੇ ਬਹੁਤ ਪਛੁਤਾਇਆ, ਫਿਰ ਕੁਝ ਸਮਾਂ ਬਤੀਤ ਕੀਤਾ॥ ੧੮॥

ਈਸੇ ਖਾਨ ਮੰਝ ਚਢਿ ਆਯੋ। ਘੇਰਿ ਕੋਟ ਤਿਨ ਜੰਗ ਮਚਾਯੋ।
ਹੇਲ ਘਾਲਿ ਕਰਿ ਚਢਿਗੇ ਸੂਰਾ। ਘਾਸ ਪੁੰਜ ਮਹਿਂ ਦੁਰਜੋ ਕਪੂਰਾ॥ ੧੯॥

ਈਸੇ ਖਾਂ ਮੰਝ ਚੜ੍ਹਾਈ ਕਰਕੇ ਆ ਗਿਆ, ਇਹ ਦੁਆਬੇ ਦਾ ਹਾਕਮ ਸੀ ਤੇ ਸਿੱਖਾਂ ਦਾ ਬਹੁਤ ਵੈਰੀ ਸੀ। ਕਿਲ੍ਹੇ ਨੂੰ ਘੇਰ ਕੇ ਇਸ ਜੰਗ ਮਚਾਈ। ਵੱਡਾ ਹੱਲਾ ਕਰਕੇ ਸੂਰਬੀਰ ਨੇ ਚੜ੍ਹਾਈ ਕੀਤੀ ਤੇ ਕਪੂਰਾ ਇਕ ਘਾਹ ਦੇ ਢੇਰ ਵਿਚ ਛੁਪ ਗਿਆ॥ ੧੯॥

ਈਸੇ ਖਾਨ ਭਨਜੋ ਬਿਚ ਅਹੈ। ਖੋਜਿ ਲੇਹੁ ਨਹਿਂ ਭਾਗਨਿ ਲਹੈ'।
ਇਤ ਉਤ ਖੋਜਜੋ ਲਿਯੋ ਨਿਕਾਸ। ਗਹਿ ਕਰਿ ਆਨਜੋਂ ਤੁਰਨ ਪਾਸ॥ ੨੦॥

ਈਸੇ ਖਾਨ ਨੇ ਕਿਹਾ, "ਕਪੂਰਾ ਏਸ ਵਿਚ ਹੈ, ਲਭ ਲਵੋ, ਭੱਜ ਨਾ ਜਾਵੇ।" ਏਧਰ ਓਧਰ ਖੋਜ ਕੇ ਲੱਭ ਲਿਆ ਤੇ ਫੜ ਕੇ ਤੁਰਤ ਈਸੇ ਖਾਨ ਦੇ ਪਾਸ ਲਿਆਂਦਾ॥ ੨੦॥

ਦੇਖਿ ਪਠਾਨ ਭਨਜੋ 'ਤੂੰ ਸੂਰਾ। ਇੱਲਾ ਕੁੱਕੜ ਵਾਂਗ ਕਪੂਰਾ।
ਬਾਜ ਰਖਨ ਕੌ ਲਾਜ ਲਗਾਈ'। ਇਮ ਕਹਿ ਕੇ ਲਿਯ ਕੈਦ ਕਰਾਈ॥ ੨੧॥

ਪਠਾਣ ਨੇ ਵੇਖ ਕੇ ਕਿਹਾ, "ਤੂੰ ਸੂਰਬੀਰ ਸੀ ਕਿ ਇੱਲਾਂ ਕੁੱਕੜਾਂ ਵਾਂਗ ਕਪੂਰਾ ਸੀ। ਤੂੰ ਬਾਜ ਰੱਖਣ ਨੂੰ ਵੀ ਲਾਜ ਲਾਈ ਹੈ।" ਇਸ ਪ੍ਰਕਾਰ ਕਹਿ ਕੇ ਉਸ ਨੂੰ ਕੈਦ ਕਰਵਾ ਲਿਆ॥ ੨੧॥

ਈਸੇ ਖਾਨ ਕੂਚ ਕਰ ਦੀਨਿ। ਜਿਤ ਜਾਨੋ ਸੋ ਮਾਰਗ ਲੀਨਿ।
ਰਿਦੇ ਬਿਚਾਰ ਕਰਤਿ ਭਾ ਮਹਾਂ। 'ਇਸ ਪਕਰੇ ਹੁਇ ਹਾਸਲ ਕਹਾਂ'॥ ੨੨॥

ਫਿਰ ਈਸੇ ਖਾਨ ਨੇ ਕੂਚ ਕਰ ਦਿੱਤਾ ਤੇ ਜਿਧਰ ਜਾਣਾ ਸੀ, ਓਧਰ ਦਾ ਰਾਹ ਫੜਿਆ। ਫਿਰ ਈਸੇ ਖਾਨ ਆਪਣੇ ਹਿਰਦੇ ਵਿਚ ਬਹੁਤ ਵਿਚਾਰ ਕਰਦਾ ਸੀ, "ਇਸ ਨੂੰ ਫੜਨ ਨਾਲ ਸਾਨੂੰ ਕੀ ਪ੍ਰਾਪਤ ਹੋਵੇਗਾ"॥ ੨੨॥

ਤਾਲ ਉਜਾਰ ਬਿਖੈ ਇਕ ਹੇਰਾ। ਖਰੇ ਹੋਇ ਬੋਲਜੋ ਤਿਸ ਬੇਰਾ।
ਲਾਦਜੋ ਸੰਗ ਜਾਟ ਕਜਾ ਦੇਹਿ। ਆਛੀ ਬਾਤ ਨ ਛੋਰਨ ਏਹਿ॥ ੨੩॥

ਉਜਾੜ ਦੇ ਵਿਚ ਇਕ ਸਰੋਵਰ ਵੇਖਿਆ, ਉਥੇ ਖੜੇ ਹੋ ਕੇ ਉਸ ਸਮੇਂ ਬੋਲਿਆ, "ਨਾਲ ਲੱਦਿਆ ਹੋਇਆ ਜੱਟ ਕੀ ਦੇਵੇਗਾ। ਇਸ ਨੂੰ ਛੱਡਣਾ ਵੀ ਚੰਗਾ ਨਹੀਂ॥ ੨੩॥

ਯਾਂਤੇ ਇਹ ਦਰਖਤ ਜੋ ਖਰੋ। ਫਾਹੇ ਇਸੇ ਚਢਾਵਨਿ ਕਰੋ'।
ਸੁਨਿ ਪਠਾਨ ਕੋ ਹਕਮ ਸਿਧਾਏ। ਫਾਹੇ ਹੇਤੁ ਕਪੂਰਾ ਲਜਾਏ॥ ੨੪॥

ਇਸ ਕਰਕੇ ਇਹ ਜਿਹੜਾ ਦਰੱਖਤ ਖੜਾ ਹੈ, ਇਸ ਦਰੱਖਤ ਉੱਪਰ ਇਸ ਨੂੰ ਫਾਹੇ ਚੜ੍ਹਾ ਦੇਵੋ। ਪਠਾਣ ਦਾ ਹੁਕਮ ਸੁਣ ਕੇ ਨੌਕਰ ਗਏ ਤੇ ਕਪੂਰੇ ਨੂੰ ਫਾਹੇ ਵਾਸਤੇ ਲਿਆਏ॥ ੨੪॥

ਦੇਖਿ ਮਹਾਂ ਦੁਖ ਪਾਇ ਬਖਾਨਾ। 'ਕਰਨਿ ਦੇਹੁ ਮੁਝ ਇਹਾਂ ਸ਼ਨਾਨਾ।
ਬਦਨ ਤੋਬਰਾ ਫੇਰ ਚਢਾਇ। ਫਾਹਾ ਦੇਹੁ ਬਹੁਰ ਇਸ ਥਾਇਂ'॥ ੨੫॥

ਵੇਖ ਕੇ ਮਹਾਂ ਦੁਖ ਪਾ ਕੇ ਬੋਲਿਆ, "ਮੈਨੂੰ ਏਥੇ ਇਸ਼ਨਾਨ ਕਰਨ ਦੇਵੋ, ਫਿਰ ਮੇਰੇ ਮੂੰਹ ਤੇ ਤੋਬਰਾ ਚੜ੍ਹਾਓ, ਫਿਰ ਇਸ ਥਾਂ ਫਾਹੇ ਦੇ ਦੇਵੋ"॥ ੨੫॥

ਕਿਸ ਨਰ ਬੂਝਜੋ! ਕਜੌਂ ਕਹਿਂ ਐਸੇ? ਵਾਜਬ ਨ੍ਹਾਨ, ਤੋਬਰਾ ਕੈਸੇ?।
ਤਿਨਕੇ ਨਿਕਟ ਬਤਾਵਨ ਕੀਨ। 'ਮੇਰੇ ਗੁਰੂ ਸ੍ਰਾਪ ਇਮ ਦੀਨ॥ ੨੬॥

ਫਿਰ ਕਿਸੇ ਮਨੁੱਖ ਨੇ ਪੁੱਛਿਆ, "ਇਸ ਤਰ੍ਹਾਂ ਕਿਉਂ ਕਹਿੰਦੇ ਹੋ? ਤੋਬਰਾ ਪਾਉਣਾ ਕੈਸੇ ਵਾਜਬ ਹੈ?" ਕਪੂਰਾ ਉਨ੍ਹਾਂ ਨੂੰ ਦੱਸਣ ਲੱਗਾ, "ਮੇਰੇ ਗੁਰੂ ਜੀ ਨੇ ਮੈਨੂੰ ਇਸ ਪ੍ਰਕਾਰ ਸਰਾਪ ਦਿੱਤਾ ਹੈ॥ ੨੬॥

ਖੇਹ ਤੋਬਰਾ ਬਦਨ ਚਢਾਇ। ਫਾਹਾ ਦੇਹਿਂ ਤੁਰਕ ਮਰਿਵਾਇ।
ਅਪਰ ਬਾਤ ਸਗਰੀ ਬਨਿ ਆਈ। ਨਹੀਂ ਤੋਬਰਾ ਤੁਮਹੂੰ ਅਨਾਈ॥ ੨੭॥

ਮਿੱਟੀ ਦਾ ਭਰਿਆ ਤੋਬਰਾ ਮੂੰਹ ਨੂੰ ਚੜ੍ਹਾਉਣਗੇ ਤੇ ਤੁਰਕ ਫਾਹਾ ਦੇ ਕੇ ਮਰਵਾ ਦੇਣਗੇ। ਹੋਰ ਸਾਰੀ ਗੱਲ ਬਣ ਗਈ ਹੈ, ਪਰ ਤੋਬਰਾ ਤੁਸੀਂ ਨਹੀਂ ਮੰਗਵਾਇਆ ਹੈ॥ ੨੭॥

ਸੋ ਮੰਗਵਾਇ ਦੇਹੁ ਮੁਝ ਫਾਸੀ। ਪੂਰਹੁ ਬਾਕ ਗੁਰੂ ਅਬਿਨਾਸ਼ੀ।
ਨਤੁਰ ਤੋਬਰੇ ਹਿਤ ਤਨ ਔਰ। ਸਹੌਂ ਸ੍ਰਾਪ ਧਰਿ ਕੈ ਕਿਸ ਠੌਰ ॥ ੨੮ ॥

ਉਹ ਮੰਗਵਾ ਕੇ ਮੈਨੂੰ ਫਾਂਸੀ ਦੇਵੇ ਤੇ ਅਮਰ ਅਬਿਨਾਸ਼ੀ ਗੁਰੂ ਜੀ ਦੇ ਬਚਨ ਪੂਰੇ ਕਰੇ। ਨਹੀਂ ਤਾਂ ਇਸ ਤੋਬਰੇ ਵਾਸਤੇ ਇਕ ਜਨਮ ਹੋਰ ਧਾਰਨਾ ਪਵੇਗਾ, ਫਿਰ ਕਿਸ ਥਾਂ ਜਨਮ ਧਾਰਨ ਕਰਕੇ ਇਹ ਸਰਾਪ ਬਰਦਾਸ਼ਤ ਕਰਾਂਗਾ' ॥ ੨੮ ॥

ਸੁਨਿ ਕੈ ਤੁਰਕ ਤਥਾ ਹੀ ਕੀਨਿ। ਖੇਹ ਤੋਬਰਾ ਮੁਖ ਬਿਚ ਦੀਨ।
ਪਾਇ ਜੇਵਰਾ ਗਰ ਲਟਕਾਯੋ। ਇਮ ਅਵਗਤਿ ਲਹਿ ਪ੍ਰਾਨ ਗਵਾਯੋ ॥ ੨੯ ॥

ਇਹ ਸੁਣ ਕੇ ਤੁਰਕਾਂ ਨੇ ਉਸ ਤਰ੍ਹਾਂ ਹੀ ਕੀਤਾ, ਮਿੱਟੀ ਘੱਟੇ ਦਾ ਤੋਬਰਾ ਭਰ ਕੇ ਉਸ ਦੇ ਮੂੰਹ ਨੂੰ ਚਾੜ੍ਹ ਦਿੱਤਾ ਤੇ ਰੱਸਾ ਗਲ ਵਿਚ ਪਾ ਕੇ ਦਰੱਖਤ ਉਤੇ ਲਟਕਾ ਦਿੱਤਾ, ਇਸ ਪ੍ਰਕਾਰ ਅਵਗਤੀ ਲੈ ਕੇ ਪ੍ਰਾਣ ਗਵਾ ਲਿਆ ॥ ੨੯ ॥

ਰਾਵਰ ਕੋ ਜੋ ਹੁਕਮ ਨ ਮਾਨਾ। ਮਹਾਂ ਮੂੜ ਲਹਿ ਕਸ਼ਟ ਕਹਾਨਾ'।
ਸੁਨਿ ਸਤਿਗੁਰ ਮੁਖ ਤੂਸ਼ਨਿ ਧਾਰੀ। ਬਾਕ ਅਮੋਘ ਟਰਹਿਂ ਨਹਿਂ ਟਾਰੀ ॥ ੩੦ ॥

ਆਪ ਜੀ ਦਾ ਜਿਹੜਾ ਹੁਕਮ ਨਹੀਂ ਮੰਨਦਾ ਹੈ, ਉਹ ਮਹਾ ਮੂਰਖ ਵੱਡਾ ਕਸ਼ਟ ਪ੍ਰਾਪਤ ਕਰਦਾ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਚੁੱਪ ਧਾਰਨ ਕਰ ਲਈ, ਗੁਰੂ ਜੀ ਦੇ ਅਮੋਘ ਬਚਨ ਟਾਲਣ ਨਾਲ ਵੀ ਟਲਦੇ ਨਹੀਂ ਹਨ ॥ ੩੦ ॥

ਬ੍ਰਹਮ ਅਸਤ੍ਰ ਰਘੁਬਰ ਸਰਸੰਗਾ। ਭਯੋ ਨ ਨਿਸ਼ਫਲ ਸ਼ੱਤ੍ਰੁਨਿ ਭੰਗਾ।
ਨਹੀਂ ਸਮਰਥ ਹਟਾਵਨਿ ਕੋਈ। ਓਟ ਸੁਮੇਰ ਨ ਬਚਿਬੋ ਹੋਈ ॥ ੩੧ ॥

ਜੈਸਾ ਬ੍ਰਹਮ ਅਸਤਰ ਵਰਗਾ ਰਾਮ ਚੰਦਰ ਜੀ ਦਾ ਤੀਰ ਹੈ, ਉਹ ਕਿਸੇ ਪ੍ਰਕਾਰ ਵੀ ਵਿਅਰਥ ਨਹੀਂ ਜਾਂਦਾ ਹੈ, ਵੈਰੀਆਂ ਨੂੰ ਮਾਰ ਲੈਂਦਾ ਹੈ। ਕੋਈ ਵੀ ਉਸ ਨੂੰ ਹਟਾਉਣ ਦੇ ਸਮਰੱਥ ਨਹੀਂ ਹੈ, ਸੁਮੇਰ ਪਰਬਤ ਦੀ ਓਟ ਲੈ ਕੇ ਵੀ ਕੋਈ ਬਚ ਨਹੀਂ ਸਕਦਾ ਹੈ ॥ ੩੧ ॥

ਸੁਨਿ ਬੈਰਾੜ ਤ੍ਰਾਸ ਕੇ ਸਾਥ। ਸ਼ਰਧਾ ਸਹਿਤ ਨਿਵਾਵਹਿਂ ਮਾਥ।
ਕੇਚਿਤ ਦਿਵਸ ਬਿਤੇ ਤਹਿਂ ਔਰ। ਬਸੇ ਪ੍ਰਭੁ ਸੋਢੀ ਸਿਰਮੌਰ ॥ ੩੨ ॥

ਇਹ ਸੁਣ ਕੇ ਬੈਰਾੜ ਨੇ ਡਰ ਦੇ ਨਾਲ ਸ਼ਰਧਾ ਸਹਿਤ ਮੱਥਾ ਨਿਵਾਇਆ। ਕਈ ਦਿਨ ਉਥੇ ਹੋਰ ਬਤੀਤ ਕੀਤੇ ਤੇ ਸ਼ਿਰੋਮਣੀ ਸੋਢੀ ਸੁਲਤਾਨ ਉਥੇ ਰਹਿੰਦੇ ਰਹੇ ॥ ੩੨ ॥

ਅਭੈ ਰਾਮ ਬਡ ਸ਼ੋਕ ਭਯੋ ਹੈ। ਜੁਗ ਪੁੱਤ੍ਰਨਿ ਇਕ ਬਾਰ ਹਯੋ ਹੈ।
ਇਕ ਦਿਨ ਲਾਗਯੋ ਕਰਨਿ ਅਹਾਰਾ। ਬਰਖਾ ਮਹਿਂ ਗਰਜਯੋ ਘਨ ਭਾਰਾ ॥ ੩੩ ॥

ਅਭੈਰਾਮ ਨੂੰ ਵੱਡਾ ਦੁਖ ਹੋਇਆ, ਦੋਵੇਂ ਪੁੱਤਰ ਇਕੋ ਵਾਰ ਮਾਰੇ ਗਏ। ਇਕ ਦਿਨ ਉਹ ਭੋਜਨ ਖਾਣ ਲੱਗਾ ਤੇ ਵਰਖਾ ਦੌਰਾਨ ਬੱਦਲ ਬਹੁਤ ਉੱਚੀ ਆਵਾਜ਼ ਵਿਚ ਗੱਜਿਆ ॥ ੩੩ ॥

ਸਹਿ ਨ ਸਕਯੋ ਦੁਖ ਪਾਇ ਉਚਾਰੇ। 'ਮੁਝ ਕੋ ਸ਼ੋਕ ਭਯੋ ਸੁਤ ਮਾਰੇ।
ਘਰ ਤੇਰੇ ਮਹਿਂ ਭਈ ਵਧਾਈ। ਗਰਜਿ ਗਰਜਿ ਕੈ ਮੋਹਿ ਸੁਨਾਈ ॥ ੩੪ ॥

ਸਹਿ ਨਾ ਸਕਿਆ ਤੇ ਦੁਖ ਪਾ ਕੇ ਉਚਾਰਨ ਕੀਤਾ, ''ਪੁੱਤਰਾਂ ਦੇ ਮਾਰੇ ਜਾਣ ਦਾ ਮੈਨੂੰ ਬਹੁਤ ਦੁਖ ਹੋਇਆ ਹੈ। ਤੇਰੇ ਘਰ ਵਿਚ ਵਧਾਈ ਹੋਈ ਹੈ, ਮੈਨੂੰ ਗੱਜ-ਗੱਜ ਕੇ ਸੁਣਾਉਂਦਾ ਹੈਂ ॥ ੩੪ ॥

ਮੇਰੀ ਪੀਰ ਨ ਤੁਝ ਕੋ ਕੋਈ। ਸ਼ੋਕ ਪਰੋਯੋ ਪੀੜਤਿ ਹੋਈ।
ਅਬਿ ਹਟਿ ਜਾਹੁ ਨ ਦੇਹੁ ਦਿਖਾਈ'। ਅਭੈਰਾਮ ਜਬਿ ਏਵ ਅਲਾਈ ॥ ੩੫ ॥

ਮੇਰੀ ਤੈਨੂੰ ਕੋਈ ਪੀੜ ਨਹੀਂ ਹੈ, ਮੈਨੂੰ ਵਿਪਤਾ ਆ ਪਈ ਹੈ, ਇਸ ਲਈ ਪੀੜ ਹੋਈ ਹੈ, ਹੁਣ ਦੂਰ ਹੋ ਜਾ ਮੈਨੂੰ ਦਿਖਾਈ ਨਾ ਦੇਵੇਂ।" ਅਭੈਰਾਮ ਨੇ ਜਦ ਇਸ ਤਰ੍ਹਾਂ ਕਿਹਾ॥ ੩੫॥

ਝਰ ਮਿਟਿ ਗਯੋ ਨ ਬਰਖ੍ਯੋ ਬਾਰੀ। ਭਾ ਦੁਰਭਿੱਛ ਦੇਸ਼ ਤਿਸ ਭਾਰੀ।
ਚਿਰੰਕਾਲ ਲਗਿ ਮੇਘ ਨ ਆਏ। ਰਵਿ ਤਪਤ੍ਯੋ ਬਹੁ ਨਰ ਅਕੁਲਾਏ॥ ੩੬॥

ਝੜੀ ਹਟ ਗਈ ਤੇ ਪਾਣੀ ਨਾ ਵਰਸਿਆ ਤੇ ਉਸ ਸਮੇਂ ਦੇਸ ਵਿਚ ਭਾਰੀ ਕਾਲ ਪੈ ਗਿਆ। ਬੜੇ ਲੰਮੇ ਸਮੇਂ ਤੱਕ ਬੱਦਲ ਨਾ ਆਏ ਜਦ ਸੂਰਜ ਤਪਿਆ ਤਾਂ ਬਹੁਤ ਲੋਕ ਵਿਆਕੁਲ ਹੋ ਗਏ॥ ੩੬॥

ਇਸ ਪ੍ਰਕਾਰ ਤਿਤ ਕੇਰ ਪ੍ਰਸੰਗ। ਭਯੋ ਉਚਾਰ੍ਯੋ ਸ਼੍ਰੋਤਨ ਸੰਗ।
ਬਾਸ ਦਮਦਮੇ ਸਤਿਗੁਰ ਕੀਨਿ। ਕੇਤਿਕ ਸ੍ਰਾਪ ਕਿਤਿਕ ਬਰ ਲੀਨ॥ ੩੭॥

ਇਸ ਪ੍ਰਕਾਰ ਦਾ ਉਸ ਸਮੇਂ ਦਾ ਪ੍ਰਸੰਗ ਹੈ, ਹੁਣ ਸ੍ਰੋਤਿਆਂ ਦੇ ਨਾਲ ਉਚਾਰਨ ਕੀਤਾ ਹੈ। ਸਤਿਗੁਰੂ ਜੀ ਹੁਣ ਦਮਦਮੇ ਵਿਖੇ ਰਹਿੰਦੇ ਹਨ। ਕਈਆਂ ਨੇ ਸਰਾਪ ਤੇ ਕਈਆਂ ਨੇ ਵਰ ਲਏ ਹਨ॥ ੩੭॥

ਇਕ ਦਿਨ ਬੈਠੇ ਸਭਾ ਮਝਾਰੀ। ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਕਹਹੁ ਧਰਾ ਇਹੁ ਕਿਨੇ ਉਠਾਈ? ਕਿਸ ਊਪਰ ਥਿਰ ਹੋਤਿ ਸਦਾਈ'॥ ੩੮॥

ਇਕ ਦਿਨ ਸਤਿਗੁਰੂ ਸਭਾ ਦੇ ਵਿਚ ਬੈਠੇ ਸਨ ਤੇ ਉਨ੍ਹਾਂ ਨੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, "ਦੱਸੋ ਇਹ ਧਰਤੀ ਕਿਸ ਨੇ ਚੁੱਕੀ ਹੈ? ਕਿਸ ਦੇ ਉੱਪਰ ਇਹ ਸਦਾ ਹੀ ਸਥਿਰ ਰਹਿੰਦੀ ਹੈ"॥ ੩੮॥

ਕੋ ਭਾਖਤਿ 'ਛਿਤ ਧਵਲ ਉਠਾਵੈ'। ਕੇਚਿਤ ਬੋਲੇ 'ਸ਼ੇਸ਼ ਚਵਾਵੈਂ'।
'ਕਮਠ ਪੀਠ ਪਰ' ਕਿਨਹੁਂ ਬਤਾਈ। 'ਕੋਲ ਦਾੜ ਪਰ' ਕਹੈਂ 'ਉਠਾਈ'॥ ੩੯॥

ਕਿਸੇ ਨੇ ਕਿਹਾ, "ਧਰਤੀ ਨੂੰ ਬੌਲਦ ਨੇ ਚੁੱਕਿਆ ਹੈ", ਕਈ ਕਹਿਣ ਲੱਗੇ, "ਸ਼ੇਸ਼ਨਾਗ ਚੁੱਕਦਾ ਹੈ।" ਕਈਆਂ ਨੇ ਦੱਸਿਆ ਕਿ "ਕਛੂ ਨੇ ਆਪਣੀ ਪਿੱਠ ਉੱਪਰ ਚੁੱਕੀ ਹੈ", ਕਈਆਂ ਨੇ ਕਿਹਾ ਕਿ "ਸੂਰ ਨੇ ਆਪਣੀ ਦਾੜ੍ਹ ਉੱਪਰ ਚੁੱਕੀ ਹੈ"॥ ੩੯॥

ਸੁਨਿ ਪੁਨ ਗੁਰੂ ਸੁ ਬੂਝਨਿ ਕਰੇ। 'ਜਿਨਹੁਂ ਉਠਾਈ ਕੋ ਤਿਨ ਤਰੇ?।
ਬਿਨ ਅਲੰਬ ਨਹਿਂ ਸਕਹਿ ਉਠਾਇ। ਜਿਨਹੁਂ ਉਠਾਇ ਸੁ ਦੇਹੁ ਬਤਾਇ'॥੪੦॥

ਇਹ ਸੁਣ ਕੇ ਫਿਰ ਗੁਰੂ ਜੀ ਨੂੰ ਪੁੱਛਿਆ, "ਜਿਨ੍ਹਾਂ ਚੁੱਕੀ ਹੈ, ਉਹ ਕਿਸ ਦੇ ਥੱਲੇ ਖੜੇ ਹਨ? ਕਿਸੇ ਆਸਰੇ ਤੋਂ ਬਗੈਰ ਤਾਂ ਚੁੱਕ ਨਹੀਂ ਸਕਦੇ, ਜਿਨ੍ਹਾਂ ਨੂੰ ਉਨ੍ਹਾਂ ਚੁੱਕਿਆ ਹੈ, ਉਹ ਦੱਸ ਦੇਵੋ"॥ ੪੦॥

ਹਾਥ ਜੋਰਿ ਸਭਿਹੂੰਨਿ ਅਲਾਈ। 'ਕ੍ਰਿਪਾ ਕਰਹੁ ਦਿਹੁ ਆਪ ਬਤਾਈ'।
ਸ਼੍ਰੀ ਮੁਖ ਤੇ ਸਭਿ ਬਿਖੈ ਉਚਾਰਾ। 'ਇਹ ਜੋ ਦੇਖਹੁ ਸਕਲ ਪਸਾਰਾ॥ ੪੧॥

ਹੱਥ ਜੋੜ ਕੇ ਫਿਰ ਸਭਨਾਂ ਨੇ ਕਿਹਾ, "ਕਿਰਪਾ ਕਰਕੇ ਆਪ ਹੀ ਦੱਸ ਦੇਵੋ।" ਫਿਰ ਸਤਿਗੁਰੂ ਜੀ ਨੇ ਸਭ ਦੇ ਵਿਚ ਕਿਹਾ, "ਇਹ ਜਿਹੜਾ ਸਾਰਾ ਪਸਾਰਾ ਵੇਖਦੇ ਹੋ॥ ੪੧॥

ਸਾਚ ਆਸਰੇ ਸਭਿ ਥਿਰ ਭਯੋ। ਸਾਚ ਬਿਨਾ ਅਵਲੰਬ ਨ ਬਿਯੋ।
ਸਾਚ ਆਸਰੇ ਸੂਰਜ ਤਪੈ। ਸਾਚ ਆਸਰੇ ਨਿਸਪਤਿ ਦਿਪੈ॥ ੪੨॥

ਇਹ ਸਾਰਾ ਸੱਚ ਦੇ ਆਸਰੇ ਖੜਾ ਹੈ, ਸੱਚ ਤੋਂ ਬਗੈਰ ਹੋਰ ਆਸਰਾ ਨਹੀਂ ਹੈ। ਸੱਚ ਦੇ ਆਸਰੇ ਸੂਰਜ ਤੱਪਦਾ ਹੈ ਤੇ ਸੱਚ ਦੇ ਆਸਰੇ ਚੰਦਰਮਾਂ ਚਮਕਦਾ ਹੈ॥ ੪੨॥

ਸਾਚ ਆਸਰੇ ਸਿੰਧੁ ਗੰਭੀਰ। ਸਾਚ ਆਸਰੇ ਧਰਤੀ ਧੀਰ।
ਸਾਚ ਆਸਰੇ ਬਾਯੁ ਬਹੰਤਾ। ਸਾਚ ਆਸਰੇ ਅਗਨਿ ਤਪੰਤਾ॥ ੪੩॥

ਸੱਚ ਦੇ ਆਸਰੇ ਸਾਗਰ ਗੰਭੀਰ ਹੈ, ਸੱਚ ਦੇ ਆਸਰੇ ਧਰਤੀ ਧੀਰਜਵਾਨ ਹੈ। ਸੱਚ ਦੇ ਆਸਰੇ ਹਵਾ ਵੱਗਦੀ ਹੈ ਤੇ ਸੱਚ ਦੇ ਆਸਰੇ ਅਗਨੀ ਤਪਦੀ ਹੈ॥ ੪੩॥

ਸਾਚ ਆਸਰੇ ਕੂੜ ਦਿਖੰਤਾ। ਸਾਚ ਬਿਨਾ ਕੂੜ ਨ ਨਿਬਹੰਤਾ।
ਜਥਾ ਰਜੁ ਸਾਚੀ ਦਿਖਿਯੰਤਾ। ਤਿਸ ਮਹਿਂ ਕੂੜ ਸਰਪ ਕਲਪੰਤਾ॥ ੪੪॥

ਸੱਚ ਦੇ ਆਸਰੇ ਸਭ ਕੁਝ ਕੂੜ ਦਿਖਾਈ ਦਿੰਦਾ ਹੈ, ਕੂੜੇ ਪ੍ਰਪੰਚ ਦਾ ਨਿਰਬਾਹ ਸੱਚ ਬਿਨਾਂ ਨਹੀਂ ਹੋ ਸਕਦਾ। ਜਿਵੇਂ ਰੱਸੀ ਸੱਚੀ ਦਿਖਾਈ ਦਿੰਦੀ ਹੈ ਤੇ ਉਸ ਵਿਚ ਝੂਠੇ ਸੱਪ ਦੀ ਕਲਪਨਾ ਹੈ॥ ੪੪॥

ਜੇ ਸਾਚੀ ਰਜੁ ਹੋਇ ਨ ਤਹਾਂ। ਸਰਪ ਕੂੜ ਕੋ ਕਲਪਹਿ ਕਹਾਂ।
ਯਾਂਤੇ ਨਿਸਚੈ ਇਹੈ ਕਰੀਜੈ। ਸਾਚ ਆਸਰੇ ਸਕਲ ਜਨੀਜੈ'॥ ੪੫॥

ਜੇ ਉਥੇ ਸੱਚੀ ਰੱਸੀ ਨਾ ਹੋਵੇ ਤਾਂ ਝੂਠੇ ਸੱਪ ਦੀ ਕਿਵੇਂ ਕਲਪਨਾ ਕਰੇਗਾ। ਇਸ ਕਰਕੇ ਇਹ ਨਿਸ਼ਚਾ ਕਰੋ, ਸਾਰੇ ਬ੍ਰਹਿਮੰਡ ਨੂੰ ਸੱਚ ਦੇ ਆਸਰੇ ਜਾਣੋ'॥ ੪੫॥

ਸੁਨਿ ਕੈ ਸਭਿ ਹੂੰ ਸੀਸ ਨਿਵਾਯੋ। 'ਆਪ ਜਥਾਰਥ ਹੀ ਸਮੁਝਾਯੋ।
ਜਿਸ ਪਰ ਕ੍ਰਿਪਾ ਆਪਕੀ ਹੋਇ। ਸਾਚ ਪਛਾਨੈ ਹਰਿ ਜੀ ਸੋਇ॥ ੪੬॥

ਇਹ ਸੁਣ ਕੇ ਸਾਰਿਆਂ ਨੇ ਸਿਰ ਨਿਵਾਇਆ ਤੇ ਕਿਹਾ, "ਆਪ ਜੀ ਨੇ ਯਥਾਰਥ ਰੂਪ ਵਿਚ ਸਮਝਾਇਆ ਹੈ। ਜਿਸ ਉੱਪਰ ਆਪ ਜੀ ਦੀ ਕਿਰਪਾ ਹੁੰਦੀ ਹੈ ਉਹ ਸੱਚੇ ਪ੍ਰਭੂ ਨੂੰ ਪਛਾਣ ਲੈਂਦਾ ਹੈ ਅਤੇ ਸੱਚ ਬਾਰੇ ਜਾਣ ਲੈਂਦਾ ਹੈ॥ ੪੬॥

ਧੰਨ ਧੰਨ ਸਤਿਸੰਗ ਤੁਮਾਰਾ। ਭਉਜਲ ਪਾਰ ਉਤਾਰਨਹਾਰਾ।
ਜਨਮ ਮਰਨ ਕੋ ਬਹੁਰ ਨ ਫੇਰਾ। ਅਪਨੋ ਜਾਨਿ ਕਰਜੋ ਜੋ ਚੇਰਾ॥ ੪੭॥

ਹੇ ਸਤਿਗੁਰੂ ਜੀ! ਧੰਨ ਧੰਨ ਤੁਹਾਡਾ ਸਤਿਸੰਗ ਹੈ, ਜਿਹੜਾ ਭਵਜਲ ਤੋਂ ਪਾਰਉਤਾਰਾ ਕਰਵਾ ਦਿੰਦਾ ਹੈ। ਫਿਰ ਜਨਮ ਮਰਨ ਦਾ ਦੁਬਾਰਾ ਫੇਰਾ ਨਹੀਂ ਪੈਂਦਾ ਹੈ, ਜਿਸ ਨੂੰ ਆਪਣਾ ਜਾਣ ਕੇ ਆਪਣਾ ਸੇਵਕ ਬਣਾ ਲੈਂਦੇ ਹੋ"॥ ੪੭॥

*ਪਹਿਲੇ ਐਨ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

## *ਅਧਿਆਇ ਇਕੱਤੀਵਾਂ*

### *ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ*

ਦੋਹਰਾ- ਦਯਾ ਸਿੰਘ ਕੋ ਸਿਮਰਤੇ 'ਗਯੋ ਭਯੋ ਚਿਰਕਾਲ।
ਮਿਲਜੋ ਕਿ ਨਹਿਂ ਤੁਰਕੇਸ਼ ਕੋ ਲਾਗੀ ਬਿਲਮ ਬਿਸਾਲ॥ ੧॥

ਸਤਿਗੁਰੂ ਜੀ ਭਾਈ ਦਇਆ ਸਿੰਘ ਨੂੰ ਯਾਦ ਕਰਦੇ ਸਨ ਕਿ "ਉਸ ਨੂੰ ਗਏ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਹੈ। ਉਹ ਮੁਗ਼ਲ ਬਾਦਸ਼ਾਹ ਨੂੰ ਮਿਲਿਆ ਹੈ ਕਿ ਨਹੀਂ, ਬਹੁਤ ਲੰਮੀ ਦੇਰ ਲੱਗ ਗਈ ਹੈ॥ ੧॥

ਚੌਪਈ- ਤਿਹ ਸੁਧ ਲੈ ਹਮ ਦੱਛਨ ਜਾਨਾ। ਕਿਮ ਕਾਰਜ ਭਾ ਕੋਇ ਨ ਜਾਨਾ।
ਕਰਹਿਂ ਪ੍ਰਤੀਛਨ ਸ੍ਰੀ ਭਗਵਾਨ। ਉਤ ਜਿਮ ਭਈ ਸੁਨਹੁਂ ਦੇ ਕਾਨ ॥੨॥

ਉਨ੍ਹਾਂ ਪਾਸੋਂ ਖ਼ਬਰ ਲੈ ਕੇ ਅਸੀਂ ਦੱਖਣ ਵਿਚ ਜਾਣਾ ਹੈ, ਕਿਵੇਂ ਕਾਰਜ ਹੋਇਆ ਹੈ, ਕੋਈ ਵੀ ਜਾਣ ਨਹੀਂ ਸਕਿਆ ਹੈ।" ਸਤਿਗੁਰੂ ਜੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ, ਉਧਰ ਜਿਵੇਂ ਹੋਈ, ਉਸ ਬਾਰੇ ਕੰਨ ਦੇ ਕੇ ਸੁਣੋ॥ ੨॥

ਦੈਨ ਹੁਕਮਨਾਮਾ ਗੁਰ ਕੇਰਾ। ਦਯਾ ਸਿੰਘ ਕਰਿ ਜਤਨ ਬਡੇਰਾ।
ਘਨੇ ਅਮੀਰ ਵਜ਼ੀਰ ਮੁਲਾਨੇ। ਹਜ਼ਰਤਿ ਸਾਥ ਨ ਕੋਇ ਬਖਾਨੇ॥ ੩॥

ਗੁਰੂ ਜੀ ਦਾ ਹੁਕਮਨਾਮਾ ਦੇਣ ਵਾਸਤੇ ਭਾਈ ਦਇਆ ਸਿੰਘ ਨੇ ਬਹੁਤ ਯਤਨ ਕੀਤਾ। ਬਹੁਤ ਅਮੀਰ ਵਜ਼ੀਰ ਮੁਲਾਣੇ ਸਨ, ਪਰ ਬਾਦਸ਼ਾਹ ਨੂੰ ਕੋਈ ਵੀ ਜਾ ਕੇ ਨਹੀਂ ਕਹਿੰਦਾ ਸੀ॥ ੩॥

ਕੇਤਿਕ ਬਾਦੀ ਮਨਮੁਖ ਗੁਰ ਤੇ। ਬਡੇ ਅਸ਼ਰਧਕ ਬੇਮੁਖ ਧੁਰ ਤੇ।
ਜੇ ਕੋਇਕ ਚਾਹਤਿ ਲੇ ਜਾਨੇ। ਸੋ ਬਰਜਤਿ ਬੇ ਮੁਗਧ ਅਜਾਨੇ॥ ੪॥

ਕਈ ਝਗੜਾਲੂ ਆਦਤ ਵਾਲੇ ਗੁਰੂ ਜੀ ਤੋਂ ਮਨਮੁਖ ਸਨ, ਉਹ ਵੱਡੇ ਅਸ਼ਰਧਾਵਾਨ ਤੇ ਧੁਰ ਤੋਂ ਹੀ ਗੁਰੂ ਜੀ ਤੋਂ ਬੇਮੁੱਖ ਸਨ। ਜੇ ਕੋਈ ਨਾਲ ਲੈ ਜਾਣਾ ਵੀ ਚਾਹੁੰਦਾ ਸੀ ਤਾਂ ਉਸ ਨੂੰ ਮੂਰਖ ਅੰਞਾਣ ਰੋਕ ਦਿੰਦੇ ਸਨ॥ ੪॥

ਦਾਵ ਘਾਵ ਕਰਿ ਅਨਿਕ ਪ੍ਰਕਾਰਾ। ਦਯਾ ਸਿੰਘ ਕੋ ਚਲਜੇ ਨ ਚਾਰਾ।
ਹੁਇ ਲਾਚਾਰ ਲਿਖੀ ਅਰਦਾਸ। ਪਹੁਂਚੀ ਸ੍ਰੀ ਸਤਿਗੁਰ ਕੇ ਪਾਸ॥ ੫॥

ਅਨੇਕ ਪ੍ਰਕਾਰ ਦਾਵ ਘਾਵ ਕਰਦੇ ਸਨ, ਇਸ ਪ੍ਰਕਾਰ ਦਇਆ ਸਿੰਘ ਦਾ ਕੋਈ ਵੀ ਚਾਰਾ ਨਾ ਚਲਿਆ। ਉਸ ਨੇ ਫਿਰ ਲਾਚਾਰ ਹੋ ਕੇ ਬੇਨਤੀ ਲਿਖੀ। ਉਹ ਬੇਨਤੀ ਸਤਿਗੁਰੂ ਜੀ ਦੇ ਪਾਸ ਪਹੁੰਚੀ॥ ੫॥

ਜੋਰੀ ਕਾਸਦ ਕੀ ਚਲਿ ਆਈ। ਚਰਨ ਕਮਲ ਪਰ ਗ੍ਰੀਵ ਨਿਵਾਈ।
ਖੋਲੀ ਨਿਜ ਕਰ ਤੇ ਗੁਰ ਪਠੀ। ਦਯਾ ਸਿੰਘ ਬਿਨਤੀ ਲਿਖਿ ਪਠੀ॥ ੬॥

ਹਲਕਾਰਿਆਂ ਦੀ ਜੋੜੀ ਚਲ ਕੇ ਆਈ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਉਨ੍ਹਾਂ ਮੱਥਾ ਟੇਕਿਆ। ਚਿੱਠੀ ਆਪਣੇ ਹੱਥਾਂ ਨਾਲ ਖੋਲ੍ਹ ਕੇ ਪੜ੍ਹੀ। ਦਇਆ ਸਿੰਘ ਨੇ ਬੇਨਤੀ ਲਿਖ ਕੇ ਭੇਜੀ ਸੀ॥ ੬॥

'ਅਪਨਾ ਕਾਰਜ ਆਪ ਬਨਾਵਹੁ। ਜਿਮ ਭੇਜਜੋ ਤਿਮ ਸ਼ਾਹੁ ਮਿਲਾਵਹੁ।
ਇਹਠਾਂ ਸਾਕਤ ਕੂੜ ਕੁਪੱਤੇ। ਮਿਲਨਿ ਦੇਤਿ ਨਹਿਂ ਸ਼ਾਹੁ ਚੁਗੱਤੇ॥ ੭॥

"ਆਪਣਾ ਕਾਰਜ ਆਪ ਬਣਾਵੋ, ਜਿਵੇਂ ਭੇਜਿਆ ਹੈ ਤਿਵੇਂ ਬਾਦਸ਼ਾਹ ਨੂੰ ਵੀ ਮਿਲਵਾਵੋ। ਏਥੋਂ ਦੇ ਰਹਿਣ ਵਾਲੇ ਸਾਰੇ ਪਤਿਤ ਅਤੇ ਕੂੜ ਕੁਪੱਤੇ ਹਨ, ਇਹ ਬਾਦਸ਼ਾਹ ਨੂੰ ਮਿਲਣ ਨਹੀਂ ਦਿੰਦੇ ਹਨ॥ ੭॥

ਅਨਿਕ ਉਪਾਵ ਕਰਤਿ ਮੈਂ ਰਹਜੋ। ਤਊ ਨ ਅੰਤਰ ਮੇਲਾ ਲਹਜੋ।
ਲਿਖਤੁਮ ਦਯਾ ਸਿੰਘ ਇਮ ਬਿਨਤੀ। ਪਠੀ ਹਕੀਕਤਿ ਤਜਿ ਕਰਿ ਗਿਨਤੀ ॥੮॥

ਅਨੇਕਾਂ ਉਪਾਵ ਮੈਂ ਕਰਦਾ ਰਿਹਾ ਹਾਂ, ਫਿਰ ਵੀ ਅੰਦਰ ਮਿਲਣ ਨਹੀਂ ਜਾ ਸਕਿਆ ਹਾਂ। ਦਇਆ ਸਿੰਘ ਵਲੋਂ ਇਹ ਬੇਨਤੀ ਲਿਖ ਕੇ ਹਕੀਕਤ ਅਤੇ ਗਿਣਤੀਆਂ ਛੱਡ ਕੇ ਭੇਜੀ ਗਈ ਹੈ॥ ੮॥

ਚਰਨ ਕਮਲ ਪਰ ਬੰਦਨ ਘਨੀ। ਬਾਰਿ ਬਾਰਿ ਕਰ ਜੋਰਤਿ ਭਨੀ।
ਕ੍ਰਿਪਾ ਕਰਹੁ ਅਬਿ ਬਨਹੁ ਸਹਾਇ। ਤੁਮ ਤੇ ਹੀ ਸਭਿ ਕਿਛ ਬਨਿ ਆਇ ॥੯॥

ਆਪ ਜੀ ਦੇ ਚਰਨ ਕੰਵਲਾਂ ਉੱਪਰ ਮੇਰੀ ਬੰਦਨਾ ਹੈ, ਮੈਂ ਬਾਰ-ਬਾਰ ਹੱਥ ਜੋੜ ਕੇ ਕਹੀ ਹੈ। ਕਿਰਪਾ ਕਰਕੇ ਹੁਣ ਸਹਾਇਕ ਬਣੋ, ਤੁਹਾਡੇ ਪਾਸੋਂ ਹੀ ਸਭ ਕੁਝ ਬਣ ਆਉਂਦਾ ਹੈ"॥ ੯॥

ਪਠਿ ਕਰਿ ਸਤਿਗੁਰ ਸਭਿ ਗਤਿ ਜਾਨੀ। ਪੁਨਹਿ ਪੱਤ੍ਰਿਕਾ ਲਿਖਿਬੇ ਠਾਨੀ।
'ਅਬਿ ਤੂੰ ਤਜਾਰ ਰਹਹੁ ਬਨਿ ਆਛੇ। ਪੱਤ੍ਰੀ ਪਢੇ ਮੇਲ ਹੁਇ ਬਾਛੇ॥ ੧੦॥

ਚਿੱਠੀ ਪੜ੍ਹ ਕੇ ਸਤਿਗੁਰੂ ਜੀ ਨੇ ਸਾਰੀ ਗਤੀ ਜਾਣੀ, ਫਿਰ ਪੱਤਰ ਲਿਖ ਕੇ ਭੇਜਿਆ, 'ਹੁਣ ਤੂੰ ਚੰਗੀ ਤਰ੍ਹਾਂ ਬਣ ਕੇ ਤਿਆਰ ਰਹੋ, ਬਾਦਸ਼ਾਹ ਪੱਤਰੀ ਪੜ੍ਹੇਗਾ ਤੇ ਚੰਗੀ ਤਰ੍ਹਾਂ ਮੇਲ ਹੋਵੇਗਾ॥ ੧੦॥

ਆਪੇ ਹੀ ਅਵਰੰਗ ਬੁਲਵਾਵੈ। ਸੁਨਹਿ ਬਾਰਤਾ ਬਹੁਰ ਸੁਨਾਵੈ'।
ਇੱਤਜਾਦਿਕ ਲਿਖਿ ਤੁਰਤ ਪਠਾਈ। ਦਯਾ ਸਿੰਘ ਕੇ ਨਿਕਟ ਸੁ ਆਈ॥੧੧॥

ਆਪੇ ਹੀ ਨੌਰੰਗਾ ਬੁਲਾ ਲਵੇਗਾ, ਪਹਿਲਾਂ ਵਾਰਤਾ ਸੁਣੇਗਾ, ਫਿਰ ਸੁਣਾਵੇਗਾ।'' ਇਸ ਪ੍ਰਕਾਰ ਲਿਖ ਕੇ ਤੁਰਤ ਭੇਜਿਆ ਤੇ ਉਹ ਚਿੱਠੀ ਫਿਰ ਦਇਆ ਸਿੰਘ ਦੇ ਪਾਸ ਆਈ॥ ੧੧॥

ਪਠੀ ਪੱਤ੍ਰਿਕਾ ਗੁਰ ਕੀ ਜਬੈ। ਸਮੁਝਜੋ, ਕਾਰਜ ਗੁਰ ਕੇ ਸਬੈ।
'ਜਬਹਿ ਸ਼ਾਹੁ ਕੇ ਨਿਕਟਿ ਸਿਧਾਵੇ। ਸ਼ਸਤ੍ਰ ਅਮਾਨਤਿ ਜਾਚੇ ਲਜਾਵੇ'॥੧੨॥

ਜਦ ਭਾਈ ਦਇਆ ਸਿੰਘ ਨੇ ਗੁਰੂ ਜੀ ਦੀ ਚਿੱਠੀ ਪੜ੍ਹੀ ਤਾਂ ਉਹ ਗੁਰੂ ਜੀ ਦੇ ਸਾਰੇ ਕਾਰਜ ਨੂੰ ਜਾਣ ਗਿਆ। ਜਦ ਬਾਦਸ਼ਾਹ ਦੇ ਪਾਸ ਜਾਵੇ ਤਾਂ ਸਾਡਾ ਇਕ ਸ਼ਸਤਰ ਉਸ ਪਾਸ ਅਮਾਨਤ ਹੋਵੇਗਾ ਸੋ ਮੰਗ ਲਿਆਉਣਾ'॥ ੧੨॥

ਅਧਿਕ ਅਨੰਦਤਿ ਹੁਇ ਤਬਿ ਥਿਰਜੋ। ਮਾਨਹੁ ਕਾਜ ਸਕਲ ਹੀ ਕਰਜੋ।
ਸੋ ਦਿਨ ਬੀਤਾ ਨਿਸ ਹੁਇ ਆਈ। ਅਵਰੰਗ ਦਮ ਕੋ ਕਰਤਿ ਸਦਾਈ॥੧੩॥

ਫਿਰ ਭਾਈ ਦਇਆ ਸਿੰਘ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ, ਮਾਨੋ ਸਾਰਾ ਕਾਰਜ ਹੋ ਗਿਆ ਸੀ। ਫਿਰ ਦਿਨ ਬੀਤ ਗਿਆ ਤੇ ਰਾਤ ਪੈ ਗਈ। ਨੌਰੰਗਾ ਸਦਾ ਹੀ ਪ੍ਰਾਣਾਯਾਮ ਕਰਦਾ ਸੀ॥ ੧੩॥

ਤਿਸ ਕੇ ਬਲ ਕਰ ਜਾਤਿ ਹਮੇਸ਼। ਕਾਬੇ ਕਰਹਿ ਨਿਵਾਜ ਅਸ਼ੇਸ਼।
ਜਬਿ ਅਪਨੋ ਤਿਨ ਵਖਤ ਪਛਾਨਾ। ਹਜ਼ਰਤ ਕਰਨ ਸੁ ਦਮ ਕੋ ਠਾਨਾ॥੧੪॥

ਤਿਸ ਦੇ ਬਲ ਨਾਲ ਹਮੇਸ਼ਾ ਜਾਂਦਾ ਸੀ ਤੇ ਕਾਬੇ ਵਿਚ ਜਾ ਕੇ ਨਿਮਾਜ਼ ਪੜ੍ਹਦਾ ਸੀ। ਜਦ ਆਪਣਾ ਉਸ ਸਮਾਂ ਪਛਾਣਿਆ, ਬਾਦਸ਼ਾਹ ਨੇ ਪ੍ਰਾਣਾਯਾਮ ਕਰਨ ਵਾਸਤੇ ਦਮ ਨੂੰ ਰੋਕਿਆ॥ ੧੪॥

ਮੱਕੇ ਪਹੁੰਚਜੋ ਕਰਨਿ ਨਿਵਾਜ। ਗਾਥ ਲਖੀ ਸਭਿ ਗੁਰੁ ਮਹਾਂਰਾਜ।
ਤਿਸਕੀ ਸੂਰਤ ਕੇਰ ਗ਼ਰੂਰ। ਪ੍ਰਭੁ ਬਿਚਾਰਜੋ ਕਰਿਬੇ ਦੂਰ॥ ੧੫॥

ਤੇ ਜਦ ਮੱਕੇ ਨਿਮਾਜ਼ ਪੜ੍ਹਨ ਵਾਸਤੇ ਪਹੁੰਚਿਆ ਤਾਂ ਉਸ ਨੇ ਉਥੇ ਜਾ ਕੇ ਗੁਰੂ ਮਹਾਰਾਜ ਦੀ ਸਾਰੀ ਗਾਥਾ ਨੂੰ ਜਾਣਿਆ। ਉਸਦੀ ਸੂਰਤ ਦਾ ਗ਼ਰੂਰ, ਪ੍ਰਭੂ ਨੇ ਦੂਰ ਕਰਨ ਬਾਰੇ ਵਿਚਾਰ ਕੀਤੀ॥ ੧੫॥

ਕਮਰਕਸਾ ਕਰਿ ਸ਼ਸਤ੍ਰਨਿ ਧਰਿਕੈ। ਨਿਜ ਤੁਰੰਗ ਆਰੂਢਨਿ ਕਰਿਕੈ।
ਮੱਕੇ ਪਹੁਚੇ ਸਤਿਗੁਰ ਜਾਈ। ਬਿਚਰੇ ਮੰਦਿਰ ਕੇ ਚਹੁੰ ਘਾਈ॥ ੧੬॥

ਕਮਰਕਸਾ ਕਰਕੇ ਤੇ ਸ਼ਸਤਰ ਧਾਰਨ ਕਰਕੇ ਤੇ ਆਪਣੇ ਘੋੜੇ ਉੱਪਰ ਸਵਾਰ ਹੋ ਕੇ, ਸਤਿਗੁਰੂ ਜੀ ਮੱਕੇ ਜਾ ਪਹੁੰਚੇ ਤੇ ਮੰਦਰ ਦੇ ਚਾਰੇ ਪਾਸੇ ਫਿਰਦੇ ਰਹੇ॥ ੧੬॥

ਜਬਿ ਨਿਵਾਜ ਕਰਿ ਨਿਕਸਜੋ ਬਾਹਰ। ਪ੍ਰਭੁ ਸਰੂਪ ਦਿਖਰਾਯੋ ਜ਼ਾਹਰ।
ਕ੍ਰੂਰ ਦ੍ਰਿਸ਼ਟਿ ਤੇ ਦੇਖਨਿ ਕਰਜੋ। ਨਿਕਸਤਿ ਪ੍ਰਾਣ ਮਨੋ ਮਨ ਡਰਜੋ॥ ੧੭॥

ਜਦ ਨਿਮਾਜ਼ ਪੜ੍ਹ ਕੇ ਬਾਹਰ ਨਿਕਲਿਆ ਤਾਂ ਸਤਿਗੁਰੂ ਜੀ ਨੇ ਪ੍ਰਗਟ ਰੂਪ ਵਿਚ ਆਪਣਾ ਸਰੂਪ ਵਿਖਾਇਆ ਤੇ ਉਸ ਨੇ ਭੈਦਾਇਕ ਦ੍ਰਿਸ਼ਟੀ ਨਾਲ ਵੇਖਿਆ, ਮਾਨੋ ਪ੍ਰਾਣ ਨਿਕਲ ਚਲੇ ਸਨ, ਇਸ ਪ੍ਰਕਾਰ ਮਨ ਵਿਚ ਡਰ ਗਿਆ॥ ੧੭॥

ਉਗ੍ਰ ਬਾਕ ਤੇ ਕੀਨਿ ਬਖਾਨੀ। 'ਕੋ ਹੈਰੇ! ਮੂਰਖ ਮਦ ਮਾਨੀ?।
ਆਗੈ ਹੋਇ, ਚਹਤਿ ਜੇ ਭਲਜੋ'। ਸੁਨਿ ਭੈ ਧਰਿ ਕਰਿ ਤੂਰਨ ਚਲਜੋ॥੧੮॥

ਬੜੇ ਭਿਆਨਕ ਬਚਨ ਬੋਲ ਕੇ ਕਿਹਾ, "ਘੁਮੰਡੀ ਹੰਕਾਰੀ ਮੂਰਖ ਕੀ ਵੇਖਦਾ ਹੈਂ। ਜੇ ਆਪਣਾ ਭਲਾ ਚਾਹੁੰਦਾ ਹੈਂ ਤਾਂ ਅੱਗੇ ਲੱਗ' ਸੁਣ ਕੇ ਭੈ ਧਾਰ ਕੇ ਨੌਰੰਗਾ ਤੁਰਤ ਚਲ ਪਿਆ॥ ੧੮॥

ਨਿਜ ਤੁਰੰਗ ਕੇ ਕਰਜੋ ਅਗਾਰੀ। ਲੇ ਗਮਨੇ ਪ੍ਰਭੁ ਦੂਰ ਪਹਾਰੀ।
ਪੁਰਸ਼ੋਤਮ ਕੀ ਸਭਾ ਬਿਸਾਲਾ। ਤਹਾਂ ਕਰਜੋ ਠਾਂਢੋ ਤਿਸ ਕਾਲਾ॥ ੧੯॥

ਆਪਣੇ ਘੋੜੇ ਦੇ ਅੱਗੇ ਲਾ ਲਿਆ ਤੇ ਸਤਿਗੁਰੂ ਜੀ ਲੈ ਕੇ ਦੂਰ ਪਹਾੜੀਆਂ ਵਿਚ ਚਲੇ ਗਏ। ਵਾਹਿਗੁਰੂ ਦੀ ਵਿਸ਼ਾਲ ਸਭਾ ਲੱਗੀ ਹੋਈ ਸੀ। ਉਸ ਸਮੇਂ ਉਥੇ ਜਾ ਖੜਾ ਕੀਤਾ॥ ੧੯॥

ਤ੍ਰਸਤਿ ਅਧਿਕ ਉਰ ਥਿਰ ਹ੍ਵੈ ਰਹਜੋ। ਅਜਬ ਥਾਨ ਪਿਖਿ ਬਿਸਮੈ ਲਹਜੋ॥
ਤਬਿ ਅਕਾਸ਼ ਬਾਨੀ ਹੁਇ ਆਈ। ਸੁਨਿਯਤਿ ਦੂਰ ਨ ਦੇਖੀ ਜਾਈ॥੨੦॥

ਦਿਲ ਵਿਚ ਬਹੁਤ ਡਰਦਾ ਹੋਇਆ ਉਥੇ ਖੜਾ ਰਿਹਾ, ਅਜੀਬ ਸਥਾਨ ਵੇਖ ਕੇ ਬਹੁਤ ਹੈਰਾਨ ਹੋਇਆ। ਫਿਰ ਉਸ ਨੂੰ ਅਕਾਸ਼ ਬਾਣੀ ਹੋਈ, ਦੂਰ ਤੋਂ ਸੁਣਾਈ ਦਿੰਦੀ ਸੀ ਤੇ ਵੇਖੀ ਨਹੀਂ ਸੀ ਜਾ ਸਕਦੀ॥ ੨੦॥

'ਰੇ ਬੰਦੇ ਮਤਿ ਮੰਦ ਅਜਾਨ! ਮਤਿ ਕਰਿ ਸੂਰਤ ਕੇਰਿ ਗੁਮਾਨ॥
ਹਮ ਜੋ ਗੁਰੂ ਗੁਰੂ ਸੋ ਹਮ ਹੈਂ। ਤੂੰ ਬੰਦਾ ਕਿਮ ਹੋਵਤਿ ਸਮ ਹੈਂ॥ ੨੧॥

"ਹੇ ਮੂਰਖ ਮੱਤ ਵਾਲੇ ਅੰਞਾਣ ਬੰਦੇ, ਆਪਣੀ ਸੂਰਤ ਉੱਪਰ ਗੁਮਾਨ ਨਾ ਕਰ। ਜਿਸ ਗੁਰੂ ਜੀ ਨੂੰ ਤੂੰ ਲਭਦਾ ਫਿਰਦਾ ਹੈਂ, ਉਹ ਗੁਰੂ ਜੀ ਅਸੀਂ ਹਾਂ, ਤੂੰ ਬੰਦਾ ਹੋਕੇ ਕਿਵੇਂ ਉਸ ਗੁਰੂ ਜੀ ਦੇ ਬਰਾਬਰ ਹੋ ਸਕਦਾ ਹੈਂ?॥ ੨੧॥

ਮਤਿ ਬਰਾਬਰੀ ਕਰਿ ਮਤਿ ਮੰਦੇ! ਏਹ ਤੋ ਮੇਰੁ, ਰੰਚ ਤੂੰ ਬੰਦੇ!।
ਮਤ ਸਲਤਨ ਕੋ ਧਰਹੁ ਗੁਮਾਨ। ਆਜ ਕਿ ਕਾਲ ਫਨਾਹੀ ਜਾਨ॥ ੨੨॥

ਹੇ ਮਾੜੀ ਮੱਤ ਵਾਲੇ! ਉਸ ਦੀ ਬਰਾਬਰੀ ਮਤ ਕਰ। ਉਹ ਤਾਂ ਸੁਮੇਰ ਪਰਬਤ ਹੈ ਤੇ ਤੂੰ ਇਕ ਰੰਚ ਮਾਤ੍ਰ ਹੈਂ। ਆਪਣੀ ਬਾਦਸ਼ਾਹਤ ਦਾ ਘੁਮੰਡ ਨਾ ਧਾਰਨ ਕਰ, ਅੱਜ ਕਿ ਕੱਲ੍ਹ ਇਹ ਫਨਾਹ ਹੋ ਜਾਣੀ ਹੈ॥ ੨੨॥

ਅਬਿ ਸਤਿਗੁਰ ਜੀ! ਦਿਹੁ ਇਸ ਛੋਰਿ। ਇਮ ਸੁਨਿ ਹਟੇ ਸੁ ਪਾਛਲ ਓਰ।
ਬਹੁਰ ਖਰੇ ਕਰਿ ਗੁਰੂ ਨਿਹਾਰਾ। 'ਏਕ ਕਪੀਰਾ ਲੇਹੁ ਹਮਾਰਾ॥ ੨੩॥

ਹੁਣ ਸਤਿਗੁਰੂ ਜੀ! ਇਸ ਨੂੰ ਛੱਡ ਦੇਵੋ।" ਇਹ ਸੁਣ ਕੇ ਪਿਛਲੇ ਪਾਸੇ ਵਲ ਆ ਗਏ। ਫਿਰ ਖੜਾ ਕਰਕੇ ਗੁਰੂ ਜੀ ਨੇ ਉਸ ਵੱਲ ਵੇਖਿਆ ਤੇ ਕਿਹਾ, "ਇਕ ਕਟਾਰ ਸਾਡੇ ਪਾਸੋਂ ਲਵੋ॥ ੨੩॥

ਬੈਠਜੋ ਸਿੰਘ ਕਿਤਿਕ ਦਿਨ ਭਏ। ਤੋਹਿ ਮਿਲਨਿ ਕੋ ਹਮ ਪਠਿ ਦਏ।
ਸੋ ਮਾਂਗਹਿ ਇਹ ਦੇਵਨ ਕਰਹੁ। ਇਤਨੇ ਭਲੇ ਸੰਭਾਰਿ ਸੁਧਰਹੁ॥ ੨੪॥

ਕੁਝ ਦਿਨਾਂ ਦੇ ਬਾਅਦ ਤੈਨੂੰ ਮਿਲਣ ਵਾਸਤੇ ਆਪਣਾ ਇਕ ਸਿੰਘ ਭੇਜਾਂਗੇ, ਜਦ ਉਹ ਇਹ ਹਥਿਆਰ ਮੰਗੇ ਤਾਂ ਉਸ ਨੂੰ ਦੇ ਦੇਣਾ, ਓਨਾ ਚਿਰ ਆਪਣੇ ਪਾਸ ਸੰਭਾਲ ਕੇ ਰੱਖੋ॥ ੨੪॥

ਅਬਿ ਚਲਿ ਜਾਹੁ ਤਜਜੋ ਤੁਝ ਤਾਂਈ। ਨਹੀਂ ਦਈ ਕਿਸ ਭਾਂਤਿ ਸਜ਼ਾਈ'।
ਛੁਟਿਕੈ ਸੁਨਿਕੈ ਥਰਹਰਿ ਕਾਂਪਾ। ਪਸ਼ਚਾਤਾਪ ਸੰਤਾਪਤਿ ਆਪਾ॥ ੨੫॥

ਹੁਣ ਚਲੇ ਜਾ, ਤੈਨੂੰ ਛੱਡਦੇ ਹਾਂ, ਤੈਨੂੰ ਕਿਸੇ ਪ੍ਰਕਾਰ ਵੀ ਸਜ਼ਾ ਨਹੀਂ ਦਿੱਤੀ ਹੈ।'' ਬਾਦਸ਼ਾਹ ਛੁਟਕਾਰਾ ਪਾ ਕੇ ਤੇ ਇਹ ਸੁਣ ਕੇ ਥਰ-ਥਰ ਕੰਬਿਆ, ਪਸ਼ਚਾਤਾਪ ਕਰਕੇ ਆਪਾ ਬੜਾ ਦੁਖੀ ਹੁੰਦਾ ਸੀ॥ ੨੫॥

ਸਤਿਗੁਰ ਤਬੈ ਦਮਦਮੇ ਆਏ। ਅਵਰੰਗ ਅਪਨੇ ਸਿਵਰ ਸਿਧਾਏ।
ਸਗਰੀ ਜਾਮਨਿ ਨੀਂਦ ਨ ਆਈ। ਤ੍ਰਾਸਤਿ ਅਧਿਕੈ ਜਾਗਿ ਬਿਤਾਈ॥ ੨੬॥

ਸਤਿਗੁਰੂ ਜੀ ਤਦ ਦਮਦਮੇ ਆ ਗਏ ਤੇ ਨੌਰੰਗਾ ਆਪਣੇ ਡੇਰੇ ਚਲਾ ਗਿਆ। ਨੌਰੰਗੇ ਨੂੰ ਸਾਰੀ ਰਾਤ ਨੀਂਦ ਨਾ ਆਈ, ਬਹੁਤ ਡਰ ਮੰਨ ਕੇ ਜਾਗਦਿਆਂ ਬਤੀਤ ਕੀਤੀ॥ ੨੬॥

ਬਡੀ ਫਜਰ ਤੈਂ ਕੀਨਿ ਸ਼ਨਾਨ। ਬਦਨ ਪਾਕ ਕਰਿ ਤਬੈ ਮਹਾਨ।
ਸਭਾ ਸਥਾਨ ਸੁ ਬੈਠਜੋ ਆਈ। ਪਠਿ ਮਾਨਵ ਸਭਿ ਲੀਏ ਬੁਲਾਈ॥ ੨੭॥

ਨੌਰੰਗੇ ਨੇ ਸਵੇਰ ਹੋਣ 'ਤੇ ਇਸ਼ਨਾਨ ਕੀਤਾ ਤੇ ਫਿਰ ਆਪਣਾ ਸਰੀਰ ਮਹਾਨ ਪਵਿੱਤਰ ਕੀਤਾ। ਫਿਰ ਸਭਾ ਵਾਲੇ ਸਥਾਨ 'ਤੇ ਆ ਬੈਠਾ ਤੇ ਸੁਨੇਹਾ ਭੇਜ ਕੇ ਸਾਰੇ ਮਨੁੱਖਾਂ ਨੂੰ ਬੁਲਾ ਲਿਆ॥ ੨੭॥

ਜੇ ਉਮਰਾਵ ਵਜ਼ੀਰ ਮੁਲਾਨੇ। ਮਸਲੰਦੀ ਸਭਿ ਆਵਨ ਠਾਨੇ।
ਕਾਜ਼ੀ ਗਨ ਉਲਮਾਉ ਘਨੇਰੇ। ਕਰਿ ਤਸਲੀਮਾਤਾਂ ਤਿਸ ਬੇਰੇ॥ ੨੮॥

ਜਿਹੜੇ ਉਮਰਾਵ, ਵਜ਼ੀਰ, ਮੁਲਾਨੇ ਅਤੇ ਸਲਾਹਕਾਰ ਸਨ ਸਾਰੇ ਆ ਗਏ। ਬਹੁਤ ਕਾਜ਼ੀ ਅਤੇ ਵਿਦਵਾਨ ਵੀ ਆਏ ਤੇ ਸਾਰਿਆਂ ਨੇ ਉਸ ਸਮੇਂ ਸਲਾਮਾਂ ਕੀਤੀਆਂ॥ ੨੮॥

ਨਿਜ ਨਿਜ ਥਾਨ ਸਮੁਦਾਈ। ਸਭਿ ਕਹਿੰ ਅਵਰੰਗ ਬਾਤ ਚਲਾਈ।
'ਗੁਰ ਕੋ ਸਿੰਘ ਇਹਾਂ ਚਲਿ ਆਯੋ ?'। ਕੇਤਿਕ ਸੁਨਿ ਕਰ ਜੋਰਿ ਬਤਾਯੋ॥੨੯॥

ਜਦ ਆਪਣੇ-ਆਪਣੇ ਸਥਾਨ 'ਤੇ ਸਭ ਬੈਠ ਗਏ ਤਾਂ ਸਾਰਿਆਂ ਨੂੰ ਕਹਿ ਕੇ ਨੌਰੰਗੇ ਨੇ ਗੱਲ ਚਲਾਈ, ''ਕੀ ਕੋਈ ਗੁਰੂ ਜੀ ਦਾ ਸਿੰਘ ਏਥੇ ਚਲ ਕੇ ਆਇਆ ਸੀ ?'' ਕਈਆਂ ਨੇ ਸੁਣ ਕੇ ਹੱਥ ਜੋੜ ਕੇ ਦੱਸਿਆ॥ ੨੯॥

'ਹਜ਼ਰਤ ਜੀ ਬਹੁ ਦਿਨ ਤੇ ਆਵਾ। ਨਹਿੰ ਕਿਨਹੂੰ ਤੁਮ ਸੰਗ ਮਿਲਾਵਾ।
ਚਹਤਿ ਨਿਰੰਤਰ ਅੰਤਰ ਐਬੇ। ਜਤਨ ਅਨਿਕ ਤੇ ਪ੍ਰਵਿਸ਼ ਨ ਪੈਬੇ'॥ ੩੦॥

''ਹੇ ਬਾਦਸ਼ਾਹ ਸਲਾਮਤ, ਬਹੁਤ ਦਿਨਾਂ ਤੋਂ ਏਥੇ ਆਇਆ ਹੈ, ਕਿਸੇ ਨੇ ਵੀ ਤੁਹਾਡੇ ਨਾਲ ਨਹੀਂ ਮਿਲਾਇਆ ਹੈ, ਬਹੁਤ ਯਤਨ ਕਰਕੇ ਵੀ ਉਹ ਅੰਦਰ ਪ੍ਰਵੇਸ਼ ਨਹੀਂ ਹੋ ਸਕਿਆ ਹੈ''॥ ੩੦॥

ਸੁਨਿ ਤਤਛਿਨ ਅਵਰੰਗ ਬੁਲਿਵਾਯੋ। ਦਯਾ ਸਿੰਘ ਨਰ ਸੰਗ ਸਿਧਾਯੋ।
ਧਰਮ ਸਿੰਘ ਸਨ ਅੰਤਰ ਗਏ। ਸਿਰ ਨਿਵਾਵਬੋ ਤੁਰਕ ਨ ਕਏ॥ ੩੧॥

ਇਹ ਸੁਣ ਕੇ ਨੌਰੰਗੇ ਨੇ ਤੁਰਤ ਬੁਲਵਾਇਆ, ਦਇਆ ਸਿੰਘ ਕੁਝ ਸ਼ਾਹੀ ਮਨੁੱਖਾਂ ਦੇ ਨਾਲ ਅੰਦਰ ਗਿਆ। ਧਰਮ ਸਿੰਘ ਦੇ ਸਮੇਤ ਉਹ ਅੰਦਰ ਗਿਆ। ਪਰ ਤੁਰਕ ਨੂੰ ਸਿਰ ਨਾ ਨਿਵਾਇਆ॥ ੩੧॥

ਕਰਜੋ ਹੁਕਮਨਾਂਵਾਂ ਸੁ ਅਗਾਰੀ। ਧਰਿਕੈ ਸ਼ਾਹੁ ਸਮੀਪ ਉਚਾਰੀ।
'ਵਾਹਿਗੁਰੂ ਗੁਰ ਜੀ ਕੀ ਫਤੇ'। ਕਹੀ ਹੁਕਮਨਾਮੇ ਦਿਸ਼ਿ ਚਿਤੇ॥ ੩੨॥

ਗੁਰੂ ਜੀ ਦਾ ਹੁਕਮਨਾਮਾ ਅੱਗੇ ਧਰ ਕੇ ਬਾਦਸ਼ਾਹ ਦੇ ਪਾਸ ਉਚਾਰਨ ਕੀਤਾ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਹੁਕਮਨਾਮੇ ਵਲ ਵੇਖ ਕੇ ਇਹ ਫ਼ਤਹਿ ਬੁਲਾਈ॥ ੩੨॥

ਪਰਵਾਨੇ ਕੋ ਕਰਿ ਅਗਵਾਈ। ਅਪਨੀ ਸਿੱਖੀ ਰਾਖਿ ਦਿਖਾਈ।
ਸੁਨਿ ਪਿਖਿਕੈ ਅਵਰੰਗ ਚੁਗੱਤਾ। ਨਹਿਂ ਕੁਛ ਬੋਲਜੋ ਮਦ ਕਰਿ ਮੱਤਾ॥ ੩੩॥

ਫਿਰ ਪਰਵਾਨੇ ਨੂੰ ਅੱਗੇ ਕਰਕੇ, ਆਪਣੀ ਸਿੱਖੀ ਦੀ ਰੱਖ ਵਿਖਾਈ। ਸੁਣ ਕੇ ਅਤੇ ਵੇਖ ਕੇ, ਚੁਗੱਤਾ ਨੌਰੰਗਾ, ਹਕੂਮਤ ਦੇ ਨਸ਼ੇ ਵਿਚ ਮਸਤ ਹੋਇਆ ਵੀ ਕੁਝ ਨਾ ਬੋਲਿਆ॥ ੩੩॥

ਪਰਵਾਨਾ ਕੁਛ ਪਢਜੋ ਪਢਾਯੋ। ਸਭਿ ਮਤਲਬ ਸਮਝਜੋ ਸਮੁਝਾਯੋ।
ਪੁਨ ਪਾਛੇ ਤੇ ਪਠਿ ਕਰਿ ਜਾਨਾ। 'ਦੇ ਦੀਜੈ ਹਮਰੀ ਜੁ ਅਮਾਨਾ'॥ ੩੪॥

ਨੌਰੰਗੇ ਨੇ ਕੁਝ ਪਰਵਾਨਾ ਪੜ੍ਹਿਆ ਤੇ ਕੁਝ ਪੜ੍ਹਵਾਇਆ। ਸਾਰਾ ਮਤਲਬ ਸਮਝਿਆ ਅਤੇ ਸਮਝਾਇਆ, ਫਿਰ ਬਾਅਦ ਵਿਚ ਪੜ੍ਹ ਕੇ ਜਾਣਿਆ। "ਸਾਡੀ ਅਮਾਨਤ ਦੇ ਦੇਵੋ"॥ ੩੪॥

ਗੁਪਤੀ ਪਠਜੋ ਸੁਨਜੋ ਥੋ ਸਾਰਾ। ਸੁਨਿ ਅਵਰੰਗੇ ਪੁਨਹਿ ਉਚਾਰਾ।
'ਹੋ ਤੁਮ ਕੌਨ ਕਹਾਂ ਤੇ ਆਏ? ਕੌਨ ਕਾਜ ਕੋ ਕਿਨਹੁਂ ਪਠਾਏ?'॥ ੩੫॥

ਨੌਰੰਗੇ ਨੇ ਗੁਪਤ ਤੌਰ 'ਤੇ ਪੜ੍ਹਿਆ ਅਤੇ ਸੁਣਿਆ ਸੀ, ਫਿਰ ਸੁਣ ਕੇ ਨੌਰੰਗੇ ਨੇ ਉਚਾਰਨ ਕੀਤਾ, "ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ? ਕਿਸ ਕਾਰਜ ਵਾਸਤੇ ਕਿਸ ਨੇ ਭੇਜੇ ਹਨ?"॥ ੩੫॥

ਦਯਾ ਸਿੰਘ ਤਬਿ ਕਹਜੋ ਸੁਨਾਈ। 'ਹਮ ਗੁਰ ਸਿਖ ਗੁਰ ਦਏ ਪਠਾਈ।
ਮੱਦ੍ਰ ਦੇਸ਼ ਤੇ ਚਲਿ ਇਤ ਆਏ। ਮਿਲਨ ਕਾਜ ਸਤਿਗੁਰ ਫ਼ੁਰਮਾਏ'॥ ੩੬॥

ਦਇਆ ਸਿੰਘ ਨੇ ਫਿਰ ਸੁਣਾ ਕੇ ਕਿਹਾ, "ਅਸੀਂ ਗੁਰੂ ਦੇ ਸਿੱਖ ਹਾਂ, ਗੁਰੂ ਜੀ ਨੇ ਭੇਜੇ ਹਨ, ਪੰਜਾਬ ਦੇਸ਼ ਤੋਂ ਚਲ ਕੇ ਏਧਰ ਆਏ ਹਾਂ। ਆਪ ਜੀ ਨੂੰ ਮਿਲਣ ਵਾਸਤੇ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ'॥ ੩੬॥

ਸੁਨਿ ਨੌਰੰਗੇ ਬਾਕ ਉਚਾਰੇ। 'ਅਬਿ ਕਿਸ ਥਲ ਹੈਂ ਗੁਰੂ ਤੁਮਾਰੇ।
ਕਹਾਂ ਬੈਠਿ ਕਰਿ ਤੁਮਹੁਂ ਪਠਾਯੋ। ਤਿਹ ਠਾਂ ਰਹਜੋ ਕਿ ਅਨਤ ਸਿਧਾਯੋ?'॥ ੩੭॥

ਇਹ ਸੁਣ ਕੇ ਨੌਰੰਗੇ ਨੇ ਕਿਹਾ, "ਹੁਣ ਤੁਹਾਡੇ ਗੁਰੂ ਜੀ ਕਿਸ ਸਥਾਨ ਤੇ ਰਹਿੰਦੇ ਹਨ? ਕਿੱਥੇ ਬੈਠ ਕੇ ਤੁਹਾਨੂੰ ਭੇਜਿਆ ਹੈ, ਉਹ ਉਸ ਸਥਾਨ 'ਤੇ ਟਿਕੇ ਰਹੇ ਹਨ ਕਿ ਕਿਸੇ ਹੋਰ ਸਥਾਨ 'ਤੇ ਚਲੇ ਗਏ ਹਨ?"॥ ੩੭॥

ਦਯਾ ਸਿੰਘ ਸੁਨਿ ਉੱਤਰ ਦੀਨਾ। 'ਸਰਬ ਸਥਾਨ ਗੁਰੂ ਹਮ ਚੀਨਾ।
ਜਹਾਂ ਜੁ ਸਿਮਰਹਿਂ ਹਾਜ਼ਰ ਹੋਇਂ। ਅਬਿ ਤੇਰੇ ਆਗੇ ਗੁਰ ਸੋਇ'॥ ੩੮॥

ਦਇਆ ਸਿੰਘ ਨੇ ਸੁਣ ਕੇ ਉੱਤਰ ਦਿੱਤਾ, "ਅਸੀਂ ਹਰ ਥਾਂ ਗੁਰੂ ਜੀ ਨੂੰ ਵੇਖਦੇ ਹਾਂ, ਜਿੱਥੇ ਵੀ ਉਨ੍ਹਾਂ ਨੂੰ ਯਾਦ ਕਰਦੇ ਹਾਂ, ਉਹ ਹਾਜ਼ਰ ਹੋ ਜਾਂਦੇ ਹਨ, ਹੁਣ ਤੇਰੇ ਅੱਗੇ ਗੁਰੂ ਜੀ ਮੌਜੂਦ ਹਨ'॥ ੩੮॥

ਬਹੁਰ ਬੂਝਿਬੇ ਹੇਤੁ 'ਨਰੰਗਾ। ਬੋਲਜੋ ਮੁਖ ਤੇ ਸਿੰਘਨ ਸੰਗਾ।
'ਤੁਮ ਗੁਰ ਸਿਖ ਅਰੁ ਗੁਰੂ ਤੁਮਾਰੇ। ਲਖਿਯਤਿ ਕਰਾਮਾਤ ਕੋ ਧਾਰੇ'॥ ੩੯॥

ਨੌਰੰਗਾ ਫਿਰ ਪੁੱਛਣ ਵਾਸਤੇ ਸਿੰਘਾਂ ਦੇ ਨਾਲ ਮੁਖ ਤੋਂ ਬੋਲਿਆ, 'ਤੁਸੀਂ ਗੁਰੂ ਜੀ ਦੇ ਸਿੱਖ ਅਤੇ ਤੁਹਾਡੇ ਗੁਰੂ ਜੀ ਜਾਪਦਾ ਹੈ, ਕਰਾਮਾਤ ਧਾਰਨ ਕਰਦੇ ਹੋ'॥ ੩੯॥

ਦਯਾ ਸਿੰਘ ਸੁਨਿ ਉੱਤਰ ਦਾਤੀ। 'ਗੁਰ ਕੇ ਕੁੱਤੇ ਭੀ ਕਰਮਾਤੀ।
ਗੁਰ ਸਿੱਖਨ ਅਰੁ ਗੁਰ ਕੇ ਬਿਖੈ।ਅਜ਼ਮਤ ਹੋਨਿ ਕਿ ਅਚਰਜ ਪਿਖੈ' ॥ ੪੦ ॥

ਇਹ ਸੁਣ ਕੇ ਦਇਆ ਸਿੰਘ ਨੇ ਉੱਤਰ ਦਿੱਤਾ, "ਗੁਰੂ ਜੀ ਦੇ ਕੁੱਤੇ ਵੀ ਕਰਾਮਾਤੀ ਹਨ। ਗੁਰੂ ਦੇ ਸਿੱਖਾਂ ਅਤੇ ਗੁਰੂ ਜੀ ਦੇ ਵਿਚ ਕਰਾਮਾਤ ਹੋਣਾ ਕੀ ਅਸਚਰਜ ਦਿਖਾਈ ਦਿੰਦੀ ਹੈ" ॥ ੪੦ ॥

ਅਵਰੰਗਾ ਸੁਨਿ ਸੁਲਗੀ ਛਾਤੀ। ਤਰਕਤਿ ਹੀ ਬੋਲਜੋ ਇਸ ਭਾਂਤੀ।
'ਜੇ ਨਿਸ਼ੰਕ ਇਮ ਬਾਕ ਅਲਾਵੈ। ਇਕ ਕੁੱਤਾ ਇਸ ਥਲ ਮੰਗਵਾਵੈ॥ ੪੧ ॥

ਇਹ ਸੁਣ ਕੇ ਨੌਰੰਗੇ ਦੀ ਛਾਤੀ ਸੁਲਗੀ, ਤਰਕ ਕਰਦਾ ਹੋਇਆ ਹੀ ਇਸ ਭਾਂਤ ਬੋਲਿਆ, "ਜੇ ਸ਼ੰਕਾ ਨਹੀਂ ਹੈ, ਇਸ ਪ੍ਰਕਾਰ ਬਚਨ ਕਰੇ, ਇਕ ਕੁੱਤਾ ਇਸ ਸਥਾਨ ਤੇ ਮੰਗਵਾਵੇ॥ ੪੧ ॥

ਕਰਾਮਾਤ ਕਿਮ ਹ੍ਵੈ ਤਿਸ ਮਾਂਹੀ। ਦਿਹੁ ਦਿਖਾਇ ਆਨਹੁ ਮੁਝ ਪਾਹੀ'।
ਸੁਨਿ ਕੈ ਦਯਾ ਸਿੰਘ ਫੁਰਮਾਯੋ। 'ਧਰਮ ਸਿੰਘ ਕੋ ਸਿਵਰ ਪਠਾਯੋ' ॥ ੪੨ ॥

ਕਰਾਮਾਤ ਕਿਵੇਂ ਉਸ ਵਿਚ ਹੁੰਦੀ ਹੈ, ਮੇਰੇ ਪਾਸ ਲਿਆ ਕੇ ਵਿਖਾ ਦੇਵੋ।" ਇਹ ਸੁਣ ਕੇ ਦਇਆ ਸਿੰਘ ਨੇ ਫੁਰਮਾਇਆ, "ਧਰਮ ਸਿੰਘ ਜੀ ! ਤੁਸੀਂ ਆਪਣੇ ਡੇਰੇ ਵਿਚ ਜਾਵੋ" ॥ ੪੨ ॥

ਲੇ ਕੂਕਰ ਸੋ ਗਯੋ ਸ਼ਿਕਾਰੀ। ਪਤਲੋ ਮੁਖ ਲਾਂਗੁਲ ਸਟਕਾਰੀ।
ਕਦ ਦੀਰਘ ਅਰੁ ਦਸਨ ਬਿਸਾਲਾ।ਲੈ ਪਹੁੰਚਯੋ ਅੰਤਰ ਤਤਕਾਲਾ ॥ ੪੩ ॥

ਇਕ ਸ਼ਿਕਾਰੀ ਕੁੱਤੇ ਨੂੰ ਲੈ ਕੇ ਗਿਆ, ਕੁੱਤੇ ਦਾ ਮੂੰਹ ਪਤਲਾ ਸੀ ਤੇ ਪੂਛ ਫਟਕਾਰਦਾ ਸੀ। ਕੱਦ ਬਹੁਤ ਉੱਚਾ ਸੀ ਤੇ ਬਹੁਤ ਵੱਡਾ ਦਿਖਾਈ ਦਿੰਦਾ ਸੀ, ਸ਼ਿਕਾਰੀ ਉਸ ਕੁੱਤੇ ਨੂੰ ਤੁਰਤ ਲੈ ਕੇ ਅੰਦਰ ਪਹੁੰਚ ਗਿਆ॥ ੪੩ ॥

ਅਵਰੰਗ ਨੇ ਢਿਗ ਖਰੋ ਨਿਹਾਰਾ। ਦਯਾ ਸਿੰਘ ਤਿਹ ਸੰਗ ਉਚਾਰਾ।
'ਕਰਹੁ ਸ਼ਾਹੁ ਕੋ ਕੁਛਕ ਸੁਨਾਵਨਿ। ਜਿਸ ਕੇ ਸੁਨਿ ਮਨ ਕਰੈ ਨਿਵਾਵਨ ॥੪੪ ॥

ਨੌਰੰਗੇ ਨੇ ਆਪਣੇ ਪਾਸ ਖੜਾ ਵੇਖਿਆ ਤਾਂ ਦਇਆ ਸਿੰਘ ਨੂੰ ਕਹਿਣ ਲੱਗਾ, "ਬਾਦਸ਼ਾਹ ਨੂੰ ਕੁਝ ਸੁਣਾਵੇ, ਜਿਸ ਨੂੰ ਸੁਣ ਕੇ ਮਨ ਨੀਵਾਂ ਹੋ ਜਾਵੇ" ॥ ੪੪ ॥

ਤਬਿ ਕੂਕਰ ਨੇ ਕੂਕ ਸੁਨਾਯੋ। ਅਪਨੋ ਬੋਲ ਸ਼ਾਹੁ ਸਮੁਝਾਯੋ।
'ਪੂਰਬ ਤੂੰ ਬਿਚ ਜਾਤਿ ਹਮਾਰੀ। ਬਿਛਰਯੋ ਪੁਨ ਪਾਯੋ ਦੁਖ ਭਾਰੀ॥ ੪੫ ॥

ਤਦ ਕੁੱਤੇ ਨੇ ਕੂਕ ਕੇ ਸੁਣਾਇਆ ਤੇ ਆਪਣਾ ਬੋਲ ਬਾਦਸ਼ਾਹ ਨੂੰ ਸਮਝਾਇਆ, "ਪਹਿਲਾਂ ਤੂੰ ਸਾਡੀ ਜਾਤ ਬਿਰਾਦਰੀ ਵਿਚ ਸੀ, ਫਿਰ ਵਿਛੜ ਕੇ ਤੂੰ ਭਾਰੀ ਦੁਖ ਪਾਇਆ॥ ੪੫ ॥

ਅਬਿ ਤੂੰ ਆਉ ਹਮਾਰੇ ਬੀਚ। ਬਿਛਰਯੋ ਚਿਰੰਕਾਲ ਕੋ ਨੀਚ।
ਨਹੀਂ ਨਰਨ ਕੋ ਤੋਹਿ ਸ਼ਹੂਰ। ਤੋ ਰਹਿਨੇ ਕੀ ਕਹਾਂ ਜ਼ਰੂਰ ?' ॥ ੪੬ ॥

ਹੁਣ ਤੂੰ ਫਿਰ ਸਾਡੇ ਵਿਚ ਆ, ਬਹੁਤ ਲੰਮੀ ਦੇਰ ਦਾ ਨੀਚ ਵਿਛੜਿਆ ਹੈਂ। ਤੈਨੂੰ ਮਨੁੱਖ ਬਣਨ ਦੀ ਸਮਝ ਨਹੀਂ ਹੈ ਤਾਂ ਫਿਰ ਮਨੁੱਖਾਂ ਵਿਚ ਰਹਿਣ ਦੀ ਕੀ ਜ਼ਰੂਰਤ ਹੈ ?" ॥ ੪੬ ॥

ਸੁਨਤਿ ਸ਼ਾਹੁ ਸ਼ਰਮਿੰਦਾ ਭਯੋ। ਕਿਸ ਪ੍ਰਕਾਰ ਨਹਿਂ ਬੋਲਯੋ ਗਯੋ।
ਜੇ ਮਸਲੰਦੀ ਢਿਗ ਉਮਰਾਇ। ਰੁਖਸਦ ਕਰੇ ਗਏ ਸਮੁਦਾਇ॥ ੪੭ ॥

ਬਾਦਸ਼ਾਹ ਸੁਣ ਕੇ ਬਹੁਤ ਸ਼ਰਮਿੰਦਾ ਹੋਇਆ, ਕਿਸੇ ਪ੍ਰਕਾਰ ਵੀ ਉਸ ਪਾਸੋਂ ਬੋਲਿਆ ਨਾ ਗਿਆ। ਜਿਹੜੇ ਸਲਾਹਕਾਰ ਉਮਰਾਵ ਪਾਸ ਸਨ, ਉਨ੍ਹਾਂ ਸਾਰਿਆਂ ਨੂੰ ਬਾਦਸ਼ਾਹ ਨੇ ਰੁਖਸਤ ਕਰ ਦਿੱਤਾ॥ ੪੭॥

ਦੋਨਹੁਂ ਸਿੰਘ ਤਹਾਂ ਥਿਰ ਰਹੇ। ਅਵਲੋਕਤਿ ਚਵਗੱਤਾ ਕਹੇ।
'ਭਯੋ ਖਾਲਸਾ ਅਬਿ ਜਗ ਮਾਂਹੀ। ਪਰ ਮੇਰੀ ਬੀਚਹਿ ਪਤਿਸ਼ਾਹੀ॥ ੪੮॥

ਦੋਵੇਂ ਸਿੰਘ ਉਥੇ ਖੜੇ ਰਹੇ, ਚਵਗੱਤਾ ਵੇਖ ਕੇ ਕਹਿਣ ਲੱਗਾ, "ਹੁਣ ਜਗ ਵਿਚ ਖਾਲਸਾ ਪੈਦਾ ਹੋਇਆ ਹੈ, ਪਰ ਮੇਰੀ ਪਾਤਿਸ਼ਾਹੀ ਵਿਚ ਹੋਇਆ ਹੈ॥ ੪੮॥

ਅਧਿਕ ਕਾਹਲੀ ਗੁਰ ਨੇ ਕਰੀ। ਅਜਹੁ ਨ ਮੋ ਕੁਛ ਪੂਰੀ ਪਰੀ।
ਮਮ ਪਤਿਸ਼ਾਹਤਿ ਜਬਿ ਹਟਿ ਜਾਤੀ। ਤਬੀ ਖਾਲਸਾ ਹੋਤਿ ਸੁਖਾਤੀ' ॥ ੪੯ ॥

ਗੁਰੂ ਜੀ ਨੇ ਬਹੁਤ ਕਾਹਲੀ ਕੀਤੀ ਹੈ, ਹਾਲੇ ਮੇਰੀ ਕੁਝ ਪੂਰੀ ਨਹੀਂ ਪਈ ਹੈ। ਮੇਰੀ ਜਦ ਬਾਦਸ਼ਾਹਿਤ ਹਟ ਜਾਂਦੀ, ਤਦ ਹੀ ਖਾਲਸਾ ਸੁਖ ਨਾਲ ਰਹਿੰਦਾ" ॥ ੪੯ ॥

ਉੱਤਰ ਦਯਾ ਸਿੰਘ ਤਬਿ ਦੀਨਿ। 'ਤੁਮ ਭੀ ਅਧਿਕ ਕਾਹਲੀ ਕੀਨਿ।
ਏਕ ਮਜਬ ਹੀ ਲਾਗੇ ਕਰਨੇ। ਹਿੰਦੂ ਧਰਮ ਧਰਾ ਤੇ ਹਰਨੇ॥ ੫੦॥

ਤਦ ਦਇਆ ਸਿੰਘ ਨੇ ਉੱਤਰ ਦਿੱਤਾ, "ਤੂੰ ਵੀ ਬਹੁਤ ਕਾਹਲੀ ਕੀਤੀ ਹੈ, ਸਾਰਿਆਂ ਦਾ ਇਕ ਮਜ਼ਬ ਹੀ ਕਰਨ ਲੱਗਾ ਸੀ, ਹਿੰਦੂ ਧਰਮ ਨੂੰ ਧਰਤੀ ਤੋਂ ਦੂਰ ਕਰ ਦੇਣ ਲੱਗਾ ਸੀ॥ ੫੦॥

ਸਤਿਗੁਰ ਤਬਿ ਕਰਿ ਦੀਨੇ ਤੀਨ। ਭਯੋ ਖਾਲਸਾ ਤੁਰਤ ਪ੍ਰਬੀਨ'।
ਬਹੁਰ ਨੁਰੰਗੇ ਬਾਕ ਉਚਾਰਾ। 'ਕਰਹਿ ਕਾਮ ਕਜਾ ਗੁਰੂ ਤੁਮਾਰਾ ?' ॥ ੫੧ ॥

ਸਤਿਗੁਰੂ ਜੀ ਨੇ ਫਿਰ ਤਿੰਨ ਦੀਨ ਬਣਾ ਦਿੱਤੇ ਤੇ ਖਾਲਸਾ ਤੁਰਤ ਪ੍ਰਬੀਨ ਹੋ ਗਿਆ।" ਫਿਰ ਨੋਰੰਗੇ ਨੇ ਕਿਹਾ, "ਤੁਹਾਡਾ ਗੁਰੂ ਕੀ ਕੰਮ ਕਰਦਾ ਹੈ ?" ॥ ੫੧ ॥

ਦਯਾ ਸਿੰਘ ਤਬਿ ਦਿਯੋ ਸੁਨਾਈ। 'ਇਕਠੇ ਕਰਹਿਂ ਸ਼ਸਤ੍ਰ ਸਮੁਦਾਈ।
ਇਕ ਆਯੁਧ ਤੁਮ ਢਿਗ ਫੁਰਮਾਯੋ। ਸੋ ਅਬਿ ਚਹੀਅਹਿ ਹਮਹਿ ਦਿਵਾਯੋ' ॥੫੨ ॥

ਦਇਆ ਸਿੰਘ ਨੇ ਫਿਰ ਸੁਣਾ ਦਿੱਤਾ, "ਸਮੂਹ ਸ਼ਸਤਰ ਇਕੱਠੇ ਕਰ ਰਹੇ ਹਨ। ਇਕ ਹਥਿਆਰ ਉਹ ਫੁਰਮਾਉਂਦੇ ਹਨ, ਤੁਹਾਡੇ ਪਾਸ ਭੇਜਿਆ ਹੈ, ਉਹ ਹੁਣ ਤੁਹਾਨੂੰ ਚਾਹੀਦਾ ਹੈ ਕਿ ਸਾਨੂੰ ਦਿਵਾ ਦੇਵੇਂ" ॥ ੫੨ ॥

ਕਹੈ ਨੁਰੰਗ 'ਦੂਰ ਮੈਂ ਗਯੋ। ਤਹਾਂ ਕਪੀਰਾ ਸਤਿਗੁਰ ਦਯੋ।
ਕਹਯੋ 'ਬਹੁਤ ਹੀ ਰਖਹੁ ਸੰਭ੍ਾਲ। ਸੋ ਮੈਂ ਧਰਯੋ ਸੁਚੇਤੀ ਨਾਲ' ॥ ੫੩ ॥

ਨੋਰੰਗੇ ਨੇ ਕਿਹਾ, "ਮੈਂ ਬਹੁਤ ਦੂਰ ਗਿਆ ਸੀ, ਉਥੇ ਸਤਿਗੁਰੂ ਜੀ ਨੇ ਇਕ ਕਟਾਰ ਦਿੱਤੀ ਤੇ ਕਿਹਾ, "ਬਹੁਤ ਸੰਭਾਲ ਕੇ ਰੱਖੋ, ਉਸ ਨੂੰ ਮੈਂ ਬੜੇ ਸੁਚੇਤ ਹੋ ਕੇ ਧਾਰਨ ਕੀਤਾ ਹੈ" ॥ ੫੩ ॥

ਇਮ ਕਹਿ ਦਯਾ ਸਿੰਘ ਕੋ ਦਯੋ। ਨੀਕੇ ਅਦਬ ਸਾਥ ਕਰ ਲਯੋ।
ਬਹੁਰ ਨੁਰੰਗੇ ਬਾਕ ਸਨਾਵਾ। 'ਮੇਰੋ ਲਖਿ ਬਰਾਦਰੀ ਦਾਵਾ॥ ੫੪॥

ਇਸ ਪ੍ਰਕਾਰ ਕਹਿ ਕੇ ਦਇਆ ਸਿੰਘ ਨੂੰ ਕਟਾਰ ਦਿੱਤੀ, ਬੜੇ ਅਦਬ ਨਾਲ ਦਇਆ ਸਿੰਘ ਨੇ ਆਪਣੇ ਹੱਥ ਵਿਚ ਲਈ। ਫਿਰ ਨੋਰੰਗੇ ਨੇ ਕਿਹਾ, "ਗੁਰੂ ਜੀ ਨਾਲ ਮੇਰੀ ਭਾਈਬੰਦੀ ਦਾ ਦਾਅਵਾ ਹੈ॥ ੫੪॥

ਦਯਾ ਸਿੰਘ! ਗੁਰ ਚਸ਼ਮ ਸੁ ਦੀਦਮ। ਮੇਲ ਹੋਨਿ ਕਿਸ ਥਾਨ ਰਸੀਦਮ'।
ਸੁਨਿ ਉੱਤਰ ਦੀਨਸ ਤਿਸ ਤੀਰਿ। ਭਰਜੇ ਜ਼ੋਰ ਸੌਂ ਅਰੁ ਰਸ ਬੀਰ॥ ੫੫॥

ਹੇ ਦਇਆ ਸਿੰਘ! ਮੈਂ ਗੁਰੂ ਜੀ ਨੂੰ ਅੱਖਾਂ ਨਾਲ ਤਾਂ ਵੇਖ ਲਿਆ ਹੈ ਪਰ ਮੇਲ ਕਰਨ ਲਈ ਕਿਸ ਥਾਂ ਪਹੁੰਚਾਂ?'' ਇਹ ਸੁਣ ਕੇ ਦਇਆ ਸਿੰਘ ਨੇ ਉਸ ਦੇ ਪਾਸ ਉੱਤਰ ਦਿੱਤਾ, ''ਸੂਰਬੀਰ ਜ਼ੋਰ ਅਤੇ ਰਸ ਨਾਲ ਭਰਿਆ ਹੈ॥ ੫੫॥

'ਸੈਫ ਕਸੇ ਕਟ ਬਾਨ ਕਮਾਨ। ਸਤਿਗੁਰ ਮੇਲ ਜੰਗ ਦਰਮਜਾਨ।
ਬਡੇ ਬਹਾਦੁਰ ਆਯੁਧ ਧਾਰੀ। ਚਮੂੰ ਅਸੰਖ ਸੰਗ ਅਸਵਾਰੀ'॥ ੫੬॥

''ਲੱਕ ਨਾਲ ਤਲਵਾਰ ਕੱਸੀ ਹੈ, ਹੱਥ ਵਿਚ ਬਾਣ ਹੈ, ਸਤਿਗੁਰੂ ਜੀ ਦਾ ਮੇਲ ਜੰਗ ਦਰਮਿਆਨ ਹੋਵੇਗਾ। ਉਹ ਵੱਡੇ ਬਹਾਦਰ ਸ਼ਸਤਰਧਾਰੀ ਹਨ, ਅਸੰਖਾਂ ਸੈਨਾ ਦੇ ਨਾਲ ਸਵਾਰੀ ਕਰਦੇ ਹਨ॥ ੫੬॥

ਭਾਖੈ ਸ਼ਾਹੁ 'ਤਮਾਮ ਜਹਾਨ। ਰਾਖਹੁ ਸੈਨ ਸੁ ਰੱਯਤਿ ਜਾਨਿ।
ਬਰਜ ਦੇਯ ਹੌਂ ਜਾਹਿ ਨ ਕੋਈ। ਤਬਿ ਕਹੁ ਕਹਾਂ ਲਰੈ ਇਕ ਹੋਈ?॥ ੫੭॥

ਬਾਦਸ਼ਾਹ ਨੇ ਕਿਹਾ, 'ਜੇ ਤੁਸੀਂ ਸੈਨਾ ਰੱਖਦੇ ਹੋ ਤਾਂ ਸਾਰਾ ਜਹਾਨ ਮੇਰੀ ਪਰਜਾ ਹੈ। ਮੈਂ ਵਰਜ ਦੇਵਾਂਗਾ, ਕੋਈ ਵੀ ਤੁਹਾਡੀ ਸੈਨਾ ਵਿਚ ਨਹੀਂ ਜਾਵੇਗਾ, ਫਿਰ ਗੁਰੂ ਇਕੱਲਾ ਰਹਿ ਜਾਵੇਗਾ ਤਾਂ ਕਿਵੇਂ ਲੜੇਗਾ?॥ ੫੭॥

ਇਮ ਲਖਿ ਮਿਲਹੁ ਆਨਿ ਕਰਿ ਸਜਾਨੇ! ਹਮ ਪਰ ਕਹਾਂ ਚਲਹਿ ਬਲ ਠਾਨੇ'।
ਸਿੰਘ ਕਹੈਂ 'ਅਜ਼ਗੈਬੀ ਸੈਨ। ਲਾਖਹੁਂ ਕੋਟਹੁਂ ਗਿਨਤੀ ਹੈ ਨ॥ ੫੮॥

ਇਸ ਪ੍ਰਕਾਰ ਸਮਝ ਕੇ ਗੁਰੂ ਜੀ ਨੂੰ ਆਖੋ ਕਿ ਦਇਆ ਸਿੰਘ ਜੀ, ਹੇ ਚਤੁਰ ਗੁਰੂ ਜੀ ਸਾਡੇ ਨਾਲ ਆ ਮਿਲੋ, ਸਾਡੇ ਉੱਪਰ ਬਲ ਧਾਰਨ ਨਾਲ ਕਿਵੇਂ ਬਲ ਚਲੇਗਾ।'' ਸਿੰਘ ਨੇ ਕਿਹਾ, ''ਗੁਰੂ ਜੀ ਪਾਸ ਗੁਪਤ ਸੈਨਾ ਬਹੁਤ ਹੈ, ਉਨ੍ਹਾਂ ਦੀ ਗਿਣਤੀ ਲੱਖਾਂ ਕਰੋੜਾਂ ਵਿਚ ਹੈ॥ ੫੭॥

ਪਾਤਿਸ਼ਾਹੁ ਸਾਚੇ ਕੇ ਸਾਥ। ਨਿਸ ਦਿਨ ਰਹੈਂ ਬੰਦਿ ਕਰਿ ਹਾਥ।
ਪ੍ਰਗਟ ਖਾਲਸਾ ਹੋਇ ਬਿਸਾਲਾ। ਦੇਸ਼ ਫਜ਼ੀਲਤਿ ਜਹਿਂ ਕਹਿਂ ਜਾਲਾ॥ ੫੯॥

ਉਹ ਸੱਚੇ ਪਾਤਿਸ਼ਾਹ ਦੇ ਨਾਲ ਦਿਨ ਰਾਤ ਹੱਥ ਬੰਨ੍ਹ ਕੇ ਰਹਿੰਦੇ ਹਨ। ਪ੍ਰਗਟ ਰੂਪ ਵਿਚ ਖਾਲਸਾ ਜਗਤ ਵਿਚ ਬਹੁਤ ਹੋਵੇਗਾ, ਜਿਸ ਦੀ ਵਡਿਆਈ ਦੇਸ਼ ਵਿਚ ਜਿੱਥੇ ਕਿੱਥੇ ਰੋਜ਼-ਬਰੋਜ਼ ਵਧੇਗੀ॥ ੫੯॥

ਦਿਨ ਪ੍ਰਤਿ ਵਧਹਿ, ਸ਼ੋਰ ਜਗ ਪਰੇ। ਤਿਨ ਸਨਮੁਖ ਪੁਨ ਕੋਇ ਨ ਅਰੇ'।
ਸੁਨਿਕੈ ਸਹਿਤ ਹਲੀਮੀ ਕਹਿ ਕਹਿ। ਤੇਜ ਬਿਨਾਸ਼ੀ ਅਪਨੋ ਲਹਿ ਲਹਿ॥੬੦॥

ਦਿਨ ਪ੍ਰਤੀ ਵਡਿਆਈ ਵਧੇਗੀ ਤੇ ਸਾਰੇ ਜਗਤ ਵਿਚ ਖਾਲਸੇ ਦੀ ਚੜ੍ਹਦੀ ਕਲਾ ਬਾਰੇ ਰੌਲਾ ਪੈ ਜਾਵੇਗਾ। ਉਨ੍ਹਾਂ ਦੇ ਸਾਹਮਣੇ ਫਿਰ ਕੋਈ ਵੀ ਨਹੀਂ ਅੜੇਗਾ।'' ਇਹ ਸਭ ਕੁਝ ਸੁਣ ਕੇ ਫਿਰ ਹਲੀਮੀ ਸਹਿਤ ਕਹਿ ਕਹਿ ਕੇ ਆਪਣਾ ਤੇਜ ਵਿਨਾਸ਼ ਹੁੰਦਾ ਜਾਣਿਆ॥ ੬੦॥

ਦੀਯੋ ਕਪੀਰਾ ਲਿਖਿ ਪਰਵਾਨਾ। ਰੁਖਸਦ ਕਰੇ ਸਚਿੰਤ ਮਹਾਨਾ।
ਬੀਜ ਰੋਗ ਕੋ ਉਗਵਜੋ ਤਬੈ। ਮ੍ਰਿਤੁ ਨਿਜ ਔਰ ਹੇਤੁ ਲਖਿ ਸਬੈ॥ ੬੧॥

ਫਿਰ ਪਰਵਾਨਾ ਲਿਖ ਕੇ ਦਿੱਤਾ ਤੇ ਰੁਖਸਤ ਕਰ ਦਿੱਤਾ, ਪਰ ਆਪ ਨੌਰੰਗਾ ਭਾਰੀ ਚਿੰਤਾ ਵਿਚ ਡੁੱਬ ਗਿਆ। ਰੋਗ ਦਾ ਬੀਜ ਉਸੇ ਵੇਲੇ ਪ੍ਰਗਟ ਹੋ ਗਿਆ ਤੇ ਨੌਰੰਗੇ ਨੂੰ ਆਪਣੀ ਮੌਤ ਦੀ ਉਸੇ ਵੇਲੇ ਸਮਝ ਪੈ ਗਈ॥ ੬੧॥

ਗੁਰਜ ਦ੍ਵਾਰ ਦ੍ਵੈ ਦੀਨੇ ਸੰਗ। ਸਭਿ ਸਮੁਝਾਯੋ ਗੁਰੂ ਪ੍ਰਸੰਗ।
ਸਭਿ ਕੋ ਹਟਕਜੋ ਲਿਖਿ ਪਰਵਾਨੇ। ਲਰਹਿ ਨ ਕੋਇ, ਜਾਹਿਂ ਜਿਸ ਥਾਨੇ ॥੬੨ ॥

ਦਵਾਰਪਾਲ ਦੋ ਸਿਪਾਹੀ ਨਾਲ ਦਿੱਤੇ ਤੇ ਗੁਰੂ ਜੀ ਦਾ ਸਾਰਾ ਪ੍ਰਸੰਗ ਸਮਝਾਇਆ। ਸਾਰੇ ਹਾਕਮਾਂ ਨੂੰ ਪਰਵਾਨੇ ਲਿਖ ਕੇ ਰੋਕ ਦਿੱਤਾ, ਜਿਹੜੇ-ਜਿਹੜੇ ਵੀ ਸਥਾਨ ਤੇ ਕੋਈ ਹੈ, ਉਹ ਗੁਰੂ ਜੀ ਨਾਲ ਲੜਾਈ ਨਾ ਕਰੇ। ਗੁਰੂ ਜੀ ਜਿੱਥੇ ਚਾਹੁਣ ਜਾ ਸਕਦੇ ਹਨ॥ ੬੨ ॥

ਦਯਾ ਸਿੰਘ ਅਰੁ ਧਰਮ ਸਿੰਘ ਤਬਿ। ਜਾਨਜੋਂ ਸਿੱਧ ਭਯੋ ਕਾਰਜ ਸਬਿ।
'ਅਬਿ ਇਸ ਥਲ ਤੇ ਚਲਿਬੋ ਆਛਾ'। ਕ੍ਰਿਪਾ ਸਿੰਧੁ ਕੋ ਦਰਸ਼ਨ ਬਾਂਛਾ ॥੬੩ ॥

ਦਇਆ ਸਿੰਘ ਅਤੇ ਧਰਮ ਸਿੰਘ ਫਿਰ ਜਾਣਿਆ ਕਿ ਸਾਰੇ ਕਾਰਜ ਸਿੱਧ ਹੋ ਗਏ ਹਨ। ''ਹੁਣ ਇਸ ਸਥਾਨ ਤੋਂ ਚਲਣਾ ਹੀ ਚੰਗਾ ਹੈ'', ਕਿਰਪਾ-ਸਾਗਰ ਸਤਿਗੁਰੂ ਜੀ ਦੇ ਦਰਸ਼ਨ ਦੀ ਚਾਹਤ ਉਤਪੰਨ ਹੋਈ॥ ੬੩ ॥

*ਪਹਿਲੇ ਐਨ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

## *ਅਧਿਆਇ ਬੱਤੀਵਾਂ*

### *ਦੱਖਣ ਜਾਣ ਦੀ ਸਲਾਹ, ਅਭੈ ਰਾਮ, ਦੀਵਾਨੇ ਨੱਸੇ*

ਦੋਹਰਾ- ਬਿਦਾ ਦਯਾ ਸਿੰਘ ਹੋਇਕੈ ਧਰਮ ਸਿੰਘ ਲੇ ਸਾਥ।
ਗਮਨ ਕੀਨਿ ਮਾਰਗ ਬਿਖੈ ਸਿਮਰਤਿ ਸ੍ਰੀ ਗੁਰ ਨਾਥ॥ ੧॥

ਭਾਈ ਦਇਆ ਸਿੰਘ ਵਿਦਾ ਹੋ ਕੇ ਧਰਮ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਜੀ ਨੂੰ ਯਾਦ ਕਰਕੇ ਰਾਹੇ-ਰਾਹ ਚੱਲ ਪਏ॥ ੧॥

ਚੌਪਈ- ਬਚਨ ਸ਼ਕਤਿ ਜੋ ਪ੍ਰਭੁ ਤੇ ਪਾਈ। ਸ਼ਾਹੁ ਸੰਗ ਬੋਲਤਿ ਪਤਿਆਈ।
ਪ੍ਰਤਿ ਉੱਤਰ ਭਾਖੇ ਤਤਕਾਲਾ। ਕੂਕਰ ਕੋ ਬੁਲਵਾਇ ਬਿਸਾਲਾ॥ ੨॥

ਬਚਨ ਕਰਨ ਦੀ ਤਾਕਤ ਜੋ ਸਤਿਗੁਰੂ ਜੀ ਤੋਂ ਪਾਈ ਹੈ, ਉਹ ਬਾਦਸ਼ਾਹ ਨਾਲ ਬੋਲ ਕੇ ਪਰਖੀ ਗਈ ਹੈ। ਬਾਦਸ਼ਾਹ ਨੂੰ ਤੁਰਤ-ਫੁਰਤ ਉਸ ਦੀਆਂ ਪੁੱਛਾਂ ਦੇ ਜਵਾਬ ਦਿੱਤੇ ਹਨ, ਆਪਣੇ ਸੇਵਕ ਨੂੰ ਗੁਰੂ ਜੀ ਨੇ ਵਿਸ਼ਾਲ ਬੋਲਣ ਸ਼ਕਤੀ ਬਖਸ਼ੀ ਹੈ, ਇਕ ਕੁੱਤੇ ਨੂੰ ਵੀ ਬਹੁਤ ਬੁਲਵਾ ਦਿੱਤਾ॥ ੨॥

ਪ੍ਰਭੁ ਅਗਾਧ ਬੋਧ ਜਿਨ ਕੇਰਾ। ਨਹਿਂ ਸਮ, ਸਭਿ ਤੇ ਬਡਿਹੁਂ ਬਡੇਰਾ'।
ਗੁਨ ਗਨ ਸਿਮਰਤਿ ਮਾਰਗ ਆਏ। ਕਰੇ ਕੂਚ ਦਰ ਕੂਚ ਸਿਧਾਏ॥ ੩॥

ਸਤਿਗੁਰੂ ਜੀ ਜਿਨ੍ਹਾਂ ਪਾਸ ਵਿਸ਼ਾਲ ਗਿਆਨ ਹੈ, ਉਨ੍ਹਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਉਨ੍ਹਾਂ ਦਾ ਗਿਆਨ ਮਹਾਨ ਤੋਂ ਮਹਾਨ ਹੈ।'' ਗੁਣਾਂ ਦੇ ਭੰਡਾਰ ਨੂੰ ਯਾਦ ਕਰਦੇ ਰਾਹੇ-ਰਾਹ ਚਲੇ ਆਏ। ਕੂਚ ਦਰ ਕੂਚ ਕਰਦੇ ਆਉਂਦੇ ਸਨ॥੩॥

ਇਤ ਸਤਿਗੁਰ ਸਾਹਿਬ ਕੀ ਕਥਾ। ਸੁਨਿ ਸ਼੍ਰੋਤਾ ਸੁੰਦਰ ਕਿਯ ਜਥਾ।
ਕਹੀ ਸਭਾ ਮਹਿਂ ਇਕ ਦਿਨ ਗਾਥਾ। 'ਦੱਖਣ ਗਮਨ ਕਰਹੁ ਹਮ ਸਾਥਾ॥੪॥

ਹੇ ਸ੍ਰੋਤਾ ਗਨ ! ਏਧਰ ਸਤਿਗੁਰੂ ਜੀ ਦੀ ਸੁੰਦਰ ਕਥਾ ਸੁਣੋ, ਜਿਹੜੀ ਏਧਰ ਹੋਈ ਬੀਤੀ। ਇਕ ਦਿਨ ਸਤਿਗੁਰੂ ਜੀ ਨੇ ਸਭਾ ਵਿਚ ਕਿਹਾ, "ਸਾਡੇ ਨਾਲ ਦੱਖਣ ਵਿਚ ਚਲੋ॥ ੪॥

ਤਹਿਂ ਕਾਰਜ ਹੈਂ ਅਨਿਕ ਪ੍ਰਕਾਰੇ। ਕਰਨੇ ਬਨਹਿਂ ਟਰਹਿਂ ਨਹਿਂ ਟਾਰੇ।
ਡਲ ਸਿੰਘ ਲਿਹੁ ਦਿੱਲੀ ਕੋ ਰਾਜ। ਫੇਰਹਿਂਗੇ ਤੁਵ ਸਿਰ ਪਰ ਤਾਜ॥ ੫॥

ਉਥੇ ਅਨੇਕ ਪ੍ਰਕਾਰ ਦੇ ਕਾਰਜ ਕਰਨੇ ਬਣਦੇ ਹਨ, ਜਿਹੜੇ ਟਾਲਿਆਂ ਵੀ ਟਾਲੇ ਨਹੀਂ ਜਾ ਸਕਦੇ। ਹੇ ਡੱਲ ਸਿੰਘ ! ਦਿੱਲੀ ਦਾ ਰਾਜ ਲਵੋ, ਤੇਰੇ ਸਿਰ ਉੱਪਰ ਤਾਜ ਸਜਾਵਾਂਗੇ॥ ੫॥

ਤੁਰਕ ਹਤੈਂ ਅਬਿ ਤਿਸਕੇ ਥਾਨੂ। ਕਰਹਿਂ ਬਿਠਾਵਨ ਰਾਜ ਮਹਾਨੂ।
ਸੁਨਿਕੈ ਧੀਰ ਛੁਟਜੋ ਸਭਿ ਕੇਰੋ। 'ਪ੍ਰਭੂ ਜੀ ! ਦੂਰ ਸੁ ਦੇਸ਼ ਬਡੇਰੋ॥ ੬॥

ਹੁਣ ਤੁਰਕਾਂ ਨੂੰ ਉਨ੍ਹਾਂ ਦੇ ਘਰ ਵਿਚ ਹੀ ਮਾਰਾਂਗੇ ਤੇ ਤੈਨੂੰ ਉਨ੍ਹਾਂ ਦੇ ਥਾਂ ਰਾਜ ਉੱਪਰ ਬਿਠਾਵਾਂਗੇ।" ਇਹ ਸੁਣ ਕੇ ਡੱਲਾ ਸਿੰਘ ਦਾ ਧੀਰਜ ਜਾਂਦਾ ਰਿਹਾ ਤੇ ਕਹਿਣ ਲੱਗਾ, "ਹੇ ਸਤਿਗੁਰੂ ਜੀ ! ਇਹ ਦੇਸ਼ ਦੂਰ ਤਕ ਬਹੁਤ ਵੱਡਾ ਹੈ॥ ੬॥

ਰਾਵਰ ਕੋ ਦਮਦਮਾ ਸਥਾਨਾ। ਦਿੱਲੀ ਕੇ ਸਮਾਨ ਹਮ ਜਾਨਾ।
ਇਹੀ ਰਾਜ ਹਮ ਕੋ ਬਹੁਤੇਰਾ। ਮੋਠ ਬਾਜਰੀ ਅੰਨ ਘਨੇਰਾ॥ ੭॥

ਆਪ ਜੀ ਦਾ ਦਮਦਮੇ ਵਾਲਾ ਸਥਾਨ ਮੈਂ ਦਿੱਲੀ ਦੇ ਬਰਾਬਰ ਜਾਣਿਆ ਹੈ। ਮੈਨੂੰ ਇਹੋ ਰਾਜ ਬਹੁਤ ਹੈ, ਏਥੇ ਮੋਠ ਬਾਜਰੀ ਅਤੇ ਅਨਾਜ ਬਹੁਤ ਪੈਦਾ ਹੁੰਦਾ ਹੈ॥ ੭॥

ਕ੍ਰਿਪਾ ਆਪ ਕੀ ਕਮੀ ਨ ਕਾਈ। ਸਦਾ ਬਿਰਾਜਹੁ ਆਪ ਇਥਾਈਂ।
ਬਾਂਛਤਿ ਵਸਤੁ ਸਭੀ ਚਲਿ ਆਵੈ। ਚਹੁੰ ਦਿਸ਼ਿਨਿ ਕੀ ਸੰਗਤ ਲਜਾਵੈ॥ ੮॥

ਆਪ ਜੀ ਦੀ ਕਿਰਪਾ ਕਰਕੇ ਕਿਸੇ ਪ੍ਰਕਾਰ ਦੀ ਕੋਈ ਘਾਟ ਨਹੀਂ ਹੈ, ਸਦਾ ਆਪ ਜੀ ਏਥੇ ਰਹੋ। ਸਮੂੰਹ ਵਸਤਾਂ ਸਭ ਚਲ ਕੇ ਆਉਣਗੀਆਂ, ਚਾਰੇ ਪਾਸਿਆਂ ਦੀ ਸੰਗਤ ਲੈ ਕੇ ਆਵੇਗੀ॥ ੮॥

ਬਸਤਰ ਸ਼ਸਤ੍ਰ ਅਮੋਲ ਬਡੇਰੇ। ਅਰਪਹਿਂ ਸਿੱਖ ਆਨਿ ਬਹੁਤੇਰੇ।
ਪ੍ਰਭੁ ਜੀ ! ਅਟਕਜੋ ਕਾਜ ਨ ਕੋਈ। ਦੱਛਨ ਗਏ ਕਹਾਂ ਸਿਧ ਹੋਈ॥ ੯॥

ਅਮੋਲਕ ਅਤੇ ਵੱਡੇ-ਵੱਡੇ ਵਸਤਰ ਸ਼ਸਤਰ ਬਹੁਤ ਸਿੱਖ ਆ ਕੇ ਅਰਪਣ ਕਰਨਗੇ। ਹੇ ਸਤਿਗੁਰੂ ਜੀ ! ਏਥੇ ਠਹਿਰੋ। ਕਿਹੜਾ ਐਸਾ ਕਾਰਜ ਹੈ ਜਿਹੜਾ ਦੱਖਣ ਵਿਚ ਜਾ ਕੇ ਸਿੱਧ ਹੋ ਜਾਵੇਗਾ"॥ ੯॥

ਰਾਮ ਸਿੰਘ ਪਰ ਖੁਸ਼ੀ ਘਨੇਰੀ। ਸੁਨ ਕਰਿ ਬਜਾਪੀ ਚਿੰਤ ਬਡੇਰੀ।
ਦੂਸਰ ਭ੍ਰਾਤ ਫਤੇ ਸਿੰਘ ਰਹੈ। ਦੱਛਨ ਕੋ ਪ੍ਰਸਥਾਨ ਨ ਚਹੈ॥ ੧੦॥

ਰਾਮ ਸਿੰਘ ਉੱਪਰ ਗੁਰੂ ਜੀ ਦੀ ਵੱਡੀ ਖੁਸ਼ੀ ਹੈ, ਇਹ ਸੁਣ ਕੇ ਰਾਮ ਸਿੰਘ ਨੂੰ ਵੱਡੀ ਚਿੰਤਾ ਹੋਈ। ਉਸ ਦਾ ਦੂਸਰਾ ਭਰਾ ਫ਼ਤਹਿ ਸਿੰਘ ਹੈ, ਉਹ ਵੀ ਗੁਰੂ ਜੀ ਦਾ ਦੱਖਣ ਦੇਸ਼ ਵੱਲ ਜਾਣਾ ਨਹੀਂ ਚਾਹੁੰਦਾ ਹੈ॥ ੧੦॥

ਡਲ ਸਿੰਘ ਆਦਿ ਬਿਰਾੜ ਜੁ ਸਾਰੇ। ਦੂਰ ਜਾਨਿ ਤੇ ਸਭਿ ਡਰ ਧਾਰੇ।
ਹੁਤੇ ਦਿਵਾਨ ਸਿੰਘ ਦਰਬਾਰੀ। ਦੁਤੀਓ ਭ੍ਰਾਤ ਸਿੰਘ ਘਰਬਾਰੀ॥ ੧੧॥

ਡਲ ਸਿੰਘ ਅਤੇ ਹੋਰ ਜਿਹੜੇ ਸਾਰੇ ਬਿਰਾੜ ਹਨ, ਉਹ ਦੂਰ ਜਾਣ ਤੋਂ ਡਰ ਧਾਰਨ ਕਰਦੇ ਸਨ। ਗੁਰੂ ਜੀ ਦੇ ਦੋ ਦੀਵਾਨ ਸਨ, ਇਕ ਦਾ ਨਾਮ ਦਰਬਾਰੀ ਸਿੰਘ ਸੀ ਅਤੇ ਦੂਸਰੇ ਦਾ ਨਾਮ ਘਰਬਾਰੀ ਸਿੰਘ ਸੀ॥ ੧੧॥

ਹੌਲ ਪਰੇ ਸਭਿ ਕੇ ਮਨ ਐਸੇ। ਚਲਦਲ ਦਲ ਬਹਿ ਬਾਯੂ ਜੈਸੇ।
ਔਰ ਕਿਤਿਕ ਕੇ ਨਾਮ ਗਨੀਜੈ। ਗਮਨ ਦੂਰ ਲਖਿ ਰਿਦਾ ਨ ਧੀਜੈ॥ ੧੨॥

ਇਸ ਤਰ੍ਹਾਂ ਸਾਰਿਆਂ ਦੇ ਮਨਾਂ ਵਿਚ ਹੌਲ ਪੈਂਦੇ ਸਨ, ਜਿਵੇਂ ਪਿੱਪਲ ਦਾ ਸੁੱਕਾ ਪੱਤਾ ਹਵਾ ਨਾਲ ਉੱਡ ਜਾਂਦਾ ਹੈ। ਹੋਰ ਕਿੰਨਿਆਂ ਦੇ ਨਾਮ ਗਿਣੀਏ, ਦੂਰ ਜਾਣਾ ਸਮਝ ਕੇ ਹਿਰਦੇ ਧੀਰਜ ਰਹਿਤ ਹੋ ਗਏ ਸਨ॥ ੧੨॥

ਅਨਿਕ ਭਾਂਤਿ ਕੀ ਬਾਤ ਬਨਾਵੈਂ। ਦੱਖਣ ਕੇ ਦੁਖ ਬਰਨ ਸੁਨਾਵੈਂ।
'ਤਹਿਂ ਅਵਰੰਗ ਬਾਦੀ ਕੋ ਬਾਸਾ। ਲਰਿ ਲਸ਼ਕਰ ਜਿਸ ਕੇਰ ਬਿਨਾਸ਼ਾ॥ ੧੩॥

ਅਨੇਕ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਸਨ, ਦੱਖਣ ਦੇਸ਼ ਦੇ ਦੁਖ ਵਰਣਨ ਕਰਕੇ ਸੁਣਾਉਂਦੇ ਸਨ, 'ਓਧਰ ਝਗੜਾਲੂ ਨੌਰੰਗਾ ਰਹਿੰਦਾ ਹੈ, ਜਿਸ ਦਾ ਲਸ਼ਕਰ ਯੁੱਧ ਕਰਕੇ ਵਿਨਾਸ਼ ਕਰ ਦਿੱਤਾ ਹੈ॥ ੧੩॥

ਮਹਾਂ ਦੁਸ਼ਟ ਬਡ ਖੋਟ ਕਰੰਤਾ। ਸਦਾ ਧ੍ਰੋਹ ਸਭਿ ਸੰਗ ਕਮੰਤਾ।
ਨਵਮ ਗੁਰੂ ਸੋਂ ਬਿਗਰਯੋ ਮੂੜ੍ਹਾ। ਪਾਪੀ ਦ੍ਵੈਖ ਕਮਾਵੈ ਗੂੜ੍ਹਾ॥ ੧੪॥

ਉਹ ਮਹਾਂ ਦੁਸ਼ਟ ਹੈ ਤੇ ਸਾਰਿਆਂ ਨਾਲ ਖੋਟ ਕਰਦਾ ਹੈ, ਸਾਰਿਆਂ ਨਾਲ ਸਦਾ ਧਰੋਹ ਕਮਾਉਂਦਾ ਹੈ। ਮੂਰਖ ਨੌਵੇਂ ਗੁਰੂ ਸਾਹਿਬ ਜੀ ਨਾਲ ਵਿਗੜ ਗਿਆ, ਪਾਪੀ ਬਹੁਤ ਈਰਖਾ ਕਮਾਉਂਦਾ ਹੈ॥ ੧੪॥

ਜਿਸ ਨੇ ਬਾਪ ਆਪਨੋ ਮਾਰਯੋ। ਭ੍ਰਾਤ ਸੰਘਾਰਤਿ ਮੋਹ ਨ ਧਾਰਯੋ।
ਸੰਤ ਸਾਧ ਕੋ ਅਦਬ ਨ ਰਾਖੈ। ਦੇ ਸਜ਼ਾਇ ਕੈ ਮਾਰਨ ਭਾਖੈ॥ ੧੫॥

ਜਿਸ ਨੇ ਆਪਣੇ ਪਿਤਾ ਜੀ ਨੂੰ ਮਾਰ ਦਿੱਤਾ ਸੀ ਤੇ ਭਰਾਵਾਂ ਨੂੰ ਮਾਰ ਕੇ ਵੀ ਮੋਹ ਧਾਰਨ ਨਹੀਂ ਸੀ ਕੀਤਾ। ਸਾਧਾਂ ਸੰਤਾਂ ਦਾ ਆਦਰ ਨਹੀਂ ਕਰਦਾ ਹੈ ਤੇ ਸਜ਼ਾਵਾਂ ਦੇ ਕੇ ਮਾਰ ਦਿੰਦਾ ਹੈ॥ ੧੫॥

ਤੁਮ ਤੇ ਤਿਸ ਕੋ ਅਧਿਕ ਬਿਗਾਰਾ। ਲਾਖਹੁਂ ਲਸ਼ਕਰ ਲਰਤਿ ਸੰਘਾਰਾ।
ਖਰਚਯੋ ਲਾਖਹੁਂ ਦਰਬ ਹੰਗਾਮੇ। ਕੀਨਸਿ ਹਾਨਿ ਇਮਾਨ ਤਮਾਮੇ॥ ੧੬॥

ਤੁਸੀਂ ਤਾਂ ਉਸ ਦਾ ਬਹੁਤ ਵਿਗਾੜ ਕੀਤਾ ਹੈ, ਲੱਖਾਂ ਦਾ ਲਸ਼ਕਰ ਉਸਦਾ ਮਾਰ ਦਿੱਤਾ ਹੈ। ਯੁੱਧ ਉੱਪਰ ਨੌਰੰਗੇ ਨੇ ਲੱਖਾਂ ਰੁਪਏ ਖਰਚ ਕੀਤੇ ਸਨ। ਉਸ ਨੇ ਸਾਰਾ ਈਮਾਨ ਨਾਸ਼ ਕਰ ਦਿੱਤਾ ਸੀ॥ ੧੬॥

ਪਕਰਨ ਹਿਤ ਹੀ ਚਾਹਤਿ ਰਹਯੋ। ਸਕਲ ਭੇਤ ਰਾਵਰ ਨੇ ਲਹਯੋ।
ਅਬਿ ਸਮੀਪ ਤਿਸ ਕੇ ਕਯਾ ਜਾਨਾ। ਕਰਹਿ ਅਵੱਗਯਾ ਮੂੜ੍ਹ ਮਹਾਨਾ॥ ੧੭॥

ਉਹ ਸਦਾ ਤੁਹਾਨੂੰ ਫੜਨ ਵਾਸਤੇ ਹੀ ਚਾਹੁੰਦਾ ਰਿਹਾ ਹੈ, ਆਪ ਜੀ ਨੇ ਉਸਦਾ ਸਾਰਾ ਭੇਦ ਜਾਣਿਆ ਹੈ। ਹੁਣ ਉਸਦੇ ਪਾਸ ਕਿਉਂ ਜਾਣਾ ਹੈ, ਜਿਹੜਾ ਮੂਰਖ ਵੱਡੀ ਅਵੱਗਿਆ ਕਰਦਾ ਹੈ॥ ੧੭॥

ਲਾਖਹੁਂ ਸੈਨ ਸੁਨਤਿ ਚਢਿ ਧਾਵੈ। ਨਹੀਂ ਦੁਰਗ, ਥਿਰ ਹ੍ਵੈ ਅਟਕਾਵੈਂ।
ਦ੍ਰੋਹੀ ਮਹਾਂ, ਦੁਸ਼ਟ, ਰਿਪੁ ਸੰਤਨ। ਤੁਰਕੇਸ਼ੁਰ ਉਰ ਲਖੈਂ ਮਤੰਤ ਨ॥ ੧੮॥

ਲੱਖਾਂ ਦੀ ਗਿਣਤੀ ਵਿਚ ਸੈਨਾ ਚੜ੍ਹਾਈ ਕਰਕੇ ਭੱਜੀ ਆਵੇਗੀ, ਕੋਈ ਕਿਲ੍ਹਾ ਨਹੀਂ ਹੈ, ਜਿੱਥੇ ਠਹਿਰ ਕੇ ਅਟਕਾਅ ਲਵਾਂਗੇ। ਨੌਰੰਗਾ ਵੱਡਾ ਧਰੋਹੀ ਅਤੇ ਸੰਤਾਂ ਦਾ ਵੈਰੀ ਹੈ। ਤੁਰਕ ਬਾਦਸ਼ਾਹ ਦੇ ਹਿਰਦੇ ਵਿਚ ਕਿਸੇ ਪ੍ਰਕਾਰ ਦੀ ਸੂਝ ਵੀ ਨਹੀਂ ਜਾਣਦੇ ਹਾਂ, ਭਾਵ ਉਹ ਵੱਡਾ ਮੂਰਖ ਹੈ। ਉਸ ਦੇ ਦਿਲ ਦਾ ਕੋਈ ਵੀ ਪਤਾ ਨਹੀਂ ਜਾਣ ਸਕਦਾ॥ ੧੮॥

ਪ੍ਰਭੁ ਜੀ ! ਇਹਾਂ ਰਹਨਿ ਹੀ ਆਛੋ। ਕਯੋਂ ਗਾਛਨ ਦੱਛਨ ਬਛ ਬਾਛੋ'।
ਸਭਿ ਤੇ ਸੁਨਤਿ ਗੁਰੂ ਪੁਨ ਕਹਯੋ। 'ਪੁਰਖ ਅਕਾਲ ਸਹਾਯਕ ਰਹਯੋ॥ ੧੯॥

ਹੇ ਸਤਿਗੁਰੂ ਜੀ ! ਏਥੇ ਰਹਿਣਾ ਹੀ ਚੰਗਾ ਹੈ, ਦੱਖਣ ਨੂੰ ਜਾਣਾ ਕਿਉਂ ਚਾਹੁੰਦੇ ਹੋ ?'' ਫਿਰ ਸਾਰਿਆਂ ਪਾਸੋਂ ਸੁਣ ਕੇ ਗੁਰੂ ਜੀ ਨੇ ਕਿਹਾ, ''ਅਕਾਲ ਪੁਰਖ ਸਦਾ ਮੇਰਾ ਸਹਾਈ ਰਿਹਾ ਹੈ॥ ੧੯॥

ਕਯੋਂਹੂ ਧੀਰਜ ਛੋਰਿ ਨ ਕਰੀਅਹਿ ? ਦੇਸ਼ ਬਿਦੇਸ਼ਨ ਸੈਲ ਨਿਹਰੀਅਹਿ।
ਅਵਰੰਗ ਕੋ ਕੁਛ ਭੈ ਨ ਹਮਾਰੇ। ਦੱਛਨ ਚਲੀਅਹਿ ਕਾਜ ਸੁਧਾਰੇ॥ ੨੦॥

ਅਸੀਂ ਕਿਸੇ ਪ੍ਰਕਾਰ ਵੀ ਧੀਰਜ ਕਿਉਂ ਛੱਡੀਏ। ਦੇਸ਼ਾਂ ਬਿਦੇਸ਼ਾਂ ਨੂੰ ਸੈਰ ਕਰਕੇ ਵੇਖਾਂਗੇ। ਸਾਨੂੰ ਨੌਰੰਗੇ ਦਾ ਕੋਈ ਡਰ ਨਹੀਂ ਹੈ, ਦੱਖਣ ਵਿਚ ਜਾ ਕੇ ਕਾਰਜ ਸੁਧਾਰਦੇ ਹਾਂ॥ ੨੦॥

ਰਾਜ ਸਮਾਜ ਆਦਿ ਵਖੁ ਆਛੇ। ਦੈਹੈਂ ਹਮ, ਜੋ ਕਿਛ ਕੋ ਬਾਛੇ।
ਏਕ ਦੇਸ਼ ਅਰੁ ਘਰਨ ਮਝਾਰਾ। ਕਯੋਂ ਸਨੇਹ ਮਨ ਬੰਧਿ ਤੁਮਾਰਾ॥ ੨੧॥

ਰਾਜ, ਸਮਾਜ ਆਦਿ ਚੰਗੀਆਂ ਵਸਤਾਂ ਹਨ, ਜਿਸ ਕਿਸੇ ਨੂੰ ਵੀ ਇਨ੍ਹਾਂ ਦੀ ਇੱਛਾ ਹੋਵੇਗੀ, ਉਸ ਨੂੰ ਦੇਵਾਂਗੇ। ਇਕ ਦੇਸ਼ ਅਤੇ ਇਕ ਘਰ ਨਾਲ ਕਿਉਂ ਤੁਸੀਂ ਏਨਾ ਪਿਆਰ ਬੰਨ੍ਹਿਆ ਹੈ॥ ੨੧॥

ਹਮ ਸੰਗ ਜਹਾਂ ਕਰਹੁਗੇ ਬਾਸਾ। ਲੇਹੁ ਬਿਸਾਲ ਹੁਲਾਸ ਅਵਾਸਾ।
ਛੀਨਹਿਂ ਤੁਰਕਨਿ ਕੀ ਠਕੁਰਾਈ। ਤੁਮ ਤੇ ਰਾਜ ਕਰਾਇਂ ਤਿਥਾਈਂ॥ ੨੨॥

ਸਾਡੇ ਨਾਲ ਜਿੱਥੇ ਵੀ ਵਸੇਬਾ ਕਰੋਗੇ, ਉਸ ਘਰ ਵਿਚ ਵਿਸ਼ਾਲ ਅਨੰਦ ਵਿਲਾਸ ਪ੍ਰਾਪਤ ਕਰੋ। ਤੁਰਕਾਂ ਦੀ ਬਾਦਸ਼ਾਹੀ ਖੋਹ ਲਵਾਂਗੇ ਤੇ ਫਿਰ ਤੁਹਾਡੇ ਪਾਸੋਂ ਰਾਜ ਕਰਵਾਵਾਂਗੇ॥ ੨੨॥

ਨਹਿਂ ਭਰਮਹੁਂ ਨਿਸ਼ਚੈ ਕਰਿ ਕਾਚੇ। ਪਾਲੈ ਲਗੋ ਪ੍ਰਭੁ ਤੁਮ ਸਾਚੇ।
ਦਿਨ ਪ੍ਰਤਿ ਵਧਹਿ ਖਾਲਸਾ ਭਾਰੀ। ਧਰਾ ਰਾਜ ਕੇ ਹ੍ਵੈ ਅਧਿਕਾਰੀ॥ ੨੩॥

ਕੱਚਾ ਨਿਸ਼ਚਾ ਕਰਕੇ ਭਰਮਾਂ ਵਿਚ ਨਾ ਪਵੋ, ਤੁਸੀਂ ਸੱਚੇ ਪ੍ਰਭੂ ਦੇ ਲੜ ਲੱਗੋ। ਪ੍ਰਤੀ ਦਿਨ ਖਾਲਸਾ ਬਹੁਤ ਵਧੇਗਾ ਤੇ ਧਰਤੀ ਉੱਪਰ ਰਾਜ ਦਾ ਅਧਿਕਾਰੀ ਬਣੇਗਾ॥ ੨੩॥

ਕਹਾਂ ਨੁਰੰਗਾ ਥਿਰਤਾ ਪੈ ਹੈ। ਹਮ ਪਰ ਨਹੀਂ ਓਜ ਕੁਛ ਕੈ ਹੈ।
ਇਸਕੇ ਬਡੇ ਬਡੇਰੇ ਕਹਾਂ। ਸ਼ਾਹੁਜਹਾਂ ਜਹਾਂਗੀਰ ਨ ਰਹਾ॥ ੨੪॥

ਨੌਰੰਗਾ ਕਿੱਥੇ ਸਥਿਰ ਰਹਿ ਸਕਦਾ ਹੈ, ਉਹ ਸਾਡੇ ਉੱਪਰ ਕਿਸੇ ਪ੍ਰਕਾਰ ਦਾ ਵੀ ਬਲ ਨਹੀਂ ਧਾਰਨ ਕਰ ਸਕਦਾ ਹੈ। ਇਸ ਦੇ ਵੱਡੇ-ਵਡੇਰੇ ਕਿੱਥੇ ਗਏ ਹਨ। ਸ਼ਾਹਜਹਾਨ ਅਤੇ ਜਹਾਂਗੀਰ ਨਹੀਂ ਰਹੇ ਹਨ॥ ੨੪॥

ਅਕਬਰ ਮਰਯੋ, ਹੁਮਾਊਂ ਗਯੋ। ਬਾਬਰ ਬਡਨ ਸਹਤ ਮ੍ਰਿਤੁ ਥਯੋ।
ਇਹ ਅਬਿ ਥਿਰੈ ਨਹੀਂ, ਸਚ ਜਾਨੋ। ਦੱਛਨ ਕੋ ਤੁਮ ਸੰਗ ਪਯਾਨੋ॥ ੨੫॥

ਅਕਬਰ ਮਰ ਗਿਆ, ਹੁਮਾਊਂ ਚਲਾ ਗਿਆ, ਬਾਬਰ ਆਪਣੇ ਵਡੇਰਿਆਂ ਸਹਿਤ ਮਰ ਗਿਆ ਹੈ। ਇਹ ਵੀ ਹੁਣ ਰਹੇਗਾ ਨਹੀਂ, ਇਹ ਸੱਚ ਜਾਣੋ। ਦੱਖਣ ਵਲ ਤੁਸੀਂ ਮੇਰੇ ਨਾਲ ਚਲੋ॥ ੨੫॥

ਜੇ ਕਰਿ ਸੰਗ ਨਿਬਾਹਹੁ ਚਲੋ। ਸਭਿ ਬਿਧਿ ਲਖੋ ਆਪਨੋ ਭਲੋ।
ਜਥਾ ਕਾਮਨਾ ਮਨ ਮਹਿਂ ਧਰੋ। ਗੁਰ ਘਰ ਤੇ ਸੋ ਪੂਰਨ ਕਰੋ॥ ੨੬॥

ਜੇ ਚਲ ਕੇ ਮੇਰਾ ਸੰਗ ਨਿਬਾਹੋਗੇ ਤਾਂ ਫਿਰ ਸਭ ਵਿਧੀਆਂ ਨਾਲ ਆਪਣਾ ਭਲਾ ਜਾਣੋਗੇ। ਜਿਸ ਪ੍ਰਕਾਰ ਦੀ ਵੀ ਕਾਮਨਾ ਮਨ ਵਿਚ ਧਾਰਨ ਕਰੋਗੇ, ਉਹ ਗੁਰੂ ਘਰ ਤੋਂ ਪੂਰਨ ਤੌਰ ਤੇ ਪ੍ਰਾਪਤ ਕਰੋ॥ ੨੬॥

ਜੇ ਮਤਿ ਕਾਚੇ ਹੁਇ ਹਟਿ ਪਰੇ। ਸਭਿ ਬਿਧਿ ਕਰਹੁ ਆਪਨੋ ਬੁਰੋ।
ਹਮ ਨੇ ਤੁਮ ਕੋ ਬਿਦਤ ਸੁਨਾਈ। ਲਾਭ ਰੁ ਹਾਨ ਅਧਿਕ ਅਧਿਕਾਈ ॥੨੭॥

ਜੇ ਕੱਚੀ ਬੁੱਧੀ ਕਰਕੇ ਜਾਣਾ ਨਹੀਂ ਚਾਹੋਗੇ ਤਾਂ ਸਭ ਵਿਧੀਆਂ ਨਾਲ ਆਪਣਾ ਬੁਰਾ ਕਰੋਗੇ। ਅਸੀਂ ਤੁਹਾਨੂੰ ਪ੍ਰਗਟ ਰੂਪ ਵਿਚ ਸੁਣਾ ਦਿੱਤਾ ਹੈ। ਫਿਰ ਲਾਭ ਜਾਂ ਹਾਨੀ ਵੱਧ ਤੋਂ ਵੱਧ ਹੋਵੇਗੀ॥ ੨੭॥

ਪਾਇ ਸਰਬ ਕੁਛ ਗੁਰ ਤੇ ਆਵੋ। ਬਸਹੁ ਤਹਾਂ ਕੈ ਇਤੈ ਬਸਾਵੋ'।
ਇੱਤਜਾਦਿਕ ਸਤਿਗੁਰ ਸਮੁਝਾਏ। ਸੁਨਤਿ ਧੀਰ ਮਨ ਕੁਛਕ ਟਿਕਾਏ ॥੨੮॥

ਸਭ ਕੁਝ ਗੁਰੂ ਜੀ ਤੋਂ ਪਾ ਕੇ ਆ ਜਾਵੋ। ਉਥੇ ਵੱਸੋ ਜਾਂ ਏਥੇ ਆ ਕੇ ਵੱਸ ਜਾਵੋ।'' ਇਸ ਪ੍ਰਕਾਰ ਸਤਿਗੁਰੂ ਜੀ ਨੇ ਸਮਝਾਇਆ, ਸੁਣ ਕੇ ਮਨ ਵਿਚ ਧੀਰਜ ਧਾਰ ਕੇ ਕੁਝ ਟਿਕੇ॥ ੨੮॥

ਪੁਨ ਸਨਮੁਖ ਨਹਿਂ ਬਾਕ ਬਖਾਨੇ। ਨਿਜ ਕੁਟੰਬ ਕੋ ਮੋਹ ਮਹਾਨੇ।
ਪ੍ਰੀਤਿ ਡੋਰ ਤੇ ਮਨ ਕਰਿ ਸੀਵਨ। ਗਾਢੀ ਗੰਠ ਪ੍ਰਿਥਕ ਕਿਮ ਥੀਵਨ ॥੨੯॥

ਫਿਰ ਗੁਰੂ ਜੀ ਦੇ ਸਾਹਮਣੇ ਕੋਈ ਬਚਨ ਨਾ ਕੀਤਾ, ਆਪਣੇ ਪਰਿਵਾਰ ਦਾ ਮਹਾਨ ਮੋਹ ਸੀ। ਪ੍ਰੀਤ ਦੀ ਡੋਰ ਨਾਲ ਮਨ ਸੀਤਾ ਹੋਇਆ ਸੀ। ਪੀਡੀ ਗੰਢ ਨੂੰ ਕਿਵੇਂ ਵੱਖ ਕਰ ਸਕਦੇ ਸਨ। ਭਾਵ ਪੀਡੀ ਗੰਢ ਕਿਵੇਂ ਖੁਲ੍ਹ ਸਕਦੀ ਸੀ॥ ੨੯॥

'ਭਲਾ ਭਲਾ ਜੀ' ਕਰਤਿ ਬਖਾਨੇ। ਦੁਤਿ ਛੂਛੇ ਮੁਖ ਹੁਇ ਕੁਮਲਾਨੇ।
ਨੌਕਰ ਜੇ ਬਿਰਾੜ ਹਟਿ ਪਰੇ। 'ਹਮ ਤੇ ਜਾਯੋ ਜਾਹਿ ਨ ਪਰੇ' ॥ ੩੦॥

''ਭਲਾ ਭਲਾ ਜੀ'' ਕਹਿੰਦੇ ਸਨ, ਸਰੀਰ ਦੀ ਚਮਕ ਸੱਖਣੀ-ਸੱਖਣੀ ਸੀ ਤੇ ਮੁਖੜਾ ਕੁਮਲਾ ਗਿਆ ਸੀ। ਜਿਹੜੇ ਬਿਰਾੜ ਨੌਕਰ ਸਨ, ਉਨ੍ਹਾਂ ਨੇ ਇਕ ਟੂਕ ਜਵਾਬ ਦੇ ਦਿੱਤਾ, ''ਸਾਥੋਂ ਜਾਇਆ ਨਹੀਂ ਜਾਵੇਗਾ''॥ ੩੦॥

ਅਪਰ ਘਨੇ ਹਟਿ ਹਟਿ ਘਰ ਜਾਤੇ। ਚਹੈਂ ਨ ਪ੍ਰਭੁ ਕੇ ਸੰਗ ਪ੍ਰਯਾਂਤੇ।
'ਦੱਛਨ ਦੂਰ ਦੇਸ਼ ਹੈ ਜਾਨਾ। ਮਰੈਂ ਕਿ ਜੀਵੈਂ ਕਜਾ ਹੁਇ ਭਾਨਾ॥ ੩੧॥

ਹੋਰ ਬਹੁਤ ਵਾਪਸ ਹੋ ਹੋ ਕੇ ਘਰਾਂ ਨੂੰ ਜਾਂਦੇ ਸਨ, ਉਹ ਸਤਿਗੁਰੂ ਜੀ ਦੇ ਨਾਲ ਜਾਣਾ ਨਹੀਂ ਚਾਹੁੰਦੇ ਸਨ। ''ਦੱਖਣ ਵਿਚ ਬਹੁਤ ਦੂਰ ਦੇਸ਼ ਵਿਚ ਜਾਣਾ ਹੈ, ਮਰਾਂਗੇ ਕਿ ਜੀਵਾਂਗੇ, ਪਤਾ ਨਹੀਂ ਕੀ ਭਾਣਾ ਵਰਤੇਗਾ॥ ੩੧॥

ਨਿਜ ਕੁਟੰਬ ਤੇ ਹੋਵਹਿਂ ਨਜਾਰੇ। ਦੁਖ ਸੁਖ ਸੁਨਹਿਂ ਨ ਨਿਕਟ ਨਿਹਾਰੇਂ।
ਬਿਛੁਰੇ, ਹੋਹਿ ਕਿ ਨਾਂਹਿਨ ਮੇਲਾ। ਗਮਨਿ ਗੁਰੂ ਕੇ ਸੰਗ ਦੁਹੇਲਾ' ॥ ੩੨॥

ਆਪਣੇ ਪਰਿਵਾਰ ਤੋਂ ਵੱਖਰੇ ਹੋ ਜਾਵਾਂਗੇ, ਨਾ ਉਨ੍ਹਾਂ ਦਾ ਦੁਖ ਸੁਖ ਸੁਣਾਂਗੇ ਤੇ ਨਾ ਉਨ੍ਹਾਂ ਨੂੰ ਆਪਣੇ ਪਾਸ ਵੇਖਾਂਗੇ। ਵਿਛੜੇ ਰਹਾਂਗੇ ਪਤਾ ਨਹੀਂ ਫਿਰ ਮੇਲ ਹੋਵੇ ਕਿ ਨਹੀਂ। ਗੁਰੂ ਜੀ ਦੇ ਨਾਲ ਜਾਣਾ ਬਹੁਤ ਮੁਸ਼ਕਲ ਹੈ''॥ ੩੨॥

ਮਨ ਮਹਿਂ ਗਿਨਤੀ ਕਰੈਂ ਅਨੇਕ। ਨਹਿਂ ਬੋਲੈਂ ਢਿਗ ਜਲਧਿ ਬਿਬੇਕ।
ਕਰਹਿਂ ਕਪਟ ਕੋ ਪ੍ਰੇਮ ਬਨਾਇ। ਕਿਮ ਨਿਬਹੈ ਤੂਰਨ ਬਿਨਸਾਇ॥ ੩੩॥

ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਕਰਦੇ ਸਨ, ਪਰ ਉਹ ਗਿਆਨ ਦੇ ਸਾਗਰ ਸਤਿਗੁਰੂ ਜੀ ਦੇ ਪਾਸ ਬੋਲਦੇ ਨਹੀਂ ਸਨ। ਪ੍ਰੇਮ ਬਣਾ ਕੇ ਕਪਟ ਕਰਦੇ ਸਨ, ਕਪਟ ਵਾਲਾ ਪ੍ਰੇਮ ਕਿਵੇਂ ਨਿਭਦਾ ਹੈ, ਤੁਰਤ ਟੁੱਟ ਜਾਂਦਾ ਹੈ॥ ੩੩॥

ਰਾਮ ਸਿੰਘ ਬੋਲਜੋ ਕਰ ਜੋਰਿ। 'ਭ੍ਰਾਤ ਫਤੇ ਸਿਘ ਕੋ ਦੇਂ ਮੋਰ।
ਮੈ ਚਲਿ ਹੋਂ ਰਾਵਰ ਕੇ ਸਾਥ। ਜਿਤ ਗਮਨਹੁਂ ਗਮਨਹਿਂਗੇ ਨਾਥ' ॥ ੩੪॥

ਫਿਰ ਰਾਮ ਸਿੰਘ ਹੱਥ ਜੋੜ ਕੇ ਬੋਲਿਆ, "ਭਰਾ ਫਤਹਿ ਸਿੰਘ ਨੂੰ ਮੋੜ ਦੇਈਏ, ਮੈਂ ਆਪ ਜੀ ਦੇ ਨਾਲ ਚਲਾਂਗਾ, ਜਿੱਥੇ ਵੀ ਸਤਿਗੁਰੂ ਜੀ ਫਿਰਨਗੇ, ਉਥੇ ਮੈਂ ਵੀ ਫਿਰਾਂਗਾ" ॥ ੩੪ ॥

ਤਿਮਹੀ ਭਲ ਸਿੰਘ ਕਰਹਿ ਉਚਾਰੀ। ਗੁਰ ਤੇ ਡਰ ਕਰਿ ਬਨਿ ਅਨੁਸਾਰੀ।
'ਬਾਕ ਨ ਮੋਰਜੋ ਜਾਇ ਗੁਸਾਈਂ ! ਗਮਨ ਕਿਸੂ ਕੇ ਮਨ ਨਹਿਂ ਭਾਈ' ॥ ੩੫ ॥

ਉਸ ਪ੍ਰਕਾਰ ਹੀ ਭਲ ਸਿੰਘ ਨੇ ਉਚਾਰਨ ਕੀਤਾ, ਗੁਰੂ ਜੀ ਤੋਂ ਡਰ ਕੇ ਆਗਿਆ ਅਨੁਸਾਰ ਬਣ ਗਿਆ ਹਾਂ। ਕਹਿਣ ਲੱਗਾ, "ਗੁਰੂ ਜੀ ਦਾ ਬਚਨ ਨਹੀਂ ਮੋੜਿਆ ਜਾਂਦਾ, ਗੁਰੂ ਜੀ ਦੇ ਨਾਲ ਜਾਣਾ, ਕਿਸੇ ਨੂੰ ਵੀ ਚੰਗਾ ਨਹੀਂ ਲਗਦਾ ਹੈ" ॥ ੩੫ ॥

ਗਿਨਤੀ ਗਿਨਹਿਂ ਅਨੇਕ ਪ੍ਰਕਾਰੀ। ਗੁਰੂ ਸੰਗ ਤੇ ਹਟਿਬੋ ਭਾਰੀ।
ਤਥਾ ਕੁਟੰਬ ਤੇ ਬਿਰਹਿ ਦੁਹੇਲਾ। ਐਸੋ ਪਰਜੋ ਆਨਿ ਕਰਿ ਖੇਲਾ॥ ੩੬ ॥

ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦੇ ਸਨ, ਗੁਰੂ ਜੀ ਦੇ ਸੰਗ ਨੂੰ ਛੱਡਣਾ ਬੜਾ ਔਖਾ ਸੀ, ਪਰ ਉਸ ਤਰ੍ਹਾਂ ਹੀ ਪਰਿਵਾਰ ਤੋਂ ਵਿਛੜਣਾ ਮੁਸ਼ਕਲ ਸੀ। ਐਸੀ ਮੁਸ਼ਕਲ ਪਹੇਲੀ ਸਾਹਮਣੇ ਆ ਪਈ ਸੀ॥ ੩੬ ॥

ਬੇਗਮ ਨੌਰੰਗ ਕੀ ਮਰਿ ਗਈ। ਨ੍ਰਿਪ ਚੰਬਜਾਲ ਸੁ ਦੁਹਿਤਾ ਭਈ।
ਗੇ ਰਵਾਲਸਰ ਗੁਰ ਜਿਸ ਕਾਲਾ। ਮਿਲੀ ਆਲਿ ਕਰਿ ਬੁੱਧਿ ਬਿਸਾਲਾ॥ ੩੭ ॥

ਨੌਰੰਗੇ ਦੀ ਬੇਗਮ ਮਰ ਗਈ, ਜਿਹੜੀ ਚੰਬੇ ਵਾਲੇ ਰਾਜੇ ਦੇ ਘਰ ਜੰਮ ਕੇ ਉਸ ਦੀ ਧੀ ਬਣੀ ਸੀ (ਇਸ ਦੀ ਮੁਰਾਦ ਚੰਬੇ ਦੇ ਰਾਜੇ ਦੀ ਲੜਕੀ 'ਪਦਮਾ' ਤੋਂ ਹੈ, ਜਿਸ ਬਾਰੇ ਜ਼ਿਕਰ ਪਹਿਲਾਂ ਆ ਚੁੱਕਾ ਹੈ) ਜਿਸ ਸਮੇਂ ਗੁਰੂ ਜੀ ਰਵਾਲਸਰ ਗਏ ਸਨ ਤਾਂ ਵਿਸ਼ਾਲ ਬੁੱਧੀ ਵਾਲੀ ਉਹ ਲੜਕੀ ਸਤਿਗੁਰੂ ਜੀ ਨੂੰ ਆ ਕੇ ਮਿਲੀ ਸੀ॥ ੩੭ ॥

ਤਬਿ ਪ੍ਰਭੁ ਬਰ ਦੀਨੋ ਇਸ ਭਾਂਤਿ। 'ਅਬਿ ਲੌ ਅਹੈ ਅਪਾਵਨ ਗਾਤ।
ਇਹ ਤਨ ਤਜਾਗਿ ਅਪਰ ਕੋ ਪੈ ਹੈਂ। ਸਿਖ ਡੱਲੇ ਘਰਿ ਜਾਇ ਬਸੈ ਹੈਂ॥ ੩੮ ॥

ਤਦ ਸਤਿਗੁਰੂ ਜੀ ਨੇ ਉਸ ਨੂੰ ਇਸ ਪ੍ਰਕਾਰ ਵਰ ਦਿੱਤਾ ਸੀ, "ਹੁਣ ਤਕ ਤੇਰੀ ਅਵੱਸਥਾ ਅਪਵਿੱਤਰ ਰਹੀ ਹੈ। ਇਹ ਸਰੀਰ ਛੱਡ ਕੇ ਤੂੰ ਹੋਰ ਸਰੀਰ ਧਾਰਨ ਕਰੇਂਗੀ ਤੇ ਡੱਲੇ ਸਿੱਖ ਦੇ ਘਰ ਜਾ ਕੇ ਤੂੰ ਵੱਸੇਂਗੀ॥ ੩੮ ॥

ਤਹਿਂ ਸਤਿਸੰਗਤਿ ਸੇਵ ਕਮੈ ਹੈਂ। ਆਛੀ ਤਬਿ ਪਾਵਨਤਾ ਪੈ ਹੈਂ।
ਪੁਨ ਤੇਰੋ ਹਮ ਕਰਹਿਂ ਉਧਾਰ। ਪਹੁੰਚਹਿੰਗੇ ਤਿਹ ਸਦਨ ਮਝਾਰ॥ ੩੯ ॥

ਉਥੇ ਤੂੰ ਸਤਿਸੰਗਤ ਵਿਚ ਸੇਵਾ ਕਮਾਵੇਂਗੀ, ਫਿਰ ਚੰਗੀ ਪਵਿੱਤਰਤਾ ਪ੍ਰਾਪਤ ਕਰੇਂਗੀ। ਫਿਰ ਅਸੀਂ ਤੇਰਾ ਉਧਾਰ ਕਰਾਂਗੇ ਤੇ ਤੇਰੇ ਘਰ ਵਿਚ ਪਹੁੰਚਾਂਗੇ" ॥ ੩੯ ॥

ਸੋ ਤਬਿ ਕਰਤ ਰਹੀ ਬਹੁ ਸੇਵਾ। ਸੀਤ ਪ੍ਰਸਾਦ ਛਕਤਿ ਗੁਰਦੇਵਾ।
ਨਿਰਮਲ ਰਿਦਾ ਹੋਇ ਤਬਿ ਆਵਾ। ਮਿਲਿ ਗੁਰ ਪਗ ਪਰ ਸੀਸ ਝੁਕਾਵਾ॥ ੪੦ ॥

ਉਹ ਫਿਰ ਬਹੁਤ ਸੇਵਾ ਕਰਦੀ ਰਹੀ ਤੇ ਸਤਿਗੁਰੂ ਜੀ ਦਾ ਸੀਤ ਪ੍ਰਸ਼ਾਦਿ ਛਕਦੀ ਸੀ। ਫਿਰ ਉਸਦਾ ਹਿਰਦਾ ਨਿਰਮਲ ਹੋ ਗਿਆ, ਫਿਰ ਮਿਲ ਕੇ ਗੁਰੂ ਜੀ ਦੇ ਚਰਨਾਂ ਉੱਪਰ ਸਿਰ ਝੁਕਾਇਆ॥ ੪੦ ॥

'ਪੂਰਬ ਜਨਮ ਮੋਹਿ ਸੁਧ ਆਈ। ਅਬਿ ਸਤਿਸੰਗਤਿ ਸੇਵ ਕਮਾਈ।
ਨਹਿਂ ਮੈਂ ਜਨਮ ਲਹੋਂ ਪੁਨ ਔਰ। ਕਰਹੁ ਬਾਕ ਸ੍ਰੀ ਪ੍ਰਭੁ ਜਗ ਮੋਰ' ॥ ੪੧ ॥

ਉਹ ਕਹਿਣ ਲੱਗੀ, "ਮੈਨੂੰ ਪਿਛਲੇ ਜਨਮ ਦੀ ਸੋਝੀ ਆ ਗਈ ਹੈ, ਮੈਂ ਹੁਣ ਹੋਰ ਜਨਮ ਨਹੀਂ ਲਵਾਂਗੀ। ਹੇ ਜਗਤ ਦੇ ਸ਼੍ਰੋਮਣੀ ਸਤਿਗੁਰੂ ਜੀ ! ਹੁਣ ਬਚਨ ਕਰੋ" ॥ ੪੧ ॥

ਸ੍ਰੀ ਗੁਰ ਕਹ੍ਯੋ 'ਅਲਪ ਬਯ ਹੋਈ। ਕੇਤਿਕ ਰਹੀ ਭੋਗਣੀ ਸੋਈ।
ਡਲ ਸਿੰਘ ਸੰਗ ਲਹੈਂ ਗਤਿ ਆਛੇ। ਪ੍ਰਾਪਤਿ ਹੋਇ ਤੋਹਿ ਚਿਤ ਬਾਂਛੋ' ॥੪੨॥

ਸਤਿਗੁਰੂ ਜੀ ਨੇ ਕਿਹਾ, ''ਤੇਰੀ ਹਾਲੇ ਛੋਟੀ ਉਮਰ ਹੈ, ਹਾਲੇ ਬਹੁਤ ਉਮਰ ਭੋਗਣੀ ਬਾਕੀ ਹੈ। ਡਲ ਸਿੰਘ ਦੇ ਨਾਲ ਤੂੰ ਚੰਗੀ ਗਤੀ ਪ੍ਰਾਪਤ ਕਰੇਂਗੀ, ਤੈਨੂੰ ਮੂੰਹ ਮੰਗੀ ਮੁਰਾਦ ਪ੍ਰਾਪਤ ਹੋਵੇਗੀ'' ॥ ੪੨ ॥

ਸੁਨਿਕੈ ਚਰਨ ਸਰੋਜ ਸਨੇਹੂ। ਰਿਦੇ ਬਿਸਾਲ ਉਪਾਇ ਅਛੇਹੂ।
ਹਾਥ ਜੋਰਿ ਕਰਿ ਬੰਦਨ ਕੀਨੀ। ਮਨੋ ਕਾਮਨਾ ਪ੍ਰਾਪਤਿ ਭੀਨੀ ॥ ੪੩ ॥

ਇਹ ਸੁਣ ਕੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਦੇ ਨਾਲ ਵਿਸ਼ਾਲ ਪ੍ਰੇਮ ਹਿਰਦੇ ਵਿਚ ਉਤਪੰਨ ਹੋਇਆ। ਹੱਥ ਜੋੜ ਕੇ ਫਿਰ ਬੰਦਨਾ ਕੀਤੀ ਤੇ ਆਪਣੀ ਮਨੋਕਾਮਨਾ ਦੀ ਪ੍ਰਾਪਤੀ ਵਿਚ ਭਿੱਜੀ ਸੀ ॥ ੪੩ ॥

*ਨੋਟ : ਚੰਬੇ ਦੇ ਰਾਜੇ ਦੀ ਲੜਕੀ ਚਾਰ ਸਾਲ ਪਹਿਲਾਂ ਰਵਾਲਸਰ ਵਿਚ ਗੁਰੂ ਨੂੰ ਮਿਲੀ ਸੀ। ਉਸ ਲੜਕੀ ਦਾ ਚਾਰ ਸਾਲਾਂ ਵਿਚ ਮਰ ਕੇ ਫਿਰ ਜੰਮ ਕੇ ਜਵਾਨ ਹੋ ਕੇ ਡੱਲੇ ਦੀ ਇਸਤਰੀ ਬਣਨਾ ਸੰਭਵ ਨਹੀਂ ਹੈ।*

ਇਮ ਸਤਿਗੁਰ ਨਿਤ ਠਾਨਹਿਂ ਤਯਾਰੀ। ਕਰ੍ਯੋ ਚਹੈਂ ਦੱਛਨ ਅਸਵਾਰੀ।
ਕਹਿ ਭਾਈ ਮੈਂ ਭੀ ਹੁਇ ਸਾਥ। ਗਮਨ੍ਯੋਂ ਚਹੋਂ ਦਰਸ ਹਿਤ ਨਾਥ ॥ ੪੪ ॥

ਇਸ ਪ੍ਰਕਾਰ ਸਤਿਗੁਰੂ ਜੀ ਸਦਾ ਤਿਆਰੀ ਕਰਦੇ ਸਨ, ਦੱਖਣ ਵੱਲ ਅਸਵਾਰ ਹੋ ਕੇ ਉਹ ਜਾਣਾ ਚਾਹੁੰਦੇ ਸਨ। ਭਾਈ ਰਾਮ ਕੋਇਰ ਜੀ ਕਹਿੰਦੇ ਹਨ ਕਿ ਮੈਂ ਵੀ ਗੁਰੂ ਜੀ ਦੇ ਨਾਲ ਹੋ ਗਿਆ। ਮੈਂ ਗੁਰੂ ਜੀ ਦੇ ਨਿਤ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦਾ ਸੀ ॥ ੪੪ ॥

ਕੇਤਿਕ ਹਟੇ ਗਏ ਨਿਜ ਘਰ ਕੋ। ਕੇਤਿਕ ਹਟੇ ਕਪਟ ਕਰਿ ਉਰ ਕੋ।
ਕਿਤਿਕ ਕਪਟ ਬਿਨ ਸੰਗੀ ਭਏ। ਸਤਿਗੁਰ ਚਰਨ ਪ੍ਰੇਮ ਕੋ ਲਏ ॥ ੪੫ ॥

ਕਈ ਮੁੜ ਕੇ ਆਪਣੇ ਘਰਾਂ ਨੂੰ ਵਾਪਸ ਚਲੇ ਗਏ। ਕਈ ਹਿਰਦੇ ਵਿਚ ਕਪਟ ਧਾਰਨ ਕਰਕੇ ਆਪਣੇ ਘਰਾਂ ਨੂੰ ਵਾਪਸ ਹੋ ਗਏ। ਕਈ ਕਪਟ ਰਹਿਤ ਸਾਥੀ ਹੋ ਗਏ, ਉਹ ਸਤਿਗੁਰੂ ਜੀ ਦੇ ਚਰਨ ਕੰਵਲਾਂ ਦਾ ਪ੍ਰੇਮ ਲੈਂਦੇ ਸਨ ॥ ੪੫ ॥

ਤੀਨ ਦਸ਼ਾ ਸਿੱਖਨ ਕੀ ਹੋਇ। ਕਿਨਹੁਂ ਲਾਭ ਲੀਨਸਿ ਕਿਨ ਖੋਇ।
ਘਰ ਕੋ ਮੋਹ ਤਯਾਗ ਕਰਿ ਚਲੇ। ਸੇ ਪੂਰਨ ਉਤਰੇ ਨਰ ਭਲੇ ॥ ੪੬ ॥

ਸਿੱਖਾਂ ਦੀ ਤਿੰਨ ਪ੍ਰਕਾਰ ਦੀ ਹਾਲਤ ਹੋ ਗਈ, ਕਿਸੇ ਨੇ ਲਾਭ ਲੈ ਲਿਆ, ਕਿਸੇ ਨੇ ਗਵਾ ਲਿਆ। ਕਈ ਘਰ ਦਾ ਮੋਹ ਤਿਆਗ ਕੇ ਚਲ ਪਏ, ਉਹ ਭਲੇ ਪੁਰਸ਼ ਪੂਰਨ ਉੱਤਰੇ ॥ ੪੬ ॥

ਜਬਿ ਤੇ ਪੁੱਤ੍ਰ ਮਰੇ ਬਿਚ ਮੇਲੇ। ਅਭੈਰਾਮ ਕਰਿ ਸ਼ੋਕ ਦੁਹੇਲੇ।
ਨਹਿਂ ਘਰ ਰਹ੍ਯੋ ਪ੍ਰਭੁ ਢਿਗ ਆਯੋ। ਸੰਗ ਦਿਵਾਨੇ ਕੋ ਗਨ ਲ੍ਯਾਯੋ ॥੪੭॥

ਅਭੈਰਾਮ ਦੇ ਜਦ ਦੇ ਦੋ ਪੁੱਤਰ ਮੇਲੇ ਵਿਚ ਮਾਰੇ ਗਏ ਸਨ, ਉਸ ਸਮੇਂ ਤੋਂ ਉਸ ਨੇ ਵਿਸ਼ਾਲ ਦੁਖ ਧਾਰਨ ਕੀਤਾ ਹੋਇਆ ਸੀ। ਉਹ ਫਿਰ ਘਰ ਨਹੀਂ ਰਿਹਾ, ਸਤਿਗੁਰੂ ਜੀ ਪਾਸ ਆ ਗਿਆ ਤੇ ਆਪਣੇ ਨਾਲ ਬਹੁਤ ਦਿਵਾਨੇ ਲੈ ਕੇ ਆਇਆ ॥ ੪੭ ॥

ਸ੍ਰੀ ਗੁਰ ਰਾਖ੍ਯੋ ਕਰਿ ਸਨਮਾਨਾ। 'ਆਉ ਅਭੈ ਸਿੰਘ ਮਹਿਦ ਸੁਜਾਨਾ ॥
ਗੁਰ ਹਰਿਰਾਇ ਪ੍ਰਥਮ ਬਚ ਭਯੋ। ਸ੍ਰੀ ਨਾਨਕ ਜਹਾਜ ਫਟਿ ਗਯੋ ॥ ੪੮ ॥

ਗੁਰੂ ਜੀ ਨੇ ਉਸ ਨੂੰ ਬੜਾ ਸਨਮਾਨ ਕਰਕੇ ਰੱਖਿਆ ਤੇ ਕਿਹਾ, "ਮਹਾਂ ਚਤੁਰ ਅਭੈ ਸਿੰਘ ਆਓ, ਗੁਰੂ ਹਰਿਰਾਇ ਜੀ ਨੇ ਪਹਿਲਾਂ ਬਚਨ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਹਾਜ਼ ਫੱਟ ਗਿਆ ਹੈ॥ ੪੮॥

ਬਹੁਰ ਬਿਚਾਰ ਕਰਜੋ ਭਾਵਿੱਖ। 'ਦਸਵੇਂ ਪਾਤਸ਼ਾਹੁ ਬਹੁ ਸਿੱਖ।
ਫਟਜੋ ਜਹਾਜ ਇਕੱਤ੍ਰ ਕਰਹਿੰਗੇ। ਮਿਲਿ ਮਿਲਿ ਸ਼ਰਧਾ ਧਰਹਿਂ ਤਰਹਿੰਗੇ॥੪੯॥

ਫਿਰ ਭਵਿੱਖ ਬਾਰੇ ਵਿਚਾਰ ਕੀਤੀ ਤੇ ਕਿਹਾ, "ਦਸਵੇਂ ਪਾਤਸ਼ਾਹ ਫਟੇ ਹੋਏ ਜਹਾਜ਼ ਦੇ ਬਹੁਤ ਸਿੱਖਾਂ ਨੂੰ ਇਕੱਠਿਆਂ ਕਰਨਗੇ। ਜਿਹੜੇ ਮਿਲ-ਮਿਲ ਸ਼ਰਧਾ ਧਾਰਨਗੇ, ਉਹ ਤਰ ਜਾਣਗੇ॥ ੪੯॥

ਹੁਇਂ ਹੈਂ ਬਲੀ ਮਹਾਨ ਮਹਾਨਾ। ਤਬਿ ਭੀ ਜੇ ਮਿਲਿਹੈਂਗੇ ਆਨਾ।
ਤਿਨ ਕੋ ਪੰਥ ਮਿਲਾਵੈਂ ਸਰਬ। ਰਾਜ ਤੇਜ ਬਧਿ ਹੈ ਬਹੁ ਦਰਬ॥ ੫੦॥

ਉਹ ਮਹਾਨ ਤੋਂ ਮਹਾਨ ਬਲਵਾਨ ਹੋਣਗੇ, ਫਿਰ ਵੀ ਜੋ ਆ ਕੇ ਮਿਲਣਗੇ, ਉਨ੍ਹਾਂ ਸਾਰਿਆਂ ਨੂੰ ਪੰਥ ਵਿਚ ਮਿਲਾਵਾਂਗੇ, ਉਨ੍ਹਾਂ ਦਾ ਰਾਜ ਤੇਜ ਅਤੇ ਧਨ ਬਹੁਤ ਵਧੇਗਾ॥ ੫੦॥

ਸਭਿ ਅਧੀਨ ਹੋਵਇੰਗੇ ਜਾਇ। ਤਬਿ ਜਹਾਜ ਮਿਲਿ ਇਕ ਹੁਇ ਜਾਇ'।
ਅਭੈ ਸਿੰਘ ਕੋ ਰੋਜ ਘਨੇਰੋ। ਕਰਜੋ ਪ੍ਰਭੂ ਪਿਖਿ ਖਰਚ ਬਡੇਰੋ॥ ੫੧॥

ਜਦ ਸਾਰੇ ਅਧੀਨ ਹੋ ਜਾਣਗੇ ਤਦ ਜਹਾਜ਼ ਮਿਲ ਕੇ ਇਕ ਹੋ ਜਾਵੇਗਾ।" ਅਭੈ ਸਿੰਘ ਨੂੰ ਵੇਖ ਕੇ ਸਤਿਗੁਰੂ ਜੀ ਨੇ ਰੋਜ਼ ਬਹੁਤ ਖਰਚ ਕੀਤਾ॥ ੫੧॥

ਪੁੰਜ ਦਿਵਾਨੇ ਅਰੁ ਸਿਖ ਆਵੈਂ। ਸਭਿ ਕੋ ਦੇਗ਼ ਕਰਹਿਂ ਤ੍ਰਿਪਤਾਵੈਂ।
ਜਬਹਿ ਸੁਨਜੋ ਦੱਛਨ ਕੋ ਜਾਨੇ। ਮਿਲਿ ਮਿਲਿ ਮਸਲਤਿ ਕਰਹਿਂ ਦਿਵਾਨੇ॥੫੨॥

ਬਹੁਤ ਦਿਵਾਨੇ ਅਤੇ ਸਿੱਖ ਆਉਂਦੇ ਸਨ, ਸਾਰਿਆਂ ਨੂੰ ਲੰਗਰ ਤਿਆਰ ਕਰਵਾ ਕੇ ਤ੍ਰਿਪਤ ਕਰਵਾਉਂਦੇ ਸਨ। ਜਦ ਇਹ ਸੁਣਿਆ ਕਿ ਗੁਰੂ ਜੀ ਨੇ ਦੱਖਣ ਵਲ ਜਾਣਾ ਹੈ ਤਾਂ ਦਿਵਾਨੇ ਮਿਲ-ਮਿਲ ਸਲਾਹਾਂ ਕਰਦੇ ਸਨ॥ ੫੨॥

'ਤੁਮਰੋ ਨਹੀਂ ਬਨੈ ਕਿਤ ਜਾਨਾ। ਘਰਿ ਰਹਿਕੇ ਥੋਰੋ ਭੀ ਖਾਨਾ।
ਕਜਾ ਲੈਨੇ ਦੱਛਨ ਮਹਿਂ ਜਾਇ। ਦੂਰ ਦੇਸ਼ ਸੁਧ ਕਜੋਂਹੁਂ ਨ ਪਾਇ'॥੫੩॥

"ਤੁਹਾਡਾ ਕਿਤੇ ਜਾਣਾ ਨਹੀਂ ਬਣਦਾ ਹੈ, ਘਰ ਰਹਿ ਕੇ ਥੋੜਾ ਖਾ ਲਵਾਂਗੇ। ਅਸੀਂ ਦੱਖਣ ਵਿਚ ਜਾ ਕੇ ਕੀ ਲੈਣਾ ਹੈ। ਦੂਰ ਦੇਸ਼ ਹੈ ਕਿਸੇ ਪ੍ਰਕਾਰ ਦੀ ਵੀ ਖ਼ਬਰ ਨਹੀਂ ਪਾਈ ਹੈ"॥ ੫੩॥

ਇਕ ਦਿਨ ਸਤਿਗੁਰ ਬਹੁ ਸਮਝਾਯੋ। 'ਸੰਗ ਚਲੋ ਲੀਜਹਿ ਮਨ ਭਾਯੋ।
ਪੂਜਹਿੰਗੇ ਬਹੁ ਲੋਕ ਚਰਨ ਕੋ। ਗਮਨੈਂ ਦੇਸ਼ਨ ਸੈਲ ਕਰਨ ਕੋ॥ ੫੪॥

ਇਕ ਦਿਨ ਸਤਿਗੁਰੂ ਜੀ ਨੇ ਬਹੁਤ ਸਮਝਾਇਆ, "ਸਾਡੇ ਨਾਲ ਚਲੋ ਤੇ ਮਨ-ਭਾਉਂਦਾ ਸਭ ਕੁਝ ਪ੍ਰਾਪਤ ਕਰੋ। ਬਹੁਤ ਲੋਕ ਆਪ ਦੇ ਚਰਨ ਪੂਜਣਗੇ, ਹੋਰ ਦੇਸ਼ਾਂ ਵਿਚ ਸੈਰ ਕਰਦੇ ਫਿਰਾਂਗੇ॥ ੫੪॥

ਦਿਨ ਪ੍ਰਤਿ ਪ੍ਰਾਪਤਿ ਅਧਿਕ ਬਡਾਈ। ਹੁਇ ਤੁਮ ਸਿਖ ਸੰਗਤਿ ਅਧਿਕਾਈ'।
'ਆਛੀ ਬਾਤ ਚਲੈਂ ਹਮ ਸਾਥ'। ਕਹਿ ਕਰਿ ਭਲੇ ਗਮਨ ਕੋ ਪਾਥ॥ ੫੫॥

ਪ੍ਰਤੀ ਦਿਨ ਬਹੁਤ ਵਡਿਆਈ ਪ੍ਰਾਪਤ ਹੋਵੇਗੀ, ਤੁਸੀਂ ਸਿੱਖ ਸੰਗਤ ਦੇ ਵਡੇਰੇ ਬਣੇ ਹੋ। ਅਭੈਰਾਮ ਨੇ ਕਿਹਾ, "ਚੰਗੀ ਗੱਲ ਹੈ, ਅਸੀਂ ਤੁਹਾਡੇ ਨਾਲ ਚਲਾਂਗੇ", ਕਹਿ ਕੇ ਭਲੀ ਪ੍ਰਕਾਰ ਜਾਣਾ ਮੰਨ ਗਿਆ॥ ੫੫॥

ਜਬਿ ਬੈਠਜੋ ਡੇਰੇ ਮਹਿਂ ਆਇ। ਮਿਲੇ ਦਿਵਾਨੇ ਮਤਿ ਬਿਚਲਾਇ।
'ਰਹਿਬੇ ਸੁਖ, ਚਲਿਬੇ ਦੁਖ' ਕਹੇ। 'ਗਮਨ ਦੂਰ ਕੈਸੇ ਤੁਮ ਚਹੇ?' ॥ ੫੬ ॥

ਅਭੈਰਾਮ ਜਦ ਡੇਰੇ ਵਿਚ ਆ ਕੇ ਬੈਠ ਗਿਆ ਤਾਂ ਦਿਵਾਨਿਆਂ ਨੇ ਮਿਲ ਕੇ ਬੁੱਧੀ ਵਿਗਾੜ ਦਿੱਤੀ। ਉਹ ਕਹਿਣ ਲੱਗੇ, "ਰਹਿਣ ਵਿਚ ਸੁਖ ਹੈ, ਚੱਲਣ ਵਿਚ ਦੁਖ ਹੈ। ਏਨੀ ਦੂਰ ਤੁਸੀਂ ਕਿਵੇਂ ਜਾਣਾ ਚਾਹੁੰਦੇ ਹੋ?" ॥ ੫੬ ॥

ਇੱਤਜਾਦਿਕ ਅਧਿਕੈ ਸਮੁਝਾਯੋ। 'ਨਿਸ ਮੈਂ ਭਾਜੋ' ਮਤਿ ਠਹਿਰਾਯੋ।
ਕੇਤਿਕ ਸੰਗ ਲੀਨਿ ਬੈਰਾਰੇ। ਲੇ ਕਰਿ ਚਲੇ ਦਿਵਾਨੇ ਸਾਰੇ॥ ੫੭॥

ਇਸ ਪ੍ਰਕਾਰ ਦਿਵਾਨਿਆਂ ਨੇ ਅਭੈ ਰਾਮ ਨੂੰ ਬਹੁਤ ਸਮਝਾਇਆ, "ਰਾਤ ਨੂੰ ਭੱਜ ਚਲੋ", ਇਹ ਮਤਾ ਠਹਿਰਾਇਆ। ਕਈ ਬੈਰਾੜਾਂ ਨੂੰ ਵੀ ਨਾਲ ਲੈ ਲਿਆ ਤੇ ਦਿਵਾਨੇ ਸਾਰਿਆਂ ਨੂੰ ਲੈ ਕੇ ਚਲੇ ਗਏ॥ ੫੭॥

ਨਿਸ ਮਹਿਂ ਭਾਜ ਗਯੋ, ਨਹਿਂ ਰਹਜੋ। ਗੁਰ ਸੰਗ ਜਾਇ ਪ੍ਰਸੰਗ ਸੁ ਕਹਜੋ।
'ਹੁਤੇ ਦਿਵਾਨੇ ਜੋ ਮਤਿ ਮਾਰੇ। ਹਮ ਨੇ ਜਾਨੇ ਲੈਗੇ ਸਾਰੇ' ॥ ੫੮ ॥

ਸਾਰੇ ਦਿਵਾਨੇ ਰਾਤ ਨੂੰ ਭੱਜ ਗਏ ਤੇ ਕੋਈ ਵੀ ਨਾ ਰਿਹਾ। ਗੁਰੂ ਜੀ ਨੂੰ ਜਾ ਕੇ ਕਿਸੇ ਨੇ ਪ੍ਰਸੰਗ ਸੁਣਾਇਆ, "ਜਿਹੜੇ ਦਿਵਾਨੇ ਸਨ, ਉਨ੍ਹਾਂ ਦੀ ਮੱਤ ਮਾਰੀ ਗਈ ਹੈ, ਅਸੀਂ ਜਾਣਿਆ ਹੈ ਕਿ ਉਹ ਸਾਰਿਆਂ ਨੂੰ ਨਾਲ ਲੈ ਕੇ ਚਲੇ ਗਏ ਹਨ" ॥੫੮॥

*ਪਹਿਲੇ ਐਨ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥*

## *ਅਧਿਆਇ ਤੇਤੀਵਾਂ*

*ਡੱਲੇ ਦਾ ਨੱਸਣਾ, ਨੋਹਰ ਦਾ ਜੋਤਸ਼ੀ*

ਦੋਹਰਾ- ਡਲ ਸਿੰਘ ਬੈਠਜੋ ਆਨ ਕਰਿ ਸ੍ਰੀ ਮੁਖ ਕੀਨਿ ਬਖਾਨ।
'ਅਪਨੀ ਤਜਾਰੀ ਕੀਜੀਏ, ਦੱਖਨ ਕਰਹਿਂ ਪਯਾਨ' ॥ ੧ ॥

ਜਦ ਡਲ ਸਿੰਘ ਗੁਰੂ ਜੀ ਦੇ ਪਾਸ ਆ ਕੇ ਬੈਠਿਆ ਤਾਂ ਗੁਰੂ ਜੀ ਨੇ ਕਿਹਾ, "ਹੇ ਡਲਾ ਸਿੰਘ! ਆਪਣੀ ਤਿਆਰੀ ਕਰੋ, ਦੱਖਣ ਦੇਸ਼ ਵਲ ਚਲੀਏ" ॥ ੧ ॥

ਚੌਪਈ- ਹਾਥ ਜੋਰਿ ਬੋਲਜੋ ਤਬਿ ਸੋਇ। 'ਇਨ ਭਾਰਨ ਰਾਖਾ ਨਹਿਂ ਕੋਇ।
ਹਮ ਚਢਿ ਚਲੇ ਤਜਾਗ ਜਬਿ ਭੌਨ। ਗ੍ਰਾਮ ਬਸਾਵਹਿਗੋ ਤਬਿ ਕੌਨ'? ॥੨ ॥

ਉਹ ਫਿਰ ਹੱਥ ਜੋੜ ਕੇ ਬੋਲਿਆ, "ਇਨ੍ਹਾਂ ਭਾੜਾਂ ਦਾ ਭਾਵ ਮੇਰੇ ਘਰ ਅਤੇ ਰਿਆਸਤ ਦਾ ਕੋਈ ਵੀ ਰਖਵਾਲਾ ਨਹੀਂ ਹੈ। ਜਦ ਅਸੀਂ ਘਰ ਨੂੰ ਛੱਡ ਕੇ ਚਲੇ ਜਾਵਾਂਗੇ, ਫਿਰ ਨਗਰ ਨੂੰ ਕੌਣ ਵਸਾਵੇਗਾ?" ॥ ੨ ॥

ਗੁਰੂ ਕਹਜੋ 'ਰਹਿਂ ਗ੍ਰਾਮ ਰੁ ਭਾਰ। ਇਹ ਦੇਹਾਂ ਸਭਿ ਬਿਨਸਨ ਹਾਰ।
ਥਿਰਤਾ ਇਨ ਕੀ ਲਖਹੁ ਨ ਕੈਸੇ। ਬਰਖਾ ਹੋਤਿ ਬੁਦਬੁਦਾ ਜੈਸੇ॥ ੩ ॥

ਗੁਰੂ ਜੀ ਨੇ ਕਿਹਾ, "ਨਾ ਪਿੰਡ ਰਹਿਣੇ ਹਨ, ਨਾ ਸਾਰੇ ਸਰੀਰ ਰਹਿਣੇ ਹਨ, ਇਹ ਜੰਗਲ ਵਿਨਾਸ਼ਯੋਗ ਹਨ। ਇਨ੍ਹਾਂ ਦੀ ਪਕਿਆਈ ਕਦੀ ਵੀ ਨਾ ਸਮਝੋ, ਜਿਵੇਂ ਬਾਰਸ਼ ਹੋਣ ਤੇ ਪਾਣੀ ਦੇ ਬੁਲਬਲੇ ਬਣਦੇ ਅਤੇ ਖਤਮ ਹੋ ਜਾਂਦੇ ਹਨ ਉਸ ਪ੍ਰਕਾਰ ਉਨ੍ਹਾਂ ਵੀ ਖਤਮ ਹੋ ਜਾਣਾ ਹੈ॥ ੩॥

ਜਿਮ ਪ੍ਰਵਾਹੁ ਕੋ ਚਲਨ ਸੁਭਾਊ। ਭਰਜੋ ਰਹਤਿ ਹੈ ਨਿਤ ਦਰਿਆਊ।
ਰਾਖੇ ਕ਼ਾਰਨ ਗ੍ਰਾਮ ਬਸਾਵਨ। ਉਪਜਹਿਂ ਨਰ ਲਾਖਹੁਂ ਇਨ ਥਾਵਨ॥ ੪॥

ਜਿਵੇਂ ਨਦੀ ਦੇ ਪ੍ਰਵਾਹ ਦੇ ਚਲਣ ਦਾ ਸੁਭਾਅ ਹੈ, ਦਰਿਆ ਨਿਤ ਭਰਿਆ ਰਹਿੰਦਾ ਹੈ। ਜੰਗਲ ਪਿੰਡ ਵਸਾਉਣ ਵਾਸਤੇ ਰੱਖੇ ਹਨ, ਇਨ੍ਹਾਂ ਸਥਾਨਾਂ 'ਤੇ ਲੱਖਾਂ ਮਨੁੱਖ ਪੈਦਾ ਹੋਣਗੇ॥ ੪॥

ਕਜੋਂ ਤੂੰ ਫਸਹਿਂ ਮੋਹ ਕੇ ਫੰਧ। ਲਖਿ ਬੰਧੂ ਆਦਿਕ ਸਨਬੰਧ।
ਆਗੇ ਦੇਹਿਂ ਦੇਸ਼ ਕੋ ਰਾਜ। ਹੁਇ ਅਨੁਸਾਰਿ ਅਨੇਕ ਸਮਾਜ॥ ੫॥

ਤੂੰ ਮੋਹ ਦੇ ਫੰਧੇ ਵਿਚ ਕਿਉਂ ਫੱਸਿਆ ਹੈਂ, ਆਪਣੇ ਰਿਸ਼ਤੇਦਾਰਾਂ ਸਨਬੰਧੀਆਂ ਆਦਿ ਨੂੰ ਸਮਝੇ। ਅੱਗੇ ਜਾ ਕੇ ਤੈਨੂੰ ਦੇਸ਼ ਦਾ ਰਾਜ ਦਿੰਦੇ ਹਾਂ। ਅਨੇਕ ਸਮਾਜ ਤੇਰੀ ਆਗਿਆ ਅਨੁਸਾਰ ਹੋਵੇਗਾ॥ ੫॥

ਅਪਨੇ ਪਾਸ ਥਾਨ ਮੁਝ ਦੇਹੋ। ਮਾਂਗਤਿ ਰਹਤਿ ਹਮਹੁਂ ਤੇ ਏਹੋ।
ਕਜੋਂ ਅਬਿ ਭਰਮ ਸੰਗ ਚਹਿਂ ਛੋਰਾ। ਚਲਹੁ ਤਜਾਰ ਹ੍ਵੈ ਦੱਖਨ ਓਰਾ॥ ੬॥

ਆਪਣੇ ਪਾਸ ਮੈਨੂੰ ਥਾਂ ਦੇਵੋ, ਸਦਾ ਤੂੰ ਇਹੋ ਮੈਥੋਂ ਮੰਗਦਾ ਰਹਿੰਦਾ ਹੈਂ। ਕਿਉਂ ਹੁਣ ਭਰਮਾਂ ਵਿਚ ਪੈ ਕੇ ਸੰਗ ਛੱਡਣਾ ਚਾਹੁੰਦਾ ਹੈਂ, ਹੁਣ ਤਿਆਰ ਹੋ ਕੇ ਦੱਖਣ ਵਲ ਚਲੋ" ॥ ੬॥

ਡਰਤਿ ਕਹੈ 'ਸਤਿ ਬਚਨ ਭਲਾ ਜੀ'। ਅੰਤਰ ਚਾਹਤਿ ਗੁਰੂ ਛਲਾ ਜੀ।
ਤਿਮ ਹੀ ਰਾਮ ਸਿੰਘ ਕੀ ਬਾਤ। ਭੈ ਧਰਿ ਤਜਾਰੀ ਕੀਨਿ ਪ੍ਰਜਾਤ॥ ੭॥

ਡਰਦਾ ਹੋਇਆ ਕਹਿਣ ਲੱਗਾ, "ਸਤਿ ਬਚਨ, ਭਲਾ ਜੀ"। ਪਰ ਦਿਲੋਂ ਗੁਰੂ ਜੀ ਨੂੰ ਛਲਣਾ ਚਾਹੁੰਦਾ ਸੀ। ਉਸ ਤਰ੍ਹਾਂ ਹੀ ਰਾਮ ਸਿੰਘ ਦੀ ਗੱਲ ਸੀ, ਭੈ ਧਾਰ ਕੇ ਉਸ ਚਲਣ ਦੀ ਤਿਆਰੀ ਕੀਤੀ ਸੀ॥ ੭॥

ਦੱਛਨ ਚਲਿਬੇ ਸਭਿਨਿ ਸੁਨਾਈ। ਸੁਪਤਿ ਜਥਾ ਸੁਖਿ ਰਾਤਿ ਬਿਤਾਈ।
ਬਡੀ ਪ੍ਰਾਤ ਪ੍ਰਭੁ ਕੀਨਿ ਸ਼ਨਾਨਾ। ਪਹਿਰੇ ਬਸਤ੍ਰ ਸ਼ਸਤ੍ਰ ਬਿਧਿ ਨਾਨਾ॥ ੮॥

ਦੱਖਣ ਵਲ ਚਲਣਾ ਹੈ, ਸਾਰਿਆਂ ਨੂੰ ਸੁਣਾਇਆ ਤੇ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਸਵੇਰੇ ਸਵੱਖਤੇ ਉੱਠ ਕੇ ਸਤਿਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਕਈ ਪ੍ਰਕਾਰ ਦੇ ਵਸਤਰ ਸ਼ਸਤਰ ਪਹਿਣ ਲਏ॥ ੮॥

ਹੁਕਮ ਕਰਜੋ 'ਘੋਰਨ ਪਰ ਜ਼ੀਨ। ਪਾਵਹੁ ਤਜਾਰੀ ਕਰਹੁ ਪ੍ਰਬੀਨ'।
ਸੁਨਿ ਦਾਸਨ ਤਤਛਿਨ ਕਰਿ ਲਈ। ਸਕਲ ਸੌਜ ਬੰਧਨ ਕਰਿ ਦਈ॥ ੯॥

ਫਿਰ ਸਤਿਗੁਰੂ ਜੀ ਨੇ ਹੁਕਮ ਕੀਤਾ, "ਘੋੜਿਆਂ ਉੱਪਰ ਕਾਠੀਆਂ ਪਾਓ ਤੇ ਚਤੁਰ ਢੰਗ ਨਾਲ ਤਿਆਰ ਕਰੋ।" ਇਹ ਸੁਣ ਕੇ ਸੇਵਕਾਂ ਨੇ ਤੁਰਤ ਕਾਰਜ ਕੀਤਾ ਤੇ ਸਾਰੀ ਸਮੱਗਰੀ ਬੰਨ੍ਹ ਲਈ॥ ੯॥

ਸੰਗ ਖਾਲਸਾ ਹੋਇਸਿ ਤਜਾਰ। ਕਿਤਿਕ ਪਦਾਂਤੀ ਕੋ ਅਸਵਾਰ।
ਸਭਿ ਹੂੰ ਕਮਰਕਸਾ ਕਰਿ ਲੀਨ। ਧਨੁਖ ਤੁਫੰਗ ਸੰਭਾਰਨ ਕੀਨਿ॥ ੧੦॥

ਗੁਰੂ ਜੀ ਦੇ ਨਾਲ ਖਾਲਸਾ ਵੀ ਤਿਆਰ ਹੋ ਗਿਆ, ਕਈ ਪੈਦਲ ਸਨ ਤੇ ਕਈ ਘੋੜ-ਸਵਾਰ ਸਨ। ਸਾਰਿਆਂ ਨੇ ਕਮਰਕੱਸਾ ਕਰ ਲਿਆ ਤੇ ਧਨੁੱਖ ਬਾਣ ਅਤੇ ਬੰਦੂਕਾਂ ਸੰਭਾਲ ਲਈਆਂ॥ ੧੦॥

ਡਲ ਸਿੰਘ ਰਾਮ ਸਿੰਘ ਭੇ ਤਜਾਰ। ਇਨ ਪਰ ਘਨੀ ਕ੍ਰਿਪਾ ਪ੍ਰਭੁ ਧਾਰਿ।
ਹਯ ਅਨਵਾਇ ਅਰੋਹੇ ਨਾਥ। ਕਸਿ ਕਸਿ ਕਟਿ ਗਮਨੇ ਪ੍ਰਭੁ ਸਾਥ॥ ੧੧॥

ਡਲ ਸਿੰਘ ਤੇ ਰਾਮ ਸਿੰਘ ਵੀ ਤਿਆਰ ਹੋ ਗਏ। ਇਨ੍ਹਾਂ ਉੱਪਰ ਸਤਿਗੁਰੂ ਜੀ ਨੇ ਵੱਡੀ ਕਿਰਪਾ ਧਾਰਨ ਕੀਤੀ ਹੋਈ ਸੀ। ਘੋੜਾ ਮੰਗਵਾ ਕੇ ਗੁਰੂ ਜੀ ਸਵਾਰ ਹੋ ਗਏ ਤੇ ਸਾਰੇ ਕਮਰਕੱਸੇ ਕੱਸ ਕੱਸ ਕੇ ਗੁਰੂ ਜੀ ਦੇ ਨਾਲ ਚਲ ਪਏ॥ ੧੧॥

ਸ੍ਰੀ ਪ੍ਰਭੂ ਕੀ ਤਬਿ ਭਈ ਚਢਾਈ। ਉਡੀ ਧੂਰ ਨਭ ਲੀਨਸਿ ਛਾਈ।
ਥਰਹਰਿ ਕੰਪੇ ਰਾਨੇ ਰਾਇ। 'ਮਤ ਹਮ ਕੋ ਲੂਟਹਿਂ ਪ੍ਰਭੁ ਆਇ'॥ ੧੨॥

ਜਦ ਸਤਿਗੁਰੂ ਜੀ ਨੇ ਚੜ੍ਹਾਈ ਕੀਤੀ ਤਾਂ ਬਹੁਤ ਧੂੜ ਉਡ ਕੇ ਅਕਾਸ਼ 'ਤੇ ਛਾ ਗਈ। ਬਹੁਤ ਰਾਜਿਆਂ ਨੇ ਗੁਰੂ ਜੀ ਦੀ ਚੜ੍ਹਾਈ ਬਾਰੇ ਸੁਣਿਆ ਤਾਂ ਰਾਣੇ ਅਤੇ ਰਾਜੇ ਥਰਥਰ ਕੰਬ ਉਠੇ, 'ਸਾਨੂੰ ਸਤਿਗੁਰੂ ਜੀ ਆ ਕੇ ਕਿਤੇ ਲੁੱਟ ਹੀ ਨਾ ਲੈਣ'॥ ੧੨॥

ਸ਼ੋਭਤਿ ਚਢੇ ਜਾਤਿ ਮਗ ਐਸੇ। ਦੱਛਨ ਗਮਨੇ ਰਘੁਪਤਿ ਜੈਸੇ।
ਸਪਤਿ ਕੋਸ ਗਮਨੇ ਸੁਖਦਾਇ। ਨਾਮ ਗ੍ਰਾਮ ਕੇਵਲ ਤਬਿ ਆਇ॥ ੧੩॥

ਮਾਰਗ ਵਿਚ ਐਸੇ ਸ਼ੋਭਦੇ ਜਾਂਦੇ ਸਨ, ਜਿਵੇਂ ਦੱਖਣ ਵੱਲ ਰਾਮਚੰਦਰ ਜੀ ਜਾ ਰਹੇ ਹੋਣ। ਜਦ ਸਤਿਗੁਰੂ ਜੀ ਸਤ ਕੋਹ ਤੇ ਗਏ ਤਾਂ 'ਕੇਵਲ' ਨਾਮ ਦਾ ਇਕ ਪਿੰਡ ਆਇਆ॥ ੧੩॥

ਪ੍ਰਥਮ ਸਿਵਰ ਤਹਿਂ ਹੀ ਕਰਿ ਦਏ। ਸੁਖ ਸਮੇਤ ਪ੍ਰਭੁ ਆਵਤਿ ਭਏ।
ਈਂਧਨ ਘਾਸ ਬਟੋਰਨ ਕੀਨਾ। ਕਰੇ ਉਤਾਰਨਿ ਹਯ ਤੇ ਜ਼ੀਨਾ॥ ੧੪॥

ਪਹਿਲਾ ਡੇਰਾ ਉਥੇ ਹੀ ਕਰ ਲਿਆ, ਸੁਖ ਸਮੇਤ ਸਤਿਗੁਰੂ ਜੀ ਆ ਰਹੇ ਸਨ। ਫਿਰ ਬਾਲਣ ਅਤੇ ਘਾਹ ਇਕੱਠਾ ਕੀਤਾ ਤੇ ਘੋੜਿਆਂ ਤੋਂ ਕਾਠੀਆਂ ਲਾਹ ਲਈਆਂ॥ ੧੪॥

ਖਾਨ ਪਾਨ ਸਭਿਹਿਨਿ ਕਰਿ ਲੀਨਾ। ਭਈ ਰਾਤ੍ਰਿ ਨਿੰਦ੍ਰਾ ਸੁਖ ਭੀਨਾ।
ਪ੍ਰਾਤਿ ਉਠੇ ਤਜਾਰੀ ਕਰਿਵਾਈ। ਭਏ ਅਰੋਹਨ ਤੁਰਤ ਗੁਸਾਈਂ॥ ੧੫॥

ਖਾਣ ਪੀਣ ਸਾਰਿਆਂ ਨੇ ਕਰ ਲਿਆ ਤੇ ਰਾਤ ਪੈਣ ਤੇ ਸੁਖਾਂ ਭਰੀ ਨੀਂਦ ਪ੍ਰਾਪਤ ਕੀਤੀ। ਸਵੇਰੇ ਉੱਠ ਕੇ ਫਿਰ ਤਿਆਰੀ ਕਰਵਾਈ ਤੇ ਸਤਿਗੁਰੂ ਜੀ ਫਿਰ ਤੁਰਤ ਘੋੜੇ 'ਤੇ ਸਵਾਰ ਹੋ ਗਏ॥ ੧੫॥

ਮਾਰਵਾੜ ਕੇ ਦੇਸ਼ ਮਝਾਰੀ। ਚਲਹਿਂ ਤਹਾਂ ਕੋ ਇੱਛਾ ਧਾਰੀ।
ਗ੍ਰਾਮ ਝੋਰੜੀ ਉਤਰੇ ਜਾਇ। ਤਹਾਂ ਦੁਪਹਿਰਾ ਥਿਰੇ ਬਿਲਾਇ॥ ੧੬॥

ਮਾਰਵਾੜ ਦੇ ਦੇਸ਼ ਵਿਚ ਚਲੀਏ, ਮਨ ਵਿਚ ਇਹ ਇੱਛਾ ਧਾਰਨ ਕੀਤੀ। ਫਿਰ ਝੋਰੜੀ ਪਿੰਡ ਵਿਚ ਜਾ ਉਤਾਰਾ ਕੀਤਾ, ਉਥੇ ਠਹਿਰ ਕੇ ਦੁਪਹਿਰਾ ਕੱਟਿਆ॥ ੧੬॥

ਕੋਸ ਅਸ਼ਟ ਦਸ ਪਹੁੰਚੇ ਜਬੈ। ਝੰਡੇ ਗ੍ਰਾਮ ਸਿਵਰ ਕਿਯ ਤਬੈ।
ਸ੍ਰਮਿਤ ਭਏ ਨਰ, ਨਿਸਾ ਬਿਤਾਈ। ਪ੍ਰਾਚੀ ਦਿਸ਼ਾ ਭਈ ਅਰੁਨਾਈ॥ ੧੭॥

ਜਦ ਅਠ ਦਸ ਕੋਹ ਤੇ ਪਹੁੰਚੇ ਤਦ ਝੰਡੇ ਪਿੰਡ ਵਿਚ ਜਾ ਕੇ ਡੇਰਾ ਕੀਤਾ। ਮਨੁੱਖ ਥੱਕ ਗਏ ਸਨ, ਉਥੇ ਰਾਤ ਬਤੀਤ ਕੀਤੀ। ਫਿਰ ਦਿਨ ਚੜ੍ਹਿਆ ਪੂਰਬ ਵਾਲੇ ਪਾਸੇ ਸੂਰਜ ਦੀ ਲਾਲੀ ਛਾ ਗਈ॥ ੧੭॥

ਤੰਗ ਤੁਰੰਗਨ ਐਂਚਨਿ ਕਰੇ। ਤਜਾਰ ਹੋਇ ਕਰਿ ਸਤਿਗੁਰ ਚਰੇ।
ਦ੍ਵਾਦਸ਼ ਕੋਸ ਉਲੰਘਿ ਮਗ ਆਏ। ਸਰਸਾ ਗ੍ਰਾਮ ਤਹਾਂ ਦਰਸਾਏ॥ ੧੮॥

ਘੋੜਿਆਂ ਦੇ ਤੰਗ ਖਿੱਚ ਕੇ ਕੱਸੇ, ਫਿਰ ਸਤਿਗੁਰੂ ਜੀ ਤਿਆਰ ਹੋ ਕੇ ਘੋੜੇ 'ਤੇ ਸਵਾਰ ਹੋ ਗਏ। ਫਿਰ ਬਾਰ੍ਹਾਂ ਕੋਹ ਪੈਂਡਾ ਲੰਘ ਕੇ ਆਏ ਤਾਂ ਉਥੇ ਜਾ ਕੇ ਸਰਸਾ ਪਿੰਡ ਵਿਖਾਈ ਦਿੱਤਾ॥ ੧੮॥

ਦਲ ਸਮੇਤ ਪ੍ਰਭੁ ਕੀਨਸਿ ਡੇਰਾ। ਸਕਲ ਬਹੀਰ ਆਇ ਤਿਸ ਬੇਰਾ।
ਪਰਮ ਸਿੰਘ ਅਰੁ ਧਰਮ ਸਿੰਘ ਜੁਇ। ਰੂਪੇ ਕੇ ਚਲਿ ਆਇ ਭ੍ਰਾਤ ਦੁਇ॥੧੯॥

ਸੈਨਾ ਸਹਿਤ ਉਥੇ ਗੁਰੂ ਜੀ ਨੇ ਡੇਰਾ ਕੀਤਾ, ਉਸ ਸਮੇਂ ਫਿਰ ਸਾਰੀ ਵਹੀਰ ਆ ਕੇ ਮਿਲ ਪਈ। ਜਿਹੜੇ ਪਰਮ ਸਿੰਘ ਅਤੇ ਧਰਮ ਸਿੰਘ ਸਨ ਉਹ ਦੋਵੇਂ ਭਰਾ ਰੂਪੇ ਦੇ ਪਿੰਡ ਤੋਂ ਚਲ ਕੇ ਆਏ ਸਨ॥ ੧੯॥

ਪ੍ਰਭੁ ਹਿਤ ਨਯੋ ਮੰਚ ਨਿਤ ਕਰੈਂ। ਤਜਾਰੀ ਹਿਤ ਤੂਰਨ ਸੋ ਘਰੈਂ।
ਬੁਨਿਕੈ ਪਾਇੰਦ ਪਾਇ ਬਨਾਵੈਂ। ਨਿਸ ਮਹਿਂ ਗੁਰ ਕੇ ਤਰੇ ਡਸਾਵੈਂ॥੨੦॥

ਉਹ ਸਤਿਗੁਰੂ ਜੀ ਵਾਸਤੇ ਨਿਤ ਨਵਾਂ ਮੰਜਾ ਤਿਆਰ ਕਰਦੇ ਸਨ। ਮੰਜੇ ਨੂੰ ਫਿਰ ਉਣ ਕੇ ਪੈਂਦ ਪਾ ਕੇ ਕੱਸਦੇ ਸਨ। ਰਾਤ ਸਮੇਂ ਫਿਰ ਗੁਰੂ ਜੀ ਦੇ ਥੱਲੇ ਡਾਹੁੰਦੇ ਸਨ॥ ੨੦॥

ਥਿਰ ਹ੍ਵੈ ਕਿਤਿਕ ਸਮੈਂ ਮਹਿਂ ਫੇਰ। ਪਿਖ੍ਯੋ ਪਚਾਵਾ ਊਚ ਬਡੇਰ।
ਤਿਸ ਪਰ ਚਢਿ ਡਲ ਸਿੰਘ ਹਕਾਰਾ। 'ਆਉ ਦਿਖਾਵਹਿਂ ਦੇਸ਼ ਉਦਾਰਾ॥੨੧॥

ਉਥੇ ਕੁਝ ਸਮਾਂ ਠਹਿਰਾ ਕੇ ਫਿਰ ਸਤਿਗੁਰੂ ਜੀ ਨੇ ਇਕ ਉੱਚਾ ਇੱਟਾਂ ਦਾ ਆਵਾ ਵੇਖਿਆ। ਉਸ ਉੱਪਰ ਚੜ੍ਹ ਕੇ ਡੱਲ ਸਿੰਘ ਨੂੰ ਆਵਾਜ਼ ਮਾਰ ਕੇ ਕਿਹਾ, "ਆਉ ਤੁਹਾਨੂੰ ਉੱਤਮ ਦੇਸ਼ ਵਿਖਾਈਏ॥ ੨੧॥

ਜੋ ਤੁਝ ਕੋ ਦੇਨੋ ਹਿਤ ਰਾਜ। ਕਰਹਿਂ ਵਧਾਵਨ ਸਕਲ ਸਮਾਜ'।
ਮੁਖ ਮੁਰਝਾਨੇ ਤਬਹਿ ਉਚਾਰੇ। 'ਜਬਿ ਚਲਿ ਹੈਂ ਤਬਿ ਲੇਹਿਂ ਨਿਹਾਰੇ'॥੨੨॥

ਜੋ ਤੈਨੂੰ ਰਾਜ ਦੇਣ ਵਾਸਤੇ ਕਿਹਾ ਹੈ, ਤੇਰਾ ਸਾਰਾ ਸਾਜ਼-ਸਾਮਾਨ ਅਤੇ ਸਮਾਜ ਵਧਾਵਾਂਗੇ।" ਮੁਰਝਾਏ ਹੋਏ ਮੁਖ ਨਾਲ ਉਸ ਉਚਾਰਨ ਕੀਤਾ, "ਜਦ ਚੱਲਾਂਗੇ ਤਦ ਵੇਖ ਲਵਾਂਗੇ"॥ ੨੨॥

ਛੂਟਿ ਗਯੋ ਧੀਰਜ ਜਿਸ ਕੇਰਾ। ਮੋਹ ਸਦਨ ਗਨ ਗ੍ਰਾਮ ਬਡੇਰਾ।
ਪੁਨ ਪ੍ਰਭੁ ਆਨਿ ਪਲੰਘ ਪਰ ਥਿਰੇ। ਔਰ ਨਿਕਟ ਸਭਿ ਬੈਠਨ ਕਰੇ॥੨੩॥

ਜਿਸ ਦਾ ਧੀਰਜ ਜਾਂਦਾ ਰਿਹਾ ਸੀ, ਜਿਸ ਦਾ ਘਰ ਅਤੇ ਪਿੰਡ ਨਾਲ ਬਹੁਤ ਪਿਆਰ ਸੀ। ਫਿਰ ਸਤਿਗੁਰੂ ਜੀ ਆ ਕੇ ਪਲੰਘ ਉੱਪਰ ਬੈਠ ਗਏ। ਹੋਰ ਸੇਵਕ ਵੀ ਸਾਰੇ ਪਾਸ ਬੈਠ ਗਏ॥ ੨੩॥

ਰਾਮ ਸਿੰਘ ਕਰ ਜੋਰਿ ਉਚਾਰਾ। ਭ੍ਰਾਤਾ ਫਤੇ ਸਿੰਘ ਹਿਤ ਧਾਰਾ।
'ਖੁਸ਼ੀ ਕਰਹੁ ਇਹ ਸਦਨ ਸਿਧਾਵੈ। ਸਕਲ ਕਾਰ ਪਾਛੇ ਨਿਬਹਾਵੈ'॥੨੪॥

ਫਿਰ ਰਾਮ ਸਿੰਘ ਨੇ ਹੱਥ ਜੋੜ ਕੇ ਉਚਾਰਨ ਕੀਤਾ ਤੇ ਆਪਣੇ ਭਰਾ ਫਤਹਿ ਸਿੰਘ ਦਾ ਹਿਤ ਧਾਰਿਆ, "ਭਰਾ ਫਤਹਿ ਸਿੰਘ ਉੱਪਰ ਹੁਣ ਖੁਸ਼ੀ ਕਰੋ, ਇਹ ਘਰ ਨੂੰ ਜਾਵੇ ਤੇ ਬਾਅਦ ਵਿਚ ਘਰ ਦੇ ਸਾਰੇ ਕਾਰਜਾਂ ਦਾ ਨਿਰਬਾਹ ਕਰੇ"॥ ੨੪॥

ਸੁਨਿ ਗੁਰ ਕਹ੍ਯੋ 'ਹਮਹੁ ਸਭਿ ਜਾਨੀ। ਬਾਨੀ ਤੂੰ ਭਾਖਤਿ ਛਲ ਸਾਨੀ।
ਫਤੇ ਸਿੰਘ ਕੋ ਜਾਨ ਨ ਦੈ ਹੈਂ। ਨਹੀਂ ਆਪ ਭੀ ਸੰਗ ਸਿਧੈ ਹੈਂ॥੨੫॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਸੀਂ ਸਭ ਕੁਝ ਜਾਣ ਲਿਆ ਹੈ, ਤੂੰ ਇਹ ਬੋਲ ਛਲ ਸਹਿਤ ਕਹਿ ਰਿਹਾ ਹੈਂ। ਸਾਡੇ ਨਾਲ ਨਾ ਤੂੰ ਫਤਹਿ ਸਿੰਘ ਨੂੰ ਜਾਣ ਦੇਣਾ ਹੈ ਤੇ ਨਾ ਹੀ ਆਪ ਵੀ ਨਾਲ ਜਾਵੇਂਗਾ॥ ੨੫॥

ਹਮ ਕਜਾ ਕਹੈਂ, ਭੇਜ ਦੇਹੁ ਪਾਛੇ। ਕਰਹਿਂ ਕਪਟ ਤੁਝ ਹੋਇ ਨ ਆਛੇ'।
ਪ੍ਰਭੁ ਜੀ ! ਨਹਿਂ ਰਿਸ ਰਿਦੈ ਕਰੀਜੈ। ਬਿਨ ਨਰ ਸਦਨ ਨਹੀਂ ਨਿਬਹੀਜੈ ॥੨੬॥

ਅਸੀਂ ਕੀ ਕਹਿਣਾ ਹੈ, ਪਿੱਛੋ ਭੇਜ ਦੇਵੇ, ਕਪਟ ਕਰਨਾ ਤੇਰੇ ਵਾਸਤੇ ਚੰਗੀ ਗੱਲ ਨਹੀਂ।'' ਇਹ ਸੁਣ ਕੇ ਰਾਮ ਸਿੰਘ ਬੋਲਿਆ, ''ਸਤਿਗੁਰੂ ਜੀ! ਆਪਣੇ ਦਿਲ ਵਿਚ ਗੁੱਸਾ ਨਾ ਧਾਰਨ ਕਰੋ, ਮਨੁੱਖ ਤੋਂ ਬਗੈਰ ਘਰ ਦਾ ਨਿਰਬਾਹ ਨਹੀਂ ਹੋਵੇਗਾ'' ॥ ੨੬ ॥

ਇਮ ਕਹਿ ਫਤੇ ਸਿੰਘ ਕੋ ਮੋਰਾ। ਕਾਚੇ ਲੋਕਨ ਧੀਰਜ ਛੋਰਾ।
ਖਾਨ ਪਾਨ ਕਰਿ ਦਿਵਸ ਬਿਤਾਯੋ। ਸੰਧਯਾ ਸਮੈ ਤਿਮਰ ਗਨ ਛਾਯੋ ॥੨੭॥

ਇਸ ਪ੍ਰਕਾਰ ਕਹਿ ਕੇ ਫਤਹਿ ਸਿੰਘ ਨੂੰ ਵਾਪਸ ਮੋੜ ਦਿੱਤਾ। ਕੱਚੇ ਲੋਕ ਧੀਰਜ ਛੱਡ ਗਏ ਸਨ। ਸਤਿਗੁਰੂ ਜੀ ਨੇ ਖਾ ਪੀ ਕੇ ਦਿਨ ਬਤੀਤ ਕੀਤਾ, ਸ਼ਾਮ ਸਮੇਂ ਬਹੁਤ ਹਨੇਰਾ ਛਾ ਗਿਆ ॥ ੨੭ ॥

ਡਲ ਸਿੰਘ ਕੰਕਨ ਦੋਨਹੁਂ ਉਤਰੇ। ਹਿਤ ਤਕਰਾਈ ਗੁਰ ਢਿਗ ਧਰੇ।
ਸੁੰਦਰ ਖੰਡਾ ਦਯੋ ਟਿਕਾਈ। ਬਾਹੀ ਸੰਗ ਮੰਚ ਕੇ ਲਾਈ ॥ ੨੮ ॥

ਡਲ ਸਿੰਘ ਨੇ ਦੋਵੇਂ ਕੰਗਣ ਉਤਾਰ ਕੇ ਤਕੜਾਈ ਅਤੇ ਸੰਭਾਲ ਵਾਸਤੇ ਗੁਰੂ ਜੀ ਪਾਸ ਧਰ ਦਿੱਤੇ। ਸੁੰਦਰ ਖੰਡੇ ਨੂੰ ਵੀ ਧਰ ਦਿੱਤਾ ਤੇ ਗੁਰੂ ਜੀ ਦੇ ਮੰਜੇ ਨਾਲ ਬਾਂਹ ਲਾ ਕੇ ਬੈਠ ਗਿਆ ॥ ੨੮ ॥

ਨਿਸ ਜਬਿ ਭਈ ਅਧਿਕ ਅੰਧਕਾਰਾ। ਹਿਤ ਭਾਜਨ ਕੇ ਕੀਨਸ ਤਯਾਰਾ।
ਗੁਰ ਡੇਰੇ ਕੀ ਕਰੀ ਪ੍ਰਦੱਛਨ। ਦੋਇ ਬਾਰ ਫਿਰਿ ਨੀਠ ਬਿਚੱਛਨ ॥ ੨੯ ॥

ਜਦ ਰਾਤ ਪੈ ਗਈ ਤੇ ਬਹੁਤ ਹਨੇਰਾ ਛਾ ਗਿਆ ਤਾਂ ਉਸ ਨੇ ਭੱਜਣ ਵਾਸਤੇ ਤਿਆਰੀ ਕੀਤੀ। ਗੁਰੂ ਜੀ ਦੇ ਡੇਰੇ ਦੀਆਂ ਪਰਿਕਰਮਾਂ ਕੀਤੀਆਂ। ਦੋ ਵਾਰ ਪ੍ਰਤੱਖ ਰੂਪ ਵਿਚ ਡੇਰੇ ਦੇ ਆਲੇ-ਦੁਆਲੇ ਫਿਰਿਆ ॥ ੨੯ ॥

ਪੁਨ ਫਿਰਿਬੇ ਕੀ ਧੀਰ ਨ ਰਹੀ। ਨਮੋ ਕਰੀ ਕਰ ਜੋਰੇ ਤਹੀਂ।
ਘਰਬਾਰੀ ਦਰਬਾਰੀ ਦੋਨ। ਚਢਿ ਕਰਿ ਭਾਜਿ ਹਟਯੋ ਥਲ ਤੋਨ ॥ ੩੦ ॥

ਫਿਰ ਹੋਰ ਫਿਰਨ ਵਾਸਤੇ ਧੀਰਜ ਨਾ ਰਿਹਾ ਤੇ ਉਥੇ ਹੀ ਹੱਥ ਜੋੜ ਕੇ ਨਮਸਕਾਰ ਕਰ ਦਿੱਤੀ। ਉਸ ਦੇ ਨਾਲ ਹੀ ਗੁਰੂ ਜੀ ਦੇ ਦੋ ਦੀਵਾਨ ਘਰਬਾਰੀ ਸਿੰਘ ਅਤੇ ਦਰਬਾਰੀ ਸਿੰਘ ਉਸ ਥਾਂ ਤੋਂ ਘੋੜਿਆਂ ਉੱਪਰ ਚੜ੍ਹ ਕੇ ਵਾਪਸ ਭੱਜ ਗਏ ॥ ੩੦ ॥

ਸੰਗ ਬਿਰਾੜ ਬਹੁਤ ਹਟਿ ਆਏ। ਇਕ ਸੋਢੀ ਕੋ ਭੀ ਸੰਗ ਲਜਾਏ।
ਜਾਮ ਜਾਮਨੀ ਤੇ ਪ੍ਰਭੁ ਜਾਗੇ। ਸੋਚ ਸ਼ਨਾਨ ਕਰਨ ਕੋ ਲਾਗੇ ॥ ੩੧ ॥

ਉਨ੍ਹਾਂ ਦੇ ਨਾਲ ਬਹੁਤ ਬਿਰਾੜ ਵੀ ਵਾਪਸ ਆ ਗਏ, ਉਹ ਇਕ ਸੋਢੀ ਨੂੰ ਵੀ ਨਾਲ ਲਿਆਏ। ਪਹਿਰ ਰਾਤ ਰਹਿੰਦਿਆਂ ਸਤਿਗੁਰੂ ਜੀ ਜਾਗੇ ਤੇ ਸੋਚ ਇਸ਼ਨਾਨ ਕਰਨ ਲੱਗੇ ॥ ੩੧ ॥

ਚਾਰ ਘਰੀ ਕੇ ਅੰਮ੍ਰਿਤ ਵੇਲੇ। ਬਸਤ੍ਰ ਸ਼ਸਤ੍ਰ ਪਹਿਰੇ ਸਭਿ ਲੇ ਲੇ।
ਬਹੁਰ ਕਹਯੋ 'ਡਲ ਸਿੰਘ ਕੋ ਲਯਾਵੋ। ਹਮ ਢਿਗ ਬੈਠੇ, ਜਾਇ ਸੁਨਾਵੋ' ॥੩੨॥

ਚਾਰ ਘੜੀਆਂ ਬਾਅਦ ਦੇ ਅੰਮ੍ਰਿਤ ਵੇਲੇ ਸਾਰੇ ਵਸਤਰ ਸ਼ਸਤਰ ਲੈ ਕੇ ਪਹਿਣ ਲਏ। ਫਿਰ ਸੇਵਕਾਂ ਨੂੰ ਕਿਹਾ, ''ਡਲ ਸਿੰਘ ਨੂੰ ਲਿਆਵੋ, ਸਾਡੇ ਪਾਸ ਬੈਠੇ, ਉਸ ਨੂੰ ਜਾ ਕੇ ਸੁਣਾਵੋ'' ॥ ੩੨ ॥

ਦਲ ਮਹਿਂ ਰਹੈ ਬੇਨਵਾ ਏਕ। ਹਿਤ ਦਰਸ਼ਨ ਕੇ ਜਲਧ ਬਿਬੇਕ।
ਦੇਤਿ ਪ੍ਰਦਛਨਾ ਜਬਿ ਭਜ ਗਯੋ। ਨੀਕੀ ਰੀਤਿ ਨਿਹਾਰਤਿ ਭਯੋ ॥ ੩੩ ॥

ਸੈਨਾ ਵਿਚ ਇਕ ਨਿਰਧਨ ਥੇਨਵਾ ਫਕੀਰ ਰਹਿੰਦਾ ਸੀ, ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਜਦ ਡਲ ਸਿੰਘ ਡੇਰੇ ਦੀਆਂ ਪਰਿਕਰਮਾਂ ਕਰਕੇ ਭੱਜ ਗਿਆ ਸੀ ਤਾਂ ਉਹ ਗ਼ਰੀਬ ਮਨੁੱਖ ਉਸ ਨੂੰ ਚੰਗੀ ਰੀਤੀ ਨਾਲ ਵੇਖਦਾ ਰਿਹਾ ਸੀ॥ ੩੩॥

ਤਿਨ ਗੁਰ ਸਨਮੁਖ ਗਿਰਾ ਉਚਾਰੀ। 'ਕਿਤ ਦਰਬਾਰੀ ਕਿਤ ਘਰਬਾਰੀ।
ਡੱਲਾ ਕਹਾਂ ਨਿਮੱਲਾ ਮੱਲਾ। ਰਹਜੋ ਸੰਗ ਅੱਲਾ ਹੀ ਅੱਲਾ॥ ੩੪॥

ਉਸ ਨੇ ਗੁਰੂ ਜੀ ਦੇ ਸਾਹਮਣੇ ਆ ਕੇ ਕਿਹਾ, "ਕਿੱਥੇ ਦਰਬਾਰੀ, ਕਿੱਥੇ ਘਰਬਾਰੀ, ਡੱਲਾ ਕਿੱਥੇ, ਉਸ ਦੇ ਮੱਲਾਂ ਸੂਰਬੀਰਾਂ ਵਿਚੋਂ ਵੀ ਕੋਈ ਨਹੀਂ ਜੇ ਰਿਹਾ। ਗੁਰੂ ਜੀ ਦੇ ਨਾਲ ਅੱਲਾ ਹੀ ਅੱਲਾ ਰਿਹਾ ਹੈ॥ ੩੪॥

ਕਹਿੰ ਸਿਖ ਕਪਟੀ ਬੇਖ ਕੁਢਾਲੀ। ਅੰਤ ਸਮੈਂ ਨਿਬਹੈ ਨਹਿੰ ਨਾਲੀ।
ਤਜੋਂ ਹੀ ਡੱਲਾ ਕੂੜ ਕੁਚੱਲਾ। ਰਹਜੋ ਏਕ ਅੱਲਾ ਹੀ ਅੱਲਾ॥ ੩੫॥

ਆਪਣੇ ਆਪ ਨੂੰ ਕਹਿੰਦੇ ਹਨ ਕਿ ਅਸੀਂ ਸਿੱਖ ਹਾਂ, ਪਰ ਇਹ ਕਪਟੀ ਅਤੇ ਕੁਢਾਲੇ ਭੇਖ ਵਾਲੇ ਹਨ। ਅੰਤ ਸਮੇਂ ਨਾਲ ਨਹੀਂ ਨਿਭਣਗੇ। ਉਸ ਪ੍ਰਕਾਰ ਹੀ ਡੱਲਾ ਕੂੜੀ ਚਾਲ ਚਲ ਗਿਆ ਹੈ। ਹੁਣ ਇਕ ਅੱਲਾ ਹੀ ਅੱਲਾ ਆਪ ਨਾਲ ਰਿਹਾ ਹੈ॥ ੩੫॥

ਨਿਭਹੈ ਕੂੜ ਨ ਸੱਚ ਅਗਾਰੀ। ਫਸੇ ਮੋਹ ਸੁਤ ਬੰਧਪ ਨਾਰੀ।
ਭਾਗਜੋ ਡੱਲਾ ਤਾਉ ਨ ਝੱਲਾ। ਸੰਗ ਰਹਜੋ ਅੱਲਾ ਹੀ ਅੱਲਾ॥ ੩੬॥

ਸੱਚ ਦੇ ਅੱਗੇ ਕੂੜ ਨਹੀਂ ਨਿਭਦਾ ਹੈ। ਇਹ ਪੁੱਤਰ, ਇਸਤਰੀ, ਰਿਸ਼ਤੇਦਾਰਾਂ ਦੇ ਮੋਹ ਵਿਚ ਫਸੇ ਹੋਏ ਹਨ। ਡੱਲਾ ਭੱਜ ਗਿਆ ਹੈ, ਤਾਅ ਨਹੀਂ ਝੱਲ ਸਕਿਆ ਹੈ ਤੇ ਹੁਣ ਨਾਲ ਅੱਲਾ ਹੀ ਅੱਲਾ ਰਿਹਾ ਹੈ" ॥ ੩੬॥

ਸੁਨਿ ਗੁਰ ਕਹਜੋ 'ਜਾਹੁ ਵੇ ਡੱਲਾ! ਆਪਹਿ ਭਾਗਜੋਂ ਉਰ ਥਰਥੱਲਾ।
ਮਾਂਗਤਿ ਰਹਤਿ ਸਦਾ ਥਲ ਤੀਰ। ਕਹਾਂ ਪਰੀ ਤੇਰੇ ਪਰ ਭੀਰ'॥ ੩੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਡੱਲੇ! ਜਾਵੇ, ਆਪੇ ਭੱਜ ਗਿਆ ਹੈਂ, ਦਿਲ ਕੰਬ ਗਿਆ ਹੈ। ਸਦਾ ਸਾਡੇ ਪਾਸ ਥਾਂ ਮੰਗਦਾ ਰਹਿੰਦਾ ਸੀ, ਤੇਰੇ ਉੱਪਰ ਕਿਹੜੀ ਏਡੀ ਬਿਪਤਾ ਪਈ ਹੈ" ॥ ੩੭॥

ਇਕ ਦਿਸ਼ਿ ਦੇਖਤਿ ਪ੍ਰਭੁ ਉਚਾਰਾ। 'ਇਤੇ ਕੌਨਸੇ ਕੀਜਸਿ ਤਜਾਰਾ?'।
ਸਿੰਘ ਮਝੈਲ ਅਫੀਮੀ ਏਕ। ਸੁਨਿ ਬੋਲਜੋ ਸੰਗ ਜਲਪਿ ਬਿਬੇਕ॥ ੩੮॥

ਇਕ ਪਾਸੇ ਵੇਖ ਕੇ ਸਤਿਗੁਰੂ ਜੀ ਨੇ ਉਚਾਰਨ ਕੀਤਾ, "ਏਧਰ ਕਿਸ ਨੇ ਤਿਆਰੀ ਕੀਤੀ ਹੈ?" ਉਥੇ ਇਕ ਅਫੀਮੀ ਮਝੈਲ ਸਿੰਘ ਸੀ, ਉਹ ਸੁਣ ਕੇ ਗੁਰੂ ਜੀ ਨਾਲ ਬੋਲਿਆ॥ ੩੮॥

'ਸਭਿ ਮਲਵਈ ਭਾਜਿ ਕੈ ਗਏ। ਮਾਝੇ ਕੇ ਮਾੜੇ ਥਿਰ ਥਏ'।
ਕਹਜੋ ਗੁਰੂ 'ਮਝੈਲ ਨਹਿੰ ਮਾੜੇ। ਦੇਸ਼ ਮਾਲਵੇ ਕੇ ਹੁਇੰ ਲਾੜੇ'॥ ੩੯॥

ਸਾਰੇ ਮਲਵਈ ਭੱਜ ਕੇ ਚਲੇ ਗਏ ਹਨ, ਮਾਝੇ ਦੇ ਮੇਰੇ ਵਰਗੇ ਮਾੜੇ ਸਿੱਖ ਵੀ ਪੱਕੇ ਰਹੇ ਹਨ।" ਗੁਰੂ ਜੀ ਨੇ ਕਿਹਾ, "ਮਝੈਲ ਨਹੀਂ ਮਾੜੇ ਹਨ, ਇਹ ਮਾਲਵੇ ਦੇਸ਼ ਦੇ ਲਾੜੇ ਹੋਣਗੇ" ॥ ੩੯॥

ਬਹੁਰ ਚਢਨ ਤਜਾਰੀ ਕਰਿਵਾਈ। ਜ਼ੀਨ ਪਾਇ ਹਯ ਲੀਨ ਅਨਾਈ।
ਗਏ ਕੋਸ ਦ੍ਵਾਦਸ਼ ਕਿਯ ਡੇਰਾ। ਨੋਹਰ ਨਗਰ ਬਸਹਿ ਬਹੁਤੇਰਾ॥ ੪੦॥

ਫਿਰ ਸਤਿਗੁਰੂ ਜੀ ਨੇ ਅੱਗੇ ਚਲਣ ਦੀ ਤਿਆਰੀ ਕਰਵਾਈ ਤੇ ਘੋੜੇ ਉੱਪਰ ਕਾਠੀ ਪਵਾ ਕੇ, ਘੋੜਾ ਮੰਗਵਾ ਲਿਆ। ਫਿਰ ਬਾਰ੍ਹਾਂ ਕੋਹ ਚਲ ਕੇ ਡੇਰਾ ਕੀਤਾ ਤੇ ਨੋਹਰ ਨਗਰ ਵਿਚ ਬਹੁਤ ਦੇਰ ਠਹਿਰੇ॥ ੪੦॥

ਸੈਨਾ ਸਹਿਤ ਵਹੀਰ ਬਿਸਾਲਾ। ਆਨਿ ਸਿਵਰ ਸਭਿਹੂੰ ਤਹਿਂ ਘਾਲਾ।
ਸਤਿਗੁਰ ਬੈਠੇ ਸਹਿਜ ਸੁਭਾਇ। ਏਕ ਸਿੰਘ ਪੁਰਿ ਬੀਚ ਪਠਾਇ॥ ੪੧॥

ਸੈਨਾ ਸਹਿਤ ਵੱਡੀ ਵਹੀਰ ਨੇ ਉਥੇ ਆ ਕੇ ਡੇਰਾ ਲਾ ਲਿਆ। ਸਤਿਗੁਰੂ ਜੀ ਸਹਿਜ ਸੁਭਾਅ ਬੈਠੇ ਸਨ। ਇਕ ਸਿੰਘ ਨੂੰ ਫਿਰ ਨਗਰ ਵਿਚ ਭੇਜਿਆ ਅਤੇ ਕਿਹਾ॥ ੪੧॥

'ਕਿਸ਼ਨ ਲਾਲ ਦਿਜ ਇਹ ਥਲ ਧਾਮੂ। ਲਜਾਉ ਬੁਲਾਇ ਬੂਝਿਬੇ ਕਾਮੂ।
ਜੋਤਿਸ਼ ਬਿੱਦਜਾ ਬਿਖੈ ਪ੍ਰਬੀਨ। ਪੂਰਬ ਦਿਸ਼ਿ ਪੁਰਿ ਮਹਿਂ ਘਰ ਚੀਨ' ॥ ੪੨॥

''ਕਿਸ਼ਨ ਲਾਲ ਇਕ ਬ੍ਰਾਹਮਣ ਜੋਤਸ਼ੀ ਦਾ ਇਸ ਨਗਰ ਵਿਚ ਘਰ ਹੈ, ਉਸ ਨੂੰ ਬੁਲਾ ਕੇ ਲਿਆਵੋ, ਉਸ ਪਾਸੋਂ ਕਿਸੇ ਕੰਮ ਬਾਰੇ ਪੁੱਛਦੇ ਹਾਂ। ਉਹ ਜੋਤਿਸ਼ ਵਿਦਿਆ ਵਿਚ ਬੜਾ ਚਤੁਰ ਹੈ, ਪੂਰਬ ਵਾਲੇ ਪਾਸੇ ਜਾ ਕੇ ਉਸ ਦਾ ਘਰ ਲੱਭ ਲਵੋ'' ॥ ੪੨॥

ਸੁਨਿ ਗੁਰ ਤੇ ਤਤਛਿਨ ਸਿਖ ਗਯੋ। ਜਾਇ ਜੋਤਸ਼ੀ ਲਜਾਵਤਿ ਭਯੋ।
ਆਸ਼ਿਖ ਬਾਦ ਦੀਨ ਢਿਗ ਬੈਸਾ। ਏਵ ਮਿਲਜੋ ਪੂਰਬ ਮਿਲਿ ਜੈਸਾ॥ ੪੩॥

ਗੁਰੂ ਜੀ ਪਾਸੋਂ ਸੁਣ ਕੇ ਸਿੱਖ ਤੁਰਤ ਚਲਾ ਗਿਆ ਤੇ ਜਾ ਕੇ ਜੋਤਸ਼ੀ ਨੂੰ ਲੈ ਆਇਆ। ਜੋਤਸ਼ੀ ਅਸ਼ੀਰਵਾਦ ਦੇ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਉਹ ਆ ਕੇ ਇਸ ਪ੍ਰਕਾਰ ਮਿਲਿਆ ਜਿਵੇਂ ਪਹਿਲਾਂ ਵੀ ਕਿਤੇ ਮਿਲਿਆ ਹੋਵੇ॥ ੪੩॥

ਸਤਿਗੁਰ ਭਾਖਜੋ 'ਪ੍ਰਸ਼ਨ ਪਛਾਨਹੁਂ। ਕਿਮਹੁ ਬੁਲਾਯੋ ਜਾਨਿ ਬਖਾਨਹੁ'।
ਸੁਨਿ ਪ੍ਰਭੁ ਤੇ ਦਿਜ ਲਗਨ ਬਿਚਾਰਾ। ਗ੍ਰਿਹ ਨਿਬਲਾਬਲ ਕੋ ਨਿਰਧਾਰਾ॥੪੪॥

ਸਤਿਗੁਰੂ ਜੀ ਨੇ ਕਿਹਾ, ''ਸਾਡਾ ਪ੍ਰਸ਼ਨ ਪਛਾਣੋ, ਤੁਹਾਨੂੰ ਕਿਵੇਂ ਬੁਲਾਇਆ ਗਿਆ ਹੈ, ਇਹ ਜਾਣ ਕੇ ਵਰਣਨ ਕਰੋ।'' ਸਤਿਗੁਰੂ ਜੀ ਪਾਸੋਂ ਸੁਣ ਕੇ ਬ੍ਰਾਹਮਣ ਨੇ ਲਗਨ ਤੇ ਵਿਚਾਰ ਕੀਤੀ। ਬਲੀ ਤੇ ਨਿਰਬਲ ਗ੍ਰਹਿ ਨੂੰ ਨਿਰਣੇ ਕੀਤਾ॥ ੪੪॥

ਮੂਕ ਪ੍ਰਸ਼ਨ ਕੋ ਭਲੇ ਪਛਾਨਾ। ਪੁਨ ਸਤਿਗੁਰ ਕੇ ਸੰਗ ਬਖਾਨਾ।
'ਰਾਵਰ ਕੇਰ ਮਨੋਰਥ ਜੋਊ। ਮਿਲਿਬੇ ਹਿਤ ਤੁਰਕੇਸ਼ੁਰ ਸੋਊ' ॥ ੪੫॥

ਬੋਲਣ ਤੋਂ ਬਗੈਰ ਕੀਤੇ ਗਏ ਪ੍ਰਸ਼ਨ ਨੂੰ ਉਸ ਨੇ ਭਲੀ ਪ੍ਰਕਾਰ ਪਛਾਣ ਲਿਆ। ਫਿਰ ਸਤਿਗੁਰੂ ਜੀ ਨੂੰ ਕਿਹਾ, ''ਆਪ ਜੀ ਦਾ ਜਿਹੜਾ ਮਨੋਰਥ ਹੈ, ਆਪ ਜੀ ਤੁਰਕ ਬਾਦਸ਼ਾਹ ਨੂੰ ਮਿਲਣਾ ਚਾਹੁੰਦੇ ਹੋ'' ॥ ੪੫॥

ਪੁਨ ਗੁਰ ਕਹਜੋ 'ਤਾਂਹਿ ਸਨ ਮੇਲਾ। ਹੋਇ ਕਿ ਨਹੀਂ ਬਤਾਉ ਸੁਹੇਲਾ?'
ਸੁਨਿ ਦਿਜ ਨੇ ਕਰਿ ਗਣਤ ਬਿਚਾਰਾ। ਗ੍ਰੈਹ ਅਰੁ ਲਗਨ ਸਕਲ ਨਿਰਧਾਰਾ॥੪੬॥

ਫਿਰ ਗੁਰੂ ਜੀ ਨੇ ਕਿਹਾ, ''ਉਸ ਨਾਲ ਮੇਲ ਹੋਵੇਗਾ ਕਿ ਨਹੀਂ, ਇਹ ਚੰਗੀ ਤਰ੍ਹਾਂ ਦੱਸੋ?'' ਇਹ ਸੁਣ ਕੇ ਬ੍ਰਾਹਮਣ ਨੇ ਗਿਣਤੀ ਕਰਕੇ ਵਿਚਾਰਿਆ। ਗ੍ਰਹਿ ਅਤੇ ਲਗਨ ਸਾਰੇ ਨਿਰਧਾਰਤ ਕੀਤੇ॥ ੪੬॥

'ਸ੍ਰੀ ਗੁਰ ਤੁਮਰੋ ਮੇਲ ਨ ਬਨੈ। ਢਿਗ ਨ ਪਹੁੰਚਹੁ ਤਿਹ ਮ੍ਰਿਤੁ ਹਨੈ।
ਤਿਸਕੋ ਪੁੱਤ੍ਰ ਹੋਇ ਬਹੁ ਦੀਨ। ਮਿਲੈ ਆਪਕੋ ਮੈਂ ਮਨ ਚੀਨ' ॥ ੪੭॥

''ਫਿਰ ਬ੍ਰਾਹਮਣ ਨੇ ਕਿਹਾ, ''ਹੇ ਗੁਰੂ ਜੀ! ਤੁਹਾਡਾ ਉਸ ਨਾਲ ਮੇਲ ਹੋਣਾ ਨਹੀਂ ਬਣਦਾ ਹੈ, ਉਸ ਪਾਸ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਜਾਵੇਗੀ। ਉਸ ਦਾ ਪੁੱਤਰ ਬਹੁਤ ਦੀਨ ਭਾਵਨਾ ਵਾਲਾ ਹੋਵੇਗਾ, ਉਹ ਆਪ ਜੀ ਨੂੰ ਮਿਲੇਗਾ, ਮੈਂ ਇਹ ਮਨ ਵਿਚ ਜਾਣਿਆ ਹੈ'' ॥ ੪੭॥

ਸੁਨਿ ਸਤਿਗੁਰ ਦਿਜ ਕੇ ਬਚ ਸਾਚੇ। ਭਏ ਪ੍ਰਸੰਨ ਕ੍ਰਿਪਾ ਰਸ ਰਾਚੇ।
ਕਰਜੋ ਬਿਲੋਕਨ ਤਿਹ ਜਿਸ ਕਾਲਾ। ਕਰਿ ਦੀਨ ਸੋ ਬਿੱਪ੍ਰ ਨਿਹਾਲਾ॥੪੮॥

ਜਦ ਸਤਿਗੁਰੂ ਜੀ ਨੇ ਬ੍ਰਾਹਮਣ ਦੇ ਸੱਚੇ ਬਚਨ ਸੁਣੇ ਤਾਂ ਉਹ ਬਹੁਤ ਪ੍ਰਸੰਨ ਹੋਏ ਤੇ ਕਿਰਪਾ ਦੇ ਰਸ ਵਿਚ ਰਚ ਗਏ। ਜਿਸ ਬ੍ਰਾਹਮਣ ਨੂੰ ਉਸ ਸਮੇਂ ਪਰਖਿਆ ਸੀ, ਉਸ ਬ੍ਰਾਹਮਣ ਨੂੰ ਫਿਰ ਸਤਿਗੁਰੂ ਜੀ ਨੇ ਨਿਹਾਲ ਕਰ ਦਿੱਤਾ॥ ੪੮॥

ਮਹਿਮਾ ਜਾਨ ਪਰਨਿ ਪਗ ਚਾਹਾ। ਕਰਜੋ ਹਟਾਵਨਿ ਸ੍ਰੀ ਪ੍ਰਭੁ ਤਾਂਹਾ।
ਕਹਤਿ ਭਯੋ 'ਦ੍ਵੈ ਘਰੀ ਦਰਸ ਤੇ। ਕਰਜੋ ਕ੍ਰਿਤਾਰਥ ਮਹਾਂ ਹਰਸ਼ ਤੇ॥੪੯॥

ਗੁਰੂ ਜੀ ਦੀ ਮਹਿਮਾ ਜਾਣ ਕੇ ਪੈਰੀਂ ਪੈਣਾ ਚਾਹਿਆ, ਪਰ ਸਤਿਗੁਰੂ ਜੀ ਨੇ ਉਸ ਨੂੰ ਰੋਕ ਦਿੱਤਾ। ਉਹ ਕਹਿਣ ਲੱਗਾ, "ਦੋ ਘੜੀਆਂ ਦਰਸ਼ਨ ਦੇ ਕੇ ਸਾਡੇ ਉੱਪਰ ਬਹੁਤ ਕਿਰਪਾ ਕੀਤੀ ਹੈ ਤੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ॥ ੪੯॥

ਜਹਿਂ ਤੁਮ ਮਾਸ ਬਰਸ ਲਗਿ ਬਾਸੇ। ਤਹਾਂ ਹਜ਼ਾਰਹੁਂ ਸੁਮਤਿ ਪ੍ਰਕਾਸ਼ੇ'।
ਸੁਨਿ ਗੁਰ ਕਹਜੋ 'ਨ ਸ਼ਰਧਾ ਹੋਈ। ਯਾਂਤੇ ਭਯੋ ਕ੍ਰਿਤਾਰਥ ਕੋਈ॥ ੫੦॥

ਜਿੱਥੇ ਤੁਸੀਂ ਮਹੀਨੇ ਵਰ੍ਹਿਆਂ ਤਕ ਰਹੇ ਹੋ, ਉੱਥੇ ਹਜ਼ਾਰਾਂ ਸ੍ਰੇਸ਼ਟ ਬੁੱਧੀ ਵਾਲੇ ਵਿਦਵਾਨ ਉਤਪੰਨ ਹੋਏ ਹੋਣਗੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਿੱਥੇ ਸ਼ਰਧਾ ਨਹੀਂ ਹੋਈ ਹੈ, ਉੱਥੇ ਵਿਰਲਾ ਕ੍ਰਿਤਾਰਥ ਹੋਇਆ ਹੈ॥ ੫੦॥

ਇਸੀ ਬਾਤ ਪਰ ਸੁਨਹੁਂ ਕਹਾਨੀ। ਭਰਿ ਜਹਾਜ ਲੇ ਸੌਜ ਮਹਾਨੀ।
ਗਯੋ ਬਨਕ ਟਾਪੂ ਮਹਿਂ ਤਹਾਂ। ਗਊ ਮਹਿਖ ਪ੍ਰਾਪਤਿ ਨਹਿਂ ਜਹਾਂ॥ ੫੧॥

ਏਸੇ ਗੱਲ ਉੱਪਰ ਇਕ ਕਹਾਣੀ ਸੁਣੋ। ਸਮੱਗਰੀ ਦਾ ਮਹਾਨ ਜਹਾਜ਼ ਭਰ ਕੇ ਇਕ ਬਾਣੀਆਂ ਕਿਸੇ ਟਾਪੂ ਵਿਚ ਗਿਆ। ਜਿੱਥੇ ਗਾਈਆਂ ਮੱਝਾਂ ਨਹੀਂ ਹੁੰਦੀਆਂ ਸਨ॥ ੫੧॥

ਇਕ ਗੋ ਇਨੈ੍ਹ ਜਹਾਜ ਚਢਾਈ। ਪੈ ਪੀਵਨ ਹਿਤ ਨਿਕਟ ਰਖਾਈ।
ਪਾਯਹੁ ਟਾਪੂ ਮਹਿਂ ਬਿਵਹਾਰ। ਤਹਿਂ ਇਕ ਬਨਕ ਸਖਾ ਕਿਯ ਪਜਾਰ॥੫੨॥

ਬਾਣੀਏ ਨੇ ਇਕ ਗਾਂ ਜਹਾਜ਼ ਵਿਚ ਚੜ੍ਹਾਈ ਸੀ, ਦੁੱਧ ਪੀਣ ਵਾਸਤੇ ਉਸ ਆਪਣੇ ਪਾਸ ਰੱਖੀ ਸੀ। ਉਸ ਟਾਪੂ ਵਿਚ ਵਪਾਰ ਸ਼ੁਰੂ ਕੀਤਾ, ਉੱਥੇ ਇਕ ਬਾਣੀਏ ਦੋਸਤ ਨਾਲ ਪਿਆਰ ਪੈ ਗਿਆ॥ ੫੨॥

ਤਿਨ ਅਪਨੇ ਘਰ ਕਰਜੋ ਅਹਾਰਾ। ਆਦਰ ਸਹਿਤ ਅਚਾਇ ਉਦਾਰਾ।
ਤਿਸਨੇ ਇਸ ਕੋ ਬੋਲਿ ਪਠਾਯੋ। ਪਾਇਸ ਭੋਜਨ ਭਲੇ ਖੁਵਾਯੋ॥ ੫੩॥

ਬਾਣੀਆ ਆਪਣੇ ਘਰ ਭੋਜਨ ਤਿਆਰ ਕਰਦਾ ਸੀ ਤੇ ਵਪਾਰੀ ਬਾਣੀਏ ਨੂੰ ਆਦਰ ਸਹਿਤ ਭੋਜਨ ਖਵਾਉਂਦਾ ਸੀ। ਇਕ ਦਿਨ ਵਪਾਰੀ ਬਾਣੀਏ ਨੇ ਦੂਸਰੇ ਬਾਣੀਏ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਭਲੀ ਪ੍ਰਕਾਰ ਖੀਰ ਦਾ ਭੋਜਨ ਖਵਾਇਆ॥ ੫੩॥

ਪ੍ਰਥਮ ਨ ਅਚੀ ਸੁ ਅਚਰਜ ਭਯੋ। 'ਇਹ ਕਹਾ ਅਹੈ?' ਸੁ ਬੂਝਨਿ ਕਯੋ।
'ਸੋ ਮੁਝ ਦੇਹੁ ਕਰੈਂ ਹਮ ਨੀਤ। ਇਹ ਅਹਾਰ ਹਰਖਾਵਤਿ ਚੀਤਿ'॥ ੫੪॥

ਉਸ ਨੇ ਪਹਿਲਾਂ ਕਦੀ ਦੁੱਧ ਦੀ ਖੀਰ ਨਹੀਂ ਖਾਧੀ ਸੀ, ਖਾ ਕੇ ਬਹੁਤ ਹੈਰਾਨ ਹੋਇਆ। "ਇਹ ਕੀ ਹੈ?" ਉਸ ਨੇ ਪੁੱਛਿਆ। "ਉਹ ਮੈਨੂੰ ਦੇਵੋ ਤਾਂਕਿ ਅਸੀਂ ਨਿਤ ਖੀਰ ਤਿਆਰ ਕਰੀਏ, ਇਹ ਭੋਜਨ ਖਾ ਕੇ ਚਿੱਤ ਪ੍ਰਸੰਨ ਹੁੰਦਾ ਹੈ"॥ ੫੪॥

ਸੁਨਤਿ ਬਨਕ ਧੇਨੂ ਸੋ ਦੀਨਿ। 'ਦੁਘਧ ਦੇਤਿ ਇਹ ਲੇਹੁ ਸੁ ਚੀਨ'।
ਦੇ ਕੈ ਗਊ ਜਹਾਜ ਚਲਾਯੋ। ਅਪਨੇ ਦੇਸ਼ ਬਿਖੈ ਇਹ ਆਯੋ॥ ੫੫॥

ਇਹ ਸੁਣ ਕੇ ਬਾਣੀਏ ਨੇ ਉਸ ਨੂੰ ਆਪਣੀ ਗਾਂ ਦੇ ਦਿੱਤੀ। "ਇਹ ਦੁੱਧ ਦਿੰਦੀ ਹੈ, ਇਸ ਨੂੰ ਚੰਗੀ ਤਰ੍ਹਾਂ ਵੇਖ ਲਵੋ।" ਉਹ ਗਾਂ ਦੇ ਕੇ ਜਹਾਜ਼ ਚਲਾ ਕੇ ਲੈ ਆਇਆ ਤੇ ਫਿਰ ਆਪਣੇ ਦੇਸ਼ ਵਿਚ ਆ ਗਿਆ॥ ੫੫॥

ਸੋ ਲੇ ਗਯੋ ਧੇਨੁ ਗ੍ਰਿਹ ਓਰਾ। ਖਿਰ ਹ੍ਵੈ ਕਰਿ ਬਛਰੂ ਤਿਹ ਛੋਰਾ।
ਸੋ ਥਨ ਚੋਸਨਿ ਲਾਗਜੋ ਜਬੈ। ਸੁਰਭੀ ਮੂਤ੍ਰ ਕਰਤਿ ਭੀ ਤਬੈ॥ ੫੬॥

ਦੂਸਰੇ ਟਾਪੂ ਵਾਲਾ ਬਾਣੀਆ ਗਾਂ ਨੂੰ ਆਪਣੇ ਘਰ ਲੈ ਗਿਆ। ਗਾਂ ਨੂੰ ਖੜੀ ਕਰਕੇ ਉਸ ਵੱਛਾ ਛੱਡਿਆ। ਜਦ ਵੱਛਾ ਥਣ ਚੁੰਘਣ ਲੱਗਾ ਤਾਂ ਗਾਂ ਨੇ ਉਸੇ ਵੇਲੇ ਮੂਤਰ ਕਰ ਦਿੱਤਾ॥ ੫੬॥

ਬਾਸਨ ਬਿਖੈ ਬਨਕ ਲੇ ਲੀਨ। ਰੀਧਨ ਕਰਿ ਪੁਨ ਖਾਵਨਿ ਕੀਨ।
ਕੌਰਾ ਪਾਇ ਸ੍ਵਾਦ ਪਛੁਤਯੋ। 'ਮੋ ਸੌਂ ਦਗ਼ਾ ਬਨਕ ਕਰਿ ਗਯੋ'॥ ੫੭॥

ਬਾਣੀਏ ਨੇ ਉਸ ਮੂਤਰ ਨੂੰ ਬਰਤਨ ਵਿਚ ਪਾ ਲਿਆ। ਉਸ ਮੂਤਰ ਵਿਚ ਫਿਰ ਉਹ ਚਾਵਲ ਰਿੰਨ੍ਹ ਕੇ ਖਾਣ ਲੱਗਾ। ਪਰ ਕੋੜਾ ਸਵਾਦ ਪਾ ਕੇ ਬਹੁਤ ਪਛੁਤਾਇਆ। ਸੋਚਣ ਲੱਗਾ ਕਿ "ਮੇਰੇ ਨਾਲ ਵਪਾਰੀ ਬਾਣੀਆ ਦਗ਼ਾ ਕਰ ਗਿਆ ਹੈ"॥ ੫੭॥

ਤਿਮ ਇਹ ਲੋਕ ਰਹੇ ਹਮ ਪਾਸ। ਜਾਨੀ ਜੁਗਤਿ ਨ ਸੁਮਤਿ ਪ੍ਰਕਾਸ਼।
ਦੁਗਧ ਨ ਲੀਨਿ ਮੂਤ੍ਰ ਕੋ ਲਯੋ। ਹਮ ਪਰ ਦੋਸ਼ ਬਹੁਰ ਧਰਿ ਦਯੋ॥ ੫੮॥

ਇਸ ਪ੍ਰਕਾਰ ਇਹ ਲੋਕ ਮੇਰੇ ਪਾਸ ਰਹੇ ਹਨ, ਨਾ ਜੁਗਤ ਜਾਣੀ ਹੈ ਤੇ ਨਾ ਸ੍ਰੇਸ਼ਟ ਮੱਤ ਪ੍ਰਗਟ ਹੋਈ ਹੈ। ਇਨ੍ਹਾਂ ਦੁੱਧ ਨਹੀਂ ਲਿਆ, ਮੂਤਰ ਲਿਆ ਹੈ। ਫਿਰ ਸਾਡੇ ਉੱਪਰ ਦੋਸ਼ ਧਰ ਦਿੱਤਾ ਹੈ॥ ੫੮॥

ਮਿਲਯੋ ਬਨਕ ਸੋਂ ਜਬਿ ਨਰ ਗਜਾਤਾ। ਦੁਗਧ ਕਾਢਿਬੋ ਤਿਨ ਤਬਿ ਜਾਤਾ।
ਯਾਂਤੇ ਕਿਨ ਕਿਨ ਸ਼ੁਭ ਮਤਿ ਧਾਰੀ। ਨਤੁ ਸਭਿ ਰਹੇ ਮੂਤ੍ਰ ਅਧਿਕਾਰੀ'॥ ੫੯॥

ਜਦ ਉਹ ਮਨੁੱਖ ਬਾਣੀਏ ਨੂੰ ਫਿਰ ਮਿਲਿਆ ਤਦ ਉਸ ਨੇ ਬਾਣੀਏ ਪਾਸੋਂ ਦੁੱਧ ਚੋਣ ਬਾਰੇ ਸਿੱਖਿਆ। ਇਸ ਕਰਕੇ ਵਿਰਲੇ-ਵਿਰਲੇ ਨੇ ਹੀ ਸ਼ੁਭ ਮਤ ਧਾਰਨ ਕੀਤੀ ਹੈ, ਨਹੀਂ ਤਾਂ ਸਾਰੇ ਹੀ ਮੂਤਰ ਦੇ ਅਧਿਕਾਰੀ ਰਹੇ ਹਨ"॥ ੫੯॥

ਸੁਨਿ ਕੈ ਦਿਜ ਅਨੰਦ ਉਰ ਧਾਰਯੋ। 'ਧੰਨ ਧੰਨ ਸਤਿਗੁਰਨ' ਉਚਾਰਯੋ।
ਤਤਛਿਨ ਗਜਾਤ ਪਾਇ ਘਰ ਗਯੋ। ਗੁਰ ਜਸੁ ਜਹਿਂ ਕਹਿਂ ਬਰਨਤਿ ਭਯੋ॥ ੬੦॥

ਇਹ ਸੁਣ ਕੇ ਬ੍ਰਾਹਮਣ ਨੇ ਹਿਰਦੇ ਵਿਚ ਆਨੰਦ ਧਾਰਨ ਕੀਤਾ ਤੇ ਕਹਿਣ ਲੱਗਾ, "ਧੰਨ ਧੰਨ ਸਤਿਗੁਰੂ ਜੀ।" ਫਿਰ ਗਿਆਨ ਪ੍ਰਾਪਤ ਕਰਕੇ ਤੁਰਤ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਦਾ ਜੱਸ ਜਿੱਥੇ ਕਿੱਥੇ ਉਚਾਰਨ ਕਰਦਾ ਸੀ॥ ੬੦॥

*ਪਹਿਲੇ ਐਨ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

☆☆☆

# ਅਧਿਆਇ ਚੌਤੀਵਾਂ

## ਮਰੇ ਕਬੂਤਰ ਜਿਵਾਏ, ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼

ਦੋਹਰਾ- ਸ੍ਰੀ ਸਤਿਗੁਰ ਪੂਰਨ ਪੁਰਖ ਦੇ ਦਿਜ ਕੋ ਦੀਨਾਰ।
ਗੁਰਮਤਿ ਦੇ ਰੁਖਸਦ ਕਰਜੋ ਗਮਨਜੋਂ ਨਗਰ ਮਝਾਰ॥ ੧॥

ਸ੍ਰੀ ਸਤਿਗੁਰੂ ਜੀ ਪੂਰਨ ਪੁਰਖ ਨੇ ਬ੍ਰਾਹਮਣ ਨੂੰ ਅਸ਼ਰਫੀਆਂ ਦਿੱਤੀਆਂ ਤੇ ਗੁਰਮਤ ਦੇ ਕੇ ਉਸ ਨੂੰ ਰੁਖਸਤ ਕੀਤਾ ਤੇ ਉਹ ਆਪਣੇ ਨਗਰ ਵਿਚ ਚਲਾ ਗਿਆ॥ ੧॥

ਚੌਪਈ- ਦਿਨ ਕੋ ਤ੍ਰਿਤੀ ਜਾਮ ਜਬਿ ਹੋਯੋ। ਮਾਦਕ ਸਮੈ ਭਯੋ ਜਬਿ ਜੋਯੋ।
ਸੁੱਖਾ ਅਰੁ ਅਫੀਮ ਛਕਿ ਲੀਨਿ। ਸੌਚ ਸ਼ਨਾਨ ਭਲੇ ਤਬਿ ਕੀਨ॥ ੨॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨॥

ਕੇਸ਼ ਸੁਧਾਰਿ ਜੂੜ ਕੋ ਕਰਜੋ। ਸੁੰਦਰ ਸ਼ਮਸ ਸੁ ਕੰਘਾ ਫਿਰਜੋ।
ਪੇਚ ਬੰਧੇਜ ਅਨੂਠੇ ਪਾਗਹਿਂ। ਜ਼ੇਵਰ ਜੋਤਿ ਜਵਾਹਰਿ ਜਾਗਹਿਂ॥ ੩॥

ਕੇਸ ਵਾਹ ਕੇ ਜੂੜਾ ਕੀਤਾ ਤੇ ਸੁੰਦਰ ਦਾੜ੍ਹੀ ਵਿਚ ਕੰਘਾ ਫੇਰਿਆ। ਪੱਗੜੀ ਦੇ ਪੇਚ ਬੜੇ ਸੁੰਦਰ ਬੰਨ੍ਹੇ ਸਨ ਤੇ ਗਹਿਣਿਆਂ ਦੀ ਚਮਕ ਬੜੀ ਸੁੰਦਰ ਜਗ ਰਹੀ ਸੀ॥ ੩॥

ਪਟ ਸੂਖਮ ਬਹੁ ਜਾਮਾ ਪਾਯੋ। ਜਿਸ ਮਹਿਂ ਸਭਿ ਸਰੀਰ ਝਲਕਾਯੋ।
ਖੜਗ ਬਿਲੰਦ ਗਰੇ ਮਹਿਂ ਧਾਰਾ। ਧਾਰਾ ਖਰ ਲਗਿ ਹੇਮ ਸੁਧਾਰਾ॥ ੪॥

ਰੇਸ਼ਮ ਦਾ ਬੜਾ ਸੂਖਮ ਜਾਮਾ ਪਾਇਆ ਸੀ, ਜਿਸ ਵਿਚ ਸਾਰਾ ਸਰੀਰ ਝਲਕਦਾ ਸੀ। ਵੱਡੀ ਤਲਵਾਰ ਗਲ ਵਿਚ ਪਾਈ ਸੀ। ਜਿਸ ਦੀ ਸਾਰੀ ਮੁੱਠ ਨੂੰ ਸੋਨਾ ਲੱਗਾ ਹੋਇਆ ਹੈ॥ ੪॥

ਭਰਜੋ ਖਤੰਗਨਿ ਸੰਗ ਨਿਖੰਗ। ਕਟ ਸੋਂ ਕਸਜੋ ਸੁਲਾਯਕ ਜੰਗ।
ਧਨੁਖ ਕਠੋਰ ਹਾਥ ਮਹਿਂ ਲਯੋ। ਤਜਾਰ ਤੁਰੰਗ ਅਨਾਵਨ ਕਯੋ॥ ੫॥

ਭੱਥੇ ਤੀਰਾਂ ਨਾਲ ਭਰੇ ਹਨ, ਜੰਗ ਕਰਨ ਵਾਸਤੇ ਲੱਕ ਨਾਲ ਕੱਸਿਆ ਹੈ। ਸਖਤ ਧਨੁੱਖ ਬਾਣ ਹੱਥ ਵਿਚ ਫੜਿਆ ਹੈ, ਤਿਆਰ ਹੋਏ ਘੋੜੇ ਨੂੰ ਮੰਗਵਾਇਆ ਹੈ॥ ੫॥

ਨਹੁਰ ਨਗਰ ਕੈ ਹੇਰਨਿ ਹੇਤੁ। ਗਮਨੇ ਸਤਿਗੁਰ ਬਨੇ ਸੁਚੇਤ।
ਕੇਤਿਕ ਸਿੰਘ ਪਦਾਂਤੀ ਸਾਥ। ਜਾਇ ਪ੍ਰਵੇਸ਼ੇ ਪੁਰਿ ਮਹਿਂ ਨਾਥ॥ ੬॥

ਨਹੁਰ ਨਗਰ ਨੂੰ ਵੇਖਣ ਵਾਸਤੇ, ਸਤਿਗੁਰੂ ਜੀ ਸੁਚੇਤ ਬਣ ਕੇ ਚਲੇ ਗਏ। ਕਈ ਪੈਦਲ ਸਿੰਘ ਨਾਲ ਸਨ, ਸਤਿਗੁਰੂ ਜੀ ਫਿਰ ਨਗਰ ਵਿਚ ਪ੍ਰਵੇਸ਼ ਕਰ ਗਏ॥ ੬॥

ਪੂਰਬ ਜਹਿਂ ਚਬੂਤਰਾ ਚੌਰਾ। ਤਹਿਂ ਪਹੁੰਚੇ ਸੋਢੀ ਸਿਰਮੌਰਾ।
ਕੁਛ ਸੋਪਾਨ ਉਚੇਰੋ ਥਾਨ। ਊਪਰ ਦੀਯੋ ਚਢਾਇ ਕਿਕਾਨ॥ ੭॥

ਪਹਿਲਾਂ ਜਿੱਥੇ ਚੋੜਾ ਚਬੂਤਰਾ ਹੈ, ਸ਼ਿਰੋਮਣੀ ਸੋਢੀ ਉਥੇ ਪਹੁੰਚ ਗਏ। ਪੌੜੀਆਂ ਵਾਲਾ ਜਿਹੜਾ ਉੱਚਾ ਸਥਾਨ ਸੀ, ਉਸ ਉੱਪਰ ਘੋੜੇ ਨੂੰ ਚੜ੍ਹਾ ਦਿੱਤਾ॥ ੭॥

ਥਲ ਊਚੇ ਚਢਿ ਕਰਿ ਥਿਰ ਥਏ। ਦੂਰ ਦੂਰ ਲਗਿ ਦੇਖਤਿ ਭਏ।
ਦਾਸ ਸੁਰਾਹੀ ਦਾਰ ਤਰੇ ਤੇ। ਚਢ੍ਯੋ ਧਾਇ ਕਰਿ ਬੇਗ ਧਰੇ ਤੇ॥ ੮॥

ਸਤਿਗੁਰੂ ਜੀ ਘੋੜੇ ਸਮੇਤ ਉੱਚੇ ਸਥਾਨ 'ਤੇ ਖੜੇ ਹੋ ਗਏ ਤੇ ਦੂਰ-ਦੂਰ ਤਕ ਵੇਖਦੇ ਪਏ ਸਨ। ਜਲ ਦੀ ਸੁਰਾਹੀ ਰੱਖਣ ਵਾਲਾ ਦਾਸ ਥੱਲੇ ਤੋਂ ਭੱਜ ਕੇ ਬੜੀ ਛੇਤੀ ਉੱਪਰ ਚੜ੍ਹਿਆ॥ ੮॥

ਪਹੁੰਚ੍ਯੋ ਚਹੈ ਗੁਰੂ ਕੇ ਪਾਸ। ਪਗ ਸੋਂ ਦਰ੍ਯੋ ਕਬੂਤਰ ਨਾਸ਼।
ਤਹਿਂ ਨਰ ਗਨ ਬੈਠੇ ਰਿਸ ਠਾਨੀ। 'ਕਹਾਂ ਕਰਮ ਤੈਂ ਕੀਨਿ?' ਬਖਾਨੀ॥ ੯॥

ਉਹ ਗੁਰੂ ਜੀ ਦੇ ਪਾਸ ਪਹੁੰਚਣਾ ਚਾਹੁੰਦਾ ਸੀ, ਉਸ ਦੇ ਪੈਰਾਂ ਥੱਲੇ ਆ ਕੇ ਇਕ ਕਬੂਤਰ ਮਰ ਗਿਆ। ਉਥੇ ਕੁਝ ਮਨੁੱਖ ਬੈਠੇ ਸਨ, ਉਨ੍ਹਾਂ ਨੇ ਕਬੂਤਰ ਨੂੰ ਮਾਰਨ 'ਤੇ ਗੁੱਸਾ ਧਾਰਨ ਕੀਤਾ ਤੇ ਕਹਿਣ ਲੱਗੇ, "ਇਹ ਤੂੰ ਕੈਸਾ ਕਰਮ ਕੀਤਾ ਹੈ?"॥ ੯॥

'ਰਹਿਂ ਚਬੂਤਰੇ ਤੋਮ ਕਬੂਤਰ। ਹਤ੍ਯੋ, ਪਿਖੇ ਬਿਨ ਦਯੋ ਪਗੂਤਰ'।
ਸਤਿਗੁਰ ਕਹ੍ਯੋ 'ਕਹਾਂ ਹੁਇ ਗਯੋ? ਬਿਨਸਨ ਕੋ ਸਗਰੇ ਤਨ ਕਯੋ॥ ੧੦॥

"ਚਬੂਤਰੇ ਉੱਪਰ ਬਹੁਤ ਕਬੂਤਰ ਰਹਿੰਦੇ ਹਨ, ਵੇਖਣ ਤੋਂ ਬਗੈਰ ਉਸ ਉੱਪਰ ਪੈਰ ਦੇ ਕੇ ਮਾਰ ਦਿੱਤਾ ਹੈ।" ਸਤਿਗੁਰੂ ਜੀ ਨੇ ਕਿਹਾ, "ਕੀ ਹੋ ਗਿਆ ਹੈ? ਮਰਨ ਵਾਸਤੇ ਹੀ ਸਾਰੇ ਸਰੀਰ ਬਣਾਏ ਹਨ॥ ੧੦॥

ਏਕ ਮਰੇ ਤੇ ਅਚਰਜ ਕਹਾਂ। ਹੋਨਹਾਰ ਪਰ ਰਿਸ ਕਤ ਲਹਾ'।
ਸੁਨਿ ਸਭਿ ਬੋਲੇ 'ਭਲ ਤੁਮ ਆਏ। ਸਰਬ ਕਬੂਤਰ ਦੇਹੁ ਮਰਾਏ'॥ ੧੧॥

ਇਕ ਦੇ ਮਰਨ ਨਾਲ ਕੀ ਅਸਚਰਜ ਹੋਇਆ ਹੈ, ਜਿਸ ਹੋਣੀ ਨੇ ਹੋਣਾ ਹੈ, ਉਸ ਉੱਪਰ ਗੁੱਸਾ ਕਿਉਂ ਕੀਤਾ ਹੈ।" ਇਹ ਸੁਣ ਕੇ ਸਾਰੇ ਬੋਲੇ, "ਭਲੇ ਤੁਸੀਂ ਆਏ ਹੋ, ਸਾਰੇ ਕਬੂਤਰ ਮਰਵਾ ਦੇਵੋ"॥ ੧੧॥

ਸੁਨਿ ਗੁਰ ਕਹ੍ਯੋ 'ਜਿ ਅਸ ਮਨ ਆਈ। ਮਰਹਿਂ ਕਬੂਤਰ ਅਬਿ ਸਮੁਦਾਈ'।
ਬਚਨ ਗੁਰੂ ਕੇ ਕਹਿਨੇ ਕਰਿਕੇ। ਜਿਤੇ ਕਬੂਤਰ ਗਿਰੇ ਸੁ ਮਰਿਕੇ॥ ੧੨॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਤੁਹਾਡੇ ਮਨ ਵਿਚ ਐਸੀ ਆਈ ਹੈ ਤਾਂ ਹੁਣ ਸਾਰੇ ਕਬੂਤਰ ਮਰ ਜਾਣਗੇ।" ਗੁਰੂ ਜੀ ਦੇ ਬਚਨ ਕਹਿਣ ਕਰਕੇ ਸਾਰੇ ਕਬੂਤਰ ਹੀ ਮਰ ਕੇ ਡਿੱਗ ਪਏ॥ ੧੨॥

ਹੁਤੋ ਹਜ਼ਾਰਹੁਂ ਕੀਰਨ ਥਾਨ। ਹੇਰਿ ਹੇਰਿ ਨਰ ਭਏ ਹਿਰਾਨ।
'ਇਹ ਅਜ਼ਮਤ ਜੁਤਿ ਪੁਰਖ ਬਿਸਾਲੇ। ਕਰੇ ਬਾਕ ਤੇ ਖਗ ਹਤਿ ਜਾਲੇ'॥ ੧੩॥

ਹਜ਼ਾਰਾਂ ਕਬੂਤਰਾਂ ਦੇ ਬੈਠਣ ਦਾ ਸਥਾਨ ਸੀ, ਵੇਖ ਵੇਖ ਕੇ ਮਨੁੱਖ ਬਹੁਤ ਹੈਰਾਨ ਹੋਏ। "ਇਹ ਪੁਰਖ ਵੱਡੀ ਕਰਾਮਾਤ ਸਹਿਤ ਹੈ। ਇਕ ਬਚਨ ਕਰਨ ਨਾਲ ਹੀ ਸਾਰੇ ਪੰਛੀ ਮਾਰ ਦਿੱਤੇ ਹਨ"॥ ੧੩॥

ਉਠਿ ਉਠਿ ਕਰਿ ਪਗ ਬੰਦਨ ਕਰੇ। 'ਛਿਮਹੁ ਭੂਲ ਪ੍ਰਤਿਕੂਲ ਜਿ ਉਚਰੇ।
ਰਾਵਰ ਕੋ ਪ੍ਰਤਾਪ ਨਹਿਂ ਜਾਨਾ। ਅਬਿ ਜਾਨਾ ਜਬਿ ਬਾਕ ਬਖਾਨਾ॥ ੧੪॥

ਸਾਰੇ ਉਠ-ਉਠ ਕੇ ਬੰਦਨਾ ਕਰਨ ਲੱਗੇ, "ਸਾਡੀ ਭੁੱਲ ਵਾਸਤੇ ਖਿਮਾਂ ਬਖਸ਼ੋ, ਜਿਹੜੇ ਅਸੀਂ ਉਲਟ ਬਚਨ ਉਚਾਰਨ ਕੀਤੇ ਹਨ। ਆਪ ਜੀ ਦਾ ਪ੍ਰਤਾਪ ਨਹੀਂ ਜਾਣਿਆ ਹੈ, ਹੁਣ ਜਾਣਿਆ ਹੈ ਜਦ ਆਪ ਜੀ ਨੇ ਬਚਨ ਕੀਤਾ ਹੈ॥ ੧੪॥

ਮਰੇ ਕਬੂਤਰ ਦੇਹੁ ਜਿਵਾਇ। ਕਰਹਿਂ ਅਵੱਗਜਾ ਅਪਰ ਨ ਕਾਇ'।
ਸੁਨਿ ਬਿਨਤੀ ਕਰਿ ਕ੍ਰਿਪਾ ਉਚਾਰੇਂ। 'ਪਾਵਹੁ ਚੋਗ ਜੀਵਿ ਹੈਂ ਸਾਰੇ' ॥੧੫॥

ਇਨ੍ਹਾਂ ਮਰੇ ਹੋਏ ਕਬੂਤਰਾਂ ਨੂੰ ਜਿਵਾ ਦੇਵੋ, ਹੋਰ ਕੋਈ ਅਵੱਗਿਆ ਨਹੀਂ ਕਰਦੇ ਹਾਂ।'' ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਰਪਾ ਕਰਕੇ ਉਚਾਰਨ ਕੀਤਾ, ''ਚੋਗਾ ਪਾਵੋ ਸਾਰੇ ਜੀਉਂਦੇ ਹੋ ਜਾਣਗੇ'' ॥ ੧੫॥

ਦਾਨੇ ਆਨਿ ਬਿਖੇਰਨ ਕਰੇ। ਉਠਿ ਪਾਰਾਵਤ ਜੀਵਨ ਧਰੇ।
ਬੀਨ ਬੀਨ ਚੋਗਾ ਨਿਜ ਖਾਵੈਂ। ਹੇਰਿ ਹੇਰਿ ਸਗਰੇ ਬਿਸਮਾਵੈਂ॥ ੧੬॥

ਉਨ੍ਹਾਂ ਨੇ ਦਾਣੇ ਖਿਲਾਰ ਦਿੱਤੇ ਤਾਂ ਸਾਰੇ ਕਬੂਤਰ ਜੀਵਨ ਧਰ ਕੇ ਉੱਠ ਪਏ। ਚੁਣ ਚੁਣ ਕੇ ਚੋਗਾ ਖਾਂਦੇ ਸਨ। ਵੇਖ-ਵੇਖ ਕੇ ਸਾਰੇ ਹੈਰਾਨ ਹੋ ਰਹੇ ਸਨ॥ ੧੬॥

ਸਿਖ ਕੇ ਪੈਰਨ ਤੇ ਜੋ ਮਰਜੋ। ਸੋ ਨਹਿਂ ਜੀਯੋ ਰਹਜੋ ਧਰ ਪਰਜੋ।
ਤਿਸ ਕੋ ਦੇਖਤਿ ਬਹੁਰ ਉਚਾਰੇ। 'ਇਸ ਪਰ ਕਜੋਂ ਨ ਕ੍ਰਿਪਾ ਨਿਜ ਧਾਰੇ ?' ॥੧੭॥

ਸਿੱਖ ਦੇ ਪੈਰ ਨਾਲ ਜਿਹੜਾ ਮਰਿਆ ਸੀ, ਉਹ ਨਾ ਜੀਉਂਦਾ ਹੋਇਆ ਧਰਤੀ ਉੱਪਰ ਮਰਿਆ ਹੋਇਆ ਪਿਆ ਰਿਹਾ। ਉਸ ਨੂੰ ਵੇਖ ਕੇ ਫਿਰ ਸਾਰਿਆਂ ਨੇ ਉਚਾਰਨ ਕੀਤਾ, ''ਇਸ ਉੱਪਰ ਆਪਣੀ ਕਿਰਪਾ ਕਿਉਂ ਨਹੀਂ ਧਾਰਨ ਕੀਤੀ ਹੈ ?'' ॥ ੧੭॥

ਸਿੰਘਨ ਭੀ ਕਹਿ 'ਇਸੇ ਜਿਵਾਵੋ'। ਪ੍ਰਭੁ ਫੁਰਮਾਇ 'ਚੋਗ ਇਸ ਪਾਵੋ'।
ਲੇ ਕਰਿ ਸਿੱਖਨ ਤਿਸੈ ਅਗੇਰੇ। ਮੋਠ ਬਾਜਰੀ ਜਬਹਿ ਬਿਖੇਰੇ॥ ੧੮॥

ਸਿੰਘਾਂ ਵੀ ਕਿਹਾ, ''ਇਸ ਨੂੰ ਜਿਵਾਵੋ'' ਤਾਂ ਸਤਿਗੁਰੂ ਜੀ ਨੇ ਕਿਹਾ, ''ਇਸ ਨੂੰ ਚੋਗਾ ਪਾਵੋ।'' ਸਿੱਖਾਂ ਨੇ ਚੋਗਾ ਲੈ ਕੇ ਉਸ ਦੇ ਅੱਗੇ ਪਾਇਆ। ਜਦ ਮੋਠ ਬਾਜਰੀ ਉਸ ਦੇ ਅੱਗੇ ਖਿਲਾਰੇ॥ ੧੮॥

ਉਠਿ ਜੀਵਜੋ ਹੇਰਤਿ ਬਿਸਮਾਏ। ਲਜਾਇ ਉਪਾਇਨ ਸੀਸ ਨਿਵਾਏ।
'ਸ਼੍ਰੀ ਗੁਰ ਸੁਜਸੁ ਸੁਨਜੋਂ ਹਮ ਜੈਸੇ। ਦਰਸ਼ਨ ਕਰਜੋ ਆਪ ਕੋ ਤੈਸੇ' ॥੧੯॥

ਉੱਠ ਕੇ ਜੀਉਂਦਾ ਹੋ ਗਿਆ, ਵੇਖ ਕੇ ਸਾਰੇ ਹੈਰਾਨ ਹੋਏ। ਉਹ ਮਨੁੱਖ ਫਿਰ ਉਪਹਾਰ ਲੈ ਕੇ ਆਏ ਤੇ ਆ ਕੇ ਉਨ੍ਹਾਂ ਸੀਸ ਝੁਕਾਏ ਤੇ ਕਹਿਣ ਲੱਗੇ, ''ਸਤਿਗੁਰੂ ਜੀ ਦਾ ਜਿਵੇਂ ਸ੍ਰੇਸ਼ਟ ਜੱਸ ਅਸੀਂ ਪਹਿਲਾਂ ਸੁਣਿਆ ਸੀ, ਉਸ ਪ੍ਰਕਾਰ ਹੀ ਆਪ ਜੀ ਦੇ ਦਰਸ਼ਨ ਕੀਤੇ ਹਨ'' ॥ ੧੯॥

ਦੋਇ ਘਰੀ ਠਹਿਰੇ ਗੁਰ ਤਹਾਂ। ਪੁਨ ਗਮਨੇ ਬਜ਼ਾਰ ਬਡ ਜਹਾਂ।
ਬਡੇ ਧਨਾਢ ਬਨਕ ਬਿਵਹਾਰੂ। ਹਾਟਨ ਮਹਿਂ ਦੀਨਾਰ ਅੰਬਾਰੂ॥ ੨੦॥

ਦੋ ਘੜੀਆਂ ਸਤਿਗੁਰੂ ਜੀ ਉਥੇ ਠਹਿਰੇ, ਫਿਰ ਵੱਡੇ ਬਜ਼ਾਰ ਵਿਚ ਚਲੇ ਗਏ। ਉਥੇ ਵੱਡੇ ਧਨਾਢ ਬਾਣੀਆਂ ਦਾ ਵਪਾਰ ਚਲਦਾ ਸੀ ਤੇ ਹੱਟੀਆਂ ਵਿਚ ਅਸ਼ਰਫੀਆਂ ਦੇ ਅੰਬਾਰ ਲੱਗੇ ਹੋਏ ਸਨ॥ ੨੦॥

ਗਿਨਤੀ ਕਹਾਂ ਰਜਤਪਣ ਕੇਰੀ। ਮੁਕਤਾ ਬਹੁ ਪ੍ਰਵਾਲ ਕੋ ਹੇਰੀ।
ਮੁਹਰਨਿ ਦੇਖਿ ਅਨੰਦ ਉਦਾਰਾ। ਸਿੰਘਨ ਸੰਗ ਸੁਨਾਇ ਉਚਾਰਾ॥ ੨੧॥

ਚਾਂਦੀ ਦੇ ਸਿੱਕਿਆਂ ਦੀ ਤਾਂ ਗਿਣਤੀ ਕੋਈ ਨਹੀਂ ਸੀ। ਬਹੁਤ ਕੀਮਤੀ ਮੋਤੀ ਅਤੇ ਹੀਰੇ ਜਵਾਹਰਾਤ ਵੇਖੇ। ਮੋਹਰਾਂ ਵੇਖ ਕੇ ਵੱਡਾ ਅਨੰਦ ਧਾਰਨ ਕੀਤਾ। ਗੁਰੂ ਜੀ ਨੇ ਸਿੰਘਾਂ ਨੂੰ ਸੁਣਾ ਕੇ ਉਚਾਰਨ ਕੀਤਾ॥ ੨੧॥

*ਗੁਰੂ ਜੀ ਦਾ ਬਚਨ॥* ਨਹੁਰ ਗੁਰੂ ਕੀ ਮੋਹਰ॥ ਸਿੰਘ ਆਵਹਿੰਗੇ ਜਬਿ ਲੂਟਹਿੰਗੇ॥

ਨਹੁਰ, ਗੁਰੂ ਦੀਆਂ ਮੋਹਰਾਂ ਹਨ, ਜਦ ਸਿੰਘ ਆਉਣਗੇ ਤਾਂ ਫਿਰ ਮੋਹਰਾਂ ਲੁੱਟਣਗੇ॥

ਚੌਪਈ-ਇਮ ਕਹਿ ਨਗਰ ਨਿਹਾਰਯੋ ਸਾਰਾ। ਪੁਨ ਆਏ ਡੇਰੋ ਜਹਿਂ ਡਾਰਾ।
ਨਾਮ ਥਾਨ ਕੋ ਛੀਨਤਲਾਈ। ਜਹਿਂ ਉਤਰੇ ਨਿਸ ਬਸਨਿ ਗੁਸਾਈਂ ॥੨੨॥

ਇਸ ਪ੍ਰਕਾਰ ਕਹਿ ਕੇ ਸਾਰਾ ਨਗਰ ਵੇਖਿਆ, ਫਿਰ ਉਥੇ ਆ ਗਏ ਜਿੱਥੇ ਡੇਰਾ ਲਾਇਆ ਸੀ। ਉਸ ਸਥਾਨ ਦਾ ਨਾਮ ਛੀਨ ਤਲਾਈ ਹੈ ਜਿੱਥੇ ਗੁਰੂ ਜੀ ਉਤਾਰਾ ਕਰਕੇ ਠਹਿਰੇ ਸਨ॥ ੨੨॥

ਖਾਨ ਪਾਨ ਕਰਿ ਸੈਨਾ ਸਾਰੀ। ਸੁਪਤਿ ਜਥਾ ਸੁਖ ਰਾਤਿ ਗੁਜ਼ਾਰੀ।
ਲੂਟਨ ਬਚਨ ਗੁਰੂ ਜੋ ਭਨਯੋਂ। ਹੋ ਪੂਰਨ ਭਾ ਹਮ ਇਮ ਸੁਨਯੋਂ॥ ੨੩॥

ਖਾ ਪੀ ਕੇ ਸਾਰੀ ਸੈਨਾ ਆਰਾਮ ਨਾਲ ਸੌਂ ਗਈ ਅਤੇ ਸੁਖ ਨਾਲ ਰਾਤ ਬਤੀਤ ਕੀਤੀ। ਲੁੱਟਣ ਦਾ ਬਚਨ ਜਿਹੜਾ ਗੁਰੂ ਜੀ ਨੇ ਕਿਹਾ ਸੀ, ਉਹ ਪੂਰਾ ਹੋਇਆ ਹੈ, ਕਵੀ ਕਹਿੰਦੇ ਹਨ, ਅਸੀਂ ਇਸ ਪ੍ਰਕਾਰ ਸੁਣਿਆ ਹੈ॥ ੨੩॥

ਬਰਖ ਅਠਾਰਾਂ ਸੈ ਰੁ ਇਕਾਦਸ਼। ਪੰਥ ਖਾਲਸਾ ਗਮਨਯੋ ਬਰਸਬ।
ਚੂਰੂ ਪੁਰਿ ਕੀ ਸੁਨਿ ਬਡ ਮਾਯਾ। ਬ੍ਰਿੰਦ ਖਾਲਸੇ ਕੋ ਦਲ ਧਾਯਾ॥ ੨੪॥

ਸੰਮਤ ਅਠਾਰਾਂ ਸੋ ਗਿਆਰਾਂ ਨੂੰ ਪੰਥ ਖਾਲਸਾ ਮੱਲੋ-ਮੱਲੀ ਓਥੇ ਗਿਆ। ਚੂਰੂਪੁਰ ਦੀ ਵੱਡੀ ਮਾਇਆ ਸੁਣ ਕੇ, ਖਾਲਸੇ ਦਾ ਇਕ ਵੱਡਾ ਦਲ ਓਧਰ ਧਾਵਾ ਬੋਲ ਕੇ ਗਿਆ॥ ੨੪॥

ਪਹੁੰਚੇ ਨਿਕਟ ਸੁਨੀ ਸਭਿ ਬਾਤ। 'ਬਾਰੀ ਖਾਰਾ ਪਿਯੋ ਨ ਜਾਤਿ।
ਜੇ ਪੀਵੈਂ ਲਾਗੈਂ ਅਤਿਸਾਰਾ। ਹੋਤਿ ਜਾਤਿ ਮਾਨਵ ਬੀਮਾਰਾ॥ ੨੫॥

ਨੇੜੇ ਪਹੁੰਚ ਕੇ ਸਾਰੀ ਗੱਲ ਸੁਣੀ, "ਖਾਰਾ ਪਾਣੀ ਹੈ, ਪੀਤਾ ਨਹੀਂ ਜਾਂਦਾ ਹੈ। ਜਿਹੜਾ ਵੀ ਪੀਂਦਾ ਹੈ, ਉਸ ਨੂੰ ਦਸਤ ਲੱਗ ਜਾਂਦੇ ਹਨ ਤੇ ਮਨੁੱਖ ਬੀਮਾਰ ਹੋ ਜਾਂਦਾ ਹੈ॥ ੨੫॥

ਪੁਰਿ ਕੇ ਵਹਿਰ ਅਹੈ ਜਲ ਐਸੋ। ਪਿਯੋ ਨ ਜਾਇ ਪਿਯੋ ਰੁਜ ਜੈਸੇ'।
ਸੁਨਿਕੈ ਹਟਯੋ ਖਾਲਸਾ ਬਲੀ। 'ਛੂਛੇ ਚਲੈਂ ਬਾਤ ਨਹਿਂ ਭਲੀ' ॥ ੨੬॥

ਨਗਰ ਦੇ ਬਾਹਰ ਐਸਾ ਹੀ ਜਲ ਹੈ, ਪੀਤਾ ਨਹੀਂ ਜਾਂਦਾ ਹੈ, ਪੀਣ ਨਾਲ ਰੋਗ ਜੇਹਾ ਹੋ ਜਾਂਦਾ ਹੈ।" ਇਹ ਸੁਣ ਕੇ ਬਲਵਾਨ ਖਾਲਸਾ ਵਾਪਸ ਆ ਗਿਆ। ਫਿਰ ਆਪਸ ਵਿਚ ਕਹਿਣ ਲੱਗੇ, "ਖਾਲੀ ਚਲੀਏ, ਇਹ ਚੰਗੀ ਗੱਲ ਨਹੀਂ ਹੈ" ॥ ੨੬॥

ਪੁਰਿ ਨੋਹਰ ਕੋ ਦਲ ਚਲਿ ਆਯੋ। ਸੰਗ ਤੁਫੰਗੈਂ ਜੰਗ ਮਚਾਯੋ।
ਬਰੇ ਹੇਲ ਕਰਿ ਲੂਟ ਬਜਾਰਾ। ਲੀਨੋ ਦਰਬ ਬ੍ਰਿੰਦ ਦੀਨਾਰਾ॥ ੨੭॥

ਫਿਰ ਸਿੰਘਾਂ ਦਾ ਸਾਰਾ ਦਲ ਨੋਹਰ ਸ਼ਹਿਰ ਵੱਲ ਚਲ ਕੇ ਆ ਗਿਆ ਤੇ ਆ ਕੇ ਬੰਦੂਕਾਂ ਨਾਲ ਜੰਗ ਮਚਾ ਦਿੱਤਾ। ਹਮਲਾ ਕਰਕੇ ਸ਼ਹਿਰ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਬਜ਼ਾਰ ਲੁੱਟ ਲਿਆ। ਬਹੁਤ ਧਨ ਅਤੇ ਅਸ਼ਰਫੀਆਂ ਲਈਆਂ॥ ੨੭॥

ਤ੍ਰਿਪਤ ਹੋਇ ਤਹਿਂ ਤੇ ਚਲਿ ਆਏ। ਮੁਲ ਹਯ ਲੇ ਅਸਵਾਰ ਬਨਾਏ।
ਕੇਤਿਕ ਭਏ ਤਬਹਿ ਸਿਰਦਾਰ। ਲਏ ਗ੍ਰਾਮ ਗਨ ਤੁਰਕਨਿ ਮਾਰ॥ ੨੮॥

ਤ੍ਰਿਪਤ ਹੋ ਕੇ ਉਥੋਂ ਚਲ ਕੇ ਆ ਗਏ, ਘੋੜੇ ਮੁੱਲ ਲੈ ਕੇ ਆਪਣੀਆਂ ਸਵਾਰੀਆਂ ਬਣਾਈਆਂ। ਉਸ ਸਮੇਂ ਕਈ ਵੱਡੇ-ਵੱਡੇ ਸਰਦਾਰ ਬਣ ਗਏ ਤੇ ਤੁਰਕਾਂ ਨੂੰ ਮਾਰ ਕੇ ਬਹੁਤ ਪਿੰਡ ਖੋਹ ਲਏ॥ ੨੮॥

ਕਹਯੋ ਗੁਰੂ ਕੋ ਤਬਿ ਸਫਲਯੋ। ਬ੍ਰਿਧ ਸਿੰਘਨਿ ਤੇ ਹਮ ਸੁਨਿ ਲਯੋ।
ਛੀਨ ਤਲਾਈ ਡੇਰਾ ਪਾਇ। ਸ੍ਰੀ ਪ੍ਰਭੁ ਬਸਿ ਤਹਿਂ ਰਾਤਿ ਬਿਤਾਇ॥ ੨੯॥

ਫਿਰ ਗੁਰੂ ਜੀ ਦਾ ਕਿਹਾ ਹੋਇਆ ਸਫਲ ਹੋਇਆ। ਬਜ਼ੁਰਗ ਸਿੰਘਾਂ ਪਾਸੋਂ ਅਸੀਂ ਸੁਣਿਆ ਹੈ। ਸਤਿਗੁਰੂ ਜੀ ਨੇ ਛੀਨ ਤਲਾਈ ਵਿਖੇ ਡੇਰਾ ਲਾਇਆ ਸੀ, ਸਤਿਗੁਰੂ ਜੀ ਨੇ ਉਥੇ ਰਹਿ ਕੇ ਰਾਤ ਬਤੀਤ ਕੀਤੀ॥ ੨੯॥

ਪ੍ਰਾਤ ਹੋਤਿ ਕਰਿ ਸੌਚ ਸ਼ਨਾਨਾ। ਚਢਿ ਕਿਕਾਨ ਪਰ ਕਰਜੋ ਪਯਾਨਾ।
ਜਾਤਿ ਖਾਲਸੇ ਕੋ ਦਲ ਸਾਥ। ਕੋਸ ਅਸ਼ਟ ਦਸ ਪਹੁੰਚੇ ਨਾਥ॥ ੩੦॥

ਸਵੇਰ ਹੋਣ 'ਤੇ ਸੋਚ ਇਸ਼ਨਾਨ ਕੀਤਾ, ਫਿਰ ਘੋੜੇ ਉੱਪਰ ਚੜ੍ਹ ਕੇ ਅੱਗੇ ਚਲ ਪਏ। ਖਾਲਸੇ ਦਾ ਦਲ ਨਾਲ ਜਾ ਰਿਹਾ ਸੀ। ਫਿਰ ਸਤਿਗੁਰੂ ਜੀ ਅਠਾਰਾਂ ਕੋਹ ਪੈਂਡਾ ਕਰਕੇ ਅੱਗੇ ਪਹੁੰਚੇ॥ ੩੦॥

ਨਗਰ ਭਾਦਰਾ ਉਤਰੇ ਜਾਇ। ਸ਼੍ਰਮਤ ਬਿਹੀਰ ਪਹੂਚਜੋ ਆਇ।
ਤ੍ਰਿਣ ਦਾਨਾ ਗਨ ਦੀਨਿ ਨਿਹਾਰੀ। ਸ਼੍ਰਮ ਨਿਰਵਾਰਜੋ ਬਾਹਨ ਭਾਰੀ॥ ੩੧॥

ਫਿਰ ਭਾਦਰਾ ਨਗਰ ਵਿਚ ਜਾ ਕੇ ਉਤਾਰਾ ਕੀਤਾ। ਥੱਕੀ ਹੋਈ ਵਹੀਰ ਵੀ ਉਥੇ ਆ ਪਹੁੰਚੀ। ਘਾਹ ਦਾਣਾ ਅਤੇ ਨਿਹਾਰੀਆਂ ਬਹੁਤ ਦੇ ਕੇ ਘੋੜਿਆਂ ਦੀ ਭਾਰੀ ਥਕਾਵਟ ਦੂਰ ਕੀਤੀ॥ ੩੧॥

ਲੋਕਨ ਕੋ ਘ੍ਰਿਤ ਬਹੁ ਮਿਸ਼ਟਾਨ। ਸਤਿਗੁਰ ਦੀਨ ਸ਼੍ਰਮਤਿ ਗਨ ਜਾਨਿ।
ਦੇਗ ਤਯਾਰ ਹੋਈ ਬਰਤਾਏ। ਖਾਨ ਪਾਨ ਕਰਿ ਸਭਿ ਤ੍ਰਿਪਤਾਏ॥ ੩੨॥

ਲੋਕਾਂ ਨੂੰ ਬਹੁਤ ਥੱਕੇ ਹੋਏ ਜਾਣ ਕੇ ਸਤਿਗੁਰੂ ਜੀ ਨੇ ਬਹੁਤ ਮਿੱਠਾ ਅਤੇ ਘਿਉ ਦਿੱਤਾ। ਫਿਰ ਲੰਗਰ ਤਿਆਰ ਕਰਵਾ ਕੇ ਵਰਤਾਇਆ ਤੇ ਖਾ ਪੀ ਕੇ ਸਾਰੇ ਤ੍ਰਿਪਤ ਹੋ ਗਏ॥ ੩੨॥

ਸੁਪਤਿ ਹੋਇ ਕਰਿ ਸ਼੍ਰਮ ਨਿਰਵਾਰਾ। ਭਈ ਪ੍ਰਾਤ ਪੁਨ ਕੀਨਸਿ ਤਯਾਰਾ।
ਪਰਮ ਸਿੰਘ ਅਰੁ ਧਰਮ ਸਿੰਘ ਦੁਇ। ਪਿਖਿ ਸੇਵਾ ਕੋ ਪ੍ਰਭੁ ਪ੍ਰਸੰਨ ਹੁਇ॥ ੩੩॥

ਫਿਰ ਸੌਂ ਕੇ ਥਕਾਵਟ ਦੂਰ ਕੀਤੀ, ਫਿਰ ਸਵੇਰ ਹੋਣ 'ਤੇ ਤਿਆਰੀ ਕਰ ਦਿੱਤੀ। ਪਰਮ ਸਿੰਘ ਅਤੇ ਧਰਮ ਸਿੰਘ ਦੋਵਾਂ ਦੀ ਸੇਵਾ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥ ੩੩॥

ਪਹੁੰਚਹਿਂ ਪਗ ਤੇ ਪੂਰਬ ਜਾਇ। ਨਵੋਂ ਮੰਚ ਨਿਤ ਲੇਤਿ ਬਨਾਇ।
ਦੁਇ ਤੁਰੰਗ ਬਖਸ਼ੇ ਹੱਥਯਾਰ। ਗੁਰ ਬਖਸ਼ਿਸ਼ ਲੀਨਸਿ ਕਰ ਧਾਰਿ॥ ੩੪॥

ਸਤਿਗੁਰੂ ਜੀ ਤੋਂ ਪਹਿਲਾਂ ਹੀ ਪਹੁੰਚ ਜਾਂਦੇ ਸਨ ਤੇ ਨਵਾਂ ਮੰਜਾ ਸਦਾ ਬਣਾ ਲੈਂਦੇ ਸਨ। ਗੁਰੂ ਜੀ ਨੇ ਦੋ ਘੋੜੇ ਅਤੇ ਹਥਿਆਰ ਬਖਸ਼ੇ, ਉਨ੍ਹਾਂ ਨੇ ਗੁਰੂ ਬਖਸ਼ਿਸ਼ ਜਾਣ ਹੱਥ ਧਾਰ ਕੇ ਲੈ ਲਈ॥ ੩੪॥

ਸ਼੍ਰੀ ਪ੍ਰਭੁ ਆਗੇ ਪੰਥ ਪਯਾਨੇ। ਤਿਸ ਦਿਨ ਸ਼੍ਰਮਤ ਸਾਥ ਕੋ ਜਾਨੇ।
ਅਲਪ ਮਜਲ ਕਰਿ ਉਤਰੇ ਜਾਇ। ਸਪਤਿ ਕੋਸ ਪਰ ਗ੍ਰਾਮ ਜੁ ਆਇ॥ ੩੫॥

ਸਤਿਗੁਰੂ ਜੀ ਰਾਹੇ-ਰਾਹ ਅੱਗੇ ਜਾ ਰਹੇ ਸਨ। ਜਿਸ ਦਿਨ ਆਪਣੇ ਸਾਥੀਆਂ ਨੂੰ ਥੱਕੇ ਹੋਏ ਜਾਣਦੇ ਸਨ, ਉਸ ਦਿਨ ਛੋਟੀ ਮੰਜ਼ਿਲ ਕਰਕੇ ਡੇਰਾ ਉਤਾਰ ਲੈਂਦੇ ਸਨ। ਸਤਾਂ ਕੋਹਾਂ 'ਤੇ ਜਿਹੜਾ ਪਿੰਡ ਆਉਂਦਾ ਸੀ, ਉਥੇ ਡੇਰਾ ਕਰ ਲੈਂਦੇ ਸਨ॥ ੩੫॥

ਨਾਮ ਸੁਹੇਵਾ ਤਿਸੁ ਕੋ ਜਾਨਿ। ਉਤਰਜੋ ਡੇਰਾ ਸਭਿ ਹੂੰ ਆਨਿ।
ਪਰਮ ਸਿੰਘ ਤਬਿ ਲੈ ਹਥਿਯਾਰ। ਬੰਧਿ ਭਲੇ ਸਿਰ ਲੀਨੇ ਧਾਰਿ॥ ੩੬॥

ਇਕ ਪਿੰਡ ਦਾ ਨਾਮ ਸੁਹੇਵਾ ਜਾਣ ਕੇ, ਉਥੇ ਸਾਰਿਆਂ ਨੇ ਉੱਤਰ ਕੇ ਡੇਰਾ ਕਰ ਲਿਆ। ਪਰਮ ਸਿੰਘ ਨੇ ਫਿਰ ਹਥਿਆਰ ਲੈ ਕੇ ਬੰਨ੍ਹ ਕੇ ਸਿਰ ਉੱਪਰ ਧਾਰਨ ਕਰ ਲਏ॥ ੩੬॥

ਘੋਰਨ ਕੋ ਮਗ ਮਹਿਂ ਡੁਰਿਆਏ। ਨਹਿਂ ਚਢਿਬੇ ਕਹੁ ਚਿਤ ਲਲਚਾਏ।
ਗੁਰ ਬਖਸ਼ਿਸ਼ ਉੱਤਮ ਬਹੁ ਜਾਨੀ। ਰਾਖਿ ਅਦਾਇਬ ਕੋ ਬਹੁ ਮਾਨੀ॥ ੩੭॥

ਘੋੜਿਆਂ ਨੂੰ ਰਾਹ ਵਿਚ ਰੱਸਿਆਂ ਤੋਂ ਫੜ ਕੇ ਲਿਆਏ। ਉਨ੍ਹਾਂ ਨੇ ਘੋੜਿਆਂ ਉੱਪਰ ਚੜ੍ਹਨ ਦਾ ਲਾਲਚ ਨਾ ਕੀਤਾ। ਗੁਰੂ ਜੀ ਦੇ ਬਖਸ਼ੇ ਹੋਏ ਘੋੜਿਆਂ ਨੂੰ ਬਹੁਤ ਉੱਤਮ ਜਾਣਿਆ, ਬਹੁਤ ਅਦਬ ਰੱਖ ਕੇ ਮਾਣ ਦਿੱਤਾ॥ ੩੭॥

ਸਿੱਖਨ ਪ੍ਰਭੁ ਸੋਂ ਜਾਇ ਬਤਾਏ। 'ਹਯਨਿ ਚਢੇ ਨਹਿਂ, ਪਗ ਸੋਂ ਆਏ।
ਸ਼ਸਤ੍ਰ ਸਕਲ ਸਿਰ ਪਰ ਧਰਿ ਆਨੇ। ਉਲਟੋ ਖੇਦ ਚਲਨ ਮੋ ਜਾਨੇ' ॥ ੩੮॥

ਸਿੱਖਾਂ ਨੇ ਸਤਿਗੁਰੂ ਜੀ ਨੂੰ ਜਾ ਕੇ ਦੱਸਿਆ, "ਘੋੜਿਆਂ ਉੱਪਰ ਨਹੀਂ ਚੜ੍ਹੇ ਹਨ, ਪੈਦਲ ਆਏ ਹਨ। ਸ਼ਸਤਰ ਸਾਰੇ ਸਿਰਾਂ ਉੱਪਰ ਧਰ ਕੇ ਲਿਆਏ ਹਨ। ਉਲਟਾ ਚੱਲਣ ਵਿਚ ਦੁਖ ਪਾਇਆ ਹੈ" ॥ ੩੮॥

ਸੁਨਿ ਸਤਿਗੁਰ ਨਿਜ ਨਿਕਟ ਹਕਾਰੇ। 'ਬੂਝਜੋ ਇਹ ਕਜਾ ਕੀਨਸਿ ਕਾਰੇ ?।
ਹਯ ਨ ਚਢੇ ਨਹਿਂ ਸ਼ਸਤ੍ਰ ਸਜਾਏ ? ਸਿਰ ਧਰਿ ਕਰ ਮਹਿਂ ਗਹਿ ਕਰਿ ਲਜਾਏ॥੩੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਏ 'ਤੇ ਪੁੱਛਿਆ, "ਇਹ ਕੀ ਕਾਰਾ ਕੀਤਾ ਹੈ ? ਨਾ ਘੋੜੇ ਉੱਪਰ ਚੜ੍ਹੇ ਹੋ, ਨਾ ਸ਼ਸਤਰ ਆਪਣੇ ਸਰੀਰ 'ਤੇ ਸਜਾਏ ਹਨ ? ਸ਼ਸਤਰਾਂ ਨੂੰ ਸਿਰ ਉੱਪਰ ਧਰ ਕੇ ਘੋੜਿਆਂ ਨੂੰ ਹੱਥ ਵਿਚ ਫੜ ਕੇ ਲਿਆਏ ਹੋ॥ ੩੯॥

ਖੇਦ ਚਲਨ ਕੋ ਜਾਨਿ ਸੁ ਦੀਨੇ। ਸੋ ਤੁਮ ਨਹੀਂ ਨਿਵਾਰਨ ਕੀਨੇ।
ਇਹ ਕਾਰਨ ਕਜਾ ਦੇਹੁ ਬਤਾਈ ?'। ਹਾਥ ਜੋਰਿ ਤਿਨ ਦੁਹਨ ਸੁਨਾਈ॥੪੦॥

ਤੁਹਾਨੂੰ ਚੱਲਣ ਵਿਚ ਕਸ਼ਟ ਹੁੰਦਾ ਜਾਣ ਕੇ ਘੋੜੇ ਦਿੱਤੇ ਸਨ, ਉਸ ਕਸ਼ਟ ਨੂੰ ਤੁਸੀਂ ਦੂਰ ਨਹੀਂ ਕੀਤਾ ਹੈ। ਇਸ ਦਾ ਕੀ ਕਾਰਨ ਹੈ, ਇਹ ਸਾਨੂੰ ਦੱਸੋ ?" ਫਿਰ ਹੱਥ ਜੋੜ ਕੇ ਦੋਵੇਂ ਕਹਿਣ ਲੱਗੇ॥ ੪੦॥

'ਰਾਵਰ ਕੀ ਬਖਸ਼ਿਸ਼ ਕੋ ਅਦਬ। ਜੇ ਨ ਕਰਹਿਂ ਹਮ ਕੋ ਬਡ ਗ਼ਜ਼ਬ।
ਪੂਜਨੀਯ ਹਮ ਤਿਨ ਕੋ ਜਾਨੇ। ਮਸਤਕ ਟੇਕਹਿਂ ਤੁਮ ਸਮ ਮਾਨੇ' ॥ ੪੧॥

"ਆਪ ਜੀ ਦੀ ਬਖਸ਼ਿਸ਼ ਦਾ ਆਦਰ ਕੀਤਾ ਹੈ, ਜੇ ਅਸੀਂ ਆਦਰ ਨਾ ਕਰੀਏ ਤਾਂ ਵੱਡਾ ਅਨਰਥ ਹੋ ਜਾਂਦਾ ਹੈ। ਅਸੀਂ ਉਨ੍ਹਾਂ ਨੂੰ ਪੂਜਨੀਕ ਜਾਣਦੇ ਹਾਂ ਤੇ ਮੱਥਾ ਟੇਕ ਕੇ ਤੁਹਾਡੇ ਵਰਗੇ ਮੰਨਦੇ ਹਾਂ" ॥ ੪੧॥

ਸੁਨਿ ਪ੍ਰਸੰਨ ਹ੍ਵੈ ਗੁਰੂ ਉਚਾਰਾ। 'ਤੁਮਰੀ ਜਿਹਵਾ ਹੀ ਖਗ ਧਾਰਾ।
ਜਿਹਠਾਂ ਨਿਕਸੈ ਬਾਕ ਤੁਹਾਰਾ। ਆਯੁਧ ਤੇ ਤੂਰਨ ਕਰਿ ਪਾਰਾ' ॥ ੪੨॥

ਇਹ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਉਚਾਰਨ ਕੀਤਾ, "ਤੁਹਾਡੀ ਜੀਭ ਹੀ ਤਲਵਾਰ ਦੀ ਧਾਰ ਹੈ, ਜਿੱਥੇ ਇਹ ਬਚਨ ਨਿਕਲਦਾ ਹੈ ਸ਼ਸਤਰ ਵਾਂਗ ਤੁਰਤ ਪਾਰ ਹੋ ਜਾਂਦਾ ਹੈ" ॥ ੪੨॥

ਇਮ ਬਰ ਦੇ ਕਰਿ ਯੁਤਿ ਸਨਮਾਨਾ। ਨਿਕਟ ਬਿਠਾਏ ਕ੍ਰਿਪਾ ਨਿਧਾਨਾ।
ਤਹਾਂ ਜੰਡ ਇਕ ਸਨਮੁਖ ਖਰਜੋ। ਤਿਸ ਮਹਿਂ ਚਲਦਲ ਇਕ ਲਗ ਪਰਜੋ॥੪੩॥

ਇਸ ਪ੍ਰਕਾਰ ਵਰ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ। ਉਥੇ ਜੰਡ ਦਾ ਬ੍ਰਿਛ ਸਾਹਮਣੇ ਖੜਾ ਸੀ, ਉਸ ਦੇ ਵਿਚ ਇਕ ਪਿੱਪਲ ਦਾ ਬ੍ਰਿਛ ਉੱਗਿਆ ਸੀ॥ ੪੩॥

ਅਵਿਲੋਕਤਿ ਪ੍ਰਭੁ ਬਾਕ ਬਖਾਨਾ। ਇਹ ਜਬਿ ਚਲਦਲ ਵਧਹਿ ਮਹਾਨਾ।
ਤਰੈ ਜੰਡ ਕੋ ਲੇਇ ਦਬਾਈ। ਸਭਿ ਦਿਸ਼ਿ ਤੇ ਊਪਰ ਲੇ ਛਾਈ॥ ੪੪॥

ਉਸ ਨੂੰ ਵੇਖ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਇਹ ਜਦ ਪਿੱਪਲ ਦਾ ਦਰੱਖਤ ਮਹਾਨ ਵੱਧੇਗਾ ਤਾਂ ਥੱਲੇ ਜੰਡ ਨੂੰ ਦਬਾ ਲਵੇਗਾ ਤੇ ਸਭ ਪਾਸਿਆਂ ਤੋਂ ਇਸ ਦੇ ਉੱਪਰ ਛਾ ਜਾਵੇਗਾ॥ ੪੪॥

ਤਬਹਿ ਖਾਲਸਾ ਵਧਹਿ ਹਮਾਰਾ। ਗੁਡਲੀ ਚਲਹਿ ਤੁਰਕ ਕੋ ਮਾਰਾ।
ਸੁਨਤਿ ਖਾਲਸੇ ਟੇਕਯੋ ਮਾਥਾ। 'ਧੰਨ ਧੰਨ ਤੁਮ ਸ੍ਰੀ ਗੁਰ ਨਾਥਾ'॥ ੪੫॥

ਤਦ ਸਾਡਾ ਖਾਲਸਾ ਬਹੁਤ ਵਧੇਗਾ। ਹਾਲੇ ਤਾਂ ਸਾਡਾ ਖਾਲਸਾ ਰਿੜ੍ਹਦਾ ਹੈ, ਭਾਵ ਬੱਚਾ ਹੈ, ਤਦ ਜਵਾਨ ਹੋ ਕੇ ਤੁਰਕਾਂ ਨੂੰ ਮਾਰ ਲਵੇਗਾ।" ਇਹ ਸੁਣ ਕੇ ਖਾਲਸੇ ਨੇ ਮੱਥਾ ਟੇਕਿਆ ਤੇ ਕਿਹਾ, "ਹੇ ਸਤਿਗੁਰੂ ਜੀ! ਤੁਸੀਂ ਧੰਨ ਧੰਨ ਹੋ"॥ ੪੫॥

*ਪਹਿਲੇ ਐਨ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥*

## *ਅਧਿਆਇ ਪੈਂਤੀਵਾਂ*

### *ਭਾਈ ਰਾਮ ਸਿੰਘ ਦਾ ਨੱਸਣਾ*

ਦੋਹਰਾ- ਖਾਨ ਪਾਨ ਕਰਿ ਜਥਾ ਸੁਖ ਪ੍ਰਾਤਿ ਭਈ ਹੁਇ ਤਯਾਰ।
ਚਢਿ ਬੈਠੇ ਸ੍ਰੀ ਸਤਿਗੁਰੂ ਗਮਨੇ ਪੰਥ ਮਝਾਰ॥ ੧॥

ਖਾ ਪੀ ਕੇ ਪਹਿਲਾਂ ਵਾਂਗ ਸੌਂ ਗਏ, ਫਿਰ ਜਦ ਸਵੇਰ ਹੋਈ ਤਾਂ ਤਿਆਰ ਹੋ ਗਏ। ਸਤਿਗੁਰੂ ਜੀ ਫਿਰ ਘੋੜੇ ਉੱਪਰ ਸਵਾਰ ਹੋ ਗਏ ਅਤੇ ਰਾਹੇ-ਰਾਹ ਚਲ ਪਏ॥ ੧॥

ਚੌਪਈ- ਸ੍ਰੀ ਗੁਰ ਆਗੇ ਜਬਿ ਗਮਨਏ। ਸੰਗੀ ਸਿੰਘ ਸਕਲ ਚਢਿ ਗਏ।
ਰਾਮ ਸਿੰਘ ਭਗਤੂ ਕਾ ਤਹਾਂ। ਇਤ ਉਤ ਟਰਿਕੈ ਥਿਰ ਹੁਇ ਰਹਾ॥੨॥

ਸਤਿਗੁਰੂ ਜੀ ਜਦ ਅੱਗੇ ਚਲੇ ਗਏ ਤਾਂ ਸਾਥੀ ਸਿੰਘ ਵੀ ਘੋੜ-ਸਵਾਰ ਹੋ ਗਏ। ਉਥੇ ਭਗਤੂ ਦਾ ਰਾਮ ਸਿੰਘ ਸੀ। ਉਹ ਏਧਰ ਓਧਰ ਟਾਲ ਕੇ ਖੜਾ ਰਿਹਾ॥ ੨॥

ਕੇਤਿਕ ਦੂਰ ਉਲੰਘੇ ਜਬੈ। ਚਢਿ ਤੁਰੰਗ ਪਰ ਹਟਯੋ ਸੁ ਤਬੈ।
ਏਕ ਸਿੰਘ ਵਾਹਨ ਦੌਰਾਇ। ਪ੍ਰਭੁ ਸੋਂ ਮਿਲਿ ਕੈ ਦੀਯੋ ਬਤਾਇ॥ ੩॥

ਜਦ ਗੁਰੂ ਜੀ ਲੰਘ ਕੇ ਬਹੁਤ ਦੂਰ ਚਲੇ ਗਏ ਤਾਂ ਰਾਮ ਸਿੰਘ ਘੋੜੇ 'ਤੇ ਚੜ੍ਹ ਕੇ ਵਾਪਸ ਮੁੜ ਆਇਆ। ਇਕ ਸਿੰਘ ਨੇ ਘੋੜਾ ਭਜਾ ਕੇ ਸਤਿਗੁਰੂ ਜੀ ਨੂੰ ਮਿਲ ਕੇ ਇਸ ਬਾਰੇ ਦੱਸ ਦਿੱਤਾ॥ ੩॥

'ਰਾਮ ਸਿੰਘ ਭਾਈ ਭਜਿ ਚਲਯੋ। ਸੰਗ ਆਪ ਕੇ ਨਾਂਹਿਨ ਮਿਲਯੋ'।
ਸੁਨਿ ਪ੍ਰਭੁ ਥਿਰ ਹੁਇ ਸਿੱਖ ਪਠਾਇ। 'ਆਨ ਹਮਾਰੀ ਦਿਹੁ,ਨਹਿਂ ਜਾਇ'॥੪॥

ਉਸ ਨੇ ਕਿਹਾ, "ਭਾਈ ਰਾਮ ਸਿੰਘ ਭੱਜ ਚਲਿਆ ਹੈ, ਉਹ ਆਪ ਜੀ ਦੇ ਨਾਲ ਆ ਕੇ ਨਹੀਂ ਮਿਲਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਖੜੇ ਹੋ ਕੇ ਇਕ ਸਿੱਖ ਨੂੰ ਭੇਜਿਆ, "ਸਾਡੀ ਕਸਮ ਦੇਵੇ ਕਿ ਨਾ ਜਾਵੇ"॥ ੪॥

ਗੁਰ ਕੋ ਪਠਯੋ ਸਿੰਘ ਤਹਿਂ ਗਯੋ। 'ਰਾਮ ਸਿੰਘ ਠਹਿਰੋ' ਕਹਿ ਦਯੋ।
'ਪ੍ਰਭੁ ਮੁਹਿ ਭੇਜਾ ਦੇ ਤ੍ਰੈ ਆਨ। ਤੀਨ ਲਕੀਰ ਨ ਉਲੰਘ ਪਯਾਨ॥੫॥

ਗੁਰੂ ਜੀ ਵਲੋਂ ਭੇਜਿਆ ਸਿੰਘ ਉਥੇ ਗਿਆ ਤੇ ਕਹਿਣ ਲੱਗਾ, "ਰਾਮ ਸਿੰਘ! ਠਹਿਰੋ, ਸਤਿਗੁਰੂ ਜੀ ਨੇ ਮੈਨੂੰ ਤਿੰਨ ਸੁਗੰਧਾਂ ਦੇ ਕੇ ਭੇਜਿਆ ਹੈ। ਤਿੰਨ ਲਕੀਰਾਂ ਉਲੰਘ ਕੇ ਨਾ ਜਾਵੋ॥ ੫॥

ਸੰਗ ਚਲਹੁ ਸਗਰੇ ਸੁਖ ਚੀਨ। ਹਟਨ ਹੁਤੇ ਕਜੋਂ ਖੁਸ਼ੀ ਲਈ ਨ।
ਉਚਿਤ ਨ ਤੋਹਿ ਭਾਜ ਕਰਿ ਜਾਨਾ। ਸੁਨਿ ਕੈ ਖਰੇ ਪ੍ਰਭੂ ਤਿਸ ਥਾਨਾ॥ ੬॥

ਗੁਰੂ ਜੀ ਦੇ ਨਾਲ ਚਲੋ ਤੇ ਸਾਰੇ ਸੁਖ ਪ੍ਰਾਪਤ ਜਾਣੋ, ਵਾਪਸ ਮੁੜਨ ਵਾਸਤੇ ਗੁਰੂ ਜੀ ਦੀ ਖੁਸ਼ੀ ਕਿਉਂ ਨਹੀਂ ਲਈ ਹੈ। ਤੁਹਾਨੂੰ ਭੱਜ ਕੇ ਜਾਣਾ ਉਚਿਤ ਨਹੀਂ ਹੈ। ਇਸ ਸੁਣ ਕੇ ਪ੍ਰਭੂ ਜੀ ਉਸ ਸਥਾਨ 'ਤੇ ਹੀ ਖੜੇ ਹੋ ਗਏ ਹਨ' ॥ ੬॥

'ਦੱਖਿਣ ਬਨਹਿ ਜਾਨ ਨਹਿਂ ਮੇਰੋ। ਘਰ ਕੇ ਕਾਜ ਅਨਿਕ ਬਿਧਿ ਝੇਰੋ।
ਨਹਿਂ ਮੈਂ ਰਹੋਂ ਮਿਲੋਂ ਨਹਿਂ ਜਾਇ। ਕਰੋਂ ਬੰਦਨਾ ਇਸ ਹੀ ਥਾਇਂ॥ ੭॥

ਰਾਮ ਸਿੰਘ ਨੇ ਕਿਹਾ, "ਦੱਖਣ ਵਿਚ ਮੇਰਾ ਜਾਣਾ ਨਹੀਂ ਬਣਦਾ ਹੈ, ਘਰ ਦੇ ਅਨੇਕਾਂ ਕਾਰਜ ਅਤੇ ਝਗੜੇ ਝੇੜੇ ਹਨ। ਹੁਣ ਮੈਂ ਗੁਰੂ ਜੀ ਨੂੰ ਜਾ ਕੇ ਨਹੀਂ ਮਿਲਾਂਗਾ ਤੇ ਇਸ ਸਥਾਨ ਤੇ ਹੀ ਉਨ੍ਹਾਂ ਨੂੰ ਬੰਦਨਾ ਕਰ ਦਿੰਦਾ ਹਾਂ" ॥ ੭॥

ਇਮ ਕਹਿ ਲੰਘਿ ਲਕੀਰਨਿ ਗਯੋ। ਦੇਖਿ ਸਿੰਘ ਉਰ ਅਚਰਜ ਭਯੋ।
ਪ੍ਰਭੁ ਕੋ ਕਰੀ ਬਤਾਵਨ ਸਾਰੀ। 'ਉਲੰਘਜੇ ਆਨ ਲਕੀਰ ਅਗਾਰੀ॥ ੮॥

ਇਸ ਪ੍ਰਕਾਰ ਕਹਿ ਕੇ ਤਿੰਨੇ ਲਕੀਰਾਂ ਉਲੰਘ ਗਿਆ। ਇਹ ਵੇਖ ਕੇ ਸਿੰਘ ਦਿਲ ਵਿਚ ਬਹੁਤ ਹੈਰਾਨ ਹੋਇਆ। ਫਿਰ ਉਸ ਨੇ ਆ ਕੇ ਸਾਰੀ ਗੱਲ ਸਤਿਗੁਰੂ ਜੀ ਨੂੰ ਦੱਸੀ। "ਤਿੰਨੇ ਲਕੀਰਾਂ ਉਲੰਘ ਕੇ ਉਹ ਅੱਗੇ ਚਲੇ ਗਿਆ ਹੈ॥ ੮॥

ਚਹੈ ਸਦਨ, ਧੀਰਜ ਉਰ ਖੋਈ। ਹਟਹਿ ਨਹੀਂ ਇਤ ਕੋ ਬਿਧਿ ਕੋਈ'।
ਪੁਨ ਸਤਿਗੁਰ ਨਿਜ ਪਠਜੋ ਰੁਮਾਲ। 'ਆਗੇ ਦੇਹੁ ਤਿਸੀ ਕੇ ਡਾਲਿ॥ ੯॥

ਉਹ ਘਰ ਜਾਣਾ ਚਾਹੁੰਦਾ ਹੈ, ਹਿਰਦੇ ਦਾ ਧੀਰਜ ਗਵਾ ਬੈਠਾ ਹੈ। ਉਹ ਹੁਣ ਕਿਸੇ ਵਿਧੀ ਨਾਲ ਵੀ ਇਸ ਪਾਸੇ ਨਹੀਂ ਆਵੇਗਾ।" ਫਿਰ ਸਤਿਗੁਰੂ ਜੀ ਨੇ ਆਪਣਾ ਰੁਮਾਲ ਭੇਜਿਆ ਤੇ ਕਿਹਾ, "ਇਸ ਨੂੰ ਉਸ ਦੇ ਅੱਗੇ ਸੁੱਟ ਦੇਵੋ॥ ੯॥

ਕਹਹੁ ਕਿ ਗੁਰੂ ਪਾਗ ਇਹ ਜਾਨ। ਇਸ ਕੋ ਉਲੰਘ ਨ ਬਨਹਿ, ਸੁ ਮਾਨ'।
ਸੁਨਤਿ ਸਿੰਘ ਘੋਰਾ ਦੌਰਾਇ। ਆਨਿ ਮਿਲਜੋ ਗਮਨਤਿ ਜਿਸ ਥਾਇਂ॥ ੧੦॥

ਉਸ ਨੂੰ ਕਹੋ ਕਿ ਇਸ ਨੂੰ ਗੁਰੂ ਜੀ ਦੀ ਪੱਗੜੀ ਜਾਣੋ। ਇਸ ਨੂੰ ਉਲੰਘਣਾ ਨਹੀਂ ਬਣਦਾ ਹੈ, ਇਸ ਲਈ ਗੁਰੂ ਜੀ ਦੀ ਆਗਿਆ ਮੰਨ ਲਵੋ।" ਇਹ ਸੁਣ ਕੇ ਸਿੰਘ ਨੇ ਘੋੜਾ ਭਜਾਇਆ ਤੇ ਆ ਕੇ ਰਾਮ ਸਿੰਘ ਨੂੰ ਮਿਲ ਪਿਆ, ਜਿਥੇ ਉਹ ਜਾ ਰਿਹਾ ਸੀ॥ ੧੦॥

ਮਗ ਮਹਿਂ ਡਾਰਜੋ ਦਿਯੋ ਸੁਨਾਇ। 'ਇਹ ਗੁਰ ਪਾਗ ਨ ਉਲੰਘਨ ਪਾਇ।
ਹਟਹੁ ਪਿਛੇਰੇ ਮਿਲਿ ਕਰਿ ਮਿਲੋ। ਇਸੀ ਬਾਤ ਮੈਂ ਲਖਿ ਨਿਜ ਭਲੋ'॥ ੧੧॥

ਗੁਰੂ ਜੀ ਦੇ ਰੁਮਾਲ ਨੂੰ ਉਸ ਦੇ ਰਾਹ ਵਿਚ ਸੁੱਟ ਕੇ ਕਹਿ ਕੇ ਸੁਣਾਇਆ, "ਇਸ ਗੁਰੂ ਜੀ ਦੀ ਪੱਗੜੀ ਨੂੰ ਨਾ ਉਲੰਘੋ। ਪਿੱਛੇ ਮੁੜੋ ਤੇ ਗੁਰੂ ਜੀ ਨੂੰ ਜਾ ਕੇ ਮਿਲੋ, ਇਸ ਗੱਲ ਵਿਚ ਆਪਣਾ ਭਲਾ ਸਮਝੋ"॥ ੧੧॥

ਰਾਮ ਸਿੰਘ ਬੋਲਜੋ 'ਮੈਂ ਜਾਨਾ। ਹਟਜੋ ਨ ਜੈ ਹੈ, ਨਿਸ਼ਚੈ ਮਾਨਾ।
ਦੱਖਣ ਦੂਰ ਦੇਸ਼ ਹਮ ਘਰ ਤੇ। ਹਾਨ ਲਾਭ ਸੁਧ ਕੋਇ ਨ ਕਰਤੇ॥ ੧੨॥

ਰਾਮ ਸਿੰਘ ਨੇ ਕਿਹਾ, "ਮੈਂ ਤਾਂ ਜਾਣਾ ਹੈ, ਹੁਣ ਮੁੜ ਕੇ ਗੁਰੂ ਜੀ ਪਾਸ ਜਾਇਆ ਨਹੀਂ ਜਾਂਦਾ, ਮੈਂ ਨਿਸ਼ਚੇ ਕਰਕੇ ਮੰਨਿਆ ਹੈ। ਦੱਖਣ ਦੇਸ਼ ਸਾਡੇ ਘਰ ਤੋਂ ਬਹੁਤ ਦੂਰ ਹੈ, ਉਥੇ ਆਪਣੇ ਘਰ ਦੀ ਹਾਣ ਲਾਭ ਦੀ ਕੋਈ ਖਬਰ ਨਹੀਂ ਮਿਲ ਸਕਦੀ ਹੈ॥ ੧੨॥

ਹਮ ਤੇ ਤਜਾਗਜੋ ਜਾਇ ਨ ਸਦਨ। ਲਗਜੋ ਨ ਜਾਇ ਗੁਰੂ ਕੇ ਬਦਨ।
ਇਮ ਕਹਿ ਉਲੰਘਿ ਰੁਮਾਲ ਸਿਧਾਯੋ। ਡਾਲ ਮੂਲ ਇਕ ਬਾਰ ਨਸਾਯੋ ॥੧੩॥

ਸਾਥੋਂ ਆਪਣਾ ਘਰ ਛੱਡਿਆ ਨਹੀਂ ਜਾਂਦਾ ਹੈ ਤੇ ਹੁਣ ਗੁਰੂ ਜੀ ਦੇ ਸਨਮੁਖ ਨਹੀਂ ਹੋਇਆ ਜਾਂਦਾ ਹੈ।'' ਇਸ ਪ੍ਰਕਾਰ ਕਹਿ ਕੇ ਰੁਮਾਲ ਨੂੰ ਉਲੰਘ ਕੇ ਚਲਾ ਗਿਆ। ਜੜ੍ਹ ਤੇ ਡਾਲਾਂ ਇਕੋ ਵਾਰ ਨਾਸ਼ ਹੋ ਗਈਆਂ॥ ੧੩॥

ਸਿੰਘ ਗਯੋ ਹਟਿ ਸਤਿਗੁਰ ਪਾਸ। 'ਮੁਝ ਤੇ ਤਜਜੋ ਨ ਜਾਇ ਅਵਾਸ'।
ਸੁਨਿ ਪ੍ਰਭੁ ਕੋ ਰਿਸ ਭਈ, ਬਖਾਨ। 'ਜੋ ਘਰ ਤਜਾਗ ਨ ਸਕੈ ਅਜਾਨ ॥੧੪॥

ਉਹ ਸਿੰਘ ਮੁੜ ਕੇ ਗੁਰੂ ਜੀ ਪਾਸ ਚਲੇ ਗਿਆ ਤੇ ਗੁਰੂ ਜੀ ਨੂੰ ਕਿਹਾ, ''ਉਹ ਕਹਿੰਦਾ ਹੈ, ਮੈਥੋਂ ਆਪਣਾ ਘਰ ਛੱਡਿਆ ਨਹੀਂ ਜਾਂਦਾ ਹੈ।'' ਇਹ ਸੁਣ ਕੇ ਗੁਰੂ ਜੀ ਨੇ ਗੁੱਸਾ ਕੀਤਾ ਅਤੇ ਕਿਹਾ, ''ਜਿਹੜਾ ਮੂਰਖ ਘਰ ਛੱਡ ਨਹੀਂ ਸਕਦਾ ਹੈ॥ ੧੪॥

ਏਕ ਮਾਸ ਲਗਿ ਟੱਕਰ ਮਾਰਹਿ। ਪੁਨ ਤਿਸ ਘਰ ਕੋ ਤਜਾਗ ਸਿਧਾਰਹਿ।
ਡੱਲੇ ਸਹਿਤ ਜਿਤਿਕ ਭਜ ਗਏ। ਸੋ ਜਮ ਨੇ ਤੂਰਨ ਗਹਿ ਲਏ॥ ੧੫॥

ਇਕ ਮਹੀਨੇ ਤੱਕ ਟੱਕਰਾਂ ਮਾਰੇਗਾ, ਫਿਰ ਉਸ ਘਰ ਨੂੰ ਛੱਡ ਕੇ ਚਲੇ ਜਾਵੇਗਾ। ਡੱਲੇ ਸਮੇਤ ਜਿੰਨੇ ਵੀ ਭੱਜ ਕੇ ਗਏ ਹਨ ਉਨ੍ਹਾਂ ਨੂੰ ਜਮ ਨੇ ਤੁਰਤ ਹੀ ਫੜ ਲਿਆ ਹੈ॥ ੧੫॥

ਜੋ ਹਮ ਕੋ ਇਤ ਛੋਰਿ ਸਿਧਾਏ। ਉਤ ਉਨ ਕੋ ਜਮ ਗਹਿ ਸਹਿਸਾਏ'।
ਇਮ ਦੇ ਸ੍ਰਾਪ ਚਲੇ ਪ੍ਰਭੁ ਆਗੇ। ਹਟੇ ਜੁ ਸਗਰੇ ਆਪਦ ਪਾਗੇ॥ ੧੬॥

ਜਿਹੜਾ ਸਾਨੂੰ ਏਧਰ ਛੱਡ ਕੇ ਚਲਾ ਜਾਵੇਗਾ, ਉਧਰ ਉਨ੍ਹਾਂ ਨੂੰ ਜਮ ਵੀ ਤੁਰਤ ਫੜ ਲਵੇਗਾ।'' ਇਸ ਪ੍ਰਕਾਰ ਸਰਾਪ ਦੇ ਕੇ ਸਤਿਗੁਰੂ ਜੀ ਅੱਗੇ ਚਲ ਪਏ। ਜਿਹੜੇ ਵਾਪਸ ਮੁੜ ਗਏ ਸਨ, ਉਹ ਸਾਰੇ ਹੀ ਬਿਪਤਾ ਵਿਚ ਫਸ ਗਏ॥ ੧੬॥

ਰਾਮ ਸਿੰਘ ਜਬਿ ਹਟਿ ਕਰਿ ਆਯੋ। ਭਯੋ ਬਾਵਰਾ ਘਰ ਪ੍ਰਵਿਸ਼ਾਯੋ।
ਫਤੇ ਸਿੰਘ ਨੇ ਆਨਿ ਉਤਾਰਾ। ਪ੍ਰਵਿਸ਼ਜੋ ਅਪਨੇ ਸਦਨ ਮਝਾਰਾ॥ ੧੭॥

ਰਾਮ ਸਿੰਘ ਜਦ ਵਾਪਸ ਮੁੜ ਕੇ ਆਇਆ, ਪਾਗਲ ਹੋਇਆ ਘਰ ਵਿਚ ਪ੍ਰਵੇਸ਼ ਕਰ ਗਿਆ। ਫ਼ਤਹਿ ਸਿੰਘ ਨੇ ਆ ਕੇ ਘੋੜੇ ਤੋਂ ਉਤਾਰਿਆ ਤੇ ਆਪਣੇ ਘਰ ਵਿਚ ਪ੍ਰਵੇਸ਼ ਕਰਵਾਇਆ॥ ੧੭॥

ਕੰਧਨ ਸੋਂ ਸਿਰ ਦੇ ਦੇ ਮਾਰਹਿ। ਘਰਿ ਕੇ ਸਭਿ ਗਹਿ ਗਹਿ ਹਟਕਾਰਹਿਂ।
ਉਤ ਡੱਲੇ ਪਰ ਅਪਦਾ ਪਰੀ। ਭਯੋ ਰੋਗ ਤਨ ਹ੍ਵੈ ਜਰਜਰੀ॥ ੧੮॥

ਕੰਧਾਂ ਨੂੰ ਸਿਰ ਦੇ ਦੇ ਕੇ ਮਾਰਦਾ ਸੀ, ਘਰ ਦੇ ਸਾਰੇ ਜੀਵ ਫੜ-ਫੜ ਕੇ ਰੋਕਦੇ ਸਨ। ਓਧਰ ਡੱਲੇ ਉੱਪਰ ਵੀ ਬਿਪਤਾ ਆ ਪਈ। ਐਸਾ ਰੋਗ ਲੱਗਾ ਕਿ ਸਰੀਰ ਬਹੁਤ ਕਮਜ਼ੋਰ ਅਤੇ ਖੀਣਾ ਹੋ ਗਿਆ॥ ੧੮॥

ਅਪਰ ਜਿਤਿਕ ਤਜਿ ਤਜਿ ਗੁਰ ਆਏ। ਸਭਿ ਕੋ ਸੰਕਟਿ ਲੀਨਿ ਦਬਾਏ।
ਮਾਸ ਬਿਤਜੋ ਦੁਖ ਪਾਵਤਿ ਜਬੈ। ਰਾਮ ਸਿੰਘ ਤਨੁ ਤਜਾਗਜੋ ਤਬੈ॥ ੧੯॥

ਹੋਰ ਜਿਹੜੇ ਵੀ ਗੁਰੂ ਜੀ ਨੂੰ ਛੱਡ-ਛੱਡ ਕੇ ਆਏ ਸਨ, ਸਾਰਿਆਂ ਨੂੰ ਸੰਕਟਾਂ ਅਤੇ ਦੁਖਾਂ ਤਕਲੀਫਾਂ ਨੇ ਆ ਦਬਾਇਆ। ਰਾਮ ਸਿੰਘ ਨੂੰ ਦੁਖ ਭੋਗਦੇ ਨੂੰ ਜਦ ਇਕ ਮਹੀਨਾ ਹੋ ਗਿਆ ਤਾਂ ਉਹ ਸਰੀਰ ਛੱਡ ਕੇ ਇਹ ਦੁਨੀਆਂ ਛੱਡ ਗਿਆ॥ ੧੯॥

ਤਿਮ ਹੀ ਕੇਤਿਕ ਦਿਨ ਦੁਖ ਪਾਇ। ਡੱਲਾ ਮਰਜੋ ਰਿਦੇ ਪਛੁਤਾਇ।
ਚਢੀ ਧਾੜ ਪੁਰਿ ਲੂਟਨ ਆਈ। ਸੁਨਿ ਡੱਲੇ ਕੋ ਮਰਜੋ ਤਿਥਾਂਈ॥ ੨੦॥

ਉਸ ਪ੍ਰਕਾਰ ਹੀ ਕਈ ਦਿਨ ਦੁਖ ਪਾ ਕੇ, ਡੱਲਾ ਹਿਰਦੇ ਵਿਚ ਪਛੁਤਾਵਾ ਕਰਕੇ ਮਰ ਗਿਆ। ਇਕ ਡਾਕੂਆਂ ਦੀ ਧਾੜ ਡੱਲੇ ਦੇ ਨਗਰ ਨੂੰ ਲੁੱਟਣ ਆਈ, ਜਦ ਡੱਲੇ ਨੇ ਇਸ ਬਾਰੇ ਸੁਣਿਆ ਤਾਂ ਉਸ ਥਾਂ ਹੀ ਮਰ ਗਿਆ॥ ੨੦॥

ਹੁਤੇ ਪੌਤ੍ਰ ਦੋ ਖੇਲ ਸੁ ਪਾਗੇ। ਇਕ ਲੇ ਤਕਵਾ ਦੌਰਜੋ ਆਗੇ।
ਇਕ ਪਾਛੇ ਪਕਰਨ ਕੋ ਧਾਯੋ। ਗਿਰਜੋ ਕਰੇਜਾ ਤਕਵੇ ਘਾਯੋ॥ ੨੧॥

ਉਸ ਦੇ ਦੋ ਪੋਤਰੇ ਸਨ, ਉਹ ਖੇਡ ਵਿਚ ਲੱਗੇ ਹੋਏ ਸਨ। ਇਕ ਚਰਖੇ ਦਾ ਤਕਲਾ ਲੈ ਕੇ ਅੱਗੇ-ਅੱਗੇ ਦੌੜਿਆ, ਦੂਸਰਾ ਪੋਤਰਾ ਉਸ ਨੂੰ ਫੜਨ ਵਾਸਤੇ ਪਿੱਛੇ ਦੌੜਿਆ। ਜਦ ਭੱਜਦਾ-ਭੱਜਦਾ ਡਿੱਗ ਪਿਆ ਤਾਂ ਤਕਲਾ ਕਲੇਜੇ ਵਿਚ ਵੱਜ ਗਿਆ॥ ੨੧॥

ਦੁਤੀ ਸੀਤਲਾ ਤੇ ਮਰਿ ਗਯੋ। ਇਮ ਸਭਿ ਬੰਸ ਬਿਨਾਸ਼ੀ ਭਯੋ।
ਜੋ ਜੋ ਭਾਜੇ ਬਿਨ ਬਚ ਮਾਨੇ। ਸੰਕਟ ਪਾਇ ਸੁ ਤਤਛਿਨ ਹਾਨੇ॥ ੨੨॥

ਦੂਸਰਾ ਪੋਤਰਾ ਸੀਤਲਾ ਨਿਕਲਣ ਨਾਲ ਮਰ ਗਿਆ, ਇਸ ਪ੍ਰਕਾਰ ਡੱਲੇ ਦਾ ਸਾਰਾ ਵੰਸ਼ ਹੀ ਨਾਸ਼ ਹੋ ਗਿਆ। ਜਿੰਨੇ ਵੀ ਗੁਰੂ ਜੀ ਦੇ ਬਚਨ ਮੰਨਣ ਤੋਂ ਬਗੈਰ ਭੱਜੇ ਸਨ, ਉਹ ਸੰਕਟ ਪਾ ਕੇ ਤੁਰਤ ਖਤਮ ਹੋ ਗਏ॥ ੨੨॥

ਇਮ ਸ੍ਰਾਪਤਿ ਕਰਿ ਪ੍ਰਭੁ ਪਯਾਣੇ। ਜਾਇ ਪਹੂਚੇ ਮਧੁ ਸਿੰਘਾਣੇ।
ਕੋਸ ਅਸ਼ਟ ਦਸ ਡੇਰਾ ਕਿਯੋ। ਸੰਧਜਾ ਸਮੈਂ ਆਨਿ ਤਬਿ ਭਯੋ॥ ੨੩॥

ਇਸ ਪ੍ਰਕਾਰ ਸਰਾਪ ਦੇ ਕੇ ਸਤਿਗੁਰੂ ਜੀ ਅੱਗੇ ਚਲ ਪਏ ਤੇ ਫਿਰ ਮਧੂ ਸਿੰਘਾਣੇ ਜਾ ਪਹੁੰਚੇ। ਅਠਾਰ੍ਹਾਂ ਕੋਹ 'ਤੇ ਫਿਰ ਜਾ ਕੇ ਡੇਰਾ ਕੀਤਾ, ਉਸ ਸਮੇਂ ਸ਼ਾਮ ਦਾ ਵੇਲਾ ਹੋ ਗਿਆ ਸੀ॥ ੨੩॥

ਸ੍ਰੀ ਗੁਰ ਮਨ ਮਹਿਂ ਇਮ ਠਹਿਰਾਈ। ਪਰਮ ਸਿੰਘ ਜੇ ਦੋਨਹੁਂ ਭਾਈ।
ਨਵੋਂ ਮੰਚ ਕਿਮ ਆਜ ਬਨਾਵੈਂ। ਦੇਖਿ ਲੇਹੁ ਕਿਮ ਸਿਦਕ ਕਮਾਵੈਂ॥ ੨੪॥

ਸਤਿਗੁਰੂ ਜੀ ਨੇ ਫਿਰ ਮਨ ਵਿਚ ਇਸ ਪ੍ਰਕਾਰ ਠਹਿਰਾਇਆ। ਜਿਹੜੇ ਪਰਮ ਸਿੰਘ ਦੋਵੇਂ ਭਰਾ ਹਨ, ਅੱਜ ਉਹ ਨਵਾਂ ਮੰਜਾ ਕਿਵੇਂ ਬਣਾਉਣਗੇ। ਇਹ ਵੇਖ ਲੈਂਦੇ ਹਾਂ ਕਿਵੇਂ ਸਿਦਕ ਕਮਾਉਂਦੇ ਹਨ॥ ੨੪॥

ਦਿਨ ਨਹਿਂ ਕਛੂ ਰਹਜੋ ਇਸ ਕਾਲ। ਆਜ ਨ ਬਨਹਿ ਕਿਸੂ ਬਿਧਿ ਨਾਲ।
ਤਬਿ ਦ੍ਵੈ ਭ੍ਰਾਤਾ ਉੱਦਮ ਕੀਨਿ। ਦੋਇ ਦੁਫਾਂਗੇ ਬਾਢਿ ਸੁ ਲੀਨਿ॥ ੨੫॥

ਇਸ ਸਮੇਂ ਦਿਨ ਕੁਝ ਵੀ ਨਹੀਂ ਰਿਹਾ ਹੈ, ਅੱਜ ਕਿਸੇ ਵਿਧੀ ਨਾਲ ਵੀ ਮੰਜਾ ਨਹੀਂ ਬਣੇਗਾ। ਫਿਰ ਦੋਵਾਂ ਭਰਾਵਾਂ ਨੇ ਉੱਦਮ ਕੀਤਾ ਤੇ ਦੋ ਦੁਫਾਂਗੇ ਡਾਹਣੇ ਵੱਢ ਲਏ॥ ੨੫॥

ਗਾਡੇ ਜਹਿਂ ਪ੍ਰਭੁ ਸੁਪਤਨਿ ਥਾਨ। ਪੀਨ ਬੇਰ ਬੰਧੀ ਤਿਨ ਤਾਨ।
ਮੰਚੇ ਕੀ ਬਿਧਿ ਬਨਿ ਕਰਿ ਤੁਰਤ। ਊਪਰ ਡਾਰਿ ਬਸਤ੍ਰ ਗਨ ਫੁਰਤ॥ ੨੬॥

ਜਿੱਥੇ ਗੁਰੂ ਜੀ ਦੇ ਸੌਣ ਦਾ ਸਥਾਨ ਸੀ, ਉੱਥੇ ਡਾਹਣੇ ਗੱਡ ਦਿੱਤੇ, ਤੇ ਵੱਟਿਆਂ ਹੋਇਆਂ ਰੱਸਿਆਂ ਜਾਂ ਬੇੜਾਂ ਨੂੰ ਹੀਂਆਂ ਦੀ ਥਾਂ ਕੱਸ ਦਿੱਤਾ। ਮੰਜੇ ਵਾਂਗ ਹੀ ਬਣਾ ਕੇ ਤੁਰਤ ਉੱਪਰ ਬਹੁਤ ਵਸਤਰ ਬੜੀ ਫੁਰਤੀ ਨਾਲ ਵਿਛਾ ਦਿੱਤੇ॥ ੨੬॥

ਨੀਕੇ ਕਰਿ ਗੁਦਗੁਦਾ ਸੁਧਾਰਜੋ। ਜਾਇ ਨਿਕਟ ਗੁਰ ਸੰਗ ਉਚਾਰਜੋ।
'ਤਜਾਰ ਮੰਚ ਹੈ ਲੀਨ ਬਨਾਇ। ਆਪ ਬਿਰਾਜਹੁ ਤਿਸ ਪਰ ਜਾਇ'॥ ੨੭॥

ਬਿਸਤਰਾ ਚੰਗੀ ਤਰ੍ਹਾਂ ਸੁਧਾਰ ਕੇ ਗੁਦਗੁਦਾ ਬਣਾ ਦਿੱਤਾ ਤੇ ਗੁਰੂ ਜੀ ਦੇ ਪਾਸ ਜਾ ਕੇ ਉਚਾਰਨ ਕੀਤਾ, "ਮੰਜਾ ਤਿਆਰ ਹੈ, ਬਣਾ ਲਿਆ ਹੈ, ਆਪ ਜੀ ਉਸ ਉੱਪਰ ਜਾ ਕੇ ਬਿਰਾਜੋ"॥ ੨੭॥

ਸੁਨਿ ਬਿਸਮੇ ਤਬਿ ਉਠਿ ਕਰਿ ਗਏ। ਹੁਇ ਅਰੂਢ ਪ੍ਰਭੁ ਬੈਠਤਿ ਭਏ।
ਦੇਖਨ ਹੇਤੁ ਤਰੈ ਕਰ ਪਾਯੋ। 'ਕਿਮ ਇਨ ਬੁਨ ਕਰਿ ਨਯੋ ਬਨਾਯੋ ?' ॥੨੮॥

ਸਤਿਗੁਰੂ ਜੀ ਸੁਣ ਕੇ ਬਹੁਤ ਹੈਰਾਨ ਹੋਏ ਤੇ ਉੱਠ ਕੇ ਗਏ, ਫਿਰ ਸਤਿਗੁਰੂ ਜੀ ਮੰਜੇ ਉੱਪਰ ਚੜ੍ਹ ਕੇ ਬੈਠ ਗਏ। ਫਿਰ ਮੰਜੇ ਨੂੰ ਵੇਖਣ ਵਾਸਤੇ ਹੇਠਾਂ ਹੱਥ ਪਾਇਆ, "ਕਿਵੇਂ ਇਨ੍ਹਾਂ ਬੁਣ ਕੇ ਨਵਾਂ ਬਣਾ ਲਿਆ ਹੈ ?" ॥ ੨੮॥

ਬਾਹੀ ਕੇ ਥਲ ਮੋਟੀ ਬੇਰੇ। ਪਾਵੈਂ ਥਾਨ ਦੁਛਾਂਗੇ ਹੇਰੇ।
ਪ੍ਰਭੁ ਪ੍ਰਸੰਨ ਹੋਇ ਬੁਲਿਵਾਏ। ਖੁਸ਼ੀ ਅਧਿਕ ਤਿਨ ਕੋ ਫੁਰਮਾਏ॥ ੨੯॥

ਉਨ੍ਹਾਂ ਨੇ ਫਿਰ ਵੇਖਿਆ ਕਿ ਬਾਹੀਆਂ ਦੀ ਥਾਂ ਮੋਟੇ ਬੇੜ ਪਾਏ ਸਨ ਤੇ ਪਾਵਿਆਂ ਦੇ ਥਾਂ ਦੁਛਾਂਗਾ ਡਾਹਣਾ ਸੀ। ਸਤਿਗੁਰੂ ਜੀ ਨੇ ਫਿਰ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਬੁਲਵਾਇਆ ਤੇ ਉਨ੍ਹਾਂ ਉੱਪਰ ਵੱਡੀ ਖੁਸ਼ੀ ਕੀਤੀ॥ ੨੯॥

'ਪੂਰਨ ਸਿੱਖੀ ਤੁਮਹੁਂ ਨਿਬਾਹੀ। ਅਬਿ ਹਟਿ ਜਾਹੁ ਬਸਹੁ ਘਰ ਮਾਂਹੀ।
ਬਿਨਾ ਸ਼ਸਤ੍ਰ ਹੀ ਸ਼ੱਤ੍ਰਨਿ ਜੀਤਹੁ। ਕਿਸ ਤੇ ਚਿੰਤਾ ਹੋਇ ਨ ਭੀਤਹੁ' ॥੩੦॥

ਗੁਰੂ ਜੀ ਨੇ ਫੁਰਮਾਇਆ, "ਤੁਸੀਂ ਪੂਰਨ ਸਿੱਖੀ ਨਿਭਾਹੀ ਹੈ, ਹੁਣ ਵਾਪਸ ਚਲੇ ਜਾਵੋ ਤੇ ਆਪਣੇ ਘਰ ਵਿਚ ਜਾ ਕੇ ਰਹੋ। ਸ਼ਸਤਰਾਂ ਤੋਂ ਬਗੈਰ ਹੀ ਵੈਰੀਆਂ ਨੂੰ ਜਿੱਤੋ, ਤੁਹਾਨੂੰ ਕਿਸੇ ਪਾਸੋਂ ਵੀ ਚਿੰਤਾ ਜਾਂ ਭੈਅ ਨਹੀਂ ਹੋਵੇਗਾ" ॥ ੩੦॥

ਇਮ ਕਹਿ ਕੀਨਸਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ। ਸ਼ਸਤ੍ਰ ਬਸਤ੍ਰ ਤਨ ਧਰਿ ਸਵਧਾਨੇ॥ ੩੧॥

ਇਸ ਪ੍ਰਕਾਰ ਕਹਿ ਕੇ ਖਾਣ ਪੀਣ ਕੀਤਾ, ਫਿਰ ਸਤਿਗੁਰੂ ਜੀ ਆਰਾਮ ਨਾਲ ਸੌਂ ਗਏ। ਫਿਰ ਪਹਿਰ ਰਾਤ ਰਹਿੰਦਿਆਂ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਫਿਰ ਸ਼ਸਤਰ, ਵਸਤਰ ਧਾਰਨ ਕਰਕੇ ਸਾਵਧਾਨ ਹੋ ਗਏ॥ ੩੧॥

ਪਾਛੇ ਪਰਮ ਸਿੰਘ ਕੋ ਮੋਰੇ। ਹੁਕਮ ਅਮੋਰ ਜਾਨਿ ਕਰ ਜੋਰੇ।
'ਹਲਤ ਪਲਤ ਮਹਿਂ ਬਨਹੁ ਸਹਾਈ। ਚਰਨ ਕਮਲ ਚਿਤ ਰਖਹੁ ਗੁਸਾਈਂ ॥੩੨॥

ਪਰਮ ਸਿੰਘ ਧਰਮ ਸਿੰਘ ਨੂੰ ਫਿਰ ਪਿੱਛੇ ਮੋੜਿਆ। ਅਮੋੜ ਹੁਕਮ ਜਾਣ ਕੇ ਉਨ੍ਹਾਂ ਨੇ ਹੱਥ ਜੋੜ ਕੇ ਕਿਹਾ, "ਲੋਕ ਪਰਲੋਕ ਵਿਚ ਸਾਡੇ ਸਹਾਇਕ ਬਣੋ ਤੇ ਆਪਣੇ ਚਰਨ ਕੰਵਲਾਂ ਵਿਚ ਸਾਡਾ ਚਿੱਤ ਲਾਈ ਰੱਖੋ॥ ੩੨॥

ਅਪਨੇ ਲਖਿ ਕਰਿ ਨਹਿਨ ਬਿਸਾਰਹੁ। ਦਾਸਨ ਦਾਸਹਿ ਦਾਸ ਬਿਚਾਰਹੁ'।
ਇਮ ਕਰ ਬੰਦਨ ਕਰਤਿ ਪਯਾਨੇ। ਰਿਦੇ ਰਾਖਿ ਸਤਿਗੁਰ ਕੋ ਧ੍ਯਾਨੇ॥ ੩੩॥

ਆਪਣੇ ਜਾਣ ਕੇ ਸਾਨੂੰ ਵਿਸਾਰੋ ਨਹੀਂ, ਸਾਨੂੰ ਆਪਣੇ ਦਾਸਾਂ ਦੇ ਦਾਸ ਜਾਣੋ।" ਇਸ ਪ੍ਰਕਾਰ ਬੰਦਨਾ ਕਰਕੇ ਚਲੇ ਗਏ ਤੇ ਹਿਰਦੇ ਵਿਚ ਹਰ ਵੇਲੇ ਸਤਿਗੁਰੂ ਜੀ ਦਾ ਧਿਆਨ ਰੱਖਿਆ॥ ੩੩॥

ਮਧੂ ਸਿੰਘਾਣੇ ਪੁਰਿ ਤੇ ਡੇਰਾ। ਪ੍ਰਭੁ ਜੀ ਕੂਚ ਕਰਯੋ ਤਿਸ ਬੇਰਾ।
ਹਯ ਅਰੂਢ ਕਰਿ ਪੰਥ ਪਯਾਨੇ। ਪੀਛੇ ਸਿੰਘ ਬਹੀਰ ਸਿਧਾਨੇ॥ ੩੪॥

ਮਧੂ ਸਿੰਘਾਣੇ ਪੁਰ ਤੋਂ ਫਿਰ ਡੇਰਾ ਸਤਿਗੁਰੂ ਜੀ ਨੇ ਉਸ ਸਮੇਂ ਕੂਚ ਕਰ ਦਿੱਤਾ। ਘੋੜੇ ਉੱਪਰ ਸਵਾਰ ਹੋ ਕੇ ਅੱਗੇ ਮਾਰਗ ਵਿਚ ਚਲ ਪਏ। ਗੁਰੂ ਜੀ ਦੇ ਪਿੱਛੇ ਸਿੰਘਾਂ ਦੀ ਵਹੀਰ ਚਲ ਪਈ॥ ੩੪॥

ਕੋਸ ਅਸ਼ਟਦਸ਼ ਤਿਸ ਦਿਨ ਗਏ। ਪੁਸ਼ਕਰ ਤੀਰਥ ਆਵਤਿ ਭਏ।
ਉਤਰਿ ਪਰੇ ਤਹਿਂ ਸਿਵਰ ਲਗਾਯੋ। ਸਕਲ ਬਹੀਰ ਸ੍ਰਮਤ ਹ੍ਵੈ ਆਯੋ॥ ੩੫॥

ਅਠਾਰ੍ਹਾਂ ਕੋਹ ਅਗਲੇ ਦਿਨ ਵੀ ਚਲੇ, ਫਿਰ ਅੱਗੇ ਪੁਸ਼ਕਰ ਤੀਰਥ ਆ ਗਿਆ। ਉਥੇ ਉਤਾਰਾ ਕਰਕੇ ਗੁਰੂ ਜੀ ਨੇ ਆਪਣਾ ਡੇਰਾ ਲਾਇਆ, ਸਾਰੀ ਵਹੀਰ ਬਹੁਤ ਥੱਕੀ ਹੋਈ ਆਈ॥ ੩੫॥

ਕਹਜੋ ਪ੍ਰਭੁ 'ਇਤ ਕਰਹੁ ਮੁਕਾਮੂ। ਸ਼੍ਰਮ ਨਿਰਵਾਰ ਲੇਹੁ ਬਿਸਰਾਮੂ'।
ਬਸੇ ਨਿਸਾ ਮਹਿਂ ਖਾਨ ਰੁ ਪਾਨ। ਭਏ ਪ੍ਰਾਤਿ ਕਰਿ ਸੌਚ ਸ਼ਨਾਨ॥ ੩੬॥

ਸਤਿਗੁਰੂ ਜੀ ਨੇ ਕਿਹਾ, "ਏਥੇ ਹੁਣ ਮੁਕਾਮ ਕਰੋ, ਥਕਾਵਟ ਦੂਰ ਕਰਕੇ ਵਿਸ਼ਰਾਮ ਕਰੋ।" ਖਾ ਪੀ ਕੇ ਰਾਤ ਨੂੰ ਉਥੇ ਹੀ ਆਰਾਮ ਕੀਤਾ, ਫਿਰ ਸਵੇਰ ਹੋਣ 'ਤੇ ਸੋਚ ਇਸ਼ਨਾਨ ਕੀਤਾ॥ ੩੬॥

ਚੇਤਨ ਬਿੱਪ੍ਰ ਮਿਲਜੋ ਤਬਿ ਆਈ। 'ਆਸ਼ਿਰਬਾਦ' ਕਹਜੋ ਗੁਰ ਤਾਈਂ।
ਅਧਿਕ ਦਾਨ ਦੀਨੋ ਤਿਸ ਪਾਨ। ਪਟ ਸੂਖਮ, ਦੀਨਾਰ, ਕਿਕਾਨ॥ ੩੭॥

ਫਿਰ ਚੇਤਨ ਨਾਮ ਦਾ ਬ੍ਰਾਹਮਣ ਆ ਕੇ ਸਤਿਗੁਰੂ ਜੀ ਨੂੰ ਮਿਲਿਆ। ਉਸ ਨੇ ਸਤਿਗੁਰੂ ਜੀ ਨੂੰ ਅਸ਼ੀਰਵਾਦ ਦਿੱਤੀ। ਗੁਰੂ ਜੀ ਨੇ ਉਸ ਨੂੰ ਬਹੁਤ ਦਾਨ ਦਿੱਤਾ। ਰੇਸ਼ਮ ਦੇ ਸੂਖਮ ਕੱਪੜੇ, ਅਸ਼ਰਫੀਆਂ ਅਤੇ ਘੋੜੇ ਦਿੱਤੇ॥ ੩੭॥

ਸ਼੍ਰੀ ਬਾਬਾ ਨਾਨਕ ਜਹਿਂ ਥਿਰੇ। ਤਿਸੀ ਘਾਟ ਗੁਰ ਮੱਜਨ ਕਰੇ।
ਤਹਾਂ ਬੈਠਿ ਕਰਿ ਸਿੰਘਨ ਸਾਥ। ਪੂਰਬ ਕੋ ਪ੍ਰਸੰਗ ਕਹਿਂ ਨਾਥ॥ ੩੮॥

ਜਿੱਥੇ ਬਾਬਾ ਨਾਨਕ ਜੀ ਠਹਿਰੇ ਸਨ, ਉਸੇ ਘਾਟ ਤੇ ਹੀ ਗੁਰੂ ਜੀ ਨੇ ਇਸ਼ਨਾਨ ਕੀਤਾ। ਉਥੇ ਬੈਠ ਕੇ ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਪਹਿਲਾ ਪ੍ਰਸੰਗ ਕਹਿ ਕੇ ਸੁਣਾਇਆ॥ ੩੮॥

'ਗਮਨਤਿ ਕਰਤੇ ਸਹਜ ਸੁਭਾਇ। ਸ਼੍ਰੀ ਬਾਬਾ ਜੀ ਬੈਠੇ ਆਇ।
ਗੋਰਖ ਲੀਏ ਸਿੱਧ ਸਮੁਦਾਈ। ਆਨਿ ਅਦੇਸ਼ ਅਦੇਸ਼ ਅਲਾਈ॥ ੩੯॥

ਸਤਿਗੁਰੂ ਬਾਬਾ ਨਾਨਕ ਦੇਵ ਜੀ ਸਹਿਜ ਸੁਭਾਅ ਵਿਚਰਦੇ ਇਸ ਸਥਾਨ ਤੇ ਆ ਕੇ ਬੈਠੇ ਸਨ। ਗੋਰਖ ਜੋਗੀ ਨੂੰ ਜਦ ਇਸ ਬਾਰੇ ਪਤਾ ਲੱਗਾ ਤਾਂ ਉਹ ਆਪਣੀ ਸਿੱਧ ਮੰਡਲੀ ਨੂੰ ਨਾਲ ਲੈ ਕੇ ਏਥੇ ਆ ਕੇ ਸਤਿਗੁਰੂ ਜੀ ਨੂੰ ਅਦੇਸ਼ ਅਦੇਸ਼ ਆ ਬੁਲਾਈ॥ ੩੯॥

ਚਰਚਾ ਕੁਛਕ ਜੋਗ ਕੀ ਕੀਨਿ। ਜਥਾ ਜੋਗ ਤਬਿ ਉੱਤਰ ਦੀਨ।
ਸੁਨਿ ਸਿਧ ਸਕਲ ਨਿਮੇ ਕਰ ਬੰਦਿ। ਗੋਰਖ, ਭਰਥਰਿ, ਗੋਪੀ ਚੰਦ॥ ੪੦॥

ਉਨ੍ਹਾਂ ਨੇ ਫਿਰ ਜੋਗ ਉੱਪਰ ਕੁਝ ਚਰਚਾ ਕੀਤੀ। ਯਥਾ ਯੋਗ ਸਤਿਗੁਰੂ ਜੀ ਨੇ ਜੋਗੀਆਂ ਦੀਆਂ ਪੁੱਛਾਂ ਦੇ ਉੱਤਰ ਦਿੱਤੇ। ਗੁਰੂ ਜੀ ਦੇ ਉੱਤਰ ਸੁਣ ਕੇ ਸਾਰੇ ਸਿੱਧਾਂ ਨੇ ਹੱਥ ਜੋੜ ਕੇ ਨਮਸਕਾਰ ਕੀਤੀ। ਗੋਰਖ ਦੇ ਨਾਲ ਭਰਥਰੀ ਅਤੇ ਗੋਪੀ ਚੰਦ ਵੀ ਸਨ॥ ੪੦॥

ਮੰਗਲ ਆਦਿਕ ਸੁਜਸੁ ਉਚਾਰਾ। 'ਸ਼੍ਰੀ ਬਾਬਾ ਤੁਮ ਧੰਨ ਉਦਾਰਾ'।
ਇਮ ਬੋਲਤਿ ਜਿਸ ਕਾਲ ਕ੍ਰਿਪਾਲਾ। ਤਹਿਂ ਕੇ ਨਰ ਕਰਿ ਮੇਲ ਬਿਸਾਲਾ॥੪੧॥

ਮੰਗਲ ਆਦਿ ਨੇ ਸ੍ਰੇਸ਼ਟ ਜੱਸ ਉਚਾਰਨ ਕੀਤਾ, "ਹੇ ਸਤਿਗੁਰੂ ਬਾਬਾ ਜੀ! ਤੁਸੀਂ ਮਹਾਨ ਹੋ, ਤੁਸੀਂ ਧੰਨ ਹੋ।" ਕ੍ਰਿਪਾਲੂ ਸਤਿਗੁਰੂ ਜੀ ਜਿਸ ਸਮੇਂ ਇਸ ਪ੍ਰਕਾਰ ਬੋਲ ਰਹੇ ਸਨ ਤਾਂ ਉਥੋਂ ਦੇ ਬਹੁਤ ਮਨੁੱਖ ਇਕੱਠੇ ਹੋ ਕੇ ਆਏ॥ ੪੧॥

ਬਿੱਪ੍ਰ ਬਨਕ ਤੇ ਆਦਿਕ ਜਾਲ। ਚਲਿ ਆਏ ਚੇਤਨ ਦਿਜ ਨਾਲ।
ਕਰਿ ਕਰਿ ਨਮੋ ਪ੍ਰਵਾਰਤਿ ਬੈਠੇ। 'ਕੌਨ ਜਾਤ' ਬੂਝਤਿ ਭੇ ਐਸੇ॥ ੪੨॥

ਬ੍ਰਾਹਮਣ, ਬਾਣੀਏ ਆਦਿ ਦੇ ਸਮੂਹ ਚੇਤਨ ਬ੍ਰਾਹਮਣ ਦੇ ਨਾਲ ਚਲ ਚਲ ਕੇ ਆਏ। ਸਾਰੇ ਨਮਸਕਾਰ ਕਰ ਕਰਕੇ ਆਲੇ-ਦੁਆਲੇ ਬੈਠ ਗਏ ਤੇ ਪੁੱਛਣ ਲੱਗੇ, "ਕਿਹੜੀ ਜਾਤ ਹੈ"॥ ੪੨॥

'ਸੰਗ ਆਪ ਕੇ ਕੇਸਨ ਧਾਰੀ। ਕਜਾ ਇਨ ਕੀ ਦਿਹੁ ਜਾਤਿ ਉਚਾਰੀ।
ਬੂਝਤਿ ਹੈਂ ਲਖਿ ਬੇਸ ਨਵੀਨਾ। ਹਿੰਦੁ ਤੁਰਕ ਇਮ ਕਿਨਹੁਂ ਨ ਕੀਨਾ ॥੪੩॥

"ਤੁਹਾਡੇ ਨਾਲ ਕੇਸਾਧਾਰੀ ਸਾਥੀ ਹਨ, ਇਨ੍ਹਾਂ ਦੀ ਕਿਹੜੀ ਜਾਤ ਹੈ ਇਹ ਉਚਾਰਨ ਕਰੋ। ਨਵਾਂ ਭੇਸ ਵੇਖ ਕੇ ਪੁੱਛਦੇ ਹਾਂ, ਹਿੰਦੂ ਤੁਰਕ ਇਸ ਪ੍ਰਕਾਰ ਕੋਈ ਵੀ ਨਹੀਂ ਕਰਦਾ ਹੈ" ॥ ੪੩॥

ਸੁਨਿ ਕਰਿ ਗੁਰ ਫੁਰਮਾਵਨਿ ਕੀਆ। 'ਭਯੋ ਖਾਲਸਾ ਜਗ ਮਹਿਂ ਤੀਆ।
ਹਿੰਦੂ ਤੁਰਕ ਦੁਹਿਨ ਤੇ ਨਜਾਰੋ। ਸ੍ਰੀ ਅਕਾਲ ਕੇ ਦਾਸ ਬਿਚਾਰੋ॥ ੪੪॥

ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ, ਤੀਸਰਾ ਮਜ਼ਬ ਜਗਤ ਵਿਚ ਖਾਲਸਾ ਪ੍ਰਗਟ ਹੋਇਆ ਹੈ। ਇਹ ਹਿੰਦੂ ਤੁਰਕ ਦੋਹਾਂ ਤੋਂ ਵੱਖਰਾ ਹੈ, ਇਨ੍ਹਾਂ ਨੂੰ ਅਕਾਲ ਪੁਰਖ ਦੇ ਦਾਸ ਜਾਣੋ॥ ੪੪॥

ਬੀਜ ਮਾਤ੍ਰ ਅਬਿ ਰੂਪ ਦਿਖਾਵਾ। ਹਤਿ ਤੁਰਕਨ ਠਾਨਹਿ ਛਿਤ ਦਾਵਾ।
ਸਭਿ ਪਰ ਬਲੀ ਬੀਰ ਬਰ ਬੰਕਾ। ਆਯਧ ਧਾਰੀ ਰਿਪਹਿ ਅਤੰਕਾ' ॥ ੪੫॥

ਬੀਜ ਮਾਤ੍ਰ ਹੁਣ ਰੂਪ ਵਿਖਾਇਆ ਹੈ, ਤੁਰਕਾਂ ਨੂੰ ਮਾਰ ਕੇ ਇਸ ਧਰਤੀ ਦਾ ਰਾਜ ਲਵਾਂਗੇ। ਇਹ ਬਾਂਕੇ ਬੀਰ ਸਭ ਉੱਪਰ ਸ਼ਕਤੀਸ਼ਾਲੀ ਹੋਣਗੇ, ਸ਼ਸਤਰ ਧਾਰ ਕੇ ਵੈਰੀ ਦਾ ਨਾਸ਼ ਕਰਨਗੇ' ॥ ੪੫॥

ਸੁਨਿ ਕਰਿ ਸਰਬ ਲੋਕ ਬਿਸਮਾਏ। 'ਗੁਰ ਸਮਰਥ ਇਹ ਨਯੋ ਉਪਾਏ'।
ਉਠੇ ਪ੍ਰਭੂ ਚੇਤਨ ਲੇ ਨਾਲ। ਦੇਖਨ ਲਾਗੇ ਠਵਰ ਬਿਸਾਲ॥ ੪੬॥

ਇਹ ਸੁਣ ਕੇ ਸਾਰੇ ਲੋਕ ਬਹੁਤ ਹੈਰਾਨ ਹੋਏ, "ਸਮਰੱਥ ਗੁਰੂ ਜੀ ਨੇ ਇਹ ਨਵੇਂ ਪ੍ਰਗਟ ਕੀਤੇ ਹਨ।" ਫਿਰ ਸਤਿਗੁਰੂ ਜੀ ਚੇਤਨ ਨੂੰ ਨਾਲ ਲੈ ਕੇ, ਉਸ ਵਿਸ਼ਾਲ ਸਥਾਨ ਨੂੰ ਵੇਖਣ ਲੱਗੇ॥ ੪੬॥

ਤੀਰਥ ਪਾਰ ਥਾਨ ਦਿਖਲਾਵਾ। ਪਿਖੀ ਗੁਹਾ ਜਹਿਂ ਨਾਗ ਰਹਾਵਾ।
ਇੱਤਜਾਦਿਕ ਅਵਿਲੋਕਨਿ ਕਰੇ। ਚੇਤਨ ਕਛੂ ਪ੍ਰਸੰਗ ਉਚਰੇ॥ ੪੭॥

ਤੀਰਥ ਪਾਰ ਦਾ ਸਥਾਨ ਵਿਖਾਇਆ, ਉਹ ਗੁਫਾ ਵੇਖੀ ਜਿਥੇ ਨਾਗ ਰਹਿੰਦਾ ਸੀ। ਇਸ ਪ੍ਰਕਾਰ ਕਈ ਸਥਾਨ ਵੇਖੇ। ਚੇਤਨ ਨੇ ਕੁਝ ਪ੍ਰਸੰਗ ਉਚਾਰਨ ਕੀਤੇ॥ ੪੭॥

'ਕਮਲਾਸਨ ਮਖ ਕੀਨਸਿ ਇਹਾਂ। ਦਾਰੁਣ ਬੇਖ ਰੁੱਦ੍ਰ ਕੋ ਮਹਾਂ।
ਲੇ ਕਪਾਲ ਕੋ ਜਾਚਨ ਆਵਾ। ਬਿਨ ਜਾਨੇ ਤੇ ਝਿਰਕਿ ਹਟਾਵਾ॥ ੪੮॥

"ਬ੍ਰਹਮਾ ਨੇ ਏਥੇ ਯੱਗ ਕੀਤਾ ਸੀ। ਮਹਾਂ ਸ਼ਿਵ ਭਿਆਨਕ ਵੇਸ ਧਾਰ ਕੇ ਕਪਾਲ ਖੱਪਰ ਲੈ ਕੇ ਏਥੇ ਮੰਗਣ ਆਇਆ ਸੀ। ਕਿਉਂਕਿ ਬ੍ਰਹਮਾ ਉਸ ਨੂੰ ਜਾਣਦੇ ਨਹੀਂ ਸਨ, ਇਸ ਕਰਕੇ ਝਿੜਕ ਕੇ ਮੋੜ ਦਿੱਤਾ॥ ੪੮॥

ਪ੍ਰਥਮ ਅਮੰਗਲ ਬੇਖ ਦਿਖਾਵੈ। ਮਖ ਮਹਿਂ ਨਹਿਂ ਐਸੇ ਬਨਿ ਆਵੈ।
ਤਬਿ ਸ਼ਿਵ ਨੇ ਕਿਯ ਭਗਨ ਕਪਾਲਾ। ਭੇ ਮਖ ਥਲ ਮਹਿਂ ਜਹਿਂ ਕਹਿਂ ਜਾਲਾ ॥੪੯॥

ਪਹਿਲਾਂ ਭਿਆਨਕ ਭੇਖ ਵਿਖਾਉਂਦਾ ਸੀ, ਯੱਗ ਵਿਚ ਐਸੇ ਭੇਖ ਚੰਗੇ ਨਹੀਂ ਲੱਗਦੇ ਹਨ। ਤਦ ਸ਼ਿਵਜੀ ਨੇ ਕਪਾਲ ਨੂੰ ਭੰਨਿਆ, ਜਿਸ ਨਾਲ ਯੱਗ ਵਿਚ ਜਿੱਥੇ ਕਿੱਥੇ ਬਹੁਤ ਕਪਾਲੀਆਂ ਹੋ ਗਈਆਂ॥ ੪੯॥

ਪਿਖਿ ਪ੍ਰਤਾਪ ਬ੍ਰਹਮਾ ਨੇ ਜਾਨਾ। ਕਰੀ ਸਤੁਤਿ ਆਛੀ ਬਿਧਿ ਮਾਨਾ।
ਇੱਤਜਾਦਿਕ ਹੈ ਬਡੋ ਪ੍ਰਸੰਗ। ਗ੍ਰੰਥ ਵਧਨ ਤੇ ਉਰ ਡਰ ਸੰਗ॥ ੫੦॥

ਸ਼ਿਵਜੀ ਦਾ ਪ੍ਰਤਾਪ ਵੇਖ ਕੇ ਬ੍ਰਹਮਾ ਜਾਣ ਗਿਆ, ਉਸ ਨੇ ਫਿਰ ਚੰਗੀ ਵਿਧੀ ਨਾਲ ਸ਼ਿਵਜੀ ਦੀ ਉਸਤਤਿ ਕੀਤੀ।" ਇਸ ਪ੍ਰਕਾਰ ਦੇ ਕਈ ਪ੍ਰਸੰਗ ਸੁਣਾਏ। ਮੈਂ ਗ੍ਰੰਥ ਦੇ ਵੱਧ ਜਾਣ ਕਾਰਨ ਇਨ੍ਹਾਂ ਨੂੰ ਲਿਖਣ ਤੋਂ ਡਰਦਾ ਹਾਂ॥ ੫੦॥

ਨਹਿਂ ਬਰਨੌਂ ਸ਼੍ਰੋਤਾ ਸਭਿ ਜਾਨਹੁ। ਕਥਾ ਗੁਰਨ ਕੀ ਸੁਨਹੁਂ ਸੁਜਾਨਹੁਂ।
ਰਹੀ ਕਿਤਿਕ ਸੋ ਚਿਤ ਦੇ ਬਰਨੌਂ। ਬਾਂਛਤਿ ਪ੍ਰਾਪਤ ਪੂਰਨ ਕਰਨੌਂ॥ ੫੧॥

ਇਨ੍ਹਾਂ ਦਾ ਵਰਣਨ ਨਹੀਂ ਕਰਾਂਗਾ, ਸਾਰੇ ਸ੍ਰੋਤੇ ਜਾਣਦੇ ਹਨ। ਹੇ ਚਤੁਰ ਸ੍ਰੋਤਾ ਗਨ! ਤੁਸੀਂ ਗੁਰੂ ਸਾਹਿਬ ਦੀ ਕਥਾ ਸੁਣੋ। ਜਿੰਨੀ ਵੀ ਰਹਿੰਦੀ ਹੈ, ਉਹ ਚਿੱਤ ਲਾ ਕੇ ਵਰਣਨ ਕਰਦਾ ਹਾਂ ਤੇ ਆਪਣੇ ਮਨ ਦੀ ਇੱਛਾ ਪੂਰੀ ਕਰਦਾ ਹਾਂ॥ ੫੧॥

ਕਵਿ ਸੰਤੋਖ ਸਿੰਘ ਮਨ ਪ੍ਰੀਤ। ਗੁਰ ਕੀ ਕਥਾ ਰਚੌਂ ਸੁਭ ਰੀਤ।
ਕਰਜੋ ਮਨੋਰਥ ਪੂਰਨ ਮੋਰਾ। ਗੁਰੂ ਨਿਹੋਰ ਸਾਂਝ ਅਰੁ ਭੋਰਾ॥ ੫੨॥

ਕਵੀ ਸੰਤੋਖ ਸਿੰਘ ਦੇ ਇਹ ਮਨ ਦੀ ਪ੍ਰੀਤ ਹੈ, ਗੁਰੂ ਜੀ ਦੀ ਕਥਾ ਮੈਂ ਸੁਭ ਰੀਤੀ ਨਾਲ ਵਰਣਨ ਕਰਦਾ ਹਾਂ। ਮੇਰਾ ਮਨੋਰਥ ਪੂਰਾ ਕੀਤਾ ਹੈ। ਗੁਰੂ ਜੀ ਦੇ ਅਹਿਸਾਨ ਦੀ ਭੋਰਾ ਸਾਂਝ ਚਾਹੁੰਦਾ ਹਾਂ॥ ੫੨॥

*ਪਹਿਲੇ ਐਨ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

## *ਅਧਿਆਇ ਛੱਤੀਵਾਂ*

### ਦਾਦੂ ਦੁਾਰੇ ਬਿਬੇਕ

ਦੋਹਰਾ- ਇਸੀ ਰੀਤਿ ਨਿਤ ਪ੍ਰਤਿ ਗਮਨ ਕਰਤਿ ਗੁਰੂ ਮਹਾਰਾਜ।
ਮਾਰਵਾਰ ਕੇ ਦੇਸ਼ ਮਹਿਂ ਪਹੁਂਚਿ ਗ਼ਰੀਬ ਨਿਵਾਜ॥ ੧॥

ਇਸ ਰੀਤੀ ਨਾਲ ਪ੍ਰਤੀ ਦਿਨ ਗੁਰੂ ਮਹਾਰਾਜ ਸਫਰ ਕਰਦੇ ਚਲੇ ਜਾ ਰਹੇ ਸਨ। ਫਿਰ ਗ਼ਰੀਬ ਨਿਵਾਜ਼ ਸਤਿਗੁਰੂ ਜੀ ਮਾਰਵਾੜ ਦੇ ਦੇਸ਼ ਵਿਚ ਪਹੁੰਚ ਗਏ॥ ੧॥

ਚੌਪਈ- ਪੁਰਿ ਨਰਾਇਣਾ ਪਹੁਚੇ ਜਾਇ। ਜਾਹਿਂ ਦਾਦੂ ਦੁਾਰਾ ਕਹਿਲਾਇ।
ਅਵਲੋਕਤਿ ਡੇਰਾ ਪ੍ਰਭੁ ਘਾਲਾ। ਸੁੰਦਰ ਜਹਿਂ ਕਹਿਂ ਥਾਨ ਬਿਸਾਲਾ॥੨॥

ਫਿਰ ਨਰਾਇਣਪੁਰ ਜਾ ਪਹੁੰਚੇ, ਜਿਸ ਸਥਾਨ ਨੂੰ ਦਾਦੂ ਦਵਾਰਾ ਕਹਿੰਦੇ ਸਨ। ਉਸ ਨੂੰ ਵੇਖ ਕੇ ਉਥੇ ਡੇਰਾ ਕਰ ਲਿਆ, ਉਹ ਸਥਾਨ ਜਿੱਥੇ ਕਿੱਥੇ ਬਹੁਤ ਸੁੰਦਰ ਸੀ॥ ੨॥

ਉਤਰਿ ਤੁਰੰਗ ਤੇ ਥਿਰੇ ਗੁਸਾਈਂ। ਸਿੰਘ ਆਨਿ ਬੈਠੇ ਤਿਸ ਥਾਂਈ।
ਸਨੇ ਸਨੇ ਸਭਿ ਆਇ ਬਿਹੀਰ। ਉਤਰਿ ਪਰੇ ਹੋਈ ਬਹੁ ਭੀਰ॥ ੩॥

ਘੋੜੇ ਤੋਂ ਉੱਤਰ ਕੇ ਗੁਰੂ ਜੀ ਬੈਠ ਗਏ ਤੇ ਸਿੰਘ ਵੀ ਉਸ ਥਾਂ ਆ ਬੈਠੇ। ਹੌਲੀ-ਹੌਲੀ ਸਾਰੀ ਵਹੀਰ ਆ ਗਈ, ਜਦ ਸਾਰੇ ਉੱਤਰ ਪਏ ਤਾਂ ਬਹੁਤ ਭੀੜ ਹੋ ਗਈ॥ ੩॥

ਹਯਨ ਹਿਰੇਖਾ ਹੋਤਿ ਬਿਸਾਲਾ। ਗਾਡਹਿਂ ਮੇਖਨ ਸ਼ਬਦ ਉਠਾਲਾ।
ਕਿਤਿਕ ਬਿਲੋਕਤਿ ਦਾਦੂ ਦੁਾਰਾ। ਕੋ ਤ੍ਰਿਣ ਈਂਧਨ ਲੇਨਿ ਪਧਾਰਾ॥੪॥

ਘੋੜੇ ਬਹੁਤ ਉੱਚੀ-ਉੱਚੀ ਹਿਣਕ ਰਹੇ ਸਨ ਤੇ ਕਿੱਲੇ ਗੱਡਣ ਦੀ ਬੜੀ ਉੱਚੀ ਆਵਾਜ਼ ਆ ਰਹੀ ਸੀ। ਕਈ ਦਾਦੂ ਦਵਾਰਾ ਵੇਖ ਰਹੇ ਸਨ। ਕੋਈ ਘਾਹ ਬਾਲਣ ਆਦਿ ਲੈਣ ਗਿਆ ਸੀ॥ ੪॥

ਤਹਾਂ ਜੈਤ ਸਾਹਿਬ ਮਾਹੰਤ। ਸ਼ਾਂਤਿ ਰੂਪ ਸ਼ੁਭ ਅਜ਼ਮਤਵੰਤ।
ਸਾਧੂ ਸੈਂਕਰੇ ਦਾਦੂ ਮਗ ਕੇ। ਰਹੈਂ ਪ੍ਰਲੋਕ ਸਾਧਨੇ ਲਗਿਕੇ॥ ੫॥

ਉਥੇ ਜੈਤ ਸਾਹਿਬ ਮਹੰਤ ਰਹਿੰਦਾ ਸੀ, ਜਿਹੜਾ ਸ਼ੁਭ ਸ਼ਾਂਤ ਰੂਪ ਸੀ ਤੇ ਵੱਡਾ ਕਰਾਮਾਤ ਸਹਿਤ ਸੀ। ਸੈਂਕੜੇ ਦਾਦੂ ਮੱਤ ਦੇ ਸਾਧ ਪ੍ਰਲੋਕ ਦੀ ਸਾਧਨਾ ਵਿਚ ਲੱਗੇ ਰਹਿੰਦੇ ਸਨ॥ ੫॥

ਕਰਨਿ ਸ਼ਨਾਨ ਬ੍ਰਿਤੀ ਕੋ ਰੋਕਨ। ਏਕ ਰੂਪ ਸਭਿ ਲੋਕ ਬਿਲੋਕਨ।
ਦਯਾ ਛਿਮਾ ਧੀਰਜ ਸੰਤੋਖ। ਨਿਰਹੰਕਾਰ ਅਕਾਮ ਅਰੋਖ॥ ੬॥

ਇਸ਼ਨਾਨ ਕਰਕੇ ਬ੍ਰਿਤੀ ਨੂੰ ਰੋਕਦੇ ਸਨ, ਇਕ ਰੂਪ ਸਾਰੇ ਲੋਕ ਵੇਖਦੇ ਸਨ। ਦਇਆ, ਖਿਮਾਂ, ਧੀਰਜ, ਸੰਤੋਖ, ਨਿਰਹੰਕਾਰ, ਕਾਮ ਰਹਿਤ ਅਤੇ ਰੋਖ ਰਹਿਤ ਰਹਿੰਦੇ ਸਨ॥ ੬॥

ਦਾਦੂ ਸੁੰਦਰ ਗਿਰਾ ਬਨਾਈ। ਬੈਠੇ ਪਠਤਿ ਕਿਤਿਕ ਮਨ ਲਾਈ।
ਗੁਰ ਦਲ ਕੇ ਨਰ ਕੋ ਚਲਿ ਗਯੇ। ਤਿਸੇ ਮਹੰਤ ਬੂਝਤੋ ਭਯੋ॥ ੭॥

ਦਾਦੂ ਨੇ ਸੁੰਦਰ ਬਾਣੀ ਬਣਾਈ ਸੀ, ਕਈ ਮਨ ਲਾ ਕੇ ਬੈਠ ਕੇ ਪੜ੍ਹਦੇ ਸਨ। ਗੁਰੂ ਦਲ ਦੇ ਕਈ ਮਨੁੱਖ ਚਲ ਕੇ ਗਏ। ਉਨ੍ਹਾਂ ਨੂੰ ਮਹੰਤ ਪੁੱਛਣ ਲੱਗਾ॥ ੭॥

'ਕੋ ਉਤਰਯੋ, ਕਿਤ ਤੇ ਚਲਿ ਆਯੋ?। ਕਿਸ ਕਾਰਜ ਕੋ ਅੱਗ੍ਰ ਸਿਧਾਯੋ?'।
ਸੁਨਿ ਸਗਰੋ ਸੁ ਪ੍ਰਸੰਗ ਉਚਾਰਾ। 'ਸਤਿਗੁਰ ਗੋਬਿੰਦ ਸਿੰਘ ਉਦਾਰਾ॥ ੮॥

ਏਥੇ ਕਿਸ ਨੇ ਉਤਾਰਾ ਕੀਤਾ ਹੈ, ਇਹ ਕਿਥੋਂ ਚਲ ਕੇ ਆਏ ਹਨ, ਕਿਸ ਕਾਰਜ ਵਾਸਤੇ ਅੱਗੇ ਜਾ ਰਹੇ ਹਨ?" ਸਾਰਿਆਂ ਨੇ ਸੁਣ ਕੇ ਪ੍ਰਸੰਗ ਉਚਾਰਨ ਕੀਤਾ, "ਏਥੇ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਉਤਾਰਾ ਕੀਤਾ ਹੈ॥ ੮॥

ਪੁਰਿ ਅਨੰਦ ਜਿਨ ਕੀ ਰਜਧਾਨੀ। ਵਧਯੋ ਤੁਰਕ ਸੋਂ ਬੈਰ ਮਹਾਨੀ।
ਕਈ ਲਾਖ ਜੋਧਾ ਜਿਨ ਘਾਯੋ। ਬਹੁ ਬਾਰੀ ਸੰਗ੍ਰਾਮ ਮਚਾਯੋ॥ ੯॥

ਜਿਨ੍ਹਾਂ ਦੀ ਰਾਜਧਾਨੀ ਅਨੰਦਪੁਰ ਹੈ। ਉਨ੍ਹਾਂ ਦਾ ਤੁਰਕਾਂ ਨਾਲ ਬਹੁਤ ਵੈਰ ਵਧਿਆ ਹੈ। ਕਈ ਲੱਖ ਜੋਧਾ ਜਿਨ੍ਹਾਂ ਮਾਰਿਆ ਹੈ ਤੇ ਬਹੁਤ ਵਾਰ ਯੁੱਧ ਮਚਾਇਆ ਹੈ॥ ੯॥

ਪ੍ਰਥਮ ਅਨੰਦਪੁਰੇ ਰਣ ਭਏ। ਪੁਨ ਚਮਕੌਰ ਤੁਰਕ ਬਹੁ ਛਏ।
ਬਹੁਰੋ ਜੰਗ ਮੁਕਤਸਰ ਭਯੋ। ਸੋ ਗੁਰ ਅਬਿ ਆਵਨਿ ਇਤ ਕਯੋ॥ ੧੦॥

ਪਹਿਲਾਂ ਅਨੰਦਪੁਰ ਵਿਚ ਯੁੱਧ ਹੋਏ, ਫਿਰ ਚਮਕੌਰ ਵਿਖੇ ਤੁਰਕ ਬਹੁਤ ਛਾ ਗਏ। ਫਿਰ ਜੰਗ ਮੁਕਤਸਰ ਵਿਚ ਹੋਇਆ, ਉਹ ਗੁਰੂ ਜੀ ਹੁਣ ਏਧਰ ਆ ਰਹੇ ਹਨ॥ ੧੦॥

ਸਾਹਿਬਜ਼ਾਦੇ ਰਣ ਮਹਿਂ ਦੋਇ। ਬਾਲਕ ਦ੍ਵੈ ਤੁਰਕਨ ਗਹਿ ਸੋਇ।
ਇਮ ਚਾਰੋਂ ਤਿਨ ਕੇ ਸਿਰ ਚਰੇ। ਰਾਜ ਤੇਜ ਰਿਪੁ ਕੋ ਨਿਤ ਹਰੇ'॥ ੧੧॥

ਦੋਵੇਂ ਸਾਹਿਬਜ਼ਾਦੇ ਯੁੱਧ ਵਿਚ ਸ਼ਹੀਦ ਹੋ ਗਏ ਹਨ। ਦੋ ਛੋਟੇ ਬਾਲਕ ਤੁਰਕਾਂ ਫੜ ਲਏ ਹਨ। ਇਸ ਪ੍ਰਕਾਰ ਚਾਰੇ ਉਨ੍ਹਾਂ ਦੇ ਸਿਰ ਚੜ੍ਹੇ ਹਨ, ਵੈਰੀ ਦਾ ਰਾਜ ਤੇਜ ਨਿਤ ਦੂਰ ਕਰਦੇ ਹਨ'॥ ੧੧॥

ਸੁਨੀ ਮਹੰਤ ਜੈਤ ਸਭਿ ਬਾਤ। ਅਚਰਜ ਧਰਤਿ ਰਿਦੇ ਅਵਦਾਤ।
ਕਹਾਂ ਤੁਰਕਪਤਿ ਸਭਿ ਛਿਤ ਮਾਲਿਕ। ਮਹਾਂ ਸੁਭਟ ਤਿਹ ਸੋਂ ਰਣ ਘਾਲਕ ॥੧੨॥

ਮਹੰਤ ਜੈਤ ਨੇ ਸਾਰੀ ਗੱਲ ਸੁਣੀ। ਹਿਰਦੇ ਵਿਚ ਉੱਤਮ ਅਸਚਰਜਤਾ ਧਾਰਨ ਕੀਤੀ। ਕਿੱਥੇ ਤੁਰਕ ਬਾਦਸ਼ਾਹ ਜਿਹੜਾ ਸਾਰੀ ਧਰਤੀ ਦਾ ਮਾਲਕ ਹੈ, ਜਿਸ ਦੇ ਬਹੁਤ ਸੂਰਬੀਰ ਯੁੱਧ ਕਰਦੇ ਹਨ॥ ੧੨॥

ਇਕਠੇ ਕਰੇ ਸਾਧ ਤਿਸ ਕਾਲਾ। ਦਰਸ਼ਨ ਕਰਨ ਹੇਤੁ ਸੋ ਚਾਲਾ।
ਜਹਿਂ ਪ੍ਰਭੁ ਥਿਰੇ ਦਿਵਾਨਿ ਲਗਾਇ। ਚਿਤਵਤ ਮਹਿਮਾ ਕੋ ਤਹਿਂ ਆਇ ॥੧੩॥

ਉਸ ਨੇ ਫਿਰ ਸਾਰੇ ਸਾਧਾਂ ਨੂੰ ਇਕੱਠਿਆਂ ਕੀਤਾ ਤੇ ਸਾਰੇ ਦਰਸ਼ਨ ਕਰਨ ਵਾਸਤੇ ਚਲ ਪਏ। ਜਿੱਥੇ ਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ, ਉੱਥੇ ਗੁਰੂ ਜੀ ਦੀ ਮਹਿਮਾ ਬਾਰੇ ਵਿਚਾਰ ਕਰਦੇ ਪਹੁੰਚ ਗਏ॥ ੧੩॥

ਨਿਕਟ ਹੋਇ ਕਰ ਤੇ ਕਰਿ ਨਮੋ। ਸ੍ਰੀ ਗੁਰ ਪਿਖਿ ਮਹੰਤ ਤਿਹ ਸਮੋ।
ਸਾਦਰ ਨਿਕਟ ਬਿਠਾਵਨ ਕਰਜੋ। ਬੈਠਿ ਦਰਸ ਕਰਿ ਆਨੰਦ ਭਰਜੋ ॥੧੪॥

ਫਿਰ ਗੁਰੂ ਜੀ ਦੇ ਨੇੜੇ ਹੋ ਕੇ ਨਮਸਕਾਰ ਕੀਤੀ। ਗੁਰੂ ਜੀ ਨੇ ਮਹੰਤ ਨੂੰ ਉਸ ਸਮੇਂ ਵੇਖ ਕੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ। ਉਹ ਬੈਠ ਕੇ ਦਰਸ਼ਨ ਕਰਕੇ ਅਨੰਦ ਨਾਲ ਭਰ ਗਿਆ॥ ੧੪॥

ਸਾਹਿਬਜ਼ਾਦਨ ਕੀ ਕਰਿ ਗਾਥਾ। ਬੋਲਤਿ ਭਯੋ ਗੁਰੂ ਕੇ ਸਾਥਾ।
'ਇਸੀ ਹੇਤੁ ਸ੍ਰੀ ਦਾਦੂ ਕਹਜੋ। ਨਿਰਦਾਵੇ ਮਹਿਂ ਬਹੁ ਸੁਖ ਲਹਜੋ॥ ੧੫॥

ਸਾਹਿਬਜ਼ਾਦਿਆਂ ਦੀ ਗਾਥਾ ਕਹਿ ਕੇ ਉਹ ਸਤਿਗੁਰੂ ਜੀ ਦੇ ਨਾਲ ਬੋਲਦਾ ਪਿਆ ਸੀ। ''ਇਸੇ ਕਰਕੇ ਸ੍ਰੀ ਦਾਦੂ ਨੇ ਕਿਹਾ ਹੈ, ਦਾਵਾ ਰਹਿਤ ਹੋ ਕੇ ਬਹੁਤ ਸੁਖ ਪ੍ਰਾਪਤ ਹੁੰਦਾ ਹੈ॥ ੧੫॥

ਦੋਹਰਾ- ਦਾਦੂ ਦਾਵਾ ਦੂਰ ਕਰਿ ਬਿਨ ਦਾਵੇ ਦਿਨ ਕੱਟ।
ਕੇਤੀ ਸੌਦਾ ਕਰਿ ਗਈ ਏਤ ਪਸਾਰੀ ਦੇ ਹੱਟ॥ ੧੬॥

ਹੇ ਦਾਦੂ ਕਿਸੇ ਪਦਾਰਥ ਜਾਂ ਵਸਤੂ ਉੱਪਰ ਆਪਣਾ ਹਕ ਦੂਰ ਕਰ, ਤੇ ਬਗੈਰ ਹਕ ਦੇ ਦਿਨ ਕਟਾਈ ਕਰੋ। ਇਸ ਪੰਸਾਰੀ ਦੀ ਹੱਟੀ ਉੱਪਰ ਕਈ ਸੌਦੇ ਕਰ ਗਏ ਹਨ॥ ੧੬॥

ਚੌਪਈ- ਦਾਵਾ ਕਰਨੇ ਮਹਿਂ ਦੁਖ ਘਨੇ॥ ਉਠੈਂ ਉਪਾਧਿ ਨ ਜਾਹੀਂ ਗਨੇ।
ਨਿਰਦਾਵੇ ਮਹਿਂ ਸਭਿ ਸੁਖ ਅਹੈ। ਛਿਮਾ ਕਰਨਿ ਤੇ ਨਰ ਸੋ ਲਹੈ ॥੧੭॥

ਦਾਅਵਾ ਕਰਨ ਵਿਚ ਹੀ ਵੱਡੇ ਦੁਖ ਹਨ, ਏਨੇ ਝਗੜੇ ਉੱਠਦੇ ਹਨ ਕਿ ਉਹ ਗਿਣੇ ਨਹੀਂ ਜਾ ਸਕਦੇ। ਦਾਅਵਾ ਨਾ ਕਰਨ ਵਿਚ ਹੀ ਸਾਰੇ ਸੁਖ ਹਨ। ਖਿਮਾ ਕਰਨ 'ਤੇ ਮਨੁੱਖ ਲਾਭ ਪ੍ਰਾਪਤ ਕਰਦੇ ਹਨ'॥ ੧੭॥

ਸੁਨਿ ਸਤਿਗੁਰ ਤਬਿ ਤਿਸੈ ਸੁਨਾਯੋ। 'ਸੰਤਨਿ ਕੇ ਮਤ ਇਮ ਬਨਿ ਆਯੋ।
ਜਿਨਹੁਂ ਧਰਮ ਕੀ ਰੱਛਾ ਕਰਨੀ। ਸੁਨਿ ਤਿਨ ਕੀ ਗਤਿ ਜਿਮ ਹੈ ਬਰਨੀ॥੧੮॥

ਸਤਿਗੁਰੂ ਜੀ ਨੇ ਸੁਣ ਕੇ ਫਿਰ ਉਸ ਨੂੰ ਸੁਣਾਇਆ, ''ਸੰਤਾਂ ਦਾ ਮਤ ਇਸ ਪ੍ਰਕਾਰ ਬਣਿਆ ਹੈ। ਜਿਨ੍ਹਾਂ ਨੇ ਧਰਮ ਦੀ ਰੱਖਿਆ ਕਰਨੀ ਹੈ, ਉਨ੍ਹਾਂ ਦੀ ਗਤੀ ਸੁਣੋ ਜਿਵੇਂ ਵਰਣਨ ਕੀਤੀ ਹੈ॥ ੧੮॥

ਦੋਹਰਾ- ਦਾਦੂ ਦਾਵਾ ਬੰਧਿ ਕੇ ਸਭਿ ਕੋ ਲਈਏ ਲੁੱਟ।
ਇੱਕੋ ਰਹਿਸੀ ਖਾਲਸਾ ਹੋਰ ਸਭਿ ਮਰਸੀ ਹੁੱਟ॥ ੧੯॥

ਹੇ ਦਾਦੂ ਦਾਵਾ ਬੰਨ੍ਹ ਕੇ ਸਾਰਿਆਂ ਨੂੰ ਲੁੱਟ ਲਵੀਏ, ਇਕ ਖਾਲਸਾ ਹੀ ਰਹੇਗਾ ਹੋਰ ਸਾਰੇ ਹੁੱਟ ਕੇ ਮਰ ਜਾਣਗੇ॥ ੧੯॥

ਚੌਪਈ- ਧਰਮ ਬਿਦਾਰਜੋ ਹਿੰਦੂ ਤੁਰਕਾ। ਨਿਸ਼ਚਾ ਕਰਜੋ ਦੂਰ ਸਭਿ ਉਰ ਕਾ।
ਗਹਿਕੈ ਸ਼ਸਤ੍ਰ ਦੀਜੀਅਹਿ ਦੰਡ। ਰਹੈ ਧਰਮ ਤਬਿ ਦੁਸ਼ਟਨਿ ਖੰਡਿ ॥੨੦॥

ਹਿੰਦੂਆਂ ਤੁਰਕਾਂ ਦਾ ਧਰਮ ਵਿਗਾੜਿਆ ਹੈ ਤੇ ਹਿਰਦੇ ਦਾ ਸਾਰਾ ਨਿਸਚਾ ਦੂਰ ਕੀਤਾ ਹੈ। ਸ਼ਸਤਰ ਫੜ ਕੇ ਇਨ੍ਹਾਂ ਨੂੰ ਦੰਡ ਦੇਵੋ, ਇਨ੍ਹਾਂ ਦੁਸ਼ਟਾਂ ਦੇ ਮਰਨ ਨਾਲ ਧਰਮ ਬਚ ਜਾਂਦਾ ਹੈ"॥ ੨੦॥

ਜੈਤ ਕਹੈ 'ਹਮਰੋ ਗੁਰ ਭਾਖਾ। ਛਿਮਾ ਬਿਖੈ ਸਗਰੋ ਗੁਨ ਰਾਖਾ।
ਜਿਮ ਕਰਨੀ ਸੋ ਰਾਹੁ ਬਤਾਯੋ'। ਪੁਨ ਦੋਹਾ ਕਹਿ ਔਰ ਸੁਨਾਯੋ ॥੨੧॥

ਜੈਤ ਕਹਿੰਦਾ ਸੀ, "ਸਾਡੇ ਗੁਰੂ ਜੀ ਨੇ ਕਿਹਾ ਹੈ, ਖਿਮਾ ਵਿਚ ਸਾਰੇ ਗੁਣ ਰੱਖੇ ਹਨ, ਜਿਵੇਂ ਕਰਨਾ ਹੈ, ਉਹ ਰਾਹ ਦੱਸਿਆ ਹੈ।" ਫਿਰ ਇਕ ਹੋਰ ਦੋਹਰਾ ਕਹਿ ਕੇ ਸੁਣਾਇਆ॥ ੨੧॥

ਦੋਹਰਾ- 'ਦਾਦੂ ਸਮਾ ਬਿਚਾਰਿ ਕੈ ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਢੀਮ ਇਟ ਲੀਜੈ ਸੀਸ ਚਢਾਇ'॥ ੨੨॥

"ਦਾਦੂ ਸਮਾਂ ਵਿਚਾਰ ਕੇ ਕਲ ਦਾ ਖਿਆਲ ਕਰੋ, ਜੇ ਕੋਈ ਢੀਮ ਇੱਟ ਮਾਰੇ ਤਾਂ ਸਿਰ ਲੁਕਾ ਲਵੋ"॥ ੨੨॥

ਚੌਪਈ- ਸੁਨਿ ਗੁਰ ਕਹਜੋ 'ਤੁਮਹੁ ਇਮ ਕਰਨੀ। ਪੰਥ ਨ੍ਰਿਵਿਰਤ ਤਿਨਹੁ ਕਹੁ ਬਰਨੀ।
ਜਿਨਹੁ ਕੁਕਰਮ ਹਟਾਵਨਿ ਕਰਨੋ। ਤਿਨ ਕੋ ਅਪਰ ਬਿਧੀ ਸੋਂ ਬਰਨੋ॥੨੩॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਹਾਡਾ ਇਸ ਪ੍ਰਕਾਰ ਕਰਨਾ ਤੁਹਾਡੇ ਪੰਥ ਦੇ ਵਾਸਤੇ ਵਰਣਨ ਕੀਤਾ ਹੈ। ਪਰ ਜਿਨ੍ਹਾਂ ਨੂੰ ਕੁਕਰਮ ਤੋਂ ਹਟਾਉਣਾ ਹੈ, ਉਨ੍ਹਾਂ ਨੂੰ ਹੋਰ ਵਿਧੀ ਨਾਲ ਵਰਣਨ ਕਰਨਾ ਹੈ॥ ੨੩॥

ਦੋਹਰਾ- 'ਦਾਦੂ! ਸਮਾਂ ਬਿਚਾਰ ਕੈ ਕਲਿਕਾ ਲੀਜੈ ਭਾਇ।
ਜੇ ਕੋ ਮਾਰੈ ਈਟ ਢੀਮ ਪਾਥਰ ਹਨੈ ਰਿਸਾਇ'॥ ੨੪॥

'ਹੇ ਦਾਦੂ! ਸਮਾਂ ਵਿਚਾਰ ਕੇ ਕਲ੍ਹ ਦਾ ਖਿਆਲ ਕਰੋ, ਜੇ ਕੋਈ ਇੱਟ ਢੀਮ ਮਾਰੇ, ਉਸ ਨੂੰ ਗੁੱਸੇ ਵਿਚ ਆ ਕੇ ਪੱਥਰ ਮਾਰੋ'॥ ੨੪॥

ਚੌਪਈ- ਸੁਨਿ ਕਰਿ ਸਿੰਘ ਸਭਾ ਗਨ ਸਾਧੂ। 'ਨਹਿਂ ਸਹੀਅਹਿਂ ਦੁਸ਼ਟਨਿ ਅਪਰਾਧੂ'।
ਹਸੇ ਸਕਲ ਹੀ ਮੋਦ ਬਢਾਇ। 'ਵਾਹੁ ਵਾਹੁ ਬਚ' ਕਹੇ ਸੁਨਾਇ ॥੨੫॥

ਸਭਾ ਵਿਚ ਬਹੁਤ ਸਿੰਘਾਂ ਅਤੇ ਸਾਧੂਆਂ ਨੇ ਸੁਣ ਕੇ ਕਿਹਾ, "ਦੁਸ਼ਟਾਂ ਦੇ ਅਪਰਾਧ ਨੂੰ ਨਹੀਂ ਬਰਦਾਸ਼ਤ ਕਰਾਂਗੇ।" ਖੁਸ਼ੀ ਵਧਾ ਕੇ ਸਾਰੇ ਹੱਸ ਪਏ। 'ਵਾਹ ਵਾਹ ਬਚਨ' ਕਹਿ ਕੇ ਸੁਣਾਏ ਹਨ॥ ੨੫॥

ਦੋਨਹੁਂ ਪੱਖਨ ਕੀ ਦ੍ਵੈ ਬਾਤ । ਭਈ ਸਭਾ ਮਹਿਂ ਸ਼ੁਭ ਬੱਖਜਾਤ।
ਗੁਰੂ ਕਹਜੋ 'ਆਯੋ ਕਲਿ ਕਾਲਾ। ਦੁਸ਼ਟਨ ਕੋ ਭਾ ਤੇਜ ਕਰਾਲਾ ॥੨੬॥

ਦੋਵਾਂ ਪੱਖਾਂ ਦੀਆਂ ਦੋਵੇਂ ਗੱਲਾਂ ਸਭਾ ਵਿਚ ਸ਼ੁਭ ਢੰਗ ਨਾਲ ਪ੍ਰਗਟ ਹੋ ਗਈਆਂ। ਗੁਰੂ ਜੀ ਨੇ ਕਿਹਾ, "ਹੁਣ ਕਲਿਜੁਗ ਦਾ ਸਮਾਂ ਆਇਆ ਹੈ, ਦੁਸ਼ਟਾਂ ਦਾ ਵਿਕਰਾਲ ਤੇਜ ਵਧ ਗਿਆ ਹੈ॥ ੨੬॥

ਸੰਤ ਗਰੀਬ ਧੇਨੁ ਦਿਜ ਦੋਖੀ। ਕਰਹਿਂ ਅਵੱਗਜਾ ਮੂਰਖ ਰੋਖੀ।
ਤਿਨ ਸੋਂ ਦੰਡ ਕਰਨਿ ਬਨਿ ਆਵੈ। ਧਰਨੀ ਛਿਮਾ ਨਹੀਂ ਨਿਬਹਾਵੈ ॥੨੭॥

ਸੰਤ, ਗਰੀਬ, ਗਊ, ਬ੍ਰਾਹਮਣਾਂ ਦੇ ਦੋਖੀ, ਮੂਰਖ ਕ੍ਰੋਧੀ ਅਵੱਗਿਆ ਕਰਦੇ ਹਨ। ਉਨ੍ਹਾਂ ਨੂੰ ਦੰਡ ਦੇਣਾ ਹੀ ਬਣਦਾ ਹੈ, ਏਥੇ ਖਿਮਾ ਧਾਰਨੀ ਨਹੀਂ ਨਿਭਦੀ ਹੈ॥ ੨੭॥

ਤੇਗ ਤੁਪਕ ਤੀਰਨ ਖਰ ਧਰਿ ਕਰਿ। ਕਰਹਿ ਦਿਖਾਵਨ ਤੇਜ ਤਰਾਤਰ।
ਤੌ ਕਲਿ ਕਾਲ ਬਿਖੇ ਬਨਿ ਆਵੈ। ਜੀਤਹਿਂ ਹਤਿ ਚਿੰਤਾ ਬਿਸਰਾਵੈ॥ ੨੮॥

ਤਲਵਾਰ, ਬੰਦੂਕ, ਤਿੱਖੇ ਤੀਰ ਧਾਰਨ ਕਰਕੇ, ਇਨ੍ਹਾਂ ਨੂੰ ਆਪਣੇ ਹਥਿਆਰਾਂ ਦਾ ਤੇਜ ਵਿਖਾਵੇ, ਤਾਂ ਕਲਿਜੁਗ ਦੇ ਸਮੇਂ ਵਿਚ ਬਣ ਆਵੇਗੀ। ਮਾਰ ਕੇ ਜਿੱਤਾਂਗੇ ਤੇ ਚਿੰਤਾ ਦੂਰ ਕਰਾਂਗੇ॥ ੨੮॥

ਸੁਧ ਬੁਧਿ ਸਹਤ ਭਲੇ ਗੁਨ ਸਾਰੇ। ਨਰ ਉਰ ਤੇ ਕਲਿਜੁਗ ਨਿਰਵਾਰੇ।
ਧਰਹਿਂ ਸ਼ਸਤ੍ਰ ਸਿਮਰਹਿਂ ਸਤਿਨਾਮੂ। ਧਰਮ ਧਰਹਿਂ ਪਹੁੰਚਹਿਂ ਸੁਰਧਾਮੂ॥੨੯॥

ਸੁਧ ਬੁੱਧ ਸਹਿਤ ਇਸ ਵਿਚ ਸਾਰੇ ਭਲੇ ਗੁਣ ਹਨ, ਮਨੁੱਖ ਆਪਣੇ ਦਿਲ ਵਿਚੋਂ ਕਲਿਜੁਗ ਨੂੰ ਦੂਰ ਕਰਦਾ ਹੈ। ਸ਼ਸਤਰ ਧਾਰਨ ਕਰਕੇ ਸਤਿਨਾਮ ਦਾ ਸਿਮਰਨ ਕਰੇ ਤੇ ਧਰਮ ਧਾਰ ਕੇ ਦੇਵਤਾ ਲੋਕ ਵਿਚ ਪਹੁੰਚੇ॥ ੨੯॥

ਇਸ ਕਾਰਨ ਤੇ ਪੰਥ ਉਪਾਯੋ। ਦੇ ਆਯੁਧ ਰਸ ਬੀਰ ਵਧਾਯੋ'।
ਬਚਨ ਬਿਲਾਸ ਕਰੇ ਇੱਤਜਾਦਿ। ਹਰਖੇ ਦੁਹਦਿਸ਼ਿ ਸੁਨਿ ਸੰਬਾਦਿ॥ ੩੦॥

ਇਸ ਕਾਰਨ ਨਵਾਂ ਪੰਥ ਪ੍ਰਗਟ ਕੀਤਾ ਹੈ, ਹਥਿਆਰ ਦੇ ਕੇ ਬੀਰ-ਰਸ ਵਧਾਇਆ ਹੈ।'' ਇਸ ਪ੍ਰਕਾਰ ਬਚਨ ਬਿਲਾਸ ਕੀਤੇ, ਦੋਵਾਂ ਪਾਸਿਆਂ ਦੇ ਸਾਰੇ ਲੋਕ ਇਸ ਪ੍ਰਕਾਰ ਵਾਰਤਾਲਾਪ ਸੁਣ ਕੇ ਬਹੁਤ ਪ੍ਰਸੰਨ ਹੋਏ॥ ੩੦॥

ਸਾਧ ਜੈਤ ਕਰ ਜੋਰਿ ਉਚਾਰਾ। 'ਆਜ ਦੇਗ਼ ਤੇ ਲੇਹੁ ਭੰਡਾਰਾ।
ਸ੍ਰੀ ਦਾਦੂ ਅਸ ਹੁਕਮ ਬਖਾਨਾ। ਆਇ ਜਿ ਇਹਾਂ ਸਭਿਨਿ ਦੇ ਖਾਨਾ॥ ੩੧॥

ਫਿਰ ਜੈਤ ਸਾਧ ਨੇ ਹੱਥ ਜੋੜ ਕੇ ਉਚਾਰਨ ਕੀਤਾ, ''ਅਜ ਸਾਡੇ ਲੰਗਰ ਤੋਂ ਭੰਡਾਰਾ ਲਵੋ। ਸ੍ਰੀ ਦਾਦੂ ਨੇ ਇਸ ਪ੍ਰਕਾਰ ਹੁਕਮ ਕੀਤਾ ਹੈ, ਜਿਹੜਾ ਵੀ ਏਥੇ ਆਵੇ ਸਾਰਿਆਂ ਨੂੰ ਖਾਣਾ ਦੇਵੋ॥ ੩੧॥

ਯਾਂਤੇ ਲੀਜਹਿ ਭਾਉ ਹਮਾਰੋ। ਦਲ ਜੁਤਿ ਕੀਜੈ ਅੰਗੀਕਾਰੋ'।
ਸ੍ਰੀ ਪ੍ਰਭੁ ਜੀ ਸੁਨਿ ਕੈ ਮੁਸਕਾਏ। ਪਤਿਆਵਨ ਹਿਤ ਤਾਂਹਿ ਅਲਾਏ॥ ੩੨॥

ਇਸ ਕਰਕੇ ਸਾਡਾ ਪ੍ਰੇਮ ਲਵੋ ਤੇ ਦਲ ਸਹਿਤ ਸਾਰੇ ਭੋਜਨ ਅੰਗੀਕਾਰ ਕਰੋ।'' ਸਤਿਗੁਰੂ ਜੀ ਇਹ ਸੁਣ ਕੇ ਮੁਸਕਰਾਏ ਤੇ ਉਸ ਨੂੰ ਪਰਖਣ ਵਾਸਤੇ ਬੋਲੇ॥ ੩੨॥

'ਹਮਰੇ ਸੰਗ ਬਾਜ ਬਹੁਤੇਰੇ। ਨਹਿਂ ਅਹਾਰ ਪਾਯੋ ਇਸ ਬੇਰੇ।
ਇਨ ਕੋ ਤ੍ਰਿਪਤਿ ਪ੍ਰਥਮ ਕਰਿ ਲੀਜੈ। ਪਾਛੇ ਹਮਹੁਂ ਦੇਗ਼ ਕਹਿ ਦੀਜੈ'॥੩੩॥

''ਸਾਡੇ ਪਾਸ ਬਾਜ ਬਹੁਤ ਹਨ, ਉਨ੍ਹਾਂ ਨੇ ਵੀ ਇਸ ਸਮੇਂ ਭੋਜਨ ਨਹੀਂ ਪਾਇਆ ਹੈ। ਇਨ੍ਹਾਂ ਨੂੰ ਪਹਿਲਾ ਤ੍ਰਿਪਤ ਕਰ ਲਵੋ, ਫਿਰ ਬਾਅਦ ਵਿਚ ਸਾਨੂੰ ਲੰਗਰ ਛਕਾਵੋ''॥ ੩੩॥

ਸੁਨਤਿ ਸਾਧ ਉਪਜੀ ਦੁਚਿਤਾਈ। ਇਹੁ ਅਨਬਨ ਕੈਸੇ ਬਨਿ ਆਈ।
ਧਰਮ ਅਹਿੰਸ ਸਦਾ ਹਮ ਮਾਂਹੀ। ਬਾਜ ਮਾਸ ਬਿਨ ਤਿਪਤੈਂ ਨਾਂਹੀ॥ ੩੪॥

ਇਹ ਸੁਣ ਕੇ ਸਾਧ ਵਿਚ ਦੁਚਿਤੀ ਪੈਦਾ ਹੋ ਗਈ। ਇਹ ਅਣਬਣ ਕਿਸ ਤਰ੍ਹਾਂ ਬਣ ਗਈ ਹੈ। ਧਰਮ ਅਹਿੰਸਾ ਸਦਾ ਸਾਡੇ ਵਿਚ ਹੈ, ਬਾਜ ਮਾਸ ਤੋਂ ਬਗੈਰ ਤ੍ਰਿਪਤ ਨਹੀਂ ਹੋ ਸਕਦੇ ਹਨ॥ ੩੪॥

ਸਤਿਗੁਰ ਭੀ ਜਾਨਤਿ ਇਮ ਆਛੇ। ਤਊ ਹਮਹੁਂ ਤੇ ਆਮਿਖ ਬਾਂਛੇ।
ਹੇਤੁ ਪਰਖਿਬੇ ਲਖੀਅਤਿ ਐਸੇ। ਸਮਝ ਰਿਦੇ ਬੋਲਜੋ ਤਬਿ ਤੈਸੇ॥ ੩੫॥

ਸਤਿਗੁਰੂ ਜੀ ਵੀ ਇਸ ਪ੍ਰਕਾਰ ਚੰਗੀ ਤਰ੍ਹਾਂ ਜਾਣਦੇ ਹਨ, ਫਿਰ ਵੀ ਸਾਡੇ ਪਾਸੋਂ ਮਾਸ ਮੰਗਦੇ ਹਨ। ਉਨ੍ਹਾਂ ਨੇ ਪਰਖਣ ਵਾਸਤੇ ਇਸ ਪ੍ਰਕਾਰ ਕਿਹਾ ਜਾਪਦਾ ਹੈ। ਫਿਰ ਹਿਰਦੇ ਵਿਚ ਸਮਝ ਕੇ ਬੋਲਿਆ॥ ੩੫॥

'ਰਾਵਰਿ ਬਾਜਨ ਬ੍ਰਿੰਦ ਅਗਾਰੀ। ਆਜ ਕਰੈਂ ਹਮ ਬਿਨੈ ਉਚਾਰੀ।
ਸਾਧਨ ਕੀ ਸੋ ਮਰਜ਼ੀ ਮਾਨਹਿਂ। ਕਰਹਿਂ ਜੁਵਾਰ ਬਾਕੁਰੀ ਖਾਨਹਿਂ॥ ੩੬॥

"ਆਪ ਜੀ ਦੇ ਪਾਸ ਬਹੁਤ ਬਾਜ ਹਨ, ਅੱਜ ਅਸੀਂ ਬੇਨਤੀ ਉਚਾਰਨ ਕਰਕੇ ਕਹਿੰਦੇ ਹਾਂ। ਸਾਧਾਂ ਦੀ ਹੁਣ ਮਰਜ਼ੀ ਮੰਨੋ ਤੇ ਜੁਵਾਰ ਬਾਜਰੀ ਦਾ ਖਾਣਾ ਸਵੀਕਾਰ ਕਰੋ॥ ੩੬॥

ਅੰਨ ਸੰਗ ਤ੍ਰਿਪਤਾਵੈਂ ਸਾਰੇ। ਬਹੁਰ ਲੀਜੀਅਹਿ ਆਪ ਅਹਾਰੇ'।
ਸੁਨਤਿ ਸਾਧ ਤੇ ਗੁਰੂ ਉਚਾਰਾ। 'ਹਮ ਭੀ ਮਾਨਹਿਂ ਕਰਹਿਂ ਅਹਾਰਾ'॥ ੩੭॥

ਭੋਜਨ ਨਾਲ ਜਦ ਸਾਰੇ ਤ੍ਰਿਪਤ ਹੋ ਜਾਣਗੇ, ਫਿਰ ਆਪ ਜੀ ਨੇ ਭੋਜਨ ਛੱਕ ਲੈਣਾ।" ਸਾਧ ਪਾਸੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਅਸੀਂ ਵੀ ਮੰਨਦੇ ਹਾਂ ਭੋਜਨ ਛਕਾਂਗੇ"॥ ੩੭॥

ਸੁਨਿਕੈ ਸਾਧ ਗਯੋ ਹਰਖਾਇ। ਤਜਾਰੀ ਕਰੀ ਸਕਲ ਬਿਧਿ ਜਾਇ।
ਪੀਛੇ ਸਿੰਘ ਪਰਸਪਰ ਮਿਲਿ ਕਰਿ। ਕਰਜੋ ਬਿਬੇਕ ਬਿਚਾਰ ਰਹਤਿ ਧਰਿ॥ ੩੮॥

ਇਹ ਸੁਣਕੇ ਸਾਧ ਪ੍ਰਸੰਨ ਹੋ ਕੇ ਗਿਆ ਤੇ ਜਾ ਕੇ ਸਾਰੀਆਂ ਵਿਧੀਆਂ ਨਾਲ ਤਿਆਰੀ ਕੀਤੀ। ਪਿੱਛੇ ਸਿੰਘਾਂ ਨੇ ਆਪਸ ਵਿਚ ਮਿਲ ਕੇ ਰਹਿਤ ਧਾਰ ਕੇ ਬਿਬੇਕ ਵਿਚਾਰ ਕੀਤੀ॥ ੩੮॥

ਸ੍ਰੀ ਸਤਿਗੁਰ ਕੇ ਸੰਗ ਉਚਾਰੇ। 'ਜਬਿ ਆਏ ਤੁਮ ਦਾਦੂ ਦ੍ਵਾਰੇ।
ਨਮੋ ਕਮਾਨ ਸਾਥ ਤੁਮ ਕੀਨੀ। ਰਹਤ ਬਿਹੀਨ ਖਾਲਸੇ ਚੀਨੀ॥ ੩੯॥

ਉਹ ਸਤਿਗੁਰੂ ਜੀ ਨੂੰ ਕਹਿਣ ਲੱਗੇ, "ਜਦ ਤੁਸੀਂ ਦਾਦੂ ਦਵਾਰੇ ਆਏ ਸੀ ਤਾਂ ਤੁਸੀਂ ਨਮਸਕਾਰ ਧਨੁੱਖ ਬਾਣ ਦੇ ਨਾਲ ਕੀਤੀ ਸੀ। ਉਹ ਰਹਿਤ ਤੋਂ ਸੱਖਣੀ ਖਾਲਸੇ ਨੇ ਸਮਝੀ ਸੀ॥ ੩੯॥

ਭਏ ਉਚਿਤ ਦੈਬੇ ਤਨਖਾਹੂ। ਸਦਾ ਅਭੂਲ ਆਪ ਉਰ ਮਾਹੂ।
ਬਖਸ਼ਹੁ ਜਗ ਔਗੁਨ ਸਮੁਦਾਏ। ਲੇਹੁ ਖਾਲਸੇ ਤੇ ਬਖਸ਼ਾਏ'॥ ੪੦॥

ਤੁਹਾਨੂੰ ਤਨਖਾਹ ਲਾਉਣੀ ਉਚਿਤ ਹੈ, ਆਪ ਹਿਰਦੇ ਵਿਚ ਸਦਾ ਅਭੁੱਲ ਰਹਿੰਦੇ ਹੋ। ਸਾਰੇ ਜਗਤ ਦੇ ਔਗੁਣ ਬਖਸ਼ਦੇ ਹੋ। ਹੁਣ ਖਾਲਸੇ ਪਾਸੋਂ ਆਪਣੇ ਆਪ ਨੂੰ ਬਖਸ਼ਾ ਲਵੋ"॥ ੪੦॥

ਸੁਨਿ ਬਿਬੇਕ ਕੋ ਭਏ ਪ੍ਰਸੰਨ। ਕਹਜੋ ਕਿ 'ਗੁਰੂ ਖਾਲਸਾ ਧੰਨ।
ਕਰੀ ਨਮੋ ਹਮ ਪਰਖਨ ਹੇਤੁ। ਭਏ ਸਿੰਘ ਕੈ ਨਹੀਂ ਸੁਚੇਤ॥ ੪੧॥

ਸਤਿਗੁਰੂ ਜੀ ਬਿਬੇਕ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਕਿਹਾ, "ਗੁਰੂ ਖਾਲਸਾ ਧੰਨ ਹੈ। ਅਸੀਂ ਤੁਹਾਨੂੰ ਪਰਖਣ ਵਾਸਤੇ ਇਸ ਪ੍ਰਕਾਰ ਨਮਸਕਾਰ ਕੀਤੀ ਸੀ, ਇਹ ਵੇਖਣ ਲਈ ਕਿ ਸਾਡੇ ਸਿੰਘ ਹੁਣ ਤਕ ਸੁਚੇਤ ਹੋਏ ਹਨ ਕਿ ਨਹੀਂ॥ ੪੧॥

ਲਿਹੁ ਤਨਖਾਹ ਅਵਾਜ਼ ਸੁਨਾਵਹੁ। ਇਸ ਬਿਧਿ ਕੀ ਨਿਤ ਰਹਤ ਕਮਾਵਹੁ'।
ਸਿੰਘ ਸਆਯੁਧ ਇਕ ਕਹਿ ਤਬੈ। 'ਪੰਚ ਹਜ਼ਾਰ ਦੇਹੁ ਧਨ ਅਬੈ'॥ ੪੨॥

ਤਨਖਾਹ ਲਵੇ ਅਤੇ ਆਵਾਜ਼ ਦੇ ਕੇ ਸੁਣਾਵੇ, ਇਸ ਪ੍ਰਕਾਰ ਦੀ ਰਹਿਤ ਸਦਾ ਕਮਾਵੇ।'' ਇਕ ਸਿੰਘ ਨੇ ਸ਼ਸਤਰਾਂ ਸਮੇਤ ਹੋ ਕੇ ਤਦ ਕਿਹਾ, ''ਪੰਜ ਹਜ਼ਾਰ ਦਾ ਧਨ ਹੁਣੇ ਹੀ ਦੇਵੋ'' ॥ ੪੨ ॥

ਸੁਨਤਿ ਦੂਸਰੇ ਤਬਹਿ ਬਖਾਨਾ। 'ਤੁਮ ਇਹ ਭਾਖਜੋ ਦਰਬ ਮਹਾਨਾ।
ਕਰਹੁ ਅਵਾਜ ਪੰਜ ਸੈ ਕੇਰੀ'। ਸੁਨਿ ਤੀਸਰ ਬੋਲਜੋ ਤਿਸ ਬੇਰੀ॥ ੪੩ ॥

ਇਹ ਸੁਣ ਕੇ ਦੂਸਰੇ ਸਿੰਘ ਨੇ ਕਿਹਾ, ''ਤੁਸੀਂ ਇਹ ਬਹੁਤ ਧਨ ਮੰਗ ਲਿਆ ਹੈ, ਪੰਜ ਸੌ ਰੁਪਏ ਦੀ ਆਵਾਜ਼ ਦੇਵੋ।'' ਇਹ ਸੁਣ ਕੇ ਉਸ ਸਮੇਂ ਤੀਸਰਾ ਸਿੰਘ ਬੋਲਿਆ॥ ੪੩ ॥

'ਬਹੁਤ ਪੰਚ ਸੈ ਭੀ ਇਨ ਕਹਜੋ। ਇਸ ਤੇ ਅਲਪ ਕਹਨਿ ਹਮ ਲਹਜੋ'।
ਸੁਨਿ ਚੌਥੋ ਬੋਲਜੋ ਸਭਿ ਮਾਂਹੂ। 'ਗੁਰ ਢਿਗ ਧਨ ਕੀ ਨਹੀਂ ਪ੍ਰਵਾਹੂ' ॥ ੪੪ ॥

''ਇਸ ਨੇ ਪੰਜ ਸੌ ਵੀ ਬਹੁਤ ਕਿਹਾ ਹੈ, ਮੈਂ ਇਸ ਤੋਂ ਘੱਟ ਕਹਿਣਾ ਚਾਹੁੰਦਾ ਹਾਂ।'' ਫਿਰ ਚੌਥੇ ਸਿੰਘ ਨੇ ਸਾਰਿਆਂ ਵਿਚ ਕਿਹਾ, ''ਗੁਰੂ ਜੀ ਪਾਸ ਧਨ ਦੀ ਕੋਈ ਪ੍ਰਵਾਹ ਨਹੀਂ ਹੈ'' ॥ ੪੪ ॥

ਪੰਚਮ ਕਹੈ 'ਪੰਚ ਲਖ ਲਾਵਹੁ। ਅਬਿ ਹੀ ਦਰਬ ਗੁਰੂ ਤੇ ਪਾਵਹੁ'।
ਸੁਨਤਿ ਖਾਲਸੇ ਸਕਲ ਬਿਚਾਰਜੋ। ਕਰਿ ਮਸਲਤ ਕੋ ਬਹੁਰ ਉਚਾਰਜੋ॥ ੪੫ ॥

ਪੰਜਵਾਂ ਸਿੱਖ ਕਹਿਣ ਲੱਗਾ, ''ਪੰਜ ਲੱਖ ਲਾਵੋ, ਹੁਣੇ ਹੀ ਧਨ ਗੁਰੂ ਜੀ ਪਾਸੋਂ ਪਾਵੋ।'' ਇਹ ਸੁਣ ਕੇ ਖਾਲਸੇ ਨੇ ਸਭ ਕੁਝ ਵਿਚਾਰਿਆ ਤੇ ਸਲਾਹ ਕਰਕੇ ਫਿਰ ਉਚਾਰਨ ਕੀਤਾ॥ ੪੫ ॥

'ਕਹਹੁ ਜਿਤਿਕ' ਗੁਰ ਦੇਂ ਧਨ ਤੇਤੋ। ਪੁਨ ਸਿੰਘਨਿ ਕੋ ਲਾਗਹਿ ਏਤੋ।
ਕੋ ਦੇ ਸਕਹਿ ? ਨ ਕਰੋ ਬਿਚਾਰਨ। ਯਾਂ ਤੇ ਕੀਜਹਿ ਉਚਿਤ ਉਚਾਰਨ' ॥ ੪੬ ॥

'ਜਿੰਨਾ ਕਹੋ' ਗੁਰੂ ਜੀ ਓਨਾ ਧਨ ਦੇ ਦੇਣਗੇ। ਫਿਰ ਸਿੰਘਾਂ ਉੱਪਰ ਏਨਾ ਲਗ ਜਾਵੇਗਾ। ਕੌਣ ਦੇ ਸਕੇਗਾ ? ਇਸ ਬਾਰੇ ਵਿਚਾਰ ਨਹੀਂ ਕਰਦੇ ਹੋ। ਇਸ ਕਰਕੇ ਉਚਿਤ ਉਚਾਰਨ ਕਰੋ'' ॥ ੪੬ ॥

ਤਬਿ ਸਭਿ ਸਮਝੇ ਕਰੀ ਅਵਾਜ। 'ਦੇਹਿਂ ਸਵਾ ਸੈ ਧਨ ਮਹਂਰਾਜ'।
ਸਤਿਗੁਰ ਕਰਿ ਮਨਜ਼ੂਰ ਤਨਖਾਹੁ। ਦੀਨੋ ਸਰਬ ਖਾਲਸੇ ਪਾਹੂ॥ ੪੭॥

ਤਦ ਸਾਰਿਆਂ ਨੇ ਸਮਝ ਕੇ ਆਵਾਜ਼ ਦਿੱਤੀ, ''ਮਹਾਰਾਜ ਸਵਾ ਸੌ ਰੁਪਏ ਧਨ ਦੇਣ।'' ਸਤਿਗੁਰੂ ਜੀ ਨੇ ਤਨਖਾਹ ਮਨਜ਼ੂਰ ਕਰਕੇ ਸਰਬ ਖਾਲਸੇ ਪਾਸ ਦੇ ਦਿੱਤੀ॥ ੪੭ ॥

ਸਿੰਘਨਿ ਲੇ ਕਰਿ ਕਾਰ ਲਗਾਯੋ। ਲੰਗਰ ਕੋ ਤੰਬੂ ਬਨਵਾਯੋ।
ਰਿਦੇ ਪ੍ਰਸੰਨ ਕ੍ਰਿਪਾ ਨਿਧਿ ਤਬੈ। 'ਭਯੋ ਸੁਚੇਤ ਖਾਲਸਾ ਅਬੈ' ॥ ੪੮ ॥

ਸਿੰਘਾਂ ਨੇ ਲੈ ਕੇ ਕਾਰਜ ਤੇ ਲਾ ਲਈ, ਤੇ ਲੰਗਰ ਵਾਸਤੇ ਇਕ ਤੰਬੂ ਬਣਵਾਇਆ। ਸਤਿਗੁਰੂ ਜੀ ਫਿਰ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਗਏ ਤੇ ਕਹਿਣ ਲੱਗੇ, 'ਹੁਣ ਖਾਲਸਾ ਸੁਚੇਤ ਹੋ ਗਿਆ ਹੈ'' ॥ ੪੮ ॥

ਦੋਹਰਾ- ਪਾਂਚ ਸੈ ਕੀ ਭੇਟ ਦੇ ਪ੍ਰਭੁ ਜੀ ਸਿਖ ਤਨਖਾਹ।
ਹਮ ਦੀਨੀ ਜੋ ਦੇਨ ਹਿਤ ਤਿਸ ਕੀ ਪੂੰਜੀ ਸ੍ਵਾਹ॥ ੪੯ ॥

ਸਤਿਗੁਰੂ ਜੀ ਨੇ ਪੰਜ ਸੌ ਰੁਪਏ ਦੀ ਭੇਟ ਤਨਖਾਹ ਵਜੋਂ ਦਿੱਤੀ। ਅਸੀਂ ਉਹ ਦਿੱਤੀ ਹੈ ਜਿਹੜੀ ਦੇਣ ਹਿਤ ਹੈ, ਤੁਸੀਂ ਸਵਾ ਸੌ ਰੁਪਏ ਧਨ ਦੇਣ ਦੀ ਪੂੰਜੀ ਮੰਗੀ ਹੈ॥ ੪੯ ॥

*ਪਹਿਲੇ ਐਨ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬ ॥*

# ਅਧਿਆਇ ਸੈਂਤੀਵਾਂ

## ਦਾਦੂ ਦੁਆਰੇ ਦੇ ਮਹੰਤ ਵਲੋਂ ਭੰਡਾਰਾ, ਭਾਈ ਦਇਆ ਸਿੰਘ ਜੀ ਵਾਪਸ ਆਏ

ਦੋਹਰਾ- ਇਤਨੇ ਮੈਂ ਆਵਨ ਕੀਯੋ ਜੈਤ ਸਾਧ ਸਮੁਦਾਇ।
ਰਸਤ ਉਚਾਏ ਸੰਗ ਸਭਿ ਚਾਵਰ ਚੂਨ ਬਧਾਇ॥ ੧॥

ਏਨੇ ਵਿਚ ਜੈਤ ਸਾਧ ਸਾਰਿਆਂ ਦੇ ਨਾਲ ਆਇਆ। ਰਸਦ ਚੁਕਵਾ ਕੇ ਉਹ ਚਾਵਲ, ਆਟਾ ਬੰਨ੍ਹਵਾ ਕੇ ਲਿਆਇਆ ਸੀ॥ ੧॥

ਚੌਪਈ- ਘ੍ਰਿਤ ਮਿਸ਼ਟਾਨ ਆਨਿ ਕਰਿ ਖਰੇ। ਸਕਲ ਕ੍ਰਿਪਾ ਨਿਧਿ ਆਗੇ ਧਰੇ।
ਬ੍ਰਿੰਦ ਬਾਜ ਜਿਸ ਥਲ ਬੈਠਾਰੇ। ਭਯੋ ਜੈਤ ਥਿਰ ਤਿਨਹੁਂ ਅਗਾਰੇ॥੨॥

ਘਿਉ, ਮਿੱਠਾ ਲਿਆ ਕੇ ਖੜੇ ਸਨ, ਸਾਰੀ ਸਮੱਗਰੀ ਸਤਿਗੁਰੂ ਜੀ ਦੇ ਅੱਗੇ ਧਰ ਦਿੱਤੀ। ਬਹੁਤ ਬਾਜ ਜਿਸ ਥਾਂ ਬੈਠਾਏ ਸਨ, ਜੈਤ ਸਾਧ ਉਨ੍ਹਾਂ ਦੇ ਅੱਗੇ ਖੜਾ ਹੋ ਗਿਆ॥ ੨॥

ਹਾਥ ਜੋਰਿ ਕਰਿ ਬਿਨੈ ਬਖਾਨੇ। 'ਤੁਮ ਸਤਿਗੁਰ ਕੇ ਬਾਜ ਸੁਜਾਨੇ।
ਪ੍ਰਥਮ ਜਨਮ ਕਿਯ ਕਰਮ ਭਲੇਰੇ। ਜਿਸ ਤੇ ਕਰ ਸਪਰਸ਼ ਗੁਰ ਕੇਰੇ॥੩॥

ਹੱਥ ਜੋੜ ਕੇ ਉਸ ਬੇਨਤੀ ਕੀਤੀ, "ਤੁਸੀਂ ਸਤਿਗੁਰੂ ਜੀ ਦੇ ਚਤੁਰ ਬਾਜ ਹੋ। ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹਨ, ਜਿਸ ਕਰਕੇ ਗੁਰੂ ਜੀ ਦੇ ਹੱਥਾਂ ਦਾ ਸਪਰਸ਼ ਨਸੀਬ ਹੋਇਆ ਹੈ॥ ੩॥

ਇਹ ਸਾਧਨ ਕੋ ਲਖਹੁ ਸਥਾਨਾ। ਜਿਨਹੁ ਅਹਿੰਸ ਧਰਮ ਮਨ ਠਾਨਾ।
ਕਰਯੋ ਚਹੈਂ ਪ੍ਰਭੁ ਕੀ ਪਹੁਨਾਈ। ਤੁਮ ਲੌ ਰਹੀ ਬਾਤ ਅਬਿ ਆਈ॥ ੪॥

ਇਸ ਘਰ ਨੂੰ ਸਾਧਾਂ ਦਾ ਸਥਾਨ ਸਮਝੋ, ਜਿਨ੍ਹਾਂ ਨੇ ਅਹਿੰਸਾ ਦਾ ਧਰਮ ਮਨ ਵਿਚ ਧਾਰਨ ਕੀਤਾ ਹੈ। ਅਸੀਂ ਸਤਿਗੁਰੂ ਜੀ ਦੀ ਪ੍ਰਾਹੁਣਾਚਾਰੀ ਕਰਨੀ ਚਾਹੁੰਦੇ ਹਾਂ। ਹੁਣ ਤੁਹਾਡੇ ਤਕ ਗੱਲ ਇਹ ਆਈ ਹੈ॥ ੪॥

ਅੰਨ ਅਹਾਰ ਆਜ ਤੁਮ ਕਰੀਅਹਿ। ਨਹਿਂ ਆਮਿਖ ਕੋ ਰਿਦੈ ਚਿਤਰੀਅਹਿ।
ਸ੍ਰੀ ਦਾਦੂ ਕੋ ਅਹੈ ਭੰਡਾਰਾ। ਜਿਸ ਤੇ ਮਾਨਵ ਅਚਹਿਂ ਹਜ਼ਾਰਾ॥ ੫॥

ਅੱਜ ਤੁਸੀਂ ਅਨਾਜ ਦਾ ਅਹਾਰ ਕਰੋ ਤੇ ਮਾਸ ਨੂੰ ਹਿਰਦੇ ਵਿਚ ਨਾ ਚਿਤਾਰੋ। ਏਥੇ ਸ੍ਰੀ ਦਾਦੂ ਦਾ ਭੰਡਾਰਾ ਹੈ, ਜਿਥੋਂ ਹਜ਼ਾਰਾਂ ਮਨੁੱਖ ਭੋਜਨ ਛਕਦੇ ਹਨ'॥ ੫॥

ਹੁਤੀ ਜੁਵਾਰ ਬਾਕੁਰੀ ਜੋਯ। ਇਮ ਕਹਿ ਅੱਗ੍ਰ ਬਖੇਰੀ ਸੋਯ।
ਬਾਜਨ ਬਿਨੈ ਸਾਧ ਕੀ ਮਾਨੀ। ਤਤਛਿਨ ਕੀਨਿ ਅੰਨ ਗਨ ਖਾਨੀ॥ ੬॥

ਜੈਤ ਸਾਧ ਪਾਸ ਜਿਹੜੀ ਜੁਵਾਰ ਬਾਜੁਰੀ ਸੀ, ਇਸ ਪ੍ਰਕਾਰ ਬਾਜਾਂ ਨੂੰ ਬੇਨਤੀ ਕਰਕੇ ਉਸ ਨੇ ਉਨ੍ਹਾਂ ਦੇ ਅੱਗੇ ਖਿਲਾਰ ਦਿੱਤੀ। ਬਾਜਾਂ ਨੇ ਸਾਧ ਦੀ ਬੇਨਤੀ ਮੰਨ ਲਈ ਤੇ ਤੁਰਤ ਬਹੁਤ ਅਨਾਜ ਖਾ ਲਿਆ॥ ੬॥

ਕਿਤਿਕ ਸਿੰਘ ਅਵਲੋਕਤਿ ਗਏ। ਸਕਲ ਪ੍ਰਸੰਗ ਸੁਨਾਵਤਿ ਭਏ।
'ਪ੍ਰਭੁ ਜੀ ਬਾਜਨ ਅਚੀ ਜੁਵਾਰੀ। ਜੈਤ ਸਾਧ ਜਬਿ ਬਿਨੈ ਉਚਾਰੀ॥ ੭॥

ਕਈ ਸਿੰਘ ਉਨ੍ਹਾਂ ਬਾਜਾਂ ਨੂੰ ਜੁਵਾਰ ਬਾਜਰੀ ਖਾਂਦੇ ਵੇਖਦੇ ਗਏ ਤੇ ਉਨ੍ਹਾਂ ਨੇ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ, "ਹੇ ਸਤਿਗੁਰੂ ਜੀ! ਬਾਜਾਂ ਨੇ ਜੁਵਾਰੀ ਖਾਧੀ ਹੈ। ਜੈਤ ਸਾਧ ਨੇ ਜਦ ਬਾਜਾਂ ਨੂੰ ਬੇਨਤੀ ਕੀਤੀ" ॥ ੭॥

ਸੁਨਿ ਮੁਸਕਾਇ ਗੁਰੂ ਤਬਿ ਭਾਖਾ। 'ਰਸਤ ਦੇਗ਼ ਕੀ ਲਿਹੁ ਅਭਿਲਾਖਾ'।
ਆਨਿ ਜੈਤ ਸਗਰੀ ਤਬਿ ਦਈ। ਜਿਤਿਕ ਲਾਂਗਰੀ ਗੁਰ ਕੇ ਲਈ॥ ੮॥

ਇਹ ਸੁਣ ਕੇ ਗੁਰੂ ਜੀ ਮੁਸਕਰਾ ਕੇ ਬੋਲੇ, "ਇੱਛਾ ਅਨੁਸਾਰ ਲੰਗਰ ਵਾਸਤੇ ਰਸਦ ਲੈ ਲਵੋ।" ਫਿਰ ਜੈਤ ਨੇ ਆ ਕੇ ਸਾਰੀ ਰਸਦ ਦਿੱਤੀ। ਗੁਰੂ ਜੀ ਦੇ ਲਾਂਗਰੀਆਂ ਨੇ ਉਹ ਰਸਦ ਲੈ ਲਈ॥ ੮॥

ਕਰਜੋ ਤਜਾਰ ਲੰਗਰ ਤਤਕਾਲਾ। ਪ੍ਰਥਮ ਪਰੋਸਜੋ ਥਾਲ ਬਿਸਾਲਾ।
ਸਕਲ ਅਹਾਰ ਪਾਇ ਸਮੁਦਾਏ। ਕ੍ਰਿਪਾ ਨਿਧਾਨ ਹੇਤੁ ਸੋ ਲਜਾਏ॥ ੯॥

ਤੁਰਤ ਫਿਰ ਲੰਗਰ ਤਿਆਰ ਕੀਤਾ, ਪਹਿਲਾਂ ਇਕ ਵਿਸ਼ਾਲ ਥਾਲ ਪਰੋਸਿਆ। ਉਸ ਵਿਚ ਸਰਬ ਪ੍ਰਕਾਰ ਦਾ ਭੋਜਨ ਪਾਇਆ ਤੇ ਉਸ ਨੂੰ ਸਤਿਗੁਰੂ ਜੀ ਵਾਸਤੇ ਲੈ ਕੇ ਆਇਆ॥ ੯॥

ਅਚਜੋ ਜਥਾ ਰੁਚਿ ਥਾਲ ਉਠਾਯੋ। ਪੁਨ ਸਭਿ ਸਿੰਘਨ ਮਹਿਂ ਬਰਤਾਯੋ।
ਮਨ ਭਾਵਤਿ ਅਚਿ ਛੁਧਾ ਮਿਟਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ॥੧੦॥

ਸਤਿਗੁਰੂ ਜੀ ਨੇ ਥਾਲ ਚੁੱਕ ਕੇ ਰੁਚੀ ਅਨੁਸਾਰ ਭੋਜਨ ਛਕਿਆ। ਫਿਰ ਸਾਰੇ ਸਿੰਘਾਂ ਵਿਚ ਭੋਜਨ ਵਰਤਾ ਦਿੱਤਾ। ਮਨ-ਭਾਉਂਦਾ ਭੋਜਨ ਖਾ ਕੇ ਸਾਰਿਆਂ ਨੇ ਆਪਣੀ ਭੁੱਖ ਮਿਟਾਈ ਤੇ ਰਾਤ ਸੁਖ ਨਾਲ ਸੌਂ ਕੇ ਆਪਣੀ ਰਾਤ ਬਤੀਤ ਕੀਤੀ॥ ੧੦॥

ਸ਼੍ਰਮਤ ਸਾਥ ਕੋ ਜਾਨਿ ਕ੍ਰਿਪਾਲਾ। ਕਰਜੋ ਮੁਕਾਮ ਹੇਰਿ ਸੁਰ ਸਾਲਾ।
ਨਿਕਟ ਨਿਕਟ ਕੇ ਨਰ ਗਨ ਆਏ। ਦਰਸ਼ਨ ਕਰਿ ਕਰਿ ਸੀਸ ਨਿਵਾਏ॥੧੧॥

ਆਪਣੇ ਸਾਥੀਆਂ ਨੂੰ ਬਹੁਤ ਥੱਕੇ ਹੋਏ ਜਾਣ ਕੇ ਸਤਿਗੁਰੂ ਜੀ ਨੇ ਸ੍ਰੇਸ਼ਟ ਸਥਾਨ ਜਾਣ ਕੇ ਅਗਲੇ ਦਿਨ ਉਥੇ ਮੁਕਾਮ ਕੀਤਾ। ਨੇੜੇ-ਨੇੜੇ ਦੇ ਬਹੁਤ ਮਨੁੱਖ ਆਏ ਤੇ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕਰ ਕਰ ਕੇ ਸੀਸ ਨਿਵਾਏ॥ ੧੧॥

ਸਾਧਨਿ ਸੁਧ ਸੰਬਾਦ ਸੁਧਾਰਾ। ਮੁਦਤਿ ਹੋਤਿ ਬਹੁ ਸੁਜਸੁ ਉਚਾਰਾ।
ਸੋ ਦਿਨ ਜਾਮਨਿ ਤਹਾਂ ਬਿਤਾਈ। ਭਈ ਪ੍ਰਾਤਿ ਤਜਾਰੀ ਕਰਿਵਾਈ॥ ੧੨॥

ਸਾਧਾਂ ਨੇ ਸੁਧ ਆਸ਼ੇ ਨਾਲ ਵਿਚਾਰ ਕਰਕੇ ਸੁਧ ਸੰਬਾਦ ਕੀਤਾ ਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ। ਸਤਿਗੁਰੂ ਜੀ ਨੇ ਉਹ ਦਿਨ ਅਤੇ ਰਾਤ ਵੀ ਉਥੇ ਬਤੀਤ ਕੀਤੀ। ਫਿਰ ਅਗਲੇ ਦਿਨ ਸਵੇਰ ਹੋਣ 'ਤੇ ਤਿਆਰੀ ਕਰਵਾਈ॥ ੧੨॥

ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ। ਹਯ ਅਰੋਹ ਆਸਨ ਪਰ ਠਹਿਰੇ।
ਦਲ ਸਮੇਤ ਕਰਿ ਕੂਚ ਸਿਧਾਰੇ। ਪਹੁੰਚੇ ਕਿਤਿਕ ਕੋਸ ਦਿਨ ਸਾਰੇ॥ ੧੩॥

ਸਤਿਗੁਰੂ ਜੀ ਨੇ ਬਸਤਰ ਸ਼ਸਤਰ ਪਹਿਣ ਲਏ, ਘੋੜੇ ਉੱਤੇ ਸਵਾਰ ਹੋ ਕੇ ਕਾਠੀ ਉੱਪਰ ਬੈਠ ਗਏ। ਫਿਰ ਦਲ ਸਮੇਤ ਕੂਚ ਕਰਕੇ ਚਲ ਪਏ। ਸਾਰੇ ਦਿਨ ਵਿਚ ਕਈਆਂ ਕੋਹਾਂ 'ਤੇ ਪਹੁੰਚ ਗਏ॥ ੧੩॥

ਲਾਲੀ ਨਗਰ ਪਹੂਚੇ ਜਾਇ। ਬਡੀ ਮਜਲ ਕਰਿ ਗਏ ਸੁ ਥਾਇ।
ਖਾਨ ਪਾਨ ਕਰਿ ਨਿਸਾ ਗੁਜਾਰੀ। ਭਈ ਪ੍ਰਾਤਿ ਕੀਜਸਿ ਅਸਵਾਰੀ॥ ੧੪॥

ਫਿਰ ਲਾਲੀ ਨਗਰ ਜਾ ਪਹੁੰਚੇ, ਬਹੁਤ ਵੱਡੀ ਮੰਜ਼ਲ ਤਹਿ ਕਰਕੇ ਉਸ ਥਾਂ ਗਏ ਸਨ। ਖਾ ਪੀ ਕੇ ਰਾਤ ਗੁਜ਼ਾਰੀ ਤੇ ਸਵੇਰ ਹੋਣ 'ਤੇ ਫਿਰ ਘੋੜੇ ਉੱਪਰ ਸਵਾਰ ਹੋ ਗਏ॥ ੧੪॥

ਪੰਥ ਪਯਾਨਤਿ ਉਲੰਘੇ ਦੇਸ਼। ਜਾਤਿ ਬਿਲੋਕਤਿ ਗ੍ਰਾਮ ਵਿਸ਼ੇਸ਼।
ਸ਼੍ਰਮਤ ਬਿਹੀਰ ਪਹੂਚੇ ਤਹਾਂ। ਪੁਰਿ ਮਘਰੌਦਾ ਸੁਨੀਅਤਿ ਜਹਾਂ॥ ੧੫॥

ਰਾਹੇ-ਰਾਹ ਚਲਦੇ ਕਾਫੀ ਦੇਸ ਉਲੰਘ ਗਏ, ਪਿੰਡਾਂ ਨੂੰ ਵਿਸ਼ੇਸ਼ ਤੌਰ 'ਤੇ ਵੇਖਦੇ ਜਾਂਦੇ ਸਨ। ਥੱਕੀ ਹੋਈ ਵਹੀਰ ਉਥੇ ਪਹੁੰਚੀ ਜਿਥੇ ਮਘਰੌਦਾ ਨਗਰ ਸੁਣਿਆ ਜਾਂਦਾ ਸੀ॥ ੧੫॥

ਉਤਰ ਪਰੇ ਪ੍ਰਭੁ ਸਿਵਰ ਲਗਾਯੋ। ਸਨੇ ਸਨੇ ਸਭਿ ਸਾਥ ਸੁ ਆਯੋ।
ਖਾਨ ਪਾਨ ਬਿੱਸ੍ਰਾਮਤਿ ਹੋਏ। ਕਰੀ ਅਰਜ ਮਿਲਿਕੈ ਸਭਿ ਕੋਏ॥ ੧੬॥

ਉਥੇ ਸਤਿਗੁਰੂ ਜੀ ਘੋੜੇ ਤੋਂ ਉੱਤਰ ਪਏ ਤੇ ਆਪਣਾ ਡੇਰਾ ਲਵਾਇਆ। ਹੌਲੀ-ਹੌਲੀ ਉਥੇ ਸਾਰੇ ਸਾਥੀ ਆ ਗਏ। ਉਥੇ ਖਾ ਪੀ ਕੇ ਵਿਸ਼੍ਰਾਮ ਕੀਤਾ ਤੇ ਫਿਰ ਸਾਰਿਆਂ ਨੇ ਮਿਲ ਕੇ ਗੁਰੂ ਜੀ ਪਾਸ ਬੇਨਤੀ ਕੀਤੀ॥ ੧੬॥

'ਦੀਰਘ ਮਜ਼ਲ ਭਈ ਇਹ ਦੋਊ। ਸ਼੍ਰਮਤ ਬਿਹੀਰ ਬਿਖੈ ਸਭਿ ਕੋਊ।
ਜਿਮ ਨਿਬਹੈ ਬਡ ਛੋਟੇ ਸਾਥ। ਮਾਰਗ ਗਮਨ ਕਰਹੁ ਤਿਮ ਨਾਥ'॥ ੧੭॥

"ਇਹ ਦੋਵੇਂ ਬਹੁਤ ਵੱਡੀਆਂ ਮੰਜ਼ਲਾਂ ਤਹਿ ਕੀਤੀਆਂ ਹਨ, ਵਹੀਰ ਵਿਚ ਸਾਰੇ ਹੀ ਬਹੁਤ ਥੱਕੇ ਹੋਏ ਹਨ। ਜਿਵੇਂ ਵੀ ਵੱਡੇ ਛੋਟੇ ਨਾਲ ਨਿਰਬਾਹ ਹੋ ਸਕੇ, ਹੇ ਸਤਿਗੁਰੂ ਜੀ! ਉਸ ਤਰ੍ਹਾਂ ਹੀ ਓਨਾ ਪੈਂਡਾ ਚਲੋ"॥ ੧੭॥

ਸੁਨਿ ਸ਼੍ਰੀ ਮੁਖ ਤੇ ਸਭਿਨਿ ਸੁਨਾਯੋ। 'ਸਿਵਰ ਉਚਿਤ ਥਲ ਪੰਥ ਨ ਪਾਯੋ।
ਯਾਂਤੇ ਮਜ਼ਲਾਂ ਦੀਰਘ ਦੋਇ। ਪ੍ਰਾਤਿ ਸਮੀਪੀ ਡੇਰਾ ਹੋਇ'॥ ੧੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਹਿ ਕੇ ਸਭ ਨੂੰ ਸੁਣਾਇਆ, "ਅਸੀਂ ਰਾਹ ਦੇ ਵਿਚ ਡੇਰੇ ਦੇ ਯੋਗ ਕੋਈ ਥਾਂ ਵੀ ਨਹੀਂ ਪਾਇਆ ਸੀ। ਇਸ ਕਰਕੇ ਮੰਜ਼ਲ ਲੰਮੀ ਹੋ ਗਈ ਹੈ। ਸਵੇਰੇ ਨੇੜੇ ਹੀ ਡੇਰਾ ਕਰਾਂਗੇ"॥ ੧੮॥

ਇੱਤ੍ਯਾਦਿਕ ਕਹਿ ਰਾਤਿ ਬਿਤਾਈ। ਭਈ ਭੋਰ ਤਯਾਰੀ ਕਰਿਵਾਈ।
ਸਨਧਬੱਧ ਹ੍ਵੈ ਹਯ ਆਰੂਢੇ। ਗਮਨ ਕੀਨਿ ਗੁਰ ਜਿਸ ਗੁਨ ਗੂਢੇ॥ ੧੯॥

ਇਸ ਪ੍ਰਕਾਰ ਕਹਿ ਕੇ ਰਾਤ ਬਤੀਤ ਕੀਤੀ, ਫਿਰ ਸਵੇਰ ਹੋਣ 'ਤੇ ਅੱਗੇ ਚਲਣ ਦੀ ਤਿਆਰੀ ਕਰਵਾਈ। ਸਤਿਗੁਰੂ ਜੀ ਸ਼ਸਤਰ ਧਾਰਨ ਕਰਕੇ ਘੋੜੇ ਉੱਪਰ ਸਵਾਰ ਹੋ ਗਏ। ਫਿਰ ਗੂੜ੍ਹੇ ਗੁਣਾਂ ਵਾਲੇ ਸਤਿਗੁਰੂ ਜੀ ਅੱਗੇ ਚਲ ਪਏ॥ ੧੯॥

ਦ੍ਵਾਦਸ਼ ਕੋਸ ਪਹੂਚੇ ਜਾਇ। ਨਗਰ ਕੁਲਾਯਤ ਸੁੰਦਰ ਥਾਇਂ।
ਲਗਯੋ ਸਿਵਰ ਸਭਿ ਹੂੰ ਸੁਖ ਪਾਯੋ। ਭਏ ਦੇਗ ਭੋਜਨ ਸ਼ੁਭ ਖਾਯੋ॥ ੨੦॥

ਫਿਰ ਬਾਰ੍ਹਾਂ ਕੋਹ ਤੇ ਜਾ ਕੇ ਪਹੁੰਚ ਗਏ। ਕੁਲਾਇਤ ਨਗਰ ਦਾ ਸਥਾਨ ਬੜਾ ਸੁੰਦਰ ਸੀ। ਉਥੇ ਡੇਰਾ ਲਾ ਕੇ ਸਭ ਨੇ ਸੁਖ ਪਾਇਆ। ਲੰਗਰ ਤਿਆਰ ਕਰਕੇ ਸਭ ਨੇ ਸ਼ੁਭ ਭੋਜਨ ਛਕਿਆ॥ ੨੦॥

ਸ਼੍ਰਮਤ ਸਾਥ ਕੋ ਜਾਨਿ ਗੁਸਾਈਂ। ਕਰਯੋ ਮੁਕਾਮ ਦੇਖਿ ਸ਼ੁਭ ਥਾਈਂ।
ਦ੍ਵਾਦਸ਼ ਦਿਵਸ ਬਸਯੋ ਤਹਿਂ ਡੇਰਾ। ਬਿਥਰਯੋ ਸੁਜਸੁ ਬਿਸਦ ਬਹੁਤੇਰਾ॥੨੧॥

ਆਪਣੇ ਸਾਥੀਆਂ ਨੂੰ ਥੱਕੇ ਹੋਏ ਜਾਣ ਕੇ ਤੇ ਸਤਿਗੁਰੂ ਜੀ ਨੇ ਉਹ ਸ਼ੁਭ ਸਥਾਨ ਸਮਝ ਕੇ ਉਥੇ ਮੁਕਾਮ ਕੀਤਾ। ਬਾਰ੍ਹਾਂ ਦਿਨ ਉਥੇ ਡੇਰਾ ਲਾ ਰੱਖਿਆ, ਗੁਰੂ ਜੀ ਦਾ ਸ੍ਰੇਸ਼ਟ ਜੱਸ ਸਾਰੇ ਹੀ ਫੈਲ ਗਿਆ॥ ੨੧॥

ਆਇ ਅਨੇਕ ਪਾਇ ਬਰ ਜੈ ਹੈਂ। ਅਨਿਕ ਅਕੋਰਨਿ ਕੋ ਅਰਪੈ ਹੈਂ।
ਅਵਿਲੋਕਤਿ ਬਹੁ ਸੁੰਦਰ ਰੂਪ। ਬਸਤ੍ਰ ਸ਼ਸਤ੍ਰ ਜੁਤਿ ਮਹਿਦ ਅਨੂਪ॥ ੨੨॥

ਅਨੇਕਾਂ ਲੋਕ ਆਉਂਦੇ ਸਨ ਤੇ ਸ੍ਰੇਸ਼ਟ ਵਰ ਪਾ ਪਾ ਕੇ ਜਾਂਦੇ ਸਨ। ਅਨੇਕਾਂ ਪ੍ਰਕਾਰ ਦੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ। ਸਤਿਗੁਰੂ ਜੀ ਦੇ ਸੁੰਦਰ ਸਰੂਪ, ਅਨੂਪਮ ਵਸਤਰਾਂ ਸ਼ਸਤਰਾਂ ਸਹਿਤ ਦਰਸ਼ਨ ਕਰਦੇ ਸਨ॥ ੨੨॥

ਸ੍ਰਮ ਬਿਨ ਭਯੋ ਅਸੂਦੇ ਸਾਥ। ਚਹਜੋ ਅਗੂਢਨਿ ਚਲਿਬੇ ਨਾਥ।
ਕਰਜੋ ਕੂਚ ਹਯ ਚਢਿ ਕਰਿ ਚਾਲੇ। ਧਰੇ ਹਾਥ ਧਨੁ ਕਠਨ ਬਿਸਾਲੇ॥ ੨੩॥

ਥਕੇਵਾਂ ਲਾਹ ਕੇ ਗੁਰੂ ਜੀ ਦਾ ਸਾਥ ਸੌਖਾ ਹੋ ਗਿਆ। ਫਿਰ ਸਤਿਗੁਰੂ ਜੀ ਨੇ ਅੱਗੇ ਜਾਣਾ ਚਾਹਿਆ। ਘੋੜੇ ਉੱਪਰ ਸਵਾਰ ਹੋ ਕੇ ਕੂਚ ਕਰਕੇ ਅੱਗੇ ਚਲ ਪਏ। ਫਿਰ ਸਤਿਗੁਰੂ ਜੀ ਨੇ ਆਪਣਾ ਹੱਥ ਕਠੋਰ ਧਨੁੱਖ ਉੱਪਰ ਧਰਿਆ॥ ੨੩॥

ਜਹਿਂ ਰਾਜਨ ਕੇ ਦੇਸ਼ ਵਿਸ਼ੇਸ਼ਾ। ਦਲ ਸਮੇਤ ਪ੍ਰਭੁ ਭਏ ਪ੍ਰਵੇਸ਼ਾ।
ਗ੍ਰਾਮਨਿ ਕੇ ਨਰ ਦੇਖਿ ਪ੍ਰਤਾਪੂ। ਬਾਜਤਿ ਦੁੰਦਭਿ ਚਮੂੰ ਕਲਾਪੂ॥ ੨੪॥

ਜਿੱਥੇ ਰਾਜਿਆਂ ਦਾ ਵਿਸ਼ੇਸ਼ ਦੇਸ਼ ਸੀ, ਉਸ ਵਿਚ ਸੈਨਾ ਸਹਿਤ ਸਤਿਗੁਰੂ ਜੀ ਪ੍ਰਵੇਸ਼ ਕਰ ਗਏ। ਪਿੰਡਾਂ ਦੇ ਲੋਕ ਸਾਰੀ ਸੈਨਾ ਅਤੇ ਨਗਾਰੇ ਵੱਜਦੇ ਵੇਖ ਕੇ ਸਤਿਗੁਰੂ ਜੀ ਦੇ ਵੱਡੇ ਪ੍ਰਤਾਪ ਨੂੰ ਜਾਣ ਜਾਂਦੇ ਸਨ॥ ੨੪॥

ਲੇ ਲੇ ਕਰਿ ਅਕੋਰ ਚਲਿ ਆਵੈਂ। ਮਿਲਹਿਂ ਜੋਰਿ ਕਰ ਅਰਜ਼ ਸੁਨਾਵੈਂ।
ਕਾਸ਼ਟ ਤ੍ਰਿਣਨ ਆਨਿ ਗਨ ਦੇਈਂ। ਸੌਜ ਉਬਾਰ ਸਦਨ ਕੀ ਲੇਈਂ॥ ੨੫॥

ਉਹ ਉਪਹਾਰ ਲੈ ਲੈ ਕੇ ਚਲੇ ਆਉਂਦੇ ਸਨ, ਉਹ ਹੱਥ ਜੋੜ ਕੇ ਮਿਲਦੇ ਸਨ ਤੇ ਆਪਣੀਆਂ ਬੇਨਤੀਆਂ ਸੁਣਾਉਂਦੇ ਸਨ। ਲੱਕੜਾਂ ਅਤੇ ਘਾਹ ਬਹੁਤ ਲਿਆ ਕੇ ਦਿੰਦੇ ਸਨ। ਉਹ ਆਪਣੇ ਘਰਾਂ ਵਿਚੋਂ ਸਮੱਗਰੀ ਚੁੱਕ ਕੇ ਦਿੰਦੇ ਸਨ॥ ੨੫॥

ਜੋ ਨਹਿਂ ਮਿਲਹਿਂ ਗਰਬ ਉਰ ਧਾਰਹਿਂ। ਤਹਿਂ ਮਿਲਿ ਸਿੰਘ ਲੂਟ ਕੋ ਡਾਰਹਿਂ।
ਅਸਨ ਬਸਨ ਆਦਿਕ ਲੈਂ ਛੀਨਾਂ। ਬਲ ਦਿਖਾਇਕੈ ਕਰੈਂ ਅਧੀਨਾ॥ ੨੬॥

ਜਿਹੜੇ ਨਹੀਂ ਮਿਲਦੇ ਸਨ ਤੇ ਦਿਲ ਵਿਚ ਹੰਕਾਰ ਧਾਰਨ ਕਰਦੇ ਸਨ ਉਨ੍ਹਾਂ ਨੂੰ ਸਿੰਘ ਮਿਲ ਕੇ ਲੁੱਟ ਲੈਂਦੇ ਸਨ। ਕੱਪੜੇ, ਬਰਤਨ ਆਦਿ ਖੋਹ ਲੈਂਦੇ ਸਨ ਤੇ ਸ਼ਕਤੀ ਵਿਖਾ ਕੇ ਉਨ੍ਹਾਂ ਨੂੰ ਅਧੀਨ ਕਰ ਲੈਂਦੇ ਸਨ॥ ੨੬॥

ਧਾਂਕ ਪਰੀ ਸਭਿ ਦੇਸ਼ ਵਿਸ਼ੇਸ਼ਾ। ਹੋਤਿ ਕੂਚ ਦਰ ਕੂਚ ਹਮੇਸ਼ਾ।
ਬਾਪੀ ਕੂਪ ਸਰੋਵਰ ਨੀਕੇ। ਉਪਬਨ ਬਹੁ ਹੁਲਸਾਵਨ ਜੀਕੇ॥ ੨੭॥

ਸਾਰੇ ਦੇਸ਼ ਵਿਚ ਗੁਰੂ ਜੀ ਦੀ ਵਿਸ਼ੇਸ਼ ਧਾਂਕ ਪੈ ਗਈ। ਸਦਾ ਹੀ ਗੁਰੂ ਜੀ ਕੂਚ ਦਰ ਕੂਚ ਕਰਦੇ ਸਨ। ਬਾਉਲੀਆਂ, ਖੂਹ, ਸੁੰਦਰ ਸਰੋਵਰ ਅਤੇ ਬਾਗ਼ ਦਿਲਾਂ ਨੂੰ ਬਹੁਤ ਪ੍ਰਸੰਨਤਾ ਬਖਸ਼ਦੇ ਸਨ॥ ੨੭॥

ਸੁੰਦਰ ਧਰਾ ਅਧਿਕ ਸਬਜ਼ਾਈ। ਡੇਰਾ ਕਰਹਿਂ ਦੇਖਿ ਸੁਖਦਾਈ।
ਇਮ ਗਮਨਤਿ ਤਿਸ ਦੇਸ਼ ਮਝਾਰਾ। ਕਰਤਿ ਬਿਲਾਸ ਅਨੇਕ ਪ੍ਰਕਾਰਾ॥ ੨੮॥

ਸੁੰਦਰ ਧਰਤੀ ਸੀ ਜਿੱਥੇ ਬਹੁਤ ਹਰਿਆਵਲ ਸੀ, ਸਤਿਗੁਰੂ ਜੀ ਚੰਗਾ ਸਥਾਨ ਵੇਖ ਕੇ ਡੇਰਾ ਕਰਦੇ ਸਨ। ਇਸ ਪ੍ਰਕਾਰ ਉਸ ਦੇਸ਼ ਵਿਚ ਜਾਂਦਿਆਂ, ਸਤਿਗੁਰੂ ਜੀ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥ ੨੮॥

ਖੇਲਤਿ ਹੈਂ ਅਖੇਰ ਬਨ ਫਿਰਿਕੇ। ਮ੍ਰਿਗ ਖਗ ਪੁੰਜ ਸੰਘਾਰਨਿ ਕਰਿਕੇ।
ਸਨੇ ਸਨੇ ਸੁਖ ਸਹਤ ਚਲੰਤੇ। ਲੂਟਿ ਕੂਟਿ ਡਰਿ ਲੋਕ ਮਿਲੰਤੇ॥ ੨੯॥

ਜੰਗਲ ਵਿਚ ਫਿਰ ਕੇ ਉਹ ਸ਼ਿਕਾਰ ਖੇਡਦੇ ਸਨ ਤੇ ਹਿਰਨ ਅਤੇ ਪੰਛੀ ਬਹੁਤ ਮਾਰਦੇ ਸਨ। ਹੌਲੀ-ਹੌਲੀ ਸੁਖ ਨਾਲ ਚਲਦੇ ਸਨ। ਲੁੱਟ ਕੁੱਟ ਤੋਂ ਡਰਦੇ ਲੋਕ ਆ ਆ ਮਿਲਦੇ ਸਨ॥ ੨੯॥

ਦਯਾ ਸਿੰਘ ਹਜ਼ਰਤ ਕੋ ਛੋਰਿ। ਕਰੇ ਬੇਗ ਆਯੋ ਇਤ ਓਰ।
ਸੁਨਿ ਸਤਿਗੁਰ ਕੀ ਸੁਧ ਇਤ ਆਏ। ਮਿਲਯੋ ਆਨਿ ਸਨਮੁਖ ਸੁਖ ਪਾਏ ॥੩੦॥

ਦਇਆ ਸਿੰਘ ਬਾਦਸ਼ਾਹ ਨੂੰ ਛੱਡ ਕੇ ਬਹੁਤ ਸ਼ੀਘਰਤਾ ਕਰਦਾ ਹੋਇਆ ਇਸ ਪਾਸੇ ਵੱਲ ਆਇਆ। ਸਤਿਗੁਰੂ ਜੀ ਬਾਰੇ ਖਬਰ ਸੁਣ ਕੇ ਉਹ ਇਸ ਪਾਸੇ ਵੱਲ ਆਇਆ। ਉਹ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਸਾਹਮਣੇ ਹੋ ਕੇ ਮਿਲਿਆ ਤੇ ਬੜਾ ਸੁਖ ਪਾਇਆ॥ ੩੦॥

ਚਰਨ ਸਰੋਜਨ ਪਰ ਸਿਰ ਧਰਿਕੈ। ਸਤਿਗੁਰ ਪ੍ਰੇਮ ਅਧਿਕ ਉਰ ਭਰਿਕੈ।
ਤਜਿ ਨਹਿਂ ਸਕਹਿ ਉਠਾਯਵ ਆਪ। ਕਰਯੋ ਬਿਦਾਰਨਿ ਬਿਰਹ ਸੰਤਾਪ ॥੩੧॥

ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸਿਰ ਧਰ ਕੇ ਤੇ ਸਤਿਗੁਰੂ ਜੀ ਵਾਸਤੇ ਦਿਲ ਵਿਚ ਵੱਡਾ ਪ੍ਰੇਮ ਭਰ ਕੇ ਫਿਰ ਸਤਿਗੁਰੂ ਜੀ ਦੇ ਚਰਨਾਂ ਤੋਂ ਉੱਠ ਨਹੀਂ ਸੀ ਸਕਦਾ। ਸਤਿਗੁਰੂ ਜੀ ਨੇ ਆਪ ਚੁੱਕ ਕੇ ਉਠਾਇਆ ਤੇ ਉਸ ਦੇ ਦਿਲ ਦੇ ਬਿਰਹਾ ਦਾ ਸੰਤਾਪ ਦੂਰ ਕੀਤਾ॥ ੩੧॥

ਦ੍ਰਿਗਨ ਬੂੰਦ ਆਨੰਦ ਕੀ ਗਿਰੀ। ਕੋ ਕਹਿ ਸਕਹਿ ਜੁ ਸੁਖ ਤਿਸ ਘਰੀ।
ਮਗ ਜੈਬੇ ਐਬੇ ਕੀ ਕਥਾ। ਮੁਲਾਕਾਤ ਹਜ਼ਰਤਿ ਕੀ ਜਥਾ॥ ੩੨॥

ਭਾਈ ਦਇਆ ਸਿੰਘ ਦੇ ਨੈਣਾਂ ਵਿਚੋਂ ਖੁਸ਼ੀ ਦੀਆਂ ਬੂੰਦਾਂ ਡਿੱਗੀਆਂ, ਕੌਣ ਅਜਿਹੀ ਹਾਲਤ ਨੂੰ ਬਿਆਨ ਕਰ ਸਕਦਾ ਹੈ, ਜਿਹੜੀ ਖੁਸ਼ੀ ਉਸ ਸਮੇਂ ਭਾਈ ਦਇਆ ਸਿੰਘ ਨੇ ਪ੍ਰਾਪਤ ਕੀਤੀ। ਮਾਰਗ ਵਿਚ ਆਉਣ ਦੀ ਕਥਾ ਅਤੇ ਬਾਦਸ਼ਾਹ ਨਾਲ ਜਿਵੇਂ ਮੁਲਾਕਾਤ ਹੋਈ ਸੀ॥ ੩੨॥

ਦਯਾ ਸਿੰਧੁ ਸਭਿ ਬੂਝਨ ਕੀਨਾ। ਦਯਾ ਸਿੰਘ ਤਬਿ ਉੱਤਰ ਦੀਨਾ।
'ਅਹਿਦੀ ਕੇ ਮਨਿੰਦ ਬਨਿ ਗਯੋ। ਗ੍ਰਾਮ ਗ੍ਰਾਮ ਤੇ ਨਰ ਨਿਕਸਯੋ॥ ੩੩॥

ਸਤਿਗੁਰੂ ਜੀ ਨੇ ਸਾਰੀ ਕਥਾ ਦਇਆ ਸਿੰਘ ਪਾਸੋਂ ਪੁੱਛੀ। ਦਇਆ ਸਿੰਘ ਨੇ ਫਿਰ ਉੱਤਰ ਦਿੱਤਾ, "ਅਹਿਦੀਆਂ ਵਾਂਗ ਸ਼ਕਤੀ ਸਹਿਤ ਗਿਆ ਸੀ, ਪਿੰਡਾਂ-ਪਿੰਡਾਂ ਵਿਚੋਂ ਮੰਜਾ ਚੁੱਕਣ ਵਾਸਤੇ ਵਗਾਰੀ ਮਨੁੱਖਾਂ ਨੂੰ ਕੱਢਿਆ॥ ੩੩॥

ਮਗ ਮਹਿਂ ਗੁਰ ਸੰਗਤਿ ਸਮੁਦਾਈ। ਮਿਲਿ ਮਿਲਿ ਪੂਜਯੋ ਤੁਮ ਸਮਤਾਈ।
ਪਹੁੰਚਯੋ ਸ਼ਾਹੁ ਸਿਵਰ ਕੇ ਮਾਂਹੀ। ਕਰੇ ਜਤਨ ਮਿਲਿਬੋ ਹੁਇ ਨਾਂਹੀ॥ ੩੪॥

ਰਾਹ ਦੇ ਵਿਚ ਗੁਰੂ ਜੀ ਦੀ ਬਹੁਤ ਸੰਗਤ ਮਿਲ ਮਿਲ ਕੇ ਤੁਹਾਡੇ ਬਰਾਬਰ ਪੂਜਦੀ ਸੀ। ਫਿਰ ਅਸੀਂ ਬਾਦਸ਼ਾਹ ਦੇ ਡੇਰੇ ਵਿਚ ਪਹੁੰਚ ਗਏ। ਅਸੀਂ ਬਹੁਤ ਯਤਨ ਕੀਤੇ, ਪਰ ਮੇਲ ਨਹੀਂ ਸੀ ਹੋ ਰਿਹਾ॥ ੩੪॥

ਪਠੀ ਆਪ ਢਿਗ ਕਾਸਦ ਜੋਰੀ। ਜਿਮ ਆਇਸੁ ਭੇਜੀ ਦਿਸ਼ ਮੋਰੀ।
ਭਯੋ ਮੇਲ ਤਿਮ ਅੰਤਰ ਗਏ। ਪ੍ਰਤਿ ਉੱਤਰ ਨਾਨਾ ਬਿਧਿ ਭਏ॥ ੩੫॥

ਅਸੀਂ ਆਪ ਜੀ ਦੇ ਪਾਸ ਹਲਕਾਰਿਆਂ ਦੀ ਜੋੜੀ ਭੇਜੀ, ਜਿਵੇਂ ਫਿਰ ਤੁਸੀਂ ਮੈਨੂੰ ਆਗਿਆ ਭੇਜੀ ਸੀ, ਫਿਰ ਉਸ ਪ੍ਰਕਾਰ ਹੀ ਮੇਲ ਹੋਇਆ ਤੇ ਮੈਂ ਅੰਦਰ ਜਾ ਕੇ ਬਾਦਸ਼ਾਹ ਨੂੰ ਮਿਲਿਆ। ਕਈ ਪ੍ਰਕਾਰ ਦੇ ਉਲਟ-ਪੁਲਟ ਸਵਾਲ ਪੁੱਛੇ ਗਏ"॥ ੩੫॥

ਸ੍ਵਾਨ ਆਦਿ ਕੋ ਸਕਲ ਪ੍ਰਸੰਗ। ਸਨੇ ਸਨੇ ਬਰਨਯੋ ਗੁਰ ਸੰਗ।
'ਪੁਨ ਹਮ ਕੋ ਰੁਖਸਦ ਤਿਨ ਕੀਨਿ। ਗੁਰਜਦਾਰ ਦ੍ਵੈ ਸੰਗ ਸੁ ਦੀਨ॥ ੩੬॥

ਫਿਰ ਕੁੱਤੇ ਆਦਿ ਦਾ ਸਾਰਾ ਪ੍ਰਸੰਗ ਹੌਲੀ-ਹੌਲੀ ਗੁਰੂ ਜੀ ਪਾਸ ਵਰਣਨ ਕੀਤਾ। "ਫਿਰ ਉਸ ਨੇ ਸਾਨੂੰ ਰੁਖਸਤ ਕੀਤਾ। ਉਸ ਨੇ ਮੈਨੂੰ ਫਿਰ ਦੋ ਸਿਪਾਹੀ ਦਿੱਤੇ॥ ੩੬॥

ਸੁਧ ਸੁਨਿਕੈ ਰਾਵਰ ਇਤ ਆਏ। ਰਜਪੂਤਨ ਕੇ ਦੇਸ਼ ਸਿਧਾਏ।
ਸੋ ਮਗ ਤਜਿ ਮੈਂ ਇਤ ਦਿਸ਼ਿ ਆਯੋ। ਪਹੁੰਚਿ ਆਪ ਕੋ ਦਰਸ਼ਨ ਪਾਯੋ ॥੩੭॥

ਆਪ ਜੀ ਬਾਰੇ ਖਬਰ ਸੁਣ ਕੇ ਏਧਰ ਆਏ ਹਾਂ, ਸਾਨੂੰ ਪਤਾ ਲੱਗਾ ਸੀ ਕਿ ਆਪ ਜੀ ਰਾਜਪੂਤਾਂ ਦੇ ਦੇਸ਼ ਵੱਲ ਗਏ ਹੋ। ਇਸ ਕਰਕੇ ਮਾਰਗ ਛੱਡ ਕੇ ਮੈਂ ਇਸ ਪਾਸੇ ਆਇਆ ਹਾਂ ਤੇ ਪਹੁੰਚ ਕੇ ਆਪ ਜੀ ਦੇ ਦਰਸ਼ਨ ਪਾਏ ਹਨ॥ ੩੭॥

ਗੁਰਜਦਾਰ ਮੇਰੇ ਸੰਗ ਦੋਇ। ਗਏ ਬਿਛੁਰ ਦਿੱਲੀ ਦਿਸ਼ਿ ਸੋਇ।
ਸੂਬੇ ਗਨ ਉਮਰਾਵ ਮਹਾਨੇ। ਸਭਿ ਦਿਸ਼ਿ ਲਿਖੇ ਸ਼ਾਹ ਪਰਵਾਨੇ॥ ੩੮ ॥

ਮੇਰੇ ਨਾਲ ਜਿਹੜੇ ਦੋ ਸਿਪਾਹੀ ਸਨ, ਉਹ ਦੋਵੇਂ ਵਿਛੜ ਕੇ ਦਿੱਲੀ ਵਾਲੇ ਪਾਸੇ ਗਏ ਹਨ। ਬਾਦਸ਼ਾਹ ਨੇ ਸਾਰੇ ਸੂਬਿਆਂ, ਉਮਰਾਵ ਅਤੇ ਸਭ ਪਾਸੇ ਪਰਵਾਨੇ ਲਿਖ ਕੇ ਭੇਜੇ ਹਨ॥ ੩੮॥

'ਜਿਸ ਕੀ ਦਿਸ਼ਿ ਸਤਿਗੁਰ ਚਲਿ ਆਵੈਂ। ਦਲ ਸਮੇਤ ਜਹਿਂ ਸਿਵਰ ਲਗਾਵੈਂ।
ਸੋ ਸਭਿ ਕਰ ਜੋਰਹਿਂ ਢਿਗ ਜਾਇ। ਅਨਿਕ ਰੀਤਿ ਕੀ ਸੇਵ ਕਮਾਇਂ ॥ ੩੯ ॥

"ਜਿਸ ਪਾਸੇ ਵੀ ਸਤਿਗੁਰੂ ਜੀ ਚਲ ਕੇ ਆਉਣ, ਦਲ ਸਮੇਤ ਜਿੱਥੇ ਵੀ ਡੇਰਾ ਲਾਉਣ, ਉਹ ਸਾਰੇ ਗੁਰੂ ਜੀ ਪਾਸ ਜਾ ਕੇ ਹੱਥ ਜੋੜਨ ਤੇ ਅਨੇਕ ਰੀਤੀਆਂ ਦੀ ਸੇਵਾ ਕਰਨ॥ ੩੯॥

ਨਹਿਂ ਕੋ ਸਨਮੁਖ ਹ੍ਵੈ ਰਨ ਕਰੈ। ਕੈਸਿਹੁਂ ਗੁਰ ਕੇ ਸੰਗ ਨ ਅਰੈ'।
ਗੁਰਜਦਾਰ ਦਿੱਲੀ ਅਬਿ ਜੈ ਹੈਂ। ਦੇਸ਼ ਬਿਦੇਸ਼ਨ ਐਸ ਪਠੈ ਹੈਂ॥ ੪੦॥

ਕੋਈ ਵੀ ਉਨ੍ਹਾਂ ਦੇ ਸਾਹਮਣੇ ਹੋ ਕੇ ਯੁੱਧ ਨਾ ਕਰੇ ਤੇ ਕਿਸੇ ਤਰ੍ਹਾਂ ਵੀ ਗੁਰੂ ਜੀ ਨਾਲ ਨਾ ਅੜੇ।" ਇਹ ਸਿਪਾਹੀ ਹੁਣ ਦਿੱਲੀ ਜਾਣਗੇ, ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਇਸ ਪ੍ਰਕਾਰ ਲਿਖ ਕੇ ਸਿਪਾਹੀ ਭੇਜੇ ਹਨ॥ ੪੦॥

ਪੁਨ ਸਤਿਗੁਰ ਕੋ ਦਯੋ ਕਪੀਰਾ। ਅਹੈ ਅਮਾਨਤ ਪਠਿ ਤੁਮ ਤੀਰਾ'।
ਸਿੱਖਨਿ ਪਿਖਿ ਕੈ ਬੂਝਿ ਪ੍ਰਸੰਗਾ। ਸ੍ਰੀ ਗੁਰ ਕਹਜੋ ਸੁ ਸਭਿ ਕੇ ਸੰਗਾ॥ ੪੧॥

ਫਿਰ ਸਤਿਗੁਰੂ ਜੀ ਵਲੋਂ ਦਿੱਤਾ ਕਪੀਰਾ ਮੈਨੂੰ ਦੇ ਦਿੱਤਾ ਹੈ, ਇਹ ਅਮਾਨਤ ਤੁਹਾਡੇ ਪਾਸ ਭੇਜੀ ਹੈ।" ਸਿੱਖਾਂ ਨੇ ਕਪੀਰਾ ਵੇਖ ਕੇ ਪ੍ਰਸੰਗ ਪੁੱਛਿਆ, ਫਿਰ ਸਤਿਗੁਰੂ ਜੀ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ॥ ੪੧॥

'ਮੱਕੈ ਜਾਇ ਫਜ਼ੀਹਤ ਭਾਰੀ। ਕਰੀ ਨੁਰੰਗ ਕੋ ਪਿਖਿ ਡਰ ਧਾਰੀ।
ਤਿਸ ਹੀ ਥਲ ਹਮ ਦੀਨੋ ਧ੍ਰੋਹਰ। ਦਯਾ ਸਿੰਘ ਪੁਨ ਕਹਿ ਕਰ ਜੋਰਿ॥੪੨॥

"ਮੱਕੇ ਜਾ ਕੇ ਅਸੀਂ ਨੌਰੰਗੇ ਦੀ ਬੜੀ ਖੁਆਰੀ ਕੀਤੀ ਸੀ ਤੇ ਨੌਰੰਗੇ ਨੇ ਵੇਖ ਕੇ ਬਹੁਤ ਡਰ ਧਾਰਨ ਕੀਤਾ ਸੀ। ਉਸ ਸਥਾਨ ਵਿਖੇ ਹੀ ਅਸੀਂ ਉਸ ਨੂੰ ਇਕ ਅਮਾਨਤ ਦਿੱਤੀ ਸੀ।" ਦਇਆ ਸਿੰਘ ਨੇ ਫਿਰ ਹੱਥ ਜੋੜ ਕੇ ਕਿਹਾ॥ ੪੨॥

'ਥੋਰੇ ਦਿਵਸ ਬਿਤੇ ਹਮ ਔਰ। ਤਨਕ ਭਨਕ ਸੁਨਿ ਅਸ ਇਕ ਠੌਰ।
ਹੁਤੋ ਜ਼ਫਰਨਾਮਾ ਤੁਮ ਕਰ ਕੋ। ਜਬਿ ਹਮ ਦੇ ਕਰਿ ਹਟੇ ਵਹਿਰ ਕੋ॥ ੪੩॥

"ਥੋੜੇ ਦਿਨ ਜਦ ਅਸੀਂ ਉਥੇ ਹੋਰ ਬਤੀਤ ਕੀਤੇ ਤਾਂ ਅਸੀਂ ਇਕ ਥਾਂ ਐਸੀ ਕਨਸੋ ਸੁਣੀ। ਜਿਹੜਾ ਤੁਹਾਡੇ ਹੱਥ ਦਾ ਲਿਖਿਆ ਜ਼ਫਰਨਾਮਾ ਸੀ, ਜਦ ਅਸੀਂ ਉਹ ਜ਼ਫਰਨਾਮਾ ਬਾਦਸ਼ਾਹ ਨੂੰ ਦੇ ਕੇ ਵਾਪਸ ਬਾਹਰ ਆ ਗਏ॥ ੪੩॥

ਤਤਛਿਨ ਹਜ਼ਰਤ ਕੋ ਦੁਖ ਹੋਵਾ। ਪੁਨ ਕੋ ਅੰਤਰ ਗਯੋ ਨ ਜੋਵਾ।
ਖੋਟੀ ਸੁਧਿ ਪਸਰੀ ਚਹੂੰ ਓਰ। ਦੂਰ ਦੂਰ ਕਹੈਂ ਨ ਮਾਚਯੋ ਸ਼ੋਰ॥ ੪੪॥

ਉਸ ਸਮੇਂ ਤੁਰਤ ਬਾਦਸ਼ਾਹ ਬਹੁਤ ਦੁਖੀ ਹੋ ਗਿਆ। ਫਿਰ ਕਿਸੇ ਨੇ ਅੰਦਰ ਜਾ ਕੇ ਨਹੀਂ ਵੇਖਿਆ। ਸਾਰੇ ਪਾਸੇ ਫਿਰ ਮਾੜੀ ਖ਼ਬਰ ਫੈਲ ਗਈ। ਲੋਕ ਲੁਕ-ਲੁਕ ਕੇ ਬਾਦਸ਼ਾਹ ਦੀ ਬਿਮਾਰੀ ਬਾਰੇ ਕਹਿੰਦੇ ਸਨ, ਪਰ ਬਹੁਤਾ ਸ਼ੋਰ ਨਾ ਮਚਿਆ॥ ੪੪॥

ਆਗੈ ਤੁਮ ਭਾਵੈ ਤਿਮ ਹੋਇ। ਜਥਾ ਬ੍ਰਿਤਾਂਤ, ਭਨਜੋ ਤਿਮ ਸੋਇ।
ਸੁਨਿ ਸਤਿਗੁਰ ਕਹਿਂ 'ਆਛੀ ਕੀਨਿ। ਮਰਹਿਂ ਨੁਰੰਗਾ ਬਿਲਮ ਬਿਹੀਨ॥੪੫॥

ਅੱਗੇ ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੋਵੇਗਾ, ਮੈਂ ਤਾਂ ਸਾਰਾ ਬ੍ਰਿਤਾਂਤ ਉਸ ਪ੍ਰਕਾਰ ਕਹਿ ਦਿੱਤਾ ਹੈ, ਜਿਵੇਂ ਵਾਪਰਿਆ ਹੈ।'' ਸਤਿਗੁਰੂ ਜੀ ਨੇ ਸੁਣ ਕੇ ਕਿਹਾ, ''ਚੰਗੀ ਕੀਤੀ ਹੈ, ਨੌਰੰਗਾ ਕਿਸੇ ਦੇਰੀ ਤੋਂ ਬਗ਼ੈਰ ਮਰ ਜਾਵੇਗਾ॥ ੪੫॥

ਕੇਤਿਕ ਦਿਨ ਮਹਿਂ ਸੁਧਿ ਪਸਰੈ ਹੈ। ਊਚ ਨੀਚ ਸਗਰੇ ਲਖਿ ਲੈ ਹੈਂ।
ਇਮ ਕਹਿ ਸੁਨਿਕੈ ਸਤਿਗੁਰ ਸੰਗ। ਦਯਾ ਸਿੰਘ ਢਿਗ ਰਹਜੋ ਉਮੰਗ॥੪੬॥

ਕੁਝ ਦਿਨਾਂ ਵਿਚ ਸਾਰੇ ਖ਼ਬਰ ਫੈਲ ਜਾਵੇਗੀ, ਨਿੱਕੇ ਵੱਡੇ ਸਾਰੇ ਜਾਣ ਲੈਣਗੇ।'' ਇਸ ਪ੍ਰਕਾਰ ਸਤਿਗੁਰੂ ਜੀ ਨਾਲ ਕਹਿ ਸੁਣ ਕੇ, ਭਾਈ ਦਇਆ ਸਿੰਘ ਸਤਿਗੁਰੂ ਜੀ ਪਾਸ ਬੜੇ ਉਤਸ਼ਾਹ ਨਾਲ ਰਿਹਾ॥ ੪੬॥

ਦਿਨ ਪ੍ਰਤਿ ਕੂਚ ਕਰਤਿ ਗੁਰ ਪੂਰੇ। ਕਹੂੰ ਅਰਹਿਂ ਮਗ ਦਲ ਕੇ ਸੂਰੇ।
ਲੂਟ ਕੂਟ ਲੇਂ ਹੋਤਿ ਲਰਾਈ। ਕੇਤਿਕ ਮਿਲਹਿਂ ਪਰਹਿਂ ਪ੍ਰਭੁ ਪਾਈ॥੪੭॥

ਪੂਰਨ ਸਤਿਗੁਰੂ ਜੀ, ਪ੍ਰਤੀ ਦਿਨ ਕੂਚ ਕਰਦੇ ਸਨ, ਕਿਤੇ-ਕਿਤੇ ਸਤਿਗੁਰੂ ਜੀ ਦੇ ਸੂਰਮੇ ਰਾਹ ਵਿਚ ਅੜ ਪੈਂਦੇ ਸਨ। ਲੜਾਈ ਕਰ ਕਰ ਕੇ ਲੋਕਾਂ ਨੂੰ ਲੁੱਟ ਲੈਂਦੇ ਸਨ। ਕਈ ਲੋਕ ਸਤਿਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ ਉੱਪਰ ਮੱਥਾ ਟੇਕਦੇ ਸਨ॥ ੪੭॥

*ਪਹਿਲੇ ਐਨ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

## *ਅਧਿਆਇ ਅਠੱਤੀਵਾਂ*

*ਸਫਰ, ਬਘੌਰ ਵਿਚ ਡੇਰਾ*

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਮਾਰਗ ਆਗੇ ਜਾਤ।
ਗ੍ਰਾਮ ਚੌਧਰੀ ਮਿਲਤਿ ਜੇ ਸੋ ਸੁਖ ਬਸਿ ਦਿਨ ਰਾਤਿ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਮਾਰਗ ਵਿਚ ਅੱਗੇ ਜਾ ਰਹੇ ਸਨ। ਪਿੰਡਾਂ ਦੇ ਜਿਹੜੇ ਚੌਧਰੀ ਗੁਰੂ ਜੀ ਨੂੰ ਆ ਕੇ ਮਿਲਦੇ ਸਨ, ਉਹ ਦਿਨ ਰਾਤ ਸੁਖੀ ਵਸਦੇ ਸਨ॥ ੧॥

ਚੌਪਈ- ਜੇ ਹੰਕਾਰ ਧਰਹਿਂ ਨਿਜ ਬਲ ਕੋ। ਤਾਂ ਪਰ ਹਮਲਾ ਹੋਵਤਿ ਦਲ ਕੋ।
ਛੁਟਹਿਂ ਤੁਫੰਗ ਅਰਹਿਂ ਲੇਂ ਮਾਰ। ਲੂਟ ਕੂਟ ਲੇ ਕਰਹਿਂ ਅਹਾਰ॥੨॥

ਜਿਹੜੇ ਚੌਧਰੀ ਆਪਣੇ ਬਲ ਦਾ ਹੰਕਾਰ ਧਾਰਨ ਕਰਦੇ ਸਨ, ਉਨ੍ਹਾਂ ਉੱਪਰ ਸਿੱਖ ਸੈਨਾ ਹਮਲਾ ਕਰਦੀ ਸੀ। ਬੰਦੂਕਾਂ ਚਲਦੀਆਂ ਸਨ ਤੇ ਅੜ ਕੇ ਮਾਰ ਲੈਂਦੇ ਸਨ ਤੇ ਫਿਰ ਲੁੱਟ ਕੁੱਟ ਕੇ ਭੋਜਨ ਕਰਦੇ ਸਨ॥ ੨॥

ਦਿਨ ਪ੍ਰਤਿ ਕੂਚ ਨਾਥ ਕੋ ਹੋਇ। ਦੇਸ਼ ਨਵੀਨ ਪਿਖਹਿਂ ਨਿਤ ਸੋਇ।
ਜਿਤ ਜਿਤ ਜਾਤਿ ਰੋਰ ਬਹੁ ਪਰੈ। ਧੂਮ ਧਾਕ ਸੁਨਿਕੈ ਨਰ ਡਰੈਂ॥ ੩॥

ਪ੍ਰਤੀ ਦਿਨ ਸਤਿਗੁਰੂ ਜੀ ਦਾ ਕੂਚ ਹੁੰਦਾ ਸੀ, ਗੁਰੂ ਜੀ ਸਦਾ ਹੀ ਨਵੇਂ ਦੇਸ਼ ਵੇਖਦੇ ਸਨ। ਜਿੱਥੇ ਕਿੱਥੇ ਜਾਂਦੇ ਸਨ, ਬਹੁਤ ਰੌਲਾ ਪੈਂਦਾ ਸੀ। ਗੁਰੂ ਜੀ ਦੀ ਧੂਮ ਦੀ ਧਾਂਕ ਸੁਣ ਕੇ ਮਨੁੱਖ ਡਰ ਜਾਂਦੇ ਸਨ॥ ੩॥

ਕੇਤਿਕ ਦੇਸ਼ ਉਲੰਘ ਜਬਿ ਗਏ। ਬਿਖਮ ਪੰਥ ਆਗੈ ਸੁਨਿ ਲਏ।
'ਤੋਪ ਨ ਸਕਟ ਇਤੈ ਕੋ ਜੈ ਹੈ। ਗਿਰ ਲਘੁ ਪਾਹਨ ਬ੍ਰਿੰਦ ਪਰੇ ਹੈਂ'॥ ੪॥

ਕਈ ਦੇਸ਼ ਜਦ ਲੰਘ ਕੇ ਗਏ ਤਾਂ ਅੱਗੇ ਬਹੁਤ ਔਖੇ ਰਾਹ ਬਾਰੇ ਸੁਣਿਆ। "ਓਧਰ ਨਾ ਤੋਪਾਂ ਨਾ ਗੱਡੇ ਜਾ ਸਕਦੇ ਹਨ, ਉਸ ਰਾਹ ਵਿਚ ਛੋਟੇ ਵੱਡੇ ਬਹੁਤ ਪੱਥਰ ਪਏ ਹਨ"॥ ੪॥

ਮਾਰਗ ਕਠਨ ਸੁਨਜੋ ਜਬਿ ਕਾਨ। ਤਿਸ ਦਿਸ਼ਿ ਤੇ ਹਟਿ ਕ੍ਰਿਪਾ ਨਿਧਾਨ।
ਪੰਥ ਸੁਖੈਨ ਅਪਰ ਜਿਤ ਅਹੈ। ਭੇਦ ਦੇਸ਼ ਕੋ ਬਹੁ ਜੋ ਲਹੈਂ॥ ੫॥

ਜਦ ਸਤਿਗੁਰੂ ਜੀ ਨੇ ਆਪਣੇ ਕੰਨਾਂ ਨਾਲ ਕਠਨ ਮਾਰਗ ਬਾਰੇ ਸੁਣਿਆ ਤਾਂ ਉਸ ਰਾਹੇ ਜਾਣ ਤੋਂ ਸਤਿਗੁਰੂ ਜੀ ਹਟ ਗਏ। ਜਿਹੜਾ ਹੋਰ ਇਕ ਸੌਖਾ ਰਾਹ ਸੀ ਤੇ ਜਿਸ ਦੇਸ਼ ਦੇ ਭੇਦਾਂ ਬਾਰੇ ਚੰਗੀ ਤਰ੍ਹਾਂ ਪਤਾ ਸੀ॥ ੫॥

ਤਿਨਹੁਂ ਬਤਾਯਹੁ 'ਪਰਬਤ ਘਾਟੀ। ਪਹੁੰਚਜੋ ਜਾਇ ਨ, ਅਉਖੀ ਬਾਟੀ।
ਦੂਸਰ ਮਗ ਹੈ ਚਲਨਿ ਸੁਖੈਨ'। ਸੁਨ ਤਿਤ ਗਮਨੇ ਕਰੁਨਾ ਐਨ॥ ੬॥

ਉਨ੍ਹਾਂ ਦੱਸਿਆ ਕਿ "ਅੱਗੇ ਪਹਾੜਾਂ ਦੀ ਘਾਟੀ ਹੈ, ਉੱਥੇ ਪਹੁੰਚਿਆ ਨਹੀਂ ਜਾ ਸਕਦਾ, ਕਿਉਂਕਿ ਰਾਹ ਬਹੁਤ ਔਖਾ ਹੈ। ਦੂਸਰੇ ਰਾਹੇ ਜਾਣਾ ਸੌਖਾ ਹੈ।" ਇਹ ਸੁਣ ਕੇ ਕਿਰਪਾ ਦੇ ਘਰ ਸਤਿਗੁਰੂ ਜੀ ਉਸ ਰਾਹੇ ਚਲ ਪਏ॥ ੬॥

ਸਨੇ ਸਨੇ ਸੁਖ ਸਿਵਰ ਕਰੰਤੇ। ਤਿਸੀ ਦੇਸ਼ ਕੋ ਮਗ ਉਲਘੰਤੇ।
ਤਿਸ ਪਰਬਤ ਕੇ ਪਹੁੰਚੇ ਪਾਰ। ਦੇਖਜੋ ਸੁੰਦਰ ਦੇਸ਼ ਬਹਾਰ॥ ੭॥

ਹੌਲੀ-ਹੌਲੀ ਸੁਖ ਨਾਲ ਡੇਰਾ ਕਰਦੇ ਸਨ, ਉਸ ਦੇਸ਼ ਦਾ ਰਾਹ ਉਲੰਘਦੇ ਜਾਂਦੇ ਸਨ। ਸਤਿਗੁਰੂ ਜੀ ਉਸ ਪਰਬਤ ਤੋਂ ਪਾਰ ਪਹੁੰਚ ਗਏ। ਉੱਥੇ ਬਾਹਰ ਜਾ ਕੇ ਉਨ੍ਹਾਂ ਸੁੰਦਰ ਦੇਸ਼ ਵੇਖਿਆ॥ ੭॥

ਸਦਲ ਸਫਲ ਤਰੁਵਰ ਬਹੁ ਖਰੇ। ਸੁਖਦਾਯਕ ਛਾਯਾ ਕਹੁ ਕਰੇ।
ਬਾਗ ਤੜਾਗ ਬਿਭਾਗ ਸਮੇਤ। ਅਵਲੋਕੇ ਚਿਤ ਆਨੰਦ ਦੇਤਿ॥ ੮॥

ਬਹੁਤ ਸੰਘਣੀਆਂ ਟਹਿਣੀਆਂ ਸਹਿਤ ਫਲਦਾਰ ਦਰੱਖਤ ਖੜੇ ਸਨ। ਉਹ ਬੜੀ ਸੁਖਦਾਇਕ ਛਾਂ ਕਰਦੇ ਸਨ। ਬਾਗਾਂ ਵਿਚ ਸਰੋਵਰ ਆਪਣੇ ਵਿਭਾਗਾਂ ਸਮੇਤ ਸਨ, ਜਿਨ੍ਹਾਂ ਨੂੰ ਵੇਖ ਕੇ ਚਿੱਤ ਨੂੰ ਅਨੰਦ ਪ੍ਰਾਪਤ ਹੁੰਦਾ ਸੀ॥ ੮॥

ਬਾਪੀ ਕੂਪ ਆਪ ਮਲਹੀਨ। ਜਿਤ ਕਿਤ ਸਬਜ਼ੀ ਸੁਭਤਿ ਨਵੀਨ।
ਗਮਨੇ ਤਹਾਂ ਹੇਰਿ ਹਰਿਖਾਏ। ਸੁੰਦਰ ਥਲ ਪਿਖਿ ਥਲ ਉਤਰਾਏ॥ ੯॥

ਬਾਉਲੀਆਂ ਅਤੇ ਖੂਹ ਨਿਰਮਲ ਜਲ ਵਾਲੇ ਸਨ। ਜਿੱਥੇ ਕਿੱਥੇ ਨਵੀਂ ਹਰਿਆਵਲ ਸੋਭ ਰਹੀ ਸੀ। ਉੱਥੇ ਚਲ ਕੇ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਸੁੰਦਰ ਸਥਾਨ ਵੇਖ ਕੇ ਉੱਥੇ ਉਤਾਰਾ ਕਰ ਲਿਆ॥ ੯॥

ਰਸਤ, ਛਾਗ, ਤ੍ਰਿਣ, ਈਂਧਨ ਆਨੇ। ਬਿਚ ਗ੍ਰਾਮਨ ਕੇ ਸਿੰਘ ਪਯਾਨੇ।
ਦੁਗਧ, ਦਧੀ, ਘ੍ਰਿਤ ਅਰੁ ਮਿਸ਼ਟਾਨ। ਦੇਗ ਬਿਖੈ ਡਾਰਤਿ ਗਨ ਆਨਿ॥੧੦॥

ਰਸਦ, ਬੱਕਰਾ, ਘਾਹ, ਬਾਲਣ ਲੈ ਕੇ ਆਏ, ਸਿੰਘ ਪਿੰਡਾਂ ਵਿਚ ਲੈਣ ਗਏ ਸਨ। ਦੁੱਧ, ਦਹੀਂ, ਘਿਉ ਅਤੇ ਮਿੱਠਾ ਵੀ ਲੈ ਕੇ ਆਏ ਤੇ ਸਾਰੀਆਂ ਵਸਤਾਂ ਲੰਗਰ ਵਿਚ ਪਾ ਦਿੱਤੀਆਂ॥ ੧੦॥

**ਇਸ ਪ੍ਰਕਾਰ ਸਤਿਗੁਰ ਸੁਖ ਪਾਵਤਿ। ਸਨੇ ਸਨੇ ਸੁਖ ਸੋਂ ਮਗ ਜਾਵਤਿ।**
**ਇਤਨੇ ਮਹਿਂ ਦੱਖਣ ਤੇ ਆਯੋ। ਮਿਲਿ ਪ੍ਰਭੁ ਸੰਗ ਪ੍ਰਸੰਗ ਸੁਨਾਯੋ॥ ੧੧॥**

ਇਸ ਪ੍ਰਕਾਰ ਸਤਿਗੁਰੂ ਜੀ ਸੁਖ ਪਾਉਂਦੇ ਸਨ, ਹੌਲੀ-ਹੌਲੀ ਸੁਖ ਨਾਲ ਰਾਹ ਵਿਚ ਜਾਂਦੇ ਸਨ। ਏਨੇ ਵਿਚ ਕੋਈ ਵਿਅਕਤੀ ਦੱਖਣ ਤੋਂ ਆਇਆ। ਉਸ ਨੇ ਸਤਿਗੁਰੂ ਜੀ ਨੂੰ ਮਿਲ ਕੇ ਪ੍ਰਸੰਗ ਸੁਣਾਇਆ॥ ੧੧॥

**'ਮਰਜੋ ਨੁਰੰਗਾ ਬਹੁ ਦੁਖ ਪਾਇ। ਮਚੈ ਰੌਰ ਦੇਸ਼ਨ ਸਮੁਦਾਇ'।**
**ਸੁਨਿਕੈ ਸਿੰਘਨ ਬੂਝਨ ਕਰਜੋ। 'ਕਿਸ ਬੀਮਾਰੀ ਤੇ ਕਿਮ ਮਰਜੋ?'॥ ੧੨॥**

"ਨੌਰੰਗਾ ਬਹੁਤ ਦੁਖ ਪਾ ਕੇ ਮਰ ਗਿਆ ਹੈ, ਸਾਰੇ ਦੇਸ਼ ਵਿਚ ਹੁਣ ਰੌਲਾ ਪੈ ਜਾਵੇਗਾ।" ਇਹ ਸੁਣ ਕੇ ਸਿੰਘਾਂ ਨੇ ਪੁੱਛਿਆ, "ਕਿਸ ਬਿਮਾਰੀ ਤੋਂ ਕਿਵੇਂ ਮਰਿਆ ਹੈ?"॥ ੧੨॥

**ਕਹਤਿ ਭਯੋ ਤਬਿ ਸਰਬ ਬ੍ਰਿਤੰਤ। ਜਿਸ ਬਿਧਿ ਭਯੋ ਦਿਲੀਸ਼ੁਰ ਅੰਤ।**
**'ਗੁਰੂ ਜ਼ਫਰਨਾਮਾ ਜੋ ਪਠਜੋ। ਤਿਸਕੋ ਖੋਲਿ ਸ਼ਾਹੁ ਜਬਿ ਪਠਜੋ॥ ੧੩॥**

ਉਹ ਫਿਰ ਸਾਰਾ ਬ੍ਰਿਤਾਂਤ ਕਹਿਣ ਲੱਗਾ, ਜਿਵੇਂ ਦਿੱਲੀ ਦੇ ਬਾਦਸ਼ਾਹ ਦਾ ਅੰਤ ਹੋਇਆ ਹੈ। "ਗੁਰੂ ਜੀ ਨੇ ਜਿਹੜਾ ਜ਼ਫਰਨਾਮਾ ਭੇਜਿਆ ਸੀ, ਉਸ ਨੂੰ ਖੋਲ੍ਹ ਕੇ ਜਦ ਬਾਦਸ਼ਾਹ ਨੇ ਪੜ੍ਹਿਆ॥ ੧੩॥

**ਤਬਿ ਹੀ ਤੇ ਤਨ ਭਈ ਬਿਮਾਰੀ। ਕਰੇ ਅਨਿਕ ਹਿਕਮਤ ਉਪਚਾਰੀ।**
**ਅਚੈ ਅਹਾਰ ਪਚੈ ਸੋ ਨਾਂਹੀ। ਨਾਭੀ ਤਰ ਤੇ ਉਤਰੈ ਨਾਂਹੀ॥ ੧੪॥**

ਤਦ ਹੀ ਸਰੀਰ ਨੂੰ ਬਿਮਾਰੀ ਲੱਗ ਗਈ। ਹਿਕਮਤ ਦੇ ਕਈ ਇਲਾਜ ਕੀਤੇ। ਜਿਹੜਾ ਵੀ ਭੋਜਨ ਛੱਕਦਾ ਸੀ, ਉਹ ਪੱਚਦਾ ਨਹੀਂ ਸੀ। ਉਹ ਧੁੰਨੀ ਤੋਂ ਹੇਠਾਂ ਨਹੀਂ ਸੀ ਉੱਤਰਦਾ॥ ੧੪॥

**ਖਾਨਾ ਕਰੈ ਖਾਨ ਜਬਿ ਕੋਇ। ਉਦਰ ਰਹੈ ਕੇਤਿਕ ਚਿਰ ਸੋਇ।**
**ਪੁਨ ਮੁਖ ਕੀ ਦਿਸ਼ਿ ਨਿਕਸੈ ਸਾਰੋ। ਸਮ ਬਿਸ਼ਟਾ ਕੇ ਹੁਇ ਦੁਖ ਭਾਰੋ॥ ੧੫॥**

ਜਦ ਵੀ ਕੋਈ ਖਾਣਾ ਖਾਂਦਾ ਸੀ ਤਾਂ ਉਹ ਕੁਝ ਪੇਟ ਵਿਚ ਰਹਿੰਦਾ ਸੀ। ਫਿਰ ਖਾਧਾ ਹੋਇਆ ਖਾਣਾ ਮੂੰਹ ਰਾਹੀਂ ਬਾਹਰ ਨਿਕਲ ਜਾਂਦਾ ਸੀ। ਗੰਦਗੀ ਵਾਂਗ ਭਾਰੀ ਦੁਖ ਹੁੰਦਾ ਸੀ॥ ੧੫॥

**ਇਮ ਕੇਤਿਕ ਦਿਨ ਸੰਕਟ ਪਾਯੋ। ਫਲ ਪਾਪਨ ਕੋ ਅਧਿਕ ਦਿਖਾਯੋ।**
**ਬਿਸ਼ਟਾ ਮੁਖ ਕੀ ਦਿਸ਼ਾ ਨਿਕਾਰੇ। ਭੀਮ ਰੂਪ ਜਮਦੂਤ ਦਿਖਾਰੇ॥ ੧੬॥**

ਇਸ ਪ੍ਰਕਾਰ ਕਈ ਦਿਨ ਦੁਖ ਪਾਇਆ। ਪਾਪਾਂ ਦਾ ਫਲ ਪ੍ਰਭੂ ਨੇ ਬਹੁਤ ਵਿਖਾਇਆ। ਗੰਦਗੀ ਨੂੰ ਮੂੰਹ ਰਾਹੀਂ ਬਾਹਰ ਕੱਢਦਾ ਸੀ। ਭਿਆਨਕ ਰੂਪ ਜਮਦੂਤ ਵਿਖਾਉਂਦਾ ਸੀ॥ ੧੬॥

**ਕਬਿ ਅਰੜਾਇ ਮੂਰਛਾ ਪਾਏ। ਘੂਮਜੋ ਰਹੈ ਨੈਨ ਉਂਘਲਾਏ।**
**ਕਸ਼ਟ ਬਿਸਾਲ ਪਾਇ ਮਰਿ ਗਯੋ। ਕੇਤਿਕ ਦਿਵਸ ਬਿਦਤ ਨਹਿਂ ਭਯੋ॥੧੭॥**

ਕਦੀ ਅਰੜਾਉਂਦਾ ਹੋਇਆ ਬੇਹੋਸ਼ ਹੋ ਜਾਂਦਾ ਸੀ। ਅੱਖਾਂ ਉਂਘਲਾਉਂਦੀਆਂ ਹੋਈਆਂ ਘੁੰਮਦੀਆਂ ਰਹਿੰਦੀਆਂ ਸਨ। ਵਿਸ਼ਾਲ ਦੁਖ ਪਾ ਕੇ ਮਰ ਗਿਆ ਹੈ। ਕਈ ਦਿਨ ਉਸ ਨੂੰ ਜ਼ਾਹਰ ਨਹੀਂ ਹੋਣ ਦਿੱਤਾ ਹੈ॥ ੧੭॥

'ਕੁੱਪਾ ਰਿੜ੍ਹਜੋ' ਕਹੈਂ ਪੁਰਿ ਲੋਕ। ਭਯ ਦੇਸ਼ ਮਹਿਂ ਜਹਿਂ ਕਹਿਂ ਸ਼ੋਕ'।
ਸੁਨਿ ਗੁਰ ਬੂਝਜੋ ਮਾਲਕ ਤਖਤ। 'ਕੋ ਅਬਿ ਭਯੋ ਸ਼ਾਹੁ ਸ਼ੁਭ ਬਖਤ ?' ॥੧੮॥

ਨਗਰ ਦੇ ਲੋਕ ਕਹਿੰਦੇ ਸਨ ਕੁਪਾ ਰੁੜ੍ਹ ਗਿਆ ਭਾਵ ਬਾਦਸ਼ਾਹ ਮਰ ਗਿਆ (ਪਿਛਲੇ ਸਮਿਆਂ ਵਿਚ ਬਾਦਸ਼ਾਹ ਦੇ ਮਰਨ ਨੂੰ ਕੁੱਪਾ ਰੁੜ੍ਹਨਾ ਕਹਿੰਦੇ ਸਨ, ਬਾਦਸ਼ਾਹ ਮਰਨਾ ਨਹੀਂ ਸਨ ਕਹਿੰਦੇ, ਕਿਉਂਕਿ ਬਾਦਸ਼ਾਹ ਨਹੀਂ ਮਰਦਾ। ਇਕ ਮਰਦਾ ਹੈ ਤਾਂ ਦੂਸਰਾ ਤਖਤ 'ਤੇ ਬੈਠ ਜਾਂਦਾ ਹੈ) ਇਹ ਸੁਣ ਕੇ ਗੁਰੂ ਜੀ ਨੇ ਪੁੱਛਿਆ, "ਉਹ ਕਿਹੜਾ ਚੰਗੇ ਭਾਗਾਂ ਵਾਲਾ ਹੁਣ ਤਖਤ ਦਾ ਮਾਲਕ ਬਣਿਆ ਹੈ ?" ॥ ੧੮॥

ਪੁਨ ਤਿਨ ਕਹਜੋ 'ਮਹਾਂ ਗਨ ਲਸ਼ਕਰ। ਤਾਰਾ ਆਜ਼ਮ ਅਹੈ ਬੀਚ ਬਰ।
ਪੂਰਬ ਵਲੀਅਹਦ ਸੋ ਭਯੋ। ਅਬਿ ਪਤਿਸ਼ਾਹੀ ਪਰ ਥਿਰ ਥਯੋ॥ ੧੯॥

ਫਿਰ ਉਸ ਨੇ ਕਿਹਾ, "ਬਹੁਤ ਵੱਡਾ ਲਸ਼ਕਰ ਹੈ, ਔਰੰਗਜ਼ੇਬ ਦਾ ਪੁੱਤਰ ਤਾਰਾ ਆਜ਼ਮ ਸ੍ਰੇਸ਼ਟ ਰੂਪ ਵਿਚ ਤਖਤ 'ਤੇ ਬੈਠਾ ਹੈ। ਉਹ ਪਹਿਲਾਂ ਹੀ ਤਖਤ ਦਾ ਵਾਰਸ ਬਣਿਆ ਸੀ। ਹੁਣ ਬਾਦਸ਼ਾਹਤ ਉੱਪਰ ਸਥਿਰ ਹੋ ਗਿਆ ਹੈ॥ ੧੯॥

ਗਨ ਉਮਰਾਵ ਵਜ਼ੀਰ ਜਿ ਸਜਾਨੇ। ਸਗਰੇ ਹਾਥ ਜੋਰਿ ਤਿਹ ਮਾਨੇਂ।
ਸੁਨਿ ਮੁਸਕਾਨੇ ਸਤਿਗੁਰ ਕਹੈਂ। 'ਨਹਿਂ ਸਲਤਨ ਕੋ ਸੁਖ ਇਹ ਲਹੈ॥੨੦॥

ਬਹੁਤ ਉਮਰਾਵ ਅਤੇ ਸਿਆਣੇ ਵਜ਼ੀਰ, ਸਾਰੇ ਉਸ ਨੂੰ ਹੱਥ ਜੋੜ ਕੇ ਮੰਨਦੇ ਹਨ।" ਫਿਰ ਸਤਿਗੁਰੂ ਜੀ ਮੁਸਕਰਾ ਕੇ ਬੋਲੇ, "ਇਹ ਬਾਦਸ਼ਾਹਤ ਦਾ ਸੁਖ ਨਹੀਂ ਲਵੇਗਾ॥ ੨੦॥

ਸ੍ਰੀ ਅਕਾਲ ਕੀ ਜਥਾ ਰਜ਼ਾਇ। ਸੋ ਬਨਿ ਹੈ ਨਹਿਂ ਆਨ ਉਪਾਇ'।
ਤਹਿਂ ਤੇ ਕੂਚ ਅਗਾਰੀ ਕਰਜੋ। ਸ਼ਹਿਰ ਬਿਘੌਰ ਨਿਕਟ ਸੁਨਿ ਪਰਜੋ॥ ੨੧॥

ਜਿਵੇਂ ਅਕਾਲ ਪੁਰਖ ਦੀ ਰਜ਼ਾ ਹੈ, ਉਹੋ ਹੀ ਬਣੇਗਾ, ਹੋਰ ਕੋਈ ਵੀ ਉਪਾਅ ਨਹੀਂ ਹੋ ਸਕੇਗਾ।" ਉਥੋਂ ਗੁਰੂ ਜੀ ਨੇ ਅੱਗੇ ਕੂਚ ਕੀਤਾ। ਸ਼ਹਿਰ ਬਿਘੌਰ ਦੇ ਨੇੜੇ ਹੋਣ ਬਾਰੇ ਸੁਣ ਲਿਆ। ਜਿਹੜਾ ਉਦੇਪੁਰ ਰਾਜ ਵਿਚ ਹੈ॥ ੨੧॥

ਜਹਾਂ ਭੀਮ ਨੇ ਕ੍ਰੀਚਕ ਮਾਰੇ। ਪਿਖਜੋ ਚਹੈਂ ਪ੍ਰਭੁ, ਤਿਤੇ ਸਿਧਾਰੇ।
ਕਰੈਂ ਕੂਚ ਦਰ ਕੂਚ ਪਯਾਨੇ। ਪੁਰਿ ਬਿਘੌਰ ਕੇ ਗੁਰ ਨਿਯਰਾਨੇ॥ ੨੨॥

ਜਿੱਥੇ ਭੀਮ ਨੇ ਕ੍ਰੀਚਕ ਨੂੰ ਮਾਰਿਆ ਸੀ, ਉਸ ਸ਼ਹਿਰ ਨੂੰ ਸਤਿਗੁਰੂ ਜੀ ਵੇਖਣਾ ਚਾਹੁੰਦੇ ਸਨ। ਇਸ ਕਰਕੇ ਉਧਰ ਚਲੇ ਗਏ। ਇਸ ਪ੍ਰਕਾਰ ਕੂਚ ਦਰ ਕੂਚ ਕਰਦੇ ਚਲੇ ਗਏ, ਫਿਰ ਸਤਿਗੁਰੂ ਜੀ ਬਿਘੌਰ ਸ਼ਹਿਰ ਦੇ ਨੇੜੇ ਪਹੁੰਚ ਗਏ॥ ੨੨॥

*ਨੋਟ : ਜਦੋਂ ਰਾਜਾ ਬਿਰਾਟ ਪਾਸ ਪਾਂਡਵ ਬਿਨਾਂ ਸੈਨਾ ਛੁਪ ਕੇ ਰਹਿੰਦੇ ਸਨ, ਤਦ ਕ੍ਰੀਚਕ ਨੇ ਦਰੋਪਦੀ ਨੂੰ ਛੇੜਿਆ ਸੀ ਤਾਂ ਭੀਮ ਨੇ ਕ੍ਰੀਚਕ ਨੂੰ ਮਾਰ ਦਿੱਤਾ ਸੀ। ਕ੍ਰੀਚਕ ਰਾਜੇ ਬਿਰਾਟ ਦਾ ਸਾਲਾ ਅਤੇ ਸੈਨਾਪਤੀ ਸੀ।*

ਥਲ ਸੁੰਦਰ ਤਰੁਵਰ ਗਨ ਹੇਰੇ। ਕਰੇ ਮੁਕਾਮ ਪ੍ਰਭੂ ਤਹਿਂ ਡੇਰੇ।
ਸੁਨੀ ਨਗਰ ਮਹਿਂ 'ਦਲ ਚਢਿ ਆਯੋ। ਲੂਟ ਨ ਲੇਹਿਂ' ਮਹਾਂ ਡਰਪਾਯੋ॥੨੩॥

ਬਹੁਤ ਸੁੰਦਰ ਸਥਾਨ ਤੇ ਕਈ ਬ੍ਰਿੱਛ ਵੇਖੇ, ਉਥੇ ਸਤਿਗੁਰੂ ਜੀ ਨੇ ਡੇਰਾ ਲਾ ਕੇ ਮੁਕਾਮ ਕਰ ਲਿਆ। ਨਗਰ ਵਿਚ ਇਹ ਸੁਣਿਆ ਗਿਆ ਕਿ "ਕੋਈ ਸੈਨਾ ਚੜ੍ਹਾਈ ਕਰਕੇ ਆ ਗਈ ਹੈ, ਉਹ ਕਿਤੇ ਲੁੱਟ ਨਾ ਲੈਣ", ਨਗਰ ਵਾਸੀ ਬਹੁਤ ਡਰ ਗਏ॥ ੨੩॥

ਗਹਿ ਗਹਿ ਸ਼ਸਤ੍ਰ ਭਏ ਸਵਧਾਨਾ। ਕਰਜੋ ਲਰਨ ਕੋ ਠਾਟ ਮਹਾਨਾ।
ਭੇਤ ਹੇਤੁ ਨਰ ਏਕ ਪਠਾਯੋ। ਸਨੇ ਸਨੇ ਚਲਿ ਦਲ ਮਹਿਂ ਆਯੋ॥ ੨੪॥

ਸ਼ਸਤਰ ਫੜ ਫੜ ਸਾਵਧਾਨ ਹੋ ਗਏ, ਤੇ ਯੁੱਧ ਕਰਨ ਵਾਸਤੇ ਮਹਾਨ ਠਾਟ ਬਣਾਇਆ। ਭੇਦ ਵਾਸਤੇ ਇਕ ਮਨੁੱਖ ਨੂੰ ਭੇਜਿਆ। ਉਹ ਹੌਲੀ-ਹੌਲੀ ਚਲ ਕੇ ਸਿੰਘਾਂ ਦੇ ਦਲ ਵਿਚ ਆਇਆ॥ ੨੪॥

ਜਹਿਂ ਦਿਵਾਨ ਮਹਿਂ ਸਤਿਗੁਰ ਥਿਰੇ। ਸ਼ੋਭਤਿ ਚਮਰ ਚਾਰੁ ਸਿਰ ਢੁਰੇ।
ਤਹਾਂ ਪਹੁੰਚਿ ਜੋਰੇ ਜੁਗ ਹਾਥ। ਬੰਦਨ ਕਰੀ ਨੰਮ੍ਰਤਾ ਸਾਥ॥ ੨੫॥

ਜਿਥੇ ਦੀਵਾਨ ਵਿਚ ਸਤਿਗੁਰੂ ਜੀ ਬੈਠੇ ਸਨ ਤੇ ਸਿਰ ਉੱਪਰ ਸੁੰਦਰ ਚੌਰ ਦੇ ਫਿਰਨ ਕਾਰਨ ਸੁੰਦਰ ਸ਼ੋਭਾ ਪਾ ਰਹੇ ਸਨ, ਉਥੇ ਪਹੁੰਚ ਕੇ ਦੋਵੇਂ ਹੱਥ ਜੋੜ ਕੇ ਬੜੀ ਨਿੰਮ੍ਰਤਾ ਸਹਿਤ ਬੰਦਨਾ ਕੀਤੀ॥ ੨੫॥

ਪੁਨ ਪੁਰਿ ਜਨ ਕੀ ਅਰਜ਼ ਗੁਜ਼ਾਰੀ। 'ਮੋ ਕੋ ਪਠਜੋ ਤ੍ਰਾਸ ਉਰ ਧਾਰੀ।
ਦਲ ਬਿਸਾਲ ਹੈ ਸੰਗ ਤੁਮਾਰੇ। ਪ੍ਰਵਿਸ਼ਹਿਂ ਲੁਟਹਿਂ ਜੰਗ ਕਰਿ ਮਾਰੇ॥ ੨੬॥

ਫਿਰ ਨਗਰ ਵਾਸੀਆਂ ਵਲੋਂ ਬੇਨਤੀ ਕੀਤੀ, "ਮੈਨੂੰ ਨਗਰ ਵਾਲਿਆਂ ਨੇ ਦਿਲ ਵਿਚ ਡਰ ਧਾਰਨ ਕਰਕੇ ਭੇਜਿਆ ਹੈ। ਆਪ ਜੀ ਦੇ ਨਾਲ ਇਕ ਵੱਡਾ ਦਲ ਹੈ, ਇਹ ਨਗਰ ਵਿਚ ਪ੍ਰਵੇਸ਼ ਕਰਕੇ ਜੰਗ ਕਰਕੇ ਨਗਰ ਨੂੰ ਲੁੱਟ ਲੈਣਗੇ॥ ੨੬॥

ਆਪ ਕਹਾਂ ਤੇ ਚਲਿ ਕਰਿ ਆਏ? ਅਬਿ ਚਾਹਤਿ ਹੋ ਕਹਾਂ ਸਿਧਾਏ?।
ਕੌਨ ਕਾਜ ਆਗਵਨ ਤੁਮਾਰਾ? ਕਰਹੁ ਪ੍ਰਸੰਗ ਸੁਨਾਵਨ ਸਾਰਾ'॥ ੨੭॥

ਆਪ ਕਿਥੋਂ ਚਲ ਕੇ ਆਏ ਹੋ? ਹੁਣ ਕਿੱਥੇ ਜਾਣਾ ਚਾਹੁੰਦੇ ਹੋ? ਤੁਹਾਡੇ ਆਉਣ ਦਾ ਕੀ ਕਾਰਨ ਹੈ? ਸਾਰਾ ਪ੍ਰਸੰਗ ਮੈਨੂੰ ਸੁਣਾਓ"॥ ੨੭॥

ਇਮ ਤ੍ਰਾਸਤਿ ਕੇ ਬਾਕ ਸੁਨੇ ਜਬਿ। ਧਰਮ ਸਿੰਘ ਸੋਂ ਗੁਰੂ ਭਨਜੋਂ ਤਬਿ।
'ਜਾਹ ਨਗਰ ਮਹਿਂ ਨਰ ਸਮੁਝਾਵਹੁ। ਦੇ ਧੀਰਜ ਕੋ ਤ੍ਰਾਸ ਮਿਟਾਵਹੁ'॥ ੨੮॥

ਗੁਰੂ ਜੀ ਨੇ ਜਦ ਇਸ ਪ੍ਰਕਾਰ ਡਰਦੇ ਦੇ ਬੋਲ ਸੁਣੇ, ਤਾਂ ਗੁਰੂ ਜੀ ਨੇ ਤਦ ਧਰਮ ਸਿੰਘ ਨੂੰ ਕਿਹਾ, "ਨਗਰ ਵਿਚ ਜਾ ਕੇ ਮਨੁੱਖਾਂ ਨੂੰ ਸਮਝਾਵੋ ਤੇ ਉਨ੍ਹਾਂ ਨੂੰ ਧੀਰਜ ਦੇ ਕੇ ਉਨ੍ਹਾਂ ਦਾ ਡਰ ਦੂਰ ਕਰੋ"॥ ੨੮॥

ਆਇਸੁ ਪਾਇ ਗਯੋ ਤਤਕਾਲਾ। ਪੁਰਿ ਜਨ ਸਾਵਧਾਨ ਜਹਿਂ ਜਾਲਾ।
ਥਿਰ ਹੁਇ ਸਗਰੀ ਕਥਾ ਸੁਨਾਈ। 'ਇਹ ਜਗ ਗੁਰ ਤੁਮ ਕੋ ਸੁਖਦਾਈ॥ ੨੯॥

ਧਰਮ ਸਿੰਘ ਆਗਿਆ ਪਾ ਕੇ ਤੁਰਤ ਗਿਆ। ਜਿਥੇ ਨਗਰ ਦੇ ਬਹੁਤ ਲੋਕ ਇਕੱਠੇ ਹੋ ਕੇ ਸਾਵਧਾਨ ਹੋਏ ਸਨ, ਉਥੇ ਖੜੇ ਹੋ ਕੇ ਸਾਰੀ ਕਥਾ ਸੁਣਾਈ, "ਇਹ ਜਗਤ ਗੁਰੂ ਤੁਹਾਡੇ ਵਾਸਤੇ ਸੁਖਦਾਈ ਹਨ॥ ੨੯॥

ਸਿਖ ਹੁਇ ਮਿਲੋ ਦਰਸ ਕੋ ਜੋਵਹੁ। ਦੁਇ ਲੋਚਨ ਕੇ ਸੁਖ ਕੋ ਜੋਵਹੁ।
ਭੀਮਸੈਨ ਜਹਿਂ ਕ੍ਰੀਚਕ ਮਾਰੇ। ਸੋ ਸਥਾਨ ਚਿਤ ਚਹੈਂ ਨਿਹਾਰੇ॥ ੩੦॥

ਸਿੱਖ ਹੋ ਕੇ ਗੁਰੂ ਜੀ ਨੂੰ ਮਿਲੋ ਅਤੇ ਦਰਸ਼ਨ ਕਰੋ ਤੇ ਆਪਣੇ ਦੋਵਾਂ ਨੈਣਾਂ ਨਾਲ ਸੁਖ ਨਾਲ ਵੇਖੋ। ਭੀਮਸੈਨ ਨੇ ਜਿੱਥੇ ਕ੍ਰੀਚਕ ਨੂੰ ਮਾਰਿਆ ਸੀ, ਸਤਿਗੁਰੂ ਜੀ ਉਸ ਸਥਾਨ ਨੂੰ ਵੇਖਣਾ ਚਾਹੁੰਦੇ ਹਨ॥ ੩੦॥

ਤੁਮ ਨਾਹਕ ਕਜੋਂ ਤ੍ਰਾਸਤਿ ਭਏ। ਪੁਰਿ ਕੋ ਨਹਿਂ ਬਿਗਾਰ ਚਿਤ ਠਏ'।
ਧਰਮ ਸਿੰਘ ਇਮ ਦਿਯੋ ਦਿਲਾਸਾ। ਤਦਪਿ ਨ ਤਿਨੈ ਭਯੋ ਭਾਰਵਾਸਾ॥ ੩੧॥

ਤੁਸੀਂ ਫਜ਼ੂਲ ਵਿਚ ਕਿਉਂ ਡਰਦੇ ਹੋ, ਉਹ ਨਗਰ ਦਾ ਕੁਝ ਵੀ ਵਿਗਾੜ ਕਰਨਾ ਨਹੀਂ ਚਾਹੁੰਦੇ ਹਨ।" ਧਰਮ ਸਿੰਘ ਨੇ ਇਸ ਪ੍ਰਕਾਰ ਦਿਲਾਸਾ ਦਿੱਤਾ, ਫਿਰ ਵੀ ਉਨ੍ਹਾਂ ਲੋਕਾਂ ਨੇ ਗੁਰੂ ਜੀ 'ਤੇ ਭਰੋਸਾ ਨਾ ਕੀਤਾ॥ ੩੧॥

'ਅਪਨੋ ਸਿਵਰ ਫਰਕਸੋਂ ਕਰੀਏ। ਪੁਰਿ ਜਨ ਕੋ ਡਰ ਉਰ ਤੇ ਹਰੀਏ'।
ਨਹਿਂ ਸਮੁਝੇ ਬਹੁ ਕਹਿ ਸਮੁਝਾਏ। ਧਰਮ ਸਿੰਘ ਤਬਿ ਹਟਿ ਕਰਿ ਆਏ ॥੩੨॥

ਆਪਣਾ ਡੇਰਾ ਕੁਝ ਫਰਕ ਨਾਲ ਕਰੋ, ਫਿਰ ਲੋਕਾਂ ਦੇ ਦਿਲ ਦਾ ਡਰ ਦੂਰ ਹੋਵੇਗਾ।'' ਬਹੁਤ ਕਹਿ ਕੇ ਸਮਝਾਇਆ ਪਰ ਉਹ ਲੋਕ ਨਾ ਸਮਝੇ। ਧਰਮ ਸਿੰਘ ਫਿਰ ਵਾਪਸ ਆ ਗਿਆ॥ ੩੨॥

ਪ੍ਰਭੁ ਆਗੈ ਅਰਦਾਸ ਬਖਾਨੀ। 'ਪੁਰਿ ਜਨ ਤ੍ਰਸਤਿ ਧੀਰ ਬਿਸਰਾਨੀ।
ਸੁੰਦਰ ਉਪਬਨ ਤਰੁਵਰ ਠੌਰ। ਕੁਛਕ ਫਰਕ ਤੇ ਹੈ ਇਕ ਔਰ॥ ੩੩॥

ਉਸ ਨੇ ਆ ਕੇ ਸਤਿਗੁਰੂ ਜੀ ਦੇ ਅੱਗੇ ਬੇਨਤੀ ਕੀਤੀ, ''ਨਗਰ ਦੇ ਲੋਕ ਬਹੁਤ ਡਰਦੇ ਹਨ ਤੇ ਉਨ੍ਹਾਂ ਨੇ ਧੀਰਜ ਵਿਸਾਰ ਦਿੱਤਾ ਹੈ। ਸੁੰਦਰ ਬਾਗ ਅਤੇ ਬ੍ਰਿਛਾਂ ਵਾਲਾ ਸਥਾਨ ਕੁਝ ਫਰਕ ਉੱਪਰ ਇਕ ਹੋਰ ਵੀ ਹੈ॥ ੩੩॥

ਫੁਰਮਾਵਹੁ ਸ੍ਰੀ ਮੁਖ ਤੇ ਡੇਰਾ। ਸਭਿ ਬਿਧਿ ਤੇ ਹੁਇ ਅਨੰਦ ਘਨੇਰਾ'।
ਸੁਨਿਕੈ ਨਾਥ ਕ੍ਰਿਪਾ ਕਰਿ ਕਹਜੋ। 'ਕਰਹੁ ਸਿਵਰ ਜਹਿਂ ਉਪਬਨ ਲਹਜੋ' ॥੩੪॥

ਉਥੇ ਡੇਰਾ ਲਾਉਣ ਵਾਸਤੇ ਫੁਰਮਾਓ, ਉਥੇ ਸਭ ਵਿਧੀਆਂ ਨਾਲ ਵੱਡਾ ਅਨੰਦ ਪ੍ਰਾਪਤ ਹੋਵੇਗਾ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਕਰਕੇ ਕਿਹਾ, ''ਉਥੇ ਜਾ ਕੇ ਡੇਰਾ ਲਾਵੋ ਜਿੱਥੇ ਬਾਗ ਦਿਖਾਈ ਦਿੰਦਾ ਹੈ''॥ ੩੪॥

ਚਢਿ ਪ੍ਰਭੁ ਗਏ ਪਿਖਜੋ ਸ਼ੁਭ ਬਾਗ਼। ਤਰੁ ਛਾਇਆ ਸੁੰਦਰ ਜਹਿਂ ਲਾਗ।
ਡੇਰਾ ਕਰਜੋ ਸਿੰਘ ਸਮੁਦਾਏ। ਤਬਿ ਪੁਰਿ ਜਨ ਦਰਸ਼ਨ ਕੋ ਆਏ॥ ੩੫॥

ਸਤਿਗੁਰੂ ਜੀ ਘੋੜੇ ਉੱਪਰ ਚੜ੍ਹ ਕੇ ਗਏ ਅਤੇ ਬਾਗ ਨੂੰ ਵੇਖਿਆ ਜਿਥੇ ਦਰੱਖਤਾਂ ਦੀ ਛਾਂ ਬੜੀ ਸੁੰਦਰ ਲੱਗਦੀ ਸੀ। ਸਾਰੇ ਸਿੰਘਾਂ ਨੇ ਉਥੇ ਡੇਰਾ ਕੀਤਾ, ਫਿਰ ਨਗਰ ਦੇ ਮਨੁੱਖ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ॥ ੩੫॥

ਮਿਲੇ ਸੁ ਦੈ ਦੈ ਗਨ ਉਪਹਾਰੂ। ਬੰਦਨ ਕਰਹਿਂ ਹੇਰਿ ਮੁਖ ਚਾਰੂ।
ਸ੍ਰੀ ਪ੍ਰਭੁ ਕਰੁਨਾ ਕਰਿ ਫੁਰਮਾਯੋ। 'ਕੋ ਖੇਚਲ ਇਨ ਕਰਹਿ ਨ ਧਾਯੋ॥ ੩੬॥

ਉਹ ਬਹੁਤ ਉਪਹਾਰ ਦੇ ਦੇ ਕੇ ਮਿਲੇ, ਸੁੰਦਰ ਮੁਖ ਵੇਖ ਕੇ ਬੰਦਨਾ ਕਰਦੇ ਸਨ। ਸਤਿਗੁਰੂ ਜੀ ਨੇ ਕਿਰਪਾ ਕਰਕੇ ਫੁਰਮਾਇਆ, ''ਦੌੜਨ ਭੱਜਣ ਦੀ ਖੇਚਲ ਇਨ੍ਹਾਂ ਵਿਚੋਂ ਕੋਈ ਵੀ ਨਾ ਕਰੇ॥ ੩੬॥

ਘਾਸ ਰੁ ਈਂਧਨ ਲੇਹੁ ਨ ਕੋਈ। ਇਸ ਹੀ ਥਲ ਸਭਿ ਪ੍ਰਾਪਤਿ ਹੋਈ।
ਬਾਗ਼ ਭਲੋ ਥਲ ਬਹੁ ਸੁਖਦਾਈ। ਇਸ ਮਹਿਂ ਤੇ ਲਿਹੁ ਚਹਿ ਸਮੁਦਾਈ' ॥੩੭॥

ਘਾਹ ਤੇ ਬਾਲਣ ਇਨ੍ਹਾਂ ਪਾਸੋਂ ਕੋਈ ਨਾ ਲਵੇ, ਇਸ ਸਥਾਨ ਤੇ ਹੀ ਸਭ ਚੀਜ਼ਾਂ ਪ੍ਰਾਪਤ ਹੋ ਜਾਣਗੀਆਂ। ਬਾਗ਼ ਵਾਲਾ ਥਾਂ ਬਹੁਤ ਚੰਗਾ ਅਤੇ ਸੁਖਦਾਈ ਹੈ, ਇਸ ਵਿਚੋਂ ਜਿਹੜੀਆਂ ਵੀ ਵਸਤਾਂ ਚਾਹੁੰਦੇ ਹੋ ਲੈ ਲਵੋ'' ॥ ੩੭॥

ਘਨੇ ਨਗਰ ਜਨ ਜਬਿ ਹੀ ਆਏ। ਲੇ ਤਿਨ ਕੋ ਸੰਗ ਪ੍ਰਭੂ ਸਿਧਾਏ।
ਕ੍ਰੀਚਕ ਹਤਨਿ ਥਾਨ ਅਵਿਲੋਕਨ। ਬੂਝਤਿ ਚਲੇ ਲਿਏ ਪੁਰਿ ਲੋਕਨਿ॥ ੩੮॥

ਜਦ ਨਗਰ ਦੇ ਬਹੁਤ ਲੋਕ ਇਕੱਠੇ ਹੋ ਕੇ ਆਏ ਤਾਂ ਸਤਿਗੁਰੂ ਉਨ੍ਹਾਂ ਨੂੰ ਨਾਲ ਲੈ ਕੇ ਨਗਰ ਵੱਲ ਚਲੇ ਗਏ। ਉਹ ਕ੍ਰੀਚਕ ਨੂੰ ਮਾਰਨ ਵਾਲਾ ਥਾਂ ਵੇਖਣ ਗਏ। ਉਹ ਨਗਰ ਦੇ ਲੋਕਾਂ ਨੂੰ ਪੁੱਛਦੇ ਚਲੇ ਗਏ॥ ੩੮॥

ਸਿੰਘਨ ਪ੍ਰਤਿ ਅਸ ਹੁਕਮ ਬਖਾਨਾ। 'ਚਲਹਿਂ ਪਯਾਦੇ ਤਜਹਿਂ ਕਿਕਾਨਾ'।
ਇਮ ਸੁਨਿ ਕਰਿ ਗਨ ਕਿਯਸਿ ਪਯਾਨਾ। ਪਹੁਂਚੇ ਕੋਸ ਉਚ ਬਹੁ ਥਾਨਾ ॥੩੯॥

ਸਿੰਘਾਂ ਨੂੰ ਉਨ੍ਹਾਂ ਇਸ ਪ੍ਰਕਾਰ ਹੁਕਮ ਕੀਤਾ, "ਪੈਦਲ ਹੀ ਚਲਦੇ ਹਾਂ, ਘੋੜੇ ਛੱਡ ਦਿੰਦੇ ਹਾਂ।" ਇਸ ਪ੍ਰਕਾਰ ਸੁਣ ਕੇ ਬਹੁਤ ਆਦਮੀਂ ਪੈਦਲ ਚਲ ਪਏ। ਇਹ ਕੋਹ ਪੈਂਡਾ ਤ੍ਰਹਿ ਕਰਕੇ ਉਹ ਬਹੁਤ ਉੱਚੇ ਸਥਾਨ 'ਤੇ ਪਹੁੰਚੇ॥ ੩੯॥

ਭਲੇ ਭਲੇ ਥਲ ਗੁਰੂ ਨਿਹਾਰੇ। ਬੂਝੇ ਨਰਨ ਬਤਾਵਤਿ ਸਾਰੇ।
ਤਹਾਂ ਅਪਰ ਗ੍ਰਾਮਨ ਕੇ ਲੋਕ। ਆਏ ਪ੍ਰਭੁ ਕੋ ਦਰਸ ਬਿਲੋਕਿ॥ ੪੦॥

ਭਲੇ-ਭਲੇ ਸਥਾਨ ਗੁਰੂ ਜੀ ਨੇ ਵੇਖੇ। ਜਦ ਮਨੁੱਖਾਂ ਨੂੰ ਪੁੱਛਦੇ ਸਨ ਤਾਂ ਸਾਰੇ ਦੱਸਦੇ ਸਨ। ਉਥੇ ਹੋਰ ਪਿੰਡਾਂ ਦੇ ਲੋਕ ਵੀ ਆਏ ਸਨ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸਨ॥ ੪੦॥

ਡਰ ਧਰਿ ਜਿਨ ਜਿਨ ਅਰਜ਼ ਬਖਾਨੀ। ਸਿੰਘਨ ਪ੍ਰਤਿ ਗੁਰ ਬੋਲੇ ਬਾਨੀ।
'ਇਕ ਇਕ ਗ੍ਰਾਮ ਨਗਰ ਮਹਿਂ ਜਾਵਹੁ। ਕਰਹਿਂ ਜੁ ਖੇਚਲ ਤਿਸਹਿ ਹਟਾਵਹੁ' ॥੪੧॥

ਡਰ ਧਾਰ ਕੇ ਜਿਨ੍ਹਾਂ-ਜਿਨ੍ਹਾਂ ਬੇਨਤੀ ਕੀਤੀ। ਸਿੰਘਾਂ ਨੂੰ ਫਿਰ ਗੁਰੂ ਜੀ ਨੇ ਆਦੇਸ਼ ਕੀਤਾ, "ਇਕ ਇਕ ਸਿੰਘ ਹੋ ਕੇ ਨਗਰ ਵਿਚ ਜਾਵੇ, ਜਿਹੜਾ ਵੀ ਖੇਚਲ ਕਰੇ ਉਸ ਨੂੰ ਰੋਕ ਦੇਵੇ"॥ ੪੧॥

ਨਾਥ ਹੁਕਮ ਸੁਨਿ ਸੁਨਿ ਕਰਿ ਗਏ। ਦੇ ਦੇ ਧੀਰ ਬਚਾਵਤਿ ਭਏ।
ਕਰਿ ਕਰਿ ਸੈਲ ਬਿਲੋਕੇ ਥਾਨ। ਉਤਰੇ ਆਨਿ ਗੁਰੂ ਭਗਵਾਨ।
ਤਹਿਂ ਡੇਰੇ ਕੋ ਕੀਨ ਮੁਕਾਮੂ। ਦੇਖਜੋ ਜਹਿਂ ਕਹਿਂ ਥਲ ਅਭਿਰਾਮੂ॥ ੪੨॥

ਸਤਿਗੁਰੂ ਜੀ ਦਾ ਹੁਕਮ ਸੁਣ ਕੇ ਸਿੰਘ ਗਏ ਤੇ ਉਨ੍ਹਾਂ ਨੂੰ ਧੀਰਜ ਦੇ ਦੇ ਕੇ ਬਚਾਉਂਦੇ ਸਨ। ਗੁਰੂ ਜੀ ਸੈਰ ਕਰ ਕਰ ਸਥਾਨ ਵੇਖਦੇ ਸਨ, ਏਥੇ ਗੁਰੂ ਭਗਵਾਨ ਜੀ ਨੇ ਆ ਉਤਾਰਾ ਕੀਤਾ ਸੀ। ਉਥੇ ਆਪਣੇ ਡੇਰੇ ਦਾ ਮੁਕਾਮ ਕੀਤਾ, ਜਿਥੇ ਵੀ ਕਿਤੇ ਸੁੰਦਰ ਸਥਾਨ ਵੇਖਿਆ॥ ੪੨॥

*ਪਹਿਲੇ ਐਨ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥*

## ਅਧਿਆਇ ਉਣਤਾਲੀਵਾਂ

### *ਬਘੌਰ ਵਿਖੇ ਜੰਗ*

ਦੋਹਰਾ- ਇਕ ਦਿਨ ਉਸ਼ਟਰ ਗੁਰੂ ਕੇ ਚਰਨ ਗਏ ਪੁਰਿ ਤੀਰ।
ਬਾਗਨ ਬਿਖੈ ਪ੍ਰਵੇਸ਼ ਭੇ ਲਤਾ ਤਰੁਨ ਬਡ ਭੀਰ॥ ੧॥

ਇਕ ਦਿਨ ਗੁਰੂ ਜੀ ਦੇ ਊਠ ਨਗਰ ਦੇ ਪਾਸ ਚਰਨ ਵਾਸਤੇ ਗਏ। ਉਹ ਬਾਗ਼ ਵਿਚ ਪ੍ਰਵੇਸ਼ ਕਰ ਗਏ, ਜਿਥੇ ਵੇਲਾਂ ਅਤੇ ਬ੍ਰਿੱਛ ਬਹੁਤ ਸੰਘਣੇ ਸਨ॥ ੧॥

ਚੌਪਈ- ਅੰਤਰ ਜਾਇ ਤੋਰਿ ਤਰੁ ਖਾਏ। ਇਤਨੇ ਮਹਿਂ ਮਾਲੀ ਤਹਿਂ ਆਏ।
ਉਸ਼ਟਨਿ ਕੈ ਬਹੁ ਲਸ਼ਟ ਪ੍ਰਹਾਰੇ। ਦੇ ਗਾਰੀ ਬਹੁ ਵਹਿਰ ਨਿਕਾਰੇ॥੨॥

ਊਠ ਬਾਗ਼ ਦੇ ਅੰਦਰ ਜਾ ਕੇ ਦਰੱਖ਼ਤਾਂ ਨੂੰ ਤੋੜ-ਤੋੜ ਕੇ ਖਾਣ ਲੱਗੇ। ਏਨੇ ਵਿਚ ਬਾਗ਼ ਦਾ ਮਾਲੀ ਆ ਗਿਆ। ਉਸ ਨੇ ਆ ਕੇ ਊਠਾਂ ਨੂੰ ਬਹੁਤ ਲਾਠੀਆਂ ਮਾਰੀਆਂ ਤੇ ਬਹੁਤ ਗਾਲ੍ਹਾਂ ਦੇ ਕੇ ਊਠ ਬਾਹਰ ਕੱਢੇ॥ ੨॥

ਇਤ ਤੇ ਉਸ਼ਟਵਾਨ ਮਿਲਿ ਗਏ। ਦੇ ਦੇ ਗਾਰ ਲਰਤਿ ਸੋ ਭਏ।
ਲਾਠੀ ਸੋਟਨ ਭਈ ਲਰਾਈ। ਮਾਰੇ ਉਪਬਨਵਾਨ ਪਲਾਈ॥ ੩॥

ਏਧਰ ਊਠਾਂ ਵਾਲੇ ਵੀ ਮਿਲ ਕੇ ਗਏ, ਉਹ ਵੀ ਗਾਲ੍ਹਾਂ ਦੇ ਦੇ ਕੇ ਲੜਨ ਲੱਗ ਪਏ। ਲਾਠੀਆਂ ਸੋਟਿਆਂ ਦੀ ਲੜਾਈ ਆਰੰਭ ਹੋ ਗਈ ਤੇ ਬਾਗਵਾਨਾਂ ਨੂੰ ਮਾਰ ਕੇ ਭਜਾ ਦਿੱਤਾ॥ ੩॥

ਲੇ ਉਸ਼ਟਰ ਇਹ ਗੁਰ ਢਿਗ ਆਏ। ਮਾਲੀ ਕਰਨਿ ਪੁਕਾਰਿ ਸਿਧਾਏ।
ਤਿਨ ਸੁਨਿਕੈ ਇਮ ਠਟੀ ਸਲਾਹਾ। 'ਸਿੰਘ ਜੁ ਆਵੈ ਕੋ ਇਤ ਰਾਹਾ॥ ੪॥

ਉਹ ਊਠਾਂ ਨੂੰ ਲੈ ਕੇ ਗੁਰੂ ਜੀ ਪਾਸ ਆਏ। ਮਾਲੀ ਆਪਣੇ ਮਾਲਕ ਪਾਸ ਪੁਕਾਰ ਕਰਨ ਚਲੇ ਗਏ। ਮਾਲਕ ਨੇ ਸੁਣ ਕੇ ਇਸ ਪ੍ਰਕਾਰ ਸਲਾਹ ਬਣਾਈ, "ਜੇ ਕੋਈ ਸਿੰਘ ਇਸ ਰਾਹ ਆਵੇ॥ ੪॥

ਤਿਸ ਕੋ ਹਤਹਿਂ ਮੁਸ਼ਟ ਅਰੁ ਸੋਟੇ। ਪਲਟਾ ਲੇਹਿਂ, ਕਰੀ ਕ੍ਰਿਤ ਖੋਟੇ'।
ਰਹੇ ਤਕਾਵਤਿ ਘਾਤ ਬਹੋਰੀ। ਗਮਨਜੋਂ ਸਿੰਘ ਏਕ ਤਿਸ ਠੋਰੀ॥ ੫॥

ਉਸਨੂੰ ਮੁੱਕੀਆਂ ਅਤੇ ਸੋਟੇ ਮਾਰਾਂਗੇ, ਜਿਹੜੀ ਉਨ੍ਹਾਂ ਖੋਟੀ ਕ੍ਰਿਤ ਕੀਤੀ ਹੈ, ਉਸ ਦਾ ਬਦਲਾ ਲਵਾਂਗੇ।" ਉਹ ਘਾਤ ਲਾ ਕੇ ਤੱਕ ਕੇ ਵੇਖਦੇ ਰਹੇ। ਇਕ ਦਿਨ ਉਥੇ ਇਕ ਸਿੰਘ ਗਿਆ॥ ੫॥

ਦੁਸ਼ਟਨਿ ਘੇਰ ਲਯੋ ਢਿਗ ਆਏ। ਹਿਤ ਮਾਰਨ ਕੈ ਹਾਥ ਉਠਾਏ।
ਕੋਪਜੋ ਸਿੰਘ ਕ੍ਰਿਪਾਨ ਨਿਕਾਰੀ। ਫਾਂਦਿ ਫਾਂਦਿ ਇਕ ਦ੍ਵੈ ਕੈ ਝਾਰੀ॥ ੬॥

ਦੁਸ਼ਟਾਂ ਨੇ ਉਸ ਸਿੰਘ ਦੇ ਪਾਸ ਆ ਕੇ, ਉਸ ਨੂੰ ਘੇਰ ਲਿਆ ਤੇ ਮਾਰਨ ਵਾਸਤੇ ਹੱਥ ਚੁੱਕੇ। ਇਹ ਵੇਖ ਕੇ ਸਿੰਘ ਗੁੱਸੇ ਵਿਚ ਆ ਗਿਆ ਤੇ ਉਸ ਨੇ ਕ੍ਰਿਪਾਨ ਕੱਢ ਲਈ ਤੇ ਛਾਲਾਂ ਮਾਰ ਮਾਰ ਕੇ ਇਕ ਦੋ ਦੇ ਤਲਵਾਰ ਮਾਰੀ॥ ੬॥

ਪਰਜੋ ਰੌਰ ਇਤ ਉਤ ਮਹਿਂ ਭਾਰੋ। ਸ਼੍ਰੋਨ ਖਾਲਸੇ ਕੇ ਕਿਨ ਡਾਰੋ।
ਲੇਕਰਿ ਹੁਕਮ ਨਾਥ ਕੋ ਧਾਏ। ਕਸੀ ਤੁਫੰਗੈਂ ਜੰਗ ਮਚਾਏ॥ ੭॥

ਏਧਰ ਓਧਰ ਭਾਰੀ ਰੌਲਾ ਪੈ ਗਿਆ, ਖਾਲਸੇ ਉੱਪਰ ਕਿਸ ਨੇ ਖੂਨ ਸੁੱਟਿਆ ਹੈ। ਸਾਰੇ ਸਤਿਗੁਰੂ ਜੀ ਪਾਸੋਂ ਹੁਕਮ ਲੈ ਕੇ ਭੱਜ ਕੇ ਗਏ ਤੇ ਬੰਦੂਕਾਂ ਕੱਸ ਕੇ ਜੰਗ ਮਚਾ ਦਿੱਤੀ॥ ੭॥

ਦੁਇ ਦਿਸ਼ਿ ਕੇ ਨਰ ਗਨ ਭਟ ਹ੍ਵੈ ਕੈ। ਮਚਜੋ ਲੋਹ ਚਿਤ ਮਹਿਂ ਰਿਸ ਕੈਕੈ
ਵਹਿਰ ਨਗਰ ਤੇ ਮਚੀ ਲਰਾਈ। ਬਿਚਰੇ ਸੁਭਟ ਤੁਫੰਗ ਚਲਾਈ॥ ੮॥

ਦੋਵਾਂ ਪਾਸਿਆਂ ਦੇ ਬਹੁਤ ਮਨੁੱਖਾਂ ਅਤੇ ਸੂਰਬੀਰਾਂ ਇਕੱਠੇ ਹੋ ਕੇ ਚਿੱਤ ਵਿਚ ਬੜਾ ਕ੍ਰੋਧ ਧਾਰ ਕੇ ਲੋਹੇ ਨਾਲ ਲੋਹਾ ਖੜਕਾ ਦਿੱਤਾ। ਨਗਰ ਦੇ ਬਾਹਰ ਲੜਾਈ ਮਚ ਗਈ। ਸੂਰਬੀਰ ਬੰਦੂਕਾਂ ਚਲਾਉਂਦੇ ਵਿਚਰ ਰਹੇ ਸਨ॥ ੮॥

ਪਰਜੋ ਨੇਰ ਐਂਚੀ ਤਰਵਾਰੈਂ। ਨਿਕਟ ਹੋਇ ਭਟ ਕੋ ਕਟਿ ਡਾਰੈਂ।
ਹਮਲਾ ਕਰਜੋ ਖਾਲਸੇ ਜਬੈ। ਧਾਇ ਬਰੇ ਪੁਰਿ ਭੀਤਰ ਸਬੈ॥ ੯॥

ਜਦ ਇਕ ਦੂਸਰੇ ਦੇ ਨੇੜੇ ਹੋਏ ਤਾਂ ਤਲਵਾਰਾਂ ਖਿੱਚ ਲਈਆਂ। ਪਾਸ ਹੋ ਕੇ ਸੂਰਬੀਰਾਂ ਨੂੰ ਮਾਰ ਦਿੰਦੇ ਸਨ। ਜਦ ਖਾਲਸੇ ਨੇ ਫਿਰ ਹਮਲਾ ਕੀਤਾ ਤਾਂ ਸਾਰੇ ਭੱਜ ਕੇ ਨਗਰ ਦੇ ਵਿਚ ਜਾ ਵੜੇ॥ ੯॥

ਕਾਇਮ ਕਰਜੋ ਭਏ ਸਵਧਾਨਾ। ਲੇ ਕਰਿ ਓਟਨਿ ਲਰੇ ਮਹਾਨਾ।
ਵਹਿਰ ਸਿੰਘ ਚਹੁਂ ਦਿਸ਼ਾ ਰਿਸਾਏ। ਲਾਇ ਮੋਰਚੇ ਤੁਪਕ ਚਲਾਏ॥ ੧੦॥

ਫਿਰ ਕਾਇਮ ਕੀਤੇ ਤਾਂ ਸਾਵਧਾਨ ਹੋ ਗਏ ਤੇ ਓਟਾਂ ਅਤੇ ਆਸਰੇ ਲੈ ਕੇ ਬਹੁਤ ਯੁੱਧ ਕੀਤਾ। ਬਾਹਰ ਸਿੰਘ ਚਾਰੇ ਪਾਸੇ ਗੁੱਸੇ ਨਾਲ ਭਰੇ ਸਨ, ਉਹ ਮੋਰਚਾ ਲਾ ਕੇ ਬੰਦੂਕ ਚਲਾਉਂਦੇ ਸਨ॥ ੧੦॥

ਲੋਥੈਂ ਵਹਿਰ ਛੋਡ ਕਰਿ ਭਾਗੇ। ਅੰਤਰ ਬਰਿ ਕਰਿ ਲਰਿਨੇ ਲਾਗੇ।
ਕਹੌਂ ਕਹਾਂ ਲਗਿ ਮਾਚਜੋ ਜੰਗ। ਛੁਟੈਂ ਦੁਹੂੰ ਦਿਸ਼ਿ ਪੁੰਜ ਤੁਫੰਗ॥ ੧੧॥

ਉਹ ਲੋਥਾਂ ਬਾਹਰ ਹੀ ਛੱਡ ਕੇ ਭੱਜ ਗਏ ਤੇ ਅੰਦਰ ਵੜ ਕੇ ਲੜਾਈ ਕਰਨ ਲੱਗੇ। ਕਿੱਥੋਂ ਤਕ ਕਹਾਂ ਐਸਾ ਜੰਗ ਮਚਿਆ, ਦੋਹਾਂ ਪਾਸਿਆਂ ਤੋਂ ਬਹੁਤ ਬੰਦੂਕਾਂ ਚਲਦੀਆਂ ਸਨ॥ ੧੧॥

ਦ੍ਵੈ ਦਿਸ਼ਿ ਜਬਿ ਘਮੰਡ ਅਸ ਹੋਵਾ। ਚਢਿ ਸਤਿਗੁਰ ਪੁਰਿ ਚਹੁਂ ਦਿਸ਼ਿ ਜੋਵਾ।
ਪੌਰ ਸਥਾਨ ਅਗਾਰੀ ਠਾਂਢੇ। ਸਿੰਘਨ ਸੰਗ ਕਹਜੋ 'ਨਹਿਂ ਗਾਢੇ॥ ੧੨॥

ਦੋਵੀਂ ਪਾਸੀਂ ਜਦ ਐਸਾ ਅਹੰਕਾਰ ਪ੍ਰਗਟ ਹੋਇਆ ਤਾਂ ਸਤਿਗੁਰੂ ਜੀ ਨੇ ਉੱਚੇ ਸਥਾਨ ਉੱਪਰ ਚੜ੍ਹ ਕੇ ਚਾਰੇ ਪਾਸੇ ਵੇਖਿਆ। ਸਿੰਘ ਦਰਵਾਜ਼ੇ ਵਾਲੇ ਸਥਾਨ ਦੇ ਅੱਗੇ ਖੜੇ ਸਨ। ਗੁਰੂ ਜੀ ਨੇ ਸਿੰਘਾਂ ਨੂੰ ਫਿਰ ਕਿਹਾ, "ਦਰਵਾਜ਼ਾ ਬਹੁਤਾ ਮਜ਼ਬੂਤ ਨਹੀਂ ਹੈ॥ ੧੨॥

ਘਾਲਹੁ ਹੇਲ ਪੌਰ ਚਲਿ ਜੱਯੈ। ਅਰਹਿ ਸੁ ਕਾਟਹੁ ਤੂਰਨ ਲੱਯੈ।
ਸੁਨਤਿ ਖਾਲਸੇ ਤਜੀ ਤੁਫੰਗੈਂ। ਮਾਰਿ ਮਾਰਿ ਕਰਿ ਸ਼ੋਰ ਉਤੰਗੈ॥ ੧੩॥

ਹਮਲਾ ਕਰਕੇ ਦਰਵਾਜ਼ੇ ਦੇ ਅੰਦਰ ਚਲੇ ਜਾਵੋ, ਜਿਹੜਾ ਅੱਗੇ ਅੜਦਾ ਹੈ, ਉਸ ਨੂੰ ਤੁਰਤ ਕੱਟ ਦੇਵੋ।" ਇਹ ਸੁਣ ਕੇ ਖਾਲਸੇ ਨੇ ਬੰਦੂਕਾਂ ਛੱਡੀਆਂ, ਬੰਦੂਕਾਂ ਮਾਰਨ ਦੇ ਨਾਲ ਬਹੁਤ ਉੱਚਾ ਸ਼ੋਰ ਪ੍ਰਗਟ ਹੋਇਆ॥ ੧੩॥

ਖੈਂਚਿ ਮਜਾਨ ਤੇ ਲਈ ਕ੍ਰਿਪਾਨੈਂ। ਦੌਰੇ ਪੌਰ ਸਮੁਖ ਕਰਿ ਹਾਨੈਂ।
ਤਜਿ ਭਾਗੇ ਪੁਰਿ ਕੋਟ ਅਤੰਕੇ। ਭਏ ਪ੍ਰਵੇਸ਼ ਸਿੰਘ ਬਰ ਬੰਕੇ॥ ੧੪॥

ਫਿਰ ਸਿੰਘਾਂ ਨੇ ਮਿਆਨ ਵਿਚੋਂ ਤਲਵਾਰਾਂ ਖਿੱਚ ਲਈਆਂ ਤੇ ਭੱਜ ਕੇ ਦਰਵਾਜ਼ੇ ਦੇ ਸਾਹਮਣੇ ਹੋ ਕੇ ਮਾਰੇ। ਡਰ ਨਾਲ ਕਿਲ੍ਹੇ ਦੀ ਦੀਵਾਰ ਛੱਡ ਕੇ ਭੱਜ ਕੇ ਅੰਦਰ ਵੜ ਗਏ। ਫਿਰ ਬਾਂਕੇ ਬੀਰ ਸਿੰਘ ਵੀ ਅੰਦਰ ਪ੍ਰਵੇਸ਼ ਕਰ ਗਏ॥ ੧੪॥

ਲੂਟਨ ਲਗੇ ਨਗਰ ਕੋ ਫੇਰ। ਭਾਜੇ ਪੁਰਿ ਜਨ ਡਰ ਕੋ ਹੇਰਿ।
ਹੁਤੋ ਦੁਰਗ ਤਹਿਂ ਭਏ ਮਵਾਸੀ। ਰਹੇ ਵਹਿਰ ਸੋ ਕਰੇ ਬਿਨਾਸ਼ੀ॥ ੧੫॥

ਫਿਰ ਸਿੰਘ ਨਗਰ ਨੂੰ ਲੁੱਟਣ ਲੱਗੇ। ਨਗਰ ਦੇ ਲੋਕ ਫਿਰ ਡਰ ਵੇਖ ਕੇ ਭੱਜ ਪਏ। ਉਥੇ ਇਕ ਕਿਲ੍ਹਾ ਸੀ, ਉਸ ਵਿਚ ਪਨਾਹ ਲੈ ਲਈ, ਜਿਹੜੇ ਬਾਹਰ ਰਹਿ ਗਏ, ਉਨ੍ਹਾਂ ਨੂੰ ਮਾਰ ਦਿੱਤਾ॥ ੧੫॥

ਦੁਰਗ ਚੁਗਿਰਦੇ ਘੇਰਾ ਡਾਰਾ। ਲੂਟਜੋ ਸ਼ਹਿਰ ਜਹਾਂ ਕਹਿਂ ਸਾਰਾ।
ਘ੍ਰਿਤ ਮਿਸ਼ਟਾਨ ਅੰਨ ਪਟ ਘਨੇ। ਧਨ ਤੇ ਆਦਿ ਜਿਤਿਕ ਜਿਸ ਬਨੇ॥ ੧੬॥

ਫਿਰ ਕਿਲ੍ਹੇ ਦੇ ਚਾਰ-ਚੁਫੇਰੇ ਘੇਰਾ ਪਾ ਲਿਆ ਤੇ ਜਿੱਥੇ ਕਿੱਥੇ ਸਾਰਾ ਸ਼ਹਿਰ ਲੁੱਟ ਲਿਆ। ਘਿਉ, ਮਿੱਠਾ, ਅਨਾਜ ਅਤੇ ਕੱਪੜੇ ਬਹੁਤ ਲੁੱਟੇ। ਧਨ ਆਦਿ ਜੋ ਵੀ ਕਿਸੇ ਦੇ ਹੱਥ ਆਇਆ ਲੁੱਟ ਲਿਆ॥ ੧੬॥

ਲੂਟ ਕੂਟ ਕਰਿ ਸਿੰਘ ਅਘਾਏ। ਦੁਰਗ ਚੁਗਿਰਦੇ ਪੁਨ ਸਮੁਦਾਏ।
ਨਿਕਸਨ ਅਰੁ ਪ੍ਰਵੇਸ਼ ਹੁਇ ਨਾਂਹੀ। ਛੁਟਹਿਂ ਤੁਫੰਗ ਜੰਗ ਬਡ ਮਾਂਹੀ॥ ੧੭॥

ਲੁੱਟ ਕੁੱਟ ਕੇ ਫਿਰ ਸਿੰਘ ਰੱਜ ਗਏ, ਫਿਰ ਕਿਲ੍ਹੇ ਦੇ ਦੁਆਲੇ ਖੜੇ ਹੋ ਗਏ। ਕਿਲ੍ਹੇ ਵਿਚੋਂ ਨਾ ਕੋਈ ਨਿਕਲ ਸਕਦਾ ਸੀ ਤੇ ਨਾ ਹੀ ਕੋਈ ਦਾਖਲ ਹੋ ਸਕਦਾ ਸੀ। ਵੱਡੀ ਜੰਗ ਵਿਚ ਬੰਦੂਕਾਂ ਚਲ ਰਹੀਆਂ ਸਨ॥ ੧੭॥

ਗਰੀਅਨਿ ਮਹਿਂ ਤਿਹ ਲੋਥ ਪਰੀ ਹੈ। ਭਾਜੀ ਸਕਲ, ਨ ਸੈਨ ਅਰੀ ਹੈ।
ਧਰਮ ਸਿੰਘ ਕੋ ਪ੍ਰਭੁ ਬੁਲਵਾਇ। ਕਹ੍ਯੋ 'ਹੇਲ ਘਾਲੋ ਸਮੁਦਾਇ॥ ੧੮॥

ਗਲੀਆਂ ਵਿਚ ਉਨ੍ਹਾਂ ਦੀਆਂ ਲੋਥਾਂ ਪਈਆਂ ਸਨ, ਸਾਰੇ ਭੱਜ ਗਏ, ਕੋਈ ਵੀ ਸੈਨਾ ਅੱਗੇ ਅੜਿਆ ਨਹੀਂ ਹੈ। ਫਿਰ ਸਤਿਗੁਰੂ ਜੀ ਨੇ ਧਰਮ ਸਿੰਘ ਨੂੰ ਬੁਲਾਇਆ ਤੇ ਕਿਹਾ, "ਸਾਰੇ ਮਿਲ ਕੇ ਹੱਲਾ ਕਰੋ॥ ੧੮॥

ਨਿਕਟ ਮੋਰਚੇ ਦੇਹੁ ਢੁਕਾਈ। ਮਾਰਹੁ ਸ਼ੱਤ੍ਰਨਿ ਕੋ ਸਮੁਦਾਈ'।
ਸੁਨਿਕੈ ਧਰਮ ਸਿੰਘ ਤਬਿ ਗਯੋ। ਦੁਰਗ ਚੁਗਿਰਦੇ ਬਿਚਰਤਿ ਭਯੋ॥ ੧੯॥

ਕਿਲ੍ਹੇ ਦੇ ਨੇੜੇ ਮੋਰਚੇ ਬਣਾ ਦੇਵੋ ਤੇ ਸਾਰੇ ਵੈਰੀਆਂ ਨੂੰ ਮਾਰ ਦੇਵੋ।" ਇਹ ਸੁਣ ਕੇ ਫਿਰ ਧਰਮ ਸਿੰਘ ਗਿਆ, ਜਿਥੇ ਸਿੰਘ ਕਿਲ੍ਹੇ ਦੇ ਆਲੇ-ਦੁਆਲੇ ਫਿਰ ਰਹੇ ਸਨ॥ ੧੯॥

ਸਗਰੀ ਘਾਤ ਹੇਰਿ ਕਰਿ ਆਛੈ। ਹੇਲ ਕਰਨ ਕੋ ਚਿਤ ਮਹਿਂ ਬਾਛੈ।
ਰਤਨ ਸਿੰਘ ਤਬਿ ਦੌਰਤਿ ਆਯੋ। ਸ਼੍ਰੀ ਪ੍ਰਭੁ ਸੰਗ ਉਪਾਉ ਬਤਾਯੋ॥ ੨੦॥

ਸਭ ਪ੍ਰਕਾਰ ਦੇ ਦਾਅ ਪੇਚਾਂ ਨੂੰ ਚੰਗੀ ਤਰ੍ਹਾਂ ਵੇਖ ਕੇ, ਫਿਰ ਹਮਲਾ ਕਰਨ ਦੀ ਇੱਛਾ ਕੀਤੀ। ਰਤਨ ਸਿੰਘ ਫਿਰ ਭੱਜਦਾ ਹੋਇਆ ਆਇਆ ਤੇ ਉਸ ਸਤਿਗੁਰੂ ਜੀ ਨੂੰ ਉਪਾਅ ਦੱਸਿਆ॥ ੨੦॥

'ਪੁੰਜ ਸਿੰਘ ਹੇਲੇ ਮਹਿਂ ਮਰੈਂ। ਜਤਨ ਸੁਖੈਨ ਆਪ ਅਸ ਕਰੈਂ।
ਇਹ ਪਰਬਤ ਸਿਰ ਤੋਪ ਚਢਾਵੋ। ਤਹਿਂ ਥਿਰ ਕਰਿ ਗੋਰਾ ਚਲਵਾਵੋ॥ ੨੧॥

"ਕਈ ਸਿੰਘ ਹਮਲੇ ਵਿਚ ਮਰ ਜਾਣਗੇ, ਆਪ ਜੀ ਸੌਖਾ ਜੇਹਾ ਯਤਨ ਇਸ ਪ੍ਰਕਾਰ ਕਰੋ। ਇਸ ਪਰਬਤ ਦੇ ਸਿਰ ਉੱਪਰ ਤੋਪ ਚੜ੍ਹਾਓ ਤੇ ਉਥੇ ਸਥਿਰ ਹੋ ਕੇ ਗੋਲਾ ਚਲਵਾਵੋ॥ ੨੧॥

ਅੰਤਰ ਲਗਹਿ ਜਾਇ ਕਰਿ ਜਬੈ। ਡਰ ਧਰਿ ਨਿਕਸ ਜਾਹਿਂ ਰਿਪੁ ਸਬੈ'।
ਸੁਨਿ ਸਤਿਗੁਰ ਆਛੀ ਬਿਧਿ ਮਾਨੀ। 'ਤੋਪ ਚਢਾਵਹੁ' ਸਭਿਨਿ ਬਖਾਨੀ॥੨੨॥

ਜਦ ਗੋਲਾ ਅੰਦਰ ਜਾ ਕੇ ਲਗੇਗਾ ਤਾਂ ਡਰ ਕੇ ਸਾਰੇ ਵੈਰੀ ਬਾਹਰ ਆ ਜਾਣਗੇ।" ਇਹ ਸੁਣ ਕੇ ਸਤਿਗੁਰੂ ਜੀ ਨੇ ਚੰਗੀ ਵਿਧੀ ਜਾਣੀ ਤੇ ਸਾਰਿਆਂ ਨੂੰ ਹੁਕਮ ਕੀਤਾ, "ਤੋਪ ਪਹਾੜੀ ਉੱਪਰ ਚੜ੍ਹਾਓ"॥ ੨੨॥

ਤਬਹਿ ਖਾਲਸਾ ਮਿਲਿ ਕਰਿ ਚਾਲਾ। ਲਈ ਤੋਪ ਚਢਿ ਗਿਰ ਤਤਕਾਲਾ।
ਥੈਲੀ ਡਾਰਿ ਕਸ੍ਯੋ ਜਬਿ ਗੋਰਾ। ਬਾਂਧੀ ਸ਼ਿਸਤ ਪੌਰ ਕੀ ਓਰਾ॥ ੨੩॥

ਤਦ ਖਾਲਸਾ ਮਿਲ ਕੇ ਚਲਿਆ ਤੇ ਤੋਪ ਲੈ ਕੇ ਉਹ ਤੁਰਤ ਪਹਾੜ ਉੱਪਰ ਚੜ੍ਹ ਗਏ। ਜਦ ਥੈਲੀ ਪਾ ਕੇ ਗੋਲਾ ਕੱਸਿਆ ਤਾਂ ਮੁੱਖ ਦਵਾਰ ਨੂੰ ਆਪਣਾ ਨਿਸ਼ਾਨਾ ਬਣਾਇਆ॥ ੨੩॥

ਪਾਇ ਬਰੂਦ ਅਗਨ ਤਬਿ ਲਾਈ। ਧੁਖ੍ਯੋ ਪਲੀਤਾ ਬਡ ਗਰਜਾਈ।
ਮਨਹੁਂ ਗਾਜ ਗਿਰਿ ਕਰੀ ਅਵਾਜ਼। ਸੁਨਿ ਰਿਪੁ ਕੌ ਧੀਰਜ ਉਰ ਭਾਜਿ॥੨੪॥

ਬਾਰੂਦ ਪਾ ਕੇ ਫਿਰ ਅੱਗ ਲਾਈ ਤਾਂ ਪਲੀਤਾ ਧੁਖਿਆ ਤੇ ਬਹੁਤ ਉੱਚੀ ਗਰਜ ਪੈਦਾ ਹੋਈ। ਮਾਨੋ ਪਹਾੜ ਨੇ ਗੱਜ ਕੇ ਆਵਾਜ਼ ਕੀਤੀ ਹੋਵੇ। ਇਹ ਗਰਜ ਸੁਣ ਕੇ ਵੈਰੀਆਂ ਦੇ ਹਿਰਦੇ ਦਾ ਧੀਰਜ ਭੱਜ ਗਿਆ॥ ੨੪॥

ਗੋਰਾ ਲਗ੍ਯੋ ਪੌਰ ਮਹਿਂ ਜਾਈ। ਪੁਨ ਕਸ ਕਰਿ ਤਤਕਾਲ ਚਲਾਈ।
ਇਸੀ ਰੀਤ ਗੋਰੇ ਦ੍ਵੈ ਚਾਰੇ। ਪੌਰ ਬਿਖੈ ਕੇ ਬਿਚੁ ਭਟ ਮਾਰੇ॥ ੨੫॥

ਗੋਲਾ ਜਾ ਕੇ ਮੁਖ ਦਵਾਰ ਨੂੰ ਜਾ ਕੇ ਲੱਗਾ, ਫਿਰ ਤੋਪ ਕੱਸ ਕੇ ਇਕ ਹੋਰ ਗੋਲਾ ਚਲਾਇਆ। ਏਸੇ ਪ੍ਰਕਾਰ ਦੋ ਚਾਰ ਹੋਰ ਗੋਲੇ ਚਲਾਏ ਤੇ ਮੁਖ ਦਵਾਰ 'ਤੇ ਖੜੇ ਸਾਰੇ ਸੂਰਬੀਰ ਮਾਰ ਦਿੱਤੇ॥ ੨੫॥

ਮ੍ਰਿਤਕ ਦੇਖਿ ਕਰਿ ਉਪਜਯੋ ਤ੍ਰਾਸਾ। ਲਖਯੋ ਕਿ ਸਭਿ ਕੋ ਹੋਇ ਬਿਨਾਸਾ।
ਹੇਲਾ ਘਾਲਨਿ ਤੇ ਹਤਿ ਧੀਰ। ਊਪਰ ਚਢੇ ਭ੍ਰਮਾਯੋ ਚੀਰ॥ ੨੬॥

ਮਰੇ ਹੋਏ ਵੇਖ ਕੇ ਬੜਾ ਡਰ ਉਤਪੰਨ ਹੋਇਆ, ਇਹ ਸਮਝ ਲਿਆ ਕਿ ਸਾਰਿਆਂ ਦਾ ਵਿਨਾਸ਼ ਹੋ ਜਾਵੇਗਾ। ਹੱਲਾ ਕਰਨ ਦਾ ਧੀਰਜ ਦੂਰ ਹੋਇਆ, ਫਿਰ ਕਿਲ੍ਹੇ ਦੇ ਉੱਪਰ ਚੜ੍ਹ ਕੇ ਕੱਪੜਾ ਫੇਰ ਕੇ ਕਿਹਾ॥ ੨੬॥

*ਪਾਧੜੀ ਛੰਦ*-'ਰਖ ਲੇਹੁ ਗੁਰੂ ਦਿਹੁ ਜੀਵ ਦਾਨ। ਹਮ ਨਿਕਸਿ ਜਾਇਂ ਜੇ ਬਚਹਿਂ ਪ੍ਰਾਨ'।
ਇਮ ਸੁਨੀ ਖਾਲਸੇ ਅਰਜ਼ ਦੀਨ। ਲੀਨੇ ਨਿਕਾਸ ਪੁਨ ਜਾਨਿ ਦੀਨ॥੨੭॥

''ਹੇ ਗੁਰੂ ਜੀ! ਸਾਨੂੰ ਬਚਾ ਲਵੋ ਤੇ ਜੀਵਨ ਦਾਨ ਬਖਸ਼ੋ, ਜੇ ਸਾਡੇ ਪ੍ਰਾਣ ਬਚ ਜਾਣਗੇ ਤਾਂ ਅਸੀਂ ਬਾਹਰ ਨਿਕਲ ਜਾਵਾਂਗੇ।'' ਜਦ ਖਾਲਸੇ ਨੇ ਇਸ ਪ੍ਰਕਾਰ ਦੀਨ ਹੋਇਆਂ ਦੀ ਬੇਨਤੀ ਸੁਣੀ, ਤਾਂ ਬਾਹਰ ਕੱਢ ਲਏ ਤੇ ਫਿਰ ਉਨ੍ਹਾਂ ਨੂੰ ਜਾਣ ਦਿੱਤਾ॥ ੨੭॥

ਗਢ ਨਗਰ ਮਾਰਿ ਫਿਰ ਦੁਰਗ ਛੀਨ। ਗਨ ਸੌਜ ਅਨਿਕ ਸਭਿ ਲੂਟ ਲੀਨ।
ਇਕ ਸਿੰਘ ਗੁਰੂ ਢਿਗ ਜਾਇ ਧਾਇ। ਸਭਿ ਕਹੀ ਖਬਰ ਜਿਮ ਜੀਤਿ ਪਾਇ॥੨੮॥

ਗੜ ਅਤੇ ਨਗਰ ਮਾਰ ਕੇ, ਫਿਰ ਕਿਲ੍ਹਾ ਖੋਹ ਲਿਆ ਤੇ ਅਨੇਕ ਪ੍ਰਕਾਰ ਦੀ ਜਿਹੜੀ ਸਮੱਗਰੀ ਅੰਦਰ ਸੀ, ਉਹ ਸਾਰੀ ਲੁੱਟ ਲਈ। ਫਿਰ ਇਕ ਸਿੰਘ ਗੁਰੂ ਜੀ ਪਾਸ ਭੱਜਾ ਗਿਆ, ਉਸ ਨੇ ਜਾ ਕੇ ਗੁਰੂ ਜੀ ਨੂੰ ਸਾਰੀ ਖਬਰ ਸੁਣਾਈ, ਜਿਵੇਂ ਜਿੱਤ ਪ੍ਰਾਪਤ ਕੀਤੀ ਸੀ॥ ੨੮॥

ਪ੍ਰਭੁ ਪਿਖਹਿਂ ਦੁਰਗ ਪਰਖਾ ਬਿਸਾਲ। ਬਿਚ ਕੂਪ ਲਰਨ ਕੀ ਸੌਜ ਜਾਲ।
ਬਹੁ ਅੰਨ ਘ੍ਰਿਤ ਮਿਸ਼ਟਾਨ ਚੀਰ। ਸਭਿ ਗਏ ਤਜਾਗ ਡਰ ਧਾਰਿ ਭੀਰੁ॥੨੯॥

ਸਤਿਗੁਰੂ ਜੀ ਨੇ ਕਿਲ੍ਹੇ ਦੀ ਵਿਸ਼ਾਲ ਖਾਈ ਨੂੰ ਵੇਖਿਆ ਹੈ। ਖੂਹ ਦੇ ਵਿਚ ਯੁੱਧ ਵਾਸਤੇ ਬਹੁਤ ਸਮੱਗਰੀ ਪਈ ਹੋਈ ਹੈ। ਬਹੁਤ ਅਨਾਜ, ਘਿਉ, ਮਿੱਠਾ ਅਤੇ ਕੱਪੜੇ ਪਏ ਹਨ। ਕਾਇਰ ਡਰ ਧਾਰ ਕੇ ਸਭ ਕੁਝ ਛੱਡ ਗਏ ਹਨ॥ ੨੯॥

ਸੁਨਿ ਦਯਾ ਸਿੰਧ ਸੈਂਧਵ ਮੰਗਾਇ। ਹੁਇ ਕਰਿ ਅਰੋਹ ਤਿਤ ਦਿਸ਼ਿ ਚਲਾਇ।
ਇਕ ਧਰਮ ਸਿੰਘ ਬਰ ਬੀਰ ਸੰਗ। ਤਜਿ ਸਿਵਰ ਚਲੇ ਜਿਤ ਜਿਤ ਦੁਰਗ ਭੰਗ॥੩੦॥

ਇਹ ਸੁਣ ਕੇ ਕਿਰਪਾ ਦੇ ਸਾਗਰ ਭਾਵ ਸਤਿਗੁਰੂ ਜੀ ਨੇ ਫਿਰ ਘੋੜਾ ਮੰਗਵਾਇਆ ਤੇ ਘੋੜੇ ਉੱਪਰ ਸਵਾਰ ਹੋ ਕੇ ਉਸ ਪਾਸੇ ਵੱਲ ਲੈ ਕੇ ਚਲੇ ਗਏ। ਇਕ ਧਰਮ ਸਿੰਘ ਹੀ ਸ੍ਰੇਸ਼ਟ ਸੂਰਬੀਰ ਨਾਲ ਸੀ। ਡੇਰੇ ਨੂੰ ਛੱਡ ਕੇ ਓਧਰ ਚਲੇ ਗਏ, ਜਿੱਥੇ ਕਿੱਥੇ ਕਿਲ੍ਹਾ ਤੋੜਿਆ ਸੀ॥ ੩੦॥

ਕੇਤੀਕ ਦੂਰ ਜਬਿ ਕਿਯ ਪਯਾਨ। ਨਗਰੀ ਬਘੌਰ ਭੂਪਤਿ ਮਹਾਨ।
ਸੋ ਹੁਤੋ ਵਹਿਰ ਸੁਧ ਸੁਨਤਿ ਆਇ। ਡੇਰਾ ਨਿਹਾਰ ਉਰ ਮੈਂ ਰਿਸਾਇ॥ ੩੧॥

ਜਦ ਕੁਝ ਦੂਰ ਅੱਗੇ ਚਲ ਕੇ ਗਏ, ਤਾਂ ਬਘੌਰ ਨਗਰੀ ਦਾ ਮਹਾਨ ਰਾਜਾ ਖ਼ਬਰ ਸੁਣ ਕੇ ਬਾਹਰ ਆਇਆ। ਉਹ ਡੇਰਾ ਵੇਖ ਕੇ ਬੜੇ ਗੁੱਸੇ ਵਿਚ ਭਰ ਗਿਆ॥ ੩੧॥

ਤਬਿ ਪਰਯੋ ਧਾਇ ਤਜਿ ਸਰ ਤੁਫਗ। ਕੁਛ ਹੁਤੇ ਸਿੰਘ ਤਿਨ ਕੀਨਿ ਜੰਗ।
ਦੁਇ ਦਿਸ਼ਿਨਿ ਬਕਾਰਾ ਮਾਰਿ ਮਾਰਿ। ਮਰਿ ਗਏ ਕਿਤਿਕ ਗਿਰਿ ਗੇ ਸੁਮਾਰਿ॥੩੨॥

ਤਦ ਤੀਰ ਅਤੇ ਬੰਦੂਕਾਂ ਚਲਾ ਕੇ ਉਹ ਧਾਵਾ ਕਰਕੇ ਪੈ ਗਿਆ। ਉਥੇ ਕੁਝ ਸਿੰਘ ਸਨ ਉਨ੍ਹਾਂ ਨੇ ਉਸ ਨਾਲ ਜੰਗ ਕੀਤੀ। ਦੋਵਾਂ ਪਾਸਿਆਂ ਦੇ ਸੂਰਬੀਰ ਸਿੰਘ ਨਾਦ ਕਰ ਕਰ ਅਤੇ ਗਰਜ-ਗਰਜ ਕੇ ਕਈ ਮਰ ਗਏ ਅਤੇ ਬੇਸ਼ੁਮਾਰ ਜ਼ਖਮੀਂ ਹੋਏ॥ ੩੨॥

ਬਡ ਪਰਜੋ ਰੌਰ ਗੁਰ ਸੁਨਤਿ ਕਾਨ। ਹਟਿ ਪਰੇ ਤੁਰਤ ਬਨਿ ਸਾਵਧਾਨ।
ਇਕ ਧਰਮ ਸਿੰਘ ਭਟ ਸੰਗ ਜਾਇ। ਦੇਖਜੋ ਲਰੰਤਿ ਬਾਘੌਰ ਰਾਇ॥ ੩੩॥

ਵੱਡਾ ਰੌਲਾ ਮਚ ਗਿਆ, ਜਿਸ ਨੂੰ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ। ਉਹ ਪਿੱਛੇ ਹਟ ਕੇ ਤੁਰਤ ਸਾਵਧਾਨ ਹੋ ਗਏ। ਇਕ ਧਰਮ ਸਿੰਘ ਸੂਰਬੀਰ ਨਾਲ ਜਾ ਰਿਹਾ ਸੀ, ਉਨ੍ਹਾਂ ਬਘੌਰ ਦੇ ਰਾਜੇ ਨੂੰ ਜੰਗ ਕਰਦੇ ਵੇਖਿਆ॥ ੩੩॥

ਉਤ ਹੁਤੇ ਰਾਵ ਅਸਵਾਰ ਦੋਇ। ਇਤ ਗੁਰੂ ਧਰਮ ਸਿੰਘ ਸੰਗ ਜੋਇ।
ਪੈਦਲ ਸਮੂਹ ਦੋਨਹੁੰ ਦਿਸ਼ਾਨ। ਛੂਟਹਿਂ ਤੁਫੰਗ ਤੀਖਨ ਸੁ ਬਾਨ॥ ੩੪॥

ਓਧਰ ਦੋਵੇਂ ਰਾਜੇ ਘੋੜਿਆਂ ਉੱਪਰ ਸਵਾਰ ਸਨ। ਏਧਰ ਸਤਿਗੁਰੂ ਜੀ ਧਰਮ ਸਿੰਘ ਨਾਲ ਜਾ ਰਹੇ ਸਨ। ਦੋਵੀਂ ਪਾਸੀਂ ਬਹੁਤੀ ਸੈਨਾ ਪੈਦਲ ਸੀ। ਬੰਦੂਕਾਂ ਅਤੇ ਤਿੱਖੇ ਤੀਰ ਚਲ ਰਹੇ ਸਨ॥ ੩੪॥

ਸਤਿਗੁਰੂ ਕਹਜੋ 'ਸੁਨਿ ਧਰਮ ਸਿੰਘ। ਰਣ ਜਾਹੁ ਅੱਗ੍ਰ ਬਨਿ ਰੂਪ ਸਿੰਘ।
ਉਤ ਦੋਇ ਇਤੈ ਹਮ ਦੋਇ ਜਾਨਿ। ਇਕ ਸੰਗ ਏਕ ਭਿਰਿ ਹੈ ਮਹਾਨ' ॥੩੫॥

ਸਤਿਗੁਰੂ ਜੀ ਨੇ ਕਿਹਾ, "ਹੇ ਧਰਮ ਸਿੰਘ! ਸੁਣੋ, ਜੇ ਹੁਣ ਅੱਗੇ ਸਾਡਾ ਆਪਸ ਵਿਚ ਯੁੱਧ ਹੋ ਜਾਵੇ, ਓਧਰ ਦੋ ਸੂਰਬੀਰ ਹਨ ਤੇ ਏਧਰ ਅਸੀਂ ਦੋ ਸੂਰਬੀਰ ਹਾਂ, ਫਿਰ ਇਕ ਦਾ ਇਕ ਨਾਲ ਮਹਾਨ ਭੇੜ ਹੋਵੇਗਾ"॥ ੩੫॥

ਸੁਨਿ ਧਰਮ ਸਿੰਘ ਹਯ ਕੋ ਧਵਾਇ। ਰਣ ਸਮੁਖ ਗਯੋ ਰਿਪੁ ਹਤਨਿ ਚਾਇ।
ਊਚੇ ਪੁਕਾਰ ਲੀਨੋ ਹਕਾਰ। 'ਇਤ ਆਉ ਆਪਨੋ ਕਰਹੁ ਵਾਰ॥ ੩੬॥

ਇਹ ਸੁਣ ਕੇ ਧਰਮ ਸਿੰਘ ਨੇ ਘੋੜੇ ਨੂੰ ਭਜਾਇਆ, ਉਹ ਯੁੱਧ ਖੇਤਰ ਦੇ ਸਾਹਮਣੇ ਗਿਆ, ਵੈਰੀ ਨੂੰ ਮਾਰਨਾ ਚਾਹੁੰਦਾ ਸੀ। ਉੱਚੀ ਆਵਾਜ਼ ਮਾਰ ਕੇ ਉਨ੍ਹਾਂ ਨੂੰ ਬੁਲਾ ਲਿਆ, "ਏਧਰ ਆਵੋ ਆਪਣਾ ਵਾਰ ਕਰੋ॥ ੩੬॥

ਮੈਂ ਹਤੌਂ ਕਿਧੌਂ ਅਬਿ ਲਿਹੁ ਸੰਭਾਰ'। ਸੁਨਿ ਭਯੋ ਸਮੁਖ ਸਰ ਕੋ ਨਿਕਾਰਿ।
ਧਰਿ ਧਨੁਖ ਬਿਖੈ ਐਂਚਜੋ ਸਜੋਰ। ਖਰ ਹੁਤੋ ਘੋਰ ਦੀਨੋ ਸੁ ਛੋਰਿ॥ ੩੭॥

ਮੈਂ ਮਾਰਦਾ ਹਾਂ, ਹੁਣ ਆਪਣੇ ਆਪ ਨੂੰ ਸੰਭਾਲ ਲਵੋ।" ਇਹ ਸੁਣ ਕੇ ਤੀਰ ਕੱਢ ਕੇ ਉਹ ਸਾਹਮਣੇ ਹੋ ਗਿਆ। ਫਿਰ ਧਨੁੱਖ ਬਾਣ ਵਿਚ ਧਰ ਕੇ ਉਸ ਨੇ ਸਾਰੇ ਜ਼ੋਰ ਨਾਲ ਖਿਚਿਆ। ਬੜਾ ਭਿਆਨਕ ਤੀਰ ਸੀ, ਉਸ ਨੂੰ ਉਸ ਛੱਡ ਦਿੱਤਾ॥ ੩੭॥

ਪਿਖਿ ਧਰਮ ਸਿੰਘ ਹਯ ਕੌ ਚਲਾਇ। ਖਰ ਤੀਰ ਸਮੁਖ ਤੇ ਤਨ ਬਚਾਇ।
ਅਪਨੋ ਖਤੰਗ ਲੀਨੋ ਨਿਕਾਰ। ਬਿਚ ਪਨਚ ਫੋਕ ਧਰਿਕੈ ਸੁਧਾਰ॥ ੩੮॥

ਇਹ ਵੇਖ ਕੇ ਧਰਮ ਸਿੰਘ ਨੇ ਘੋੜਾ ਚਲਾ ਕੇ ਏਧਰ ਓਧਰ ਕੀਤਾ ਤੇ ਤਿੱਖੇ ਤੀਰ ਦੇ ਸਾਹਮਣੇ ਤੋਂ ਆਪਣੇ ਸਰੀਰ ਨੂੰ ਬਚਾਇਆ। ਫਿਰ ਆਪਣਾ ਤੀਰ ਕੱਢ ਲਿਆ। ਬਾਹਰ ਤੀਰ ਨੂੰ ਚਿਲੇ ਵਿਚ ਚੜ੍ਹਾ ਕੇ ਸੁਧਾਰਿਆ॥ ੩੮॥

ਐਂਚਤਿ ਸ਼ਿਤਾਬ ਰਿਪੁ ਕੇ ਪ੍ਰਹਾਰ। ਲਗਿ ਗਯੋ ਰਿਦੇ ਪ੍ਰਵਿਸ਼ਜੋ ਮਝਾਰ।
ਹਯ ਤਰੇ ਗਿਰਜੋ ਖਪਰਾ ਲਗੰਤਿ। ਛਿਨ ਬਿਖੈ ਪਰਜੋ ਛਿਤ ਪ੍ਰਾਨ ਹੰਤਿ॥੩੯॥

ਤੁਰਤ ਖਿੱਚ ਕੇ ਵੈਰੀ ਤੇ ਵਾਰ ਕੀਤਾ ਤੇ ਵੈਰੀ ਦੇ ਹਿਰਦੇ ਵਿਚ ਲੱਗ ਕੇ ਅੰਦਰ ਪ੍ਰਵੇਸ਼ ਕਰ ਗਿਆ। ਤਿੱਖਾ ਤੀਰ ਲਗਦਿਆਂ ਹੀ ਉਹ ਘੋੜੇ ਤੋਂ ਡਿੱਗ ਪਿਆ, ਇਕ ਛਿਨ ਵਿਚ ਪ੍ਰਾਣ ਰਹਿਤ ਹੋ ਕੇ ਧਰਤੀ ਉੱਪਰ ਲੇਟ ਗਿਆ॥ ੩੯॥

ਪਿਖਿ ਭੂਪ ਕੋਪ ਕੈ ਆਇ ਧਾਇ। ਗੁਰ ਸਮੁਖ ਬਾਨ ਪੈਨੈ ਚਲਾਇ।
ਘੋਰਾ ਫੰਧਾਇ ਇਤ ਉਤ ਫਿਰੰਤਿ। ਨਿਜ ਭਟਨ ਪ੍ਰੇਰ ਜੈ ਕੋ ਚਹੰਤਿ॥੪੦॥

ਇਹ ਵੇਖ ਕੇ ਰਾਜਾ ਬੜੇ ਗੁੱਸੇ ਵਿਚ ਆ ਕੇ ਭੱਜਾ ਆਇਆ ਤੇ ਗੁਰੂ ਜੀ ਸਾਹਮਣੇ ਉਸ ਤਿੱਖੇ ਤੀਰ ਚਲਾਏ। ਗੁਰੂ ਜੀ ਘੋੜੇ ਨੂੰ ਟਪਾ ਕੇ ਏਧਰ ਓਧਰ ਫੇਰ ਲੈਂਦੇ ਸਨ ਤੇ ਆਪਣੇ ਸੂਰਬੀਰਾਂ ਨੂੰ ਪ੍ਰੇਰ ਕੇ ਜਿੱਤ ਪ੍ਰਾਪਤ ਕਰਨੀ ਚਾਹੁੰਦੇ ਸਨ॥ ੪੦॥

ਸਿਰਮੌਰ ਭਟਨ ਕੇ ਧਨੁ ਸੰਭਾਰ। ਤਤਕਾਲ ਤੀਰ ਭਾਥਾ ਨਿਕਾਰ।
ਕਰਿ ਐਂਚ ਕਾਨ ਲਗਿ ਛੋਰਿ ਦੀਨਿ। ਹਤਿ ਭਾਲ ਬਿਖੈ ਸੋ ਮਾਰਿ ਲੀਨਿ॥੪੧॥

ਸੂਰਬੀਰਾਂ ਦੇ ਸ਼ਿਰੋਮਣੀ ਭਾਵ ਸਤਿਗੁਰੂ ਜੀ ਨੇ ਫਿਰ ਆਪਣਾ ਧਨੁੱਖ ਸੰਭਾਲਿਆ ਤੇ ਤੁਰਤ ਆਪਣੇ ਭੱਥੇ ਵਿਚੋਂ ਤੀਰ ਕੱਢਿਆ ਤੇ ਕੰਨਾਂ ਤੱਕ ਖਿੱਚ ਕੇ ਛੱਡ ਦਿੱਤਾ। ਰਾਜੇ ਦੇ ਮੱਥੇ ਵਿਚ ਤੀਰ ਮਾਰ ਕੇ ਉਸ ਨੂੰ ਮਾਰ ਲਿਆ॥ ੪੧॥

ਜਬਿ ਦੁਹਨ ਪ੍ਰਾਨ ਤਜਾਗੇ ਨਿਹਾਰ। ਸਭਿ ਭਜੀ ਚਮੂੰ ਨਹਿ ਧੀਰ ਧਾਰਿ।
ਭਾਜੇ ਬਿਲੋਕਿ ਬਰਜੈਂ ਕ੍ਰਿਪਾਲ। 'ਇਨ ਹਤਹੁ ਨਾਂਹਿ ਤਜਿ ਜੰਗ ਸ਼ਾਲ' ॥੪੨॥

ਜਦ ਦੋਵਾਂ ਰਾਜਿਆਂ ਦੇ ਪ੍ਰਾਣ ਤਿਆਗੇ ਵੇਖੇ ਤਾਂ ਸਾਰੀ ਸੈਨਾ ਭੱਜ ਗਈ, ਕਿਸੇ ਵੀ ਧੀਰਜ ਨਾ ਧਾਰਿਆ। ਭੱਜਦਿਆਂ ਨੂੰ ਵੇਖ ਕੇ ਸਤਿਗੁਰੂ ਜੀ ਆਪਣੇ ਸੂਰਬੀਰਾਂ ਨੂੰ ਵਰਜਦੇ ਸਨ, "ਇਹ ਰਣਭੂਮੀ ਛੱਡ ਕੇ ਭੱਜੇ ਜਾ ਰਹੇ ਹਨ, ਇਨ੍ਹਾਂ ਨੂੰ ਹੁਣ ਨਾ ਮਾਰੋ"॥ ੪੨॥

ਲੀਨੇ ਹਟਾਇ ਗੁਰ ਸਿੰਘ ਜਾਲ। ਸਭਿ ਸਿਵਰ ਬਿਖੈ ਕਰਿਕੈ ਸੰਭਾਲ।
ਬਾਘੌਰ ਨਾਥ ਮਗ ਜੁੱਧ ਮਾਰਿ। ਪੁਰਿ ਲੂਟ ਲੀਨਿ ਗਢ ਦੁਰਗ ਦਾਰ॥੪੩॥

ਸਾਰੇ ਸਿੰਘਾਂ ਨੂੰ ਗੁਰੂ ਜੀ ਨੇ ਵਰਜ ਕੇ ਹਟਾ ਦਿੱਤਾ। ਸਾਰਿਆਂ ਨੂੰ ਆਪਣੇ ਡੇਰੇ ਵਿਚ ਖੜ ਕੇ ਉਨ੍ਹਾਂ ਦੀ ਸੰਭਾਲ ਕੀਤੀ। ਬਾਘੌਰ ਦੇ ਰਾਜੇ ਰਾਹ ਦੇ ਵਿਚ ਯੁੱਧ ਕਰਕੇ ਮਾਰ ਲਏ। ਫਿਰ ਨਗਰ ਅਤੇ ਕਿਲ੍ਹਾ ਲੁੱਟ ਲਿਆ॥ ੪੩॥

ਇਮ ਬਿਜੈ ਕੀਨਿ ਤਿਸ ਦੇਸ਼ ਬੀਚ। ਜਸੁ ਕਰਤਿ ਸਕਲ ਨਰ ਊਚ ਨੀਚ।
ਕਰਿ ਦਯੋ ਕੂਚ ਡੇਰਾ ਕ੍ਰਿਪਾਲ। ਨਿਜ ਸੁਭਟ ਸਭਿਨਿ ਕੀ ਕਰਿ ਸੰਭਾਲ॥੪੪॥

ਇਸ ਪ੍ਰਕਾਰ ਉਸ ਦੇਸ਼ ਵਿਚ ਜਿੱਤ ਪ੍ਰਾਪਤ ਕੀਤੀ। ਸਾਰੇ ਮਨੁੱਖ ਛੋਟੇ ਵੱਡੇ ਗੁਰੂ ਜੀ ਦਾ ਜੱਸ ਕਰਦੇ ਸਨ। ਫਿਰ ਸਤਿਗੁਰੂ ਜੀ ਨੇ ਡੇਰਾ ਉਥੋਂ ਕੂਚ ਕਰ ਦਿੱਤਾ ਤੇ ਆਪਣੇ ਸਾਰੇ ਸੂਰਬੀਰਾਂ ਦੀ ਸੰਭਾਲ ਕੀਤੀ॥ ੪੪॥

ਗੁਰ ਕਹੀ ਖਾਲਸੇ ਸਨ ਸੁਨਾਇ। 'ਅਬਿ ਰਣ ਸੁਲਤਾਂਨੀ ਕੋ ਕਰਾਇਂ।
ਕਰਿ ਹਾਰ ਜੀਤ ਸਗਰੋ ਨਿਹਾਰ। ਮਰਿ ਰਹੈਂ ਤੁਰਕ ਦੁਇ ਦਿਸ਼ਿ ਜੁਝਾਰ॥੪੫॥

ਗੁਰੂ ਜੀ ਨੇ ਫਿਰ ਖਾਲਸੇ ਨੂੰ ਸੁਣਾ ਕੇ ਕਿਹਾ, "ਹੁਣ ਬਾਦਸ਼ਾਹੀਆਂ ਦਾ ਯੁੱਧ ਕਰਵਾਵਾਂਗੇ। ਹਾਰ ਜਿੱਤ ਸਾਰੀ ਵੇਖ ਕੇ ਦੋਵਾਂ ਪਾਸਿਆਂ ਦੇ ਸੂਰਬੀਰ ਤੁਰਕ ਮਰ ਜਾਣਗੇ॥ ੪੫॥

ਕਰਤਾਰ ਦੇਹਿ ਸੋ ਤਖਤ ਪਾਇ। ਬਾਦੀ ਦਿਲੇਸ਼ ਜੀਵਨ ਬਿਹਾਇ'।
ਸੁਨਿ ਭਨੈ ਸਿੰਘ 'ਬਡ ਪੁੱਤ੍ਰ ਲੀਨਿ। ਤਿਸ ਤੇ ਸਾਕਹਿ ਅਬਿ ਕੌਨ ਛੀਨ॥੪੬॥

ਜਿਸ ਨੂੰ ਕਰਤਾਰ ਤਖਤ ਦੇਵੇਗਾ, ਉਹ ਹੀ ਤਖਤ ਪਾਵੇਗਾ। ਲੜਾਕਾ ਦਿੱਲੀ ਦਾ ਬਾਦਸ਼ਾਹ ਨੌਰੰਗਾ ਮਰ ਗਿਆ ਹੈ।" ਇਹ ਸੁਣ ਕੇ ਸਿੰਘਾਂ ਨੇ ਕਿਹਾ, "ਵੱਡਾ ਪੁੱਤਰ ਤਖਤ ਪ੍ਰਾਪਤ ਕਰੇਗਾ, ਉਸ ਪਾਸੋਂ ਹੁਣ ਕੌਣ ਤਖਤ ਨੂੰ ਖੋਹ ਸਕਦਾ ਹੈ॥ ੪੬॥

ਸਮਰੱਥ ਆਪ ਹੋ ਜਗਤ ਨਾਥ। ਅਨਗਨਤ ਬਾਹਨੀ ਜਾਂਹਿ ਸਾਥ'।
ਗੁਰ ਕਹੈਂ 'ਪ੍ਰਭੂ ਕੇ ਮਹਿਦ ਖੇਲ। ਪਿਖਿ ਲੇਤਿ ਸਕਲ ਨਹਿਂ ਸਕਹਿ ਪੇਲ' ॥੪੭॥

ਹੇ ਜਗਤ ਦੇ ਮਾਲਕ ਤੁਸੀਂ ਆਪ ਸਮਰੱਥ ਹੋ। ਜਿਸ ਤਾਰਾ ਆਜ਼ਮ ਦੇ ਨਾਲ ਅਨਗਿਣਤ ਸੈਨਾ ਹੈ।'' ਸਤਿਗੁਰੂ ਜੀ ਨੇ ਕਿਹਾ, ''ਇਹ ਪ੍ਰਭੂ ਦੇ ਵੱਡੇ ਚੋਜ ਹਨ। ਵੇਖ ਲੈਂਦੇ ਹਾਂ, ਸਾਰੇ ਹੀ ਉਸ ਨੂੰ ਹਿਲਾ ਨਹੀਂ ਸਕਣਗੇ'' ॥ ੪੭ ॥

ਇਮ ਕਰਤਿ ਬਾਤ ਗੇ ਕਿਤਿਕ ਕੋਸ। ਕਿਯ ਸਿਵਰ ਬਿਲੋਕੇ ਥਲ ਅਦੋਸ਼।
ਗੁਰ ਕੇਰ ਬੀਰ ਰਿਪੁ ਮ੍ਰਿਗਨਿ ਸਿੰਘ। ਕਰਿ ਨਮੋ ਸਭਿਨਿ ਸੰਤੋਖ ਸਿੰਘ ॥ ੪੮ ॥

ਇਸ ਤਰ੍ਹਾਂ ਗੱਲਾਂ ਕਰਦੇ ਕਈਆਂ ਕੋਹਾਂ ਤੇ ਪਹੁੰਚ ਗਏ। ਫਿਰ ਸੋਹਣਾ ਸਥਾਨ ਵੇਖ ਕੇ ਡੇਰਾ ਲਾਇਆ। ਗੁਰੂ ਜੀ ਦੇ ਸੂਰਬੀਰ ਸਿੰਘ, ਮ੍ਰਿਗਾਂ ਵਾਸਤੇ ਸ਼ੇਰ ਰੂਪ ਹਨ। ਕਵੀ ਸੰਤੋਖ ਸਿੰਘ ਗੁਰੂ ਜੀ ਦੇ ਸਾਰੇ ਸੂਰਬੀਰਾਂ ਨੂੰ ਨਮਸਕਾਰ ਕਰਦਾ ਹੈ ॥ ੪੮ ॥

*ਪਹਿਲੇ ਐਨ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ ॥ ੩੯ ॥*

## ਅਧਿਆਇ ਚਾਲ੍ਹੀਵਾਂ

### *ਬਹਾਦਰ ਸ਼ਾਹ ਨਾਲ ਮੇਲ*

ਦੋਹਰਾ- ਬਲਖ ਬੁਖਾਰੇ ਕੀ ਦਿਸ਼ਾ ਹੁਤੋ ਬਹਾਦਰ ਸ਼ਾਹੁ।
ਤਿਤ ਕੋ ਸੁਨਿ ਬੀਮਾਰ ਬਹੁ ਹਟਜੋ ਤੁਰਤ ਮਗ ਮਾਂਹੁ ॥ ੧ ॥

ਬਹਾਦਰ ਸ਼ਾਹ ਉਸ ਸਮੇਂ ਬਲਖ ਬੁਖਾਰੇ ਵਾਲੇ ਪਾਸੇ ਸੀ। ਜਦ ਉਸ ਨੇ ਨੌਰੰਗੇ ਦੀ ਬਿਮਾਰੀ ਬਾਰੇ ਸੁਣਿਆ ਤਾਂ ਤੁਰਤ ਵਾਪਸ ਰਾਹ ਵਿਚ ਆ ਗਿਆ ॥ ੧ ॥

ਚੌਪਈ- ਕਰਤਿ ਕੂਚ ਦਰ ਕੂਚ ਪਧਾਰਾ ॥ ਸ਼ੀਘ੍ਰ ਆਨਿ ਇਸ ਦੇਸ਼ ਮਝਾਰਾ।
'ਪਿਤ ਹਤਿ ਭ੍ਰਾਤਾ ਸਲਤਨ ਲੀਨ'। ਸੁਨਤਿ ਸ੍ਰੋਨ ਭਾ ਮਨ ਅਤਿ ਦੀਨ ॥੨ ॥

ਕੂਚ ਦਰ ਕੂਚ ਕਰਦਾ ਆ ਗਿਆ ਤੇ ਛੇਤੀ ਹੀ ਇਸ ਦੇਸ਼ ਵਿਚ ਪਹੁੰਚ ਗਿਆ। ''ਪਿਉ ਮਰ ਗਿਆ ਤਾਂ ਭਰਾ ਨੇ ਤਖਤ ਲੈ ਲਿਆ।'' ਇਹ ਸੁਣ ਕੇ ਮਨ ਵਿਚ ਅਤੀ ਦੀਨ ਹੋ ਗਿਆ ॥ ੨ ॥

'ਅਬਿ ਮੋ ਤੇ ਕਜਾ ਹੁਇ ਉਪਚਾਰਾ। ਕਿਸ ਪ੍ਰਕਾਰ ਹਇ ਪ੍ਰਾਨ ਉਬਾਰਾ।
ਗਹੈ ਭ੍ਰਾਤ ਦੈਹੈ ਮਰਵਾਇ। ਕੋ ਨ ਬਲੀ ਤਬਿ ਸਕੈ ਬਚਾਇ ॥ ੩ ॥

''ਹੁਣ ਮੈਥੋਂ ਕੀ ਇਲਾਜ ਹੋਵੇਗਾ, ਕਿਸ ਪ੍ਰਕਾਰ ਮੈਂ ਆਪਣੇ ਪ੍ਰਾਣ ਬਚਾ ਸਕਾਂਗਾ। ਮੇਰਾ ਭਰਾ ਮੈਨੂੰ ਫੜਵਾ ਕੇ ਮਰਵਾ ਦੇਵੇਗਾ। ਕੋਈ ਵੀ ਬਲਵਾਨ ਫਿਰ ਮੈਨੂੰ ਨਹੀਂ ਬਚਾ ਸਕੇਗਾ ॥ ੩ ॥

ਬਾਇਸ ਲਾਖ ਚਮੂੰ ਜਿਹ ਸੰਗ। ਨਹਿਂ ਬਨਿ ਆਇ ਸਮੁਖ ਤਿਹ ਜੰਗ।
ਅਪਨੇ ਹਿਤੂ ਬੁਲਾਇ ਬਿਠਾਏ। ਸਭਿ ਕੋ ਅਪਨਿ ਬ੍ਰਿਤੰਤ ਸੁਨਾਏ ॥ ੪ ॥

ਬਾਈ ਲੱਖ ਜਿਸ ਦੇ ਨਾਲ ਸੈਨਾ ਹੈ, ਉਸ ਦੇ ਨਾਲ ਸਾਹਮਣੇ ਹੋ ਕੇ ਜੰਗ ਕਰਨਾ ਨਹੀਂ ਬਣਦਾ ਹੈ।'' ਆਪਣੇ ਹਿਤੂ ਬੁਲਾ ਕੇ ਪਾਸ ਬਿਠਾ ਲਏ ਤੇ ਸਾਰਿਆਂ ਨੂੰ ਆਪਣਾ ਬ੍ਰਿਤਾਂਤ ਸੁਣਾਇਆ ॥ ੪ ॥

'ਮੋ ਕੋ ਕਰਤਬ ਕਜਾ ਅਬਿ ਅਹੈ। ਜਿਸ ਤੇ ਜਿਯਤ ਪ੍ਰਾਨ ਬਚ ਰਹੈਂ।
ਚਲੈਂ ਭਾਜ ਕੈ ਦਿਢ ਕਿਤ ਹੋਇਂ। ਬਲੀ ਸਹਾਯਕ ਬਨਿ ਹੈ ਕੋਇ ॥੫ ॥

'ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ, ਜਿਸ ਕਰਕੇ ਜੀਉਂਦੇ ਦੇ ਪ੍ਰਾਣ ਬਚ ਜਾਣ। ਭੱਜ ਚਲੀਏ ਜਾਂ ਕਿਤੇ ਦ੍ਰਿੜ ਹੋਈਏ, ਕਿਹੜਾ ਬਲਵਾਨ ਮੇਰਾ ਸਹਾਇਕ ਬਣ ਸਕਦਾ ਹੈ॥ ੫॥

ਪੀਰ ਫਕੀਰ ਔਲੀਆ ਮਹਾਂ। ਖੋਜਹੁ ਜੋ ਪ੍ਰਾਪਤ ਹੁਇ ਕਹਾਂ।
ਜਿਮ ਸੋ ਕਹੈ ਕਰੈਂ ਸੋ ਕਾਜਾ। ਜਹਿਂ ਕਹਿਂ ਕਰਹੁ ਪਠਨ ਨਰ ਆਜਾ' ॥੬॥

ਪੀਰ ਫਕੀਰ ਮਹਾਨ ਔਲੀਏ ਦੀ ਖੋਜ ਕਰੋ, ਜਿਹੜਾ ਕਿਸੇ ਥਾਂ ਪ੍ਰਾਪਤ ਹੋ ਜਾਵੇ। ਜਿਵੇਂ ਉਸ ਨੂੰ ਕਹੀਏ ਤੇ ਉਹ ਕਾਰਜ ਕਰੇ। ਜਿੱਥੇ ਕਿੱਥੇ ਅੱਜ ਹੀ ਮਨੁੱਖਾਂ ਨੂੰ ਲੱਭਣ ਵਾਸਤੇ ਭੇਜੋ' ॥ ੬॥

ਸਭਿ ਮਹਿਂ ਨੰਦਲਾਲ ਤਬਿ ਕਹਜੋ। 'ਏਕ ਗੁਰੂ ਸਾਹਿਬ ਅਸ ਲਹਜੋ।
ਤਿਨ ਸਮ ਪ੍ਰਾਪਤਿ ਕਹੂੰ ਨ ਕੋਇ। ਸਕਲ ਜਗਤ ਫਿਰਿ ਖੋਜਹੁ ਜੋਇ॥੭॥

ਸਾਰਿਆਂ ਦੇ ਵਿਚ ਫਿਰ ਨੰਦ ਲਾਲ ਨੇ ਕਿਹਾ, "ਇਕ ਗੁਰੂ ਸਾਹਿਬ ਐਸੇ ਵੇਖੇ ਹਨ। ਉਨ੍ਹਾਂ ਵਰਗਾ ਕਿਤੇ ਵੀ ਪ੍ਰਾਪਤ ਨਹੀਂ ਹੋ ਸਕਦਾ, ਬੇਸ਼ਕ ਸਾਰੇ ਜਗਤ ਵਿਚ ਫਿਰ ਕੇ ਖੋਜ ਕਰੀਏ॥ ੭॥

ਤੁਮ ਭੀ ਜਾਨਤਿ ਹੋ ਭਲਿ ਭਾਂਤੀ। ਬਿਦਤ ਸਭਿਨਿ ਮਹਿਂ ਜਿਨ ਕਰਮਾਤੀ।
ਕ੍ਰਿਪਾ ਕਰਹਿਂ ਜੇ ਬਨਹਿਂ ਸਹਾਇ। ਤੌ ਜਗ ਕੀ ਸਲਤਨ ਲਿਹੁ ਪਾਇ' ॥੮॥

ਤੁਸੀਂ ਵੀ ਉਨ੍ਹਾਂ ਨੂੰ ਭਲੀ ਪ੍ਰਕਾਰ ਜਾਣਦੇ ਹੋ, ਜਿਨ੍ਹਾਂ ਦੀ ਸਾਰਿਆਂ ਵਿਚ ਕਰਾਮਾਤ ਪ੍ਰਗਟ ਹੈ। ਜੇ ਕਿਰਪਾ ਕਰਕੇ ਸਹਾਇਕ ਬਣ ਜਾਣ ਤਾਂ ਤੁਸੀਂ ਇਸ ਜਗਤ ਦਾ ਰਾਜ ਪ੍ਰਾਪਤ ਕਰ ਲਵੋਂਗੇ' ॥ ੮॥

ਸੁਨਤਿ ਬਹਾਦਰਸ਼ਾਹ ਅਨੰਦ। ਕਹਜੋ 'ਕਿ ਨਿਸ਼ਚੈ ਸੋ ਜਗ ਬੰਦ।
ਸੁਨਿ ਮੁਨਸ਼ੀ ਤੁਝ ਬਿਨ ਕੋ ਜਾਇ। ਜਾਇ ਤ ਕੋ ਨਹਿਂ ਸਕਹਿ ਰਿਝਾਇ॥੯॥

ਇਹ ਸੁਣ ਕੇ ਬਹਾਦਰ ਸ਼ਾਹ ਪ੍ਰਸੰਨ ਹੋ ਗਿਆ ਤੇ ਕਿਹਾ, 'ਨਿਸ਼ਚੇ ਹੀ ਉਹ ਜਗਤ ਦੇ ਬੰਦਨਾ ਯੋਗ ਹਨ। ਹੇ ਮੁਨਸ਼ੀ! ਸੁਣੋ, ਤੁਹਾਡੇ ਬਗੈਰ ਹੋਰ ਕੌਣ ਜਾ ਸਕਦਾ ਹੈ, ਜੇ ਕੋਈ ਜਾ ਵੀ ਸਕਦਾ ਹੈ ਤਾਂ ਤੁਹਾਡੇ ਬਗੈਰ ਉਨ੍ਹਾਂ ਨੂੰ ਹੋਰ ਕੋਈ ਪ੍ਰਸੰਨ ਨਹੀਂ ਕਰ ਸਕਦਾ ਹੈ॥ ੯॥

ਤੁਝ ਪਰ ਕ੍ਰਿਪਾ ਕਰਹਿਂ ਬਹੁਤੇਰੀ। ਹਾਕਮ ਰਾਇ ਸੰਗ ਹੁਇ ਤੇਰੀ।
ਜਹਿਂ ਸਤਿਗੁਰੂ, ਪਹੁੰਚਿ ਬਿਨ ਦੇਰ। ਕਰਿ ਕਾਰਜ ਸਿਧ ਆਵਹੁ ਫੇਰ' ॥੧੦॥

ਤੇਰੇ ਉੱਪਰ ਬਹੁਤ ਕਿਰਪਾ ਕਰਦੇ ਹਨ, ਹਾਕਮ ਰਾਇ ਤੇਰੇ ਨਾਲ ਹੋਵੇਗਾ। ਜਿੱਥੇ ਇਸ ਸਮੇਂ ਸਤਿਗੁਰੂ ਜੀ ਹਨ, ਉਥੇ ਕਿਸੇ ਦੇਰੀ ਤੋਂ ਬਗੈਰ ਪਹੁੰਚੋ। ਕਾਰਜ ਸਿੱਧ ਕਰਕੇ ਫਿਰ ਵਾਪਸ ਆ ਜਾਵੋ' ॥ ੧੦॥

ਇੱਤਜ਼ਾਇਕ ਕਹਿ ਸੁਨਿ ਕਰਿ ਤਯਾਰੀ। ਕਿਸ ਤੇ ਸੁਨੀ ਗੁਰੂ ਸੁਧ ਸਾਰੀ।
'ਰਜਪੂਤਨ ਕੇ ਦੇਸ਼ ਮਝਾਰਾ। ਬਿਚਰਤਿ ਉਤ ਕੋ ਗਏ ਉਦਾਰਾ' ॥ ੧੧॥

ਇਸ ਪ੍ਰਕਾਰ ਕਹਿ ਸੁਣ ਕੇ ਤਿਆਰੀ ਕਰਵਾਈ। ਕਿਸੇ ਪਾਸੋਂ ਸ੍ਰੀ ਨੰਦ ਲਾਲ ਨੇ ਗੁਰੂ ਜੀ ਬਾਰੇ ਖ਼ਬਰ ਸੁਣੀ। ਰਾਜਪੂਤਾਂ ਦੇ ਦੇਸ਼ ਵਿਚ ਹਨ। ਸਤਿਗੁਰੂ ਜੀ ਵਿਚਰਦੇ ਤੁਰਦੇ ਓਧਰ ਨੂੰ ਗਏ ਹਨ' ॥ ੧੧॥

ਹਾਕਮ ਰਾਇ ਸੰਗ ਨਿਜ ਲੀਨਾ। ਨੰਦਲਾਲ ਗਮਨਯੋਂ ਜਿਤ ਚੀਨਾ।
ਮਾਰਿ ਬਘੌਰ ਸਿਵਰ ਕਿਯ ਜਹਾਂ। ਪਹੁੰਚੇ ਤੂਰਨ ਕਰਤੇ ਤਹਾਂ॥ ੧੨॥

ਭਾਈ ਨੰਦ ਲਾਲ ਨੇ ਹਾਕਮ ਰਾਇ ਨੂੰ ਆਪਣੇ ਨਾਲ ਲੈ ਲਿਆ ਤੇ ਓਧਰ ਚਲ ਪਿਆ ਜਿਸ ਪਾਸੇ ਗੁਰੂ ਜੀ ਬਾਰੇ ਪਤਾ ਲੱਗਾ ਸੀ। ਬਘੌਰ ਨੂੰ ਮਾਰ ਕੇ ਜਿੱਥੇ ਡੇਰਾ ਕੀਤਾ ਸੀ, ਬਹੁਤ ਜਲਦੀ ਉਥੇ ਪਹੁੰਚ ਗਏ॥ ੧੨॥

ਬੈਠੇ ਸ੍ਰੀ ਪ੍ਰਭੁ ਬੀਚ ਦਿਵਾਨ। ਭੇਟ ਅਨੇਕ ਲਏ ਮਿਲਿ ਆਨਿ।
ਚਰਨ ਕਮਲ ਪਰ ਸੀਸ ਟਿਕਾਇ। ਪੁਨ ਸਭਿ ਬਿਨਤੀ ਦੀਨਿ ਸੁਨਾਇ॥੧੩॥

ਸਤਿਗੁਰੂ ਜੀ ਦਿਵਾਨ ਲਾ ਕੇ ਵਿਚ ਬੈਠੇ ਸਨ। ਆ ਕੇ ਮਿਲ ਕੇ ਅਨੇਕ ਭੇਟਾਂ ਲਈਆਂ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸੀਸ ਟਿਕਾਇਆ, ਫਿਰ ਉਨ੍ਹਾਂ ਨੂੰ ਸਾਰੀ ਬੇਨਤੀ ਕਹਿ ਕੇ ਸੁਣਾ ਦਿੱਤੀ॥ ੧੩॥

'ਸ਼ਾਹੁ ਬਹਾਦਰ ਦਾਸ ਤੁਮਾਰਾ। ਪਰਜੋ ਸ਼ਰਨ ਕਰ ਜੋਰਿ ਉਚਾਰਾ।
ਕ੍ਰਿਪਾ ਕਰਹੁ ਅਬਿ ਬਨਹੁਂ ਸਹਾਇ। ਰਿਪੁ ਭ੍ਰਾਤਾ ਤੇ ਲੇਹੁ ਬਚਾਇ' ॥ ੧੪॥

"ਬਹਾਦਰ ਸ਼ਾਹ ਤੁਹਾਡਾ ਦਾਸ ਹੈ, ਉਹ ਹੱਥ ਜੋੜ ਕੇ ਉਚਾਰਨ ਕਰਕੇ ਤੁਹਾਡੀ ਸ਼ਰਨ ਪਿਆ ਹੈ। ਹੁਣ ਕਿਰਪਾ ਕਰਕੇ ਉਨ੍ਹਾਂ ਦੇ ਸਹਾਇਕ ਬਣੋ। ਵੈਰੀ ਭਰਾ ਪਾਸੋਂ ਉਨ੍ਹਾਂ ਨੂੰ ਬਚਾ ਲਵੋ" ॥ ੧੪॥

ਇੱਤਜਾਦਿਕ ਬਿਨਤੀ ਸੁਨਿ ਕਰਿਕੈ। ਸਹਿਜ ਸੁਭਾਇਕ ਬਾਕ ਉਚਰਿਕੈ।
'ਹਮ ਸਲਤਨ ਜਗ ਕੀ ਦੇਂ ਤਾਂਹਿ। ਇਕ ਸੁਆਲ ਮਾਨਹਿ ਮਨ ਮਾਂਹਿ॥੧੫॥

ਇਸ ਪ੍ਰਕਾਰ ਦੀ ਬੇਨਤੀ ਸੁਣ ਕੇ, ਸਤਿਗੁਰੂ ਜੀ ਨੇ ਸਹਿਜ ਸੁਭਾਅ ਬਚਨ ਉਚਾਰਨ ਕੀਤਾ, "ਅਸੀਂ ਉਸ ਨੂੰ ਜਗਤ ਦੀ ਹਕੂਮਤ ਦਿੰਦੇ ਹਾਂ, ਪਰ ਮਨ ਵਿਚ ਸਾਡੀ ਇਕ ਗੱਲ ਪੂਰੀ ਕਰਨੀ ਮੰਨ ਲਵੇ॥ ੧੫॥

ਨਿਜ ਪਿਤ ਕੇ ਸਮ ਹੋਇ ਨ ਕੂਰਾ। ਤੌ ਕਾਰਜ ਇਸਕੋ ਹੁਇ ਪੂਰਾ'।
ਸੁਨਿਕੈ ਨੰਦ ਲਾਲ ਹਰਖਾਯੋ। 'ਧੰਨ ਗੁਰੂ' ਕਹਿ ਸੀਸ ਨਿਵਾਯੋ॥ ੧੬॥

ਆਪਣੇ ਪਿਤਾ ਵਾਂਗ ਝੂਠਾ ਨਾ ਹੋਵੇ, ਤਦ ਇਸ ਦਾ ਕਾਰਜ ਪੂਰਾ ਹੋ ਜਾਵੇਗਾ।" ਇਹ ਸੁਣ ਕੇ ਨੰਦ ਲਾਲ ਪ੍ਰਸੰਨ ਹੋ ਗਿਆ, "ਧੰਨ ਗੁਰੂ ਜੀ ਹਨ" ਇਹ ਕਹਿ ਕੇ ਸਿਰ ਨਿਵਾਇਆ॥ ੧੬॥

'ਕਹਜੋ ਆਪ ਕੋ ਮੈਂ ਸਭਿ ਕਹੌਂ। ਮਾਨਹਿਂ ਸ੍ਵਾਲ, ਭਲੇ ਮੈਂ ਲਹੌਂ।
ਅਬਿ ਤੇ ਜੀਵਨ ਕੀ ਨਹਿਂ ਆਸਾ। ਜਾਉਂ ਸ਼ੀਘ੍ਰ ਭਾਖੋਂ ਤਿਸ ਪਾਸਾ' ॥ ੧੭॥

ਫਿਰ ਕਹਿਣ ਲੱਗਾ, "ਮੈਂ ਆਪ ਜੀ ਦਾ ਕਿਹਾ ਹੋਇਆ ਸਭ ਕਹਾਂਗਾ, ਉਹ ਆਪ ਜੀ ਦਾ ਸਵਾਲ ਮੰਨ ਲਵੇਗਾ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਹੁਣ ਤਾਂ ਜੀਉਣ ਦੀ ਆਸ ਨਹੀਂ ਹੈ, ਛੇਤੀ ਹੀ ਜਾ ਕੇ ਉਸ ਦੇ ਪਾਸ ਕਹਾਂਗਾ" ॥ ੧੭॥

ਪ੍ਰਭੁ ਤੇ ਰੁਖਸਦ ਹੁਇ ਕਰਿ ਧਾਇ। ਮਿਲੇ ਆਨਿ ਕਰਿ ਸਕਲ ਸੁਨਾਇ।
'ਇਸ ਬਿਧਿ ਭਯੋ ਬਾਕ ਲੇ ਮਾਨ। ਲਿਖਿ ਦੀਜੈ ਅਪਨੇ ਅਬਿ ਪਾਨ॥੧੮॥

ਸਤਿਗੁਰੂ ਜੀ ਪਾਸੋਂ ਰੁਖਸਤ ਹੋ ਕੇ ਬੜੀ ਤੇਜ਼ੀ ਨਾਲ ਚਲਾ ਗਿਆ ਤੇ ਆ ਕੇ ਬਹਾਦਰ ਸ਼ਾਹ ਨੂੰ ਮਿਲ ਕੇ ਸਾਰੀ ਗੱਲ ਸੁਣਾਈ। "ਇਸ ਪ੍ਰਕਾਰ ਬਚਨ ਹੋਇਆ ਹੈ, ਮੰਨ ਲਵੋ, ਹੁਣ ਆਪਣੇ ਹੱਥਾਂ ਨਾਲ ਲਿਖ ਕੇ ਦੇ ਦੇਵੋ॥ ੧੮॥

ਇਕ ਸੁਆਲ ਗੁਰ ਕਹੈਂ ਸੁ ਲੇਹਿ। ਜਗ ਕੀ ਸਲਤਨ ਤੁਝਕੋ ਦੇਹਿਂ'।
ਮੁਰਸ਼ਿਦ ਏਕ ਬਹਾਦਰ ਸ਼ਾਹੂ। ਸੋ ਬੂਝਤਿ ਭਾ ਸਭਿਕੇ ਮਾਹੂੰ॥ ੧੯॥

ਇਕ ਸੁਆਲ ਗੁਰੂ ਜੀ ਕਹਿੰਦੇ ਹਨ, ਉਹ ਲੈ ਲਵੋ ਫਿਰ ਜਗਤ ਦਾ ਰਾਜ ਉਹ ਤੁਹਾਨੂੰ ਦਿੰਦੇ ਹਨ।" ਇਕ ਬਹਾਦਰ ਸ਼ਾਹ ਦਾ ਗੁਰੂ ਸੀ, ਉਹ ਸਾਰਿਆਂ ਦੇ ਵਿਚ ਪੁੱਛਣ ਲੱਗਾ॥ ੧੯॥

'ਗੁਰ ਕੇ ਸੰਗ ਸੈਨ ਕਹੁ ਕੇਤੀ? ਕਿਮ ਲੈ ਦੇਹਿਂ? ਕਹੋ ਬਿਧਿ ਤੇਤੀ'।
ਨੰਦ ਲਾਲ ਨੇ ਕਹਿ ਸਮੁਝਾਯੋ। 'ਬਡ ਦਲ ਜਾਨਿ, ਜੁ ਬਾਕ ਅਲਾਯੋ॥੨੦॥

''ਗੁਰੂ ਜੀ ਦੇ ਨਾਲ ਸੈਨਾ ਕਿੰਨੀ ਹੈ ? ਕਿਵੇਂ ਲੈ ਕੇ ਦੇਣਗੇ ? ਉਹ ਵਿਧੀ ਉਸ ਪ੍ਰਕਾਰ ਸਮਝਾ ਕੇ ਕਹੋ।'' ਫਿਰ ਨੰਦ ਲਾਲ ਨੇ ਕਹਿ ਕੇ ਸਮਝਾਇਆ, ''ਜਿਹੜਾ ਗੁਰੂ ਜੀ ਨੇ ਬਚਨ ਕੀਤਾ ਹੈ, ਇਸ ਨੂੰ ਹੀ ਗੁਰੂ ਜੀ ਦਾ ਵੱਡਾ ਦਲ ਜਾਣੋ॥ ੨੦॥

**ਗੁਰ ਸਮਰੱਥ ਚਹੈਂ ਸੋ ਕਰੈਂ। ਭਰੇ ਰਿਤਾਵੈਂ ਰੀਤੇ ਭਰੈਂ।**
**ਨਹਿਂ ਸੰਸੈ ਕਰੀਅਹਿ ਚਿਤ ਕੋਇ। ਜਿਮ ਪ੍ਰਭੁ ਕਹੈ ਕਾਜ ਸੋ ਹੋਇ॥ ੨੧॥**

ਗੁਰੂ ਜੀ ਹਰ ਪ੍ਰਕਾਰ ਸਮਰੱਥ ਹਨ, ਜਿਵੇਂ ਵੀ ਚਾਹੇ ਕਰ ਸਕਦੇ ਹਨ। ਉਹ ਸੱਖਣੇ ਭਰਦੇ ਹਨ ਤੇ ਭਰੇ ਸੱਖਣੇ ਕਰ ਦਿੰਦੇ ਹਨ। ਆਪਣੇ ਚਿੱਤ ਵਿਚ ਕੋਈ ਸ਼ੰਕਾ ਨਾ ਧਾਰਨ ਕਰੋ। ਜਿਵੇਂ ਪ੍ਰਭੂ ਜੀ ਕਹਿੰਦੇ ਹਨ, ਉਸ ਪ੍ਰਕਾਰ ਹੀ ਕਾਰਜ ਹੋ ਜਾਂਦਾ ਹੈ॥ ੨੧॥

**ਜੋ ਤਿਨ ਕੋ ਕਹਿਬੋ ਤੁਮ ਮਾਨੋਂ। ਸਗਰੇ ਸੰਕਟ ਛਿਨ ਮਹਿਂ ਹਾਨੋਂ।**
**ਦੂਰੀ ਨਹੀਂ ਜਗ ਬਿਦਤਿ ਬਡਾਈ। ਪੂਜਹਿਂ ਸਭਿ ਸ੍ਰੀ ਨਾਨਕ ਥਾਈ'॥੨੨॥**

ਜੇ ਤੁਸੀਂ ਉਨ੍ਹਾਂ ਦਾ ਕਿਹਾ ਮੰਨ ਲਵੋ ਤਾਂ ਸਾਰੇ ਸੰਕਟ ਇਕ ਛਿਨ ਵਿਚ ਦੂਰ ਹੋ ਜਾਂਦੇ ਹਨ। ਦੂਰ ਨਹੀਂ, ਉਨ੍ਹਾਂ ਦੀ ਵਡਿਆਈ ਜਗਤ ਵਿਚ ਪ੍ਰਗਟ ਹੈ, ਸਾਰੇ ਗੁਰੂ ਨਾਨਕ ਜੀ ਦੇ ਥਾਂ ਉਨ੍ਹਾਂ ਦੀ ਪੂਜਾ ਕਰਦੇ ਹਨ'॥ ੨੨॥

**ਕਹੈ ਬਹਾਦਰਸ਼ਾਹੁ 'ਸੁਨੀਜੈ। ਅਬਿਕੇ ਗਮਨੇ ਨਿਰਨੈ ਕੀਜੈ।**
**ਇਕ ਸੁਆਲ ਮਾਨਹਿਂ ਜਿਮ ਕਹੈਂ। ਕਿਮ ਸਲਤਨ ਪ੍ਰਾਪਤਿ ਹਮ ਲਹੈਂ ? ॥੨੩॥**

ਬਹਾਦਰ ਸ਼ਾਹ ਨੇ ਕਿਹਾ, ''ਸੁਣੋ, ਇਸ ਵਾਰ ਜਾ ਕੇ ਨਿਰਣਾ ਕਰ ਲਵੋ। ਜਿਵੇਂ ਉਹ ਕਹਿੰਦੇ ਹਨ, ਅਸੀਂ ਉਨ੍ਹਾਂ ਦਾ ਇਕ ਸਵਾਲ ਮੰਨਦੇ ਹਾਂ। ਕਿਵੇਂ ਅਸੀਂ ਰਾਜ ਪ੍ਰਾਪਤ ਕਰ ਲਈਏ ?॥ ੨੩॥

**ਸਗਰੋ ਭੇਤ ਬੂਝ ਕਰਿ ਲਯਾਉ। ਕੌਨ ਕਾਜ ਕੋ ਕਰਹਿਂ ਬਨਾਉ'।**
**ਇਮ ਸੁਨਿ ਨੰਦਲਾਲ ਭਾ ਤਯਾਰ। ਚਢਿ ਮਗ ਚਲਯੋ ਸ਼ੀਘ੍ਰਤਾ ਧਾਰਿ॥੨੪॥**

ਸਾਰਾ ਭੇਦ ਪੁੱਛ ਕੇ ਲੈ ਕੇ ਆਵੋ, ਕੌਣ ਇਸ ਕਾਰਜ ਨੂੰ ਬਣਾ ਸਕਦਾ ਹੈ।'' ਇਸ ਪ੍ਰਕਾਰ ਸੁਣ ਕੇ ਨੰਦ ਲਾਲ ਤਿਆਰ ਹੋ ਗਿਆ ਤੇ ਚੜ੍ਹਾਈ ਕਰਕੇ ਬੜੀ ਛੇਤੀ ਰਾਹ ਫੜ ਲਿਆ॥ ੨੪॥

**ਸ੍ਰੀ ਗੁਰ ਪਾਸ ਆਨਿ ਕਰਿ ਮਿਲੇ। ਚਰਨ ਕਮਲ ਪਰ ਸਿਰ ਧਰਿ ਭਲੇ।**
**ਬੈਠੇ ਸਨਮੁਖਿ ਸਕਲ ਸੁਨਾਈ। 'ਕਯਾ ਕਰਤੱਬ ਸ਼ਾਹੁ ਬਨਿ ਆਈ॥ ੨੫॥**

ਫਿਰ ਉਹ ਗੁਰੂ ਜੀ ਦੇ ਪਾਸ ਆ ਕੇ ਉਨ੍ਹਾਂ ਨੂੰ ਮਿਲਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਭਲੀ ਪ੍ਰਕਾਰ ਸਿਰ ਧਰਿਆ। ਸਾਹਮਣੇ ਬੈਠ ਕੇ ਸਾਰੀ ਗੱਲ ਸੁਣਾਈ, ''ਕਿਸ ਕਰਤਬ ਨਾਲ ਸ਼ਾਹ ਦੀ ਬਣ ਆਉਂਦੀ ਹੈ॥ ੨੫॥

**ਜਿਮ ਫੁਰਮਾਵਹੁ ਮਾਨਹਿ ਸੋਇ। ਲਰਿਬੇ ਕੀ ਜਿਹ ਸ਼ਕਤਿ ਨ ਕੋਇ'।**
**ਕ੍ਰਿਪਾ ਸਿੰਧੁ ਸੁਨਿ ਤਬਹਿ ਬਖਾਨਾ। 'ਧਰਿ ਧੀਰਜ ਬਨੀਯਹਿ ਸਵਧਾਨਾ॥੨੬॥**

ਜਿਵੇਂ ਫੁਰਮਾਉਂਦੇ ਹੋ, ਉਸ ਤਰ੍ਹਾਂ ਹੀ ਮੰਨਦੇ ਹਾਂ, ਯੁੱਧ ਕਰਨ ਦੀ ਜਿਸ ਵਿਚ ਕੋਈ ਸ਼ਕਤੀ ਨਹੀਂ ਹੈ।'' ਕਿਰਪਾ ਦੇ ਸਾਗਰ, ਸਤਿਗੁਰੂ ਜੀ ਨੇ ਫਿਰ ਸੁਣ ਕੇ ਕਿਹਾ, ''ਧੀਰਜ ਧਾਰ ਕੇ ਸਾਵਧਾਨ ਬਣੋ॥ ੨੬॥

**ਬਨਹਿਂ ਨ ਦੇਸ਼ ਤਯਾਗ ਕਰਿ ਭਾਜਨ। ਭਾਜੇ ਤੇ ਪ੍ਰਾਪਤਿ ਹੁਇ ਰਾਜ ਨ।**
**ਜੋ ਤਿਹ ਮਿਲਹਿ ਨ ਆਛੀ ਬਾਤ। ਸਮੁਝਿ ਲੇਹੁ ਨਿਜ ਪਿਤ ਕੀ ਭਾਂਤਿ॥੨੭॥**

ਉਨ੍ਹਾਂ ਦਾ ਦੇਸ਼ ਛੱਡ ਕੇ ਭੱਜਣਾ ਨਹੀਂ ਬਣਦਾ ਹੈ, ਭੱਜਣ ਨਾਲ ਫਿਰ ਰਾਜ ਪ੍ਰਾਪਤ ਨਹੀਂ ਹੋਵੇਗਾ। ਜੇ ਉਹ ਤਾਰਾ ਆਜ਼ਮ ਨੂੰ ਜਾ ਕੇ ਮਿਲੇਗਾ ਤਾਂ ਵੀ ਚੰਗੀ ਗੱਲ ਨਹੀਂ, ਉਸ ਨੂੰ ਆਪਣੇ ਪਿਤਾ ਵਾਂਗ ਹੀ ਸਮਝ ਲਵੋ॥ ੨੭॥

ਪਿਤਾ ਭ੍ਰਾਤ ਕੀ ਕਰਿ ਹਾਨਿ। ਕਰਿ ਕੈ ਜੋਰ ਭਯੋ ਸੁਲਤਾਨ।
ਤ੍ਰਿਤੀਆ ਬਾਤ ਲਰਨ ਕੀ ਅਹੈ। ਯਾਂਤੇ ਸਲਤਨ ਕੋ ਇਹ ਲਹੈ॥ ੨੮॥

ਪਿਤਾ ਭਰਾਵਾਂ ਨੂੰ ਮਾਰ ਕੇ ਜ਼ੋਰ ਕਰਕੇ ਬਾਦਸ਼ਾਹ ਬਣ ਗਿਆ ਸੀ। ਤੀਸਰੀ ਗੱਲ ਯੁੱਧ ਦੀ ਹੈ, ਯੁੱਧ ਕਰਕੇ ਇਹ ਰਾਜ ਲੈ ਲਵੇਗਾ॥ ੨੮॥

ਇਨ ਘਰ ਕੀ ਪਤਿਸ਼ਾਹਤਿ ਸਾਰੀ। ਨਾਸ਼ ਕਰੀ ਹਮ ਲਖਿ ਦੁਰਚਾਰੀ।
ਸ਼ਰਨ ਪਰਜੋ ਅਰੁ ਬਿਨੈ ਬਖਾਨੀ। ਯਾਂਤੇ ਦੇਨਿ ਇਸੇ ਕੋ ਮਾਨੀ॥ ੨੯॥

ਇਨ੍ਹਾਂ ਦੇ ਘਰ ਦੀ ਸਾਰੀ ਬਾਦਸ਼ਾਹੀ ਅਸੀਂ ਦੁਰਾਚਾਰੀ ਸਮਝ ਕੇ ਨਾਸ਼ ਕਰ ਦਿੱਤੀ ਸੀ। ਹੁਣ ਸ਼ਰਨੀਂ ਪੈ ਗਿਆ ਹੈ ਤੇ ਬੇਨਤੀ ਕੀਤੀ ਹੈ, ਇਸ ਕਰਕੇ ਹੁਣ ਇਨ੍ਹਾਂ ਨੂੰ ਦੇਣੀ ਮੰਨ ਲਈ ਹੈ॥ ੨੯॥

ਕਾਰਨ ਘਨੇ ਜਾਨਿ ਕਰਿ ਦਈ। ਅਰੁ ਇਸ ਕੀ ਬਯ ਲਘੁ ਲਖਿ ਲਈ।
ਪੀਛੇ ਸਗਰੀ ਪਾਇ ਬਿਨਾਸ਼ੀ। ਨਹਿਂ ਠਹਿਰਹਿ ਕਿਮ ਕੋ ਕਰਿ ਆਸੀ॥ ੩੦॥

ਬਹੁਤ ਗਹਿਰੇ ਕਾਰਨ ਜਾਣ ਕੇ ਦਿੱਤੀ ਹੈ ਅਤੇ ਇਸ ਦੀ ਉਮਰ ਅਸੀਂ ਥੋੜ੍ਹੀ ਰਹਿ ਗਈ ਸਮਝੀ ਹੈ। ਇਨ੍ਹਾਂ ਦੇ ਬਾਅਦ ਵਿਚ ਸਾਰੀ ਵਿਨਾਸ਼ ਹੋ ਜਾਵੇਗੀ। ਫਿਰ ਇਹ ਠਹਿਰੇਗੀ ਨਹੀਂ, ਭਾਵੇਂ ਕੋਈ ਕੈਸੀਆਂ ਆਸਾਂ ਪਿਆ ਕਰੇ, ਭਾਵ ਸਾਰੀ ਖਤਮ ਹੋ ਜਾਵੇਗੀ॥ ੩੦॥

ਸਨਮੁਖ ਰਣ ਕਰਿਬੇ ਬਹੁ ਤਜਾਰੀ। ਕਰਿਵਾਵਹੁ ਲਿਹੁ ਸਲਤਨ ਸਾਰੀ।
ਤਾਰਾ ਆਜ਼ਮ ਕੋ ਹਮ ਮਾਰਹਿਂ। ਪੁਨ ਸਭਿ ਮਿਲੈਂ ਤਖਤ ਬੈਠਾਰਹਿਂ॥ ੩੧॥

ਸਾਹਮਣੇ ਹੋ ਕੇ ਯੁੱਧ ਕਰਨ ਦੀ ਤਿਆਰੀ ਕਰਵਾਵੇ ਤੇ ਸਾਰਾ ਰਾਜ ਪਾਟ ਲੈ ਲਵੇ। ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ, ਫਿਰ ਸਾਰੇ ਮਿਲ ਕੇ ਤਖ਼ਤ ਤੇ ਬਿਠਾ ਦੇਵਾਂਗੇ॥ ੩੧॥

ਚਮੂੰ ਬਟੋਰਹੁ ਬਹੁ ਨਿਜ ਸੰਗ। ਰਾਜ ਨ ਪ੍ਰਾਪਤਿ ਹੁਇ ਬਿਨ ਜੰਗ।
ਨਿਸ਼ਚਾ ਕਰਹੁ ਸਰਬ ਕੁਛ ਪਾਵਹੁ। ਸ਼ੀਘ੍ਰ ਜਾਇ ਤਜਾਰੀ ਕਰਿਵਾਵਹੁ' ॥੩੨॥

ਬਹੁਤ ਸੈਨਾ ਆਪਣੇ ਨਾਲ ਇਕੱਠੀ ਕਰੋ, ਜੰਗ ਤੋਂ ਬਗ਼ੈਰ ਰਾਜ ਪ੍ਰਾਪਤ ਨਹੀਂ ਹੋਵੇਗਾ। ਇਹ ਨਿਸ਼ਚਾ ਕਰੋ ਸਭ ਕੁਝ ਪਾਵੋਗੇ ਤੇ ਛੇਤੀ ਜਾ ਕੇ ਤਿਆਰੀ ਕਰਵਾਵੋ" ॥ ੩੨॥

ਸੁਨਿ ਕਰਿ ਨੰਦ ਲਾਲ ਸਭਿ ਗਾਥਾ। ਚਰਨ ਸਰੋਜਨ ਪਰ ਧਰਿ ਮਾਥਾ।
ਗਯੋ ਤੁਰਤ ਜਹਿਂ ਹਜ਼ਰਤ ਨੰਦਨ। ਉਤਰਿ ਪਹੂਚਜੋ ਕੀਨਸਿ ਬੰਦਨ॥ ੩੩॥

ਨੰਦ ਲਾਲ ਨੇ ਫਿਰ ਸਾਰੀ ਗਾਥਾ ਸੁਣ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਮੱਥਾ ਟੇਕਿਆ। ਉਥੇ ਚਲੇ ਗਿਆ ਜਿਥੇ ਬਾਦਸ਼ਾਹ ਨੌਰੰਗੇ ਦਾ ਪੁੱਤਰ ਬੈਠਾ ਸੀ। ਘੋੜੇ ਤੋਂ ਉੱਤਰ ਕੇ ਪਹੁੰਚ ਕੇ ਬੰਦਨਾ ਕੀਤੀ॥ ੩੩॥

ਗੁਰ ਕੀ ਕਹਿਵਤ ਸਕਲ ਸੁਨਾਈ। 'ਨਿਸ਼ਚੈ ਜਾਨਹੁਂ ਸਲਤਨ ਪਾਈ।
ਤਵ ਸਿਰ ਪਰ ਧਰਿ ਸ੍ਰੀ ਗੁਰ ਹਾਥਾ। ਮਾਨਹੁਂ ਕਹਜੋ ਭਾਵਨੀ ਸਾਥਾ' ॥ ੩੪॥

ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਸੁਣਾਈ, "ਇਹ ਗੱਲ ਤੁਸੀਂ ਨਿਸ਼ਚੇ ਜਾਣੋ ਕਿ ਤੁਸੀਂ ਹਕੂਮਤ ਪ੍ਰਾਪਤ ਕਰ ਲਈ ਹੈ। ਤੁਹਾਡੇ ਸਿਰ ਉੱਪਰ ਗੁਰੂ ਜੀ ਆਪਣਾ ਹੱਥ ਧਰਦੇ ਹਨ। ਉਨ੍ਹਾਂ ਦਾ ਕਿਹਾ ਹੋਇਆ ਪ੍ਰੇਮ ਭਾਵਨਾ ਨਾਲ ਮੰਨੋ" ॥ ੩੪॥

ਸੁਨਤਿ ਬਹਾਦਰ ਸ਼ਾਹੁ ਬਖਾਨੈ। 'ਲਸ਼ਕਰ ਲਰਨ ਹੇਤੁ ਕਿਤ ਆਨੈ?।
ਸ਼ੀਘ੍ਰ ਸਕੇਲਜੋ ਜਾਇ ਨ ਕੋਈ। ਬਿਨ ਸੁਭਟਨ ਲਰਿਬੋ ਕਿਮ ਹੋਈ' ॥ ੩੫॥

ਇਹ ਸੁਣ ਕੇ ਬਹਾਦਰ ਸ਼ਾਹ ਨੇ ਕਿਹਾ, "ਯੁੱਧ ਕਰਨ ਵਾਸਤੇ ਲਸ਼ਕਰ ਕਿਥੋਂ ਲਿਆਈਦੇ ? ਛੇਤੀ ਲਸ਼ਕਰ ਇਕੱਠਾ ਨਹੀਂ ਕੀਤਾ ਜਾ ਸਕਦਾ ਤੇ ਸੂਰਬੀਰਾਂ ਬਗੈਰ ਯੁੱਧ ਕਿਵੇਂ ਹੋਵੇਗਾ" ॥ ੩੫ ॥

ਬੋਲਜੋ ਨੰਦਲਾਲ 'ਸੁਨਿ ਲੇਹੋ। ਜਿਮ ਗੁਰ ਭਾਖਜੋ ਤਥਾ ਕਰੇਹੋ।
'ਤਾਰਾ ਆਜ਼ਮ ਕੋ ਹਤਿ ਕਰਨੋ। ਹਮ ਕਰਿਹੈਂ' ਸ੍ਰੀ ਗੁਰ ਇਮ ਬਰਨੋਂ ॥ ੩੬ ॥

ਫਿਰ ਨੰਦ ਲਾਲ ਬੋਲਿਆ, "ਮੇਰੀ ਗੱਲ ਸੁਣ ਲਵੋ, ਜਿਵੇਂ ਗੁਰੂ ਨੇ ਕਿਹਾ ਹੈ, ਉਸ ਪ੍ਰਕਾਰ ਹੀ ਕਰੋ। ਉਨ੍ਹਾਂ ਨੇ ਕਿਹਾ ਹੈ ਕਿ "ਤਾਰਾ ਆਜ਼ਮ ਨੂੰ ਅਸੀਂ ਆਪ ਮਾਰਾਂਗੇ।" ਸਤਿਗੁਰੂ ਜੀ ਨੇ ਇਸ ਪ੍ਰਕਾਰ ਕਿਹਾ ਹੈ॥ ੩੬ ॥

ਤਿਸ ਪੀਛੇ ਲਸ਼ਕਰ ਬਹੁਤੇਰੋ। ਬਿਨਾ ਸਕੇਲੇ ਸਭਿ ਹੁਇ ਤੇਰੋ।
ਬਿਜੈ ਕਰਨ ਕੋ ਭਾਰ ਬਿਸਾਲਾ। ਸੋ ਸਭਿ ਪ੍ਰਭੁ ਕੇ ਹੈ ਸਭਿ ਕਾਲਾ॥ ੩੭ ॥

ਉਨ੍ਹਾਂ ਦੇ ਪਿੱਛੇ ਲਸ਼ਕਰ ਬਹੁਤ ਹੈ, ਇਕੱਠਾ ਕਰਨ ਤੋਂ ਬਗੈਰ ਹੀ ਸਾਰਾ ਤੇਰਾ ਹੋ ਜਾਵੇਗਾ। ਜਿੱਤ ਪ੍ਰਾਪਤ ਕਰਨ ਦਾ ਵਿਸ਼ਾਲ ਭਾਰ ਉਹ ਸਭ ਸਮੇਂ ਪ੍ਰਭੂ ਉੱਪਰ ਹੈ॥ ੩੭ ॥

ਬੀਚ ਖਰੋ ਹੋਨੋ ਤੁਵ ਕਾਜ। ਇਮ ਕਰਿ ਨਿਸ਼ਚੈ ਲੀਜਹਿ ਰਾਜ।
ਭਾਜ ਚਲਨ ਕੈ ਮਿਲਿਬੇ ਮਾਂਹੀ। ਸੰਕਟ ਬਨੈ ਲਖਹੁ ਸੁਖ ਨਾਂਹੀ॥ ੩੮ ॥

ਤੁਹਾਡੇ ਕਾਰਜ ਵਾਸਤੇ ਸਤਿਗੁਰੂ ਜੀ ਦਾ ਵਿਚ ਖੜਾ ਹੋਣਾ ਹੀ ਅਸੀਂ ਸਮਝਦੇ ਹਾਂ ਕਿ ਨਿਸ਼ਚੇ ਰੂਪ ਵਿਚ ਰਾਜ ਪ੍ਰਾਪਤ ਕਰਨਾ ਹੈ। ਭੱਜ ਚੱਲਣ ਨਾਲ ਜਾਂ ਭਰਾ ਨੂੰ ਮਿਲਣ ਨਾਲ ਵੱਡਾ ਸੰਕਟ ਹੀ ਬਣੇਗਾ, ਇਸ ਵਿਚ ਸੁਖ ਨਾ ਸਮਝੋ॥ ੩੮ ॥

ਤੁਵ ਜੀਵਨ ਮਹਿਂ ਸੰਸਾ ਹੋਇ। ਯਾਂਤੇ ਤਜਾਗ ਦੇਹੁ ਮਤ ਦੋਇ।
ਲਰਨੋ ਸਨਮੁਖ ਹੀ ਬਨਿ ਆਵੈ। ਜੋ ਜੂਝਹਿਂ ਤੇ ਭਿਸਤ ਸਿਧਾਵੈਂ॥ ੩੯ ॥

ਤੁਹਾਡੇ ਜੀਵਨ ਵਿਚ ਜੇ ਕੋਈ ਸ਼ੰਕਾ ਹੋਵੇ ਤਾਂ ਉਸ ਨੂੰ ਤਿਆਗ ਦੇਵੋ, ਇਹ ਦੋਵੇਂ ਮੱਤ ਹਨ। ਸਾਹਮਣੇ ਹੋ ਕੇ ਲੜਨਾ ਹੀ ਬਣਦਾ ਹੈ। ਜਿਹੜਾ ਜੂਝ ਜਾਵੇਗਾ, ਉਹ ਬਹਿਸ਼ਤਾਂ ਵਿਚ ਜਾਵੇਗਾ॥ ੩੯ ॥

ਜੀਵਤ ਰਹੈਂ ਸ਼ਾਹੁ ਪਦ ਲੈ ਹੈਂ। ਸ੍ਰੀ ਗੁਰ ਫਤੇ ਤੋਹਿ ਕੋ ਦੈ ਹੈਂ।
ਇੱਤਜਾਦਿਕ ਕਹਿ ਧੀਰਜ ਦੀਨ। ਸੈਨ ਸਕੇਲਨ ਜਿਤ ਕਿਤ ਕੀਨਿ॥ ੪੦ ॥

ਜੇ ਜੀਉਂਦੇ ਰਹੇ ਤਾਂ ਬਾਦਸ਼ਾਹ ਦੀ ਪਦਵੀ ਲਵੋਗੇ। ਸਤਿਗੁਰੂ ਜੀ ਫ਼ਤਹਿ ਤੁਹਾਨੂੰ ਹੀ ਦੇਣਗੇ।" ਇਸ ਪ੍ਰਕਾਰ ਕਹਿ ਕੇ ਧੀਰਜ ਦਿੱਤਾ ਤੇ ਜਿੱਥੋਂ ਕਿੱਥੋਂ ਸੈਨਾ ਇਕੱਠੀ ਕੀਤੀ॥ ੪੦ ॥

ਕਰਜੋ ਕੂਚ ਸਨਮੁਖ ਤਿਹ ਆਵਤਿ। ਗੁਰੂ ਭਰੋਸਾ ਧਰਤਿ ਸਿਧਾਵਤ।
'ਕੈ ਮਰਿ ਰਹੌਂ ਕਿ ਲੈ ਹੌਂ ਰਾਜ। ਪ੍ਰਭੂ ਨਿਬਾਹੈਂਗੇ ਨਿਜ ਲਾਜ' ॥ ੪੧ ॥

ਫਿਰ ਕੂਚ ਕਰਕੇ ਉਸ ਦੇ ਸਾਹਮਣੇ ਆ ਗਏ ਤੇ ਗੁਰੂ ਜੀ ਉੱਪਰ ਭਰੋਸਾ ਧਾਰ ਕੇ ਚਲੇ ਗਏ। "ਜਾਂ ਮਰ ਜਾਵਾਂਗਾ ਜਾਂ ਰਾਜ ਲੈ ਲਵਾਂਗਾ। ਸਤਿਗੁਰੂ ਜੀ ਆਪਣੀ ਲਾਜ ਨਿਭਾਉਣਗੇ" ॥ ੪੧ ॥

ਚੰਬਲ ਸਲਿਤਾ ਕੋ ਚਲਿ ਪਰਜੋ। ਨੰਦ ਲਾਲ ਕੋ ਬਹੁਰ ਉਚਰਜੋ।
'ਹਾਕਮ ਰਾਇ ਸੰਗ ਲੇ ਜਾਇ। ਪ੍ਰਭੁ ਕੋ ਹਿਤ ਸਹਾਇਤਾ ਲਜਾਇ॥ ੪੨ ॥

ਫਿਰ ਚੰਬਲ ਨਦੀ ਵੱਲ ਚਲ ਪਿਆ। ਨੰਦ ਲਾਲ ਨੂੰ ਫਿਰ ਉਚਾਰਨ ਕਰਕੇ ਕਿਹਾ, "ਹਾਕਮ ਰਾਇ ਨੂੰ ਆਪਣੇ ਨਾਲ ਲੈ ਜਾਵੇ ਤੇ ਸਤਿਗੁਰੂ ਪਾਸੋਂ ਸਹਾਇਤਾ ਲੈ ਕੇ ਆਵੇ॥ ੪੨ ॥

ਏਕ ਸੁਆਲ ਜੁ ਕਹੈਂ ਸੁ ਮਾਨੋਂ। ਤਿਨਹੁੰ ਭਰੋਸੇ ਮੈਂ ਰਣ ਠਾਨੋਂ।
ਸੁਨਿ ਕੈ ਨੰਦ ਲਾਲ ਪੁਨ ਆਯੋ। ਨਮੋ ਕਰੀ ਸੁ ਪ੍ਰਸੰਗ ਸੁਨਾਯੋ॥ ੪੩॥

ਇਕ ਸੁਆਲ ਜਿਹੜਾ ਕਹਿੰਦੇ ਹਨ, ਉਹ ਮੈਂ ਮੰਨਾਂਗਾ, ਉਨ੍ਹਾਂ ਦੇ ਭਰੋਸੇ ਹੀ ਮੈਂ ਯੁੱਧ ਲੜਾਂਗਾ।'' ਇਹ ਸੁਣ ਕੇ ਫਿਰ ਨੰਦ ਲਾਲ ਗੁਰੂ ਜੀ ਪਾਸ ਆਇਆ ਤੇ ਬੰਦਨਾ ਕਰਕੇ ਪ੍ਰਸੰਗ ਸੁਣਾਇਆ॥ ੪੩॥

'ਚਲਹੁ ਆਪ ਦਰਸ਼ਨ ਕੋ ਦੈਹੋ। ਕਿਰਤਾਰਥ ਨਿਜ ਦਾਸ ਕਰੈ ਹੋ।
ਕਹ੍ਯੋ ਆਪ ਕੋ ਲੀਨਸਿ ਮਾਨਿ। ਲਰਨ ਹੇਤੁ ਕਿਯ ਅੱਗ੍ਰ ਪਯਾਨਾ॥ ੪੪॥

''ਆਪ ਜੀ ਚਲ ਕੇ ਦਰਸ਼ਨ ਦੇਵੋ ਤੇ ਆਪਣੇ ਸੇਵਕ ਨੂੰ ਕਿਰਤਾਰਥ ਕਰੋ। ਉਸ ਨੇ ਆਪ ਜੀ ਦਾ ਕਿਹਾ ਮੰਨ ਲਿਆ ਹੈ ਤੇ ਯੁੱਧ ਕਰਨ ਵਾਸਤੇ ਅੱਗੇ ਚਲੇ ਗਿਆ ਹੈ'' ॥ ੪੪॥

ਤਬਿ ਪ੍ਰਭੁ ਧਰਮ ਸਿੰਘ ਕੋ ਪ੍ਰੇਰੇ। 'ਪੰਚ ਸਿੰਘ ਲਿਹੁ ਸੰਗ ਬਡੇਰੇ।
ਜਾਹੁ ਬਹਾਦਰ ਸ਼ਾਹੁ ਬਿਜੈ ਦਿਹੁ। ਅੰਗ ਸੰਗ ਰੱਛਕ ਹਮ ਤਿਹ ਕਹੁ॥ ੪੫॥

ਤਦ ਸਤਿਗੁਰੂ ਜੀ ਨੇ ਧਰਮ ਸਿੰਘ ਨੂੰ ਪ੍ਰੇਰਿਆ, ''ਪੰਜ ਵੱਡੇ ਸਿੰਘ ਆਪਣੇ ਨਾਲ ਲਵੋ ਤੇ ਜਾ ਕੇ ਬਹਾਦਰ ਸ਼ਾਹ ਨੂੰ ਜਿੱਤ ਦੇਵੋ। ਅਸੀਂ ਉਸ ਦੀ ਅੰਗ ਸੰਗ ਹੋ ਕੇ ਰੱਖਿਆ ਕਰਾਂਗੇ॥ ੪੫॥

ਭਿੜੇ ਭੇੜ ਗਨ ਕਰਹਿਂ ਸਹਾਇ। ਤਾਰਾ ਆਜ਼ਮ ਕੋ ਹਮ ਘਾਇਂ।
ਧੀਰਜ ਸਹਿਤ ਸ਼ੱਤ੍ਰੁ ਸਨ ਲਰਿਕੈ। ਬਿਜੈ ਕਰਹੁ ਗੁਨ ਗੁਰੂ ਸਿਮਰਿਕੈ॥ ੪੬॥

ਜਦ ਯੁੱਧ ਕਰੇਗਾ ਤਾਂ ਉਸ ਦੀ ਬਹੁਤ ਸਹਾਇਤਾ ਕਰਾਂਗੇ ਤੇ ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ। ਧੀਰਜ ਸਹਿਤ ਵੈਰੀ ਨਾਲ ਯੁੱਧ ਕਰਕੇ ਗੁਰੂ ਜੀ ਦੇ ਗੁਣ ਯਾਦ ਕਰਕੇ ਵਿਜੇ ਪ੍ਰਾਪਤ ਕਰੋ॥ ੪੬॥

ਸ਼ਾਹ ਬਹਾਦੁਰ ਕੋ ਸਮੁਝਾਵੈ। 'ਜਹਿਂ ਕਹਿਂ ਹਾਦਰ ਗੁਰੂ' ਬੁਝਾਵੈ।
ਸਿਮਰਹਿਂ ਪਹੁੰਚਹਿਂ ਕਰਹੁ ਨ ਸੰਸਾ। ਲਿਹੁ ਸਲਤਨ ਰਿਪੁ ਭ੍ਰਾਤ ਬਿਧੁੰਸਾ ॥੪੭॥

ਬਹਾਦਰ ਸ਼ਾਹ ਨੂੰ ਸਮਝਾਵੇ, ਉਹ ਜਿੱਥੇ ਕਿੱਥੇ ਗੁਰੂ ਜੀ ਨੂੰ ਹਾਜ਼ਰ ਨਾਜ਼ਰ ਸਮਝੇ। ਜਦ ਵੀ ਯਾਦ ਕਰੇਗਾ ਤਾਂ ਪਹੁੰਚਾਂਗੇ, ਇਸ ਬਾਰੇ ਸ਼ੰਕਾ ਨਾ ਕਰੇ, ਵੈਰੀ ਭਰਾ ਮਾਰਿਆ ਜਾਵੇਗਾ ਤੇ ਰਾਜ ਉਸਨੂੰ ਮਿਲ ਜਾਵੇਗਾ'' ॥ ੪੭॥

ਸੁਨਿ ਆਗਜਾ ਪ੍ਰਭੁ ਕੀ ਚਲਿ ਪਰੇ। ਸਨਧਬੱਧ ਘੋਰਨ ਪਰ ਚਰੇ।
ਨੰਦ ਲਾਲ ਕੋ ਪੁਨ ਸਮੁਝਾਯੋ। ਮਾਨਿ ਬਾਕ ਤਿਨ ਸੀਸ ਨਿਵਾਯੋ॥ ੪੮॥

ਸਤਿਗੁਰੂ ਜੀ ਦੀ ਆਗਿਆ ਸੁਣ ਕੇ ਸਿੰਘ ਚਲ ਪਏ ਤੇ ਹਥਿਆਰਬੰਦ ਹੋ ਕੇ ਘੋੜਿਆਂ 'ਤੇ ਸਵਾਰ ਹੋ ਗਏ। ਨੰਦ ਲਾਲ ਨੂੰ ਫਿਰ ਸਮਝਾਇਆ। ਉਸ ਨੇ ਬਚਨ ਮੰਨ ਕੇ ਸਿਰ ਨਿਵਾਇਆ॥ ੪੮॥

'ਹਮ ਭੀ ਕੂਚ ਕਰਤਿ ਹੀ ਆਏ। ਨ੍ਰਿਭੈ ਜਾਇ ਇਹ ਜੰਗ ਮਚਾਏ'।
ਸੁਨਿ ਕਰਿ ਗਮਨੇ ਬਿਲਮ ਬਿਹੀਨੇ। ਸ਼ਾਹੁ ਬਹਾਦਰ ਜਿਤ ਕੋ ਚੀਨੇ॥ ੪੯॥

''ਅਸੀਂ ਵੀ ਕੂਚ ਕਰਦਿਆਂ ਹੀ ਆ ਜਾਵਾਂਗੇ, ਤੇ ਨਿਰਭੈਅ ਹੋ ਕੇ ਜਾ ਕੇ ਜੰਗ ਮਚਾਵਾਂਗੇ।'' ਇਹ ਸੁਣ ਕਿਸੇ ਦੇਰ ਨੂੰ ਛੱਡ ਕੇ ਚਲ ਪਏ। ਜਿਸ ਪਾਸੇ ਵੱਲ ਬਹਾਦਰ ਸ਼ਾਹ ਜਾਣਿਆ ਸੀ ਉਧਰ ਚਲੇ ਗਏ॥ ੪੯॥

ਮਿਲੇ ਸਿੰਘ ਸਭਿ ਗਾਥ ਸੁਨਾਈ। ਪ੍ਰਭੁ ਜੀ ਆਏ ਕਰੀ ਚਢਾਈ।
ਸਿਮਰਨ ਤੇ ਹਾਜਰ ਜਹਿਂ ਕਹਾਂ। ਜਗ ਮਹਿਂ ਪੂਰਨ ਜਾਨਹੁਂ ਮਹਾਂ॥ ੫੦॥

ਸਿੰਘਾਂ ਨੇ ਮਿਲ ਕੇ ਸਾਰੀ ਗਾਥਾ ਸੁਣਾਈ, ਸਤਿਗੁਰੂ ਜੀ ਆ ਰਹੇ ਹਨ, ਉਨ੍ਹਾਂ ਚੜ੍ਹਾਈ ਕਰ ਦਿੱਤੀ ਹੈ। ਉਹ ਯਾਦ ਕਰਨ ਨਾਲ ਜਿੱਥੇ ਕਿੱਥੇ ਹਾਜ਼ਰ ਹੋ ਜਾਂਦੇ ਹਨ। ਉਨ੍ਹਾਂ ਨੂੰ ਜਗਤ ਵਿਚ ਮਹਾਨ ਪੂਰਨ ਜਾਣੋ॥ ੫੦॥

ਸ਼ਰਧਾ ਧਰਹੁ ਭਰਮ ਕੋ ਤਜਾਗਹੁ। ਹੋਤ ਭਾਵਨੀ ਕੋ ਫਲ ਪਾਗਹੁ'।
ਨੰਦ ਲਾਲ ਕਹਿ ਕਰਿ ਸਮੁਝਾਯੋ। ਨੀਠ ਨੀਠ ਕਰਿ ਮਨ ਠਹਿਰਾਯੋ॥ ੫੧॥

ਉਨ੍ਹਾਂ ਬਾਰੇ ਸ਼ਰਧਾ ਧਾਰਨ ਕਰੋ ਤੇ ਭਰਮਾਂ ਨੂੰ ਛੱਡੋ। ਭਾਵਨਾ ਨੂੰ ਫਲ ਲੱਗਦਾ ਹੈ, ਇਸ ਕਰਕੇ ਭਾਵਨਾ ਵਿਚ ਲੱਗੋ।'' ਨੰਦ ਲਾਲ ਨੇ ਫਿਰ ਕਹਿ ਕੇ ਸਮਝਾਇਆ, ਬਹਾਦਰ ਸ਼ਾਹ ਨੇ ਮਸੀਂ-ਮਸੀਂ ਮਨ ਠਹਿਰਾਇਆ॥ ੫੧॥

ਰਣ ਮਹਿਂ ਦਰਸ਼ਨ ਦੇ ਕਰਿ ਤੋਹੀ। ਹਤਹਿਂ ਸ਼ੱਤ੍ਰ ਕਾਰਜ ਸਭਿ ਹੋਹੀ'।
ਸੁਨਿ ਕਰਿ ਧਰਿ ਧੀਰਜ ਸੁਤ ਸ਼ਾਹੂ। ਚਲਜੋ ਲਰਨ ਕੇ ਹੇਤ ਉਮਾਹੂ॥ ੫੨॥

''ਰਣਖੇਤਰ ਵਿਚ ਤੈਨੂੰ ਦਰਸ਼ਨ ਦੇ ਕੇ ਵੈਰੀ ਨੂੰ ਮਾਰਨਗੇ ਤੇ ਤੇਰੇ ਸਾਰੇ ਕਾਰਜ ਪੂਰੇ ਹੋ ਜਾਣਗੇ।'' ਇਹ ਸੁਣ ਕੇ ਬਾਦਸ਼ਾਹ ਦੇ ਪੁੱਤਰ ਨੇ ਧੀਰਜ ਧਾਰਨ ਕੀਤਾ, ਫਿਰ ਬੜੇ ਉਤਸ਼ਾਹ ਨਾਲ ਯੁੱਧ ਕਰਨ ਵਾਸਤੇ ਚੱਲਿਆ॥ ੫੨॥

*ਪਹਿਲੇ ਐਨ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੦॥*

## *ਅਧਿਆਇ ਇਕਤਾਲ੍ਹੀਵਾਂ*

### *ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ*

ਦੋਹਰਾ- ਸ਼ਾਹੁ ਬਹਾਦਰ ਸੈਨ ਕੋ ਮੁਜਰਾ ਲੀਨਿ ਬਨਾਇ।
ਬਖਸ਼ੀ ਬਖਸ਼ਿਸ਼ ਦਰਬ ਬਹੁ ਅਰੁ ਆਯੁਧ ਸਮੁਦਾਇ॥ ੧॥

ਬਹਾਦਰ ਸ਼ਾਹ ਨੇ ਸਾਰੀ ਸੈਨਾ ਦੀ ਹਾਜ਼ਰੀ ਲਾਈ, ਸਾਰਿਆਂ ਨੂੰ ਬਹੁਤ ਧਨ ਬਖਸ਼ਿਆ ਅਤੇ ਬਹੁਤ ਹਥਿਆਰ ਦਿੱਤੇ॥ ੧॥

ਚੌਪਈ- ਬਸਤ੍ਰ ਬਿਭੂਖਨ ਦੈ ਅਪਨਾਏ॥ 'ਆਗੈ ਮਨਸਬ ਕਰੌਂ ਸਵਾਏ'।
ਕਹਿ ਉਮਰਾਵਨਿ ਰਿਦੇ ਵਧਾਏ। ਮਿਸਲ ਮਿਸਲ ਗਨ ਬੀਰ ਟਿਕਾਏ॥੨॥

ਵਸਤਰ ਅਤੇ ਗਹਿਣੇ ਦੇ ਕੇ ਆਪਣੇ ਬਣਾਏ, ''ਅੱਗੇ ਜਾ ਕੇ ਤਨਖਾਹ ਸਵਾਈ ਕਰ ਦੇਵਾਂਗਾ।'' ਇਹ ਕਹਿ ਕੇ ਉਮਰਾਵ ਦਾ ਦਿਲ ਵਧਾਇਆ ਤੇ ਹਰ ਮਿਸਲ ਵਿਚ ਬਹੁਤ ਸੂਰਬੀਰ ਟਿਕਾਅ ਦਿੱਤੇ॥ ੨॥

ਗੁਲਕਾਂ ਬਹੁ ਬਰੂਦ ਬਰਤਾਈ। ਗਨ ਤੋਪੈਂ ਤਜਾਰੀ ਕਰਿਵਾਈ।
ਗਜ ਬਾਜੀ ਪੈਦਲ ਸੰਭਾਲੇ। ਦਲ ਆਰਾਸਤ ਕੀਨ ਬਿਸਾਲੇ॥ ੩॥

ਗੋਲੀਆਂ ਅਤੇ ਬਹੁਤ ਬਰੂਦ ਵਰਤਾਇਆ ਤੇ ਬਹੁਤ ਤੋਪਾਂ ਤਿਆਰ ਕਰਵਾਈਆਂ। ਹਾਥੀ ਸਵਾਰ, ਘੋੜ ਸਵਾਰ ਅਤੇ ਪੈਦਲ ਸੰਭਾਲ ਲਏ, ਸਾਰੀ ਸੈਨਾ ਨੂੰ ਚੰਗੀ ਤਰ੍ਹਾਂ ਤਿਆਰ ਕੀਤਾ॥ ੩॥

ਦਿੱਲੀ ਤੇ ਬਾਹਰ ਹੀ ਰਹਜੋ। 'ਪ੍ਰਥਮ ਕਰੌਂ ਸੰਘਰ' ਚਿਤ ਚਹਜੋ।
ਸ਼ੁਤਰੀ, ਧੌਂਸੇ, ਧੱਗ ਬਜਾਈ। ਕਰਜੋ ਕੂਚ ਦਰ ਕੂਚ ਅਗਾਈ॥ ੪॥

ਦਿੱਲੀ ਤੋਂ ਬਾਹਰ ਹੀ ਰਿਹਾ, "ਪਹਿਲਾਂ ਸੰਘਰਸ਼ ਕਰਦਾ ਹਾਂ" ਚਿੱਤ ਵਿਚ ਇਹ ਚਾਹਿਆ। ਊਠਾਂ ਵਾਲੇ ਨਗਾਰੇ, ਧੌਂਸੇ ਅਤੇ ਧੌਂਗ ਵਜਾਏ ਤੇ ਅੱਗੇ ਕੂਚ ਕਰਦਾ ਚਲੇ ਗਿਆ॥ ੪॥

ਚੰਬਲ ਸਲਿਤਾ ਤਟ ਕੋ ਚਾਹਾ। 'ਤਹਿਂ ਅਟਕਾਇ ਹਤੌਂ ਰਣ ਮਾਹਾਂ'।
ਉਤ ਤਾਰਾ ਆਜ਼ਮ ਬਨਿ ਸ਼ਾਹੂ। ਬੈਠਿ ਤਖਤ ਉਮਰਾਵਨ ਮਾਂਹੂ॥ ੫॥

ਚੰਬਲ ਨਦੀ ਦਾ ਕਿਨਾਰਾ ਚਾਹਿਆ। "ਉਥੇ ਹੀ ਅਟਕਾਅ ਕੇ ਰਣਖੇਤਰ ਵਿਚ ਮਾਰਾਂਗਾ।" ਓਧਰ ਤਾਰਾ ਆਜ਼ਮ ਉਮਰਾਵ ਵਿਚ ਬਾਦਸ਼ਾਹ ਬਣ ਕੇ ਤਖਤ ਉੱਪਰ ਬੈਠ ਗਿਆ॥ ੫॥

ਬਾਈ ਲਾਖ ਸੈਨ ਸੰਭਾਰੀ। ਦਸ ਹਜ਼ਾਰ ਤੋਪੈਂ ਬਡ ਭਾਰੀ।
ਲੇ ਪੰਚਾਸ ਹਜ਼ਾਰ ਜੰਬੂਰੇ। ਬਖਸ਼ਸ਼ਿ ਦਈ ਅਨਿਕ ਪਿਖਿ ਸੂਰੇ॥ ੬॥

ਬਾਈ ਲੱਖ ਉਸ ਨੇ ਸੈਨਾ ਸੰਭਾਲੀ। ਦਸ ਹਜ਼ਾਰ ਵੱਡੀਆਂ ਭਾਰੀਆਂ ਤੋਪਾਂ ਸਨ। ਪੰਜਾਹ ਹਜ਼ਾਰ ਜੰਬੂਰੇ ਸਨ। ਸੂਰਬੀਰਾਂ ਨੂੰ ਵੇਖ ਕੇ ਅਨੇਕ ਪ੍ਰਕਾਰ ਦੀਆਂ ਬਖਸ਼ੀਸ਼ਾਂ ਦਿੱਤੀਆਂ॥ ੬॥

ਦੱਖਣਿ ਦੇਸ਼ ਸਗਲ ਅਪਨਾਯੋ। ਸਭਿ ਪਰ ਅਪਨੋ ਹੁਕਮ ਟਿਕਾਯੋ।
ਭ੍ਰਾਤਾ ਕੀ ਸੁਨਿਕੈ ਸਭਿ ਬਾਤ। ਕੋਪਜੋ ਅਧਿਕ ਰਿਦੇ ਗਰਬਾਤਿ॥ ੭॥

ਦੱਖਣ ਦੇਸ਼ ਸਾਰਾ ਹੀ ਅਪਨਾਅ ਲਿਆ ਤੇ ਸਾਰਿਆਂ ਉੱਪਰ ਆਪਣਾ ਹੁਕਮ ਟਿਕਾਇਆ। ਭਰਾ ਬਾਰੇ ਸਾਰੀ ਗੱਲਬਾਤ ਸੁਣ ਕੇ ਹਿਰਦੇ ਵਿਚ ਵੱਡਾ ਹੰਕਾਰ ਧਾਰ ਕੇ ਬਹੁਤ ਕ੍ਰੋਧ ਵਿਚ ਆਇਆ॥ ੭॥

ਸਕਲ ਚਮੂੰ ਕੀ ਮਿਸਲ ਨਿਹਾਰੀ। ਕਹਿ ਉਮਰਾਵਨ ਕੀਯਸਿ ਤਯਾਰੀ।
ਗਜ ਬਾਜਨ ਪਰ ਪਾਖਰ ਪਾਈ। ਚਢਜੋ ਆਪ ਗਨ ਬੰਬ ਬਜਾਈ॥ ੮॥

ਸਾਰੀ ਸੈਨਾ ਦੀ ਮਿਸਲ ਵੇਖੀ ਤੇ ਉਮਰਾਵ ਨੂੰ ਕਹਿ ਕੇ ਤਿਆਰੀ ਕਰਵਾਈ। ਹਾਥੀਆਂ ਘੋੜਿਆਂ ਉੱਪਰ ਜ਼ੰਜੀਰਦਾਰ ਲੋਹੇ ਦੇ ਝੁੱਲ ਪਾਏ ਤੇ ਬਹੁਤ ਨਗਾਰੇ ਵਜਾ ਕੇ ਹਾਥੀ ਉੱਪਰ ਸਵਾਰ ਹੋ ਗਿਆ॥ ੮॥

ਦੱਖਣ ਤੇ ਕਰਿ ਕੂਚ ਹਮੇਸ਼ਾ। ਆਵਤਿ ਚਲਜੋ ਸੁਨਜੋ ਜਿਸ ਦੇਸ਼ਾ।
ਗ੍ਰਾਮ ਨਗਰ ਬਨ ਉਲੰਘਤਿ ਆਏ। ਲਸ਼ਕਰ ਦੀਰਘ ਨੀਰ ਸੁਕਾਏ॥ ੯॥

ਦੱਖਣ ਵਾਲੇ ਪਾਸੇ ਤੋਂ ਜਿਸ ਦੇਸ਼ ਵਿਚ ਉਸ ਦੇ ਹੋਣ ਬਾਰੇ ਸੁਣਿਆ ਜਾਂਦਾ ਸੀ, ਉਹ ਹਮੇਸ਼ਾ ਚਲਦਾ ਆ ਰਿਹਾ ਸੀ। ਪਿੰਡ ਨਗਰ, ਜੰਗਲ ਉਲੰਘਦੇ ਆ ਰਹੇ ਸਨ। ਬਹੁਤ ਵੱਡਾ ਲਸ਼ਕਰ ਸੀ, ਜਿਥੇ ਵੀ ਜਾ ਕੇ ਰਾਤ ਰਹਿੰਦਾ ਸੀ, ਉਥੇ ਦਾ ਪਾਣੀ ਮੁੱਕ ਜਾਂਦਾ ਸੀ॥ ੯॥

ਸ਼ਾਹ ਬਹਾਦਰ ਸੁਨਿ ਸੁਧਿ ਸਾਰੀ। ਸੰਸੈ ਹੋਤਿ ਸੁਨਤਿ ਦਲ ਭਾਰੀ।
'ਮੋ ਤੇ ਦਸ ਗੁਨ ਤੇ ਅਧਿਕਾਈ। ਤੋਪ ਜੰਬੂਰਨਿ ਜੁਤਿ ਸਮੁਦਾਈ॥ ੧੦॥

ਬਹਾਦਰ ਸ਼ਾਹ ਸਾਰੀ ਖ਼ਬਰ ਸੁਣ ਕੇ ਤੇ ਭਾਰੀ ਦਲ ਬਾਰੇ ਜਾਣ ਕੇ ਸ਼ੰਕੇ ਸਹਿਤ ਹੋ ਗਿਆ। "ਮੇਰੇ ਨਾਲੋਂ ਦਸ ਗੁਣਾਂ ਵੱਡੀ ਸੈਨਾ ਹੈ, ਤੋਪਾਂ ਜੰਮੂਰਿਆਂ ਸਹਿਤ ਇਕੱਠੀ ਹੋ ਕੇ ਆ ਰਹੀ ਹੈ॥ ੧੦॥

ਲਸ਼ਕਰ ਅਲਪ ਅਹੈ ਸੰਗ ਮੇਰੇ। ਗੁਰ ਬਚ ਪਰ ਬਿੱਸ੍ਵਾਸ ਬਡੇਰੇ।
ਅਪਰ ਉਪਾਇ ਨਹੀਂ ਅਬਿ ਕੋਈ। ਇਕ ਅਲਾਹ ਅਵਲੰਬਹਿ ਹੋਈ॥ ੧੧॥

ਮੇਰੇ ਨਾਲ ਬਹੁਤ ਥੋੜੀ ਸੈਨਾ ਹੈ, ਗੁਰੂ ਜੀ ਦੇ ਬਚਨਾਂ 'ਤੇ ਮੈਨੂੰ ਵੱਡਾ ਵਿਸ਼ਵਾਸ ਹੈ। ਹੁਣ ਹੋਰ ਕੋਈ ਉਪਾਅ ਨਹੀਂ ਹੈ, ਕੇਵਲ ਇਕ ਅੱਲਾਹ ਦਾ ਹੀ ਆਸਰਾ ਹੈ॥ ੧੧॥

ਹੈ ਘੋਰਨ ਕੀ ਮਦਤ ਖ਼ੁਦਾਇ। ਯਾਂਤੇ ਨਿਸ਼ਚੈ ਮੁਰ ਮਨ ਆਇ।
ਇਤ ਸ੍ਰੀ ਗੁਰ ਕਰਿ ਕੂਚ ਹਮੇਸ਼। ਦਿੱਲੀ ਦਿਸ਼ਿ ਕੋ ਗਮਨ ਕਰੇ ਸੁ॥ ੧੨॥

ਘੋੜਿਆਂ ਦੀ ਮਦਦ ਖ਼ੁਦਾ ਕਰਦਾ ਹੈ, ਇਸ ਕਰਕੇ ਮੇਰੇ ਮਨ ਵਿਚ ਨਿਸ਼ਚਾ ਆ ਗਿਆ ਹੈ।" ਏਧਰ ਸਤਿਗੁਰੂ ਜੀ ਵੀ ਰੋਜ਼ ਕੂਚ ਕਰਦੇ ਹੋਏ, ਦਿੱਲੀ ਵਾਲੇ ਪਾਸੇ ਚਲੇ ਜਾ ਰਹੇ ਸਨ॥ ੧੨॥

ਸੰਗ ਖਾਲਸਾ ਦਲ ਸਮੁਦਾਈ। ਮਹਿਮਾਂ ਸੁਨਿ ਨਰ ਮਿਲਹਿਂ ਸੁ ਆਈ।
ਦਰਸ਼ਨ ਦੇਤੇ ਕਰਤਿ ਨਿਹਾਲ। ਪੂਰਹਿਂ ਕਾਮਨਾ ਜਨਨਿ ਕ੍ਰਿਪਾਲ॥ ੧੩॥

ਗੁਰੂ ਜੀ ਦੇ ਨਾਲ ਸਾਰਾ ਖਾਲਸਾ ਦਲ ਵੀ ਸੀ, ਗੁਰੂ ਜੀ ਦੀ ਮਹਿਮਾ ਸੁਣ ਕੇ ਰਸਤੇ ਦੇ ਲੋਕ ਆ ਆ ਮਿਲਦੇ ਸਨ। ਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਦਿੰਦੇ ਸਨ, ਸਤਿਗੁਰੂ ਜੀ ਸਾਰੇ ਲੋਕਾਂ ਦੀਆਂ ਕਾਮਨਾਂ ਪੂਰੀਆਂ ਕਰਦੇ ਸਨ॥ ੧੩॥

ਉਤ ਅਵਰੰਗ ਕੇ ਨੰਦਨ ਦੋਊ। ਭਯੋ ਭੇਰ ਚੰਬਲ ਤਟ ਸੋਊ।
ਦੂਹੂੰ ਦਿਸ਼ਿਨਿ ਤੇ ਬਜੇ ਨਗਾਰੇ। ਰਣਸਿੰਙੇ ਬਡ ਸ਼ਬਦ ਉਠਾਰੇ॥ ੧੪॥

ਓਧਰ ਨੌਰੰਗੇ ਦੇ ਦੋਵਾਂ ਪੁੱਤਰਾਂ ਦਾ ਚੰਬਲ ਨਦੀ ਦੇ ਕਿਨਾਰੇ ਤੇ ਭੇੜ ਹੋ ਗਿਆ। ਦੋਵਾਂ ਪਾਸਿਆਂ ਤੋਂ ਨਗਾਰੇ ਵੱਜੇ ਤੇ ਰਣਸਿੰਘੇ ਗੂੰਜੇ, ਬੜੀ ਉੱਚੀ ਆਵਾਜ਼ ਪੈਦਾ ਕਰਦੇ ਸਨ॥ ੧੪॥

ਲਸ਼ਕਰ ਪਰੇ ਕਰੇ ਅਰੁ ਅਰੇ। ਛੁਟੀ ਤੋਪ ਗਨ ਨਭ ਰਵ ਭਰੇ।
ਧੂੰਮਧਾਰ ਪਸਰੀ ਇਕ ਬਾਰੀ। ਨਹਿਂ ਦੀਖਤ ਦ੍ਰਿਗ ਪਾਨ ਪਸਾਰੀ॥ ੧੫॥

ਲਸ਼ਕਰ ਦੇ ਪਰ੍ਹੇ ਬਣਾਏ ਗਏ ਅਤੇ ਉਹ ਅੜ ਪਏ, ਬਹੁਤ ਤੋਪਾਂ ਚੱਲੀਆਂ ਤੇ ਅਕਾਸ਼ ਅਤੇ ਸੂਰਜ ਧੂੰਏਂ ਨਾਲ ਢੱਕੇ ਗਏ। ਇਕ ਵਾਰ ਸਾਰੇ ਧੂੰਆਂ ਹੀ ਧੂੰਆਂ ਫੈਲ ਗਿਆ ਤੇ ਅੱਖਾਂ ਅੱਗੇ ਹੱਥ ਪਸਾਰ ਕੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ॥੧੫॥

ਸ਼ਲਖ ਜਮੂਰਨ ਕੀ ਬਡ ਹੋਈ। ਬਰਖਨ ਲਗੇ ਲੋਹ ਦਿਸ਼ਿ ਦੋਈ।
ਮਨਹੁਂ ਅਕਾਸ਼ ਫੂਟਿ ਗਿਰ ਪਰਯੋ। ਭੀਖਣ ਸ਼ਬਦ ਭੂਮ ਨਭ ਭਰਯੋ॥ ੧੬॥

ਜਮੂਰਿਆਂ ਦੀਆਂ ਬਹੁਤ ਸ਼ਲਖਾਂ ਚੱਲੀਆਂ ਤੇ ਦੋਵੇਂ ਪਾਸੇ ਲੋਹੇ ਦੀ ਵਰਖਾ ਹੋਣ ਲੱਗੀ। ਮਾਨੋ ਅਕਾਸ਼ ਪਾਟ ਕੇ ਡਿੱਗ ਪਿਆ ਹੋਵੇ। ਬਹੁਤ ਭਿਆਨਕ ਆਵਾਜ਼ਾਂ ਨਾਲ ਭੂਮੀ ਅਤੇ ਅਕਾਸ਼ ਭਰ ਗਿਆ॥ ੧੬॥

'ਮਾਰ ਮਾਰ' ਕਹਿ ਰੌਰ ਉਠਾਯੋ। ਇਮ ਸਗਰੋ ਦਿਨ ਜੰਗ ਮਚਾਯੋ।
ਕੇਚਿਤ ਬੀਰ ਤੁਰੰਗ ਸੰਘਾਰੇ। ਰਵਿ ਅਸਤਯੋ ਤਜਿ ਭਏ ਕਿਨਾਰੇ॥ ੧੭॥

"ਮਾਰ ਮਾਰ' ਦਾ ਬਹੁਤ ਰੋਲਾ ਮਚਿਆ, ਇਸ ਪ੍ਰਕਾਰ ਸਾਰਾ ਦਿਨ ਜੰਗ ਹੁੰਦੀ ਰਹੀ। ਕਈ ਸੂਰਬੀਰ ਅਤੇ ਘੋੜੇ ਮਾਰੇ ਗਏ। ਜਦ ਸੂਰਜ ਡੁੱਬ ਗਿਆ ਤਾਂ ਲੜਾਈ ਛੱਡ ਕੇ ਨਦੀ ਦੇ ਕਿਨਾਰੇ ਵੱਲ ਹੋ ਗਏ॥ ੧੭॥

ਸਿਵਰ ਕਰਯੋ ਚਹਿ ਖਾਨ ਰੁ ਪਾਨਾ। ਤ੍ਰਿਪਤ ਹਤਯੋ ਸ੍ਰਮ ਭੇ ਸਵਧਾਨਾ।
ਜਾਗ੍ਰਤਿ ਸੋਵਤਿ ਰਾਤਿ ਬਿਤਾਈ। ਸੋਚ ਸ਼ਨਾਨੇ ਦਲ ਸਮੁਦਾਈ॥ ੧੮॥

ਫਿਰ ਡੇਰਾ ਲਾ ਕੇ ਖਾਣ ਪੀਣ ਕੀਤਾ ਤੇ ਤ੍ਰਿਪਤ ਹੋ ਕੇ ਥਕਾਵਟ ਨੂੰ ਮਾਰ ਕੇ ਸਾਵਧਾਨ ਹੋ ਗਏ। ਸੁੱਤਿਆਂ ਜਾਗਦਿਆਂ ਰਾਤ ਬਤੀਤ ਕੀਤੀ ਤੇ ਸਾਰੇ ਸੈਨਕ ਦਲ ਨੇ ਸੋਚ ਇਸ਼ਨਾਨ ਕੀਤਾ॥ ੧੮॥

ਚਢੇ ਲਰਨ ਕੇ ਹੇਤੁ ਬਹੋਰੀ। ਛੁਟਹਿਂ ਸ਼ਬਦ ਬਡ ਗੋਰਾ ਗੋਰੀ।
ਹਯ ਧਵਾਇ ਕਰਿ ਤਜੈਂ ਤੁਫੰਗੈਂ। ਤੀਰ ਪ੍ਰਹਾਰਹਿਂ ਫੋਰਤਿ ਅੰਗੈਂ॥ ੧੯॥

ਫਿਰ ਯੁੱਧ ਕਰਨ ਵਾਸਤੇ ਤਿਆਰੀ ਕੀਤੀ। ਬੜੀ ਉੱਚੀ ਆਵਾਜ਼ ਪ੍ਰਗਟ ਕਰਕੇ ਗੋਲੇ ਅਤੇ ਗੋਲੀਆਂ ਚਲਦੀਆਂ ਸਨ। ਘੋੜਿਆਂ ਨੂੰ ਭਜਾ ਕੇ ਬੰਦੂਕਾਂ ਚਲਾਉਂਦੇ ਸਨ ਤੇ ਤੀਰਾਂ ਦੇ ਵਾਰ ਕਰਕੇ ਅੰਗਾਂ ਨੂੰ ਪਾੜ ਦਿੰਦੇ ਸਨ॥ ੧੯॥

ਨੇਜੇ ਬੰਬਲਿਆਲ ਭ੍ਰਮਾਵੈਂ। ਮਿਲਹਿਂ ਪਰਸਪਰ ਆਯੁਧ ਘਾਵੈਂ।
ਅੰਧ ਧੁੰਧ ਪਰਿ ਗਯੋ ਬਿਸਾਲਾ। ਸੁਤਰਨਾਲ ਘੁੜਨਾਲ ਕਰਾਲਾ॥ ੨੦॥

ਬੰਬਲਾਂ ਵਾਲੇ ਨੇਜ਼ੇ ਭਵਾਉਂਦੇ ਸਨ ਤੇ ਇਕ ਦੂਸਰੇ ਨੂੰ ਮਿਲ ਕੇ ਹਥਿਆਰ ਮਾਰ ਕੇ ਘਾਇਲ ਕਰਦੇ ਸਨ। ਵਿਸ਼ਾਲ ਅੰਧਾਧੁੰਧ ਫੈਲ ਗਈ। ਊਠਾਂ ਉੱਤੇ ਰੱਖ ਕੇ ਚਲਾਈ ਜਾਣ ਵਾਲੀ ਵੱਡੀ ਤੋਪ ਜਿਸ ਨੂੰ ਸ਼ੁਤਰਨਾਲ ਕਹਿੰਦੇ ਸਨ ਅਤੇ ਘੋੜਿਆਂ ਉੱਤੇ ਰੱਖ ਕੇ ਚਲਾਈ ਜਾਣ ਵਾਲੀ ਘੁੜਨਾਲ ਤੋਪਾਂ ਵਿਕਰਾਲ ਰੂਪ ਵਿਚ ਚਲ ਰਹੀਆਂ ਸਨ॥ ੨੦॥

ਇਮ ਹੁਇ ਜੰਗ ਹਟੇ ਦਲ ਦੋਊ। ਨਿਜ ਬਿੱਸ੍ਰਾਮ ਕੀਨਿ ਸਭਿ ਕੋਊ।
ਹੋਤਿ ਪ੍ਰਾਤ ਉਠਿ ਬਜੇ ਨਗਾਰੇ। ਜੋਧਾ ਸੁਨਤਿ ਸਨਧਬੱਧ ਸਾਰੇ॥ ੨੧॥

ਇਸ ਪ੍ਰਕਾਰ ਜੰਗ ਕਰਕੇ ਦੋਵੇਂ ਦਲ ਫਿਰ ਪਿਛਾਂਹ ਹੱਟ ਗਏ ਤੇ ਸਾਰਿਆਂ ਨੇ ਆਪਣਾ-ਆਪਣਾ ਵਿਸ਼ਰਾਮ ਕੀਤਾ। ਸਵੇਰ ਹੋਣ ਤੇ ਜਦ ਉਠੇ ਤਾਂ ਫਿਰ ਨਗਾਰੇ ਵੱਜ ਉਠੇ, ਸਾਰੇ ਯੋਧੇ ਸੁਣ ਕੇ ਹਥਿਆਰਬੰਧ ਹੋ ਗਏ॥ ੨੧॥

ਦਲ ਮੁਕਾਬਲੇ ਦੋਨਹੁਂ ਭਏ। ਹਮਲੇ ਕਰਤਿ ਸ਼ਸਤ੍ਰ ਭਟ ਘਏ।
ਤਾਰਾਆਜ਼ਮ ਕੋ ਬਡ ਲਸ਼ਕਰ। ਪਰਜੋ ਪਾਇ ਕਰਿ ਘਾਵਨ ਕਰਿ ਕਰਿ॥੨੨॥

ਫਿਰ ਦੋਵੇਂ ਦਲ ਮੁਕਾਬਲੇ ਵਾਸਤੇ ਆਹਮੋ-ਸਾਹਮਣੇ ਆ ਗਏ ਤੇ ਹਮਲੇ ਕਰਕੇ ਸ਼ਸਤਰਾਂ ਨਾਲ ਸੂਰਬੀਰਾਂ ਨੂੰ ਘਾਇਲ ਕਰਦੇ ਸਨ। ਤਾਰਾ ਆਜ਼ਮ ਦਾ ਬਹੁਤ ਵੱਡਾ ਲਸ਼ਕਰ ਸੀ, ਉਹ ਹਮਲਾ ਕਰਕੇ ਪੈ ਗਿਆ ਤੇ ਆਪਣੇ ਵੈਰੀਆਂ ਨੂੰ ਮਾਰੀ ਤੁਰਿਆ ਜਾਂਦਾ ਸੀ॥ ੨੨॥

ਆਪ ਬਹਾਦਰ ਚਢਜੋ ਲਰਨ ਕੋ। ਉਤ ਆਜ਼ਮ ਪਹੁੰਚਜੋ ਪਿਖਿ ਰਨ ਕੋ।
ਜੁਗ ਭ੍ਰਾਤਾ ਨੇ ਜੰਗ ਪਵਾਇ। ਛੁਟਹਿਂ ਤੁਫੰਗ ਤੋਪ ਸਮੁਦਾਇ॥ ੨੩॥

ਬਹਾਦਰ ਸ਼ਾਹ ਨੇ ਆਪ ਯੁੱਧ ਕਰਨ ਵਾਸਤੇ ਚੜ੍ਹਾਈ ਕੀਤੀ, ਓਧਰ ਤਾਰਾ ਆਜ਼ਮ ਵੀ ਰਣਖੇਤਰ ਵੇਖ ਕੇ ਪਹੁੰਚ ਗਿਆ। ਦੋਵੇਂ ਭਰਾ ਆਪਸ ਵਿਚ ਜੰਗ ਕਰ ਰਹੇ ਸਨ ਤੇ ਤੋਪਾਂ ਬੰਦੂਕਾਂ ਚਲ ਰਹੀਆਂ ਸਨ॥ ੨੩॥

ਗਜ ਪਰ ਹੁਤੋ ਬਹਾਦਰ ਰਾਇ। ਧਰਮ ਸਿੰਘ ਕੋ ਨਿਕਟ ਬਿਠਾਇ।
ਗੁਰ ਗਾਥਾ ਕੋ ਮੁਖਹੁਂ ਉਚਾਰੈ। ਹੋਤਿ ਦੂਰ ਲਗਿ ਜੰਗ ਨਿਹਾਰੈ॥ ੨੪॥

ਬਹਾਦਰ ਸ਼ਾਹ ਉਸ ਸਮੇਂ ਹਾਥੀ ਉੱਪਰ ਸਵਾਰ ਸੀ, ਧਰਮ ਸਿੰਘ ਨੂੰ ਉਸ ਆਪਣੇ ਪਾਸ ਬਿਠਾਇਆ ਸੀ। ਗੁਰੂ ਜੀ ਦੀ ਕਹਾਣੀ ਨੂੰ ਮੁਖ ਤੋਂ ਉਚਾਰਨ ਕਰਦਾ ਸੀ ਤੇ ਦੂਰ ਤੋਂ ਹੀ ਖੜਾ ਹੋ ਕੇ ਜੰਗ ਵੇਖ ਰਿਹਾ ਸੀ॥ ੨੪॥

ਦੁਇ ਦਿਸ਼ ਤੇ ਹਮਲੇ ਹੁਇਂ ਘਨੇ। ਸੁਭਟ ਪਰਸਪਰ ਆਯੁਧ ਹਨੇ।
ਤਬਿ ਚਿਤਵਜੋ ਚਿਤ 'ਬਡੇ ਲਰਹਿੰਗੇ। ਬਿਜੈ ਭਈ ਗੁਰ ਸ੍ਵਾਲ ਕਰੈਂਗੇ॥੨੫॥

ਦੋਵਾਂ ਪਾਸਿਆਂ ਤੋਂ ਬਹੁਤ ਵੱਡੇ ਹਮਲੇ ਹੋਏ, ਸੂਰਬੀਰ ਆਪਸ ਵਿਚ ਹਥਿਆਰ ਚਲਾਉਂਦੇ ਸਨ। ਤਦ ਬਹਾਦਰ ਸ਼ਾਹ ਨੇ ਚਿੱਤ ਵਿਚ ਵਿਚਾਰ ਕੀਤੀ, "ਵੱਡਾ ਯੁੱਧ ਕਰਾਂਗੇ, ਜਦ ਜਿੱਤ ਹੋ ਜਾਵੇਗੀ ਤਾਂ ਗੁਰੂ ਜੀ ਸਵਾਲ ਕਰਨਗੇ॥ ੨੫॥

ਮਹਾਂ ਬਿਖਮ ਤੇ ਦਿਯੋ ਨ ਜਾਈ। ਹੁਇ ਸੁਖੇਨ ਮੈਂ ਦੇਉਂ ਬਨਾਈ।
ਨਾਂਹਿ ਤ ਟਾਰਹੁਂਗੋ ਜਬਿ ਕਹੈਂ। ਇਸ ਪ੍ਰਕਾਰ ਮਨ ਰਨ ਕੋ ਲਹੈ॥ ੨੬॥

ਮਹਾਨ ਮੁਸ਼ਕਲ ਸਵਾਲ ਤਾਂ ਦਿੱਤਾ ਨਹੀਂ ਜਾ ਸਕੇਗਾ, ਜਿਵੇਂ ਵੀ ਸੌਖਾ ਹੋਵੇਗਾ, ਮੈਂ ਉਸ ਨੂੰ ਬਣਾ ਲਵਾਂਗਾ। ਨਹੀਂ ਤਾਂ ਜਦ ਵੀ ਪੁੱਛਣਗੇ ਤਾਂ ਟਾਲਾਂਗਾ।" ਇਸ ਪ੍ਰਕਾਰ ਯੁੱਧ ਖੇਤਰ ਵਿਚ ਮਨ ਨਾਲ ਵਿਚਾਰ ਕੀਤੀ॥ ੨੬॥

ਹਮਲਾ ਭਯੋ ਸੈਨ ਸਮੁਦਾਯਾ। ਸ਼ਾਹੁ ਬਹਾਦਰ ਛੋਰਿ ਪਲਾਯਾ।
ਭਾਜੇ ਸੁਭਟ ਧੀਰ ਨਹਿੰ ਧਰਿਈ। ਅਧਿਕ ਪ੍ਰਬਲ ਦਲ ਕਯਾ ਰਣ ਕਰਿਈ ॥੨੭॥

ਜਦ ਸਾਰੀ ਸੈਨਾ ਦਾ ਹਮਲਾ ਹੋਇਆ, ਤਾਂ ਬਹਾਦਰ ਸ਼ਾਹ ਰਣਖੇਤਰ ਛੱਡ ਕੇ ਭੱਜ ਗਿਆ। ਸਾਰੇ ਸੂਰਬੀਰ ਵੀ ਭੱਜ ਗਏ ਕਿਸੇ ਵੀ ਧੀਰਜ ਨਾ ਧਾਰਨ ਕੀਤਾ, ਵੱਡੇ ਪ੍ਰਬਲ ਦਲ ਨਾਲ ਕਿਵੇਂ ਜੰਗ ਲੜ ਸਕਦੇ ਸਨ॥ ੨੭॥

ਸੰਧਯਾ ਕੋ ਉਤਰਯੋ ਬਿਚ ਡੇਰੇ। ਸੰਕਟ ਤੇ ਉਰ ਚਿੰਤ ਘਨੇਰੇ।
ਨੰਦ ਲਾਲ ਕੋ ਲੀਨਿ ਬੁਲਾਇ। ਕਹਯੋ 'ਗੁਰੂ ਢਿਗ ਤੂਰਨ ਜਾਇ॥ ੨੮॥

ਸ਼ਾਮ ਵੇਲੇ ਉਸ ਆਪਣੇ ਡੇਰੇ ਵਿਚ ਉਤਾਰਾ ਕੀਤਾ ਤੇ ਸੰਕਟ ਕਰਕੇ ਹਿਰਦੇ ਵਿਚ ਚਿੰਤਾ ਵਧ ਗਈ ਸੀ। ਫਿਰ ਉਸ ਨੰਦ ਲਾਲ ਨੂੰ ਬੁਲਾ ਲਿਆ ਤੇ ਕਿਹਾ, 'ਗੁਰੂ ਜੀ ਪਾਸ ਤੁਰਤ ਜਾਉ॥ ੨੮॥

ਕਦਮ ਪਦਮ ਕੋ ਨਮੋ ਕਰੇਹੁ। ਮੇਰੋ ਸਕਲ ਪ੍ਰਸੰਗ ਸੁਨੇਹੁ।
'ਆਪ ਸੰਗ ਮਮ ਪਿਤਾ ਬਿਗਾਰੀ। ਸੋ ਅਪਰਾਧੀ ਲੇਹੁ ਬਿਚਾਰੀ॥ ੨੯॥

ਉਨ੍ਹਾਂ ਦੇ ਚਰਨ ਕੰਵਲ ਉੱਪਰ ਨਮਸਕਾਰ ਕਰੋ ਤੇ ਮੇਰਾ ਸਾਰਾ ਪ੍ਰਸੰਗ ਸੁਣਾਵੋ। 'ਆਪ ਜੀ ਦੇ ਨਾਲ ਮੇਰੇ ਪਿਤਾ ਨੇ ਵਿਗਾੜੀ ਸੀ, ਉਹ ਹੀ ਅਪਰਾਧੀ ਹਨ, ਇਸ ਬਾਰੇ ਵਿਚਾਰ ਕਰ ਲਵੋ॥ ੨੯॥

ਮੈਂ ਗ਼ੁਲਾਮ ਸਮ ਰਾਵਰ ਕੇਰਾ। ਤੁਮ ਬਚ ਪਰ ਬਿਸ਼ਵਾਸ ਬਡੇਰਾ।
ਜਿਸਕੋ ਸੁਨਿ ਰਣ ਮੰਡਯੋ ਆਇ। ਨਤੁ ਮੈਂ ਕਹਾਂ, ਨ ਕੁਛ ਬਨਿ ਆਇ ॥੩੦॥

ਮੈਂ ਆਪ ਜੀ ਦੇ ਗੁਲਾਮ ਵਰਗਾ ਹਾਂ, ਤੁਹਾਡੇ ਬਚਨਾਂ ਉੱਪਰ ਮੈਨੂੰ ਵੱਡਾ ਵਿਸ਼ਵਾਸ ਹੈ। ਜਿਸ ਨੂੰ ਸੁਣ ਕੇ ਮੈਂ ਏਥੇ ਰਣਖੇਤਰ ਵਿਚ ਯੁੱਧ ਕਰਨ ਆਇਆ ਹਾਂ, ਨਹੀਂ ਤਾਂ ਮੈਂ ਕੀ ਹਾਂ, ਕੁਝ ਵੀ ਨਹੀਂ ਬਣ ਸਕਦਾ ਹੈ॥ ੩॥

ਕਹੂੰ ਪਲਾਯ ਬਲਾਇਤ ਜਾਤਿ। ਜੀਵਤਿ ਸੁਖ ਸੋਂ ਖਾਨਾ ਖਾਤਿ।
ਤੁਮਰੇ ਕਹੇ ਆਨਿ ਕਰਿ ਲਰਯੋ। ਨਾਹਕ ਪਹੁੰਚਿ ਇਹਾਂ ਮੈਂ ਮਰਯੋ॥ ੩੧॥

ਕਿਤੇ ਭੱਜ ਕੇ ਦੂਸਰੇ ਦੇਸ਼ ਵਿਚ ਚਲੇ ਜਾਂਦਾ ਤੇ ਜਿੰਦਾ ਰਹਿ ਕੇ ਸੁਖ ਨਾਲ ਖਾਣਾ ਖਾਂਦਾ। ਤੁਹਾਡੇ ਕਹਿਣ ਉੱਪਰ ਏਥੇ ਆ ਕੇ ਯੁੱਧ ਕੀਤਾ ਹੈ, ਫ਼ਜ਼ੂਲ ਵਿਚ ਮੈਂ ਏਥੇ ਪਹੁੰਚ ਕੇ ਮਰਿਆ ਹਾਂ॥ ੩੧॥

ਤੁਮਰੀ ਨਹਿੰ ਸਹਾਇਤਾ ਪਾਈ। ਹਤਿ ਭ੍ਰਾਤਾ, ਜੈ ਕਿਮ ਕਰ ਆਈ।
ਦਸ ਗੁਨ ਅਧਿਕ, ਮਰਹਿਂ ਕਿਮ ਮਾਰੇ ? ਬਲਿ ਨਿਰਬਲਿ ਉਰ ਸਕਲ ਬਿਚਾਰੇ ॥੩੨॥

ਆਪ ਜੀ ਦੀ ਸਹਾਇਤਾ ਨਹੀਂ ਪਾਈ ਹੈ, ਭਰਾ ਨੂੰ ਮਾਰ ਕੇ ਕਿਵੇਂ ਜਿੱਤ ਪ੍ਰਾਪਤ ਹੋਵੇਗੀ। ਉਸ ਦੀ ਸੈਨਾ ਮੇਰੇ ਨਾਲੋਂ ਦਸ ਗੁਣਾਂ ਵੱਡੀ ਹੈ, ਏਡੀ ਵੱਡੀ ਸੈਨਾ ਕਿਵੇਂ ਮਰੇਗੀ ਅਤੇ ਕਿਵੇਂ ਮਾਰਾਂਗੇ ? ਬਲੀ, ਨਿਰਬਲ ਬਾਰੇ ਆਪਣੇ ਦਿਲ ਵਿਚ ਵਿਚਾਰ ਕਰੋ॥ ੩੨॥

ਮਾਨਯੋਂ ਕੇਵਲ ਬਾਕ ਤੁਮਾਰੋ। ਬਹੁਰ ਨ ਹਿਰਦੈ ਕਛੂ ਬਿਚਾਰੋ।
ਕਯੋਂ ਨ ਕਰਤਿ ਹੋ ਆਨਿ ਸਹਾਇ ? ਤੁਮ ਅਲੰਬ, ਨਹਿਂ ਆਨ ਉਪਾਇ ॥੩੩॥

ਮੈਂ ਕੇਵਲ ਤੁਹਾਡੇ ਬਚਨ ਮੰਨੇ ਹਨ, ਫਿਰ ਆਪਣੇ ਹਿਰਦੇ ਵਿਚ ਕੁਝ ਵੀ ਵਿਚਾਰ ਨਹੀਂ ਕੀਤੀ ਹੈ। ਸਾਡੀ ਆ ਕੇ ਸਹਾਇਤਾ ਕਿਉਂ ਨਹੀਂ ਕਰਦੇ ਹੋ ? ਕੇਵਲ ਤੁਹਾਡਾ ਹੀ ਇਕ ਆਸਰਾ ਹੈ, ਸਾਡੇ ਪਾਸ ਹੋਰ ਕੋਈ ਉਪਾਅ ਨਹੀਂ ਹੈ॥ ੩੩॥

ਪਿਤ ਕੋ ਦੋਸ਼ ਨ ਮੋ ਪਰ ਧਰੀਅਹਿ। ਬਿਰਦ ਜਾਨਿ ਸੁਭ ਰੱਛਾ ਕਰੀਅਹਿ।
ਸੁਨਿਕੈ ਨੰਦਲਾਲ ਚਢਿ ਗਯੋ। ਸ਼ੀਘ੍ਰ ਪਹੁਚਿ ਗੁਰ ਦਰਸ਼ਨ ਕਯੋ॥ ੩੪॥

ਮੇਰੇ ਪਿਤਾ ਦਾ ਦੋਸ਼ ਮੇਰੇ ਉੱਪਰ ਨਾ ਧਰੋ ਤੇ ਆਪਣਾ ਬਿਰਦ ਜਾਣ ਕੇ ਮੇਰੀ ਰੱਖਿਆ ਕਰੋ।'' ਇਹ ਸੁਣ ਕੇ ਭਾਈ ਨੰਦ ਲਾਲ ਘੋੜੇ ਉੱਪਰ ਸਵਾਰ ਹੋ ਕੇ ਤੁਰਤ ਚਲੇ ਗਿਆ ਤੇ ਛੇਤੀ ਹੀ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੩੪॥

ਨਮੋ ਕੀਨਿ ਬਿਰਤਾਂਤ ਸੁਨਾਯੋ। 'ਸ਼ਾਹ ਬਹਾਦਰ ਬਹੁ ਦੁਖ ਪਾਯੋ।
ਚਹਿਤ ਆਪ ਕੀ ਅਬਹਿ ਸਹਾਇ। ਕਰਹੁ ਕ੍ਰਿਪਾ ਦਿਹੁ ਬਿਜੈ ਉਪਾਇ' ॥੩੫॥

ਨਮਸਕਾਰ ਕਰਕੇ ਫਿਰ ਬਿਰਤਾਂਤ ਸੁਣਾਇਆ, ''ਬਹਾਦਰ ਸ਼ਾਹ ਨੇ ਬਹੁਤ ਦੁਖ ਪਾਇਆ ਹੈ। ਉਹ ਹੁਣ ਆਪ ਜੀ ਦੀ ਸਹਾਇਤਾ ਚਾਹੁੰਦਾ ਹੈ, ਕਿਰਪਾ ਕਰਕੇ ਹੁਣ ਉਸ ਨੂੰ ਜਿੱਤ ਬਖਸ਼ੋ'' ॥ ੩੫॥

ਸੁਨਿ ਸਤਿਗੁਰੂ ਉਚਾਰਨ। 'ਚਢ੍ਯੋ ਜੰਗ ਉਰ ਤਿਸ ਕੇ ਫੁਰੀ।
'ਗੁਰ ਕੋ ਸੁਾਲ ਬਿਖਮ ਨਹਿੰ ਦੈ ਹੋਂ। ਹੋਹਿ ਸੁਗਮ ਸੋ ਸੁਨਤਿ ਕਰੈ ਹੋਂ' ॥੩੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਉਚਾਰਨ ਕੀਤਾ, ''ਜਦ ਉਸ ਨੇ ਯੁੱਧ ਵਾਸਤੇ ਚੜ੍ਹਾਈ ਕੀਤੀ ਸੀ ਤਾਂ ਉਸ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਸੀ ਕਿ ਗੁਰੂ ਜੀ ਦਾ ਔਖਾ ਸਵਾਲ ਮੈਂ ਨਹੀਂ ਦੇਵਾਂਗਾ, ਜਿਹੜਾ ਸੌਖਾ ਹੋਵੇਗਾ, ਉਹ ਸੁਣ ਕੇ ਪੂਰਾ ਕਰਾਂਗਾ''॥ ੩੬॥

ਯਾਂਤੇ ਹੋਤਿ ਪਰਾਜੈ ਤਾਂਹਿ। ਡੋਲਜੋ ਸਿਦਕ ਨ ਦਿਢ ਉਰ ਮਾਂਹਿ।
ਜੇ ਸਾਬਤ ਅਪਨੋ ਮਨ ਕਰੈ। ਤਬਿ ਸਹਾਇਤਾ ਲੇ ਰਿਪੁ ਹਰੈ॥ ੩੭॥

ਇਸ ਕਰਕੇ ਉਸ ਦੀ ਹਾਰ ਹੋਈ ਹੈ, ਉਸ ਦਾ ਸਿਦਕ ਡੋਲ ਗਿਆ ਹੈ ਤੇ ਹਿਰਦੇ ਵਿਚ ਸਿਦਕ ਦ੍ਰਿੜ ਨਹੀਂ ਰਿਹਾ ਹੈ। ਜੇ ਆਪਣੇ ਮਨ ਨੂੰ ਸਾਬਤ ਕਰੇ ਤਾਂ ਸਹਾਇਤਾ ਲੈ ਕੇ, ਵੈਰੀ ਨੂੰ ਦੂਰ ਕਰੇ॥ ੩੭॥

ਹਮ ਕੋ ਰਹਜੋ ਨਹੀਂ ਇਤਬਾਰ। ਫਿਰਿ ਜੈ ਹੈ ਨਿਜ ਕਾਜ ਸੁਧਾਰਿ।
ਯਾਂ ਤੇ ਅਬਿ ਲਿਖਿ ਦੇ ਕਰ ਸੰਗ। 'ਏਕ ਸੁਾਲ ਮੈ ਦੇਹੁਂ ਅਭੰਗ' ॥ ੩੮॥

ਸਾਨੂੰ ਉਸ ਉੱਪਰ ਹੁਣ ਕੋਈ ਇਤਬਾਰ ਨਹੀਂ ਰਿਹਾ ਹੈ, ਉਹ ਫਿਰ ਆਪਣਾ ਕਾਰਜ ਸੁਧਾਰ ਕੇ ਵਹਿਦੇ ਤੋਂ ਮੁੱਕਰ ਜਾਵੇਗਾ। ਇਸ ਕਰਕੇ ਹੁਣ ਹੀ ਉਹ ਆਪਣੇ ਹੱਥ ਲਿਖ ਕੇ ਦੇਵੇ ਕਿ ''ਇਕ ਸਵਾਲ ਮੈਂ ਪਕੀ ਤਰ੍ਹਾਂ ਦੇਵਾਂਗਾ'' ॥ ੩੮॥

ਨਿਜ ਮਾਤੁਲ ਕੋ ਪਠੈ ਇਥਾਇਂ। ਲਿਖਤ ਆਪਨੀ ਦੇਹਿ ਪੁਚਾਇ।
ਗੁਰ ਕੀ ਪੁਨ ਸਹਾਇਤਾ ਪਾਹਿ। ਲਿਹੁ ਸਲਤਨ ਸ਼ੱਤ੍ਰੂ ਗਨ ਘਾਇ॥ ੩੯॥

ਆਪਣੇ ਮਾਮੇ ਨੂੰ ਏਥੇ ਭੇਜੇ ਤੇ ਆਪਣੀ ਲਿਖਤ ਪਹੁੰਚਾ ਦੇਵੇ। ਗੁਰੂ ਜੀ ਦੀ ਫਿਰ ਸਹਾਇਤਾ ਪਾਵੇਗਾ, ਸਾਰੇ ਵੈਰੀਆਂ ਨੂੰ ਮਾਰ ਕੇ ਦਿੱਲੀ ਦਾ ਰਾਜ ਪ੍ਰਾਪਤ ਕਰੇ॥ ੩੯॥

ਤਾਰਾ ਆਜ਼ਮ ਕੋ ਹਮ ਮਾਰੈਂ। ਤਖਤ ਬਹਾਦਰ ਸ਼ਾਹ ਬਿਠਾਰੈਂ।
ਪੀਛੇ ਤੇ ਕਰਿ ਪੂਰਨ ਸੁਾਲ। ਲਗੀ ਬਿਲਮ ਯਾਂਤੇ ਨੰਦ ਲਾਲ !'' ॥ ੪੦॥

ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ ਤੇ ਤਖ਼ਤ ਉੱਪਰ ਬਹਾਦਰ ਸ਼ਾਹ ਨੂੰ ਬਿਠਾ ਦੇਵਾਂਗੇ। ਬਾਅਦ ਵਿਚ ਸਾਡਾ ਸਵਾਲ ਪੂਰਾ ਕਰੇ। ਹੇ ਨੰਦ ਲਾਲ ! ਇਸ ਕਰਕੇ ਦੇਰ ਲੱਗੀ ਹੈ'' ॥ ੪੦॥

ਸੁਨਿ ਕਰਿ ਹਾਥ ਬੰਦਿ ਪਦ ਬੰਦੇ। 'ਸ਼੍ਰੀ ਪ੍ਰਭੁ ! ਤੁਮ ਸਭਿ ਥਾਨ ਬਸੰਦੇ।
ਘਟਿ ਘਟਿ ਕੇ ਨਿਤ ਅੰਤਰਜਾਮੀ। ਕਯੋਂ ਨਹਿੰ ਜਾਨਹੁਂ ਤਿਸ ਉਰ ਖਾਮੀ ॥੪੧॥

ਇਹ ਸੁਣ ਕੇ ਨੰਦ ਲਾਲ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਅਤੇ ਕਿਹਾ, ''ਹੇ ਸਤਿਗੁਰੂ ਜੀ ! ਤੁਸੀਂ ਸਭ ਸਥਾਨਾਂ ਤੇ ਰਹਿੰਦੇ ਹੋ, ਭਾਵ ਤੁਸੀਂ ਸਰਬ ਵਿਆਪਕ ਹੋ। ਹਰ ਇਕ ਦੇ ਦਿਲ ਦੀਆਂ ਜਾਣਦੇ ਹੋ, ਬਹਾਦਰ ਸ਼ਾਹ ਦੇ ਦਿਲ ਦੀ ਖਾਮੀ ਤੁਸੀਂ ਕਿਉਂ ਨਹੀਂ ਜਾਣ ਸਕਦੇ ਹੋ॥ ੪੧॥

ਮੈਂ ਆਛੇ ਅਬਿ ਕਰਿ ਤਹਿਕੀਕ। ਮੇਟੋਂ ਤਿਸ ਕੀ ਜੋ ਭ੍ਰਮ ਲੀਕ'।
ਇਮ ਕਹਿ ਤੁਰਨ ਚਢ੍ਯੋ ਸਿਧਾਇ। ਸ਼ੀਘ੍ਰ ਪਹੂਚ੍ਯੋ ਉਤਰ੍ਯੋ ਜਾਇ॥ ੪੨ ॥

ਮੈਂ ਹੁਣ ਚੰਗੀ ਤਰ੍ਹਾਂ ਸਚਾਈ ਨੂੰ ਜਾਣ ਲਿਆ ਹੈ, ਹੁਣ ਮੈਂ ਉਸ ਦੇ ਦਿਲ ਦੀ ਭਰਮ ਲੀਕ ਨੂੰ ਮਿਟਾ ਦੇਵਾਂਗਾ।'' ਇਸ ਪ੍ਰਕਾਰ ਕਹਿ ਕੇ ਭਾਈ ਨੰਦ ਲਾਲ ਤੁਰਤ ਘੋੜੇ 'ਤੇ ਚੜ੍ਹ ਕੇ ਚਲਾ ਗਿਆ ਤੇ ਛੇਤੀ ਹੀ ਬਹਾਦਰ ਸ਼ਾਹ ਪਾਸ ਪਹੁੰਚ ਕੇ ਘੋੜੇ ਤੋਂ ਉੱਤਰ ਗਿਆ॥ ੪੨ ॥

ਮਿਲ੍ਯੋ ਬਹਾਦਰ ਸ਼ਾਹੁ ਸੁਨਾਯੋ। 'ਕਰਤਿ ਜੰਗ ਸੰਕਲਪ ਉਠਾਯੋ।
'ਬਿਖਮ ਸੁਾਲ ਮੈਂ ਦੈਹੌਂ ਨਾਂਹੀ'। ਸੋ ਸਭਿ ਲਖੀ ਪ੍ਰਭੂ ਮਨ ਮਾਂਹੀ॥ ੪੩ ॥

ਫਿਰ ਬਹਾਦਰ ਸ਼ਾਹ ਨੂੰ ਮਿਲ ਕੇ ਸਾਰੀ ਗੱਲ ਸੁਣਾਈ, ''ਤੁਸੀਂ ਯੁੱਧ ਕਰਦਿਆਂ ਨੇ ਇਹ ਸੰਕਲਪ ਕੀਤਾ ਸੀ। 'ਔਖਾ ਸਵਾਲ ਮੈਂ ਨਹੀਂ ਦੇਵਾਂਗਾ।'' ਇਹ ਸਾਰੀ ਗੱਲ ਸਤਿਗੁਰੂ ਜੀ ਨੇ ਆਪਣੇ ਮਨ ਵਿਚ ਜਾਣ ਲਈ ਹੈ॥ ੪੩ ॥

ਅਬਿ ਚਾਹਤਿ ਗੁਰ ਲਿਖਤ ਤੁਮਾਰੀ। ਮਾਤੁਲ ਭੇਜੋ ਸੰਗ ਉਚਾਰੀ।
ਖਾਤਰ ਜਮਾਂ ਕਰਹੁ ਤਿਨ ਕੇਰੀ। ਬਹੁਰ ਬਿਜੈ ਰਿਪੁ ਤੇ ਹੁਇ ਤੇਰੀ' ॥ ੪੪ ॥

ਹੁਣ ਗੁਰੂ ਜੀ ਤੁਹਾਡੀ ਲਿਖਤ ਚਾਹੁੰਦੇ ਹਨ ਤੇ ਆਪਣੇ ਮਾਮੇ ਨੂੰ ਕਹਿ ਕੇ ਭੇਜੋ। ਉਨ੍ਹਾਂ ਦੀ ਖਾਤਰ ਜਮ੍ਹਾਂ ਕਰੋ, ਫਿਰ ਤੁਹਾਡੀ ਵੈਰੀ 'ਤੇ ਜਿੱਤ ਹੋ ਜਾਵੇਗੀ''॥ ੪੪ ॥

ਸੁਨਿ ਕੈ ਸ਼ਾਹੁ ਰਿਦੈ ਬਿਸਮਾਦਾ। ਸਮਰਥ, ਗੁਰੁ ਕੋ ਲਖਿ ਅਹਿਲਾਦਾ।
'ਮਨ ਕੀ ਜਾਨਿ ਲਈ ਸਭਿ ਬਾਤ। ਅਬਿ ਸਹਾਇ ਹੁਇ ਹੈ ਦੇ ਦਾਤ' ॥ ੪੫ ॥

ਇਹ ਸੁਣ ਕੇ ਬਾਦਸ਼ਾਹ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਗੁਰੂ ਜੀ ਨੂੰ ਸਮਰੱਥ ਜਾਣ ਕੇ ਬਹੁਤ ਪ੍ਰਸੰਨ ਹੋਇਆ। ''ਉਨ੍ਹਾਂ ਨੇ ਮੇਰੇ ਮਨ ਦੀ ਸਾਰੀ ਗੱਲ ਜਾਣ ਲਈ, ਹੁਣ ਦਾਤ ਦੇ ਕੇ ਸਹਾਇਕ ਬਣਨਗੇ''॥ ੪੫ ॥

ਨਿਜ ਕਰ ਕੀ ਤਬਿ ਲਿਖਤ ਪਠਾਈ। 'ਏਕ ਸੁਾਲ ਮੈਂ ਦੇਊਂ ਬਨਾਈ'।
ਹਾਕਮ ਰਾਇ ਪਠ੍ਯੋ ਅਰੁ ਮਾਤੁਲ। ਕਹਿ ਬਿਨਤੀ 'ਬਖਸ਼ਹੁ ਜਨਤਾ ਤੁਲ' ॥੪੬ ॥

ਆਪਣੇ ਹੱਥ ਦੀ ਫਿਰ ਲਿਖਤ ਭੇਜੀ, ''ਇਕ ਸਵਾਲ ਤੁਹਾਡਾ ਮੈਂ ਹਰ ਪ੍ਰਕਾਰ ਮੰਨਦਾ ਹਾਂ।'' ਹਾਕਮ ਰਾਇ ਤੇ ਮਾਮੇ ਨੂੰ ਫਿਰ ਭੇਜਿਆ ਕਿ ਉਨ੍ਹਾਂ ਨੂੰ ਜਾ ਕੇ ਬੇਨਤੀ ਕਰੋ, ''ਦਾਸ ਵਾਂਗ ਜਾਣ ਕੇ ਬਖਸ਼ ਲਵੋ''॥ ੪੬ ॥

ਬੇਗਵੰਤ ਬਾਹਨ ਚਢਿ ਗਏ। ਗੁਰ ਢਿਗ ਆਇ ਸ਼ੀਘ੍ਰ ਦਰਸਏ।
ਬੰਦਨ ਕਰਿ ਪੁਨ ਸਕਲ ਸੁਨਾਈ। 'ਬਖਸ਼ਹੁ ਭੂਲ ਤੁਮੇ ਬਨਿ ਆਈ॥ ੪੭ ॥

ਬੜੀ ਛੇਤੀ ਫਿਰ ਵਾਹਣਾਂ 'ਤੇ ਸਵਾਰ ਹੋ ਕੇ ਗਏ ਤੇ ਗੁਰੂ ਜੀ ਦੇ ਆ ਕੇ ਤੁਰਤ ਦਰਸ਼ਨ ਕੀਤੇ। ਫਿਰ ਗੁਰੂ ਜੀ ਨੂੰ ਬੰਦਨਾ ਕਰਕੇ ਸਾਰੀ ਗੱਲ ਸੁਣਾਈ, ''ਸਾਨੂੰ ਬਖਸ਼ੋ, ਅਸੀਂ ਭੁੱਲ ਗਏ ਹਾਂ, ਤੁਹਾਡੀ, ਤੁਹਾਨੂੰ ਹੀ ਬਣ ਆਉਂਦੀ ਹੈ॥ ੪੭॥

ਮੁਹਰ ਆਪਨੀ ਦਈ ਲਗਾਇ। ਇਸ ਮਹਿਂ ਸੰਸੈ ਕੋਇ ਨ ਪਾਇ।
ਜਾਨਿ ਗ਼ੁਲਾਮ ਸਹਾਇ ਕਰੀਜੈ। ਬਿਜੈ ਕ੍ਰਿਪਾ ਧਰਿ ਸਲਤਨ ਦੀਜੈ' ॥ ੪੮ ॥

ਉਨ੍ਹਾਂ ਨੇ ਆਪਣੀ ਮੋਹਰ ਲਾ ਦਿੱਤੀ ਹੈ, ਇਸ ਬਾਰੇ ਕੋਈ ਸ਼ੰਕਾ ਨਾ ਕਰੋ। ਆਪਣਾ ਗ਼ੁਲਾਮ ਜਾਣ ਕੇ ਸਹਾਇਤਾ ਕਰੋ। ਕਿਰਪਾ ਧਾਰ ਕੇ ਜਿੱਤ ਅਤੇ ਰਾਜ ਗੱਦੀ ਬਖਸ਼ੋ''॥ ੪੮ ॥

ਦੇਖਿ ਦੀਨ ਨਿਜ ਬਿਰਦ ਸੰਭਾਰਾ। ਹਿਤ ਧੀਰਜ ਕੇ ਬਾਕ ਉਚਾਰਾ।
'ਅਬਿ ਤੁਮ ਜਾਹੁ ਚਢਾਵਹੁ ਸ਼ਾਹੂ। ਹਮ ਦਰਸ਼ਨ ਦੈ ਹੈਂ ਰਣ ਮਾਂਹੂ॥ ੪੯ ॥

ਗੁਰੂ ਜੀ ਨੇ ਦੀਨ ਜਾਣ ਕੇ ਆਪਣਾ ਬਿਰਦ ਸੰਭਾਲਿਆ ਤੇ ਧੀਰਜ ਦੇਣ ਵਾਸਤੇ ਬਚਨ ਕੀਤਾ, "ਹੁਣ ਤੁਸੀਂ ਜਾ ਕੇ ਬਹਾਦਰ ਸ਼ਾਹ ਪਾਸੋਂ ਚੜ੍ਹਾਈ ਕਰਾਵੋ, ਅਸੀਂ ਰਣਖੇਤਰ ਵਿਚ ਆ ਕੇ ਉਨ੍ਹਾਂ ਨੂੰ ਦਰਸ਼ਨ ਦੇਵਾਂਗੇ॥ ੪੯॥

ਤਾਰਾ ਆਜ਼ਮ ਕੋ ਹਮ ਮਾਰੈਂ। ਕੁਛ ਉਮਰਾਵ ਸਮੇਤ ਬਿਦਾਰੈਂ।
ਜਬਿ ਕੁਛ ਚਿੰਨ੍ਹ ਲਖਹੁ ਇਸ ਰੀਤਿ। ਹਟਹੁ ਲਰਨ ਤੇ ਹੁਇ ਨਿਰਭੀਤ॥੫੦॥

ਤਾਰਾ ਆਜ਼ਮ ਨੂੰ ਅਸੀਂ ਮਾਰਾਂਗੇ, ਕੁਝ ਉਮਰਾਵ ਸਮੇਤ ਨਾਸ਼ ਕਰ ਦਿਆਂਗੇ। ਜਦ ਇਸ ਰੀਤੀ ਦੇ ਕੁਝ ਚਿੰਨ੍ਹ ਵੇਖੋ ਤਾਂ ਭੈਅ-ਰਹਿਤ ਹੋ ਕੇ ਯੁੱਧ ਕਰਨ ਤੋਂ ਹਟ ਜਾਵੋ॥ ੫੦॥

ਜੁਗ ਭ੍ਰਾਤਾ ਕੋ ਅਬਿ ਕੇ ਜਾਵਹੁ। ਰਣ ਮੁਕਾਬਲਾ ਭਲੇ ਕਰਾਵਹੁ।
ਤਾਰਾ ਆਜ਼ਮ ਮਰਜੋ ਲਖੀਜੈ। ਨ੍ਰਿਭੈ, ਨਚਿੰਤ ਜੰਗ ਕੋ ਕੀਜੈ॥ ੫੧॥

ਦੋਵਾਂ ਭਰਾਵਾਂ ਦਾ ਹੁਣ ਜਾ ਕੇ ਭਲੀ ਪ੍ਰਕਾਰ ਰਣਖੇਤਰ ਵਿਚ ਮੁਕਾਬਲਾ ਕਰਵਾਵੋ। ਤਾਰਾ ਆਜ਼ਮ ਨੂੰ ਮਰਿਆ ਹੀ ਸਮਝੋ। ਨਿਰਭੈ ਅਤੇ ਨਿਸਚਿੰਤ ਹੋ ਕੇ ਯੁੱਧ ਕਰੋ॥ ੫੧॥

ਨਹਿਂ ਕਾਇਰ ਹੁਇ ਸੁਕਚਹੁ ਤਹਾਂ। ਧਰਿ ਉਤਸਾਹੁ ਪਿਖਹੁ ਰਨ ਮਹਾਂ।
ਸੁਨਿਕੈ ਸਤਿਗੁਰ ਕੇ ਬਚ ਆਛੇ। ਕਰਿ ਅਭਿਬੰਦਨ ਚਲਿਬੇ ਬਾਛੇ॥ ੫੨॥

ਕਾਇਰ ਹੋ ਕੇ ਉਥੇ ਕਿਸੇ ਪ੍ਰਕਾਰ ਦਾ ਸੰਕੋਚ ਨਾ ਕਰੋ, ਉਤਸ਼ਾਹ ਧਾਰਨ ਕਰਕੇ ਮਹਾਨ ਯੁੱਧ ਕਰੋ।" ਸਤਿਗੁਰੂ ਜੀ ਦੇ ਇਸ ਪ੍ਰਕਾਰ ਚੰਗੇ ਬਚਨ ਸੁਣ ਕੇ, ਉਹ ਬੰਦਨਾ ਕਰਕੇ ਚਲੇ ਗਏ॥ ੫੨॥

ਲਿਖਤ ਪ੍ਰਭੁ ਕੇ ਆਗੇ ਧਰੀ। ਚਢਿ ਕਰਿ ਚਾਲੇ ਤੂਰਨ ਕਰੀ।
ਉਲੰਘਿ ਪੰਥ ਚੰਬਲ ਤਟ ਆਏ। ਮਿਲੇ ਸ਼ਾਹੁ ਸੰਗ ਸਕਲ ਸੁਨਾਏ॥ ੫੩॥

ਉਨ੍ਹਾਂ ਬਹਾਦਰ ਸ਼ਾਹ ਦੀ ਲਿਖਤ ਨੂੰ ਸਤਿਗੁਰੂ ਜੀ ਦੇ ਅੱਗੇ ਧਰ ਦਿੱਤਾ ਤੇ ਘੋੜਿਆਂ 'ਤੇ ਸਵਾਰ ਹੋ ਕੇ ਤੁਰਤ ਚਲੇ ਗਏ। ਸਾਰਾ ਰਾਹ ਲੰਘ ਕੇ ਚੰਬਲ ਨਦੀ ਦੇ ਕਿਨਾਰੇ ਆ ਗਏ ਤੇ ਬਹਾਦਰ ਸ਼ਾਹ ਨੂੰ ਮਿਲ ਕੇ ਸਾਰੀ ਗੱਲ ਸੁਣਾਈ॥ ੫੩॥

'ਹੋਤਿ ਪ੍ਰਾਤ ਕੇ ਸੰਸੈ ਤਜਾਗਹੁ। ਕਰਿ ਮੁਕਾਬਲਾ ਲਰਿਬੇ ਲਾਗਹੁ।
ਮਿੱਥਜਾ ਹੋਹਿ ਨ ਗੁਰ ਕੋ ਕਹਜੋ। ਅਬਿ ਤੋ ਪਤਾ ਭਲਾ ਤੁਮ ਲਹਜੋ॥੫੪॥

"ਸਭ ਪ੍ਰਕਾਰ ਦੇ ਸ਼ੰਕੇ ਤਿਆਗ ਕੇ, ਸਵੇਰ ਹੋਣ 'ਤੇ ਯੁੱਧ ਵਿਚ ਮੁਕਾਬਲਾ ਕਰਨ ਲੱਗ ਜਾਵੋ। ਗੁਰੂ ਜੀ ਦਾ ਕਿਹਾ ਝੂਠਾ ਨਹੀਂ ਹੁੰਦਾ, ਹੁਣ ਤਕ ਤੁਸੀਂ ਭਲੀ ਪ੍ਰਕਾਰ ਜਾਣ ਲਿਆ ਹੈ"॥ ੫੪॥

*ਪਹਿਲੇ ਐਨ ਦਾ ਇਕਤਾਲ੍ਹਿਵਾਂ ਅਧਿਆਇ ਸਮਾਪਤ ਹੋਇਆ॥ ੪੧॥*

☆☆☆

# ਅਧਿਆਇ ਬਤਾਲ੍ਹੀਵਾਂ

### ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ

ਦੋਹਰਾ- ਕਰਿ ਮਸਲਤ ਨਿਸ ਮਹਿਂ ਸਕਲ ਤਜਾਰੀ ਕੀਨਿ ਬਨਾਇ।
ਹੋਤਿ ਪ੍ਰਾਤ ਕੇ ਤੁਰਤ ਹੀ ਬਾਦਿਤ ਉਠੇ ਬਜਾਇ॥ ੧॥

ਰਾਤ ਨੂੰ ਸਲਾਹ ਕਰਕੇ ਸਾਰੀ ਤਿਆਰੀ ਚੰਗੀ ਤਰ੍ਹਾਂ ਬਣਾ ਕੇ ਕੀਤੀ ਤੇ ਸਵੇਰ ਹੁੰਦਿਆਂ ਹੀ ਤੁਰਤ ਨਗਾਰੇ ਵਜਾ ਕੇ ਉਠ ਪਏ॥ ੧॥

ਚੌਪਈ- ਤੋਪੈਂ ਸ਼ੁਰੂ ਚਲਾਵਨਿ ਕਰੀ। ਚਢੇ ਦੁਊ ਦਲ ਰਿਸ ਉਰ ਧਰੀ।
ਬਾਜੇ ਸੁਤਰੀ ਪਟਹ ਨਗਾਰੇ। ਭੇਰਿ ਭੂਖਨਾ ਭੂਰ ਭੁੰਕਾਰੇ॥ ੨॥

ਤੋਪਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਦੋਵੇਂ ਦਲ ਦਿਲ ਵਿਚ ਵੱਡਾ ਗੁੱਸਾ ਧਾਰ ਕੇ ਚੜ੍ਹ ਪਏ। ਉਠਾਂ ਉੱਪਰ ਲੱਦੇ ਸੁਤਰੀ ਵਾਜੇ, ਪਟਹਿ ਅਤੇ ਨਗਾਰੇ ਵੱਜ ਪਏ। ਭੇਰੀਆਂ ਦਾ ਬਹੁਤ ਭਿਆਨਕ ਸ਼ਬਦ ਹੋਇਆ॥ ੨॥

ਸ਼ਬਦ ਤੁਫੰਗ ਤੋਪ ਕੋ ਔਰ। ਭਟ ਗਨ ਬੋਲਜੋ ਘਾਲਜੋ ਰੌਰ।
ਅੰਧ ਧੁੰਧ ਬ੍ਰਿੰਦ ਧੂਮ ਧਾਰ ਨਭ। ਧੂਰ ਉਡੀ ਆਛਾਦਤਿ ਹ੍ਵੈ ਸਭਿ॥੩॥

ਤੋਪਾਂ, ਬੰਦੂਕਾਂ ਦੀ ਉੱਚੀ ਆਵਾਜ਼ ਦੇ ਨਾਲ-ਨਾਲ ਸੂਰਬੀਰਾਂ ਨੇ ਵੀ ਬਹੁਤ ਉੱਚੀ ਬੋਲ ਬੋਲ ਕੇ ਰੌਲਾ ਮਚਾਇਆ। ਬਹੁਤ ਧੂੰਆਂ ਅਕਾਸ਼ ਤੇ ਛਾ ਗਿਆ ਤੇ ਧਰਤੀ ਉੱਪਰ ਕੁਝ ਵੀ ਦਿਖਾਈ ਦੇਣੋਂ ਹੱਟ ਗਿਆ। ਘੱਟੇ ਮਿੱਟੀ ਦੀ ਧੂੜ ਨੇ ਉੱਡ ਕੇ ਸਭ ਕਿਸੇ ਨੂੰ ਢੱਕ ਲਿਆ॥ ੩॥

ਤੋਮਰ ਤੀਰ ਤਰਾਤਰ ਚੱਲੇ। ਬਾਰਿ ਬਾਰਿ ਰਿਪੁ ਘਾਲਤਿ ਹੱਲੇ।
ਉਤ ਤਾਰਾ ਆਜ਼ਮ ਰਿਸ ਧਰਿਕੈ। ਪ੍ਰੇਰਜੋ ਲਸ਼ਕਰ ਊਚ ਉਚਰਿਕੈ॥ ੪॥

ਨੇਜ਼ੇ ਅਤੇ ਤੀਰ ਤਰਾਤਰ ਚਲ ਰਹੇ ਸਨ ਤੇ ਬਾਰ-ਬਾਰ ਵੈਰੀ ਹੱਲੇ ਕਰ ਰਿਹਾ ਸੀ। ਓਧਰ ਤਾਰਾ ਆਜਮ ਨੇ ਗੁੱਸਾ ਧਾਰਨ ਕਰਕੇ, ਆਪਣੇ ਲਸ਼ਕਰ ਨੂੰ ਬਹੁਤ ਉੱਚੀ ਬੋਲ ਕੇ ਪ੍ਰੇਰਿਆ॥ ੪॥

'ਕਹਾਂ ਭਯੋ ਤੁਮ ਕੋ ਉਮਰਾਉ! ਬੈਠਤਿ ਸਭਾ ਬਕਤਿ ਗਰਬਾਉ।
ਬਡੇ ਬਡੇ ਮਨਸਬ ਤੁਮ ਪਾਏ। ਨਿਮਕ ਹਰਾਮ ਕਾਮ ਨਹਿਂ ਆਏ॥ ੫॥

ਉਹ ਕਹਿਣ ਲੱਗਾ, "ਹੇ ਉਮਰਾਵ! ਤੁਹਾਨੂੰ ਕੀ ਹੋ ਗਿਆ ਹੈ। ਸਭਾ ਵਿਚ ਬੈਠ ਕੇ ਤਾਂ ਬੜੇ ਹੰਕਾਰ ਵਿਚ ਭਰ ਕੇ ਡੀਂਗਾਂ ਮਾਰਦੇ ਹੋ। ਵੱਡੇ-ਵੱਡੇ ਤੁਸੀਂ ਅਹੁਦੇ ਪਾਏ ਹਨ, ਤੁਸੀਂ ਨਿਮਕਹਰਾਮੀ ਮੇਰੇ ਕੰਮ ਨਹੀਂ ਆਏ ਹੋ॥ ੫॥

ਕਹਾਂ ਅਲਪ ਰਿਪੁ ਕੋ ਦਲ ਅਹੈ। ਲਰਿ ਲਰਿ ਤੁਮਰੀ ਸਮਤਾ ਲਹੈ।
ਲਸ਼ਕਰ ਕਹਾਂ ਆਪਨੋ ਘਨੋ। ਜਿਸ ਤੇ ਕਾਜ ਨ ਕਿੰਚਤ ਬਨੋ॥ ੬॥

ਕਿੱਥੇ ਵੈਰੀ ਦੀ ਥੋੜੀ ਸੈਨਾ ਦਾ ਦਲ ਹੈ, ਉਹ ਯੁੱਧ ਕਰ ਕਰਕੇ ਤੁਹਾਡੀ ਬਰਾਬਰੀ ਕਰ ਰਹੇ ਹਨ। ਸਾਡੇ ਏਡੇ ਵੱਡੇ ਲਸ਼ਕਰ ਨੂੰ ਕੀ ਹੋ ਗਿਆ ਹੈ, ਜਿਸ ਪਾਸੋਂ ਇਹ ਕਾਰਜ ਵੀ ਨਹੀਂ ਬਣ ਰਿਹਾ ਹੈ॥ ੬॥

ਪਜਾਰੇ ਪ੍ਰਾਨ ਕਿ ਤਿਹ ਸੌਂ ਮਿਲੇ? ਹੇਰਹੁ ਅਲਪ ਸੁ ਆਵਤਿ ਪਿਲੇ।
ਸਕਲ ਸੈਨਪਤਿ ਡਾਟਨ ਕਰੇ। ਕਹਿ ਕਹਿ ਪਠਜੋ ਜਹਾਂ ਜਹਿਂ ਖਰੇ॥ ੭॥

ਤੁਸੀਂ ਪ੍ਰਾਣ ਪਿਆਰੇ ਕੀਤੇ ਹਨ ਕਿ ਮੇਰੇ ਵੈਰੀ ਭਰਾ ਨਾਲ ਮਿਲ ਗਏ ਹੋ? ਵੇਖੋ ਉਹ ਥੋੜੇ ਹੀ ਹਨ, ਫਿਰ ਵੀ ਦਬਾਉਂਦੇ ਹੋਏ ਧੱਕੀ ਆਉਂਦੇ ਹਨ।" ਸਾਰੇ ਸੈਨਾਪਤੀਆਂ ਨੂੰ ਤਾਰਾ ਆਜ਼ਮ ਨੇ ਆਪ ਡਾਂਟਿਆ ਤੇ ਕਹਿ ਕਹਿ ਭੇਜੇ ਜਿੱਥੇ ਜਿੱਥੇ ਖੜੇ ਸਨ॥ ੭॥

ਇੱਤਜਾਦਿਕ ਕਹਿ ਸੁਨਿਬੋ ਹੋਵਾ। ਲਸ਼ਕਰ ਕੇ ਪ੍ਰੇਰਨ ਹਿਤ ਜੋਵਾ।
ਹਮਲਾ ਸਭਿ ਉਮਰਾਵਨ ਚਾਹਾ। ਫਿਰਜੋ ਨਕੀਬ ਭਨਤਿ ਰਣ ਮਾਹਾ॥ ੮॥

ਇਸ ਪ੍ਰਕਾਰ ਕਹਿ ਕੇ ਸਾਰਿਆਂ ਨੂੰ ਸੁਣਾਇਆ ਤੇ ਲਸ਼ਕਰ ਵਲ ਪ੍ਰੇਰਨ ਵਾਸਤੇ ਵੇਖਿਆ। ਸਾਰੇ ਉਮਰਾਵ ਹਮਲਾ ਕਰਨਾ ਚਾਹੁੰਦੇ ਸਨ, ਨਕੀਬ ਰਣਖੇਤਰ ਵਿਚ ਕਹਿੰਦਾ ਫਿਰ ਰਿਹਾ ਸੀ॥ ੮॥

ਲਾਖਹੁਂ ਲਸ਼ਕਰ ਉਮਡਜੋ ਐਸੇ। ਸਾਗਰ ਜੁਤਿ ਜਲਜੰਤੁਨਿ ਜੈਸੇ।
ਦੁਰਦ ਨੱਕ੍ਰ ਹਯ ਮਕਰ ਅਕਾਰਾ। ਧੁਖਹਿਂ ਪਲੀਤੇ ਬੜਵਾ ਝਾਰਾ॥ ੯॥

ਲੱਖਾਂ ਦਾ ਲਸ਼ਕਰ ਇਕੋ ਵਾਰ ਉਮਡ ਕੇ ਆ ਗਿਆ, ਸਾਗਰ ਸਹਿਤ ਜਿਵੇਂ ਜਲ ਜੀਵ ਆ ਜਾਂਦੇ ਹਨ। ਮਾਨੋ ਹਾਥੀ ਤੰਦੂਏ ਹਨ ਤੇ ਘੋੜੇ ਮੱਛਾਂ ਵਾਂਗ ਹਨ ਤੇ ਸਮੂਹ ਧੁਖਦੇ ਹੋਏ ਪਲੀਤੇ ਮਾਨੋ ਬੜਵਾ ਅਗਨੀ ਹੈ॥ ੯॥

ਸਫਰੀ ਅਲਪ ਅਖਿਲ ਕਰਵਾਰੈਂ। ਪੈਦਲ ਗਨ ਜਲ ਜੀਵ ਹਜ਼ਾਰੇ।
ਤਜਿ ਬੇਲਾ ਮਿਰਯਾਦ ਬਿਸਾਲਾ। ਫੈਲਜੋ ਮਹਾਂ ਬੇਗ ਤੇ ਜਾਲਾ॥ ੧੦॥

ਸਮੂਹ ਤਲਵਾਰਾਂ ਛੋਟੀਆਂ ਮੱਛੀਆਂ ਹਨ ਤੇ ਪੈਦਲ ਸੈਨਾ ਮਾਨੋ ਸਾਗਰ ਦੇ ਜਲ ਜੀਵ ਹਨ। ਉਹ ਮਰਯਾਦਾ ਰੂਪ ਕਿਨਾਰਿਆਂ ਨੂੰ ਛੱਡ ਕੇ ਆ ਗਏ ਹਨ। ਫੌਜ ਦਾ ਧਾਵਾ ਕਰਕੇ ਇਸ ਪ੍ਰਕਾਰ ਉਮਡ ਪੈਣਾ ਇਸ ਤਰ੍ਹਾਂ ਹੈ ਮਾਨੋ ਬੜੇ ਵੇਗ ਦੇ ਨਾਲ ਸਾਰੇ ਜਲ ਫੈਲ ਗਿਆ ਹੈ॥ ੧੦॥

ਬਡੋ ਤੋਪਖਾਨਾ ਤਬਿ ਚਾਲਾ। ਛੁਟੇ ਜੰਬੂਰੇ ਸ਼ਬਦ ਕਰਾਲਾ।
ਤੜਭੜ ਤੁਪਕਨ ਕੀ ਬਡ ਹੋਈ। ਮਾਰੇ ਗੋਰਨਿ ਉਡਿਗੇ ਕੋਈ॥ ੧੧॥

ਫਿਰ ਵੱਡਾ ਤੋਪਖਾਨਾ ਚੱਲਿਆ ਤੇ ਜੰਬੂਰਿਆਂ ਦੇ ਚਲਣ ਨਾਲ ਬਹੁਤ ਉੱਚੀ ਵਿਕਰਾਲ ਆਵਾਜ਼ ਪੈਦਾ ਹੋਈ। ਬੰਦੂਕਾਂ ਚਲਣ ਦੀ ਵੱਡੀ ਤੜਤੜ ਹੋਈ, ਗੋਲੇ ਮਾਰਦੇ ਸਨ, ਜਿਸ ਨਾਲ ਕਈ ਉੱਡ ਗਏ॥ ੧੧॥

ਸ਼ਾਹੁ ਬਹਾਦਰ ਕੋ ਦਲ ਹਾਲਾ। ਡਰਪਜੋ ਉਰ ਅਵਿਲੋਕਿ ਬਿਸਾਲਾ।
ਧਰਮ ਸਿੰਘ ਬੈਠਜੋ ਪਿਛਵਾਰੇ। ਤਿਹ ਸੋਂ ਗੁਰ ਕੀ ਗਾਥ ਉਚਾਰੇ॥ ੧੨॥

ਬਹਾਦਰ ਸ਼ਾਹ ਦਾ ਲਸ਼ਕਰ ਹਿਲ ਗਿਆ। ਉਹ ਦੂਜੇ ਪਾਸੇ ਦਾ ਬਹੁਤ ਵੱਡਾ ਲਸ਼ਕਰ ਵੇਖ ਕੇ ਦਿਲ ਵਿਚ ਡਰ ਗਿਆ। ਧਰਮ ਸਿੰਘ ਉਸ ਦੇ ਪਿੱਛੇ ਬੈਠਾ ਸੀ, ਉਸ ਦੇ ਨਾਲ ਉਸ ਗੁਰੂ ਜੀ ਦੀ ਗੱਲ ਕੀਤੀ॥ ੧੨॥

'ਮੈਂ ਪ੍ਰਭੁ ਬਾਕਨਿ ਕਰਿ ਵਿਸ਼ਵਾਸ਼ਾ। ਲਰਿਬੇ ਲਗਜੋ ਰਾਜ ਧਰਿ ਆਸ਼ਾ।
ਨਤੁ ਮੈਂ ਕਹਾਂ ਕਹਾਂ ਮਮ ਭਾਈ। ਜਿਹ ਸਮੀਪ ਸਗਰੀ ਪ੍ਰਭੁਤਾਈ॥ ੧੩॥

'ਮੈਂ ਸਤਿਗੁਰੂ ਜੀ ਦੇ ਬਚਨਾਂ 'ਤੇ ਵਿਸ਼ਵਾਸ ਕੀਤਾ ਹੈ, ਮੈਂ ਰਾਜ ਪ੍ਰਾਪਤੀ ਦੀ ਆਸ਼ਾ ਧਾਰ ਕੇ ਲੜਨ ਲੱਗਾ ਸੀ, ਨਹੀਂ ਤਾਂ ਮੈਂ ਕਿੱਥੇ ਹਾਂ, ਤੇ ਕਿੱਥੇ ਮੇਰਾ ਭਰਾ ਹੈ, ਜਿਸ ਦੇ ਪਾਸ ਸਾਰੀ ਦੀ ਸਾਰੀ ਸੈਨਾ ਅਤੇ ਮਾਲਕੀ ਹੈ॥ ੧੩॥

ਅਰਜੋ ਲਰਜੋ ਅਬਿ ਲੌ ਅਗਵਾਈ। ਸਤਿਗੁਰ ਭਏ ਨ ਆਨਿ ਸਹਾਈ।
ਅਸ ਨਹਿਂ ਹੋਹਿ ਦਲੇਰੀ ਦੇਕੈ। ਮੁਝ ਮਰਿਵਾਵੈਂ ਜੰਗ ਕਰੇਕੈ॥ ੧੪॥

ਹੁਣ ਤਕ ਅੱਗੇ ਹੋ ਕੇ ਲੜਦਾ ਅੜਦਾ ਰਿਹਾ ਹਾਂ, ਸਤਿਗੁਰੂ ਜੀ ਨੇ ਆ ਕੇ ਸਹਾਇਤਾ ਨਹੀਂ ਕੀਤੀ ਹੈ। ਐਸਾ ਨਾ ਹੋਵੇ ਕਿ ਦਲੇਰੀ ਦੇ ਕੇ ਤੇ ਜੰਗ ਕਰਵਾ ਕੇ ਮੈਨੂੰ ਮਰਵਾ ਦੇਣ॥ ੧੪॥

ਪਿਤਾ ਖੁਟਾਈ ਮੋ ਪਰ ਲਜਾਵੈਂ। ਰੱਛਾ ਹੇਤੁ ਨ ਯਾਂਤੇ ਆਵੈਂ।
ਹਾਥ ਜੋਰਿ ਅਰਦਾਸ ਕਰੀਜੈ। 'ਪਹੁੰਚਹੁ ਗੁਰੂ ! ਦਾਸ ਲਖਿ ਲੀਜੈ'॥ ੧੫॥

ਪਿਤਾ ਦੀ ਖੋਟ ਮੇਰੇ ਉੱਪਰ ਲਿਆਉਂਦੇ ਹਨ, ਇਸ ਕਰਕੇ ਰੱਖਿਆ ਵਾਸਤੇ ਨਹੀਂ ਆ ਰਹੇ ਹਨ। ਹੁਣ ਤੁਸੀਂ ਹੱਥ ਜੋੜ ਕੇ ਅਰਦਾਸ ਕਰੋ, "ਹੇ ਸਤਿਗੁਰੂ ਜੀ ਪਹੁੰਚੋ, ਮੈਨੂੰ ਆਪਣਾ ਦਾਸ ਜਾਣ ਲਵੋ"॥ ੧੫॥

ਧਰਮ ਸਿੰਘ ਕਹਿ ਧੀਰਜ ਦੀਨਾ। 'ਬਨਹੁ ਸੁਚੇਤ ਨ ਕਰਿ ਮਨ ਦੀਨਾ।
ਪਰਜੋ ਭੇਰ ਗਾਢੋ ਜਬਿ ਆਇ। ਤਤਛਿਨ ਹ੍ਵੈਂ ਸਤਿਗੁਰੂ ਸਹਾਇ॥ ੧੬॥

ਧਰਮ ਸਿੰਘ ਨੇ ਕਹਿ ਕੇ ਧੀਰਜ ਦਿੱਤਾ, "ਸੁਚੇਤ ਬਣੋ ਤੇ ਆਪਣੇ ਮਨ ਨੂੰ ਦੀਨ ਨਾ ਕਰੋ। ਜਦ ਬਹੁਤ ਵੱਡਾ ਸੰਘਣਾ ਭੇੜ ਆ ਪਵੇਗਾ ਤਾਂ ਉਸੇ ਵੇਲੇ ਸਤਿਗੁਰੂ ਜੀ ਆ ਕੇ ਸਹਾਇਕ ਬਣਨਗੇ॥ ੧੬॥

ਕਪਟ ਨ ਕਰਹਿਂ ਦਾਸ ਕੇ ਸੰਗ। ਜਰੇਂ ਕਰੇਂ ਤੋਹਿ ਜਿਤਾਵੈਂ ਜੰਗ'।
ਕਹਜੋ ਸ਼ਾਹੁ 'ਅਬਿ ਸਮੈਂ ਸਹਾਇ। ਨਤੁ ਅਬਿ ਡੇਰਾ ਲੁਟ ਕਰਿ ਜਾਇ॥੧੭॥

ਉਹ ਆਪਣੇ ਸੇਵਕ ਦੇ ਨਾਲ ਕਪਟ ਨਹੀਂ ਕਰਦੇ ਹਨ, ਜਿਵੇਂ ਕਿਵੇਂ ਤੈਨੂੰ ਜੰਗ ਜਿਤਾਉਣਗੇ।" ਬਹਾਦਰ ਸ਼ਾਹ ਨੇ ਕਿਹਾ, "ਇਹ ਹੁਣ ਸਹਾਇਤਾ ਦਾ ਸਮਾਂ ਹੈ, ਨਹੀਂ ਤਾਂ ਹੁਣ ਮੇਰਾ ਡੇਰਾ ਲੁੱਟਿਆ ਜਾਵੇਗਾ॥ ੧੭॥

ਦੇਖਹੁ ਪਰਜੋ ਜੋਰ ਅਬਿ ਰਨ ਕੋ। ਘਟਾ ਮਨਿੰਦ ਹੇਲ ਸੁਭਟਨ ਕੋ।
ਤਾਰਾ ਆਜ਼ਮ ਬੀਚ ਖਰੋਵਾ। ਉਮਰਾਵਨ ਪਰ ਕ੍ਰੁੱਧਤਿ ਹੋਵਾ॥ ੧੮॥

ਵੇਖੋ ਹੁਣ ਰਣਖੇਤਰ ਵਿਚ ਵੱਡਾ ਜ਼ੋਰ ਪਿਆ ਹੈ, ਵੈਰੀ ਬੱਦਲਾਂ ਦੀ ਘਟਾ ਵਾਂਗ ਹਮਲਾ ਕਰਕੇ ਆ ਗਏ ਹਨ। ਤਾਰਾ ਆਜ਼ਮ ਉਨ੍ਹਾਂ ਦੇ ਵਿਚ ਖੜੋਤਾ ਹੈ ਤੇ ਉਮਰਾਵ ਨੂੰ ਗੁੱਸੇ ਹੋ ਰਿਹਾ ਹੈ॥ ੧੮॥

ਕਿਮ ਅਟਕਹਿ ਮਮ ਚਮੂੰ ਬਿਚਾਰੀ। ਜਿਮ ਆਟੇ ਮਹਿਂ ਲਵਣ ਬਿਚਾਰੀ।
ਅਬਿ ਜੇ ਹੋਹਿ ਪਲਾਇਨ ਸੈਨਾ। ਬਹੁਰ ਉਪਾਇ ਬਨਤ ਕਿਮ ਹੈ ਨਾ॥੧੯॥

ਮੇਰੀ ਹੁਣ ਥੋੜੀ ਜੇਹੀ ਵਿਚਾਰੀ ਫੌਜ ਉਸ ਦੇ ਸਾਹਮਣੇ ਕਿਵੇਂ ਅਟਕੇਗੀ। ਇਹ ਤਾਂ ਵੈਰੀ ਦੀ ਫੌਜ ਦੇ ਸਾਹਮਣੇ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਹੈ। ਜੇ ਹੁਣ ਸੈਨਾ ਭੱਜ ਜਾਵੇਗੀ, ਫਿਰ ਇਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਇਕੱਠਿਆਂ ਕਰਨ ਦਾ ਉਪਾਅ ਨਹੀਂ ਹੋ ਸਕੇਗਾ॥ ੧੯॥

ਕਰਿ ਅਰਦਾਸ ਜੁਗਮ ਕਰ ਜੋਰਿ। ਪ੍ਰਭੁ ਜੀ ਪਹੁੰਚਹਿਂ ਘਾਲਹਿਂ ਜ਼ੋਰ।
ਤਾਰਾ ਆਜ਼ਮ ਕੋ ਸੰਘਾਰੈਂ। ਸਭਿ ਉਮਰਾਵ ਹੇਰਿ ਕਰਿ ਹਾਰੈਂ'॥ ੨੦॥

ਦੋਵੇਂ ਹੱਥ ਜੋੜ ਕੇ ਅਰਦਾਸ ਕਰੋ, ਸਤਿਗੁਰੂ ਜੀ ਪਹੁੰਚ ਕੇ ਜ਼ੋਰ ਨਾਲ ਹੱਲਾ ਕਰਨ। ਤਾਰਾ ਆਜ਼ਮ ਨੂੰ ਮਾਰਨ ਤੇ ਸਾਰੇ ਉਮਰਾਵ ਵੇਖ ਕੇ ਹਾਰ ਜਾਣ"॥ ੨੦॥

ਧਰਮ ਸਿੰਘ ਅਰਦਾਸ ਬਖਾਨੀ। 'ਸ੍ਰੀ ਗੁਰ! ਰੱਛਾ ਸਮੈਂ ਮਹਾਨੀ।
ਸੇਵਕ ਜਾਨਹੁਂ ਬਨਹੁ ਸਹਾਇ। ਬਿਰਦ ਸੰਭਾਰਹੁ ਆਪਨ ਆਇ॥ ੨੧॥

ਧਰਮ ਸਿੰਘ ਨੇ ਫਿਰ ਅਰਦਾਸ ਕੀਤੀ, "ਹੇ ਸਤਿਗੁਰੂ ਜੀ ! ਰੱਖਿਆ ਕਰਨ ਦਾ ਹੁਣ ਮਹਾਨ ਸਮਾਂ ਹੈ। ਆਪਣੇ ਸੇਵਕ ਜਾਣ ਕੇ ਸਹਾਇਕ ਬਣੋ ਤੇ ਦੇਖੋ ਆ ਕੇ ਆਪਣਾ ਬਿਰਦ ਸੰਭਾਲੋ" ॥ ੨੧ ॥

ਇਮ ਕਹਿ ਮਸਤਕ ਦੁਊ ਨਿਵਾਏ। ਸ਼ਾਹੁ ਰਿਦੇ ਬਡ ਚਿੰਤ ਉਪਾਏ।
ਇਤ ਉਤ ਸਭਿ ਦਿਸ਼ਿ ਦ੍ਰਿਸ਼ਟਿ ਚਲਾਵੈਂ। ਹਮਲਾ ਕਰਜੋ ਚਢਜੋ ਦਲ ਆਵੈ ॥੨੨॥

ਇਸ ਪ੍ਰਕਾਰ ਕਹਿ ਕੇ ਬਹਾਦਰ ਸ਼ਾਹ ਅਤੇ ਧਰਮ ਸਿੰਘ ਦੋਵਾਂ ਨੇ ਮੱਥੇ ਨਿਵਾਏ। ਬਹਾਦਰ ਸ਼ਾਹ ਦੇ ਹਿਰਦੇ ਵਿਚ ਵੱਡੀ ਚਿੰਤਾ ਉਤਪੰਨ ਹੋਈ। ਏਧਰ ਓਧਰ ਸਭ ਪਾਸੇ ਆਪਣੀ ਦ੍ਰਿਸ਼ਟ ਚਲਾਈ। ਹਮਲਾ ਕਰਕੇ ਵੈਰੀ ਦਾ ਦਲ ਅੱਗੇ ਵਧਦਾ ਆ ਰਿਹਾ ਸੀ॥ ੨੨ ॥

ਸਨੇ ਸਨੇ ਦਲ ਹਟਤਿ ਪਲਾਵੈ। ਤਜੋਂ ਤਜੋਂ ਸੰਸ਼ੇ ਬਹੁ ਉਪਜਾਵੈ।
ਨਿਸ਼ਚੈ ਕਰਤਿ 'ਆਜ ਨਹਿੰ ਬਚੌਂ। ਸੰਘਰ ਮਚਜੋ ਬੀਚ ਹੀ ਪਚੌਂ ॥ ੨੩ ॥

ਹੌਲੀ-ਹੌਲੀ ਦਲ ਪਿਛਾਂਹ ਹੱਟ ਕੇ ਭੱਜਣ ਲੱਗਾ, ਤਿਵੇਂ-ਤਿਵੇਂ ਬਹੁਤ ਸ਼ੰਕੇ ਉਤਪੰਨ ਹੋ ਰਹੇ ਸਨ। ਬਹਾਦਰ ਸ਼ਾਹ ਨੇ ਨਿਸ਼ਚਾ ਕਰ ਲਿਆ ਸੀ ਕਿ ਅੱਜ ਨਹੀਂ ਬਚਾਂਗਾ, ਇਸ ਮਚੇ ਹੋਏ ਸੰਘਰਸ਼ ਦੇ ਵਿਚ ਹੀ ਖਤਮ ਹੋ ਜਾਵਾਂਗਾ॥ ੨੩ ॥

ਮੋਹਿ ਆਸ ਸਤਿਗੁਰ ਇਕ ਕੇਰੀ। ਪਹੁੰਚਹਿੰ ਲਾਜ ਨਿਬਾਹੈਂ ਮੇਰੀ'।
ਬਾਰ ਬਾਰ ਸਿਮਰਨ ਉਰ ਧਰੇ। ਬਾਰਿ ਬਾਰਿ ਬੰਦਨ ਕੋ ਕਰੇ॥ ੨੪ ॥

ਮੈਨੂੰ ਇਕ ਸਤਿਗੁਰੂ ਜੀ ਦੀ ਆਸ ਹੈ, ਉਹ ਪਹੁੰਚ ਕੇ ਮੇਰੀ ਲਾਜ ਨਿਭਾਉਣਗੇ।" ਬਾਰ-ਬਾਰ ਹਿਰਦੇ ਵਿਚ ਯਾਦ ਕਰਦਾ ਸੀ ਤੇ ਬਾਰ-ਬਾਰ ਬੰਦਨਾ ਕਰਦਾ ਸੀ॥ ੨੪ ॥

ਚਲੀ ਸ਼ਿਕਸਤ ਖਾਇ ਅਬਿ ਸੈਨਾ। ਰਿਪੁਨ ਬਿਲੋਕਿ ਰਿਦੇ ਧ੍ਰਿਤ ਹੈ ਨਾ।
ਇਤਨੇ ਮਹਿੰ ਗੁਰ ਦਈ ਦਿਖਾਈ। ਸੰਗ ਸ਼ਹੀਦਨ ਦਲ ਸਮੁਦਾਈ ॥ ੨੫ ॥

ਹੁਣ ਸੈਨਾ ਹਾਰ ਖਾ ਕੇ ਭੱਜ ਚੱਲੀ ਸੀ, ਵੈਰੀ ਨੂੰ ਵੇਖ ਕੇ ਦਿਲ ਧੀਰਜ ਨਹੀਂ ਸੀ ਧਾਰਦਾ। ਏਨੇ ਵਿਚ ਗੁਰੂ ਜੀ ਦਿਖਾਈ ਦਿੱਤੇ। ਉਨ੍ਹਾਂ ਦੇ ਨਾਲ ਵੱਡਾ ਸ਼ਹੀਦੀ ਦਲ ਸੀ॥ ੨੫ ॥

ਬ੍ਰਿੰਦ ਨਿਸ਼ਾਨਨ ਫਰਰੇ ਛੂਟੇ। ਏਕੈ ਬਾਰਿ ਬਾਜ ਜਨੁ ਟੂਟੈ।
ਧਰਮ ਸਿੰਘ ਅਵਿਲੋਕਤਿ ਬੋਲਾ। 'ਪਿਖਹੁ ਸ਼ਾਹੁ ਤਜਾਗਹੁ ਉਰ ਹੌਲਾ ॥੨੬ ॥

ਬਹੁਤ ਝੰਡੇ ਅਤੇ ਫਰਰੇ ਝੂਲ ਰਹੇ ਸਨ, ਇਕੋ ਵਾਰ ਜਿਵੇਂ ਬਾਜ ਟੁੱਟ ਕੇ ਆ ਪਏ ਹੋਣ। ਧਰਮ ਸਿੰਘ ਵੇਖ ਕੇ ਬੋਲਿਆ, 'ਹੇ ਬਹਾਦਰ ਸ਼ਾਹ ! ਵੇਖੋ, ਹੁਣ ਦਿਲ ਹੌਲਾ ਕਰਨਾ ਛੱਡ ਦੇਵੋ॥ ੨੬ ॥

ਦਰਸ਼ਨ ਕਰਹੁ ਨਮੋ ਕਰ ਜੋਰਿ। ਸੰਗ ਸ਼ਹੀਦਨ ਕੋ ਦਲ ਜੋਰਿ।
ਧਨੁਖ ਬਾਨ ਕਰ ਧਾਰਨ ਕਰੇ। ਸੰਘਰ ਬਿਖੈ ਪ੍ਰਬਲਤਾ ਭਰੇ' ॥ ੨੭ ॥

ਸਤਿਗੁਰੂ ਜੀ ਦੇ ਦਰਸ਼ਨ ਕਰੋ ਤੇ ਹੱਥ ਜੋੜ ਕੇ ਬੰਦਨਾ ਕਰੋ, ਉਨ੍ਹਾਂ ਦੇ ਨਾਲ ਸ਼ਹੀਦਾਂ ਦਾ ਵੱਡਾ ਦਲ ਹੈ। ਉਨ੍ਹਾਂ ਹੱਥ ਵਿਚ ਧਨੁੱਖ ਬਾਣ ਧਾਰਨ ਕੀਤਾ ਹੈ, ਸੰਘਰਸ਼ ਵਿਚ ਸ਼ਕਤੀ ਭਰਨਗੇ' ॥ ੨੭ ॥

ਮਨਹੁ ਕਰਨ ਮਹਿੰ ਅੰਮ੍ਰਿਤ ਪਾਯੋ। ਪ੍ਰਾਨ ਹਾਨ ਤੇ ਤੁਰਤ ਜਿਵਾਯੋ।
ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਦਰਸ਼ਨ ਕਰਜੋ ਬਿਸਾਲ ਛਬੀਲਾ ॥ ੨੮ ॥

ਮਾਨੋ ਬਹਾਦਰ ਸ਼ਾਹ ਦੇ ਕੰਨਾਂ ਵਿਚ ਕਿਸੇ ਅੰਮ੍ਰਿਤ ਪਾਇਆ ਹੋਵੇ ਤੇ ਪ੍ਰਾਣਾਂ ਦੇ ਨਾਸ਼ ਹੋਣ ਤੋਂ ਤੁਰਤ ਬਚਾ ਲਿਆ ਹੋਵੇ। ਬਹਾਦਰ ਸ਼ਾਹ ਨੇ ਹਠੀਲੇ ਗੁਰੂ ਗੋਬਿੰਦ ਸਿੰਘ ਜੀ ਛੈਲ ਛਬੀਲੇ ਦੇ ਦਰਸ਼ਨ ਕੀਤੇ॥ ੨੮ ॥

'ਧਨੁਖ ਪਨਚ ਧਰਿ ਸੰਧੇ ਤੀਰ। ਮਾਰਜੋ ਚਹੈਂ ਰਿਪਹਿ ਬਰ ਬੀਰ।
ਲਗੀ ਕਾਨ ਚੁਟਕੀ ਇਕ ਕਰ ਕੀ। ਦੁਤੀ ਮੁਸ਼ਟ, ਤਾਕਜੋ ਦਿਸ਼ਿ ਅਰਿ ਕੀ ॥੨੯॥

"ਧਨੁੱਖ ਦੇ ਚਿਲੇ ਉੱਪਰ ਤੀਰ ਧਰ ਕੇ ਉਨ੍ਹਾਂ ਸੰਧਿਆ, ਸ੍ਰੇਸ਼ਟ ਸੂਰਬੀਰ ਵੈਰੀ ਨੂੰ ਉਹ ਮਾਰਨਾ ਚਾਹੁੰਦੇ ਸਨ। ਇਕ ਹੱਥ ਦੀ ਚੁਟਕੀ ਕੰਨ ਨੂੰ ਜਾ ਲੱਗੀ ਹੈ, ਦੂਜੇ ਹੱਥ ਵਿਚ ਧਨੁੱਖ ਦੀ ਮੁੱਠੀ ਫੜੀ ਹੈ ਤੇ ਦੁਸ਼ਮਣ ਵੱਲ ਤਕਦੇ ਹਨ॥ ੨੯॥

ਛੋਟੀ ਛਾਲਨ ਉਛਲਤਿ ਘੋਰਾ। ਚਲਜੋ ਜਾਤਿ ਆਜ਼ਮ ਕੀ ਓਰਾ'।
ਏਕ ਬਾਰਿ ਇਮ ਦਈ ਦਿਖਾਈ। ਜਿਮ ਤੜਿਤਾ ਦਮਕਤਿ ਦੁਰਿ ਜਾਈ ॥੩੦॥

ਛੋਟੀਆਂ ਛਾਲਾਂ ਨਾਲ ਘੋੜਾ ਉਛਲਦਾ ਹੈ ਤੇ ਤਾਰਾ ਆਜ਼ਮ ਵਲ ਚਲਿਆ ਜਾ ਰਿਹਾ ਹੈ।" ਇਕ ਵਾਰ ਇਸ ਪ੍ਰਕਾਰ ਦਿਖਾਈ ਦਿੱਤਾ, ਜਿਵੇਂ ਬਿਜਲੀ ਚਮਕ ਕੇ ਫਿਰ ਬੱਦਲਾਂ ਵਿਚ ਲੁਕ ਗਈ ਹੋਵੇ॥ ੩੦॥

ਭਏ ਪ੍ਰਵੇਸ਼ ਜੰਗ ਜਹਿਂ ਭਾਰੀ। ਤੁਪਕ ਤੋਪ ਛੂਟਤਿ ਬਿਸੁਮਾਰੀ।
ਅੰਧ ਧੁੰਧ ਬਹੁ ਧੂਰ ਉਡਾਈ। ਢਾਂਪਜੋ ਰਵਿ ਕੁਛ ਦੈ ਨ ਦਿਖਾਈ॥ ੩੧॥

ਸਤਿਗੁਰੂ ਜੀ ਉਥੇ ਪ੍ਰਵੇਸ਼ ਕਰ ਗਏ, ਜਿੱਥੇ ਭਾਰੀ ਜੰਗ ਹੋ ਰਿਹਾ ਸੀ, ਜਿੱਥੇ ਬੰਦੂਕਾਂ ਅਤੇ ਤੋਪਾਂ ਬੇਸ਼ੁਮਾਰ ਚਲ ਰਹੀਆਂ ਸਨ। ਅੰਧਾਧੁੰਧ ਬਹੁਤ ਧੂੜ ਉੱਡ ਰਹੀ ਸੀ, ਧੂੜ ਨੇ ਸੂਰਜ ਨੂੰ ਢੱਕਿਆ ਹੋਇਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੩੧॥

ਦਾਰੁਣ ਸ਼ਬਦ ਹੋਤਿ ਦਿਸ਼ਿ ਦੋਇ। ਸੁਨੀਅਤਿ ਨਹੀਂ ਕਹੈ ਕਿਛ ਕੋਇ।
ਕੋਸਨ ਲਗਿ ਪਸਰੇ ਦਲ ਲਰਤੇ। ਜੀਤ ਪਰਸਪਰ ਬਾਂਛਤਿ ਅਰਿ ਤੇ॥ ੩੨॥

ਦੋਵੀਂ ਪਾਸੀਂ ਭਿਆਨਕ ਆਵਾਜ਼ਾਂ ਉਠ ਰਹੀਆਂ ਸਨ, ਕੁਝ ਵੀ ਸੁਣਾਈ ਨਹੀਂ ਸੀ ਦਿੰਦਾ ਬੇਸ਼ਕ ਕੋਈ ਕੁਝ ਵੀ ਕਹੇ। ਸੈਨਕ ਲੜਦੇ ਕੋਹਾਂ ਤਕ ਫੈਲੇ ਹੋਏ ਸਨ। ਆਪਸ ਵਿਚ ਦੋਵੇਂ ਵੈਰੀ ਤੇ ਜਿੱਤ ਪਾਉਣਾ ਚਾਹੁੰਦੇ ਸਨ॥ ੩੨॥

ਕੁੰਜਰ ਪੁੰਜ ਘਟਾ ਸਮ ਠਾਂਢੇ। ਚਢਿ ਉਮਰਾਵ ਪਿਖਹਿਂ ਰਣ ਗਾਢੇ।
ਹਾਥਨ ਬਿਖੈ ਸ਼ਸਤ੍ਰ ਕੋ ਧਾਰੇਂ। ਕਰਹਿਂ ਪ੍ਰਹਾਰਨਿ ਬੀਰ ਜੁਝਾਰੇ॥ ੩੩॥

ਹਾਥੀਆਂ ਦਾ ਇਕ ਟੋਲਾ ਘਟਾ ਵਾਂਗ ਖੜਾ ਸੀ। ਉਸ ਦੇ ਉੱਪਰ ਉਮਰਾਵ ਚੜ੍ਹ ਕੇ ਯੁੱਧ ਵੇਖ ਰਹੇ ਸਨ। ਹੱਥਾਂ ਵਿਚ ਉਨ੍ਹਾਂ ਸ਼ਸਤਰ ਧਾਰਨ ਕੀਤੇ ਹੋਏ ਸਨ ਤੇ ਜੁਝਾਰੂ ਸੂਰਬੀਰਾਂ ਉੱਪਰ ਉਹ ਵਾਰ ਕਰਦੇ ਸਨ॥ ੩੩॥

ਤਾਰਾ ਆਜ਼ਮ ਬੀਚ ਤਿਨਹਂ ਕੇ। ਅਤਿ ਪ੍ਰਿਯ ਉਰ ਬਿਸ਼ਵਾਸ ਜਿਨਹੁਂ ਕੇ।
ਸਹਿਤ ਸ਼ਹੀਦਨ ਸਤਿਗੁਰ ਗਏ। ਵਾਰ ਕਰਤਿ ਇਕ ਬਾਰੀ ਭਏ॥ ੩੪॥

ਤਾਰਾ ਆਜ਼ਮ ਉਨ੍ਹਾਂ ਦੇ ਵਿਚ ਹੀ ਆਪਣੇ ਹਾਥੀ ਉੱਪਰ ਸਵਾਰ ਬੈਠਾ ਸੀ। ਦਿਲ ਵਿਚ ਉਮਰਾਵ ਬਹੁਤ ਪਿਆਰੇ ਲੱਗਦੇ ਹਨ ਤੇ ਜਿਨ੍ਹਾਂ ਉਮਰਾਵਾਂ ਉੱਪਰ ਉਸ ਦਾ ਵੱਡਾ ਵਿਸ਼ਵਾਸ ਹੈ। ਸਤਿਗੁਰੂ ਜੀ ਸ਼ਹੀਦਾਂ ਸਹਿਤ ਉਸ ਪਾਸੇ ਗਏ। ਸਤਿਗੁਰੂ ਜੀ ਨੇ ਇਕ ਵਾਰੀ ਉਨ੍ਹਾਂ ਉੱਪਰ ਵਾਰ ਕੀਤਾ॥ ੩੪॥

ਗੁਰ ਕਰ ਕੇ ਸਰ ਦ੍ਵੈ ਛੁਟਿ ਚਾਲੇ। ਭਰੇ ਬੇਗ ਕੇ ਸ਼ੂੰਕ ਬਿਸਾਲੇ।
ਭੀਖਨ ਤੀਖਨ ਨਾਗ ਕਰਾਲਾ। ਤਾਰਾ ਆਜ਼ਮ ਕੇ ਲਗਿ ਭਾਲਾ॥ ੩੫॥

ਗੁਰੂ ਜੀ ਦੇ ਹੱਥ ਵਿਚੋਂ ਦੋ ਤੀਰ ਨਿਕਲ ਕੇ ਗਏ, ਉਹ ਬੜੀ ਤੇਜ਼ੀ ਨਾਲ ਵਿਸ਼ਾਲ ਸ਼ੂਕਦੇ ਹੋਏ ਗਏ। ਜਿਵੇਂ ਭਿਆਨਕ ਵਿਕਰਾਲ ਤਿੱਖਾ ਨਾਗ ਹੋਵੇ, ਇਕ ਤੀਰ ਤਾਰਾ ਆਜ਼ਮ ਦੇ ਮੱਥੇ ਵਿਚ ਲੱਗਾ॥ ੩੫॥

ਬਰਮੀ ਸਮ ਪ੍ਰਵੇਸ਼ ਸਭਿ ਹੋਏ। ਬਾਹਰ ਫੋਕ ਸੁ ਮੁਖ ਦਿਖਿ ਦੋਏ।
ਮਨਹੁਂ ਅਨਾਰਕਲੀ ਜੁਗ ਸੋਹੈਂ। ਕੈ ਮੁਖ ਅਲਪ ਸਾਰਕਾ ਦੋਹੈਂ॥ ੩੬॥

ਤੀਰ ਵਰਮੀਂ ਵਾਂਗ ਉਸ ਦੇ ਮੱਥੇ ਵਿਚ ਪ੍ਰਵੇਸ਼ ਕਰ ਗਿਆ। ਦੋਵਾਂ ਤੀਰਾਂ ਦੀਆਂ ਇਕ ਪਾਸੇ ਬਾਹਰ ਬਾਗੜਾਂ ਸਨ ਤੇ ਦੂਜੇ ਪਾਸੇ ਸੋਨੇ ਦੀਆਂ ਮੁਖੀਆਂ ਦਿੱਸਦੀਆਂ ਸਨ। ਮਾਨੋ ਅਨਾਰਕਲੀ ਦੀਆਂ ਦੋ ਕਲੀਆਂ ਸ਼ੋਭ ਰਹੀਆਂ ਹਨ ਜਾਂ ਦੋ ਛੋਟੀਆਂ ਸਾਰਕਾਂ ਦੇ ਦੋ ਮੂੰਹ ਹਨ॥ ੩੬॥

ਗਜ ਤੇ ਤਤਛਿਨ ਹੀ ਛਿਤ ਪਰਜੋ। ਰਿਪੁਨਿ ਪਰਾਜੈ ਬਾਂਛਤਿ ਮਰਜੋ।
ਪਦਵੀ ਬੀਰਨ ਕੀ ਸ਼ੁਭ ਪਾਏ। ਗੁਰ ਕਰ ਤੇ ਮਰਿ ਭਿਸਤ ਸਿਧਾਏ॥ ੩੭॥

ਤਾਰਾ ਆਜ਼ਮ ਤੁਰਤ ਹੀ ਹਾਥੀ ਤੋਂ ਡਿੱਗ ਕੇ ਧਰਤੀ ਤੇ ਲੇਟ ਗਿਆ। ਵੈਰੀਆਂ ਨੂੰ ਜਿੱਤਣਾ ਚਾਹੁੰਦਾ ਹੋਇਆ ਮਰ ਗਿਆ। ਸੂਰਬੀਰਾਂ ਵਾਲੀ ਵੱਡੀ ਪਦਵੀ ਪਾਈ। ਗੁਰੂ ਜੀ ਦੇ ਹੱਥ ਤੋਂ ਮਰਨ ਕਰਕੇ ਬਹਿਸ਼ਤਾਂ ਵਿਚ ਚਲਾ ਗਿਆ॥ ੩੭॥

ਚੌਦਾਂ ਕੁੰਚਰ ਕੇ ਉਮਰਾਵੈਂ। ਆਜ਼ਮ ਸਾਥ ਗਿਰੇ ਰਣ ਥਾਵੈਂ।
ਸ਼ਸਤ੍ਰ ਸ਼ਹੀਦਨਿ ਕਰ ਕੇ ਲਾਗੇ। ਗਏ ਭਿਸਤ ਕੋ ਪ੍ਰਾਨਨ ਤਜਾਗੇ॥ ੩੮॥

ਚੌਦ੍ਹਾਂ ਹਾਥੀਆਂ ਦੇ ਉਮਰਾਵ, ਤਾਰਾ ਆਜ਼ਮ ਸਹਿਤ ਰਣਖੇਤਰ ਵਿਚ ਡਿੱਗ ਪਏ। ਸ਼ਹੀਦਾਂ ਦੇ ਹੱਥਾਂ ਦੇ ਉਨ੍ਹਾਂ ਨੂੰ ਸ਼ਸਤਰ ਲੱਗੇ ਸਨ, ਇਸ ਲਈ ਉਹ ਵੀ ਪ੍ਰਾਣ ਤਿਆਗ ਕੇ ਬਹਿਸ਼ਤਾਂ ਵਿਚ ਚਲੇ ਗਿਆ॥ ੩੮॥

ਅਪਰ ਸੁਭਟ ਸੈਂਕਰ ਹੀ ਘਾਏ। ਗਿਰੇ ਬਾਰਿ ਇਕ ਪ੍ਰਾਨ ਗਵਾਏ।
ਹਾਹਾਕਾਰ ਬੀਚ ਲਸ਼ਕਰ ਕੇ। ਆਜ਼ਮ ਗਿਰਜੋ ਮਰਜੋ ਲਖਿ ਕਰਿਕੈ॥ ੩੯॥

ਹੋਰ ਸੈਂਕੜੇ ਸੂਰਬੀਰ ਮਾਰੇ, ਸਾਰੇ ਇਕੋ ਵਾਰ ਪ੍ਰਾਣ ਤਿਆਗ ਕੇ ਡਿੱਗ ਪਏ। ਸਾਰੇ ਲਸ਼ਕਰ ਵਿਚ ਹਾਹਾਕਾਰ ਮਚ ਗਿਆ ਸਾਰਿਆਂ ਨੇ ਜਦ ਜਾਣਿਆਂ ਕਿ ਤਾਰਾ ਆਜ਼ਮ ਮਰ ਕੇ ਹਾਥੀ ਤੋਂ ਡਿੱਗ ਪਿਆ ਹੈ॥ ੩੯॥

ਜੇ ਉਮਰਾਵ ਬਚੇ ਤਿਸ ਕਾਲਾ। ਲਸ਼ਕਰ ਮੋਰਜੋ ਲਰਤਿ ਕਰਾਲਾ।
ਸਨੇ ਸਨੇ ਹਟਿ ਪਾਛੈ ਗਏ। ਤੂਸ਼ਨਿ ਜਾਇ ਉਤਰਤੇ ਭਏ॥ ੪੦॥

ਜਿਹੜੇ ਉਮਰਾਵ ਉਸ ਸਮੇਂ ਬਚੇ ਸਨ, ਉਨ੍ਹਾਂ ਵਿਕਰਾਲ ਲੜਦੇ ਹੋਏ ਲਸ਼ਕਰ ਨੂੰ ਮੋੜ ਲਿਆ। ਹੌਲੀ-ਹੌਲੀ ਪਿੱਛੇ ਹੱਟ ਗਏ। ਚੁਪ-ਚਾਪ ਜਾ ਕੇ ਘੋੜਿਆਂ ਤੋਂ ਉੱਤਰ ਪਏ॥ ੪੦॥

ਆਪਹੁੰ ਅਪਨੇ ਦੂਤ ਪਠਾਏ। ਜਾਇ ਬਹਾਦਰ ਸ਼ਾਹੁ ਸੁਨਾਏ।
'ਤਾਰਾ ਆਜ਼ਮ ਰਣ ਮਹਿਂ ਗਿਰਜੋ। ਨਹੀਂ ਸੰਭਾਰ ਸ਼ਸਤ੍ਰ ਤੇ ਮਰਜੋ'॥ ੪੧॥

ਉਨ੍ਹਾਂ ਨੇ ਆਪਣੇ-ਆਪਣੇ ਦੂਤ ਭੇਜੇ ਤੇ ਬਹਾਦਰ ਸ਼ਾਹ ਨੂੰ ਜਾ ਕੇ ਸੁਣਾਇਆ, "ਤਾਰਾ ਆਜ਼ਮ ਯੁੱਧ ਵਿਚ ਡਿੱਗ ਪਿਆ ਹੈ। ਸ਼ਸਤਰ ਨਹੀਂ ਸੰਭਾਲ ਸਕਿਆ ਹੈ ਤੇ ਮਰ ਗਿਆ ਹੈ"॥ ੪੧॥

ਸੁਨਤਿ ਅਨੰਦਜੋ ਸਕਲ ਬੁਲਾਏ। ਮਿਲੇ ਆਨਿ ਕਰਿ ਸੀਸ ਨਿਵਾਏ।
ਖੋਜਨ ਗਯੋ ਬਹਾਦਰ ਸ਼ਾਹੂ। ਜਹਾਂ ਪਰਜੋ ਦੀਰਘ ਰਣ ਮਾਂਹੂ॥ ੪੨॥

ਇਹ ਸੁਣ ਕੇ ਪ੍ਰਸੰਨ ਹੋ ਕੇ ਸਾਰੇ ਉਮਰਾਵ ਬੁਲਾ ਲਏ ਤੇ ਸਾਰੇ ਆ ਕੇ ਸਿਰ ਨਿਵਾ ਕੇ ਮਿਲੇ। ਫਿਰ ਬਹਾਦਰ ਸ਼ਾਹ ਤਾਰਾ ਆਜ਼ਮ ਨੂੰ ਲੱਭਣ ਵਾਸਤੇ ਗਿਆ। ਜਿੱਥੇ ਬਹੁਤ ਵੱਡਾ ਯੁੱਧ ਹੋਇਆ ਸੀ॥ ੪੨॥

ਦੇਖਤਿ ਤੀਰ ਭਾਲ ਨਿਕਸਾਏ। ਜੋ ਕੰਚਨ ਤੇ ਲਿਪਤ ਸੁਹਾਏ।
ਸੋ ਨਿਜ ਨਿਕਟ ਸੰਭਾਰਨ ਕਰੇ। ਹੇਤੁ ਪਰਖਬੇ 'ਕਿਨ ਪਰਹਰੇ'॥ ੪੩॥

ਉਸ ਨੇ ਵੇਖ ਕੇ ਮੱਥੇ ਵਿਚੋਂ ਤੀਰ ਕੱਢਵਾਏ, ਜਿਨ੍ਹਾਂ ਤੀਰਾਂ ਦੀ ਮੁੱਠੀ ਨੂੰ ਸੋਨਾ ਲੱਗਾ ਸ਼ੋਭ ਰਿਹਾ ਸੀ। ਉਹ ਤੀਰ ਆਪਣੇ ਪਾਸ ਸੰਭਾਲ ਲਏ, ਉਹ ਇਹ ਪਰਖਣਾ ਚਾਹੁੰਦਾ ਸੀ ਕਿ "ਤੀਰ ਕਿਸ ਨੇ ਚਲਾਏ ਹਨ"॥ ੪੩॥

ਤਿਹ ਦਫਨਾਇ ਹਰਖ ਕੋ ਮਾਨਾ। ਮਨਹੁੰ ਰੰਕ ਭਾ ਇੰਦ੍ਰ ਸਮਾਨਾ।
ਲਸ਼ਕਰ ਮਿਲਜੋ ਆਨਿ ਕਰਿ ਸਾਰੋ। ਦੇ ਦੇ ਧੀਰਜ ਸਕਲ ਸੰਭਾਰੋ॥ ੪੪॥

ਉਸ ਨੂੰ ਦਫਨਾ ਕੇ ਬੜੀ ਖੁਸ਼ੀ ਮਨਾਈ, ਮਾਨੋ ਰੰਕ ਤੋਂ ਇੰਦਰ ਸਮਾਨ ਹੋ ਗਿਆ ਹੋਵੇ। ਫਿਰ ਸਾਰਾ ਲਸ਼ਕਰ ਆ ਮਿਲਿਆ ਤੇ ਉਨ੍ਹਾਂ ਨੂੰ ਧੀਰਜ ਦੇ ਕੇ ਸਾਰਿਆਂ ਦੀ ਸੰਭਾਲ ਕੀਤੀ॥ ੪੪॥

ਪੂਰਬ ਸਮ ਹੀ ਮਨਸਬ ਪਾਏ। ਦਾਨ ਮਾਨ ਦੈ ਸਭਿ ਅਪਨਾਏ।
ਡੇਰਾ ਕਰਜੋ ਜੰਗ ਕੀ ਧਰਨੀ। ਸਿਫਤ ਖ਼ੁਦਾਇ ਅਲਹ ਕੀ ਬਰਨੀ॥ ੪੫॥

ਸਾਰਿਆਂ ਨੇ ਪਹਿਲਾਂ ਵਾਂਗ ਹੀ ਅਹੁਦੇ ਪਾਏ ਤੇ ਦਾਨ ਮਾਨ ਦੇ ਕੇ ਸਭ ਨੂੰ ਆਪਣਾ ਬਣਾ ਲਿਆ। ਜੰਗ ਵਾਲੀ ਧਰਤੀ ਉੱਪਰ ਫਿਰ ਡੇਰਾ ਲਾਇਆ ਤੇ ਅਲਾਹ ਖ਼ੁਦਾ ਦੀ ਸਿਫਤ ਵਰਣਨ ਕੀਤੀ॥ ੪੫॥

'ਅਹੈ ਸ਼ੁਕਰ ਤੇਰੀ ਦਰਗਾਹ। ਦੀਨ ਦੇਖਿ ਕੀਨਸਿ ਪਤਿਸ਼ਾਹ'।
ਧਰਮ ਸਿੰਘ ਕੋ ਸਾਦਰ ਪਾਸ। ਕਰਜੋ ਬਿਠਾਵਨਿ ਬਾਕ ਪ੍ਰਕਾਸ਼॥ ੪੬॥

ਤੇਰੀ ਦਰਗਾਹ ਦਾ ਵੱਡਾ ਸ਼ੁਕਰਗੁਜ਼ਾਰ ਹਾਂ, ਦੀਨ ਵੇਖ ਕੇ ਤੂੰ ਮੈਨੂੰ ਬਾਦਸ਼ਾਹ ਬਣਾ ਦਿੱਤਾ ਹੈ।'' ਧਰਮ ਸਿੰਘ ਨੂੰ ਬੜੇ ਅਦਬ ਨਾਲ ਰੱਖਿਆ ਤੇ ਪਾਸ ਬਿਠਾ ਕੇ ਕਿਹਾ॥ ੪੬॥

'ਧੰਨ ਗੁਰੂ ਮਮ ਮਦਤਿ ਨਿਬਾਹੀ। ਪੂਰਨ ਬਾਕ, ਦਈ ਪਤਿਸ਼ਾਹੀ'।
ਪੁਨ ਸਗਰੇ ਉਮਰਾਵ ਬੁਲਾਏ। ਜਿਤਿਕ ਸਭਾਸਦ ਸੇ ਚਲਿ ਆਏ॥ ੪੭॥

ਧੰਨ ਗੁਰੂ ਜੀ ਹਨ, ਜਿਨ੍ਹਾਂ ਮੇਰੀ ਮਦਦ ਕੀਤੀ ਹੈ, ਪੂਰਨ ਬਚਨ ਕਹਿ ਕੇ ਮੈਨੂੰ ਬਾਦਸ਼ਾਹੀ ਦਿੱਤੀ ਹੈ।'' ਫਿਰ ਸਾਰੇ ਉਮਰਾਵ ਬੁਲਾਏ। ਜਿੰਨੇ ਵੀ ਸਭਾ ਦੇ ਸਦਸ ਸਨ, ਸਾਰੇ ਚਲ ਕੇ ਆਏ॥ ੪੭॥

ਦੋਨਹੁਂ ਤੀਰ ਦਿਖਾਵਨਿ ਕਰੇ। 'ਇਹ ਕਿਸਕੇ ਤਰਕਸ਼ ਮਹਿਂ ਭਰੇ'।
ਬੋਲੇ ਬਹੁ ਬਢਾਇ ਕਰਿ ਤਬੈ। 'ਇਹ ਮੇਰੇ ਕਰ ਕੇ ਲਗਿ ਜਬੈ'॥ ੪੮॥

ਫਿਰ ਦੋਵੇਂ ਤੀਰ ਉਨ੍ਹਾਂ ਨੂੰ ਵਿਖਾਏ, ''ਇਹ ਕਿਸ ਦੇ ਭੱਥੇ ਵਿਚ ਭਰੇ ਹਨ ?'' ਤਦ ਉਹ ਸਾਰੇ ਬਹੁਤ ਹੰਕਾਰ ਕਰਕੇ ਬੋਲੇ, ''ਇਹ ਮੇਰੇ ਹੱਥ ਤੋਂ ਲੱਗੇ ਹਨ''॥ ੪੮॥

ਅਪਰ ਕਹੈ 'ਮੈਂ ਐਂਚਿਤ ਮਾਰੇ'। ਤ੍ਰਿਤੀ ਕਹੈ ਮੈਂ 'ਸਮੁਖ ਪ੍ਰਹਾਰੇ'।
ਸਭਿ ਤੇ ਲੇ ਕਰਿ ਤਿਨਹੁਂ ਮਿਲਾਏ। ਕਿਮ ਸੋ ਮਿਲਹਿਂ ਨ ਸਮਤਾ ਪਾਏ॥੪੯॥

ਹੋਰ ਕਹਿੰਦੇ ਸਨ, ''ਮੈਂ ਖਿੱਚ ਕੇ ਮਾਰੇ ਹਨ।'' ਤੀਸਰਾ ਕਹਿੰਦਾ ਸੀ ''ਮੈਂ ਸਾਹਮਣੇ ਹੋ ਕੇ ਵਾਰ ਕੀਤਾ ਹੈ।'' ਫਿਰ ਸਾਰਿਆਂ ਤੋਂ ਤੀਰ ਲੈ ਕੇ ਉਨ੍ਹਾਂ ਨਾਲ ਮਿਲਾਏ, ਕਿਸੇ ਦੇ ਤੀਰ ਵੀ ਉਨ੍ਹਾਂ ਨਾਲ ਮਿਲਾ ਕੇ ਬਰਾਬਰੀ ਨਾ ਪਾਈ॥ ੪੯॥

ਜਾਨੈ ਸ਼ਾਹੁ ਭੇਵ ਤਿਨ ਸਾਰਾ। ਤੁਰਕਨ ਤੇ ਭੈ ਧਰਿ ਨ ਉਚਾਰਾ।
'ਇਹ ਤੋ ਤੀਰ ਅਜਾਇਬ ਅਹੈਂ। ਨਹਿਂ ਕਿਹ ਤਰਕਸ਼ ਕੇ ਸਭਿ ਲਹੈਂ॥੫੦॥

ਬਾਦਸ਼ਾਹ ਉਨ੍ਹਾਂ ਤੀਰਾਂ ਦਾ ਸਾਰਾ ਭੇਦ ਜਾਣਦਾ ਸੀ, ਪਰ ਤੁਰਕਾਂ ਪਾਸੋਂ ਭੈ ਧਾਰ ਕੇ ਕੁਝ ਨਾ ਬੋਲਿਆ। ''ਇਹ ਤਾਂ ਤੀਰ ਬੜੇ ਅਜੀਬ ਹਨ, ਇਹ ਕਿਸੇ ਵੀ ਭੱਥੇ ਦੇ ਨਹੀਂ ਹਨ, ਸਭ ਦੇ ਤੀਰਾਂ ਦੇ ਭੱਥੇ ਵੇਖੇ ਹਨ॥ ੫੦॥

ਕੇਤਿਕ ਕਹੈਂ 'ਫਰਿਸ਼ਤੇ ਆਏ। ਤੁਮ ਸਹਾਇਤਾ ਹਿਤ ਸਮੁਦਾਏ।
ਅਜ਼ਗੈਬੀ ਦਲ ਮਾਰਤਿ ਹੇਰਾ। ਕਰਜੋ ਪ੍ਰਤਾਪ ਖ਼ੁਦਾਇ ਬਡੇਰਾ'॥ ੫੧॥

ਕਈ ਕਹਿੰਦੇ ਸਨ, "ਫਰਿਸ਼ਤੇ ਆਏ ਸਨ, ਤੁਹਾਡੀ ਸਹਾਇਤਾ ਵਾਸਤੇ ਉਹ ਸਾਰੇ ਇਕੱਠੇ ਹੋਏ ਸਨ। ਗੁਪਤ ਦਲ ਮਾਰਦਾ ਵੇਖਿਆ ਹੈ, ਖੁਦਾ ਨੇ ਤੁਹਾਡਾ ਪ੍ਰਤਾਪ ਵੱਡਾ ਕੀਤਾ ਹੈ"॥ ੫੧॥

ਸੁਨ ਪਿਖਿ ਕਰਿ ਸਭਿ ਹ੍ਵੈ ਬਿਸਮਾਦੇ। ਸਲਤਨ ਪਾਇ ਸ਼ਾਹੁ ਅਹਿਲਾਦੇ।
ਭਈ ਸ਼ਾਂਤਿ ਸਭਿ ਮਿਟਜੋ ਬਖੇਰਾ। ਇਸ ਕਾਰਨ ਤੇ ਹਰਖ ਬਡੇਰਾ॥ ੫੨॥

ਸੁਣ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ। ਹਕੂਮਤ ਪ੍ਰਾਪਤ ਕਰਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ। ਫਿਰ ਸ਼ਾਂਤੀ ਹੋ ਗਈ ਤੇ ਸਾਰੇ ਝਗੜੇ ਮੁੱਕ ਗਏ, ਇਸ ਕਰਕੇ ਬਹੁਤ ਵੱਡੀ ਖੁਸ਼ੀ ਹੋਈ॥ ੫੨॥

*ਪਹਿਲੇ ਐਨ ਦਾ ਬਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੨॥*

## *ਅਧਿਆਇ ਤਰਤਾਲ੍ਹੀਵਾਂ*

### *ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ*

ਦੋਹਰਾ- ਕੇਤਿਕ ਦਿਵਸ ਬਿਤਾਇਕੈ ਧਰਮ ਸਿੰਘ ਬੁਲਵਾਇ।
ਸਾਦਰ ਸ਼ਾਹੁ ਬਹਾਦਰਾ ਸਭਿ ਬਿਧਿ ਤਿਹ ਸਮੁਝਾਇ॥ ੧॥

ਕਈ ਦਿਨ ਬਤੀਤ ਕਰਕੇ ਫਿਰ ਧਰਮ ਸਿੰਘ ਨੂੰ ਬੁਲਵਾਇਆ। ਫਿਰ ਬਹਾਦਰ ਸ਼ਾਹ ਨੇ ਬੜੇ ਆਦਰ ਨਾਲ ਉਸਨੂੰ ਸਭ ਵਿਧੀਆਂ ਨਾਲ ਸਮਝਾਇਆ॥ ੧॥

ਚੌਪਈ- ਮੈਂ ਅਬਿ ਜਾਉਂ ਆਗਰੇ ਨਗਰੰ। ਕਰਹੁਂ ਸੰਭਾਰਨਿ ਲਸ਼ਕਰ ਸਗਰੰ।
ਤਹਾਂ ਬੈਠਿ ਕਰਿ ਲੈਬੋ ਦੈਬੋ। ਸਭਿ ਸੂਬਨ ਸਭਿ ਥਾਨ ਪਠੈਬੋ॥ ੨॥

ਮੈਂ ਹੁਣ ਆਗਰੇ ਨਗਰ ਵਿਚ ਜਾਵਾਂਗਾ ਤੇ ਸਾਰੇ ਲਸ਼ਕਰ ਨੂੰ ਸੰਭਾਲਾਂਗਾ। ਉਥੇ ਬੈਠ ਕੇ ਹੀ ਲੈਣਾ ਦੇਣਾ ਕਰਾਂਗਾ, ਸਾਰੇ ਸੂਬਿਆਂ ਨੂੰ ਸਾਰੇ ਥਾਵਾਂ ਤੇ ਭੇਜਾਂਗਾ॥ ੨॥

ਤੁਮ ਅਬਿ ਜਾਇ ਕ੍ਰਿਪਾ ਨਿਧਿ ਪਾਸੀ। ਕਰਹੁ ਫਤੇ ਕੀ ਬਾਤ ਪ੍ਰਕਾਸ਼ੀ।
ਮੋਹਿ ਬੰਦਗੀ ਜਾਇ ਸੁਨਾਵਹੁ। ਕਰਿ ਬਿਨਤੀ ਪੁਰਿ ਕੋ ਲੇ ਆਵਹੁ॥ ੩॥

ਤੁਸੀਂ ਹੁਣ ਸਤਿਗੁਰੂ ਜੀ ਦੇ ਪਾਸ ਜਾਵੋ ਤੇ ਜਿੱਤ ਬਾਰੇ ਉਨ੍ਹਾਂ ਨੂੰ ਸਾਰੀ ਵਾਰਤਾ ਸੁਣਾਓ। ਮੇਰੀ ਬੰਦਨਾ ਜਾ ਕੇ ਸੁਣਾਵੋ ਤੇ ਬੇਨਤੀ ਕਰਕੇ ਆਗਰੇ ਨਗਰ ਵੱਲ ਲੈ ਆਵੋ॥ ੩॥

ਅਪਨਾ ਜਾਨਹੁਂ ਦਰਸ ਦਿਖਾਵਹੁ। ਬਿਨਾ ਬਿਲਮ ਇਤ ਮਗ ਪਗ ਪਾਵਹੁ।
ਸਿਰੇਪਾਉ ਪੰਚਨ ਕੋ ਦੀਨੇ। ਚਲੇ ਸਿੰਘ ਜਿਤ ਗੁਰੂ ਪ੍ਰਬੀਨੇ॥ ੪॥

ਮੈਨੂੰ ਆਪਣਾ ਜਾਣੋ ਤੇ ਦਰਸ਼ਨ ਦੇਵੋ ਤੇ ਕਿਸੇ ਦੇਰੀ ਤੋਂ ਬਗੈਰ ਇਸ ਰਾਹ ਚਲ ਆਵੋ।" ਪੰਜਾਂ ਸਿੰਘਾਂ ਨੂੰ ਵੀ ਸਿਰੋਪੇ ਦਿੱਤੇ। ਪੰਜ ਸਿੰਘ ਉਧਰ ਚਲ ਪਏ, ਜਿੱਥੇ ਪ੍ਰਬੀਨ ਸਤਿਗੁਰੂ ਜੀ ਰਹਿੰਦੇ ਸਨ॥ ੪॥

ਦਿੱਲੀ ਪੁਰਿ ਕੈ ਮਗ ਚਲਿ ਆਏ। ਮਿਲਜੋ ਧਰਮ ਸਿੰਘ ਸੀਸ ਨਿਵਾਏ।
ਸਨਮੁਖ ਬੈਠਜੋ ਜੁਗ ਕਰ ਜੋਰੇ। ਸ਼੍ਰੀ ਮੁਖ ਭਨਜੋਂ ਹੇਰਿ ਇਨ ਓਰੇ॥ ੫॥

ਦਿੱਲੀ ਨਗਰ ਦੇ ਰਸਤੇ ਚਲ ਕੇ ਆ ਗਏ ਤੇ ਧਰਮ ਸਿੰਘ ਆ ਕੇ ਸੀਸ ਨਿਵਾ ਕੇ ਮਿਲਿਆ। ਦੋਵੇਂ ਹੱਥ ਜੋੜ ਕੇ ਉਹ ਗੁਰੂ ਜੀ ਦੇ ਸਾਹਮਣੇ ਬੈਠ ਗਿਆ। ਗੁਰੂ ਜੀ ਨੇ ਉਨ੍ਹਾਂ ਵੱਲ ਵੇਖ ਕੇ ਕਿਹਾ॥ ੫॥

'ਹੋਇ ਸੁ ਜਿਮ ਸੁਲਤਾਨੀ ਜੰਗ। ਬਿਜੈ ਪਰਾਜੈ ਕਹਹੁ ਪ੍ਰਸੰਗ'।
ਧਰਮ ਸਿੰਘ ਸੁਨਿ ਤਬੈ ਉਚਾਰੀ। 'ਜਾਨਤਿ ਆਪ ਜਗਤ ਗਤਿ ਸਾਰੀ॥੬॥

"ਜਿਵੇਂ ਗੱਦੀ-ਨਸ਼ੀਨੀ ਦੀ ਸੁਲਤਾਨੀ ਜੰਗ ਹੋਈ ਸੀ, ਉਸ ਦੀ ਜਿੱਤ ਹਾਰ ਦਾ ਪ੍ਰਸੰਗ ਕਹੋ।" ਧਰਮ ਸਿੰਘ ਨੇ ਸੁਣ ਕੇ ਫਿਰ ਉਚਾਰਨ ਕੀਤਾ, "ਤੁਸੀਂ ਸਾਰੇ ਜਗਤ ਦੀ ਗਤੀ ਨੂੰ ਜਾਣਦੇ ਹੋ॥ ੬॥

ਬਿਦਤ ਗੁਪਤ ਜੇਤਿਕ ਸਭਿ ਜਾਨੋਂ। ਪ੍ਰਭੁ ਜੀ! ਤੁਮ ਤੇ ਕਹੂੰ ਨ ਛਾਨੋਂ।
ਸਰਬ ਚਰਿਤ ਕੇ ਕਰਨੇ ਹਾਰੇ। ਕਰਮ ਕਰਤਿ ਭੀ ਰਹਹੁ ਨਿਆਰੇ॥ ੭॥

ਪਰਗਟ ਗੁਪਤ ਜੋ ਕੁਝ ਵੀ ਹੈ ਸਭ ਜਾਣਦੇ ਹੋ। ਹੇ ਸਤਿਗੁਰੂ ਜੀ! ਤੁਹਾਥੋਂ ਕੁਝ ਵੀ ਲੁਕਿਆ ਨਹੀਂ ਹੈ। ਸਭ ਚਰਿਤਰ ਤੁਸੀਂ ਕਰਨਹਾਰੇ ਹੋ ਤੇ ਕਰਮ ਕਰਕੇ ਵੀ ਵੱਖਰੇ ਰਹਿੰਦੇ ਹੋ॥ ੭॥

ਆਇਸੁ ਤੇ ਹਮ ਕਹੈਂ ਸੁਨਾਏ। ਦੁਹਦਿਸ਼ਿ ਤੇ ਲਸ਼ਕਰ ਉਮਡਾਏ।
ਤੋਪ ਤੁਪਕ ਤੇ ਭਾ ਰਣ ਗਾਢੋ। ਹੋਤਿ ਪਰਾਜੈ ਹੇਰਤਿ ਠਾਂਢੋ॥ ੮॥

ਤੁਹਾਡੀ ਆਗਿਆ ਹੋਣ ਕਰਕੇ ਅਸੀਂ ਸੁਣਾ ਕੇ ਕਹਿੰਦੇ ਹਾਂ। ਦੋਹਾਂ ਪਾਸਿਆਂ ਤੋਂ ਲਸ਼ਕਰ ਉਮਡ ਕੇ ਆਏ ਸਨ। ਤੋਪਾਂ ਬੰਦੂਕਾਂ ਨਾਲ ਸਾਰਾ ਰਣਖੇਤਰ ਭਰਿਆ ਪਿਆ ਸੀ। ਹਾਰ ਹੋ ਜਾਵੇਗੀ, ਬਹਾਦਰ ਸ਼ਾਹ ਖੜਾ ਵੇਖ ਰਿਹਾ ਸੀ॥ ੮॥

ਦੀਨ ਹੋਇ ਕੈ ਬਹੁ ਘਿਘਿਆਯੋ। ਤਬਿ ਰਾਵਰ ਨੇ ਦਰਸ਼ ਦਿਖਾਯੋ।
ਤਾਰਾ ਆਜ਼ਮ ਤੁਰਤ ਸੰਘਾਰਾ। ਬਜਯੋ ਬਿਜੈ ਕੋ ਤਬੈ ਨਗਾਰਾ॥ ੯॥

ਫਿਰ ਉਸ ਨੇ ਦੀਨ ਹੋ ਕੇ ਬਹੁਤ ਤਰਲੇ ਮਿੰਨਤਾਂ ਕੀਤੀਆਂ। ਫਿਰ ਆਪ ਜੀ ਨੇ ਆ ਕੇ ਦਰਸ਼ਨ ਦਿੱਤੇ। ਤਾਰਾ ਆਜ਼ਮ ਨੂੰ ਤੁਰਤ ਮਾਰ ਦਿੱਤਾ। ਫਿਰ ਜਿੱਤ ਦਾ ਨਗਾਰਾ ਵੱਜ ਉਠਿਆ॥ ੯॥

ਆਨਿ ਮਿਲੇ ਸੂਬੇ ਸਮੁਦਾਏ। ਸ਼ਾਹੁ ਬਹਾਦਰ ਸਲਤਨ ਪਾਏ।
ਹਮ ਕੋ ਰੁਖ਼ਸਦ ਕਰੇ ਪਠਾਏ। ਤੁਮ ਕੋ ਬਹੁਤ ਬੰਦਗੀ ਗਾਏ॥ ੧੦॥

ਫਿਰ ਸਾਰੇ ਸੂਬੇ ਬਹਾਦਰ ਸ਼ਾਹ ਨੂੰ ਆ ਮਿਲੇ ਤੇ ਉਸ ਨੇ ਦੇਸ਼ ਦੀ ਹਕੂਮਤ ਪ੍ਰਾਪਤ ਕਰ ਲਈ। ਸਾਨੂੰ ਰੁਖਸਤ ਕਰਕੇ ਭੇਜ ਦਿੱਤਾ ਤੇ ਬਾਦਸ਼ਾਹ ਨੇ ਤੁਹਾਨੂੰ ਬਹੁਤ ਬੇਨਤੀ ਕੀਤੀ ਹੈ॥ ੧੦॥

'ਥਿਰੋਂ ਆਗਰੇ ਨਗਰ ਮਝਾਰਾ। ਤਿਹ ਦਰਸ਼ਨ ਕਰਿ ਦੇਹਿਂ ਉਦਾਰਾ'।
ਸੁਨਿ ਕੈ ਸ੍ਰੀ ਪ੍ਰਭੁ ਕੂਚ ਕਰੰਤੇ। ਦਿੱਲੀ ਪੁਰਿ ਦਿਸ਼ਿ ਕੋ ਗਮਨੰਤੇ॥ ੧੧॥

ਉਸ ਨੇ ਕਿਹਾ ਹੈ "ਮੈਂ ਹੁਣ ਆਗਰੇ ਵਿਚ ਜਾ ਕੇ ਰਹਾਂਗਾ, ਉਥੇ ਆ ਕੇ ਸ੍ਰੇਸ਼ਟ ਦਰਸ਼ਨ ਦੇਣਾ।" ਇਹ ਸੁਣ ਕੇ ਸਤਿਗੁਰੂ ਜੀ ਨੇ ਕੂਚ ਕਰਵਾ ਦਿੱਤਾ ਤੇ ਦਿੱਲੀ ਨਗਰ ਵਾਲੇ ਪਾਸੇ ਚਲ ਪਏ॥ ੧੧॥

ਨਗਰ ਗ੍ਰਾਮ ਬਨ ਸੈਲ ਬਿਸਾਲੇ। ਕਰਤਿ ਜਾਤਿ ਸ੍ਰੀ ਪ੍ਰਭੁ ਸੁਖ ਨਾਲੇ।
ਨਿਕਟ ਰਹਯੋ ਪੁਰਿ ਸੁਨਿ ਸੁਧ ਸਾਰੀ। ਆਈ ਚਲਿ ਸਤਿਗੁਰ ਅਸਵਾਰੀ॥੧੨॥

ਨਗਰਾਂ, ਪਿੰਡਾਂ, ਜੰਗਲਾਂ ਵਿਚ ਵਿਸ਼ਾਲ ਸੈਰ ਕਰਦੇ ਹੋਏ ਸਤਿਗੁਰੂ ਜੀ ਬੜੇ ਆਰਾਮ ਨਾਲ ਜਾ ਰਹੇ ਸਨ। ਜਦ ਦਿੱਲੀ ਦਾ ਨਗਰ ਨੇੜੇ ਆ ਗਿਆ ਤਾਂ ਜਦ ਨਗਰ ਵਾਸੀਆਂ ਨੇ ਇਹ ਜਾਣਿਆ ਕਿ ਗੁਰੂ ਜੀ ਦੀ ਅਸਵਾਰੀ ਚਲ ਕੇ ਆ ਰਹੀ ਹੈ॥ ੧੨॥

ਸੁਨਿ ਸਿੱਖਨ ਮਨ ਉਪਜਜੋ ਚਾਊ। ਦਰਸ਼ਨ ਹੇਤੁ ਚਲੇ ਅਗਵਾਊ।
ਕੇਤਿਕ ਗਾਡੀ ਪਰ ਚਢਿ ਧਾਏ। ਕੇ ਸਜੰਦਨ ਪਰ ਚਢੇ ਭਜਾਏ॥ ੧੩॥

ਇਹ ਸੁਣ ਕੇ ਸਾਰੇ ਸਿੱਖਾਂ ਦੇ ਮਨ ਵੱਡਾ ਚਾਹ ਉਤਪੰਨ ਹੋਇਆ। ਉਹ ਇਕੱਠੇ ਹੋ ਕੇ ਮਿਲ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅਗਾਊਂ ਹੀ ਲੈਣ ਚਲੇ ਗਏ। ਕਈ ਗੱਡਿਆਂ ਨੂੰ ਨਠਾ ਕੇ ਲੈ ਗਏ, ਕਈ ਰੱਥਾਂ ਨੂੰ ਭਜਾ ਕੇ ਲੈ ਗਏ॥ ੧੩॥

ਕਿਤਿਕ ਤੁਰੰਗਨਿ ਪਰ ਚਢਿ ਚਾਲੇ। ਘਨੇ ਪਦਾਂਤੀ ਭਾਉ ਬਿਸਾਲੇ।
ਅਨਿਕ ਅਕੋਰਨ ਕੋ ਕਰ ਧਾਰੇ। ਮਿਲੇ ਜਾਇ ਮਾਰਗ ਅਗਵਾਰੇ॥ ੧੪॥

ਕਈ ਘੋੜਿਆਂ ਉੱਪਰ ਚੜ੍ਹ ਕੇ ਚਲ ਪਏ। ਬਹੁਤ ਸਿੱਖ ਵਿਸ਼ਾਲ ਪ੍ਰੇਮ ਧਾਰ ਕੇ ਪੈਦਲ ਹੀ ਚਲ ਪਏ। ਉਨ੍ਹਾਂ ਨੇ ਬਹੁਤ ਉਪਹਾਰ ਆਪਣੇ ਹੱਥਾਂ ਵਿਚ ਲਏ ਤੇ ਰਾਹ ਵਿਚ ਅਗਾਊਂ ਜਾ ਕੇ ਗੁਰੂ ਜੀ ਨੂੰ ਮਿਲ ਪਏ॥ ੧੪॥

ਦਰਸ਼ਨ ਕਰਿ ਕਰਿ ਭਾਉ ਧਰੰਤੇ। ਚਰਨ ਸਰੋਜਨ ਸੀਸ ਰਖੰਤੇ।
ਬਸਤ੍ਰ ਬਿਭੂਖਨ ਦਰਬ ਉਦਾਰਾ। ਅਰਪਹਿਂ ਪ੍ਰਭੁ ਕੋ ਕਈ ਹਜ਼ਾਰਾ॥ ੧੫॥

ਦਰਸ਼ਨ ਕਰ ਕਰ ਪ੍ਰੇਮ ਧਾਰਨ ਕਰਦੇ ਸਨ ਤੇ ਚਰਨ ਕੰਵਲਾਂ ਉੱਪਰ ਸਿਰ ਰੱਖਦੇ ਸਨ। ਵਸਤਰ, ਗਹਿਣੇ ਅਤੇ ਧਨ ਸਤਿਗੁਰੂ ਜੀ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਅਰਪਣ ਕਰਦੇ ਸਨ॥ ੧੫॥

ਸਭਿ ਕੀ ਕਰੀ ਭਾਵਨਾ ਪੂਰੀ। ਕ੍ਰਿਪਾ ਦ੍ਰਿਸ਼ਟਿ ਅਵਲੋਕਤਿ ਰੂਰੀ।
ਜਮਨਾ ਪਾਰ ਕਰਜੋ ਪ੍ਰਭੁ ਡੇਰਾ। ਲਗਜੋ ਦਿਵਾਨ ਖਾਲਸੇ ਕੇਰਾ॥ ੧੬॥

ਸਤਿਗੁਰੂ ਜੀ ਨੇ ਸਾਰਿਆਂ ਦੀ ਭਾਵਨਾ ਪੂਰੀ ਕੀਤੀ। ਸਾਰਿਆਂ ਨੂੰ ਉੱਤਮ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ। ਸਤਿਗੁਰੂ ਜੀ ਨੇ ਜਮਨਾ ਨਦੀ ਦੇ ਪਾਰ ਡੇਰਾ ਕੀਤਾ ਤੇ ਉਥੇ ਖਾਲਸੇ ਦਾ ਦਿਵਾਨ ਲੱਗਿਆ॥ ੧੬॥

ਆਵਹਿਂ ਜਾਹਿਂ ਨਗਰ ਨਰ ਨਾਰੀ। ਗੁਰ ਮੂਰਤਿ ਪਰ ਹ੍ਵੈਂ ਬਲਿਹਾਰੀ।
ਇਕ ਦਿਨ ਡੇਰਾ ਗੁਰੂ ਟਿਕਾਯੋ। ਪੁਨ ਕਰ ਜੋਰਿ ਸਿੱਖ ਗਨ ਆਯੋ॥ ੧੭॥

ਨਗਰ ਦੇ ਇਸਤਰੀ-ਪੁਰਸ਼ ਆਉਂਦੇ ਜਾਂਦੇ ਸਨ ਤੇ ਗੁਰੂ ਜੀ ਦੀ ਮੂਰਤੀ ਉੱਪਰ ਬਲਿਹਾਰ ਜਾਂਦੇ ਸਨ। ਗੁਰੂ ਜੀ ਨੇ ਉਥੇ ਇਕ ਦਿਨ ਡੇਰਾ ਕੀਤਾ। ਫਿਰ ਬਹੁਤ ਸਿੱਖ ਹੱਥ ਜੋੜ ਕੇ ਉਥੇ ਆਏ॥ ੧੭॥

ਬੈਠੇ ਗੁਰ ਢਿਗ ਬੰਦਨ ਕੀਨਿ। ਖੁਸ਼ੀ ਕਰੀ ਸਭਿ ਪਰ ਸੁਖ ਲੀਨ।
ਸ੍ਰੀ ਮੁਖ ਤੇ ਆਇਸੁ ਫੁਰਮਾਈ। 'ਹਮ ਕੋ ਦਿੱਲੀ ਦੇਹੁ ਦਿਖਾਈ॥ ੧੮॥

ਗੁਰੂ ਜੀ ਔਥੇ ਬੈਠ ਕੇ ਬੰਦਨਾ ਕੀਤੀ। ਸਤਿਗੁਰੂ ਜੀ ਨੇ ਸਾਰਿਆਂ ਉੱਪਰ ਆਪਣੀ ਖੁਸ਼ੀ ਕੀਤੀ। ਫਿਰ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਮੈਨੂੰ ਦਿੱਲੀ ਵਿਖਾ ਦੇਵੋ॥ ੧੮॥

ਕਿਲਾ ਬਜ਼ਾਰ ਆਦਿ ਸਭਿ ਥਾਨ। ਸੁੰਦਰਤਾ ਸੁਨੀਅਤਿ ਬਹੁ ਕਾਨ'।
ਸੁਨਿਕੈ ਸਿੱਖਨ ਕੀਨਿ ਸਲਾਹੂ। ਅਸਮੰਜਸ ਹਮ ਕੋ ਇਸ ਮਾਂਹੂ॥ ੧੯॥

ਕਿਲ੍ਹਾ, ਬਜ਼ਾਰ ਆਦਿ ਸਭ ਥਾਂ ਵਿਖਾਓ, ਮੈਂ ਇਸ ਸ਼ਹਿਰ ਦੀ ਸੁੰਦਰਤਾ ਬਾਰੇ ਬਹੁਤ ਕੁਝ ਕੰਨਾਂ ਨਾਲ ਸੁਣਿਆ ਹੈ।" ਇਹ ਸੁਣ ਕੇ ਫਿਰ ਸਿੱਖਾਂ ਨੇ ਸਲਾਹ ਕੀਤੀ, "ਸਾਡੇ ਵਾਸਤੇ ਇਹ ਕਰਨਾ ਨਾਮੁਨਾਸਿਬ ਹੈ॥ ੧੯॥

ਸੱਯਦ ਮੁਗ਼ਲ ਪਠਾਨ ਹਜ਼ਾਰੇ। ਜੰਗ ਕਰਤਿ ਸਤਿਗੁਰ ਨੇ ਮਾਰੇ।
ਕਿਸ ਕੋ ਪੁੱਤ੍ਰ ਭਤੀਜਾ ਭ੍ਰਾਤਾ। ਪੁਰਿ ਮਹਿਂ ਬਾਸੈ ਕਿਸਹੁਂ ਜਮਾਤਾ॥ ੨੦॥

ਏਥੇ ਸੱਯਦ, ਮੁਗ਼ਲ ਅਤੇ ਪਠਾਣ ਹਜ਼ਾਰਾਂ ਦੀ ਗਿਣਤੀ ਵਿਚ ਰਹਿੰਦੇ ਹਨ। ਜਿਨ੍ਹਾਂ ਨੂੰ ਜੰਗ ਕਰਕੇ ਸਤਿਗੁਰੂ ਜੀ ਨੇ ਮਾਰਿਆ ਸੀ। ਕਿਸੇ ਦਾ ਪੁੱਤਰ, ਭਤੀਜਾ ਅਤੇ ਭਰਾ ਮਾਰ ਦਿੱਤਾ ਸੀ। ਨਗਰ ਵਿਚ ਕਿਸੇ ਦਾ ਜਵਾਈ ਰਹਿੰਦਾ ਹੈ॥ ੨੦॥

ਇੱਤਜਾਦਿਕ ਸਨਬੰਧੀ ਘਨੇ। ਜਿਨ ਕੇ ਰਣ ਮਹਿਂ ਸਤਿਗੁਰ ਹਨੇ।
ਸੋ ਉਰ ਕ੍ਰੋਧਹਿਂ ਜਬਹਿ ਨਿਹਾਰਹਿਂ। ਹ੍ਵੈ ਕਰਿ ਇਕਠੇ ਸ਼ਸਤ੍ਰ ਪ੍ਰਹਾਰਹਿਂ ॥੨੧॥

ਇਸ ਪ੍ਰਕਾਰ ਮਾਰੇ ਗਏ ਲੋਕਾਂ ਦੇ ਬਹੁਤ ਸੰਬੰਧੀ ਰਹਿੰਦੇ ਹਨ ਜਿਨ੍ਹਾਂ ਸਤਿਗੁਰੂ ਜੀ ਨੇ ਯੁੱਧ ਵਿਚ ਮਾਰਿਆ ਹੈ। ਉਹ ਜਦ ਦਿਲ ਵਿਚ ਕ੍ਰੋਧ ਧਾਰ ਕੇ ਵੇਖਣਗੇ ਤਾਂ ਇਕੱਠੇ ਹੋ ਕੇ ਸ਼ਸਤਰਾਂ ਦੇ ਵਾਰ ਕਰਨਗੇ॥ ੨੧॥

ਅਵਰੰਗ ਮਰਜੋ, ਪੁੱਤ੍ਰ ਤਿਸ ਕੇਰਾ। ਹੋਯਹੁ ਨਹੀਂ ਪ੍ਰਤਾਪ ਅਛੇਰਾ।
ਨਹਿਂ ਭੈ ਧਰਿ ਹੈਂ ਮਰਹਿਂ ਕਿ ਮਾਰਹਿਂ। ਛਿੜਹਿ ਜੰਗ ਤਬਿ ਕੋ ਹਟਕਾਰਹਿ ॥੨੨॥

ਨੌਰੰਗਾ ਮਰ ਗਿਆ ਤੇ ਉਸ ਦੇ ਪੁੱਤਰ ਬਹਾਦਰ ਸ਼ਾਹ ਦਾ ਪ੍ਰਤਾਪ ਹਾਲੇ ਕਾਫ਼ੀ ਨਹੀਂ ਹੋਇਆ ਹੈ। ਉਹ ਹੁਣ ਭੈਅ ਨਹੀਂ ਧਰਨਗੇ, ਮਰਨਗੇ ਜਾਂ ਮਾਰਨਗੇ। ਜਦ ਜੰਗ ਛਿੜ ਪਵੇਗੀ ਤਾਂ ਉਸ ਨੂੰ ਕੌਣ ਰੋਕੇਗਾ॥ ੨੨॥

ਯਾਂਤੇ ਪ੍ਰਭੁ ਕੋ ਤਰੀ ਚਢਾਵਹੁ। ਸ੍ਰੀ ਜਮਨਾ ਬਿਚ ਕੋ ਲੇ ਜਾਵਹੁ।
ਨਿਕਟਿ ਨਿਕਟਿ ਕੇ ਸਗਲ ਮਕਾਨਾ। ਤਹਾਂ ਬਤਾਵਹੁ ਪਿਖਹੁ ਮਹਾਨਾ' ॥੨੩॥

ਇਸ ਕਰਕੇ ਗੁਰੂ ਜੀ ਨੂੰ ਬੇੜੀ ਵਿਚ ਚੜ੍ਹਾਵੋ ਤੇ,ਜਮਨਾ ਨਦੀ ਵਿਚ ਲੈ ਕੇ ਜਾਵੋ। ਨੇੜੇ-ਨੇੜੇ ਦੇ ਸਾਰੇ ਮਕਾਨ ਵਿਖਾਵੋ ਤੇ ਉਥੇ ਜਾ ਕੇ ਦੱਸੋ ਕਿ ਮਹਾਨ ਬਜ਼ਾਰਾਂ ਨੂੰ ਵੇਖ ਲਵੋ' ॥ ੨੩॥

ਇਮ ਮਸਲਤ ਕਰਿ ਸਭਿ ਦਿਲਵਾਲੀ। ਮੰਗਵਾਈ ਇਕ ਨਾਉ ਬਿਸਾਲੀ।
ਔਰ ਸੰਗ ਕੇਤਿਕ ਮੰਗਵਾਈ। ਕਹਿ ਕਰਿ ਸਤਿਗੁਰ ਲਏ ਚਢਾਈ॥ ੨੪॥

ਇਸ ਪ੍ਰਕਾਰ ਸਾਰੇ ਦਿੱਲੀ ਵਾਲਿਆਂ ਨੇ ਸਲਾਹ ਕੀਤੀ ਤੇ ਇਕ ਵੱਡੀ ਬੇੜੀ ਮੰਗਵਾਈ ਤੇ ਉਸ ਦੇ ਨਾਲ ਕਈ ਹੋਰ ਛੋਟੀਆਂ ਬੇੜੀਆਂ ਮੰਗਵਾਈਆਂ। ਸਤਿਗੁਰੂ ਜੀ ਨੂੰ ਕਹਿ ਕੇ ਉਨ੍ਹਾਂ ਵੱਡੀ ਬੇੜੀ ਵਿਚ ਚੜ੍ਹਾ ਲਿਆ॥ ੨੪॥

ਸਨੇ ਸਨੇ ਸਭਿ ਤਰੀ ਚਲਾਈ। ਪੁਰਿ ਕੇ ਨਿਕਟ ਤਰਤਿ ਜਬਿ ਆਈ।
ਦੂਰਬੀਨ ਪ੍ਰਭੁ ਕੋ ਗਹਿਵਾਈ। ਲਗੇ ਬਤਾਵਨਿ ਥਲ ਸਮੁਦਾਈ॥ ੨੫॥

ਹੌਲੀ-ਹੌਲੀ ਸਭ ਬੇੜੀਆਂ ਨੂੰ ਚਲਾਈਆਂ, ਬੇੜੀਆਂ ਜਦ ਤਰ ਕੇ ਨਗਰ ਦੇ ਨੇੜੇ ਆ ਗਈਆਂ ਤਾਂ ਇਕ ਦੂਰਬੀਨ ਸਤਿਗੁਰੂ ਜੀ ਨੂੰ ਫੜਾਈ ਤਾਂ ਸਾਰੇ ਸਥਾਨਾਂ ਬਾਰੇ ਦੱਸਣ ਲੱਗੇ॥ ੨੫॥

'ਸ੍ਰੀ ਸਤਿਗੁਰੂ! ਬਜ਼ਾਰ ਬਿਸਾਲਾ। ਲਾਲ ਦੁਰਗ ਲਗਿ ਹਾਟਨ ਮਾਲਾ।
ਮਹਿਜਿਤ ਜੁਮਾ ਖਰੀ ਇਹ ਦੀਖੀ। ਅਤਿ ਸੁੰਦਰ ਸੁਰਪੁਰੀ ਸਰੀਖੀ॥ ੨੬॥

"ਹੇ ਸਤਿਗੁਰੂ ਜੀ! ਇਹ ਵੱਡਾ ਬਜ਼ਾਰ ਹੈ, ਲਾਲ ਕਿਲ੍ਹੇ ਤਕ ਹੱਟੀਆਂ ਦੀਆਂ ਪੰਗਤੀਆਂ ਹਨ। ਜਾਮਾ ਮਸਜਦ ਇਹ ਖੜੀ ਦਿਖਾਈ ਦੇ ਰਹੀ ਹੈ, ਇਹ ਅਤੀ ਸੁੰਦਰ ਦੇਵਤਿਆਂ ਦੀ ਪੁਰੀ ਸਮਾਨ ਹੈ॥ ੨੬॥

ਪਾਹਨ ਲਾਲ ਲਗਜੋ ਇਹ ਸਾਰੋ। ਬਹੁ ਧਨ ਦੇ ਕਰਿ ਦੁਰਗ ਉਸਾਰੋ।
ਬਾਸਾ ਕਰਤਿ ਰਹੇ ਗਨ ਸ਼ਾਹੁ। ਚਿੱਤ੍ਰ ਬਚਿੱਤ੍ਰ ਬਨੇ ਇਸ ਮਾਂਹੂ' ॥ ੨੭॥

ਇਸ ਨੂੰ ਸਾਰਾ ਹੀ ਲਾਲ ਪੱਥਰ ਲੱਗਾ ਹੈ ਤੇ ਬਹੁਤ ਧਨ ਦੇ ਕੇ ਕਿਲ੍ਹੇ ਦੀ ਉਸਾਰੀ ਕੀਤੀ ਗਈ ਹੈ। ਏਥੇ ਬਹੁਤ ਬਾਦਸ਼ਾਹ ਆਪਣੀ ਰਿਹਾਇਸ਼ ਰੱਖਦੇ ਰਹੇ ਹਨ। ਵਚਿੱਤਰ ਚਿੱਤਰ ਇਸ ਵਿਚ ਬਣੇ ਹੋਏ ਹਨ' ॥ ੨੭॥

ਇੱਤਜਾਦਿਕ ਕਹਿ ਸਕਲ ਦਿਖਾਈ। ਸਨੇ ਸਨੇ ਤਰਨੀ ਚਲਿਵਾਈ।
ਮੋਤੀ ਬਾਗ ਉਤਾਰੇ ਜਾਇ। ਘਨੇ ਲੋਕ ਆਏ ਉਮਡਾਇ॥ ੨੮॥

ਇਸ ਪ੍ਰਕਾਰ ਕਹਿ ਕੇ ਸਾਰੀ ਦਿੱਲੀ ਵਿਖਾਈ ਤੇ ਹੌਲੀ-ਹੌਲੀ ਬੇੜੀ ਚਲਵਾਈ। ਫਿਰ ਮੋਤੀ ਬਾਗ ਵਿਚ ਜਾ ਕੇ ਗੁਰੂ ਜੀ ਨੂੰ ਉਤਾਰ ਦਿੱਤਾ। ਉਥੇ ਬਹੁਤ ਲੋਕ ਉਮਡ ਕੇ ਆਏ॥ ੨੮॥

ਦਰਸ਼ਨ ਕਰਿ ਕਰਿ ਸਕਲ ਸਿਧਾਰੇ। ਤਹਿਂ ਸਤਿਗੁਰ ਤਰ ਬਾਗ ਨਿਹਾਰੇ।
ਪੁਨ ਤਰਨੀ ਪਰ ਲਏ ਚਢਾਇ। ਪਹੁੰਚਾਏ ਜਹਿਂ ਸਿਵਰ ਲਗਾਇ॥ ੨੯॥

ਦਰਸ਼ਨ ਕਰ ਕਰ ਸਾਰੇ ਚਲੇ ਗਏ। ਉਥੇ ਫਿਰ ਸਤਿਗੁਰੂ ਜੀ ਨੇ ਬਾਗ ਨੂੰ ਵੇਖਿਆ। ਫਿਰ ਬੇੜੀ ਉੱਪਰ ਚੜ੍ਹਾ ਲਏ ਤੇ ਉਥੇ ਲੈ ਗਏ ਜਿੱਥੇ ਗੁਰੂ ਜੀ ਨੇ ਡੇਰਾ ਕੀਤਾ ਸੀ॥ ੨੯॥

ਤਬਿ ਸਤਿਗੁਰ ਸਿੱਖਨ ਸਨ ਕਹਜੋ। 'ਕਰਨਿ ਫਰੇਬ ਹਮਹੁਂ ਸੰਗ ਚਹਜੇ।
ਦਿੱਲੀ ਮਹਿਂ ਸਿੱਖੀ ਮਗ ਹੇਰਾ। ਜਥਾ ਮੁਲੰਮਾ ਕੰਚਨ ਕੇਰਾ'॥ ੩੦॥

ਤਦ ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਸਾਡੇ ਨਾਲ ਫਰੇਬ ਕਰਨਾ ਚਾਹੁੰਦੇ ਹੋ। ਦਿੱਲੀ ਵਿਚ ਮੈਂ ਐਸਾ ਸਿੱਖੀ ਮਾਰਗ ਵੇਖਿਆ ਹੈ, ਜਿਵੇਂ ਸੋਨੇ ਦਾ ਮੁਲੰਮਾ ਹੁੰਦਾ ਹੈ"॥ ੩੦॥

ਸੋ ਦਿਨ ਬਿਤਜੋ ਪ੍ਰਾਤ ਪੁਨ ਭਈ। ਸੰਗਤ ਸਕਲ ਦਰਸ ਕੋ ਗਈ।
ਕਰਿ ਬੰਦਨ ਬੈਠੇ ਜਬਿ ਪਾਸੀ। ਸ੍ਰੀ ਮੁਖ ਤੇ ਤਬਿ ਗਿਰਾ ਪ੍ਰਕਾਸ਼ੀ॥ ੩੧॥

ਉਹ ਦਿਨ ਬੀਤ ਗਿਆ ਤੇ ਫਿਰ ਅਗਲੀ ਸਵੇਰ ਹੋ ਗਈ। ਸਾਰੀ ਸੰਗਤ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਗਈ। ਜਦ ਸਾਰੇ ਬੰਦਨਾ ਕਰਕੇ ਪਾਸ ਬੈਠ ਗਏ ਤਦ ਸਤਿਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ॥ ੩੧॥

'ਨੌਮੇ ਸਤਿਗੁਰ ਜਹਿਂ ਸਸਕਾਰੇ। ਤਿਸ ਥਲ ਕੋ ਕੀਜਹਿ ਨਿਰਧਾਰੇ।
ਆਗੇ ਅਵਰੰਗ ਤੇ ਡਰਪਾਵਹੁ। ਅਬਿ ਨ ਰਹਜੋ, ਮੰਦਰ ਬਨਵਾਵਹੁ'॥ ੩੨॥

"ਜਿੱਥੇ ਨੌਵੇਂ ਸਤਿਗੁਰੂ ਜੀ ਦਾ ਸਸਕਾਰ ਕੀਤਾ ਸੀ, ਉਸ ਸਥਾਨ ਦਾ ਨਿਰਧਾਰਨ ਕਰੋ। ਪਹਿਲਾਂ ਤਾਂ ਨੌਰੰਗੇ ਤੋਂ ਡਰਦੇ ਸੀ, ਉਸ ਦਾ ਹੁਣ ਡਰ ਨਹੀਂ ਰਿਹਾ ਹੈ, ਉਥੇ ਹੁਣ ਉਨ੍ਹਾਂ ਦੀ ਯਾਦਗਾਰ ਬਣਾਵੋ"॥ ੩੨॥

ਸੁਨਿਕੈ ਸਿੱਖ ਗਏ ਤਬਿ ਸਜਾਨੇ। ਜਹਿਂ ਸਸਕਾਰੇ ਜੋ ਤਹਿਂ ਜਾਨੇ।
ਨਿਰਨੈ ਕਰਜੋ ਲਿਯੋ ਥਲ ਸੋਊ। ਬਨਵਾਯਹੁ ਮੰਦਿਰ ਸਭਿ ਕੋਊ॥ ੩੩॥

ਇਹ ਸੁਣ ਕੇ ਸਿਆਣੇ-ਸਿਆਣੇ ਸਿੱਖ ਗਏ, ਜਿੱਥੇ ਸਤਿਗੁਰੂ ਜੀ ਦਾ ਸਸਕਾਰ ਹੋਇਆ ਸੀ। ਜਿਹੜੇ ਉਸ ਸਥਾਨ ਨੂੰ ਜਾਣਦੇ ਸਨ, ਉਨ੍ਹਾਂ ਨੇ ਉਸ ਸਥਾਨ ਦਾ ਨਿਰਣਾ ਕਰ ਲਿਆ ਤੇ ਸਾਰਿਆਂ ਨੇ ਉਸ ਉੱਪਰ ਮਕਾਨ ਬਣਾਇਆ॥ ੩੩॥

ਸ੍ਰੀ ਪ੍ਰਭੁ ਦਰਬ ਦਯੋ ਬਹੁਤੇਰਾ। ਹੁਕਮ ਮਾਨਿ ਕਰਿ ਕੀਨਿ ਬਡੇਰਾ।
ਪੂਜਨ ਲਗੇ ਸਕਲ ਨਰ ਨਾਰੀ। ਕਰਹਿਂ ਭਾਵਨਾ ਪੂਰਨ ਸਾਰੀ॥ ੩੪॥

ਸਤਿਗੁਰੂ ਜੀ ਨੇ ਬਹੁਤ ਧਨ ਦਿੱਤਾ, ਹੁਕਮ ਮੰਨ ਕੇ ਬਹੁਤ ਵੱਡਾ ਗੁਰਦੁਆਰਾ ਬਣਾਇਆ ਤੇ ਸਾਰੇ ਇਸਤਰੀ-ਪੁਰਸ਼ ਉਸ ਸਥਾਨ ਦੀ ਪੂਜਾ ਕਰਨ ਲੱਗੇ ਤੇ ਉਨ੍ਹਾਂ ਦੇ ਦਿਲ ਦੀਆਂ ਸਾਰੀਆਂ ਭਾਵਨਾਵਾਂ ਪੂਰੀਆਂ ਹੁੰਦੀਆਂ ਸਨ॥ ੩੪॥

ਇੱਤਜਾਦਿਕ ਕਰਿ ਕਾਜ ਅਛੇਰੇ। ਚਲਨ ਚਹਜੋ ਸ੍ਰੀ ਗੁਰੂ ਅਗੇਰੇ।
ਸਿਖ ਸੰਗਤਿ ਸਗਰੀ ਚਲਿ ਆਈ। ਬਿਨਤੀ ਕਰੀ ਪ੍ਰਭੂ ਅਗਵਾਈ॥ ੩੫॥

ਇਸ ਪ੍ਰਕਾਰ ਦੇ ਚੰਗੇ-ਚੰਗੇ ਕਾਰਜ ਕਰਕੇ, ਗੁਰੂ ਜੀ ਹੁਣ ਅੱਗੇ ਚਲਣਾ ਚਾਹੁੰਦੇ ਸਨ। ਸਾਰੀ ਸਿੱਖ ਸੰਗਤ ਚਲ ਕੇ ਆਈ ਤੇ ਸਤਿਗੁਰੂ ਜੀ ਦੇ ਅੱਗੇ ਬੇਨਤੀ ਕੀਤੀ॥ ੩੫॥

'ਤੁਮ ਸਮ ਜਿਸ ਕੋ ਦਰਸ਼ਨ ਅਹੈ। ਦਿੱਲੀ ਬਿਖੈ ਰਹੈ ਹਮ ਚਹੈਂ।
ਇਸ ਪੁਰਿ ਸਮ ਦੂਸਰ ਕੋ ਨਾਂਹੀ। ਸਿੱਖੀ ਬਿਥਰਹਿ ਥਿਰ ਇਸ ਮਾਂਹੀ॥ ੩੬॥

"ਤੁਹਾਡੇ ਵਰਗੇ ਜਿਨ੍ਹਾਂ ਦੇ ਦਰਸ਼ਨ ਹਨ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਦਿੱਲੀ ਵਿਚ ਰਹੋ। ਇਸ ਨਗਰ ਵਰਗਾ ਹੋਰ ਕੋਈ ਨਗਰ ਨਹੀਂ ਹੈ। ਇਸ ਵਿਚ ਟਿਕ ਕੇ ਹੀ ਸਿੱਖੀ ਫੈਲੇਗੀ॥ ੩੬॥

ਪੂਜਨ ਹੇਤੁ ਟਿਕਾਵਹੁ ਕੋਈ। ਚਿਤਵਤਿ ਭੇ ਸੁਨਿ ਕਰਿ ਬਿਧਿ ਸੋਈ।
ਦੋਨਹੁਂ ਮਹਿਲ ਸੰਗ ਮਹਿਂ ਜੋਇ। ਬੋਲੇ ਸ੍ਰੀ ਮੁਖ 'ਤੁਮ ਸੁਖ ਹੋਇ॥ ੩੭॥

ਪੂਜਾ ਵਾਸਤੇ ਏਥੇ ਕਿਸੇ ਨੂੰ ਟਿਕਾਵੋ।" ਇਹ ਸੁਣ ਕੇ ਸਤਿਗੁਰੂ ਜੀ ਉਸੇ ਵਿਧੀ ਨਾਲ ਸੋਚ ਰਹੇ ਸਨ। ਦੋਵੇਂ ਮਹਿਲ ਜਿਹੜੇ ਉਨ੍ਹਾਂ ਦੇ ਨਾਲ ਸਨ। ਸਤਿਗੁਰੂ ਜੀ ਮੁਖ ਤੋਂ ਉਨ੍ਹਾਂ ਨੂੰ ਬੋਲੇ, "ਤੁਹਾਨੂੰ ਜਿਵੇਂ ਸੁਖ ਹੋਵੇ॥ ੩੭॥

ਹਮ ਨੇ ਦੱਖਣ ਜਾਨੋ ਦੂਰ। ਤੁਮ ਨਿਤ ਚਲਹੁ ਕਸ਼ਟ ਹੁਇ ਭੂਰ।
ਦਿੱਲੀ ਮਹਿਂ ਥਿਰਤਾ ਅਬਿ ਗਹੀਅਹਿ। ਸੰਗਤਿ ਮਹਿਂ ਸੁਖ ਪੂਰਬ ਰਹੀਯਹਿ॥ ੩੮॥

ਅਸੀਂ ਦੂਰ ਦੱਖਣ ਵਿਚ ਜਾਣਾ ਹੈ, ਤੁਸੀਂ ਜੇ ਨਿਤ ਚਲੋਗੇ ਤਾਂ ਬਹੁਤ ਕਸ਼ਟ ਹੋਵੇਗਾ। ਹੁਣ ਦਿੱਲੀ ਵਿਚ ਹੀ ਪੱਕੇ ਤੌਰ ਤੇ ਰਿਹਾਇਸ਼ ਰੱਖੋ ਤੇ ਸੰਗਤ ਦੇ ਵਿਚ ਸੁਖ ਪੂਰਬਕ ਰਹੋ॥ ੩੮॥

ਦਿਨ ਪ੍ਰਤਿ ਕੂਚ ਬਿਖਾਦ ਕਰੰਤਾ। ਇਹਾਂ ਬਸੇ ਸੁਖ ਸਮਾਂ ਬਿਤੰਤਾ।
ਸੁਨਿ ਸੁੰਦ੍ਰੀ ਦ੍ਰਿਗ ਭਰਿ ਬਹੁ ਰੋਈ। ਸੁਤ ਕੋ ਸਿਮਰਿ ਸਿਮਰਿ ਦੁਖ ਪੋਈ॥ ੩੯॥

ਪ੍ਰਤੀ ਦਿਨ ਕੂਚ ਕਰਨਾ ਬੜੀ ਮੁਸ਼ਕਲ ਪੇਸ਼ ਕਰਦਾ ਹੈ, ਏਥੇ ਰਹਿਣ ਨਾਲ ਸੁਖ ਨਾਲ ਸਮਾਂ ਬੀਤਦਾ ਹੈ।" ਇਹ ਸੁਣ ਕੇ ਮਾਤਾ ਸੁੰਦਰੀ ਜੀ ਨੈਣ ਭਰ ਕੇ ਬਹੁਤ ਰੋਈ, ਪੁੱਤਰ ਨੂੰ ਯਾਦ ਕਰ ਕਰ ਦੁਖ ਨਾਲ ਪਰੋਈ ਗਈ ਸੀ॥ ੩੯॥

ਕੇਤਿਕ ਬਾਰਿ ਦ੍ਰਿਗਨ ਜਲ ਡਾਰਾ। ਪੁਨ ਸ੍ਰੀ ਪਤਿ ਕੇ ਸਾਥ ਉਚਾਰਾ।
'ਤੁਮ ਸਮਰਥ ਸਭਿ ਬਿਧਿ ਗੁਨ ਖਾਨੀ। ਪੂਰਹੁ ਕਾਮਨਾ ਸਿੱਖ ਮਹਾਨੀ॥ ੪੦॥

ਕਈ ਵਾਰ ਅੱਖਾਂ ਵਿਚ ਪਾਣੀ ਲਿਆਂਦਾ, ਫਿਰ ਆਪਣੇ ਪਤੀ ਦੇਵ ਨੂੰ ਕਹਿਣ ਲੱਗੀ, "ਤੁਸੀਂ ਸਮਰੱਥ ਹੋਰ ਸਭ ਵਿਧੀਆਂ ਨਾਲ ਗੁਣਾਂ ਦੀ ਖਾਣ ਹੋ। ਸਿੱਖਾਂ ਦੀਆਂ ਮਹਾਨ ਕਾਮਨਾਂ ਪੂਰੀਆਂ ਕਰਦੇ ਹੋ॥ ੪੦॥

ਮੈਂ ਅਤਿ ਦੁਖੀ ਨਿਕਟ ਤੁਮ ਰਹੀ। ਇਕ ਪੁੱਤ੍ਰਾ ਤਿਸ ਭੀ ਮ੍ਰਿਤੁ ਲਹੀ।
ਕਿਸ ਅਲੰਬ ਮੈਂ ਜੀਯੋਂ ਗੁਸਾਈਂ ! ਬਿਛਰ ਏਕਲੀ ਰਹਿ ਇਸ ਥਾਂਈ॥ ੪੧॥

ਮੈਂ ਅਤੀ ਦੁੱਖੀ ਹੋ ਕੇ ਤੁਹਾਡੇ ਪਾਸ ਰਹੀ ਹਾਂ। ਮੇਰਾ ਇਕ ਪੁੱਤਰ ਸੀ ਉਹ ਵੀ ਸ਼ਹੀਦ ਹੋ ਗਿਆ ਹੈ। ਹੇ ਪ੍ਰਭੂ ਜੀ ! ਮੈਂ ਹੁਣ ਕਿਸ ਦੇ ਆਸਰੇ ਜੀਵਾਂ। ਜੇ ਮੈਂ ਉਸ ਦੇ ਵਿਛੋੜੇ ਵਿਚ ਤੁਹਾਡੇ ਪਾਸ ਰਹਿ ਕੇ ਵੀ ਦੁਖੀ ਹੁੰਦੀ ਹਾਂ, ਫਿਰ ਆਪ ਜੀ ਤੋਂ ਵਿਛੜ ਕੇ ਮੇਰਾ ਕੀ ਬਣੇਗਾ॥ ੪੧॥

ਪ੍ਰਥਮ ਕੁਟੰਬ ਆਪ ਕੋ ਭਾਰਾ। ਚਾਰ ਪੁੱਤ੍ਰ ਚਾਰੂ ਸੁ ਕੁਮਾਰਾ।
ਸਾਸੂ ਸਹਤ ਸੁ ਰਹਿਤ ਸੁਖਕਾਰੀ। ਸੰਕਟ ਹੁਤੋ ਨ ਕਿਸੂ ਪ੍ਰਕਾਰੀ॥ ੪੨॥

ਪਹਿਲਾਂ ਆਪ ਜੀ ਦਾ ਇਕ ਵੱਡਾ ਪਰਿਵਾਰ ਸੀ, ਚਾਰ ਪੁੱਤਰ, ਚਾਰੇ ਸਾਹਿਬਜ਼ਾਦੇ ਬੜੇ ਸੁੰਦਰ ਅਤੇ ਹੋਣਹਾਰ ਸਨ। ਸੱਸ ਸਮੇਤ ਸਾਰਾ ਪਰਿਵਾਰ ਬੜਾ ਸੁਖੀ ਰਹਿੰਦਾ ਸੀ। ਕਿਸੇ ਪ੍ਰਕਾਰ ਦਾ ਵੀ ਕੋਈ ਸੰਕਟ ਨਹੀਂ ਸੀ॥ ੪੨॥

ਜਿਤ ਕਿਤ ਅਵਲੋਕਤਿ ਦ੍ਰਿਗ ਸੀਤਲ। ਉਦਤ ਜਿਨਹੁਂ ਤੇ ਆਨੰਦ ਹੀ ਤਲ।
ਸਭਿਨਿ ਬਿਹੀਨ ਰਹੀ ਦੁਰਭਾਗਨ। ਤੁਮਰੇ ਦਰਸ਼ਨ ਕੀ ਅਨੁਰਾਗਨ॥ ੪੩ ॥

ਜਿਧਰ ਕਿਧਰ ਵੇਖ ਕੇ ਨੈਣਾਂ ਵਿਚ ਠੰਡ ਪੈ ਜਾਂਦੀ ਸੀ। ਹਿਰਦੇ ਵਿਚ ਜਿਨ੍ਹਾਂ ਨੂੰ ਵੇਖ ਕੇ ਅਨੰਦ ਪ੍ਰਗਟ ਹੁੰਦਾ ਸੀ। ਮੈਂ ਮਾੜੇ ਭਾਗਾਂ ਵਾਲੀ ਸਾਰਿਆਂ ਤੋਂ ਬਗੈਰ ਹੋ ਗਈ ਹਾਂ। ਹੁਣ ਕੇਵਲ ਤੁਹਾਡੇ ਦਰਸ਼ਨਾਂ ਦਾ ਪ੍ਰੇਮ ਹੈ॥ ੪੩ ॥

ਨਿਜ ਢਿਗ ਤੇ ਭੀ ਚਹਹੁ ਬਿਛੋਰੀ। ਕੌਨ ਦਸ਼ਾ ਹੁਇ ਹੈ ਤਬਿ ਮੋਰੀ।
ਤੁਮ ਸਮਰੱਥ ਉਚਿਤ ਸਭਿ ਕਰਿਬੇ। ਮਮ ਹਿਤ ਚਹਤਿ ਜਿ ਕਰੁਨਾ ਧਰਿਬੇ ॥੪੪ ॥

ਹੁਣ ਆਪਣੇ ਪਾਸ ਤੋਂ ਵੀ ਮੈਨੂੰ ਵਿਛੋੜਣਾ ਚਾਹੁੰਦੇ ਹੋ, ਫਿਰ ਮੇਰੀ ਕੈਸੀ ਹਾਲਤ ਹੋਵੇਗੀ। ਤੁਸੀਂ ਸਮਰੱਥ ਹੋ ਸਭ ਕੁਝ ਉਚਿਤ ਕਰ ਲੈਂਦੇ ਹੋ। ਜੇ ਮੇਰੇ ਵਾਸਤੇ ਕਿਰਪਾ ਧਾਰਨਾ ਚਾਹੁੰਦੇ ਹੋ॥ ੪੪ ॥

ਤੌ ਮਮ ਸੁਤ ਕੋ ਦਿਹੁ ਬਿਦਤਾਇ। ਜਿਸ ਕੋ ਪਿਖਹਿ ਸ਼ਾਂਤਿ ਚਿਤ ਪਾਇ।
ਰਹੌਂ ਇਹਾਂ ਮੈਂ ਧੀਰਜ ਧਰਿਕੈ। ਰਾਵਰਿ ਧ੍ਯਾਨ ਰੁ ਸਿਮਰਨ ਕਰਿਕੈ ॥ ੪੫ ॥

ਤਾਂ ਮੇਰੇ ਪੁੱਤਰ ਨੂੰ ਪ੍ਰਗਟ ਕਰ ਦੇਵੋ, ਜਿਸ ਨੂੰ ਵੇਖ ਕੇ ਮੇਰਾ ਚਿੱਤ ਸ਼ਾਂਤੀ ਪ੍ਰਾਪਤ ਕਰੇ। ਮੈਂ ਏਥੇ ਧੀਰਜ ਧਾਰ ਕੇ ਰਹਾਂਗੀ ਤੇ ਆਪ ਜੀ ਦਾ ਧਿਆਨ ਧਾਰ ਕੇ ਸਿਮਰਨ ਕਰਾਂਗੀ॥ ੪੫ ॥

ਜਬਿ ਸੁਤ ਕੀ ਸੂਰਤ ਸਿਮਰੰਤੀ। ਮਹਾਂ ਕਸ਼ਟ ਤੇ ਮੈਂ ਨ ਮਰੰਤੀ।
ਏਤਿਕ ਦੁਖ ਪੂਰਬ ਭਾ ਮੋਹਿ ਬਿਰਹ ਆਪ ਕੇ ਕ੍ਯਾ ਗਤਿ ਹੋਹਿ॥ ੪੬ ॥

ਜਦ ਪੁੱਤਰ ਦੀ ਸੂਰਤ ਯਾਦ ਕਰਦੀ ਹਾਂ ਤਾਂ ਏਨਾ ਕਸ਼ਟ ਹੁੰਦਾ ਹੈ ਕਿ ਇਕ ਮਰਨ ਦੀ ਕਸਰ ਬਾਕੀ ਰਹਿ ਜਾਂਦੀ ਹੈ। ਏਨਾ ਦੁਖ ਮੈਨੂੰ ਪਹਿਲਾਂ ਹੋਇਆ ਹੈ, ਫਿਰ ਆਪ ਜੀ ਦੇ ਵਿਛੋੜੇ ਵਿਚ ਮੇਰਾ ਕੀ ਹਾਲ ਹੋਵੇਗਾ॥ ੪੬ ॥

ਕਿਹ ਅਲੰਬ ਮੈਂ ਰਹੌਂ ਦੁਖਾਰੀ। ਤੁਮ ਜਗ ਗੁਰ ਪਤਿ ਅਸ ਗਤਿ ਵਾਰੀ।
ਸੁਤ ਕੀ ਸੂਰਤ ਮੋਹਿ ਦਿਖਾਉ। ਜਿਮ ਕਿਮ ਪੂਰਹੁ ਇਹੁ ਮਮ ਸੁਆਉ ॥੪੭ ॥

ਕਿਸ ਦੇ ਆਸਰੇ ਮੈਂ ਦੁਖਿਆਰੀ ਰਹਾਂਗੀ, ਤੁਸੀਂ ਜਗਤ ਗੁਰੂ ਮੇਰੇ ਪਤੀ ਐਸੀ ਗਤੀ ਵਾਲੇ ਹੋ। ਪੁੱਤਰ ਦੀ ਸੂਰਤ ਮੈਨੂੰ ਵਿਖਾਓ, ਜਿਵੇਂ ਕਿਵੇਂ ਮੇਰੀ ਇਹ ਇੱਛਾ ਪੂਰੀ ਕਰੋ॥ ੪੭ ॥

ਬਾਂਛਤਿ ਪੂਰਵਹੁ ਲਾਖਨ ਜਨ ਕੀ। ਅਤਿ ਅਭਿਲਾਖਾ ਇਹ ਮਮ ਮਨ ਕੀ।
ਪੁਨ ਆਇਸੁ ਕੋ ਮਾਨਿ ਸੁਖਾਰੀ। ਰਹੌਂ ਬਿਛੁਰਿ ਇਸ ਪੁਰੀ ਮਝਾਰੀ' ॥ ੪੮ ॥

ਲੱਖਾਂ ਸੇਵਕਾਂ ਦੀਆਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਕਰਦੇ ਹੋ, ਮੇਰੇ ਮਨ ਦੀ ਇਹ ਵੱਡੀ ਅਭਿਲਾਸ਼ਾ ਹੈ। ਫਿਰ ਆਪ ਜੀ ਦੀ ਆਗਿਆ ਮੰਨ ਕੇ ਏਥੇ ਸੁਖੀ ਰਹਾਂਗੀ ਤੇ ਆਪ ਜੀ ਤੋਂ ਵਿਛੜ ਕੇ ਇਸ ਨਗਰੀ ਵਿਚ ਰਹਾਂਗੀ'॥ ੪੮ ॥

ਇੱਤ੍ਯਾਦਿਕ ਕਹਿ ਕਹਿ ਬਹੁ ਰੋਈ। ਭਈ ਦੀਨ ਮਨ ਸ਼ੋਕ ਪਰੋਈ।
ਨਿਸ ਬਾਸੁਰ ਸੁਤ ਸੂਰਤ ਚਿਤਵਤਿ। ਦ੍ਯੋਸ ਮਨਿੰਦ ਬਰਖ ਕੇ ਬਿਤਵਤਿ ॥੪੯ ॥

ਇਸ ਪ੍ਰਕਾਰ ਕਹਿ ਕੇ ਮਾਤਾ ਜੀ ਬਹੁਤ ਰੋਏ, ਬਹੁਤ ਦੀਨ ਹੋ ਕੇ ਸ਼ੋਕ ਨਾਲ ਪਰੋਤੀ ਗਈ। ਦਿਨ ਰਾਤ ਪੁੱਤਰ ਦੀ ਸੂਰਤ ਯਾਦ ਕਰਦੀ ਸੀ। ਇਕ ਦਿਨ ਇਕ ਸਾਲ ਬਰਾਬਰ ਬੀਤਦਾ ਹੈ॥ ੪੯ ॥

*ਪਹਿਲੇ ਐਨ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੩ ॥*

☆☆☆

# ਅਧਿਆਇ ਚਤਾਲ੍ਹੀਵਾਂ

## ਮਾਤਾ ਜੀ ਨੂੰ ਉਪਦੇਸ਼, ਪਾਲਕ ਪੁੱਤਰ

ਦੋਹਰਾ- ਦੀਨਮਨਾ ਅਤਿ ਸੁੰਦਰੀ ਪਤਿਬਰਤਾ ਪ੍ਰਿਤਿਵੰਤਿ।
ਬਹੁ ਸਮਤਾ ਦੀਰਘ ਦੁਸਹਿ ਜਬਿ ਇਮ ਭਨਜੋਂ ਬ੍ਰਿਤੰਤ॥ ੧॥

ਪਤੀਬ੍ਰਤਾ ਧਰਮ ਅਤੇ ਧੀਰਜ ਨੂੰ ਧਾਰਨ ਵਾਲੀ ਮਾਤਾ ਸੁੰਦਰੀ ਜੀ ਨੇ ਜਦ ਇਸ ਪ੍ਰਕਾਰ ਵਰਣਨ ਕੀਤਾ ਤੇ ਨਿੰਮ੍ਰਤਾ ਨਾਲ ਆਪਣਾ ਬਹੁਤ ਦੁਖ ਦੱਸਿਆ॥ ੧॥

ਚੌਪਈ- ਸ੍ਰੀ ਸਤਿਗੁਰ ਸੁਨਿ ਕੈ ਸਭਿ ਬਾਨੀ। ਦੇਨਿ ਹਰਖ ਮ੍ਰਿਦੁ ਕੀਨਿ ਬਖਾਨੀ।
'ਹੇ ਸੁਭਮਤੇ ! ਅਖਿਲ ਜੇ ਲੋਕ। ਨਾਮਰੂਪ ਨਾਨਾ ਅਵਿਲੋਕ॥ ੨॥

ਸਤਿਗੁਰੂ ਜੀ ਨੇ ਉਸ ਦੀ ਸਾਰੀ ਗੱਲਬਾਤ ਸੁਣ ਕੇ ਉਸ ਨੂੰ ਦਿਲਾਸਾ ਦੇਣ ਵਾਸਤੇ ਬੜੇ ਮਿੱਠੇ ਬਚਨ ਕਹੇ। ਕਹਿਣ ਲੱਗੇ, "ਹੇ ਸ਼ੁਭ ਮੱਤ ਵਾਲੀ ! ਦੁਨੀਆਂ ਦੇ ਇਹ ਜਿਹੜੇ ਸਾਰੇ ਲੋਕ ਹਨ, ਜਿਹੜੇ ਕਈ ਪ੍ਰਕਾਰ ਦੇ ਨਾਮਰੂਪ ਵਿਚ ਅਸੀਂ ਵੇਖਦੇ ਹਾਂ॥ ੨॥

ਬਿਨਸਨਿਹਾਰ ਸਕਲ ਹੀ ਅਹੇ। ਭੂਤ ਜੁ ਹੁਤੇ ਭਵਿੱਖ ਨ ਰਹੇ।
ਅਪਨਿ ਧਰਮ ਗਾਢੋ ਕਰਿ ਮਰੇ। ਸੋ ਨਰ ਧੰਨ ਸਿੰਧੁ ਜਗ ਤਰੇ॥ ੩॥

ਇਹ ਸਾਰੇ ਹੀ ਇਕ ਦਿਨ ਖਤਮ ਹੋ ਜਾਣੇ ਹਨ। ਜਿਹੜੇ ਭੂਤ ਵਿਚ ਹੋਏ ਸਨ, ਉਹ ਭਵਿੱਖ ਵਿਚ ਨਹੀਂ ਰਹੇ, ਆਪਣਾ ਧਰਮ ਚਲਾ ਕੇ ਮਰ ਗਏ। ਉਹ ਮਨੁੱਖ ਧੰਨ ਹਨ, ਜਿਹੜੇ ਭਵਸਾਗਰ ਨੂੰ ਤਰ ਗਏ ਹਨ॥ ੩॥

ਨਰ ਤਨ ਪ੍ਰਾਪਤਿ ਕੋ ਇਹ ਕਾਜਾ। ਤਾਰਨ ਤਰਨ ਸਮਾਨ ਜਹਾਜਾ।
ਤੋ ਸੁਤ ਧਰਮ ਛੱਤ੍ਰੀਜਨਿ ਕੇਰਾ। ਰਣ ਮਹਿਂ ਸੋ ਨਿਰਬਾਹ ਬਡੇਰਾ॥੪॥

ਜਹਾਜ ਵਾਂਗ ਤਰਨ ਅਤੇ ਤਾਰਨ ਲਈ ਇਹ ਮਨੁੱਖਾ ਸਰੀਰ ਪ੍ਰਾਪਤ ਹੋਇਆ। ਤੇਰੇ ਪੁੱਤਰ ਨੇ ਖੱਤਰੀ ਧਰਮ ਨਿਭਾਇਆ ਹੈ। ਰਣਖੇਤਰ ਵਿਚ ਉਸ ਮਹਾਨ ਸ਼ਹੀਦੀ ਪ੍ਰਾਪਤ ਕੀਤੀ ਹੈ॥ ੪॥

ਸ਼ੱਤ੍ਰ ਸੈਂਕਰੇ ਖੇਤ ਗਿਰਾਏ। ਆਪ ਜੂਝਿ ਸੁਰਲੋਕ ਸਿਧਾਏ।
ਜਹਿਂ ਸਭਿ ਰੀਤਿਨਿ ਕੇ ਸੁਖ ਅਹੈਂ। ਬੇਦ ਪੁਰਾਨ ਸਾਖ ਸਭਿ ਕਹੈਂ॥੫॥

ਸੈਂਕੜੇ ਵੈਰੀਆਂ ਨੂੰ ਰਣਖੇਤਰ ਵਿਚ ਮਾਰਿਆ ਹੈ ਤੇ ਆਪ ਯੁੱਧ ਕਰਕੇ ਦੇਵਲੋਕ ਵਿਚ ਚਲੇ ਗਿਆ ਹੈ। ਜਿਥੇ ਸਭ ਰੀਤੀਆਂ ਨਾਲ ਸੁਖ ਪ੍ਰਾਪਤ ਹੈ। ਵੇਦ ਪੁਰਾਨ ਅਤੇ ਛੇ ਸ਼ਾਸਤਰ ਇਸ ਪ੍ਰਕਾਰ ਸਭ ਕਹਿੰਦੇ ਹਨ॥ ੫॥

ਖੋੜਸ ਬਰਖ ਆਰਬਲ ਤਨ ਕੀ। ਸਭਿ ਪ੍ਰਾਪਤਿ ਅਭਿਲਾਖਾ ਮਨ ਕੀ।
ਚੱਕ੍ਰਵਰਤਿ ਮਹਿ ਮੰਡਲ ਰਾਜੂ। ਮਿਟਹਿ ਨ ਆਇਸੁ ਕਿਤਹੁ ਕੁਕਾਜੂ॥੬॥

ਜੇ ਕਿਸੇ ਦੀਆਂ ਸੋਲਾਂ ਸਾਲ ਦੀ ਉਮਰ ਵਿਚ ਮਨ ਦੀਆਂ ਸਭ ਅਭਿਲਾਸ਼ਾਂ ਪ੍ਰਾਪਤ ਹੋ ਜਾਣ। ਪ੍ਰਿਥਵੀ ਮੰਡਲ ਦਾ ਚੱਕ੍ਰਵਰਤੀ ਰਾਜ ਹੋਵੇ, ਉਸ ਦਾ ਕਿਸੇ ਥਾਂ ਵੀ ਹੁਕਮ ਨਾ ਟਲੇ ਤੇ ਕਿਧਰੇ ਵੀ ਉਸ ਦਾ ਕੋਈ ਖੋਟਾ ਕੰਮ ਨਾ ਹੋਵੇ ਭਾਵ ਉਸਦੇ ਸਭ ਕੰਮ ਸਫਲ ਹੋਣ॥ ੬॥

ਕਰਨਿ ਰਮਨਿ ਰਮਨੀਨਿ ਨਵੀਨ। ਇੱਤਜਾਦਿਕ ਆਨੰਦ ਜਗ ਪੀਨ।
ਜਿਸ ਆਨੰਦ ਕੋ ਕਨਕਾ ਏਹੂ। ਤਿਸ ਅਨੰਦ ਸੋਂ ਮਿਲਜੋ ਅਛੇਹੂ॥ ੭॥

ਰਮਨ ਕਰਨ ਵਾਸਤੇ ਜਵਾਨ ਇਸਤਰੀਆਂ ਪ੍ਰਾਪਤ ਹੋਣ, ਇਸ ਪ੍ਰਕਾਰ ਜਗਤ ਦੇ ਜਿਹੜੇ ਮਹਾਨ ਆਨੰਦ ਹਨ। ਇਹ ਸਾਰੇ ਆਨੰਦ ਜਿਸ ਆਨੰਦ ਦੇ ਕਿਣਕਾ ਮਾਤ੍ਰ ਹਨ, ਉਹ ਆਨੰਦ ਅਜੀਤ ਸਿੰਘ ਨੇ ਇਕ ਰਸ ਪ੍ਰਾਪਤ ਕੀਤਾ ਹੈ, ਭਾਵ ਉਹ ਬ੍ਰਹਮ ਆਨੰਦ ਨੂੰ ਪ੍ਰਾਪਤ ਹੋਇਆ ਹੈ॥ ੭॥

ਨਿਜ ਨੰਦਨ ਆਨੰਦ ਬਿਲੰਦ। ਨਿਸ਼ਚੈ ਜਾਨਿ ਲੇਹੁ ਮਤਿਵੰਦ!।
ਤਿਸ ਕੋ ਸ਼ੋਕ ਨ ਸੁਮਤੇ! ਕਰੋ। ਪੁਰਿ ਮਹਿਂ ਰਹਨ ਮਨੋਰਥ ਧਰੋ॥ ੮॥

ਆਪਣੇ ਪੁੱਤਰ ਨੂੰ ਵੱਡੇ ਆਨੰਦ ਵਿਚ ਸਮਝੋ, ਹੇ ਬੁਧੀਵਾਨ! ਇਸ ਗੱਲ ਨੂੰ ਨਿਸ਼ਚਿਤ ਰੂਪ ਵਿਚ ਜਾਣੋ। ਹੇ ਸ੍ਰੇਸ਼ਟ ਬੁੱਧੀ ਵਾਲੀ! ਉਸ ਨੂੰ ਕੋਈ ਦੁੱਖ ਨਹੀਂ ਹੈ। ਹੁਣ ਨਗਰ ਵਿਚ ਰਹਿਣ ਦਾ ਮਨੋਰਥ ਧਾਰਨ ਕਰੋ॥ ੮॥

ਰਿਦੈ ਧਯਾਨ ਹਮ ਕੋ ਨਿਤ ਧਯਾਵਹੁ। ਨਿਕਟ ਦਰਸ ਕੋ ਸੁਖ ਫਲ ਪਾਵਹੁ।
ਪਰਾਲਬਧੁ ਤਨ ਕੀ ਸਭਿ ਭੋਗਿ। ਪਹੁਂਚਹੁ ਅੰਤ ਹਮਾਰੇ ਲੋਗ॥ ੯॥

ਦਿਲ ਵਿਚ ਸਦਾ ਸਾਡਾ ਧਿਆਨ ਧਾਰਨ ਕਰੋ, ਨੇੜੇ ਦਰਸ਼ਨ ਦਾ ਸੁਖ ਫਲ ਪ੍ਰਾਪਤ ਕਰੋ। ਸਰੀਰ ਦੀ ਸਾਰੀ ਪਰਾਲਬਧ ਨੂੰ ਭੋਗੋ ਤੇ ਅੰਤ ਵਿਚ ਸਾਡੇ ਲੋਕ ਵਿਚ ਪਹੁੰਚ ਜਾਵੋ॥ ੯॥

ਅਪਰ ਤ੍ਰਿਯਨਿ ਸਮ ਤੁਹਿ ਨਹਿਂ ਚਹੀਅਹਿ। ਹਮਰੀ ਸੰਗਤਿ ਕੋ ਫਲ ਲਹੀਯਹਿ।
ਸਿੱਖਨ ਕੋ ਕੀਜਹਿ ਕੱਲਜਾਨ। ਬਸੀਯਹਿ ਦਿੱਲੀ ਪੁਰਿ ਰੁਚਿ ਠਾਨਿ॥੧੦॥

ਹੋਰ ਇਸਤਰੀਆਂ ਵਾਂਗ ਤੁਹਾਨੂੰ ਨਹੀਂ ਕਰਨਾ ਚਾਹੀਦਾ ਹੈ, ਸਾਡੀ ਸੰਗਤ ਦਾ ਫਲ ਪ੍ਰਾਪਤ ਕਰੋ। ਸਿੱਖਾਂ ਦਾ ਕਲਿਆਣ ਕਰੋ ਤੇ ਦਿੱਲੀ ਨਗਰੀ ਵਿਚ ਰੁਚੀ ਅਨੁਸਾਰ ਵਸੋ॥ ੧੦॥

ਅਪਰ ਬਾਰਤਾ ਕੀ ਅਭਿਲਾਖਨ। ਸੋ ਪੁਰਵਹੁ ਹਮ ਸੋਂ ਕਰਿ ਭਾਖਨਿ।
ਸੰਗਤਿ ਬਿਨੈ ਮਾਨਿਬੇ ਜੋਗ। ਸੇਵਾ ਕਰਹਿਂ ਸਰਬ ਸਿਖ ਲੋਗ॥ ੧੧॥

ਹੋਰ ਕਿਸੇ ਵਸਤੂ ਦੀ ਅਭਿਲਾਸ਼ਾ ਹੋਵੇ ਤਾਂ ਉਸ ਬਾਰੇ ਸਾਨੂੰ ਕਹਿ ਕੇ ਪ੍ਰਾਪਤ ਕਰੋ। ਸੰਗਤ ਦੀ ਬੇਨਤੀ ਮੰਨਣਯੋਗ ਹੈ। ਸਾਰੇ ਸਿੱਖ ਲੋਕ ਸੇਵਾ ਕਰਨਗੇ॥ ੧੧॥

ਸ੍ਰੀ ਅੰਮ੍ਰਿਤਸਰ ਆਦਿ ਸਥਾਨ। ਜਹਿਂ ਕਹਿਂ ਟਿਕੇ ਮਸੰਦ ਮਹਾਨ।
ਸਰਬ ਦਰਬ ਇਹ ਅਰਪਨ ਕਰਿਹੀਂ। ਨਿਜ ਨਿਜ ਥਲ ਮਹਿਂ ਥਿਰਤਾ ਧਰਿਹੀਂ॥੧੨॥

ਸ੍ਰੀ ਅੰਮ੍ਰਿਤਸਰ ਆਦਿ ਜਿਹੜੇ ਸਥਾਨ ਹਨ, ਜਿੱਥੇ ਕਿੱਥੇ ਮਹਾਨ ਮਸੰਦ ਟਿਕੇ ਹਨ। ਇਹ ਸਾਰੇ ਧਨ ਅਰਪਣ ਕਰਨਗੇ। ਨਿਜ ਨਿਜ ਸਥਾਨ ਵਿਚ ਥਿਰਤਾ ਧਾਰਨਗੇ॥ ੧੨॥

ਤੁਵ ਥਿਰ ਹੋਵਨਿ ਤੇ ਇਸ ਦੇਸ਼। ਰੀਤਿ ਪ੍ਰਥਮ ਕੀ ਰਹੈ ਅਸ਼ੇਸ਼।
ਦੇਨਿ ਲੇਨਿ ਜਗ ਗੁਰੂ ਕੀ ਕਾਰ। ਰਹੈ ਤਥਾਹੀ ਨਿਸ਼ਚੈ ਧਾਰਿ॥ ੧੩॥

ਤੁਹਾਡੇ ਇਸ ਦੇਸ਼ ਵਿਚ ਸਥਿਰ ਰਹਿਣ ਨਾਲ ਪਹਿਲੀ ਰੀਤੀ ਚਲਦੀ ਰਹੇਗੀ। ਦੇਣਾ ਲੈਣਾ ਅਤੇ ਜਗਤ ਗੁਰੂ ਦੀ ਕਾਰ ਭੇਟ, ਪਹਿਲਾਂ ਵਾਂਗ ਹੀ ਚਲਦੀ ਰਹੇਗੀ, ਇਸ ਬਾਰੇ ਨਿਸ਼ਚਾ ਧਾਰਨ ਕਰੋ॥ ੧੩॥

ਧੂਅਰ ਧੌਲਰ ਜਗਤ ਤਮਾਸ਼ਾ। ਇਸਥਿਰਤਾ ਕੋ ਕਹਾ ਭਰਵਾਸਾ।
ਸਮ ਦਰਿਆਉ ਚਲਯੋ ਨਿਤ ਜਾਤਿ। ਭਰਯੋ ਰਹੈ ਇਕ ਸਮ ਦਿਖਰਾਤਿ॥੧੪॥

ਧੂੰਏਂ ਦੇ ਘਰ ਵਾਂਗ ਇਹ ਜਗਤ ਤਮਾਸ਼ਾ ਹੈ, ਇਸਥਿਰਤਾ ਦਾ ਕੀ ਭਰਵਾਸਾ ਹੈ। ਦਰਿਆ ਵਾਂਗ ਸਦਾ ਚਲਿਆ ਜਾ ਰਿਹਾ ਹੈ। ਇਕ ਬਰਾਬਰ ਵਗਦਾ ਹੋਇਆ ਦਿਖਾਈ ਦਿੰਦਾ ਹੈ"॥ ੧੪॥

ਇੱਤਜਾਦਿਕ ਪ੍ਰਭੁ ਬਹੁ ਸਮੁਝਾਈ। ਭਰੇ ਬਿਲੋਚਨ ਅੱਸ੍ਰੂ ਗਿਰਾਈ।
ਸ੍ਰੀ ਗੁਰ ਸੰਗ ਸਿੱਖ ਸੁਨਿਆਰਾ। ਰਹਜੋ ਪੁੱਤ੍ਰ ਜਾਚਤਿ ਬਹੁ ਬਾਰਾ॥ ੧੫॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਬਹੁਤ ਸਮਝਾਇਆ, ਮਾਤਾ ਜੀ ਨੈਣ ਭਰ ਭਰ ਹੰਝੂ ਕੇਰਦੇ ਸਨ। ਗੁਰੂ ਜੀ ਦੇ ਨਾਲ ਇਕ ਸਿੱਖ ਸੁਨਿਆਰਾ ਸੀ। ਉਹ ਬਹੁਤ ਵਾਰ ਪੁੱਤਰ ਮੰਗਦਾ ਹੁੰਦਾ ਸੀ॥ ੧੫॥

ਕੇਤਿਕ ਸਮੈਂ ਬਿਤਾਵਤਿ ਭਯੋ। ਇਕ ਦਿਨ ਸੰਗ ਪ੍ਰਭੂ ਕੇ ਗਯੋ।
ਤ੍ਰਿਯਾ ਵਹਿਰ ਇਕ ਬਾਰਕ ਗੇਰਾ। ਗਮਨਤਿ ਪੰਥ ਗੁਰੂ ਤਬਿ ਹੇਰਾ॥ ੧੬॥

ਕਾਫੀ ਸਮਾਂ ਜਦ ਬੀਤ ਗਿਆ ਤਾਂ ਇਕ ਦਿਨ ਉਹ ਸੁਨਿਆਰਾ ਸਤਿਗੁਰੂ ਜੀ ਦੇ ਨਾਲ ਗਿਆ। ਬਾਹਰ ਇਕ ਬਾਲਕ ਨੂੰ ਕਿਸੇ ਇਸਤਰੀ ਨੇ ਸੁੱਟਿਆ ਸੀ। ਰਾਹੇ-ਰਾਹ ਜਾਂਦਿਆਂ ਉਸ ਬਾਲਕ ਨੂੰ ਗੁਰੂ ਜੀ ਨੇ ਵੇਖਿਆ॥ ੧੬॥

ਸੁਨਿਆਰੇ ਸਿਖ ਸਨ ਫੁਰਮਾਯੋ। 'ਜਾਚਤਿ ਪੁੱਤ੍ਰ ਅਚਾਨਕ ਪਾਯੋ।
ਪ੍ਰਿਤਪਾਰਹੁ ਕਰਿ ਪਜਾਰ ਦੁਲਾਰਾ। ਤੋਰਿ ਕਾਮਨਾ ਪੁਰਵਿ ਉਦਾਰਾ॥ ੧੭॥

ਫਿਰ ਗੁਰੂ ਜੀ ਸੁਨਿਆਰੇ ਸਿੱਖ ਨੂੰ ਕਹਿਣ ਲੱਗੇ, "ਤੂੰ ਸਦਾ ਪੁੱਤਰ ਮੰਗਦਾ ਰਹਿੰਦਾ ਸੀ, ਅੱਜ ਅਚਾਨਕ ਮਿਲ ਗਿਆ ਹੈ। ਪਿਆਰ ਦੁਲਾਰ ਕੇ ਇਸ ਦੀ ਪਲਣਾ ਕਰੋ, ਤੇਰੀ ਵੱਡੀ ਕਾਮਨਾ ਪੂਰੀ ਕਰਦੇ ਹਾਂ"॥ ੧੭॥

ਸੁਨਿ ਕੈ ਸਿਖ ਕਰ ਜੋਰਤਿ ਕਹਜੋ। 'ਪਾਰਨ ਕਾਰਨ ਮੈਂ ਨਹਿਂ ਲਹਜੋ।
ਕੋ ਤ੍ਰਿਯ ਸਥਨ ਸੁ ਦੁਗਧਾ ਦੇਯ। ਤੋ ਇਹ ਬਚੈ ਅੰਨ ਅਚਿ ਲੇਯ॥ ੧੮॥

ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਪਾਲਣ ਕਾਰਨ ਮੈਂ ਨਹੀਂ ਲਿਆ ਹੈ। ਕੋਈ ਇਸਤਰੀ ਜਿਸ ਦੇ ਥਣਾਂ ਵਿਚ ਦੁੱਧ ਹੋਵੇ ਉਹ ਜੇ ਇਸ ਨੂੰ ਲਵੇ ਤਾਂ ਇਹ ਬੱਚਾ ਬਚ ਸਕਦਾ ਹੈ ਬਾਅਦ ਵਿਚ ਅਨਾਜ ਖਾਣ ਲੱਗ ਜਾਵੇਗਾ॥ ੧੮॥

ਯਾਂ ਕੋ ਜਤਨ ਕਰਹੁ ਫੁਰਮਾਵਨ। ਸੁਨਿ ਬਿਨਤੀ ਬੋਲੇ ਜਸੁ ਪਾਵਨ।
'ਜਲ ਕੋ ਵਾਹਿਗੁਰੂ ਕਹਿ ਲੀਜੈ। ਨਿਜ ਤ੍ਰਿਯ ਸਥਲ ਪਖਾਰਨਿ ਕੀਜੈ॥ ੧੯॥

ਐਸਾ ਕੋਈ ਯਤਨ ਫੁਰਮਾਓ।" ਇਹ ਬੇਨਤੀ ਸੁਣ ਕੇ ਸਤਿਗੁਰੂ ਜੀ ਬੋਲੇ, "ਜਲ ਨੂੰ ਵਾਹਿਗੁਰੂ ਕਹਿ ਕੇ ਲਵੋ ਤੇ ਉਸ ਨਾਲ ਆਪਣੀ ਇਸਤਰੀ ਦੇ ਥਣ ਧੋਵੋ॥ ੧੯॥

ਬਾਰਕ ਜਬਿ ਉਛੰਗ ਮਹਿਂ ਪਾਇ। ਦੁਘਧ ਕੁਚਨ ਮਹਿਂ ਤਬਿ ਹੁਇ ਜਾਇ।
ਤਿਸ ਤੇ ਪਾਰਨ ਸਿਸ ਬਯ ਪਾਵੈ। ਬਿਨ ਸੰਸੈ ਇਹੁ ਬਡ ਹੁਇ ਜਾਵੈ॥ ੨੦॥

ਜਦ ਬਾਲਕ ਨੂੰ ਆਪਣੀ ਗੋਦ ਵਿਚ ਪਾਵੇਗੀ ਤਾਂ ਥਣਾਂ ਵਿਚ ਦੁੱਧ ਉੱਤਰ ਆਵੇਗਾ। ਉਸ ਪ੍ਰਕਾਰ ਪਾਲਣ ਨਾਲ ਬਾਲਕ ਉਮਰ ਪਾਵੇਗਾ, ਕਿਸੇ ਸ਼ੰਕੇ ਤੋਂ ਬਗੈਰ ਬਾਲਕ ਵੱਡਾ ਹੋ ਜਾਵੇਗਾ"॥ ੨੦॥

ਮਾਨਿ ਬਾਕ ਸਤਿਗੁਰ ਕੋ ਤਾਂਹਿ। ਲਿਯੋ ਉਠਾਇ ਹਾਥ ਜੁਗ ਮਾਂਹਿ।
ਜਲ ਤੇ ਭਲੇ ਕਰਾਇ ਸ਼ਨਾਨ। ਨਿਜ ਦਾਰਾ ਕੋ ਦੀਨਸਿ ਆਨਿ॥ ੨੧॥

ਸੁਨਿਆਰੇ ਨੇ ਸਤਿਗੁਰੂ ਜੀ ਦੇ ਬਚਨ ਮੰਨ ਕੇ, ਬੱਚੇ ਨੂੰ ਆਪਣੇ ਦੋਵਾਂ ਹੱਥਾਂ ਨਾਲ ਚੁਕ ਲਿਆ। ਬੱਚੇ ਦਾ ਜਲ ਨਾਲ ਭਲੀ ਪ੍ਰਕਾਰ ਇਸ਼ਨਾਨ ਕਰਵਾਇਆ ਤੇ ਆ ਕੇ ਆਪਣੀ ਪਤਨੀ ਨੂੰ ਦੇ ਦਿੱਤਾ॥ ੨੧॥

ਗੁਰ ਕੋ ਵਾਕ ਸੁਨਾਵਨ ਕੀਯੋ। ਸਿਖਨੀ ਹਰਖ ਧਾਰਿ ਉਰ ਲੀਯੋ।
ਸੋ ਬਿਧਿ ਕਰੇ, ਸਥਨ ਪਯ ਆਵਾ। ਸਹਿਤ ਸਨੇਹ ਸੁ ਨੰਦਨ ਪਜਾਵਾ॥੨੨॥

ਆਪਣੀ ਇਸਤਰੀ ਨੂੰ ਫਿਰ ਗੁਰੂ ਜੀ ਦਾ ਬਚਨ ਸੁਣਾਇਆ। ਉਸ ਦੀ ਸਿੱਖਣੀ ਨੇ ਦਿਲ ਵਿਚ ਖੁਸ਼ ਹੋ ਕੇ ਬੱਚੇ ਨੂੰ ਲੈ ਲਿਆ। ਗੁਰੂ ਜੀ ਵਾਲੀ ਵਿਧੀ ਕਰਨ ਨਾਲ, ਉਸ ਦੀ ਪਤਨੀ ਦੇ ਥਣਾਂ ਵਿਚ ਦੁੱਧ ਆ ਗਿਆ। ਬੜੇ ਪਿਆਰ ਨਾਲ ਫਿਰ ਉਸ ਆਪਣੇ ਪੁੱਤਰ ਨੂੰ ਦੁੱਧ ਪਿਆਇਆ॥ ੨੨॥

ਜਿਯਤ ਰਹਜੋ ਬਾਰਕ ਪ੍ਰਿਤਪਾਰਜੋ। ਦੰਪਤਿ ਅਪਨੋ ਪੁੱਤ੍ਰ ਬਿਚਾਰਜੋ।
ਪੰਚ ਬਰਸ ਕੋ ਹੋਯਸਿ ਜਬੈ। ਗੁਰ ਮਹਿਲਾ ਪਿਖਿ ਸੁੰਦਰੀ ਤਬੈ॥ ੨੩॥

ਉਹ ਬਾਲਕ ਜੀਉਂਦਾ ਰਿਹਾ ਤੇ ਉਸ ਦੰਪਤੀ ਨੇ ਉਸ ਦੀ ਪਾਲਣਾ ਕੀਤੀ। ਦੋਹਾਂ ਨੇ ਫਿਰ ਉਸ ਬਾਲਕ ਨੂੰ ਆਪਣਾ ਪੁੱਤਰ ਵਿਚਾਰਿਆ। ਜਦ ਉਹ ਬੱਚਾ ਪੰਜ ਵਰਸ਼ ਦਾ ਹੋਇਆ ਤਦ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨੇ ਉਸ ਬਾਲਕ ਨੂੰ ਵੇਖਿਆ॥ ੨੩॥

ਸ੍ਰੀ ਅਜੀਤ ਸਿੰਘ ਸੁਤ ਅਨੁਹਾਰਾ। ਬਾਰ ਬਾਰ ਕਰਿ ਪ੍ਰੇਮ ਨਿਹਾਰਾ।
'ਦਿੱਲੀ ਬਿਖੈ ਰਹੋ' ਜਬਿ ਕਹਜੋ। ਰਿਦੈ ਸੁੰਦਰੀ ਤਬਿ ਇਮ ਚਹਜੋ॥੨੪॥

ਸ੍ਰੀ ਅਜੀਤ ਸਿੰਘ ਆਪਣੇ ਪੁੱਤਰ ਵਰਗਾ ਵੇਖਿਆ। ਬਾਰ-ਬਾਰ ਪ੍ਰੇਮ ਕਰਕੇ ਵੇਖਿਆ। ਜਦ ਗੁਰੂ ਜੀ ਨੇ ਉਸ ਨੂੰ ਕਿਹਾ, "ਦਿੱਲੀ ਵਿਚ ਰਹੋ।" ਹਿਰਦੇ ਵਿਚ ਫਿਰ ਮਾਤਾ ਸੁੰਦਰੀ ਜੀ ਨੇ ਇਸ ਪ੍ਰਕਾਰ ਚਾਹਿਆ॥ ੨੪॥

ਕਹਤਿ ਕੰਤ ਸਨ ਜੋਰਤਿ ਹਾਥ। 'ਤਜਜੋ ਚਹਤਿ ਜੇ ਇਸ ਪੁਰਿ ਨਾਥ!।
ਮਮ ਸੁਤ ਕੀ ਇਹ ਸਿਸ ਅਨੁਹਾਰਾ। ਦੇਹੁ ਅਬੈ ਕਰਿਹੋਂ ਪ੍ਰਿਤਪਾਰਾ॥੨੫॥

ਉਹ ਆਪਣੇ ਪਤੀ ਦੇਵ ਨੂੰ ਹੱਥ ਜੋੜ ਕੇ ਕਹਿਣ ਲੱਗੀ, 'ਹੇ ਸਤਿਗੁਰੂ ਨਾਥ ਜੀ! ਜੇ ਤੁਸੀਂ ਇਹ ਨਗਰ ਛੱਡਣਾ ਚਾਹੁੰਦੇ ਹੋ ਤਾਂ ਇਹ ਬੱਚਾ ਮੇਰੇ ਪੁੱਤ ਵਰਗਾ ਹੈ, ਇਸ ਨੂੰ ਮੈਨੂੰ ਦੇ ਦੇਵੋ, ਮੈਂ ਇਸ ਦੀ ਪਾਲਣਾ ਕਰਾਂਗੀ॥ ੨੫॥

ਸੁਤ ਸਮ ਪਾਰਕ ਕਰਿ ਮੈਂ ਰਾਖੋਂ। ਮਨ ਪਰਚਾਵਨਿ ਹਿਤ ਅਭਿਲਾਖੋਂ।
ਦਿਹੁ ਆਇਸੁ ਸ੍ਰੀ ਮੁਖ ਤੇ ਜਬੈ। ਪਿਖਤਿ ਰਹੋਂ ਪਾਰਕ ਕਰਿ ਤਬੈਂ॥੨੬॥

ਮੈਂ ਆਪਣੇ ਪੁੱਤਰ ਵਰਗਾ, ਪਾਲਕ ਪੁੱਤਰ ਰੱਖਾਂਗੀ, ਆਪਣਾ ਮਨ ਪਰਚਾਉਣ ਵਾਸਤੇ ਇਹ ਅਭਿਲਾਸ਼ਾ ਕਰਦੀ ਹਾਂ। ਜਦ ਮੈਨੂੰ ਆਪਣੇ ਮੁਖ ਤੋਂ ਆਗਿਆ ਦੇਵੋਗੇ ਤਾਂ ਇਸ ਨੂੰ ਪਾਲ ਕੇ ਵੇਖਦੀ ਰਹਾਂਗੀ'॥ ੨੬॥

ਸ੍ਰੀ ਗੁਰ ਸੁਨਿਕੈ ਬਾਕ ਬਖਾਨਾ। 'ਇਸ ਪਾਰਹਿਂ, ਜਬਿ ਹੋਹਿ ਮਹਾਨਾ।
ਬਨਹਿ ਤੋਹਿ ਕਉ ਇਹ ਦੁਖਦਾਈ। ਖੋਜਹਿਂ ਤਬਿ, ਹ੍ਵੈ ਕੋ ਨ ਸਹਾਈ॥੨੭॥

ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਇਹ ਪਾਲਕ ਪੁੱਤਰ ਜਦ ਵੱਡਾ ਹੋਵੇਗਾ ਤਾਂ ਤੇਰੇ ਵਾਸਤੇ ਇਹ ਵੱਡਾ ਦੁਖਦਾਈ ਹੋਵੇਗਾ, ਲੱਭਣ ਨਾਲ ਵੀ ਫਿਰ ਤੇਰਾ ਕੋਈ ਵੀ ਸਹਾਈ ਨਹੀਂ ਹੋਵੇਗਾ॥ ੨੭॥

ਯਾਂਤੇ ਇਮ ਹੀ ਰਹੁ ਹਰਖਾਇ। ਪਠਹੁ ਗ੍ਰਿੰਥ ਸਾਹਿਬ ਸੁਖ ਪਾਇ।
ਪਠਤ ਸੁਨਤ ਮਹਿਂ ਦਿਵਸ ਬਿਤਾਵਹੁ। ਸਿਮਰਨ ਵਾਹਿਗੁਰੂ ਚਿਤ ਲਾਵਹੁ॥੨੮॥

ਇਸ ਕਰਕੇ ਇਸ ਤਰ੍ਹਾਂ ਹੀ ਪ੍ਰਸੰਨ ਰਹੋ, ਸ੍ਰੀ ਗ੍ਰੰਥ ਸਾਹਿਬ ਦੇ ਪਾਠ ਕਰਕੇ ਸੁਖ ਪਾਓ। ਪੜ੍ਹਨ ਸੁਣਨ ਵਿਚ ਦਿਨ ਬਤੀਤ ਕਰੋ ਤੇ ਵਾਹਿਗੁਰੂ ਜੀ ਦੇ ਸਿਮਰਨ ਵਿਚ ਚਿੱਤ ਲਾਵੋ'॥ ੨੮॥

ਸੁਨਿ ਸੁੰਦਰੀ ਮਨ ਅਨਮਨ ਭਈ। 'ਪਤਿ ਤੇ ਇਹ ਨ ਕਾਮਨਾ ਲਈ।
ਬਡੋ ਹੋਇ ਕਜਾ ਕਰਹਿ ਬਖੇਰਾ। ਅਬਿ ਚਿਤ ਪਰਖਾ ਪਿਖਹਿਂ ਨ ਮੇਰਾ॥੨੯॥

ਇਹ ਸੁਣ ਕੇ ਮਾਤਾ ਸੁੰਦਰੀ ਜੀ ਦੁਚਿੱਤੀ ਵਿਚ ਪੈ ਗਏ। "ਪਤੀ ਪਾਸੋਂ ਇਹ ਕਾਮਨਾ ਨਹੀਂ ਲਈ ਹੈ। ਵੱਡਾ ਹੋ ਕੇ ਕੈਸਾ ਝਗੜਾ ਕਰੇਗਾ, ਹੁਣ ਮੇਰਾ ਚਿੱਤ ਪਰਚ ਜਾਵੇਗਾ ਇਹ ਨਹੀਂ ਵੇਖਦੇ ਹਨ॥ ੨੯॥

ਰਹੋਂ ਇਕਾਂਕੀ ਸਦਾ ਉਦਾਸ। ਨਹਿਂ ਨੰਦਨ ਨਹਿਂ ਪਤਿ ਹ੍ਵੈ ਪਾਸ'।
ਕੇਤਿਕ ਚਿਰ ਮਹਿਂ ਬਹੁਰ ਬਖਾਨੀ। 'ਦੁਖ ਆਤੁਰ ਕੀ ਬਿਨੈ ਨ ਮਾਨੀ॥੩੦॥

ਇਕੱਲੀ ਰਹਿ ਕੇ ਮੈਂ ਸਦਾ ਉਦਾਸ ਰਹਾਂਗੀ, ਨਾ ਪੁੱਤਰ ਤੇ ਨਾ ਹੀ ਪਤੀ ਪਾਸ ਹੋਵੇਗਾ।" ਕੁਝ ਦੇਰ ਬਾਅਦ ਫਿਰ ਕਹਿਣ ਲੱਗੀ, "ਆਤੁਰ ਹੋਏ ਦੁਖੀ ਹਿਰਦੇ ਦੀ ਬੇਨਤੀ ਨਹੀਂ ਮੰਨੀ ਹੈ॥ ੩੦॥

ਰਾਵਰਿ ਬਿਨਾ ਇਕਾਂਕੀ ਥੀਵੋਂ। ਪਰਮ ਕਸ਼ਟ ਮਹਿਂ ਕਿਸ ਬਿਧਿ ਜੀਵੋਂ।
ਕਯੋਂ ਨ ਬਿਚਾਰਤਿ ਹਹੁ ਮਮ ਹਾਲ। ਬਿਰਦ ਆਪ ਕੋ ਸਦਾ ਕ੍ਰਿਪਾਲੁ'॥੩੧॥

ਆਪ ਜੀ ਤੋਂ ਬਗੈਰ ਇਕੱਲੀ ਰਹਾਂਗੀ, ਵੱਡੇ ਕਸ਼ਟ ਵਿਚ ਕਿਸ ਪ੍ਰਕਾਰ ਜੀਵਾਂਗੀ। ਮੇਰੇ ਹਾਲ ਉੱਪਰ ਕਿਉਂ ਵਿਚਾਰ ਨਹੀਂ ਕਰਦੇ ਹੋ, ਸਦਾ ਕ੍ਰਿਪਾਲੂ ਰਹਿਣਾ ਤੁਹਾਡਾ ਬਿਰਦ ਹੈ"॥ ੩੧॥

ਸੁਨਿ ਕਰਿ ਸਤਿਗੁਰ ਰਿਦੇ ਬਿਚਾਰਾ। 'ਇਹ ਦੁਖ ਆਤੁਰ ਅਹੈ ਉਦਾਰਾ।
ਸਮੁਝਾਈ ਸਮੁਝੈ ਨ ਅਜਾਨੀ। ਬਾਰਕ ਪਾਰਕ ਚਹਿਸ ਮਹਾਨੀ'॥ ੩੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰਿਆ, "ਇਹ ਬਹੁਤ ਜ਼ਿਆਦਾ ਦੁਖੀ ਹੈ। ਅੰਞਾਣ ਸਮਝਾਉਣ ਨਾਲ ਵੀ ਸਮਝੀ ਨਹੀਂ ਹੈ, ਪਾਲਕ ਪੁੱਤਰ ਚਾਹੁੰਦੀ ਹੈ"॥ ੩੨॥

ਕਹਜੋ ਤਬੈ 'ਲੈ ਪਾਰਹੁ ਆਪ। ਲਖਿ ਹੈਂ ਬਡੋ ਦੇਹਿ ਸੰਤਾਪ'।
ਸੁਤ ਅਜੀਤ ਸਿੰਘ ਕੀ ਅਨੁਹਾਰੀ। ਨਿਕਟ ਬਿਠਾਯਹੁ ਪਿਖਿ ਸੁਖ ਭਾਰੀ॥੩੩॥

ਤਦ ਸਤਿਗੁਰੂ ਜੀ ਨੇ ਕਿਹਾ, "ਲੈ ਕੇ ਆਪ ਇਸ ਦੀ ਪਾਲਣਾ ਕਰੋ, ਅਸੀਂ ਤਾਂ ਸਮਝਦੇ ਹਾਂ ਵੱਡਾ ਹੋ ਕੇ ਬਹੁਤ ਦੁਖ ਦੇਵੇਗਾ।" ਇਸ ਕਰਕੇ ਅਜੀਤ ਸਿੰਘ ਵਰਗੇ ਬਾਲਕ ਨੂੰ ਪਾਸ ਬਿਠਾ ਕੇ ਵੇਖ ਕੇ ਬਹੁਤ ਸੁਖ ਪਾਇਆ॥ ੩੩॥

ਪਤਿ ਕੀ ਆਇਸੁ ਲੇ ਹਿਤ ਪਾਰਨ। ਸੁਤ ਹੀ ਕੋ ਕਿਯ ਨਾਮ ਉਚਾਰਨ।
ਪਾਲਕ ਭਾ ਅਜੀਤ ਸਿੰਘ ਸੋਇ। ਸਿਖ ਤੇ ਲਯੋ ਹਰਖ ਮਹਿਂ ਹੋਇ॥੩੪॥

ਪਾਲਣ ਵਾਸਤੇ ਆਪਣੇ ਪਤੀ ਦੇਵ ਦੀ ਆਗਿਆ ਲਈ ਤੇ ਉਸ ਦਾ ਨਾਮ ਵੀ ਆਪਣੇ ਪੁੱਤਰ ਦੇ ਨਾਮ ਉੱਪਰ ਹੀ ਰੱਖ ਦਿੱਤਾ। ਉਹ ਅਜੀਤ ਸਿੰਘ ਪਾਲਕ ਹੋ ਗਿਆ ਤੇ ਉਸ ਨੂੰ ਸਿੱਖ ਪਾਸੋਂ ਪ੍ਰਸੰਨ ਹੋ ਕੇ ਲੈ ਲਿਆ॥ ੩੪॥

ਪੁਨ ਸਾਹਿਬ ਦੇਵੀ ਕੇ ਸਾਥ। ਪੁਰਿ ਰਾਖਨ ਹਿਤ ਬੋਲੇ ਨਾਥ।
'ਨਿਕਟ ਸੌਤ ਕੇ ਰਹੁ ਥਿਰ ਹ੍ਵੈ ਕੈ। ਕਜਾ ਲੈ ਹੈਂ ਦੱਖਣ ਦਿਸ਼ਿ ਜੈ ਕੈ॥੩੫॥

ਫਿਰ ਸਤਿਗੁਰੂ ਜੀ ਸਾਹਿਬ ਦੇਵੀ ਨੂੰ ਦਿੱਲੀ ਨਗਰ ਵਿਚ ਰੱਖਣ ਲਈ ਕਹਿਣ ਲੱਗੇ, "ਆਪਣੀ ਸੌਂਕਣ ਦੇ ਪਾਸ ਟਿਕ ਕੇ ਰਹੋ, ਤੂੰ ਦੱਖਣ ਵਾਲੇ ਪਾਸੇ ਜਾ ਕੇ ਕੀ ਲੈਣਾ ਹੈ॥ ੩੫॥

ਸਕਲ ਬਿਧਿਨਿ ਤੇ ਬਸੈਂ ਸੁਖਾਰੀ। ਪੂਜਹਿਂ ਪਹੁਂਚਿ ਸੰਗਤਾਂ ਸਾਰੀ।
ਦਿਨ ਪ੍ਰਤਿ ਗਮਨ ਨਰਕ ਸਮ ਕਹੈਂ। ਤ੍ਰਿਯਾ ਜਾਤਿ ਕੋ ਬਹੁ ਦੁਖ ਅਹੈਂ॥੩੬॥

ਸਾਰੀਆਂ ਵਿਧੀਆਂ ਨਾਲ ਤੂੰ ਸੁਖੀ ਵਸੇਂਗੀ ਤੇ ਸਾਰੀਆਂ ਸੰਗਤਾਂ ਮਿਲ ਕੇ ਤੁਹਾਡੀ ਪੂਜਾ ਕਰਨਗੀਆਂ। ਪ੍ਰਤੀਦਿਨ ਚਲਣਾ ਅਤੇ ਸਫਰ ਕਰਨਾ, ਨਰਕ ਬਰਾਬਰ ਕਹਿੰਦੇ ਹਨ, ਇਸਤਰੀ ਜਾਤੀ ਬਹੁਤ ਦੁਖ ਪਾਉਂਦੀ ਹੈ'॥ ੩੬॥

ਸੁਨਿ ਸਾਹਿਬ ਦੇਵੀ ਕਰ ਜੋਰੇ। 'ਗਾਢੋ ਨੇਮ ਅਹੈ ਇਹ ਮੋਰੇ।
ਪੂਰਬ ਦਰਸ਼ਨ ਕਰੌਂ ਤੁਹਾਰਾ। ਪਦ ਬੰਦਨ ਤੇ ਅਚੌਂ ਅਹਾਰਾ॥ ੩੭॥

ਇਹ ਸੁਣ ਕੇ ਸਾਹਿਬ ਦੇਵੀ ਨੇ ਹੱਥ ਜੋੜੇ, "ਮੈਂ ਆਪਣਾ ਇਹ ਪੱਕਾ ਨੇਮ ਬਣਾਇਆ ਹੈ ਕਿ ਪਹਿਲਾਂ ਤੁਹਾਡੇ ਦਰਸ਼ਨ ਕਰਾਂਗੀ, ਫਿਰ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਭੋਜਨ ਛਕਾਂਗੀ॥ ੩੭॥

ਇਤਨੇ ਹੀ ਮਾਨੇ ਸੁਖ ਸਾਰੇ। ਪਰਮ ਅਨੰਦ ਮਹਿਂ ਸੰਗ ਤੁਮਾਰੇ।
ਗਮਨ ਬਿਖੈ ਨਹਿਂ ਸੰਕਟਿ ਕੋਈ। ਸੰਗ ਆਪ ਕੇ ਸਭਿ ਸੁਖ ਹੋਈ॥ ੩੮॥

ਏਨੇ ਹੀ ਮੈਂ ਸਾਰੇ ਸੁਖ ਮੰਨੇ ਹਨ, ਤੁਹਾਡੇ ਸਾਥ ਵਿਚ ਮੈਨੂੰ ਪਰਮ ਅਨੰਦ ਮਿਲਦਾ ਹੈ। ਚਲਣ ਵਿਚ ਮੈਨੂੰ ਕੋਈ ਸੰਕਟ ਨਹੀਂ ਹੈ, ਆਪ ਜੀ ਦੇ ਸੰਗ ਵਿਚ ਸਾਰੇ ਸੁਖ ਪ੍ਰਾਪਤ ਹਨ॥ ੩੮॥

ਪੁਜਵਾਵਨ ਸੰਗਤਿ ਕੇ ਪਾਸ। ਬ੍ਰਿਹ ਤੁਮ ਤੇ ਇਹ ਧਰੌਂ ਨ ਆਸ।
ਮਨ ਕੀ ਗਤਿ ਸਭਿ ਜਾਨਨਹਾਰੇ। ਬਨਹਿ ਨ ਕਹਿਬੋ ਨਿਕਟ ਤੁਮਾਰੇ॥ ੩੯॥

ਸੰਗਤ ਪਾਸੋਂ ਪੂਜਾ ਕਰਵਾਉਣ ਲਈ, ਆਪ ਜੀ ਪਾਸੋਂ ਵਿਛੋੜਾ ਲਵਾਂ ਇਹ ਮੈਂ ਆਸ ਨਹੀਂ ਧਾਰਨ ਕੀਤੀ ਹੈ। ਤੁਸੀਂ ਮਨਾਂ ਦੀਆਂ ਸਾਰੀਆਂ ਗਤੀਆਂ ਜਾਣਨਹਾਰੇ ਹੋ, ਤੁਹਾਡੇ ਪਾਸ ਕਹਿਣਾ ਨਹੀਂ ਬਣਦਾ ਹੈ॥ ੩੯॥

ਪਰਖਿ ਪ੍ਰੇਮ ਕੋ ਰਾਖਹੁ ਸਾਥ। ਇਹੀ ਕਾਮਨਾ ਪੂਰਵਹੁ ਨਾਥ'।
ਦੀਨ ਮਨਾ ਅਤਿਸ਼ੈ ਗੁਰ ਜਾਨੀ। ਚਲਨ ਸੰਗ ਬਿਨਤੀ ਇਹੁ ਮਾਨੀ॥ ੪੦॥

ਮੇਰੇ ਪ੍ਰੇਮ ਨੂੰ ਪਰਖ ਕੇ ਆਪਣੇ ਨਾਲ ਰੱਖੋ, ਹੇ ਸਵਾਮੀ ਜੀ ! ਇਹ ਮੇਰੀ ਕਾਮਨਾ ਪੂਰੀ ਕਰੋ।" ਮਨ ਵਿਚ ਬਹੁਤ ਦੀਨ ਹੋਈ ਗੁਰੂ ਜੀ ਨੇ ਜਾਣੀ ਤੇ ਨਾਲ ਚਲਣ ਦੀ ਇਹ ਬੇਨਤੀ ਮੰਨ ਲਈ॥ ੪੦॥

ਸੰਗਤ ਮਹਿਂ ਸੁੰਦਰੀ ਕੋ ਛੋਰਿ। ਚਲਯੋ ਚਹੈਂ ਪ੍ਰਭੁ ਦੱਛਨ ਓਰ।
ਇਤਨੇ ਬਿਖੈ ਬਹਾਦਰ ਸ਼ਾਹੂ। ਨਿਜ ਉਮਰਾਵ ਪਠਯੋ ਗੁਰ ਪਾਹੂ॥ ੪੧॥

ਸੰਗਤ ਵਿਚ ਮਾਤਾ ਸੁੰਦਰੀ ਜੀ ਨੂੰ ਛੱਡ ਕੇ, ਸਾਰੇ ਸਤਿਗੁਰੂ ਜੀ ਦੇ ਨਾਲ ਦੱਖਣ ਵਾਲੇ ਪਾਸੇ ਜਾਣਾ ਚਾਹੁੰਦੇ ਸਨ। ਏਨੇ ਵਿਚ ਬਹਾਦਰ ਸ਼ਾਹ ਨੇ ਆਪਣੇ ਨਿਜੀ ਉਮਰਾਵ ਨੂੰ ਗੁਰੂ ਜੀ ਪਾਸ ਭੇਜਿਆ॥ ੪੧॥

ਧਰਿ ਅਕੋਰ ਕਰ ਜੋਰਿ ਨਮੋ ਕਿਯ। ਸਭਿ ਬਿਰਤੰਤ ਪ੍ਰਭੁ ਢਿਗ ਕਹਿ ਦਿਯ।
'ਜੰਗ ਜੀਤ ਸਲਤਨ ਕੋ ਪਾਇ। ਨਗਰ ਆਗਰੇ ਥਿਰਯੋ ਸੁਹਾਇ॥ ੪੨॥

ਉਮਰਾਵ ਨੇ ਉਪਹਾਰ ਗੁਰੂ ਜੀ ਦੇ ਸਾਹਮਣੇ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਾਰਾ ਬਿਰਤਾਂਤ ਸਤਿਗੁਰੂ ਜੀ ਪਾਸ ਕਹਿ ਦਿੱਤਾ। ਬਹਾਦਰ ਸ਼ਾਹ ਨੇ ਜੰਗ ਜਿੱਤ ਕੇ ਹਕੂਮਤ ਪ੍ਰਾਪਤ ਕਰ ਲਈ ਹੈ ਤੇ ਹੁਣ ਆਗਰੇ ਨਗਰ ਵਿਚ ਟਿਕ ਗਏ ਹਨ॥ ੪੨॥

ਰਾਵਰ ਕੋ ਪ੍ਰਸੰਗ ਨਿਤ ਕਹੈ। ਮਿਲਿਬੇ ਹੇਤੁ ਪ੍ਰਤੀਖਤਿ ਰਹੈ।
ਕ੍ਰਿਪਾ ਕਰਹੁ ਨਿਜ ਦਰਸ ਦਿਖਾਵਹੁ। ਮ੍ਰਿਦੁ ਬਾਕਨ ਕੋ ਕਹਿ ਹਰਖਾਵਹੁ'॥ ੪੩॥

ਆਪ ਜੀ ਦਾ ਨਿਤ ਪ੍ਰਸੰਗ ਕਹਿੰਦੇ ਹਨ ਤੇ ਆਪ ਜੀ ਨੂੰ ਮਿਲਣ ਵਾਸਤੇ ਇੰਤਜ਼ਾਰ ਕਰ ਰਹੇ ਹਨ। ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਦਰਸ਼ਨ ਦੇਵੋ ਤੇ ਮਿੱਠੇ ਬਚਨ ਕਹਿ ਕੇ ਪ੍ਰਸੰਨ ਕਰੋ'॥ ੪੩॥

ਸ੍ਰੀ ਗੁਰ ਕਹ੍ਯੋ 'ਬਿਲਮ ਨਹਿਂ ਕਾਈ। ਕੂਚ ਹੋਨਿ ਤਯਾਰੀ ਕਰਿਵਾਈ।
ਕੇਤਿਕ ਦਿਨ ਮਹਿਂ ਪਹੁੰਚਹਿਂ ਜਾਇ। ਕਹਹੁ ਸ਼ਾਹੁ ਪ੍ਰਤਿ ਹਮ ਚਲਿ ਆਇਂ' ॥੪੪॥

ਸਤਿਗੁਰੂ ਜੀ ਨੇ ਕਿਹਾ, "ਸਾਡੇ ਵਲੋਂ ਕੋਈ ਦੇਰ ਨਹੀਂ ਹੈ, ਅਸੀਂ ਕੂਚ ਕਰਨ ਦੀ ਤਿਆਰੀ ਕਰਵਾਈ ਹੈ। ਕਈ ਦਿਨਾਂ ਵਿਚ ਉਥੇ ਪਹੁੰਚ ਜਾਵਾਂਗੇ। ਬਾਦਸ਼ਾਹ ਨੂੰ ਜਾ ਕੇ ਕਹੋ, ਅਸੀਂ ਚਲ ਕੇ ਆ ਰਹੇ ਹਾਂ" ॥ ੪੪ ॥

ਸੁਨਿ ਉਮਰਾਵ ਕਹਨਿ ਪੁਨ ਲਾਗਾ। 'ਸੰਗ ਆਪ ਕੇ ਬਹੁ ਅਨੁਰਾਗਾ।
ਤਊ ਸ਼ਰੀਅਨਿ ਤੇ ਡਰਪੰਤਿ। ਤੁਮ ਦਿਸ਼ਿ ਆਇ ਸਕੈ ਨ ਕਦੰਤ ॥ ੪੫ ॥

ਇਹ ਸੁਣ ਕੇ ਉਮਰਾਵ ਫਿਰ ਕਹਿਣ ਲੱਗਾ, "ਤੁਹਾਡੇ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਹੈ, ਫਿਰ ਵੀ ਸ਼ਰ੍ਹਾ ਵਾਲਿਆਂ ਤੋਂ ਡਰਦੇ ਹਨ, ਤੁਹਾਡੇ ਪਾਸੇ ਕਦੀ ਵੀ ਆ ਨਹੀਂ ਸਕਦੇ ਹਨ ॥ ੪੫ ॥

ਸ਼ਰ੍ਹਾ ਪਿਤਾ ਕੀ ਕਰੀ ਸੁ ਮਾਨੇ। ਅਹੈਂ ਸਕੇਲ ਸੈਂਕਰੇ ਸਜਾਨੇ।
ਅਵਰੰਗ ਦੈ ਦੈ ਮਾਨ ਵਧਾਏ। ਨਿਤ ਬੈਠਤਿ ਢਿਗ ਸੋ ਸਮੁਦਾਏ ॥ ੪੬ ॥

ਜਿਹੜੇ ਉਨ੍ਹਾਂ ਦੇ ਪਿਤਾ ਨੇ ਸ਼ਰ੍ਹਾ ਕੀਤੀ ਹੈ, ਉਸ ਨੂੰ ਮੰਨਦੇ ਹਨ ਤੇ ਉਨ੍ਹਾਂ ਨੇ ਸੈਂਕੜੇ ਸਿਆਣੇ ਇਕੱਠੇ ਕੀਤੇ ਹਨ। ਨੌਰੰਗੇ ਨੇ ਉਨ੍ਹਾਂ ਨੂੰ ਮਾਣ ਦੇ ਦੇ ਕੇ ਵਧਾਇਆ ਸੀ, ਉਹ ਨਿਤ ਇਕੱਠੇ ਹੋ ਕੇ ਪਾਸ ਬੈਠਦੇ ਹਨ ॥ ੪੬ ॥

ਯਾਂਤੇ ਆਇ ਨ, ਸੁਕਚਤਿ ਰਹੈ। ਤਊ ਦਰਸ ਅਵਿਲੋਕਨ ਚਹੈ'।
ਇੱਤਯਾਦਿਕ ਬਿਨਤੀ ਬਹੁ ਕੀਨਿ। ਸ੍ਰੀ ਪ੍ਰਭੁ ਸਿਰੋਪਾਉ ਤਿਸ ਦੀਨਿ ॥ ੪੭ ॥

ਇਸ ਕਰਕੇ ਉਹ ਏਧਰ ਨਹੀਂ ਆਏ ਹਨ, ਸੰਕੋਚ ਕਰਦੇ ਰਹੇ ਹਨ, ਫਿਰ ਵੀ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ।" ਇਸ ਪ੍ਰਕਾਰ ਉਮਰਾਵ ਨੇ ਬਹੁਤ ਬੇਨਤੀ ਕੀਤੀ। ਸਤਿਗੁਰੂ ਜੀ ਨੇ ਉਸ ਨੂੰ ਸਿਰੋਪਾ ਦਿੱਤਾ ॥ ੪੭ ॥

ਰੁਖਸਦ ਹੁਇ ਗਮਨਯੋ ਤਤਕਾਲਾ। ਕਹ੍ਯੋ ਸ਼ਾਹੁ ਸੋਂ ਹਰਖ ਬਿਸਾਲਾ।
ਰਹ੍ਯੋ ਪ੍ਰਤੀਖਤਿ ਪ੍ਰਭੁ ਕੋ ਫੇਰ। 'ਮਿਲਿ ਬੋਲੋਂ ਗੁਰ ਦਰਸ਼ਨ ਹੇਰਿ' ॥ ੪੮ ॥

ਫੇਰ ਉਹ ਉਮਰਾਵ ਰੁਖਸਤ ਹੋ ਕੇ ਤੁਰਤ ਚਲਾ ਗਿਆ ਤੇ ਬਾਦਸ਼ਾਹ ਨੂੰ ਉਸ ਨੇ ਪ੍ਰਸੰਨ ਹੋ ਕੇ ਸਾਰਾ ਹਾਲ ਸੁਣਾਇਆ। ਬਹਾਦਰ ਸ਼ਾਹ ਫਿਰ ਵੀ ਸਤਿਗੁਰੂ ਜੀ ਦੀ ਉਡੀਕ ਕਰਦਾ ਰਿਹਾ, ਕਹਿੰਦਾ ਸੀ, "ਸਤਿਗੁਰੂ ਜੀ ਦੇ ਦਰਸ਼ਨ ਕਰਕੇ ਫਿਰ ਮਿਲ ਕੇ ਗੱਲਬਾਤ ਕਰਾਂਗੇ" ॥ ੪੮ ॥

*ਪਹਿਲੇ ਐਨ ਦਾ ਚੌਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ ॥ ੪੪ ॥*

## ਅਧਿਆਇ ਪੰਜਤਾਲ੍ਹੀਵਾਂ

*ਮਥਰਾ, ਬੰਦਰ, ਪਵਿੱਤ੍ਰ ਜਲ ਨਿਰਣਾ*

ਦੋਹਰਾ- ਤੇਗ ਬਹਾਦਰ ਸਤਿਗੁਰੂ ਜਿਸ ਥਲ ਕਿਯ ਸਸਕਾਰ।
ਬਿਦਤਾਯੋ ਮੰਦਿਰ ਬਨਯੋਂ ਸੁੰਦਰ ਅਨਿਕ ਪ੍ਰਕਾਰ ॥ ੧ ॥

ਸਤਿਗੁਰੂ ਤੇਗ ਬਹਾਦਰ ਜੀ ਦਾ ਜਿਸ ਸਥਾਨ ਵਿਖੇ ਸਸਕਾਰ ਕੀਤਾ ਸੀ ਉਥੇ ਇਕ ਸੁੰਦਰ ਗੁਰਦੁਆਰਾ ਬਣਾ ਕੇ ਸਾਰੇ ਪ੍ਰਗਟ ਕੀਤਾ॥ ੧॥

ਚੌਪਈ- ਪਿਤ ਸਥਾਨ ਬਿਦਤਾਇ ਸੁਨਾਯੋ। ਸਤਿਸੰਗਤਿ ਕੋ ਜੋੜ ਕਰਾਯੋ।
ਸੁੰਦਰੀ ਕਰੀ ਟਿਕਾਵਨ ਪੁਰਿ ਮੈਂ। ਆਪ ਅਰੋਹਨਿ ਬਾਂਛਤਿ ਉਰ ਮੈਂ ॥੨ ॥

ਪਿਤਾ ਸਥਾਨ ਪ੍ਰਗਟ ਕਰਕੇ ਸੁਣਾਇਆ ਤੇ ਸਾਧ ਸੰਗਤ ਦਾ ਜੋੜ ਮੇਲ ਕਰਵਾਇਆ। ਮਾਤਾ ਸੁੰਦਰੀ ਜੀ ਨੂੰ ਦਿੱਲੀ ਨਗਰ ਵਿਚ ਹੀ ਟਿਕਾ ਦਿੱਤਾ। ਆਪ ਹਿਰਦੇ ਵਿਚ ਘੋੜੇ ਦੀ ਸਵਾਰੀ ਕਰਨਾ ਚਾਹੁੰਦੇ ਸਨ॥ ੨॥

ਸਭਿਹਿਨਿ ਕੋ ਨਿਜ ਗਵਨ ਸੁਨਾਵਾ। ਗਨ ਸਿੱਖਨਿ ਕੋ ਮੇਲ ਸੁਹਾਵਾ।
ਅਨਿਕ ਅਕੋਰਨ ਧਰਿ ਕਰ ਜੋਰੇ। ਕਦਮ ਪਦਮ ਸੁਖ ਸਦਮ ਨਿਹੋਰੇ ॥੩ ॥

ਸਾਰਿਆਂ ਨੂੰ ਆਪਣੇ ਜਾਣ ਬਾਰੇ ਦੱਸਿਆ ਤੇ ਬਹੁਤ ਸਿੱਖਾਂ ਦਾ ਸੁਹਾਵਣਾ ਮੇਲ ਹੋਇਆ। ਅਨੇਕਾਂ ਸਿੱਖ ਉਪਹਾਰ ਧਰ ਕੇ ਹੱਥ ਜੋੜਦੇ ਸਨ। ਸੁਖਾਂ ਦੇ ਘਰ ਚਰਨ ਕੰਵਲਾਂ ਨੂੰ ਵੇਖਦੇ ਸਨ॥ ੩॥

ਜਥਾ ਭਾਵਨਾ ਧਰਿ ਅਵਿਲੋਕੇ। ਤਥਾ ਸਭਿਨਿ ਲਖਿ ਲਖਿ ਦ੍ਰਿਗ ਰੋਕੇ।
ਜਨੁ ਸੂਰਜ ਦਿਸ਼ਿ ਗਨ ਅਰਬਿੰਦੂ। ਕਿਧੋਂ ਚਕੋਰਨ ਚਿਤਵਜੋ ਇੰਦੂ ॥੪ ॥

ਜਿਵੇਂ ਕਿਸੇ ਦੀ ਭਾਵਨਾ ਸੀ, ਉਸ ਪ੍ਰਕਾਰ ਹੀ ਭਾਵਨਾ ਧਾਰ ਕੇ ਵੇਖਦੇ ਸਨ। ਸਾਰਿਆਂ ਨੇ ਗੁਰੂ ਜੀ ਵਲ ਨੈਣ ਕਰ ਕਰ ਉਨ੍ਹਾਂ ਉੱਪਰ ਹੀ ਟਿਕਾਏ ਸਨ। ਜਿਵੇਂ ਸੂਰਜ ਵੱਲ ਕੰਵਲ ਦੇ ਫੁੱਲ ਝੁਕ ਜਾਂਦੇ ਹਨ ਤੇ ਚਕੋਰ ਚੰਦ ਵਲ ਨਜ਼ਰ ਲਾਉਂਦੇ ਹਨ॥ ੪॥

ਕਰੁਨਾ ਭਰੇ ਕਟਾਛ ਛਬੀਲੇ। ਸਭਿ ਪਰ ਡਾਰਤਿ ਦ੍ਰਿਸ਼ਟਿ ਰਸੀਲੇ।
ਸਨਧਬੱਧ ਹੁਇ ਪ੍ਰਭੁ ਬਿਰਾਜੇ। ਬਸਤ੍ਰ ਸ਼ਸਤ੍ਰ ਨਾਨਾ ਬਿਧਿ ਸਾਜੇ॥੫॥

ਸਤਿਗੁਰੂ ਜੀ ਦੇ ਛਬੀਲੇ ਨੈਣ ਕਿਰਪਾ ਨਾਲ ਭਰੇ ਸਨ, ਉਹ ਸਾਰਿਆਂ ਉੱਪਰ ਆਪਣੀ ਰਸੀਲੀ ਦ੍ਰਿਸ਼ਟੀ ਪਾ ਰਹੇ ਸਨ। ਹਥਿਆਰਬੱਧ ਹੋ ਕੇ ਸਤਿਗੁਰੂ ਜੀ ਬਿਰਾਜ ਰਹੇ ਸਨ, ਬਸਤਰ, ਸ਼ਸਤਰ ਕਈ ਵਿਧੀਆਂ ਨਾਲ ਸਜਾਏ ਹੋਏ ਸਨ॥ ੫॥

ਖੁਸ਼ੀ ਕਰੀ ਸਭਿ ਕੋ ਤਬਿ ਨਾਥ। ਕਰ ਜੋਰਹਿਂ ਧਾਰਹਿਂ ਪਗ ਮਾਥ।
ਹਿਤ ਅਰੋਹਿਬੇ ਹਯ ਅਨਵਾਯੋ। ਹੇਰਿ ਸੁੰਦਰੀ ਸੀਸ ਨਿਵਾਯੋ॥ ੬॥

ਤਦ ਸਤਿਗੁਰੂ ਜੀ ਨੇ ਸਾਰਿਆਂ ਉੱਪਰ ਆਪਣੀ ਖੁਸ਼ੀ ਕੀਤੀ, ਸੇਵਕ-ਸਿੱਖ ਹੱਥ ਜੋੜ ਕੇ ਚਰਨਾਂ ਉੱਪਰ ਮੱਥਾ ਟੇਕਦੇ ਸਨ। ਫਿਰ ਸਤਿਗੁਰੂ ਜੀ ਨੇ ਸਵਾਰੀ ਵਾਸਤੇ ਘੋੜਾ ਮੰਗਵਾਇਆ ਤੇ ਮਾਤਾ ਸੁੰਦਰੀ ਜੀ ਨੇ ਵੇਖ ਕੇ ਸਿਰ ਨਿਵਾਇਆ॥ ੬॥

ਬਿਛਰਨ ਸਮੈਂ ਰੂਪ ਜਸ ਬੇਸੂ। ਰਿਦੈ ਧਰਜੋ ਤਸ ਕੰਤ ਹਮੇਸ਼ੂ।
ਦੇ ਧੀਰਜ ਸਭਿ ਕੋ ਇਕ ਬਾਰ। ਪਗ ਰਕਾਬ ਧਰਿ ਭੇ ਅਸਵਾਰ॥੭॥

ਵਿਛੜਣ ਸਮੇਂ ਸਤਿਗੁਰੂ ਜੀ ਦਾ ਜੈਸਾ ਰੂਪ ਅਤੇ ਪਹਿਰਾਵਾ ਸੀ, ਉਸ ਪ੍ਰਕਾਰ ਦੀ ਆਪਣੇ ਪਤੀ ਜੀ ਦੀ ਮੂਰਤੀ ਨੂੰ ਮਾਤਾ ਜੀ ਨੇ ਸਦਾ ਲਈ ਆਪਣੇ ਹਿਰਦੇ ਵਿਚ ਧਾਰਨ ਕਰ ਲਿਆ। ਸਤਿਗੁਰੂ ਜੀ ਨੇ ਫਿਰ ਇਕ ਵਾਰ ਸਾਰਿਆਂ ਨੂੰ ਧੀਰਜ ਦਿੱਤਾ ਤੇ ਰਕਾਬ ਉੱਪਰ ਪੈਰ ਧਰ ਕੇ ਘੋੜੇ ਉੱਪਰ ਸਵਾਰ ਹੋ ਗਏ॥ ੭॥

ਸਹਿਤ ਖਾਲਸੇ ਮਾਰਗ ਚਲੇ। ਕਰਿ ਪੁਰਿ ਜਨ ਗਨ ਕੋ ਤਹਿਂ ਖਲੇ।
ਸਾਹਿਬਿਦੇਵੀ ਸੰਗ ਸਿਧਾਈ। ਰਹੀ ਸੁੰਦਰੀ ਆਇਸੁ ਪਾਈ॥ ੮॥

ਖਾਲਸੇ ਸਹਿਤ ਉਹ ਰਾਹੇ-ਰਾਹ ਚਲ ਪਏ, ਨਗਰ ਦੇ ਬਹੁਤ ਲੋਕਾਂ ਨੂੰ ਉਥੇ ਹੀ ਖੜੇ ਰਹਿਣ ਦਿੱਤਾ। ਮਾਤਾ ਸਾਹਿਬ ਦੇਵਾਂ ਵੀ ਗੁਰੂ ਜੀ ਦੇ ਨਾਲ ਚਲੇ ਗਏ। ਮਾਤਾ ਸੁੰਦਰੀ ਜੀ ਗੁਰੂ ਜੀ ਦੀ ਆਗਿਆ ਪਾ ਕੇ ਦਿੱਲੀ ਵਿਚ ਹੀ ਰਹੇ॥ ੮॥

ਪੰਥ ਉਲੰਘਿ ਕਿਤਿਕ ਪ੍ਰਭੁ ਗਏ। ਹੇਰਿ ਸੁ ਥਲ ਡੇਰਾ ਪੁਨ ਕਏ।
ਤੀਨ ਦਿਵਸ ਕਰਿ ਮਜਲ ਸੁਖਾਰੀ। ਜਾਇ ਪਹੂਚੇ ਤਹਿੰ ਅਘਹਾਰੀ॥ ੯॥

ਮਾਰਗ ਲੰਘ ਕੇ ਜਦ ਕੁਝ ਦੂਰ ਸਤਿਗੁਰੂ ਜੀ ਗਏ ਤਾਂ ਇਕ ਸ੍ਰੇਸ਼ਟ ਸਥਾਨ ਵੇਖ ਕੇ ਡੇਰਾ ਕੀਤਾ। ਤਿੰਨ ਦਿਨ ਸੌਖੀਆਂ ਮੰਜ਼ਲਾਂ ਹੀ ਤਹਿ ਕਰਦੇ ਰਹੇ ਤੇ ਫਿਰ ਪਾਪਾਂ ਨੂੰ ਦੂਰ ਕਰਨ ਵਾਲੇ ਸ਼ਹਿਰ ਦੇ ਨੇੜੇ ਜਾ ਪਹੁੰਚੇ॥ ੯॥

ਪੰਚ ਕੋਸ ਮਥਰਾ ਜਬਿ ਰਹੀ। ਸਿਵਰ ਕਰਾਇ ਦੀਨਿ ਪ੍ਰਭੁ ਤਹੀਂ।
ਨਿਸ ਬਿਸਰਾਮੇ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ॥ ੧੦॥

ਜਦ ਮਥਰਾ ਪੰਜ ਕੋਹ ਰਹਿ ਗਈ ਤਾਂ ਸਤਿਗੁਰੂ ਜੀ ਨੇ ਉਥੇ ਹੀ ਆਪਣਾ ਡੇਰਾ ਕਰਵਾ ਲਿਆ। ਰਾਤ ਨੂੰ ਖਾ ਪੀ ਕੇ ਵਿਸ਼ਰਾਮ ਕੀਤਾ ਤੇ ਕਿਰਪਾ ਨਿਧਾਨ ਸਤਿਗੁਰੂ ਜੀ ਸੁਖ ਨਾਲ ਸੌਂ ਗਏ॥ ੧੦॥

ਭਈ ਪ੍ਰਾਤਿ ਕਰਿ ਸੋਚ ਸ਼ਨਾਨੇ। ਹਯ ਅਰੋਹ ਕਰਿ ਪ੍ਰਭੂ ਪਯਾਨੇ।
ਪਹੁੰਚੇ ਮਥਰਾ ਪੁਰੀ ਨਿਹਾਰੀ। ਜਹਿੰ ਬਿਲਾਸ ਕੀਨਸਿ ਗਿਰਧਾਰੀ॥ ੧੧॥

ਸਵੇਰ ਹੋਣ 'ਤੇ ਫਿਰ ਸੋਚ ਇਸ਼ਨਾਨ ਕੀਤਾ ਤੇ ਫਿਰ ਘੋੜੇ ਉੱਪਰ ਸਵਾਰ ਹੋ ਕੇ ਅੱਗੇ ਚਲ ਪਏ। ਫਿਰ ਪਹੁੰਚ ਕੇ ਮਥਰਾ ਨਗਰੀ ਵੇਖੀ, ਜਿੱਥੇ ਸ੍ਰੀ ਕ੍ਰਿਸ਼ਨ ਜੀ ਨੇ ਅਨੰਦ ਵਿਲਾਸ ਕੀਤੇ ਸਨ॥ ੧੧॥

ਸੂਰਜਕੁੰਡ ਕੀਯੋ ਸਭਿ ਡੇਰਾ। ਸੁੰਦਰ ਤਟ ਜਮਨਾ ਜਲ ਹੇਰਾ।
ਸ਼ਯਾਮ ਸਲੋਨੋ ਰੂਪ ਸੁਧਰਿਕੈ। ਬਿਲਸੇ ਜਹਿੰ ਕਹਿੰ ਥਿਰਿਕੈ ਫਿਰਿਕੈ॥ ੧੨॥

ਫਿਰ ਸੂਰਜ ਕੁੰਡ ਵਿਖੇ ਸਭ ਨੇ ਡੇਰਾ ਕੀਤਾ ਤੇ ਜਮਨਾ ਦੇ ਕਿਨਾਰੇ ਜਾ ਕੇ ਸੁੰਦਰ ਜਲ ਵੇਖਿਆ। ਕ੍ਰਿਸ਼ਨ ਜੀ ਨੇ ਸ਼ਾਮ ਸਲੋਨਾ ਰੂਪ ਧਾਰ ਕੇ ਜਿੱਥੇ ਕਿੱਥੇ ਰਹਿ ਕੇ ਅਤੇ ਫਿਰ ਕੇ ਅਨੰਦਮਈ ਵਿਲਾਸ ਕੀਤੇ ਸਨ॥ ੧੨॥

ਸੋ ਸਭਿ ਦੇਖਤਿ ਨਾਨਾ ਥਲ ਕੋ। ਕਰੇ ਸੰਘਾਰ ਦੁਸ਼ਟ ਦਲ ਬਲ ਕੋ।
ਸੂਰਜ ਸੁਤਾ ਪਾਰ ਗੁਰ ਗਏ। ਗੋਕਲ ਲੋਕ ਬਿਲੋਕਤਿ ਭਏ॥ ੧੩॥

ਅਜਿਹੇ ਸਭ ਪ੍ਰਕਾਰ ਦੇ ਥਲਾਂ ਨੂੰ ਸਤਿਗੁਰੂ ਜੀ ਵੇਖ ਰਹੇ ਸਨ, ਜਿੱਥੇ ਕ੍ਰਿਸ਼ਨ ਜੀ ਨੇ ਦੁਸ਼ਟਾਂ ਦੇ ਦਲਾਂ ਅਤੇ ਸ਼ਕਤੀਆਂ ਦਾ ਨਾਸ਼ ਕੀਤਾ ਸੀ। ਫਿਰ ਸਤਿਗੁਰੂ ਜੀ ਸੂਰਜ ਦੀ ਪੁੱਤਰੀ ਜਮਨਾ ਨਦੀ ਦੇ ਪਾਰ ਗਏ। ਫਿਰ ਗੋਕਲ ਦੇ ਲੋਕਾਂ ਨੂੰ ਵੇਖ ਰਹੇ ਸਨ॥ ੧੩॥

ਜਿਸ ਥਲ ਹੁਤੀ ਪੂਤਨਾ ਪਾਪਨ। ਤ੍ਰਿਣਾਵਰਤ ਖਲ ਕੀਨਸਿ ਖਾਪਨ।
ਦੁਸ਼ਟ ਬਕਾਸੁਰ ਬਲੀ ਬਿਦਾਰਯੋ। ਨਾਸ਼ ਅਘਾਸੁਰ ਕੋ ਕਰਿ ਡਾਰਯੋ॥ ੧੪॥

ਜਿਸ ਸਥਾਨ ਵਿਖੇ ਪਾਪਣ ਪੂਤਨਾ ਰਹਿੰਦੀ ਸੀ ਤੇ ਜਿੱਥੇ ਤ੍ਰਿਣਾਵਰਤ ਨਾਮ ਦੇ ਦੈਂਤ ਦਾ ਜੋ ਵਾਵਰੋਲਾ ਬਣ ਕੇ ਕ੍ਰਿਸ਼ਨ ਨੂੰ ਉਡਾ ਕੇ ਲੈ ਜਾਣ ਵਾਸਤੇ ਗਿਆ ਸੀ ਤੇ ਕ੍ਰਿਸ਼ਨ ਜੀ ਨੇ ਉਸ ਨੂੰ ਮਾਰ ਦਿੱਤਾ ਸੀ, ਉਸ ਸਥਾਨ ਨੂੰ ਵੀ ਸਤਿਗੁਰੂ ਜੀ ਨੇ ਵੇਖਿਆ। ਜਿਥੇ ਦੁਸ਼ਟ ਬਕਾਸੁਰ ਦੈਂਤ ਨੂੰ ਕ੍ਰਿਸ਼ਨ ਜੀ ਨੇ ਮਾਰਿਆ ਸੀ ਤੇ ਬਕਾਸੁਰ ਦੇ ਛੋਟੇ ਭਰਾ ਅਘਾਸੁਰ ਦਾ ਨਾਸ਼ ਕੀਤਾ ਸੀ। ਅਜਿਹੇ ਸਾਰੇ ਸਥਾਨ ਸਤਿਗੁਰੂ ਜੀ ਨੇ ਵੇਖੇ॥ ੧੪॥

ਬਿੰਦ੍ਰਾਬਨ ਅਵਿਲੋਕਯੋ ਨਾਥ। ਜਹਿੰ ਖੇਲੇ ਗੋਪੀ ਗਨ ਸਾਥ।
ਕੇਲ ਰਾਸ ਮੰਡਲ ਜਹਿੰ ਕਰੇ। ਕਮਲਾਸਨ ਬਛਰੇ ਗਨ ਹਰੇ॥ ੧੫॥

ਫਿਰ ਸਤਿਗੁਰੂ ਜੀ ਨੇ ਬਿੰਦ੍ਰਾਬਨ ਵੇਖਿਆ, ਜਿੱਥੇ ਕ੍ਰਿਸ਼ਨ ਜੀ ਸਮੂਹ ਗੋਪੀਆਂ ਨਾਲ ਖੇਡਦੇ ਹੁੰਦੇ ਸੀ। ਜਿੱਥੇ ਕ੍ਰਿਸ਼ਨ ਜੀ ਰਾਸ ਲੀਲ੍ਹਾ ਖੇਡਦੇ ਸਨ। ਜਿੱਥੇ ਬ੍ਰਹਮਾ ਨੇ ਪ੍ਰੀਖਿਆ ਵਾਸਤੇ ਵੱਛੇ ਚੁਰਾ ਲਏ ਸਨ ਤੇ ਕ੍ਰਿਸ਼ਨ ਜੀ ਨੇ ਸਾਰੇ ਵੱਛੇ ਆਪ ਹੀ ਰਚ ਲਏ ਸਨ॥ ੧੪॥

ਜਹਾਂ ਗੁਵਰਧਨ ਕਰ ਪਰ ਧਾਰਜੋ। ਜਹਿਂ ਸੁਰਪਤਿ ਕੋ ਮਾਨ ਨਿਵਾਰਜੋ।
ਕਾਲੀ ਤਾਲ ਬਿਲੋਕਜੋ ਜਾਇ। ਚਢਿ ਕਦੰਬ ਪਰ ਕੂਦੇ ਧਾਇ॥ ੧੬॥

ਜਦੋਂ ਇੰਦਰ ਵਰਖਾ ਨਾਲ ਬਿੰਦ੍ਰਾਬਨ ਨੂੰ ਗਰਕ ਕਰਨਾ ਚਾਹੁੰਦਾ ਸੀ ਤਾਂ ਕ੍ਰਿਸ਼ਨ ਜੀ ਨੇ ਬਿੰਦ੍ਰਾਬਨ ਨੂੰ ਆਪਣੀ ਉਂਗਲੀ ਉੱਪਰ ਹੀ ਚੁੱਕ ਲਿਆ ਸੀ ਤੇ ਛਤਰੀ ਵਾਂਗੂੰ ਬ੍ਰਿਜ ਦੀ ਰੱਖਿਆ ਕੀਤੀ ਸੀ। ਇਸ ਪ੍ਰਕਾਰ ਇੰਦਰ ਦੇ ਘੁਮੰਡ ਨੂੰ ਕ੍ਰਿਸ਼ਨ ਜੀ ਨੇ ਤੋੜਿਆ ਸੀ। ਫਿਰ ਗੁਰੂ ਜੀ ਨੇ ਜਾ ਕੇ ਕਾਲੀ ਤਾਲ ਵੇਖਿਆ, ਜਿਥੇ ਕ੍ਰਿਸ਼ਨ ਜੀ ਪੀਲੇ ਫੁੱਲਾਂ ਵਾਲੇ ਕਦੰਬ ਦੇ ਦਰੱਖਤ ਤੇ ਚੜ੍ਹ ਕੇ ਕੁੱਦੇ ਸਨ, ਉਹ ਵੀ ਸਥਾਨ ਵੇਖਿਆ॥ ੧੬॥

ਕੁੰਜ ਗਲੀਨ ਖੇਲ ਜਹਿਂ ਕਰੇ। ਜਹਿਂ ਗੋਪੀ ਗਨ ਕੇ ਪਟ ਹਰੇ।
ਜਹਿਂ ਧੇਨਕ ਅਰੁ ਕੇਸੀ ਮਾਰੇ। ਇੱਤਜਾਦਿਕ ਫਿਰਿ ਥਾਨ ਨਿਹਾਰੇ॥ ੧੭॥

ਜਿਨ੍ਹਾਂ ਕੁੰਜ ਗਲੀਆਂ ਵਿਚ ਕ੍ਰਿਸ਼ਨ ਜੀ ਖੇਡਾਂ ਖੇਡਦੇ ਸਨ, ਜਿੱਥੇ ਗੋਪੀਆਂ ਦੇ ਬਹੁਤ ਕੱਪੜੇ ਚੁਰਾ ਲੈਂਦੇ ਸਨ। ਜਿੱਥੇ ਧੇਨਕ ਨਾਮ ਦੇ ਦੈਂਤ ਨੂੰ ਕ੍ਰਿਸ਼ਨ ਜੀ ਨੇ ਗਊਆਂ ਚਾਰਦੇ ਸਮੇਂ ਤਾੜ ਦੇ ਬ੍ਰਿਛਾਂ ਦੇ ਵਣ ਵਿਚ ਬਲਰਾਮ ਦੀ ਸਹਾਇਤਾ ਨਾਲ ਮਾਰਿਆ ਸੀ, ਉੱਥੇ ਵੀ ਸਤਿਗੁਰੂ ਜੀ ਗਏ। ਕੇਸੀ ਨਾਮੀਂ ਰਾਖਸ਼ ਜਿੱਥੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਜੀ ਨੂੰ ਮਾਰਨ ਆਇਆ ਸੀ, ਪਰ ਕ੍ਰਿਸ਼ਨ ਜੀ ਨੇ ਉਸਦੇ ਮੂੰਹ ਵਿਚ ਬਾਂਹ ਦੇ ਕੇ ਉਸ ਨੂੰ ਮਾਰ ਦਿੱਤਾ ਸੀ, ਉੱਥੇ ਵੀ ਸਤਿਗੁਰੂ ਜੀ ਪਹੁੰਚੇ॥ ੧੭॥

ਕ੍ਰਿਸ਼ਨ ਰੂਪ ਧਰਿ ਖਿਲੇ ਘਨੇਰੇ। ਗੁਰੂ ਰੂਪ ਧਰਿ ਸੋ ਫਿਰ ਹੇਰੇ।
ਜਮਨਾ ਕੋ ਉਲੰਘਿ ਪੁਨ ਆਏ। ਜਹਿਂ ਧੁਬੀਆ ਹਤਿ ਸੋ ਦਰਸਾਏ॥ ੧੮॥

ਜਿੱਥੇ ਸਤਿਗੁਰੂ ਜੀ ਕ੍ਰਿਸ਼ਨ ਰੂਪ ਧਾਰ ਕੇ ਬਹੁਤ ਖੇਡਦੇ ਰਹੇ ਸਨ, ਉਹ ਸਾਰੇ ਸਥਾਨ ਸਤਿਗੁਰੂ ਜੀ ਨੇ ਗੁਰੂ ਰੂਪ ਧਾਰ ਕੇ ਵੇਖੇ। ਫਿਰ ਜਮਨਾ ਨਦੀ ਨੂੰ ਲੰਘ ਕੇ ਆ ਗਏ। ਕੰਸ ਨੂੰ ਮਾਰਨ ਗਿਆਂ, ਜਿੱਥੇ ਰਾਹ ਵਿਚ ਕੰਸ ਦਾ ਧੋਬੀ ਮਿਲਿਆ ਸੀ, ਜਿਸ ਤੋਂ ਕੰਸ ਦੇ ਕੱਪੜੇ ਖੋਹ ਕੇ ਉਸ ਨੂੰ ਕੁੱਟ ਮਾਰ ਕੇ ਭਜਾ ਦਿੱਤਾ ਸੀ, ਸਤਿਗੁਰੂ ਜੀ ਨੇ ਉਹ ਵੀ ਸਥਾਨ ਵੇਖਿਆ॥ ੧੮॥

ਮਿਲੀ ਕੂਬਰੀ ਕੂਬ ਸੁਧਾਰਾ। ਬਹੁਰ ਧਨੁਖ ਤੋਰਜੋ ਧਰ ਡਾਰਾ।
ਕੁੰਚਰ ਖੂਨੀ ਦੰਤ ਉਖਾਰੇ। ਮੱਲ ਚੰਡੂਰ ਮੁਸ਼ਟ ਜਹਿਂ ਮਾਰੇ॥ ੧੯॥

ਜਿੱਥੇ ਕੰਸ ਦੀ ਇਕ ਦਾਸੀ ਜਿਹੜੀ ਕੁੱਬੀ ਸੀ ਜਦ ਕ੍ਰਿਸ਼ਨ ਨੂੰ ਮਿਲੀ ਸੀ ਤਾਂ ਕ੍ਰਿਸ਼ਨ ਜੀ ਨੇ ਉਸ ਦਾ ਕੁੱਬ ਦੂਰ ਕਰ ਦਿੱਤਾ ਸੀ। ਫਿਰ ਧਨੁੱਖ ਤੋੜ ਕੇ ਧਰਤੀ ਉੱਪਰ ਸੁੱਟ ਦਿੱਤਾ ਸੀ। ਜਿੱਥੇ ਖੂਨੀ ਹਾਥੀ ਦੇ ਦੰਦ ਉਖੇੜ ਦਿੱਤੇ ਸਨ ਤੇ ਜਿੱਥੇ ਚੰਡੂਰ ਨਾਮ ਦੇ ਇਕ ਪਹਿਲਵਾਨ ਨੂੰ ਕ੍ਰਿਸ਼ਨ ਨੇ ਮੁੱਕੀ ਮਾਰ ਕੇ ਮਾਰਿਆ ਸੀ, ਉਹ ਵੀ ਸਾਰੇ ਸਥਾਨ ਵੇਖੇ॥ ੧੯॥

ਕੰਸ ਦਮਦਮਾ ਬਹੁਰ ਨਿਹਾਰਾ। ਪਕਰਿ ਕੇਸ ਤੇ ਜਹਾਂ ਪਛਾਰਾ।
ਪੁਨ ਬਿਸਰਾਂਤ ਘਾਟ ਪਰ ਆਏ। ਦਿਯੋ ਦਾਨ ਦਿਜ ਤਹਿਂ ਸਮੁਦਾਏ॥ ੨੦॥

ਫਿਰ ਕ੍ਰਿਸ਼ਨ ਜੀ ਦਾ ਉਹ ਦਮਦਮੇ ਵਾਲਾ ਸਥਾਨ ਵੀ ਬਾਅਦ ਵਿਚ ਵੇਖਿਆ, ਜਿੱਥੇ ਕੰਸ ਨੂੰ ਕੇਸਾਂ ਤੋਂ ਫੜ ਕੇ ਪਿੱਛੇ ਸੁੱਟਿਆ ਸੀ। ਫਿਰ ਉਹ ਸਥਾਨ ਵੇਖਿਆ ਜਿਸ ਨੂੰ ਬਿਸਰਾਂਤ ਘਾਟ ਕਹਿੰਦੇ ਸਨ। ਉੱਥੇ ਕ੍ਰਿਸ਼ਨ ਜੀ ਕੰਸ ਨੂੰ ਮਾਰ ਕੇ ਆਰਾਮ ਕਰਨ ਵਾਸਤੇ ਬੈਠੇ ਸਨ। ਉੱਥੇ ਸਤਿਗੁਰੂ ਜੀ ਨੇ ਸਮੂਹ ਬ੍ਰਾਹਮਣਾਂ ਨੂੰ ਦਾਨ ਦਿੱਤਾ॥ ੨੦॥

ਸੂਰਜ ਤਨੁਜਾ ਤਟ ਸੁਭ ਹੇਰਾ। ਕਰਤਿ ਭਏ ਸਤਿਗੁਰ ਤਹਿਂ ਡੇਰਾ।
ਜਬਿ ਟਿਕ ਗਏ ਲੋਕ ਸਮੁਦਾਏ। ਪਲਵੰਗਮ ਗਨ ਕੂਦਤਿ ਆਏ॥ ੨੧॥

ਫਿਰ ਜਮਨਾ ਦਾ ਕਿਨਾਰਾ ਸ਼ੁਭ ਵੇਖਿਆ, ਸਤਿਗੁਰੂ ਜੀ ਨੇ ਉੱਥੇ ਆਪਣਾ ਡੇਰਾ ਲਾਇਆ ਸੀ। ਜਦ ਸਾਰੇ ਲੋਕ ਟਿਕ ਗਏ ਤਾਂ ਫਿਰ ਬਹੁਤ ਬਾਂਦਰ ਛਾਲਾਂ ਮਾਰਦੇ ਆਏ॥ ੨੧॥

ਇਤ ਉਤ ਬਿਚਰਤਿ ਚਪਲ ਬਿਸਾਲਾ। ਲਾਂਗੁਲ ਬੰਕ ਉਤੰਗਹਿ ਜਾਲਾ।
ਏਕ ਸਿੰਘ ਕੀ ਸਿਪਰ ਧਰੀ ਹੈ। ਬੰਦਰ ਪਹੁੰਚਿ ਸੁ ਗ੍ਰਹਿਣ ਕਰੀ ਹੈ॥੨੨॥

ਏਧਰ ਓਧਰ ਬੜੀ ਚੰਚਲਤਾ ਨਾਲ ਫਿਰਦੇ ਸਨ ਤੇ ਟੇਢੀਆਂ ਪੂਛਾਂ ਬੜੇ ਉਤਾਵਲੇ ਹੋ ਕੇ ਹਿਲਾਉਂਦੇ ਸਨ। ਇਕ ਸਿੰਘ ਦੀ ਉਥੇ ਢਾਲ ਪਈ ਸੀ। ਇਕ ਬਾਂਦਰ ਨੇ ਉਥੇ ਜਾ ਕੇ ਢਾਲ ਆਪਣੇ ਹੱਥ ਵਿਚ ਫੜ ਲਈ॥ ੨੨॥

ਲੇ ਕਰਿ ਚਢ੍ਯੋ ਤਰੋਵਰ ਧਾਇ। ਤੁਪਕ ਸਿੰਘ ਤਬਿ ਲਏ ਰਿਸਾਇ।
ਲਗ੍ਯੋ ਪ੍ਰਹਾਰਨ ਧਰਿ ਕਰਿ ਹਾਥ। ਬਰਜਨ ਕਰ੍ਯੋ ਤਬਹਿ ਗੁਰ ਨਾਥ॥੨੩॥

ਉਹ ਢਾਲ ਨੂੰ ਲੈ ਕੇ ਭੱਜ ਕੇ ਇਕ ਬ੍ਰਿੱਛ ਉੱਪਰ ਚੜ੍ਹ ਗਿਆ, ਫਿਰ ਸਿੰਘ ਨੇ ਗੁੱਸੇ ਵਿਚ ਆ ਕੇ ਬੰਦੂਕ ਫੜੀ। ਆਪਣੇ ਹੱਥ ਵਿਚ ਫੜ ਕੇ ਬੰਦੂਕ ਚਲਾਉਣ ਲੱਗਾ, ਪਰ ਸਤਿਗੁਰੂ ਜੀ ਨੇ ਬੰਦੂਕ ਚਲਾਉਣ ਤੋਂ ਰੋਕ ਦਿੱਤਾ॥ ੨੩॥

ਜਯੋਂ ਜਯੋਂ ਤਰੁ ਪਰ ਤੇ ਤਰੁ ਆਨ। ਧਰੇ ਢਾਲ ਕੂਦਤਿ ਬਲ ਠਾਨਿ।
ਤਯੋਂ ਤਯੋਂ ਸ੍ਰੀ ਪ੍ਰਭੁ ਬਹੁ ਬਿਕਸਾਵੈਂ। ਪੁਨ ਤਿਸ ਪੀਛੇ ਅਪਰ ਸਿਧਾਵੈਂ॥੨੪॥

ਜਿਵੇਂ-ਜਿਵੇਂ ਇਕ ਬ੍ਰਿਛ ਤੋਂ ਦੂਸਰੇ ਬ੍ਰਿਛ ਢਾਲ ਚੁੱਕ ਕੇ ਛਾਲ ਮਾਰ ਕੇ ਬੜੀ ਸ਼ਕਤੀ ਨਾਲ ਜਾਂਦਾ ਸੀ, ਤਿਵੇਂ-ਤਿਵੇਂ ਸਤਿਗੁਰੂ ਜੀ ਬਹੁਤ ਹੱਸਦੇ ਸਨ, ਫਿਰ ਉਸ ਬਾਂਦਰ ਦੇ ਪਿੱਛੇ ਹੋਰ ਬਾਂਦਰ ਚਲੇ ਜਾਂਦੇ ਸਨ॥ ੨੪॥

ਤਬਿ ਸਤਿਗੁਰ ਪਕਵਾਨ ਅਨਾਯੋ। ਮੋਦਿਕ ਆਦਿ ਜਿਤਿਕ ਮਨ ਭਾਯੋ।
ਸਭਿ ਕੀਸਨਿ ਕੇ ਅੱਗ੍ਰ ਪੁਵਾਯੋ। ਮਿਲੇ ਸੈਂਕਰੇ ਤਤਛਿਨ ਖਾਯੋ॥ ੨੫॥

ਤਦ ਸਤਿਗੁਰੂ ਜੀ ਨੇ ਪਕਵਾਨ ਮੰਗਵਾਇਆ, ਲੱਡੂ ਆਦਿ ਮਨ-ਭਾਉਂਦੇ ਪਦਾਰਥ ਮੰਗਵਾਏ ਤੇ ਸਾਰੇ ਬਾਂਦਰਾਂ ਦੇ ਅੱਗੇ ਪਵਾ ਦਿੱਤੇ। ਸਾਰਿਆਂ ਨੇ ਮਿਲ ਕੇ ਤੁਰਤ ਮਠਿਆਈਆਂ ਖਾ ਲਈਆਂ॥ ੨੫॥

ਕੋ ਚੀਕਤਿ, ਹੈਂ ਘੁਰਕਤਿ ਕੋਈ। ਆਪਸ ਬਿਖੈ ਭਿਰਤ ਕਪਿ ਤੇਈ।
ਦੰਤ ਨਿਕਾਸਹਿਂ ਸ਼੍ਰੋਨ ਦਬਾਵੈਂ। ਲੋਚਨ ਕ੍ਰੂਰ ਕਰਹਿਂ ਦਿਖਰਾਵੈਂ॥ ੨੬॥

ਕੋਈ ਬਾਂਦਰ ਚੀਕਦਾ ਹੈ, ਕੋਈ ਘੁਰਕਦਾ ਹੈ, ਕਈ ਆਪਸ ਵਿਚ ਭਿੜਦੇ ਸਨ। ਦੰਦ ਕੱਢਦੇ ਹਨ ਤੇ ਕੰਨ ਸੰਕੋਚਦੇ ਸਨ। ਤੇ ਕ੍ਰੂਰ ਅੱਖਾਂ ਕੱਢ ਕੇ ਵਿਖਾਉਂਦੇ ਸਨ॥ ੨੬॥

ਸਭਿ ਪਕਵਾਨ ਖਾਇ ਤਤਕਾਲਾ। ਭਏ ਬਟੋਰਨ ਕਪਿ ਕੁਲ ਜਾਲਾ।
ਤਬਹਿ ਸਿੰਘ ਨੇ ਪ੍ਰਭੁ ਸੋਂ ਕਹ੍ਯੋ। 'ਸਿਪਰ ਨ ਤਜੀ ਹਾਥ ਦ੍ਰਿਢ ਗਹ੍ਯੋ॥੨੭॥

ਸਾਰਿਆਂ ਨੇ ਤੁਰਤ ਪਕਵਾਨ ਖਾ ਲਿਆ, ਫਿਰ ਬਾਂਦਰਾਂ ਦੀ ਜਾਤ ਦੇ ਸਾਰੇ ਇਕੱਠੇ ਹੋਣ ਲੱਗੇ। ਤਦ ਉਸ ਸਿੰਘ ਨੇ ਸਤਿਗੁਰੂ ਜੀ ਨੂੰ ਕਿਹਾ, "ਬਾਂਦਰ ਨੇ ਢਾਲ ਨਹੀਂ ਛੱਡੀ ਹੈ, ਹੱਥ ਵਿਚ ਚੰਗੀ ਤਰ੍ਹਾਂ ਫੜੀ ਹੈ॥ ੨੭॥

ਦੈ ਹੌਂ ਤ੍ਰਾਸ ਕਿ ਤੁਪਕ ਪ੍ਰਹਾਰ। ਬਹੁਰ ਧਾਇ ਕਰਿ ਲੈ ਹੌਂ ਢਾਰ।
ਨਤੁ ਗਾਢੀ ਗਹਿ ਕੂਦ ਪਲਾਵਤਿ। ਇਕ ਤਰੁ ਤਜਿ ਦੂਸਰ ਪਰ ਜਾਵਤਿ'॥੨੮॥

ਮੈਂ ਇਸ ਨੂੰ ਡਰਾਉਂਦਾ ਹਾਂ ਜਾਂ ਬੰਦੂਕ ਦਾ ਵਾਰ ਕਰਦਾ ਹਾਂ, ਫਿਰ ਭੱਜ ਕੇ ਢਾਲ ਲੈ ਲਵਾਂਗਾ। ਨਹੀਂ ਤਾਂ ਚੰਗੀ ਤਰ੍ਹਾਂ ਫੜ ਕੇ ਛਾਲਾਂ ਮਾਰਦਾ ਭੱਜ ਜਾਵੇਗਾ। ਇਕ ਰੁੱਖ ਨੂੰ ਛੱਡ ਕੇ ਦੂਸਰੇ ਉੱਪਰ ਜਾਂਦੇ ਹਨ'॥ ੨੮॥

ਸੁਨਿ ਪ੍ਰਭੁ ਬਰਜ੍ਯੋ ਤੁਪਕ ਪ੍ਰਹਾਰਨਿ। ਆਪ ਬੋਲ ਦੇ ਕਰ੍ਯੋ ਹਕਾਰਨ।
ਸੁਨਿ ਪਿਖਿ ਕੈ ਪਲਵੰਗਮ ਆਯੋ। ਮੋਦਕ ਕਰ ਪਰ ਤੇ ਬਿਰਮਾਯੋ॥ ੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਬੰਦੂਕ ਦਾ ਵਾਰ ਕਰਨ ਤੋਂ ਰੋਕਿਆ। ਫਿਰ ਆਪ ਬੋਲ ਕੇ ਬਾਂਦਰ ਨੂੰ ਬੁਲਾਇਆ। ਸੁਣ ਕੇ ਅਤੇ ਵੇਖ ਕੇ ਬਾਂਦਰ ਆਇਆ। ਹੱਥ ਉੱਤੇ ਪਏ ਲੱਡੂ ਨੂੰ ਵੇਖ ਕੇ ਭਰਮ ਗਿਆ॥ ੨੯॥

ਸਿਪਰ ਧਰੀ ਸਤਿਗੁਰ ਕੇ ਆਗਾ। ਬੈਠਜੋ ਨਿਕਟ ਹੋਹਿ ਡਰ ਭਾਗਾ।
ਸਾਹਿਬ ਫੇਰਜੋ ਸਿਰ ਪਰ ਹਾਥ। ਪੁਨ ਹੁਇ ਨਿਕਟ ਨਿਵਾਯਹੁ ਮਾਥ॥ ੩੦॥

ਫਿਰ ਉਸ ਨੇ ਢਾਲ ਨੂੰ ਸਤਿਗੁਰੂ ਜੀ ਦੇ ਅੱਗੇ ਰੱਖਿਆ। ਸਤਿਗੁਰੂ ਜੀ ਦੇ ਪਾਸ ਬੈਠ ਗਿਆ ਤੇ ਡਰ ਕੇ ਭੱਜਿਆ ਨਹੀਂ। ਸਤਿਗੁਰੂ ਜੀ ਨੇ ਉਸ ਦੇ ਸਿਰ ਉੱਪਰ ਹੱਥ ਫੇਰਿਆ, ਫਿਰ ਉਸ ਨੇ ਨੇੜੇ ਹੋ ਕੇ ਮੱਥਾ ਨਿਵਾਇਆ॥ ੩੦॥

ਪੁਨ ਮੋਦਕ ਧਰਿ ਦੀਨਸਿ ਆਗਾ। ਲੇ ਕਰਿ ਸ਼ੀਘ੍ਰ ਫਾਂਦਤੇ ਭਾਗਾ।
ਸਿਪਰ ਸਿੰਘ ਨੇ ਸੋ ਗਹਿ ਲਈ। ਸਭਿਨਿ ਬਿਲੋਕਿ ਸੁਚੇਤੀ ਕਈ॥ ੩੧॥

ਫਿਰ ਲੱਡੂ ਉਸ ਦੇ ਅੱਗੇ ਧਰ ਦਿੱਤਾ, ਫਿਰ ਲੱਡੂ ਲੈ ਕੇ ਉਹ ਛਾਲਾਂ ਮਾਰਦਾ ਚਲੇ ਗਿਆ। ਉਸ ਸਿੰਘ ਨੇ ਆਪਣੀ ਢਾਲ ਫੜ ਲਈ। ਸਾਰੇ ਵੇਖ ਕੇ ਸੁਚੇਤ ਹੋ ਗਏ॥ ੩੧॥

ਨਿਜ ਨਿਜ ਵਸਤੁ ਸੰਭਾਰਨਿ ਕੀਨਿ। ਨਹੀਂ ਸਮੀਪ ਆਇਬੇ ਦੀਨ।
ਖਾਨ ਪਾਨ ਕਰਿ ਨਿਸਾ ਮਝਾਰਾ। ਸੌਚ ਸ਼ਨਾਨੇ ਪੁਨ ਭੁਨਸਾਰਾ॥ ੩੨॥

ਆਪਣੀਆਂ-ਆਪਣੀਆਂ ਵਸਤਾਂ ਸੰਭਾਲ ਲਈਆਂ, ਫਿਰ ਬਾਂਦਰਾਂ ਨੂੰ ਨੇੜੇ ਨਾ ਆਉਣ ਦਿੱਤਾ। ਖਾ ਪੀ ਰਾਤ ਨੂੰ ਸੌਂ ਗਏ। ਫਿਰ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ॥ ੩੨॥

ਕੂਚ ਕਰਜੋ ਹ੍ਵੈ ਕਰਿ ਸਵਧਾਨੇ। ਨਿਸ ਬਿਸਰਾਮੇ ਦਿਵਸ ਪਯਾਨੇ।
ਗਮਨਹਿਂ ਮਾਰਗ ਪ੍ਰਭੁ ਹਮੇਸ਼। ਚਢੈ ਖਾਲਸਾ ਸੰਗ ਅਸ਼ੇਸ਼॥ ੩੩॥

ਫਿਰ ਸਾਵਧਾਨ ਹੋ ਕੇ ਡੇਰਾ ਕੂਚ ਕੀਤਾ। ਰਾਤ ਨੂੰ ਵਿਸ਼ਰਾਮ ਕਰਦੇ ਸਨ ਤੇ ਦਿਨ ਸਮੇਂ ਚਲਦੇ ਸਨ। ਸਤਿਗੁਰੂ ਜੀ ਸਦਾ ਰਾਹੇ-ਰਾਹ ਚਲਦੇ ਜਾਂਦੇ ਸਨ। ਸਾਰੀ ਖਾਲਸਾ ਸੈਨਾ ਵੀ ਨਾਲ ਚਲਦੀ ਸੀ॥ ੩੩॥

ਇਕ ਦਿਨ ਚਲੇ ਜਾਹਿਂ ਗੁਰ ਮਾਰਗ। ਲਗੀ ਪਜਾਸ ਬੂਝਜੋ ਤਬਿ ਬਾਰਗ।
'ਗ੍ਰਾਮ ਹਿੰਦੂਅਨਿ ਦਿਜ ਗ੍ਰਿਹ ਰਹੈ। ਸੁੰਦਰ ਬਾਰਿ ਤਿਨਹੁਂ ਕੇ ਅਹੈ'॥ ੩੪॥

ਇਕ ਦਿਨ ਗੁਰੂ ਜੀ ਰਾਹੇ-ਰਾਹ ਚਲੇ ਜਾ ਰਹੇ ਸਨ, ਜਦ ਪਿਆਸ ਲੱਗੀ ਤਾਂ ਜਲ ਵਾਲੇ ਸਥਾਨ ਬਾਰੇ ਪੁੱਛਿਆ। ਕਿਸੇ ਨੇ ਦੱਸਿਆ ਕਿ "ਹਿੰਦੂਆਂ ਦਾ ਪਿੰਡ ਹੈ, ਇਕ ਬ੍ਰਾਹਮਣ ਦੇ ਘਰ ਸੁੰਦਰ ਪਾਣੀ ਹੈ"॥ ੩੪॥

ਤਬਿ ਇਕ ਸਿੰਘ ਤੁਰੰਗ ਧਵਾਇ। ਖੋਜਜੋ ਜਲ ਸੀਤਲ ਕਹੁ ਲਜਾਇ।
ਆਨਿ ਮਿਲਜੋ ਸਤਿਗੁਰੂ ਅਗਾਰੀ। ਬੂਝਜੋ 'ਕਿਸ ਕੇ ਗ੍ਰਿਹ ਕੋ ਬਾਰੀ ?'॥ ੩੫॥

ਤਦ ਇਕ ਸਿੰਘ ਘੋੜਾ ਭਜਾ ਕੇ ਗਿਆ ਤੇ ਲੱਭ ਕੇ ਠੰਡਾ ਪਾਣੀ ਲਿਆਇਆ। ਉਹ ਸਤਿਗੁਰੂ ਜੀ ਨੂੰ ਅਗੋਂ ਆ ਕੇ ਮਿਲਿਆ। ਗੁਰੂ ਜੀ ਪੁੱਛਣ ਲੱਗੇ, "ਕਿਸ ਦੇ ਘਰ ਦਾ ਪਾਣੀ ਹੈ ?"॥ ੩੫॥

ਹਾਥ ਜੋਰਿ ਕਰਿ ਸਿੰਘ ਬਤਾਯੋ। 'ਇਕ ਦਿਜਨੀ ਕੇ ਗ੍ਰਿਹ ਤੇ ਲਜਾਯੋ।
ਤਨੁਜਾ ਤਨੁਜ ਨ ਬਾਲਕ ਕੋਈ। ਯਾਂਤੇ ਸੁਚਿ ਏਕਲ ਰਹਿ ਸੋਈ'॥ ੩੬॥

ਹੱਥ ਜੋੜ ਕੇ ਸਿੰਘ ਨੇ ਦੱਸਿਆ, "ਇਕ ਬ੍ਰਾਹਮਣੀ ਦੇ ਘਰ ਤੋਂ ਪਾਣੀ ਲਿਆਇਆ ਹਾਂ। ਉਸ ਦੇ ਘਰ ਵਿਚ ਨਾ ਕੋਈ ਪੁੱਤਰ ਅਤੇ ਧੀ ਹੈ, ਇਕੱਲੀ ਇਕ ਬ੍ਰਾਹਮਣੀ ਰਹਿੰਦੀ ਹੈ, ਇਸ ਕਰਕੇ ਉਸ ਦੇ ਘਰ ਵਿਚ ਸੁਚਮ ਹੈ"॥ ੩੬॥

ਸੁਨਿ ਕਰਿ ਕਰ ਤੇ ਭਰਜੋ ਕਟੋਰਾ। ਗੇਰਿ ਦੀਨਿ ਤੂਰਨ ਧਰਿ ਓਰਾ।
ਦਯਾ ਸਿੰਧੁ ਬੋਲੇ ਜਲ ਡਾਰਿ। 'ਤਿਸ ਕੇ ਗ੍ਰਿਹ ਕੋ ਸੁੱਧ ਨ ਬਾਰਿ॥ ੩੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਪਾਣੀ ਨਾਲ ਭਰਿਆ ਹੋਇਆ ਕਟੋਰਾ ਧਰਤੀ ਉੱਪਰ ਤੁਰਤ ਡੋਹਲ ਦਿੱਤਾ, ਕਿਰਪਾ ਸਾਗਰ ਸਤਿਗੁਰੂ ਜੀ ਫਿਰ ਬੋਲੇ, "ਉਸ ਦੇ ਘਰ ਦਾ ਪਾਣੀ ਸ਼ੁੱਧ ਨਹੀਂ ਹੈ॥ ੩੭॥

ਏਕਲ ਕਹਾਂ ਸੌਚਤਾ ਧਰਨੀ। ਬਹੁਤੇ ਬਾਲ ਤਹਾਂ ਸੁਧਿ ਬਰਨੀ।
ਭਗਤਿ ਸ਼ੁੱਧ ਨਹਿਂ, ਸੁੱਧ ਆਚਾਰ। ਬਹੁਤੇ ਗ੍ਰਿਹਸਥੀ ਸੁੱਧ ਸੁ ਬਾਰਿ॥ ੩੮॥

ਇਕੱਲਾ ਵਿਅਕਤੀ ਕਿਵੇਂ ਸੁਚਮਤਾ ਧਾਰ ਸਕਦਾ ਹੈ, ਜਿੱਥੇ ਬਹੁਤ ਬਾਲਕ ਹੁੰਦੇ ਹਨ, ਉਥੇ ਦਾ ਪਾਣੀ ਹੀ ਸ਼ੁੱਧ ਹੁੰਦਾ ਹੈ। ਨਾ ਉਸਦੀ ਭਗਤੀ ਸ਼ੁੱਧ ਹੈ ਤੇ ਨਾ ਉਸਦਾ ਆਚਾਰ ਸ਼ੁੱਧ ਹੈ। ਜਿਸ ਗ੍ਰਹਿਸਤੀ ਦੇ ਬਹੁਤੇ ਬਾਲ ਹੋਣ, ਉਸ ਦਾ ਜਲ ਸ਼ੁੱਧ ਹੈ॥ ੩੮॥

ਸਦਨ ਸ਼ੁੱਧ ਗ੍ਰਿਹਸਤੀ ਜਹਿਂ ਬਹੁਤੇ। ਏਕਲ ਘਰ ਧ੍ਰਿਗ ਦੇਵ ਨ ਭੁਗਤੇ।
ਗ੍ਰਿਹਸਤੀ ਸੁਤ ਬਿਨ ਸ੍ਰਾਪਤਿ ਹੋਇ। ਆਗੈ ਭਾਗ ਨ ਦੇ ਹੈ ਕੋਇ॥ ੩੯॥

ਜਿੱਥੇ ਬਹੁਤ ਗ੍ਰਿਹਸਤੀ ਰਹਿੰਦੇ ਹਨ, ਉਹ ਘਰ ਸ਼ੁੱਧ ਹੈ। ਇਕੱਲੇ ਘਰ ਨੂੰ ਧਿਕਾਰ ਹੈ, ਜਿਸ ਘਰ ਦਾ ਅਨਾਜ ਦੇਵਤੇ ਵੀ ਨਹੀਂ ਖਾਂਦੇ ਹਨ। ਗ੍ਰਿਹਸਤੀ ਪੁੱਤਰ ਬਗੈਰ ਸਰਾਪਿਆ ਹੋਇਆ ਹੁੰਦਾ ਹੈ। ਅੱਗੇ ਜਾ ਕੇ ਕੋਈ ਭਾਗ ਨਹੀਂ ਦਿੰਦਾ ਹੈ॥ ੩੯॥

ਦੋਹਰਾ- ਸਾਧੂ ਏਕਾਕੀ ਭਲਾ, ਸੁੱਧ ਦੇਹ, ਮਨ ਸੁੱਧ।
ਗ੍ਰੇਹੀ ਬਹੁਤੇ ਸ਼ੁੱਧ ਘਰ ਸੁਚਿ ਤਨ ਮਨ ਔ ਬੁੱਧਿ॥ ੪੦॥

ਸਾਧੂ ਇਕੱਲਾ ਭਲਾ ਹੈ, ਸ਼ੁੱਧ ਉਸ ਦਾ ਸਰੀਰ ਹੁੰਦਾ ਹੈ ਤੇ ਸ਼ੁੱਧ ਉਸ ਦਾ ਮਨ ਹੁੰਦਾ ਹੈ। ਗ੍ਰਿਹਸਤੀ ਦਾ ਘਰ ਸ਼ੁੱਧ ਤਾਂ ਹੈ ਜੇ ਬਹੁਤੇ ਬਾਲਕ ਹੋਣ, ਉਸਦਾ ਤਨ ਮਨ ਬੁੱਧੀ ਸੁੱਚੇ ਹਨ'॥ ੪੦॥

ਚੌਪਈ- ਇਮ ਕਹਿ ਅਗਲੇ ਗ੍ਰਾਮ ਸਿਧਾਰੇ। ਹੇਰਿ ਕੂਪ ਤੇ ਨੀਰ ਨਿਕਾਰੇ।
ਧਰਜੋ ਕਟੋਰਾ ਪੀ ਤ੍ਰਿਪਤਾਏ। ਨਗਰ ਆਗਰੇ ਸਮੁਖ ਸਿਧਾਏ॥ ੪੧॥

ਇਸ ਪ੍ਰਕਾਰ ਕਹਿ ਕੇ ਅਗਲੇ ਪਿੰਡ ਚਲੇ ਗਏ, ਇਕ ਖੂਹ ਵੇਖ ਕੇ ਪਾਣੀ ਕੱਢਿਆ। ਇਕ ਕਟੋਰਾ ਪਾਣੀ ਦਾ ਪੀ ਕੇ ਤ੍ਰਿਪਤ ਹੋ ਗਏ ਤੇ ਫਿਰ ਆਗਰੇ ਨਗਰ ਦੇ ਸਾਹਮਣੇ ਪਹੁੰਚ ਗਏ॥ ੪੧॥

ਪੰਥ ਉਲੰਘਿ ਗਏ ਬਹੁਤੇਰਾ। ਜੋਜਨ ਚਲਨ ਰਹਜੋ ਲਖਿ ਨੇਰਾ।
ਡੇਰਾ ਕਰਜੋ ਥਾਨ ਸੁਠ ਹੇਰਾ। ਤ੍ਰਿਣ ਦਾਨਾ ਅਨਵਾਇ ਘਨੇਰਾ॥ ੪੨॥

ਬਹੁਤ ਲੰਮਾ ਪੈਂਡਾ ਤਹਿ ਕਰਕੇ ਗਏ ਸਨ। ਜਦ ਜੋਜਨ ਪੈਂਡਾ ਕਰਕੇ ਗਏ ਤਾਂ ਹਨੇਰਾ ਹੋਣ ਕਰਕੇ ਸੁੰਦਰ ਸਥਾਨ ਵੇਖ ਕੇ ਡੇਰਾ ਕੀਤਾ। ਘੋੜਿਆਂ ਵਾਸਤੇ ਘਾਹ ਅਤੇ ਦਾਣੇ ਬਹੁਤ ਮੰਗਵਾਏ॥ ੪੨॥

ਸੁਪਤਿ ਜਥਾ ਸੁਖ ਰਾਤਿ ਬਿਤਾਈ। ਨਗਰ ਆਗਰੇ ਸੁਧਿ ਚਲਿ ਆਈ।
'ਜਗਤ ਗੁਰੂ ਭਗਵਾਨ ਛਬੀਲਾ। ਦਾਸਨ ਕੋ ਸੁਖਦਾਨ ਹਠੀਲਾ॥ ੪੩॥

ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਆਗਰੇ ਨਗਰ ਵਿਚ ਵੀ ਇਹ ਖ਼ਬਰ ਪਹੁੰਚ ਗਈ, "ਜਗਤ ਗੁਰੂ ਜਿਹੜੇ ਛੈਲ ਛਬੀਲੇ ਭਗਵਾਨ ਹਨ, ਜਿਹੜੇ ਆਪਣੇ ਦਾਸਾਂ ਨੂੰ ਬਹੁਤ ਸੁਖ ਦਿੰਦੇ ਹਨ॥ ੪੩॥

ਕ੍ਰਿਪਾ ਕਰਤਿ ਸੋ ਅਬਿ ਚਲਿ ਆਏ। ਚਤੁਰ ਕੋਸ ਪਰ ਸਿਵਰ ਲਗਾਏ'।
ਮਹਿਮਾ ਜਾਨਤਿ ਜੌਨ ਬਿਸਾਲਾ। ਸੁਨਿ ਅਨੰਦ ਹੋਏ ਤਤਕਾਲਾ॥ ੪੪॥

ਉਹ ਕਿਰਪਾ ਕਰਦੇ ਹੁਣ ਚਲ ਕੇ ਆਏ ਹਨ ਤੇ ਚਾਰ ਕੋਹਾਂ ਉੱਪਰ ਉਨ੍ਹਾਂ ਡੇਰਾ ਕੀਤਾ ਹੈ। ਜਿਹੜੇ ਸਤਿਗੁਰੂ ਜੀ ਦੀ ਵਿਸ਼ਾਲ ਮਹਿਮਾ ਜਾਣਦੇ ਸਨ, ਉਹ ਸੁਣ ਕੇ ਤੁਰਤ ਪ੍ਰਸੰਨ ਹੋ ਗਏ॥ ੪੪॥

*ਪਹਿਲੇ ਐਨ ਦਾ ਪੰਜਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੫॥*

# ਅਧਿਆਇ ਛਤਾਲੀਵਾਂ

## ਖਾਨਖਾਨਾ ਨੂੰ ਸੁਖੀ ਕੀਤਾ, ਸ਼ਾਹ ਨਾਲ ਮੇਲ

ਦੋਹਰਾ- ਬਾਗ ਅਜਾਇਬ ਕੇ ਬਿਖੈ ਉਤਰਿ ਕੀਨਿ ਬਿੱਸ੍ਰਾਮ।
ਨਿਸ ਬਿਤਾਇ ਕਰਿ ਤਯਾਰ ਭੇ ਚਲਨ ਆਗਰੇ ਧਾਮ॥ ੧॥

ਅਜਾਇਬ ਬਾਗ਼ ਦੇ ਵਿਚ ਗੁਰੂ ਜੀ ਨੇ ਉਤਾਰਾ ਕਰਕੇ ਵਿਸ਼ਰਾਮ ਕੀਤਾ। ਰਾਤ ਬਤੀਤ ਕਰਕੇ ਆਗਰੇ ਵਲ ਚੱਲਣ ਲਈ ਤਿਆਰ ਹੋ ਗਏ॥ ੧॥

ਚੌਪਈ- ਹਯ ਅਰੋਹਿ ਕਰਿ ਸਤਿਗੁਰ ਚਾਲੇ। ਦੇਖਯੋ ਪੁਰਿ ਢਿਗ ਬਾਗ਼ ਬਿਸਾਲੇ।
ਉਤਰਿ ਤੁਰੰਗਮ ਦੀਏ ਲਗਾਇ। ਥਿਰ ਭੇ ਕੁਛ ਅਰਾਮ ਕੋ ਪਾਇ॥੨॥

ਘੋੜੇ ਉੱਪਰ ਸਵਾਰ ਹੋ ਕੇ ਸਤਿਗੁਰੂ ਜੀ ਚਲ ਪਏ, ਉਨ੍ਹਾਂ ਨੇ ਨਗਰ ਦੇ ਪਾਸ ਵੱਡੇ-ਵੱਡੇ ਬਾਗ਼ ਵੇਖੇ। ਘੋੜੇ ਤੋਂ ਉੱਤਰ ਕੇ ਉਸ ਨੂੰ ਬੰਨ੍ਹਵਾ ਦਿੱਤਾ ਤੇ ਕੁਝ ਦੇਰ ਬੈਠ ਕੇ ਆਰਾਮ ਕੀਤਾ॥ ੨॥

ਹੁਤੋ ਖਾਨ ਖਾਨਾ ਇਕ ਖਾਨ। ਭ੍ਰਾਤ ਨ ਅਕਬਰ ਕੋ, ਇਹ ਆਨ।
ਗੁਰ ਘਰ ਕੀ ਮਹਿਮਾ ਕੁਛ ਜਾਨੇ। ਗੁਰ ਆਗਵਨ ਸੁਨਯੋਂ ਤਿਸ ਕਾਨੇ॥੩॥

ਇਕ ਖਾਨਖਾਨਾ ਨਾਮ ਦਾ ਪਠਾਣ ਸੀ, ਇਹ ਅਕਬਰ ਦਾ ਭਰਾ ਨਹੀਂ ਸੀ, ਇਹ ਕੋਈ ਹੋਰ ਖਾਨਖਾਨਾ ਸੀ। ਉਹ ਗੁਰੂ ਘਰ ਦੀ ਕੁਝ ਮਹਿਮਾ ਜਾਣਦਾ ਸੀ। ਉਸ ਨੇ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੩॥

ਨਿਜ ਸਮੀਪ ਤੇ ਲੋਕ ਪਠਾਏ। ਪ੍ਰਭੁ ਢਿਗ ਪਹੁੰਚੇ ਬਿਨੈ ਸੁਨਾਏ।
'ਕਹਯੋ ਖਾਨ ਖਾਨਾ ਕਰ ਜੋਰਿ। 'ਦੀਜੈ ਦਰਸ ਆਇ ਇਤ ਓਰ' ॥੪॥

ਆਪਣੇ ਨੇੜੇ ਦੇ ਉਸ ਕੁਝ ਲੋਕ ਭੇਜੇ, 'ਸਤਿਗੁਰੂ ਜੀ ਪਾਸ ਪਹੁੰਚ ਕੇ ਖਾਨਖਾਨਾ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਇਸ ਪਾਸੇ ਆ ਕੇ ਦਰਸ਼ਨ ਦੇਵੋ'' ॥ ੪॥

ਡੇਰੇ ਸਹਿਤ ਅਵਾਹਨ ਕਰੇ। ਚਢੀਅਹਿ ਪ੍ਰਭੁ ! ਸੁਖ ਬਹੁ ਉਤ ਥਿਰੇ।
ਕਰਹੁ ਅਰਾਮ ਤਹਾਂ ਚਲਿ ਘਨੇ। ਇੱਤਯਾਦਿਕ ਤੁਮ ਸੋਂ ਬਚ ਭਨੇ' ॥ ੫॥

ਡੇਰੇ ਸਹਿਤ ਆ ਜਾਵੋ, ਹੇ ਸਤਿਗੁਰੂ ਜੀ ! ਓਧਰ ਠਹਿਰ ਕੇ ਬਹੁਤ ਸੁਖ ਪਾਵੋ। ਉਧਰ ਚਲ ਕੇ ਆਰਾਮ ਕਰੋ, ਇਸ ਪ੍ਰਕਾਰ ਆਪ ਜੀ ਨੂੰ ਕਿਹਾ ਹੈ' ॥ ੫॥

ਸ੍ਰੀ ਗੁਰ ਸੁਨਿ ਕਰਿ ਭੇ ਅਸਵਾਰ। ਸਿੰਘ ਸੰਗ ਸਭਿ ਸ਼ਸਤ੍ਰਨਿ ਧਾਰਿ।
ਲਸ਼ਕਰ ਬਾਦਸ਼ਾਹੁ ਬਹੁਤੇਰਾ। ਗਹਰਾ ਬਾਗ ਅਜਬ ਇਕ ਹੇਰਾ॥ ੬॥

ਸਤਿਗੁਰੂ ਜੀ ਬੇਨਤੀ ਸੁਣ ਕੇ ਘੋੜੇ ਉੱਪਰ ਸਵਾਰ ਹੋ ਗਏ ਤੇ ਸਾਰੇ ਸਿੰਘ ਸ਼ਸਤਰ ਧਾਰ ਕੇ ਨਾਲ ਚਲ ਪਏ। ਓਧਰ ਬਾਦਸ਼ਾਹ ਦਾ ਬਹੁਤ ਲਸ਼ਕਰ ਫਿਰ ਰਿਹਾ ਸੀ। ਇਕ ਬੜਾ ਡੂੰਘਾ ਅਜੀਬ ਬਾਗ਼ ਵੇਖਿਆ॥ ੬॥

ਭਏ ਪ੍ਰਵੇਸ਼ ਤਿਸੀ ਮਹਿਂ ਜਾਇ। ਹੁਤੋ ਖਾਨ ਖਾਨਾ ਤਿਸ ਥਾਇਂ।
ਸੁਨਯੋ ਕਾਨ ਤਿਨ ਗੁਰ ਆਗਵਨੂ। ਚਲਯੋ ਤੁਰਤ ਆਗੇ ਤਜਿ ਭਵਨੂ॥੭॥

ਸਤਿਗੁਰੂ ਜੀ ਉਸੇ ਬਾਗ਼ ਵਿਚ ਪ੍ਰਵੇਸ਼ ਕਰ ਗਏ। ਖਾਨਖਾਨਾਂ ਵੀ ਉਥੇ ਲਾਗੇ ਹੀ ਰਹਿੰਦਾ ਸੀ। ਉਸ ਨੇ ਜਦ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਤੁਰਤ ਘਰ ਛੱਡ ਕੇ ਅੱਗੇ ਚਲ ਪਿਆ॥ ੭॥

ਪਗ ਪੰਕਜ ਪਰਸੇ ਤਬਿ ਜਾਇ। ਬਿਨਤੀ ਬੋਲਯੋ ਸੀਸ ਟਿਕਾਇ।
'ਜਾਨਿ ਆਪਨੋ ਦਰਸ਼ਨ ਦੀਨ। ਕ੍ਰਿਪਾ ਧਾਰਿ ਸੁ ਕ੍ਰਿਤਾਰਥ ਕੀਨ'॥ ੮॥

ਫਿਰ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ ਤੇ ਸਿਰ ਟਿਕਾ ਕੇ ਬੋਲਿਆ, "ਤੁਸੀਂ ਆਪਣਾ ਜਾਣ ਕੇ ਮੈਨੂੰ ਦਰਸ਼ਨ ਦਿੱਤੇ ਹਨ ਤੇ ਕਿਰਪਾ ਧਾਰ ਕੇ ਮੇਰੇ ਉੱਪਰ ਕ੍ਰਿਤਾਰਥ ਕੀਤਾ ਹੈ"॥ ੮॥

ਨਿਜ ਕਰ ਤੇ ਗੁਰ ਥਾਪੀ ਦਈ। ਖੁਸ਼ੀ ਅਧਿਕ ਤਿਸ ਪਰ ਗੁਰ ਕਈ।
ਹਾਥ ਜੋਰਿ ਤਬਿ ਬਿਨੈ ਬਖਾਨੀ। 'ਮਮ ਸਰੀਰ ਮਹਿਂ ਬ੍ਰਿਥਾ ਮਹਾਨੀ॥ ੯॥

ਗੁਰੂ ਜੀ ਨੇ ਫਿਰ ਆਪਣੇ ਹੱਥ ਨਾਲ ਉਸ ਨੂੰ ਥਾਪੀ ਦਿੱਤੀ ਤੇ ਗੁਰੂ ਜੀ ਨੇ ਉਸ ਉੱਪਰ ਬਹੁਤ ਖੁਸ਼ੀ ਕੀਤੀ। ਹੱਥ ਜੋੜ ਕੇ ਫਿਰ ਉਸ ਨੇ ਬੇਨਤੀ ਕੀਤੀ, "ਮੇਰੇ ਸਰੀਰ ਵਿਚ ਬਹੁਤ ਪੀੜ ਰਹਿੰਦੀ ਹੈ॥ ੯॥

ਰਾਵਰ ਕੀ ਕਰੁਨਾ ਤੇ ਜਾਇ। ਰਹੌਂ ਪ੍ਰਤੀਖਤ ਮੈਂ ਚਿਤ ਲਾਇ'।
ਸੁਨਿ ਗੁਰ ਕਹਯੋ 'ਨ ਅਬਿ ਇਹ ਰਹੈ। ਹਮ ਸੋਂ ਮਿਲਨਿ ਅੰਤ ਇਹ ਅਹੈ॥੧੦॥

ਇਹ ਪੀੜ ਆਪ ਜੀ ਦੀ ਕਿਰਪਾ ਨਾਲ ਜਾਵੇਗੀ, ਮੈਂ ਬਹੁਤ ਦੇਰ ਦਾ ਚਿੱਤ ਲਾ ਕੇ ਆਪ ਜੀ ਦਾ ਇੰਤਜ਼ਾਰ ਕਰਦਾ ਰਿਹਾ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੁਣ ਇਹ ਨਹੀਂ ਰਹੇਗੀ, ਸਾਡੇ ਨਾਲ ਮਿਲਣ ਤੇ ਹੀ ਇਸ ਦਾ ਅੰਤ ਹੋ ਗਿਆ ਹੈ॥ ੧੦॥

ਨਿਤ ਪ੍ਰਤਿ ਦੇਹੁ ਛੁਧਨਿ ਆਹਾਰ। ਬਚ ਦੁਰਾਇ ਕਰਿ ਇਕ ਦੀਨਾਰ।
ਜਾਂਤੇ ਬਿਦਤਹਿ ਅਧਿਕ ਜਹਾਨ। ਚਲਹਿ ਕਹਾਨੀ ਏਵ ਮਹਾਨ॥ ੧੧॥

ਨਿਤਾਪ੍ਰਤੀ ਭੁਖਿਆਂ ਨੂੰ ਭੋਜਨ ਦੇਵੇ ਤੇ ਲੁਕਾ ਕੇ ਇਕ ਦੀਨਾਰ ਦੇਵੇ। ਜਿਸ ਕਰਕੇ ਜਹਾਨ ਵਿਚ ਬਹੁਤ ਪ੍ਰਸਿੱਧੀ ਪ੍ਰਗਟ ਹੋਵੇਗੀ ਤੇ ਇਸ ਪ੍ਰਕਾਰ ਮਹਾਨ ਕਹਾਣੀ ਚਲੇਗੀ॥ ੧੧॥

ਸਾਧੁ ਸਾਧੁ ਸਾਧੂ ਖਨ ਖਾਨਾ। ਤੇਰੇ ਖਾਨੇ ਬਿਖੈ ਬੁਤਾਨਾ'।
ਇਹ ਗੁਰਵਾਕ ਬਿਦਤ ਹੈ ਅਬਿ ਲੌ। ਪੰਨਜਾਤਮ ਕੋ ਜਸੁ ਰਹਿ ਜਬਿ ਲੌਂ॥੧੨॥

ਸ਼ਾਬਾਸ਼ ਸ਼ਾਬਾਸ਼ ਸਾਧੂ ਖਾਨਖਾਨਾ, ਤੇਰੇ ਖਾਨੇ ਵਿਚ ਬੁਤਕੀ ਹੈ"। ਇਹ ਗੁਰਵਾਕ ਹੁਣ ਤਕ ਮਸ਼ਹੂਰ ਹੈ, ਜਦ ਤਕ ਪ੍ਰਿਥਵੀ ਹੈ ਤਦ ਤਕ ਇਹ ਜੱਸ ਰਹੇਗਾ॥ ੧੨॥

*ਨੋਟ : ਬੁਤਕੀ ਇਕ ਮੁਹਰ ਤੋਂ ਛੋਟੀ ਹੁੰਦੀ ਹੈ। ਪਸ਼ੌਰ ਵਿਚ ਰੂਸ ਆਦਿ ਤੋਂ ਬੁਤਕੀਆਂ ਆਉਂਦੀਆਂ ਅਤੇ ਅੱਗੇ ਵਿਕਦੀਆਂ ਸਨ। ਇਸ ਦੇ ਇਕ ਪਾਸੇ ਮੂਰਤ ਹੁੰਦੀ ਸੀ। ਬੁਤਕੀਆਂ ਦਾ ਗਹਿਣਾ ਆਮ ਪੰਜਾਬੀ ਲੋਕ ਧਾਗੇ ਵਿਚ ਪਰੋ ਕੇ ਪਹਿਨਦੇ ਸਨ।*

ਪੀਰ ਮਿਟੀ ਪਿਖਿ ਨਿਜ ਕੱਲਜਾਨ। ਪ੍ਰਭੁ ਕੋ ਆਦਰ ਕੀਨਿ ਮਹਾਨ।
ਲਏ ਉਤਾਰ ਕੀਨਿ ਬਹੁ ਸੇਵਾ। ਜਿਸ ਤੇ ਭਏ ਪ੍ਰਸੰਨ ਗੁਰ ਦੇਵਾ॥ ੧੩॥

ਖਾਨਖਾਨਾ ਦੀ ਪੀੜ ਜਾਂਦੀ ਰਹੀ। ਆਪਣਾ ਨਿਜੀ ਕਲਿਆਨ ਵੇਖ ਕੇ ਉਸ ਸਤਿਗੁਰੂ ਜੀ ਦਾ ਬਹੁਤ ਆਦਰ ਕੀਤਾ। ਸਤਿਗੁਰੂ ਜੀ ਨੂੰ ਉਥੇ ਉਤਾਰ ਲਿਆ ਤੇ ਬਹੁਤ ਸੇਵਾ ਕੀਤੀ, ਜਿਸ ਤੋਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥ ੧੩॥

ਤਿਸ ਤੇ ਬਿਦਾ ਹੋਇ ਥਲ ਓਰ। ਸਿਵਰ ਕਰਯੋ ਸੋਢੀ ਸਿਰਮੌਰ।
ਖਾਨ ਪਾਨ ਹਿਤ ਸਭਿ ਕਿਛ ਲਯਾਏ। ਕਰਯੋ ਅਰਾਮ ਸਿੰਘ ਸਮੁਦਾਏ॥੧੪॥

ਉਸ ਪਾਸੋਂ ਵਿਦਾ ਹੋ ਕੇ ਸਤਿਗੁਰੂ ਕਿਸੇ ਹੋਰ ਸਥਾਨ ਵਿਖੇ ਚਲੇ ਗਏ ਤੇ ਸੋਢੀ ਸ਼ਿਰੋਮਣੀ ਨੇ ਆਪਣਾ ਡੇਰਾ ਕੀਤਾ। ਖਾਣ ਪੀਣ ਵਾਸਤੇ ਸਭ ਕੁਝ ਲਿਆਏ, ਫਿਰ ਸਾਰੇ ਸਿੰਘਾਂ ਨੇ ਆਰਾਮ ਕੀਤਾ॥ ੧੪॥

ਬਰਖਾ ਸਹਿਤ ਘਟਾ ਬਡਿ ਆਈ। ਪਰੈ ਨੀਰ ਧਰ ਪਰ ਅਧਿਕਾਈ।
ਗੁਰ ਆਗਵਨ ਜਾਨਿ ਕਰਿ ਮਾਨੋ। ਇੰਦ੍ਰ ਕਰੈ ਛਿਰਕਾਵ ਮਹਾਨੋ॥ ੧੫॥

ਫਿਰ ਵਰਖਾ ਸਹਿਤ ਵੱਡੀ ਘਟਾ ਚੜ੍ਹ ਕੇ ਆਈ ਤੇ ਧਰਤੀ ਉੱਪਰ ਬਹੁਤ ਪਾਣੀ ਡਿੱਗ ਰਿਹਾ ਸੀ। ਮਾਨੋ ਗੁਰੂ ਜੀ ਦਾ ਆਉਣਾ ਜਾਣ ਕੇ ਇੰਦਰ ਮਹਾਨ ਛਿੜਕਾਅ ਕਰ ਰਿਹਾ ਸੀ॥ ੧੫॥

ਇਸੀ ਪ੍ਰਕਾਰ ਭਈ ਭੁਨਸਾਰਾ। ਸੁੰਦਰ ਤਰੁਵਰ ਬਾਗ ਨਿਹਾਰਾ।
ਸਦਨ ਸੁਹਾਵਨ ਹੈ ਜਿਸ ਮਾਂਹੀ। ਸਿਵਰ ਉਚਿਤ ਜਾਨਤਿ ਭੇ ਤਾਂਹੀ॥ ੧੬॥

ਇਸੇ ਪ੍ਰਕਾਰ ਫਿਰ ਸੂਰਜ ਦੇ ਨਿਕਲਣ ਦਾ ਸਮਾਂ ਹੋ ਗਿਆ। ਸੁੰਦਰ ਦਰੱਖਤਾਂ ਵਾਲਾ ਬਾਗ਼ ਵੇਖਿਆ। ਉਸ ਬਾਗ਼ ਵਿਚ ਇਕ ਸੁਹਾਵਣਾ ਘਰ ਬਣਿਆ ਹੋਇਆ ਸੀ। ਉਥੇ ਡੇਰਾ ਕਰਨਾ ਉਚਿਤ ਜਾਣਿਆ॥ ੧੬॥

ਤਿਸ ਮਹਿਂ ਤਤਛਿਨ ਉਤਰੇ ਜਾਇ। ਸਿੰਘ ਸੰਗ ਜੇਤਿਕ ਸਮੁਦਾਇ।
ਦੇ ਦੇ ਆਇਸੁ ਥਾਨ ਬਤਾਏ। ਜਥਾ ਜੋਗ ਕਹਿ ਕਹਿ ਉਤਰਾਏ॥ ੧੭॥

ਉਸ ਵਿਚ ਜਾ ਕੇ ਤੁਰਤ ਉਤਾਰਾ ਕੀਤਾ, ਸਾਰੇ ਸਿੰਘ ਵੀ ਉਥੇ ਹੀ ਚਲੇ ਗਏ। ਆਗਿਆ ਦੇ ਦੇ ਕੇ ਸਥਾਨ ਦੱਸਦੇ ਸਨ ਤੇ ਯਥਾ-ਯੋਗ ਕਹਿ-ਕਹਿ ਸਾਰਿਆਂ ਦਾ ਉਤਾਰਾ ਕਰਵਾਇਆ॥ ੧੭॥

ਬੰਟਿ ਜਥੋਚਿਤ ਥਾਨ ਮਹਾਨੇ। ਉਤਰਿ ਖਾਲਸੇ ਸਭਿ ਸੁਖ ਠਾਨੇ।
ਇਕ ਦੁਇ ਦਿਵਸ ਕਰੇ ਬਿਸਰਾਮੂ। ਕਿਤਿਕ ਆਨਿ ਦਰਸਹਿਂ ਸੁਖ ਧਾਮੂ॥੧੮॥

ਮਹਾਨ ਸਥਾਨ ਨੂੰ ਆਪਣੇ ਚਿੱਤ ਅਨੁਸਾਰ ਵੰਡ ਕੇ, ਖਾਲਸੇ ਨੇ ਸਭ ਪ੍ਰਕਾਰ ਦੇ ਸੁਖ ਪਾਏ। ਇਕ ਦੋ ਦਿਨ ਉਥੇ ਵਿਸ਼ਰਾਮ ਕੀਤਾ। ਕਈ ਆ ਕੇ ਸੁਖਾਂ ਦੇ ਘਰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੧੮॥

ਸੁਧ ਤਬਿ ਸੁਨੀ ਬਹਾਦਰ ਸ਼ਾਹੂ। 'ਗੁਰ ਆਗਵਨ ਭਯੋ ਹਮ ਪਾਹੂ'।
ਹਰਖਯੋ ਤਤਛਿਨ ਪਠਿ ਉਮਰਾਊ। ਆਇ ਭੇਟ ਧਰਿ ਪਰਸੇ ਪਾਊ॥ ੧੯॥

ਫਿਰ ਬਹਾਦਰ ਸ਼ਾਹ ਨੇ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਸੁਣੀ, "ਗੁਰੂ ਜੀ ਸਾਡੇ ਪਾਸ ਆ ਗਏ ਹਨ।" ਉਹ ਤੁਰਤ ਬਹੁਤ ਖੁਸ਼ ਹੋਇਆ ਤੇ ਉਸ ਨੇ ਇਕ ਉਮਰਾਵ ਭੇਜਿਆ। ਉਸ ਨੇ ਆ ਕੇ ਭੇਟਾ ਧਰ ਕੇ ਚਰਨ ਕੰਵਲਾਂ ਨੂੰ ਪਰਸਿਆ॥ ੧੯॥

'ਪਾਤਿਸ਼ਾਹੁ ਨੇ ਮੋਹਿ ਪਠਾਵਾ। ਜਬਿ ਆਵਨ ਤੁਮਰੋ ਸੁਨਿ ਪਾਵਾ।
ਦਰਸ਼ਨ ਰਾਵਰ ਕੋ ਅਭਿਲਾਖੇ। ਕਰਹੁ ਮੇਲ ਬਹੁ ਬਿਨਤੀ ਭਾਖੇ'॥ ੨੦॥

ਉਮਰਾਵ ਨੇ ਆ ਕੇ ਕਿਹਾ, "ਬਾਦਸ਼ਾਹ ਨੇ ਮੈਨੂੰ ਭੇਜਿਆ ਹੈ, ਜਦ ਤੁਹਾਡੇ ਆਉਣ ਬਾਰੇ ਸੁਣਿਆ। ਉਨ੍ਹਾਂ ਨੂੰ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਹੈ, ਹੁਣ ਉਨ੍ਹਾਂ ਨਾਲ ਮੇਲ ਕਰੋ, ਉਨ੍ਹਾਂ ਨੇ ਬਹੁਤ ਬੇਨਤੀ ਕੀਤੀ ਹੈ"॥ ੨੦॥

ਸਭਿ ਸਿੰਘਨ ਪ੍ਰਤਿ ਹੁਕਮ ਉਚਾਰਾ। 'ਜ਼ੀਨ ਪਾਇ ਹਯ ਕੀਜਹਿ ਤਯਾਰਾ'।
ਸੁਨਿ ਸਤਿਗੁਰ ਤੇ ਸ਼ਸਤ੍ਰ ਸਜਾਏ। ਅੱਸ੍ਵ ਅਰੂਢਿ ਹੋਇ ਢਿਗ ਆਇ॥ ੨੧॥

ਸਤਿਗੁਰੂ ਜੀ ਨੇ ਫਿਰ ਸਭ ਸਿੰਘਾਂ ਨੂੰ ਹੁਕਮ ਕੀਤਾ, "ਘੋੜਿਆਂ ਉੱਪਰ ਕਾਠੀਆਂ ਪਾ ਕੇ ਉਨ੍ਹਾਂ ਨੂੰ ਤਿਆਰ ਕਰੋ।" ਸਤਿਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਨੇ ਸ਼ਸਤਰ ਸਜਾਏ ਤੇ ਘੋੜਿਆਂ ਉੱਪਰ ਸਵਾਰ ਹੋ ਕੇ ਗੁਰੂ ਜੀ ਪਾਸ ਆਏ॥ ੨੧॥

ਸ੍ਰੀ ਪ੍ਰਭੁ ਬਸਤ੍ਰ ਸਜਾਯਹੁ ਜਾਮਾ। ਪਹਿਰਿ ਬਿਭੂਖਨ ਸਨ ਅਭਿਰਾਮਾ।
ਕਲਗੀ ਜਿਗਾ ਝੂਲਤੀ ਮਾਥੇ। ਮੁਕਤਾ ਹੀਰੇ ਚਮਕਤਿ ਸਾਥੇ॥ ੨੨॥

ਸਤਿਗੁਰੂ ਨੇ ਵਸਤਰ ਵਜੋਂ ਆਪਣੇ ਸਰੀਰ ਉੱਪਰ ਜਾਮਾ ਸਜਾਇਆ ਤੇ ਉਸ ਨਾਲ ਬਹੁਤ ਸੁੰਦਰ ਗਹਿਣੇ ਪਹਿਣੇ। ਮੱਥੇ ਉੱਪਰ ਕਲਗੀ ਅਤੇ ਜਿਗਾ ਝੂਲਦੀ ਸੀ ਤੇ ਉਸ ਦੇ ਨਾਲ ਲੱਗੇ ਹੋਏ ਹੀਰੇ ਮੋਤੀ ਚਮਕਦੇ ਸਨ॥ ੨੨॥

ਖੜਗ ਗਾਤਰੇ ਸੁਭਤਿ ਬਿਸਾਲਾ। ਕਟ ਨਿਖੰਗ ਸਰ ਖਰ ਭਰਿ ਜਾਲਾ।
ਊਪਰ ਕਸਜੋ ਦੁਕੂਲ ਸੁਹਾਵੈ। ਹਾਥ ਸਰਾਸਨ ਬਹੁ ਛਬਿ ਪਾਵੈ॥ ੨੩॥

ਗਾਤਰੇ ਵਿਚ ਤਲਵਾਰ ਬਹੁਤ ਸ਼ੋਭ ਰਹੀ ਸੀ। ਤੀਰਾਂ ਦਾ ਭਰਿਆ ਹੋਇਆ ਭੱਥਾ ਲੱਕ ਨਾਲ ਬੰਨ੍ਹਿਆ ਸੀ। ਉਸ ਉੱਪਰ ਕੱਸਿਆ ਹੋਇਆ ਰੇਸ਼ਮੀ ਕੱਪੜਾ ਸ਼ੋਭ ਰਿਹਾ ਸੀ। ਹੱਥ ਵਿਚ ਫੜਿਆ ਹੋਇਆ ਧਨੁੱਖ ਬਾਣ ਬਹੁਤ ਸ਼ੋਭਾ ਪਾ ਰਿਹਾ ਸੀ॥ ੨੩॥

ਚਢਿ ਤੁਰੰਗ ਚਾਲੇ ਤਤਕਾਲਾ। ਸੰਗ ਖਾਲਸਾ ਸ਼ੋਭ ਬਿਸਾਲਾ।
ਜਹਾਂ ਹੁਤੇ ਪਤਿਸ਼ਾਹੀ ਮੰਦਿਰ। ਗਨ ਸੁੰਦਰ ਕੇ ਬੈਠਜੋ ਅੰਦਰ॥ ੨੪॥

ਸਤਿਗੁਰੂ ਜੀ ਘੋੜੇ ਉੱਪਰ ਚੜ੍ਹ ਕੇ ਤੁਰਤ ਚਲ ਪਏ। ਉਨ੍ਹਾਂ ਦੇ ਨਾਲ ਖਾਲਸਾ ਵਿਸ਼ਾਲ ਸ਼ੋਭਾ ਪਾ ਰਿਹਾ ਸੀ। ਜਿੱਥੇ ਬਾਦਸ਼ਾਹੀ ਮਹਿਲ ਸਨ, ਉਸ ਸੁੰਦਰ ਮਹਿਲਾਂ ਵਿਚ ਬਾਦਸ਼ਾਹ ਬੈਠਾ ਸੀ॥ ੨੪॥

ਸਿੰਘਨ ਪ੍ਰਤਿ ਪ੍ਰਭੁ ਹੁਕਮ ਬਖਾਨਾ। 'ਥਿਰੀਯਹਿ ਚਢੇ ਹਯਨਿ ਇਸ ਥਾਨਾ'।
ਸਾਹਿਬ ਸਿੰਘ ਸੰਗ ਲੇ ਸਾਹਿਬ। ਭਏ ਪ੍ਰਵੇਸ਼ ਬਿਲੋਕਿ ਅਜਾਇਬ॥ ੨੫॥

ਸਿੰਘਾਂ ਬਾਰੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਇਸ ਥਾਂ ਘੋੜਿਆਂ ਉੱਪਰ ਚੜ੍ਹੇ ਹੀ ਖੜੇ ਰਹੋ।" ਸਤਿਗੁਰੂ ਜੀ ਸਾਹਿਬ ਸਿੰਘ ਨੂੰ ਆਪਣੇ ਨਾਲ ਲੈ ਕੇ ਅਸਚਰਜ ਮਹਿਲ ਦੇ ਅੰਦਰ ਦਾਖਲ ਹੋ ਗਏ॥ ੨੫॥

ਕੁਛ ਥੋਰੇ ਉਮਰਾਵਨ ਮਾਂਹੂ। ਬੈਠਜੋ ਹੁਤੋ ਬਹਾਦੁਰ ਸ਼ਾਹੂ।
ਸੂਰਜ ਸਮ ਸਤਿਗੁਰ ਕੋ ਦੇਖਾ। ਕਮਲ ਬਿਲੋਚਨ ਖਿਰੇ ਵਿਸ਼ੇਖਾ॥ ੨੬॥

ਕੁਝ ਥੋੜੇ ਉਮਰਾਵਾਂ ਵਿਚ ਬਹਾਦਰ ਸ਼ਾਹ ਬੈਠਾ ਹੋਇਆ ਸੀ। ਸੂਰਜ ਸਮਾਨ ਜਦ ਸਤਿਗੁਰੂ ਜੀ ਨੂੰ ਵੇਖਿਆ, ਤਾਂ ਬਹਾਦਰ ਸ਼ਾਹ ਦੇ ਕੰਵਲ ਨੈਣ ਵਿਸ਼ਾਲ ਖਿੜ ਗਏ॥ ੨੬॥

ਉਠਿ ਕਰਿ ਤੁਰਤ ਸਮੀਪੀ ਆਯੋ। ਦ੍ਵੈ ਹਾਥਨ ਦ੍ਵੈ ਚਰਨ ਲਗਾਯੋ।
ਸ੍ਰੀ ਪ੍ਰਭੁ ਕ੍ਰਿਪਾ ਦ੍ਰਿਸ਼ਟਿ ਕਰਿ ਹੇਰਾ। ਥਾਪੀ ਦਈ ਕੰਡ ਤਿਸ ਬੇਰਾ॥ ੨੭॥

ਬਾਦਸ਼ਾਹ ਤੁਰਤ ਉੱਠ ਕੇ ਪਾਸ ਆਇਆ ਤੇ ਦੋਵੇਂ ਹੱਥ ਦੋਹਾਂ ਚਰਨਾਂ ਨੂੰ ਲਾਏ। ਸਤਿਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਬਾਦਸ਼ਾਹ ਦੀ ਕੰਡ ਉੱਪਰ ਥਾਪੀ ਦਿੱਤੀ॥ ੨੭॥

'ਸੁਖ ਸੋਂ ਭੁਗਤਹੁ ਬਡਿ ਪਤਿਸ਼ਾਹੀ। ਬਿਨਸੀ ਪ੍ਰਥਮ ਦਈ ਤੁਵ ਪਾਹੀ।
ਜਬਿ ਲੌ ਤੋਹਿ ਆਰਬਲ ਤਨ ਕੀ। ਪੁਰਹੁ ਅਨੰਦਤਿ ਬਾਂਛਾ ਮਨ ਕੀ' ॥੨੮॥

ਫਿਰ ਸਤਿਗੁਰੂ ਜੀ ਨੇ ਫੁਰਮਾਇਆ, "ਇਸ ਵੱਡੀ ਪਾਤਿਸ਼ਾਹੀ ਨੂੰ ਸੁਖ ਨਾਲ ਭੋਗੋ। ਪਹਿਲਾਂ ਚਲੇ ਗਈ ਹੋਈ ਪਾਤਸ਼ਾਹੀ ਤੈਨੂੰ ਦਿੱਤੀ ਹੈ। ਜਦ ਤਕ ਤੇਰੇ ਸਰੀਰ ਦੀ ਉਮਰ ਹੈ ਤਦ ਤਕ ਆਪਣੇ ਮਨ ਦੀਆਂ ਅਨੰਦਮਈ ਇੱਛਾਂ ਪੂਰੀਆਂ ਕਰੋ"॥ ੨੮॥

ਚੰਦਨ ਚੌਂਕੀ ਸੁਜਨਿ ਡਸਾਈ। ਤਿਸ ਪਰ ਸਤਿਗੁਰ ਲਏ ਬਿਠਾਈ।
ਹਾਥ ਜੋਰਿ ਬਹੁ ਬਿਨੈ ਬਖਾਨੀ। 'ਤੁਮ ਸਹਾਇਤਾ ਮੈਂ ਸਭਿ ਜਾਨੀ॥ ੨੯॥

ਬਾਦਸ਼ਾਹ ਨੇ ਚੰਦਨ ਦੀ ਚੌਕੀ ਕਢਾਈ ਵਾਲੇ ਵਸਤਰ ਸਮੇਤ ਡੁਹਾਈ। ਉਸ ਉੱਪਰ ਸਤਿਗੁਰੂ ਜੀ ਨੂੰ ਬਿਠਾ ਲਿਆ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਤੁਸੀਂ ਮੇਰੀ ਸਹਾਇਤਾ ਕੀਤੀ ਹੈ, ਇਹ ਮੈਂ ਸਭ ਕੁਝ ਜਾਣ ਲਿਆ ਹੈ॥ ੨੯॥

ਰਣ ਮਹਿਂ ਦਰਸ਼ਨ ਦੇ ਰਿਪੁ ਮਾਰਾ। ਮੁਝ ਕੋ ਸਲਤਨ ਦਈ ਉਦਾਰਾ।
ਪਾਤਿਸ਼ਾਹੁ ਘਰ ਕੇ ਸਮੁਦਾਏ। ਸੁਨਿ ਸੁਨਿ ਤੀਰਮਦਾਜ ਸੁ ਆਏ॥ ੩੦॥

ਯੁੱਧ ਖੇਤਰ ਵਿਚ ਦਰਸ਼ਨ ਦੇ ਕੇ ਵੈਰੀ ਨੂੰ ਮਾਰਿਆ ਹੈ ਤੇ ਮੈਨੂੰ ਇਹ ਵੱਡੀ ਸਲਤਨਤ ਦਿੱਤੀ ਹੈ। ਪਾਤਿਸ਼ਾਹ ਦੇ ਘਰ ਦੇ ਸਾਰੇ ਤੀਰ-ਅੰਦਾਜ਼ ਫਿਰ ਸੁਣ ਸੁਣ ਕੇ ਆਏ॥ ੩੦॥

ਜਿਦਹਿਂ ਪਰਸਪਰ ਕਰਹਿਂ ਉਚਾਰਾ। 'ਤਾਰਾ ਆਜ਼ਮ ਕੋ ਮੈਂ ਮਾਰਾ'।
ਮੁਝ ਕੋ ਨਿਸ਼ਚੈ ਭਯੋ ਨ ਕੋਈ। ਤਿਨ ਤਰਕਸ਼ ਕੇ ਸਰ ਪਿਖਿ ਸੋਈ॥ ੩੧॥

ਜਦ ਉਹ ਆਪਸ ਵਿਚ ਉਚਾਰਨ ਕਰਦੇ ਸਨ, ਕਿ "ਤਾਰਾ ਆਜ਼ਮ ਨੂੰ ਮੈਂ ਮਾਰਿਆ ਹੈ" ਤਾਂ ਮੈਨੂੰ ਕਿਸੇ ਪ੍ਰਕਾਰ ਦਾ ਵੀ ਨਿਸ਼ਚਾ ਨਹੀਂ ਸੀ ਹੋਇਆ। ਉਨ੍ਹਾਂ ਤੀਰਾਂ ਦੇ ਸਿਰੇ ਵੇਖਦਾ ਸੀ ਤਾਂ ਉਹ ਮੇਲ ਨਹੀਂ ਸੀ ਖਾਂਦੇ॥ ੩੧॥

ਨਹਿਂ ਸਮਤਾ ਤੀਰਨਿ ਕੀ ਪਾਈ। ਹੁਇ ਹੁਇ ਕੂਰ ਹਟੇ ਪਛੁਤਾਈ।
ਸੋ ਮੈਂ ਅਬਿ ਲੌ ਰਖੇ ਸੰਭਾਲ। ਅਬਿ ਮੇਲੌਂ ਰਾਵਰਿ ਸਰ ਨਾਲ'॥ ੩੨॥

ਤੁਹਾਡੇ ਤੀਰਾਂ ਦੀ ਸਮਾਨਤਾ ਨਹੀਂ ਪਾਈ ਸੀ। ਝੂਠੇ ਹੋ ਹੋ ਕੇ ਪਛੁਤਾਅ ਕੇ ਪਿੱਛੇ ਹਟ ਗਏ ਸਨ। ਉਹ ਤੀਰ ਮੈਂ ਹੁਣ ਤਕ ਸੰਭਾਲ ਕੇ ਰੱਖੇ ਹਨ, ਹੁਣ ਮੈਂ ਆਪ ਜੀ ਦੇ ਤੀਰਾਂ ਨਾਲ ਮਿਲਾਨ ਕਰਾਂਗਾ"॥ ੩੨॥

ਇਮ ਕਹਿ ਦੋਨਹੁਂ ਸਰ ਅਨਵਾਏ। ਕਹਿ ਗੁਰ ਤਰਕਸ਼ ਤੇ ਨਿਕਸਾਏ।
ਕੰਚਨ ਲਿਪਤ ਮਿਲੇ ਸਮ ਜਬੈ। ਰਿਦੈ ਅਨੰਦਤਿ ਬੰਦਤਿ ਤਬੈ॥ ੩੩॥

ਇਸ ਪ੍ਰਕਾਰ ਕਹਿ ਕੇ ਦੋਵੇਂ ਤੀਰ ਮੰਗਵਾਏ ਤੇ ਕਹਿ ਕੇ ਕੁਝ ਤੀਰ ਗੁਰੂ ਜੀ ਦੇ ਭੱਥੇ ਵਿਚੋਂ ਕਢਵਾਏ। ਜਦ ਸੋਨਾ ਲੱਗੇ ਹੋਏ ਆਪਸ ਵਿਚ ਮੇਲ ਖਾ ਗਏ, ਤਦ ਬਹਾਦਰ ਸ਼ਾਹ ਨੇ ਹਿਰਦੇ ਵਿਚ ਅਨੰਦ ਧਾਰ ਕੇ ਬੰਦਨਾ ਕੀਤੀ॥ ੩੩॥

'ਸਰਬ ਕਲਾ ਸਮਰਥ ਗੁਨਖਾਨੀ। ਜਗ ਮਹਿਂ ਕੋਇ ਨ ਆਪ ਸਮਾਨੀ।
ਇਹ ਮਹਿਮਾ ਜਾਨਹਿ ਮਨ ਮੇਰਾ। ਬਖਸ਼ਜੋ ਰਾਜ ਸਮਾਜ ਬਡੇਰਾ'॥ ੩੪॥

"ਹੇ ਸਤਿਗੁਰੂ ਜੀ! ਤੁਸੀਂ ਸਰਬ ਕਲਾ ਸਮਰੱਥ ਹੋ, ਇਸ ਜਗਤ ਵਿਚ ਆਪ ਵਰਗਾ ਕੋਈ ਨਹੀਂ ਹੈ। ਇਹ ਮਹਿਮਾ ਮੇਰਾ ਮਨ ਜਾਣਦਾ ਹੈ। ਤੁਸੀਂ ਮੈਨੂੰ ਬਹੁਤ ਵੱਡਾ ਰਾਜ ਸਮਾਜ ਬਖਸ਼ਿਆ ਹੈ"॥ ੨੪॥

ਸ੍ਰੀ ਪ੍ਰਭੁ ਕਹਜੋ 'ਪੁਰੀ ਅਬਿ ਬਾਛੇ। ਗੁਰ ਘਰ ਸੋਂ ਸਾਬਤ ਰਹੁ ਆਛੇ।
ਅਬਚਲ ਬਯ ਲਗਿ ਭੋਗਹੁ ਰਾਜੂ। ਸਮ ਨਹਿਂ ਜਗ ਮਹਿਂ ਤੋਹਿ ਸਮਾਜੂ॥ ੩੫॥

ਸਤਿਗੁਰੂ ਜੀ ਨੇ ਕਿਹਾ, "ਤੇਰੇ ਮਨ ਦੀ ਇੱਛਾ ਪੂਰੀ ਹੋਈ ਹੈ, ਹੁਣ ਗੁਰੂ ਘਰ ਨਾਲ ਚੰਗੀ ਤਰ੍ਹਾਂ ਸਾਬਤ ਰਹੋ। ਆਪਣੀ ਉਮਰ ਤਕ ਅਟੱਲ ਰਾਜ ਭੋਗੋ, ਤੇਰੇ ਬਰਾਬਰ ਹੋਰ ਜਗ ਵਿਚ ਕੋਈ ਨਹੀਂ ਹੋਵੇਗਾ"॥ ੩੫॥

ਕਲਗ਼ੀ ਸ੍ਰੀ ਗੁਰ ਕੇ ਸਿਰ ਹੇਰਿ। ਬੋਲਜੋ ਸ਼ਾਹੁ ਬਹਾਦਰ ਫੇਰ।
'ਲਾਖਹੁਂ ਕੀਮਤਿ ਜਰੇ ਜਵਾਹਰ। ਜਗਮਗ ਜ਼ੇਬ ਜਿਸੁ ਕੀ ਜ਼ਾਹਰ॥ ੩੬॥

ਗੁਰੂ ਜੀ ਦੇ ਸਿਰ ਉੱਪਰ ਕਲਗ਼ੀ ਵੇਖ ਕੇ, ਫਿਰ ਬਹਾਦਰ ਸ਼ਾਹ ਬੋਲਿਆ। "ਇਸ ਕਲਗ਼ੀ ਵਿਚ ਲੱਖਾਂ ਰੁਪਏ ਦੇ ਹੀਰੇ ਜਵਾਹਰਾਤ ਜੜੇ ਹਨ, ਜਿਨ੍ਹਾਂ ਦੀ ਜਗਮਗਾਹਟ ਅਤੇ ਆਭਾ ਪ੍ਰਗਟ ਰੂਪ ਵਿਚ ਜ਼ਾਹਰ ਹੈ॥ ੩੬॥

**ਅਸ ਕਲਗ਼ੀ ਲੈ ਆਵ ਖਜ਼ਾਨੇ। ਸੰਗ ਦੁਸ਼ਾਲੇ ਬਸਤ੍ਰ ਮਹਾਨੇ।**
**ਇਕ ਧੁਕਧੁਕੀ ਮੋਲ ਬਹੁ ਕੇਰੀ। ਆਨਹੁਂ ਅਬਹਿ ਨ ਕੀਜਹਿ ਦੇਰੀ' ॥ ੩੭ ॥**

ਐਸੀ ਕਲਗ਼ੀ ਖਜ਼ਾਨੇ ਵਿੱਚੋਂ ਲੈ ਕੇ ਆਵੇ, ਨਾਲ ਮਹਾਨ ਕੀਮਤੀ ਵਸਤਰ ਅਤੇ ਦੁਸ਼ਾਲੇ ਲਿਆਵੇ। ਸੁੱਚੇ ਰਤਨਾਂ ਦੀ ਇਕ ਬਹੁਤ ਕੀਮਤੀ ਜੜਾਊ ਗਲ ਵਿਚ ਪਾਉਣ ਵਾਲੀ ਧੁਕਧਕੀ ਹੈ, ਉਹ ਵੀ ਹੁਣ ਲੈ ਕੇ ਆਵੇ, ਇਸ ਵਿਚ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੇ"॥ ੩੭॥

**ਸੁਨਿ ਖਜ਼ਾਨਚੀ ਤਤਛਿਨ ਆਨੀ। ਗੁਰ ਆਗੇ ਧਰਿ ਬਹੁਰ ਬਖਾਨੀ।**
**'ਅਬਿ ਆਖਾੜ ਤਪਤਿ ਹੈ ਭਾਰੀ। ਬਰਖਾ ਰੁਤਿ ਬਹੁ ਨਿਕਟ ਨਿਹਾਰੀ॥ ੩੮॥**

ਇਹ ਸੁਣ ਕੇ ਖਜ਼ਾਨਚੀ ਤੁਰਤ ਲੈ ਕੇ ਆਇਆ, ਫਿਰ ਗੁਰੂ ਜੀ ਅੱਗੇ ਧਰ ਕੇ ਬਾਦਸ਼ਾਹ ਨੇ ਕਿਹਾ, "ਹੁਣ ਹਾੜ ਦੇ ਮਹੀਨੇ ਵਿਚ ਬਹੁਤ ਗਰਮੀ ਹੈ, ਵਰਖਾ ਰੁੱਤ ਹੁਣ ਨੇੜੇ ਹੀ ਆਉਣ ਵਾਲੀ ਦਿਖਾਈ ਦਿੰਦੀ ਹੈ॥ ੩੮॥

**ਪੰਥ ਚਲਨ ਕੋ ਬਰਜਨ ਹੋਇ। ਨਿਜ ਨਿਜ ਥਾਨ ਥਿਰਹਿਂ ਸਭਿ ਕੋਇ।**
**ਯਾਂਤੇ ਮਾਨਿ ਲੇਹੁ ਮਮ ਅਰਜ਼ੀ। ਰਾਵਰ ਕੇ ਦਰਸ਼ਨ ਕੋ ਗ਼ਰਜ਼ੀ॥ ੩੯॥**

ਰਾਹ ਵਿਚ ਚਲਣਾ ਵੀ ਬੰਦ ਹੋ ਜਾਵੇਗਾ, ਸਾਰੇ ਲੋਕ ਆਪਣੇ-ਆਪਣੇ ਸਥਾਨਾਂ 'ਤੇ ਟਿਕਣਗੇ। ਇਸ ਕਰਕੇ ਮੇਰੀ ਬੇਨਤੀ ਮੰਨ ਲਵੋ। ਮੈਂ ਆਪ ਜੀ ਦੇ ਦਰਸ਼ਨਾਂ ਦਾ ਤਲਬਗਾਰ ਹਾਂ॥ ੩੯॥

**ਬਸਹੁ ਚੁਮਾਸਾ ਕਰੁਨਾ ਧਰੀਅਹਿ। ਪੁਨ ਮਿਲਿ ਗਮਨ ਅਪਰ ਥਲ ਕਰੀਅਹਿ।**
**ਦਈ ਉਪਾਯਨ ਅੰਗੀਕਾਰਹੁ। ਮੁਝ ਕੋ ਅਪਨਾ ਜਾਨਿ ਸੰਭਾਰਹੁ' ॥ ੪੦ ॥**

ਬਰਸਾਤ ਦੇ ਮੌਸਮ ਵਿਚ ਕਿਰਪਾ ਧਾਰ ਕੇ ਏਥੇ ਹੀ ਰਹੋ, ਫਿਰ ਮਿਲ ਕੇ ਕਿਸੇ ਹੋਰ ਸਥਾਨ 'ਤੇ ਚਲੇ ਜਾਵੋ। ਜਿਹੜੇ ਉਪਹਾਰ ਦਿੱਤੇ ਹਨ, ਇਨ੍ਹਾਂ ਨੂੰ ਅੰਗੀਕਾਰ ਕਰੋ, ਮੈਨੂੰ ਆਪਣਾ ਜਾਣ ਕੇ ਸੰਭਾਲ ਕਰੋ" ॥ ੪੦॥

**ਨਿਕਟ ਪੌਰ ਸਾਹਿਬ ਸਿੰਘ ਖਰਜੋ। ਸ੍ਰੀ ਸਤਿਗੁਰੂ ਅਵਾਹਨਿ ਕਰਜੋ।**
**ਚਸ਼ਮ ਇਸ਼ਾਰਤ ਦੇ ਸਮੁਝਾਯੋ। ਖਿਲਤ ਸ਼ਾਹੁ ਸੋ ਦਿਯ ਉਚਵਾਯੋ॥ ੪੧॥**

ਨੇੜੇ ਦਰਵਾਜ਼ੇ ਵਿਚ ਸਾਹਿਬ ਸਿੰਘ ਖੜਾ ਸੀ। ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਅੱਖ ਦਾ ਇਸ਼ਾਰਾ ਕਰਕੇ ਸਮਝਾਇਆ ਤੇ ਬਾਦਸ਼ਾਹ ਪਾਸੋਂ ਖਿਲਤ ਨੂੰ ਚੁਕਵਾ ਦਿੱਤਾ॥ ੪੧॥

**ਪੇਟੀ ਚਿਲਕਤ ਕਲਗ਼ੀ ਜੋਇ। ਲਈ ਉਠਾਇ ਧੁਕਧੁਕੀ ਸੋਇ।**
**ਖੁਸ਼ੀ ਕਰੀ ਗੁਰ ਬਾਹਿਰ ਆਏ। ਸਾਹਿਬ ਸਿੰਘ ਚਲਤਿ ਪਿਛਵਾਏ॥ ੪੨॥**

ਪੇਟੀ ਅਤੇ ਜਿਹੜੀ ਚਿਲਕਦੀ ਹੋਈ ਕਲਗ਼ੀ ਸੀ, ਉਸ ਨਾਲ ਹੀ ਧੁਕਧੁਕੀ ਵੀ ਚੁੱਕ ਲਈ। ਗੁਰੂ ਜੀ ਨੇ ਖ਼ੁਸ਼ੀ ਕੀਤੀ ਤੇ ਫਿਰ ਬਾਹਰ ਆ ਗਏ ਤੇ ਸਾਹਿਬ ਸਿੰਘ ਉਪਹਾਰ ਚੁੱਕ ਕੇ ਪਿੱਛੇ-ਪਿੱਛੇ ਚਲ ਪਿਆ॥ ੪੨॥

**ਨਿਜ ਘੋਰਨਿ ਪਰ ਤਬਿ ਚਢਿ ਚਾਲੇ। ਮਿਲੇ ਸਿੰਘ ਹਯ ਚਢੇ ਸੰਭਾਲੇ।**
**ਸਨੇ ਸਨੇ ਚਲਿ ਕੈ ਪ੍ਰਭੁ ਆਏ। ਜਹਿਂ ਉਪਬਨ ਤੁਰਵਰ ਸਮੁਦਾਏ॥ ੪੩॥**

ਫਿਰ ਆਪਣੇ ਘੋੜਿਆਂ ਉੱਪਰ ਚੜ੍ਹ ਕੇ ਚਲ ਪਏ, ਫਿਰ ਸਿੰਘਾਂ ਨੇ ਮਿਲ ਕੇ ਘੋੜੇ ਸੰਭਾਲ ਲਏ। ਹੌਲੀ-ਹੌਲੀ ਚਲ ਕੇ ਸਤਿਗੁਰੂ ਜੀ ਆ ਗਏ, ਜਿੱਥੇ ਬਾਗ਼ ਵਿਚ ਬਹੁਤ ਦਰੱਖਤ ਖੜੇ ਸਨ, ਉਥੇ ਪਹੁੰਚ ਗਏ॥ ੪੩॥

**ਉਤਰਿ ਪਰੇ ਪ੍ਰਭੁ ਬਾਗ ਨਿਹਾਰਸਿ। ਜੋ ਮਾਲੀ ਬਹੁ ਰੀਤਿ ਸੁਧਾਰਸਿ।**
**ਆਰੂ, ਅੰਬ, ਅਨਾਰ ਅਜਾਇਬ। ਕਦਲੀ, ਕਠਲ, ਬਿਲੋਕਤਿ ਸਾਹਿਬ॥ ੪੪॥**

ਬਾਗ਼ ਨੂੰ ਵੇਖ ਕੇ ਸਤਿਗੁਰੂ ਜੀ ਘੋੜੇ ਤੋਂ ਉੱਤਰ ਪਏ, ਜਿਸ ਬਾਗ਼ ਦਾ ਮਾਲੀ ਬਹੁਤ ਰੀਤੀਆਂ ਨਾਲ ਸੁਧਾਰ ਕਰਦਾ ਸੀ। ਆੜੂ, ਅੰਬ ਅਤੇ ਅਨਾਰ ਲੱਗੇ ਹੋਏ ਸਨ। ਕੇਲੇ, ਕਟਹਰ ਨੂੰ ਸਤਿਗੁਰੂ ਜੀ ਵੇਖ ਰਹੇ ਸਨ॥ ੪੪॥

**ਤੂਤ ਬਿਦਾਨਾ, ਤਰੁ ਅੰਜੀਰ। ਚੰਪਕ, ਨਾਲਕੇਲ ਕੀ ਭੀਰ।**
**ਰਾਇਬੇਲ, ਚੰਬੇਲੀ ਖਿਲੀ। ਰਨਪੰਕਤਿ ਨਿਤ ਜਲ ਸੋਂ ਮਿਲੀ॥ ੪੫॥**

ਤੂਤ, ਬਿਦਾਨਾ ਅਤੇ ਅੰਜੀਰ ਦੇ ਦਰੱਖਤ ਸਨ ਤੇ ਚੰਪਕ ਅਤੇ ਨਾਲਕੇਲ ਦੇ ਪੌਦੇ ਬੜੇ ਸੰਘਣੇ ਖੜੇ ਸਨ। ਰਾਇਬੇਲ ਅਤੇ ਚੰਬੇਲੀ ਦੇ ਫੁੱਲ ਖਿੜੇ ਸਨ। ਪੌਦਿਆਂ ਦੀਆਂ ਕਈ ਡਾਰਾਂ ਪਾਣੀ ਨਾਲ ਮਿਲੀਆਂ ਹੋਈਆਂ ਸਨ॥ ੪੫॥

**ਸੂਰਜ ਸੁਤਾ ਤੀਰ ਪਰ ਸੋਹੈਂ। ਨਾਨਾ ਬਿਧਿ ਫਲ ਫੂਲਨਿ ਸੋਂ ਹੈ।**
**ਸੁਖਦ ਸਘਨ ਛਾਇਆ ਰਮਨੀਕਾ। ਕਰਹਿ ਭਲੇ ਹੁਲਸਾਵਨਿ ਜੀ ਕਾ॥੪੬॥**

ਸੂਰਜ ਪੁਤਰੀ ਜਮਨਾ ਦੇ ਕਿਨਾਰੇ ਉੱਪਰ ਇਹ ਬਾਗ਼ ਸ਼ੋਭ ਰਿਹਾ ਸੀ ਤੇ ਭਿੰਨ-ਭਿੰਨ ਪ੍ਰਕਾਰ ਦੇ ਫਲ ਅਤੇ ਫੁੱਲ ਸ਼ੋਭ ਰਹੇ ਸਨ। ਬੜੀ ਸੁਖਾਵੀਂ ਸੰਘਣੀ ਰਮਣੀਕ ਛਾਂ ਸੀ, ਜਿਹੜੀ ਭਲੀ ਪ੍ਰਕਾਰ ਦਿਲ ਨੂੰ ਪ੍ਰਸੰਨ ਕਰਦੀ ਸੀ॥ ੪੬॥

**ਸ੍ਰੀ ਪ੍ਰਭੁ ਮੰਦਿਰ ਮਹਿਂ ਕੈ ਛਾਯਾ। ਬੈਠਿ ਬਿਰਾਜਹਿਂ ਸਮੋਂ ਬਿਤਾਯਾ।**
**ਨਗਰ ਆਗਰੇ ਸੰਗਤਿ ਭਾਰੀ। ਦਰਸਹਿ ਧਰਹਿ ਅਕੋਰ ਅਗਾਰੀ॥ ੪੭॥**

ਸਤਿਗੁਰੂ ਜੀ ਨੇ ਘਰ ਦੇ ਅੰਦਰ ਜਾਂ ਛਾਂ ਹੇਠ ਬੈਠ ਕੇ ਸਮਾਂ ਬਤੀਤ ਕੀਤਾ। ਨਗਰ ਆਗਰੇ ਵਿਖੇ ਭਾਰੀ ਸਿੱਖ ਸੰਗਤ ਰਹਿੰਦੀ ਸੀ। ਉਹ ਸਾਰੀ ਆ ਕੇ ਉਪਹਾਰ ਧਰ ਕੇ ਗੁਰੂ ਜੀ ਦੇ ਦਰਸ਼ਨ ਕਰਦੀ ਸੀ॥ ੪੭॥

**ਏਕ ਸਿੱਖ ਜੜੀਆ ਸੁਨਿਆਰਾ। ਚਤੁਰ ਕਾਜ ਮਹਿਂ ਧਨੀ ਉਦਾਰਾ।**
**ਜੁਤਿ ਪਰਿਵਾਰ ਦਰਸ ਕੋ ਆਯੋ। ਚਰਨ ਕਮਲ ਪਰ ਸੀਸ ਨਿਵਾਯੋ॥ ੪੮॥**

ਇਕ ਸਿੱਖ ਜੜੀਆ ਸੁਨਿਆਰਾ ਸੀ, ਉਹ ਚਤਰ ਕੰਮ ਕਰਨ ਦਾ ਵੱਡਾ ਧਨੀ ਸੀ। ਉਹ ਆਪਣੇ ਪਰਿਵਾਰ ਸਹਿਤ ਦਰਸ਼ਨਾਂ ਵਾਸਤੇ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਸੀਸ ਨਿਵਾਇਆ॥ ੪੮॥

**ਲਗੇ ਉਪਾਯਨ ਕੇ ਅੰਬਾਰ। ਅਰਪਤਿ ਗੁਰ ਕੋ ਦਰਸ ਨਿਹਾਰਿ।**
**ਕ੍ਰਿਪਾ ਦ੍ਰਿਸ਼ਟਿ ਤੇ ਖੁਸ਼ੀ ਕਰੀ ਜਬਿ। ਸੰਗਤ ਗਵਨੀ ਨਿਜ ਨਿਜ ਘਰ ਤਬਿ॥੪੯॥**

ਉਪਹਾਰਾਂ ਦੇ ਅੰਬਾਰ ਲੱਗ ਗਏ, ਸੰਗਤ ਗੁਰੂ ਜੀ ਨੂੰ ਉਪਹਾਰ ਅਰਪਣ ਕਰਕੇ ਦਰਸ਼ਨ ਕਰਦੀ ਸੀ। ਜਦ ਸਤਿਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੀ ਖੁਸ਼ੀ ਕੀਤੀ ਤਾਂ ਸਾਰੀ ਸੰਗਤ ਆਪਣੇ-ਆਪਣੇ ਘਰਾਂ ਨੂੰ ਚਲੀ ਗਈ॥ ੪੯॥

*ਪਹਿਲੇ ਐਨ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥*

☆☆☆

# ਅਧਿਆਇ ਸੰਤਾਲ਼ੀਵਾਂ

## ਨੌਨਿਧ ਖੱਤ੍ਰੀ, ਕੇਸ

ਦੋਹਰਾ- ਸਿਖ ਸੰਗਤ ਗਨ ਸੰਗ ਲੈ 'ਨੌ ਨਿਧ ਖੱਤ੍ਰੀ' ਏਕ।
ਭੰਡਾਰੀ ਸੰਗਜਾ ਕਹੈਂ ਕੇਤਿਕ ਸਹਤ ਬਿਬੇਕ॥ ੧॥

ਇਕ ਵਾਰ ਬਹੁਤ ਸਿੱਖ ਸੰਗਤ ਨੂੰ ਆਪਣੇ ਨਾਲ ਲੈ ਕੇ ਨੌਨਿਧ ਨਾਮ ਦਾ ਖੱਤਰੀ ਆਇਆ। ਉਸ ਦੀ ਗੋਤ ਭੰਡਾਰੀ ਸੀ ਤੇ ਉਹ ਕਈ ਸ਼ਾਸਤਰਾਂ ਨੂੰ ਵਿਚਾਰਨ ਵਾਲਾ ਸੀ॥ ੧॥

ਚੌਪਈ- ਸਤਿਗੁਰ ਕੇ ਦਰਸ਼ਨ ਹਿਤ ਆਯੋ। ਧਰਿ ਅਕੋਰ ਪਗ ਸੀਸ ਨਿਵਾਯੋ।
ਸਨਮੁਖ ਬੈਠਿ ਅਨੰਦ ਬਿਲੰਦੇ। ਬੂਝੇ ਗੁਰੂ ਬੰਦਿ ਕਰ ਬੰਦੇ॥ ੨॥

ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ ਸੀ ਤੇ ਉਪਹਾਰ ਗੁਰੂ ਜੀ ਅੱਗੇ ਧਰ ਕੇ ਉਸ ਸਿਰ ਨਿਵਾਇਆ। ਸਤਿਗੁਰੂ ਜੀ ਦੇ ਸਾਹਮਣੇ ਬੈਠ ਕੇ ਬਹੁਤ ਪ੍ਰਸੰਨ ਹੋਇਆ ਤੇ ਸਤਿਗੁਰੂ ਜੀ ਨੂੰ ਹੱਥ ਜੋੜ ਕੇ ਪੁੱਛਣ ਲੱਗਾ॥ ੨॥

'ਸ੍ਰੀ ਪ੍ਰਭੁ ਜੀ ! ਤੁਮ ਪੰਥ ਚਲਾਯੋ। ਬਾਣਾ ਰਚਯੋ ਕੇਸ਼ ਰਖਵਾਯੋ।
ਗੁਰੂ ਗ਼ਰੀਬ ਨਿਵਾਜ ਬਤਾਵਹੁ ! ਕਿਸ ਕਾਰਨ ਕਰਿ ਇਨਹੁ ਰਖਾਵਹੁ ?' ॥੩॥

"ਹੇ ਸਤਿਗੁਰੂ ਜੀ ! ਤੁਸੀਂ ਨਵਾਂ ਪੰਥ ਚਲਾਇਆ ਹੈ ਤੇ ਉਨ੍ਹਾਂ ਨੂੰ ਨਵਾਂ ਬਾਣਾ ਦਿੱਤਾ ਹੈ ਤੇ ਕੇਸ ਰਖਵਾਏ ਹਨ। ਹੇ ਗੁਰੂ ਗ਼ਰੀਬ ਨਿਵਾਜ ਜੀ ! ਇਹ ਦੱਸੋ, ਕਿਸ ਕਾਰਨ ਕਰਕੇ ਕੇਸ ਰਖਵਾਏ ਹਨ ?" ॥ ੩॥

ਸੁਨਿ ਸ੍ਰੀ ਮੁਖ ਫੁਰਮਾਵਨਿ ਕਰਯੋ। 'ਤੁਮ ਤੌ ਸ਼ਾਸਤ੍ਰ ਬਹੁਤ ਬਿਚਰਯੋ।
ਪੜ੍ਹਨ ਸ੍ਰਵਨ ਮਹਿਂ ਬੈਸ ਬਿਤਾਈ। ਇਹ ਗਤਿ ਲਖੀ ਕਿ ਨਹਿਂ ਤੁਮ ਪਾਈ॥੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਖ ਤੋਂ ਫ਼ੁਰਮਾਇਆ, "ਤੁਸੀਂ ਤਾਂ ਬਹੁਤ ਸ਼ਾਸਤਰ ਪੜ੍ਹੇ ਹਨ ਤੇ ਉਨ੍ਹਾਂ ਉੱਪਰ ਵਿਚਾਰ ਕੀਤੀ ਹੈ। ਪੜ੍ਹਨ ਸੁਣਨ ਵਿਚ ਸਾਰੀ ਉਮਰ ਬਤੀਤ ਕੀਤੀ ਹੈ, ਇਹ ਗਲ ਤੁਸੀਂ ਸਮਝ ਨਹੀਂ ਪਾਈ ਹੈ॥ ੪॥

ਧਰਮ ਰਖਨਿ ਕੇਸ਼ਾਦਿਕ ਭਲੇ। ਸਨਕਾਦਿਕ ਤੈ ਆਵਤਿ ਚਲੇ।
ਭਾਰਥ ਖੰਡ ਬਿਖੈ ਸ਼ੁਭ ਦੇਸ਼। ਕੇਸ਼ ਰਾਖਣੋ ਧਰਮ ਬਿਸ਼ੇਸ਼'॥ ੫॥

ਧਰਮ ਦੀ ਰੱਖਿਆ ਕਰਨ ਵਾਸਤੇ ਕੇਸ ਆਦਿਕ ਚੰਗੇ ਹਨ। ਇਹ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਹਨ। ਭਾਰਤ ਖੰਡ ਵਿਚ ਜਿੰਨੇ ਵੀ ਸ਼ੁਭ ਦੇਸ਼ ਹਨ, ਸਾਰਿਆਂ ਦਾ ਕੇਸ ਰੱਖਣਾ ਵਿਸ਼ੇਸ਼ ਧਰਮ ਰਿਹਾ ਹੈ"॥ ੫॥

ਸੁਨਿ ਕੈ ਨਉਨਿਧ ਬਹੁਰ ਬਖਾਨਾ। 'ਆਪ ਕਹਹੁ ਸਭਿ ਸਾਚ ਪ੍ਰਮਾਨਾ।
ਪ੍ਰਥਮ ਕੇਸ਼ ਧਾਰੀ ਸਭਿ ਕੋਈ। ਅਬਿ ਤੋ ਸਮਾ ਰਹਯੋ ਨਹਿਂ ਸੋਈ'॥ ੬॥

ਇਹ ਸੁਣ ਕੇ ਨਉਨਿਧ ਨੇ ਫਿਰ ਕਿਹਾ, "ਆਪ ਜੀ ਸੱਚਾ ਪ੍ਰਮਾਣ ਕਹਿ ਰਹੇ ਹੋ। ਪਹਿਲਾਂ ਸਾਰੇ ਹੀ ਕੇਸ ਧਾਰਨ ਕਰਦੇ ਸਨ, ਹੁਣ ਤਾਂ ਉਹ ਸਮਾਂ ਨਹੀਂ ਰਿਹਾ ਹੈ"॥ ੬॥

ਸ੍ਰੀ ਗੁਰ ਭਨਜੋਂ 'ਸਮਾ ਕਜਾ ਕਹੈ। ਸੋ ਰਵਿ ਸੋ ਸਸਿ, ਸੋ ਜਲ ਅਹੈ।
ਬਾਯੂ, ਬੰਨੀ, ਬਸੁਧਾ ਓਈ। ਦੋਸ਼ ਸਮੈ ਕੋ ਕਜਾ ਕਹਿ ਕੋਈ॥ ੭॥

ਸਤਿਗੁਰੂ ਜੀ ਨੇ ਕਿਹਾ, ''ਸਮਾਂ ਕੀ ਕਹਿੰਦਾ ਹੈ, ਉਹੀ ਸੂਰਜ ਹੈ, ਉਹੀ ਚੰਦ ਹੈ, ਉਹੀ ਜਲ ਹੈ, ਉਹੀ ਹਵਾ ਹੈ, ਉਹੀ ਅਗਨੀ ਹੈ, ਉਹੀ ਪ੍ਰਿਥਵੀ ਹੈ। ਸਮੇਂ ਨੂੰ ਕੋਈ ਕੀ ਦੋਸ਼ ਦੇ ਸਕਦਾ ਹੈ॥ ੭॥

ਆਪਨ ਆਪ ਕੋ ਦੋਸ਼ ਲਖੀਜੈ। ਰਾਖੇ ਜਾਇੰ ਨ, ਸਾਚ ਕਹੀਜੈ।
ਕੇਸ਼ ਰਖਨਿ ਕੀ ਸਮਰਥ ਹੀਨੇ। ਦੋਸ਼ ਸਮੇਂ ਪਰ ਕਲਪਨ ਕੀਨੇ॥ ੮॥

ਇਹ ਆਪਣੇ ਆਪ ਦਾ ਦੋਸ਼ ਸਮਝੋ, ਤੁਹਾਥੋਂ ਰੱਖੇ ਨਹੀਂ ਜਾਂਦੇ, ਇਸ ਕਰਕੇ ਸੱਚ ਕਹੋ। ਕੇਸ ਰੱਖਣ ਦੀ ਤੁਹਾਡੇ ਵਿਚ ਸਮਰੱਥਾ ਨਹੀਂ ਹੈ ਤੇ ਦੋਸ਼ ਤੁਸੀਂ ਸਮੇਂ ਦਾ ਕਲਪਨਾ ਕਰ ਰਹੇ ਹੋ॥ ੮॥

ਨੌ ਨਿਧ! ਸੁਨਹੁਂ ਅਗਲ ਪਰਸੰਗ। ਜਬਿ ਹਮ ਕਰਜੋ ਮੁਕਤਸਰ ਜੰਗ।
ਪੁਨ ਚਲਿ ਗਏ ਜਹਾਂ ਨੈਂ ਵਹੀ। ਨਿਕਟ ਕਸੂਰ ਪੁਰੀ ਜਬਿ ਰਹੀ॥ ੯॥

ਹੇ ਨੌ ਨਿਧ! ਅਗਲਾ ਪ੍ਰਸੰਗ ਸੁਣੋ, ਜਦ ਅਸੀਂ ਮੁਕਤਸਰ ਦਾ ਜੰਗ ਕੀਤਾ, ਫਿਰ ਅਸੀਂ ਉਥੇ ਚਲੇ ਗਏ ਜਿੱਥੇ ਨਦੀ ਵਗਦੀ ਹੈ। ਜਦ ਕਸੂਰ ਦੀ ਨਗਰੀ ਨੇੜੇ ਆ ਗਈ॥ ੯॥

ਹੁਤੋ ਹੁਸੈਨ ਖਾਨ ਤਹਿਂ ਮਾਲਕ। ਪਹੁੰਚਨ ਹਮਰੇ ਸੁਨਿ ਤਤਕਾਲਕ।
ਯਾਰ ਮੁਹੰਮਦ ਪਠਜੋ ਵਕੀਲ। ਨਿਕਟ ਹਮਾਰੇ ਆਇ ਸੁਸ਼ੀਲ॥ ੧੦॥

ਉਸ ਨਗਰੀ ਦਾ ਹੁਸੈਨ ਖਾਨ ਮਾਲਕ ਸੀ, ਉਸ ਨੇ ਸਾਡੇ ਪਹੁੰਚਣ ਬਾਰੇ ਜਦ ਸੁਣਿਆ ਤਾਂ ਤੁਰਤ ਯਾਰ ਮੁਹੰਮਦ ਨੇ ਆਪਣਾ ਦੂਤ ਭੇਜਿਆ। ਉਹ ਭਲਾ ਪੁਰਸ਼ ਸਾਡੇ ਪਾਸ ਆਇਆ॥ ੧੦॥

ਤਿਸ ਪਠਾਨ ਕੋ ਖਤ ਗੁਜ਼ਰਾਨਜੋ। 'ਮੇਲ ਕਪਟ ਕੋ ਚਾਹਤਿ ਠਾਨਜੋਂ।
ਅੰਤਰ ਗਤੀ ਜਸੂਸੀ ਔਰ। ਸੁਧ ਕੇ ਹਿਤ ਪਹੁੰਚਜੋ ਤਿਸ ਠੌਰ'॥ ੧੧॥

ਉਹ ਹੁਸੈਨ ਖਾਨ ਦੀ ਚਿੱਠੀ ਲੈ ਆਇਆ। 'ਉਹ ਕਪਟ ਧਾਰ ਕੇ ਮੇਲ ਕਰਨਾ ਚਾਹੁੰਦਾ ਸੀ। ਅੰਦਰਗਤੀ ਉਹ ਜਾਸੂਸੀ ਵਾਸਤੇ ਆਇਆ ਸੀ, ਉਹ ਉਸ ਥਾਂ ਪਹੁੰਚ ਕੇ ਸਾਡੇ ਬਾਰੇ ਸਾਰੀ ਖਬਰ ਸਾਰ ਲੈਣੀ ਚਾਹੁੰਦਾ ਸੀ'॥ ੧੧॥

ਇਸ ਪ੍ਰਕਾਰ ਹਮ ਜਾਨਜੋਂ ਪਾਜ। ਕਹਜੋ 'ਵਕਾਲਤ ਕੋ ਕਜਾ ਕਾਜ?।
ਰਹਨ ਹਮਾਰੇ ਨਿਕਟ ਵਿਅਰਥ। ਪੂਰਵਹੁ ਕਹਾਂ ਆਪਨੋ ਅਰਥ?॥ ੧੨॥

ਇਸ ਪ੍ਰਕਾਰ ਅਸੀਂ ਉਸ ਦੇ ਪਾਜ ਨੂੰ ਜਾਣ ਲਿਆ ਤੇ ਅਸੀਂ ਕਿਹਾ, ''ਵਕਾਲਤ ਕਰਨ ਦਾ ਕੀ ਕਾਰਨ ਹੈ? ਸਾਡੇ ਪਾਸ ਰਹਿਣਾ ਬੇਅਰਥ ਹੈ, ਤੁਸੀਂ ਆਪਣਾ ਮਤਲਬ ਕਿਵੇਂ ਪੂਰਾ ਕਰ ਲਵੋਗੇ?॥ ੧੨॥

ਬਾਤ ਜਥਾਰਥ ਹੈ ਇਸ ਰੀਤਿ। ਰਹਹੁ ਜਿ ਰਹਿਨੋ ਭਾਵਤਿ ਚੀਤ'।
ਸੁਨਿ ਕਰਿ ਹਮ ਤੇ ਸੋ ਰਹਿ ਗਯੋ। ਇਕ ਦਿਨ ਮਜਲਸ ਮਹਿਂ ਥਿਰ ਭਯੋ॥੧੩॥

ਸੱਚੀ ਗੱਲ ਇਸ ਰੀਤੀ ਹੈ, ਸਾਡੇ ਪਾਸ ਰਹੋ ਜੇ ਤੁਹਾਡਾ ਰਹਿਣ ਨੂੰ ਚਿੱਤ ਕਰਦਾ ਹੈ।'' ਸਾਡੇ ਪਾਸੋਂ ਇਸ ਪ੍ਰਕਾਰ ਸੁਣ ਕੇ ਉਹ ਸਾਡੇ ਪਾਸ ਰਹਿ ਗਿਆ। ਇਕ ਦਿਨ ਸਭਾ ਵਿਚ ਬੈਠਾ ਸੀ॥ ੧੩॥

ਬੋਲਜੋ ਨਿਰਨੈ ਸੁਨਿਬੇ ਕਾਜੂ। 'ਦੇਹੁ ਬਤਾਇ ਗ਼ਰੀਬ ਨਿਵਾਜੂ!
ਹੁਤੇ ਅੱਗੂ ਭੀ ਸਿੱਖਨ ਕੇਸ਼। ਕੈ ਅਬਿ ਕੇ ਹੀ ਰਖੇ ਸੁ ਬੇਸ'॥ ੧੪॥

ਫਿਰ ਨਿਰਣਾ ਸੁਣਨ ਦੇ ਕਾਰਨ ਬੋਲਿਆ, "ਹੇ ਗਰੀਬ ਨਿਵਾਜ਼! ਦੱਸ ਦੇਵੋ, ਕੀ ਪਹਿਲਾਂ ਵੀ ਸਿੱਖਾਂ ਦੇ ਕੇਸ ਸਨ ਕਿ ਹੁਣ ਹੀ ਪਹਿਰਾਵੇ ਵਿਚ ਰੱਖੇ ਹਨ" ॥ ੧੪ ॥

ਸੁਨਿ ਕਰਿ ਹਮ ਨੇ ਸੋ ਸਮੁਝਾਯੋ। ਸਭਿ ਪ੍ਰਸੰਗ ਅਬਿ ਤੋਹਿ ਸੁਨਾਯੋ।
'ਹਿੰਦੂ ਤੁਰਕ ਜਿ ਪੂਰਬ ਕਾਲਾ। ਸਭਿ ਕੇ ਸਿਰ ਪਰ ਕੇਸ਼ ਬਿਸਾਲਾ ॥ ੧੫ ॥

ਇਹ ਸੁਣ ਕੇ ਅਸੀਂ ਉਸ ਨੂੰ ਸਮਝਾਇਆ। "ਸਾਰਾ ਪ੍ਰਸੰਗ ਹੁਣ ਤੈਨੂੰ ਸੁਣਾਉਂਦੇ ਹਾਂ। ਜਿਹੜੇ ਹਿੰਦੂ ਤੁਰਕ ਪਿਛਲਿਆਂ ਸਮਿਆਂ ਵਿਚ ਰਹਿੰਦੇ ਸਨ, ਸਾਰਿਆਂ ਦੇ ਸਿਰਾਂ ਉੱਪਰ ਪੂਰਨ ਕੇਸ ਹੁੰਦੇ ਸੀ ॥ ੧੫ ॥

ਥੋਰੇ ਦਿਵਸਨ ਤੇ ਅਬਿ ਹਟੇ। ਲਖੀਜਤਿ ਧਰਮ ਸਭਿਨਿ ਕੇ ਲਟੇ'।
ਯਾਰ ਮੁਹੰਮਦ ਬਹੁਰ ਉਚਾਰੇ। 'ਸੁੰਨਤ ਰਖਿਬੇ ਕੇਸ ਹਮਾਰੇ ॥ ੧੬ ॥

ਥੋੜ੍ਹੇ ਸਮੇਂ ਤੋਂ ਹੀ ਇਹ ਕੇਸ ਰੱਖਣੇ ਹਟੇ ਹਨ, ਜਾਪਦਾ ਹੈ ਦੋਵਾਂ ਦੇ ਧਰਮ ਮਿੱਟ ਗਏ ਹਨ।" ਯਾਰ ਮੁਹੰਮਦ ਨੇ ਫਿਰ ਉਚਾਰਨ ਕੀਤਾ, "ਸੁਣਿਆ ਹੈ ਸਾਡੇ ਮਜ਼੍ਹਬ ਵਿਚ ਵੀ ਕੇਸ ਰੱਖਣੇ ਜ਼ਰੂਰੀ ਹਨ ॥ ੧੬ ॥

ਕਬਿ ਕੇ ਕਿਸ ਬਿਧਿ ਹਟੇ ਬਤਾਵਹੁ? ਸਰਬ ਬਾਰਤਾ ਅਬਿ ਸਮੁਝਾਵਹੁ'।
ਤਬਿ ਸ੍ਰੀ ਬਦਨ ਸੁਨਾਇ ਉਚਰ ਕਰਿ। 'ਇਬਰਾਹੀਮ ਖਲੀਲ ਪਿਕੰਬਰ ॥ ੧੭ ॥

ਇਹ ਕਦ ਅਤੇ ਕਿਸ ਵਿਧੀ ਨਾਲ ਹਟੇ ਹਨ, ਇਹ ਦੱਸੋ? ਸਾਰੀ ਵਾਰਤਾ ਹੁਣ ਸਮਝਾਵੋ।" ਤਦ ਸਤਿਗੁਰੂ ਜੀ ਨੇ ਮੁਖ ਤੋਂ ਉਚਾਰਨ ਕਰਕੇ ਸੁਣਾਇਆ, "ਇਬਰਾਹੀਮ ਦਾ ਲਕਬ ਹੈ ਖ਼ਲੀਲ ਉੱਲਾ ਭਾਵ ਖ਼ੁਦਾ ਦਾ ਦੋਸਤ ॥ ੧੭ ॥

ਤਿਸ ਨੇ ਇਕ ਔਰਤ ਅਵਿਲੋਕੀ। ਕਾਮ ਬਸੀ ਮਨ ਬ੍ਰਿਤੀ ਨ ਰੋਕੀ।
ਕਹਜੋ 'ਮੋਹਿ ਸਨ ਕਰਹੁ ਨਿਕਾਹੂ। ਸੁਖ ਸੌਂ ਬਸਹੁ ਆਨਿ ਘਰ ਮਾਂਹੂ' ॥ ੧੮ ॥

ਉਸ ਨੇ ਇਕ ਔਰਤ ਵੇਖੀ ਤਾਂ ਕਾਮ-ਵੱਸ ਹੋ ਗਿਆ ਤੇ ਮਨ ਦੀ ਬ੍ਰਿਤੀ ਨੂੰ ਨਾ ਰੋਕਿਆ ਤੇ ਕਹਿਣ ਲੱਗਾ, "ਮੇਰੇ ਨਾਲ ਨਿਕਾਹ ਕਰੋ ਤੇ ਮੇਰੇ ਘਰ ਵਿਚ ਆ ਕੇ ਸੁਖ ਨਾਲ ਵੱਸੋ" ॥ ੧੮ ॥

ਸੁਨਿ ਔਰਤ ਨੇ ਬਾਤ ਨ ਮਾਨੀ। ਸੰਗ ਪਿਕੰਬਰ ਗਿਰਾ ਬਖਾਨੀ।
'ਤੁਵ ਘਰ ਮਹਿਂ ਪੂਰਬ ਇਕ ਬੀਵੀ। ਸੰਕਟ ਹੋਇ ਸਪਤਨੀ ਥੀਵੀ' ॥ ੧੯ ॥

ਇਹ ਸੁਣ ਕੇ ਔਰਤ ਨੇ ਗੱਲ ਨਾ ਮੰਨੀ ਤੇ ਉਹ ਇਬਰਾਹੀਮ ਪੈਗੰਬਰ ਨੂੰ ਕਹਿਣ ਲੱਗੀ, "ਤੇਰੇ ਘਰ ਵਿਚ ਪਹਿਲਾਂ ਹੀ ਇਕ ਔਰਤ ਹੈ, ਬੜਾ ਕਲੇਸ਼ ਹੋਵੇਗਾ, ਕਿਉਂਕਿ ਉਹ ਮੇਰੀ ਸੌਂਕਣ ਬਣੇਗੀ" ॥ ੧੯ ॥

ਕੇਤਿਕ ਦਿਨ ਗੁਜ਼ਰੇ ਇਸ ਰੀਤਿ। ਬਸੀ ਪਿਕੰਬਰ ਕੇ ਬਹੁ ਚੀਤ।
ਫੇਰ ਕਹਜੋ ਮਨ ਹ੍ਵੈ ਕਰਿ ਦੀਨ। 'ਮੁਝ ਸੌਂ ਕਰਹੁ ਨਿਕਾਹੁ ਪ੍ਰਬੀਨ! ॥ ੨੦ ॥

ਇਸ ਰੀਤੀ ਨਾਲ ਕਈ ਦਿਨ ਗੁਜ਼ਰ ਗਏ। ਪੈਗੰਬਰ ਦੇ ਚਿੱਤ ਵਿਚ ਉਸ ਇਸਤਰੀ ਦੀ ਇੱਛਾ ਬਹੁਤ ਵੱਸਦੀ ਰਹੀ। ਉਸ ਨੇ ਫਿਰ ਮਨ ਵਿਚ ਦੀਨ ਹੋ ਕੇ ਕਿਹਾ, ਹੇ ਚਤੁਰ ਔਰਤ! ਮੇਰੇ ਨਾਲ ਨਿਕਾਹ ਕਰੋ ॥ ੨੦ ॥

ਨਿਸ ਦਿਨ ਖੁਟਕਤਿ ਹੈ ਮਮ ਚਿਤ ਮਹਿਂ। ਅਭਿਲਾਖਤਿ ਬਹੁ ਮਿਲਿਨੋ ਹਿਤ ਮਹਿਂ।
ਜੈਸੇ ਤੂੰ ਆਇਸੁ ਦੇਂ ਪਜਾਰੀ। ਤੈਸੇ ਰਹੌਂ ਸਦਾ ਅਨੁਸਾਰੀ ॥ ੨੧ ॥

ਤੂੰ ਦਿਨ ਰਾਤ ਮੇਰੇ ਚਿਤ ਵਿਚ ਖਟਕਦੀ ਹੈਂ, ਤੈਨੂੰ ਮਿਲਣ ਵਾਸਤੇ ਮੇਰੇ ਦਿਲ ਵਿਚ ਵੱਡੀ ਅਭਿਲਾਸ਼ਾ ਹੈ। ਹੇ ਪਿਆਰੀ! ਜੋ ਤੂੰ ਆਗਿਆ ਕਰੇਂਗੀ, ਮੈਂ ਸਦਾ ਤੇਰੀ ਆਗਿਆ ਅਨੁਸਾਰ ਰਹਾਂਗਾ" ॥ ੨੧ ॥

ਲਖਿ ਅਪਨੇ ਪਰ ਅਧਿਕ ਲੁਭਾਯੋ। ਤਿਸ ਔਰਤ ਨੇ ਅਹਿਦ ਸੁਨਾਯੋ।
'ਦਿਹੁ ਤਲਾਕ ਤਿਸ ਬੀਵੀ ਜਬੈ। ਕਰੌਂ ਨਿਕਾਹ ਤੋਹਿ ਸੌਂ ਤਬੈ' ॥ ੨੨ ॥

ਜਦ ਇਸਤਰੀ ਨੇ ਇਹ ਵੇਖਿਆ ਕਿ ਮੇਰੇ ਉੱਪਰ ਬਹੁਤ ਲੁਭਾਇਆ ਹੈ ਤਾਂ ਉਸ ਨੇ ਇਹ ਸ਼ਰਤ ਸੁਣਾਈ। ਜਦ ਤੂੰ ਉਸ ਇਸਤਰੀ ਨੂੰ ਤਲਾਕ ਦੇ ਦੇਵੇਂਗਾ, ਤਦ ਮੈਂ ਤੇਰੇ ਨਾਲ ਨਿਕਾਹ ਕਰ ਲਵਾਂਗੀ॥ ੨੨॥

ਪੁਨ ਪੈਕੰਬਰ ਕਾਮ ਤਪਾਯੋ। ਕਰਯੋ ਤਥਾ ਤ੍ਰਿਯ ਜਥਾ ਬਤਾਯੋ।
ਦਈ ਤਲਾਕ ਪ੍ਰਥਮ ਕੀ ਨਾਰੀ। ਕਰਿ ਨਿਕਾਹ ਭੋਗੀ ਉਰ ਪਯਾਰੀ॥ ੨੩॥

ਫਿਰ ਉਸ ਪੈਗ਼ੰਬਰ ਨੂੰ ਕਾਮ ਨੇ ਬੜਾ ਤਪਾਇਆ, ਉਸ ਨੇ ਉਸ ਤਰ੍ਹਾਂ ਹੀ ਕਰ ਦਿੱਤਾ, ਜਿਵੇਂ ਉਸ ਇਸਤਰੀ ਨੇ ਦੱਸਿਆ ਸੀ। ਪਹਿਲੀ ਇਸਤਰੀ ਨੂੰ ਉਸ ਤਲਾਕ ਦੇ ਦਿੱਤਾ ਤੇ ਦੂਸਰੀ ਨਾਲ ਨਿਕਾਹ ਕਰਕੇ ਹਿਰਦੇ ਵਿਚ ਪਿਆਰੀ ਜਾਣ ਕੇ ਭੋਗ ਕੀਤਾ॥ ੨੩॥

ਕਿਤਿਕ ਬਰਖ ਲਗਿ ਰਮ ਕਰਿ ਸੰਗ। ਭਾਂਤਿ ਭਾਂਤਿ ਕਰਿ ਮੋਚਿ ਅਨੰਗ।
ਸਮਾ ਪਾਇ ਪੂਰਬਲੀ ਤ੍ਰੀਯ। ਭੋਗਨ ਕਰੀ ਲਾਇ ਨਿਜ ਹੀਯ॥ ੨੪॥

ਕਈ ਸਾਲਾਂ ਤੱਕ ਉਸ ਨਾਲ ਰਮਨ ਕਰਦਾ ਰਿਹਾ, ਕਈ ਪ੍ਰਕਾਰ ਦੀ ਕਾਮ ਕ੍ਰੀੜਾ ਕਰਦਾ ਸੀ। ਫਿਰ ਕੁਝ ਸਮਾਂ ਪਾ ਕੇ ਆਪਣੀ ਪਹਿਲੀ ਇਸਤਰੀ ਨੂੰ ਆਪਣੇ ਦਿਲ ਨਾਲ ਲਾ ਕੇ ਭੋਗ ਕੀਤਾ॥ ੨੪॥

ਸੁਧਿ ਕੋ ਪਾਇ ਕ੍ਰੋਧ ਕਰਿ ਕਹਯੋ। ਅਹਦ ਸ਼ਿਕਸਤ ਕੀਨਿ ਜਬਿ ਲਹਯੋ।
'ਸ਼ਰ੍ਹਾ ਅਦੂਲ ਭੂਲ ਜੋ ਧਰੈ। ਕਹੋ ਪਿਕੰਬਰ! ਸੋ ਕਜਾ ਕਰੈ?'॥ ੨੫॥

ਜਦ ਦੂਸਰੀ ਇਸਤਰੀ ਨੂੰ ਪਤਾ ਲੱਗਾ ਤੇ ਉਸ ਨੇ ਆਪਣੇ ਪਤੀ ਨੂੰ ਸ਼ਰਤ ਨੂੰ ਤੋੜਨ ਵਾਲਾ ਜਾਣਿਆ ਤਾਂ ਉਸ ਨੇ ਪੈਗ਼ੰਬਰ ਨੂੰ ਕਿਹਾ, "ਜਿਹੜਾ ਭੁੱਲ ਕੇ ਸ਼ਰ੍ਹਾ ਦੀ ਹੁਕਮ ਅਦੂਲੀ ਕਰੇ, ਦੱਸੋ ਪੈਗ਼ੰਬਰ! ਉਸ ਨੂੰ ਫਿਰ ਕੀ ਸਜ਼ਾ ਦਿੱਤੀ ਜਾਵੇ?"॥ ੨੫॥

ਇਬਰਾਹੀਮ ਕਹਯੋ 'ਬਿਧਿ ਜੋਇ। ਉਚਿਤ ਸਜ਼ਾਇ ਦੇਨਿ ਕੋ ਸੋਇ।
ਸ਼ਰ੍ਹਾ ਅਦੂਲ ਭੂਲ ਕੈ ਜਾਨਿ। ਬਿਨਾ ਸਜ਼ਾਇ ਨਪਾਕ ਪਛਾਨ'॥ ੨੬॥

ਇਬਰਾਹੀਮ ਨੇ ਕਿਹਾ, "ਜਿਹੜੀ ਵਿਧੀ ਹੈ, ਉਸ ਅਨੁਸਾਰ ਹੀ ਉਚਿਤ ਸਜ਼ਾ ਦੇਣੀ ਚਾਹੀਦੀ ਹੈ। ਜਦ ਸ਼ਰ੍ਹਾ ਅਦੂਲੀ ਦੀ ਭੁੱਲ ਨੂੰ ਜਾਣ ਲਵੇ ਤੇ ਫਿਰ ਵੀ ਸਜ਼ਾ ਬਗੈਰ ਰਹੇ ਤਾਂ ਉਸ ਨੂੰ ਨਾਪਾਕ ਪਛਾਣੋ"॥ ੨੬॥

ਘਾਤ ਪਾਇ ਤ੍ਰਿਯ ਤਬੈ ਸੁਨਾਈ। 'ਸ਼ਰ੍ਹਾ ਅਦੂਲੀ ਤੁਮਹੁ ਕਮਾਈ।
ਦਈ ਤਲਾਕ ਰਮੀ ਸੋ ਫੇਰ। ਉਚਤਿ ਸਜ਼ਾਇ ਆਪ ਕੋ ਹੇਰਿ'॥ ੨੭॥

ਮੌਕਾ ਪਾ ਕੇ ਫਿਰ ਇਸਤਰੀ ਨੇ ਸੁਣਾਇਆ, "ਸ਼ਰ੍ਹਾ ਅਦੂਲੀ ਤੁਸੀਂ ਕਮਾਈ ਹੈ। ਤਲਾਕ ਦੇ ਕੇ ਛੱਡੀ ਹੋਈ ਇਸਤਰੀ ਨਾਲ ਫੇਰ ਰਮਨ ਕੀਤਾ ਹੈ। ਆਪਣੇ ਵਾਸਤੇ ਉਚਿਤ ਸਜ਼ਾ ਵੇਖ ਲਵੋ"॥ ੨੭॥

ਸੁਨਿ ਬੀਵੀ ਕੇ ਬਾਕ ਅਭੂਲ। ਕਹਯੋ ਪਿਕੰਬਰ ਕਰੀ ਕਬੂਲ।
'ਜਿਮ ਚਾਹਤਿ ਤਿਮ ਕੀਜਹਿ ਪਯਾਰੀ! ਮੈਂ ਸਦੀਵ ਤੇਰੇ ਅਨੁਸਾਰੀ'॥੨੮॥

ਆਪਣੀ ਪਤਨੀ ਦੇ ਅਭੁੱਲ ਬਚਨ ਸੁਣ ਕੇ, ਪੈਗ਼ੰਬਰ ਨੇ ਕਹਿ ਕੇ ਸ਼ਰ੍ਹਾ ਕਬੂਲ ਕਰ ਲਈ ਤੇ ਕਿਹਾ, "ਹੇ ਪਿਆਰੀ! ਜਿਵੇਂ ਚਾਹੁੰਦੀ ਹੈਂ ਉਸ ਤਰ੍ਹਾਂ ਹੀ ਕਰੋ, ਮੈਂ ਸਦਾ ਤੇਰੀ ਆਗਿਆ ਅਨੁਸਾਰ ਹਾਂ"॥ ੨੮॥

ਸੁਨਿ ਤ੍ਰਿਯ ਕਹੇ 'ਅੰਗ ਜੋ ਲਾਏ। ਦਿਹੁ ਕਟਾਇ ਇਹ ਉਚਿਤ ਸਜ਼ਾਏ।
ਕਰਿ ਤਲਾਕ ਪੁਨ ਤਿਸ ਤੈਂ ਭੋਗਾ। ਯਾਂਤੇ ਕਸ਼ਟ ਦੇਨਿ ਕੇ ਜੋਗਾ'॥ ੨੯॥

ਇਹ ਸੁਣ ਕੇ ਇਸਤਰੀ ਨੇ ਕਿਹਾ, "ਜਿਹੜੇ ਵੀ ਅੰਗ ਉਸ ਇਸਤਰੀ ਨੂੰ ਲਾਏ ਹਨ, ਉਨ੍ਹਾਂ ਨੂੰ ਕਟਵਾ ਦੇਵੋ, ਇਹੋ

ਹੀ ਉਚਿਤ ਸਜ਼ਾ ਹੈ। ਪਹਿਲੀ ਪਤਨੀ ਨੂੰ ਤਲਾਕ ਦੇ ਕੇ ਫਿਰ ਉਸ ਨਾਲ ਭੋਗ ਕੀਤਾ ਹੈ, ਇਸ ਕਰਕੇ ਤੁਸੀਂ ਕਸ਼ਟ ਦੇਣ ਯੋਗ ਹੋ"॥ ੨੯॥

ਸੁਨਿਕੈ ਸ਼ਰ੍ਹਾ ਬਾਤ ਸਚੁ ਸੋਇ। ਦੀਨ ਹੋਇ ਬੰਦੇ ਕਰਿ ਦੋਇ।
'ਪ੍ਰਿਯਾ ! ਬਾਤ ਤੈਂ ਸਾਚ ਉਬਾਚੀ। ਲਿਹੁ ਬਚਾਇ ਚਿਤ ਜੇ ਰੁਚਿ ਰਾਚੀ॥੩੦॥

ਇਹ ਸੁਣ ਕੇ ਪੈਗੰਬਰ ਨੇ ਸ਼ਰ੍ਹਾ ਦੀ ਗੱਲ ਸੱਚੀ ਜਾਣ ਕੇ ਦੀਨ ਹੋ ਕੇ ਦੋਵੇਂ ਹੱਥ ਜੋੜੇ ਅਤੇ ਕਿਹਾ, "ਪਿਆਰੀ ! ਤੂੰ ਸੱਚੀ ਗੱਲ ਕਹੀ ਹੈ। ਹੁਣ ਮੈਨੂੰ ਬਚਾ ਲਵੇ ਜਿਵੇਂ ਹੁਣ ਤੂੰ ਚਿੱਤ ਵਿਚ ਰੁਚੀ ਧਾਰਨ ਕੀਤੀ ਹੈ॥ ੩੦॥

ਜਥਾ ਸਜ਼ਾਇ ਹੋਇ ਭੀ ਜਾਇ। ਜਿਯਤਿ ਰਹੋਂ ਤੁਝ ਸੋਂ ਸੁਖ ਪਾਇ'।
ਭਯੋ ਦੀਨ ਤ੍ਰਿਯ ਕਰੁਨਾ ਧਰੀ। ਇਮ ਸਜ਼ਾਇ ਪਤਿ ਕੇ ਸੰਗ ਕਰੀ॥ ੩੧॥

ਯੋਗ ਸਜ਼ਾ ਹੋ ਵੀ ਜਾਵੇ ਤਾਂ ਵੀ ਜੀਉਂਦਾ ਰਹਾਂ ਤੇ ਤੇਰੇ ਪਾਸ ਰਹਿ ਕੇ ਸੁਖ ਪ੍ਰਾਪਤ ਕਰਾਂ।" ਜਦ ਦੀਨ ਹੋ ਗਿਆ ਤਾਂ ਇਸਤਰੀ ਨੇ ਕਿਰਪਾ ਧਾਰਨ ਕੀਤੀ। ਇਸ ਪ੍ਰਕਾਰ ਸਜ਼ਾ ਪਤੀ ਨੂੰ ਲਾਈ॥ ੩੧॥

ਹਾਥ ਲਗੇ, ਨਹਿੰ ਕਾਟਨ ਕੀਨਿ। ਤਿਨ ਪਲਟੇ ਕਾਟੀ ਅਸਤੀਨਿ।
ਲਿੰਗ ਕਟਨ ਤੇ ਸੁੰਨਤਿ ਕਰੀ। ਅਧਰਨ ਤੇ ਦ੍ਵੈ ਮੂਛਨਿ ਹਰੀ॥ ੩੨॥

ਪਹਿਲੀ ਇਸਤਰੀ ਨੂੰ ਜਿਹੜੇ ਹੱਥ ਲੱਗੇ ਸਨ, ਉਹ ਨਾ ਕੱਟੇ, ਉਨ੍ਹਾਂ ਦੀ ਥਾਂ ਕਮੀਜ਼ ਦੀਆਂ ਦੋਵੇਂ ਬਾਹਾਂ ਕੱਟ ਦਿੱਤੀਆਂ। ਲਿੰਗ ਕੱਟਣ ਦੀ ਥਾਂ ਸੁੰਨਤ ਕਰ ਦਿੱਤੀ। ਜਿਹੜੇ ਬੁਲ੍ਹ ਲੱਗੇ ਸਨ, ਉਸ ਦੇ ਥਾਂ ਦੋਵੇਂ ਮੁਛਾਂ ਕੱਟ ਦਿੱਤੀਆਂ॥ ੩੨॥

ਛਾਤੀ ਪਰ ਤੇ ਕਤਰੇ ਬਾਰਾ। ਸਿਰ ਤੇ ਜੂੜਾ ਕਾਟਿ ਉਤਾਰਾ।
ਤਿਸ ਉੱਮਤ ਅਵਿਲੋਕਯੋ ਐਸੇ। ਸਭਿਹਿਨਿ ਕਰੀ ਬਾਰਤਾ ਤੈਸੇ॥ ੩੩॥

ਛਾਤੀ ਉੱਪਰ ਤੋਂ ਵਾਲ ਕਤਰ ਲਏ ਤੇ ਸਿਰ ਉੱਪਰ ਜੂੜਾ ਕੱਟ ਕੇ ਉਤਾਰ ਲਿਆ। ਜਦ ਬਾਕੀਆਂ ਨੇ ਪੈਗੰਬਰ ਨੂੰ ਇਸ ਪ੍ਰਕਾਰ ਵੇਖਿਆ ਤਾਂ ਸਾਰਿਆਂ ਨੇ ਇਸ ਪ੍ਰਕਾਰ ਕੀਤਾ॥ ੩੩॥

ਇਮ ਤੁਰਕਨ ਸਭਿ ਕੇਸ ਕਟਾਏ। ਪੂਰਬਲੀ ਮਿਰਯਾਦ ਮਿਟਾਏ।
ਪੁਨ ਹਿੰਦੁਨ ਕੀ ਸੁਨਹੁ ਕਹਾਨੀ। ਹੋਯੋ ਪਰਸਰਾਮ ਬਲਿ ਖਾਨੀ॥ ੩੪॥

ਇਸ ਪ੍ਰਕਾਰ ਸਾਰੇ ਤੁਰਕਾਂ ਨੇ ਕੇਸ ਕਟਵਾ ਦਿੱਤੇ ਤੇ ਪਹਿਲੀ ਮਰਯਾਦਾ ਖਤਮ ਕਰ ਦਿੱਤੀ। ਫਿਰ ਹਿੰਦੂਆਂ ਦੀ ਕਹਾਣੀ ਸੁਣੋ। ਇਕ ਬ੍ਰਾਹਮਣ ਪਰਸ ਰਾਮ ਬੜਾ ਬਲਵਾਨ ਹੋਇਆ ਹੈ॥ ੩੪॥

ਕਰਤਿ ਜੁੱਧ ਛੱਤ੍ਰੀ ਸਭਿ ਹਾਰੇ। ਤਿਨ ਸਿਰ ਪਰ ਤੇ ਕੇਸ਼ ਉਤਾਰੇ।
ਮੁਨਿ ਨੰਦਨ ਜਬਿ ਮੁੰਡਨ ਕਰੇ। ਰਹੇ ਮੁੰਡਾਵਤਿ ਰੀਤੀ ਪਰੇ॥ ੩੫॥

ਉਸ ਨਾਲ ਯੁੱਧ ਕਰਦੇ ਸਾਰੇ ਖੱਤਰੀ ਹਾਰ ਗਏ, ਉਨ੍ਹਾਂ ਖੱਤਰੀਆਂ ਦੇ ਸਿਰਾਂ ਉੱਪਰੋਂ ਉਸ ਕੇਸ ਉਤਾਰ ਦਿੱਤੇ। ਪੁੱਤਰ ਦਾ ਸਿਰ ਮੁੰਨ ਕੇ ਜਦ ਮੁੰਡਨ ਕਰਦੇ ਸਨ ਤਾਂ ਫਿਰ ਉਹ ਸਿਰ ਮੁੰਨਵਾਉਂਦੇ ਰਹਿੰਦੇ ਸਨ, ਇਸ ਤਰ੍ਹਾਂ ਰੀਤੀ ਪੈ ਗਈ॥ ੩੫॥

ਪੁਨ ਕਲਜੁਗ ਮਹਿਂ ਰਾਜੇ ਭਏ। ਸੰਗ੍ਯਾ ਜਿਨਹੁਂ ਨੰਦ ਕੀ ਲਏ।
'ਦੁਰਿ ਕੈ ਬਿੱਪ੍ਰ ਨ ਬਰਨੀ ਕਰੈਂ। ਹਮਰੋ ਰਾਜ ਨਾਸ਼ ਹੁਇ' ਡਰੈਂ॥ ੩੬॥

ਫਿਰ ਕਲਜੁਗ ਵਿਚ ਕੁਝ ਰਾਜੇ ਹੋਏ ਹਨ, ਜਿਨ੍ਹਾਂ ਦੇ ਉਪਨਾਮ ਨੰਦ ਸਨ। 'ਬ੍ਰਾਹਮਣ ਲੁਕ ਕੇ ਕੇਸ ਨਹੀਂ ਕਟਵਾਉਂਦੇ ਸਨ, ਪਰ ਨੰਦ ਰਾਜੇ ਡਰਦੇ ਸਨ ਕਿ ਸਾਡਾ ਰਾਜ ਨਾਸ਼ ਨਾ ਹੋ ਜਾਵੇ'॥ ੩੬॥

ਤਿਨਹੁਂ ਬਿਚਾਰਜੋ ਇਹੀ ਉਪਾਇ। 'ਸਭਿ ਬਿੱਪ੍ਰਨਿ ਕੇ ਸਿਰ ਮੁੰਡਵਾਇਂ।
ਸੁਰ ਪ੍ਰਸੰਨ ਬਿਨ ਕੇਸ਼ ਨ ਹੋਇਂ। ਯਾਂਤੇ ਮੂੰਡ ਦਏ ਸਭਿ ਕੋਇ' ॥ ੩੭ ॥

ਉਨ੍ਹਾਂ ਰਾਜਿਆਂ ਨੇ ਸੋਚਿਆ ਕਿ ਇਹ ਹੀ ਉਪਾਅ ਹੈ ਕਿ "ਸਾਰੇ ਬ੍ਰਾਹਮਣਾਂ ਦੇ ਸਿਰ ਮੁੰਨਵਾ ਦੇਈਏ। ਦੇਵਤਿਆਂ ਦੇ ਪ੍ਰਸੰਨ ਹੋਣ ਤੋਂ ਬਗ਼ੈਰ ਕੇਸ ਨਹੀਂ ਹੋਣਗੇ, ਇਸ ਕਰਕੇ ਸਭ ਬ੍ਰਾਹਮਣਾਂ ਦੇ ਕੇਸ ਮੁੰਨਵਾ ਦਿੱਤੇ" ॥ ੩੭ ॥

ਹਿੰਦੂ ਤੁਰਕ ਇਸੀ ਬਿਧਿ ਸਾਰੇ। ਸਿਰ ਮੁੰਡਵਾਇ ਧਰਮ ਕੋ ਹਾਰੇ।
ਨਉਨਿਧਿ ! ਸੁਨੀਯਹਿ ਹੇਤ ਮੁੰਡਨ ਕੋ। ਕੇਸ਼ ਰਾਖਨੇ ਰਵਾ ਸਭਿਨਿ ਕੋ ॥ ੩੮ ॥

ਹਿੰਦੂਆਂ ਅਤੇ ਤੁਰਕਾਂ ਨੇ ਏਸੇ ਵਿਧੀ ਅਨੁਸਾਰ ਸਿਰ ਮੁੰਨਵਾ ਦਿੱਤੇ ਹਨ ਅਤੇ ਧਰਮ ਨੂੰ ਹਾਰ ਗਏ ਹਨ। ਹੇ ਨਉਨਿਧ ! ਕੇਸ ਮੁੰਨਣ ਬਾਰੇ ਤੂੰ ਸੁਣਿਆ ਹੈ, ਕੇਸ ਰੱਖਣੇ ਸਭ ਵਾਸਤੇ ਯੋਗ ਹਨ ॥ ੩੮ ॥

ਜਿਨ ਤੇ ਬਿਨਾ ਪ੍ਰਸੰਨ ਨ ਦੇਵ। ਅਸ ਸ਼ੁਭ ਕੇਸ਼ ਮੁੰਡਾਵਨਿ ਲੇਵ।
ਬਿਨਾ ਬਿਚਾਰੇ ਦੇਖਾ ਦੇਖੀ। ਧਾਰੀ ਰੀਤਿ ਭਏ ਦੁਰਭੇਖੀ ॥ ੩੯ ॥

ਜਿਨ੍ਹਾਂ ਤੋਂ ਬਗ਼ੈਰ ਦੇਵਤੇ ਪ੍ਰਸੰਨ ਨਹੀਂ ਹੁੰਦੇ ਹਨ। ਇਸ ਕਰਕੇ ਸ਼ੁਭ ਕੇਸਾਂ ਨੂੰ ਨਾ ਮੁੰਨਵਾਵੋ। ਵਿਚਾਰ ਕਰਨ ਤੋਂ ਬਗ਼ੈਰ ਤੇ ਦੇਖਾ-ਦੇਖੀ, ਇਹ ਰੀਤੀ ਧਾਰ ਲਈ ਹੈ ਤੇ ਦੁਰਭੇਖੀ ਬਣ ਗਏ ਹਨ ॥ ੩੯ ॥

ਰਚਜੋ ਸੁ ਈਸ਼ੁਰ ਮਾਨੁਖ ਦੇਹ। ਕਰਜੋ ਸੁਭਾਇਮਾਨ ਛਬਿ ਗ੍ਰੇਹ।
ਉੱਤਮਾਂਗ ਪਰ ਸੁੰਦਰ ਕਰੇ। ਅਧਿਕ ਰੂਪ ਕੇਸ਼ਨ ਤੇ ਧਰੇ ॥ ੪੦ ॥

ਜਿਹੜੀ ਈਸ਼ਵਰ ਨੇ ਮਨੁੱਖਾ-ਦੇਹੀ ਬਣਾਈ ਹੈ, ਉਸ ਨੇ ਮਨੁੱਖ ਨੂੰ ਸੁੰਦਰ ਸੁਭਾਇਮਾਨ ਬਣਾਇਆ ਹੈ। ਸਾਰੇ ਅੰਗਾਂ ਵਿਚ ਸਿਰ ਉੱਤਮ ਹੈ ਤੇ ਉਸ ਉੱਪਰ ਕੇਸ ਉਤਪੰਨ ਕੀਤੇ ਹਨ ਤੇ ਮਨੁੱਖ ਕੇਸਾਂ ਕਰਕੇ ਸੁੰਦਰ ਰੂਪ ਧਾਰਨ ਕਰਦਾ ਹੈ ॥ ੪੦ ॥

ਤਿਨਹਿ ਮੁੰਡਾਇ ਬਿਚਾਰ ਬਿਹੀਨੇ। ਧਰਮ ਚਾਰੁਤਾ ਹਤਿ ਹਿਤ ਚੀਨੇ।
ਸਭਿ ਜਗ ਮਹਿਂ ਫੈਲੀ ਦੁਰਮਤੀ। ਕੋ ਹਟਿ ਸਕਹਿ ਰੀਤਿ ਪਿਖਿ ਅਤੀ ॥ ੪੧ ॥

ਵਿਚਾਰ ਵਿਹੀਣੇ ਇਨ੍ਹਾਂ ਕੇਸਾਂ ਨੂੰ ਮੁੰਨਵਾ ਦਿੰਦੇ ਹਨ। ਉਨ੍ਹਾਂ ਨੇ ਧਰਮ ਦੀ ਸੁੰਦਰਤਾ ਨੂੰ ਨਾਸ਼ ਕਰਨ ਵਿਚ ਹੀ ਆਪਣਾ ਹਿਤ ਜਾਣਿਆ ਹੈ। ਹੁਣ ਰੀਤੀ ਵੇਖ ਕੇ ਕੌਣ ਹਟ ਸਕਦਾ ਹੈ ॥ ੪੧ ॥

ਤਿਸ ਬਿਧਿ ਕੇ ਸ਼ਲੋਕ ਰਚਿ ਰਾਖੇ। ਬੀਚ ਪੁਰਾਨ ਦਿਖਾਵਤਿ ਸਾਖੇ।
ਪੂਰਬਲੀ ਨਹਿਂ ਰੀਤਿ ਬਿਚਾਰੈਂ। ਕੇਸ ਦਿਜਾਦਿਜ ਬੀ ਸਿਰ ਧਾਰੈਂ ॥ ੪੨ ॥

ਬ੍ਰਾਹਮਣਾਂ ਨੇ ਉਸੇ ਰੀਤੀ ਦੇ ਸਲੋਕ ਲਿਖ ਲਏ ਹਨ ਤੇ ਉਹ ਪੁਰਾਣਾਂ ਦੇ ਵਿਚ ਵਿਖਾ ਕੇ ਪੁਰਾਣਾਂ ਨੂੰ ਸਾਖੀ ਬਣਾਉਂਦੇ ਹਨ। ਪਹਿਲੀ ਰੀਤੀ 'ਤੇ ਵਿਚਾਰ ਨਹੀਂ ਕਰਦੇ ਹਨ। ਕੇਸ ਬ੍ਰਾਹਮਣ ਅਤੇ ਗ਼ੈਰ ਬ੍ਰਾਹਮਣ ਵੀ ਧਾਰਨ ਕਰਦੇ ਸਨ" ॥ ੪੨ ॥

ਸ੍ਰੀ ਮੁਖ ਤੇ ਸੁਨਿ ਬਾਕ ਸੁਹਾਏ। ਨੌ ਨਿਧ ਖੱਤ੍ਰੀ ਸਚ ਲਖਿ ਪਾਏ।
'ਧੰਨ ਧੰਨ ਗੁਰ' ਕਹਿ ਕਰਿ ਨਮੋ। ਅਪਨੇ ਘਰ ਗਮਨਜੋਂ ਤਿਹ ਸਮੋਂ ॥ ੪੩ ॥

ਸਤਿਗੁਰੂ ਜੀ ਦੇ ਮੁਖ ਤੋਂ ਸੁਹਾਵਣੇ ਬਚਨ ਸੁਣ ਕੇ, ਨੌਨਿਧ ਖੱਤਰੀ ਸੱਚ ਨੂੰ ਸਮਝ ਗਿਆ। ਉਸ ਨੇ "ਧੰਨ ਧੰਨ ਗੁਰੂ ਜੀ" ਕਹਿ ਕੇ ਬੰਦਨਾ ਕੀਤੀ। ਉਸ ਸਮੇਂ ਉਹ ਆਪਣੇ ਘਰ ਨੂੰ ਚਲਾ ਗਿਆ ॥ ੪੩ ॥

ਪ੍ਰਭੁ ਜੀ ਬਸਹਿਂ ਆਗਰੇ ਮਾਂਹੀ। ਦਰਸ਼ਨ ਹਿਤ ਆਵਹਿਂ ਇਕ ਜਾਹੀਂ।
ਸੁੰਦਰ ਮੰਦਿਰ ਉਪਬਨ ਬਿਖੇ। ਸਘਨ ਤਰੋਵਰ ਹਰੀਅਲਿ ਪਿਖੇਂ ॥ ੪੪ ॥

ਸਤਿਗੁਰੂ ਜੀ ਆਗਰੇ ਦੇ ਵਿਚ ਰਹਿੰਦੇ ਸਨ। ਗੁਰੂ ਜੀ ਦੇ ਦਰਸ਼ਨਾਂ ਵਾਸਤੇ ਕਈ ਆਉਂਦੇ ਸਨ ਅਤੇ ਕਈ ਜਾਂਦੇ ਸਨ। ਬਾਗ਼ ਦੇ ਵਿਚ ਇਕ ਸੁੰਦਰ ਘਰ ਬਣਿਆ ਸੀ। ਸਾਰੇ ਬਿਰਛ ਹਰੇ-ਭਰੇ ਦਿਖਾਈ ਦਿੰਦੇ ਸਨ॥ ੪੪॥

ਕੁੰਜਤਿ ਨਾਨਾ ਰੰਗ ਬਿਹੰਗ। ਸੁਭਤਿ ਬਾਗ਼ ਫਲ ਫੂਲਨਿ ਸੰਗ।
ਪਾਵਸ ਰਿਤੁ ਪਸਰੀ ਘਨਘੋਰ। ਠੌਰ ਠੌਰ ਬਹੁ ਮੋਰਨਿ ਸ਼ੋਰ॥ ੪੫॥

ਭਿੰਨ-ਭਿੰਨ ਰੰਗਾਂ ਦੇ ਪੰਛੀ ਇਕੱਠੇ ਹੁੰਦੇ ਸਨ ਤੇ ਸੁੰਦਰ ਬਾਗ਼, ਫੁਲਾਂ ਫੁੱਲਾਂ ਸਹਿਤ ਬੜੀ ਸ਼ੋਭਾ ਪਾ ਰਿਹਾ ਸੀ। ਵਰਖਾ ਰੁੱਤ ਸਾਰੇ ਪਸਰੀ ਸੀ, ਘਨਘੋਰ ਘਟਾਵਾਂ ਚੜ੍ਹ ਚੜ੍ਹ ਕੇ ਆਉਂਦੀਆਂ ਸਨ। ਥਾਂ-ਥਾਂ ਮੋਰਾਂ ਨੇ ਸ਼ੋਰ ਮਚਾਇਆ ਸੀ॥ ੪੫॥

ਛਿਤ ਪਰਫੁਲਤ ਭਈ ਜਲ ਪਰਿਕੈ। ਨਿਕਸਜੋ ਵਹਿਰ ਸਰੋਵਰ ਭਰਿਕੈ।
ਬੇਗ ਗਾਮਨੀ ਸਲਿਤਾ ਹੋਈ। ਤਪਤ ਹਤੀ ਸੀਤਲ ਸਭਿ ਕੋਈ॥ ੪੬॥

ਬਾਰਸ਼ ਪੈਣ ਕਰਕੇ ਸਾਰੀ ਧਰਤੀ ਪਾਣੀ ਨਾਲ ਭਰੀ ਹੋਈ ਸੀ। ਸਰੋਵਰ ਕੰਢਿਓ-ਕੰਢੀ ਭਰ ਗਿਆ ਸੀ ਤੇ ਜਲ ਹੁਣ ਬਾਹਰ ਨਿਕਲ ਰਿਹਾ ਸੀ। ਨਦੀ ਬੜੀ ਤੇਜ਼ ਰਫ਼ਤਾਰ ਨਾਲ ਚਲ ਰਹੀ ਸੀ। ਤਪਸ਼ ਦੂਰ ਹੋ ਗਈ ਸੀ ਤੇ ਸਭ ਵਸਤਾਂ ਠੰਢੀਆਂ ਹੋ ਗਈਆਂ ਸਨ॥ ੪੬॥

ਬਸਹਿਂ ਬਾਗ ਮਹਿਂ ਗੁਰੂ ਚੁਮਾਸਾ। ਸਿਖ ਸੰਗਤ ਕੀ ਪੂਰਵਤਿ ਆਸਾ।
ਕਬਿ ਕਬਿ ਮੇਲ ਸ਼ਾਹੁ ਸੋਂ ਬਨੈਂ। ਕਵਿ ਸੰਤੋਖ ਸਿੰਘ ਸੋ ਅਬਿ ਭਨੈ॥ ੪੭॥

ਚੁਮਾਸਾ ਹੋਣ ਕਰਕੇ ਗੁਰੂ ਜੀ ਬਾਗ਼ ਦੇ ਵਿਚ ਹੀ ਰਹਿੰਦੇ ਸਨ ਤੇ ਸਿੱਖ ਸੰਗਤਾਂ ਦੀ ਆਸ ਪੂਰੀ ਕਰਦੇ ਸਨ। ਕਦੀ-ਕਦੀ ਬਾਦਸ਼ਾਹ ਨਾਲ ਵੀ ਮੇਲ ਹੋ ਜਾਂਦਾ ਸੀ। ਕਵੀ ਸੰਤੋਖ ਸਿੰਘ ਨੇ ਹੁਣ ਇਹ ਵਰਣਨ ਕੀਤਾ ਹੈ॥ ੪੭॥

*ਪਹਿਲੇ ਐਨ ਦਾ ਸੰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੭॥*

## ਅਧਿਆਇ ਅਠਤਾਲ੍ਹੀਵਾਂ

### *ਖਾਨਖਾਨਾ, ਸੱਯਦ ਨੂੰ ਕਰਾਮਾਤ ਦਾ ਉੱਤਰ*

ਦੋਹਰਾ- ਇਕ ਦਿਨ ਮੈਂ ਧਰਿ ਭਾਵਨੀ ਅਪਨੋ ਭਲੋ ਪਛਾਨ।
ਦੀਨ ਖਾਨਖਾਨਾ ਭਯੋ ਗੁਰ ਪਗ ਬੰਦਨ ਠਾਨਿ॥ ੧॥

ਇਕ ਦਿਨ ਖਾਨਖਾਨਾ ਭਾਵਨਾ ਧਾਰ ਕੇ ਤੇ ਆਪਣਾ ਭਲਾ ਪਛਾਣ ਕੇ ਬਹੁਤ ਦੀਨ ਹੋ ਗਿਆ ਤੇ ਉਸ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ॥ ੧॥

ਚੌਪਈ- ਸਭਾ ਸਥਾਨ ਜਹਾਂ ਬਨਿਵਾਯੋ। ਲੇ ਸਤਿਗੁਰ ਕੋ ਸੰਗ ਸਿਧਾਯੋ।
'ਗੁਰ ਪਾਵਨ ਪਾਵਨ ਕੋ ਕਰੈਂ। ਪਾਵਨ ਘਰ ਮੇਰੋ ਜਬਿ ਫਿਰੈਂ'॥ ੨॥

ਜਿੱਥੇ ਸਭਾ ਦਾ ਸਥਾਨ ਬਣਵਾਇਆ ਸੀ, ਉਥੇ ਸਤਿਗੁਰੂ ਜੀ ਨੂੰ ਲੈ ਕੇ ਚਲੇ ਗਿਆ। "ਗੁਰੂ ਜੀ ਉਸ ਵਿਚ ਚਰਨ

ਪਾਉਣਾ ਕਰਨ, ਜਦ ਮੇਰੇ ਘਰ ਵਿਚ ਵਿਰਨਗੇ ਤਾਂ ਘਰ ਪਵਿੱਤਰ ਹੋ ਜਾਵੇਗਾ" ॥ ੨ ॥

ਆਸਤਰਨ ਸੁੰਦਰ ਬਿਛਵਾਏ। ਸਾਦਰ ਸਤਿਗੁਰ ਤਹਾਂ ਬਿਠਾਏ।
ਅਨਿਕ ਅਕੋਰ ਜੋਰਿ ਕਰ ਦੀਨਿ। ਬਿਨਤੀ ਕੀਨਿ ਹੋਇ ਮਨ ਦੀਨ ॥ ੩ ॥

ਸੁੰਦਰ ਵਸਤਰ ਵਿਛਵਾਏ ਤੇ ਉਨ੍ਹਾਂ ਉੱਪਰ ਸਤਿਗੁਰੂ ਜੀ ਨੂੰ ਬੜੇ ਆਦਰ ਨਾਲ ਬਿਠਾਇਆ। ਅਨੇਕਾਂ ਉਪਹਾਰ ਹੱਥ ਜੋੜ ਕੇ ਅਰਪਣ ਕੀਤੇ ਤੇ ਮਨ ਵਿਚ ਦੀਨ ਹੋ ਕੇ ਬੇਨਤੀ ਕੀਤੀ ॥ ੩ ॥

ਸ੍ਰੀ ਪ੍ਰਭੁ ਸੁ ਪ੍ਰਸੰਨ ਬਹੁ ਭਏ। ਖੁਸ਼ੀ ਕਰੀ ਸਗਰੇ ਸੁਖ ਦਏ।
'ਪ੍ਰਥਮ ਖਾਨ ਖਾਨਾ ਜੋ ਭਯੋ। ਅਕਬਰ ਕੇ ਮਾਤੁਲ ਤੇ ਜਯੋ ॥ ੪ ॥

ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਖਾਨਖਾਨਾ ਉੱਪਰ ਆਪਣੀ ਖੁਸ਼ੀ ਕਰਕੇ ਸੁਖ ਦਿੱਤੇ ਤੇ ਕਿਹਾ, "ਜਿਹੜਾ ਪਹਿਲਾ ਖਾਨਖਾਨਾ ਹੋਇਆ ਸੀ, ਉਹ ਅਕਬਰ ਬਾਦਸ਼ਾਹ ਦਾ ਮਾਮਾ ਸੀ ॥ ੪ ॥

ਬਹੁ ਨੇਕੀ ਜਗ ਬਿਖੈ ਕਮਾਈ। ਤੁਮ ਭੀ ਤਿਸ ਕੀ ਸਮਤਾ ਪਾਈ'।
ਮੁਦਤ ਭਯੋ ਸੁਨਿਕੈ ਗੁਰ ਬੈਨ। ਹੇਰਤਿ ਹੈ ਸਰੂਪ ਭਰਿ ਨੈਨ ॥ ੫ ॥

ਉਸ ਨੇ ਜਗਤ ਵਿਚ ਬਹੁਤ ਨੇਕੀ ਕਮਾਈ ਸੀ, ਤੁਸੀਂ ਵੀ ਉਸਦੀ ਬਰਾਬਰੀ ਪਾਈ ਹੈ।" ਖਾਨਖਾਨਾ ਸਤਿਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਨੈਣ ਭਰ ਕੇ ਗੁਰੂ ਜੀ ਦਾ ਸਰੂਪ ਵੇਖ ਰਿਹਾ ਸੀ ॥ ੫ ॥

ਸੁਮਤਿ ਤੁਰਕ ਬੈਠੇ ਸਮੁਦਾਯਾ। ਕਾਜ਼ੀ ਮੁੱਲਾਂਦਿਕ ਤਿਸ ਥਾਯਾ।
ਗਰ ਸ਼ਮਸ਼ੇਰ ਗੁਰੂ ਸਮ ਸ਼ੇਰ। ਬੈਠੇ ਬਿਚ ਸਭਿ ਕੇਰ ਬਡੇਰ ॥ ੬ ॥

ਸਾਰੇ ਚੰਗੀ ਬੁੱਧੀ ਵਾਲੇ ਤੁਰਕ ਉਥੇ ਬੈਠੇ ਸਨ, ਕਾਜ਼ੀ ਅਤੇ ਮੁੱਲਾਂ ਆਦਿ ਵੀ ਉਸ ਥਾਂ ਬੈਠੇ ਸਨ। ਗੁਰੂ ਜੀ ਦੇ ਗਲ ਵਿਚ ਤਲਵਾਰ ਸੀ ਜਿਹੜੀ ਗੁਰੂ ਜੀ ਵਾਂਗ ਸ਼ੇਰ ਸੀ। ਜਿਹੜੇ ਉਥੇ ਬੈਠੇ ਸਨ, ਉਨ੍ਹਾਂ ਸਭ ਦੀਆਂ ਤਲਵਾਰਾਂ ਤੋਂ ਵੱਡੀ ਸੀ ॥ ੬ ॥

ਦਰਸਹਿਂ ਨਰ ਨਿਜ ਗ੍ਰੀਵ ਨਿਵਾਵੈਂ। ਜੋ ਬੂਝੈ ਉੱਤਰ ਫੁਰਮਾਵੈਂ।
ਸਤਿਗੁਰ ਕੀ ਬਿਸਾਲ ਬਡਿਆਈ। ਦੁਸ਼ਟ ਨਰਨਿ ਤੇ ਜਰੀ ਨ ਜਾਈ ॥ ੭ ॥

ਮਨੁੱਖ ਸਿਰ ਨਿਵਾ ਕੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ, ਜਿਹੜਾ ਵੀ ਪੁੱਛਦਾ ਸੀ, ਉਸ ਨੂੰ ਉੱਤਰ ਦਿੰਦੇ ਸਨ। ਸਤਿਗੁਰੂ ਜੀ ਦੀ ਵਿਸ਼ਾਲ ਵਡਿਆਈ, ਦੁਸ਼ਟ ਮਨੁੱਖਾਂ ਪਾਸੋਂ ਜਰੀ ਨਹੀਂ ਸੀ ਜਾਂਦੀ ॥ ੭ ॥

ਇਕ ਸਿਰੰਦ ਕੋ ਸੱਯਦ ਬੀਚ। ਪਿਖਿ ਪ੍ਰਭੁ ਕੋ ਖੁਨਸਯੋ ਮਤਿ ਨੀਚ।
ਕਹ੍ਯੋ ਤਾਂਹਿ 'ਤੁਮ ਹਿੰਦੁਨਿ ਪੀਰ। ਸਭਿ ਮਾਨਤਿ ਹੈਂ ਜਾਨਿ ਗਹੀਰ ॥ ੮ ॥

ਉਨ੍ਹਾਂ ਮਨੁੱਖਾਂ ਦੇ ਵਿਚ ਇਕ ਸਿਰਹੰਦ ਦਾ ਸੱਯਦ ਬੈਠਾ ਸੀ। ਉਹ ਨੀਚ ਮੱਤ ਵਾਲਾ ਸਤਿਗੁਰੂ ਜੀ ਨੂੰ ਵੇਖ ਕੇ ਜਰ ਨਾ ਸਕਿਆ। ਉਸ ਨੇ ਕਿਹਾ, "ਤੁਸੀਂ ਹਿੰਦੂਆਂ ਦੇ ਪੀਰ ਹੋ, ਗਹਿਰ-ਗੰਭੀਰ ਹੋਣ ਕਰਕੇ ਤੁਹਾਨੂੰ ਸਾਰੇ ਮੰਨਦੇ ਹਨ ॥ ੮ ॥

ਕਰਾਮਾਤ ਕੁਛ ਰਾਖਤਿ ਅਹੋ। ਕਿਧੌਂ ਨਹੀਂ ਬਲ, ਸੋ ਬਿਧਿ ਕਹੋ?
ਚਿਤ ਚਾਹਤਿ ਹਮ ਨਿਰਨੈ ਕਰ੍ਯੋ। ਜਹਿਂ ਕਹਿ ਤੁਮਰੋ ਸੁਜਸੁ ਬਿਥਰ੍ਯੋ' ॥ ੯ ॥

ਕੁਝ ਕਰਾਮਾਤ ਰੱਖਦੇ ਹੋ ਜਾਂ ਨਹੀਂ, ਕੈਸਾ ਬਲ ਹੈ, ਉਸ ਵਿਧੀ ਅਨੁਸਾਰ ਕਹੋ? ਅਸੀਂ ਆਪਣੇ ਚਿੱਤ ਵਿਚ ਨਿਰਣਾ ਕਰਨਾ ਚਾਹੁੰਦੇ ਹਾਂ ਜਿੱਥੇ ਕਿੱਥੇ ਤੁਹਾਡਾ ਸ੍ਰੇਸ਼ਟ ਜੱਸ ਪਸਰਿਆ ਹੈ" ॥ ੯ ॥

ਲਖੀ ਤਰਕ ਤਿਹ ਸੱਯਦ ਕੇਰੀ। ਫੁਰਮਾਯੋ ਸ੍ਰੀ ਮੁਖ ਤਿਸ ਬੇਰੀ।
'ਬਦਨ ਬਹਾਦਰਸ਼ਾਹ ਮਝਾਰੀ। ਕਰਾਮਾਤ ਹੈ ਬਿਦਤ ਉਦਾਰੀ॥ ੧੦॥

ਜਦ ਸਤਿਗੁਰੂ ਜੀ ਨੇ ਉਸ ਸੱਯਦ ਦੇ ਤਰਕ ਨੂੰ ਜਾਣਿਆ ਤਾਂ ਗੁਰੂ ਜੀ ਨੇ ਉਸ ਸਮੇਂ ਫੁਰਮਾਇਆ, "ਬਾਦਸ਼ਾਹ ਬਹਾਦਰ ਸ਼ਾਹ ਦੇ ਮੁਖ 'ਤੇ ਵੱਡੀ ਕਰਾਮਾਤ ਪ੍ਰਗਟ ਹੈ॥ ੧੦॥

ਕਰਹਿ ਰੰਕ ਤੇ ਪੰਚ ਹਜ਼ਾਰੀ। ਨਰ ਗਨ ਅਪਰ ਬਨਹਿਂ ਅਨੁਸਾਰੀ।
ਪੰਚ ਹਜ਼ਾਰੀ ਕੋ ਜੇ ਚਾਹੈ। ਕੋਪੈ ਰੰਕ ਕਰੈ ਛਿਨ ਮਾਹੈ॥ ੧੧॥

ਉਹ ਇਕ ਕੰਗਾਲ ਨੂੰ ਪੰਜ ਹਜ਼ਾਰੀ ਬਣਾ ਸਕਦੇ ਹਨ, ਹੋਰ ਬਹੁਤ ਮਨੁੱਖ ਉਨ੍ਹਾਂ ਦੀ ਆਗਿਆ ਅਨੁਸਾਰ ਹੋ ਜਾਣਗੇ। ਪੰਜ ਹਜ਼ਾਰੀ ਨੂੰ ਜੇ ਚਾਹੁਣ, ਗੁੱਸੇ ਵਿਚ ਆ ਕੇ, ਇਕ ਛਿਣ ਵਿਚ ਕੰਗਾਲ ਬਣਾ ਸਕਦੇ ਹਨ॥ ੧੧॥

ਮਾਰਹਿ ਬਖਸ਼ਹਿ ਦੇਰ ਬਿਹੀਨਾ। ਤਿਸ ਮੁਖ ਮਹਿਂ ਲਖਿ ਅਜ਼ਮਤ ਪੀਨਾ।
ਪੁਨ ਸੱਯਦ ਤਰਕਤਿ ਸਭਿ ਮਾਂਹੀ। 'ਤੁਮ ਭੀ ਰਾਖਤਿ ਹਹੁ ਕੈ ਨਾਂਹੀ॥ ੧੨॥

ਕਿਸੇ ਦੇਰ ਤੋਂ ਬਗੈਰ ਮਾਰ ਸਕਦੇ ਹਨ, ਬਖਸ਼ ਸਕਦੇ ਹਨ, ਉਨ੍ਹਾਂ ਦੇ ਮੁਖ ਵਿਚ ਵੱਡੀ ਕਰਾਮਾਤ ਸਮਝੋ।" ਸੱਯਦ ਨੇ ਫਿਰ ਸਾਰਿਆਂ ਵਿਚ ਤਰਕ ਕੀਤਾ, "ਤੁਸੀਂ ਵੀ ਰੱਖਦੇ ਹੋ ਕਿ ਨਹੀਂ॥ ੧੨॥

ਸੋ ਤੋ ਬਾਦਸ਼ਾਹ ਬਨਿ ਰਹਜੋ। ਬਰਤਹਿ ਹੁਕਮ ਤਿਸੀ ਕੋ ਕਹਜੋ।
ਹਮ ਬੂਝਤਿ ਹੈਂ ਰਾਵਰਿ ਪਾਸ। ਜੇ ਰਾਖਤਿ ਕੁਛ ਕਰਹੁ ਪ੍ਰਕਾਸ਼' ॥ ੧੩॥

ਉਹ ਤਾਂ ਬਾਦਸ਼ਾਹ ਬਣ ਰਿਹਾ ਹੈ, ਉਸ ਦਾ ਕਿਹਾ ਹੀ ਹੁਕਮ ਵਰਤਦਾ ਹੈ। ਅਸੀਂ ਆਪ ਜੀ ਪਾਸੋਂ ਪੁੱਛਦੇ ਹਾਂ, ਜੇ ਰੱਖਦੇ ਹੋ ਤਾਂ ਇਸ ਦਾ ਕੁਝ ਪ੍ਰਕਾਸ਼ ਕਰੋ" ॥ ੧੩॥

ਸਭਿ ਮਹਿਂ ਤਰਕ ਸੁਨੀ ਜਬਿ ਨਾਥ। ਜੇਬ ਮਝਾਰ ਡਾਰਿ ਕਰਿ ਹਾਥ।
ਮੁਹਰ ਨਿਕਾਸੀ ਕੇਤਿਕ ਤਬੈ। ਬੋਲੇ ਸ੍ਰੀ ਪ੍ਰਭੁ ਸੁਨਤਜੋਂ ਸਬੈ॥ ੧੪॥

ਸਾਰਿਆਂ ਦੇ ਵਿਚ ਜਦ ਸਤਿਗੁਰੂ ਜੀ ਨੇ ਸੱਯਦ ਦਾ ਤਰਕ ਸੁਣਿਆ ਤਾਂ ਜੇਬ ਵਿਚ ਹੱਥ ਪਾ ਕੇ ਕਈ ਮੁਹਰਾਂ ਕੱਢੀਆਂ ਫਿਰ ਸਤਿਗੁਰੂ ਸਾਰਿਆਂ ਦੇ ਸੁਣਦਿਆਂ ਹੋਇਆਂ ਬੋਲੇ॥ ੧੪॥

'ਪਿਖਿ ਦੀਨਾਰ ਜੁ ਹਾਥ ਹਮਾਰੇ। ਇਹ ਅਜ਼ਮਤਿ ਲਿਹੁ ਦੂਤੀ ਬਿਚਾਰੇ।
ਜਿਸ ਢਿਗ ਹਇਂ ਚਾਹੇ ਸੋ ਕਰੇ। ਲਰਤ ਹਜ਼ਾਰਹੁਂ ਜਿਸ ਹਿਤ ਮਰੇ' ॥ ੧੫॥

"ਇਹ ਵੇਖੋ ਜਿਹੜਾ ਦੀਨਾਰ ਸਾਡੇ ਹੱਥ ਵਿਚ ਹੈ, ਇਹ ਵੀ ਕਰਾਮਾਤ ਰੱਖਦਾ ਹੈ, ਇਸ ਨੂੰ ਦੂਸਰੀ ਕਰਾਮਾਤ ਪਛਾਣ ਲਵੋ। ਜਿਸ ਪਾਸ ਦੀਨਾਰ ਹਨ, ਉਹ ਜੋ ਚਾਹੇ ਕਰ ਸਕਦਾ ਹੈ, ਜਿਸ ਵਾਸਤੇ ਹਜ਼ਾਰਾਂ ਲੜ-ਲੜ ਮਰ ਜਾਂਦੇ ਹਨ" ॥ ੧੫॥

ਸੁਨਿ ਸੱਯਦ ਬੋਲਜੋ ਤਜਿ ਮੌਨ। 'ਤੁਮ ਮਹਿਂ ਕਰਾਮਾਤ ਹੈ ਕੌਨ?।
ਦੌਲਤ ਆਦਿ ਅਨੇਕ ਪ੍ਰਕਾਰੀ। ਜਿਸ ਤੇ ਮਾਨਹਿਂ ਲੋਕ ਹਜ਼ਾਰੀ' ॥ ੧੬॥

ਇਹ ਸੁਣ ਕੇ ਸੱਯਦ ਚੁੱਪ ਛੱਡ ਕੇ ਬੋਲਿਆ, "ਤੁਹਾਡੇ ਵਿਚ ਕਿਹੜੀ ਕਰਾਮਾਤ ਹੈ? ਦੌਲਤ ਆਦਿ ਤਾਂ ਅਨੇਕ ਪ੍ਰਕਾਰ ਦੀ ਹੁੰਦੀ ਹੈ, ਜਿਸ ਕਰਕੇ ਹਜ਼ਾਰਾਂ ਲੋਕ ਮੰਨ ਜਾਂਦੇ ਹਨ" ॥ ੧੬॥

ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ। ਸਭਿ ਮਹਿਂ ਛਟਾ ਸਮਾਨ ਪ੍ਰਕਾਸ਼ੀ।
ਤਤਛਿਨ ਬਦਨ ਪੀਤ ਹੁਇ ਗਏ। ਲੋਚਨ ਸਮੁਖ ਨ ਕਰਤੇ ਭਏ॥ ੧੭॥

ਇਹ ਸੁਣ ਕੇ ਫਿਰ ਸਤਿਗੁਰੂ ਜੀ ਨੇ ਤਲਵਾਰ ਮਿਆਨ ਵਿਚੋਂ ਕੱਢੀ, ਜਦ ਉਹ ਮਿਆਨ ਵਿਚੋਂ ਨਿਕਲੀ ਤਾਂ ਬਿਜਲੀ ਵਾਂਗ ਚਮਕੀ। ਸੱਯਦ ਦਾ ਤੁਰਤ ਮੂੰਹ ਪੀਲਾ ਹੋ ਗਿਆ, ਫਿਰ ਆਪਣੀਆਂ ਅੱਖਾਂ ਸਾਹਮਣੇ ਨਹੀਂ ਸੀ ਕਰਦਾ॥ ੧੭॥

ਤੇਜ ਦਿਪਤ ਸ੍ਰੀ ਮੁਖ ਤੇ ਕਹੈਂ। 'ਇਹ ਭੀ ਕਰਾਮਾਤ ਇਕ ਅਹੈ।
ਅਬਿ ਹੀ ਸਿਰ ਉਤਾਰਿ ਕਰ ਤੇਰਾ। ਫਲ ਸ਼ਾਖਾ ਸਮ ਦੇ ਧਰਿ ਗੇਰਾ॥ ੧੮॥

ਤਲਵਾਰ ਦਾ ਤੇਜ ਪ੍ਰਕਾਸ਼ ਵਿਖਾ ਕੇ ਗੁਰੂ ਜੀ ਨੇ ਕਿਹਾ, "ਇਹ ਵੀ ਇਕ ਕਰਾਮਾਤ ਹੈ, ਹੁਣੇ ਹੀ ਤੇਰਾ ਸਿਰ ਲਾਹ ਕੇ ਟਾਹਣੀ ਨਾਲੋਂ ਟੁੱਟੇ ਫਲ ਵਾਂਗ ਡੇਗ ਦਿੰਦੀ॥ ੧੮॥

ਨਹਿਂ ਜਬਾਬ ਕੁਛ ਸੁਾਲ ਨ ਹੋਵੈ। ਜੀਵਨ ਬਾਦ ਬਾਦ ਕਰਿ ਖੋਵੈਂ।
ਪਿਖਿ ਸਤਿਗੁਰ ਕੋ ਤੇਜ ਬਿਲੰਦਾ। ਹੋਤਿ ਭਯੋ ਸੱਯਦ ਸ਼ਰਮਿੰਦਾ॥ ੧੯॥

ਫਿਰ ਕੋਈ ਜਵਾਬ ਸਵਾਲ ਨਹੀਂ ਹੋਵੇਗਾ, ਜੀਵਨ ਤਰਕ ਕਰ ਕਰ ਕੇ ਗਵਾ ਲਵੇਂਗਾ।" ਸਤਿਗੁਰੂ ਜੀ ਦਾ ਮਹਾਨ ਤੇਜ ਵੇਖ ਕੇ ਫਿਰ ਸੱਯਦ ਸ਼ਰਮਿੰਦਾ ਹੋ ਗਿਆ॥ ੧੯॥

ਕਹਜੋ ਗਯੋ ਪੁਨ ਬਾਕ ਨ ਕੋਈ। ਨੀਚਿ ਗ੍ਰੀਵ ਅਵਨੀ ਅਵਲੋਈ।
ਕਿਤਿਕ ਸਮੇਂ ਤਕ ਥਿਰ ਗੁਰ ਰਹੇ। ਪੁਨ ਡੇਰੇ ਕਹੁ ਆਵਨ ਚਹੇ॥ ੨੦॥

ਫਿਰ ਉਸ ਪਾਸੋਂ ਕੋਈ ਵੀ ਗੱਲ ਨਾ ਕਹੀ ਗਈ, ਨੀਚ ਨੇ ਧੌਣ ਧਰਤੀ ਵੱਲ ਨੀਵੀਂ ਕੀਤੀ ਹੋਈ ਸੀ। ਉਥੇ ਕਾਫੀ ਸਮੇਂ ਤੱਕ ਗੁਰੂ ਜੀ ਬੈਠੇ ਰਹੇ, ਫਿਰ ਆਪਣੇ ਡੇਰੇ ਵੱਲ ਆਉਣਾ ਚਾਹਿਆ॥ ੨੦॥

ਹਯ ਅਰੂਢਿ ਗਤਿ ਮੰਦਹਿ ਮੰਦ। ਆਨਿ ਪਹੂਚੇ ਸ੍ਰੀ ਜਗ ਬੰਦ।
ਉਤਰਿ ਤੁਰੰਗਮ ਤੇ ਪ੍ਰਭੁ ਥਿਰੇ। ਰੁਚਿਰ ਪ੍ਰਯੰਕ ਪੌਢਿਬੋ ਕਰੇ॥ ੨੧॥

ਘੋੜੇ ਉੱਪਰ ਚੜ੍ਹ ਕੇ ਤੇ ਬਹੁਤ ਹੌਲੀ-ਹੌਲੀ ਚਲ ਕੇ ਸਤਿਗੁਰੂ ਜੀ ਆਪਣੇ ਡੇਰੇ ਵਿਚ ਆ ਪਹੁੰਚੇ। ਫਿਰ ਘੋੜੇ ਉਪਰੋਂ ਉੱਤਰ ਕੇ ਸਤਿਗੁਰੂ ਜੀ ਬੈਠ ਗਏ ਤੇ ਸੁੰਦਰ ਪਲੰਘ ਉੱਪਰ ਲੇਟ ਗਏ॥ ੨੧॥

ਇਕ ਦਿਨ ਸਤਿਗੁਰ ਸਹਜ ਸੁਭਾਇ। ਬੈਠੇ ਹੁਤੇ ਬੀਚ ਸਮੁਦਾਇ।
ਪ੍ਰਥਮ ਪਠਾਨਨ ਕੌ ਧਨ ਕੇਤਾ। ਦੇਨੋ ਹੁਤੋ ਸੋਢਿ ਕੁਲ ਕੇਤਾ॥ ੨੨॥

ਇਕ ਦਿਨ ਸਤਿਗੁਰੂ ਜੀ ਸਹਿਜ-ਸੁਭਾਅ ਸਾਰਿਆਂ ਦੇ ਵਿਚ ਬੈਠੇ ਸਨ। ਪਹਿਲੇ ਨੌਕਰ ਰਹੇ ਪਠਾਣਾਂ ਨੂੰ ਕੁਝ ਧਨ ਸੋਢੀ ਕੁਲ ਦੇ ਸ਼ਿਰੋਮਣੀ ਨੇ ਦੇਣਾ ਸੀ॥ ੨੨॥

ਕਾਜ਼ੀ ਪਹਿ ਫਿਰਾਦ ਹਿਤ ਗਏ। 'ਗੁਰ ਜਬਰੀ ਕੋ ਭਾਖਤਿ ਭਏ।
ਏਤਿਕ ਦਰਬ ਹਮਾਰੋ ਅਹੈ। ਕੌਨ ਦੋਸ਼ ਤੇ ਸੋ ਨਹਿਂ ਲਹੈਂ'॥ ੨੩॥

ਉਹ ਪਠਾਣ ਕਾਜ਼ੀ ਪਾਸ ਫਰਿਆਦ ਵਾਸਤੇ ਗਏ। ਕਈ ਕਹਿਣ ਲੱਗੇ, 'ਗੁਰੂ ਜੀ ਜ਼ਬਰਦਸਤੀ ਕਰਦੇ ਹਨ। ਏਨਾ ਧਨ ਸਾਡਾ ਉਨ੍ਹਾਂ ਵੱਲ ਨਿਕਲਦਾ ਹੈ, ਕਿਸ ਦੋਸ਼ ਕਰਕੇ ਅਸੀਂ ਉਹ ਧਨ ਨਹੀਂ ਲੈ ਸਕਦੇ ਹਾਂ'॥ ੨੩॥

ਤਬਿ ਕਾਜ਼ੀ ਲਿਖਿ ਦੀਨ ਇਲਾਮ। ਲੇ ਕਰਿ ਆਏ ਖਾਨ ਤਮਾਮ।
ਜਬਹਿ ਬਿਲੋਕਜੋ ਸ੍ਰੀ ਗੁਨ ਖਾਨੀ। ਬੀਚ ਸਭਾ ਕੇ ਕੀਨਿ ਬਖਾਨੀ॥ ੨੪॥

ਤਦ ਕਾਜ਼ੀ ਨੇ ਉਨ੍ਹਾਂ ਨੂੰ ਪਰਵਾਨਾ ਲਿਖ ਦਿੱਤਾ। ਸਾਰੇ ਖਾਨ ਉਸ ਪ੍ਰਵਾਨੇ ਨੂੰ ਲੈ ਕੇ ਆਏ। ਜਦ ਉਸ ਪਰਵਾਨਾ ਨੂੰ ਸਤਿਗੁਰੂ ਜੀ ਨੇ ਵੇਖਿਆ ਤਾਂ ਸਭਾ ਦੇ ਵਿਚ ਉਨ੍ਹਾਂ ਨੇ ਕਿਹਾ॥ ੨੪॥

'ਸੁਨਹੁੰ ਪਠਾਨਹੁੰ ਅਬਿ ਤੁਮ ਜਾਇ। ਕਾਜ਼ੀ ਕੋ ਦੀਜੈ ਸਮੁਝਾਇ।
ਲਸ਼ਕਰ ਮਹਿਂ ਮਖੀਆਂ ਬਹੁਤੇਰੀ। ਖਾਨਾ ਮਕਰੂ ਕਰਹਿਂ ਘਨੇਰੀ॥ ੨੫॥

"ਸੁਣੋ ਪਠਾਣੋ, ਹੁਣ ਤੁਸੀਂ ਜਾ ਕੇ, ਕਾਜ਼ੀ ਨੂੰ ਜਾ ਕੇ ਸਮਝਾ ਦੇਵੋ। ਲਸ਼ਕਰ ਵਿਚ ਮੱਖੀਆਂ ਬਹੁਤ ਹਨ ਜਿਹੜੀਆਂ ਖਾਣੇ ਨੂੰ ਅਪਵਿੱਤਰ ਕਰ ਦਿੰਦੀਆਂ ਹਨ॥ ੨੫॥

ਤਿਨ ਪਰ ਪ੍ਰਥਮ ਪਰਵਾਨਾ ਪਠਾਵਹੁ। ਨਹਿਂ ਖਾਨੇ ਪਰ ਥਿਰਹੁ ਹਟਾਵਹੁ।
ਇਮ ਕਹਿ ਸੋ ਇਲਾਮ ਗੁਰ ਫਾਰਾ। ਨਿਜ ਕਰ ਤੇ ਅਵਨੀ ਪਰ ਡਾਰਾ॥੨੬॥

ਉਨ੍ਹਾਂ ਉੱਪਰ ਪਹਿਲਾਂ ਪਰਵਾਨਾ ਚਪਕਾਵੋ, ਖਾਣੇ ਉੱਪਰ ਨਾ ਬੈਠਣ ਉਨ੍ਹਾਂ ਨੂੰ ਹਟਾਵੋ।" ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਪਰਵਾਨਾ ਪਾੜ ਦਿੱਤਾ ਤੇ ਆਪਣੇ ਹੱਥਾਂ ਨਾਲ ਧਰਤੀ 'ਤੇ ਸੁੱਟ ਦਿੱਤਾ॥ ੨੬॥

ਪਿਖਿ ਪਠਾਣ ਸਗਰੇ ਬਿਸਾਮਏ। ਉਠਿ ਕਾਜ਼ੀ ਢਿਗ ਤੂਰਨ ਆਏ।
'ਗੁਰੂ ਨ ਮਾਨਹਿਂ ਕਾਗਦ ਫਾਰਾ। ਦਲ ਮੱਖੀਆ ਪਰ ਪਠਹੁ ਉਚਾਰਾ॥੨੭॥

ਇਹ ਵੇਖ ਕੇ ਸਾਰੇ ਪਠਾਣ ਹੈਰਾਨ ਹੋਏ, ਉੱਠ ਕੇ ਤੁਰਤ ਕਾਜ਼ੀ ਪਾਸ ਆ ਗਏ ਤੇ ਕਿਹਾ, "ਗੁਰੂ ਜੀ ਨਹੀਂ ਮੰਨਦੇ ਹਨ, ਉਨ੍ਹਾਂ ਨੇ ਕਾਗਜ਼ ਪਾੜ ਦਿੱਤਾ ਹੈ, ਮੱਖੀਆਂ ਦੇ ਦਲ ਤੇ ਇਨ੍ਹਾਂ ਨੂੰ ਭੇਜੋ ਕਿਹਾ ਹੈ"॥ ੨੭॥

ਸੁਨਿ ਕਾਜ਼ੀ ਜਰਿ ਬਰਿ ਕੈ ਛਾਰ। ਕੁਪਯੋ ਰਿਦੇ ਨਹਿਂ ਲਖਹਿ ਗਵਾਰ।
ਅਪਰ ਉਪਾਵ ਨਹੀਂ ਕੁਛ ਚਾਲਾ। ਸ਼ਾਹੁ ਸਮੀਪ ਗਯੋ ਤਿਸ ਕਾਲਾ॥੨੮॥

ਇਹ ਸੁਣ ਕੇ ਕਾਜ਼ੀ ਸੜ ਬਲ ਕੇ ਸਵਾਹ ਹੋ ਗਿਆ, ਮੂਰਖ ਨੇ ਆਪਣੇ ਦਿਲ ਵਿਚ ਬੜਾ ਗੁੱਸਾ ਕੀਤਾ, ਮੂਰਖ ਗੁਰੂ ਜੀ ਨੂੰ ਸਮਝ ਨਾ ਸਕਿਆ। ਹੋਰ ਕੋਈ ਵੀ ਉਪਾਵ ਨਾ ਚੱਲਿਆ ਤਾਂ ਉਸ ਸਮੇਂ ਬਾਦਸ਼ਾਹ ਦੇ ਪਾਸ ਗਿਆ॥ ੨੮॥

ਕਹਯੋ 'ਇਲਾਮ ਗੁਰੂ ਨੇ ਫੇਰਾ। ਹਾਨਿਤ ਕਰੈ ਸ਼ਰ੍ਹਾ ਇਸ ਬੇਰਾ।
ਕਾਗਦ ਫਾਰਿ ਧਰਾ ਪਰ ਡਾਰਾ। ਨਹਿਂ ਕੈਸੇ ਉਰ ਮਹਿਂ ਡਰ ਧਾਰਾ॥੨੯॥

ਕਿਹਾ, "ਗੁਰੂ ਜੀ ਨੇ ਮੇਰਾ ਪਰਵਾਨਾ ਮੋੜ ਦਿੱਤਾ ਹੈ, ਤੌਹੀਨ ਕਰਨ ਕਰਕੇ ਇਸ ਸਮੇਂ ਉਸ ਨੂੰ ਸ਼ਰ੍ਹਾ ਦਾ ਡੰਨ ਲਾਵੋ। ਕਾਗਜ਼ ਪਾੜ ਕੇ ਧਰਤੀ 'ਤੇ ਸੁੱਟ ਦਿੱਤਾ ਹੈ। ਉਸ ਨੇ ਦਿਲ ਵਿਚ ਕਿਸੇ ਪ੍ਰਕਾਰ ਵੀ ਡਰ ਧਾਰਨ ਨਹੀਂ ਕੀਤਾ ਹੈ"॥ ੨੯॥

ਸੁਨਿਕੈ ਪਾਤਸ਼ਾਹੁ ਰਿਸ ਸਾਜਿ। ਕਾਜ਼ੀ ਪਰ ਹੋਯੋ ਇਤਰਾਜ਼।
'ਇਹ ਤੈ ਕਹਾਂ ਕੀਨਿ ਮਤਿਮੰਦੇ ! ਜਾਤਿ ਇਲਾਹੀ, ਫਕਰ ਬਿਲੰਦੇ॥ ੩੦॥

ਇਹ ਸੁਣ ਕੇ ਬਾਦਸ਼ਾਹ ਬਹੁਤ ਗੁੱਸੇ ਵਿਚ ਆਇਆ ਤੇ ਕਾਜ਼ੀ ਦੀ ਉਸ ਨੇ ਬਹੁਤ ਨੁਕਤਾਚੀਨੀ ਕੀਤੀ, "ਇਹ ਤੂੰ ਕੀ ਕੀਤਾ ਓਏ ਮਾੜੀ ਮੱਤ ਵਾਲਿਆ ! ਉਹ ਤਾਂ ਇਲਾਹੀ ਜਾਤ ਦੇ ਵੱਡੇ ਫਕੀਰ ਹਨ॥ ੩੦॥

ਤਿਨ ਪਰ ਕੈਸੇ ਪਠਯੋ ਇਲਾਮ। ਇਹ ਤੈਂ ਕੀਨਿ ਬੁਰੋ ਬਹੁ ਕਾਮ।
ਜਿਨ ਆਗੈ ਕਰ ਜੋਰਨਿ ਬਨੈ। ਤਿਨ ਪਰ ਹੁਕਮ ਆਪਨੋ ਭਨੈਂ ?'॥ ੩੧॥

ਉਨ੍ਹਾਂ ਵੱਲ ਕਿਵੇਂ ਪਰਵਾਨਾ ਭੇਜਿਆ ਹੈ, ਇਹ ਤੂੰ ਬਹੁਤ ਬੁਰਾ ਕੰਮ ਕੀਤਾ ਹੈ। ਜਿਨ੍ਹਾਂ ਦੇ ਅੱਗੇ ਹੱਥ ਜੋੜਨੇ ਬਣਦੇ ਹਨ, ਉਨ੍ਹਾਂ ਉੱਪਰ ਆਪਣਾ ਹੁਕਮ ਕਰਦਾ ਹੈਂ ?"॥ ੩੧॥

ਇਮ ਕਹਿ ਕਾਜ਼ੀ ਕੀਨਿ ਤਗੀਰਾ। ਗੁਰ ਕੋ ਜਾਨਯੋਂ ਪੀਰਨ ਪੀਰਾ।
ਸਲਤਨ ਦਈ ਮੋਹਿ ਕੋ ਜਾਨੈ। ਸੋ ਕੈਸੇ ਕਰਿ ਇਮ ਨਹਿਂ ਮਾਨੈ॥ ੩੨॥

ਇਹ ਕਹਿ ਕੇ ਕਾਜ਼ੀ ਨੂੰ ਤਬਦੀਲ ਕਰ ਦਿੱਤਾ ਤੇ ਗੁਰੂ ਜੀ ਨੂੰ ਪੀਰਾਂ ਦਾ ਪੀਰ ਜਾਣਿਆ। ਉਹ ਜਾਣਦਾ ਸੀ ਕਿ ਇਨ੍ਹਾਂ ਮੈਨੂੰ ਸਨਤਨਤ ਲੈ ਕੇ ਦਿੱਤੀ ਹੈ, ਉਹ ਫਿਰ ਕਿਵੇਂ ਟੈਕਸ ਇਸ ਪ੍ਰਕਾਰ ਮੰਨ ਲੈਣਗੇ॥ ੩੨॥

ਰਾਜਾ ਇਕ ਜੈ ਸਿੰਘ ਸਵਾਈ। ਦੂਤੀ ਅਜੀਤ ਸਿੰਘ ਨਰ ਰਾਈ।
ਉਤਰੇ ਹੁਤੇ ਸੁ ਲਸ਼ਕਰ ਮਾਂਹੀ। ਸਤਿਗੁਰ ਸ਼ੋਭਾ ਸੁਨਿ ਕਰਿ ਤਾਂਹੀ॥ ੩੩॥

ਇਕ ਰਾਜਾ ਜੈ ਸਿੰਘ ਸਵਾਈ ਸੀ, ਦੂਸਰਾ ਅਜੀਤ ਸਿੰਘ ਰਾਜਾ ਸੀ। ਉਨ੍ਹਾਂ ਨੇ ਲਸ਼ਕਰ ਵਿਚ ਉਤਾਰਾ ਕੀਤਾ ਸੀ, ਉਹ ਉਥੇ ਸਤਿਗੁਰੂ ਜੀ ਦੀ ਸ਼ੋਭਾ ਸੁਣ ਕੇ॥ ੩੩॥

ਮਿਲਿਬੇ ਹਿਤ ਸੋ ਚਲਿ ਕਰਿ ਆਏ। ਦ੍ਵੈ ਅਸੁ ਧਨ ਅਕੋਰ ਕਹੁ ਲਜਾਏ।
ਸੰਗ ਬਹੁਤ ਸੁਭਟਨਿ ਕੀ ਭੀਰ। ਪਹੁੰਚੇ ਆਨਿ ਪ੍ਰਭੂ ਕੇ ਤੀਰ॥ ੩੪॥

ਉਨ੍ਹਾਂ ਨੂੰ ਮਿਲਣ ਵਾਸਤੇ ਚਲ ਕੇ ਆਏ, ਦੋਵੇਂ ਉਪਹਾਰ ਅਤੇ ਧਨ ਲੈ ਕੇ ਆਏ। ਉਨ੍ਹਾਂ ਦੇ ਨਾਲ ਬਹੁਤ ਸੂਰਬੀਰਾਂ ਦੀ ਭੀੜ ਸੀ ਤੇ ਉਹ ਆ ਕੇ ਸਤਿਗੁਰੂ ਜੀ ਪਾਸ ਪਹੁੰਚ ਗਏ॥ ੩੪॥

ਕਰਿ ਪਗ ਨਮੋ ਹੁਕਮ ਲੇ ਥਿਰੇ। ਮੁਦਤ ਭਏ ਗੁਰ ਦਰਸ਼ਨ ਕਰੇ।
ਸ੍ਰੀ ਮੁਖ ਕਰਿ ਬੂਝੇ ਤਿਹ ਸਮੈ। 'ਅਪਨਿ ਪ੍ਰਸੰਗ ਸੁਨਾਵਹੁ ਹਮੈਂ॥ ੩੫॥

ਚਰਨ ਕੰਵਲਾਂ ਤੇ ਬੰਦਨਾ ਕਰਕੇ ਹੁਕਮ ਲੈ ਕੇ ਬੈਠ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਸ ਸਮੇਂ ਪੁੱਛਿਆ, "ਆਪਣਾ ਪ੍ਰਸੰਗ ਸਾਨੂੰ ਸੁਣਾਵੋ' ॥ ੩੫॥

ਕਿਤਿਕ ਬਾਹਨੀ ਰਾਖਨ ਕੇਰਾ? ਰਾਜ ਤੁਮਹੁ ਢਿਗ ਹੈ ਜੁ ਬਡੇਰਾ'।
ਸੁਨਿ ਰਾਜਨਿ ਕਰ ਜੋਰਿ ਉਚਾਰੇ। 'ਦੇਸ਼ ਬਟੋਰਨ ਕਰਹਿੰ ਜਿ ਸਾਰੇ॥ ੩੬॥

ਕਿੰਨੀ ਸੈਨਾ ਰੱਖੀ ਹੈ? ਜਿਹੜਾ ਤੁਹਾਡੇ ਪਾਸ ਰਾਜ ਹੈ ਉਹ ਬਹੁਤ ਵੱਡਾ ਹੈ।" ਇਹ ਸੁਣ ਕੇ ਰਾਜਿਆਂ ਨੇ ਹੱਥ ਜੋੜ ਕੇ ਉਚਾਰਨ ਕੀਤਾ, "ਜੇ ਸਾਰੇ ਦੇਸ਼ ਇਕੱਠੇ ਕਰੀਏ॥ ੩੬॥

ਸਵਾ ਲਾਖ ਘੋਰਾ ਹੁਇ ਜਾਇ। ਸਭਿ ਕੋ ਖਰਚ ਚਲੈ ਸਮੁਦਾਇ।
ਧਨੀ ਤੇਗ਼ ਕੇ ਬਡ ਰਜਪੂਤ। ਛਿਨ ਮਹਿੰ ਰਿਪ ਕੋ ਕਰਤਿ ਕਸੂਤ॥ ੩੭॥

ਤਾਂ ਸਵਾ ਲੱਖ ਘੋੜਾ ਹੋ ਜਾਂਦਾ ਹੈ। ਸਾਰਿਆਂ ਦਾ ਇਕੱਠਿਆਂ ਦਾ ਖਰਚਾ ਚਲਦਾ ਹੈ। ਰਾਜਪੂਤ ਤੇਗ਼ ਦੇ ਵੱਡੇ ਧਨੀ ਹਨ। ਇਕ ਛਿਨ ਵਿਚ ਵੈਰੀ ਨੂੰ ਵਖਤ ਪਾ ਦਿੰਦੇ ਹਨ॥ ੩੭॥

ਨਿਕਟ ਦੋਨ ਕੇ ਲਾਖ ਅਢਾਈ। ਸੰਗ ਚਢਹਿੰ ਘੋਰਾ ਸਮੁਦਾਈ'।
ਸ੍ਰੀ ਮੁਖ ਤੇ ਤਿਨ ਪ੍ਰਤਿ ਫੁਰਮਾਯੋ। 'ਲਸ਼ਕਰ ਦੇਸ਼ ਅਹੈ ਅਧਿਕਾਯੋ॥ ੩੮॥

ਦੋਵਾਂ ਦੇ ਪਾਸ ਢਾਈ ਲੱਖ ਸੈਨਾ ਹੈ, ਸਾਰੇ ਘੋੜੇ ਇਕੱਠੇ ਹੀ ਚਲਦੇ ਹਨ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਬਾਰੇ ਫੁਰਮਾਇਆ, "ਲਸ਼ਕਰ ਦੇਸ਼ ਤੁਹਾਡੇ ਪਾਸ ਬਹੁਤ ਹੈ॥ ੩੮॥

ਤੇਜ ਬਿਸਾਲ ਸ਼ਸਤ੍ਰ ਬਢ ਧਾਰੀ। ਬੁਰੀ ਬਾਰਤਾ ਏਕ ਤੁਮਾਰੀ।
ਗਊ ਕਸਾਈ ਕੇ ਕਰ ਦੇਤਿ। ਧਰਮ ਬਿਨਾਸ਼ ਅਪਨਿ ਕਰਿ ਲੇਤਿ'॥ ੩੯॥

ਵੱਡੇ-ਵੱਡੇ ਸ਼ਸਤਰ ਧਾਰ ਕੇ ਤੁਹਾਡਾ ਵੱਡਾ ਤੇਜ ਹੈ, ਪਰ ਇਕ ਗੱਲ ਤੁਹਾਡੀ ਚੰਗੀ ਨਹੀਂ ਹੈ। ਗਾਂ ਨੂੰ ਕਸਾਈ ਦੇ ਹੱਥ ਵਿਚ ਦੇ ਦਿੰਦੇ ਹੋ ਤੇ ਆਪਣੇ ਧਰਮ ਨੂੰ ਨਾਸ਼ ਕਰ ਲੈਂਦੇ ਹੋ'॥ ੩੯॥

ਨਰਪਤਿ ਸੁਨਿ ਗੁਰ ਤੇ ਬਿਸਮਾਏ। ਚਿਤ ਮਹਿਂ ਚਿਤਵਤਿ ਲਖਜੇ ਨ ਜਾਏ।
'ਸਕਲ ਦੇਸ਼ ਕੇ ਵਿਚ ਕਿਸ ਥਾਂਈ। ਬਸਨ ਨ ਦਏ ਕਸਾਬ ਕਦਾਈਂ॥੪੦॥

ਗੁਰੂ ਜੀ ਪਾਸੋਂ ਇਸ ਪ੍ਰਕਾਰ ਸੁਣ ਕੇ ਰਾਜੇ ਬਹੁਤ ਹੈਰਾਨ ਹੋਏ। ਚਿੱਤ ਵਿਚ ਸੋਚਦੇ ਸਨ ਕਿ ਜਾਣਿਆ ਨਹੀਂ ਜਾਂਦਾ ਹੈ। ਉਹ ਕਹਿਣ ਲੱਗੇ, "ਸਾਰੇ ਦੇਸ਼ ਵਿਚ ਕਿਸੇ ਥਾਂ ਵੀ ਕਸਾਈਆਂ ਨੂੰ ਵੱਸਣ ਨਹੀਂ ਦਿੱਤਾ ਹੈ॥ ੪੦॥

ਜਹਿਂ ਲਗਿ ਹਮਰੀ ਪਾਰ ਬਸਾਇ। ਪਿਖਹਿਂ ਕਸਾਬ ਤੁਰਤ ਬਿਨਸਾਇਂ।
ਕਿਸ ਤੇ ਆਪ ਸੁਨੀ ਫੁਰਮਾਵਉ। ਜਿਸ ਤੇ ਦੇ ਉਪਦੇਸ਼ ਹਟਾਵਉਂ॥੪੧॥

ਜਿਥੋਂ ਤਕ ਸਾਡਾ ਵੱਸ ਚਲਦਾ ਹੈ, ਅਸੀਂ ਜਦ ਵੀ ਕਸਾਈ ਨੂੰ ਵੇਖਦੇ ਹਾਂ ਤਾਂ ਤੁਰਤ ਉਸ ਨੂੰ ਖਤਮ ਕਰ ਦਿੰਦੇ ਹਾਂ। ਆਪ ਜੀ ਨੇ ਇਸ ਬਾਰੇ ਕਿਸ ਪਾਸੋਂ ਸੁਣਿਆ, ਉਸ ਬਾਰੇ ਫੁਰਮਾਉ, ਜਿਸ ਕਰਕੇ ਉਪਦੇਸ਼ ਕਰਕੇ ਹਟਾਉਂਦੇ ਹੋ" ॥ ੪੧॥

ਸ੍ਰੀ ਮੁਖ ਤੇ ਫੁਰਮਾਯੋ ਭੇਤ। 'ਤਨੁਜਾ ਤੁਰਕਨ ਕੋ ਤੁਮ ਦੇਤਿ।
ਇਸ ਤੇ ਪਰੇ ਨ ਔਗੁਨ ਔਰ। ਕਛਵਾਂਹੇ, ਹਾਂਡੇ, ਰਾਠੌਰ॥ ੪੨॥

ਸਤਿਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਭੇਦ ਦੱਸਿਆ, "ਆਪਣੀਆਂ ਲੜਕੀਆਂ ਤੁਸੀਂ ਤੁਰਕਾਂ ਨੂੰ ਦਿੰਦੇ ਹੋ, ਇਸ ਤੋਂ ਵੱਡਾ ਹੋਰ ਕਿਹੜਾ ਔਗੁਣ ਹੈ। ਕਛਵਾਹੇ, ਹਾਂਡੇ ਅਤੇ ਰਾਠੌਰ॥ ੪੨॥

ਇੱਤਜਾਦਿਕ ਤੁਮ ਨਾਮ ਕਹਾਵਹੁ। ਅਪਨੀ ਐਂਠ ਸੁਜਸੁ ਬਿਰਧਾਵਹੁ।
ਇਹ ਤੁਮ ਬਿਖੈ ਰੀਤਿ ਬਹੁ ਖੋਟੀ। ਕਰਤਿ ਰਹੇ, ਕਿਨ ਪ੍ਰਥਮ ਨ ਹੋਟੀ॥੪੩॥

ਇਸ ਪ੍ਰਕਾਰ ਤੁਸੀਂ ਆਪਣਾ ਨਾਮ ਕਹਾਉਂਦੇ ਹੋ ਤੇ ਆਪਣੀ ਆਕੜ ਦਾ ਸ੍ਰੇਸ਼ਟ ਜੱਸ ਕਰਦੇ ਹੋ। ਇਹ ਤੁਹਾਡੇ ਵਿਚ ਬੜੀ ਖੋਟੀ ਰੀਤੀ ਹੈ। ਕਰਦੇ ਰਹੇ ਹੋ, ਪਹਿਲਾਂ ਕਿਸੇ ਨੇ ਵਰਜਿਆ ਨਹੀਂ ਹੈ॥ ੪੩॥

ਆਗੇ ਕੋ ਚਹੀਅਹਿ ਤੁਮ ਐਸੇ। ਤਨੁਜਾ ਤੁਰਕ ਨ ਦੀਜਹਿ ਕੈਸੇ'।
ਸੁਨਤਿ ਨਰਿੰਦਨਿ ਰਿਦੇ ਬਿਚਾਰੀ। ਗੁਰ ਉਪਦੇਸ਼ ਹਮਹੁਂ ਜਸੁ ਕਾਰੀ॥੪੪॥

ਅੱਗੇ ਤੋਂ ਤੁਹਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਆਪਣੀ ਪੁੱਤਰੀ ਕਦੀ ਵੀ ਤੁਰਕਾਂ ਨੂੰ ਕਿਸੇ ਪ੍ਰਕਾਰ ਵੀ ਨਾ ਦੇਵੋ।" ਇਹ ਸੁਣ ਕੇ ਰਾਜਿਆਂ ਨੇ ਗੱਲ ਆਪਣੇ ਹਿਰਦੇ ਵਿਚ ਵਿਚਾਰੀ, ਗੁਰੂ ਜੀ ਦਾ ਉਪਦੇਸ਼ ਸਾਨੂੰ ਜੱਸ ਦੇਣ ਵਾਲਾ ਹੈ॥ ੪੪॥

ਦੇਸ਼ ਬਿਦੇਸ਼ਨ ਮਹਿਂ ਅਪਕੀਰਤਿ। ਸਭਿ ਰਜਪੂਤਨਿ ਕੀ ਬਿਸਤੀਰਤਿ।
ਇੱਤਜਾਦਿਕ ਬਹੁ ਦੂਹਨ ਬਿਚਾਰੀ। ਗੁਰ ਹਜ਼ੂਰ ਤਬਿ ਸਪਥ ਉਚਾਰੀ॥੪੫॥

ਦੇਸ਼ਾਂ ਵਿਦੇਸ਼ਾਂ ਵਿਚ ਸਾਰੇ ਰਾਜਪੂਤਾਂ ਦੀ ਨਿੰਦਿਆ ਫੈਲਦੀ ਹੈ। ਇਸ ਪ੍ਰਕਾਰ ਇਸ ਨੂੰ ਬਹੁਤ ਮਾੜਾ ਕਾਰਜ ਜਾਣਿਆ। ਫਿਰ ਗੁਰੂ ਜੀ ਪਾਸ ਸੌਂਹ ਚੁੱਕੀ॥ ੪੫॥

'ਜੋ ਰਜਪੂਤ ਬੀਜ ਸ਼ੁਭ ਹੋਇ। ਤਨੁਜਾ ਤੁਰਕ ਨ ਦੈ ਹੈ ਕੋਇ।
ਸ੍ਰੀ ਗੁਰ ਤੁਮਰੋ ਭਯੋ ਪਿਤਾਮਾ। ਸੁਜਸੁ ਆਜ ਲਗਿ ਤਿਨ ਅਭਿਰਾਮਾ॥੪੬॥

"ਜਿਹੜਾ ਰਾਜਪੂਤ ਦਾ ਸ਼ੁਭ ਬੀਜ ਹੋਵੇ, ਉਹ ਕੋਈ ਵੀ ਆਪਣੀ ਪੁੱਤਰੀ ਤੁਰਕਾਂ ਨੂੰ ਨਾ ਦੇਵੇ। ਤੁਹਾਡੇ ਪਿਤਾਮੇ ਸ੍ਰੀ ਗੁਰੂ ਜੀ ਹੋਏ ਹਨ, ਉਨ੍ਹਾਂ ਦਾ ਅੱਜ ਤੱਕ ਸ੍ਰੇਸ਼ਟ ਜੱਸ ਹੁੰਦਾ ਹੈ॥ ੪੬॥

ਰਾਜੇ ਬਾਵਨ ਕੋ ਮੁਚਵਾਇ। ਵਹਿਰ ਗ੍ਵਾਲਿਯਰ ਤੇ ਤਬਿ ਆਇ।
ਤੁਮ ਭੀ ਅਹੋ ਤਿਨਹੁਂ ਕੇ ਪੋਤੇ। ਰਣ ਮਹਿਂ ਮਹਾਂ ਬੀਰ ਰਸ ਪੋਤੇ॥ ੪੭॥

ਉਨ੍ਹਾਂ ਨੇ ਬਵੰਜਾ ਰਾਜੇ ਛੁਡਵਾਏ ਸਨ, ਜਿਹੜੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਆਏ ਸਨ। ਤੁਸੀਂ ਵੀ ਉਨ੍ਹਾਂ ਦੇ ਪੋਤੇ ਹੋ, ਰਣਖੇਤਰ ਵਿਚ ਮਹਾਂ ਸੂਰਬੀਰ ਹੋ, ਸਦਾ ਹੀ ਬੀਰ-ਰਸ ਵਿਚ ਭਿੱਜੇ ਰਹਿੰਦੇ ਹੋ॥ ੪੭॥

ਸੁਨੇ ਜੰਗ ਰਾਵਰ ਕੇ ਭਾਰੇ। ਕਰਜੋ ਸ਼ੋਕ ਤੁਰਕਾਨੇ ਸਾਰੇ।
ਸ੍ਰੀ ਗੁਰ ਕ੍ਰਿਪਾ ਦ੍ਰਿਸ਼ਟਿ ਤਬਿ ਕੀਨ। ਸਿਪਰ ਖੜਗ ਮੰਗਵਾਵਨਿ ਕੀਨਿ ॥੪੮ ॥

ਆਪ ਜੀ ਦੇ ਅਸੀਂ ਭਾਰੀ ਜੰਗ ਸੁਣੇ ਹਨ, ਸਾਰੇ ਤੁਰਕਾਂ ਵਿਚ ਸੋਗ ਫੈਲ ਗਿਆ ਸੀ।'' ਸਤਿਗੁਰੂ ਜੀ ਨੇ ਫਿਰ ਕ੍ਰਿਪਾ-ਦ੍ਰਿਸ਼ਟੀ ਕੀਤੀ ਤੇ ਇਕ ਢਾਲ ਅਤੇ ਕਿਰਪਾਨ ਮੰਗਵਾਈ॥ ੪੮॥

ਬਖਸ਼ੀ ਜੈ ਸਿੰਘ ਕੋ ਹਰਖਾਇ। ਲੇ ਕਰ ਮਹਿੰ ਪਗ ਸੀਸ ਨਿਵਾਇ।
ਤਰਕਸ਼ ਧਨੁਖ ਦੇਖਿ ਕਰਿ ਪੀਨ। ਨ੍ਰਿਪਤਿ ਅਜੀਤ ਸਿੰਘ ਕਹੁ ਦੀਨ॥੪੯ ॥

ਉਹ ਪ੍ਰਸੰਨ ਹੋ ਕੇ ਜੈ ਸਿੰਘ ਨੂੰ ਬਖਸ਼ੀ। ਉਸ ਨੇ ਹੱਥ ਵਿਚ ਲੈ ਕੇ ਚਰਨ ਕੰਵਲਾਂ ਉੱਪਰ ਸਿਰ ਨਿਵਾਇਆ। ਇਕ ਭੱਥਾ ਤੀਰਾਂ ਦਾ ਤੇ ਇਕ ਧਨੁੱਖ ਬਾਣ, ਜਿਹੜਾ ਬੜਾ ਸਖਤ ਸੀ, ਉਹ ਰਾਜੇ ਅਜੀਤ ਸਿੰਘ ਨੂੰ ਦਿੱਤਾ॥ ੪੯॥

ਗੁਰ ਤੇ ਲੇ ਬਖਸ਼ਿਸ਼ ਹਰਖਾਏ। ਨਮੋ ਕਰੀ ਹੁਇ ਬਿਦਾ ਸਿਧਾਏ।
ਗਏ ਸਰਾਹਤਿ ਅਪਨੇ ਡੇਰੇ। ਸ੍ਰੀ ਨਾਨਕ ਗਾਦੀ ਪਰ ਹੇਰੇ॥ ੫੦॥

ਉਹ ਗੁਰੂ ਜੀ ਪਾਸੋਂ ਬਖਸ਼ਿਸ਼ਾਂ ਲੈ ਕੇ ਬਹੁਤ ਪ੍ਰਸੰਨ ਹੋਏ ਤੇ ਬੰਦਨਾ ਕਰਕੇ ਵਿਦਾ ਹੋ ਕੇ ਚਲੇ ਗਏ। ਗੁਰੂ ਜੀ ਦੀ ਸ਼ਲਾਘਾ ਕਰਦੇ ਆਪਣੇ ਡੇਰੇ ਵਿਖੇ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੱਦੀ ਤੇ ਬੈਠੇ ਵੇਖੇ ਹਨ॥ ੫੦॥

ਇਮ ਸ੍ਰੀ ਪ੍ਰਭੁ ਦਿਨ ਕਿਤਿਕ ਬਿਤਾਏ। ਦਰਸਹਿ ਸੰਗਤਿ ਮਿਲਿ ਸਮੁਦਾਏ।
ਦਰਬ ਆਦਿ ਬਹੁ ਅਰਪਿ ਅਕੋਰ। ਪੁਰਹਿੰ ਕਾਮਨਾ ਕੋ ਜਸ ਲੋਰਿ॥ ੫੧ ॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਬਹੁਤ ਸੰਗਤ ਇਕੱਠੀ ਹੋ ਕੇ ਆ ਕੇ ਮਿਲਦੀ ਸੀ। ਧਨ ਆਦਿ ਬਹੁਤ ਉਪਹਾਰ ਅਰਪਣ ਕਰਦੇ ਸਨ। ਜਿਵੇਂ ਵੀ ਕਿਸੇ ਨੂੰ ਲੋੜ ਹੁੰਦੀ ਸੀ, ਉਸ ਦੀ ਕਾਮਨਾ ਪੂਰੀ ਕਰਦੇ ਸਨ॥ ੫੧॥

*ਪਹਿਲੇ ਐਨ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥*

## ਅਧਿਆਇ ਉਣੰਞਵਾਂ

*ਬਹਾਦਰ ਸ਼ਾਹ ਨੂੰ ਸੁਮੱਤ, ਸਿੱਖ ਸੁਤਾ ਦਾ ਧਰਮ ਰੱਖਿਆ*

ਦੋਹਰਾ- ਨਾਮ ਜਵਾਹਰ ਸਿੰਘ ਜਿਸ ਜੜੀਆ ਸਿਖ ਸੁਨਿਆਰ।
ਸੁਤਾ ਤਰੁਨ ਤਿਸ ਕੀ ਹੁਤੀ ਸੁੰਦਰ ਬਹੁ ਸੁ ਕੁਮਾਰ॥ ੧॥

ਜਿਸ ਸਿੱਖ ਦਾ ਨਾਮ ਜਵਾਹਰ ਸਿੰਘ ਤੇ ਜਿਹੜਾ ਜੜੀਆ ਗੋਤ ਦਾ ਸੁਨਿਆਰਾ ਸਿੱਖ ਸੀ, ਉਸ ਦੀ ਜਵਾਨ ਪੁੱਤਰੀ ਬਹੁਤ ਸੁੰਦਰ ਸੀ, ਮਾਨੋ ਰਾਜਕੁਮਾਰੀ ਹੋਵੇ॥ ੧॥

ਚੌਪਈ- ਸੋ ਦਰਸ਼ਨ ਹਿਤ ਚਲਿ ਕਰਿ ਆਈ। ਸੂਖਮ ਬਸਤ੍ਰ ਉਪਾਯਨ ਲਜਾਈ।
ਚਰਨ ਸਰੋਜਨ ਕੋ ਕਰਿ ਨਮੋ। ਬੈਠੀ ਅਵਿਲੋਕਹਿ ਤਿਹ ਸਮੇ॥ ੨॥

ਉਹ ਦਰਸ਼ਨਾਂ ਵਾਸਤੇ ਚਲ ਕੇ ਆਈ ਤੇ ਸੂਖਮ ਵਸਤਰ ਅਤੇ ਉਪਹਾਰ ਲੈ ਕੇ ਆਈ। ਚਰਨ ਕੰਵਲਾਂ ਉੱਪਰ ਨਮਸਕਾਰ ਕਰਕੇ, ਉਸ ਸਮੇਂ ਬੈਠ ਕੇ ਦਰਸ਼ਨ ਕਰ ਰਹੀ ਸੀ॥ ੨॥

ਕੇਤਿਕ ਸਿੰਘ ਸਮੀਪ ਥਿਰੇ ਹੈਂ। ਬਾਗ਼ ਵਿਖੇ ਤਰੁ ਚਾਰੁ ਤਰੇ ਹੈਂ।
ਸ਼ਾਹ ਬਹਾਦਰ ਸਹਿਜ ਸੁਭਾਇ। ਫਿਰਤਿ ਸੈਲ ਹਿਤ ਹੇਰਤਿ ਥਾਂਇ॥੩॥

ਕਈ ਸਿੰਘ ਵੀ ਪਾਸ ਬੈਠੇ ਸਨ, ਬਾਗ਼ ਵਿਚ ਇਕ ਸੁੰਦਰ ਦਰੱਖਤ ਦੇ ਥੱਲੇ ਸਾਰੇ ਬਿਰਾਜ ਰਹੇ ਸਨ। ਬਹਾਦਰ ਸ਼ਾਹ ਸਹਿਜ ਸੁਭਾਇ, ਸੈਰ ਵਾਸਤੇ ਫਿਰਦਾ ਹੋਇਆ ਏਧਰ ਓਧਰ ਘੁੰਮ ਰਿਹਾ ਸੀ॥ ੩॥

ਜਬਿ ਹੀ ਬਾਗ ਨਿਕਟ ਚਲਿ ਆਯੋ। ਇਹਾਂ ਗੁਰੂ ਥਿਰਹੈਂ ਸੁਧਿ ਪਾਯੋ।
ਦਰਸ਼ਨ ਕਰਨ ਮਨੋਰਥ ਧਾਰਾ। ਉਤਰਿ ਪ੍ਰਵੇਸ਼ਯੋ ਬਾਗ਼ ਮਝਾਰਾ॥੪॥

ਜਦ ਹੀ ਬਾਗ਼ ਦੇ ਨੇੜੇ ਚਲ ਕੇ ਆਇਆ ਤਾਂ ਉਸ ਨੂੰ ਪਤਾ ਲੱਗਾ ਕਿ ਏਥੇ ਗੁਰੂ ਜੀ ਰਹਿੰਦੇ ਹਨ, ਗੁਰੂ ਜੀ ਦੇ ਦਰਸ਼ਨ ਕਰਨ ਦਾ ਮਨੋਰਥ ਧਾਰਨ ਕੀਤਾ ਤੇ ਘੋੜੇ ਤੋਂ ਉੱਤਰ ਕੇ ਬਾਗ਼ ਵਿਚ ਪ੍ਰਵੇਸ਼ ਕਰ ਗਿਆ॥ ੪॥

ਫਰਸ਼ ਬਿਸਾਲ ਗੁਰੂ ਕਰਿਵਾਏ। ਇਕਠੇ ਸਿੰਘ ਭਏ ਸਮੁਦਾਏ।
ਤਤਛਿਨ ਆਨਿ ਬੰਦਨਾ ਕੀਨਿ। ਪ੍ਰਭੂ ਬਿਠਾਯੋ ਆਦਰ ਦੀਨ॥ ੫॥

ਗੁਰੂ ਜੀ ਨੇ ਵਸਤਰ ਵਿਛਵਾ ਕੇ ਵਿਸ਼ਾਲ ਫਰਸ਼ ਤਿਆਰ ਕਰਵਾਇਆ ਸੀ। ਉਸ ਨੇ ਤੁਰਤ ਆ ਕੇ ਬੰਦਨਾ ਕੀਤੀ ਤੇ ਸਤਿਗੁਰੂ ਜੀ ਨੇ ਉਸ ਨੂੰ ਬਿਠਾ ਕੇ ਆਦਰ ਦਿੱਤਾ॥ ੫॥

ਜਥਾ ਜੋਗ ਸਭਿ ਲੋਕ ਖਰੇ ਹੈਂ। ਗੁਰੂ ਸ਼ਾਹੁ ਕੋ ਪਿਖਨਿ ਕਰੇ ਹੈਂ।
ਸਿਖ ਕੀ ਤਨੁਜਾ ਢਿਗ ਥਿਰ ਰਹੀ। ਉਠਿ ਕਰਿ ਇਤ ਉਤ ਕਿਤ ਗੀ ਨਹੀਂ॥੬॥

ਯਥਾਯੋਗ ਸਾਰੇ ਲੋਕ ਖੜੇ ਸਨ, ਗੁਰੂ ਜੀ ਅਤੇ ਬਾਦਸ਼ਾਹ ਨੂੰ ਵੇਖ ਰਹੇ ਸਨ। ਸਿੱਖ ਦੀ ਲੜਕੀ ਪਾਸ ਬੈਠੀ ਰਹੀ, ਉੱਠ ਕੇ ਕਿਤੇ ਵੀ ਏਧਰ ਓਧਰ ਨਹੀਂ ਗਈ ਹੈ॥ ੬॥

ਸ਼ਾਹੁ ਬਹਾਦਰ ਜਬਹਿ ਬਿਲੋਕੀ। ਸੁੰਦਰ ਰੂਪ ਚਾਹਿ ਬਿਸ਼ਿਯੋਂ ਕੀ।
ਭਯੋ ਲੁਭਾਇਮਾਨ ਤਤਕਾਲਾ। ਦੇਖਿ ਚਕੋਰ ਚੰਦ ਕੀ ਢਾਲਾ॥ ੭॥

ਬਹਾਦਰ ਸ਼ਾਹ ਨੇ ਜਦ ਉਸ ਲੜਕੀ ਨੂੰ ਵੇਖਿਆ ਤਾਂ ਉਸ ਦਾ ਸੁੰਦਰ ਸਰੂਪ ਵੇਖ ਕੇ ਤੁਰਤ ਮੋਹਿਤ ਹੋ ਗਿਆ। ਉਸ ਨੂੰ ਬਾਰ-ਬਾਰ ਵੇਖਣ ਦੀ ਰੁਚੀ ਬਹੁਤ ਵਧੀ ਤੇ ਚਕੋਰ ਦੇ ਚੰਦ ਵੱਲ ਵੇਖਣ ਵਾਂਗ ਹੋ ਗਿਆ॥ ੭॥

ਗੁਰ ਤੇ ਸ਼ੰਕ ਰਹਯੋ ਬਹੁਤੇਰਾ। ਭਯੋ ਬਿਬਸ ਮਨ ਫਿਰਯੋ ਨ ਫੇਰਾ।
ਲਾਲਚ ਲਗਯੋ ਪਿਖਨਿ ਕੇ ਕਾਰਨ। ਕਰੈ ਬਾਤ ਬਹੁ ਭਾਂਤਿ ਉਚਾਰਨ॥ ੮॥

ਗੁਰੂ ਜੀ ਤੋਂ ਬਹੁਤ ਝਿਜਕਦਾ ਰਿਹਾ, ਪਰ ਬੇਬਸ ਹੋ ਗਿਆ ਸੀ ਮਨ ਫੇਰਿਆਂ ਵੀ ਫਿਰਦਾ ਨਹੀ ਸੀ। ਵੇਖਣ ਦੇ ਕਾਰਨ ਲਾਲਚ ਲੱਗ ਗਿਆ ਤੇ ਬਹੁਤ ਭਾਂਤ ਗੱਲਾਂ ਉਚਾਰਨ ਕਰਨ ਲੱਗਾ॥ ੮॥

ਬੂਝਨਿ ਲਗਯੋ 'ਹਮਾਰੇ ਮਤ ਮੈਂ। ਕਲਮਾ ਪਢਤਿ ਜੁ ਕਰਿ ਹਿਤ ਚਿਤ ਮੈਂ।
ਸੋ ਦੋਜ਼ਕ ਮੈਂ ਪਰਤ ਨ ਕੋਈ। ਜਾਤਿ ਭਿਸਤ ਸੁਖ ਭੋਗੇ ਸੋਈ'॥ ੯॥

ਬਹਾਦਰ ਸ਼ਾਹ ਫਿਰ ਪੁੱਛਣ ਲੱਗਾ, "ਸਾਡੇ ਮੱਤ ਵਿਚ ਜਿਹੜਾ ਹਿਤ ਕਰਕੇ ਚਿੱਤ ਵਿਚ ਕਲਮਾ ਪੜ੍ਹਦਾ ਹੈ, ਉਹ ਫਿਰ ਦੋਜ਼ਕ ਵਿਚ ਨਹੀਂ ਪੈਂਦਾ ਹੈ ਤੇ ਸਿੱਧਾ ਬਹਿਸ਼ਤਾਂ ਵਿਚ ਜਾ ਕੇ ਸੁਖ ਭੋਗਦਾ ਹੈ"॥ ੯॥

ਸੁਨਿ ਗੁਰ ਕਹਯੋ 'ਨ ਇਮ ਬਨਿ ਆਵੈ। ਜਥਾ ਕਰਮ ਕਰਿ ਤਥਾ ਸੁ ਪਾਵੈ।
ਕਲਮਾ ਪਢਹਿ ਕਮਾਵੈ ਖੋਟ। ਤਿਸ ਕੋ ਸੰਕਟ ਨਰਕ ਨ ਛੋਟ॥ ੧੦॥

ਸਤਿਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਨਹੀਂ ਬਣਦਾ ਹੈ, ਜਿਵੇਂ ਮਨੁੱਖ ਕਰਮ ਕਰਦਾ ਹੈ ਤਿਵੇਂ ਉਹ ਪਾ ਲੈਂਦਾ ਹੈ। ਜਿਹੜਾ ਕਲਮਾ ਪੜ੍ਹ ਕੇ ਖੋਟ ਕਮਾਉਂਦਾ ਹੈ, ਉਸ ਨੂੰ ਨਰਕ ਦੇ ਸੰਕਟ ਤੋਂ ਛੋਟ ਨਹੀਂ ਮਿਲਦੀ ਹੈ॥ ੧੦॥

ਭੋਗਹਿ ਕਸ਼ਟ ਅਨੇਕ ਪ੍ਰਕਾਰ। ਨਹਿਂ ਕਲਮਾ ਤਿਹ ਲੇਤਿ ਉਬਾਰ।
ਕਹੈ ਬਹਾਦਰ ਸ਼ਾਹ 'ਹਮਾਰੇ। ਕਲਮਾ ਕਰਹਿ ਉਧਾਰ ਉਚਾਰੇ॥ ੧੧॥

ਉਥੇ ਜਾ ਕੇ ਉਹ ਅਨੇਕਾਂ ਪ੍ਰਕਾਰ ਦੇ ਦੁਖ ਭੋਗਦਾ ਹੈ, ਉਥੇ ਉਸ ਨੂੰ ਕਲਮਾ ਨਹੀਂ ਬਚਾਉਂਦਾ ਹੈ।" ਬਾਦਸ਼ਾਹ ਨੇ ਕਿਹਾ, "ਕਲਮਾ ਉਚਾਰਨ ਕੀਤਾ ਸਾਡਾ ਉਧਾਰ ਕਰਦਾ ਹੈ॥ ੧੧॥

ਝੂਠ ਕਹਜੋ ਕੈ ਸਾਚ ਬਖਾਨਾ। ਕਿਮ ਹਮ ਪਤਾ ਲੇਹਿਂ ਮਨ ਜਾਨਾ।
ਜਾਨੇ ਬਿਨਾ ਪ੍ਰਤੀਤ ਨ ਆਵੈ। ਲਿਖੀ ਸਾਚ ਹੀ ਹੁਇ, ਮਨ ਭਾਵੈ॥ ੧੨॥

ਝੂਠ ਕਿਹਾ ਹੈ ਜਾਂ ਸੱਚ ਆਖਿਆ ਹੈ, ਕਿਵੇਂ ਅਸੀਂ ਮਨ ਵਿਚ ਜਾਣ ਕੇ ਪਤਾ ਲਈਏ। ਜਾਣਨ ਤੋਂ ਬਗੈਰ ਪ੍ਰਤੀਤ ਨਹੀਂ ਆਉਂਦੀ ਹੈ, ਮਨ ਦੀ ਭਾਵਨਾ ਅਨੁਸਾਰ ਬੇਸ਼ਕ ਸੱਚੀ ਹੀ ਲਿਖੀ ਹੋਵੇ"॥ ੧੨॥

ਕੋਸ਼ਪ ਸ੍ਰੀ ਗੁਰ ਤਬੈ ਹਕਾਰਾ। ਨਿਕਟਿ ਨਿਹਾਰਜੋ ਤਾਂਹਿ ਉਚਾਰਾ।
'ਏਕ ਰਜਤਪਣ ਕੋਸ਼ ਧਰਜੋ ਹੈ। ਜਿਸ ਪਰ ਕਲਮਾ ਸੰਨ ਪਰਜੋ ਹੈ॥ ੧੩॥

ਫਿਰ ਸਤਿਗੁਰੂ ਜੀ ਨੇ ਖਜ਼ਾਨਚੀ ਨੂੰ ਬੁਲਾਇਆ, ਨੇੜੇ ਵੇਖ ਕੇ ਉਸ ਨੂੰ ਉਚਾਰਨ ਕਰਕੇ ਕਿਹਾ, "ਇਕ ਚਾਂਦੀ ਦਾ ਰੁਪਈਆ ਖਜ਼ਾਨੇ ਵਿਚ ਪਿਆ ਹੈ, ਜਿਸ ਉੱਪਰ ਕਲਮਾ ਅਤੇ ਹਿਜਰੀ ਸੰਨ ਲਿਖਿਆ ਹੈ॥ ੧੩॥

ਤਿਸ ਕੋ ਲੇ ਕਰਿ ਹਾਥ ਸਿਧਾਵਹੁ। ਟਕੇ ਬਜ਼ਾਰ ਬਿਖੈ ਤੇ ਲਜਾਵਹੁ।
ਬੈਠਜੋ ਸ਼ਾਹੁ ਸ਼ੀਘ੍ਰ ਤੂੰ ਜਾਉ। ਹ੍ਰਮਰੇ ਨਿਕਟ ਅਬੈ ਲੈ ਆਉ'॥ ੧੪॥

ਇਸ ਰੁਪਏ ਨੂੰ ਆਪਣੇ ਹੱਥ ਵਿਚ ਲੈ ਕੇ ਜਾਵੋ ਤੇ ਬਜ਼ਾਰ ਵਿਚੋਂ ਇਸ ਨੂੰ ਭੁਨਾ ਕੇ ਟਕੇ ਲਿਆਵੋ। ਬਾਦਸ਼ਾਹ ਏਥੇ ਬੈਠੇ ਹਨ, ਤੂੰ ਛੇਤੀ ਜਾ, ਸਾਡੇ ਪਾਸ ਹੁਣੇ ਲੈ ਕੇ ਆਵੋ"॥ ੧੪॥

ਗੁਰ ਆਇਸ ਤੇ ਕੋਸ਼ਪ ਗਯੋ। ਬੀਚ ਬਜ਼ਾਰ ਰਜਤਪਣ ਦਯੋ।
'ਇਸਕੇ ਟਕੇ ਦੇਹੁ ਗਿਨਿ ਮੋਹੀ। ਜੇਤਿਕ ਭਾਉ ਬਿਕਤ ਇਤ ਹੋਹੀ'॥ ੧੫॥

ਗੁਰੂ ਜੀ ਦੀ ਆਗਿਆ ਪਾ ਕੇ ਖਜ਼ਾਨਚੀ ਗਿਆ ਤੇ ਬਜ਼ਾਰ ਵਿਚ ਜਾ ਕੇ ਰੁਪਈਆ ਦਿੱਤਾ ਤੇ ਕਿਹਾ, "ਇਸ ਦੇ ਟਕੇ ਮੈਨੂੰ ਗਿਣ ਕੇ ਦੇਵੋ, ਜਿਸ ਭਾਅ ਏਧਰ ਵਿਕਦੇ ਹਨ, ਉਸ ਭਾਅ ਦੇ ਦੇਵੋ"॥ ੧੫॥

ਪਿਖਿ ਸਰਾਫ ਨੇ ਦੀਯੋ ਬਗਾਈ। 'ਇਹ ਖੋਟੋ ਨਹਿਂ ਚਲਹਿ ਇਥਾਂਈ'।
ਚਾਰ ਪਾਂਚ ਹਾਟਨ ਪਰ ਫਿਰਜੋ। ਨਹਿਂ ਸਰਾਫ ਕਿਨ ਕਰ ਮਹਿਂ ਧਰਜੋ॥੧੬॥

ਸਰਾਫ ਨੇ ਵੇਖ ਕੇ ਰੁਪਏ ਨੂੰ ਵਗਾਹ ਕੇ ਮਾਰਿਆ, "ਏਥੇ ਖੋਟੇ ਰੁਪਏ ਨਹੀਂ ਚਲਦੇ ਹਨ।" ਇਸ ਪ੍ਰਕਾਰ ਉਹ ਚਾਰ ਪੰਜ ਹੱਟੀਆਂ 'ਤੇ ਗਿਆ, ਕਿਸੇ ਸ਼ਰਾਫ ਨੇ ਵੀ ਉਹ ਰੁਪਈਆ ਆਪਣੇ ਹੱਥ ਨਾ ਫੜਿਆ॥ ੧੬॥

ਹਟਿ ਕਰਿ ਗੁਰ ਢਿਗ ਆਨਿ ਸੁਨਾਈ। 'ਇਸੇ ਸਰਾਫ ਨ ਲੇਤਿ ਕਦਾਈਂ।
ਖੋਟੇ ਕੋ ਬਿਲੋਕਿ ਤਤਕਾਲਾ। ਰਿਸ ਕੋ ਧਰਤਿ ਹਾਥ ਤੇ ਡਾਲਾ॥ ੧੭॥

ਉਸ ਖਜ਼ਾਨਚੀ ਨੇ ਵਾਪਸ ਆ ਕੇ ਗੁਰੂ ਜੀ ਪਾਸ ਸੁਣਾਇਆ, "ਇਸ ਨੂੰ ਕੋਈ ਵੀ ਸਰਾਫ ਨਹੀਂ ਲੈਂਦਾ ਹੈ, ਇਸ ਨੂੰ ਖੋਟਾ ਵੇਖ ਕੇ ਤੁਰਤ ਹੱਥੋਂ ਸੁੱਟ ਦਿੰਦੇ ਹਨ॥ ੧੭॥

ਟਕੇ ਦੇਨ ਤੇ ਕਿਤਹੂੰ ਰਹੇ। ਝਿਰਕਿ ਹਟਾਵਤਿ ਦੁਰਬਚ ਕਹੇ'।
ਸੁਨਿ ਕੋਸ਼ਪ ਤੇ ਲੇ ਕਰਿ ਹਾਥ। ਬੋਲੇ ਗੁਰ 'ਸੁਨਿ ਦਿੱਲੀ ਨਾਥ! ॥ ੧੮ ॥

ਟਕੇ ਦੇਣੇ ਤਾਂ ਕਿਤੇ ਰਹੇ, ਝਿੜਕ ਕੇ ਦੁਰਬਚਨ ਬੋਲ ਕੇ ਵਾਪਸ ਮੋੜ ਦਿੰਦੇ ਹਨ।'' ਇਹ ਸੁਣ ਕੇ ਤੇ ਖਜ਼ਾਨਚੀ ਪਾਸੋਂ ਖੋਟਾ ਰੁਪਈਆ ਆਪਣੇ ਹੱਥ ਵਿਚ ਲੈ ਕੇ ਗੁਰੂ ਜੀ ਬੋਲੇ, ''ਹੇ ਦਿੱਲੀ ਦੇ ਬਾਦਸ਼ਾਹ! ਸੁਣੋ॥ ੧੮ ॥

ਜਿਨ ਕੋ ਮਤ ਕਲਮੇ ਤੇ ਭਿਸਤ। ਤਿਨ ਕੋ ਰਾਜ ਨ ਕਹੂੰ ਸ਼ਿਕਸਤ।
ਪੁਨ ਨਿਰਨੈ ਕਰਿ ਲੇਹੁ ਨਿਹਾਰ। ਤੋਹਿ ਨਿਕਟ ਹੈ ਤੋਹਿ ਬਜ਼ਾਰ॥ ੧੯ ॥

ਜਿਨ੍ਹਾਂ ਦਾ ਇਹ ਮੱਤ ਹੈ ਕਿ ਕਲਮੇ ਨਾਲ ਬਹਿਸ਼ਤ ਮਿਲਦਾ ਹੈ, ਉਨ੍ਹਾਂ ਦਾ ਰਾਜ ਕਿਤੇ ਟੁੱਟਾ ਨਹੀਂ, ਹਾਲੇ ਕਾਇਮ ਹੈ। ਫਿਰ ਨਿਰਣਾ ਕਰਕੇ ਵੇਖ ਲਵੋ, ਤੁਹਾਡੇ ਨੇੜੇ ਹੀ ਤੁਹਾਡਾ ਬਜ਼ਾਰ ਹੈ॥ ੧੯ ॥

ਊਪਰ ਕਲਮਾ ਕਿਹ ਨ ਬਿਚਾਰਜੇ। ਅੰਤਰ ਖੋਟੇ ਸਕਲ ਨਿਹਾਰਜੇ।
ਕਿਨਹੁਂ ਨ ਕੀਨਸਿ ਅੰਗੀਕਾਰ। ਖੋਟਾ ਦੇਖਤਿ ਦੇਂ ਕਰ ਡਾਰਿ॥ ੨੦ ॥

ਰੁਪਏ ਉੱਪਰ ਲਿਖਿਆ ਹੋਇਆ ਕਲਮਾ ਕਿਸੇ ਨੇ ਨਹੀਂ ਵਿਚਾਰਿਆ ਹੈ, ਅੰਦਰੋਂ ਖੋਟਾ ਸਾਰਿਆਂ ਨੇ ਵੇਖਿਆ ਹੈ। ਕਿਸੇ ਨੇ ਵੀ ਇਸ ਰੁਪਏ ਨੂੰ ਅੰਗੀਕਾਰ ਨਹੀਂ ਕੀਤਾ, ਖੋਟਾ ਵੇਖ ਕੇ ਸੁੱਟ ਦਿੰਦੇ ਸਨ॥ ੨੦॥

ਜਹਿਂ ਤੁਰਕਨਿ ਕੋ ਰਾਜ ਤਪੰਤਾ। ਤਹਾਂ ਨ ਕਲਮਾ ਰੱਛ ਕਰੰਤਾ।
ਜਿਹ ਠਾਂ ਅਵਰ ਨਜਾਂਵ ਕੇ ਕਰਤਾ। ਭਲੇ ਬੁਰੇ ਕੋ ਨਿਰਨੈ ਧਰਤਾ॥ ੨੧ ॥

ਜਿੱਥੇ ਤੁਰਕਾਂ ਦਾ ਰਾਜ ਚਲਦਾ ਹੈ, ਉਥੇ ਵੀ ਕਲਮਾ ਰੱਖਿਆ ਨਹੀਂ ਕਰਦਾ ਹੈ। ਜਿਸ ਸਥਾਨ ਵਿਖੇ ਹੋਰ ਨਿਆਂ ਕਰਨ ਵਾਲੇ ਹਨ ਤੇ ਭਲੇ ਬੁਰੇ ਦਾ ਨਿਰਣਾ ਧਾਰਨ ਕਰਨ ਵਾਲੇ ਹਨ॥ ੨੧॥

ਤਹਿ ਕਲਮਾ ਕਿਮ ਕਰੈ ਸਹਾਇ। ਦੇਂ ਖੋਟੇ ਕੋ ਭਿਸਤ ਪੁਚਾਇ?।
ਜਹਿਂ ਪਰਮੇਸ਼ੁਰ ਕੀ ਦਰਗਾਹ। ਜਥਾ ਜੋਗ ਪਿਖਿਯਤਿ ਹੈ ਤਾਂਹਿ॥ ੨੨ ॥

ਉਥੇ ਜਾ ਕੇ ਕਲਮਾ ਕਿਵੇਂ ਸਹਾਇਤਾ ਕਰੇਗਾ, ਉਹ ਖੋਟੇ ਨੂੰ ਬਹਿਸ਼ਤਾਂ ਵਿਚ ਕਿਵੇਂ ਪਹੁੰਚਾ ਦੇਣਗੇ? ਜਿੱਥੇ ਪਰਮੇਸ਼ਰ ਦੀ ਦਰਗਾਹ ਹੈ, ਉਥੇ ਜਥਾ-ਯੋਗ ਚੰਗੀ ਤਰ੍ਹਾਂ ਵੇਖਦੇ ਹਨ॥ ੨੨ ॥

ਨਰ ਤਨ ਧਾਰਿ ਕਰਤਿ ਹੈਂ ਜਥਾ। ਬਿਦਤ ਸ਼ੁਭਾਸ਼ੁਭ ਹੁਇ ਤਹਿਂ ਤਥਾ।
ਦੁਖ ਸੁਖ ਭੋਗੇ ਕ੍ਰਿਤ ਅਨੁਸਾਰੀ। ਕੂਰੇ ਬੇਖ ਊਪਰੇ ਧਾਰੀ॥ ੨੩ ॥

ਨਰ ਤਨ ਧਾਰ ਕੇ ਜਿਵੇਂ ਕਰਮ ਕਰਦਾ ਹੈ, ਉਸ ਪ੍ਰਕਾਰ ਹੀ ਉਥੇ ਜਾ ਕੇ ਉਸ ਦੇ ਸ਼ੁਭ, ਅਸ਼ੁਭ ਕਾਰਜ ਪ੍ਰਗਟ ਹੁੰਦੇ ਹਨ। ਉਹ ਮਨੁੱਖ ਆਪਣੀ ਕ੍ਰਿਤ ਅਨੁਸਾਰ ਦੁਖ ਸੁਖ ਭੋਗਦਾ ਹੈ। ਜਿਹੜੇ ਆਪਣੇ ਉੱਪਰ ਝੂਠਾ ਭੇਖ ਧਾਰ ਲੈਂਦੇ ਹਨ॥ ੨੩ ॥

ਤਿਸ ਤੇ ਨਹਿਂ ਸਹਾਇਤਾ ਹੋਇ। ਕਰਹਿ ਕ੍ਰਿੱਤ ਨਰ ਭੁਗਤੈ ਸੋਇ।
ਪਿਖਜੋ ਪ੍ਰਤੱਖ ਇਹਾਂ ਤੁਮ ਜਥਾ। ਪ੍ਰਭੁ ਦਰਗਾਹ ਨਜਾਂਵ ਹੈ ਤਥਾ॥ ੨੪ ॥

ਉਸ ਨਾਲ ਕੋਈ ਸਹਾਇਤਾ ਨਹੀਂ ਹੁੰਦੀ ਹੈ, ਜਿਵੇਂ ਮਨੁੱਖ ਕ੍ਰਿਤ ਕਰਦਾ ਹੈ, ਉਸ ਪ੍ਰਕਾਰ ਹੀ ਭੁਗਤਦਾ ਹੈ। ਤੁਸੀਂ ਉਸ ਪ੍ਰਕਾਰ ਹੀ ਏਥੇ ਪ੍ਰਤੱਖ ਵੇਖ ਲਿਆ ਹੈ, ਪ੍ਰਭੂ ਦੀ ਦਰਗਾਹ ਵਿਚ ਉਸ ਪ੍ਰਕਾਰ ਹੀ ਨਿਆਂ ਹੁੰਦਾ ਹੈ॥ ੨੪ ॥

ਅੰਤਰ ਸ਼ੁੱਧ ਭਏ ਛੂਟਿ ਜੈ ਹੈ। ਅੰਤਰ ਖੋਟ ਮਹਾਂ ਦੁਖ ਪੈ ਹੈ।
ਵਹਿਰ ਬੇਖ ਮਾਨਹਿ ਕੋ ਨਾਂਹੀ। ਕਰਮ ਸ਼ੁਭਾਸ਼ੁਭ ਮਿਟਹਿਂ ਨ ਕਾਹੀਂ॥ ੨੫ ॥

ਜਿਨ੍ਹਾਂ ਦੇ ਅੰਦਰ ਸ਼ੁੱਧ ਹੁੰਦੇ ਹਨ, ਉਹ ਛੁਟਕਾਰਾ ਪਾ ਲੈਂਦੇ ਹਨ। ਜਿਹੜੇ ਅੰਦਰੋਂ ਖੋਟੇ ਹਨ, ਉਹ ਮਹਾਨ ਦੁਖ ਪਾਉਂਦੇ ਹਨ। ਬਾਹਰਲੇ ਭੇਖ ਨੂੰ ਕੋਈ ਵੀ ਨਹੀਂ ਮੰਨਦਾ ਹੈ। ਸ਼ੁਭ ਅਸ਼ੁਭ ਕਰਮ ਕਿਸੇ ਦੇ ਵੀ ਮਿੱਟਦੇ ਨਹੀਂ ਹਨ' ॥ ੨੫ ॥

ਸੁਨਿਕੈ ਸ਼ਾਹੁ ਬਹਾਦਰ ਮੋਨ। ਦ੍ਰਿਗ ਲਗਿ ਰਹੇ ਦਿਸ਼ਾ ਤ੍ਰਿਯ ਤੌਨ।
ਅਪਰ ਪ੍ਰਸੰਗ ਏਕ ਦੁਇ ਕਹੇ। ਉੱਤਰ ਉਚਿਤ ਗੁਰੂ ਤੇ ਲਹੇ॥ ੨੬ ॥

ਇਹ ਸੁਣ ਕੇ ਬਹਾਦਰ ਸ਼ਾਹ ਚੁੱਪ ਰਿਹਾ, ਉਸ ਦੇ ਨੈਣ ਉਸ ਸੁੰਦਰ ਇਸਤਰੀ ਵਲ ਲੱਗੇ ਰਹੇ। ਇਕ ਦੋ ਹੋਰ ਪ੍ਰਸੰਗ ਕਹੇ ਤੇ ਗੁਰੂ ਜੀ ਪਾਸੋਂ ਉਸ ਦੇ ਉਚਿਤ ਉੱਤਰ ਪ੍ਰਾਪਤ ਕੀਤੇ॥ ੨੬ ॥

ਢਿਗ ਬੈਠਨ ਕਾਰਨ ਚਿਰ ਕਾਲ। ਕਰਹਿ ਬਾਰਤਾ ਕਿਸ ਕਿਸ ਖਜਾਲ।
ਚਿਤ ਕੀ ਗਤਿ ਸਤਿਗੁਰ ਨੇ ਜਾਨੀ। ਸ਼ਾਹ ਬਹਾਦਰ ਸਾਥ ਬਖਾਨੀ॥ ੨੭ ॥

ਦੇਰ ਤਕ ਉਥੇ ਬੈਠਣ ਕਾਰਨ, ਕੋਈ ਕੋਈ ਖਿਆਲ ਧਾਰ ਕੇ ਗੱਲਬਾਤ ਕਰਦਾ ਸੀ। ਸਤਿਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ ਤੇ ਫਿਰ ਬਹਾਦਰ ਸ਼ਾਹ ਨੂੰ ਕਿਹਾ॥ ੨੭ ॥

'ਚਿਤ ਤੇਰੋ ਤ੍ਰਿਯ ਪਰ ਬਿਰਮਾਯੋ। ਜੇ ਚਾਹਤਿ, ਦਿਹੁ ਸਾਚੁ ਬਤਾਯੋ।
ਕਪਟ ਨ ਧਰਹੁ ਸਮੀਪ ਹਮਾਰੀ। ਜਿਮ ਉਰ ਮਹਿਂ ਤਿਮ ਦੇਹੁ ਉਚਾਰੀ' ॥੨੮ ॥

"ਤੇਰਾ ਚਿੱਤ ਇਕ ਇਸਤਰੀ ਉੱਪਰ ਭਰਮ ਗਿਆ ਹੈ, ਜੇ ਚਾਹੁੰਦਾ ਹੈਂ ਤਾਂ ਸੱਚ-ਸੱਚ ਦੱਸ ਦੇਵੇ। ਸਾਡੇ ਪਾਸ ਕਪਟ ਨਾ ਧਾਰਨ ਕਰੇ, ਜਿਵੇਂ ਤੇਰੇ ਦਿਲ ਵਿਚ ਹੈ, ਉਸ ਪ੍ਰਕਾਰ ਹੀ ਸਾਨੂੰ ਦੱਸ ਦੇਵੇ" ॥ ੨੮ ॥

ਡਰਤਿ ਸ਼ਾਹੁ ਕਰ ਜੋਰਿ ਬਖਾਨੀ। 'ਸ੍ਰੀ ਗੁਰੂ ਤੁਮ ਤੇ ਕਛੂ ਨ ਛਾਨੀ।
ਸਭਿ ਘਟਿ ਘਟਿ ਕੀ ਜਾਣਨਹਾਰੇ। ਕਰਹਿ ਦੁਰਾਉ ਸੋ ਮੂਢ ਬਿਚਾਰੇ॥ ੨੯ ॥

ਬਾਦਸ਼ਾਹ ਦੇ ਡਰਦੇ-ਡਰਦੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ! ਤੁਹਾਡੇ ਪਾਸੋਂ ਕੁਝ ਵੀ ਲੁਕਿਆ ਹੋਇਆ ਨਹੀਂ ਹੈ। ਤੁਸੀਂ ਸਾਰਿਆਂ ਦੇ ਦਿਲਾਂ ਦੀਆਂ ਗੱਲਾਂ ਜਾਣਨ ਵਾਲੇ ਹੋ, ਜਿਹੜਾ ਲੁਕਾਅ ਰੱਖਦਾ ਹੈ, ਉਸ ਨੂੰ ਮੂਰਖ ਜਾਣੋ॥ ੨੯ ॥

ਹੇਰਤਿ ਹੀ ਬਿਰਮਜੋ ਮਨ ਮੋਰਾ। ਤਬਿ ਤੇ ਲਾਗੇ ਦ੍ਰਿਗ ਇਸ ਓਰਾ'।
ਸੁਨਤਿ ਸਾਚ ਕੇ ਗੁਰੂ ਉਚਾਰਾ। 'ਜੇ ਲੋਭਜੋ ਮਨ ਏਵ ਤੁਹਾਰਾ॥ ੩੦ ॥

ਵੇਖਦਿਆਂ ਹੀ ਮੇਰਾ ਮਨ ਭਰਮ ਗਿਆ ਹੈ, ਤਦ ਦੇ ਇਸ ਪਾਸੇ ਮੈਂ ਨੈਣ ਲਾਏ ਹਨ।" ਸੱਚ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਜੇ ਤੇਰਾ ਮਨ ਇਸ ਪ੍ਰਕਾਰ ਲੁਭਾਇਮਾਨ ਹੋਇਆ ਹੈ॥ ੩੦ ॥

ਸੰਝ ਸਮੈਂ ਹਮ ਦੇਹਿਂ ਪੁਚਾਈ। ਪੂਰਹੁ ਕਾਮਨਾ ਅਪਨਿ ਸਬਾਈ'।
ਹਰਖਤਿ ਸ਼ਾਹੁ ਉਠਜੋ ਕਰਿ ਨਮੋ। ਪਹੁੰਚਜੋ ਜਾਇ ਪ੍ਰਤੀਖਤਿ ਸਮੋ॥ ੩੧ ॥

ਸ਼ਾਮ ਵੇਲੇ ਅਸੀਂ ਇਸ ਨੂੰ ਤੁਹਾਡੇ ਪਾਸ ਪਹੁੰਚਾ ਦੇਵਾਂਗੇ ਤੇ ਤੁਸੀਂ ਆਪਣੀ ਕਾਮਨਾ ਪੂਰੀ ਕਰੋ।" ਬਾਦਸ਼ਾਹ ਖ਼ੁਸ਼ ਹੋ ਕੇ ਬੰਦਨਾ ਕਰਕੇ ਉੱਠ ਪਿਆ ਤੇ ਘਰ ਪਹੁੰਚ ਕੇ ਯੋਗ ਸਮੇਂ ਦੀ ਉਡੀਕ ਕਰਨ ਲੱਗਾ॥ ੩੧ ॥

ਸਿਖ ਕੀ ਸੁਤਾ ਬੰਦਿ ਕਰਿ ਹਾਥ। 'ਸ੍ਰੀ ਪ੍ਰਭੁ! ਕਹਾਂ ਕਰੀ ਮੁਝ ਸਾਥ।
ਧਰਮ ਉਬਾਰਨ ਹਿਤ ਤੁਮ ਧਜਾਵੈਂ। ਅਨਿਕ ਬਿਘਨ ਤੇ ਜਨਨਿ ਬਚਾਵੈਂ ॥੩੨ ॥

ਸਿੱਖ ਦੀ ਪੁੱਤਰੀ ਹੱਥ ਜੋੜ ਕੇ ਕਹਿਣ ਲੱਗੀ, "ਹੇ ਸਤਿਗੁਰੂ ਜੀ! ਮੇਰੇ ਨਾਲ ਤੁਸੀਂ ਕੀ ਕੀਤਾ ਹੈ। ਧਰਮ ਤੋਂ ਬਚਾਉਣ ਵਾਸਤੇ, ਤੁਹਾਡਾ ਸਿਮਰਨ ਕਰਦੇ ਹਾਂ। ਅਨੇਕਾਂ ਵਿਘਨਾਂ ਤੋਂ ਤੁਸੀਂ ਆਪਣੇ ਸੇਵਕਾਂ ਨੂੰ ਬਚਾਉਂਦੇ ਹੋ॥ ੩੨ ॥

ਮੇਰੋ ਧਰਮ ਆਪ ਕਜੋਂ ਨਾਸ਼ਾ। ਤੁਰਕ ਸੰਗ ਹੁਇ ਮੇਲ, ਪ੍ਰਕਾਸ਼ਾ।
ਮਹਾਂ ਚਿੰਤ ਉਪਜੀ ਚਿਤ ਮਾਂਹੀ। ਗੁਰ ਕੇ ਕਹੇ ਜਾਊਂ ਜੇ ਨਾਂਹੀ॥ ੩੩॥

ਮੇਰੇ ਧਰਮ ਨੂੰ ਆਪ ਜੀ ਨੇ ਕਿਉਂ ਨਾਸ਼ ਕੀਤਾ ਹੈ, ਇਹ ਤਾਂ ਪ੍ਰਗਟ ਹੈ ਕਿ ਤੁਰਕ ਨਾਲ ਮੇਲ ਹੋਵੇਗਾ। ਮੇਰੇ ਚਿੱਤ ਵਿਚ ਵੱਡੀ ਚਿੰਤਾ ਉਤਪੰਨ ਹੋਈ ਹੈ। ਗੁਰੂ ਜੀ ਦੇ ਕਹੇ ਜੇ ਹੁਣ ਨਹੀਂ ਜਾਵਾਂਗੀ॥ ੩੩॥

ਮਹਾਂ ਦੋਸ਼ ਮੇਰੇ ਸਿਰ ਸੋਇ। ਜਾਊਂ ਜਿ, ਧਰਮ ਬਿਨਾਸ਼ੀ ਹੋਇ'।
ਸੁਨਿ ਕਰਿ ਸ੍ਰੀ ਮੁਖ ਤੇ ਬਿਕਸਾਨੇ। 'ਸਾਧ ਸਾਧ' ਤਿਹ ਸਾਥ ਬਖਾਨੇ॥ ੩੪॥

ਤਾਂ ਮੇਰੇ ਸਿਰ 'ਤੇ ਮਹਾਂ ਦੋਸ਼ ਹੋਵੇਗਾ, ਪਰ ਜੇ ਜਾਵਾਂਗੀ ਤਾਂ ਮੇਰਾ ਧਰਮ ਨਾਸ਼ ਹੋ ਜਾਵੇਗਾ।'' ਇਹ ਸੁਣ ਕੇ ਸਤਿਗੁਰੂ ਜੀ ਮੁਖ ਤੋਂ ਮੁਸਕਰਾਏ ਅਤੇ ਉਸ ਲੜਕੀ ਨੂੰ ''ਸ਼ਾਬਾਸ਼ ਸ਼ਾਬਾਸ਼'' ਕਿਹਾ॥ ੩੪॥

'ਗਮਨਹੁ ਤਿਹ ਠਾਂ ਕਹੇ ਹਮਾਰੇ। ਤੋਹਿ ਧਰਮ ਕੇ ਹਮ ਰਖਵਾਰੇ'।
ਸ਼ਾਹੁ ਏਕ ਨਰ ਤਜਾਗ ਸੁ ਗਯੋ। ਏਕ ਸਿੱਖ ਸ੍ਰੀ ਗੁਰ ਸੰਗ ਦਯੋ॥ ੩੫॥

''ਉਥੇ ਸਾਡੇ ਕਹਿਣ ਉੱਪਰ ਜਾਵੋ, ਤੇਰੇ ਧਰਮ ਦੀ ਅਸੀਂ ਰਖਵਾਲੀ ਕਰਾਂਗੇ।'' ਬਾਦਸ਼ਾਹ ਇਕ ਮਨੁੱਖ ਨੂੰ ਗੁਰੂ ਜੀ ਪਾਸ ਛੱਡ ਗਿਆ ਸੀ। ਇਕ ਗੁਰੂ ਜੀ ਨੇ ਆਪਣੇ ਵਲੋਂ ਨਾਲ ਦਿੱਤਾ॥ ੩੫॥

ਦੋਨਹੁਂ ਕੇ ਮਧ ਹ੍ਵੈ ਕਰਿ ਚਲੀ। ਗੁਰੂ ਬਾਕ ਤੇ ਕਜੋਂਹੁਂ ਨ ਟਲੀ।
ਆਗੈ ਸ਼ਾਹੁ ਪ੍ਰਤੀਖਤਿ ਬੈਸਾ। ਲਗੇ ਘਾਵ ਪੀੜਤਿ ਹ੍ਵੈ ਜੈਸਾ॥ ੩੬॥

ਉਹ ਲੜਕੀ ਦੋਵਾਂ ਦੇ ਵਿਚਕਾਰ ਹੋ ਕੇ ਚਲੀ, ਉਸ ਨੇ ਗੁਰੂ ਜੀ ਦੇ ਬਚਨਾਂ ਨੂੰ ਕਿਸੇ ਪ੍ਰਕਾਰ ਵੀ ਨਾ ਟਾਲਿਆ। ਅੱਗੇ ਬਾਦਸ਼ਾਹ ਬੈਠਾ ਇੰਤਜ਼ਾਰ ਕਰ ਰਿਹਾ ਸੀ ਜਿਵੇਂ ਕੋਈ ਜ਼ਖਮੀ ਹੋ ਕੇ ਪੀੜਿਆ ਜਾ ਰਿਹਾ ਹੋਵੇ॥ ੩੬॥

ਦਿਖੀ ਦੂਰ ਤੇ ਆਵਤਿ ਸੋਊ। ਦੋਨਹੁਂ ਦਿਸ਼ਿ ਮਹਿਂ ਕੇਹਰਿ ਦੋਊ।
ਪਕਰੇ ਕਾਨ ਦੁਹਨ ਕੇ ਆਵਤਿ। ਸ਼ਾਹ ਬਹਾਦਰ ਦਿਖਿ ਭੈ ਪਾਵਤਿ॥ ੩੭॥

ਜਦ ਉਸ ਨੇ ਦੂਰ ਤੋਂ ਹੀ ਉਸ ਲੜਕੀ ਨੂੰ ਆਉਂਦਿਆਂ ਵੇਖਿਆ ਤਾਂ ਉਸ ਨੂੰ ਇੰਝ ਦਿਖਾਈ ਦਿੱਤਾ ਜਿਵੇਂ ਉਸ ਲੜਕੀ ਦੇ ਦੋਵੀਂ ਪਾਸੀਂ ਦੋ ਸ਼ੇਰ ਆ ਰਹੇ ਹੋਣ। ਉਹ ਲੜਕੀ ਦੋਵਾਂ ਸ਼ੇਰਾਂ ਦੇ ਕੰਨ ਫੜ ਕੇ ਲਿਆ ਰਹੀ ਸੀ, ਬਹਾਦਰ ਸ਼ਾਹ ਵੇਖ ਕੇ ਬਹੁਤ ਡਰ ਗਿਆ॥ ੩੭॥

ਏ ਬਡ ਜ਼ਾਲਮ ਤ੍ਰਿਯਾ ਨਿਹਾਰੀ। ਪਹੁੰਚਹਿ ਨਿਕਟ ਦੇਹਿ ਮੁਝ ਮਾਰੀ।
ਜਜੋਂ ਜਜੋਂ ਨਿਕਟ ਆਇ ਡਰ ਧਾਰਤਿ। ਦੇਤ ਨਰਨ ਕੋ ਹਾਥ ਇਸ਼ਾਰਤ॥੩੮॥

ਇਹ ਵੱਡੀ ਜ਼ਾਲਮ ਇਸਤਰੀ ਵੇਖੀ ਹੈ, ਇਹ ਨੇੜੇ ਪਹੁੰਚ ਕੇ ਮੈਨੂੰ ਮਾਰ ਦੇਵੇਗੀ। ਜਿਵੇਂ ਉਹ ਲੜਕੀ ਨੇੜੇ ਜਾਂਦੀ ਸੀ, ਤਿਵੇਂ-ਤਿਵੇਂ ਉਹ ਡਰ ਧਾਰਨ ਕਰਦਾ ਸੀ। ਉਸ ਨੇ ਫਿਰ ਆਪਣੇ ਸੇਵਕਾਂ ਨੂੰ ਹੱਥ ਦਾ ਇਸ਼ਾਰਾ ਕੀਤਾ॥ ੩੮॥

'ਸ਼ੀਘ੍ਰ ਜਾਹੁ ਇਸ ਲੇ ਪਸ਼ਚਾਤੀ। ਦੀਰਘ ਕ੍ਰੂਰਾ ਮੈਂ ਇਹ ਜਾਤੀ'।
ਦੂਤ ਸ਼ਾਹੁ ਕੋ ਅਰੁ ਸਿਖ ਦੋਊ। ਸ਼ਾਹੁ ਇਸ਼ਾਰਤ ਕੋ ਲਖਿ ਸੋਊ॥ ੩੯॥

''ਛੇਤੀ ਜਾ ਕੇ ਇਸ ਨੂੰ ਪਿੱਛੇ ਲੈ ਜਾਵੋ, ਇਸ ਨੂੰ ਮੈਂ ਵੱਡੀ ਕ੍ਰੂਰ ਅਤੇ ਭਿਆਨਕ ਜਾਣਿਆ ਹੈ।'' ਬਾਦਸ਼ਾਹ ਦੇ ਦੂਤ ਅਤੇ ਗੁਰੂ ਜੀ ਦੇ ਸਿੱਖ ਦੋਵਾਂ ਨੇ ਬਾਦਸ਼ਾਹ ਦੇ ਇਸ਼ਾਰੇ ਨੂੰ ਸਮਝ ਲਿਆ॥ ੩੯॥

ਤਤਛਿਨ ਪੀਛੇ ਦਈ ਹਟਾਇ। ਪਹੁੰਚੀ ਸ਼ੀਘ੍ਰ ਗੁਰੂ ਢਿਗ ਆਇ।
'ਧੰਨ ਧੰਨ' ਕਹਿ ਪਾਇੰਨਿ ਪਰੀ। 'ਮਹਾਂ ਪਾਪ ਤੇ ਰੱਛਾ ਕਰੀ'॥ ੪੦॥

ਉਨ੍ਹਾਂ ਨੇ ਉਸ ਨੂੰ ਤੁਰਤ ਪਿੱਛੇ ਹਟਾ ਦਿੱਤਾ, ਉਹ ਛੇਤੀ ਹੀ ਗੁਰੂ ਜੀ ਦੇ ਪਾਸ ਪਹੁੰਚ ਗਈ ਤੇ ਧੰਨ ਧੰਨ ਕਹਿ ਕੇ ਗੁਰੂ ਜੀ ਦੇ ਚਰਨੀਂ ਪੈ ਗਈ ਤੇ ਕਹਿਣ ਲੱਗੀ, "ਤੁਸੀਂ ਮਹਾਂ ਪਾਪ ਤੋਂ ਮੇਰੀ ਰੱਖਿਆ ਕੀਤੀ ਹੈ" ॥ ੪੦॥

ਲੇ ਆਇਸੁ ਨਿਜ ਸਦਨ ਸਿਧਾਈ। ਗੁਰ ਮਹਿਮਾ ਕੋ ਜਹਿਂ ਕਹਿਂ ਗਾਈ।
ਸੁੰਦਰ ਉਪਬਨ ਮਹਿਂ ਗੁਰ ਥਿਰੇ। ਅਨਿਕ ਬਿਲਾਸ ਅਨੰਦ ਸੌਂ ਕਰੇ॥ ੪੧॥

ਫਿਰ ਆਗਿਆ ਲੈ ਕੇ ਆਪਣੇ ਘਰ ਨੂੰ ਚਲੀ ਗਈ ਤੇ ਗੁਰੂ ਜੀ ਦੀ ਮਹਿਮਾ ਜਿੱਥੇ ਕਿੱਥੇ ਸੁਣਾਈ। ਗੁਰੂ ਜੀ ਇਕ ਸੁੰਦਰ ਬਾਗ ਵਿਚ ਠਹਿਰੇ ਹੋਏ ਸਨ ਤੇ ਉਹ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥ ੪੧॥

*ਪਹਿਲੇ ਐਨ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥ ੪੯॥*

## *ਅਧਿਆਇ ਪੰਜਾਹਵਾਂ*

### *ਬਹਾਦਰ ਸ਼ਾਹ ਨਾਲ ਸ਼ਿਕਾਰ ਖੇਡਣਾ*

ਦੋਹਰਾ- ਦਿਨ ਪੁਸ਼ਕਰ ਇਸ਼ਨਾਨ ਕੋ ਗਏ ਲੋਕ ਸਮੁਦਾਇ।
ਤਬੈ ਖਾਨਖਾਨਾ ਗਯੋ ਸ਼ਾਹ ਬਹਾਦੁਰ ਥਾਇ॥ ੧॥

ਬਹੁਤ ਲੋਕ ਇਕੱਠੇ ਹੋ ਕੇ ਪੁਸ਼ਕਰ ਦਾ ਇਸ਼ਨਾਨ ਕਰਨ ਗਏ, ਤਦ ਖਾਨਖਾਨਾ ਬਹਾਦਰ ਸ਼ਾਹ ਪਾਸ ਗਿਆ॥ ੧॥

ਚੌਪਈ- ਤਸਲੀਮਾਤ ਕਰੀ ਥਿਰ ਭਯੋ। ਸ਼ਾਹ ਬਹਾਦੁਰ ਬੂਝਨਿ ਕਯੋ।
'ਬਹੁ ਨਰ ਆਇਸੁ ਲੇ ਕਰਿ ਗਏ। ਤੀਰਥ ਮੱਜਨ ਚਾਹਤਿ ਭਏ॥ ੨॥

ਖੜੇ ਹੋ ਕੇ ਦੁਆ ਸਲਾਮ ਕੀਤੀ, ਫਿਰ ਬਹਾਦਰ ਸ਼ਾਹ ਨੇ ਪੁੱਛਿਆ, "ਬਹੁਤ ਲੋਕ ਆਗਿਆ ਲੈ ਕੇ ਗਏ ਹਨ, ਉਹ ਤੀਰਥਾਂ ਉੱਪਰ ਇਸ਼ਨਾਨ ਕਰਨਾ ਚਾਹੁੰਦੇ ਹਨ॥ ੨॥

ਸਤਿਗੁਰ ਤਹਿਂ ਕੋ ਗਏ ਕਿ ਨਾਂਹੀ? ਗਮਨਹਿਂ ਜੇ ਚਾਹਤਿ ਚਿਤ ਮਾਂਹੀ'।
ਕਹੈ ਖਾਨਖਾਨਾ 'ਮੈਂ ਹੇਰੇ। ਰਹੇ ਗੁਰੂ ਜੀ ਅਪਨੇ ਡੇਰੇ॥ ੩॥

ਸਤਿਗੁਰੂ ਜੀ ਓਧਰ ਗਏ ਹਨ ਕਿ ਨਹੀਂ? ਜੇ ਚਿੱਤ ਵਿਚ ਜਾਣਾ ਚਾਹੁੰਦੇ ਹਨ ਤਾਂ ਚਲੇ ਜਾਣਾ।" ਖਾਨਖਾਨਾ ਕਹਿਣ ਲੱਗਾ, "ਮੈਂ ਵੇਖੇ ਹਨ, ਗੁਰੂ ਜੀ ਆਪਣੇ ਡੇਰੇ ਵਿਚ ਹੀ ਰਹਿ ਰਹੇ ਹਨ॥ ੩॥

ਤੁਮਰੀ ਦਿਸ਼ਿ ਤੇ ਜਾਇ ਸੁਨਾਵੋਂ। ਜਥਾ ਮਨੋਰਥ, ਆਨਿ ਬਤਾਵੋਂ'।
ਤਬਿ ਚਲਿ ਕੈ ਪ੍ਰਭੁ ਕੇ ਢਿਗ ਆਯੋ। ਕਹਜੋ ਸ਼ਾਹੁ ਕੋ ਸਕਲ ਸੁਨਾਯੋ॥ ੪॥

ਤੁਹਾਡੇ ਵਲੋਂ ਜਾ ਕੇ ਸੁਣਾਉਂਦਾ ਹਾਂ, ਜਿਵੇਂ ਉਨ੍ਹਾਂ ਦਾ ਮਨੋਰਥ ਹੈ ਤੁਹਾਨੂੰ ਆ ਕੇ ਸੁਣਾਉਂਦਾ ਹਾਂ।" ਫਿਰ ਖਾਨਖਾਨਾ ਚਲ ਕੇ ਗੁਰੂ ਜੀ ਪਾਸ ਆਇਆ ਤੇ ਬਾਦਸ਼ਾਹ ਦਾ ਕਿਹਾ ਹੋਇਆ ਸਾਰਾ ਸੁਣਾਇਆ॥ ੪॥

ਸਾਹਿਬ ਸ੍ਰੀ ਮੁਖ ਤੇ ਤਬਿ ਕਹੈਂ। 'ਸੋ ਤੀਰਥ ਹਿੰਦੁਨਿ ਕੇ ਅਹੈਂ।
ਤਹਾਂ ਜਾਨਿ ਕਜਾ ਕਾਮ ਹਮਾਰੋ'। ਸੁਨਿ ਇਮ ਹਜ਼ਰਤ ਨਿਕਟ ਸਿਧਾਰੋ॥ ੫॥

ਸਤਿਗੁਰੂ ਜੀ ਨੇ ਫਿਰ ਮੁਖ ਤੋਂ ਕਿਹਾ, "ਉਹ ਹਿੰਦੂਆਂ ਦਾ ਤੀਰਥ ਹੈ ਉਥੇ ਜਾਣਾ ਸਾਡੇ ਕਿਹੜੇ ਕੰਮ ਹੈ।" ਇਸ ਪ੍ਰਕਾਰ ਸੁਣ ਕੇ ਖਾਨਖਾਨਾ ਫਿਰ ਬਾਦਸ਼ਾਹ ਪਾਸ ਆ ਗਿਆ॥ ੫॥

ਗੁਰ ਕੀ ਕਹਿਵਤਿ ਸਕਲ ਸੁਨਾਈ। ਸੰਸੈ ਭਯੋ ਸ਼ਾਹੁ ਕੇ ਆਈ।
ਦਿਵਸ ਆਗਲੇ ਪ੍ਰਭੂ ਬੁਲਾਏ। ਚੰਦਨ ਚੌਂਕੀ ਪਰ ਬਿਠਵਾਏ॥ ੬॥

ਉਸ ਨੇ ਗੁਰੂ ਜੀ ਦੀ ਕਹੀ ਹੋਈ ਸਾਰੀ ਗੱਲ ਸੁਣਾਈ। ਇਹ ਸੁਣ ਕੇ ਬਾਦਸ਼ਾਹ ਸੰਸੇ ਵਿਚ ਪੈ ਗਿਆ। ਅਗਲੇ ਦਿਨ ਉਸ ਸਤਿਗੁਰੂ ਜੀ ਨੂੰ ਬੁਲਾਇਆ ਤੇ ਚੰਦਨ ਦੀ ਚੌਂਕੀ ਉੱਪਰ ਬਿਠਵਾਏ॥ ੬॥

ਬੰਦਨ ਕਰੀ ਪ੍ਰਸੰਗ ਚਲਾਯੋ। 'ਰਾਹ ਦੋਇ, ਕੋ ਤੁਮ ਕੋ ਭਾਯੋ।
ਕਿਸ ਮਗ ਕੋ ਇਤਕਾਦ ਰਖੰਤੇ। ਹਿੰਦੂ ਕਿ ਤੁਰਕ ਜਥਾ ਬਰਤੰਤੇ'॥ ੭॥

ਫਿਰ ਬੰਦਨਾ ਕਰਕੇ ਪ੍ਰਸੰਗ ਚਲਾਇਆ, "ਦੋ ਰਾਹ ਹਨ, ਤੁਹਾਨੂੰ ਕਿਹੜਾ ਚੰਗਾ ਲੱਗਦਾ ਹੈ। ਤੁਸੀਂ ਕਿਹੜੇ ਮਾਰਗ ਤੇ ਭਰੋਸਾ ਰੱਖਦੇ ਹੋ ਹਿੰਦੂ ਜਾਂ ਤੁਰਕ, ਉਸ ਪ੍ਰਕਾਰ ਹੀ ਵਰਣਨ ਕਰੋ"॥ ੭॥

ਸੁਨਿ ਸਾਹਿਬ ਸ਼੍ਰੀ ਮੁਖ ਫੁਰਮਾਏ। 'ਹਿੰਦੂ ਤੁਰਕ ਚਲਤ ਜਿਸ ਭਾਏ।
ਖੈਰ ਖਾਹ ਹਮ ਦੋਨਹੁਂ ਕੇਰ। ਦੇਂ ਉਪਦੇਸ਼ ਜਥਾ ਹਿਤ ਹੇਰਿ'॥ ੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹਿੰਦੂ ਤੁਰਕ ਜਿਸ ਪ੍ਰਕਾਰ ਚਲਦੇ ਹਨ, ਅਸੀਂ ਦੋਹਾਂ ਦੇ ਖੈਰ-ਖਾਹ ਹਾਂ, ਜਿਵੇਂ ਹਿਤ ਵੇਖਦੇ ਹਾਂ, ਉਸ ਪ੍ਰਕਾਰ ਹੀ ਉਪਦੇਸ਼ ਦਿੰਦੇ ਹਾਂ"॥ ੮॥

ਬਹੁਰ ਬਹਾਦੁਰ ਸ਼ਾਹ ਬਖਾਨਾ। 'ਏਕ ਖ਼ੁਦਾਇ ਏਕ ਈਮਾਨਾ।
ਕਿਸ ਕੀ ਦਿਸ਼ਿ ਹੈ ਰਿਦਾ ਤੁਮਾਰਾ ? ਏ ਸਭਿ ਨਿਰਨੈ ਕਰਹੁ ਉਚਾਰਾ'॥ ੯॥

ਫਿਰ ਬਹਾਦਰ ਸ਼ਾਹ ਨੇ ਕਿਹਾ, "ਇਕ ਖ਼ੁਦਾ ਹੈ, ਇਕ ਈਮਾਨ ਹੈ, ਕਿਸ ਪਾਸੇ ਤੁਹਾਡਾ ਹਿਰਦਾ ਹੈ ? ਇਹ ਸਾਰੇ ਨਿਰਣੇ ਉਚਾਰਨ ਕਰੋ"॥ ੯॥

ਸੁਨਿ ਕਰਿ ਤਾਂਹਿ ਗੁਰੂ ਮੁਸਕਾਏ। 'ਤੀਨ ਖ਼ੁਦਾਇ ਅਹੈਂ' ਫੁਰਮਾਏ।
ਕਹੈ ਸ਼ਾਹੁ 'ਇਹ ਕਹਾਂ ਬਖਾਨਾ ? ਐਸੀ ਬਾਤਨਿ ਕਹੈ ਨ ਦਾਨਾ॥ ੧੦॥

ਇਸ ਪ੍ਰਕਾਰ ਸੁਣ ਕੇ ਗੁਰੂ ਜੀ ਮੁਸਕਰਾਏ, "ਤਿੰਨ ਖ਼ੁਦਾ ਹਨ" ਫੁਰਮਾਇਆ। ਬਾਦਸ਼ਾਹ ਕਹਿਣ ਲੱਗਾ, "ਇਹ ਕੀ ਕਿਹਾ ਹੈ ? ਸਿਆਣੇ ਲੋਕ ਐਸੀਆਂ ਗੱਲਾਂ ਨਹੀਂ ਕਰਦੇ ਹਨ॥ ੧੦॥

ਇਕ ਖ਼ੁਦਾਇ ਸਭਿ ਹੀ ਤੇ ਸੁਨਜੇ। ਬੇਦ ਕੁਰਾਨ ਕਿਤਾਬਨਿ ਭਨਜੇਂ'।
ਸੁਨਿਕੈ ਪੁਨ ਪ੍ਰਭੁ ਨੇ ਸਮੁਝਾਯੋ। 'ਏਕ ਖ਼ਦਾਇ ਇਮਾਨਿਕ ਗਾਯੋ॥ ੧੧॥

ਇਕ ਖ਼ੁਦਾ ਹੈ ਸਾਰਿਆਂ ਪਾਸੋਂ ਸੁਣਿਆ ਹੈ, ਵੇਦ ਕੁਰਾਨ ਸਾਰੀਆਂ ਕਿਤਾਬਾਂ ਕਹਿੰਦੀਆਂ ਹਨ।" ਇਹ ਸੁਣ ਕੇ ਫਿਰ ਸਤਿਗੁਰੂ ਜੀ ਨੇ ਸਮਝਾਇਆ, "ਨਿਸ਼ਚੇ ਹੀ ਖ਼ੁਦਾ ਇਕ ਹੀ ਹੈ ਤੇ ਈਮਾਨ ਵੀ ਇਕ ਹੈ"॥ ੧੧॥

ਹੋਇ ਤੁਰਕ ਜੋ ਤੁਮਹੁਂ ਅਗਾਰੇ। ਰਾਮ ਨਰਾਇਣ ਨਾਮ ਉਚਾਰੇ।
ਤਿਸ ਤੇ ਬੁਰੇ ਮਾਨਿ ਬਰਜੰਤੇ। 'ਮਉਲਾ ਪਾਕ ਕਹੋ' ਉਚਰੰਤੇ॥ ੧੨॥

ਤੁਰਕ ਹੋ ਕੇ ਜਿਹੜਾ ਤੁਹਾਡੇ ਅੱਗੇ ਆਪਣਾ ਨਾਮ 'ਰਾਮ ਨਰਾਇਣ' ਉਚਾਰਨ ਕਰੇ, ਉਸ ਨੂੰ ਬੁਰਾ ਮੰਨ ਕੇ ਵਰਜਦੇ ਹੋ। 'ਮਉਲਾ ਪਾਕ ਕਹੋ', ਇਹ ਉਚਾਰਨ ਕਰਦੇ ਹੋ॥ ੧੨॥

ਅਰੁ ਤੁਮ ਮਿਲਿ ਮਿਲਿ ਕਹਤਿ ਪੁਕਾਰੇ। 'ਭਯੋ ਭਿਸਤ ਸੁਖ ਹੇਤੁ ਹਮਾਰੇ।
ਦੋਜਕ ਹਿੰਦੁਨ ਹੇਤੁ ਬਨਾਯੋ'। ਤਿਨ ਕੋ ਮਤ ਤੁਮ ਕੋ ਨਹਿੰ ਭਾਯੋ॥ ੧੩॥

ਅਤੇ ਤੁਸੀਂ ਮਿਲ ਮਿਲ ਕੇ ਪੁਕਾਰ-ਪੁਕਾਰ ਕਹਿੰਦੇ ਹੋ, ਬਹਿਸ਼ਤ ਸਾਡੇ ਸੁਖ ਵਾਸਤੇ ਬਣਿਆ ਹੈ। ਦੋਜ਼ਕ ਹਿੰਦੂਆਂ ਵਾਸਤੇ ਬਣਾਇਆ ਹੈ, ਉਨ੍ਹਾਂ ਦਾ ਮੱਤ ਤੁਹਾਨੂੰ ਚੰਗਾ ਨਹੀਂ ਲੱਗਦਾ ਹੈ॥ ੧੩॥

ਨਾਮ ਖ਼ੁਦਾਇ ਜੁ ਮੌਲਾ ਆਦਿ। ਹਿੰਦੁਨ ਮਹਿੰ ਸਿਮਰੈ ਕਰਿ ਯਾਦ।
'ਬਿਗਰ ਗਯੋ ਇਹ' ਤਿਸੈ ਬਤਾਵੈਂ। ਜਾਤਿ ਪਾਤਿ ਤੇਂ ਵਹਿਰ ਕਰਾਵੈਂ॥ ੧੪॥

ਖ਼ੁਦਾ ਦਾ ਨਾਮ ਜਿਹੜਾ ਮਉਲਾ ਆਦਿ ਹੈ, ਜੇ ਹਿੰਦੂਆਂ ਵਿਚ ਕੋਈ ਖ਼ੁਦਾ ਨੂੰ ਯਾਦ ਕਰਕੇ ਇਸ ਦਾ ਸਿਮਰਨ ਕਰੇ ਤਾਂ ਕਹਿੰਦੇ ਹਨ ਕਿ 'ਇਹ ਵਿਗੜ ਗਿਆ ਹੈ' ਤੇ ਜਾਤ-ਪਾਤ ਤੋਂ ਬਾਹਰ ਕਰਵਾ ਦਿੰਦੇ ਹਨ॥ ੧੪॥

ਜਿਸ ਨੇ ਦੋਨੋ ਮਹਿੰ ਇਕ ਮਾਨਜੋਂ। ਸਰਬ ਤਰਫਦਾਰੀ ਹਿਤ ਹਾਨਜੋ।
ਜੇ ਝਗਰਤਿ ਦ੍ਵੈ ਪੱਖ ਬਨਾਏ। ਤਿਨ ਸੋਂ ਮੇਲ ਨ ਕਰਹਿੰ ਕਦਾਏ॥ ੧੫॥

ਜਿਸ ਨੇ ਦੋਵਾਂ ਦੇ ਵਿਚ ਇਕ ਮੰਨਿਆ, ਉਸ ਨੇ ਸਾਰਿਆਂ ਦੀ ਤਰਫਦਾਰੀ ਦਾ ਹਿਤ ਨਾਸ਼ ਕੀਤਾ ਹੈ। ਜੋ ਝਗੜ ਕੇ ਦੋ ਪੱਖ ਬਣਾਏ ਹਨ ਤਾਂ ਉਨ੍ਹਾਂ ਨਾਲ ਕਦੇ ਵੀ ਮੇਲ ਨਹੀਂ ਕਰਦੇ॥ ੧੫॥

ਦੋਨਹੁੰ ਮਹਿੰ ਇਕ, ਬਾਦ ਨ ਕੋਈ। ਹਮਰੋ ਪੰਥ ਸਮਝੀਏ ਸੋਈ'।
ਸੁਨਤਿ ਸ਼ਾਹ ਠਾਨੀ ਮੁਖ ਮੋਨ। ਉੱਤਰ ਫੁਰਜੋ ਨ ਕਹਿਬੇ ਕੌਨ॥ ੧੬॥

ਦੋਵਾਂ ਮਜ਼ਹਬਾਂ ਵਿਚ ਇਕ ਰੱਬ ਹੈ, ਇਸ ਵਿਚ ਕੋਈ ਝਗੜਾ ਨਹੀਂ ਹੈ। ਸਾਡਾ ਮਾਰਗ ਏਸੇ ਨੂੰ ਸਮਝੀਏ।'' ਇਹ ਸੁਣ ਕੇ ਬਾਦਸ਼ਾਹ ਚੁੱਪ ਹੋ ਗਿਆ। ਕੋਈ ਵੀ ਉੱਤਰ ਔੜਿਆ ਨਹੀਂ ਸੀ, ਕੀ ਕਹਿੰਦਾ॥ ੧੬॥

ਕੇਤਿਕ ਸਮੈਂ ਬੈਠਿ ਗੁਨਖਾਨੀ। ਹੁਇ ਰੁਖਸਦ ਪਹੁਚੇ ਨਿਜ ਥਾਨੀ।
ਦਿਨ ਪ੍ਰਤਿ ਵਸਤੁ ਅਜਾਇਬ ਬ੍ਰਿੰਦ। ਭਾਂਤਿ ਭਾਂਤਿ ਕੇ ਬਸਤ੍ਰ ਬਿਲੰਦ॥ ੧੭॥

ਕੁਝ ਸਮੇਂ ਤਕ ਸਤਿਗੁਰੂ ਜੀ ਉਥੇ ਬੈਠੇ ਰਹੇ, ਫਿਰ ਰੁਖ਼ਸਤ ਹੋ ਕੇ ਆਪਣੇ ਡੇਰੇ ਪਹੁੰਚ ਗਏ। ਪ੍ਰਤੀ ਦਿਨ ਬਹੁਤ ਵਚਿੱਤਰ ਵਸਤਾਂ ਆਉਂਦੀਆਂ ਸਨ ਤੇ ਭਾਂਤ-ਭਾਂਤ ਦੇ ਕੀਮਤੀ ਵਸਤਰ ਆਉਂਦੇ ਸਨ॥ ੧੭॥

ਦੂਰ ਦੇਸ਼ ਕੇ ਮੇਵੇ ਘਨੇ। ਭਾਂਤਿ ਭਾਂਤਿ ਕੇ ਸ੍ਵਾਦਨ ਸਨੇ।
ਸ਼ਾਹੁ ਬਹਾਦਰ ਭਲੇ ਪਠਾਵੈ। ਭੂਖਨਿ ਅਜਬ ਹਯਨਿ ਪਹੁੰਚਾਵੈ॥ ੧੮॥

ਦੂਰ-ਦੂਰ ਦੇਸ਼ਾਂ ਦੇ ਬਹੁਤ ਮੇਵੇ ਜਿਹੜੇ ਭਾਂਤ-ਭਾਂਤ ਦੇ ਸਵਾਦਾਂ ਨਾਲ ਭਰੇ ਹੁੰਦੇ ਸਨ, ਉਨ੍ਹਾਂ ਨੂੰ ਬਹਾਦਰ ਸ਼ਾਹ ਭਲੀ ਪ੍ਰਕਾਰ ਭੇਜਦਾ ਸੀ। ਗਹਿਣੇ ਅਤੇ ਅਜੀਬ ਘੋੜੇ ਵੀ ਪਹੁੰਚਾਉਂਦਾ ਸੀ॥ ੧੮॥

ਕੇਤੀ ਬਾਰ ਆਪ ਚਲਿ ਜਾਇ। ਕਈ ਬਾਰ ਲੇ ਨਿਕਟ ਬੁਲਾਇ।
ਇਸ ਪ੍ਰਕਾਰ ਨਿਜ ਪ੍ਰੀਤ ਜਨਾਵੈ। ਖਰਚ ਹੇਤੁ ਬਹੁ ਦਰਬ ਪਠਾਵੈ॥ ੧੯॥

ਕਈ ਵਾਰ ਆਪ ਚਲ ਕੇ ਆ ਜਾਂਦਾ ਸੀ, ਕਈ ਵਾਰ ਸਤਿਗੁਰੂ ਜੀ ਨੂੰ ਆਪਣੇ ਪਾਸ ਬੁਲਾ ਲੈਂਦਾ ਸੀ। ਇਸ ਪ੍ਰਕਾਰ ਆਪਣੀ ਪ੍ਰੀਤ ਜਤਾਉਂਦਾ ਸੀ ਤੇ ਖਰਚੇ ਵਾਸਤੇ ਬਹੁਤ ਧਨ ਭੇਜਦਾ ਸੀ॥ ੧੯॥

ਇਕ ਉਮਰਾਵ ਪ੍ਰਭੂ ਢਿਗ ਆਯੋ। ਕਰਿ ਬੰਦਨ ਬੈਠਜੋ ਬਚ ਗਾਯੋ।
'ਸੁਨੀ ਕਾਨ ਮੈਂ, ਖਿੱਦਜਾਵਾਨ। ਤੁਮ ਢਿਗ ਆ੍ਵਤਿ ਮਹਿਦ ਮਹਾਨ॥ ੨੦॥

ਇਕ ਉਮਰਾਵ ਸਤਿਗੁਰੂ ਜੀ ਪਾਸ ਆਇਆ, ਬੰਦਨਾ ਕਰਕੇ ਬੈਠ ਕੇ ਉਸ ਨੇ ਕਿਹਾ, "ਮੈਂ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਤੁਹਾਡੇ ਪਾਸ ਵਡਿਆਈ ਵਾਲੇ ਮਹਾਨ ਵਿਦਿਆਵਾਨ ਆਉਂਦੇ ਹਨ॥ ੨੦॥

ਜੋ ਤੁਮ ਸੰਗ ਲਰੇ ਸਰ ਦੇਖੇ। ਸੋ ਤਰੀਫ ਕੋ ਕਰਤਿ ਵਿਸ਼ੇਖੇ।
'ਨਹਿਂ ਅਸ ਸਮੈਂ ਵਿਖੇ ਅਸ ਕੋਈ। ਤੀਰ ਪ੍ਰਹਾਰੈ ਗੁਰ ਸਮ ਜੋਈ' ॥ ੨੧ ॥

ਜਿਨ੍ਹਾਂ ਨੇ ਤੁਹਾਡੇ ਨਾਲ ਯੁੱਧ ਕੀਤਾ ਹੈ, ਉਨ੍ਹਾਂ ਤੁਹਾਡੇ ਤੀਰ ਵੇਖੇ ਹਨ, ਉਹ ਤੁਹਾਡੀ ਵਿਸ਼ੇਸ਼ ਤੌਰ 'ਤੇ ਤਾਰੀਫ ਕਰਦੇ ਹਨ। ਕਹਿੰਦੇ ਹਨ, "ਅਜੋਕੇ ਸਮੇਂ ਵਿਚ ਐਸਾ ਕੋਈ ਨਹੀਂ ਹੈ ਜਿਹੜਾ ਗੁਰੂ ਜੀ ਸਮਾਨ ਤੀਰ ਚਲਾ ਸਕੇ"॥ ੨੧॥

ਲਰੇ ਅਨੰਦਪੁਰਿ ਅਰੁ ਚਮਕੌਰ। ਜੋ ਬਚ ਕਰਿ ਆਏ ਇਸ ਠੌਰ।
ਕਰਹਿਂ ਸ਼ਾਹਦੀ ਬਡਹੁਂ ਬਡੇਰੀ। ਸੋ ਅਬਿ ਚਾਹਤਿ ਹੈਂ ਹਮ ਹੇਰੀ॥ ੨੨ ॥

ਜਿਨ੍ਹਾਂ ਨੇ ਤੁਹਾਡੇ ਨਾਲ ਅਨੰਦਪੁਰ ਅਤੇ ਚਮਕੌਰ ਵਿਖੇ ਯੁੱਧ ਕੀਤਾ ਹੈ, ਉਨ੍ਹਾਂ ਵਿਚੋਂ ਜਿਹੜੇ ਬਚ ਕੇ ਏਥੇ ਆਏ ਹਨ। ਉਹ ਇਸ ਥਾਂ ਤੁਹਾਡੇ ਬਾਰੇ ਕਹਿੰਦੇ ਹਨ। ਉਹ ਵੱਡੀ ਤੋਂ ਵੱਡੀ ਤੁਹਾਡੇ ਬਾਰੇ ਹਾਮੀ ਭਰਦੇ ਹਨ। ਅਜਿਹੇ ਤੀਰ ਨੂੰ ਅਸੀਂ ਏਥੇ ਚਲਦਾ ਵੇਖਣਾ ਚਾਹੁੰਦੇ ਹਾਂ॥ ੨੨॥

ਮਿਹਰਵਾਨਗੀ ਕਰਿ ਦਿਖਰਾਵਹੁ। ਮਮ ਚਿਤ ਕੀ ਲਖਿ ਚੌਂਪ, ਚਲਾਵਹੁ'।
ਸੁਨਿ ਬਿਨਤੀ ਪ੍ਰਭੁ ਧਨੁਖ ਸੰਭਾਰਾ। ਸਰ ਕੋ ਜੋਰਤਿ ਐਂਚਿ ਉਚਾਰਾ॥ ੨੩ ॥

ਮਿਹਰਬਾਨੀ ਕਰਕੇ ਇਕ ਤੀਰ ਚਲਾ ਕੇ ਵਿਖਾਵੋ ਤੇ ਮੇਰੇ ਚਿੱਤ ਦੇ ਸ਼ੌਕ ਨੂੰ ਸਮਝ ਕੇ ਇਕ ਤੀਰ ਚਲਾਵੋ।" ਉਸ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਧਨੁੱਖ ਸੰਭਾਲਿਆ ਤੇ ਉਸ ਵਿਚ ਤੀਰ ਜੋੜ ਕੇ ਖਿੱਚ ਕੇ ਉਚਾਰਨ ਕੀਤਾ॥ ੨੩॥

'ਕਹਹੁ ਨਿਸ਼ਾਨਾ ਭੇਦਹਿਂ ਜਾਂਹੀ। ਹੋਹਿ ਜਿ ਦੂਰ ਬਚਹਿ ਸੋ ਨਾਂਹੀ'।
ਹੇਰਿ ਤਰੋਵਰੁ ਤਾਂਹਿ ਉਚਾਰਾ। 'ਸ੍ਰੀ ਪ੍ਰਭੁ ਕੀਜੈ ਵਾਹਿ ਪ੍ਰਹਾਰਾ'॥ ੨੪ ॥

"ਕਹੋ, ਕਿਹੜੇ ਨਿਸ਼ਾਨੇ ਨੂੰ ਵਿੰਨ੍ਹਾਂ, 'ਜੇ ਉਹ ਦੂਰ ਵੀ ਹੋਵੇਗਾ ਤਾਂ ਬਚੇਗਾ ਨਹੀਂ।" ਇਕ ਦਰੱਖਤ ਨੂੰ ਵੇਖ ਕੇ ਉਸ ਉਚਾਰਨ ਕੀਤਾ, "ਹੇ ਸਤਿਗੁਰੂ ਜੀ ਉਸ ਦਰੱਖਤ ਦਾ ਨਿਸ਼ਾਨਾ ਬਣਾ ਕੇ ਵਾਰ ਕਰੋ"॥ ੨੪॥

ਤਾਨਿ ਕਾਨ ਲਗਿ ਤਬਹਿ ਚਲਾਯੋ। ਗਯੋ ਸੁ ਬੇਗ ਸ਼ੂਕ ਤਰੁ ਘਾਯੋ।
ਬਹੁਰੋ ਐਂਚਤਿ ਔਰਹਿ ਮਾਰਾ। ਤੀਸਰ ਤਿਸੀ ਸਥਾਨ ਪ੍ਰਹਾਰਾ॥ ੨੫ ॥

ਫਿਰ ਸਤਿਗੁਰੂ ਜੀ ਨੇ ਕੰਨ ਤਕ ਖਿੱਚ ਕੇ ਚਲਾਇਆ, ਤੀਰ ਸ਼ੂਕਦਾ ਬਹੁਤ ਤੇਜ਼ ਗਿਆ ਤੇ ਉਸ ਦਰੱਖਤ ਨੂੰ ਜਾ ਵਿੰਨ੍ਹਿਆ। ਫਿਰ ਇਕ ਹੋਰ ਤੀਰ ਖਿੱਚ ਕੇ ਮਾਰਿਆ। ਤੀਸਰਾ ਵੀ ਉਸੇ ਸਥਾਨ 'ਤੇ ਮਾਰਿਆ॥ ੨੫॥

ਪੰਚ ਬਾਨ ਏਕੈ ਥਲ ਮਾਰੇ। ਪਿਖਿ ਉਮਰਾਵ ਬਿਸਮਤਾ ਧਾਰੇ।
'ਧਨੁ ਵਿੱਦਜਾ ਤੁਮਰੀ ਧੰਨ ਧੰਨ ਹੈ। ਇਨ ਤੇ ਕਹਾਂ ਬਚੈ ਰਿਪੁ ਜਨ ਹੈ॥੨੬॥

ਪੰਜ ਤੀਰ ਇਕੋ ਹੀ ਸਥਾਨ 'ਤੇ ਮਾਰੇ। ਉਮਰਾਵ ਨੇ ਵੇਖ ਕੇ ਬੜੀ ਅਸਚਰਜਤਾ ਧਾਰਨ ਕੀਤੀ ਤੇ ਕਿਹਾ, "ਧਨੁੱਖ ਵਿਦਿਆ ਤੁਹਾਡੀ ਧੰਨ ਧੰਨ ਹੈ, ਇਨ੍ਹਾਂ ਤੋਂ ਵੈਰੀ ਵਿਚਾਰਾ ਕਿਵੇਂ ਬਚ ਸਕਦਾ ਹੈ॥ ੨੬॥

ਸੁਨੇ ਜਥਾ ਅਬਿ ਤਥਾ ਨਿਹਾਰੇ। ਸ਼ੱਤ੍ਰੂ ਹਜ਼ਾਰਹੁਂ ਸਤੁਤਿ ਉਚਾਰੇ'।
ਥਿਰਜੋ ਚਾਰ ਘਟਿਕਾ ਕਰਿ ਨਮੋ। ਨਿਜ ਸਥਾਨ ਗਮਨਜੋ ਤਿਹ ਸਮੋ॥੨੭॥

ਜਿਵੇਂ ਸੁਣਿਆ ਹੈ, ਹੁਣ ਉਸ ਪ੍ਰਕਾਰ ਹੀ ਵੇਖੇ ਹਨ, ਹਜ਼ਾਰਾਂ ਵੈਰੀ ਤੁਹਾਡੀ ਉਸਤਤਿ ਉਚਾਰਨ ਕਰਦੇ ਹਨ।" ਉਹ ਉਥੇ ਚਾਰ ਘੜੀਆਂ ਬੈਠਾ ਰਿਹਾ। ਫਿਰ ਨਮਸਕਾਰ ਕਰਕੇ ਉਸ ਸਮੇਂ ਆਪਣੇ ਸਥਾਨ 'ਤੇ ਚਲੇ ਗਿਆ॥ ੨੭॥

ਸੋ ਉਮਰਾਵ ਸੁਜਸੁ ਬੀਚਾਰਤਿ। 'ਆਦਿ ਸੂਰਤਾ ਗੁਨ ਗੁਰ ਧਾਰਤਿ'।
ਗਯੋ ਬਹਾਦਰ ਸ਼ਾਹੁ ਕੈ ਪਾਸੀ। ਸਰਬ ਲੋਕ ਥੇ ਗਾਥ ਪ੍ਰਕਾਸ਼ੀ॥ ੨੮॥

ਉਹ ਉਮਰਾਵ ਗੁਰੂ ਜੀ ਦੇ ਸ੍ਰੇਸ਼ਟ ਜੱਸ ਬਾਰੇ ਵਿਚਾਰ ਕਰਦਾ ਸੀ। "ਗੁਰੂ ਜੀ ਨੇ ਸੂਰਬੀਰਤਾ ਆਦਿਕ ਬਹੁਤ ਗੁਣ ਧਾਰਨ ਕੀਤੇ ਸਨ।" ਫਿਰ ਉਹ ਉਮਰਾਵ ਬਹਾਦਰ ਸ਼ਾਹ ਦੇ ਪਾਸ ਗਿਆ, ਸਾਰੇ ਲੋਕਾਂ ਵਿਚ ਉਸ ਨੇ ਆਪਣੀ ਗਾਥਾ ਸੁਣਾਈ॥ ੨੮॥

'ਅਬਿ ਲੌ ਹਮ ਨੇ ਕਹੂੰ ਨ ਹੇਰੇ। ਨਰ ਹਯ ਗਯ ਨਹਿਂ ਬਚਹਿਂ ਅਗੇਰੇ'।
'ਮੈਂ ਭੀ ਦੇਖੋਂ' ਸ਼ਾਹੁ ਕਹੰਤਾ। 'ਕਿਸ ਪ੍ਰਕਾਰ ਸਰ ਪ੍ਰਭੁ ਚਲੰਤਾ'॥ ੨੯॥

"ਹੁਣ ਤਕ ਮੈਂ ਕਿਤੇ ਨਹੀਂ ਵੇਖਿਆ ਹੈ, ਜਿਸ ਦੇ ਅੱਗੇ ਮਨੁੱਖ, ਘੋੜਾ ਆਦਿ ਕੋਈ ਵੀ ਸਾਹਮਣੇ ਜਾ ਕੇ ਬਚ ਜਾਵੇ।" ਬਾਦਸ਼ਾਹ ਕਹਿਣ ਲੱਗਾ, "ਮੈਂ ਵੀ ਵੇਖਾਂ ਕਿਸ ਪ੍ਰਕਾਰ ਗੁਰੂ ਜੀ ਤੀਰ ਚਲਾਉਂਦੇ ਹਨ"॥ ੨੯॥

ਸਤਿਗੁਰ ਕੇ ਢਿਗ ਦੂਤ ਪਠਾਯੋ। 'ਪ੍ਰਾਤਿ ਸ਼ਿਕਾਰ ਚਢਹਿਂ ਮਨ ਭਾਯੋ॥
ਆਪ ਕ੍ਰਿਪਾ ਕਰਿ ਖਿਲਹੁ ਅਖੇਰਾ। ਕਹਜੋ ਸ਼ਾਹੁ ਚਾਹਤਿ ਚਿਤ ਮੇਰਾ ॥੩੦॥

ਸਤਿਗੁਰੂ ਜੀ ਦੇ ਪਾਸ ਉਸ ਨੇ ਇਕ ਦੂਤ ਭੇਜਿਆ ਅਤੇ ਕਿਹਾ, "ਸਵੇਰੇ ਮਨ-ਭਾਉਂਦਾ ਸ਼ਿਕਾਰ ਖੇਡਣ ਚਲੀਏ। ਬਾਦਸ਼ਾਹ ਨੇ ਕਿਹਾ ਹੈ, "ਆਪ ਕ੍ਰਿਪਾ ਕਰਕੇ ਸ਼ਿਕਾਰ ਖੇਡੋ, ਮੇਰਾ ਚਿੱਤ ਬਹੁਤ ਚਾਹੁੰਦਾ ਹੈ"॥ ੩੦॥

ਸੁਨਿ ਸਤਿਗੁਰ ਨੇ ਮਾਨੀ ਬਾਤ। ਸੁਪਤਿ ਜਥਾ ਸੁਖ ਬੀਤੀ ਰਾਤ।
ਚਢਜੋ ਸ਼ਾਹੁ ਲੇ ਸੌਜ ਅਖੇਰੇ। ਚੀਤੇ ਸ੍ਵਾਨ ਰੁ ਬਾਜ ਘਨੇਰੇ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਗੱਲ ਮੰਨ ਲਈ, ਪਹਿਲਾਂ ਵਾਂਗ ਸੌਂ ਕੇ ਰਾਤ ਬਤੀਤ ਕੀਤੀ। ਬਾਦਸ਼ਾਹ ਨੇ ਬਹੁਤ ਸਾਜ਼-ਸਾਮਾਨ ਅਤੇ ਸ਼ਿਕਾਰੀ ਜਾਨਵਰ ਲੈ ਕੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ। ਉਸ ਦੇ ਨਾਲ ਚੀਤੇ, ਕੁੱਤੇ ਅਤੇ ਬਾਜ਼ ਬਹੁਤ ਸਨ॥ ੩੧॥

ਲਗਰ, ਝਗਰ, ਧੁਤੀਆ ਜੁਰਰਾਨਿ। ਬਹਿਰੀ, ਸਜਾਹ ਗੋਸ਼, ਸੀਚਾਨ।
ਸਾਹਿਬ ਕੀ ਦਿਸ਼ਿ ਚਲਿ ਕਰਿ ਆਯੋ। ਪ੍ਰਭੁ ਤਯਾਰ ਹ੍ਵੈ ਅਸੁ ਅਨਵਾਯੋ॥੩੨॥

ਲਗਰ, ਝਗਰ, ਧੁਤੀਆ, ਜੁਰਾਰਨ, ਬਹਿਰੀਆਂ, ਸਿਆਹ ਗੋਸ਼, ਸੀਚਾਨ ਸਤਿਗੁਰੂ ਵਾਲੇ ਪਾਸੇ ਚਲ ਕੇ ਆਏ। ਸਤਿਗੁਰੂ ਜੀ ਨੇ ਤਿਆਰ ਹੋ ਕੇ ਘੋੜਾ ਮੰਗਵਾ ਲਿਆ॥ ੩੨॥

ਖੜਗ ਨਿਖੰਗ ਸੰਗ ਕਟ ਸ਼ੋਭਾ। ਚੌਰ ਹੇਰਿ ਨ ਕਿਹ ਮਨ ਲੋਭਾ।
ਹ੍ਵੈ ਅਸਵਾਰ ਕੀਨਿ ਪ੍ਰਸਥਾਨਾ। ਨਮੋ ਕਰੀ ਪਿਖਿ ਸ਼ਾਹੁ ਪਯਾਨਾ॥ ੩੩॥

ਕਿਰਪਾਨ ਅਤੇ ਭੱਥਾ ਲੱਕ ਨਾਲ ਸ਼ੋਭਾ ਪਾ ਰਹੇ ਸਨ। ਸਤਿਗੁਰੂ ਜੀ ਦੇ ਲਿਸ਼ਕਦੇ ਚੌਰ ਵੇਖ ਕੇ ਕਿਸ ਦਾ ਮਨ ਲੁਭਾਇਮਾਨ ਨਹੀਂ ਸੀ ਹੁੰਦਾ। ਗੁਰੂ ਜੀ ਸਵਾਰ ਹੋ ਕੇ ਚਲ ਪਏ। ਵੇਖ ਕੇ ਬਾਦਸ਼ਾਹ ਨੇ ਬੰਦਨਾ ਕੀਤੀ ਤੇ ਨਾਲ ਹੀ ਚਲ ਪਿਆ॥ ੩੩॥

ਜਹਿਂ ਸ਼ਿਕਾਰ ਗਾਹ ਪਹੁਚੇ ਜਾਈ। ਬਿਚਰੈਂ ਪੁਸ਼ਟ ਮ੍ਰਿਗਨਿ ਸਮੁਦਾਈ।
ਗੁਰ ਕੇ ਸੰਗ ਬਹਾਦਰ ਸ਼ਾਹੂ। ਪਾੜ੍ਹ ਕੋਲ ਹਤੇ ਬਨ ਮਾਂਹੂ॥ ੩੪॥

ਜਿੱਥੇ ਸ਼ਿਕਾਰਗਾਹ ਸੀ ਉਥੇ ਜਾ ਪਹੁੰਚੇ, ਉਥੇ ਬੜੇ ਮੋਟੇ ਪਲੇ ਹੋਏ ਹਿਰਨ ਫਿਰਦੇ ਸਨ। ਬਹਾਦਰ ਸ਼ਾਹ ਗੁਰੂ ਜੀ ਦੇ ਨਾਲ ਸੀ। ਜੰਗਲ ਵਿਚ ਜਾ ਕੇ ਪਾੜ੍ਹੇ ਅਤੇ ਕੋਲ ਮਾਰੇ॥ ੩੪॥

ਤੀਰਨ ਫੁਰਤੀ ਬੇਗ ਨਿਹਾਰੇ। ਇਤਉਤ ਤਜੇ ਨ ਜਿਯਤਿ ਪਧਾਰੇ॥
ਕਿਤਿਕ ਅਖੇਰ ਖੇਲਿ ਕਰਿ ਦੋਈ। ਪਿਖਹਿਂ ਤਮਾਸ਼ਾ ਚੀਤਨਿ ਸੋਈ॥ ੩੫॥

ਬਾਦਸ਼ਾਹ ਤੀਰਾਂ ਦੀ ਫੁਰਤੀ ਅਤੇ ਤੇਜ਼ੀ ਵੇਖਦਾ ਸੀ। ਏਧਰ ਓਧਰ ਜਿਹੜੇ ਤੀਰ ਛੱਡੇ ਸਨ, ਉਨ੍ਹਾਂ ਨੇ ਕਿਸੇ ਨੂੰ ਜੀਉਂਦਾ ਨਹੀਂ ਸੀ ਛੱਡਿਆ। ਦੋਵੇਂ ਕਾਫੀ ਦੇਰ ਸ਼ਿਕਾਰ ਖੇਡ ਕੇ ਫਿਰ ਚੀਤਿਆਂ ਦਾ ਤਮਾਸ਼ਾ ਵੇਖਣ ਲੱਗ ਗਏ॥ ੩੫॥

ਸ੍ਵਾਨ ਬਾਜ਼ ਬਹਿਰੀ ਛੁਟਵਾਏ। ਬਨ ਕੇ ਜੀਵ ਅਨਿਕ ਹੀ ਘਾਏ।
ਬਿਪੁਨ ਬਿਸਾਲ ਜਬਹਿ ਚਲਿ ਗਏ। ਕੇਹਰਿ ਪਿਖਯੋ ਮਹਾਂ ਬਲ ਮਏ॥ ੩੬॥

ਕੁੱਤੇ, ਬਾਜ਼ ਅਤੇ ਬਹਿਰੀਆਂ ਛੁਡਵਾਈਆਂ, ਜਿਨ੍ਹਾਂ ਜੰਗਲ ਦੇ ਬਹੁਤ ਜੀਵ ਮਾਰੇ। ਜਦ ਬਹੁਤ ਵਿਸ਼ਾਲ ਜੰਗਲ ਲੰਘ ਕੇ ਗਏ ਤਾਂ ਇਕ ਬੜਾ ਬਲਵਾਨ ਸ਼ੇਰ ਵੇਖਿਆ॥ ੩੬॥

ਜਿਨਹੁਂ ਨਿਹਾਰਯੋ ਆਨਿ ਸੁਨਾਯੋ। ਲੇ ਲਸ਼ਕਰ ਤਿਤ ਹੀ ਉਮਡਾਯੋ।
ਸ਼ਾਹ ਬਹਾਦਰ ਕੀਨਿ ਉਚਾਰਨਿ। 'ਸ਼ੇਰ ਖੜਗ ਸੋਂ ਕਰਹੁ ਬਿਦਾਰਨਿ॥ ੩੭॥

ਜਿਨ੍ਹਾਂ ਨੇ ਵੇਖਿਆ ਸੀ, ਉਨ੍ਹਾਂ ਨੇ ਆ ਕੇ ਸੁਣਾਇਆ, ਫਿਰ ਲਸ਼ਕਰ ਲੈ ਕੇ ਉਸ ਪਾਸੇ ਹੀ ਚਲੇ ਗਏ। ਬਹਾਦਰ ਸ਼ਾਹ ਨੇ ਫਿਰ ਉਚਾਰਨ ਕੀਤਾ, ਸ਼ੇਰ ਨੂੰ ਤਲਵਾਰ ਨਾਲ ਮਾਰੋ॥ ੩੭॥

ਤੀਰ ਤੁਪਕ ਨਹਿਂ ਛੂਟਨ ਪਾਵੈ। ਘਾਵੈ ਜੋ ਇਨਾਮ ਬਡ ਪਾਵੈ'।
ਇਮ ਕਹਿਤੇ ਭਭਕਾਰਯੋ ਸ਼ੇਰ। ਹੁਤੋ ਬਿਲੰਦਖਾਨ ਤਿਨ ਹੇਰਿ॥ ੩੮॥

ਤੀਰ ਬੰਦੂਕ ਕੋਈ ਵੀ ਚਲਾਇਆ ਨਾ ਜਾਵੇ, ਜਿਹੜਾ ਵੀ ਸ਼ੇਰ ਨੂੰ ਮਾਰੇਗਾ ਉਹ ਵੱਡਾ ਇਨਾਮ ਪਾਵੇਗਾ।'' ਇਸ ਪ੍ਰਕਾਰ ਕਹਿੰਦਿਆਂ ਸ਼ੇਰ ਗਰਜਿਆ। ਉਥੇ ਇਕ ਬਿਲੰਦ ਖਾਨ ਪਠਾਣ ਸੀ, ਉਸ ਨੇ ਜਦ ਸ਼ੇਰ ਨੂੰ ਵੇਖਿਆ॥ ੩੮॥

ਗਹਿ ਕਰਵਾਲ ਢਾਲ ਕੋ ਗਯੋ। ਹਠ ਗਾਢੇ ਕਰਿ ਸਨਮੁਖ ਭਯੋ।
ਪਹੁੰਚਯੋ ਨਿਕਟ ਮ੍ਰਿਗੇਸ਼ ਨਿਹਾਰਯੋ। ਫਾਂਧਿ ਝਪਟ ਕਰਿ ਤੁਰਤ ਪ੍ਰਹਾਰਯੋ॥੩੯॥

ਤਾਂ ਤਲਵਾਰ ਢਾਲ ਨੂੰ ਫੜ ਕੇ ਅੱਗੇ ਗਿਆ। ਵੱਡਾ ਹਠ ਕਰਕੇ ਸ਼ੇਰ ਦੇ ਸਾਹਮਣੇ ਹੋਇਆ। ਜਦ ਨੇੜੇ ਪਹੁੰਚਿਆ ਤਾਂ ਸ਼ੇਰ ਨੇ ਵੇਖਿਆ। ਫਿਰ ਸ਼ੇਰ ਨੇ ਛਾਲ ਮਾਰ ਕੇ ਝਪਟ ਕੇ ਤੁਰਤ ਉਸ ਨੂੰ ਮਾਰ ਦਿੱਤਾ॥ ੩੯॥

ਹੇਰਿ ਡਰੇ, ਪੁਨ ਸ਼ਾਹੁ ਪ੍ਰਚਾਰੈ। 'ਲੇਹੁ ਇਨਾਮ ਜਾਇ ਭਟ ਮਾਰੈ'।
ਸੁਨਤਿ ਵਜ਼ੀਦ ਖਾਨ ਰਿਸ ਧਾਰਿ। ਬਹੁਤੇ ਸੂਰਨਿ ਕੋ ਸਿਰਦਾਰ॥ ੪੦॥

ਇਹ ਵੇਖ ਕੇ ਸਾਰੇ ਡਰ ਗਏ। ਬਾਦਸ਼ਾਹ ਨੇ ਫਿਰ ਕਿਹਾ, ''ਜਿਹੜਾ ਸੂਰਬੀਰ ਇਸ ਸ਼ੇਰ ਨੂੰ ਜਾ ਕੇ ਮਾਰੇ, ਉਹ ਵੱਡਾ ਇਨਾਮ ਪ੍ਰਾਪਤ ਕਰੇ।'' ਇਹ ਸੁਣ ਕੇ ਵਜ਼ੀਦ ਖਾਨ ਨੇ ਗੁੱਸਾ ਧਾਰਨ ਕੀਤਾ, ਉਹ ਬਹੁਤ ਸੂਰਬੀਰਾਂ ਦਾ ਸਰਦਾਰ ਸੀ॥ ੪੦॥

ਕਰਿ ਪ੍ਰਾਕ੍ਰਮ ਲਲਕਾਰਯੋ ਜਬੈ। ਸ਼ੇਰ ਝਪਟ ਦਾਬਯੋ ਹਤਿ ਤਬੈ।
ਪੁਨ ਕੋ ਸੁਭਟ ਸਮੁਖ ਨਹਿਂ ਗਯੋ। ਦ੍ਵੈ ਉਮਰਾਵ ਹਤੇ ਡਰ ਭਯੋ॥ ੪੧॥

ਉਸ ਨੇ ਉੱਦਮ ਕਰਕੇ ਜਦ ਲਲਕਾਰਾ ਮਾਰਿਆ ਤਾਂ ਸ਼ੇਰ ਨੇ ਝਪਟਾ ਮਾਰ ਕੇ ਦੱਬ ਕੇ ਮਾਰ ਦਿੱਤਾ। ਫਿਰ ਕੋਈ ਵੀ ਸੂਰਬੀਰ ਸਾਹਮਣੇ ਨਾ ਗਿਆ। ਦੋ ਉਮਰਾਵ ਮਾਰ ਦਿੱਤੇ ਸਨ, ਇਸ ਲਈ ਸਾਰੇ ਡਰ ਗਏ॥ ੪੧॥

ਤਬਿ ਸਾਹਿਬ ਨਿਜ ਦਲਹਿ ਨਿਹਾਰਯੋ। ਰੋਸ਼ਨ ਸਿੰਘ ਹੁਤੋ ਲਲਕਾਰਯੋ।
ਜਮਧਰ ਖੜਗ ਢਾਲ ਜਿਸ ਪਾਸ। ਰੁਪਯੋ ਸਿੰਘ ਚਹਿ ਸਿੰਘ ਬਿਨਾਸ਼॥੪੨॥

ਤਦ ਸਤਿਗੁਰੂ ਜੀ ਨੇ ਆਪਣੇ ਦਲ ਵਲ ਵੇਖਿਆ। ਰੋਸ਼ਨ ਸਿੰਘ ਸੂਰਬੀਰ ਸੀ, ਉਸ ਸ਼ੇਰ ਨੂੰ ਲਲਕਾਰਾ ਮਾਰਿਆ।

ਕਟਾਰ, ਤਲਵਾਰ ਅਤੇ ਢਾਲ ਜਿਸ ਪਾਸ ਸੀ। ਸਿੰਘ ਬੜੇ ਗੁੱਸੇ ਵਿਚ ਆ ਗਿਆ, ਉਹ ਇਕ ਸਿੰਘ ਸ਼ੇਰ ਨੂੰ ਮਾਰਨਾ ਚਾਹੁੰਦਾ ਸੀ॥ ੪੨॥

ਲਾਇ ਘਾਤ ਕਰਿ ਸਿਪਰ ਅਗੇਰੇ। ਨੇਰ ਭੇਰ ਘਾਲਜੋ ਜਿਸ ਬੇਰੇ।
ਫਾਂਧਿ ਕੇਹਰੀ ਊਪਰ ਆਵਾ। ਤਰੇ ਹੋਇ ਕਰਿ ਘਾਵ ਲਗਾਵਾ॥ ੪੩॥

ਉਸ ਨੇ ਦਾਅ ਲਾ ਕੇ ਢਾਲ ਅੱਗੇ ਕਰ ਦਿੱਤੀ, ਜਿਸ ਵੇਲੇ ਭੇੜ ਨੇੜੇ-ਨੇੜੇ ਦਾ ਹੋਇਆ ਤਾਂ ਸ਼ੇਰ ਛਾਲ ਮਾਰ ਕੇ ਰੋਸ਼ਨ ਸਿੰਘ ਦੇ ਉੱਪਰ ਆ ਗਿਆ, ਰੋਸ਼ਨ ਸਿੰਘ ਨੇ ਥੱਲੇ ਹੋ ਕੇ ਕਟਾਰ ਦਾ ਵਾਰ ਕੀਤਾ॥ ੪੩॥

ਜਮਧਰ ਉਦਰ ਸਜ਼ੋਰ ਧਸਾਈ। ਊਪਰ ਤੇ ਦੀਨਸਿ ਉਥਲਾਈ।
ਗੁਰ ਅਰੁ ਸ਼ਾਹ ਸੁ ਚਮੂੰ ਤਮਾਸ਼ਾ। ਅਵਲੋਕਤਿ ਸਭਿ ਸ਼ੇਰ ਬਿਨਾਸ਼ਾ॥ ੪੪॥

ਕਟਾਰ ਨੂੰ ਪੂਰੇ ਜ਼ੋਰ ਨਾਲ ਸ਼ੇਰ ਦੇ ਪੇਟ ਵਿਚ ਧਸਾ ਦਿੱਤਾ ਤੇ ਉੱਪਰ ਤੋਂ ਫਿਰ ਉਲਟਾ ਦਿੱਤਾ। ਗੁਰੂ ਜੀ, ਬਾਦਸ਼ਾਹ ਅਤੇ ਸਾਰੀ ਸੈਨਾ ਤਮਾਸ਼ਾ ਵੇਖ ਰਹੀ ਸੀ, ਸਾਰਿਆਂ ਦੇ ਵੇਖਦਿਆਂ ਸ਼ੇਰ ਮਰ ਗਿਆ॥ ੪੪॥

ਬਖਸ਼ਿਸ਼ ਲਗਜੋ ਸ਼ਾਹੁ ਬਹੁ ਦੈਬੇ। ਕਹੈ ਸਿੰਘ 'ਹੌਂ ਕਰੌਂ ਨ ਲੈਬੇ।
ਜਿਸ ਗੁਰੁ ਦੇ ਬਲ ਸ਼ੇਰ ਹਤਾਯੋ। ਤਿਸ ਤੇ ਰਿਧਿ ਸਿਧਿ ਹਮ ਸਭਿ ਪਾਯੋ॥੪੫॥

ਬਾਦਸ਼ਾਹ ਬਹੁਤ ਬਖਸ਼ਿਸ਼ ਦੇਣ ਲੱਗਾ, ਪਰ ਰੋਸ਼ਨ ਸਿੰਘ ਨੇ ਕਿਹਾ, "ਮੈਂ ਬਖਸ਼ੀਸ਼ ਨਹੀਂ ਲਵਾਂਗਾ, ਜਿਸ ਗੁਰੂ ਜੀ ਦੇ ਬਲ ਨਾਲ ਮੈਂ ਸ਼ੇਰ ਨੂੰ ਮਾਰਿਆ ਹੈ, ਉਸ ਪਾਸੋਂ ਅਸੀਂ ਸਾਰੀਆਂ ਰਿਧੀਆਂ ਸਿੱਧੀਆਂ ਪਾਈਆਂ ਹਨ॥ ੪੫॥

ਲੇਨਿ ਅਪਰ ਤੇ ਰਖੀ ਨ ਆਸਾ। ਲੋਕ ਪ੍ਰਲੋਕ ਤਿਨਹੁਂ ਭਰਵਾਸਾ'।
ਸੁਨਤਿ ਸ਼ਾਹੁ ਉਮਰਾਵ ਘਨੇਰੇ। ਅਧਿਕ ਸਰਾਹਤਿ ਹਟੇ ਪਿਛੇਰੇ॥ ੪੬॥

ਅਸੀਂ ਹੋਰ ਕਿਸੇ ਪਾਸੋਂ ਲੈਣ ਦੀ ਆਸ ਨਹੀਂ ਰੱਖੀ ਹੈ, ਲੋਕ ਪਰਲੋਕ ਵਿਚ ਉਨ੍ਹਾਂ ਦਾ ਹੀ ਭਰਵਾਸਾ ਹੈ।" ਬਾਦਸ਼ਾਹ ਅਤੇ ਸਾਰੇ ਉਮਰਾਵ ਬਹੁਤ ਸ਼ਲਾਘਾ ਕਰਦੇ ਪਿੱਛੇ ਹੱਟ ਗਏ॥ ੪੬॥

ਨਿਜ ਨਿਜ ਡੇਰਨ ਕੋ ਚਲਿ ਆਏ। ਰੋਸ਼ਨ ਸਿੰਘ ਮਹਾਂ ਜਸੁ ਪਾਏ।
ਲਸ਼ਕਰ ਮਹਿਂ ਸਭਿ ਕਰਹਿਂ ਸਰਾਹਨਿ। 'ਹਤਜੋ ਸ਼ੇਰ ਜਿਸ ਕੇ ਡਰ ਨਾਹਿਨ' ॥੪੭॥

ਫਿਰ ਆਪਣੇ-ਆਪਣੇ ਡੇਰਿਆਂ ਨੂੰ ਚਲ ਕੇ ਆ ਗਏ। ਰੋਸ਼ਨ ਸਿੰਘ ਨੇ ਮਹਾਂ ਜੱਸ ਪਾਇਆ। ਲਸ਼ਕਰ ਵਿਚ ਸਾਰੇ ਉਸਦੀ ਸ਼ਲਾਘਾ ਕਰਦੇ ਸਨ, "ਉਸ ਨੇ ਸ਼ੇਰ ਨੂੰ ਮਾਰ ਦਿੱਤਾ ਸੀ, ਉਸ ਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਸੀ'॥ ੪੭॥

*ਪਹਿਲੇ ਐਨ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥*

## ਅਧਿਆਇ ਇਕਵੰਞਵਾਂ

### ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ

ਦੋਹਰਾ- ਸ੍ਰੀ ਸਤਿਗੁਰ ਉਰ ਸਿਮਰਿ ਕਰਿ ਅਪਨੋ ਏਕ ਸਵਾਲ।
ਨੰਦ ਲਾਲ ਜੁਤਿ ਅਪਰ ਕੋ ਕਹਜੋ ਸੁਨਾਇ ਹਵਾਲ॥ ੧॥

ਸ੍ਰੀ ਸਤਿਗੁਰੂ ਜੀ ਨੇ ਆਪਣਾ ਇਕ ਸਵਾਲ ਯਾਦ ਕਰਕੇ, ਨੰਦ ਲਾਲ ਸਹਿਤ ਹੋਰਨਾਂ ਨੂੰ ਸੁਣਾ ਕੇ ਕਿਹਾ॥ ੧॥

ਚੌਪਈ-'ਮਾਤੁਲ ਹੁਤੋ ਸ਼ਾਹੁ ਕੋ ਜੋਇ। ਹਾਕਮ ਰਾਇ ਸੰਗ ਇਨ ਦੋਇ।
ਕਹ੍ਯੋ ਇਨਹੁਂ ਸੋਂ ਦਿਹੁ ਸਮੁਝਾਈ। ਜੋ ਅਪਨੀ ਕਰਿ ਲਿਖਤ ਪਠਾਈ ॥੨ ॥

''ਬਾਦਸ਼ਾਹ ਦਾ ਜਿਹੜਾ ਮਾਮਾ ਸੀ, ਹਾਕਮ ਰਾਇ ਨਾਲ ਇਨ੍ਹਾਂ ਦੋਹਾਂ ਨੇ ਕਿਹਾ ਸੀ, ਇਨ੍ਹਾਂ ਨੂੰ ਸਮਝਾ ਦੇਵੋ, ਜਿਹੜੀ ਆਪਣੀ ਹੱਥ ਲਿਖਤ ਭੇਜੀ ਹੈ॥ ੨॥

ਸੋ ਦੀਜੈ ਹਮਰੋ ਇਕ ਸ੍ਵਾਲ। ਜਿਸ ਤੇ ਸਲਤਨ ਲਈ ਬਿਸਾਲ।
ਕਰ੍ਯੋ ਪ੍ਰਥਮ ਕੋ ਅਬਹਿ ਸੰਭਾਰੋ। ਹਮਹੁ ਕਹ੍ਯੋ ਤੁਮ ਨਹਿਨ ਚਿਤਾਰੋ' ॥੩ ॥

ਇਸ ਕਰਕੇ ਸਾਨੂੰ ਇਕ ਸਵਾਲ ਦੇਵੋ ਜਿਸ ਤੋਂ ਵੱਡੀ ਸਲਤਨਤ ਪ੍ਰਾਪਤ ਕੀਤੀ ਹੈ। ਜਿਹੜਾ ਪਹਿਲਾ ਵਾਹਦਾ ਕੀਤਾ ਹੈ, ਉਸ ਨੂੰ ਹੁਣ ਸੰਭਾਲੋ, ਕੀ ਤੁਸੀਂ ਸਾਨੂੰ ਨਹੀਂ ਕਿਹਾ, ਇਸ ਤੱਥ ਨੂੰ ਯਾਦ ਕਰੋ'' ॥ ੩॥

ਸ੍ਰੀ ਮੁਖ ਤੇ ਸੁਨਿ ਤੀਨਹੁਂ ਸਾਚੀ। 'ਹੈ ਸਭਿ ਨਿਸ਼ਚੈ' ਤਿਨਹੁਂ ਉਬਾਚੀ।
ਮਿਲਿ ਕਰਿ ਸ਼ਾਹੁ ਨਿਕਟ ਚਲਿ ਗਏ। ਤਸਲੀਮਾਤ ਕਰੀ ਥਿਰ ਭਏ ॥੪ ॥

ਸਤਿਗੁਰੂ ਜੀ ਦੇ ਮੁਖ ਤੋਂ ਸੱਚੀ ਗੱਲ ਸੁਣ ਕੇ ਤਿੰਨਾਂ ਨੇ ਕਿਹਾ, ''ਇਸ ਬਾਰੇ ਸਾਨੂੰ ਸਾਰਾ ਨਿਸ਼ਚੇ ਹੈ।'' ਉਹ ਤਿੰਨੇ ਮਿਲ ਕੇ ਬਾਦਸ਼ਾਹ ਦੇ ਪਾਸ ਗਏ ਤੇ ਦੁਆ ਸਲਾਮ ਕਰਕੇ ਬੈਠ ਗਏ॥ ੪॥

ਪ੍ਰਥਮ ਪ੍ਰਸੰਗ ਸੰਗ ਗੁਰ ਕੇਰਾ। ਕਰ੍ਯੋ ਸੁਨਾਵਨ ਕੋ ਤਿਸ ਬੇਰਾ।
'ਪੂਰਬ ਮੁਖ ਤੇ ਹੀ ਕਹਿ ਦੀਨ। ਪੁਨ ਪ੍ਰਭੁ ਨ ਲਿਖਾਇ ਕਰ ਲੀਨ ॥੫ ॥

ਪਹਿਲਾਂ ਪ੍ਰਸੰਗ ਜਿਹੜਾ ਗੁਰੂ ਜੀ ਨਾਲ ਹੋਇਆ ਸੀ, ਉਸ ਸਮੇਂ ਉਹ ਬਾਦਸ਼ਾਹ ਨੂੰ ਸੁਣਾਇਆ, ''ਪਹਿਲਾਂ ਮੁਖ ਤੋਂ ਹੀ ਕਹਿ ਦਿੱਤੀ ਸੀ, ਫਿਰ ਸਤਿਗੁਰੂ ਜੀ ਨੇ ਲਿਖਵਾ ਕੇ ਲਿਆ ਸੀ॥ ੫॥

ਅਬਿ ਲੌ ਜ਼ਿਕਰ ਨਹੀਂ ਕੁਛ ਕਰ੍ਯੋ। ਜਬਿ ਤੁਮ ਭੀ ਨਹਿਂ ਸਿਮਰਨ ਧਰ੍ਯੋ।
ਤਬਿ ਗੁਰ ਹਮਹਿਂ ਹਕਾਰਿ ਚਿਤਾਰ੍ਯੋ। 'ਇਕ ਸਵਾਲ ਦਿਹੁ ਪੂਰਾ' ਉਚਾਰ੍ਯੋ ॥੬ ॥

ਹੁਣ ਤਕ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ, ਜਦ ਕਿ ਤੁਸੀਂ ਵੀ ਉਸ ਨੂੰ ਯਾਦ ਨਹੀਂ ਕੀਤਾ ਹੈ। ਤਦ ਗੁਰੂ ਜੀ ਨੇ ਸਾਨੂੰ ਬੁਲਾ ਕੇ ਯਾਦ ਕਰਵਾਇਆ ਹੈ, ''ਮੇਰਾ ਇਕ ਸਵਾਲ ਪੂਰਾ ਕਰੋ'' ॥ ੬॥

ਤੁਮ ਕੋ ਭੀ ਬਨਿ ਆਵੈ ਐਸੇ। ਸਤਿਗੁਰ ਰਹੈਂ ਹਰਖ ਜੁਤਿ ਜੈਸੇ।
ਅਪਨੋ ਭਨ੍ਯੋਂ ਪੂਰ ਕਰ ਦੀਜੈ। ਲੋਕ ਪ੍ਰਲੋਕ ਅਨੰਦ ਕੋ ਲੀਜੈ' ॥ ੭॥

ਤੁਹਾਨੂੰ ਵੀ ਇਸ ਤਰ੍ਹਾਂ ਹੀ ਕਰਨਾ ਬਣ ਆਉਂਦਾ ਹੈ, ਜਿਸ ਤਰ੍ਹਾਂ ਸਤਿਗੁਰੂ ਜੀ ਖੁਸ਼ੀ ਸਹਿਤ ਰਹਿਣ। ਆਪਣਾ ਕਿਹਾ ਹੋਇਆ ਬਚਨ ਪੂਰਾ ਕਰ ਦੇਵੋ ਤੇ ਲੋਕ-ਪਰਲੋਕ ਵਿਚ ਅਨੰਦ ਲਵੋ'' ॥ ੭॥

ਸੁਨਿਕੈ ਸ਼ਾਹੁ ਬਹਾਦਰ ਭਾਖਾ। 'ਦੈਹੋਂ ਸ੍ਵਾਲ ਮੋਹਿ ਅਭਿਲਾਖਾ।
ਲਖੋਂ ਪਰੰਤੁ ਜੁ ਹੋਇ ਸੁਖਾਰੋ। ਦੇਨਿ ਉਚਿਤ, ਮਿਲਿ ਸਕਲ ਬਿਚਾਰੋ ॥੮ ॥

ਇਹ ਸੁਣ ਕੇ ਬਹਾਦਰ ਸ਼ਾਹ ਨੇ ਕਿਹਾ, ''ਮੈਂ ਸਵਾਲ ਦੇਵਾਂਗਾ, ਮੇਰੀ ਇਹ ਅਭਿਲਾਸ਼ਾ ਹੈ। ਸਮਝਣ ਉਪਰੰਤ ਜੇ ਸੌਖਾ ਹੋਵੇਗਾ, ਜੇ ਦੇਣ ਯੋਗ ਹੈ ਤਾਂ ਮਿਲ ਕੇ ਸਾਰੇ ਵਿਚਾਰ ਕਰੋ॥ ੮॥

ਹੋਇ ਪ੍ਰਾਤ ਗੁਰ ਕਰੋ ਹਕਾਰਨ। ਸੁਨਿ ਲੀਜੈ ਤਿਨ ਕੇਰ ਉਚਾਰਨ।
ਪੀਛੇ ਦੈਬੇ ਹੇਤੁ ਉਚਾਰੈਂ। ਗੁਰ ਕੇ ਉਰ ਪ੍ਰਸੰਨਤਾ ਧਾਰੈਂ ॥ ੯॥

ਸਵੇਰ ਹੋਣ 'ਤੇ ਗੁਰੂ ਜੀ ਨੂੰ ਬੁਲਾ ਲਵੇ ਤੇ ਉਨ੍ਹਾਂ ਦਾ ਕਿਹਾ ਹੋਇਆ ਸਵਾਲ ਸੁਣ ਲਵੇ। ਫਿਰ ਦੇਣ ਵਾਸਤੇ ਉਚਾਰਨ ਕਰਾਂਗੇ, ਗੁਰੂ ਜੀ ਦੇ ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਵਾਵਾਂਗੇ" ॥ ੯॥

ਇਮ ਕਹਿ ਕਰਿ ਸੋ ਦਿਵਸ ਬਿਤਾਯੋ। ਭਈ ਪ੍ਰਭਾਤਿ ਦਿਵਾਨ ਲਗਾਯੋ।
ਇਕ ਉਮਰਾਵ ਹਕਾਰਨ ਆਇ। 'ਸ੍ਰੀ ਗੁਰ ਚਲੀਅਹਿ ਸ਼ਾਹੁ ਬੁਲਾਇ' ॥੧੦॥

ਇਸ ਪ੍ਰਕਾਰ ਕਹਿ ਕੇ ਉਹ ਦਿਨ ਬਤੀਤ ਕੀਤਾ, ਸਵੇਰ ਹੋਈ ਤਾਂ ਬਾਦਸ਼ਾਹ ਨੇ ਦੀਵਾਨ ਲਾਇਆ। ਇਕ ਉਮਰਾਵ ਗੁਰੂ ਜੀ ਨੂੰ ਬੁਲਾਉਣ ਆਇਆ ਅਤੇ ਕਹਿਣ ਲੱਗਾ, "ਹੇ ਸਤਿਗੁਰੂ ਜੀ ਚਲੀਏ, ਬਾਦਸ਼ਾਹ ਨੇ ਬੁਲਾਇਆ ਹੈ" ॥ ੧੦॥

ਹਯ ਅਰੋਹ ਕਰਿ ਗਏ ਗੁਸਾਈਂ। ਥਿਰ ਉਮਰਾਵ ਪੁੰਜ ਜਿਸ ਥਾਂਈ।
ਸਕਲ ਨੰਮ੍ਰਿ ਹੁਇ ਕਰੀ ਸਲਾਮੂ। ਜਾਇ ਪ੍ਰਵੇਸ਼ੇ ਬੀਚ ਤਮਾਮੂ॥ ੧੧॥

ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਕੇ ਚਲੇ ਗਏ। ਜਿਸ ਥਾਂ ਬਹੁਤ ਉਮਰਾਵ ਬੈਠੇ ਸਨ, ਉਥੇ ਪਹੁੰਚ ਗਏ। ਸਾਰੇ ਉਮਰਾਵ ਨੇ ਸਨਿਮਰ ਹੋ ਕੇ ਸਲਾਮ ਕੀਤੀ, ਗੁਰੂ ਜੀ ਸਾਰਿਆਂ ਦੇ ਵਿਚ ਪ੍ਰਵੇਸ਼ ਕਰ ਗਏ॥ ੧੧॥

ਸ਼ਾਹ ਨਮੋ ਕਰਿ ਨਕਟ ਬਿਠਾਏ। ਚੰਦਨ ਕੀ ਚੌਕੀ ਛਬਿ ਪਾਏ।
ਪ੍ਰਥਮ ਪ੍ਰਸੰਗ ਜੰਗ ਕੇ ਘਨੇ। ਆਦਿ ਅਨੰਦਪੁਰਿ ਸੁਨੇ ਸੁ ਭਨੇ॥ ੧੨॥

ਬਾਦਸ਼ਾਹ ਨੇ ਬੰਦਨਾ ਕਰਕੇ ਆਪਣੇ ਪਾਸ ਬਿਠਾਏ, ਚੰਦਨ ਦੀ ਚੌਕੀ ਬਹੁਤ ਸ਼ੋਭਾ ਪਾ ਰਹੀ ਸੀ। ਪਹਿਲਾਂ ਜੰਗ ਦੇ ਬਹੁਤ ਪ੍ਰਸੰਗ ਛੇੜੇ। ਅਨੰਦਪੁਰ ਆਦਿ ਦੀਆਂ ਜੰਗਾਂ ਦੇ ਪ੍ਰਸੰਗ ਸੁਣੇ ਅਤੇ ਕਹੇ॥ ੧੨॥

ਸੁਨਿ ਸੁਨਿ ਗੁਰੂ ਬੀਰਤਾ ਭਾਰੀ। ਸਰਬ ਸਰਾਹਤਿ ਸਭਾ ਮਝਾਰੀ।
ਬਹੁਰ ਬਹਾਦੁਰ ਸ਼ਾਹੁ ਉਚਾਰਾ। 'ਕਰੀਯਹਿ ਅਪਨੋ ਸ੍ਵਾਲ ਉਦਾਰਾ' ॥੧੩॥

ਗੁਰੂ ਜੀ ਦੀ ਭਾਰੀ ਬੀਰਤਾ ਬਾਰੇ ਸੁਣ ਸੁਣ ਕੇ ਸਭਾ ਵਿਚ ਸਾਰੇ ਬਹੁਤ ਸ਼ਲਾਘਾ ਕਰਦੇ ਸਨ। ਫਿਰ ਬਹਾਦਰ ਸ਼ਾਹ ਨੇ ਉਚਾਰਨ ਕੀਤਾ, "ਆਪਣਾ ਉੱਤਮ ਸਵਾਲ ਪ੍ਰਗਟ ਕਰੋ" ॥ ੧੩॥

ਜਬਿ ਉਮਰਾਵ ਸਭਾਸਦ ਗਏ। ਪੂਛਨ ਤੇ ਗੁਰ ਭਾਖਤਿ ਭਏ।
ਹਿੰਦਵਾਨੇ ਸੰਗ ਦ੍ਰੋਹ ਕਰੰਤੇ। ਤੌਹਿ ਪਦਰ ਕੋ ਬਹੁ ਬਹਕੰਤੇ॥ ੧੪॥

ਜਦ ਸਭਾ ਦੇ ਮੁਖੀ ਦਰਬਾਰੀ ਵਿਚੋਂ ਚਲੇ ਗਏ ਤਾਂ ਪੁਛਣ ਤੇ ਗੁਰੂ ਜੀ ਕਹਿਣ ਲੱਗੇ, "ਉਮਰਾਵ ਆਦਿਕ ਹਿੰਦੂਆਂ ਦੇ ਨਾਲ ਬੜਾ ਧ੍ਰੋਹ ਕਰਦੇ ਹਨ। ਤੇਰੇ ਬਾਪ ਨੂੰ ਬਹੁਤ ਭਰਮਾਉਂਦੇ ਰਹੇ ਹਨ॥ ੧੪॥

ਜ਼ੁਲਮੀ ਕਰਤਿ ਰਹੇ ਬਹੁ ਭਾਰੀ। ਪਿਤਾ ਹਮਾਰੇ ਸੌਂ ਦੁਰਚਾਰੀ।
ਦਿਜ ਆਦਿਕ ਸੌਂ ਬੁਰਾ ਕਰੰਤੇ। ਬੀਚ ਸ਼ਰ੍ਹਾ ਕੇ ਕੁਮਤਿ ਧਰੰਤੇ॥ ੧੫॥

ਉਹ ਬਹੁਤ ਭਾਰੀ ਜ਼ੁਲਮ ਕਰਦੇ ਰਹੇ ਹਨ। ਉਹ ਦੁਰਾਚਾਰੀ ਖੋਟੇ ਲੋਕ ਸਾਡੇ ਪਿਤਾ ਜੀ ਨਾਲ ਬਹੁਤ ਭਾਰੀ ਜ਼ੁਲਮ ਕਰਦੇ ਰਹੇ ਹਨ। ਬ੍ਰਾਹਮਣਾਂ ਆਦਿ ਨਾਲ ਬਹੁਤ ਬੁਰਾ ਸਲੂਕ ਕਰਦੇ ਸਨ। ਸ਼ਰ੍ਹਾ ਦੇ ਵਿਚ ਮਾੜੀ ਮੱਤ ਧਾਰਨ ਕਰਦੇ ਸਨ॥ ੧੫॥

ਪੁਨ ਹਮ ਸੌਂ ਬਹੁ ਜੰਗ ਮਚਾਏ। ਜੋ ਸਿਰ੍ਹਦ ਕੋ ਬਡ ਉਮਰਾਏ।
ਬਾਲਕ ਸਾਹਿਬਜ਼ਾਦੇ ਗਹੇ। ਬਿਨਾ ਦੋਸ਼ ਸੰਘਾਰਨ ਚਹੇ॥ ੧੬॥

ਫਿਰ ਸਾਡੇ ਨਾਲ ਬਹੁਤ ਜੰਗ ਕੀਤੇ, ਸਿਰਹੰਦ ਦਾ ਵੱਡਾ ਹਾਕਮ ਹੈ, ਉਸ ਨੇ ਮੇਰੇ ਬਾਲਕ ਸਾਹਿਬਜ਼ਾਦੇ ਫੜ ਲਏ ਤੇ ਕਿਸੇ ਦੋਸ਼ ਤੋਂ ਬਗੈਰ ਮਾਰ ਦਿੱਤੇ॥ ੧੬॥

ਇਤਜਾਦਿਕ ਉਮਰਾਵ ਮੁਲਾਨੇ। ਜਿਨਹੁਂ ਕੁਕਰਮ ਜ਼ੁਲਮ ਕੋ ਠਾਨੇ।
ਪਠਿ ਪਠਿ ਨਰ ਔਚਕ ਗਹਿ ਲੀਜੈ। ਬੰਧਿ ਬੰਧਿ ਕਰਿ ਹਮ ਕੌ ਦੀਜੈ॥੧੭॥

ਇਸ ਪ੍ਰਕਾਰ ਉਮਰਾਵ ਅਤੇ ਮੁਲਾਣੇ, ਜਿਨ੍ਹਾਂ ਨੇ ਵੱਡਾ ਕੁਕਰਮ ਅਤੇ ਜ਼ੁਲਮ ਕੀਤਾ। ਅਚਾਨਕ ਮਨੁੱਖ ਫੜਨ ਵਾਸਤੇ ਭੇਜੇ ਤੇ ਕਿਹਾ ਕਿ ਬੰਨ੍ਹ-ਬੰਨ੍ਹ ਕੇ ਸਾਨੂੰ ਦੇਵੋ॥ ੧੭॥

ਤਿਨ ਕੋ ਸੂਰੀ ਦੇਹਿਂ ਕਿ ਫਾਸੀ। ਲੇਂ ਪਲਟਾ ਹਮ ਕਰਹਿਂ ਬਿਨਾਸ਼ੀ।
ਤਿਨਹੁਂ ਕੁਕਰਮ ਕਮਾਯਹੁ ਜੈਸਾ। ਸੰਕਟ ਸਹੈਂ ਪਾਇਂ ਫਲ ਤੈਸਾ॥ ੧੮॥

ਉਨ੍ਹਾਂ ਸਭ ਨੂੰ ਸੂਲੀ ਦੇਵਾਂਗੇ ਜਾਂ ਫਾਂਸੀ, ਬਦਲਾ ਲੈ ਕੇ ਅਸੀਂ ਸਾਰਿਆਂ ਨੂੰ ਮਾਰ ਦੇਵਾਂਗੇ। ਉਨ੍ਹਾਂ ਨੇ ਜੈਸਾ ਕੁਕਰਮ ਕਮਾਇਆ ਹੈ, ਉਸ ਦਾ ਫਲ ਤੈਸਾ ਹੀ ਪਾਉਣਗੇ॥ ੧੮॥

ਨਹਿਂ ਪਰਲੋਕ ਨ ਧਰਮ ਬਿਚਾਰਜੋ। ਤੁਰਕ ਹਿੰਦੁ ਸੰਤਨਿ ਗਹਿ ਮਾਰਜੋ।
ਸੋ ਪਲਟਾ ਹਮ ਲੈ ਹੈਂ ਪਾਇ। ਕਰੋਂ ਨਾਸ਼ ਦੁਸ਼ਟਨਿ ਸਮੁਦਾਇ॥ ੧੯॥

ਨਾ ਪਰਲੋਕ ਨਾ ਧਰਮ ਵਿਚਾਰਿਆ ਹੈ, ਤੁਰਕ ਹਿੰਦੂ ਸੰਤਾਂ ਨੂੰ ਫੜ ਫੜ ਮਾਰਿਆ ਹੈ। ਉਹ ਬਦਲਾ ਅਸੀਂ ਪਾ ਲਵਾਂਗੇ ਤੇ ਸਾਰੇ ਦੁਸ਼ਟਾਂ ਨੂੰ ਮਾਰ ਦੇਵਾਂਗੇ"॥ ੧੯॥

ਸੁਨਤਿ ਸ਼ਾਹੁ ਹਹਿਰਜੋ ਹਿਯ ਹੋਲਾ। ਚਿੰਤਾ ਵਧੀ ਅਧਿਕ ਨਹਿਂ ਬੋਲਾ।
ਕੇਤਿਕ ਚਿਰ ਲੋ ਕਰੀ ਬਿਚਾਰਾ। ਪੁਨ ਸਤਿਗੁਰ ਕੇ ਸੰਗ ਉਚਾਰਾ॥ ੨੦॥

ਹਿਰਦੇ ਦਾ ਹੋਲਾ ਬਾਦਸ਼ਾਹ ਇਹ ਸੁਣ ਕੇ ਡਰ ਗਿਆ, ਬਹੁਤ ਚਿੰਤਾ ਵੱਧ ਗਈ ਤਾਂ ਬੋਲਿਆ ਨਹੀਂ। ਕਾਫੀ ਦੇਰ ਤਕ ਵਿਚਾਰ ਕੀਤੀ ਫਿਰ ਸਤਿਗੁਰੂ ਜੀ ਨੂੰ ਕਹਿਣ ਲੱਗਾ॥ ੨੦॥

'ਇਸ ਕੋ ਉੱਤਰ ਮੈਂ ਫਿਰ ਦੇਉਂ। ਨਿਜ ਮੰਤ੍ਰੀਨ ਸਾਥ ਗਿਨਿ ਲੇਉਂ'।
ਇਮ ਕਹਿ ਢਿਗ ਤੇ ਕਰੇ ਬਿਸਰਜਨ। ਆਨਿ ਬਿਰਾਜੇ ਉਪਬਨ ਤਤਛਿਨ॥੨੧॥

"ਇਸ ਦਾ ਉੱਤਰ ਮੈਂ ਫਿਰ ਦੇਵਾਂਗਾ, ਆਪਣੇ ਮੰਤਰੀਆਂ ਨਾਲ ਸਲਾਹ ਮਸ਼ਵਰਾ ਕਰ ਲਵਾਂ।" ਇਸ ਪ੍ਰਕਾਰ ਕਹਿ ਕੇ ਪਾਸ ਤੋਂ ਚਲੇ ਗਿਆ। ਸਤਿਗੁਰੂ ਜੀ ਵੀ ਤੁਰਤ ਆਪਣੇ ਡੇਰੇ ਬਾਗ ਵਿਚ ਆ ਬੈਠੇ॥ ੨੧॥

ਪੀਛੇ ਸਕਲ ਹਕਾਰਿ ਸਲਾਹੀ। ਗੁਰ ਕੀ ਕਹੀ ਚਿੰਤ ਜੁਤਿ ਪ੍ਰਾਹੀ।
'ਇਹ ਕਾਰਜ ਬਨਿ ਆਵੈ ਕੈਸੇ? ਅਬਿ ਲੌ ਤੇਜ ਨ ਭਾ ਮਮ ਐਸੇ॥ ੨੨॥

ਬਾਅਦ ਵਿਚ ਸਾਰਿਆਂ ਨੂੰ ਬੁਲਾ ਕੇ ਸਲਾਹ ਕੀਤੀ। ਗੁਰੂ ਜੀ ਦੀ ਕਹੀ ਗੱਲ ਨੂੰ ਬੜੀ ਚਿੰਤਾ ਸਹਿਤ ਬਿਆਨ ਕੀਤਾ। "ਇਹ ਕਾਰਜ ਕਿਵੇਂ ਬਣ ਸਕਦਾ ਹੈ, ਹੁਣ ਤਕ ਮੇਰਾ ਐਸਾ ਤੇਜ ਨਹੀਂ ਹੋਇਆ ਹੈ॥ ੨੨॥

ਗਹੌਂ ਏਕ ਸੂਬਾ ਜਿਸ ਕਾਲ। ਪਰਹਿ ਰੌਰ ਸਲਤਨ ਚਲਚਾਲ।
ਬਿਗਰ ਜਾਹਿਂਗੇ ਲਸ਼ਕਰ ਭਾਰੇ। ਬੇਇਤਬਾਰ ਬਨਹਿਂ ਨਰ ਸਾਰੇ॥ ੨੩॥

ਜਿਸ ਸਮੇਂ ਇਕ ਵੀ ਸੂਬੇ ਨੂੰ ਫੜਾਂਗਾ ਤਾਂ ਵੱਡਾ ਰੌਲਾ ਪੈ ਜਾਵੇਗਾ ਤੇ ਸਲਤਨਤ ਜਾਂਦੀ ਰਹੇਗੀ। ਫੌਜਾਂ ਬਹੁਤ ਜ਼ਿਆਦਾ ਵਿਗੜ ਜਾਣਗੀਆਂ ਤੇ ਸਾਰੇ ਮਨੁੱਖ ਬੇਇਤਬਾਰੇ ਬਣ ਜਾਣਗੇ॥ ੨੩॥

ਜਬਿ ਸੂਬੇ ਬਿਗਰੇ ਲਰਿ ਪਰੇ। ਸਭਿ ਦੇਸ਼ਨ ਰੌਰਾ ਬਿਸਤਰੇ।
ਕਹਹੁ ਗੁਰੂ ਸੰਗ ਕਹੀਅਹਿ ਕੈਸੇ। ਜਿਸ ਤੇ ਰਿਸਹਿਂ ਨ, ਰਹਿ ਰਸ ਐਸੇ'॥੨੪॥

ਜਦ ਸੂਬੇ ਵਿਗੜ ਕੇ ਲੜ ਪੈਣਗੇ, ਸਾਰੇ ਦੇਸ਼ਾਂ ਵਿਚ ਫਿਤੂਰੇਲਾ ਫੈਲ ਜਾਵੇਗਾ। ਕਹੋ ਗੁਰੂ ਜੀ ਨੂੰ ਹੁਣ ਕਿਸ ਪ੍ਰਕਾਰ ਕਹੀਏ, ਜਿਸ ਨਾਲ ਗੁੱਸੇ ਵੀ ਨਾ ਹੋਣ ਤੇ ਐਸਾ ਰਸ ਵੀ ਰਹਿ ਜਾਵੇ'॥ ੨੪॥

ਜਬਿ ਅਸ ਚਿੰਤਾ ਸਹਤ ਬਖਾਨਾ। ਮਿਲਿ ਮੰਤ੍ਰੀਨ ਮੰਤ੍ਰ ਕੋ ਠਾਨਾ।
ਸ਼ਾਹੁ ਬਹਾਦਰ ਕੋ ਸਮੁਝਾਯੋ। 'ਗੁਰ ਸੋਂ ਕਹਨਿ ਏਵ ਬਨਿ ਆਯੋ॥ ੨੫॥

ਜਦ ਬਾਦਸ਼ਾਹ ਨੇ ਐਸੀ ਚਿੰਤਾ ਸਹਿਤ ਕਿਹਾ ਤਾਂ ਮੰਤਰੀਆਂ ਮਿਲ ਕੇ ਮੰਤਰ ਬਣਾ ਲਿਆ ਤੇ ਬਹਾਦਰ ਸ਼ਾਹ ਨੂੰ ਸਮਝਾਇਆ, "ਗੁਰੂ ਜੀ ਨਾਲ ਇਸ ਪ੍ਰਕਾਰ ਕਹਿਣਾ ਬਣਦਾ ਹੈ॥ ੨੫॥

ਇਕ ਸੰਮਤਿ ਲਗਿ ਕੁਛ ਨਹਿਂ ਕਹੀਅਹਿ। ਨਿਸ਼ਚਲ ਹੁਕਮ ਨ ਮੇਰੋ ਲਹੀਅਹਿ।
ਜਬਿ ਟਿਕ ਜਾਇ ਤੇਜ ਜਗ ਆਛੇ। ਪੁਰਵੌਂ ਸ੍ਵਾਲ ਆਪ ਕੋ ਬਾਛੇ' ॥ ੨੬॥

ਇਕ ਸਾਲ ਤਕ ਕੁਝ ਨਾ ਕਹੋ, ਮੇਰਾ ਹੁਕਮ ਅਟੱਲ ਨਾ ਸਮਝੋ। ਜਦ ਮੇਰਾ ਤੇਜ ਜੱਗ ਵਿਚ ਚੰਗੀ ਤਰ੍ਹਾਂ ਟਿਕ ਜਾਵੇਗਾ ਤਾਂ ਆਪ ਜੀ ਦੀ ਇੱਛਾ ਅਨੁਸਾਰ ਆਪ ਦੇ ਸਵਾਲ ਪੂਰੇ ਕਰਾਂਗਾ" ॥ ੨੬॥

ਇੱਤਯਾਦਿਕ ਸਮੁਝਾਇ ਸਿਧਾਏ। ਗਿਨਤਿ ਗਾਥ ਦਿਨ ਦੋਇ ਬਿਤਾਏ।
ਪੁਨ ਸਤਿਗੁਰ ਨਿਜ ਨਿਕਟ ਬੁਲਾਏ। ਹਯ ਅਰੋਹ ਹ੍ਵੈ ਕਰਿ ਤਬਿ ਆਏ ॥੨੭॥

ਇਸ ਪ੍ਰਕਾਰ ਸਮਝਾ ਕੇ ਉਹ ਚਲੇ ਗਏ। ਗਿਣਤੀ ਗਿਣਦਿਆਂ ਦੋ ਦਿਨ ਬਤੀਤ ਕੀਤੇ। ਫਿਰ ਸਤਿਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਘੋੜੇ ਉੱਪਰ ਸਵਾਰ ਹੋ ਕੇ ਫਿਰ ਉਹ ਆਏ॥ ੨੭॥

ਸ਼ਾਹ ਨਿਮਜੋਂ ਸਨਮਾਨ ਬਿਠਾਏ। ਹਾਥ ਜੋਰਿ ਕਰਿ ਗਾਥ ਸੁਨਾਏ।
'ਤੁਮ ਪ੍ਰਤਾਪ ਤੇ ਸਲਤਨ ਪਾਈ। ਅਸ ਨ ਹੋਇ ਅਬਿ ਬਿਗਰ ਸੁ ਜਾਈ ॥੨੮॥

ਬਾਦਸ਼ਾਹ ਨੇ ਸਨਿਮਰ ਹੋ ਕੇ ਸਨਮਾਨ ਨਾਲ ਸਤਿਗੁਰੂ ਜੀ ਨੂੰ ਬਿਠਾਇਆ। ਹੱਥ ਜੋੜ ਕੇ ਸਾਰੀ ਗਾਥਾ ਸੁਣਾਈ। "ਤੁਹਾਡੇ ਪ੍ਰਤਾਪ ਨਾਲ ਮੈਂ ਸਲਤਨਤ ਪਾਈ ਹੈ, ਐਸਾ ਨਾ ਹੋਵੇ ਕਿ ਇਹ ਹਕੂਮਤ ਹੀ ਵਿਗੜ ਜਾਵੇ॥ ੨੮॥

ਇਸ ਡਰ ਤੇ ਇਕ ਬਰਖ ਬਿਤਾਵਉ। ਕਾਜ਼ੀ ਮੁੱਲਾਂ ਨਹਿਂ ਗਹਿਵਾਵਉ।
ਸੂਬੇ ਬਿਗਰ ਪਰਹਿੰਗੇ ਸਾਰੇ। ਬੇਇਤਬਾਰੀ ਮੋਹਿ ਬਿਚਾਰੇ॥ ੨੯॥

ਇਸ ਡਰ ਕਰਕੇ ਇਕ ਸਾਲ ਬਤੀਤ ਕਰੋ, ਕਾਜ਼ੀਆਂ ਮੁੱਲਾਂ ਨੂੰ ਨਾ ਫੜਵਾਓ। ਫਿਰ ਸਾਰੇ ਸੂਬੇ ਵਿਗੜ ਜਾਣਗੇ, ਮੇਰੇ ਉੱਪਰ ਫਿਰ ਇਤਬਾਰ ਨਹੀਂ ਕਰਨਗੇ॥ ੨੯॥

ਸੰਮਤ ਬੀਤੇ ਰਾਵਰਿ ਸ੍ਵਾਲ। ਮੈਂ ਪੂਰਨ ਕਰਿ ਹੌਂ ਦਰਹਾਲ।
ਬਨੋਂ ਨ ਬੇਮੁਖ ਸੰਗ ਤਿਹਾਰੇ। ਮੈਂ ਜਾਨੋਂ ਨੀਕੇ ਉਪਕਾਰੇ' ॥ ੩੦॥

ਇਕ ਸਾਲ ਬੀਤ ਜਾਣ 'ਤੇ ਮੈਂ ਆਪ ਜੀ ਦਾ ਸਵਾਲ ਹਰ ਹਾਲਤ ਵਿਚ ਪੂਰਾ ਕਰਾਂਗਾ। ਤੁਹਾਡੇ ਨਾਲ ਕਦੀ ਵੀ ਬੇਮੁਖ ਨਹੀਂ ਬਣਾਂਗਾ, ਮੈਂ ਤੁਹਾਡੇ ਚੰਗੇ ਉਪਕਾਰ ਜਾਣਦਾ ਹਾਂ" ॥ ੩੦॥

ਸੁਨਿ ਸ੍ਰੀ ਮੁਖ ਸਾਹਿਬ ਫੁਰਮਾਯੋ। 'ਅਬਿ ਤੁਹਿ ਪਾਜ ਕਹਨਿ ਮਨ ਭਾਯੋ।
ਇਸੀ ਹੇਤੁ ਹਮ ਲਿਖਤ ਕਰਾਈ। ਸਲਤਨ ਪਾਇ ਸੁ ਨਟ ਕਰਿ ਜਾਈ ॥੩੧॥

ਸਤਿਗੁਰੂ ਜੀ ਨੇ ਸੁਣ ਕੇ ਫੁਰਮਾਇਆ, "ਹੁਣ ਝੂਠ ਕਹਿਣਾ ਤੇਰੇ ਮਨ ਨੂੰ ਚੰਗਾ ਲੱਗਾ ਹੈ। ਏਸੇ ਵਾਸਤੇ ਅਸੀਂ ਲਿਖਤ ਕਰਵਾਈ ਸੀ ਕਿ ਪਾਤਿਸ਼ਾਹੀ ਪਾ ਕੇ ਤੂੰ ਮੁਕਰ ਜਾਵੇਂਗਾ॥ ੩੧॥

ਤਊ ਫਰੇਬ ਲਿਖੇ ਪਰ ਕੀਨਿ। ਤੈਂ ਇਕ ਸ੍ਵਾਲ ਨ ਹਮਰੋ ਦੀਨਿ।
ਤੁਰਕਨ ਤੇ ਹਮ ਸਲਤਨ ਨਾਸ਼ੀ। ਦੀਨਿ ਹੋਇ ਲੀਨਸਿ ਨਿਜ ਪਾਸੀ॥ ੩੨ ॥

ਫਿਰ ਵੀ ਤੂੰ ਲਿਖੇ ਉੱਪਰ ਫਰੇਬ ਕੀਤਾ ਹੈ, ਤੂੰ ਸਾਡਾ ਇਕ ਸਵਾਲ ਨਹੀਂ ਦਿੱਤਾ ਹੈ। ਤੁਰਕਾਂ ਪਾਸੋਂ ਅਸੀਂ ਸਲਤਨਤ ਖੋਹੀ ਹੈ, ਦੀਨ ਹੋ ਕੇ ਤੂੰ ਆਪਣੇ ਪਾਸ ਲੈ ਲਈ ਹੈ॥ ੩੨॥

ਤਊ ਨ ਹਮ ਸੌਂ ਉਤਰਜੋ ਪੂਰਾ। ਦਿਯੋ ਨ, ਦੈਬੇ ਕਹਜੋ ਜ਼ਰੂਰਾ।
ਇਹ ਤਉ ਦੇਨਿ ਹੇਤੁ ਬਡਿਆਈ। ਚਹਤਿ ਕਾਰ ਤੁਝ ਸੌਂ ਬਨਿਵਾਈ॥ ੩੩ ॥

ਫਿਰ ਵੀ ਸਾਡੇ ਨਾਲ ਪੂਰਾ ਨਹੀਂ ਉਤਰਿਆ ਹੈਂ ਜੋ ਜ਼ਰੂਰ ਦੇਣ ਨੂੰ ਕਿਹਾ ਸੀ, ਉਹ ਦਿੱਤਾ ਨਹੀਂ ਹੈ। ਇਹ ਤੈਨੂੰ ਵਡਿਆਈ ਦੇਣ ਵਾਸਤੇ, ਤੇਰੇ ਪਾਸੋਂ ਕਾਰਜ ਬਣਵਾਉਣਾ ਚਾਹੁੰਦੇ ਸੀ॥ ੩੩॥

ਸੋ ਤੁਵ ਭਾਗ ਬਿਖੈ ਇਹ ਨਹੀਂ। ਸਮੁਝਿ ਦੇਖਿ ਅਪਨੇ ਚਿਤ ਸਹੀ।
ਅਬਿ ਇਕ ਐਸੋ ਸਿੱਖ ਬਨਾਵੈਂ। ਜਗ ਮਹਿਂ ਦੇ ਕਰਿ ਤੇਜ ਬਧਾਵੈਂ॥ ੩੪ ॥

ਸੋ ਤੇਰੇ ਭਾਗਾਂ ਵਿਚ ਨਹੀਂ ਹੈ, ਆਪਣੇ ਚਿੱਤ ਵਿਚ ਸਹੀ ਢੰਗ ਨਾਲ ਸੋਚ ਕੇ ਸਮਝ। ਹੁਣ ਇਕ ਐਸਾ ਸਿੱਖ ਬਣਾਵਾਂਗਾ, ਜਗਤ ਵਿਚ ਉਸ ਨੂੰ ਤੇਜ ਦੇ ਕੇ ਵਧਾਵਾਂਗਾ॥ ੩੪॥

ਜਹਿਂ ਜਹਿਂ ਦੋਖੀ ਕੂਰ ਕੁਚਾਲੇ। ਤਹਿਂ ਤਹਿਂ ਪਹੁਚੈ ਬਹੁ ਬਲ ਨਾਲੇ।
ਜੋ ਸੂਬੇ ਮੁੱਲਾਂ ਬਹੁਤੇਰੇ। ਕਰਹਿ ਸੰਘਾਰਨ ਸਭਿ ਇਕ ਬੇਰੇ॥ ੩੫ ॥

ਜਿੱਥੇ-ਜਿੱਥੇ ਦੋਖੀ, ਝੂਠੇ ਅਤੇ ਭੈੜਿਆਂ ਚਾਲਿਆਂ ਵਾਲੇ ਹਨ, ਉਥੇ-ਉਥੇ ਹੀ ਉਹ ਬਹੁਤ ਸ਼ਕਤੀ ਨਾਲ ਪਹੁੰਚਣਗੇ। ਜਿਹੜੇ ਸੂਬੇ ਅਤੇ ਬਹੁਤ ਮੁਲਾਣੇ ਹਨ, ਸਾਰਿਆਂ ਨੂੰ ਇਕੋ ਵਾਰ ਕਤਲ ਕਰ ਦੇਣਗੇ॥ ੩੫॥

ਸਭਿ ਸਲਤਨ ਕੋ ਗਰਦ ਮਿਲਾਵੈ। ਨਹਿਂ ਲਸ਼ਕਰ ਠਹਿਰਨ ਕੋ ਪਾਵੈ।
ਜਿਨ ਜਿਨ ਹਮ ਸੌਂ ਜ਼ੁਲਮ ਕਮਾਯੋ। ਹਿੰਦੁਨਿ ਸੌਂ ਬਹੁ ਬੈਰ ਬਢਾਯੋ॥ ੩੬ ॥

ਸਾਰੀ ਸਲਤਨਤ ਨੂੰ ਮਿੱਟੀ ਵਿਚ ਮਿਲਾ ਦੇਣਗੇ, ਕੋਈ ਵੀ ਲਸ਼ਕਰ ਉਨ੍ਹਾਂ ਦੇ ਅੱਗੇ ਠਹਿਰ ਨਹੀਂ ਸਕੇਗਾ। ਜਿਸ ਜਿਸ ਨੇ ਸਾਡੇ ਨਾਲ ਜ਼ੁਲਮ ਕਮਾਇਆ ਹੈ ਤੇ ਹਿੰਦੂਆਂ ਨਾਲ ਬਹੁਤ ਵੈਰ ਵਧਾਇਆ ਹੈ॥ ੩੬॥

ਪੁਰਿ ਅਰੁ ਗ੍ਰਾਮ ਦੇਸ਼ ਗਨ ਜੇਤੇ। ਉਠਹਿਂ ਉਪੱਦ੍ਰਵ ਨਾਸ਼ਹਿ ਤੇਤੇ।
ਆਦਿ ਸਿਰੰਦ ਬਸਹਿ ਸਮੁਦਾਯਾ। ਕਰਹਿ ਉਜਾਰ ਲੁਟਹਿ ਨਰ ਘਾਯਾ॥ ੩੭ ॥

ਨਗਰ, ਪਿੰਡ ਅਤੇ ਜਿੰਨੇ ਸਾਰੇ ਦੇਸ਼ ਹਨ, ਉਨ੍ਹਾਂ ਵਿਚ ਝਗੜੇ ਉੱਠਣਗੇ ਤੇ ਅਸੀਂ ਸਭ ਨੂੰ ਖਤਮ ਕਰ ਦੇਵਾਂਗੇ। ਸਿਰਹੰਦ ਆਦਿ ਜਿਹੜੀਆਂ ਨਗਰੀਆਂ ਹਨ, ਉਥੇ ਅਸੀਂ ਸੂਰਮਿਆਂ ਨੂੰ ਮਾਰ ਕੇ ਨਗਰੀਆਂ ਉਜਾੜ ਦੇਵਾਂਗੇ॥ ੩੭॥

ਲਾਖਹੁਂ ਊਪਰ ਅਪਦਾ ਪਰੈ। ਨਹਿਂ ਸਮਰਥ ਜੋ ਤਿਸ ਪਰਹਰੈ।
ਉਜਰੈ ਦੇਸ਼ ਨ ਰਾਖਾ ਕੋਇ। ਅਬਿ ਐਸੀ ਗਤਿ ਨਿਸ਼ਚੈ ਹੋਇ॥ ੩੮ ॥

ਲੱਖਾਂ ਉੱਪਰ ਬਿਪਤਾ ਪੈ ਜਾਵੇਗੀ, ਕੋਈ ਵੀ ਸਮਰੱਥ ਨਹੀਂ ਹੈ ਜਿਹੜਾ ਉਸ ਬਿਪਤਾ ਨੂੰ ਟਾਲ ਸਕੇ। ਦੇਸ਼ ਉਜੜ ਜਾਵੇਗਾ ਤੇ ਕੋਈ ਵੀ ਰਖਵਾਲਾ ਨਹੀਂ ਰਹੇਗਾ, ਹੁਣ ਐਸੀ ਗਤੀ ਨਿਸ਼ਚੇ ਹੋ ਗਈ ਹੈ॥ ੩੮॥

ਸਾਹਿਬਜ਼ਾਦੇ ਜਿਨ ਸੰਘਾਰੇ। ਤਿਸ ਕੋ ਗਹਿ ਸੋ ਕਰਹਿ ਪ੍ਰਹਾਰੇ।
ਇੱਤਜਾਦਿਕ ਪਲਟਾ ਸਭਿ ਲੈਹੈ। ਨਿਜ ਦ੍ਰਿਗ ਦੇਖਹੁ ਨਹਿਂ ਸਫਲੈ ਹੈਂ॥ ੩੯ ॥

ਜਿਸ ਨੇ ਸਾਹਿਬਜ਼ਾਦੇ ਸ਼ਹੀਦ ਕੀਤੇ ਹਨ, ਉਸ ਨੂੰ ਫੜ ਕੇ ਮਾਰ ਦੇਵਾਂਗੇ, ਇਸ ਪ੍ਰਕਾਰ ਸਾਰੇ ਬਦਲੇ ਲਵਾਂਗੇ। ਇਹ ਸਭ ਕੁਝ ਹੇ ਬਹਾਦਰ ਸ਼ਾਹ ! ਤੂੰ ਆਪਣੀਆਂ ਅੱਖਾਂ ਨਾਲ ਵੇਖੇਂਗਾ, ਉਸ ਦੇ ਮੁਕਾਬਲੇ ਤੇ ਤੂੰ ਸਫਲਤਾ ਨਹੀਂ ਪਾਵੇਂਗਾ" ॥ ੩੯ ॥

**ਇਮ ਕਹਿ ਸਤਿਗੁਰ ਰਿਸ ਕੁਛ ਕਰੇ। ਉਠੇ ਆਇ ਨਿਜ ਹਯ ਪਰ ਚਰੇ।**
**ਨਿਜ ਡੇਰੇ ਮਹਿਂ ਚਲਿ ਕਰਿ ਆਏ। ਦਿਨ ਕੇਤਿਕ ਤਹਿਂ ਔਰ ਬਿਤਾਏ ॥੪੦॥**

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਕੁਝ ਗੁੱਸਾ ਕੀਤਾ ਤੇ ਆਪਣੇ ਘੋੜੇ ਉੱਪਰ ਚੜ੍ਹ ਕੇ ਆਪਣੇ ਡੇਰੇ ਵਿਚ ਚਲ ਕੇ ਆ ਗਏ। ਕੁਝ ਦਿਨ ਉਥੇ ਹੋਰ ਬਤੀਤ ਕੀਤੇ॥ ੪੦॥

**ਸ਼ਾਹੁ ਸਚਿੰਤ ਅਧਿਕ ਹੁਇ ਰਹਜੋ। ਗੁਰ ਕੇ ਸੰਗ ਨਹੀਂ ਕੁਛ ਕਹਜੋ।**
**'ਜਾਨੀਅਸ ਕਹਾਂ' ਮੋਨ ਮੁਖ ਧਾਰੀ। ਨਿਜ ਸਚਿਵਨ ਕੇ ਸਾਥ ਉਚਾਰੀ ॥੪੧॥**

ਬਾਦਸ਼ਾਹ ਬਹੁਤ ਚਿੰਤਾ ਸਹਿਤ ਹੋ ਗਿਆ, ਪਰ ਉਸ ਨੇ ਗੁਰੂ ਜੀ ਨਾਲ ਕੋਈ ਗੱਲ ਨਾ ਕੀਤੀ। "ਕੀ ਜਾਣੀਏ ਕੀ ਹੋਵੇਗਾ" ਮੁੱਖ ਤੋਂ ਚੁੱਪ ਧਾਰਨ ਕਰ ਲਈ, ਫਿਰ ਆਪਣੇ ਨਿਜੀ ਵਜ਼ੀਰ ਨਾਲ ਗੱਲ ਕੀਤੀ॥ ੪੧॥

*ਪਹਿਲੇ ਐਨ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥ ੫੧॥*

*ਪਹਿਲਾ ਐਨ ਸਮਾਪਤ ਹੋਇਆ॥*

☆☆☆

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

# ਦੂਸਰਾ ਐਨ (ਉਤ੍ਰਾਇਣ)

## ਅਧਿਆਇ ਪਹਿਲਾ

### ਮੰਗਲਾਚਰਨ, ਬਹਾਦਰ ਸ਼ਾਹ ਦੀ ਚਤੌੜ 'ਤੇ ਚੜ੍ਹਾਈ

*੧. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ*

ਦੋਹਰਾ- ਜਗਰਾਨੀ ਮਾਨੀ ਸੁਰਨਿ ਸੁਖਦਾਈ ਨਿਜ ਦਾਸ।
ਪੂਰਨ ਕੀਨਸਿ ਗ੍ਰੰਥ ਕੋ ਕਵਿ ਰਸਨਾ ਪਰ ਬਾਸ॥ ੧॥

ਵਿਦਵਾਨ ਜਗਤ ਦੀ ਰਾਣੀ, ਜਿਹੜੀ ਦੇਵਤਿਆਂ ਤੋਂ ਵੀ ਆਦਰਯੋਗ ਹੈ, ਜਿਹੜੀ ਆਪਣੇ ਦਾਸਾਂ ਵਾਸਤੇ ਸੁਖਾਂ ਦੀ ਦਾਤੀ ਹੈ, ਐਸੀ ਮਾਣਯੋਗ ਸ਼ਾਰਦਾ ਨੇ ਕਵੀ ਦੀ ਰਸਨਾ ਉੱਪਰ ਬੈਠ ਕੇ ਇਸ ਗ੍ਰੰਥ ਨੂੰ ਪੂਰਾ ਕਰਵਾਇਆ ਹੈ॥ ੧॥

*੨. ਇਸ਼ੁ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ*

ਸ੍ਰੀ ਨਾਨਕ, ਅੰਗਦ ਗੁਰੂ, ਅਮਰਦਾਸ ਪਦ ਬੰਦਿ।
ਰਾਮ ਦਾਸ, ਅਰਜਨ ਗੁਰੂ, ਬਰ ਸ੍ਰੀ ਹਰਿ ਗੋਬਿੰਦ॥ ੨॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੇਸ਼ਟ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਮੈਂ ਸਾਰੇ ਸਤਿਗੁਰਾਂ ਦੇ ਚਰਨਾਂ ਤੇ ਬੰਦਨਾ ਕਰਦਾ ਹਾਂ॥ ੨॥

ਹਰੀ ਰਾਇ, ਹਰਿ ਕ੍ਰਿਸ਼ਨ ਗੁਰ, ਤੇਗ ਬਹਾਦਰ ਚੰਦ।
ਦਸਵੇਂ ਗੋਬਿੰਦ ਸਿੰਘ ਗੁਰੂ ਨਮੋ ਚਰਨ ਅਰਵਿੰਦ॥ ੩॥

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਹੜੇ ਚੰਦ ਵਾਂਗ ਸੀਤਲ ਪ੍ਰਕਾਸ਼ ਵਾਲੇ ਹਨ, ਦਸਵੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਦਾ ਹਾਂ॥ ੩॥

*੩. ਇਸ਼ੁ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ*

ਜਿਹ ਸੱਤਾ ਲਖਿਯਤਿ ਜਗਤ ਸੋ ਨ ਪਿਖ੍ਯੋ ਕਿਮ ਜਾਇ।
ਜਿਮ ਦ੍ਰਿਗ ਤੇ ਦਿਖਿਯਤਿ ਸਕਲ ਦ੍ਰਿਗ ਨਹਿਂ ਦਿਖੀ ਕਦਾਇ॥ ੪॥

ਜਿਸ ਅਕਾਲ ਪੁਰਖ ਦੀ ਸ਼ਕਤੀ ਕਰਕੇ ਇਹ ਜਗਤ ਦਿਖਾਈ ਦਿੰਦਾ ਹੈ, ਪਰ ਉਹ ਕਿਸੇ ਤਰ੍ਹਾਂ ਵੀ ਦੇਖਿਆ ਨਹੀਂ ਜਾ ਸਕਦਾ ਹੈ, ਜਿਵੇਂ ਅੱਖਾਂ ਨਾਲ ਸਭ ਕੁਝ ਵੇਖਿਆ ਜਾ ਸਕਦਾ ਹੈ, ਪਰ ਅੱਖਾਂ ਉਸ ਅਕਾਲ ਪੁਰਖ ਨੂੰ ਨਹੀਂ ਵੇਖ ਸਕਦੀਆਂ॥ ੪॥

ਧ੍ਯਾਨਾਨੰਦ ਜੋਗੀਨ ਮਹਿ ਭੋਗੀ ਬਿਸ਼ਿਯਾਨੰਦ।
ਰਮ੍ਯੋ ਏਕ ਪਰਮਾਤਮਾ ਬਾਰ ਬਾਰ ਤਿਸ ਬੰਦਿ॥ ੫॥

ਧਿਆਨ ਦੇ ਅਨੰਦ ਵਿਚ ਮਗਨ ਜੋਗੀਆਂ ਵਿਚ ਤੇ ਵਿਸ਼ਿਆਂ ਦੇ ਅਨੰਦ ਵਿਚ ਮਗਨ ਭੋਗੀਆਂ ਵਿਚ ਜਿਹੜਾ ਇਕ ਪਰਮਾਤਮਾ ਵਿਆਪਕ ਹੈ, ਉਸ ਨੂੰ ਮੈਂ ਬਾਰ-ਬਾਰ ਬੰਦਨਾ ਕਰਦਾ ਹਾਂ॥ ੫॥

ਸ਼ੇਸ਼ ਕਥਾ ਉਚਰੌਂ ਅਬੈ ਜਿਮ ਬਿਕੁੰਠ ਗੁਰ ਜਾਇਂ।
ਪਹੁੰਚਹਿਂ ਅਬਚਲ ਨਗਰ ਮਹਿਂ, ਸੁਨਿ ਸ੍ਰੋਤਾ ਚਿਤ ਲਾਇ॥ ੬॥

ਬਾਕੀ ਦੀ ਕਥਾ ਹੁਣ ਮੈਂ ਉਚਾਰਨ ਕਰਦਾ ਹਾਂ, ਜਿਵੇਂ ਦਸਮ ਗੁਰੂ ਜੀ ਬੈਕੁੰਠ ਨੂੰ ਜਾਣਗੇ। ਜਿਵੇਂ ਪਹਿਲਾਂ ਅਬਚਲ ਨਗਰ ਵਿਚ ਪਹੁੰਚਣਗੇ। ਹੇ ਸ੍ਰੋਤਾ ਗਨ! ਇਹ ਸਾਰੀ ਕਥਾ ਚਿੱਤ ਲਾ ਕੇ ਸੁਣੋ॥ ੬॥

ਚੌਪਈ- ਬਰਖਾ ਬਰਖਤਿ ਬਿਤਜੋ ਚੁਮਾਸਾ। ਨਗਰ ਆਗਰੇ ਸ੍ਰੀ ਗੁਰ ਬਾਸਾ।
ਸ਼ਾਹਬਹਾਦਰ ਭਾਖਿ ਪਠਾਯੋ। 'ਰਜਪੂਤਨ ਪਰ ਚਾਹਤਿ ਜਾਯੋ॥ ੭॥

ਵਰਖਾ ਦੇ ਹੁੰਦਿਆਂ ਹੀ ਚੁਮਾਸਾ ਬੀਤ ਗਿਆ, ਇਸ ਚੁਮਾਸੇ ਦੇ ਮੌਸਮ ਦੌਰਾਨ ਸਤਿਗੁਰੂ ਜੀ ਆਗਰੇ ਦੇ ਵਿਚ ਹੀ ਰਹੇ। ਫਿਰ ਬਹਾਦਰ ਸ਼ਾਹ ਨੇ ਕਹਿ ਕੇ ਭੇਜਿਆ, "ਮੈਂ ਰਾਜਪੂਤਾਂ ਉੱਪਰ ਚੜ੍ਹਾਈ ਕਰਨ ਵਾਸਤੇ ਜਾਣਾ ਚਾਹੁੰਦਾ ਹਾਂ॥ ੭॥

ਆਦਿ ਉਦੈ ਪੁਰਿ ਜੋ ਰਣ ਗਾਢੇ। ਮਿਲਹਿਂ ਆਨਿ ਜਿਮ, ਤਿਨ ਡਰ ਬਾਢੇ।
ਆਪ ਕ੍ਰਿਪਾ ਕਰਿ ਸੰਗ ਚਲੀਜੈ। ਦੇਸ਼ ਬਿਦੇਸ਼ਨਿ ਦਰਸ਼ਨ ਕੀਜੈ' ॥ ੮॥

ਉਦੈਪੁਰ ਆਦਿ ਵਿਕਰਾਲ ਯੁੱਧ-ਖੇਤਰ ਹਨ, ਜਦ ਉਨ੍ਹਾਂ ਦਾ ਡਰ ਵੱਧ ਜਾਵੇਗਾ ਤਾਂ ਉਹ ਆਕੇ ਮਿਲਣਗੇ। ਆਪ ਕਿਰਪਾ ਕਰਕੇ ਸਾਡੇ ਨਾਲ ਚਲੋ, ਦੇਸ਼ਾਂ ਵਿਦੇਸ਼ਾਂ ਦੇ ਦਰਸ਼ਨ ਕਰੋ'॥ ੮॥

ਸੁਨਿ ਸਤਿਗਰ ਆਇਸੁ ਫੁਰਮਾਈ। 'ਪੂਜ ਨੁਰਾਤੇ ਦੁਰਗਾ ਮਾਈ।
ਕਰਹਿਂ ਦਸਹਿਰਾ ਰੀਤਿ ਭਲੇਰੀ। ਪੁਨ ਹਮ ਚਢਹਿਂ ਲਖਹੁ ਨਹਿਂ ਦੇਰੀ॥ ੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਆਗਿਆ ਕੀਤੀ। ਨੁਰਾਤਿਆਂ ਵਿਚ ਦੁਰਗਾ ਮਾਤਾ ਦੀ ਪੂਜਾ ਕਰਕੇ ਭਲੀ ਪ੍ਰਕਾਰ ਦੁਸਹਿਰਾ ਮੰਨਾਵਾਂਗੇ, ਫਿਰ ਚੜ੍ਹ ਕੇ ਆ ਜਾਵਾਂਗੇ, ਇਸ ਵਿਚ ਕੋਈ ਦੇਰੀ ਨਾ ਸਮਝੋ॥ ੯॥

*ਨੋਟ : ਇਹ ਬਾਅਦ ਵਿਚ ਸਿੱਖ ਦਰਬਾਰਾਂ ਵਿਚ ਹਿੰਦੂ ਅਧਿਲਕਾਰਾਂ ਵਲੋਂ ਚਲਾਏ ਰਿਵਾਜ ਹਨ। ਗੁਰੂ ਜੀ ਵਲੋਂ ਚਲਾਈ ਪਰੰਪਰਾ ਕੇਵਲ ਹਥਿਆਰਾਂ ਦੀ ਪੂਜਾ ਤਕ ਸੀਮਿਤ ਸੀ।*

ਇਤਨ ਗਮਨਹੁਂ ਆਪ ਅਗਾਰੀ। ਦੇਹੁ ਤ੍ਰਾਸ ਰਜਪੂਤਨਿ ਭਾਰੀ।
ਹਮਰੋ ਮੇਲ ਹੋਹਿ ਅਗਵਾਈ। ਆਪ ਚਢਹੁ ਲੇ ਦਲ ਸਮੁਦਾਈ' ॥ ੧੦॥

ਓਨਾ ਚਿਰ ਤੁਸੀਂ ਅੱਗੇ ਚਲੋ, ਤੁਸੀਂ ਜਾ ਕੇ ਆਪਣਾ ਜੋ ਕੰਮ ਕਰਨਾ ਹੈ ਕਰੋ, ਭਾਵ ਰਾਜਪੂਤਾਂ ਨੂੰ ਭਾਰੀ ਡਰ ਪਾਓ। ਸਾਡਾ ਅੱਗੇ ਜਾ ਕੇ ਮੇਲ ਹੋਵੇਗਾ, ਆਪ ਸਾਰਾ ਦਲ ਲੈ ਕੇ ਚੜ੍ਹਾਈ ਕਰੋ'॥ ੧੦॥

ਸ਼ਾਹੁ ਪਾਸ ਤਬਿ ਜਾਇ ਬਖਾਨਾ। ਪਾਇ ਹੁਕਮ ਗੁਰ ਕੀਨਸਿ ਪਯਾਨਾ।
ਰਣਸਿੰਘੇ ਗਨ ਪਟਹ ਨਗਾਰੇ। ਸੁਤਰੀ ਆਦਿਕ ਬਾਦਿਤ ਭਾਰੇ॥ ੧੧॥

ਬਾਦਸ਼ਾਹ ਦੇ ਪਾਸ ਜਾ ਕੇ ਫਿਰ ਕਿਹਾ ਤਾਂ ਉਹ ਹੁਕਮ ਪ੍ਰਾਪਤ ਕਰਕੇ ਚਲ ਪਿਆ। ਰਣਸਿੰਘੇ, ਪਟਹ, ਨਗਾਰੇ ਅਤੇ ਊਠਾਂ ਉੱਪਰ ਲੱਦੇ ਹੋਏ ਨਗਾਰੇ ਬੜੀ ਉੱਚੀ ਆਵਾਜ਼ ਵਿਚ ਵੱਜ ਉਠੇ॥ ੧੧॥

ਏਕ ਬਾਰਿ ਬਾਜੇ ਸਮੁਦਾਏ। ਸ਼ਾਹੁ ਬਹਾਦਰ ਚਢਜੋ ਰਿਸਾਏ।
ਸਨੇ ਸਨੇ ਮੰਜ਼ਲ ਕਰਿ ਨੇਰੇ। 'ਸਤਿਗੁਰ ਮਿਲੈਂ ਆਨਿ ਸੰਗ ਮੇਰੇ' ॥ ੧੨॥

ਇਕ ਵਾਰ ਜਦ ਸਾਰੇ ਵਾਜੇ ਵੱਜ ਪਏ ਤਾਂ ਬਹਾਦਰ ਸ਼ਾਹ ਨੇ ਬੜੇ ਗੁੱਸੇ ਵਿਚ ਭਰ ਕੇ ਚੜ੍ਹਾਈ ਕਰ ਦਿੱਤੀ। ਉਹ ਸੋਚਣ ਲੱਗਾ, 'ਹੋਲੀ-ਹੋਲੀ ਨੇੜੇ ਮੰਜ਼ਲਾਂ ਕਰਕੇ, ਸਤਿਗੁਰੂ ਜੀ ਮੈਨੂੰ ਆ ਮਿਲਣਗੇ' ॥ ੧੨ ॥

ਰਜਪੂਤਨ ਕੋ ਤ੍ਰਾਸ ਉਪਾਯੋ। ਹਿਤ ਮਿਲਿਬੇ ਬਹੁ ਸਾਜ ਬਨਾਯੋ।
ਇਤ ਸਤਿਗੁਰ ਪੂਜਤਿ ਨਵਰਾਤੇ। ਚੰਦਨ ਧੂਪ ਫੂਲ ਬਹੁ ਭਾਂਤੇ ॥ ੧੩ ॥

ਰਾਜਪੂਤਾਂ ਨੇ ਬਹੁਤ ਡਰ ਉਤਪੰਨ ਕੀਤਾ ਤੇ ਮਿਲਣ ਵਾਸਤੇ ਬਹੁਤ ਸਾਜ ਬਣਾਇਆ। ਏਧਰ ਸਤਿਗੁਰੂ ਜੀ ਨਵਰਾਤੇ ਪੂਜਦੇ ਸਨ। ਚੰਦਨ, ਧੂਪ ਅਤੇ ਫੁੱਲ ਬਹੁਤ ਭਾਂਤ ਦੇ ਲੈਂਦੇ ਸਨ ॥ ੧੩ ॥

ਦੁਰਗਾ ਪਾਠ ਅਨੇਕ ਕਰੰਤੇ। ਸੌਜ ਸਕੇਲੀ ਹਮਨ ਹੁਵੰਤੇ।
ਦੀਪ ਸਮੂਹ ਘ੍ਰਿਤ ਕੇ ਬਾਰੇ। ਸ਼ਸਤ੍ਰ ਸਕੇਲਿ ਅਨੇਕ ਪ੍ਰਕਾਰੇ ॥ ੧੪ ॥

ਦੁਰਗਾ ਦੇ ਅਨੇਕਾਂ ਪਾਠ ਕਰਵਾਉਂਦੇ ਸਨ ਤੇ ਬੜੀ ਸਮੱਗਰੀ ਇਕੱਠੀ ਕੀਤੀ ਸੀ, ਜਿਸ ਨਾਲ ਹਵਨ ਹੁੰਦਾ ਸੀ। ਸਾਰੇ ਦੀਵੇ ਘਿਉ ਦੇ ਬਾਲੇ ਸਨ ਤੇ ਅਨੇਕਾਂ ਪ੍ਰਕਾਰ ਦੇ ਸ਼ਸਤਰ ਇਕੱਠੇ ਕੀਤੇ ਸਨ ॥ ੧੪ ॥

ਖੰਡੇ ਖੜਗ ਪ੍ਰਚੰਡ ਦੁਧਾਰੇ। ਸੈਫ, ਸਰੋਹੀ, ਜਮਧਰ ਭਾਰੇ।
ਤੋਮਰ, ਭਾਲੇ, ਸਾਂਗ ਸੁ ਢਾਲੇ। ਧੋਪ ਸੀਖਚੇ, ਚੱਕ੍ਰ ਕਰਾਲੇ ॥ ੧੫ ॥

ਖੰਡੇ, ਤਲਵਾਰਾਂ ਅਤੇ ਪ੍ਰਚੰਡ ਦੁਧਾਰੇ ਸਨ, ਸੈਫ, ਸਰੋਹੀ ਅਤੇ ਭਾਰੀ ਜਮਧਰ ਸਨ। ਨੇਜ਼ੇ, ਭਾਲੇ, ਸਾਂਗ ਅਤੇ ਢਾਲੇ ਸਨ। ਪਤਲੀਆਂ ਅਤੇ ਸਿੱਧੀਆਂ ਤਲਵਾਰਾਂ ਸਨ, ਕੁਝ ਸੀਖ ਵਾਂਗ ਸਿੱਧੀਆਂ ਤਲਵਾਰਾਂ ਸਨ, ਕੁਝ ਵਿਕਰਾਲ ਚੱਕਰ ਸਨ ॥ ੧੫ ॥

ਬਿਛੂਏ, ਖੰਜਰ, ਖਪਰੇ ਬਾਨ। ਤੁਪਕ, ਤਮਾਂਚੇ, ਧਨੁਖ ਮਹਾਨ।
ਮਹਾਂ ਬਿਲੇਖਾਨਾ ਸਤਿਗੁਰ ਕੋ। ਪੂਜਹਿਂ ਸਕਲ ਪ੍ਰੇਮੇ ਕਰਿ ਉਰ ਕੋ ॥ ੧੬ ॥

ਬਿਛੂਏ, ਖੰਜਰ, ਤਿੱਖੇ ਤੀਰ ਅਤੇ ਬਾਣ ਸਨ, ਬੰਦੂਕਾਂ, ਪਸਤੌਲ ਅਤੇ ਮਹਾਨ ਭਾਰੀ ਧਨੁੱਖ ਸਨ। ਸਤਿਗੁਰੂ ਜੀ ਪਾਸ ਸ਼ਸਤਰਾਂ ਦਾ ਵੱਡਾ ਖਜ਼ਾਨਾ ਸੀ। ਸਾਰੇ ਸ਼ਸਤਰਾਂ ਦੀ ਹਿਰਦੇ ਵਿਚ ਵੱਡਾ ਪ੍ਰੇਮ ਧਾਰ ਕੇ ਪੂਜਾ ਕੀਤੀ ॥ ੧੬ ॥

ਭੋਜਨ ਅਨਿਕ ਪ੍ਰਕਾਰ ਕਰਾਏ। ਪੂਰੀ ਪੰਚਾਂਮ੍ਰਿਤ ਬਰਤਾਏ।
ਜੈ ਜੈ ਸ਼ਬਦ ਉਚਾਰਨ ਕਰਿਤੇ। ਬੰਦ ਗੌਰਜਾ ਕੋ ਮੁਦ ਧਰਤੇ ॥ ੧੭ ॥

ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ, ਪੂਰੀਆਂ ਅਤੇ ਕੜਾਹ ਪ੍ਰਸ਼ਾਦਿ ਵਰਤਾਏ। ਜੈ ਜੈ ਸ਼ਬਦ ਉਚਾਰਨ ਕਰਦੇ ਸਨ, ਦਿਲ ਵਿਚ ਪ੍ਰਸੰਨਤਾ ਧਾਰ ਕੇ ਗੋਰਜਾ ਨੂੰ ਬੰਦਨਾ ਕਰਦੇ ਸਨ ॥ ੧੭ ॥

*ਨੋਟ : ਭਾਈ ਵੀਰ ਸਿੰਘ ਜੀ ਲਿਖਦੇ ਹਨ, "ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ" "ਤੁਮਹਿ ਛਾਡਿ ਕੋਈ ਅਵਰ ਨ ਧਯਾਊਂ" ਇਹ ਪ੍ਰਤੱਗਿਆ ਪੂਰਬਕ ਵਾਕ ਆਖਣ ਵਾਲੇ ਪਾਰਬਤੀਆਂ ਨੂੰ ਕਦ ਧਿਆਉਂਦੇ ਹਨ ?*

ਪੁਨਿਹ ਦਸਹਿਰਾ ਕੋ ਦਿਨ ਹੋਵਾ। ਹਯ ਸ਼ਿੰਗਾਰਜੋ ਅੱਗ੍ਰ ਖਰੋਵਾ।
ਕਰਿ ਵਾਹਨ ਕੀ ਪੂਜਾ ਭਲੇ। ਵਹਿਰ ਖੇਲਿਬੇ ਹਿਤ ਚਢਿ ਚਲੇ ॥ ੧੮ ॥

ਫਿਰ ਦੁਸਹਿਰੇ ਦਾ ਦਿਨ ਆ ਗਿਆ, ਘੋੜਾ ਸ਼ਿੰਗਾਰ ਕੇ ਅੱਗੇ ਖੜਾ ਕੀਤਾ, ਸਵਾਰੀ ਦੀ ਭਲੀ ਪ੍ਰਕਾਰ ਪੂਜਾ ਕਰਕੇ, ਬਾਹਰ ਸ਼ਿਕਾਰ ਖੇਡਣ ਵਾਸਤੇ ਸਵਾਰ ਹੋ ਕੇ ਚਲ ਪਏ ॥ ੧੮ ॥

ਬਿਚਰਤਿ ਆਯੁਧ ਬਿੱਦਜਾ ਕਰਿਤੇ। ਤੁਰੰਗ ਧਵਾਇ ਤੁਫੰਗ ਸੰਭਰਿਤੇ।
ਛੋਰਤਿ ਬਾਨ ਨਿਸ਼ਾਨਾ ਹਨਤੇ। ਤੋਮਰ ਦੀਹ ਭ੍ਰਮਾਵੈਂ ਤਨਿਤੇ ॥ ੧੯ ॥

ਜੰਗਲ ਵਿਚ ਫਿਰਦੇ ਸ਼ਸਤਰ ਚਲਾਉਣ ਦੀ ਵਿਦਿਆ ਦਾ ਅਭਿਆਸ ਕਰਦੇ ਸਨ, ਘੋੜਾ ਭਜਾ ਕੇ ਬੰਦੂਕ ਸੰਭਾਲਦੇ ਸਨ। ਧਨੁੱਖ ਬਾਣ ਛੱਡ ਕੇ ਨਿਸ਼ਾਨਾ ਮਾਰਦੇ ਸਨ ਤੇ ਬਾਹਾਂ ਨਾਲ ਨੇਜ਼ੇ ਨੂੰ ਬਹੁਤ ਭਵਾਉਂਦੇ ਸਨ॥ ੧੯॥

ਖਗਪਤਿ ਦਰਸ਼ਨ ਕਰਿ ਮੁਰਿ ਆਏ। ਜਥਾ ਜੋਗ ਉਤਸਾਹ ਬਨਾਏ।
ਇਸ ਪ੍ਰਕਾਰ ਕੇ ਕਰੇ ਬਿਲਾਸੇ। ਬਾਗ ਅਜਾਇਬ ਸਾਹਿਬ ਬਾਸੇ॥ ੨੦॥

ਗਰੁੜ ਦੇ ਦਰਸ਼ਨ ਕਰਕੇ ਫਿਰ ਮੁੜ ਆਏ, ਯਥਾ-ਯੋਗ ਉਤਸ਼ਾਹ ਬਣਾਉਂਦੇ ਸਨ। ਇਸ ਪ੍ਰਕਾਰ ਅਨੰਦ ਵਿਲਾਸ ਕਰਦੇ ਸਨ। ਅਜਾਇਬ ਬਾਗ਼ ਵਿਚ ਸਤਿਗੁਰੂ ਜੀ ਰਹਿੰਦੇ ਸਨ॥ ੨੦॥

ਦਿਵਸ ਤ੍ਰੋਦਸੀ ਕੋ ਪੁਨ ਆਯੋ। 'ਕੂਚ ਕਰੋ' ਸ਼੍ਰੀ ਮੁਖ ਫੁਰਮਾਯੋ।
ਬਸਤ੍ਰ ਸ਼ਸਤ੍ਰ ਸਜਿਕੈ ਬਿਧਿ ਨਾਨਾ। ਹੋਇ ਤਯਾਰ ਪ੍ਰਭੁ ਚਹਿਸ ਪਯਾਨਾ॥੨੧॥

ਫਿਰ ਤ੍ਰੋਦਸੀ ਦਾ ਦਿਨ ਆ ਗਿਆ, "ਕੂਚ ਕਰੋ", ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ। ਵਸਤਰ ਸ਼ਸਤਰ ਕਈ ਵਿਧੀਆਂ ਨਾਲ ਸਜਾਏ ਤੇ ਤਿਆਰ ਹੋ ਕੇ ਸਤਿਗੁਰੂ ਚਲਣਾ ਚਾਹੁੰਦੇ ਸਨ॥ ੨੧॥

ਸੁਨਿ ਸੁਧਿ ਨਗਰ ਆਗਰੇ ਸੰਗਤਿ। ਦਰਸ਼ਨ ਹਿਤ ਉਮਡੇ ਕਰਿ ਪੰਗਤਿ।
ਲੇ ਅਕੋਰ ਕਰ ਜੋਰਤਿ ਮਿਲੇ। ਖੁਸ਼ੀ ਲਈ ਸਤਿਗੁਰ ਕੀ ਭਲੇ॥ ੨੨॥

ਜਦ ਆਗਰੇ ਦੀ ਸੰਗਤ ਨੇ ਗੁਰੂ ਜੀ ਦੇ ਜਾਣ ਬਾਰੇ ਖ਼ਬਰ ਸੁਣੀ ਤਾਂ ਦਰਸ਼ਨ ਕਰਨ ਵਾਸਤੇ ਸਾਰੇ ਲਾਈਨਾਂ ਬਣਾ ਕੇ ਉਮਡ ਪਏ। ਉਪਹਾਰ ਲੈ ਕੇ ਹੱਥ ਜੋੜ ਕੇ ਮਿਲੇ ਤਾਂ ਭਲੀ ਪ੍ਰਕਾਰ ਸਤਿਗੁਰੂ ਜੀ ਦੀ ਖ਼ੁਸ਼ੀ ਲਈ॥ ੨੨॥

'ਦਰਸ਼ਨ ਤੇ ਨਿਹਾਲ ਹਮ ਭਏ। ਜਨਮ ਜਨਮ ਕੇ ਪਾਪਨਿ ਛਏ।
ਪੂਰਬ ਭਾਗ ਬਿਸ਼ੇਖੇ ਦੇਖੇ। ਮਾਨੁਖ ਤਨ ਸਗਰੇ ਅਵਰੇਖੇ'॥ ੨੩॥

ਸਿੱਖ ਕਹਿਣ ਲੱਗੇ, "ਦਰਸ਼ਨ ਕਰਕੇ ਅਸੀਂ ਨਿਹਾਲ ਹੋ ਗਏ ਹਾਂ, ਜਨਮਾਂ-ਜਨਮਾਂ ਦੇ ਅਸੀਂ ਪਾਪ ਗਵਾ ਲਏ ਹਨ। ਅਸੀਂ ਆਪਣੇ ਚੰਗੇ ਭਾਗ ਜਾਣੇ ਹਨ। ਸਾਰਿਆਂ ਨੇ ਮਨੁੱਖ ਸਰੀਰ ਵਿਚ ਆਪ ਜੀ ਦੇ ਦਰਸ਼ਨ ਕੀਤੇ ਹਨ"॥ ੨੩॥

ਲਗੇ ਉਪਾਇਨ ਕੇ ਅੰਬਾਰ। ਦੇ ਦਰਸ਼ਨ ਪ੍ਰਭੁ ਭੇ ਅਸਵਾਰ।
ਡੇਰਾ ਕਰਯੋ ਤਾਲ ਪਰ ਜਾਇ। ਸੰਗ ਖਾਲਸਾ ਦਲ ਸਮੁਦਾਇ॥ ੨੪॥

ਉਪਹਾਰਾਂ ਦੇ ਅੰਬਾਰ ਲੱਗ ਗਏ, ਫਿਰ ਦਰਸ਼ਨ ਦੇ ਕੇ ਸਤਿਗੁਰੂ ਜੀ ਘੋੜੇ ਉੱਪਰ ਸਵਾਰ ਹੋ ਗਏ। ਫਿਰ ਸਤਿਗੁਰੂ ਜੀ ਨੇ ਸਰੋਵਰ ਉੱਪਰ ਜਾ ਕੇ ਡੇਰਾ ਕੀਤਾ, ਸਾਰਾ ਖਾਲਸਾ ਸਤਿਗੁਰੂ ਜੀ ਦੇ ਨਾਲ ਸੀ॥ ੨੪॥

ਖਾਨ ਪਾਨ ਕਰਿ ਨਿਸਾ ਗੁਜ਼ਾਰੀ। ਭਈ ਪ੍ਰਾਤਿ ਅਸਵਾਰੀ।
ਤੀਨ ਚਾਰ ਮੰਜ਼ਲ ਕਰਿ ਦੀਹਾ। ਮਿਲੇ ਆਨਿ ਨੌਰੰਗ ਸੁਤ ਜੀਹਾ॥ ੨੫॥

ਖਾ ਪੀ ਕੇ ਰਾਤ ਗੁਜ਼ਾਰੀ, ਜਦ ਸਵੇਰ ਹੋਈ ਤਾਂ ਫਿਰ ਘੋੜੇ ਉੱਪਰ ਸਵਾਰ ਹੋ ਗਏ। ਤਿੰਨ ਚਾਰ ਬਹੁਤ ਵੱਡੀਆਂ-ਵੱਡੀਆਂ ਮੰਜ਼ਲਾਂ ਕੀਤੀਆਂ ਤੇ ਫਿਰ ਉਥੇ ਆ ਮਿਲੇ ਜਿਥੇ ਨੌਰੰਗੇ ਦਾ ਪੁੱਤਰ ਬਹਾਦਰ ਸ਼ਾਹ ਸੀ॥ ੨੫॥

ਘੇਰ ਅਮੇਰ ਲੀਨ ਤਬਿ ਸ਼ਾਹੂ। ਆਨਿ ਮਨਾਇ ਅਪਨਿ ਤਿਨ ਪਾਹੂ।
ਗਏ ਜੋਧਪੁਰਿ ਕੋ ਪੁਨ ਡੇਰੇ। ਮਿਲਯੋ ਅਜੀਤ ਸਿੰਘ ਬਲਿ ਹੇਰੇ॥ ੨੬॥

ਬਾਦਸ਼ਾਹ ਨੇ ਫਿਰ ਜੈਪੁਰ ਰਿਆਸਤ ਦੀ ਪਹਿਲੀ ਰਾਜਧਾਨੀ ਅੰਬੇਰ ਨੂੰ ਘੇਰ ਲਿਆ ਸੀ, ਫਿਰ ਉਨ੍ਹਾਂ ਪਾਸੋਂ ਆਪਣੀ ਈਨ ਮਨਾ ਕੇ ਫਿਰ ਜੋਧਪੁਰ ਨੂੰ ਚਲੇ ਗਿਆ। ਫਿਰ ਮਾਰਵਾੜ ਦਾ ਰਾਜਾ ਅਜੀਤ ਸਿੰਘ ਬਾਦਸ਼ਾਹ ਦੀ ਸ਼ਕਤੀ ਵੇਖ ਕੇ ਬਹਾਦਰ ਸ਼ਾਹ ਨੂੰ ਉਸ ਦੇ ਡੇਰੇ ਆ ਕੇ ਮਿਲਿਆ॥ ੨੬॥

ਹੁਤੋ ਸੰਗ ਭੀ ਦਈ ਅਕੋਰ। ਦ੍ਵੈ ਕਰ ਜੋਰਿ ਗਰਬ ਕੋ ਛੋਰਿ।
ਚਲਜੋ ਸ਼ਾਹੁ ਲੇ ਲਸ਼ਕਰ ਭਾਰੀ। ਮੇੜਤੇਸ਼ ਮਿਲਿ ਪਰਜੋ ਅਗਾਰੀ॥ ੨੭॥

ਦੋਵੇਂ ਹੱਥ ਜੋੜ ਕੇ ਅਤੇ ਘੁਮੰਡ ਛੱਡ ਕੇ ਸਤਿਗੁਰੂ ਜੀ ਨੂੰ ਉਪਹਾਰ ਅਰਪਣ ਕੀਤੇ। ਫਿਰ ਬਾਦਸ਼ਾਹ ਭਾਰੀ ਲਸ਼ਕਰ ਲੈ ਕੇ ਅੱਗੇ ਚਲ ਪਿਆ। ਅੱਗੇ ਜਾ ਕੇ ਮੇਰਤਾ ਨਗਰ ਦਾ ਰਾਜਾ ਆ ਮਿਲਿਆ॥ ੨੭॥

ਬਹੁੜ ਚਿਤੌੜ ਦਿਸ਼ਾ ਚਢਿ ਚਾਲਾ। ਪਰੀ ਧਾਂਕ ਤਿਸ ਦੇਸ਼ ਬਿਸਾਲਾ।
ਰਾਣੇ ਅਰੁ ਰਾਜੇ ਰਜਪੂਤ। ਮਿਲੇ ਸਕਲ ਹੀ ਪਠਿ ਪਠਿ ਦੂਤ॥ ੨੮॥

ਫਿਰ ਚਿਤੌੜ ਵਾਲੇ ਪਾਸੇ ਚੜ੍ਹ ਕੇ ਚਲ ਪਿਆ, ਉਸ ਦੇਸ਼ ਵਿਚ ਬਾਦਸ਼ਾਹ ਦੀ ਵੱਡੀ ਧਾਂਕ ਬੈਠ ਗਈ। ਰਾਣੇ ਅਤੇ ਰਾਜਪੂਤ ਰਾਜੇ ਆਪਣੇ ਦੂਤ ਭੇਜ ਕੇ ਸਾਰੇ ਹੀ ਮਿਲੇ॥ ੨੮॥

ਸਿੰਘ ਕਿਤੇਕ ਦੇਖਿਬੇ ਹੇਤੁ। ਗਏ ਚਿਤੌੜ ਬਿਖੈ ਲਖਿ ਭੇਤ।
ਤ੍ਰਿਣ ਸ਼ੁਭ ਹੇਰੇ ਲਏ ਉਠਾਇ। ਉਤ ਕੇ ਨਰ ਆਏ ਸਮੁਦਾਇ॥ ੨੯॥

ਕਈ ਸਿੰਘ ਵੇਖਣ ਵਾਸਤੇ, ਭੇਦ ਸਮਝ ਕੇ ਚਿਤੌੜ ਵੇਖਣ ਗਏ। ਜਿੱਥੇ ਚੰਗਾ ਘਾਹ ਵੇਖਿਆ ਚੁਕ ਲਿਆ, ਓਧਰ ਦੇ ਮਨੁੱਖ ਇਕੱਠੇ ਹੋ ਕੇ ਆਏ॥ ੨੯॥

ਸੋ ਨਹਿੰ ਦੇਤਿ ਸਿਘ ਤ੍ਰਿਣ ਲੇਤਿ। ਬਸਜੋ ਬਾਦ ਹ੍ਵੈਗੋ ਰਣ ਖੇਤ।
ਚਲੀ ਤੁਫੰਗਹਿੰ ਦੁਹਿੰਦਿਸ਼ਿ ਕੇਰੀ। ਹਲਾਹਲੀ ਮਾਚੀ ਤਿਸ ਬੇਰੀ॥ ੩੦॥

ਉਹ ਘਾਹ ਦਿੰਦੇ ਨਹੀਂ ਸਨ, ਸਿੰਘ ਘਾਹ ਲੈਂਦੇ ਸਨ, ਝਗੜਾ ਹੋ ਗਿਆ ਤੇ ਉਥੇ ਲੜਾਈ ਹੋ ਗਈ। ਦੋਹਾਂ ਪਾਸਿਆਂ ਤੋਂ ਬੰਦੂਕਾਂ ਚਲੀਆਂ ਤੇ ਉਸ ਸਮੇਂ ਵੱਡਾ ਰੌਲਾ ਮਚ ਗਿਆ॥ ੩੦॥

ਛੁਟੇ ਤੀਰ ਗੋਰੀ ਸਮੁਦਾਇ। ਮਚਜੋ ਰੌਰ ਸੁਨਿ ਕੈ ਤਿਸ ਥਾਇਂ।
ਮਿਲਿ ਰਜਪੂਤ ਘਨੈ ਹੁਇ ਆਏ। ਗਹਿ ਆਯੁਧ ਸਿੰਘਨਿ ਪਰ ਧਾਏ॥ ੩੧॥

ਗੋਲੀਆਂ ਅਤੇ ਤੀਰ ਬਹੁਤ ਚਲੇ। ਰੌਲਾ ਮੱਚਿਆ ਸੁਣ ਕੇ, ਬਹੁਤ ਰਾਜਪੂਤ ਇਕੱਠੇ ਹੋ ਕੇ ਆਏ। ਉਨ੍ਹਾਂ ਹਥਿਆਰ ਫੜ ਕੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ॥ ੩੧॥

ਇਤਿ ਸਤਿਗੁਰ ਸੁਨਿ ਕੈ ਬਡ ਰੌਰਾ। ਪਠਜੋ ਖਾਲਸਾ ਗਨ ਤਿਸ ਠੌਰਾ।
ਦੁਹਿ ਦਿਸ਼ਿ ਮਿਲੇ ਆਨਿ ਗਨ ਜੋਧਾ। ਦੇਖਿ ਜੁੱਧ ਵਧਿ ਉਪਜਜੋ ਕ੍ਰੋਧਾ॥ ੩੨॥

ਏਧਰ ਸਤਿਗੁਰੂ ਜੀ ਨੇ ਵੱਡਾ ਰੌਲਾ ਸੁਣ ਕੇ, ਬਹੁਤ ਖਾਲਸਾ ਉਸ ਪਾਸੇ ਭੇਜਿਆ। ਦੋਵੀਂ ਪਾਸੀਂ ਬਹੁਤ ਜੋਧੇ ਆ ਮਿਲੇ, ਯੁੱਧ ਵੇਖ ਬਹੁਤ ਕ੍ਰੋਧ ਪ੍ਰਗਟ ਹੋਇਆ॥ ੩੨॥

ਤੜਾਭੜੀ ਤੁਪਕਨ ਕੀ ਮਾਚੀ। ਲਗਹਿ ਅੰਗ ਸ਼੍ਰੋਣਤਿ ਰਜ ਰਾਚੀ।
ਫੂਟੇ ਮੂੰਡ ਰਿਦੇ ਗਿਰ ਪਰੇ। ਮਰਿ ਮਰਿ ਸੁਰਗ ਪਯਾਨੋ ਕਰੇ॥ ੩੩॥

ਬੰਦੂਕਾਂ ਦੀ ਤੜਤੜ ਮੱਚ ਗਈ। ਗੋਲੀਆਂ ਸਰੀਰਾਂ ਨੂੰ ਲੱਗਦੀਆਂ ਸਨ ਤੇ ਖ਼ੂਨ ਵੱਗ ਕੇ ਧੂੜ ਵਿਚ ਰਚ ਜਾਂਦਾ ਸੀ। ਜਿਨ੍ਹਾਂ ਦੇ ਸਿਰ ਅਤੇ ਹਿਰਦੇ ਪਾਟ ਗਏ, ਉਹ ਧਰਤੀ 'ਤੇ ਡਿੱਗ ਪਏ ਤੇ ਮਰ ਮਰ ਕੇ ਸਵਰਗਾਂ ਵਿਚ ਚਲੇ ਗਏ॥ ੩੩॥

ਸਿੰਘ ਹੇਲ ਘਾਲਹਿੰ ਲੇਂ ਘਾਸ। ਸੋ ਨਹਿੰ ਦੇਤਿ ਖਰੇ ਦਿਢ ਪਾਸ।
ਜਾਮ ਏਕ ਲੌ ਜੰਗ ਮਚਾਯੋ। ਪੁੰਜ ਤੁਫੰਗਨਿ ਸ਼ਬਦ ਉਠਾਯੋ॥ ੩੪॥

ਸਿੰਘ ਘਾਹ ਲੈਣ ਵਾਸਤੇ ਹਮਲਾ ਕਰਦੇ ਸਨ, ਉਹ ਲੈਣ ਨਹੀਂ ਸੀ ਦਿੰਦੇ, ਬੜੀ ਦ੍ਰਿੜ੍ਹਤਾ ਨਾਲ ਪਾਸ ਖੜੇ ਸਨ। ਇਕ ਪਹਿਰ ਤਕ ਜੰਗ ਮਚਾਇਆ। ਬਹੁਤ ਬੰਦੂਕਾਂ ਚੱਲਣ ਦੀ ਆਵਾਜ਼ ਪੈਦਾ ਹੋ ਰਹੀ ਸੀ॥ ੩੪॥

ਤਬਿ ਸਿੰਘਨ ਰੋਪਯੋ ਪਗ ਆਗੇ। ਬ੍ਰਿੰਦ ਪਲੀਤੇ ਇਕਠੇ ਦਾਗੇ।
ਲਗੀ ਕਿਤਿਕ ਸ਼ੱਤ੍ਰਨਿ ਕੇ ਗੋਰੀ। ਦੜ ਦੜ ਗਿਰੇ ਦੇਹਿ ਗਨ ਫੋਰੀ॥ ੩੫॥

ਫਿਰ ਸਿੰਘਾਂ ਨੇ ਕ੍ਰੋਧ ਵਿਚ ਪੈਰ ਅੱਗੇ ਰੱਖੇ, ਬਹੁਤ ਪਲੀਤੇ ਇਕੱਠੇ ਹੀ ਦਾਗੇ। ਕਈ ਵੈਰੀਆਂ ਨੂੰ ਗੋਲੀਆਂ ਲੱਗੀਆਂ। ਉਹ ਦੜਦੜ ਕਰਕੇ ਡਿੱਗ ਪਏ ਤੇ ਕਈਆਂ ਦੇ ਸਰੀਰ ਫੱਟ ਗਏ॥ ੩੫॥

ਦੇਖਿ ਤ੍ਰਾਸ ਕਰਿ ਭਾਗ ਸਿਧਾਏ। ਸਿੰਘ ਉਠਾਇ ਘਾਸ ਗਨ ਲ੍ਯਾਏ।
ਸ੍ਰੀ ਗੁਰ ਹੇਰਿ ਤਿਨਹੁਂ ਸਮਝਾਯੋ। 'ਬਿਨਾ ਕਹੇ ਕਿਮ ਜੰਗ ਮਚਾਯੋ ?॥ ੩੬॥

ਫਿਰ ਉਹ ਵੇਖ ਕੇ ਡਰ ਕੇ ਭੱਜ ਗਏ, ਸਿੰਘ ਬਹੁਤ ਘਾਹ ਚੁੱਕ ਕੇ ਲਿਆਏ। ਸਤਿਗੁਰੂ ਜੀ ਨੇ ਵੇਖ ਕੇ ਉਨ੍ਹਾਂ ਨੂੰ ਸਮਝਾਇਆ। "ਕਹਿਣ ਤੋਂ ਬਗ਼ੈਰ ਤੁਸੀਂ ਕਿਵੇਂ ਜੰਗ ਮਚਾਇਆ ?॥ ੩੬॥

ਗਏ ਬਿਲੋਕਨ ਥਾਨ ਚਿਤੌਰ। ਬਿਨ ਮਰਜ਼ੀ ਹਮਰੀ ਕਿਯ ਰੌਰ।
ਨਹਿਂ ਆਗੇ ਤੁਮ ਕੀਜੈ ਐਸੇ। ਬਿਚ ਬਿਦੇਸ਼ ਰਣ ਠਾਨਤਿ ਜੈਸੇ॥ ੩੭॥

ਤੁਸੀਂ ਚਿਤੌੜ ਦਾ ਸਥਾਨ ਵੇਖਣ ਗਏ ਸੀ, ਸਾਡੀ ਮਰਜ਼ੀ ਬਗ਼ੈਰ ਕਿਵੇਂ ਰੌਲਾ ਮਚਾਇਆ ਹੈ। ਅੱਗੇ ਤੋਂ ਐਸਾ ਕਦੀ ਨਾ ਕਰੋ, ਜਿਵੇਂ ਵਿਦੇਸ਼ ਵਿਚ ਜਾ ਕੇ ਯੁੱਧ ਕਰਦੇ ਹੋ॥ ੩੭॥

ਸੁਭਟ ਹਜ਼ਾਰਹੁਂ ਹੋਤਿ ਸਕੇਲਾ। ਘੇਰ ਲੇਤਿ ਤੁਮਿ ਕੋ ਕਰਿ ਹੇਲਾ।
ਕੋ ਸਹਾਇ ਹੋ ਤਹਾਂ ਬਚਾਵਤਿ। ਪਹਿਲੇ ਹੀ ਸੰਘਰ ਕਰਿ ਘਾਵਤਿ'॥ ੩੮॥

ਹਜ਼ਾਰਾਂ ਸੂਰਬੀਰਾਂ ਨੂੰ ਇਕੱਠਿਆਂ ਕਰਕੇ ਉਹ ਹਮਲਾ ਕਰਕੇ ਤੁਹਾਨੂੰ ਘੇਰ ਲੈਂਦੇ। ਫਿਰ ਕੌਣ ਤੁਹਾਡੀ ਸਹਾਇਤਾ ਕਰਕੇ ਬਚਾਉਂਦਾ। ਪਹਿਲਾਂ ਹੀ ਸੰਘਰਸ਼ ਕਰਕੇ ਮਾਰ ਦਿੰਦੇ'॥ ੩੮॥

ਇੱਤਜਾਦਿਕ ਸਮੁਝਾਇ ਟਿਕਾਏ। ਕਿਸਹੂੰ ਨਰ ਤੇ ਗੁਰ ਸੁਨਿ ਪਾਏ।
'ਆਗੇ ਬਿਖਮ ਸਥਾਨ ਦੁਖਾਲਾ। ਮਗ ਬਿਹੀਨ ਤਹਿਂ ਜਾਇ ਨ ਚਾਲਾ॥ ੩੯॥

ਇਸ ਪ੍ਰਕਾਰ ਸਮਝਾ ਕੇ ਟਿਕਾਅ ਦਿੱਤੇ। ਕਿਸੇ ਮਨੁੱਖ ਪਾਸੋਂ ਗੁਰੂ ਜੀ ਨੇ ਸੁਣਿਆ, "ਅੱਗੇ ਬੜਾ ਦੁਖਦਾਇਕ ਮੁਸ਼ਕਲ ਸਥਾਨ ਹੈ, ਉਹ ਰਸਤੇ ਤੋਂ ਬਗ਼ੈਰ ਹੈ ਤੇ ਉਥੇ ਚਲਿਆ ਨਹੀਂ ਜਾ ਸਕਦਾ ਹੈ॥ ੩੯॥

ਗਿਰ ਕਾਨਨ ਦੁਖਦਾਯਕ ਘਨੇ। ਤਹਾਂ ਪਯਾਨ ਨ ਕਯੋਂ ਹੂੰ ਬਨੇ'।
ਤਬਿ ਸਤਿਗੁਰ ਉਤ ਤੇ ਹਟਿ ਪਰੇ। ਜਿਤ ਮਗ ਸੁਨਯੋ ਹੁਤੋ ਸੁਖ ਕਰੇ॥ ੪੦॥

ਪਹਾੜ ਜੰਗਲ ਬੜੇ ਦੁਖਦਾਈ ਹਨ, ਉਥੇ ਚਲਣਾ ਕਿਸੇ ਤਰ੍ਹਾਂ ਵੀ ਨਹੀਂ ਬਣਦਾ ਹੈ।" ਫਿਰ ਸਤਿਗੁਰੂ ਜੀ ਉਧਰੋਂ ਵਾਪਸ ਆ ਗਏ, ਜਿਸ ਪਾਸੇ ਸੁਣਿਆ ਸੀ ਕਿ ਸੌਖਾ ਰਾਹ ਹੈ॥ ੪੦॥

ਤਿਤ ਹੀ ਦਿਸ਼ ਕੋ ਕੀਨ ਪਯਾਨਾ। ਸਨੇ ਸਨੇ ਪਹੁਂਚੇ ਤਿਸ ਥਾਨਾ।
ਨਦੀ ਨਰਬਦਾ ਤਟ ਬਡ ਹੇਰਾ। ਉਤਰਯੋ ਸ਼ਾਹੁ ਬਹਾਦਰ ਹੇਰਾ॥ ੪੧॥

ਉਸ ਪਾਸੇ ਵੱਲ ਸਤਿਗੁਰੂ ਜੀ ਚਲ ਪਏ, ਹੌਲੀ-ਹੌਲੀ ਉਸ ਸਥਾਨ ਪਹੁੰਚ ਗਏ। ਨਰਬਦਾ ਨਦੀ ਦਾ ਵੱਡਾ ਕਿਨਾਰਾ ਵੇਖਿਆ, ਉਥੇ ਬਹਾਦਰ ਸ਼ਾਹ ਨੂੰ ਵੀ ਉਤਰਿਆ ਵੇਖਿਆ॥ ੪੧॥

*ਦੂਸਰੇ ਐਨ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥*

# ਅਧਿਆਇ ਦੂਸਰਾ

*ਮਾਨ ਸਿੰਘ ਦਾ ਸ਼ਹੀਦ ਹੋਣਾ, ਬੁਰਹਾਨ ਪੁਰ ਪੁੱਜਣਾ*

ਦੋਹਰਾ- ਸਾਹਿਬ ਪਹੁੰਚੇ ਨਦੀ ਤਟ ਸਿਵਰ ਕਰਜੋ ਸੁਭ ਥਾਨ।
ਸਿੰਘ ਰਹੇ ਪਾਛੇ ਕਿਤਿਕ ਧਰੇ ਤੁਫੰਗ ਕਮਾਨ॥ ੧॥

ਸਤਿਗੁਰੂ ਜੀ ਨਦੀ ਕਿਨਾਰੇ ਪਹੁੰਚ ਗਏ ਤੇ ਸ਼ੁਭ ਸਥਾਨ ਵੇਖ ਕੇ ਉਥੇ ਡੇਰਾ ਕੀਤਾ। ਸਿੰਘ ਪਿੱਛੇ ਰਹਿ ਗਏ, ਕਈਆਂ ਨੇ ਬੰਦੂਕਾਂ ਅਤੇ ਧਨੁੱਖ ਬਾਣ ਧਾਰਨ ਕੀਤੇ ਸਨ॥ ੧॥

ਚੌਪਈ- ਘਾਸ ਲੇਨਿ ਕੇ ਹਿਤ ਬਿਰਮਾਏ। ਰੋਕਜੋ ਜਾਇ ਭਾਰ ਬੰਧਵਾਏ।
ਉਤ ਤੇ ਕੁਛ ਦਲ ਸੁਭਟ ਘਨੇਰੇ। ਹੁਤੇ ਸ਼ਾਹੁ ਕੇ ਪਿਖਜੋ ਬਡੇਰੇ॥ ੨॥

ਸਿੰਘ ਘਾਹ ਲੈਣ ਵਾਸਤੇ ਭਰਮ ਗਏ। ਉਧਰ ਜਾ ਕੇ ਇਕ ਘਾਹ ਦੀ ਪੰਡ ਵਾਲੇ ਨੂੰ ਰੋਕਿਆ। ਉਧਰ ਸ਼ਾਹੀ ਸੈਨਾਂ ਦੇ ਬਹੁਤ ਸੂਰਬੀਰ ਸਨ, ਉਨ੍ਹਾਂ ਨੇ ਆਪਣੇ ਆਪ ਨੂੰ ਬਾਦਸ਼ਾਹ ਦੇ ਸੈਨਿਕ ਜਾਣ ਕੇ ਵੱਡੇ ਜਾਣਿਆ॥ ੨॥

ਕਹੇ ਸੁ 'ਹਮ ਲੀਨੇ ਤ੍ਰਿਣ ਘਨੇ। ਤੁਮ ਕੈਸੇ ਮਾਲਕ ਅਬਿ ਬਨੇ'।
ਕਿਤਿਕ ਤੁਰਕ ਤਿਨ ਮਹਿਂ ਅਸ ਹੁਤੇ। ਜਿਨ ਸਨਬੰਧੀ ਸਿੰਘਨਿ ਹਤੇ॥ ੩॥

ਉਹ ਕਹਿਣ ਲੱਗੇ, "ਅਸੀਂ ਬਹੁਤ ਘਾਹ ਲੈਣਾ ਹੈ, ਤੁਸੀਂ ਕਿਵੇਂ ਇਸਦੇ ਆ ਮਾਲਕ ਬਣੇ ਹੋ। ਉਨ੍ਹਾਂ ਵਿਚ ਕਈ ਐਸੇ ਤੁਰਕ ਸਨ ਜਿਨ੍ਹਾਂ ਦੇ ਸੰਬੰਧੀਆਂ ਨੂੰ ਸਿੰਘਾਂ ਨੇ ਮਾਰਿਆ ਸੀ॥ ੩॥

ਆਨੰਦਪੁਰਿ ਬਡ ਜੰਗ ਮਝਾਰਾ। ਮਾਰੇ ਤਹਾਂ ਸ਼ੋਕ ਸੁਨਿ ਧਾਰਾ।
ਸਿਮਰਨ ਕਰਜੋ ਬੈਰ ਪਸ਼ਚਾਤੀ। ਹੋਤਿ ਭਏ ਆਯੁਧ ਕੇ ਘਾਤੀ॥ ੪॥

ਆਨੰਦਪੁਰ ਦੇ ਵੱਡੇ ਜੰਗ ਦੇ ਵਿਚ ਮਾਰੇ ਸਨ, ਜਿਸ ਨੂੰ ਸੁਣ ਕੇ ਉਨ੍ਹਾਂ ਵੱਡਾ ਦੁਖ ਧਾਰਨ ਕੀਤਾ ਸੀ। ਉਨ੍ਹਾਂ ਨੇ ਆਪਣਾ ਪੁਰਾਣਾ ਵੈਰ ਯਾਦ ਕੀਤਾ। ਉਹ ਹਥਿਆਰ ਚਲਾ ਕੇ ਮਾਰਨ ਲਈ ਤਿਆਰ ਹੋ ਗਏ॥ ੪॥

ਇਤ ਸਿੰਘਨ ਭੀ ਤੁਪਕ ਚਲਾਈ। ਨਾਹਕ ਹੀ ਬਜਿ ਪਰੀ ਲਰਾਈ।
ਸ੍ਰੀ ਗੁਰ ਡੇਰਾ ਕਰਿ ਸ਼ੁਭ ਥਾਏਂ। ਹੇਤੁ ਸੁਚੇਤੇ ਉਤ ਹੀ ਆਏ॥ ੫॥

ਏਧਰ ਸਿੰਘਾਂ ਵੀ ਬੰਦੂਕ ਚਲਾਈ, ਫਜ਼ੂਲ ਵਿਚ ਹੀ ਲੜਾਈ ਖੜਕ ਪਈ। ਸਤਿਗੁਰੂ ਜੀ ਨੇ ਸ਼ੁਭ ਸਥਾਨ 'ਤੇ ਡੇਰਾ ਕੀਤਾ ਸੀ, ਸੁਚੇਤੇ ਹੋਣ ਵਾਸਤੇ ਉਹ ਉਧਰ ਹੀ ਆਏ॥ ੫॥

ਲਰਹਿਂ ਸਿੰਘ ਸੁਨਿਕੈ ਪ੍ਰਭੁ ਕਾਨ। ਮਾਨ ਸਿੰਘ ਭੇਜਜੋ ਤਿਸ ਥਾਨ।
'ਦੋਨਹੁਂ ਦਿਸ਼ਿ ਸਮੁਝਾਇ ਹਟਾਵੋ। ਕਜੋਂ ਨਾਹਕ ਲਰਿ ਪ੍ਰਾਨ ਗੁਵਾਵੋ॥ ੬॥

ਜਦ ਸਤਿਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਮਾਨ ਸਿੰਘ ਨੂੰ ਉਸ ਸਥਾਨ ਵਿਖੇ ਭੇਜਿਆ ਤੇ ਉਸ ਨੂੰ ਕਿਹਾ, "ਦੋਵੇਂ ਪਾਸੇ ਸਮਝਾ ਕੇ ਹਟਾਵੋ, ਕਿਉਂ ਫਜ਼ੂਲ ਵਿਚ ਲੜ ਕੇ ਆਪਣੇ ਪ੍ਰਾਣ ਗਵਾਉਂਦੇ ਹੋ॥ ੬॥

ਅਲਪ ਬਾਤ ਪਰ ਇਤਿਕ ਬਖੇਰਾ। ਨਹਿਂ ਕੀਜੈ ਦੀਰਘ ਭਟ ਭੇਰਾ।
ਮਾਨ ਸਿੰਘ ਹਯ ਗਯੋ ਧਵਾਇ। ਕਹਿ ਦੋਨਹੁਂ ਦਿਸ਼ਿ ਦਏ ਹਟਾਇ॥ ੭॥

ਛੋਟੀ ਜਿਹੀ ਗੱਲ ਪਿੱਛੇ ਏਡਾ ਝਗੜਾ ਨਾ ਕਰੋ, ਬਹੁਤ ਸੂਰਬੀਰਾਂ ਦਾ ਭੇੜ ਹੋ ਜਾਵੇਗਾ।'' ਮਾਨ ਸਿੰਘ ਘੋੜੇ ਨੂੰ ਭਜਾ ਕੇ ਗਿਆ, ਉਸ ਨੇ ਦੋਵਾਂ ਪਾਸਿਆਂ ਨੂੰ ਕਹਿ ਕੇ ਹਟਾ ਦਿੱਤਾ॥ ੭॥

'ਗੁਰੂ ਸ਼ਾਹੁ ਕੋ ਮੇਲ ਬਿਸਾਲਾ। ਕਿਸ ਅਲੰਬ ਤੁਮ ਸੰਘਰ ਘਾਲਾ।
ਮਰੇ ਪਰੇ ਦੁਹਿ ਦਿਸ਼ਿ ਕੇ ਯੋਧਾ। ਘਾਸ ਹੇਤੁ ਕਜੋਂ ਕੀਨਸਿ ਕ੍ਰੋਧਾ॥ ੮॥

ਬਾਦਸ਼ਾਹ ਅਤੇ ਗੁਰੂ ਦਾ ਵੱਡਾ ਮੇਲ ਹੈ, ਕਿਸ ਦੇ ਆਸਰੇ ਤੁਸੀਂ ਲੜਾਈ ਛੇੜੀ ਹੈ। ਦੋਵਾਂ ਪਾਸਿਆਂ ਦੇ ਯੋਧੇ ਮਰੇ ਪਏ ਹਨ, ਘਾਹ ਵਾਸਤੇ ਕਿਉਂ ਏਨਾ ਕ੍ਰੋਧ ਕੀਤਾ ਹੈ'॥ ੮॥

ਇਮ ਸਮੁਝਾਇ ਸ਼ਾਂਤਿ ਵਰਤਾਈ। ਫਿਰਜੋ ਬੀਚ ਕਰਿ ਬੀਚ ਤਿਥਾਈ।
ਇਕ ਤੁਰਕਨਿ ਕੇ ਭਟ ਮਤਿਮੰਦ। ਤਿਨ ਕਰਿ ਤਜਾਰ ਤੁਫੰਗ ਬਿਲੰਦ॥ ੯॥

ਇਸ ਪ੍ਰਕਾਰ ਸਮਝਾ ਕੇ ਸ਼ਾਂਤੀ ਵਰਤਾਈ। ਉਥੇ ਵਿਚ ਫਿਰ ਕੇ ਵਿਚੋਲਗੀ ਕਰਦਾ ਰਿਹਾ। ਇਕ ਤੁਰਕਾਂ ਦੇ ਮਾੜੀ ਮੱਤ ਵਾਲੇ ਸੂਰਬੀਰ ਨੇ ਆਪਣੀ ਬੰਦੂਕ ਤਿਆਰ ਕੀਤੀ॥ ੯॥

ਮਾਨ ਸਿੰਘ ਕੋ ਤਾਕਿ ਚਲਾਈ। ਔਚਕ ਲਗੀ ਗਿਰਯੋ ਛਿਤ ਜਾਈ।
ਦੇਖਤਿ ਸਿੰਘਨਿ ਕ੍ਰੋਧ ਵਧਾਯੋ। ਭਰੀ ਤੁਫੰਗਨ ਜੰਗ ਮਚਾਯੋ॥ ੧੦॥

ਮਾਨ ਸਿੰਘ ਦਾ ਨਿਸ਼ਾਨਾ ਤੱਕ ਕੇ ਉਸ ਗੋਲੀ ਚਲਾਈ, ਅਚਾਨਕ ਗੋਲੀ ਮਾਨ ਸਿੰਘ ਨੂੰ ਲੱਗੀ ਤੇ ਉਹ ਧਰਤੀ 'ਤੇ ਡਿੱਗ ਪਿਆ। ਇਹ ਵੇਖ ਕੇ ਸਿੰਘਾਂ ਨੇ ਫਿਰ ਬਹੁਤ ਕ੍ਰੋਧ ਵਧਾਇਆ ਤੇ ਆਪਣੀਆਂ ਬੰਦੂਕਾਂ ਭਰ ਕੇ ਜੰਗ ਮਚਾ ਦਿੱਤਾ॥ ੧੦॥

ਹੇਲਾ ਘਾਲਿ ਸ਼ੱਤ੍ਰੂ ਗਨ ਮਾਰੇ। ਗਿਰੇ ਹਯਨਿ ਤੇ ਮਨਹੁਂ ਮੁਨਾਰੇ।
ਔਚਕ ਹਤਿ ਅਚਰਜ ਬਡ ਕਿਯੋ। ਕਹੌਂ ਕਹਾਂ ਦੀਰਘ ਰਣ ਭਯੋ॥ ੧੧॥

ਹਮਲਾ ਕਰਕੇ ਬਹੁਤ ਵੈਰੀ ਮਾਰੇ, ਘੋੜਿਆਂ ਉੱਪਰੋਂ ਇਸ ਪ੍ਰਕਾਰ ਡਿੱਗਦੇ ਸਨ, ਮਾਨੋਂ ਉੱਚੇ ਮੁਨਾਰੇ ਸਨ। ਅਚਾਨਕ ਮਾਰ ਕੇ ਵੱਡਾ ਅਸਚਰਜ ਕੀਤਾ। ਕਿੱਥੋਂ ਤਕ ਕਹਾਂ, ਵੱਡਾ ਯੁੱਧ ਛਿੜ ਗਿਆ॥ ੧੧॥

ਕੇਤਿਕ ਤੁਰਕ ਮਰਾਇ ਪਲਾਏ। ਸਿੰਘ ਘਾਸ ਲੇ ਕਰਿ ਸਭਿ ਆਏ।
ਮਾਨ ਸਿੰਘ ਕੋ ਮਰਨੌਂ ਸੁਨਜੋਂ। ਬਹੁ ਅਫਸੋਸ ਗੁਰੂ ਮਨ ਗਿਨਜੋਂ॥ ੧੨॥

ਕਈ ਤੁਰਕ ਮਰਵਾ ਕੇ ਭੱਜ ਗਏ, ਸਾਰੇ ਸਿੰਘ ਫਿਰ ਘਾਹ ਲੈ ਕੇ ਆਏ। ਜਦ ਸਤਿਗੁਰੂ ਜੀ ਨੇ ਮਾਨ ਸਿੰਘ ਦੇ ਮਰਨ ਬਾਰੇ ਸੁਣਿਆ ਤਾਂ ਗੁਰੂ ਜੀ ਨੇ ਮਨ ਵਿਚ ਬਹੁਤ ਅਫਸੋਸ ਕੀਤਾ॥ ੧੨॥

'ਕਹਾਂ ਕਰੀ ਮਤਿਮੰਦਨ ਬਾਤ। ਫਿਰਤ ਹਟਾਵਤਿ, ਕੀਨਸਿ ਘਾਤ।
ਮਹਾਂ ਸੂਰਮਾ ਅਰੁ ਬੁਧਿਵਾਨ। ਕਹਾਂ ਹੋਇ ਸੋ ਪ੍ਰਾਪਤਿ ਪਾਨ॥ ੧੩॥

ਉਹ ਕਹਿਣ ਲੱਗੇ, ''ਇਹ ਮਾੜੀ ਮੱਤ ਵਾਲਿਆਂ ਨੇ ਕੀ ਗੱਲ ਕੀਤੀ ਹੈ, ਜਿਹੜਾ ਵਿਚ ਫਿਰ ਕੇ ਹਟਾ ਰਿਹਾ ਸੀ, ਉਸ ਨੂੰ ਹੀ ਮਾਰ ਦਿੱਤਾ ਹੈ। ਮਾਨ ਸਿੰਘ ਮਹਾਨ ਸੂਰਮਾ ਅਤੇ ਬੁਧੀਮਾਨ ਸੀ, ਐਸਾ ਬੰਦਾ ਫਿਰ ਹੱਥ ਵਿਚ ਕਿਥੋਂ ਪ੍ਰਾਪਤ ਹੋਵੇਗਾ॥ ੧੩॥

ਕੌਨ ਕੌਨ ਗੁਨ ਸਿਮਰੈਂ ਤਾਂਹੀ। ਸਭਿ ਕਾਰਜ ਮਹਿਂ ਸੁਭ ਮਤਿ ਜਾਂਹੀ।
ਪੁਰਿ ਅਨੰਦ ਚਮਕੌਰ ਮਝਾਰਾ। ਲਰਿ ਕਰਿ ਨਿਕਸਜੋ ਸੰਗ ਜੁਝਾਰਾ॥ ੧੪॥

ਉਸ ਦੇ ਕਿਹੜੇ-ਕਿਹੜੇ ਗੁਣ ਯਾਦ ਕਰੀਏ, ਸਭ ਕਾਰਜਾਂ ਵਿਚ ਸ਼ੁਭ ਮੱਤ ਵਾਲਾ ਸੀ। ਅਨੰਦਪੁਰ ਅਤੇ ਚਮਕੌਰ ਵਿਚੋਂ ਵੱਡਾ ਯੁੱਧ ਕਰਕੇ ਜੁਝਾਰੂ ਸਿੰਘ ਨਿਕਲਿਆ ਸੀ॥ ੧੪॥

ਐਸੋ ਬੀਰ ਕਹਾਂ ਅਬਿ ਪਾਊਂ। ਵਿਰਲੇ ਹੋਤਿ, ਨਹੀਂ ਸਭਿ ਥਾਊਂ।
ਸਰਬ ਪ੍ਰਸੰਗ ਸ਼ਾਹੁ ਜਬਿ ਸੁਨਜੋਂ। ਰਹਜੋ ਬਿਸੂਰਤ ਮਾਥੋ ਧੁਨਜੋਂ॥ ੧੫॥

ਐਸਾ ਸੂਰਬੀਰ ਹੁਣ ਕਿਥੋਂ ਪਾਵਾਂ, ਐਸੇ ਸੂਰਮੇ ਵਿਰਲੇ ਹੀ ਹੁੰਦੇ ਹਨ, ਸਭ ਥਾਂ ਨਹੀਂ ਮਿਲਦੇ ਹਨ।'' ਸਾਰਾ ਪ੍ਰਸੰਗ ਜਦ ਬਾਦਸ਼ਾਹ ਨੇ ਸੁਣਿਆ ਤਾਂ ਝੂਰ ਕੇ ਰਹਿ ਗਿਆ ਤੇ ਆਪਣਾ ਮੱਥਾ ਧੁਣਿਆ॥ ੧੫॥

ਹੁਕਮ ਕਰਜੋ 'ਸਭਿ ਕੋ ਗਹਿ ਲੀਜੈ। ਖ਼ਤਾਵੰਦ ਗੁਰ ਕੋ ਅਬਿ ਦੀਜੈ।
ਜਿਮ ਚਾਹੈਂ ਤਿਮ ਪਲਟਾ ਲੈਹੈਂ। ਪ੍ਰਥਮ ਬੈਰ ਮੂਰਖ ਸਿਮਰੈ ਹੈਂ'॥ ੧੬॥

ਬਾਦਸ਼ਾਹ ਨੇ ਹੁਕਮ ਕੀਤਾ, ''ਸਾਰਿਆਂ ਨੂੰ ਫੜ ਲਵੋ, ਦੋਸ਼ੀਆਂ ਨੂੰ ਹੁਣ ਗੁਰੂ ਜੀ ਨੂੰ ਦੇ ਦੇਵੋ। ਜਿਵੇਂ ਚਾਹੁਣ ਉਹ ਬਦਲਾ ਲੈਣ, ਪਹਿਲੇ ਵੈਰ ਮੂਰਖ ਯਾਦ ਕਰਦੇ ਹਨ''॥ ੧੬॥

ਚਢੀ ਸੈਨ ਸਭਿ ਕੋ ਗਹਿ ਲਜਾਈ। ਖਰੇ ਕਰੇ ਹਜ਼ਰਤ ਅਗਵਾਈ।
ਤਿਨ ਸਭਿਹਿਨ ਕੋ ਲੈਕੇ ਸਾਥ। ਆਯੋ ਜਹਿਂ ਬੈਠੇ ਜਗਨਾਥ॥ ੧੭॥

ਸੈਨਾ ਚੜ੍ਹ ਕੇ ਸਾਰਿਆਂ ਨੂੰ ਫੜ ਲਿਆਈ ਤੇ ਬਾਦਸ਼ਾਹ ਦੇ ਸਾਹਮਣੇ ਖੜੇ ਕਰ ਦਿੱਤੇ। ਬਾਦਸ਼ਾਹ ਉਨ੍ਹਾਂ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਉਥੇ ਆਇਆ, ਜਿੱਥੇ ਸਤਿਗੁਰੂ ਜੀ ਬੈਠੇ ਸਨ॥ ੧੭॥

ਨਮੋ ਕਰਤਿ ਥਿਰ ਹੋਯਹੁ ਪਾਸ। ਸਕਲ ਬਾਰਤਾ ਕਰੀ ਪ੍ਰਕਾਸ਼।
'ਗੁਨਹਿਗਾਰ ਗਨ ਇਹੀ ਤੁਮਾਰੇ। ਹੁਕਮ ਕਰੋ ਜਿਮ ਤਿਮ ਦਜੋਂ ਮਾਰੇ॥੧੮॥

ਬੰਦਨਾ ਕਰਕੇ ਬਾਦਸ਼ਾਹ ਪਾਸ ਬੈਠ ਗਿਆ ਤੇ ਸਾਰੀ ਵਾਰਤਾ ਕਹਿ ਕੇ ਸੁਣਾਈ, ''ਇਹ ਸਾਰੇ ਤੁਹਾਡੇ ਗੁਣਾਹਗਾਰ ਹਨ, ਜਿਵੇਂ ਹੁਕਮ ਕਰੋ ਉਸ ਤਰ੍ਹਾਂ ਇਨ੍ਹਾਂ ਨੂੰ ਮਾਰ ਦੇਵਾਂ''॥ ੧੮॥

ਕੈ ਸਲਿਤਾ ਮਹਿਂ ਸਭਿਨਿ ਡੁਬਾਇ। ਕੈ ਮੁਹਿ ਤੋਪਨ ਕੋ ਉਡਿਵਾਇ।
ਇਨ ਮੂੜਨਿ ਪ੍ਰਤਾਪ ਨਹਿਂ ਜਾਨਾ। ਦਈ ਮੋਹਿ ਤੁਮ ਸਲਤਨ ਦਾਨਾ॥੧੯॥

ਜਾਂ ਇਸ ਨਦੀ ਵਿਚ ਸਭ ਨੂੰ ਡੋਬ ਦੇਵਾਂ, ਜਾਂ ਤੋਪਾਂ ਦੇ ਮੂੰਹ ਅੱਗੇ ਕਰਕੇ ਉਡਵਾ ਦੇਵਾਂ। ਇਨ੍ਹਾਂ ਮੂਰਖਾਂ ਨੇ ਆਪ ਜੀ ਦਾ ਪ੍ਰਤਾਪ ਨਹੀਂ ਜਾਣਿਆ ਹੈ, ਤੁਸੀਂ ਮੈਨੂੰ ਵੱਡੀ ਸਲਤਨਤ ਦਿੱਤੀ ਹੈ॥ ੧੯॥

ਗਨ ਗਜ ਬਾਜੀ ਆਦਿ ਸਮਾਜ। ਮੋਕੋ ਦਿਯੋ ਗਰੀਬ ਨਿਵਾਜ!'।
ਸੁਨਿ ਪ੍ਰਭੁ ਕਹਜੋ 'ਕਹਿਰ ਇਨ ਧਰਜੋ। ਹੇਤੁ ਹਟਾਵਨ ਪਠਿਬੋ ਕਰਜੋ॥੨੦॥

ਬਹੁਤ ਹਾਥੀ ਘੋੜੇ ਅਤੇ ਸਮਾਜ, ਹੇ ਗਰੀਬ ਨਿਵਾਜ਼! ਤੁਸੀਂ ਮੈਨੂੰ ਬਖਸ਼ਿਆ ਹੈ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਇਨ੍ਹਾਂ ਨੇ ਕਹਿਰ ਧਾਰਨ ਕੀਤਾ ਸੀ, ਹਟਾਉਣ ਵਾਸਤੇ ਮੈਂ ਮਾਨ ਸਿੰਘ ਨੂੰ ਭੇਜਿਆ ਸੀ॥ ੨੦॥

ਦੁਹਿ ਦਿਸ਼ਿ ਤੇ ਸਮੁਝਾਇ ਮਿਟਾਏ। ਭਯੋ ਸ਼ੰਕ ਬਿਨ ਇਤ ਉਤ ਜਾਏ।
ਸੁਧਿ ਬਿਨ ਇਕ ਮੂਰਖ ਤਕਿ ਗੋਰੀ। ਹਤੀ ਨੇਰ ਹੁਇ ਛਾਤੀ ਫੋਰੀ॥ ੨੧॥

ਉਸ ਨੇ ਦੋਹਾਂ ਪਾਸਿਆਂ ਦੇ ਸੂਰਮਿਆਂ ਨੂੰ ਸਮਝਾ ਕੇ ਹਟਾ ਦਿੱਤਾ। ਕਿਸੇ ਸ਼ੰਕਾ ਤੋਂ ਬਗੈਰ ਹੋ ਕੇ ਏਧਰ ਓਧਰ ਚਲੇ ਗਏ। ਕਿਸੇ ਪ੍ਰਕਾਰ ਦੀ ਖ਼ਬਰ ਬਗੈਰ ਇਕ ਮੂਰਖ ਨੇ ਨੇੜੇ ਹੋ ਕੇ ਗੋਲੀ ਮਾਰ ਕੇ ਉਸਦੀ ਛਾਤੀ ਪਾੜ ਦਿੱਤੀ॥ ੨੧॥

ਐਸੋ ਕਰਮ ਕੁਮਤਿ ਧਰਿ ਕਰਜੋ। ਬੀਰ ਅਮੋਲਕ ਪ੍ਰਾਨਨਿ ਹਰਜੋ।
ਗਨ ਸ਼ੱਤ੍ਰਨਿ ਸਨ ਏਕ ਲਰੰਤਾ। ਸੁਮਤਿਵੰਤ ਬਹੁ ਧੀਰਜਵੰਤਾ॥ ੨੨॥

ਐਸਾ ਕਰਮ ਭੈੜੀ ਮੱਤ ਧਾਰਨ ਕਰਕੇ ਕੀਤਾ, ਅਮੋਲਕ ਸੂਰਬੀਰ ਦੇ ਪ੍ਰਾਣ ਦੂਰ ਕਰ ਦਿੱਤੇ ਹਨ। ਉਹ ਬਹੁਤ ਵੈਰੀਆਂ ਨਾਲ ਇਕੱਲਾ ਲੜਦਾ ਸੀ, ਵੱਡਾ ਬੁਧੀਮਾਨ ਅਤੇ ਧੀਰਜਵਾਨ ਸੀ॥ ੨੨॥

ਪ੍ਰਥਮ ਬੈਰੋ ਸਿਮਰਯੋ ਮਤਿਮੰਦੇ। ਨਹਿਂ ਜਾਨਯੋਂ ਇਨ ਅਪਨਿ ਨਿਕੰਦੇ।
ਕਹਿ ਇੱਤਯਾਦਿ ਕ੍ਰਿਪਾ ਪ੍ਰਭੁ ਕੀਨੀ। 'ਤਯਾਗ ਦੇਹੁ ਇਨ',ਆਇਸੁ ਦੀਨੀ॥੨੩॥

ਮਾੜੀ ਮੱਤ ਵਾਲਿਆਂ ਨੇ ਪਹਿਲਾ ਵੈਰ ਯਾਦ ਕੀਤਾ ਹੈ। ਇਸ ਨੇ ਜਾਣਿਆ ਨਹੀਂ ਕਿ ਇਸ ਨੇ ਆਪਣਾ ਹੀ ਆਦਮੀ ਨਾਸ਼ ਕਰ ਦਿੱਤਾ ਹੈ।" ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਕਿਰਪਾ ਕੀਤੀ, "ਇਨ੍ਹਾਂ ਨੂੰ ਛੱਡ ਦੇਵੋ", ਇਸ ਪ੍ਰਕਾਰ ਆਗਿਆ ਕੀਤੀ॥ ੨੩॥

'ਕਰਹਿਂ ਸੰਘਾਰ ਹਾਥ ਨਹਿਂ ਆਵੈ। ਅਪਨੋ ਕਿਯੋ ਆਪ ਹੀ ਪਾਵੈਂ'।
ਪਕਰੇ ਹੁਤੇ ਪਾਇ ਬਡ ਤ੍ਰਾਸਾ। ਜਾਨੈ ਨਿਸ਼ਚੈ ਹੋਇ ਬਿਨਾਸ਼ਾ॥ ੨੪॥

"ਜੇ ਮਾਰ ਦੇਵਾਂਗੇ ਤਾਂ ਫਿਰ ਹੱਥ ਨਹੀਂ ਆਵੇਗਾ, ਆਪਣਾ ਕੀਤਾ ਇਹ ਆਪ ਹੀ ਪਾਉਣਗੇ।" ਵੱਡਾ ਡਰ ਪਾ ਕੇ ਫੜੇ ਹੋਏ ਸਨ, ਉਹ ਜਾਣਦੇ ਸਨ ਕਿ ਨਿਸ਼ਚਿਤ ਰੂਪ ਵਿਚ ਹੀ ਮਾਰੇ ਜਾਣਗੇ॥ ੨੪॥

ਗੁਰਬਾਣੀ ਸੁਨਿ ਸੁਧਾ ਸਮਾਨਾ। ਲਖੀ ਕਿ ਦੀਨ ਪ੍ਰਾਨ ਕੋ ਦਾਨਾ।
'ਧੰਨ ਗੁਰੂ ਤੁਮਰੀ ਬਡਿਆਈ। ਅਸ ਅਪਰਾਧੀ ਦਏ ਛੁਡਾਈ'॥ ੨੫॥

ਗੁਰੂ ਜੀ ਦੇ ਅੰਮ੍ਰਿਤ ਵਰਗੇ ਬਚਨ ਸੁਣ ਕੇ ਇਹ ਸਮਝ ਗਏ ਕਿ ਸਤਿਗੁਰੂ ਜੀ ਨੇ ਪ੍ਰਾਣਾਂ ਦਾ ਦਾਨ ਦਿੱਤਾ ਹੈ। "ਧੰਨ ਗੁਰੂ ਜੀ, ਧੰਨ ਤੇਰੀ ਵਡਿਆਈ ਹੈ, ਐਸੇ ਅਪਰਾਧੀਆਂ ਨੂੰ ਵੀ ਛੁਡਵਾ ਦਿੱਤਾ ਹੈ"॥ ੨੫॥

ਸ਼ਾਹੁ ਬਹਾਦਰ ਬਿਨਤੀ ਕਰਿ ਕਰਿ। ਅਧਿਕ ਦੀਨਤਾ ਨਿਜ ਮਹਿਂ ਧਰਿ ਧਰਿ।
ਸਤਿਗੁਰ ਕੋ ਰਿਝਾਇ ਬਹੁ ਲੀਨੋ। ਕਰਿ ਬੰਦਨ ਪਗ ਉਠਿਬੋ ਕੀਨੋ॥ ੨੬॥

ਬਹਾਦਰ ਸ਼ਾਹ ਨੇ ਬੇਨਤੀਆਂ ਕਰ ਕਰ ਤੇ ਆਪਣੇ ਆਪ ਵਿਚ ਬਹੁਤ ਦੀਨਤਾ ਧਾਰ ਧਾਰ, ਸਤਿਗੁਰੂ ਜੀ ਨੂੰ ਬਹੁਤ ਪ੍ਰਸੰਨ ਕਰ ਲਿਆ ਤੇ ਚਰਨ ਕੰਵਲਾਂ ਉੱਪਰ ਬੰਦਨਾ ਕਰਕੇ ਉਠ ਪਿਆ॥ ੨੬॥

ਨਿਜ ਡੇਰੇ ਮਹਿਂ ਪਹੁੰਚਯੋ ਜਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਭਾਤ ਕੂਚ ਕਰਿ ਡੇਰੇ। ਚਲਯੋ ਬਹਾਦਰ ਸ਼ਾਹੁ ਅਗੇਰੇ॥ ੨੭॥

ਆਪਣੇ ਡੇਰੇ ਵਿਚ ਫਿਰ ਪਹੁੰਚ ਗਿਆ। ਸਤਿਗੁਰੂ ਜੀ ਨੇ ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਡੇਰਾ ਕੂਚ ਕਰ ਦਿੱਤਾ ਤੇ ਬਹਾਦਰ ਸ਼ਾਹ ਅੱਗੇ ਚਲ ਪਿਆ॥ ੨੭॥

ਮਿਲੇ ਰਾਵ ਰਾਣੇ ਸਮੁਦਾਈ। ਭਯੋ ਤੇਜ ਦਿਨਪ੍ਰਤਿ ਅਧਿਕਾਈ।
ਦੇਖਤਿ ਲਸ਼ਕਰ ਸਿੰਘ ਸਮਾਨਾ। ਹ੍ਵੈ ਨ ਮਵਾਸੀ ਤ੍ਰਾਸ ਮਹਾਨਾ॥ ੨੮॥

ਸਾਰੇ ਰਾਜੇ ਰਾਣੇ ਇਕੱਠੇ ਹੋ ਕੇ ਬਹਾਦਰ ਸ਼ਾਹ ਨੂੰ ਮਿਲ ਪਏ, ਦਿਨ ਪ੍ਰਤੀ ਬਹਾਦਰ ਸ਼ਾਹ ਦਾ ਤੇਜ ਬਹੁਤ ਵਧਦਾ ਜਾਂਦਾ ਸੀ। ਉਸਦੇ ਲਸ਼ਕਰ ਨੂੰ ਸ਼ੇਰ ਸਮਾਨ ਵੇਖ ਕੇ, ਮਹਾਨ ਡਰ ਮੰਨ ਕੇ ਕੋਈ ਵੀ ਆਕੀ ਨਹੀਂ ਸੀ ਹੁੰਦਾ॥ ੨੮॥

ਸਲਿਤਾ ਤਪਤੀ ਤਰਨਿ ਕੁਮਾਰੀ। ਮਗ ਉਲੰਘਿ ਪਹੁੰਚਯੋ ਦਲ ਭਾਰੀ।
ਉਤਰਯੋ ਸ਼ਾਹੁ ਤੀਰ ਤਿਸ ਕੇਰੇ। ਬਿਮਲ ਨੀਰ ਸੁੰਦਰ ਕੋ ਹੇਰੇ॥ ੨੯॥

ਤਾਪਤੀ ਨਾਮ ਦੀ ਨਦੀ ਜਿਹੜੀ ਸੂਰਜ ਦੀ ਪੁੱਤਰੀ ਉਸਦੀ ਇਸਤਰੀ ਛਾਇਆ ਤੋਂ ਜੰਮੀ, ਮੰਨੀ ਜਾਂਦੀ ਹੈ। ਇਹ ਸਤਪੁੜਾਂ ਪਹਾੜਾਂ ਵਿਚੋਂ ਨਿਕਲ ਕੇ ਅਰਬ ਸਮੁੰਦਰ ਵਿਚ ਡਿੱਗਦੀ ਹੈ। ਸਾਰਾ ਪੈਂਡਾ ਲੰਘ ਕੇ ਭਾਰੀ ਦਲ ਤਾਪਤੀ ਨਦੀ ਦੇ

ਕਿਨਾਰੇ ਪਹੁੰਚ ਗਿਆ। ਬਾਦਸ਼ਾਹ ਨੇ ਉਸ ਨਦੀ ਦੇ ਕਿਨਾਰੇ ਡੇਰਾ ਕੀਤਾ, ਜਦ ਉਸ ਨਦੀ ਦੇ ਸੁੰਦਰ ਨਿਰਮਲ ਜਲ ਨੂੰ ਵੇਖਿਆ॥ ੨੯॥

ਚੱਕ੍ਰਵਾਕ, ਕਾਰਿੰਡਵ ਘਨੇ। ਤਟ ਸ਼ਬਦਾਇਮਾਨ ਖਗ ਭਨੇ।
ਕੂਰਮ, ਮੀਨ ਬ੍ਰਿੰਦ ਜਲਜੰਤਾ। ਸੁੰਦਰ ਦੇਸ਼ ਜਹਾਂ ਸੁਖਵੰਤਾ॥ ੩੦॥

ਉਥੇ ਬਹੁਤ ਚਕਵੇ ਚਕਵੀਆਂ ਅਤੇ ਵੱਡੀਆਂ ਬੱਤਖਾਂ ਹੁੰਦੀਆਂ ਹਨ। ਪੰਛੀਆਂ ਦੇ ਬੋਲਣ ਨਾਲ ਸਾਰਾ ਕਿਨਾਰਾ ਚਹਿਚਹਾ ਰਿਹਾ ਹੈ। ਨਦੀ ਵਿਚ ਕੂਰਮ, ਮੱਛੀਆਂ ਤੇ ਹੋਰ ਬਹੁਤ ਜਲ ਜੀਵ ਹਨ, ਸੁੰਦਰ ਦੇਸ਼ ਜਿੱਥੇ ਸੁਖੀ-ਸੁਖੀ ਵੱਸਦਾ ਹੈ॥ ੩੦॥

ਚਲਿ ਆਏ ਸਤਿਗੁਰ ਭਗਵਾਨ। ਹੇਰਤਿ ਉਤਰੇ ਪੁਰਿ ਬੁਰਹਾਨ।
ਤਹਿਂ ਕੀ ਸੰਗਤਿ ਸਦਨ ਸੁਧਾਰਾ। ਗੁਰ ਕੇ ਹੇਤੁ ਮਨੋਰਥ ਧਾਰਾ॥ ੩੧॥

ਸਤਿਗੁਰੂ ਭਗਵਾਨ ਜੀ ਉਥੇ ਚਲ ਕੇ ਆ ਗਏ ਹਨ, ਬੁਰਹਾਨ ਪੁਰ ਵੇਖ ਕੇ ਉਨ੍ਹਾਂ ਉਥੇ ਉਤਾਰਾ ਕਰ ਲਿਆ। ਉਥੋਂ ਦੀ ਸੰਗਤ ਨੇ ਇਕ ਘਰ ਦੀ ਸਫਾਈ ਕੀਤੀ ਤੇ ਗੁਰੂ ਜੀ ਦੇ ਉਤਾਰੇ ਵਾਸਤੇ ਮਨੋਰਥ ਧਾਰਨ ਕੀਤਾ॥ ੩੧॥

ਕਰਹਿਂ ਬਸਾਵਨ ਇਸ ਕੇ ਮਾਂਹਿ। ਸਭਿ ਸੰਗਤਿ ਪੁਨਿ ਦਰਸ਼ਨ ਜਾਹਿਂ।
ਸੰਮਤ ਆਗੇ ਸਦਨ ਬਨਾਏ। ਧਰੀ ਕਾਮਨਾ 'ਬਸਿ ਹੈਂ ਆਏ'॥ ੩੨॥

ਇਸ ਘਰ ਵਿਚ ਗੁਰੂ ਜੀ ਨੂੰ ਠਹਿਰਾਉਂਦੇ ਹਾਂ, ਫਿਰ ਸਾਰੀ ਸੰਗਤ ਦਰਸ਼ਨਾਂ ਨੂੰ ਜਾਵੇਗੀ।'' ਇਕ ਸਾਲ ਪਹਿਲਾਂ ਇਹ ਘਰ ਬਣਾਏ ਸਨ, ਉਸ ਸਮੇਂ ਇਹ ਕਾਮਨਾ ਕੀਤੀ ਸੀ ਕਿ 'ਸਤਿਗੁਰੂ ਜੀ ਏਥੇ ਆ ਕੇ ਠਹਿਰਣਗੇ'॥ ੩੨॥

ਸੰਗਤਿ ਕੀ ਪੂਰਨ ਅਭਿਲਾਖਾ। ਪਹੁੰਚੇ ਗੁਰੂ ਸਕਲ ਮਗ ਨਾਖਾ।
ਸੰਗਤ ਕੇ ਮੁਖਿ ਸਿਖ ਚਲਿ ਆਏ। ਲੇ ਗਮਨੇ ਹ੍ਵੈ ਕਰਿ ਅਗਵਾਏ॥ ੩੩॥

ਸੰਗਤ ਦੀ ਅਭਿਲਾਸ਼ਾ ਪੂਰੀ ਕਰਨ ਵਾਸਤੇ, ਗੁਰੂ ਜੀ ਸਾਰਾ ਪੈਂਡਾ ਲੰਘ ਕੇ ਉਥੇ ਪਹੁੰਚੇ ਸਨ। ਸੰਗਤ ਦੇ ਮੁਖੀ ਸਿੱਖ ਚਲ ਕੇ ਆਏ ਤੇ ਗੁਰੂ ਜੀ ਦੀ ਅਗਵਾਈ ਕਰਕੇ ਨਾਲ ਲੈ ਕੇ ਚਲੇ ਗਏ॥ ੩੩॥

ਹਾਥ ਜੋਰਿ ਉਤਰਾਇ ਬਡੇਰਾ। ਸੰਗਤਿ ਆਨਿ ਦਰਸ ਕੋ ਹੇਰਾ।
ਅਨਿਕ ਅਕੋਰਨ ਅਰਪਿ ਅਗਾਰੀ। ਦਰਬ ਬਿਭੂਖਨ ਪਟ ਮੂਲ ਭਾਰੀ॥ ੩੪॥

ਹੱਥ ਜੋੜ ਕੇ ਗੁਰੂ ਜੀ ਦਾ ਉਥੇ ਉਤਾਰਾ ਕਰਵਾ ਕੇ ਡੇਰਾ ਕਰਵਾ ਦਿੱਤਾ, ਫਿਰ ਸੰਗਤਾਂ ਨੇ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਉਹ ਅਨੇਕਾਂ ਉਪਹਾਰ ਅੱਗੇ ਅਰਪਣ ਕਰਦੇ ਸਨ। ਧਨ, ਗਹਿਣੇ ਅਤੇ ਕੱਪੜੇ ਬਹੁਮੁੱਲੇ ਅੱਗੇ ਧਰਦੇ ਸਨ॥ ੩੪॥

ਬਹੁ ਪਕਵਾਨ ਤਿਹਾਵਲ ਆਏ। ਕਰਿ ਅਰਦਾਸ ਅਖਿਲ ਬਰਤਾਏ।
ਹੇਤ ਦੇਗ਼ ਕੇ ਚਾਵਰ ਚੂਨ। ਘ੍ਰਿਤ ਮਿਸ਼ਟਾਨ ਆਨਿ ਸਭਿਹੂੰਨਿ॥ ੩੫॥

ਫਿਰ ਬਹੁਤ ਪਕਵਾਨ ਅਤੇ ਕੜਾਹ ਪ੍ਰਸ਼ਾਦਿ ਆਇਆ ਤੇ ਅਰਦਾਸ ਕਰਕੇ ਸਭ ਨੂੰ ਵਰਤਾਇਆ। ਲੰਗਰ ਵਾਸਤੇ ਚਾਵਲ ਅਤੇ ਆਟਾ ਲਿਆਉਂਦੇ ਸਨ ਤੇ ਘਿਉ ਅਤੇ ਮਿੱਠਾ ਵੀ ਸਾਰੇ ਲੈ ਕੇ ਆਏ॥ ੩੫॥

ਕੀਨੀ ਬਿਬਿਧਿ ਬਿਧਿਨਿ ਕੀ ਸੇਵਾ। ਕਰੇ ਪ੍ਰਸੰਨ ਭਲੇ ਗੁਰਦੇਵਾ।
ਖੁਸ਼ੀ ਕਰੀ ਸਭਿ ਪਰ ਹਰਖਾਏ। ਪੂਰੀ ਕਾਮਨਾ ਸਿਖ ਸਮੁਦਾਏ॥ ੩੬॥

ਭਿੰਨ-ਭਿੰਨ ਵਿਧੀਆਂ ਨਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਸਤਿਗੁਰੂ ਜੀ ਨੂੰ ਭਲੀ ਪ੍ਰਕਾਰ ਪ੍ਰਸੰਨ ਕੀਤਾ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਸਾਰਿਆਂ ਉੱਪਰ ਆਪਣੀ ਖੁਸ਼ੀ ਕੀਤੀ ਤੇ ਸਾਰੇ ਸਿੱਖਾਂ ਦੀਆਂ ਕਾਮਨਾਂ ਪੂਰੀਆਂ ਕੀਤੀਆਂ॥ ੩੬॥

ਤਪਤੀ ਨਦੀ ਤੀਰ ਪਰ ਡੇਰਾ। ਊਚ ਦਮਦਮਾ ਸੁੰਦਰ ਹੇਰਾ।
ਤਹਾਂ ਬਾਸ ਪ੍ਰਭੁ ਨਿਸਾ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ॥ ੩੭॥

ਤਾਪਤੀ ਨਦੀ ਦੇ ਕਿਨਾਰੇ ਡੇਰਾ ਸੀ, ਉਥੇ ਸਤਿਗੁਰੂ ਜੀ ਨੇ ਇਕ ਸੁੰਦਰ ਉੱਚਾ ਦਮਦਮਾ ਵੇਖਿਆ। ਉਥੇ ਰਹਿ ਕੇ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ ਤੇ ਪ੍ਰਾਤ ਸਮੇਂ ਉੱਠ ਕੇ ਸੋਚ ਇਸ਼ਨਾਨ ਕੀਤਾ॥ ੩੭॥

ਬਸਤ੍ਰ ਸ਼ਸਤ੍ਰ ਸਜਿਕੈ ਬਿਧਿ ਨਾਨਾ। ਜ਼ੇਵਰ ਜਬਰ ਜ਼ੇਬ ਜਿਨ ਜਾਨਾ।
ਸਭਾ ਖਾਲਸੇ ਕੀ ਦਿਸ਼ਿ ਚਾਰੀ। ਮਿਲੇ ਹਜ਼ਾਰਹੁਂ ਨਰ ਅਰੁ ਨਾਰੀ॥ ੩੮॥

ਕਈ ਵਿਧੀਆਂ ਨਾਲ ਵਸਤਰਾਂ ਸ਼ਸਤਰਾਂ ਵਿਚ ਸੱਜ ਕੇ, ਹੀਰੇ ਜਵਾਹਰਾਤ ਨਾਲ ਜੜੇ ਜੜਾਊ ਜ਼ੇਵਰ ਗੁਰੂ ਜੀ ਦੀ ਸ਼ੋਭਾ ਵਧਾ ਰਹੇ ਸਨ। ਚਾਰੇ ਪਾਸੇ ਖਾਲਸੇ ਦੀ ਸਭਾ ਲੱਗੀ ਸੀ ਤੇ ਹਜ਼ਾਰਾਂ ਇਸਤਰੀ ਪੁਰਸ਼ ਆ ਕੇ ਮਿਲੇ ਸਨ॥ ੩੮॥

ਦਰਸ਼ਨ ਕਰਤਿ ਹੋਤਿ ਬਲਿਹਾਰੀ। ਸੁਨਹਿਂ ਬਾਕ ਗੁਰ ਕੇ ਸੁਖਕਾਰੀ।
ਇਸ ਪ੍ਰਕਾਰ ਕੇਤਿਕ ਦਿਨ ਡੇਰਾ। ਬਸੇ ਦੇਸ਼ ਬਹੁ ਸੁੰਦਰ ਹੇਰਾ॥ ੩੯॥

ਦਰਸ਼ਨ ਕਰਕੇ ਬਲਿਹਾਰ ਹੁੰਦੇ ਸਨ ਤੇ ਗੁਰੂ ਜੀ ਦੇ ਸੁਖਕਾਰੀ ਸੁੰਦਰ ਬਚਨ ਸੁਣਦੇ ਸਨ। ਇਸ ਪ੍ਰਕਾਰ ਕਈ ਦਿਨ ਉਥੇ ਡੇਰਾ ਰਿਹਾ, ਉਸ ਦੇਸ਼ ਨੂੰ ਬਹੁਤ ਸੁੰਦਰ ਵੇਖ ਕੇ ਗੁਰੂ ਜੀ ਉਥੇ ਠਹਿਰ ਗਏ॥ ੩੯॥

ਬਾਪੀ ਕੂਪ ਤਰੋਵਰ ਭਾਰੇ। ਸੂਰਜ ਦੁਹਿਤਾ ਤੀਰ ਉਦਾਰੇ।
ਚਢਿ ਕਰਿ ਵਿਚਰਹਿਂ,ਇਕ ਸਮ ਅਵਨੀ। ਹਰਿਤ ਦੂਰਬਾ ਤੇ ਦੁਤਿ ਰਵਨੀ॥ ੪੦॥

ਉਥੇ ਬਾਉਲੀਆਂ, ਖੂਹ ਅਤੇ ਭਾਰੀ ਦਰੱਖਤ ਸਨ, ਸਤਿਗੁਰੂ ਜੀ ਸੂਰਜ ਦੀ ਪੁੱਤਰੀ ਤਾਪਤੀ ਦੇ ਕਿਨਾਰੇ ਬਿਰਾਜ ਰਹੇ ਸਨ। ਘੋੜੇ ਉੱਪਰ ਚੜ੍ਹ ਕੇ ਇਕ ਸਮਾਨ ਧਰਤੀ ਉੱਪਰ ਵਿਚਰਦੇ ਸਨ। ਹਰੇ-ਹਰੇ ਘਾਹ ਨਾਲ ਸ਼ੋਭਾ ਰਮਣੀਕ ਹੋ ਰਹੀ ਹੈ॥ ੪੦॥

ਸ਼ਾਹੁ ਬਹਾਦਰ ਚਢਿ ਪ੍ਰਸਥਾਨਾ। ਦੇਸ਼ਨ ਸਭਨਿ ਮਨਾਵਤਿ ਆਨਾ।
ਕੇਤਿਕ ਦਜੋਸ ਪ੍ਰਭੁ ਤਹਿਂ ਰਹੇ। ਕਵਿ ਸੰਤੋਖ ਸਿੰਘ ਜਸੁ ਕੋ ਕਹੇ॥ ੪੧॥

ਬਹਾਦਰ ਸ਼ਾਹ ਉਥੋਂ ਸਵਾਰ ਹੋ ਕੇ ਅੱਗੇ ਚਲਾ ਗਿਆ, ਉਹ ਦੇਸ਼ਾਂ ਨੂੰ ਈਨ ਮੰਨਵਾ ਰਿਹਾ ਸੀ, ਕਈ ਦਿਨ ਸਤਿਗੁਰੂ ਜੀ ਉਥੇ ਰਹੇ। ਕਵੀ ਸੰਤੋਖ ਸਿੰਘ ਸਤਿਗੁਰੂ ਜੀ ਦਾ ਜੱਸ ਕਹਿੰਦਾ ਹੈ॥ ੪੧॥

*ਦੂਸਰੇ ਐਨ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥*

## ਅਧਿਆਇ ਤੀਸਰਾ

### ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ

ਦੋਹਰਾ- ਸ਼ਾਹੁ ਬਹਾਦਰ ਚਢਿ ਗਯੋ ਦੱਛਨ ਦੇਸ਼ ਮਝਾਰ।
ਜਹਾਂ ਜੰਗ ਨੌਰੰਗ ਕਰਿ ਲੇ ਧਨ ਦੇਸ਼ ਉਦਾਰ॥ ੧॥

ਬਹਾਦਰ ਸ਼ਾਹ ਚੜ੍ਹਾਈ ਕਰਕੇ ਦੱਖਣ ਦੇਸ਼ ਵਿਚ ਚਲਾ ਗਿਆ, ਜਿੱਥੇ ਨੌਰੰਗੇ ਨੇ ਜੰਗ ਕਰਕੇ ਬਹੁਤ ਧਨੀ ਦੇਸ਼ ਲੈ ਲਿਆ ਸੀ॥ ੧॥

ਚੌਪਈ- ਪਿਖਿ ਸਿੱਖਨਿ ਕੋ ਭਾਉ ਮਹਾਨਾ। ਹਿਤ ਰਾਖਨ ਬਹੁ ਬਾਰਿ ਬਖਾਨਾ।
ਤਿਨ ਕੀ ਸੁਨਿਕੈ ਸ੍ਰੀ ਪ੍ਰਭੁ ਬਿਨਤੀ। ਪੁਰਿ ਬੁਰਹਾਨ ਬਸੇ ਤਜਿ ਗਿਨਤੀ ॥੨ ॥

ਸਿੱਖਾਂ ਦਾ ਬਹੁਤ ਪਿਆਰ ਵੇਖ ਕੇ, ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਰੱਖਣ ਵਾਸਤੇ ਬਹੁਤ ਵਾਰ ਕਿਹਾ ਸੀ। ਸਤਿਗੁਰੂ ਜੀ ਉਨ੍ਹਾਂ ਦੀ ਬੇਨਤੀ ਸੁਣ ਕੇ, ਸਾਰੀਆਂ ਗਿਣਤੀਆਂ ਛੱਡ ਕੇ ਬੁਰਹਾਨ ਪੁਰ ਵਿਚ ਠਹਿਰ ਗਏ॥ ੨॥

ਦਿਨਪ੍ਰਤਿ ਸੇਵਾ ਕਰੈਂ ਘਨੇਰੀ। ਦਰਸ਼ਨ ਪਿਖਹਿਂ ਜਾਹਿਂ ਜੁਗ ਬੇਰੀ।
ਬਡੀ ਆਰਬਲ ਸਾਧੂ ਏਕ। ਬਸਹਿ ਨਗਰ ਮਹਿਂ ਸਹਿਤ ਬਿਬੇਕ ॥ ੩ ॥

ਉਹ ਦਿਨ ਪ੍ਰਤੀ ਬਹੁਤ ਸੇਵਾ ਕਰਦੇ ਸਨ ਤੇ ਦੋ ਵਾਰ ਜਾ ਕੇ ਦਰਸਨ ਕਰਦੇ ਸਨ। ਇਕ ਸਾਧੂ ਦੀ ਬਹੁਤ ਵੱਡੀ ਉਮਰ ਸੀ। ਉਹ ਨਗਰ ਵਿਚ ਗਿਆਨ ਸਹਿਤ ਰਹਿੰਦਾ ਸੀ॥ ੩॥

ਗੁਰ ਆਗਵਨ ਸੁਨਜੋਂ ਤਿਨ ਕਾਨ। ਅੰਮ੍ਰਿਤ ਦਯੋ ਮਨਹੁਂ ਕਿਨ ਆਨਿ।
ਤੁਰਤ ਉਠਜੋ ਦਰਸ਼ਨ ਕੋ ਗਯੋ। ਨਦੀ ਤਰਿ ਗੁਰ ਥਿਰ ਜਹਿਂ ਭਯੋ ॥੪ ॥

ਉਸ ਨੇ ਜਦ ਗੁਰੂ ਜੀ ਦੇ ਆਉਣ ਬਾਰੇ ਆਪਣੇ ਕੰਨਾਂ ਨਾਲ ਸੁਣਿਆ, ਜਿਵੇਂ ਕਿਸੇ ਨੇ ਉਸ ਨੂੰ ਅੰਮ੍ਰਿਤ ਲਿਆ ਕੇ ਦੇ ਦਿੱਤਾ ਹੋਵੇ। ਉਹ ਤੁਰਤ ਉੱਠ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਗਿਆ, ਜਿੱਥੇ ਨਦੀ ਦੇ ਕਿਨਾਰੇ ਸਤਿਗੁਰੂ ਜੀ ਬੈਠੇ ਹੋਏ ਸਨ॥ ੪॥

ਸਭਾ ਮਝਾਰ ਸੁਹਾਵਤਿ ਐਸੇ। ਕਰਿ ਸ਼ਿੰਗਾਰ ਧਨਾਧਿਪ ਜੈਸੇ।
ਹੇਰਿ ਦੂਰ ਤੇ ਪ੍ਰੇਮ ਪ੍ਰਫੁਲਾ। ਮਨਹੁਂ ਅਮਲ ਤੇ ਅਮਲੀ ਝੂਲਾ॥ ੫ ॥

ਸਭਾ ਵਿਚ ਇਸ ਪ੍ਰਕਾਰ ਸ਼ੋਭਦੇ ਸਨ, ਮਾਨੋ ਸ਼ਿੰਗਾਰ ਕਰਕੇ ਕੁਬੇਰ ਬੈਠਾ ਹੋਵੇ। ਉਹ ਬਜ਼ੁਰਗ ਦੂਰ ਤੋਂ ਹੀ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰੇਮ ਨਾਲ ਪ੍ਰਫੁੱਲਤ ਹੋ ਗਿਆ, ਮਾਨੋ ਅਮਲ ਖਾਣ ਨਾਲ ਅਮਲੀ ਝੂਮ ਪਿਆ ਹੋਵੇ॥ ੫॥

ਰਿਦੈ ਅਨੰਦ ਉਮੰਗਤਿ ਜੋਵਾ। ਰੋਮੰਚਤਿ ਸਾਧੂ ਤਨ ਹੋਵਾ।
ਨੀਠ ਨੀਠ ਪਾਇਨਿ ਕਹੁ ਡਾਲਤਿ। ਡਗਮਗਾਤਿ, ਡੋਲਤਿ, ਦ੍ਰਿਗ ਚਾਲਤਿ ॥੬ ॥

ਹਿਰਦੇ ਵਿਚ ਅਨੰਦ ਨਾਲ ਵੱਡੀ ਉਮੰਗ ਭਰ ਗਈ ਤੇ ਸਾਧੂ ਦਾ ਤਨ ਅਤਿ ਪ੍ਰਸੰਨਮਈ ਹੋ ਗਿਆ। ਮਸੀਂ-ਮਸੀਂ ਪੈਰਾਂ ਨੂੰ ਅੱਗੇ ਧਰਦਾ ਸੀ, ਡਗਮਗਾਉਂਦਾ ਸੀ, ਡੋਲਦਾ ਸੀ ਤੇ ਨੈਣ ਚਲਦੇ ਹਨ ਭਾਵ ਅੱਥਰੂ ਵੱਗਦੇ ਹਨ॥ ੬॥

ਬੰਦਨ ਹੇਰਿ ਦੂਰ ਹੀ ਰਹਜੋ। ਪਰਜੋ ਪ੍ਰਿਥੀ ਪਰ ਜਨੁ ਪਗ ਗਹਜੋ।
ਪ੍ਰੇਮ ਅਧਿਕਤਾ ਤਿਸ ਗੁਰ ਹੇਰੀ। ਤੂਰਨ ਉਠਤਿ ਭਏ ਤਿਸ ਬੇਰੀ ॥ ੭ ॥

ਦਰਸ਼ਨ ਕਰਕੇ ਬੰਦਨਾ ਵਾਸਤੇ ਦੂਰ ਹੀ ਰਿਹਾ। ਫਿਰ ਧਰਤੀ ਉੱਪਰ ਡਿੱਗ ਪਿਆ, ਜਿਵੇਂ ਕਿਸੇ ਪੈਰ ਫੜ ਲਿਆ ਹੋਵੇ। ਗੁਰੂ ਜੀ ਨੇ ਉਸ ਵਿਚ ਪ੍ਰੇਮ ਦੀ ਬਹੁਤਾਤ ਵੇਖੀ ਤਾਂ ਉਸ ਸਮੇਂ ਉਹ ਤੁਰਤ ਉੱਠ ਪਏ॥ ੭॥

ਗਹਿ ਭੁਜ ਬਲ ਤੇ ਤੁਰਤ ਉਠਾਯੋ। ਅਧਿਕ ਸਖਾ ਲਖਿ ਗਰੇ ਲਗਾਯੋ।
ਲਜਾਇ ਸਭਾ ਮਹਿਂ ਢਿਗ ਬੈਠਾਰਾ। ਕਰਿ ਆਦਰ ਕੋ ਮ੍ਰਿਦੁਲ ਉਚਾਰਾ ॥ ੮ ॥

ਉਸ ਨੂੰ ਬਾਹੂ ਤੋਂ ਫੜ ਕੇ ਤੁਰਤ ਉਠਾਇਆ ਤੇ ਵੱਡਾ ਪ੍ਰੇਮ ਜਾਣ ਕੇ ਆਪਣੇ ਗਲ ਨਾਲ ਲਾ ਲਿਆ। ਫਿਰ ਸਭਾ ਵਿਚ ਲਿਆ ਕੇ ਆਪਣੇ ਪਾਸ ਬਿਠਾਇਆ ਤੇ ਬੜਾ ਆਦਰ ਕਰਕੇ, ਮਿੱਠੇ ਬਚਨ ਉਚਾਰਨ ਕੀਤੇ॥ ੮॥

'ਕੁਸ਼ਲ ਸ਼ਰੀਰ ਆਪ ਕੇ ਅਹੇ ? ਪ੍ਰੇਮਾ ਭਗਤਿ ਰਿਦਾ ਦਿਢ ਲਹੇ।
ਕਾਮ ਕ੍ਰੋਧ ਤੇ ਆਦਿ ਬਿਕਾਰਾ। ਬਿਨਸ ਗਏ ਕੈ ਨਹਿਂ ਦੁਖਕਾਰਾ ?' ॥ ੯ ॥

"ਕੀ ਆਪ ਦਾ ਸਰੀਰ ਰਾਜ਼ੀ-ਬਾਜ਼ੀ ਹੈ ? ਹਿਰਦੇ ਵਿਚ ਪ੍ਰੇਮਾ-ਭਗਤੀ ਦ੍ਰਿੜ੍ਹ ਕੀਤੀ ਹੈ। ਕਾਮ ਕ੍ਰੋਧ ਆਦਿ ਜਿਹੜੇ ਵਿਕਾਰ ਹਨ, ਉਹ ਦੁਖਦਾਇਕ ਦੂਰ ਹੋ ਗਏ ਹਨ ਜਾਂ ਨਹੀਂ ?" ॥ ੯ ॥

ਕੇਤਿਕ ਚਿਰ ਮਹਿਂ ਧੀਰਜ ਧਾਰੀ। ਨੀਕੀ ਸ੍ਰੀ ਮੁਖ ਪ੍ਰਭਾ ਨਿਹਾਰੀ।
ਹਾਥ ਜੋਰਿ ਬੋਲਜੋ 'ਸੁਨਿ ਸ੍ਵਾਮੀ ! ਸਭਿ ਜਾਨਤਿ ਤੁਮ ਅੰਤਰਜਾਮੀ ॥ ੧੦ ॥

ਉਸ ਨੇ ਕਾਫ਼ੀ ਸਮੇਂ ਬਾਅਦ ਧੀਰਜ ਧਾਰਨ ਕੀਤੀ ਤੇ ਚੰਗੀ ਤਰ੍ਹਾਂ ਸਤਿਗੁਰੂ ਜੀ ਦੇ ਮੁਖ ਦੀ ਆਭਾ ਦੇਖੀ। ਫਿਰ ਹੱਥ ਜੋੜ ਕੇ ਬੋਲਿਆ, "ਹੇ ਸਵਾਮੀ ਜੀ ! ਸੁਣੋ, ਮੈਂ ਸਭ ਕੁਝ ਜਾਣਦਾ ਹਾਂ ਕਿ ਤੁਸੀਂ ਅੰਤਰਜਾਮੀ ਹੋ॥ ੧੦॥

ਕ੍ਰਿਪਾ ਆਪ ਕੀ ਜਿਸ ਪਰ ਹੋਵੈ। ਜੜ੍ਹ ਬਿਕਾਰ ਕੀ ਹਉਮੈਂ ਖੋਵੈ।
ਤਨ ਹੰਤਾ ਗਾਢੀ ਹੁਇ ਜਾਵਦਿ। ਕਾਮ ਕ੍ਰੋਧ ਨਹਿਂ ਬਿਨਸਹਿ ਤਾਵਦਿ ॥੧੧ ॥

ਆਪ ਜੀ ਦੀ ਜਿਸ ਉੱਪਰ ਕਿਰਪਾ ਹੋਵੇ, ਉਹ ਮੂਰਖ ਵੀ ਵਿਕਾਰ ਦੀ ਹਉਮੈਂ ਗਵਾ ਲੈਂਦਾ ਹੈ। ਜਦ ਤਕ ਤਨ ਦਾ ਹੰਕਾਰ ਜ਼ਿਆਦਾ ਹੋਵੇ ਤਦ ਤਕ ਕਾਮ ਕ੍ਰੋਧ ਦੂਰ ਨਹੀਂ ਹੁੰਦਾ ਹੈ॥ ੧੧॥

ਇਸ ਦੁਬਿਧਾ ਘਰ ਬਹੁਤੇ ਗਾਲੇ। ਭਗਤ ਆਪ ਕੇ ਰਹੇ ਸੁਖਾਲੇ।
ਲਾਗਹਿ ਮਿਸ਼ਟ ਈਸ਼ ਕੋ ਭਾਨਾ। ਲਿਵ ਲਾਗੇ ਸਤਿਨਾਮ ਮਹਾਨਾ ॥ ੧੨ ॥

ਇਸ ਦੁਬਿਧਾ ਨੇ ਬਹੁਤ ਘਰ ਤਬਾਹ ਕਰ ਦਿੱਤੇ ਹਨ, ਆਪ ਜੀ ਦੇ ਭਗਤ ਸੌਖੇ ਰਹਿੰਦੇ ਹਨ। ਈਸ਼ਵਰ ਦਾ ਭਾਣਾ ਮਿੱਠਾ ਲੱਗਦਾ ਹੈ ਤੇ ਸਤਿਨਾਮ ਨਾਲ ਮਹਾਨ ਲਿਵ ਲੱਗ ਜਾਂਦੀ ਹੈ॥ ੧੨॥

ਤਨ ਹੰਤਾ ਕੋ ਛੋਰਨਿ ਕਰੈ। ਬਹੁਰ ਪ੍ਰਮੇਸ਼ੁਰ ਕਰੁਨਾ ਧਰੈ।
ਉਚਿਤ ਸ਼੍ਰੇਯ ਕੇ ਤਬਿ ਹੁਇ ਜੀਵੰ। ਪ੍ਰਭੁ ਕੋ ਪ੍ਰੇਮ ਸੁਧਾ ਨਿਤ ਪੀਵੰ ॥ ੧੩ ॥

ਜਦ ਤਨ ਹੰਤਾ ਨੂੰ ਛੱਡ ਦੇਵੇ ਤਦ ਪ੍ਰਮੇਸ਼ਰ ਕਿਰਪਾ ਧਾਰਨ ਕਰਦਾ ਹੈ। ਫਿਰ ਜੀਵ ਆਪਣੇ ਦੇ ਉਚਿਤ ਹੋ ਜਾਂਦਾ ਹੈ ਤੇ ਪ੍ਰਭੂ ਦੇ ਪ੍ਰੇਮ ਦਾ ਅੰਮ੍ਰਿਤ ਨਿਤ ਪੀਂਦਾ ਹੈ॥ ੧੩॥

ਸਕਲ ਬਿਕਾਰਨ ਕੋ ਹੁਇ ਨਾਸ਼। ਸਾਸ ਸਾਸ ਜਪੁ ਪ੍ਰਭੁ ਲਖਿ ਪਾਸ।
ਪਟਣੇ ਸ਼ਹਿਰ ਜਨਮ ਜਬਿ ਭਯੋ। ਬ੍ਰਹਮਪੁੱਤ੍ਰ ਨਦਿ ਢਿਗ ਸੁਨਿ ਲਯੋ ॥ ੧੪ ॥

ਸਾਰੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ, ਸਵਾਸ-ਸਵਾਸ ਜਪ ਕੇ ਪ੍ਰਭੂ ਨੂੰ ਆਪਣੇ ਪਾਸ ਸਮਝਦਾ ਹੈ। ਜਦ ਪਟਣੇ ਸ਼ਹਿਰ ਵਿਚ ਤੁਹਾਡਾ ਜਨਮ ਹੋਇਆ ਸੀ ਤਦ ਬ੍ਰਹਮਪੁੱਤਰ ਨਦੀ ਦੇ ਪਾਸ ਮੈਂ ਤੁਹਾਡੇ ਜਨਮ ਬਾਰੇ ਸੁਣ ਲਿਆ ਸੀ॥ ੧੪॥

ਤਬਿ ਸ੍ਰੀ ਤੇਗ ਬਹਾਦਰ ਪਾਸ। ਦਰਸ਼ਨ ਕਰਤਿ ਹੁਤੇ ਸੁਖ ਰਾਸ।
ਲਖਿ ਭੂਪਤਿ ਕੋ ਭਾਵ ਬਿਸਾਲਾ।ਦੇਨੇ ਬਿਜੈ ਹੁਤੇ ਤਿਸ ਨਾਲਾ॥ ੧੫ ॥

ਤਦ ਮੈਂ ਸ੍ਰੀ ਗੁਰੂ ਤੇਗ ਬਹਾਦਰ ਦੇ ਪਾਸ ਸੀ ਤੇ ਉਨ੍ਹਾਂ ਸੁੱਖਾਂ ਦੇ ਘਰ ਦੇ ਦਰਸ਼ਨ ਕਰਦਾ ਹੁੰਦਾ ਸੀ। ਰਾਜੇ ਦੀ ਵੱਡੀ ਭਾਵਨਾ ਵੇਖ ਕੇ ਉਸ ਨੂੰ ਜਿੱਤ ਦੇਣੀ ਚਾਹੁੰਦੇ ਸਨ॥ ੧੫॥

ਜਨਮ ਆਪ ਕੋ ਸੁਨਿ ਹਰਖਾਏ। ਸ਼ੁਤਰੀ ਦੁੰਦਭਿ ਬਹੁ ਬਜਵਾਏ।
ਤੁਪਕ ਤੋਪ ਲਸ਼ਕਰ ਮਹਿਂ ਸਾਰੀ। ਭਈ ਸ਼ਲਖ ਛੂਟੀ ਇਕਬਾਰੀ॥ ੧੬ ॥

ਆਪ ਜੀ ਦਾ ਜਨਮ ਸੁਣ ਕੇ ਬਹੁਤ ਪ੍ਰਸੰਨ ਹੋਏ, ਊਠਾਂ ਵਾਲੇ ਨਗਾਰੇ ਬਹੁਤ ਵਜਵਾਏ। ਬੰਦੂਕਾਂ, ਤੋਪਾਂ ਜਿੰਨੀਆਂ ਵੀ ਲਸ਼ਕਰ ਵਿਚ ਸਨ ਸਾਰੀਆਂ ਇਕੋ ਵਾਰ ਚਲਾ ਦਿੱਤੀਆਂ॥ ੧੬॥

ਤੁਰਹੀ ਰਣਸਿੰਘੇ ਡਫ ਢੋਲਾ। ਬਾਜੇ ਪਟਹ ਭਯੋ ਬਡ ਰੋਲਾ।
ਸ੍ਰੀ ਗੁਰ ਤੇਗ਼ ਬਹਾਦਰ ਭਾਰੀ। ਉਤਸਵ ਕਰਯੋ ਮਹਾਂ ਤਿਸ ਬਾਰੀ॥ ੧੭॥

ਤੁਰੀਆਂ, ਰਣਸਿੰਘੇ, ਡਫਾਂ, ਢੋਲ ਅਤੇ ਪਟਹੇ ਇਕੱਠੇ ਵੱਜ ਉਠੇ ਅਤੇ ਬਹੁਤ ਰੌਲਾ ਪੈ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਸ ਸਮੇਂ ਮਹਾਨ ਉਤਸਵ ਕੀਤਾ॥ ੧੭॥

ਆਏ ਮੰਗਤ ਜਨ ਸਮੁਦਾਏ। ਗਯੋ ਨ ਛੂਛੋ ਸਭਿ ਧਨ ਪਾਏ।
ਨ੍ਰਿਪ ਜੁਤਿ ਸਭ ਲਸ਼ਕਰ ਉਤਸਾਹਾ। ਦਯੋ ਦਾਨ ਜਸ ਜਸ ਜਿਸ ਪਾਹਾ॥੧੮॥

ਉਸ ਸਮੇਂ ਬਹੁਤ ਮੰਗਤੇ ਇਕੱਠੇ ਹੋ ਕੇ ਆਏ, ਕੋਈ ਵੀ ਖਾਲੀ ਨਾ ਗਿਆ। ਸਭ ਨੇ ਧਨ ਪ੍ਰਾਪਤ ਕੀਤਾ। ਰਾਜੇ ਸਹਿਤ ਸਾਰੇ ਲਸ਼ਕਰ ਵਿਚ ਉਤਸ਼ਾਹ ਵੱਧ ਗਿਆ। ਸਾਰਿਆਂ ਨੇ ਦਾਨ ਦਿੱਤਾ, ਜਿਵੇਂ-ਜਿਵੇਂ ਜਿਸ ਦੇ ਪਾਸ ਸੀ॥ ੧੮॥

ਤਬਿ ਮੈਂ ਬੂਝੇ ਪਿਤਾ ਤੁਹਾਰੇ। 'ਕਸ ਸਾਹਿਬਜ਼ਾਦੇ ਗੁਨ ਭਾਰੇ?।
ਜਿਸ ਜਨਮਤਿ ਬਹੁ ਮੰਗਲ ਹੋਵਾ। ਯਾਂਤੇ ਮੈਂ ਬਾਂਛਤਿ ਮੁਖ ਜੋਵਾ॥ ੧੯॥

ਤਦ ਮੈਂ ਤੁਹਾਡੇ ਪਿਤਾ ਜੀ ਨੂੰ ਪੁੱਛਿਆ, "ਸਾਹਿਬਜ਼ਾਦੇ ਵਿਚ ਕੈਸੇ ਭਾਰੀ ਗੁਣ ਹਨ, ਜਿਸ ਦੇ ਜਨਮ ਉੱਪਰ ਬਹੁਤ ਅਨੰਦ ਮੰਗਲ ਹੋਇਆ ਹੈ। ਇਸ ਕਰਕੇ ਮੈਂ ਸਾਹਿਬਜ਼ਾਦੇ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ"॥ ੧੯॥

ਸੁਨਿਕੈ ਗੁਰੂ ਬ੍ਰਿਤੰਤ ਉਚਾਰਾ। 'ਈਸ਼ੁਰ ਆਇਸੁ ਤੇ ਅਵਤਾਰਾ।
ਰੋਮ ਰੋਮ ਪ੍ਰਤਿ ਬਿਸ਼ਨੁ ਮਹੇਸ਼ਾ। ਕਰਤਾ ਪੁਰਖ ਕ੍ਰਿਪਾਲ ਬਿਸ਼ੇਸ਼ਾ॥ ੨੦॥

ਇਹ ਸੁਣ ਕੇ ਗੁਰੂ ਜੀ ਨੇ ਬ੍ਰਿਤਾਂਤ ਉਚਾਰਨ ਕੀਤਾ, "ਈਸ਼ਵਰ ਦੀ ਆਗਿਆ ਨਾਲ ਅਵਤਾਰ ਹੋਇਆ ਹੈ। ਪ੍ਰਤੀ ਰੋਮ-ਰੋਮ ਵਿਸ਼ਨੂੰ, ਮਹੇਸ਼ ਤੇ ਕ੍ਰਿਪਾਲੂ ਕਰਤਾਪੁਰਖ ਵਿਸ਼ੇਸ਼ ਹੈ॥ ੨੦॥

ਜੋਗ ਸਾਧਨਾ ਬਹੁ ਬਿਧਿ ਸਾਧੇ। ਧਰਿ ਇਮ ਧਯਾਨ ਸੁ ਪ੍ਰਭੁ ਅਰਾਧੇ।
ਹ੍ਵੈ ਪ੍ਰਸੰਨ ਇਹ ਪੁਰਸ਼ ਪਠਾਯੋ। ਚਿਰੰਕਾਲ ਤੇ ਇਕ ਸੁਤ ਪਾਯੋ॥ ੨੧॥

ਅਸੀਂ ਜੋਗ ਸਾਧਨਾ ਬਹੁਤ ਵਿਧੀਆਂ ਨਾਲ ਸਾਧੀ ਸੀ ਤੇ ਇਸ ਪ੍ਰਕਾਰ ਧਿਆਨ ਧਾਰ ਕੇ ਪ੍ਰਭੂ ਦੀ ਅਰਾਧਣਾ ਕੀਤੀ ਸੀ। ਪ੍ਰਭੂ ਨੇ ਪ੍ਰਸੰਨ ਹੋ ਕੇ ਇਹ ਪੁਰਸ਼ ਭੇਜਿਆ ਹੈ, ਬਹੁਤ ਦੇਰ ਬਾਅਦ ਇਕ ਪੁੱਤਰ ਪਾਇਆ ਹੈ॥ ੨੧॥

ਪਾਛਲ ਹਮਹੁੰ ਆਰਬਲ ਆਇ। ਸੰਮਤ ਚਾਲਿਸ ਤੇ ਅਧਿਕਾਇ।
ਬਲੀ ਪੁਰਖ ਲੀਨਸਿ ਅਵਤਾਰ। ਕਾਰਜ ਬਡੇ ਲੇਹਿ ਇਹ ਸਾਰ॥ ੨੨॥

ਸਾਡੀ ਪਿਛਲੀ ਉਮਰ ਵਿਚ ਅਵਤਾਰ ਧਾਰਿਆ ਹੈ, ਚਾਲ਼ੀ ਸਾਲ ਤੋਂ ਸਾਡੀ ਉਮਰ ਵੱਡੀ ਹੋ ਗਈ ਹੈ। ਇਕ ਬਲਵਾਨ ਪੁਰਖ ਨੇ ਸਾਡੇ ਘਰ ਅਵਤਾਰ ਲਿਆ ਹੈ, ਇਹ ਬਹੁਤ ਵੱਡੇ-ਵੱਡੇ ਕਾਰਜ ਸਾਰ ਲਵੇਗਾ॥ ੨੨॥

ਹਿੰਦ ਧਨੇ ਕੀ ਰਾਖਹਿ ਲਾਜ। ਨਾਸ਼ਹਿ ਤੁਰਕਨਿ ਰਾਜ ਸਮਾਜ।
ਪੰਥ ਤੀਸਰੋ ਕਰਹਿ ਉਪਾਵਨਿ। ਸੰਤ ਉਬਾਰ ਦੁਸ਼ਟ ਗਨ ਘਾਵਨ॥ ੨੩॥

ਹਿੰਦ ਧਣੇ ਦੀ ਇਹ ਲਾਜ ਰੱਖੇਗਾ ਤੇ ਤੁਰਕਾਂ ਦਾ ਰਾਜ ਸਮਾਜ ਖਤਮ ਕਰ ਦੇਵੇਗਾ। ਤੀਸਰਾ ਪੰਥ ਇਹ ਪ੍ਰਗਟ ਕਰੇਗਾ ਤੇ ਸੰਤਾਂ ਨੂੰ ਬਚਾ ਕੇ ਦੁਸ਼ਟਾਂ ਦਾ ਨਾਸ਼ ਕਰੇਗਾ॥ ੨੩॥

ਮੱਦ੍ਰ ਦੇਸ਼ ਮਹਿਂ ਜੰਗ ਅਖਾੜੇ। ਲਾਖਹੁਂ ਮਾਰਹਿ ਪਵਹਿਂ ਪਵਾੜੇ।
ਤੁਰਕ ਪਤੀ ਕੋ ਕਰਿ ਸੰਘਾਰ। ਦੱਖਣ ਆਇ ਅੰਤ ਕੀ ਬਾਰ॥ ੨੪॥

ਪੰਜਾਬ ਦੇਸ਼ ਵਿਚ ਜੰਗੀ ਅਖਾੜੇ ਲਾਵੇਗਾ, ਲੱਖਾਂ ਨੂੰ ਮਾਰੇਗਾ ਤੇ ਵੱਡੇ-ਵੱਡੇ ਪਵਾੜੇ ਪੈਣਗੇ। ਤੁਰਕ ਬਾਦਸ਼ਾਹ ਮਾਰ ਕੇ ਫਿਰ ਆਖਰੀ ਵਾਰ ਦੱਖਣ ਵਲ ਆਵੇਗਾ॥ ੨੪॥

ਸੁਨਹੁ ਸਾਧ ਤੁਹਿ ਬੈਸ ਬਡੇਰੀ। ਟਿਕਹੁ ਕਿਤਹਿ ਤਬਿ ਲੀਜਹਿ ਹੇਰੀ।
ਇਹ ਸਭਿ ਸੁਨਿਕੈ ਤੁਮ ਪਿਤ ਪਾਸ। ਇਸ ਪੁਰਿ ਬਸਜੋ ਦਰਸ ਕਰਿ ਆਸ॥੨੫॥

ਹੇ ਸਾਧ! ਸੁਣੋ, ਤੇਰੀ ਬਹੁਤ ਲੰਮੀ ਉਮਰ ਹੋਵੇਗੀ, ਦੱਖਣ ਵਾਲੇ ਪਾਸੇ ਕਿਤੇ ਟਿਕ ਜਾਵੇ, ਤਦ ਉਨ੍ਹਾਂ ਦੇ ਦਰਸ਼ਨ ਕਰ ਲੈਣਾ।'' ਤੁਹਾਡੇ ਪਿਤਾ ਜੀ ਪਾਸੋਂ ਇਹ ਸਭ ਸੁਣ ਕੇ, ਦਰਸ਼ਨਾਂ ਦੀ ਆਸ ਰੱਖ ਕੇ, ਇਸ ਨਗਰ ਵਿਚ ਵੱਸ ਗਿਆ ਹਾਂ॥ ੨੫॥

ਸਿਮਰਤਿ ਰਹਜੋ ਪ੍ਰਤੀਖਨ ਧਾਰਿ। ਅਬਿ ਤੁਮ ਆਏ ਕਰੁਨਾ ਧਾਰਿ।
ਸਭਿ ਕਾਰਜ ਕਰਿ ਲੀਨ ਸੁਖਾਰੇ। ਆਏ ਇਤਹੁਂ ਅੰਤ ਕੀ ਵਾਰੇ॥ ੨੬॥

ਉਡੀਕ ਧਾਰ ਕੇ ਯਾਦ ਕਰਦਾ ਰਿਹਾ ਹਾਂ, ਹੁਣ ਤੁਸੀਂ ਕਿਰਪਾ ਧਾਰ ਕੇ ਆਏ ਹੋ। ਸਾਰੇ ਕਾਰਜ ਆਸਾਨ ਕਰ ਲਏ ਹਨ, ਹੁਣ ਆਖਰੀ ਵਾਰ ਏਧਰ ਆਏ ਹੋ॥ ੨੬॥

ਮਮ ਸਮ ਕੀ ਪੂਰਵਨ ਕਰਿ ਆਸਾ। ਅਨਿਕ ਭਾਂਤਿ ਪਿਖਿ ਜਗਤ ਤਮਾਸ਼ਾ।
ਦਰਸ਼ਨ ਕਰਿ ਨਿਹਾਲ ਮੈਂ ਹੋਯੋ। ਤਪ ਜਪ ਅਪਨਿ ਕ੍ਰਿਤਾਰਥ ਜੋਯੋ॥੨੭॥

ਅਨੇਕ ਪ੍ਰਕਾਰ ਦੇ ਜਗਤ ਦੇ ਤਮਾਸ਼ੇ ਵੇਖ ਕੇ ਹੁਣ ਮੇਰੇ ਵਰਗੇ ਦੀ ਆਸ ਪੂਰੀ ਕਰਨ ਆਏ ਹੋ। ਮੈਂ ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ, ਆਪਣਾ ਜਪ ਤਪ ਕ੍ਰਿਤਾਰਥ ਹੋਇਆ ਜਾਣਿਆ ਹੈ॥ ੨੭॥

ਪੂਰਹੁ ਕਾਮਨਾ ਏਕ ਹਮਾਰੀ। ਕਰੌਂ ਅਹਾਰ ਸੁ ਹੇਤੁ ਤੁਮਾਰੀ।
ਅਚੀਅਹਿ ਪ੍ਰਾਤ ਸਿੰਘ ਲੇ ਸਾਥ। ਦੇਖਿ ਭਾਵਨਾ ਮਨ ਕੀ ਨਾਥ॥ ੨੮॥

ਮੇਰੀ ਇਕ ਕਾਮਨਾ ਪੂਰੀ ਕਰੋ, ਮੈਂ ਤੁਹਾਡੇ ਵਾਸਤੇ ਭੋਜਨ ਤਿਆਰ ਕਰਾਂਗਾ। ਸਵੇਰੇ ਸਿੰਘਾਂ ਨੂੰ ਨਾਲ ਲੈ ਕੇ ਭੋਜਨ ਛਕੋ।'' ਸਤਿਗੁਰੂ ਜੀ ਨੇ ਸਾਧੂ ਦੇ ਦਿਲ ਦੀ ਭਾਵਨਾ ਵੇਖੀ॥ ੨੮॥

ਸੁਨਤਿ ਸਾਧ ਕੇ ਬਚ ਹਰਖਾਏ। 'ਤੁਮ ਸਾਧਨ ਪਰਲੋਕ ਕਮਾਏ।
ਮਾਨੁਖ ਜਨਮ ਕ੍ਰਿਤਾਰਥ ਕੀਨੋ। ਫੇਰ ਨ ਫੇਰਾ ਹੁਇ ਜਗ ਚੀਨੋ॥ ੨੯॥

ਤੇ ਸਾਧੂ ਦੇ ਸੁਣਦਿਆਂ ਪ੍ਰਸੰਨ ਹੋ ਕੇ ਬਚਨ ਕੀਤੇ, "ਤੁਸੀਂ ਸਾਧਨ ਕਰਕੇ ਆਪਣਾ ਪਰਲੋਕ ਕਮਾ ਲਿਆ ਹੈ। ਆਪਣੇ ਮਨੁੱਖਾ ਜਨਮ ਨੂੰ ਤੁਸਾਂ ਕ੍ਰਿਤਾਰਥ ਕਰ ਲਿਆ ਹੈ, ਇਸ ਜਗਤ ਵਿਚ ਫਿਰ ਤੁਹਾਡਾ ਫੇਰਾ ਨਹੀਂ ਹੋਵੇਗਾ, ਇਹ ਸਮਝ ਲਵੋ॥ ੨੯॥

ਤਜਿ ਬਿਕਾਰ ਉੱਜਲ ਮਨ ਕਿਯੋ। ਪੁਨ ਸਤਿਨਾਮ ਰੰਗ ਦਿਢ ਦਿਯੋ।
ਉਤਰਹਿ ਨਹਿਂ ਜੁ ਰੰਗ ਬਹੁ ਗਾਢੇ। ਹ੍ਵੈ ਨ ਪੁਰਾਤਨ, ਦਿਨ ਦਿਨ ਬਾਢੇ॥੩੦॥

ਵਿਕਾਰ ਛੱਡ ਕੇ ਤੁਸਾਂ ਮਨ ਨੂੰ ਉੱਜਲ ਬਣਾ ਲਿਆ ਹੈ, ਫਿਰ ਸਤਿਨਾਮ ਦੇ ਰੰਗ ਵਿਚ ਪੱਕੀ ਤਰ੍ਹਾਂ ਰੰਗੇ ਗਏ ਹੋ। ਇਹ ਜਿਹੜਾ ਬਹੁਤ ਗਾੜ੍ਹਾ ਰੰਗ ਹੈ ਇਹ ਫਿਰ ਉਤਰੇਗਾ ਨਹੀਂ, ਇਹ ਪੁਰਾਣਾ ਵੀ ਨਹੀਂ ਹੋਵੇਗਾ, ਦਿਨ ਪ੍ਰਤੀ ਦਿਨ ਵਧੇਗਾ॥ ੩੦॥

ਪ੍ਰਭੁ ਬਸਿ ਕਰਜੋ ਪ੍ਰੇਮ ਤੇ ਜਿਨੈ। ਤਿਨ ਕੋ ਕਹਜੋ ਨ ਕਜੋਂ ਹਮ ਮਨੈ।
ਯਾਂਤੇ ਨਿਤ ਆਇਸੁ ਅਨੁਸਾਰੀ। ਕਜੋਂ ਨ ਆਇਂ ਤੁਮ ਸਦਨ ਮਝਾਰੀ॥੩੧॥

ਜਿਸ ਨੇ ਆਪਣੇ ਪ੍ਰੇਮ ਨਾਲ ਪ੍ਰਭੂ ਨੂੰ ਵੱਸ ਕਰ ਲਿਆ ਹੈ, ਉਸ ਦਾ ਕਿਹਾ ਹੋਇਆ ਅਸੀਂ ਕਿਉਂ ਮਨ੍ਹਾਂ ਕਰਾਂਗੇ। ਇਸ ਕਰਕੇ ਅਸੀਂ ਸਦਾ ਤੁਹਾਡੀ ਆਗਿਆ ਅਨੁਸਾਰ ਹਾਂ, ਤੁਹਾਡੇ ਘਰ ਅੰਦਰ ਅਸੀਂ ਕਿਉਂ ਨਹੀਂ ਆਵਾਂਗੇ' ॥ ੩੧॥

ਇੱਤਜਾਦਿਕ ਬਚ ਕਹਿ ਸੁਨਿ ਕਰਿਕੈ। ਗਯੋ ਸੰਤ ਉਰ ਆਨੰਦ ਧਰਿਕੈ।
ਘਰ ਮਹਿਂ ਜਾਇ ਤਯਾਰ ਕਰਿ ਤੂਰਨ। ਨਾਨਾ ਸੌਜਨ ਭੋਜਨ ਪੂਰਨ॥ ੩੨॥

ਇਸ ਪ੍ਰਕਾਰ ਬਚਨ ਕਹਿ ਸੁਣ ਕੇ, ਸੰਤ ਹਿਰਦੇ ਵਿਚ ਅਨੰਦ ਧਾਰ ਕੇ ਚਲੇ ਗਿਆ। ਘਰ ਵਿਚ ਜਾ ਕੇ ਤੁਰਤ ਤਿਆਰੀ ਕੀਤੀ। ਭੋਜਨ ਤਿਆਰ ਕਰਨ ਵਾਸਤੇ ਕਈ ਪ੍ਰਕਾਰ ਦੀਆਂ ਸਮੱਗਰੀਆਂ ਮੰਗਵਾਈਆਂ॥ ੩੨॥

ਸੂਪਕਾਰ ਬਹੁ ਚਤੁਰ ਲਗਾਏ। ਖਟ ਰਸ ਸ੍ਵਾਦ ਅਨੇਕ ਬਨਾਏ।
ਦਧੀ ਦੁਗਧ ਮਿਸ਼ਟਾਨ ਘਨੇਰੇ। ਤੁਰਸ਼ਾਈ ਜੁਤਿ ਅਸਨ ਬਡੇਰੇ॥ ੩੩॥

ਬਹੁਤ ਚਤੁਰ ਲਾਂਗਰੀ ਭੋਜਨ ਤਿਆਰ ਕਰਨ ਵਾਸਤੇ ਲਾਏ, ਖੱਟੇ ਸਵਾਦੀ ਅਨੇਕ ਰਸਾਂ ਦੇ ਭੋਜਨ ਤਿਆਰ ਕਰਵਾਏ। ਦਹੀਂ, ਦੁੱਧ ਤੇ ਕਈ ਪ੍ਰਕਾਰ ਦੇ ਮਿੱਠੇ ਭੋਜਨ ਵੀ ਤਿਆਰ ਕਰਵਾਏ। ਖਟਿਆਈ ਸਹਿਤ ਬਹੁਤ ਭੋਜਨ ਤਿਆਰ ਕਰਵਾਏ॥ ੩੩॥

ਡਾਲਿ ਮਸਾਲੇ ਜਾਲ ਬਿਸਾਲੇ। ਸ੍ਵਾਦ ਸੁਗੰਧਿਤ ਬਹੁ ਰਸ ਨਾਲੇ।
ਜਾਮ ਦਿਵਸ ਜਬਿ ਸੂਰਜ ਆਯੋ। ਹੇਤੁ ਹਕਾਰਨਿ ਸਾਧ ਸਿਧਾਯੋ॥ ੩੪॥

ਸਬਜ਼ੀਆਂ ਆਦਿ ਵਿਚ ਬਹੁਤ ਪ੍ਰਕਾਰ ਦੇ ਮਸਾਲੇ ਪਾਏ ਗਏ ਸਨ। ਸਾਰੇ ਭੋਜਨ ਬਹੁਤ ਸਵਾਦੀ, ਸੁਗੰਧਿਤ ਅਤੇ ਬਹੁਤ ਰਸਾਂ ਵਾਲੇ ਸਨ। ਜਦ ਇਕ ਪਹਿਰ ਦਿਨ ਚਲਾ ਗਿਆ ਤਾਂ ਸਾਧੂ ਗੁਰੂ ਜੀ ਨੂੰ ਬੁਲਾਉਣ ਵਾਸਤੇ ਚਲ ਪਿਆ॥ ੩੪॥

ਕਰਿ ਬੰਦਨ ਕੋ ਤੁਰੰਗ ਚਢਾਏ। ਸੰਗ ਖਾਲਸਾ ਚਲਿ ਸਮੁਦਾਏ।
ਅਪਰ ਚਲੇ ਸਿਖ ਸੰਗਤਿ ਸਾਰੇ। ਧਾਰਿ ਕਾਮਨਾ ਸਾਧ ਹਕਾਰੇ॥ ੩੫॥

ਬੰਦਨਾ ਕਰਕੇ ਸਤਿਗੁਰੂ ਜੀ ਨੂੰ ਘੋੜੇ ਉੱਪਰ ਚੜ੍ਹਾ ਲਿਆ, ਨਾਲ ਸਾਰਾ ਖਾਲਸਾ ਚਲ ਪਿਆ। ਹੋਰ ਸਾਰੀ ਸਿੱਖ ਸੰਗਤ ਵੀ ਗਈ, ਸਾਧੂ ਨੇ ਕਾਮਨਾ ਧਾਰ ਕੇ ਸਭ ਨੂੰ ਬੁਲਾਇਆ॥ ੩੫॥

ਅਧਿਕ ਭੀਰ ਗੁਰ ਕੇ ਸੰਗ ਹੋਈ। ਪੁਰਿ ਜਨ ਸਿੰਘ ਚਲੇ ਸਭਿ ਕੋਈ।
ਸਤਿਸੰਗਤ ਭਾ ਮੇਲ ਬਿਸਾਲਾ। ਪਹੁੰਚੇ ਜਾਇ ਸਾਧ ਕੀ ਸ਼ਾਲਾ॥ ੩੬॥

ਗੁਰੂ ਜੀ ਦੇ ਨਾਲ ਬਹੁਤ ਭੀੜ ਹੋ ਗਈ, ਨਗਰ ਦੇ ਸਾਰੇ ਲੋਕ ਅਤੇ ਸਿੰਘ ਸਾਰੇ ਚਲ ਪਏ। ਸਤਿਸੰਗਤ ਦਾ ਵਿਸ਼ਾਲ ਮੇਲ ਹੋਇਆ, ਸਾਰੇ ਇਕੱਠੇ ਹੋ ਕੇ ਸਾਧੂ ਦੇ ਘਰ ਪਹੁੰਚ ਗਏ॥ ੩੬॥

ਅਨਿਕ ਪੰਕਤਾਂ ਕਰਿ ਬੈਠਾਈ। ਚੌਕੀ ਬੀਚ ਬਿਸਾਲ ਡਸਾਈ।
ਛਾਦੀ ਬਿਸਦ ਬਸਤ੍ਰ ਕੇ ਸਾਥ। ਸਾਦਰ ਤਹਿਂ ਬੈਠਾਰੇ ਨਾਥ॥ ੩੭॥

ਸੰਗਤਾਂ ਨੂੰ ਅਨੇਕ ਪੰਗਤੀਆਂ ਬਣਾ ਕੇ ਬਿਠਾਇਆ ਤੇ ਵਿਚ ਵੱਡੀ ਚੌਂਕੀ ਡਹਾਈ। ਚੌਂਕੀ ਉੱਪਰ ਇਕ ਸੁੰਦਰ ਕਪੜਾ ਵਿਛਾਇਆ ਤੇ ਬੜੇ ਆਦਰ ਨਾਲ ਉਸ ਉੱਪਰ ਸਤਿਗੁਰੂ ਜੀ ਨੂੰ ਬਿਠਾਇਆ॥ ੩੭॥

ਥਾਲ ਬਿਸਾਲ ਪਰੋਸਿ ਉਤਾਲਾ। ਆਦਿ ਤਿਹਾਵਲ ਜਿਨ ਰਸ ਜਾਲਾ।
ਧਰਯੋ ਪ੍ਰਭੂ ਕੇ ਆਨਿ ਅਗਾਰੀ। ਸੀਤ ਸੁਗੰਧਿਤਿ ਦੇ ਕਰਿ ਬਾਰੀ॥ ੩੮॥

ਤੁਰਤ ਇਕ ਵੱਡਾ ਥਾਲ ਪਰੋਸਿਆ, ਜਿਸ ਵਿਚ ਕੜਾਹ ਪ੍ਰਸ਼ਾਦਿ ਆਦਿ ਬਹੁਤ ਰਸੀਲੇ ਭੋਜਨ ਪਰੋਸੇ ਗਏ। ਉਸ ਥਾਲ ਨੂੰ ਲਿਆ ਕੇ ਸਤਿਗੁਰੂ ਜੀ ਦੇ ਅੱਗੇ ਪਰੋਸ ਦਿੱਤਾ ਤੇ ਠੰਢਾ ਅਤੇ ਸੁਗੰਧਿਤ ਪਾਣੀ ਦਿੱਤਾ॥ ੩੮॥

ਸਭਿ ਪੰਕਤਿ ਕੋ ਪਰੁਸ ਨਿਹਾਰੇ। ਤੂਰਨ ਦਏ ਪਰੋਸਿ ਅਹਾਰੇ।
ਅਚਵਨਿ ਲਗੇ ਕੋਰ ਮੁਖ ਪਾਏ। ਸ੍ਰੀ ਗੁਰ ਸ੍ਵਾਦਲ ਅਚਿ ਤ੍ਰਿਪਤਾਏ॥ ੩੯॥

ਸਾਰੀਆਂ ਪੰਗਤੀਆਂ ਨੂੰ ਮਨੁੱਖ ਵੇਖ ਰਹੇ ਸਨ ਤੇ ਤੁਰਤ ਭੋਜਨ ਪਰੋਸ ਦਿੱਤਾ। ਫਿਰ ਸਾਰੇ ਗ੍ਰਾਹੀਆਂ ਮੁਖ ਵਿਚ ਪਾ ਕੇ ਛਕਣ ਲੱਗੇ। ਸਤਿਗੁਰੂ ਜੀ ਸਵਾਦੀ ਭੋਜਨ ਖਾ ਕੇ ਤ੍ਰਿਪਤ ਹੋ ਗਏ॥ ੩੯॥

ਕਰਜੋ ਸਰਾਹਨ ਬਿਬਿਧ ਅਹਾਰਾ। ਸਭਿ ਤ੍ਰਿਪਤੇ ਲੇ ਸ੍ਵਾਦ ਉਦਾਰਾ।
ਪੁਰਿ ਜਨ ਭਨਹਿਂ 'ਪ੍ਰਥਮ ਕਈ ਬਾਰ। ਭਏ ਅਹਾਰ ਨ ਸ੍ਵਾਦ ਉਦਾਰ॥ ੪੦॥

ਭਿੰਨ-ਭਿੰਨ ਪ੍ਰਕਾਰ ਦੇ ਭੋਜਨਾਂ ਦੀ ਬਹੁਤ ਸ਼ਲਾਘਾ ਕੀਤੀ, ਬਹੁਤ ਸਵਾਦੀ ਭੋਜਨ ਖਾ ਕੇ ਸਾਰੇ ਤ੍ਰਿਪਤ ਹੋ ਗਏ। ਨਗਰ ਦੇ ਲੋਕ ਕਹਿੰਦੇ ਸਨ, "ਪਹਿਲਾਂ ਕਈ ਵਾਰ ਭੋਜਨ ਖਾਧੇ ਹਨ, ਪਰ ਉਹ ਏਨੇ ਸਵਾਦੀ ਨਹੀਂ ਸੀ ਹੁੰਦੇ॥ ੪੦॥

ਧੰਨ ਸਾਧ ਜਿਨ ਕਿਯ ਅਸ ਮੇਲ। ਕਰਜੋ ਅਸਨਿ ਬਹੁ ਸ੍ਵਾਦਨਿ ਮੇਲਿ'।
ਚੁਰਾ ਕਰੇ ਪ੍ਰਭੁ ਕੇ ਢਿਗ ਆਯੋ। ਦੀਨ ਹੋਇ ਪਾਇਨਿ ਲਪਟਾਯੋ॥ ੪੧॥

ਧੰਨ ਸਾਧ ਹੈ, ਜਿਸ ਨੇ ਇਸ ਪ੍ਰਕਾਰ ਮੇਲ ਕਰਵਾਇਆ ਹੈ, ਬਹੁਤ ਸਵਾਦਾਂ ਨੂੰ ਮੇਲ ਕੇ ਭੋਜਨ ਤਿਆਰ ਕੀਤਾ ਹੈ।" ਜਦ ਪ੍ਰਭੂ ਜੀ ਨੇ ਚੁਲਾ ਕਰ ਲਿਆ ਤਾਂ ਸਾਧ ਸਤਿਗੁਰੂ ਜੀ ਪਾਸ ਆਇਆ। ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ॥ ੪੧॥

ਖੁਸ਼ੀ ਕਰੀ ਉਪਜਜੋ ਬ੍ਰਹਮ ਗਜਾਨ। ਏਕ ਆਤਮਾ ਪਿਖਜੋ ਜਹਾਨ।
ਉਠੇ ਪ੍ਰਭੂ ਡੇਰੇ ਮਹਿਂ ਆਇ। ਥਿਰਿ ਪ੍ਰਯੰਕ ਪਰ ਹੁਇ ਸੁਖ ਪਾਇ॥ ੪੨॥

ਗੁਰੂ ਜੀ ਨੇ ਜਦ ਉਸ ਉੱਪਰ ਆਪਣੀ ਖ਼ੁਸ਼ੀ ਕੀਤੀ ਤਾਂ ਉਸ ਵਿਚ ਬ੍ਰਹਮ-ਗਿਆਨ ਪ੍ਰਗਟ ਹੋਇਆ। ਸਾਰਾ ਜਹਾਨ ਇਕ ਆਤਮਾ ਦਿਖਾਈ ਦਿੱਤਾ। ਸਤਿਗੁਰੂ ਜੀ ਉੱਠ ਕੇ ਆਪਣੇ ਡੇਰੇ ਵਿਚ ਆ ਗਏ ਤੇ ਪਲੰਘ ਉੱਪਰ ਬੈਠ ਕੇ ਸੁਖ ਪਾਇਆ॥ ੪੨॥

*ਦੂਸਰੇ ਐਨ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥*

## *ਅਧਿਆਇ ਚੌਥਾ*

*ਨਦੇੜ ਪਹੁੰਚੇ, ਆਪਣੀ ਜਗ੍ਹਾ ਦੇ ਚਿੰਨ੍ਹ ਦੱਸੇ*

ਦੋਹਰਾ- ਬੀਤੀ ਰਾਤ ਪ੍ਰਭਾਤਿ ਭੀ ਤਬਿ ਕਾਸਦ ਦੁਇ ਆਇ।
ਲਿਖਾ ਬਹਾਦਰ ਸ਼ਾਹੁ ਨੇ ਗੁਰ ਕੈ ਨਿਕਟ ਪਠਾਇ॥ ੧॥

ਜਦ ਰਾਤ ਬੀਤੀ ਤੇ ਫਿਰ ਸਵੇਰ ਹੋਈ ਤਾਂ ਦੋ ਕਾਸਦ ਆਇ। ਬਹਾਦਰ ਸ਼ਾਹ ਨੇ ਇਕ ਚਿੱਠੀ ਲਿਖ ਕੇ ਗੁਰੂ ਜੀ ਪਾਸ ਭੇਜੀ ਸੀ॥ ੧॥

ਬੈਂਤ-ਲਿਖਯੋ ਸ਼ੌਕ ਨਾਮਾ 'ਦਿਜੈ ਦਰਸ ਆਈ। ਮਹਾਂ ਪੀਰ ਮੇਰੇ! ਇਹੀ ਬਾਤ ਭਾਈ।
ਤੁਮਾਰੀ ਮਿਹਰ ਤੇ ਮਹਾਂ ਤੇਜ ਹੋਵਾ। ਜਹਾਂਨੈ ਕਿ ਮਯਾਨੈ ਮਨਿੰਦੈ ਨ ਦੋਵਾ॥੨॥

ਬਹਾਦਰ ਸ਼ਾਹ ਨੇ ਬੜੇ ਪ੍ਰੇਮ ਨਾਲ ਚਿੱਠੀ ਲਿਖੀ, 'ਆ ਕੇ ਦਰਸ਼ਨ ਦੇਵੋ। ਹੇ ਮੇਰੇ ਮਹਾਂ ਪੀਰ! ਇਹੀ ਗੱਲ ਮੈਨੂੰ ਚੰਗੀ ਲੱਗੀ ਹੈ। ਤੁਹਾਡੀ ਮਿਹਰ ਕਰਕੇ ਮੇਰਾ ਮਹਾਨ ਤੇਜ ਹੋ ਗਿਆ ਹੈ। ਆਪ ਜੀ ਵਰਗਾ ਇਸ ਜਹਾਨ ਵਿਚ ਦੂਸਰਾ ਕੋਈ ਨਹੀਂ ਹੈ॥ ੨॥

ਕਰੋ ਰੰਕ ਰਾਵੰ ਨ ਲਾਗੈ ਅਵਾਰਾ। ਇਲਾਹੀ ਫ਼ਜ਼ਲ ਸੋ ਤੁਮਹਿਂ ਫ਼ਜ਼ਲ ਧਾਰਾ।
ਬਡੀ ਬੇਰ ਬੀਤੀ ਪਿਛਾਰੀ ਰਹੇ ਹੋ। ਕਹੂੰ ਸੰਗਤੀ ਸਿੱਖ ਪ੍ਰੇਮੰ ਲਹੇ ਹੋ॥ ੩॥

ਰੰਕ ਨੂੰ ਰਾਜਾ ਬਣਾ ਦਿੰਦੇ ਹੋ, ਕੋਈ ਦੇਰ ਨਹੀਂ ਲੱਗਦੀ ਹੈ। ਜੋ ਤੁਸੀਂ ਫਜ਼ਲ ਕੀਤਾ ਹੈ ਸੋ ਰੱਬ ਨੇ ਫਜ਼ਲ ਕੀਤਾ ਹੈ। ਬਹੁਤ ਦੇਰ ਬੀਤ ਗਈ ਹੈ ਜਦ ਦੇ ਪਿਛਾੜੀ ਰਹੇ ਹੋ। ਕਿੱਥੇ ਸਿੱਖ ਸੰਗਤ ਦੇ ਪ੍ਰੇਮ ਨੂੰ ਵੇਖ ਰਹੇ ਹੋ॥ ੩॥

ਕਿ ਤਾਲਬ ਪਿਖੋਂ ਮੈਂ ਦਿਦਾਰੰ ਤੁਮਾਰਾ। ਨਹੀਂ ਦੇਰਿ ਕੀਜੈ ਲਖੋ ਪ੍ਰੇਮ ਪਯਾਰਾ।
ਸੁਨਾ ਸ੍ਰੀ ਗੁਰੂ ਫੇਰ ਤਯਾਰੀ ਕਰਾਈ। ਪਰੇ ਜ਼ੀਨ ਘੋਰਾਨ ਪੈ ਬੇਗਵਾਈ॥ ੪॥

ਮੈਂ ਤੁਹਾਡੇ ਦਰਸ਼ਨਾਂ ਦਾ ਚਾਹਵਾਨ ਹਾਂ। ਹੁਣ ਦੇਰ ਨਾ ਕਰੋ ਮੇਰੇ ਪ੍ਰੇਮ ਪਿਆਰ ਨੂੰ ਸਮਝੋ।'' ਇਹ ਸੁਣ ਕੇ ਗੁਰੂ ਜੀ ਨੇ ਫਿਰ ਤਿਆਰੀ ਕਰਵਾਈ ਤੇ ਬਹੁਤ ਛੇਤੀ ਘੋੜਿਆਂ ਉੱਪਰ ਕਾਠੀਆਂ ਪਵਾਈਆਂ॥ ੪॥

ਚੌਪਈ- ਸਿਖ ਸੰਗਤਿ ਤੇ ਰੁਖਸਦ ਹ੍ਵੈਂ ਕੈ। ਅਪਨੇ ਜਾਨਿ ਖੁਸ਼ੀ ਬਹੁ ਦੈਕੈ।
ਹਯ ਅਰੋਹਿ ਕਰਿ ਮਾਰਗ ਪਯਾਨੇ। ਸੰਗ ਖਾਲਸਾ ਚਲੇ ਸੁਜਾਨੇ॥ ੫॥

ਸਿੱਖ ਸੰਗਤ ਤੋਂ ਰੁਖਸਤ ਹੋ ਕੇ, ਆਪਣੇ ਜਾਣ ਕੇ ਬਹੁਤ ਖੁਸ਼ੀ ਦੇ ਕੇ ਘੋੜੇ ਉੱਪਰ ਸਵਾਰ ਹੋ ਕੇ ਮਾਰਗ ਵਿਚ ਚਲ ਪਏ, ਨਾਲ ਚਤੁਰ ਖਾਲਸਾ ਵੀ ਚਲ ਪਿਆ॥ ੫॥

ਪੰਥ ਉਲੰਘਤਿ ਪਹੁੰਚੇ ਜਾਇ। ਜਹਾਂ ਹੁਤੇ ਲਸ਼ਕਰ ਸਮੁਦਾਇ।
ਆਗੇ ਸ਼ਾਹੁ ਚਢ੍ਯੋ ਬਡ ਘੋਰੇ। ਜਾਤਿ ਕਹੂੰ ਸੰਗ ਮਾਨਵ ਥੋਰੇ॥ ੬॥

ਪੈਂਡਾ ਲੰਘਦੇ ਉਥੇ ਜਾ ਪਹੁੰਚੇ ਜਿੱਥੇ ਬਹਾਦਰ ਸ਼ਾਹ ਦੀ ਸਾਰੀ ਫੌਜ ਦਾ ਡੇਰਾ ਸੀ। ਅੱਗੇ ਬਾਦਸ਼ਾਹ ਵੱਡੇ ਘੋੜੇ ਉੱਪਰ ਚੜ੍ਹਿਆ ਜਾ ਰਿਹਾ ਸੀ, ਕਿਸੇ ਦੇ ਨਾਲ ਚੜ੍ਹ ਕੇ ਜਾ ਰਿਹਾ ਸੀ ਤੇ ਮਨੁੱਖ ਥੋੜੇ ਹੀ ਸਨ॥ ੬॥

ਔਚਕ ਇਤ ਸਤਿਗੁਰ ਅਸਵਾਰੀ। ਭਈ ਰੋਬਰੋ ਕਾਰ ਅਗਾਰੀ।
ਦਰਸ਼ਨ ਪਰਸੇ ਸੀਸ ਨਿਵਾਯੋ। ਬਿਨੈ ਬਖਾਨਤਿ ਪ੍ਰੇਮ ਬਢਾਯੋ॥ ੭॥

ਅਚਾਨਕ ਏਧਰ ਸਤਿਗੁਰੂ ਜੀ ਦੀ ਅਸਵਾਰੀ, ਅੱਗੋਂ ਸਾਹਮਣੇ ਹੋਈ। ਬਾਦਸ਼ਾਹ ਨੇ ਦਰਸ਼ਨ ਕਰਕੇ ਸਿਰ ਨਿਵਾਇਆ ਤੇ ਕੁਝ ਕਹਿਣ ਤੋਂ ਬਗੈਰ ਹੀ ਪ੍ਰੇਮ ਵਧਾਇਆ॥ ੭॥

ਗੁਰ ਸੂਰਜ ਕੋ ਦਰਸ਼ਨ ਹੇਰੇ। ਬਿਗਸੇ ਦ੍ਰਿਗ ਅਰਬਿੰਦ ਬਡੇਰੇ।
'ਭਲੀ ਬਾਤ ਹੋਈ ਪ੍ਰਭੁ ਆਏ। ਲਖਿ ਮੁਰੀਦ ਸਮ ਦਰਸ ਦਿਖਾਏ'॥ ੮॥

ਸੂਰਜ ਰੂਪੀ ਗੁਰੂ ਜੀ ਦੇ ਜਦ ਦਰਸ਼ਨ ਹੋਏ ਤਾਂ ਕੰਵਲ ਰੂਪ ਨੈਣ ਬਹੁਤ ਖਿੜ ਗਏ। ''ਚੰਗੀ ਗੱਲ ਹੋਈ ਹੈ, ਸਤਿਗੁਰੂ ਜੀ ਆ ਗਏ ਹਨ, ਮੁਰੀਦ ਵਾਂਗ ਸਮਝ ਕੇ ਦਰਸ਼ਨ ਦਿੱਤੇ ਹਨ'॥ ੮॥

'ਸ੍ਰੀ ਗੁਰ! ਬਹੁਤੇ ਦਿਵਸ ਬਿਤਾਏ। ਇਤ ਮੈਂ ਤੁਮਰੀ ਦਿਸ਼ਿ ਮਨ ਲਾਏ।
ਭਲੋ ਸਥਲ ਪਿਖਿ ਕੀਜੈ ਡੇਰਾ। ਕਰਯੋ ਨਿਹਾਲ ਆਪਨੋ ਚੇਰਾ'॥ ੯॥

ਫਿਰ ਬਹਾਦਰ ਸ਼ਾਹ ਕਹਿਣ ਲੱਗਾ, ''ਹੇ ਸਤਿਗੁਰੂ ਜੀ! ਬਹੁਤ ਦਿਨ ਬਤੀਤ ਕੀਤੇ ਹਨ, ਏਧਰ ਮੈਂ ਤੁਹਾਡੇ ਪਾਸੇ ਮਨ ਲਾਇਆ ਹੈ। ਭਲਾ ਸਥਾਨ ਵੇਖ ਕੇ ਡੇਰਾ ਕਰੋ, ਤੁਸੀਂ ਆਪਣੇ ਚੇਲੇ ਨੂੰ ਨਿਹਾਲ ਕੀਤਾ ਹੈ'॥ ੯॥

ਸੁਨਿ ਸਤਿਗੁਰ ਸਭਿ ਬਾਤ ਬਖਾਨੀ। 'ਪੁਰਿ ਮਹਿਂ ਸੰਗਤਿ ਹੁਤੀ ਮਹਾਨੀ।
ਕਰਿ ਕਰਿ ਪ੍ਰੇਮ ਦਿਵਸ ਪ੍ਰਤਿ ਰਾਖੇ। ਹਮ ਬਹੁ ਬਾਰਿ ਚਲਨ ਕੋ ਭਾਖੇ॥੧੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੀ ਗੱਲ ਕੀਤੀ, "ਨਗਰ ਵਿਚ ਬਹੁਤ ਸੰਗਤ ਸੀ। ਪ੍ਰੇਮ ਕਰ ਕਰ ਪ੍ਰਤੀ ਦਿਨ ਰੱਖਿਆ ਹੈ, ਅਸੀਂ ਬਹੁਤ ਵਾਰ ਚੱਲਣ ਨੂੰ ਆਖਿਆ ਸੀ॥ ੧੦॥

ਹੁਤੋ ਸਾਧ ਪ੍ਰੇਮੀ ਤਨ ਮਨ ਤੇ। ਕਰਜੋ ਭਾਉ ਤਿਨ ਰਖੇ ਚਢਨ ਤੇ।
ਇਮ ਕਹਿ ਖੁਸ਼ੀ ਸ਼ਾਹੁ ਕੋ ਦੀਨਿ। ਹੇਰਿ ਸਥਲ ਸੁਭ ਡੇਰਾ ਕੀਨਿ॥ ੧੧॥

ਉਥੇ ਇਕ ਤਨ ਮਨ ਨਾਲ ਸਾਧ ਪ੍ਰੇਮੀ ਸੀ, ਉਸ ਨੇ ਬਹੁਤ ਪ੍ਰੇਮ ਕਰਕੇ ਘੋੜ-ਸਵਾਰ ਹੋਣ ਤੋਂ ਰੋਕੀ ਰੱਖਿਆ।" ਇਸ ਪ੍ਰਕਾਰ ਕਹਿ ਕੇ ਬਾਦਸ਼ਾਹ ਨੂੰ ਖੁਸ਼ੀ ਦਿੱਤੀ, ਫਿਰ ਸ਼ੁਭ ਸਥਾਨ ਵੇਖ ਕੇ ਡੇਰਾ ਕੀਤਾ॥ ੧੧॥

ਖਾਨ ਪਾਨ ਕਰਿ ਬਿਬਿਧ ਬਨਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ ਕੂਚ ਕਰਿ ਚਲੇ। ਦੱਖਣ ਦੇਸ਼ ਬਿਲੋਕਤਿ ਭਲੇ॥ ੧੨॥

ਬਹੁਤ ਵਿਧੀਆਂ ਨਾਲ ਤਿਆਰ ਕੀਤਾ ਭੋਜਨ ਛਕਿਆ ਅਤੇ ਜਲ ਪੀਤਾ। ਫਿਰ ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਫਿਰ ਕੂਚ ਕਰਕੇ ਅੱਗੇ ਚਲ ਪਏ, ਦੱਖਣ ਦੇਸ਼ ਨੂੰ ਭਲੀ ਪ੍ਰਕਾਰ ਵੇਖਦੇ ਪਏ ਸਨ॥ ੧੨॥

ਨਰ ਨਾਰੀ ਗਨ ਸ਼ਜਾਮ ਵਰਨ ਕੇ। ਇਕ ਸਾਰੀ ਲੇ ਊਪਰ ਤਨ ਕੇ।
ਬਸਨ ਬਿਭੂਖਨ ਬੋਲਨਿ ਬੇਸ। ਰੀਤਿ ਔਰ ਕੇ ਪਿਖਤਿ ਸੁ ਦੇਸ਼॥ ੧੩॥

ਉਥੇ ਕਾਲੇ ਰੰਗ ਦੇ ਬਹੁਤ ਇਸਤਰੀ-ਪੁਰਸ਼ ਫਿਰਦੇ ਸਨ, ਜਿਹੜੇ ਇਕ ਸਾੜ੍ਹੀ ਨੂੰ ਹੀ ਸਾਰੇ ਸਰੀਰ ਉੱਤੇ ਲੈਂਦੇ ਸਨ, ਇਹ ਸਾੜ੍ਹੀ ਤੇੜ ਤੇ ਉੱਪਰ ਨੂੰ ਕੱਜ ਲੈਂਦੀ ਹੈ। ਵਸਤਰ, ਗਹਿਣੇ, ਬੋਲੀ ਅਤੇ ਭੇਸ, ਉਸ ਦੇਸ਼ ਵਿਚ ਹੋਰ ਹੀ ਰੀਤੀ ਦੇ ਲੋਕ ਦਿਖਾਈ ਦਿੰਦੇ ਹਨ॥ ੧੩॥

ਪੂਨਾ ਨਗਰ ਨਾਗਪੁਰਿ ਕੇਰੇ। ਮਿਲੇ ਆਨਿ ਦੇ ਭੇਟ ਅਗੇਰੇ।
ਇੱਤਜਾਦਿਕ ਜੇਤੇ ਤਹਿਂ ਰਾਜੇ। ਲਸ਼ਕਰ ਹੇਰੇ ਡਰ ਉੱਪਰਾਜੇ॥ ੧੪॥

ਪੂਨਾ ਨਗਰ ਅਤੇ ਨਾਗਪੁਰ ਦੇ ਲੋਕ ਅੱਗੇ ਆ ਕੇ ਭੇਟਾ ਦੇ ਕੇ ਮਿਲੇ। ਇਸ ਪ੍ਰਕਾਰ ਜਿੰਨੇ ਵੀ ਉਥੇ ਰਾਜੇ ਸਨ, ਲਸ਼ਕਰ ਵੇਖ ਕੇ ਡਰ ਮੰਨਦੇ ਸਨ॥ ੧੪॥

ਮਿਲਹਿਂ ਸ਼ਾਹੁ ਅਪਨਪੋ ਜਨਾਇ। ਗਜ ਬਾਜੀ ਧਨ ਬਹੁ ਅਰਪਾਇ।
ਗਿਰਵਰ ਕਾਨਨ ਉਲੰਘਤਿ ਗਏ। ਪੁਰਿਨਿ ਗ੍ਰਾਮ ਅਵਿਲੋਕਤਿ ਭਏ॥ ੧੫॥

ਉਹ ਆਪਣਾ ਨਾਮ ਆਦਿ ਦੱਸ ਕੇ ਬਾਦਸ਼ਾਹ ਨੂੰ ਮਿਲਦੇ ਸਨ। ਉਹ ਹਾਥੀ ਘੋੜੇ ਅਤੇ ਬਹੁਤ ਧਨ ਅਰਪਣ ਕਰਦੇ ਸਨ। ਪਹਾੜ ਜੰਗਲ ਉਲੰਘਦੇ ਗਏ, ਨਗਰ ਪਿੰਡ ਵੇਖਦੇ ਪਏ ਸਨ॥ ੧੫॥

ਕਿਸ ਕਿਸ ਕੀ ਗਨਨਾ ਕਰਿ ਕਹੀਏ। ਰਚਨਾ ਚਾਰੁ ਚਿੱਤ੍ਰ ਜਿਨ ਲਹੀਏ।
ਬਾਪੀ ਕੂਪ ਬਾਗ਼ ਫੁਲਵਾਰੀ। ਨਾਲਕੇਲ ਕੇਲਾ ਰੁ ਸੁਪਾਰੀ॥ ੧੬॥

ਕਿਸ ਕਿਸ ਦੀ ਗਿਣਤੀ ਕਰਕੇ ਕਹੀਏ। ਪ੍ਰਭੂ ਦੀ ਰਚਨਾ ਸੁੰਦਰ ਅਤੇ ਵਚਿੱਤ੍ਰ ਦਿੱਸਦੀ ਹੈ। ਬਾਉਲੀਆਂ, ਖੂਹ, ਬਾਗ਼, ਫੁਲਵਾੜੀਆਂ, ਕੇਲੇ ਅਤੇ ਸੁਪਾਰੀਆਂ ਨਾਲ ਭਰੇ ਸਨ॥ ੧੬॥

ਬਿਸਮਤਿ ਨਗਰ ਬਿਲੋਕਿ ਬਿਸਾਲਾ। ਤਿਸ ਕੇ ਨਿਕਟ ਸਿਵਰ ਕੋ ਘਾਲਾ।
ਆਠ ਦਿਵਸ ਤਹਿਂ ਕੀਨ ਮੁਕਾਮੂ। ਸੰਗਤਿ ਗੁਰ ਕੋ ਪਿਖਹਿ ਤਮਾਮੂ॥੧੭॥

ਵਿਸ਼ਾਲ ਨਗਰਾਂ ਨੂੰ ਵੇਖ ਕੇ ਹੈਰਾਨ ਹੋਏ, ਉਸ ਦੇ ਨੇੜੇ ਡੇਰਾ ਕਰ ਲਿਆ। ਅੱਠ ਦਿਨ ਉਥੇ ਮੁਕਾਮ ਕੀਤਾ ਤਮਾਮ ਸੰਗਤ ਗੁਰੂ ਜੀ ਦੇ ਦਰਸ਼ਨ ਕਰਦੀ ਸੀ॥ ੧੭॥

ਅਨਿਕ ਅਕੋਰਨ ਕੋ ਅਰਪੰਤੇ। ਚਰਨ ਕਮਲ ਪਰ ਸੀਸ ਧਰੰਤੇ।
ਦੂਰ ਕਿ ਨੇਰ ਸੁਨਹਿਂ ਗੁਰ ਆਏ। ਸਿਖ ਜੋ ਹੁਤੇ ਆਨਿ ਦਰਸਾਏ॥ ੧੮॥

ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ ਤੇ ਚਰਨ ਕੰਵਲਾਂ ਉੱਪਰ ਸੀਸ ਧਰਦੇ ਸਨ। ਜਦ ਦੂਰ ਨੇੜੇ ਵਾਲੇ ਸੁਣਦੇ ਸਨ ਕਿ ਗੁਰੂ ਜੀ ਆਏ ਹਨ ਤਾਂ ਜਿਹੜੇ ਸਿੱਖ ਹੁੰਦੇ ਸਨ, ਉਹ ਆ ਕੇ ਦਰਸ਼ਨ ਕਰਦੇ ਸਨ॥ ੧੮॥

ਸ਼ਾਹੁ ਬਹਾਦਰ ਲੈ ਲੈ ਦਰਬ। ਮਹਿਪਾਲਕ ਬਸਿ ਕਰਿਕੈ ਸਰਬ।
ਕਰਤਿ ਕੂਚ ਪੁਨ ਗਮਨਹਿ ਡੇਰਾ। ਉਤਰਹਿ ਨਿਸ ਕੋ, ਚਲਹਿ ਸੁਬੇਰਾ॥ ੧੯॥

ਬਹਾਦਰ ਸ਼ਾਹ ਧਨ ਲੈ ਲੈ ਕੇ ਸਾਰੇ ਰਾਜਿਆਂ ਨੂੰ ਆਪਣੇ ਵੱਸ ਵਿਚ ਕਰਕੇ ਕੂਚ ਕਰ ਦਿੰਦਾ ਸੀ ਤੇ ਅੱਗੇ ਜਾ ਕੇ ਡੇਰਾ ਲਾਉਂਦਾ ਸੀ। ਰਾਤ ਨੂੰ ਉਤਾਰਾ ਕਰ ਲੈਂਦਾ ਸੀ ਤੇ ਸਵੇਰੇ ਚਲ ਪੈਂਦਾ ਸੀ॥ ੧੯॥

ਇਸ ਪ੍ਰਕਾਰ ਕੇਤਿਕ ਦਿਨ ਚਲੇ। ਨਦੀ ਗੁਦਾਵਰਿ ਕੇ ਤਟ ਭਲੇ।
ਤਹਾਂ ਜਾਇ ਪਹੁੰਚੇ ਦਲ ਭਾਰੇ। ਕਰੇ ਸਿਵਰ ਸਭਿਹੂੰਨਿ ਕਿਨਾਰੇ॥ ੨੦॥

ਇਸ ਪ੍ਰਕਾਰ ਕਈ ਦਿਨ ਚਲਦੇ ਰਹੇ ਤੇ ਫਿਰ ਭਲੀ ਪ੍ਰਕਾਰ ਗੁਦਾਵਰੀ ਨਦੀ ਦੇ ਕਿਨਾਰੇ ਪਹੁੰਚ ਗਏ। ਉਥੇ ਭਾਰੀ ਦਲ ਪਹੁੰਚ ਗਏ। ਸਾਰਿਆਂ ਨੇ ਨਦੀ ਦੇ ਕਿਨਾਰੇ ਡੇਰੇ ਲਾ ਲਏ॥ ੨੦॥

ਨਗਰ ਨਦੇੜ ਬਸੰਤਿ ਬਿਸਾਲਾ। ਜਿਸ ਮਹਿਂ ਰਹੈਂ ਧਨੀ ਨਰ ਜਾਲਾ।
ਆਦਿਪੁਰੀ ਸਤਿਜੁਗ ਤੇ ਬਸੀ। ਦਰਬ ਅਧਿਕ ਤੇ ਦੀਰਘ ਲਸੀ॥ ੨੧॥

ਨਗਰ ਨੰਦੇੜ ਵਿਸ਼ਾਲ ਵੱਸ ਰਿਹਾ ਸੀ, ਜਿਸ ਵਿਚ ਬਹੁਤ ਧਨੀ ਮਨੁੱਖ ਰਹਿੰਦੇ ਸਨ। ਇਹ ਆਦਿਪੁਰੀ ਸਤਿਜੁਗ ਦੇ ਸਮੇਂ ਤੋਂ ਹੀ ਵੱਸਦੀ ਆ ਰਹੀ ਹੈ। ਬਹੁਤ ਧਨ ਨਾਲ ਇਹ ਭਰੀ ਹੋਈ ਹੈ॥ ੨੧॥

ਤਾਨੇ ਸ਼ਾਹ ਮਾਰਿ ਕਰਿ ਜੋਰਾ। ਪੀਛੇ ਤਹਾਂ ਜੁ ਸੂਬਾ ਛੋਰਾ।
ਸੁਨਜੋ ਸ਼ਾਹੁ ਕੋ ਆਵਨ ਜਬੈ। ਮਿਲਿਬੇ ਹੇਤ ਤਯਾਰ ਹੁਇ ਤਬੈ॥ ੨੨॥

ਤਾਨੇ ਸ਼ਾਹ ਨੂੰ ਜ਼ੋਰ ਨਾਲ ਮਾਰ ਕੇ, ਉਸ ਦੇ ਬਾਅਦ ਵਿਚ ਜਿਹੜਾ ਸੂਬੇਦਾਰ ਨਿਯੁਕਤ ਕੀਤਾ ਸੀ, ਉਸ ਨੇ ਜਦ ਬਾਦਸ਼ਾਹ ਦੇ ਆਉਣ ਬਾਰੇ ਸੁਣਿਆ ਤਾਂ ਉਹ ਬਾਦਸ਼ਾਹ ਨੂੰ ਮਿਲਣ ਵਾਸਤੇ ਉਸੇ ਵੇਲੇ ਤਿਆਰ ਹੋ ਗਿਆ॥ ੨੨॥

ਮ੍ਰਿਤਕ ਨੁਰੰਗੇ ਕੀ ਬਡ ਮਾਇਆ। ਸੋ ਲੇ ਕਰਿ ਤੂਰਨ ਹੀ ਆਇਆ।
ਦੇ ਕਰਿ ਮਿਲਜੋ ਸ਼ਾਹੁ ਕੇ ਸਾਥ। ਸੁਨਿ ਸੁਨਿ ਅਪਰ ਆਇਂ ਪੁਰਿ ਨਾਥ॥੨੩॥

ਮਰੇ ਹੋਏ ਨੌਰੰਗੇ ਦੀ ਸਾਰੀ ਮਾਇਆ, ਉਹ ਤੁਰਤ ਹੀ ਲੈ ਕੇ ਆਇਆ। ਮਾਇਆ ਦੇ ਕੇ ਉਹ ਬਾਦਸ਼ਾਹ ਬਹਾਦਰ ਸ਼ਾਹ ਨੂੰ ਮਿਲਿਆ। ਇਹ ਸੁਣ ਸੁਣ ਕੇ ਹੋਰ ਨਗਰਾਂ ਦੇ ਰਾਜੇ ਵੀ ਆਏ॥ ੨੩॥

ਬਿਦਤ ਹੈਦਰਾਬਾਦ ਉਦਾਰਾ। ਮੂੰਗੀ ਪਟਣ ਆਦਿ ਧਨ ਭਾਰਾ।
ਦੇ ਕਰਿ ਮਿਲੇ ਬਹਾਦਰ ਸ਼ਾਹੂ। ਉਤਰਿ ਪਰੇ ਲਸ਼ਕਰ ਕੇ ਮਾਂਹੂ॥ ੨੪॥

ਹੈਦਰਾਬਾਦ ਬਹੁਤ ਮਸ਼ਹੂਰ ਸੀ। ਮੁੰਗਾ ਪਟਣ ਆਦਿ ਵਿਚ ਭਾਰੀ ਧਨ ਹੈ। ਉਹ ਧਨ ਦੇ ਕੇ ਬਹਾਦਰ ਸ਼ਾਹ ਨੂੰ ਮਿਲੇ ਤੇ ਲਸ਼ਕਰ ਦੇ ਵਿਚ ਹੀ ਉਨ੍ਹਾਂ ਉਤਾਰਾ ਕਰ ਲਿਆ॥ ੨੪॥

ਅਪਰ ਕਹਾਂ ਲਗਿ ਦੇਸ਼ ਰੁ ਨਗਰੀ। ਗਿਨ ਕਰਿ ਕਥਾ ਸੁਨਾਯਹਿ ਸਗਰੀ।
ਦੂਰ ਨਿਕਟ ਜਹਿਂ ਕਹਿਂ ਤੇ ਆਏ। ਦੇ ਦੇ ਦਰਬ ਮਿਲੇ ਸਮੁਦਾਏ॥ ੨੫॥

ਹੋਰ ਕਿਥੋਂ ਤਕ ਦੇਸ਼ ਅਤੇ ਨਗਰੀਆਂ ਗਿਣ ਕੇ ਸਾਰੀ ਕਥਾ ਸੁਣਾਈਏ। ਦੂਰੋਂ ਨੇੜਿਓਂ ਜਿੱਥੋਂ ਕਿੱਥੋਂ ਵੀ ਰਾਜੇ ਆਏ, ਧਨ ਦੇ ਦੇ ਕੇ ਉਹ ਸਾਰੇ ਆ ਕੇ ਮਿਲੇ॥ ੨੫॥

ਗੁਰ ਪ੍ਰਤਾਪ ਕਰਿ ਪਿਤ ਤੇ ਘਨੋ। ਸ਼ਾਹੁ ਬਹਾਦਰ ਜਗ ਮਹਿਂ ਭਨੋ।
ਅਰਜੋ ਨ ਕੋਈ ਮਿਲੇ ਅਗਾਰੀ। ਦੇ ਕਰਿ ਭੇਟ ਅਨੇਕ ਪ੍ਰਕਾਰੀ॥ ੨੬॥

ਗੁਰੂ ਜੀ ਨੇ ਉਸ ਦਾ ਪ੍ਰਤਾਪ ਪਿਤਾ ਤੋਂ ਵੀ ਵੱਡਾ ਕਰ ਦਿੱਤਾ। ਸ਼ਾਹ ਬਹਾਦਰ ਜਗ ਵਿਚ ਕਹਿੰਦੇ ਸਨ। ਕੋਈ ਵੀ ਉਸ ਅੱਗੇ ਅੜਿਆ ਨਹੀਂ, ਸਾਰੇ ਧਨ ਲੈ ਕੇ ਅੱਗੋਂ ਆ ਕੇ ਮਿਲਦੇ ਸਨ ਤੇ ਅਨੇਕ ਪ੍ਰਕਾਰ ਦੀਆਂ ਭੇਟਾਂ ਦਿੰਦੇ ਸਨ॥ ੨੬॥

ਨਗਰ ਨਦੇੜ ਵਹਿਰ ਕੀ ਥਾਈਂ। ਉਤਰੇ ਸਤਿਗੁਰ ਸੋ ਅਪਨਾਈ।
ਅਹੈ ਪੁਰਾਤਨਿ ਭੂਮ ਹਮਾਰੀ। ਅਪਰ ਮਾਲਕੀ ਸਕਲ ਬਿਦਾਰੀ॥ ੨੭॥

ਨੰਦੇੜ ਨਗਰ ਦੇ ਬਾਹਰਵਾਰ ਦੇ ਸਥਾਨ ਉੱਪਰ ਸਤਿਗੁਰੂ ਜੀ ਨੇ ਉਤਾਰਾ ਕਰਕੇ ਆਪਣਾ ਬਣਾ ਲਿਆ। ਕਹਿਣ ਲੱਗੇ, "ਇਹ ਸਾਡੀ ਪੁਰਾਤਨ ਭੂਮੀ ਹੈ, ਦੂਸਰੇ ਦੀ ਮਾਲਕੀ ਅਸੀਂ ਦੂਰ ਕੀਤੀ ਹੈ॥ ੨੭॥

ਹੁਤੋ ਮੁਗ਼ਲ ਪੁਰਿ ਮਹਿਂ ਸੋ ਬਸੈ। ਥਲ ਪੁਸ਼ਤੈਨੀ ਤਿਸ ਕੋ ਲਸੈ।
ਸੁਨਿ ਗੁਰ ਡੇਰੇ ਕੋ ਕਿਯ ਝਗਰਾ। 'ਇਸ ਕੋ ਜਾਨਤਿ ਹੈ ਪੁਰਿ ਸਗਰਾ॥ ੨੮॥

ਇਕ ਮੁਗ਼ਲ ਨਗਰ ਵਿਚ ਵੱਸਦਾ ਸੀ, ਪੁਸ਼ਤਾਂ ਤੋਂ ਇਹ ਥਾਂ ਉਸਦੀ ਚਲੀ ਆਉਂਦੀ ਸੀ। ਉਸ ਨੇ ਗੁਰੂ ਜੀ ਦੇ ਡੇਰੇ ਬਾਰੇ ਸੁਣ ਕੇ ਝਗੜਾ ਕੀਤਾ, "ਇਸ ਗੱਲ ਨੂੰ ਸਾਰਾ ਨਗਰ ਜਾਣਦਾ ਹੈ॥ ੨੮॥

ਅਬਿ ਜੇ ਬਲ ਕਰਿ ਲੈ ਹੈ ਛੀਨ। ਸੁਤ ਪੋਤੇ ਅਪਨੀ ਲੇਂ ਚੀਨ।
ਇੱਤਜਾਦਿਕ ਝਗਰਾ ਬਹੁ ਕਯੋ। ਸ਼ਾਹੁ ਬਹਾਦਰ ਲਗਿ ਚਲਿ ਗਯੋ॥ ੨੯॥

ਹੁਣ ਜੇ ਬਲ ਕਰਕੇ ਖੋਹ ਲਵੋਗੇ ਤਾਂ ਪੁੱਤ ਪੋਤੇ ਆਪਣੀ ਧਰਤੀ ਪਛਾਣ ਲੈਣਗੇ।" ਇਸ ਪ੍ਰਕਾਰ ਉਸ ਨੇ ਬਹੁਤ ਝਗੜਾ ਕੀਤਾ ਤੇ ਬਹਾਦਰ ਸ਼ਾਹ ਤਕ ਚਲ ਕੇ ਗਿਆ॥ ੨੯॥

ਸ੍ਰੀ ਪ੍ਰਭੁ ਕਹਿਂ 'ਹਮਰੋ ਇਸਥਾਨ। ਇਸ ਕੋ ਮਾਲਕ ਅਹੈ ਨ ਆਨ'।
ਮੁਗ਼ਲ ਭਨੈ 'ਪੁਸ਼ਤੈਨੀ ਮੇਰਾ। ਨਹੀਂ ਦੁਰਜੋ, ਪੁਰਿ ਲਖਹਿ ਬਡੇਰਾ'॥ ੩੦॥

ਸਤਿਗੁਰੂ ਜੀ ਕਹਿੰਦੇ ਸਨ, "ਸਾਡਾ ਸਥਾਨ ਹੈ, ਇਸ ਦਾ ਮਾਲਕ ਹੋਰ ਕੋਈ ਨਹੀਂ ਹੈ।" ਮੁਗ਼ਲ ਕਹਿੰਦਾ ਸੀ, "ਇਹ ਪੁਸ਼ਤਾਂ ਤੋਂ ਮੇਰਾ ਹੈ, ਮੈਂ ਕਿਤੇ ਲੁਕਿਆ ਨਹੀਂ ਹਾਂ, ਸਾਰਾ ਨਗਰ ਮੈਨੂੰ ਜਾਣਦਾ ਹੈ'॥ ੩੦॥

ਸੰਸੈ ਭਯੋ ਸ਼ਾਹੁ ਕੋ ਆਇ। 'ਸ੍ਰੀ ਗੁਰ ਕੂਰ ਨ ਕਹੈਂ ਕਦਾਇ।
ਚਿਰੰਕਾਲ ਕੋ ਅਹੈ ਹਮਾਰੋ। ਨਗਰ ਸ਼ਾਹਦੀ ਮੁਗ਼ਲ ਉਚਾਰੋ'॥ ੩੧॥

ਬਾਦਸ਼ਾਹ ਨੂੰ ਇਸ ਗੱਲ ਦਾ ਸ਼ੰਕਾ ਹੋ ਗਿਆ, 'ਗੁਰੂ ਜੀ ਕਦੇ ਝੂਠ ਨਹੀਂ ਬੋਲ ਸਕਦੇ ਹਨ। ਬਹੁਤ ਦੇਰ ਤੋਂ ਇਹ ਸਥਾਨ ਮੇਰਾ ਹੈ, ਮੁਗ਼ਲ ਨਗਰ ਵਾਸੀਆਂ ਦੀ ਗਵਾਹੀ ਪੇਸ਼ ਕਰਦਾ ਸੀ'॥ ੩੧॥

ਸ੍ਰੀ ਗੁਰ ਸੋਂ ਕਹਿ ਬਿਨੈ ਪਠਾਈ। 'ਸਭਿ ਰਾਵਰ ਕੀ ਜੇਤਿਕ ਥਾਂਈ।
ਜੇ ਇਸ ਕੀ ਅਭਿਲਾਖਾ ਧਰੋ। ਕੋ ਇਕ ਪਤਾ ਦਿਖਾਵਨਿ ਕਰੋ॥ ੩੨॥

ਬਾਦਸ਼ਾਹ ਨੇ ਗੁਰੂ ਜੀ ਪਾਸ ਬੇਨਤੀ ਕਹਿ ਕੇ ਭੇਜੀ, "ਸਭ ਸਥਾਨ ਆਪ ਜੀ ਦੇ ਹਨ, ਜੇ ਇਸ ਸਥਾਨ ਦੀ ਅਭਿਲਾਸ਼ਾ ਧਾਰਨ ਕਰਦੇ ਹੋ ਤਾਂ ਕੋਈ ਇਕ ਪਤਾ ਵਿਖਾਓ॥ ੩੨॥

ਹੋਇ ਆਪ ਕੀ ਤੋ ਥਿਰ ਸਾਚੀ। ਪੁਨ ਕੋ ਕਰਹਿ ਨ ਬਾਦ ਉਬਾਚੀ।
ਜੇ ਬਲ ਕਰਿ ਛੀਨਹੁ ਇਸ ਕਰੀ। ਮੈਂ ਝਿਰਕੌਂ ਬਰਜੌਂ ਇਸ ਬੇਰੀ॥ ੩੩॥

ਜੇ ਇਹ ਆਪ ਜੀ ਦੀ ਹੋਵੇਗੀ ਤਾਂ ਏਥੇ ਹੀ ਰਹੋ, ਫਿਰ ਕੋਈ ਬਾਅਦ ਵਿਚ ਝਗੜਾ ਨਹੀਂ ਕਰੇਗਾ। ਜੇ ਤਾਕਤ ਕਰਕੇ ਇਸ ਦੀ ਧਰਤੀ ਖੋਹਵੋਗੇ ਤਾਂ ਇਸ ਵਾਰ ਮੈਂ ਝਿੜਕਾਂਗਾ ਤੇ ਵਰਜਾਂਗਾ॥ ੩੩॥

ਜੀਵਤਿ ਰਹੈ ਅਹੈ ਬਲ ਜਾਵਦ। ਕੋ ਨਹਿਂ ਝਗਰਿ ਸਕੈਗੋ ਤਾਵਦ।
ਪੁਨ ਪਾਛੇ ਉਠਿ ਪਰਿ ਹੈ ਬਾਦ। ਯਾਂ ਤੇ ਜਾਨਹੁ ਬੇ ਬੁਨਿਯਾਦ॥ ੩੪॥

ਇਸ ਸਥਾਨ ਵਿਖੇ ਜਦ ਤਕ ਜੀਊਂਦੇ ਰਹੋ, ਤਦ ਤਕ ਕੋਈ ਵੀ ਝਗੜਾ ਨਹੀਂ ਕਰ ਸਕੇਗਾ। ਫਿਰ ਬਾਅਦ ਵਿਚ ਝਗੜਾ ਉੱਠ ਖੜਾ ਹੋਵੇਗਾ, ਇਸ ਕਰਕੇ ਇਸ ਨੂੰ ਬੇਬੁਨਿਆਦ ਜਾਣੋ॥ ੩੪॥

ਜਥਾ ਨਗਰ ਕੋ ਮੁਗ਼ਲ ਉਗਾਹਿ। ਕਰਹਿ ਬਤਾਵਨ 'ਹੈ ਇਸ ਪਾਹਿ'।
ਤੈਸੇ ਤੁਮ ਕਿਛ ਪਤਾ ਬਤਾਵਹੁ। ਜੁਤਿ ਬੁਨਿਯਾਦ ਧਰਾ ਕਹੁ ਪਾਵਹੁ॥ ੩੫॥

ਜਿਵੇਂ ਮੁਗ਼ਲ ਨਗਰ ਦੀ ਗਵਾਹੀ ਦਿੰਦਾ ਹੈ, ਉਹ ਦੱਸਦਾ ਹੈ, 'ਇਹ ਸਥਾਨ ਉਸ ਪਾਸ ਹੈ।' ਉਸ ਤਰ੍ਹਾਂ ਹੀ ਤੁਸੀਂ ਕੁਝ ਪਤਾ ਬਤਾਵੋ ਤੇ ਬੁਨਿਆਦ ਸਹਿਤ ਧਰਤੀ ਪਾਵੋ॥ ੩੫॥

ਬਹੁਰ ਨ ਲਾਗੂ ਹੋਵਨਿ ਕੌਨ। ਦੇਖਿ ਉਗਾਹੀ ਧਾਰੈਂ ਮੋਨ'।
ਬਾਤ ਯਥਾਰਥ ਜਬਹਿ ਸੁਨਾਈ। ਮਾਨੀ ਸਤਿਗੁਰ ਤਬਹਿ ਅਲਾਈ॥ ੩੬॥

ਫਿਰ ਕੋਈ ਵੀ ਲਾਗੂ ਨਹੀਂ ਹੋਣ ਦੇਵੇਗਾ, ਗਵਾਹੀ ਵੇਖ ਕੇ ਉਹ ਚੁੱਪ ਧਾਰਨ ਕਰ ਲਵੇਗਾ।" ਜਦ ਯਥਾਰਥ ਗੱਲ ਸੁਣਾਈ ਤਾਂ ਸਤਿਗੁਰੂ ਜੀ ਨੇ ਉਸੇ ਵੇਲੇ ਮੰਨ ਲਿਆ ਤੇ ਸਾਰੀ ਗੱਲ ਕਹੀ॥ ੩੬॥

'ਮੁਗ਼ਲ ਨਗਰ ਕੇ ਮੁਖਿ ਲੇ ਆਵੈ। ਕਾਜ਼ੀ ਮੁਫਤੀ ਸਕਲ ਮਿਲਾਵੈ।
ਤੁਮ ਅਪਨੇ ਉਮਰਾਵ ਪਠਾਵਹੁ। ਝਗਰਾ ਧਰ ਕੋ ਅਖਿਲ ਮਿਟਾਵਹੁ॥ ੩੭॥

"ਮੁਗ਼ਲ ਨਗਰ ਦੇ ਮੁਖੀਏ ਲੈ ਕੇ ਆਵੇ, ਕਾਜ਼ੀ ਮੁਫ਼ਤੀ ਸਾਰਿਆਂ ਨੂੰ ਨਾਲ ਮਿਲਾਵੇ, ਤੁਸੀਂ ਆਪਣੇ ਉਮਰਾਵ ਭੇਜੋ ਤੇ ਧਰਤੀ ਦੇ ਝਗੜੇ ਨੂੰ ਸਦਾ ਲਈ ਖਤਮ ਕਰ ਦੇਵੋ॥ ੩੭॥

ਜਥਾ ਜੋਗ ਜਿਸਕੀ ਹੁਇ ਦੀਜੈ। ਕਹੈ ਜੁ ਕੂਰ ਹਟਾਵਨਿ ਕੀਜੈ'।
ਬਾਕ ਜਥਾਰਥ ਸੁਨਿ ਗੁਰ ਕੇਰੇ। ਇਕਠੇ ਕੀਨੇ ਮਨੁਜ ਘਨੇਰੇ॥ ੩੮॥

ਯਥਾ-ਯੋਗ ਜਿਸ ਦੀ ਹੋਵੇ, ਉਸ ਨੂੰ ਦੇਵੇ, ਜਿਹੜਾ ਝੂਠ ਬੋਲੇ ਉਸ ਨੂੰ ਹਟਾ ਦੇਵੋ"। ਗੁਰੂ ਜੀ ਦੀ ਯਥਾਰਥ ਗੱਲ ਸੁਣ ਕੇ, ਮੁਗ਼ਲ ਨੇ ਨਗਰ ਦੇ ਬਹੁਤ ਮਨੁੱਖ ਇਕੱਠੇ ਕੀਤੇ॥ ੩੮॥

ਨਰ, ਪੁਰਿ ਕੇ ਪਰਧਾਨ ਪਠਾਏ। ਸ਼ਾਹੁ ਨਿਕਟਵਰਤੀ ਸਮੁਦਾਏ।
ਇਕਠੇ ਹੋਇ ਹਜ਼ਾਰਹੁਂ ਆਏ। ਕਰਿ ਕਰਿ ਸ਼ਾਹੁ ਤਗੀਦ ਪਠਾਏ॥ ੩੯॥

ਨਗਰ ਦੇ ਸਾਰੇ ਪ੍ਰਧਾਨ ਮਨੁੱਖ ਆਏ, ਬਾਦਸ਼ਾਹ ਦੇ ਨੇੜੇ ਰਹਿਣ ਵਾਲੇ ਵੀ ਬਹੁਤ ਆਏ। ਹਜ਼ਾਰਾਂ ਮਨੁੱਖ ਇਕੱਠੇ ਹੋ ਕੇ ਆਏ, ਬਾਦਸ਼ਾਹ ਨੇ ਤਾਕੀਦ ਕਰ-ਕਰ ਭੇਜੇ ਸਨ॥ ੩੯॥

ਬੈਠੇ ਆਇ ਅਖਿਲ ਗੁਰ ਪਾਸਾ। ਪ੍ਰਥਮ ਮੁਗ਼ਲ ਨੇ ਬਾਦ ਪ੍ਰਕਾਸ਼ਾ।
'ਪੁਸ਼ਤੈਨੀ ਇਹ ਥਾਨ ਹਮਾਰਾ। ਜਾਨਤਿ ਗਿਰਦਨਵਾ ਇਤ ਸਾਰਾ॥ ੪੦॥

ਸਾਰੇ ਆ ਕੇ ਗੁਰੂ ਜੀ ਪਾਸ ਬੈਠ ਗਏ, ਫਿਰ ਮੁਗ਼ਲ ਨੇ ਝਗੜਾ ਪ੍ਰਗਟ ਕੀਤਾ, "ਪੁਸ਼ਤਾਂ ਤੋਂ ਇਹ ਸਾਡਾ ਸਥਾਨ ਹੈ, ਆਲੇ-ਦੁਆਲੇ ਦੇ ਸਾਰੇ ਲੋਕ ਇਸ ਬਾਰੇ ਜਾਣਦੇ ਹਨ॥ ੪੦॥

ਬੂਝਿ ਲੇਹੁ ਸਭਿ ਕੋ ਇਸ ਠੋਰੀ। ਜੋ ਛੀਨਤਿ ਕਰਿ ਸੀਨੇ ਜ਼ੋਰੀ।
ਤੌ ਮੇਰੇ ਕੁਛ ਬਸ ਨ ਬਸਾਇ। ਮਾਲਕ ਸ਼ਾਹੁ ਸਕਲ ਹੀ ਥਾਂਇ॥ ੪੧॥

ਇਸ ਥਾਂ ਸਾਰਿਆਂ ਨੂੰ ਪੁੱਛ ਲਵੋ, ਜੇ ਕੋਈ ਸੀਨਾਜ਼ੋਰੀ ਕਰਕੇ ਖੋਂਹਦਾ ਹੈ, ਤਾਂ ਫਿਰ ਮੇਰਾ ਵੱਸ ਨਹੀਂ ਚਲਦਾ। ਬਾਦਸ਼ਾਹ ਸਭ ਸਥਾਨਾਂ ਦਾ ਮਾਲਕ ਹੈ"॥ ੪੧॥

ਸਭਿ ਮਹਿਂ ਤਬਿ ਸ੍ਰੀ ਗੁਰੂ ਬਖਾਨਾ। 'ਲਾਖਹੁਂ ਬਰਖਨ ਕੋ ਇਹ ਥਾਨਾ।
ਰਹੇ ਸੰਭਾਲਤਿ ਅਹੈ ਹਮਾਰਾ। ਜਬਿ ਕਿਤਹੂੰ ਕਰਿ ਗਏ ਕਿਨਾਰਾ॥ ੪੨॥

ਫਿਰ ਗੁਰੂ ਜੀ ਨੇ ਸਾਰਿਆਂ ਦੇ ਵਿਚ ਕਿਹਾ, "ਲੱਖਾਂ ਬਰਸਾਂ ਤੋਂ ਇਸ ਥਾਂ ਨੂੰ ਸੰਭਾਲਦੇ ਰਹੇ ਹਾਂ ਤੇ ਇਹ ਥਾਂ ਸਾਡਾ ਹੈ। ਜਦ ਕਿਤੇ ਕਿਨਾਰਾ ਕਰਕੇ ਚਲੇ ਗਏ ਹਾਂ॥ ੪੨॥

ਲੇਕਰਿ ਅਪਰ ਸੁ ਮਾਲਿਕ ਬਨਜੋਂ। ਆਸ਼੍ਰਮ ਬਡੋ ਪੁਰਾਤਨ ਬਨਜੋਂ।
ਨਿਸ਼ਚੇ ਨਹੀਂ ਕਹੇ ਪਰ ਆਵੈ। ਤੋ ਹਮ ਸਭਿ ਕੋ ਚਿੰਨ੍ਹ ਦਿਖਾਵੈਂ॥ ੪੩॥

ਤਾਂ ਦੂਸਰਾ ਲੈ ਕੇ ਇਸ ਦਾ ਮਾਲਕ ਬਣ ਗਿਆ ਹੈ। ਇਸ ਵਿਚ ਬੜਾ ਪੁਰਾਣਾ ਆਸ਼੍ਰਮ ਬਣਿਆ ਹੈ। ਜੇ ਕਹਿਣ ਉੱਪਰ ਨਿਸ਼ਚਾ ਨਹੀਂ ਆਉਂਦਾ ਹੈ ਤਾਂ ਅਸੀਂ ਸਭ ਨੂੰ ਉਸ ਦੇ ਚਿੰਨ੍ਹ ਵਿਖਾ ਦਿੰਦੇ ਹਾਂ॥ ੪੩॥

ਜਹਿਂ ਡੇਰਾ ਤਹਿ ਖੋਦਨ ਲਾਏ। ਕੇਤਿਕ ਨੀਚੇ ਥਲ ਖੁਨਵਾਏ।
ਨਿਕਸਜੋ ਤਹਾਂ ਭਸਮ ਕੋ ਢੇਰਾ। ਜਹਿਂ ਆਸਨ ਥੋ ਪਰਜੋ ਬਡੇਰਾ॥ ੪੪॥

ਜਿੱਥੇ ਡੇਰਾ ਸੀ ਉਥੇ ਖੁਦਾਈ ਕਰਨ ਲਾ ਦਿੱਤੇ, ਬਹੁਤ ਡੂੰਘਾ ਥਾਂ ਖੁਦਵਾਇਆ। ਉਥੋਂ ਇਕ ਭਸਮ ਦੀ ਢੇਰੀ ਨਿਕਲੀ ਜਿੱਥੇ ਬਹੁਤ ਵੱਡਾ ਆਸਣ ਪਿਆ ਸੀ॥ ੪੪॥

ਪੁਨ ਪ੍ਰਭੁ ਭਨਜੋਂ 'ਔਰ ਖਨਿ ਲੀਜੈ। ਕਰਮੰਡਲ, ਮਾਲਾ ਦਿਖਰੀਜੈ।
ਦੁਸ਼ਟ ਦਮਨ ਜਿਸ ਤਨ ਮਹਿਂ ਨਾਮੂ। ਕਰੇ ਤੀਬ੍ਰ ਤਪ ਤਬਿ ਅਭਿਰਾਮੂ॥ ੪੫॥

ਫਿਰ ਸਤਿਗੁਰੂ ਜੀ ਨੇ ਕਿਹਾ, "ਹੋਰ ਪੁੱਟ ਲਵੋ, ਕਰਮੰਡਲ ਅਤੇ ਮਾਲਾ ਵਿਖਾਓ। ਦੁਸ਼ਟ ਦਮਨ ਜਿਸ ਤਨ ਵਿਚ ਨਾਮ ਸੀ, ਉਹ ਉਸ ਸਮੇਂ ਤੀਬਰ ਅਤੇ ਸੁੰਦਰ ਤਪ ਕਰਦੇ ਸਨ॥ ੪੫॥

ਬਰਖ ਹਜ਼ਾਰਹੁਂ ਇਸ ਥਲ ਬਸਿਕੈ। ਸੰਕਟ ਸਹੇ ਸਕਲ ਤਨ ਕਸਿ ਕੈਂ।
ਪੁਨ ਕੁਛ ਖੋਦੀ ਅਪਰ ਅਗਾਰੀ। ਮਾਲਾ ਪ੍ਰਭੁ ਕੀ ਤਬਹਿ ਨਿਹਾਰੀ॥ ੪੬॥

ਹਜ਼ਾਰਾਂ ਸਾਲ ਇਸ ਸਥਾਨ ਵਿਖੇ ਰਹਿ ਕੇ, ਸਰੀਰ ਦੇ ਸਾਰੇ ਕਸ਼ਟ ਬਰਦਾਸ਼ਤ ਕੀਤੇ ਹਨ।" ਫਿਰ ਕੁਝ ਹੋਰ ਅੱਗੇ ਖੁਦਾਈ ਕੀਤੀ, ਫਿਰ ਸਤਿਗੁਰੂ ਜੀ ਦੀ ਮਾਲਾ ਦਿਖਾਈ ਦਿੱਤੀ॥ ੪੬॥

ਤਪ ਪ੍ਰਭਾਵ ਤੇ ਆਸਨ ਪਰਜੋ। ਹੋਇ ਪੁਰਾਤਨ ਨਾਂਹਿਨ ਗਰਜੋ।
ਕਰਮੰਡਲ ਤੂੰਬੇ ਕੋ ਹੇਰਾ। ਤਿਮ ਹੀ ਪਰਜੋ ਮਹਾਂ ਤਪ ਕੇਰਾ॥ ੪੭॥

ਤਪ ਦਾ ਪ੍ਰਭਾਵ ਕਰਕੇ ਉਸ ਤਰ੍ਹਾਂ ਹੀ ਆਸਣ ਪਿਆ, ਬਹੁਤ ਪੁਰਾਣਾ ਹੋ ਗਿਆ ਸੀ, ਪਰ ਗਲ਼ਿਆ ਨਹੀਂ ਸੀ। ਫਿਰ ਕਰਮੰਡਲ ਅਤੇ ਤੂੰਬੇ ਨੂੰ ਵੇਖਿਆ। ਮਹਾਂ ਤਪੀ ਦੀਆਂ ਦੋਵੇਂ ਚੀਜ਼ਾਂ ਉਸ ਤਰ੍ਹਾਂ ਹੀ ਪਈਆਂ ਸਨ॥ ੪੭॥

ਬਿਸਮ ਰਹੇ ਪਿਖਿ ਕੈ ਸਮੁਦਾਈ। 'ਧੰਨ ਧੰਨ ਗੁਰ' ਸਭਿਨਿ ਅਲਾਈ।
ਪ੍ਰੀਤ ਪ੍ਰਤੀਤ ਭਈ ਸਭਿ ਕੇਰੀ। ਨਮੋ ਕਰੀ ਪਦ ਪਰ ਤਿਸ ਬੇਰੀ॥ ੪੮॥

ਸਾਰੇ ਇਹ ਵਸਤਾਂ ਵੇਖ ਕੇ ਬਹੁਤ ਹੈਰਾਨ ਹੋਏ। ''ਧੰਨ ਧੰਨ ਗੁਰੂ ਜੀ'' ਸਭ ਨੇ ਕਿਹਾ। ਪ੍ਰੀਤ ਪ੍ਰਤੀਤ ਸਾਰਿਆਂ ਦੀ ਲਈ ਤੇ ਉਸ ਸਮੇਂ ਚਰਨਾਂ ਉੱਪਰ ਬੰਦਨਾ ਕੀਤੀ॥ ੪੮॥

*ਦੂਸਰੇ ਐਨ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

## *ਅਧਿਆਇ ਪੰਜਵਾਂ*

*ਜ਼ਮੀਨ ਮੁੱਲ ਖਰੀਦੀ, ਬੰਦਾ ਮਿਲਾਪ*

ਦੋਹਰਾ- ਸ਼੍ਰੀ ਗੁਰ ਪਤਾ ਦਿਖਾਇ ਕਰਿ ਸਭਿ ਕੋ ਦਯੋ ਸੁਨਾਇ।
'ਇਕ ਜੋਜਨ ਲਗਿ ਭੂਮਕਾ ਤਪਹਿਂ ਤਪੀ ਸਮੁਦਾਇ॥ ੧॥

ਸਤਿਗੁਰੂ ਜੀ ਨੇ ਪਤਾ ਲਿਖ ਕੇ ਸਾਰਿਆਂ ਨੂੰ ਸੁਣਾ ਦਿੱਤਾ, ''ਇਕ ਜੋਜਨ ਤਕ ਤਪੱਸਵੀ ਦੀ ਸਾਰੀ ਭੂਮੀ ਹੈ॥ ੧॥

ਚੌਪਈ-ਸਿਖ ਹਮਰੇ ਕੀਰਨ ਇਸ ਥਾਨ। ਇਸ ਥਲ ਆਸ਼੍ਰਮ ਹੁਤੇ ਮਹਾਨ।
ਜਹਾਂ ਖਨਜੇ ਗਨ ਭਸਮ ਨਿਹਾਰੀ। ਹਮ ਬੈਠੇ ਆਸਨ ਥਿਰ ਕਾਰੀ॥੨॥

ਇਸ ਥਾਂ ਸਿੱਖ ਸਾਡੇ ਪੂਰਨ ਤੌਰ ਤੇ ਚਾਰ-ਚੁਫੇਰੇ ਫੈਲੇ ਹੋਏ ਸਨ। ਇਸ ਥਾਂ ਇਕ ਬਹੁਤ ਵੱਡਾ ਆਸ਼ਰਮ ਸੀ। ਜਿਥੋਂ ਪੁੱਟ ਕੇ ਬਹੁਤ ਭਸਮ ਕੱਢੀ ਹੈ, ਏਥੇ ਅਸੀਂ ਬਹੁਤ ਦੇਰ ਤਕ ਆਸਣ ਲਾ ਕੇ ਬੈਠੇ ਸੀ॥ ੨॥

ਸਭਿ ਕੋ ਪਤਾ ਦਿਖਾਵਨ ਠਾਨਾ। ਅਬਿ ਤੇ ਹਮਰੋ ਭਯੋ ਸਥਾਨਾ।
ਤਊ ਮੋਲ ਇਸ ਦੇਤਿ ਮੁਗਲ ਕੋ। ਲੇ ਕਰਿ ਦਾਵਾ ਹਰਹਿ ਸਥਲ ਕੋ'॥੩॥

ਹੁਣ ਅਸੀਂ ਸਾਰਿਆਂ ਨੂੰ ਪਤਾ ਵਿਖਾ ਦਿੱਤਾ ਹੈ, ਹੁਣ ਤਾਂ ਇਹ ਸਥਾਨ ਸਾਡਾ ਹੋ ਗਿਆ ਹੈ। ਫਿਰ ਵੀ ਅਸੀਂ ਇਸਦਾ ਮੁੱਲ ਮੁਗ਼ਲ ਨੂੰ ਦੇ ਦਿੰਦੇ ਹਾਂ। ਮੁੱਲ ਲੈ ਕੇ ਇਸ ਸਥਾਨ ਦਾ ਦਾਵਾ ਛੱਡ ਦੇਵੇ''॥ ੩॥

ਕਰੀ ਬਿਛਾਵਨਿ ਗਨ ਦੀਨਾਰ। ਜਹਿਂ ਲਗਿ ਹੈ ਅਬਿਲੋ ਦਰਬਾਰ।
ਮੁਗਲ ਹਰਖ ਕਰਿ ਮੁਹਰ ਸੁ ਲੀਨੀ। ਬਾਕ ਨ ਫੁਰਜੋ ਮੋਨ ਮੁਖ ਕੀਨੀ॥੪॥

ਸਤਿਗੁਰੂ ਜੀ ਨੇ ਦੀਨਾਰ ਵਿਛਾ ਦਿੱਤੇ, ਜਿਥੋਂ ਤਕ ਹੁਣ ਤਕ ਦਰਬਾਰ ਹੈ। ਮੁਗ਼ਲ ਨੇ ਪ੍ਰਸੰਨ ਹੋ ਕੇ ਉਹ ਮੁਹਰਾਂ ਲੈ ਲਈਆਂ। ਉਸ ਨੂੰ ਕੋਈ ਗੱਲ ਨਾ ਆਈ, ਮੁਖ ਤੋਂ ਚੁੱਪ ਹੀ ਰਿਹਾ॥ ੪॥

ਬੈਖਤ ਤਿਸ ਕਰ ਤੇ ਲਿਖਵਾਯੋ। ਰਾਜ਼ੀ ਨਾਮਾ ਸਕਲ ਸੁਨਾਯੋ।
ਸਭਿ ਕੀ ਊਪਰ ਪਰੀ ਉਗਾਹੀ। 'ਇਸ ਕੋ ਬੰਸ ਨ ਬਾਦ ਉਠਾਹੀ'॥੫॥

ਬੈਨਾਮਾ ਉਸ ਮੁਗ਼ਲ ਦੇ ਹੱਥ ਤੋਂ ਲਿਖਵਾਇਆ ਤੇ ਰਾਜ਼ੀਨਾਮਾ ਸਾਰਾ ਪੜ੍ਹ ਕੇ ਸੁਣਾਇਆ। ਫਿਰ ਸਾਰਿਆਂ ਦੀ ਉੱਪਰ

ਗਵਾਹੀ ਪਵਾਈ, "ਇਸ ਦਾ ਵੰਸ਼ ਕੋਈ ਝਗੜਾ ਨਾ ਉਠਾਵੇ"॥ ੫॥

ਜਥਾ ਜੋਗ ਕਰਿ ਸਭਿ ਚਲਿ ਗਏ। ਸ਼ਾਹੁ ਸਮੀਪ ਬਖਾਨਤਿ ਭਏ।
ਸੁਨਿ ਪ੍ਰਸੰਗ ਆਨੰਦ ਬਿਸਮਾਯੋ। ਅਪਨੋ ਕਾਗਦ ਲਿਖ੍ਯੋ ਪਠਾਯੋ॥ ੬॥

ਯਥਾ-ਯੋਗ ਕਰਕੇ ਸਾਰੇ ਚਲੇ ਗਏ ਤੇ ਬਾਦਸ਼ਾਹ ਦੇ ਪਾਸ ਜਾ ਕੇ ਕਹਿਣ ਲੱਗੇ। ਪ੍ਰਸੰਗ ਸੁਣ ਕੇ ਬਾਦਸ਼ਾਹ ਬੜਾ ਹੈਰਾਨ ਹੋ ਕੇ ਪ੍ਰਸੰਨ ਹੋਇਆ। ਫਿਰ ਆਪਣਾ ਕਾਗਜ਼ ਲਿਖ ਕੇ ਭੇਜ ਦਿੱਤਾ॥ ੬॥

ਇਕ ਜੋਜਨ ਲਗਿ ਗੁਰੂ ਸਥਾਨਾ। ਕੋ ਨ ਕਰੈ ਦਾਵਾ ਲਿਹੁ ਜਾਨਾ।
ਸਗਰੇ ਨਗਰ ਪ੍ਰਗਟ ਭੀ ਗਾਥਾ। 'ਭੂਮਿ ਮੋਲ ਲੀਨਸਿ ਗੁਰ ਨਾਥਾ'॥ ੭॥

ਇਕ ਜੋਜਨ ਤਕ ਗੁਰੂ ਜੀ ਦਾ ਸਥਾਨ ਹੈ, ਕੋਈ ਵੀ ਦਾਅਵਾ ਨਾ ਕਰੇ, ਇਹ ਜਾਣ ਲਵੋ। ਸਾਰੇ ਸ਼ਹਿਰਾਂ ਵਿਚ ਇਹ ਗਾਥਾ ਪ੍ਰਗਟ ਹੋ ਗਈ, "ਗੁਰੂ ਜੀ ਨੇ ਭੂਮੀ ਮੁੱਲ ਲਈ ਹੈ"॥ ੭॥

ਡੇਰਾ ਭਲੀ ਪ੍ਰਕਾਰ ਜਮਾਯੋ। ਇਕ ਦਿਨ ਪ੍ਰਭੁ ਅਖੇਰ ਮਨ ਭਾਯੋ।
ਕਿਤਿਕ ਦੂਰ ਚਢਿ ਗਏ ਅਖੇਰਾ। ਆਸ਼੍ਰਮ ਪਿਖ੍ਯੋ ਬਿਰਾਗੀ ਕੇਰਾ॥ ੮॥

ਫਿਰ ਉਥੇ ਡੇਰਾ ਭਲੀ ਪ੍ਰਕਾਰ ਜਮਾਇਆ, ਇਕ ਦਿਨ ਸਤਿਗੁਰੂ ਜੀ ਦਾ ਸ਼ਿਕਾਰ ਖੇਡਣ ਨੂੰ ਚਿੱਤ ਕੀਤਾ। ਕਾਫੀ ਦੂਰ ਤਕ ਉਹ ਸ਼ਿਕਾਰ ਖੇਡਣ ਗਏ, ਉਥੇ ਇਕ ਵੈਰਾਗੀ ਦਾ ਆਸ਼ਰਮ ਵੇਖਿਆ॥ ੮॥

ਗਯੋ ਸਾਧ ਕਿਤ ਅਪਰ ਸਥਾਨਾ। ਹੇਰਿ ਛਾਂਗ ਤਿਸ ਪੁਸ਼ਟ ਮਹਾਨਾ।
ਕਰਿ ਝਟਕਾ ਰਿੰਧਵਾਇ ਸੁ ਖਾਯਾ। ਬੈਠੇ ਰਹੇ ਸਘਨ ਤਰੁ ਛਾਯਾ॥ ੯॥

ਸਾਧ ਕਿਸੇ ਹੋਰ ਸਥਾਨ ਵਿਖੇ ਗਿਆ ਹੋਇਆ ਸੀ। ਉਸ ਦੇ ਬੜੇ ਮੋਟੇ ਬੱਕਰੇ ਵੇਖ ਕੇ ਝਟਕਾ ਕਰਵਾ ਕੇ ਰਿੰਨ੍ਹਵਾਏ ਅਤੇ ਖਾਧੇ। ਫਿਰ ਸਾਰੇ ਦਰੱਖਤਾਂ ਦੀ ਛਾਂ ਹੇਠ ਬੈਠੇ ਰਹੇ॥ ੯॥

ਕਿਤਿਕ ਸਮੇਂ ਮਹਿਂ ਅੰਤਰ ਗਏ। ਸੁੰਦਰ ਥਲ ਅਵਿਲੋਕਤਿ ਭਏ।
ਏਕ ਬਿਸਾਲ ਪ੍ਰਯੰਕ ਡਸਾਯੋ। ਆਸਤਰਨ ਸਿਤ ਤੇ ਸੁਭ ਛਾਯੋ॥ ੧੦॥

ਕੁਝ ਸਮੇਂ ਬਾਅਦ ਅੰਦਰ ਗਏ ਤੇ ਉਥੇ ਸੁੰਦਰ ਸਥਾਨ ਵੇਖਿਆ। ਇਕ ਬੜਾ ਵੱਡਾ ਪਲੰਘ ਡੁਹਾਇਆ ਸੀ, ਉਸ ਉੱਪਰ ਸ਼ੁਭ ਸਫੇਦ ਵਸਤਰ ਵਿਛਾਏ ਹੋਏ ਸਨ॥ ੧੦॥

ਤਿਸ ਪਰ ਬੈਠੇ ਜਾਇ ਗੁਸਾਈਂ। ਕੇਤਿਕ ਸਮੇਂ ਬਿਤ੍ਯੋ ਤਿਸ ਥਾਈਂ।
ਇਕ ਚੇਲਾ ਅਵਿਲੋਕਿ ਪਲਾਯੋ। ਜਹਾਂ ਸਾਧ ਤਹਿਂ ਜਾਇ ਸੁਨਾਯੋ॥ ੧੧॥

ਸਤਿਗੁਰੂ ਜੀ ਉਸ ਉੱਪਰ ਜਾ ਕੇ ਬੈਠ ਗਏ, ਉਥੇ ਬੈਠਿਆਂ ਕਾਫੀ ਸਮਾਂ ਬੀਤ ਗਿਆ। ਸਾਧ ਦਾ ਇਕ ਚੇਲਾ ਵੇਖ ਕੇ ਓਧਰ ਭਜ ਗਿਆ, ਜਿਥੇ ਸਾਧ ਸੀ ਉਸ ਨੂੰ ਜਾ ਕੇ ਸੁਣਾਇਆ॥ ੧੧॥

'ਇਹਾਂ ਵਹਿਰ ਬੈਠੇ ਕਿਸ ਭਾਂਤਿ? ਡੇਰੇ ਬਿਖੇ ਭਯੋ ਉਤਪਾਤ।
ਕੋ ਇਕ ਪੁਰਖ ਤੇਜ ਬਡ ਧਾਰੀ। ਪ੍ਰਥਮ ਛਾਂਗ ਹਤਿ ਕੀਨ ਅਹਾਰੀ॥ ੧੨॥

"ਏਥੇ ਬਾਹਰ ਕਿਸ ਪ੍ਰਕਾਰ ਬੈਠੇ ਹੋ? ਡੇਰੇ ਵਿਚ ਵੱਡਾ ਉਲਟ ਫੇਰ ਹੋ ਗਿਆ ਹੈ। ਕੋਈ ਇਕ ਪੁਰਖ ਜਿਸ ਨੇ ਵੱਡਾ ਤੇਜ ਧਾਰਨ ਕੀਤਾ ਹੈ, ਪਹਿਲਾਂ ਬੱਕਰੇ ਮਾਰ ਕੇ ਭੋਜਨ ਕੀਤਾ ਹੈ॥ ੧੨॥

ਤਿਹ ਬਿਲੋਕਿ ਹਮ ਤੂਸ਼ਨ ਰਹੇ। ਕੀਨਸਿ ਖਾਨਿ ਤ੍ਰਾਸ ਨਹਿਂ ਲਹੇ।
ਪੁਨ ਸਥਾਨ ਅੰਤਰ ਗਮਨਾਯੋ। ਹਮ ਲੇ ਕਰਿ ਤੁਮ ਨਾਮ ਹਟਾਯੋ॥ ੧੩॥

ਉਸ ਨੂੰ ਵੇਖ ਕੇ ਅਸੀਂ ਚੁੱਪ ਰਹੇ, ਜਦ ਉਹ ਖਾਂਦੇ ਰਹੇ ਤਾਂ ਅਸੀਂ ਡਰ ਨਾ ਧਾਰਨ ਕੀਤਾ। ਫਿਰ ਅੰਦਰਲੇ ਸਥਾਨ ਵਿਚ ਚਲੇ ਗਏ ਹਨ। ਅਸੀਂ ਤੁਹਾਡਾ ਨਾਮ ਲੈ ਕੇ ਰੋਕਿਆ ਹੈ॥ ੧੩॥

ਬਰਜਯੋ ਰਹਯੋ ਨ, ਪਹੁੰਚਯੋ ਤਹਾਂ। ਬਿਸਦ ਸੇਜ ਰਾਵਰ ਕੀ ਜਹਾਂ।
ਮਾਨੀ ਸ਼ੰਕ ਨ ਮਨ ਮਹਿਂ ਕੈਸੇ। ਤਿਸ ਪ੍ਰਯੰਕ ਕੇ ਊਪਰ ਬੈਸੇ'॥ ੧੪॥

ਪਰ ਉਹ ਵਰਜਿਆ ਰਿਹਾ ਨਹੀਂ ਹੈ ਤੇ ਉਥੇ ਪਹੁੰਚ ਗਿਆ ਹੈ ਜਿੱਥੇ ਆਪ ਜੀ ਦੀ ਸਫੇਦ ਸੇਜ ਵਿਛੀ ਹੋਈ ਹੈ। ਮਨ ਵਿਚ ਕਿਸੇ ਪ੍ਰਕਾਰ ਵੀ ਸ਼ੰਕਾ ਨਹੀਂ ਮੰਨਿਆ ਹੈ, ਉਸ ਪਲੰਘ ਦੇ ਉੱਪਰ ਬੈਠ ਗਏ ਹਨ'॥ ੧੪॥

ਮਾਧੋਦਾਸ ਸੁਨਤਿ ਰਿਸ ਠਾਨੀ। 'ਕੋ ਐਸੋ ਜਗ ਪੁਰਖ ਗੁਮਾਨੀ।
ਇਕ ਤੌ ਨਹੀਂ ਸਾਧੁ ਲਖਿ ਟਰਯੋ। ਦੁਤੀਏ ਮੈਂ ਅਜ਼ਮਤਿ ਕਰਿ ਭਰਯੋ॥੧੫॥

ਮਾਧੋਦਾਸ ਨੇ ਸੁਣ ਕੇ ਬੜਾ ਗੁੱਸਾ ਧਾਰਨ ਕੀਤਾ, "ਜਗਤ ਵਿਚ ਕਿਹੜਾ ਐਸਾ ਘੁਮੰਡੀ ਪੁਰਸ਼ ਹੈ। ਇਕ ਤਾਂ ਸਾਧ ਸਮਝ ਕੇ ਟਲਿਆ ਨਹੀਂ ਹੈ, ਦੂਸਰਾ ਮੈਂ ਵੱਡੀ ਕਰਾਮਾਤ ਨਾਲ ਭਰਿਆ ਹਾਂ॥ ੧੫॥

ਤ੍ਰਿਤੀਏ ਨਹੀਂ ਅਸ ਕੋਈ। ਗ੍ਰਿਹਸਤੀ ਅਹੈ ਸ਼ਸਤ੍ਰ ਧਰਿ ਸੋਈ'।
ਪਠਯੋ ਬੀਰ ਇਕ 'ਦੇਹੁ ਸਜ਼ਾਇ। ਸਿਹਜਾ ਤੇ ਮਾਰਹੁ ਉਲਟਾਇ॥ ੧੬॥

ਤੀਸਰਾ ਐਸਾ ਕੋਈ ਸਾਧ ਨਹੀਂ ਹੈ, ਗ੍ਰਿਹਸਤੀ ਹੋਵੇ ਤੇ ਸ਼ਸਤਰ ਧਾਰਨ ਕੀਤੇ ਹੋਣ।" ਉਸ ਨੇ ਇਕ ਬੀਰ ਨੂੰ ਭੇਜਿਆ ਤੇ ਕਿਹਾ, "ਜਾ ਕੇ ਉਸ ਨੂੰ ਸਜ਼ਾ ਦੇਵੇ ਤੇ ਪਲੰਘ ਤੋਂ ਉਲਟਾ ਕੇ ਮਾਰੋ॥ ੧੬॥

ਜਿਸ ਤੇ ਪ੍ਰਾਨ ਸਹਤ ਨਹਿਂ ਰਹੈ। ਆਗੇ ਪਿਖਿ ਸਗਰੇ ਡਰ ਲਹੈਂ।
ਸਾਧ ਅਵੱਗਜਾ ਕਰੈ ਨ ਕੋਈ। ਜਿਸ ਕੀਨੀ ਸਹਿ ਸੰਕਟ ਸੋਈ'॥ ੧੭॥

ਜਿਸ ਕਰਕੇ ਪ੍ਰਾਣਾਂ ਸਹਿਤ ਨਾ ਰਹੇ ਤੇ ਸਾਹਮਣੇ ਵੇਖ ਕੇ ਸਾਰੇ ਡਰ ਜਾਣਗੇ ਫਿਰ ਸਾਧ ਦੀ ਅਵੱਗਿਆ ਕੋਈ ਨਹੀਂ ਕਰੇਗਾ। ਜਿਸ ਕੀਤੀ ਹੈ, ਉਹ ਵੀ ਦੁਖ ਪ੍ਰਾਪਤ ਕਰੇਗਾ'॥ ੧੭॥

ਸੁਨਤਿ ਬੀਰ ਤੂਰਨ ਹੀ ਧਾਯੋ। ਜਯੋਂ ਧਨੁ ਤੇ ਕਿਨ ਬਾਨ ਚਲਾਯੋ।
ਆਇ ਉਠਾਵਨ ਲਾਗਸਿ ਪਾਵਾ। ਕਰਯੋ ਓਜ ਨਹਿਂ ਤਊ ਉਠਾਵਾ॥੧੮॥

ਇਹ ਸੁਣ ਕੇ ਮਾਧੋਦਾਸ ਦਾ ਬੀਰ ਤੁਰਤ ਚਲਾ ਗਿਆ, ਜਿਵੇਂ ਕਿਸੇ ਧਨੁੱਖ ਵਿਚੋਂ ਤੀਰ ਚਲਾਇਆ ਹੋਵੇ। ਉਹ ਆ ਕੇ ਪਲੰਘ ਦਾ ਪਾਵਾ ਚੁੱਕਣ ਲੱਗਾ, ਉਸ ਨੇ ਬਹੁਤ ਜ਼ੋਰ ਲਾਇਆ, ਪਰ ਪਾਵਾ ਚੁੱਕਿਆ ਨਾ ਗਿਆ॥ ੧੮॥

ਦੁਤਿਯ ਬੀਰ ਤਬਿ ਸਾਧ ਪਠਾਯੋ। ਚਾਹਤਿ ਹੈ ਪਰਯੰਕ ਉਠਾਯੋ।
ਦੋਨਹੁਂ ਪਾਵੈਂ ਪਰ ਦ੍ਵੈ ਤੀਰ। ਗੁਰੂ ਖੁਭਾਇ ਧਰੇ ਜੁਤਿ ਧੀਰ॥ ੧੯॥

ਫਿਰ ਸਾਧ ਮਾਧੋਦਾਸ ਨੇ ਦੂਸਰਾ ਬੀਰ ਭੇਜਿਆ, ਉਹ ਪਲੰਘ ਨੂੰ ਚੁੱਕਣਾ ਚਾਹੁੰਦਾ ਸੀ। ਦੋਵਾਂ ਪਾਵਿਆਂ ਦੇ ਨੇੜੇ ਦੋਵੇਂ ਬੀਰ ਹੋ ਗਏ, ਪਰ ਧੀਰਜਵਾਨ ਸਤਿਗੁਰੂ ਜੀ ਨੇ ਦੋਵੇਂ ਪਾਵੇ ਧਰਤੀ ਵਿਚ ਖੁਭਾ ਦਿੱਤੇ॥ ੧੯॥

ਬੀਰਨ ਮਹਿਂ ਏਤਿਕ ਬਲ ਕਹਾਂ। ਖਾਟ ਉਠਾਇ ਸੁ ਪਲਟਹਿਂ ਤਹਾਂ।
ਜਾਨੀ ਸਾਧ ਨ ਜੁਗ ਤੇ ਹਾਲਾ। ਹ੍ਵੈ ਹੈ ਕੋਊ ਪੁਰਖ ਬਿਸਾਲਾ॥ ੨੦॥

ਬੀਰਾਂ ਵਿਚ ਏਨੀ ਸ਼ਕਤੀ ਕਿੱਥੇ ਸੀ ਜਿਹੜੇ ਪਲੰਘ ਨੂੰ ਚੁੱਕ ਕੇ ਉਲਟਾ ਦਿੰਦੇ। ਫਿਰ ਸਾਧ ਨੇ ਇਹ ਜਾਣਿਆ ਕਿ ਪਲੰਘ ਦੋਵਾਂ ਸੂਰਬੀਰਾਂ ਪਾਸੋਂ ਵੀ ਹਿੱਲਿਆ ਨਹੀਂ ਹੈ ਤਾਂ ਉਹ ਸਮਝ ਗਿਆ ਕਿ ਕੋਈ ਵੱਡਾ ਮਹਾਂਪੁਰਖ ਹੈ॥ ੨੦॥

ਤ੍ਰਿਤੀ ਪਠਜੋ, ਪੁਨ ਚਾਰਹੁਂ ਆਏ। ਲਾਇ ਰਹੇ ਬਲ ਨਹਿਂ ਉਲਟਾਏ।
ਚਾਰਹੁਂ ਪਾਵੇਂ ਪਰ ਸਰ ਚਾਰ। ਕਰੇ ਟਿਕਾਵਨਿ ਭਾਰ ਉਦਾਰ॥ ੨੧॥

ਫਿਰ ਤੀਸਰਾ ਬੀਰ ਭੇਜਿਆ, ਫਿਰ ਚਾਰੇ ਬੀਰ ਆ ਗਏ, ਚਾਰੇ ਬਹੁਤ ਜ਼ੋਰ ਲਾਉਂਦੇ ਰਹੇ, ਪਰ ਪਲੰਘ ਨਾ ਉਲਟਾਇਆ ਗਿਆ। ਸਤਿਗੁਰੂ ਜੀ ਨੇ ਚਾਰੇ ਪਾਵਿਆਂ ਉੱਪਰ ਮਣਾਂ-ਮੂੰਹੀ ਭਾਰ ਟਿਕਾ ਦਿੱਤਾ॥ ੨੧॥

ਜਬਿ ਨਹਿਂ ਉਲਟਜੋ ਬੀਰਨ ਜਾਨੀ। ਤਰੇ ਧਸਾਵਨ ਲਗੇ ਮਹਾਨੀ।
ਜਬਿ ਚਾਰਹੁਂ ਰਿਸ ਤੇ ਬਲ ਕੀਨਿ। ਹਲੀ ਖਾਟ, ਚਾਲੀ ਤਰ, ਚੀਨ॥ ੨੨॥

ਜਦ ਪਲੰਘ ਨਾ ਉਲਟਿਆ ਤੇ ਬੀਰ ਜਾਣ ਗਏ ਕਿ ਪਲੰਘ ਨੂੰ ਤਾਂ ਥੱਲੇ ਧਸਾਉਣ ਲੱਗੇ ਹਨ। ਜਦ ਚਾਰਾਂ ਨੇ ਕ੍ਰੋਧ ਵਿਚ ਆ ਕੇ ਬਹੁਤ ਸ਼ਕਤੀ ਲਾਈ ਤਾਂ ਫਿਰ ਵੀ ਪਲੰਘ ਨਾ ਹਿੱਲਿਆ। ਜਦ ਗੁਰੂ ਜੀ ਨੇ ਜਾਣਿਆ ਕਿ ਪਲੰਘ ਥੱਲੇ ਜਾਣ ਲੱਗਾ ਹੈ॥ ੨੨॥

ਪਾਵੇ ਲਗੇ ਧਸਨ ਜਬਿ ਹੇਰੇ। ਸ੍ਰੀ ਸਤਿਗੁਰ ਬੋਲੇ ਤਿਸ ਬੇਰੇ।
'ਕਾਸ਼ਟ ! ਕੁਛ ਹਮ ਸੋਂ ਨਹਿਂ ਬੈਰਾ। ਧਰਨੀ ਧਸਤਿ, ਨ ਰਹਤਿ ਉਚੇਰਾ ?' ॥੨੩॥

ਜਦ ਸਤਿਗੁਰੂ ਜੀ ਨੇ ਵੇਖਿਆ ਕਿ ਪਾਵੇ ਥੱਲੇ ਧਸਣ ਲੱਗੇ ਹਨ ਤਾਂ ਉਸ ਸਮੇਂ ਉਹ ਬੋਲੇ, "ਹੇ ਲੱਕੜੀ ! ਸਾਡੇ ਨਾਲ ਤੇਰਾ ਕੋਈ ਵੈਰ ਨਹੀਂ, ਧਰਤੀ ਵਿਚ ਧਸਦੀ ਹੈਂ, ਉੱਚੀ ਨਹੀਂ ਰਹਿੰਦੀ ਹੈਂ ?"॥ ੨੩॥

ਹਾਥ ਪਾਇ ਕਰਿ ਖਾਟ ਟਿਕਾਈ। ਭਈ ਅਕਾਰਥ ਅਜ਼ਮਤਿ ਲਾਈ।
ਅਪਨੇ ਤੇ ਬਹੁ ਬਡੇ ਬਿਚਾਰਾ। ਮਾਧੋਦਾਸ ਖੋਇ ਅਹੰਕਾਰਾ॥ ੨੪॥

ਗੁਰੂ ਜੀ ਨੇ ਦੋਵੇਂ ਹੱਥ ਪਾ ਕੇ ਪਲੰਘ ਨੂੰ ਟਿਕਾਇਆ ਤੇ ਸਾਧੂ ਦੀ ਕਰਾਮਾਤ ਲਾਈ ਹੋਈ ਫਜ਼ੂਲ ਗਈ। ਫਿਰ ਸਾਧ ਨੇ ਸਤਿਗੁਰੂ ਜੀ ਨੂੰ ਆਪਣੇ ਤੋਂ ਬਹੁਤ ਵੱਡਾ ਜਾਣਿਆ ਤੇ ਮਾਧੋਦਾਸ ਨੇ ਆਪਣਾ ਹੰਕਾਰ ਗਵਾ ਦਿੱਤਾ॥ ੨੪॥

ਹ੍ਵੈ ਕਰਿ ਦੀਨ ਤਬੈ ਚਲਿ ਆਯੋ। ਸ੍ਰੀ ਗੁਰ ਬੈਠੇ ਦਰਸ਼ਨ ਪਾਯੋ।
ਬੰਦਨ ਕਰੀ ਰਹਜੋ ਕਰ ਜੋਰਿ। ਅਵਿਲੋਕਤਿ ਸ੍ਰੀ ਮੁਖ ਕੀ ਓਰ॥ ੨੫॥

ਫਿਰ ਬਹੁਤ ਦੀਨ ਹੋ ਕੇ ਚਲ ਕੇ ਆਇਆ ਤੇ ਪਲੰਘ ਉੱਪਰ ਸਤਿਗੁਰੂ ਜੀ ਦੇ ਬੈਠਿਆਂ ਦੇ ਦਰਸ਼ਨ ਕੀਤੇ। ਬੰਦਨਾ ਕਰਕੇ ਹੱਥ ਜੋੜ ਕੇ ਖਲੋ ਗਿਆ ਤੇ ਸਤਿਗੁਰੂ ਜੀ ਦੇ ਮੁਖ ਵੱਲ ਵੇਖਣ ਲੱਗਾ॥ ੨੫॥

ਬੂਝਜੋ ਪ੍ਰਭੁ 'ਕੌਨ ਤੂੰ ਅਹੈਂ ? ਇਸ ਥਲ ਮਹਿਂ ਕੈਸੇ ਕਰਿ ਰਹੈਂ ?'।
'ਇਹ ਮਮ ਗੁਰ ਕੋ ਆਸ਼੍ਰਮ ਭਾਰੀ। ਚਿਰੰਕਾਲ ਤਪ ਕੀਨਿ ਅਚਾਰੀ॥ ੨੬॥

ਫਿਰ ਸਤਿਗੁਰੂ ਜੀ ਨੇ ਪੁੱਛਿਆ, "ਤੁਸੀਂ ਕੌਣ ਹੋ ? ਇਸ ਸਥਾਨ ਵਿਖੇ ਕਿਵੇਂ ਰਹਿੰਦੇ ਹੋ ?" ਇਹ ਮੇਰੇ ਗੁਰੂ ਜੀ ਦਾ ਭਾਰੀ ਆਸ਼੍ਰਮ ਹੈ, ਬਹੁਤ ਦੇਰ ਤਕ ਉਨ੍ਹਾਂ ਆਚਰਨ ਸਹਿਤ ਏਥੇ ਤਪ ਕੀਤਾ ਹੈ॥ ੨੬॥

ਤਿਸ ਪੀਛੇ ਮੈਂ ਇਸ ਥਲ ਬਾਸਾ। ਰਹੌਂ ਏਕ ਭਾਵਹਿ ਤਪ ਰਾਸਾ'।
ਸੁਨਿ ਗੁਰ ਭਨਜੋਂ 'ਤੋਹਿ ਗੁਰ ਕਹਾਂ। ਮਰਿ ਕਰਿ ਪਹੁਂਚਜੋ ਜਾਨਹਿਂ ਤਹਾਂ ॥੨੭॥

ਉਨ੍ਹਾਂ ਦੇ ਬਾਅਦ ਮੈਂ ਏਥੇ ਰਿਹਾ ਹਾਂ। ਮੈਂ ਇਕੱਲਾ ਹੀ ਏਥੇ ਰਹਿ ਕੇ ਤਪ ਕਰਦਾ ਹਾਂ।" "ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੇਰਾ ਗੁਰੂ ਕਿੱਥੇ ਹੈ, ਤੂੰ ਜਾਣਦਾ ਹੈਂ ਉਹ ਮਰ ਕੇ ਕਿੱਥੇ ਪਹੁੰਚਿਆ ਹੈ॥ ੨੭॥

ਜਿਸ ਭਰਵਾਸ਼ੇ ਆਸ਼੍ਰਮ ਰਹੈਂ। ਤਿਸ ਕੋ ਲਖਹਿਂ ਕਿ ਨਹਿਂ, ਕਿਤ ਅਹੈ ?'।
ਸੁਨਤਿ ਦੀਨਿ ਹੁਇ ਸਾਧ ਬਖਾਨਾ। 'ਸ਼ਕਤਿ ਨ ਏਤੀ, ਮੈਂ ਨਹਿਂ ਜਾਨਾ ॥੨੮॥

ਜਿਸ ਦੇ ਭਰਵਾਸੇ ਆਸ਼੍ਰਮ ਵਿਚ ਰਹਿੰਦੇ ਹੋ, ਉਸ ਨੂੰ ਤੂੰ ਸਮਝਦਾ ਨਹੀਂ, ਇਸ ਸਮੇਂ ਕਿੱਥੇ ਹੈ ?" ਇਹ ਸੁਣ ਕੇ ਦੀਨ ਹੋ ਕੇ ਸਾਧ ਨੇ ਕਿਹਾ, "ਮੇਰੇ ਵਿਚ ਏਨੀ ਸ਼ਕਤੀ ਨਹੀਂ ਮੈਂ ਨਹੀਂ ਜਾਣ ਸਕਿਆ ਹਾਂ॥ ੨੮॥

ਜੇ ਕਰਿ ਤੁਮ ਮਹਿਂ ਸ਼ਕਤਿ ਇਤੀਕ। ਲੋਕ ਪ੍ਰਲੋਕ ਲਖਹੁ ਬਿਧਿ ਨੀਕ।
ਤੌ ਮਮ ਗੁਰ ਕੋ ਦੇਹੁ ਦਿਖਾਈ। ਪੁਨ ਨਿਸ਼ਚਾ ਨਿਹਚਲ ਟਿਕਿ ਜਾਈ ॥੨੯॥

ਜੇ ਤੁਹਾਡੇ ਵਿਚ ਏਨੀ ਸ਼ਕਤੀ ਹੈ, ਲੋਕ ਪ੍ਰਲੋਕ ਨੂੰ ਚੰਗੀ ਵਿਧੀ ਅਨੁਸਾਰ ਜਾਣਦੇ ਹੋ ਤਾਂ ਮੈਨੂੰ ਆਪਣਾ ਗੁਰੂ ਵਿਖਾ ਦੇਵੋ। ਫਿਰ ਮੇਰਾ ਨਿਸ਼ਚਾ ਅਟੱਲ ਟਿਕ ਜਾਵੇਗਾ" ॥ ੨੯॥

ਤਬਿ ਗੁਰ ਭਨਯੋਂ 'ਤਰੋਵਰ ਖਰਯੋ। ਤਿਸ ਕੇ ਫਲ ਕੀੜਾ ਹੁਇ ਪਰਯੋ।
ਜੇ ਕਰਿ ਪਤਾ ਚਹਤਿ ਅਬਿ ਲਯਾਵਹੁ। ਕਰਿ ਹਮ ਢਿਗ ਲੇ ਨਾਮ ਬੁਲਾਵਹੁ ॥੩੦॥

ਤਦ ਗੁਰੂ ਜੀ ਨੇ ਕਿਹਾ, "ਇਹ ਜਿਹੜਾ ਬਿਰਛ ਖੜਾ ਹੈ, ਇਸ ਵਿਚ ਕੀੜਾ ਹੋ ਕੇ ਪਿਆ ਹੈ। ਜੇ ਹੁਣ ਉਹਦਾ ਪਤਾ ਕਰਨਾ ਚਾਹੁੰਦਾ ਹੈਂ ਤਾਂ ਉਸ ਦਾ ਫਲ ਲਿਆਵੋ, ਸਾਡੇ ਪਾਸ ਹੱਥ ਵਿਚ ਲੈ ਕੇ ਉਸ ਦਾ ਨਾਮ ਲੈ ਕੇ ਬੁਲਾਵੋ" ॥ ੩੦॥

ਸੁਨਿ ਸਾਧੂ ਨੇ ਸੋ ਫਲ ਦੇਖਾ। ਹੈ ਪਰਪੱਕਜ ਲਾਲ ਅਵਰੇਖਾ।
ਗੁਰ ਕੇ ਕਹੇ ਤੋਰ ਕਰਿ ਲਯਾਵਾ। ਨਿਕਟ ਲਯਾਇ ਕੀੜਾ ਦ੍ਰਿਸ਼ਟਾਵਾ ॥੩੧॥

ਇਹ ਸੁਣ ਕੇ ਸਾਧੂ ਨੇ ਵੇਖਿਆ, ਬਿਰਛ ਦਾ ਜਿਹੜਾ ਫਲ ਪੱਕ ਕੇ ਲਾਲ ਹੋਇਆ ਸੀ, ਉਸ ਨੂੰ ਉਹ ਗੁਰੂ ਜੀ ਦੇ ਕਹਿਣ 'ਤੇ ਤੋੜ ਕੇ ਲਿਆਇਆ ਤੇ ਨੇੜੇ ਲਿਆ ਕੇ ਕੀੜਾ ਵੇਖਿਆ॥ ੩੧॥

ਧੁਨਿ ਊਚੀ ਲੇ ਨਾਮ ਗੁਹਾਰਾ। ਕੀਰੇ ਕਿਰਰ ਕਿਰਰ ਉਚਾਰਾ।
ਜਾਨਿ ਲੀਨਿ 'ਨਿਸ਼ਚੇ ਗੁਰ ਮੇਰੋ। ਕਹਾਂ ਭਈ ਗਤਿ!' ਬਿਸਮ ਬਡੇਰੋ ॥ ੩੨॥

ਉੱਚੀ ਆਵਾਜ਼ ਵਿਚ ਉਸ ਦਾ ਨਾਮ ਲੈ ਕੇ ਬੁਲਾਇਆ ਤਾਂ ਕੀੜੇ ਨੇ ਕਿਰਰ ਕਿਰਰ ਉਚਾਰਨ ਕੀਤਾ। ਮਾਯੋਦਾਸ ਇਹ ਜਾਣ ਗਿਆ ਕਿ ਮੇਰਾ ਗੁਰੂ ਹੀ ਹੈ। ਇਸ ਦੀ ਕੀ ਗਤੀ ਹੋਈ ਹੈ, ਵੇਖ ਕੇ ਬਹੁਤ ਹੈਰਾਨ ਹੋਇਆ॥ ੩੨॥

ਸ੍ਰੀ ਗੁਰ ਭਨਯੋਂ 'ਚਿੰਤ ਕਹਾ ਕੀਜੈ। ਸ਼ੇਸ਼ ਕਰਮ ਇਸ ਕੋ ਲਖਿ ਲੀਜੈ।
ਇਹ ਤਨ ਤਜਿ ਅਬਿ ਸ਼ੁਭ ਗਤਿ ਪਾਵੈ। ਬਹੁਰ ਨਹੀਂ ਅਪਗਤਿ ਅਸ ਜਾਵੈ ॥੩੩॥

ਸਤਿਗੁਰੂ ਜੀ ਨੇ ਕਿਹਾ, "ਚਿੰਤਾ ਕਿਉਂ ਕਰਦੇ ਹੋ, ਇਸ ਦਾ ਇਕੋ ਕਰਮ ਭੋਗਣਾ ਬਾਕੀ ਸੀ। ਇਹ ਸਰੀਰ ਛੱਡ ਕੇ ਹੁਣ ਸ਼ੁਭ ਗਤੀ ਪਾਵੇਗਾ, ਫਿਰ ਕਦੀ ਵੀ ਇਸ ਤਰ੍ਹਾਂ ਦੀ ਮਾੜੀ ਗਤੀ ਨਹੀਂ ਪਾਵੇਗਾ" ॥ ੩੩॥

ਹੁਤੋ ਹਾਥ ਮਹਿਂ ਫਲ ਮ੍ਰਿਤੁ ਭਯੋ। ਤਿਸਤੇ ਨਿਕਸਿ ਧਰਾ ਗਿਰ ਗਯੋ।
ਕਹਯੋ 'ਪ੍ਰਭੂ! ਤੁਮ ਕਰੁਨਾ ਕਰੀਜਹਿ। ਮੋਰ ਕਰਮ ਪਰ ਦ੍ਰਿਸ਼ਟਿ ਨ ਧਰੀਅਹਿ ॥੩੪॥

ਫਲ ਹਾਲੇ ਹੱਥ ਵਿਚ ਹੀ ਸੀ ਕਿ ਕੀੜਾ ਮਰ ਗਿਆ ਤੇ ਫਲ ਵਿਚੋਂ ਨਿਕਲ ਕੇ ਧਰਤੀ ਉੱਪਰ ਡਿੱਗ ਪਿਆ। ਫਿਰ ਸਾਧ ਕਹਿਣ ਲੱਗਾ, "ਹੇ ਪ੍ਰਭੂ! ਤੁਸੀਂ ਮੇਰੇ ਉੱਪਰ ਕਿਰਪਾ ਕਰੋ, ਮੇਰੇ ਕਰਮਾਂ ਉੱਪਰ ਦ੍ਰਿਸ਼ਟੀ ਨਾ ਧਾਰਨ ਕਰੋ, ਜਿਵੇਂ ਮੈਂ ਬੀਰਾਂ ਨੂੰ ਭੇਜ ਕੇ ਆਪ ਜੀ ਦਾ ਆਦਰ ਰਹਿਤ ਕਰਮ ਕੀਤਾ ਹੈ॥ ੩੪॥

ਅਪਨੀ ਸੇਵਾ ਮੁਹਿ ਫੁਰਮਾਵਹੁ। ਪਗ ਪੰਕਜ ਪਰ ਮੋਹਿ ਲਗਾਵਹੁ।
ਰਾਖੁ ਲੇਹੁ ਸ਼ਰਨਾਗਤਿ ਪਰਯੋ। ਦੀਨ ਦੇਖਿ ਪ੍ਰਭੁ ਬਿਗਸਿ ਉਚਰਯੋ॥ ੩੫॥

ਆਪਣੀ ਸੇਵਾ ਮੈਨੂੰ ਫੁਰਮਾਓ ਤੇ ਆਪਣੇ ਚਰਨ ਕੰਵਲਾਂ ਉੱਪਰ ਮੈਨੂੰ ਲਾਓ, ਮੇਰੀ ਲਾਜ ਰੱਖ ਲਵੋ ਮੈਂ ਤੁਹਾਡੀ ਸ਼ਰਨ ਵਿਚ ਪਿਆ ਹਾਂ।" ਦੀਨ ਵੇਖ ਕੇ ਪ੍ਰਭੂ ਜੀ ਨੇ ਹੱਸ ਕੇ ਬਚਨ ਕੀਤਾ॥ ੩੫॥

'ਹਮ ਕੋ ਹੁਕਮ ਅਹੈ ਕਰਤਾਰਾ। ਬਿਦਤਾਵਹੁ ਜਗ ਪੰਥ ਕਰਾਰਾ।
ਤੁਰਕ ਤੇਜ ਕੌ ਕਰੋ ਬਿਨਾਸ਼ਾ। ਜੋ ਅਬਿ ਪਸਰਿ ਰਹ੍ਯੋ ਚਹੁਂ ਪਾਸਾ॥ ੩੬॥

''ਸਾਨੂੰ ਕਰਤਾਰ ਦਾ ਇਹੋ ਹੁਕਮ ਹੈ, ਜਗ ਵਿਚ ਕਰਾਰਾ ਪੰਥ ਪ੍ਰਗਟ ਕਰੋ। ਤੁਰਕਾਂ ਦੇ ਤੇਜ ਦਾ ਨਾਸ਼ ਕਰ ਦੇਵੋ, ਜਿਹੜਾ ਹੁਣ ਚਾਰੇ ਪਾਸੇ ਫੈਲ ਰਿਹਾ ਹੈ॥ ੩੬॥

ਤੂੰ ਬਤਾਉ ਕਹੁ ਕੈਸੇ ਕਰਨਾ। ਮਿਲਹੁ ਕਿ ਨਹੀਂ ਸ਼ਤ੍ਰੂ ਗਨ ਹਰਨਾ?'।
ਬੋਲ੍ਯੋ ਸਾਧ 'ਆਪ ਹੋ ਮਾਲਕ। ਤੁਮਰਾ ਬੰਦਾ ਕਰੌਂ ਨ ਆਲਕ॥ ੩੭॥

ਤੂੰ ਦੱਸ ਹੁਣ ਕਿਸ ਤਰ੍ਹਾਂ ਕਰਨਾ ਹੈ, ਬਹੁਤ ਵੈਰੀਆਂ ਨੂੰ ਮਾਰਨ ਵਾਸਤੇ ਸਾਡੇ ਨਾਲ ਮਿਲੇਂਗੇ ਕਿ ਨਹੀਂ?'' ਸਾਧ ਬੋਲਿਆ, ''ਆਪ ਜੀ ਮਾਲਕ ਹੋ, ਮੈਂ ਤੇਰਾ ਬੰਦਾ ਹਾਂ, ਕਦੀ ਵੀ ਆਲਸ ਨਹੀਂ ਕਰਾਂਗਾ॥ ੩੭॥

ਹੁਇ ਰਾਵਰਿ ਆਇਸੁ ਅਨੁਸਾਰੀ। ਕਰੌਂ ਜੰਗ ਭੰਗੋਂ ਰਿਪੁ ਭਾਰੀ।
ਤੁਮ ਸਹਾਇਤਾ ਲੈ ਖਰ ਖੰਡਾ। ਕਰੌਂ ਘਮੰਡ ਪ੍ਰਚੰਡ ਖੰਡ ਖੰਡਾ॥ ੩੮॥

ਮੈਂ ਆਪ ਜੀ ਦੀ ਆਗਿਆ ਅਨੁਸਾਰ ਹੋ ਕੇ ਜੰਗ ਕਰਾਂਗਾ ਤੇ ਭਾਰੀ ਗਿਣਤੀ ਵਿਚ ਵੈਰੀਆਂ ਨੂੰ ਮਾਰਾਂਗਾ। ਤੁਹਾਡੀ ਸਹਾਇਤਾ ਲੈ ਕੇ ਤੇਜ਼ ਧਾਰ ਵਾਲਾ ਖੰਡਾ ਫੜਾਂਗਾ ਤੇ ਪ੍ਰਚੰਡ ਯੁੱਧ ਕਰਕੇ ਵੈਰੀ ਦੇ ਟੁਕੜੇ-ਟੁਕੜੇ ਕਰ ਦੇਵਾਂਗਾ'॥ ੩੮॥

ਹਸਿ ਬੋਲੇ 'ਹਮ ਦੀਨਾ ਹੁਕਮ। ਬਾਲੂ ਮੱਧ ਨਿਕਾਸਾ ਰੁਕਮ।
ਦੇਸ਼ ਪੰਜਾਬ ਜਾਹੁ ਮਮ ਬਦਲਾ। ਬਿਮੁਖ ਹੂਏ ਮੇਰੇ ਮਨ ਰਦਲਾ॥ ੩੯॥

ਸਤਿਗੁਰੂ ਜੀ ਹੱਸ ਕੇ ਬੋਲੇ, ''ਅਸੀਂ ਤੈਨੂੰ ਹੁਕਮ ਦਿੱਤਾ, ਰੇਤ ਵਿਚੋਂ ਸੋਨਾ ਕੱਢਿਆ ਹੈ। ਪੰਜਾਬ ਦੇਸ਼ ਵਿਚ ਮੇਰਾ ਥਾਂ ਜਾਣੋ। ਹੇ ਮੇਰੇ ਬੰਦੇ! ਜਿਹੜੇ ਬੇਮੁੱਖ ਹੋਏ ਹਨ, ਉਨ੍ਹਾਂ ਨੂੰ ਰੱਦ ਕਰੋ॥ ੩੯॥

ਪੰਥ ਤੇਜ ਤੇਰੇ ਹੀ ਦੀਨਾ। ਸਭਿਨਿ ਬਿਖੈ ਤੈ ਕੋ ਮੁਖਿ ਕੀਨਾ।
ਅਪਨਿ ਆਪ ਤੇ ਭਾਖ੍ਯੋ ਬੰਦਾ। ਇਹ ਬਿਦਤੈ ਜਗ ਨਾਮ ਬਿਲੰਦਾ॥ ੪੦॥

ਤੇਜ ਵਾਲਾ ਪੰਥ ਤੇਰੇ ਹੱਥ ਵਿਚ ਦਿੱਤਾ ਹੈ। ਸਾਰਿਆਂ ਦੇ ਵਿਚ ਤੈਨੂੰ ਮੁਖੀ ਕੀਤਾ ਹੈ। ਤੂੰ ਆਪਣੇ ਆਪ ਨੂੰ ਬੰਦਾ ਕਿਹਾ ਹੈ, ਇਹ ਨਾਮ ਤੇਰਾ ਜਗਤ ਵਿਚ ਬਹੁਤ ਪ੍ਰਸਿੱਧ ਹੋਵੇਗਾ॥ ੪੦॥

ਨਹਿਂ ਠਹਿਰਹਿ ਰਿਪੁ ਤੋਹਿ ਅਗਾਰੀ। ਹੁਇ ਸੰਘਰ ਘਮਸਾਨ ਉਦਾਰੀ।
ਲਰੈਂ ਅਰੈਂ ਲਾਖਹੁਂ ਹੀ ਮਰੈਂ। ਬਚੈਂ ਸੁ ਜੀਵ ਭਾਜ ਜੋ ਪਰੈਂ॥ ੪੧॥

ਤੇਰੇ ਅੱਗੇ ਕੋਈ ਵੀ ਵੈਰੀ ਨਹੀਂ ਠਹਿਰੇਗਾ, ਬੜੇ ਵੱਡੇ-ਵੱਡੇ ਘਮਸਾਨ ਦੇ ਯੁੱਧ ਹੋਣਗੇ। ਲੜਨਗੇ, ਅੜਨਗੇ ਅਤੇ ਲੱਖਾਂ ਹੀ ਮਰਨਗੇ, ਜਿਹੜੇ ਜੀਵ ਬਚਣਗੇ ਉਹ ਭੱਜ ਪੈਣਗੇ''॥ ੪੧॥

ਸੁਨਿ ਗੁਰਵਾਕ ਭਯੋ ਮਨ ਗਾਢੋ। ਹਾਥ ਜੋਰਿ ਸਨਮੁਖ ਰਹਿ ਠਾਢੋ।
ਕਰਨ ਜੰਗ ਕੋ ਭਾ ਅਨੁਸਾਰੀ। ਕ੍ਰਿਪਾ ਦ੍ਰਿਸ਼ਟਿ ਸਤਿਗੁਰੂ ਨਿਹਾਰੀ॥ ੪੨॥

ਗੁਰੂ ਜੀ ਦੇ ਬਚਨ ਸੁਣ ਕੇ ਮਾਧੋਦਾਸ ਦਾ ਮਨ ਦ੍ਰਿੜ੍ਹ ਹੋ ਗਿਆ ਤੇ ਹੱਥ ਜੋੜ ਕੇ ਸਾਹਮਣੇ ਖੜਾ ਰਿਹਾ। ਜੰਗ ਕਰਨ ਵਾਸਤੇ ਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਿਆ, ਫਿਰ ਸਤਿਗੁਰੂ ਜੀ ਨੇ ਉਸ ਨੂੰ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ॥੪੨॥

*ਦੂਸਰੇ ਐਨ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥*

☆☆☆

# ਅਧਿਆਇ ਛੇਵਾਂ

## ਬੰਦੇ ਨੂੰ ਬਖਸ਼ਿਸ਼

ਦੋਹਰਾ- ਸ੍ਰੀ ਗੁਰ ਨਿਕਟਿ ਬਿਠਾਇ ਕਰਿ ਗਰ ਤੇ ਖੜਗ ਉਤਾਰਿ।
ਦੇਨਿ ਲਗੇ ਯੁਤ ਤੇਜ ਕੇ ਕਰਨ ਹੇਤ ਸਰਦਾਰ॥ ੧॥

ਸਤਿਗੁਰੂ ਜੀ ਬੰਦਾ ਸਿੰਘ ਨੂੰ ਆਪਣੇ ਪਾਸ ਬਿਠਾ ਆਪਣੀ ਕਿਰਪਾਨ ਗਲ ਵਿਚੋਂ ਲਾਹ ਕੇ ਦੇਣ ਲੱਗੇ, ਉਹ ਉਸ ਨੂੰ ਆਪਣਾ ਤੇਜ ਦੇ ਕੇ ਸਰਦਾਰ ਬਣਾਉਣਾ ਚਾਹੁੰਦੇ ਸਨ॥ ੧॥

ਚੌਪਈ-ਦਯਾ ਸਿੰਘ ਅਰੁ ਧਰਮ ਸਿੰਘ ਪੁਨ। ਇਨ ਤੇ ਆਦਿ ਖਾਲਸਾ ਢਿਗ ਗੁਨ।
ਦੇਖਤਿ ਹਾਥ ਜੋਰਿ ਹੁਇ ਖਰੇ। 'ਸ੍ਰੀ ਗੁਰ ਅਧਿਕ ਕ੍ਰਿਪਾ ਕਰਿ ਢਰੇ॥੨॥

ਫਿਰ ਦਇਆ ਸਿੰਘ ਅਤੇ ਧਰਮ ਸਿੰਘ, ਇਨ੍ਹਾਂ ਤੋਂ ਉਪਰੰਤ ਹੋਰ ਗੁਣੀ ਖਾਲਸਾ ਪਾਸ ਬੈਠਾ ਸੀ। ਉਹ ਸਾਰੇ ਇਹ ਵੇਖ ਕੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਕਹਿਣ ਲੱਗੇ, "ਸਤਿਗੁਰੂ ਜੀ ਬਹੁਤ ਕਿਰਪਾ ਕਰਨ ਵਾਸਤੇ ਢਲ ਗਏ ਹਨ॥ ੨॥

ਜੇ ਕਰਿ ਖੜਗ ਦੇਹੁ ਇਨ ਧਰੇ। ਪੰਥ ਆਪ ਕੋ ਕਜਾ ਤਬਿ ਕਰੇ।
ਰਹੇ ਆਦਿ ਤੇ ਸੰਗ ਤੁਮਾਰੇ। ਸਹੇ ਕਸ਼ਟ ਬਹੁ ਮਰੇ ਹਜ਼ਾਰੇ॥ ੩॥

ਜੇ ਤੁਸੀਂ ਇਨ੍ਹਾਂ ਨੂੰ ਆਪਣੀ ਕਿਰਪਾਨ ਹੀ ਦੇ ਦੇਵੋਗੇ, ਤਦ ਆਪ ਜੀ ਦਾ ਪੰਥ ਕੀ ਕਰੇਗਾ। ਜਿਹੜਾ ਆਦਿ ਤੋਂ ਤੁਹਾਡੇ ਨਾਲ ਰਿਹਾ ਹੈ। ਪੰਥ ਨੇ ਬਹੁਤ ਕਸ਼ਟ ਬਰਦਾਸ਼ਤ ਕੀਤੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਖਾਲਸਾ ਮਰ ਵੀ ਗਿਆ ਹੈ॥ ੩॥

ਸਰਬ ਅਕਾਰਥ ਸਿੰਘਨ ਕੇਰਾ। ਦਿਯੋ ਜਵਾਬ ਆਪ ਇਸ ਬੇਰਾ।
ਸੇਵਾ ਕਰਨੀ ਬਿਨੈ ਉਚਾਰੇਂ। ਇਸ ਤੇ ਬਿਨ ਕਜਾ ਬਸੀ ਹਮਾਰੇ॥ ੪॥

ਸਿੰਘਾਂ ਦਾ ਕੀਤਾ ਹੋਇਆ, ਸਾਰਾ ਅਕਾਰਥ ਗਿਆ ਹੈ, ਇਸ ਸਮੇਂ ਆਪ ਜੀ ਨੇ ਜਵਾਬ ਦੇ ਦਿੱਤਾ ਹੈ। ਸੇਵਾ ਕਰਨ ਵਾਸਤੇ ਬੇਨਤੀ ਉਚਾਰਨ ਕਰਦੇ ਹਨ, ਇਸ ਤੋਂ ਬਗੈਰ ਸਾਡੇ ਵੱਸ ਵਿਚ ਹੋਰ ਕੀ ਹੈ॥ ੪॥

ਜੇ ਕਰਿ ਘਾਲ ਅਕਾਰਥ ਖੋਵਹੁ। ਸਹੀ ਆਪਨੇ ਸਿਖ ਕਰ ਜੋਵਹੁ।
ਸਭਿ ਕੋ ਦਿਹੁ ਜਵਾਬ ਇਸ ਕਾਲਾ। ਕਜਾ ਕਰਿ ਸਕੈ ਖਾਲਸਾ ਜਾਲਾ ॥੫॥

ਜੇ ਇਹ ਘਾਲ ਅਕਾਰਥ ਗਵਾਉਗੇ ਤਾਂ ਜਿਧਰ ਕਿਧਰ ਆਪਣੇ ਸਿੱਖ ਜੋ ਵੇਖਦੇ ਹੋ। ਤਾਂ ਸਭ ਨੂੰ ਇਸ ਸਮੇਂ ਜਵਾਬ ਦੇ ਦੇਵੋ। ਸਮੂਹ ਖਾਲਸਾ ਕੀ ਕਰ ਸਕਦਾ ਹੈ'॥ ੫॥

ਇਮ ਕਹਿ ਸਭਿ ਕੇ ਦ੍ਰਿਗ ਭਰਿ ਆਏ। ਰੁਦਤਿ ਅਧਿਕ ਉਰ ਚਿੰਤ ਉਪਾਏ।
'ਦਿਯੋ ਚਹਤਿ, ਦੀਜੈ ਇਸ ਤੀਰ। ਖੜਗ ਖਾਲਸੇ ਕੇ ਰਹਿ ਤੀਰ' ॥ ੬॥

ਇਸ ਪ੍ਰਕਾਰ ਕਹਿ ਕੇ ਸਾਰਿਆਂ ਦੇ ਨੈਣ ਭਰ ਆਏ, ਹਿਰਦੇ ਵਿਚ ਚਿੰਤਾ ਪਾ ਕੇ ਬਹੁਤ ਰੋਂਦੇ ਸਨ, "ਜੇ ਇਸ ਨੂੰ ਦੇਣਾ ਚਾਹੁੰਦੇ ਹੋ ਤਾਂ ਇਸ ਨੂੰ ਤੀਰ ਦੇਵੋ, ਆਪ ਜੀ ਦੀ ਤਲਵਾਰ ਖਾਲਸੇ ਪਾਸ ਰਹੇ'॥ ੬॥

ਸੁਨਿ ਪਿਖਿ ਕੈ ਗੁਰ ਕ੍ਰਿਪਾ ਉਪਾਈ। 'ਕਜੋਂ ਤੁਮ ਸੰਸੈ ਰਿਦੈ ਉਠਾਈ।
ਜਾਨਹੁ ਰਿਦੈ ਕਮਾਇਕ ਮੇਰਾ। ਭੋਗੇ ਪੁੱਤ੍ਰ ਖਾਲਸਾ ਮੇਰਾ॥ ੭॥

ਸੁਣ ਵੇਖ ਕੇ ਗੁਰੂ ਜੀ ਨੇ ਕਿਰਪਾ ਕੀਤੀ ਤੇ ਕਹਿਣ ਲੱਗੇ, "ਤੁਸੀਂ ਹਿਰਦੇ ਵਿਚ ਸ਼ੰਕਾ ਕਿਉਂ ਉਠਾਇਆ ਹੈ। ਹਿਰਦੇ ਵਿਚ ਜਾਣ ਲਵੋ ਕਿ ਇਹ ਮੇਰਾ ਕਰਿੰਦਾ ਹੈ ਤੇ ਖਾਲਸਾ ਮੇਰਾ ਪੁੱਤਰ ਹੈ ਜਿਹੜਾ ਸੁਖ ਭੋਗੇਗਾ॥ ੭॥

*ਨੋਟ : ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਜੀ ਬੰਦਾ ਸਿੰਘ ਨੂੰ ਗੁਰਗੱਦੀ ਨਹੀਂ ਸੀ ਦੇਣ ਲੱਗੇ।*

ਰਿਪੁ ਕੰਟਕ ਇਹ ਬੀਨ ਮਿਟਾਵੈ। ਬਿਚਰਤਿ ਸਿੰਘ ਅਨਿਕ ਸੁਖ ਪਾਵੈਂ।
ਰਾਜ ਦੇਸ਼ ਕੋ ਅਹੈ ਤੁਮਾਰੋ। ਸੋ ਨਹਿਂ ਟਰਹਿ ਕਿਸੂ ਤੇ ਟਾਰੋ॥ ੮॥

ਕੰਡੇ ਵਾਂਗ ਚੁਭਣ ਵਾਲੇ ਵੈਰੀ ਨੂੰ ਇਹ ਚੁਣ ਚੁਣ ਕੇ ਮਾਰੇਗਾ। ਸਿੰਘ ਵਿਚਰਦੇ ਅਨੇਕਾਂ ਸੁਖ ਪਾਉਣਗੇ। ਦੇਸ਼ ਉੱਪਰ ਤੁਹਾਡਾ ਰਾਜ ਹੋਵੇਗਾ, ਉਹ ਕਿਸੇ ਪਾਸੋਂ ਵੀ ਟਾਲਿਆਂ ਨਹੀਂ ਟਲੇਗਾ॥ ੮॥

ਇਹੁ ਚਿੰਤਾ ਤੁਮ ਦੇਹੁ ਮਿਟਾਈ। ਰਾਜ ਤੇਜ ਤੁਮ ਤੇ ਨਹਿਂ ਜਾਈ।
ਹਰਖ ਧਰਹੁ ਚਿਤ ਚਾਹਤਿ ਜੈਸੇ। ਬੰਦੇ ਕੋ ਬਖਸ਼ਹਿਂ ਸਰ ਤੈਸੇ'॥ ੯॥

ਇਹ ਚਿੰਤਾ ਤੁਸੀਂ ਮਿਟਾ ਦੇਵੋ। ਰਾਜ ਤੇਜ ਤੁਹਾਥੋਂ ਨਹੀਂ ਜਾਵੇਗਾ। ਪ੍ਰਸੰਨਤਾ ਧਾਰਨ ਕਰੋ, ਜਿਵੇਂ ਚਿੱਤ ਵਿਚ ਚਾਹੁੰਦੇ ਹੋ। ਬੰਦੇ ਨੂੰ ਖਾਲਸੇ ਦੀ ਸਲਾਹ ਅਨੁਸਾਰ ਪੰਜ ਤੀਰਾਂ ਦੀ ਬਖਸ਼ਿਸ਼ ਕੀਤੀ'॥ ੯॥

ਇਮ ਕਹਿ ਗਰੇ ਖੜਗ ਕੋ ਧਾਰਾ। ਸਿੰਘਨਿ ਕੋ ਸਤਿਕਾਰਿ ਬਿਠਾਰਾ।
ਬਿਚ ਨਿਖੰਗ ਤੇ ਪਾਂਚਹੁਂ ਤੀਰ। ਦੇਤਿ ਭਏ ਬੰਦੇ ਕੋ ਤੀਰ॥ ੧੦॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਕਿਰਪਾਨ ਆਪਣੇ ਗਲ ਵਿਚ ਪਾ ਲਈ। ਸਿੰਘਾਂ ਨੂੰ ਬੜੇ ਸਤਿਕਾਰ ਨਾਲ ਬਿਠਾਇਆ। ਆਪਣੇ ਭੱਥੇ ਵਿਚੋਂ ਪੰਜ ਤੀਰ ਕੱਢੇ, ਇਸ ਪ੍ਰਕਾਰ ਉਸ ਸਮੇਂ ਪੰਜ ਤੀਰ ਬੰਦੇ ਨੂੰ ਦਿੱਤੇ॥ ੧੦॥

ਸ੍ਰੀ ਮੁਖ ਕਹਜੋ 'ਜਤੀ ਰਹਿਂ ਜਾਵਤਿ। ਰਹੈ ਤੇਜ ਤੇਰੋ ਵਧਿ ਤਾਵਤਿ।
ਬ੍ਰਹਮਚਰਜ ਤੇ ਮੁਖ ਨਹਿਂ ਮੁਰੈ। ਬ੍ਰਹਮਚਰਜ ਤੇ ਰਿਪੁ ਨਹਿਂ ਅਰੈ॥ ੧੧॥

ਫਿਰ ਸਤਿਗੁਰੂ ਜੀ ਨੇ ਮੁਖ ਤੋਂ ਕਿਹਾ, "ਜਦ ਤਕ ਤੂੰ ਜਤੀ ਰਹੇਂਗਾ ਤਦ ਤਕ ਤੇਰਾ ਤੇਜ ਵਧਦਾ ਹੀ ਜਾਵੇਗਾ। ਬ੍ਰਹਮਚਰਜ ਤੋਂ ਕਦੀ ਵੀ ਮੁਖ ਨਾ ਮੁੜੇ, ਬ੍ਰਹਮਚਰਜ ਕਰਕੇ ਫਿਰ ਵੈਰੀ ਅੱਗੇ ਨਹੀਂ ਅੜਦਾ ਹੈ॥ ੧੧॥

ਬ੍ਰਹਮਚਰਜ ਤੇ ਤੇਜ ਸਵਾਯਾ। ਬ੍ਰਹਮਚਰਜ ਤੇ ਸਭਿ ਕਿਛ ਪਾਯਾ।
ਬੰਦਾ ਭਯੋ ਜਿ ਬੰਦੀ ਬਯਾਹੈ। ਤਬਿ ਇਨ ਸਰਨਿ ਤੇਜ ਘਟ ਜਾਹੈ॥ ੧੨॥

ਬ੍ਰਹਮਚਰਜ ਕਰਕੇ ਤੇਜ ਸਵਾਇਆ ਹੁੰਦਾ ਹੈ, ਬ੍ਰਹਮਚਰਜ ਕਰਕੇ ਸਭ ਕੁਝ ਪ੍ਰਾਪਤ ਹੁੰਦਾ ਹੈ। ਬੰਦਾ ਹੋ ਕੇ ਜੇ ਬਾਂਦੀ (ਇਸਤਰੀ) ਵਿਆਵੇਂਗਾ ਤਦ ਇਨ੍ਹਾਂ ਤੀਰਾਂ ਦਾ ਤੇਜ ਘਟ ਜਾਵੇਗਾ॥ ੧੨॥

ਜਮਨਾ ਪਾਰ ਜਾਇ ਸਭਿ ਠੋਰਾ। ਹਨਹੁ ਦੁਸ਼ਟ ਘਾਲਹੁ ਬਡ ਰੋਰਾ।
ਪਰੈ ਬੁੜੀਏ ਥੇ ਕੁਛ ਜਾਇ। ਥਿਰਹੁ ਹੇਰਿ ਕੋ ਊਚੀ ਥਾਇਂ॥ ੧੩॥

ਜਮਨਾ ਪਾਰ ਜਾ ਕੇ ਸਭ ਥਾਂ, ਦੁਸ਼ਟਾਂ ਨੂੰ ਮਾਰੋ ਤੇ ਵੱਡਾ ਭੜਥੂ ਪਾ ਦੇਵੋ। ਬੁੜੀਏ ਪਿੰਡ ਤੋਂ ਅੱਗੇ ਜਾ ਕੇ, ਕੋਈ ਉੱਚੀ ਥਾਂ ਵੇਖ ਕੇ ਠਹਿਰੋ॥ ੧੩॥

ਪਠਹਿਂ ਹੁਕਮਨਾਮਾ ਹਮ ਪਾਛੈ। ਮਿਲਹਿਂ ਸਿੰਘ ਪੰਚਹੁਂ ਜਬਿ ਆਛੈ।
ਤਬਿ ਲੂਟਨ ਲਾਗਹੁ ਸਭਿ ਦੇਸ਼ਾ। ਹਤਹੁ ਜਿ ਲਰਨੇ ਆਇ ਵਿਸ਼ੇਸ਼ਾ॥ ੧੪॥

ਅਸੀਂ ਪਿੱਛੋਂ ਹੁਕਮਨਾਮੇ ਭੇਜਦੇ ਹਾਂ। ਜਦ ਸਿੰਘ ਚੰਗੇ ਮਿਲ ਜਾਣ ਤਦ ਸਾਰੇ ਦੇਸ਼ ਨੂੰ ਲੁੱਟਣ ਲੱਗ ਜਾਵੋ, ਜਿਹੜਾ ਵਿਸ਼ੇਸ਼ ਤੌਰ ਤੇ ਲੜਨ ਆਵੇ, ਉਸ ਨੂੰ ਮਾਰ ਦੇਵੋ॥ ੧੪॥

ਪ੍ਰਥਮ ਦੌਰਿ ਜਿਸ ਠੌਰ ਸਢੌਰਾ। ਕਰਹੁ ਕਤਲ ਘਾਲਹੁ ਬਡ ਰੌਰਾ।
ਪੁਨ ਤੁਰਕਨ ਕੇ ਪੁਰਿ ਸਭਿ ਮਾਰੋ। ਲੂਟਿ ਕੂਟਿ ਕਰਿ ਦੁਸ਼ਟ ਸੰਘਾਰੋ॥ ੧੫॥

ਪਹਿਲੇ ਦੌਰ ਵਿਚ ਜਿਸ ਥਾਂ ਸਢੌਰਾ ਨਗਰ ਹੈ, ਉਥੇ ਜਾ ਕੇ ਕਤਲ ਕਰੋ ਤੇ ਵੱਡਾ ਰੌਲਾ ਖੜਾ ਕਰ ਦੇਵੋ। ਫਿਰ ਤੁਰਕਾਂ ਦੇ ਸਾਰੇ ਨਗਰ ਮਾਰੋ। ਲੁਟ ਕੁਟ ਕੇ ਦੁਸ਼ਟਾਂ ਨੂੰ ਮਾਰ ਦੇਵੋ॥ ੧੫॥

ਜਬਿ ਦਲ ਵਧਹਿ ਸਿਰੰਦ ਸਿਧਾਰਹੁ। ਤਹਾਂ ਵਜ਼ੀਦ ਖਾਨ ਸਿਰਦਾਰਹੁ।
ਸਾਹਿਬਜ਼ਾਦੇ ਜਿਨ ਮਰਵਾਏ। ਲਰਤਿ ਆਪ ਲਿਹੁ ਤਿਸ ਕੋ ਘਾਏ॥ ੧੬॥

ਜਦ ਦਲ ਬਹੁਤ ਵਧ ਜਾਵੇ ਤਾਂ ਸਿਰਹੰਦ ਵਲ ਜਾਓ, ਉਥੇ ਦਾ ਸੂਬੇਦਾਰ ਵਜੀਦ ਖਾਂ ਹੈ। ਉਸ ਨੇ ਛੋਟੇ ਸਾਹਿਬਜ਼ਾਦੇ ਮਰਵਾਏ ਸਨ। ਯੁੱਧ ਕਰਕੇ ਆਪ ਉਸ ਨੂੰ ਮਾਰ ਲਵੇ॥ ੧੬॥

ਨਿਜ ਕਰ ਤੇ ਸਿਰ ਛੇਦਨਿ ਕਰੋ। ਪੁਰਿ ਸਿਰੰਦ ਬਿਧੁੰਸ ਪ੍ਰਹਰੋ।
ਸਾਧੂ ਮੂਲਾ ਹੈ ਜਿਸ ਨਾਮ। ਬਸੈ, ਨ ਲੂਟਹੁ, ਨਗਰ ਸੁਨਾਮ॥ ੧੭॥

ਆਪਣੇ ਹੱਥਾਂ ਨਾਲ ਉਸ ਦਾ ਸਿਰ ਕੱਟ ਦੇਵੇ, ਸਿਰਹੰਦ ਨਗਰੀ ਨੂੰ ਮਾਰ ਕੇ ਨਾਸ਼ ਕਰ ਦੇਵੋ। ਸਾਧੂ ਮੂਲਾ ਜਿਸ ਦਾ ਨਾਮ ਹੈ, ਉਸ ਨੂੰ ਵੱਸਦਾ ਰਹਿਣ ਦੇਵੇ, ਤੇ ਸੁਨਾਮ ਨਗਰ ਨੂੰ ਨਹੀਂ ਲੁੱਟਣਾ ਹੈ॥ ੧੭॥

ਅਪਰ ਦੇਸ਼ ਮਹਿਂ ਘਾਲਹੁ ਰੌਰਾ। ਲੂਟਿ ਕੂਟਿ ਲੀਜੈ ਸਭਿ ਠੌਰਾ।
ਪੁਨਹਿ ਪਹਾਰਨਿ ਬਿਖੈ ਪ੍ਰਵੇਸ਼ਹੁ। ਰਾਜੇ ਰਾਣੇ ਰਾਵ ਬਿਸ਼ੇਸ਼ਹੁ॥ ੧੮॥

ਹੋਰ ਸਾਰੇ ਦੇਸ਼ ਵਿਚ ਰੌਲਾ ਮਚਾ ਦੇਵੇ. ਸਾਰੇ ਸਥਾਨ ਲੁੱਟ ਕੁੱਟ ਲਵੇ। ਫਿਰ ਪਹਾੜਾਂ ਵਿਚ ਪ੍ਰਵੇਸ਼ ਕਰ ਜਾਵੇ। ਰਾਜੇ, ਰਾਣੇ ਅਤੇ ਰਾਵ ਵਿਸ਼ੇਸ਼ ਤੌਰ ਤੇ ਮਾਰ ਲਵੇ॥ ੧੮॥

ਗਨ ਮੀਏਂ ਬਿਧੁੰਸਨ ਕਰਿਕੈ। ਸਭਿ ਧਾਰਨ ਕੇ ਬਿਖੈ ਬਿਚਰਿਕੈ।
ਖੋਜਿ ਖੋਜਿ ਦ੍ਰੋਹੀ ਗੁਰ ਘਰ ਕੇ। ਅੰਤਕ ਧਾਮ ਪਠਾਵਨਿ ਕਰਿਕੇ॥ ੧੯॥

ਬਹੁਤ ਮੀਏਂ ਆਦਿ ਨਾਸ਼ ਕਰਕੇ, ਪਹਾੜਾਂ ਦੀਆਂ ਸਾਰੀਆਂ ਧਾਰਾਂ ਵਿਚ ਫਿਰ ਕੇ ਗੁਰੂ ਘਰ ਧ੍ਰੋਹੀ ਲੱਭ ਲੱਭ ਕੇ ਮਾਰ ਕੇ ਜਮਾਂ ਦੇ ਘਰ ਭੇਜ ਦੇਵੇ॥ ੧੯॥

ਲਿਹੁ ਬਦਲਾ ਜਿਮ ਜਾਨਹਿ ਦੇਸ਼। ਜਹਿਂ ਕਹਿਂ ਧੂੰਮ ਮਚਾਇ ਵਿਸ਼ੇਸ਼।
ਬੁੱਧੂ ਸ਼ਾਹ ਅਧਿਕ ਦਰਵੇਸ਼। ਹਮ ਸੌਂ ਮੇਲ ਕਰਜੋ ਸ਼ੁਭ ਵੇਸ਼॥ ੨੦॥

ਇਸ ਪ੍ਰਕਾਰ ਬਦਲ੍ਹਾ ਲਵੇ ਕਿ ਸਾਰਾ ਦੇਸ਼ ਜਾਣ ਜਾਵੇ। ਜਿੱਥੇ ਕਿੱਥੇ ਵਿਸ਼ੇਸ਼ ਧੂੰਮ ਮਚਾ ਦੇਵੇ। ਬੁੱਧੂ ਸ਼ਾਹ ਇਕ ਵੱਡਾ ਦਰਵੇਸ਼ ਹੈ। ਇਸ ਸ਼ੁਭ ਆਚਰਨ ਵਾਲੇ ਨੇ ਸਾਡੇ ਨਾਲ ਮੇਲ ਕੀਤਾ ਸੀ॥ ੨੦॥

ਬਸਤਿ ਹੁਤੋ ਬਿਚ ਸ਼ਹਿਰ ਸਢੌਰੇ। ਮਿਲ੍ਹਯੋ ਪਾਂਵਟਾ ਮਹਿਂ ਰਣ ਠੌਰੇ।
ਨਰ ਗਨ ਲੇ ਕਰਿ ਲਰਯੋ ਘਨੇਰੇ। ਬਿਜੈ ਲਈ ਰਿਪੁ ਹਤੇ ਬਡੇਰੇ॥ ੨੧॥

ਇਹ ਸਢੌਰੇ ਸ਼ਹਿਰ ਵਿਚ ਰਹਿੰਦਾ ਸੀ। ਇਹ ਪਾਉਂਟੇ ਨਗਰ ਵਿਚ ਰਣਖੇਤਰ ਵਿਚ ਸਾਨੂੰ ਮਿਲਿਆ ਸੀ। ਬਹੁਤ ਯੋਧੇ ਲੈ ਕੇ ਇਸ ਵੱਡਾ ਯੁੱਧ ਕੀਤਾ ਸੀ। ਵੱਡੇ-ਵੱਡੇ ਵੈਰੀ ਮਾਰ ਕੇ ਇਸ ਸਾਨੂੰ ਜਿੱਤ ਦਿਵਾਈ ਸੀ॥ ੨੧॥

ਤਿਸ ਕੇ ਸਾਥ ਬਾਦ ਕਰਿ ਭਾਰੇ। ਤੁਰਕੇਸ਼ੁਰ ਕੇ ਨਿਕਟ ਉਚਾਰੇ।
ਸਹਤ ਮੁਰੀਦ ਕਤਲ ਕਰਿਵਾਯੋ। ਇਕ ਲਰਕਾ ਬਚ ਅਨਤ ਸਿਧਾਯੋ॥ ੨੨॥

ਉਸ ਨਾਲ ਬਹੁਤ ਝਗੜੇ ਕਰਕੇ, ਬਾਦਸ਼ਾਹ ਨੌਰੰਗੇ ਪਾਸ ਉਥੋਂ ਦੇ ਹਾਕਮ ਨੇ ਚੁਗਲੀਆਂ ਕੀਤੀਆਂ, ਜਿਸ ਕਰਕੇ ਬੁਧੂ ਸ਼ਾਹ ਨੂੰ ਉਸ ਦੇ ਚੇਲਿਆਂ ਸਮੇਤ ਨੌਰੰਗੇ ਨੇ ਮਰਵਾ ਦਿੱਤਾ। ਇਕ ਲੜਕਾ ਕਿਤੇ ਹੋਰ ਥਾਂ ਜਾਣ ਕਰਕੇ ਬਚਿਆ ਰਿਹਾ॥੨੨॥

ਇਸ ਕਾਰਨ ਤੇ ਸ਼ਹਿਰ ਸਢੌਰੇ। ਨਰ ਬਹੁ ਖੋਟੇ ਦੁਰਮਤਿ ਬੌਰੇ।
ਪ੍ਰਥਮ ਖਿਨਾਸ਼ ਕਰਹੁ ਤਿਨ ਕੇਰਾ। ਪੁਨ ਲੇ ਕਰਿ ਦਲ ਚਲਹੁ ਅਗੇਰਾ ॥੨੩॥

ਇਸ ਕਰਕੇ ਸਢੌਰੇ ਸ਼ਹਿਰ ਦੇ ਮਨੁੱਖ ਬੜੇ ਖੋਟੇ, ਭੈੜੀ ਮੱਤ ਵਾਲੇ ਅਤੇ ਪਾਗਲ ਹਨ। ਪਹਿਲਾਂ ਉਨ੍ਹਾਂ ਦਾ ਨਾਸ਼ ਕਰੋ, ਫਿਰ ਦਲ ਲੈ ਕੇ ਅੱਗੇ ਜਾਵੋ'॥ ੨੩॥

ਸੀਖਜਾ ਸਕਲ ਸੁਨੀ ਜਬਿ ਬੰਦੇ। ਬੂਝਨਿ ਲਗਜੋ ਜੁਗਮ ਕਰ ਬੰਦੇ।
ਜਾਇ ਤਹਾਂ ਏਕਲ ਕਜਾ ਕਰਿਹੂੰ। ਲਾਖਹੁਂ ਸੰਗ ਜੰਗ ਕਿਮ ਭਿਰਿਹੂੰ ? ॥੨੪॥

ਬੰਦੇ ਨੇ ਜਦ ਸਾਰੀ ਸਿੱਖਿਆ ਸੁਣੀ ਤਾਂ ਦੋਵੇਂ ਹੱਥ ਜੋੜ ਕੇ ਪੁੱਛਣ ਲੱਗਾ, "ਮੈਂ ਉਥੇ ਇਕੱਲਾ ਜਾ ਕੇ ਕੀ ਕਰਾਂਗਾ, ਲੱਖਾਂ ਨਾਲ ਜੰਗ ਵਿਚ ਕਿਵੇਂ ਭੇੜ ਕਰਾਂਗਾ ? ॥ ੨੪॥

ਜਿਮ ਪਲਟਾ ਲੈ ਹੌਂ ਰਿਪੁ ਘਾਇ। ਜਥਾ ਲਾਜ ਮਮ ਜਗੁ ਰਹਿ ਜਾਇ।
ਕਰਨਿ ਉਚਿਤ ਪ੍ਰਭੁ ਇਸ ਬਿਧਿ ਕਾਜ। ਪ੍ਰਗਟੈ ਨਾਮ ਗ਼ਰੀਬ ਨਿਵਾਜ ॥੨੫॥

ਜਿਵੇਂ ਕਿ ਵੈਰੀ ਨੂੰ ਮਾਰ ਕੇ ਬਦਲਾ ਲਵਾਂਗਾ, ਜਿਵੇਂ ਮੇਰੀ ਲਾਜ ਜਗ ਵਿਚ ਰਹਿ ਜਾਵੇ। ਹੇ ਪ੍ਰਭੂ ਉਸ ਵਿਧੀ ਨਾਲ ਕਾਰਜ ਕਰਨਾ ਉਚਿਤ ਹੈ, ਜਿਸ ਕਰਕੇ ਆਪ ਜੀ ਦਾ ਗਰੀਬ-ਨਿਵਾਜ਼ ਨਾਮ ਪ੍ਰਗਟ ਹੋਵੇ'॥ ੨੫॥

ਸਤਿਗੁਰ ਭਨਜੋਂ 'ਸੈਨ ਭੰਡਾਰਾ। ਹੋਨਿ ਅਕਾਲੀ ਲਾਖ ਹਜ਼ਾਰਾ।
ਸੋ ਦੇ ਕਰਿ ਕੀਨੇ ਅਨੁਸਾਰੀ। ਹੋਹਿ ਸੰਗ ਤੁਮ ਲਸ਼ਕਰ ਭਾਰੀ॥ ੨੬॥

ਸਤਿਗੁਰੂ ਜੀ ਨੇ ਕਿਹਾ, "ਤੇਰੇ ਪਾਸ ਸੈਨਾ ਦੇ ਭੰਡਾਰ ਹੋਣਗੇ, ਲੱਖਾਂ ਹਜ਼ਾਰਾਂ ਗੁਪਤ ਸੂਰਮਿਆਂ ਦੀ ਫੌਜ ਤੇਰੇ ਨਾਲ ਹੋਵੇਗੀ। ਉਹ ਤੈਨੂੰ ਦੇ ਕੇ ਤੇਰੀ ਆਗਿਆ ਅਨੁਸਾਰ ਕਰ ਦਿੱਤੇ ਹਨ, ਤੇਰੇ ਨਾਲ ਭਾਰੀ ਲਸ਼ਕਰ ਹੋਵੇਗਾ॥ ੨੬॥

ਜੇ ਪ੍ਰਤੀਤ ਨਹਿਂ ਮੂੰਦਹੁ ਨੈਨੰ। ਲਿਹੁ ਬਿਲੋਕਿ ਚਿਤ ਮਹਿਂ ਧਰਿ ਚੈਨੰ।
ਸੁਨਤਿ ਬਿਲੋਚਨ ਮੂੰਦੇ ਜਬੈ। ਦਿਖੇ ਗਗਨ ਮਹਿਂ ਲਾਖਹੁਂ ਤਬੈ॥ ੨੭॥

ਜੇ ਤੈਨੂੰ ਪ੍ਰਤੀਤ ਨਹੀਂ ਹੈ ਤਾਂ ਨੈਣ ਬੰਦ ਕਰੋ, ਇਨ੍ਹਾਂ ਨੂੰ ਵੇਖ ਕੇ ਚਿੱਤ ਵਿਚ ਚੈਨ ਧਾਰਨ ਕਰੋ।" ਇਹ ਸੁਣ ਕੇ ਬੰਦਾ ਸਿੰਘ ਨੇ ਦੋਵੇਂ ਨੈਣ ਬੰਦ ਕੀਤੇ ਤਦ ਅਕਾਸ਼ ਵਿਚ ਲੱਖਾਂ ਸੂਰਬੀਰ ਵੇਖੇ॥ ੨੭॥

*ਨੋਟ : ਇਹ ਕੇਵਲ ਕਵੀ ਜੀ ਦੀ ਕਲਪਨਾ ਹੈ, ਗੁਰੂ ਜੀ ਵਲੋਂ ਹੁਕਮਨਾਮੇ ਲਿਖਣ ਕਰਕੇ ਹਜ਼ਾਰਾਂ ਮਾਝੇ, ਮਾਲਵੇ ਅਤੇ ਦੁਆਬੇ ਦੇ ਸਿੰਘ ਬਾਬਾ ਬੰਦਾ ਸਿੰਘ ਨੂੰ ਆ ਕੇ ਮਿਲੇ ਸਨ। ਫਿਰ ਇਨ੍ਹਾਂ ਦੀ ਗਿਣਤੀ ਵਧਦੀ ਹੀ ਗਈ ਸੀ।*

ਪੰਥ ਅਨੇਕ ਆਹਿਂ, ਨਹਿਂ ਪਾਰਾ। ਭਈ ਭੀਰ ਦਲ ਸਿੰਘਨਿ ਭਾਰਾ।
ਤੁਪਕ ਧਨੁਖ ਸਰ ਧਾਰਨ ਹਾਰੇ। ਰਿਪੁ ਹਤਿਬੇ ਰਣ ਬਿਖੈ ਕਰਾਰੇ॥ ੨੮॥

ਰਾਹ ਵਿਚ ਅਨੇਕਾਂ ਸਿੰਘ ਆਉਣਗੇ, ਕੋਈ ਪਾਰਾਵਾਰ ਨਹੀਂ ਰਹੇਗਾ, ਸਿੰਘਾਂ ਦੇ ਦਲ ਦੀ ਵੱਡੀ ਭੀੜ ਹੋ ਗਈ। ਬੰਦੂਕਾਂ, ਧਨੁੱਖ ਅਤੇ ਤੀਰ ਉਨ੍ਹਾਂ ਧਾਰਨ ਕੀਤੇ ਹੋਏ ਸਨ। ਵੈਰੀ ਨੂੰ ਮਾਰਨ ਵਾਸਤੇ ਉਹ ਰਣਖੇਤਰ ਦੇ ਵੱਡੇ ਸੂਰਬੀਰ ਸਨ॥ ੨੮॥

ਪ੍ਰਭੁ ਕੀ ਪ੍ਰਭੁਤਾ ਪਿਖੀ ਬਿਸਾਲਾ। ਪਰਜੋ ਚਰਨ ਪਰ ਧਰਿ ਕਰਿ ਭਾਲਾ।
'ਅਪਨੋ ਮਤਿ ਚਲਾਇਹੋਂ ਜਬੈ। ਪੰਥ ਆਪ ਕੋ ਬਿਗਰੈ ਤਬੈ॥ ੨੯॥

ਜਦ ਬੰਦਾ ਸਿੰਘ ਨੇ ਸਤਿਗੁਰੂ ਜੀ ਦੀ ਵਿਸ਼ਾਲ ਪ੍ਰਭੁਤਾ ਵੇਖੀ ਤਾਂ ਸਤਿਗੁਰੂ ਜੀ ਦੇ ਚਰਨਾਂ ਉੱਪਰ ਡਿੱਗ ਕੇ ਆਪਣਾ ਮੱਥਾ ਧਰ ਦਿੱਤਾ। ਸਤਿਗੁਰੂ ਜੀ ਨੇ ਕਿਹਾ, "ਜਦ ਤੂੰ ਆਪਣਾ ਮੱਤ ਚਲਾਵੇਂਗਾ, ਤਦ ਖਾਲਸਾ ਪੰਥ ਤੇਰੇ ਨਾਲ ਵਿਗੜ ਜਾਵੇਗਾ"॥ ੨੯॥

ਕੌਨ ਜੁਗਤਿ ਮਹਿਂ ਰਹੌਂ ਬਤਾਵਹੁ। ਮਿਲਨ ਖਾਲਸਾ ਜਿਮ ਫੁਰਮਾਵਹੁ।
ਸ੍ਰੀ ਗੁਰ ਉਚਰਜੋ 'ਪੰਥ ਹਮਾਰਾ। ਕਿਸ ਪ੍ਰਕਾਰ ਨਹਿਂ ਬਿਗਰਨਹਾਰਾ॥ ੩੦॥

ਬੰਦਾ ਸਿੰਘ ਨੇ ਕਿਹਾ, "ਮੈਂ ਕਿਹੜੀ ਜੁਗਤੀ ਨਾਲ ਰਹਾਂ, ਇਹ ਦੱਸੋ, ਜਿਵੇਂ ਖਾਲਸੇ ਨਾਲ ਮੇਰਾ ਮੇਲ ਰਹੇ ਇਹ ਫੁਰਮਾਉ।" ਗੁਰੂ ਜੀ ਨੇ ਕਿਹਾ, "ਸਾਡਾ ਪੰਥ ਕਿਸੇ ਪ੍ਰਕਾਰ ਵੀ ਵਿਗੜਨ ਵਾਲਾ ਨਹੀਂ ਹੈ॥ ੩੦॥

ਜੇ ਤੁਧ ਸਾਥ ਖਾਲਸਾ ਖਾਲਸ। ਬਖਸ਼ੀ ਖੁਸ਼ੀ ਹਮਹੁਂ ਇਹ ਲਾਲਸ।
ਆਪਾ ਜਬਹਿ ਤੋਹਿ ਨਹਿਂ ਹੂਵਾ। ਜਗ ਮਹਿਂ ਤੋਹ ਸਮਾਨ ਨ ਦੂਵਾ॥ ੩੧॥

ਜੇ ਤੇਰੇ ਨਾਲ ਖਾਲਸਾ ਮਿੱਤਰ ਹੋਵੇਗਾ ਤਦ ਅਸੀਂ ਖੁਸ਼ੀ ਬਖਸ਼ੀ ਹੈ ਕਿ ਤੇਰੀਆਂ ਲਾਲਸਾਂ ਪੂਰੀਆਂ ਹੋਣਗੀਆਂ। ਜਦ ਤਕ ਤੇਰੇ ਵਿਚ ਮੈਂ ਨਹੀਂ ਆਉਂਦੀ, ਤਦ ਤਕ ਤੇਰੇ ਬਰਾਬਰ ਜਗਤ ਵਿਚ ਕੋਈ ਦੂਸਰਾ ਨਹੀਂ ਹੋਵੇਗਾ॥ ੩੧॥

ਜੇ ਲੰਗੋਟਬੰਦ ਨਹਿਂ ਰਹੈ। ਸਿੰਘਨਿ ਸੰਗ ਦ੍ਵੈਸ਼ਤਾ ਲਹੈਂ।
ਜਿਮ ਕੰਚਨ ਬਹੁ ਪਰੈ ਕੁਠਾਲੀ। ਗਲਹਿ ਅਗਨਿ ਤੇ ਤਾਉ ਉਤਾਲੀ॥ ੩੨॥

ਜੇ ਜਤੀ (ਵਿਆਹ ਕਰਵਾਉਣ ਤੋਂ ਬਗੈਰ) ਨਹੀਂ ਰਹੇਂਗਾ ਤਾਂ ਸਿੰਘਾਂ ਦੇ ਨਾਲ ਈਰਖਾ ਲੈ ਲਵੇਂਗਾ। ਜਿਵੇਂ ਜੇ ਸੋਨੇ ਨੂੰ ਬਹੁਤੀ ਅੱਗ ਵਿਚ ਪਾ ਦੇਈਏ ਤਾਂ ਉਹ ਜਿਆਦਾ ਸੇਕ ਨਾਲ ਗਲ ਜਾਂਦਾ ਹੈ॥ ੩੨॥

ਤਥਾ ਦਸ਼ਾ ਤੇਰੀ ਹ੍ਵੈ ਜੈ ਹੈ। ਪ੍ਰਭੁਤਾ ਪਾਇ ਜਬਹਿ ਗਰਬੈ ਹੈਂ।
ਦੁਇ ਸਾਹਿਬਜ਼ਾਦੇ ਬਲਵੰਤੇ। ਇਕ ਤੇਹਣ ਭੱਲਾ ਬੁਧਵੰਤੇ॥ ੩੩॥

ਉਸ ਪ੍ਰਕਾਰ ਤੇਰੀ ਦਸ਼ਾ ਹੋ ਜਾਵੇਗੀ, ਪ੍ਰਭੁਤਾ ਪਾ ਕੇ ਜਦ ਹੰਕਾਰ ਕਰੇਂਗਾ। ਦੋ ਬਲਵਾਨ ਸਾਹਿਬਜ਼ਾਦੇ, ਜਿਨ੍ਹਾਂ ਵਿਚ ਇਕ ਤ੍ਰੇਹਣ ਹੈ ਅਤੇ ਇਕ ਭਲਾ ਹੈ ਉਹ ਤੇਰੇ ਨਾਲ ਕੀਤੇ ਹਨ॥ ੩੩॥

ਤੇਰੇ ਸੰਗ ਕਰੇ ਰਖਵਾਰੇ। ਜਹਿਂ ਤਹਿਂ ਰੱਛਜਾ ਕਰਹਿਂ ਉਦਾਰੇ।
ਉਪਜਹਿਂ ਉਰ ਬਿਕਾਰ ਬਰਜੈ ਹੈਂ। ਰਣ ਮਹਿਂ ਸ਼ੱਤ੍ਰੁਨਿ ਤੇ ਰਖਿ ਲੈਹੈਂ॥ ੩੪॥

ਉਹ ਤੇਰੀ ਰਖਵਾਲੀ ਵਾਸਤੇ ਤੇਰੇ ਨਾਲ ਰਹਿਣਗੇ, ਜਿੱਥੇ ਕਿੱਥੇ ਤੇਰੀ ਉੱਤਮ ਰੱਖਿਆ ਕਰਨਗੇ। ਤੇਰੇ ਹਿਰਦੇ ਵਿਚ ਪ੍ਰਗਟ ਹੋਏ ਵਿਕਾਰ ਨੂੰ ਰੋਕਣਗੇ ਤੇ ਯੁੱਧ ਵਿਚ ਵੈਰੀ ਪਾਸੋਂ ਤੇਰੀ ਰੱਖਿਆ ਕਰਨਗੇ॥ ੩੪॥

ਸਾਵਧਾਨ ਹੋਵਹੁ ਧਰਿ ਧੀਰਾ। ਲਿਹੁ ਪਲਟਾ ਸਾਂਭਹੁ ਪੰਚ ਤੀਰਾ।
ਬਾਬਾ ਇਹ ਬਿਨੋਦ ਸਿੰਘ ਭਾਰੀ। ਤਿਨ ਸੁਤ ਕਾਹਨ ਸਿੰਘ ਬਲ ਧਾਰੀ॥ ੩੫॥

ਧੀਰਜ ਧਾਰ ਕੇ ਸਾਵਧਾਨ ਹੋਵੇ, ਬਦਲਾ ਲਵੇ ਤੇ ਇਹ ਪੰਜ ਤੀਰ ਸੰਭਾਲ ਕੇ ਰੱਖੋ। ਬਾਬਾ ਬਿਨੋਦ ਸਿੰਘ ਇਹ ਭਾਰੀ ਸੂਰਬੀਰ ਹੈ। ਉਸ ਦਾ ਪੁੱਤਰ ਕਾਹਨ ਸਿੰਘ ਵੀ ਭਾਰੀ ਬਲਵਾਨ ਹੈ॥ ੩੫॥

ਬਾਜ ਸਿੰਘ ਤੀਸਰ ਹੁਇ ਸੰਗ। ਹਮ ਕਰ ਤੇ ਅੰਮ੍ਰਿਤ ਲੇ ਅੰਗ।
ਰਿਦੇ ਸ਼ੁੱਧ ਘਾਲਹਿਂ ਘਮਸਾਨਾ। ਤੁਮ ਸਹਾਇਤਾ ਕਰਹਿਂ ਮਹਾਨਾ॥ ੩੬॥

ਬਾਜ ਸਿੰਘ ਤੀਸਰਾ ਤੇਰੇ ਨਾਲ ਜਾਵੇਗਾ। ਸਾਡੇ ਹੱਥਾਂ ਤੋਂ ਅੰਮ੍ਰਿਤ ਛਕੋ। ਹਿਰਦਾ ਸ਼ੁੱਧ ਕਰਕੇ ਯੁੱਧ ਕਰੇ, ਤੇਰੀ ਮਹਾਨ ਸਹਾਇਤਾ ਕਰਾਂਗੇ"॥ ੩੬॥

ਸੁਨਿ ਬੰਦਾ ਮਨ ਭਯੋ ਅਨੰਦ। ਬੰਦਹਿ ਪਗ ਪੰਕਜ ਕਰ ਬੰਦਿ।
'ਤੁਮ ਸਹਾਇ ਤੇ ਕਰਹੁਂ ਬਿਨਾਸ਼ਾ। ਤੁਰਕ ਤੇਜ ਹਾਨਹੁਂ ਚਹੁਂ ਪਾਸਾ' ॥ ੩੭ ॥

ਇਹ ਸੁਣ ਕੇ ਬੰਦੇ ਨੇ ਮਨ ਵਿਚ ਬੜਾ ਅਨੰਦ ਧਾਰਨ ਕੀਤਾ ਤੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਕਹਿਣ ਲੱਗਾ, "ਤੁਹਾਡੀ ਸਹਾਇਤਾ ਨਾਲ ਤੁਰਕਾਂ ਦਾ ਵਿਨਾਸ਼ ਕਰਾਂਗਾ ਤੇ ਉਨ੍ਹਾਂ ਦੇ ਤੇਜ ਨੂੰ ਚਾਰੇ ਪਾਸੇ ਖਤਮ ਕਰ ਦੇਵਾਂਗਾ" ॥ ੩੭ ॥

ਕਰਿ ਬਖਸ਼ਿਸ਼ ਕੋ ਗੁਰ ਚਢਿ ਆਏ। ਅਵਿਚਲ ਨਗਰ ਸਿਵਰ ਜਿਸ ਥਾਏਂ।
ਸਾਹਿਬਜ਼ਾਦੇ ਕੀਨਸਿ ਤਯਾਰ। 'ਗਮਨੋ ਰਨ ਕੋ ਜਮਨਾ ਪਾਰ' ॥ ੩੮ ॥

ਬਾਬਾ ਬੰਦਾ ਸਿੰਘ ਉੱਪਰ ਬਖਸ਼ਿਸ਼ ਕਰਕੇ ਗੁਰੂ ਜੀ ਘੋੜੇ ਉੱਪਰ ਚੜ੍ਹ ਕੇ ਆ ਗਏ, ਅਬਚਲ ਨਗਰ ਵਿਚ ਜਿੱਥੇ ਡੇਰਾ ਕੀਤਾ ਸੀ। ਤ੍ਰੇਹਣ ਅਤੇ ਭੱਲੇ ਸਾਹਿਬਜ਼ਾਦਿਆਂ ਨੂੰ ਤਿਆਰ ਕੀਤਾ ਅਤੇ ਕਿਹਾ, "ਜਮਨਾ ਪਾਰ ਜਾ ਕੇ ਯੁੱਧ ਕਰਨ ਵਾਸਤੇ ਜਾਓ" ॥ ੩੮ ॥

ਪੰਚ ਸਿੰਘ ਹੋਏ ਸਭਿ ਤਯਾਰ। ਬਸਤ੍ਰ ਸ਼ਸਤ੍ਰ ਸਭਿ ਕਰਿ ਸੰਭਾਰ।
ਹਯ ਅਰੋਹ ਕਰਿ ਪੰਥ ਪਯਾਨੇ। ਬੰਦਿ ਚਰਨ ਗੁਰ ਕੋ ਧਰਿ ਧਯਾਨੇ ॥ ੩੯ ॥

ਪੰਜ ਸਿੰਘ ਵੀ ਸਭ ਪ੍ਰਕਾਰ ਤਿਆਰ ਹੋ ਗਏ, ਉਨ੍ਹਾਂ ਨੇ ਵਸਤਰ ਸ਼ਸਤਰ ਹਰ ਤਰ੍ਹਾਂ ਸੰਭਾਲ ਲਏ। ਘੋੜਿਆਂ ਉੱਪਰ ਸਵਾਰ ਹੋ ਕੇ ਰਾਹੇ-ਰਾਹ ਚਲ ਪਏ। ਗੁਰੂ ਜੀ ਦਾ ਧਿਆਨ ਧਾਰ ਕੇ ਉਨ੍ਹਾਂ ਦੇ ਚਰਨਾਂ ਉੱਪਰ ਬੰਦਨਾ ਕੀਤੀ ॥ ੩੯ ॥

ਪਲਟਾ ਲੇਨਿ ਤੁਰਕ ਗਨ ਮਾਰਨ। ਸ੍ਰੀ ਸਤਿਗੁਰ ਕੇ ਕਾਜ ਸੁਧਾਰਨ।
ਆਦਿ ਵਜੀਦਖਾਨ ਅਰਿ ਭਾਰੇ। ਲੂਟਨ ਪੁਰਿ ਸਿਰੰਦ ਤਿਸ ਮਾਰੇ ॥ ੪੦ ॥

ਬਦਲਾ ਲੈਣ ਅਤੇ ਬਹੁਤ ਤੁਰਕਾਂ ਨੂੰ ਮਾਰਨ ਵਾਸਤੇ ਤੇ ਸਤਿਗੁਰੂ ਜੀ ਦੇ ਕਾਰਜ ਸੁਧਾਰਨ ਵਾਸਤੇ ਚਲ ਪਏ। ਵਜੀਦ ਖਾਨ ਆਦਿ ਵੱਡੇ ਵੈਰੀ ਨੂੰ ਮਾਰ ਕੇ ਸਿਰਹੰਦ ਨਗਰ ਨੂੰ ਲੁੱਟਣ ਵਾਸਤੇ ਰਵਾਨਾ ਹੋ ਗਏ ॥ ੪੦ ॥

ਨਾਨਾ ਦੇਸ਼ ਨਗਰ ਅਰੁ ਗ੍ਰਾਮੂ। ਉਲੰਘਤਿ ਪਹੁਂਚੇ ਪੰਥ ਤਮਾਮੂ।
ਥੋਰੇ ਹੀ ਦਿਵਸਨਿ ਮਹਿਂ ਆਏ। ਜਮਨਾ ਪਾਰ ਪਰੇ ਹਰਖਾਏ ॥ ੪੧ ॥

ਬਹੁਤ ਦੇਸ, ਨਗਰ ਅਤੇ ਪਿੰਡ, ਉਲੰਘ ਕੇ ਸਾਰਾ ਪੈਂਡਾ ਲੰਘ ਕੇ ਥੋੜੇ ਹੀ ਦਿਨਾਂ ਵਿਚ ਜਮਨਾ ਪਾਰ ਕਰਕੇ ਬਹੁਤ ਪ੍ਰਸੰਨ ਹੋਏ ॥ ੪੧ ॥

*ਦੂਸਰੇ ਐਨ ਦਾ ਛੇਵਾਂ ਅਧਿਆਇ ਸਮਾਪਤ ਹੋਇਆ ॥ ੬ ॥*

## ਅਧਿਆਇ ਸਤਵਾਂ

### ਬੰਦਾ ਸਿੰਘ ਬਹਾਦਰ ਨੇ ਪੈਰ ਜਮਾਉਣੇ

ਦੋਹਰਾ- ਬੰਦਾ ਬਖਸ਼ੀ ਖਾਲਸਾ ਚਲਾ ਤੇਜ ਦਿਖਰਾਇ।
ਅਜ਼ਮਤ ਬਲ ਤੇ ਪਹੁਂਚਿਗਾ ਸੰਘਨ ਤੇ ਅਗਵਾਇ ॥ ੧ ॥

ਖਾਲਸੇ ਦਾ ਫੌਜੀ ਜਰਨੈਲ ਬੰਦਾ ਸਿੰਘ ਆਪਣਾ ਤੇਜ ਵਿਖਾ ਕੇ ਚਲਿਆ ਤੇ ਆਪਣੀ ਕਰਾਮਾਤ ਦੀ ਸ਼ਕਤੀ ਨਾਲ ਸਿੰਘਾਂ ਤੋਂ ਪਹਿਲਾਂ ਪਹੁੰਚ ਗਿਆ ॥ ੧ ॥

ਚੌਪਈ- ਜਹਿਂ ਤੀਰਥ ਹੈ ਮੁਚਨ ਕਪਾਲ। ਤਹਿਂ ਤੇ ਪੰਚ ਕੋਸ ਥਲ ਭਾਲਿ।
ਟੋਹਾ ਗ੍ਰਾਮ ਥੇਹ ਬਡ ਊਚੋ। ਬੰਦਾ ਤਿਸ ਥਲ ਜਾਇ ਪਹੂਚੋ॥ ੨॥

ਜਿੱਥੇ ਕਪਾਲ ਮੋਚਨ ਤੀਰਥ ਹੈ, ਉਥੋਂ ਪੰਜ ਕੋਹ ਤੇ ਥਾਂ ਲੱਭੀ। ਟੋਹਾ ਪਿੰਡ ਦਾ ਥੇਹ ਬੜਾ ਉੱਚਾ ਹੈ, ਬੰਦਾ ਸਿੰਘ ਇਸ ਥਾਂ ਜਾ ਪਹੁੰਚਿਆ॥ ੨॥

ਸਿੰਘਨ ਹਿਤ ਪ੍ਰਤੀਖਬੋ ਬੈਸਾ। 'ਪਿਖਹੁਂ ਹੁਕਮ ਗੁਰ ਲਜਾਵਹਿਂ ਕੈਸਾ'।
ਹਿਤ ਬਿਨੋਦ ਸਿੰਘ ਬਾਬਾ ਆਏ। ਪੰਚੋ ਸਿੰਘ ਸੰਗ ਮਹਿਂ ਲਜਾਏ॥ ੩॥

ਬੈਠ ਕੇ ਸਿੰਘਾਂ ਦਾ ਇੰਤਜ਼ਾਰ ਕਰ ਰਿਹਾ ਸੀ, "ਵੇਖਦਾ ਹਾਂ ਗੁਰੂ ਜੀ ਪਾਸੋਂ ਕੈਸਾ ਹੁਕਮ ਲਿਆਉਂਦੇ ਹਨ।" ਏਧਰ ਬਾਬਾ ਬਿਨੋਦ ਸਿੰਘ ਆਪਣੇ ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਆ ਰਿਹਾ ਸੀ॥ ੩॥

ਜਮਨਾ ਨਿਕਟ ਊਚ ਥਲ ਹੇਰੇ। ਖੋਜਹਿਂ ਬੰਦੇ ਕੋ ਫਿਰਿ ਫੇਰੇ।
ਟੋਹੇ ਗ੍ਰਾਮ ਥੇਹ ਪਰ ਆਏ। ਬੈਠਜੋ ਤਹਾਂ ਦੇਖਿ ਹਰਖਾਏ॥ ੪॥

ਜਮਨਾ ਨੇੜੇ ਇਕ ਉੱਚਾ ਥਾਂ ਵੇਖਿਆ, ਏਧਰ ਓਧਰ ਫਿਰਕੇ ਬੰਦਾ ਸਿੰਘ ਨੂੰ ਲਭ ਰਹੇ ਸਨ। ਜਦ ਟੋਹੇ ਪਿੰਡ ਦੇ ਥੇਹ ਵਿਚ ਆਏ ਤਾਂ ਉਥੇ ਬੰਦਾ ਸਿੰਘ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ॥ ੪॥

ਫਤੇ ਗੁਰੂ ਜੀ ਕੀ ਕਹਿ ਬੈਸੇ। ਹੁਕਮ ਗੁਰੂ ਕੋ ਪਠਿ ਕਰਿ ਤੈਸੇ।
ਕਿਤਿਕ ਸਮੇਂ ਲੌ ਜਬਿ ਥਿਰ ਰਹੇ। ਸਿੰਘਨ ਤਬਹਿ ਬਾਕ ਇਮ ਕਹੇ॥ ੫॥

ਗੁਰੂ ਜੀ ਦੀ ਫਤਹਿ ਕਰਕੇ ਬੈਠ ਗਏ। ਗੁਰੂ ਜੀ ਦਾ ਹੁਕਮ ਪੜ੍ਹ ਕੇ ਸੁਣਾਇਆ। ਫਿਰ ਕਾਫੀ ਸਮਾਂ ਉਥੇ ਬੈਠੇ ਰਹੇ। ਸਿੰਘਾਂ ਨੇ ਫਿਰ ਇਸ ਪ੍ਰਕਾਰ ਬਚਨ ਕੀਤਾ॥ ੫॥

'ਹਮ ਮਾਰਗ ਮਹਿਂ ਚਲਿ ਕਰਿ ਆਏ। ਤੁਮ ਥਿਰ ਪ੍ਰਥਮ ਰਹੇ ਇਸ ਥਾਏਂ।
ਹਮ ਅਭਿਲਾਖਹਿਂ ਦੇਹੁ ਅਹਾਰਾ। ਜਿਸ ਤੇ ਛੁਧਾ ਕਰਹਿਂ ਨਿਰਵਾਰਾ'॥ ੬॥

"ਅਸੀਂ ਰਾਹ ਵਿਚ ਚਲ ਕੇ ਆਏ ਹਾਂ, ਤੁਸੀਂ ਪਹਿਲਾਂ ਤੋਂ ਹੀ ਇਸ ਥਾਂ ਬੈਠੇ ਹੋ। ਅਸੀਂ ਆਪਣੇ ਸਰੀਰ ਲਈ ਭੋਜਨ ਚਾਹੁੰਦੇ ਹਾਂ, ਜਿਸ ਨਾਲ ਆਪਣੀ ਭੁੱਖ ਨੂੰ ਦੂਰ ਕਰ ਸਕੀਏ"॥ ੬॥

ਸੁਨਿ ਬੰਦੇ ਸਭਿ ਸੰਗ ਬਖਾਨੀ। 'ਮੈਂ ਕੁਛ ਜਮਾ ਨ ਪ੍ਰਥਮੈ ਠਾਨੀ।
ਅਹੌਂ ਇਕਾਕੀ ਸੋਜ ਨ ਕੋਈ। ਬਾਸਨ ਬਸਨ ਅਸਨ ਨਹਿਂ ਜੋਈ॥ ੭॥

ਇਹ ਸੁਣ ਕੇ ਬੰਦਾ ਸਿੰਘ ਨੇ ਸਾਰਿਆਂ ਨੂੰ ਕਿਹਾ, "ਮੈਂ ਪਹਿਲਾਂ ਕੁਝ ਵੀ ਜਮ੍ਹਾਂ ਨਹੀਂ ਕੀਤਾ ਹੈ, ਇਕੱਲਾ ਆਇਆ ਹਾਂ, ਮੇਰੇ ਪਾਸ ਕੋਈ ਵੀ ਸਮੱਗਰੀ ਨਹੀਂ ਹੈ। ਭਾਂਡੇ, ਵਸਤਰ, ਭੋਜਨ ਕੁਝ ਵੀ ਨਹੀਂ ਵੇਖਿਆ ਹੈ॥ ੭॥

ਜਿਸ ਹਿਤ ਸਤਿਗੁਰ ਇਤੈ ਪਠਾਏ। ਸੋ ਉੱਦਮ ਕੀਜਹਿ ਲਿਹੁ ਖਾਏ'।
ਇਮ ਆਪਸ ਮਹਿਂ ਕਰਤ ਬਖਾਨਾ। ਤਿਸ ਛਿਨ ਅਸਨ ਇਸਤ੍ਰੀਅਨਿ ਆਨਾ॥ ੮॥

ਜਿਸ ਵਾਸਤੇ ਸਤਿਗੁਰੂ ਜੀ ਨੇ ਏਧਰ ਭੇਜਿਆ ਹੈ, ਉਹ ਉੱਦਮ ਕਰਕੇ ਖਾ ਲਵੋ।" ਇਸ ਪ੍ਰਕਾਰ ਜਦ ਆਪਸ ਵਿਚ ਕਹਿ ਰਹੇ ਸਨ। ਉਸ ਸਮੇਂ ਕੁਝ ਇਸਤਰੀਆਂ ਆਪਣੇ ਕਿਸਾਨ ਪਤੀਆਂ ਵਾਸਤੇ ਰੋਟੀਆਂ ਲੈ ਕੇ ਆਈਆਂ॥ ੮॥

ਰਾਹਕ ਕਾਰ ਕਰਤਿ ਕ੍ਰਿਖਿ ਕੇਰੀ। ਤਿਨ ਹਿਤ ਲੀਏ ਜਾਤ ਤਿਸ ਹੇਰੀ।
ਬੰਦਾ ਕਹੈ 'ਸੁਨਹੁ ਸਿਖ ਭਾਈ! ਇਹ ਗੁਰ ਪਠਜੋ ਛੀਨਿ ਲਿਹੁ ਖਾਈ॥ ੯॥

ਕਿਸਾਨ ਖੇਤੀ ਦੀ ਕਾਰ ਕਰਦੇ ਸਨ। ਉਨ੍ਹਾਂ ਵਾਸਤੇ ਰੋਟੀਆਂ ਲੈ ਕੇ ਜਾ ਰਹੀਆਂ ਸਨ। ਬੰਦਾ ਸਿੰਘ ਨੇ ਕਿਹਾ, "ਹੇ ਸਿੱਖ ਭਰਾਵੋ, ਸੁਣੋ। ਇਹ ਗੁਰੂ ਜੀ ਨੇ ਭੇਜਿਆ ਹੈ, ਇਨ੍ਹਾਂ ਪਾਸੋਂ ਖੋਹ ਕੇ ਖਾ ਲਵੋ॥ ੯॥

ਪ੍ਰਥਮ ਸ਼ਗੁਨ ਭੋਜਨ ਕਹੁ ਆਛੇ। ਅਪਰ ਵਸਤੁ ਲੂਟਹਿਂ ਸਭਿ ਪਾਛੇ'।
ਸੁਨਿਕੈ ਛੁਧਤਿ ਉਠੇ ਤਤਕਾਲਾ। ਸਰਬ ਰੋਟਿਕਾ ਛੀਨਿ ਉਤਾਲਾ॥ ੧੦॥

ਪਹਿਲਾ ਸ਼ਗਨ ਭੋਜਨ ਦਾ ਚੰਗਾ ਹੈ, ਹੋਰ ਵਸਤਾਂ ਬਾਅਦ ਵਿਚ ਲੁਟਾਂਗੇ।" ਇਹ ਸੁਣ ਕੇ ਭੁਖਣ-ਭਾਣੇ ਤੁਰਤ ਉਠ ਪਏ। ਉਨ੍ਹਾਂ ਸਾਰੀਆਂ ਰੋਟੀਆਂ ਝੱਟ ਖੋਹ ਲਈਆਂ॥ ੧੦॥

ਜਲ ਪਰ ਬੈਠਿ ਅਚਨ ਸੋ ਕਰੀ। ਛੁਧਾ ਅਧਿਕ ਥੀ ਸਭਿ ਪਰਹਰੀ।
ਇਸਤ੍ਰੀ ਅਧਿਕ ਪਾਇ ਕਰਿ ਰੋਰਾ। ਗਈ ਪੁਕਾਰਤਿ ਪਤਿ ਜਿਸ ਠੌਰਾ॥ ੧੧॥

ਪਾਣੀ ਦੇ ਪਾਸ ਬੈਠ ਕੇ ਉਨ੍ਹਾਂ ਸਾਰੀਆਂ ਰੋਟੀਆਂ ਛਕ ਲਈਆਂ। ਜਿਹੜੀ ਬਹੁਤ ਭੁੱਖ ਲੱਗੀ ਸੀ, ਉਹ ਦੂਰ ਕੀਤੀ। ਉਨ੍ਹਾਂ ਇਸਤਰੀਆਂ ਨੇ ਬਹੁਤ ਰੌਲਾ ਪਾਇਆ ਤੇ ਪੁਕਾਰਦੀਆਂ ਹੋਈਆਂ ਉਥੇ ਚਲੇ ਗਈਆਂ, ਜਿਸ ਥਾਂ ਉਨ੍ਹਾਂ ਦੇ ਪਤੀ ਸਨ॥ ੧੧॥

'ਮਾਰਗ ਮਹਿਂ ਬੈਠੇ ਬਟਪਾਰ। ਹਮ ਤੇ ਲੀਨਸਿ ਛੀਨ ਅਹਾਰ।
ਊਚੇ ਬਹੁ ਪੁਕਾਰ ਕਰਿ ਹਾਰੀ। ਨਹਿਂ ਮਾਨਹਿਂ ਕੁਛ ਨ੍ਰਿਭੈ ਸੁ ਭਾਰੀ'॥ ੧੨॥

ਉਹ ਕਹਿਣ ਲੱਗੀਆਂ, "ਰਾਹ ਵਿਚ ਡਾਕੂ ਬੈਠੇ ਹਨ, ਸਾਥੋਂ ਉਨ੍ਹਾਂ ਸਾਰਾ ਭੋਜਨ ਖੋਹ ਲਿਆ ਹੈ। ਅਸੀਂ ਬਹੁਤ ਉੱਚੀ-ਉੱਚੀ ਪੁਕਾਰ ਕਰ-ਕਰ ਹਾਰ ਗਈਆਂ ਹਾਂ, ਉਹ ਮੰਨੇ ਨਹੀਂ ਹਨ, ਬਹੁਤ ਨਿਰਭੈ ਹਨ"॥ ੧੨॥

ਰਾਹਿਕ ਦਸਕ ਗ੍ਰਾਮ ਮਹਿਂ ਸਾਰੇ। ਹੁਤੇ ਅਲਪ ਹੀ ਬਸਨੇ ਹਾਰੇ।
ਲਿਏ ਲਸ਼ਟਕਾ ਰਿਦੇ ਰਿਸਾਏ। ਮਾਰਨ ਕਾਰਨ ਤੂਰਨ ਧਾਏ॥ ੧੩॥

ਉਸ ਪਿੰਡ ਵਿਚ ਕੁਲ ਦਸ ਕੁ ਕਿਸਾਨ ਰਹਿੰਦੇ ਸਨ, ਉਥੇ ਥੋੜੇ ਹੀ ਵੱਸਣ ਵਾਲੇ ਸਨ। ਉਹ ਲਾਠੀਆਂ ਲੈ ਕੇ ਬਹੁਤ ਗੁੱਸੇ ਵਿਚ ਆ ਗਏ। ਮਾਰਨ ਵਾਸਤੇ ਤੁਰਤ ਭੱਜ ਉਠੇ॥ ੧੩॥

ਦੌਰਤਿ ਆਵਤਿ ਦੂਰਹਿਂ ਜੋਏ। ਸਾਵਧਾਨ ਆਗੇ ਸਿਖ ਹੋਏ।
ਮਿਲਿ ਕਰਿ ਤਿਨਹੁਂ ਪ੍ਰਹਾਰ ਚਲਾਏ। ਮਾਰਿ ਮਾਰਿ ਕਰਿ ਚਹੁੰਦਿਸ਼ਿ ਆਏ॥੧੪॥

ਦੂਰ ਤੋਂ ਹੀ ਦੌੜਦੇ ਆਉਂਦੇ ਵੇਖੇ ਤਾਂ ਸਿੱਖ ਵੀ ਅਗੋਂ ਸਾਵਧਾਨ ਹੋ ਗਏ। ਮਿਲ ਕੇ ਉਨ੍ਹਾਂ ਨੇ ਵਾਰ ਕੀਤੇ ਤੇ ਮਾਰ-ਮਾਰ ਕੇ ਚਾਰੇ ਪਾਸੇ ਆ ਗਏ॥ ੧੪॥

ਲਸ਼ਟ ਪ੍ਰਹਾਰ ਸਹਾਰ ਸੰਭਾਰੇ। ਖੈਂਚਿ ਖੜਗ ਤਤਛਿਨ ਕਟਿ ਡਾਰੇ।
ਭਾਜਨ ਦਏ ਨ ਕਿਸੂ ਸਥਾਨ। ਪਹੁਂਚਿ ਪਹੁਂਚਿ ਢਿਗ ਕੀਨਸਿ ਹਾਨ॥ ੧੫॥

ਸਿੰਘਾਂ ਨੇ ਲਾਠੀਆਂ ਦੇ ਵਾਰ ਸੰਭਾਲ ਕੇ ਸਹਾਰੇ, ਤੇ ਤਲਵਾਰਾਂ ਖਿੱਚ ਕੇ ਤੁਰਤ ਮਾਰ ਦਿੱਤੇ। ਕਿਸੇ ਥਾਂ ਵੀ ਭੱਜਣ ਨਾ ਦਿੱਤੇ। ਨੇੜੇ ਪਹੁੰਚ ਪਹੁੰਚ ਕੇ ਮਾਰੇ॥ ੧੫॥

ਬਹੁਰ ਗ੍ਰਾਮ ਕੇ ਬੀਚ ਸਿਧਾਰੇ। ਛੀਨਿ ਲੀਨਿ ਸਭਿ ਵਸਤੁ ਸੰਭਾਰੇ।
ਜਬਹਿ ਦੋਰ ਕਰਿ ਲੂਟ ਮਚਾਈ। ਆਨਿ ਮਿਲੇ ਕੇਤਿਕ ਨਰ ਧਾਈ॥ ੧੬॥

ਫਿਰ ਪਿੰਡ ਦੇ ਵਿਚ ਚਲੇ ਗਏ ਤੇ ਖੋਹ ਖੋਹ ਕੇ ਸਭ ਵਸਤਾਂ ਸੰਭਾਲ ਲਈਆਂ। ਜਦ ਉਨ੍ਹਾਂ ਭੱਜ ਭੱਜ ਕੇ ਲੁੱਟ ਮਚਾਈ ਤਾਂ ਹੋਰ ਵੀ ਕਈ ਮਨੁੱਖ ਭੱਜ ਕੇ ਆ ਮਿਲੇ॥ ੧੬॥

ਹੇਤ ਲੂਟਿਬੇ ਮਿਲਿ ਸਮੁਦਾਯਾ। ਸੋ ਦਿਨ ਤਿਸ ਹੀ ਗ੍ਰਾਮ ਬਿਤਾਯਾ।
ਨਿਸ ਮਹਿਂ ਮਤਾ ਕੀਨਿ ਮਿਲਿ ਸਾਰੇ। 'ਅਬਿ ਨਹਿਂ ਬੈਠਨ ਬਨਹਿ ਸੁਖਾਰੇ ॥੧੭॥

ਲੁੱਟਣ ਵਾਸਤੇ ਸਾਰੇ ਮਿਲ ਕੇ ਇਕੱਠੇ ਹੋ ਗਏ। ਉਹ ਦਿਨ ਉਸ ਪਿੰਡ ਵਿਚ ਬਤੀਤ ਕੀਤਾ। ਰਾਤ ਨੂੰ ਸਾਰਿਆਂ ਮਿਲ ਕੇ ਮਤਾ ਪਕਾਇਆ। "ਹੁਣ ਆਰਾਮ ਨਾਲ ਬੈਠਣਾ ਨਹੀਂ ਬਣਦਾ ਹੈ॥ ੧੭॥

ਉਠਹੁ ਪ੍ਰਾਤਿ ਕੋ ਲੂਟ ਮਚਾਵਹੁ। ਨਿਕਟਿ ਗ੍ਰਾਮ ਲਘੁ ਲਘੁ ਦਰਸਾਵਹੁ।
ਜੋ ਅਰ ਪਰਹਿ ਕਟਾ ਕਰਿ ਦੀਜੈ। ਵਸਤੁ ਦਰਬ ਆਦਿਕ ਸਭਿ ਲੀਜੈ ॥੧੮॥

ਸਵੇਰ ਨੂੰ ਉੱਠ ਕੇ ਲੁੱਟ ਮਚਾਵੋ। ਨੇੜੇ ਛੋਟੇ-ਛੋਟੇ ਪਿੰਡ ਦਿਖਾਈ ਦਿੰਦੇ ਹਨ। ਜਿਹੜਾ ਅੜ ਪਵੇ ਉਸ ਨੂੰ ਕੱਟ ਦੇਵੋ ਤੇ ਵਸਤਰ, ਧਨ ਆਦਿ ਸਭ ਲੈ ਲਵੋ॥ ੧੮॥

ਚਹੈ ਜਿ ਲੂਟਨ ਸੋ ਨਰ ਜਹਿਂ ਜਹਿਂ। ਮਾਨਵ ਜਾਇ ਬੁਲਾਵਹਿਂ ਤਹਿਂ ਤਹਿਂ।
ਕਿਤਿਕ ਸਥਲ ਨਰ ਤਬਹਿ ਪਠਾਏ। ਜਾਮਨਿ ਬੀਚ ਹਕਾਰਿ ਮਿਲਾਏ ॥੧੯॥

ਜਿੱਥੇ-ਜਿੱਥੇ ਵੀ ਮਨੁੱਖ ਲੁੱਟਣਾ ਚਾਹੁੰਦੇ ਸਨ, ਮਨੁੱਖ ਉੱਥੇ-ਉੱਥੇ ਜਾ ਕੇ ਉਨ੍ਹਾਂ ਨੂੰ ਬੁਲਾ ਲੈਂਦੇ ਸਨ।" ਕਈਆਂ ਥਾਵਾਂ ਤੇ ਫਿਰ ਮਨੁੱਖ ਬੈਠਾ ਦਿੱਤੇ, ਵਿਚ ਜਾਮਨ ਬੁਲਾ ਕੇ ਮਿਲਾ ਦਿੱਤੇ॥ ੧੯॥

ਸਭਿ ਕੋ ਬੰਦੇ ਧੀਰਜ ਦੀਨ। 'ਹਤਹੁ ਕਿ ਲੂਟਹੁ ਤ੍ਰਾਸ ਬਿਹੀਨ।
ਮਿਲੈਂ ਸ਼ੱਤ੍ਰੁ ਗਨ ਮੈਂ ਰਖਵਾਰੋ। ਖਰੇ ਇਕਾਂਕੀ ਪੁੰਜ ਸੰਘਾਰੋਂ' ॥ ੨੦॥

ਸਾਰਿਆਂ ਨੂੰ ਬੰਦਾ ਸਿੰਘ ਨੇ ਧੀਰਜ ਦਿੱਤਾ, "ਡਰ ਰਹਿਤ ਹੋ ਕੇ ਲੁੱਟੋ ਜਾਂ ਮਾਰੋ। ਜੇ ਵੈਰੀ ਇਕੱਠੇ ਹੋ ਕੇ ਮਿਲਣਗੇ ਤਾਂ ਮੈਂ ਤੁਹਾਡਾ ਰਖਵਾਲਾ ਬਣਾਂਗਾ। ਇਕੱਲੇ ਖੜੇ ਜਾਂ ਸਾਰਿਆਂ ਨੂੰ ਮਾਰੋ" ॥ ੨੦॥

ਮਸਲਤਿ ਇਮ ਕਰਿ ਰਹੇ ਸੁਚੇਤ। ਜਾਗ੍ਰਤ ਭਏ ਕਰਨਿ ਰਨ ਖੇਤ।
ਚਾਰ ਘਰੀ ਕੇ ਅੰਮ੍ਰਿਤ ਵੇਲੇ। ਸੌਚ ਸ਼ਨਾਨੇ ਆਯੁਧ ਲੇ ਲੇ॥ ੨੧॥

ਇਸ ਪ੍ਰਕਾਰ ਸਲਾਹ ਕਰਕੇ ਸੁਚੇਤ ਹੋ ਗਏ, ਸਵੇਰੇ ਜਾਗ ਕੇ ਯੁੱਧ ਕਰਦੇ ਸਨ। ਚਾਰ ਘੜੀ ਰਾਤ ਰਹਿੰਦਿਆਂ ਅੰਮ੍ਰਿਤ ਵੇਲੇ ਸੋਚ ਇਸ਼ਨਾਨ ਕਰਕੇ, ਹਥਿਆਰ ਫੜ ਲੈਂਦੇ ਸਨ॥ ੨੧॥

ਅਲਪ ਗ੍ਰਾਮ ਨਰ ਸੁਪਤਿ ਨਿਸ਼ੰਕ। ਔਚਕ ਪਰੇ ਜਾਇ ਇਕ ਅੰਕ।
ਤ੍ਰਾਸਤਿ ਲੇ ਨਿਜ ਪ੍ਰਾਨ ਪਲਾਏ। ਸੋ ਬਚ ਰਹੇ, ਅਰੇ ਸਭਿ ਘਾਏ॥ ੨੨॥

ਛੋਟੇ ਪਿੰਡਾਂ ਵਿਚ ਜਦ ਮਨੁੱਖ ਨਿਸ਼ਚਿੰਤ ਹੋ ਕੇ ਸੁੱਤੇ ਪਏ ਹੁੰਦੇ ਸਨ ਤਾਂ ਅਚਾਨਕ ਇਕੋ ਵਾਰ ਹਮਲਾ ਕਰਕੇ ਪੈ ਜਾਂਦੇ ਸਨ। ਕਈ ਡਰਦੇ ਮਾਰੇ ਪ੍ਰਾਣ ਲੈ ਕੇ ਭੱਜ ਜਾਂਦੇ ਸਨ, ਉਹ ਬਚ ਜਾਂਦੇ ਸਨ। ਜਿਹੜੇ ਅੱਗੇ ਅੜ ਜਾਂਦੇ ਸਨ ਉਹ ਸਾਰੇ ਮਾਰੇ ਜਾਂਦੇ ਸਨ॥ ੨੨॥

ਵਸਤੁ ਧਨਾਦਿ ਲੂਟ ਕਰਿ ਭਲੇ। ਭਏ ਸਨੱਧ ਲਰਨ ਕੋ ਖਲੇ।
ਨਿਕਟ ਨਿਕਟ ਕੇ ਗ੍ਰਾਮ ਦੁਤੀਨ। ਲਏ ਲੂਟ ਧਨੁ ਵਸਤੂ ਪੀਨ॥ ੨੩॥

ਧਨ ਆਦਿ ਵਸਤਾਂ ਭਲੀ ਪ੍ਰਕਾਰ ਲੁੱਟ ਲੈਂਦੇ ਸਨ। ਹਥਿਆਰਬੰਦ ਹੋ ਕੇ ਲੜਨ ਵਾਸਤੇ ਖਲੋ ਜਾਂਦੇ ਸਨ। ਨੇੜੇ-ਨੇੜੇ ਦੇ ਦੋ ਤਿੰਨ ਪਿੰਡਾਂ ਵਿਚੋਂ ਧਨ ਅਤੇ ਬਹੁਤ ਵਸਤਾਂ ਲੁੱਟ ਲਈਆਂ॥ ੨੩॥

ਅਸ ਰੌਰੇ ਕਹੁ ਹੇਰਿ ਲੁਟੇਰੇ। ਸੁਨਿ ਸੁਨਿ ਆਨਿ ਮਿਲੇ ਚਹੁੰ ਫੇਰੇ।
ਸੰਧਯਾ ਤੀਕ ਤੀਨ ਸੈ ਭਏ। ਖਾਨ ਪਾਨ ਆਛੇ ਕਰਿ ਲਏ॥ ੨੪॥

ਐਸੇ ਰੌਲੇ ਨੂੰ ਵੇਖ ਕੇ ਅਤੇ ਸੁਣ ਸੁਣ ਕੇ ਚਾਰ-ਚੁਫੇਰੇ ਦੇ ਲੁਟੇਰੇ ਆ ਮਿਲੇ। ਸ਼ਾਮ ਤਕ ਤਿੰਨ ਸੌ ਲੁਟੇਰੇ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਖਾਣਾ ਪੀਣਾ ਚੰਗਾ ਕਰ ਲਿਆ॥ ੨੪॥

ਕਰੈਂ ਹਰਖ ਧਰਿ ਮਾਰ ਬਕਾਰਾ। 'ਛੀਨਹੁਂ ਦੇਸ਼ਨ ਤੁਰਕ ਸੰਘਾਰਾ'।
ਆਯੁਧ ਲੂਟਿ ਲੂਟਿ ਧਨ ਭਾਰੇ। ਅਲਪ ਬਡੇ ਹਯ ਕਿਤਿਕ ਸੰਭਾਰੇ॥ ੨੫॥

ਯੋਧਿਆਂ ਵਾਲਾ ਨਾਅਰਾ ਮਾਰ ਕੇ ਬੜੇ ਪ੍ਰਸੰਨ ਹੁੰਦੇ ਸਨ, "ਤੁਰਕਾਂ ਨੂੰ ਮਾਰ ਕੇ ਦੇਸ਼ ਖੋਹ ਲਵਾਂਗੇ।" ਹਥਿਆਰ ਲੁੱਟ ਲੁੱਟ ਕੇ ਭਾਰੀ ਧਨ ਲੈ ਲਿਆ ਤੇ ਛੋਟੇ ਵੱਡੇ ਕਈ ਘੋੜੇ ਸੰਭਾਲ ਲਏ॥ ੨੫॥

ਤੀਨ ਦਿਵਸ ਇਮ ਧੂਮ ਉਤਾਰੀ। ਪਰਯੋ ਦੇਸ਼ ਮਹਿਂ ਰੌਰਾ ਭਾਰੀ।
ਪੁਰਿ ਗ੍ਰਾਮਨਿ ਮਹਿਂ ਨਰ ਸਵਧਾਨੇ। ਗਹਿ ਗਹਿ ਸ਼ਸਤ੍ਰ ਖਰੇ ਡਰ ਮਾਨੇ॥੨੬॥

ਤਿੰਨ ਦਿਨ ਇਸ ਪ੍ਰਕਾਰ ਧੂੰਮ ਮਚਾਈ ਕਿ ਦੇਸ਼ ਵਿਚ ਭਾਰੀ ਰੌਲਾ ਪੈ ਗਿਆ। ਪਿੰਡਾਂ ਅਤੇ ਨਗਰਾਂ ਵਿਚ ਮਨੁੱਖ ਸਾਵਧਾਨ ਹੋ ਗਏ। ਸ਼ਸਤਰ ਫੜ ਫੜ ਕੇ ਖਲੋ ਕੇ ਡਰ ਮੰਨਦੇ ਸਨ॥ ੨੬॥

ਮੁਸਤਾਬਾਦ ਨਗਰ ਢਿਗ ਭਾਰਾ। ਤਹਾਂ ਸਥਿਰ ਭਟ ਦੌਨ ਹਜ਼ਾਰਾ।
ਮਰੇ ਲੁਟੇ ਜਿਨਕੇ ਨਹਿਂ ਗਏ। ਊਚ ਪੁਕਾਰ ਪੁਕਾਰਤਿ ਭਏ॥ ੨੭॥

ਪਾਸ ਹੀ ਭਾਰੀ ਨਗਰ ਮੁਸਤਾਬਾਦ ਸੀ, ਉਥੇ ਦੋ ਹਜ਼ਾਰ ਸੂਰਬੀਰ ਸਥਿਰ ਸਨ। ਜਿਨ੍ਹਾਂ ਦੇ ਮਰੇ ਅਤੇ ਲੁੱਟੇ ਗਏ ਉਹ ਨਾ ਗਏ। ਉੱਚੀ-ਉੱਚੀ ਪੁਕਾਰ ਕਰਦੇ ਸਨ॥ ੨੭॥

'ਤੁਮ ਮਾਲਕ ਬੈਠੇ ਸੁਖ ਸੰਗ। ਗ੍ਰਾਮ ਲੁਟੇ ਉਜਰੇ ਡਰ ਜੰਗ'।
ਸੁਨਿ ਬੂਝਯੋ 'ਅਸ ਆਯਹੁ ਕੌਨ? ਜਿਨ ਬਿਨ ਤ੍ਰਾਸ ਉਜਾਰੇ ਭੌਨ'॥੨੮॥

"ਤੁਸੀਂ ਮਾਲਕ ਸੁਖ ਨਾਲ ਬੈਠੇ ਹੋ, ਡਰ ਅਤੇ ਜੰਗ ਕਰਕੇ ਪਿੰਡ ਲੁੱਟੇ ਗਏ ਹਨ ਅਤੇ ਉਜੜ ਗਏ ਹਨ।" ਇਹ ਸੁਣ ਕੇ ਮਾਲਕਾਂ ਨੇ ਪੁੱਛਿਆ, "ਐਸਾ ਕੌਣ ਆਇਆ ਹੈ? ਜਿਸ ਨੇ ਕਿਸੇ ਡਰ ਤੋਂ ਬਗੈਰ ਘਰ ਉਜਾੜ ਦਿੱਤੇ ਹਨ"॥ ੨੮॥

ਕਹੈ ਸੁ 'ਕੁਛ ਨਹਿਂ ਜਾਨਯੋਂ ਜਾਈ। ਦਿਨ ਪ੍ਰਤਿ ਹੋਤਿ ਜਾਤ ਸਮੁਦਾਈ'।
ਤਹਾਂ ਤੁਰਕਪਤਿ ਹੋਯਸਿ ਤਯਾਰ। ਜ਼ੀਨ ਤੁਰੰਗਨਿ ਤੂਰਨ ਡਾਰਿ॥ ੨੯॥

ਉਨ੍ਹਾਂ ਨੇ ਕਿਹਾ, "ਕੁਝ ਜਾਣਿਆ ਨਹੀਂ ਜਾਂਦਾ ਹੈ, ਦਿਨ ਪ੍ਰਤੀ ਬਹੁਤ ਇਕੱਠੇ ਹੁੰਦੇ ਜਾਂਦੇ ਹਨ।" ਉਥੇ ਤੁਰਕ ਹਾਕਮ ਤਿਆਰ ਹੋ ਗਿਆ, ਘੋੜਿਆਂ ਉੱਪਰ ਤੁਰਤ ਕਾਠੀਆਂ ਪਾ ਲਈਆਂ॥ ੨੯॥

ਦ੍ਵੈ ਹਜ਼ਾਰ ਚਢਿ ਕਰਿ ਅਸਵਾਰ। ਦੋਇ ਤੋਪ ਲੇ ਸੰਗ ਜੁਝਾਰ।
ਲੂਟਿ ਕੂਟ ਜਹਿਂ ਕੀਨਸਿ ਡੇਰਾ। ਸੁਨਿ ਤਿਤ ਗਮਨਯੋਂ ਕ੍ਰੋਧ ਬਡੇਰਾ॥ ੩੦॥

ਦੋ ਹਜ਼ਾਰ ਸਵਾਰ ਚੜ੍ਹ ਕੇ ਆਏ ਤੇ ਦੋ ਵੱਡੀਆਂ ਜੁਝਾਰੂ ਤੋਪਾਂ ਵੀ ਨਾਲ ਲੈ ਲਈਆਂ। ਜਿੱਥੇ ਬੰਦਾ ਸਿੰਘ ਨੇ ਲੁੱਟ ਕੁੱਟ ਕੇ ਡੇਰਾ ਕੀਤਾ ਸੀ, ਸੁਣ ਕੇ ਉਸ ਪਾਸੇ ਵੱਲ ਵੱਡਾ ਕ੍ਰੋਧ ਵਧਾ ਕੇ ਚਲ ਪਿਆ॥ ੩੦॥

ਸਨੇ ਸਨੇ ਗਮਨਯੋਂ ਕੁਛ ਡਰਿਕੈ। ਪਹੁਚਯੋ ਆਨਿ ਤਹਾਂ ਚਲਿ ਕਰਿ ਕੈ।
ਦੇਖਿ ਦੂਰ ਤੇ ਤੋਪ ਚਲਾਈ। ਗਨ ਦੁੰਦਭਿ ਦਲ ਬਿਖੇ ਬਜਾਈ॥ ੩੧॥

ਕੁਝ ਡਰ ਕੇ ਹੋਲੀ-ਹੋਲੀ ਗਿਆ ਤੇ ਚਲ ਕੇ ਉਥੇ ਪਹੁੰਚ ਗਿਆ। ਦੂਰੋਂ ਵੇਖ ਕੇ ਤੋਪ ਚਲਾਈ ਤੇ ਦਲ ਵਿਚ ਬਹੁਤ ਨਗਾਰੇ ਵਜਾਏ॥ ੩੧॥

ਡਰੇ ਬਿਲੋਕਤਿ ਪੁੰਜ ਲੁਟੇਰੇ। 'ਲਰਹਿ ਕੋਨ ਇਨ ਕੇਰ ਅਗੇਰੇ।
ਚਮੂੰ ਅਧਿਕ ਜਿਮ ਆਟੇ ਲੋਨ। ਧਰਿ ਪ੍ਰਾਕ੍ਰਮ ਲਰਿ ਗਨਿ ਹੈ ਕੋਨ॥ ੩੨॥

ਸਾਰੇ ਲੁਟੇਰੇ ਇਹ ਵੇਖ ਕੇ ਡਰ ਗਏ, ਉਹ ਕਹਿਣ ਲੱਗੇ, ''ਇਨ੍ਹਾਂ ਦੇ ਅੱਗੇ ਜਾ ਕੇ ਕੋਣ ਲੜੇਗਾ। ਅਸੀਂ ਬਲ ਧਾਰ ਕੇ ਲੜੀਏ ਤਾਂ ਕਿਸ ਗਿਣਤੀ ਵਿਚ ਹਾਂ, ਅਸੀਂ ਤਾਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ ਹਾਂ।''॥ ੩੨॥

ਹੇਤੁ ਪਲਾਵਨ ਕੇ ਹੁਇ ਤਜਾਰੇ। ਪਿਖਿ ਬੰਦੇ ਸਭਿ ਸੰਗ ਉਚਾਰੇ।
'ਤ੍ਰਾਸਹੁ ਮਤਿ ਹੁਜਹੁ ਸਵਧਾਨਾ। ਸਭਿ ਕੇ ਮੈਂ ਬਚਾਇ ਹੋਂ ਪ੍ਰਾਨਾ॥ ੩੩॥

ਉਹ ਭੱਜਣ ਵਾਸਤੇ ਤਿਆਰ ਹੋ ਗਏ, ਇਹ ਵੇਖ ਕੇ ਬੰਦਾ ਸਿੰਘ ਨੇ ਸਭ ਨੂੰ ਕਿਹਾ, ''ਡਰੋ ਨਹੀਂ, ਸਾਵਧਾਨ ਹੋ ਜਾਵੋ, ਮੈਂ ਸਾਰਿਆਂ ਦੇ ਪ੍ਰਾਣ ਬਚਾ ਲਵਾਂਗਾ॥ ੩੩॥

ਜਬਿ ਉਚਰੋਂ ਹੇਲਾ ਅਬਿ ਘਾਲਹੁ। ਲੂਟਿ ਚਮੂੰ ਹਯ ਸ਼ਸਤ੍ਰ ਸੰਭਾਲਹੁ।
ਸਾਰ ਬੰਦ ਕਰਿ ਹੋਂ ਇਕ ਬਾਰੀ। ਤੁਮ ਸੁਖੇਨ ਰਿਪੁ ਲੀਜਹੁ ਮਾਰੀ॥ ੩੪॥

ਜਦ ਮੈਂ ਕਹਾਂਗਾ ਕਿ ਹੁਣ ਹਮਲਾ ਕਰੋ, ਉਸ ਸਮੇਂ ਸਾਰੇ ਸੈਨਾਂ ਨੂੰ ਲੁੱਟ ਕੇ ਸ਼ਸਤਰ ਘੋੜੇ ਸੰਭਾਲ ਲੈਣੇ। ਇਕ ਵਾਰੀ ਮੈਂ ਰੂਹਾਨੀ ਤਾਕਤ ਨਾਲ ਵੈਰੀ ਦੇ ਸ਼ਸਤਰਾਂ ਨੂੰ ਬੰਨ੍ਹ ਲਵਾਂਗਾ ਤੇ ਉਨ੍ਹਾਂ ਦਾ ਫਿਰ ਵਾਰ ਆਪਣੀ ਸੈਨਾ ਨੂੰ ਨਹੀਂ ਲਗੇਗਾ। ਫਿਰ ਤੁਸੀਂ ਆਸਾਨੀ ਨਾਲ ਵੈਰੀ ਨੂੰ ਮਾਰ ਲੈਣਾ॥ ੩੪॥

ਦੇਖਹੁ ਪਤਾ ਜਿ ਨਹੀਂ ਪ੍ਰਤੀਤ। ਪੁਨਹਿ ਪ੍ਰਹਾਰ ਕਰਹੁ ਲਿਹੁ ਜੀਤ'।
ਇਮ ਕਹਿ ਸਭਿ ਕੇ ਅੱਗ੍ਰ ਸਿਧਾਰਾ। ਕਿਤਿਕ ਦੂਰ ਥਿਰ ਹੋਇ ਨਿਹਾਰਾ॥ ੩੫॥

ਜੇ ਪ੍ਰਤੀਤ ਨਹੀਂ ਹੈ ਤਾਂ ਪਰਖ ਕੇ ਵੇਖ ਲਵੋ, ਫਿਰ ਹਮਲਾ ਕਰਕੇ ਜਿੱਤ ਲਵੋ।'' ਇਸ ਪ੍ਰਕਾਰ ਕਹਿ ਕੇ ਬੰਦਾ ਸਿੰਘ ਸਭ ਦੇ ਅੱਗੇ ਗਿਆ। ਕੁਝ ਦੂਰ ਖੜੇ ਹੋ ਕੇ ਵੇਖਿਆ॥ ੩੫॥

ਲੇ ਗੁਰ ਤੀਰ ਲਕੀਰ ਨਿਕਾਰੀ। 'ਗੋਰੀ ਗੋਰ ਨ ਉਲੰਘਿ ਅਗਾਰੀ'।
ਇਮ ਕਹਿ ਖਰੋ ਭਯੋ ਰਿਪੁ ਸੋਹੇਂ। ਰਿਸ ਤੇ ਕਰੀ ਬੱਕ੍ਰ ਜੁਗ ਭੋਹੇਂ॥ ੩੬॥

ਫਿਰ ਉਸ ਗੁਰੂ ਜੀ ਦਾ ਤੀਰ ਲੈ ਕੇ ਲਕੀਰ ਮਾਰੀ। ''ਗੋਲੀ ਗੋਲਾ ਇਸ ਤੋਂ ਅੱਗੇ ਨਾ ਲੰਘੇ'' ਇਸ ਪ੍ਰਕਾਰ ਕਹਿ ਕੇ ਵੈਰੀ ਦੇ ਸਾਹਮਣੇ ਖੜ੍ਹ ਰਿਹਾ ਸੀ ਤੇ ਗੁੱਸੇ ਨਾਲ ਮੱਥੇ ਦੀਆਂ ਦੋਵੇਂ ਭੰਵਾਂ ਟੇਢੀਆਂ ਹੋ ਗਈਆਂ ਸਨ॥ ੩੬॥

ਲਾਲ ਬਿਲੋਚਨ ਤਾੜੇ ਅਰੀ। ਜਿਸ ਕਰਿ ਤਿਨ ਤੇ ਕਛੂ ਨ ਸਰੀ।
ਤੁਪਕ ਤੋਪ ਤੇ ਗੋਰਾ ਗੋਰੀ। ਕਰਹਿਂ ਪ੍ਰਹਾਰ ਬ੍ਰਿੰਦ ਇਨ ਓਰੀ॥ ੩੭॥

ਲਾਲ ਅੱਖਾਂ ਨਾਲ ਵੈਰੀ ਨੂੰ ਤਾੜ ਰਹੇ ਸਨ, ਜਿਸ ਕਰਕੇ ਉਨ੍ਹਾਂ ਪਾਸੋਂ ਕੁਝ ਵੀ ਨਾ ਸਰੇ। ਬੰਦੂਕਾਂ ਤੋਪਾਂ ਇਨ੍ਹਾਂ ਉੱਪਰ ਬਹੁਤ ਗੋਲੇ ਗੋਲੀਆਂ ਦਾ ਵਾਰ ਕਰ ਰਹੇ ਸਨ॥ ੩੭॥

ਉਲੰਘੇ ਨਹੀਂ ਲਕੀਰ ਅਗਾਰੀ। ਤਿਹ ਲੋ ਪਹੁੰਚਹਿ ਨਹਿਂ ਬਲ ਭਾਰੀ।
ਖਰੇ ਸੁਖੇਨ ਨ ਕਿਸ ਕੇ ਲਾਗੇ। ਸਨੇ ਸਨੇ ਆਵਤਿ ਰਿਪੁ ਆਗੇ॥ ੩੮॥

ਪਰ ਉਹ ਸਾਰੇ ਲਕੀਰ ਤੋਂ ਅੱਗੇ ਨਹੀਂ ਲੰਘਦੇ ਸਨ, ਬੜੀ ਮੁਸ਼ਕਲ ਨਾਲ ਉਥੋਂ ਤਕ ਪਹੁੰਚਦੇ ਸਨ, ਉਨ੍ਹਾਂ ਵਿਚ ਕੋਈ ਵੀ ਬਹੁਤੀ ਸ਼ਕਤੀ ਸ਼ਾਲੀ ਨਹੀਂ ਹੁੰਦੀ ਸੀ। ਸਾਰੇ ਆਸਾਨੀ ਨਾਲ ਖੜੇ ਸਨ, ਕਿਸੇ ਨੂੰ ਗੋਲੀ ਨਹੀਂ ਲੱਗਦੀ ਸੀ, ਹੋਲੀ-ਹੋਲੀ ਵੈਰੀ ਅੱਗੇ ਆ ਰਹੇ ਸਨ॥ ੩੮॥

ਪਿਖਿ ਬੰਦੇ ਕੋ ਪ੍ਰਾਕ੍ਰਮ ਐਸੇ। ਹਰਖੇ ਲੋਗ ਤਜਜੋ ਡਰ ਤੈਸੇ।
ਸਾਵਧਾਨ ਹੁਇ ਸ਼ਸਤ੍ਰ ਸੰਭਾਲੇ। ਤੋਮਰ ਤੀਰ ਤੁਫੰਗ ਬਿਸਾਲੇ॥ ੩੯॥

ਬੰਦਾ ਸਿੰਘ ਦਾ ਇਸ ਪ੍ਰਕਾਰ ਦਾ ਉੱਦਮ ਵੇਖ ਕੇ ਸਾਰੇ ਲੋਕ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸਭ ਪ੍ਰਕਾਰ ਦੇ ਡਰ ਛੱਡ ਦਿੱਤੇ। ਫਿਰ ਸਾਵਧਾਨ ਹੋ ਕੇ ਸ਼ਸਤਰ ਸੰਭਾਲ ਲਏ। ਉਨ੍ਹਾਂ ਪਾਸ ਵਿਸ਼ਾਲ ਨੇਜ਼ੇ, ਤੀਰ ਅਤੇ ਬੰਦੂਕਾਂ ਸਨ॥ ੩੯॥

ਕਿਨਹੂੰ ਖੜਗ ਸਿਪਰ ਹੀ ਧਾਰੀ। ਭੇ ਸਨਮਖ ਕਰਿ ਮਾਰੋ ਮਾਰੀ।
ਸਭਿ ਕੇ ਆਗੇ ਬੰਦਾ ਭਯੋ। ਅਪਨਿ ਚਮੂੰ ਕੋ ਉਤਸਵ ਦਯੋ॥ ੪੦॥

ਕਈਆਂ ਨੇ ਢਾਲ ਤਲਵਾਰ ਹੀ ਧਾਰਨ ਕੀਤੀ ਹੋਈ ਸੀ, ਉਹ ਸਾਰੇ ਮਾਰੋ-ਮਾਰ ਕਰਦੇ ਸਾਹਮਣੇ ਹੋ ਗਏ। ਸਾਰਿਆਂ ਦੇ ਅੱਗੇ ਬੰਦਾ ਸਿੰਘ ਹੋ ਗਿਆ। ਆਪਣੀ ਸੈਨਾ ਨੂੰ ਉਹ ਉਤਸ਼ਾਹ ਦੇ ਰਹੇ ਸਨ॥ ੪੦॥

ਇਮ ਗਮਨਤਿ ਜਬਿ ਹੋਇਸਿ ਨੇਰ। ਭਏ ਦਲੇਰ ਚਹਜੋ ਭਟ ਭੇਰ।
ਜਬਿ ਕੇਤਿਕ ਤੁਪਕੈਂ ਚਲਿਵਾਈ। ਲਗੀ ਤੁਰਕ, ਗਿਰਿ ਗੇ ਰਣ ਥਾਂਈ॥ ੪੧॥

ਇਸ ਪ੍ਰਕਾਰ ਚਲਦੇ ਜਦ ਨੇੜੇ ਹੋ ਗਏ, ਫਿਰ ਦਲੇਰ ਹੋ ਗਏ ਤੇ ਸੂਰਮਿਆਂ ਨਾਲ ਭੇੜ ਕਰਨਾ ਚਾਹੁੰਦੇ ਸਨ। ਜਦ ਕਈ ਬੰਦੂਕਾਂ ਚਲਵਾਈਆਂ ਤਾਂ ਤੁਰਕ ਰਣਖੇਤਰ ਵਿਚ ਡਿੱਗ ਪਏ॥ ੪੧॥

ਇਹ ਬਚ ਰਹੇ, ਲਗਹਿਂ ਨਹਿ ਘਾਵਾ। ਗਿਰੇ ਬ੍ਰਿੰਦ ਰਿਪੁ ਹ੍ਵੈ ਨ ਬਚਾਵਾ।
ਕਿਤਿਕ ਤੁਰੰਗ ਛੁਟੇ ਗਹਿ ਲੀਨ। ਚਢਿ ਊਪਰ ਬਿਚਰੇ ਰਣ ਕੀਨ॥ ੪੨॥

ਇਹ ਬਚ ਰਹੇ, ਕੋਈ ਵੀ ਜ਼ਖਮੀ ਨਾ ਹੋਇਆ, ਬਹੁਤ ਵੈਰੀ ਡਿੱਗੇ ਤੇ ਕਿਸੇ ਪ੍ਰਕਾਰ ਵੀ ਬਚਾਅ ਨਾ ਹੋਇਆ। ਕਈ ਘੋੜੇ ਸਵਾਰਾਂ ਤੋਂ ਬਗੈਰ ਖਾਲੀ ਹੋ ਗਏ, ਜਿਨ੍ਹਾਂ ਨੂੰ ਬੰਦਾ ਸਿੰਘ ਦੀ ਸੈਨਾ ਨੇ ਫੜ ਲਿਆ ਤੇ ਉਨ੍ਹਾਂ ਘੋੜਿਆਂ ਉੱਪਰ ਸਵਾਰ ਹੋ ਕੇ ਰਣਖੇਤਰ ਵਿਚ ਫਿਰ ਕੇ ਯੁੱਧ ਕੀਤਾ॥ ੪੨॥

*ਦੂਸਰੇ ਐਨ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥*

## *ਅਧਿਆਇ ਅੱਠਵਾਂ*

### *ਬੰਦੇ ਸਿੰਘ ਦੀ ਜਿੱਤ, ਸਢੌਰਾ ਮਾਰਨਾ*

ਦੋਹਰਾ- ਭਯੋ ਨੇਰ ਭਟ ਭੇਰ ਕੋ ਬੰਦਾ ਚਮੂੰ ਅਨੰਦ।
ਛੀਨ ਤੁਰੰਗਮ ਬਹੁ ਚਢੇ ਬਾਢੀ ਚੋਂਪ ਬਿਲੰਦ॥ ੧॥

ਨੇੜੇ ਹੋ ਕੇ ਸੂਰਬੀਰਾਂ ਦਾ ਆਪਸ ਵਿਚ ਭੇੜ ਹੋਇਆ ਤੇ ਬੰਦਾ ਸਿੰਘ ਆਪਣੀ ਸੈਨਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਬੰਦਾ ਸਿੰਘ ਦੇ ਬਹੁਤ ਸੈਨਿਕ ਘੋੜੇ ਖੋਹ ਕੇ ਉੱਪਰ ਸਵਾਰ ਹੋ ਗਏ ਤੇ ਉਨ੍ਹਾਂ ਵਿਚ ਬਹੁਤ ਉਤਸ਼ਾਹ ਵਧਿਆ॥ ੧॥

ਚੌਪਈ- ਬਹੁ ਕੋਪਜੋ ਮੁਖ ਹੁਕਮ ਬਖਾਨਾ। 'ਹੇਲ ਕਰਹੁ ਮੇਲਹੁ ਘਮਸਾਨਾ।
ਸ਼ਸਤ੍ਰ ਤੁਰੰਗਮ ਤੋਪ ਸਮੇਤ। ਛੀਨ ਲੇਹੁ ਇਨ ਤੇ ਰਣ ਖੇਤ॥ ੨॥

ਫਿਰ ਬਹੁਤ ਗੁੱਸੇ ਵਿਚ ਆ ਕੇ ਬੰਦਾ ਸਿੰਘ ਨੇ ਹੁਕਮ ਕੀਤਾ, "ਹਮਲਾ ਕਰਕੇ ਘਮਸਾਨ ਦਾ ਯੁੱਧ ਕਰੋ। ਸ਼ਸਤਰ, ਘੋੜੇ, ਤੋਪਾਂ ਸਮੇਤ ਰਣਖੇਤਰ ਵਿਚ ਜਾ ਕੇ ਇਨ੍ਹਾਂ ਪਾਸੋਂ ਖੋਹ ਲਵੋ" ॥ ੨ ॥

ਇਮ ਕਹਿ ਗੁਰ ਕੋ ਬਾਨ ਸੰਭਾਰਾ। ਜੋਰਿ ਪਨਚ ਮਹਿਂ ਐਂਚਿ ਉਚਾਰਾ।
'ਹਤਹੁ ਤੁਰਕ ਗਨ ਜਾਨਿ ਨ ਦੀਜੈ। ਸਰਬ ਸਮਾਜ ਛੀਨਿ ਕਰਿ ਲੀਜੈ' ॥ ੩ ॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਦਾ ਤੀਰ ਸੰਭਾਲਿਆ ਤੇ ਚਿੱਲੇ ਵਿਚ ਚੜ੍ਹਾ ਕੇ ਖਿੱਚ ਕੇ ਉਚਾਰਨ ਕੀਤਾ, "ਬਹੁਤ ਤੁਰਕਾਂ ਨੂੰ ਮਾਰ ਦੇਵੋ, ਜਾਣ ਨਾ ਦੇਵੋ ਤੇ ਸਭ ਪ੍ਰਕਾਰ ਦਾ ਸਾਜ਼ੋ-ਸਾਮਾਨ ਖੋਹ ਲਵੋ" ॥ ੩ ॥

ਤਬਿ ਅਕਾਸ਼ ਕੋ ਦਲਚਲਿ ਆਯੋ। ਹਤਿ ਅਜ਼ਗੈਬਹਿ ਜੰਗ ਮਚਾਯੋ।
ਆਗੇ ਪਾਛੇ ਆਯੁਧ ਚਲੇ। ਪਰੀ ਮਾਰ ਸ਼ਤ੍ਰੂ ਗਨ ਹਲੇ॥ ੪ ॥

ਤਦ ਅਕਾਸ਼ ਦਾ ਸ਼ਹੀਦੀ ਦਲ ਚਲ ਕੇ ਆ ਗਿਆ, ਗੁਪਤ ਰੂਪ ਵਿਚ ਹੀ ਆ ਕੇ ਉਨ੍ਹਾਂ ਜੰਗ ਮਚਾ ਦਿੱਤੀ। ਅੱਗੇ ਪਿੱਛੇ ਹਥਿਆਰ ਚਲਦੇ ਸਨ, ਜਦ ਬਹੁਤ ਮਾਰ ਪਈ ਤਾਂ ਸਾਰੇ ਵੈਰੀ ਹਿੱਲ ਗਏ॥ ੪ ॥

ਦਈ ਪੀਠ, ਤਜਿ ਤੋਪ ਪਧਾਰੇ। ਤਬਿ ਬੰਦੇ ਨਿਜ ਭਟ ਲਲਕਾਰੇ।
'ਹਯ ਆਯੁਧ ਕਯੋਂ ਤੋਪ ਨ ਲੇਤੇ। ਨਹਿਂ ਰਿਪੁ ਠਹਿਰੇ ਭਾਜ ਚਲੇ ਤੇ' ॥ ੫ ॥

ਵੈਰੀ ਪਿੱਠ ਦੇ ਕੇ ਤੋਪਾਂ ਛੱਡ ਕੇ ਭੱਜ ਉਠੇ, ਤਦ ਬੰਦਾ ਸਿੰਘ ਨੇ ਆਪਣੇ ਸੂਰਬੀਰਾਂ ਨੂੰ ਲਲਕਾਰਿਆ, "ਘੋੜੇ, ਸ਼ਸਤਰ ਅਤੇ ਤੋਪਾਂ ਕਿਉਂ ਨਹੀਂ ਲੈਂਦੇ ਹੋ, ਵੈਰੀ ਨਹੀਂ ਠਹਿਰੇਗਾ ਉਹ ਭੱਜ ਚੱਲੇ ਹਨ" ॥ ੫ ॥

ਨਰ ਗ੍ਰਾਮਨਿ ਕੇ ਪਿਖਿਨਿ ਤਮਾਸ਼ਾ। ਖਰੇ ਸੈਂਕਰੇ ਚਾਰਹੁਂ ਪਾਸਾ।
ਪਿਖੇ ਪਲਾਵਤਿ ਭੀਰੁ ਅਧੀਰ। ਸਕੇ ਚਲਾਇ ਨ ਤੁਪਕ ਰੁ ਤੀਰ॥ ੬ ॥

ਪਿੰਡਾਂ ਦੇ ਲੋਕ ਤਮਾਸ਼ਾ ਵੇਖਦੇ ਸਨ, ਸੈਂਕੜੇ ਲੋਕ ਚਾਰੇ ਪਾਸੇ ਖੜੇ ਸਨ। ਵੇਖ ਰਹੇ ਸਨ ਕਿ ਤੁਰਕ ਕਾਇਰ ਧੀਰਜ ਰਹਿਤ ਹੋ ਕੇ ਭੱਜੇ ਜਾ ਰਹੇ ਸਨ। ਉਹ ਬੰਦੂਕ ਜਾਂ ਤੀਰ ਨਹੀਂ ਚਲਾ ਸਕਦੇ ਸਨ॥ ੬ ॥

ਲੂਟਨ ਲਗੇ ਤੁਰੰਗਮ ਲਏ। ਬਸਤ੍ਰ ਸ਼ਸਤ੍ਰ ਛੋਰਤਿ ਨਹਿਂ ਭਏ।
ਪਰੀ ਲੋਥ ਪਰ ਲੋਥ ਘਨੇਰੀ। ਚਲਹਿ ਤੀਰ ਤਰਵਾਰ ਬਡੇਰੀ॥ ੭ ॥

ਫਿਰ ਲੁੱਟਣ ਲੱਗ ਗਏ ਤੇ ਘੋੜੇ ਲੈ ਲਏ। ਵਸਤਰ ਸ਼ਸਤਰ ਵੀ ਨਹੀਂ ਛੱਡਦੇ ਸਨ। ਬਹੁਤ ਲੋਥਾਂ ਉੱਪਰ ਲੋਥਾਂ ਪਈਆਂ ਸਨ। ਤੀਰ ਅਤੇ ਤਲਵਾਰਾਂ ਬਹੁਤ ਚਲਦੀਆਂ ਸਨ॥ ੭ ॥

ਕਟਿ ਕਟਿ ਗਿਰੇ ਨ ਭਾਜਨ ਪਾਏ। ਚਹੁੰ ਓਰ ਲੋਕਨ ਮਿਲਿ ਘਾਏ।
ਪਸਰਯੋ ਸ਼੍ਰੋਣਤਿ ਛਿਤ ਰੰਗੀਨ। ਕਟੇ ਕਰਾਹੈਂ ਕੇਤਿਕ ਦੀਨ॥ ੮ ॥

ਕੱਟ ਕੱਟ ਕੇ ਡਿੱਗ ਪੈਂਦੇ ਸਨ ਤੇ ਭੱਜ ਵੀ ਨਹੀਂ ਸਕਦੇ ਸਨ। ਚਾਰੇ ਪਾਸਿਆਂ ਤੋਂ ਲੋਕਾਂ ਨੇ ਮਿਲ ਕੇ ਮਾਰੇ। ਚਾਰੇ ਪਾਸੇ ਲਹੂ ਫੈਲ ਗਿਆ ਤੇ ਧਰਤੀ ਰੰਗੀਨ ਹੋ ਗਈ। ਕਈ ਦੀਨ ਹੋ ਕੇ ਕੱਟੇ ਹੋਏ ਕਰਾਹ ਰਹੇ ਸਨ॥ ੮ ॥

ਰਹੀ ਸੰਭਾਲ ਨ, ਲਸ਼ਕਰ ਮਾਰਾ। ਕਹਿਂ ਲਗ ਬਰਨੌਂ ਜੰਗ ਅਖਾਰਾ।
ਗਏ ਪਲਾਇਕ ਭਏ ਸੰਘਾਰਾ। ਤਬਹਿ ਪਨਚ ਤੇ ਤੀਰ ਨਿਕਾਰਾ॥ ੯ ॥

ਕਿਸੇ ਪ੍ਰਕਾਰ ਦੀ ਵੀ ਸੰਭਾਲ ਨਾ ਰਹੀ, ਸਾਰਾ ਲਸ਼ਕਰ ਮਾਰਿਆ ਗਿਆ। ਕਿਥੋਂ ਤਕ ਮੈਂ ਜੰਗ ਦੇ ਅਖਾੜੇ ਦਾ ਵਰਣਨ ਕਰਾਂ। ਕੁਝ ਭੱਜ ਗਏ, ਬਾਕੀ ਮਾਰੇ ਗਏ। ਤਦ ਭੱਥੇ ਵਿਚੋਂ ਇਕ ਤੀਰ ਕਢਿਆ॥ ੯ ॥

ਥਿਰਯੋ ਸਥਾਨ ਆਪਨੇ ਬੰਦਾ। ਲਯੋ ਲੂਟ ਦਲ ਤੁਰਕ ਬਿਲੰਦਾ।
ਸ਼ਸਤ੍ਰ ਹਜ਼ਾਰਹੁਂ ਬਡੇ ਤੁਰੰਗ। ਲੇਕਰ ਸਗਰੇ ਹਰਖਤਿ ਅੰਗ॥ ੧੦॥

ਫਿਰ ਬੰਦਾ ਸਿੰਘ ਆਪਣੇ ਸਥਾਨ ਤੇ ਖੜਾ ਹੋ ਗਿਆ। ਤੁਰਕਾਂ ਦਾ ਦਲ ਚੰਗੀ ਤਰ੍ਹਾਂ ਲੁੱਟ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਸ਼ਸਤਰ ਖੋਹ ਲਏ ਤੇ ਵੱਡੇ-ਵੱਡੇ ਘੋੜੇ ਫੜ ਲਏ। ਸਾਰੇ ਲੈ ਕੇ ਬਹੁਤ ਪ੍ਰਸੰਨ ਹੋਏ॥ ੧੦॥

ਜਿਤ ਕਿਤ ਤੇ ਮਿਲਿਗੇ ਨਰ ਆਇ। ਬਿਨਾ ਚਾਕਰੀ ਲੂਟਨ ਚਾਇ।
ਆਯੁਧ ਧਰਨਹਾਰ ਸਭਿ ਆਏ। ਮਿਲਿ ਬੰਦੇ ਢਿਗ ਭੇ ਸਮੁਦਾਏ॥ ੧੧॥

ਜਿੱਥੋਂ ਕਿੱਥੋਂ ਮਨੁੱਖ ਆ ਕੇ ਮਿਲ ਗਏ, ਨੌਕਰੀ ਤੋਂ ਬਗੈਰ ਉਨ੍ਹਾਂ ਵਿਚ ਲੁੱਟਣ ਦੀ ਚਾਹਤ ਸੀ। ਸ਼ਸਤਰ ਧਾਰਨ ਵਾਲੇ ਸਭ ਆਏ। ਬੰਦਾ ਸਿੰਘ ਦੇ ਪਾਸ ਆ ਕੇ ਇਕੱਠੇ ਹੋ ਗਏ॥ ੧੧॥

ਮੁਸਤਾਬਾਦ ਜਾਇ ਪੁਰਿ ਮਾਰਾ। ਲੂਟਯੋ ਖੋਜਿ ਖੋਜਿ ਕਰਿ ਸਾਰਾ।
ਅਧਿਕ ਦਰਬ ਵਸਤੂ ਸਮੁਦਾਯਾ। ਲੇ ਲੋਕਨਿ ਚਿਤ ਚਾਉ ਵਧਾਯਾ॥ ੧੨॥

ਫਿਰ ਮੁਸਤਾਬਾਦ ਨਗਰ ਜਾ ਮਾਰਿਆ ਤੇ ਲੱਭ-ਲੱਭ ਕੇ ਸਾਰਾ ਸ਼ਹਿਰ ਲੁੱਟ ਲਿਆ। ਬਹੁਤ ਧਨ ਅਤੇ ਵਸਤਾਂ ਲੈ ਕੇ ਲੋਕਾਂ ਦੇ ਚਿੱਤ ਦਾ ਚਾਅ ਵਧਾਇਆ॥ ੧੨॥

ਕੇਤਿਕ ਧਨੀ ਭਏ ਨਰ ਮਹਾਂ। ਲੂਟਹਿਂ ਗ੍ਰਾਮ ਜਾਇ ਜਹਿਂ ਕਹਾਂ।
ਸੋ ਦੋ ਸੈ ਮਿਲਿ ਮਿਲਿ ਚਢਿ ਜਾਤੇ। ਲੂਟ ਕੂਟ ਪੁਨ ਜਾਇ ਸਮਾਤੇ॥ ੧੩॥

ਕਈ ਮਨੁੱਖ ਬਹੁਤ ਧਨਵਾਨ ਹੋ ਗਏ, ਜਿੱਥੇ ਕਿੱਥੇ ਜਾ ਕੇ ਉਹ ਪਿੰਡ ਲੁੱਟਦੇ ਸਨ। ਸੌ ਦੋ ਸੌ ਮਿਲ ਮਿਲ ਕੇ ਘੋੜ ਸਵਾਰ ਹੋ ਕੇ ਜਾਂਦੇ ਸਨ, ਲੁੱਟ ਕੁੱਟ ਕੇ ਬੰਦਾ ਸਿੰਘ ਦੇ ਦਲ ਵਿਚ ਜਾ ਸਮਾਉਂਦੇ ਸਨ॥ ੧੩॥

ਪਰਯੋ ਰੌਰ ਭਾਰੀ ਵਿਚ ਦੇਸ਼। ਭਾਗ ਚਲੇ ਨਰ ਨਾਰਿ ਵਿਸ਼ੇਸ਼।
ਬੰਦੇ ਸੰਗ ਮਹਾਂ ਦਲ ਭਯੋ। ਲੂਟਨ ਕੋ ਅਲੰਬ ਇਕ ਲਯੋ॥ ੧੪॥

ਸਾਰੇ ਦੇਸ਼ ਵਿਚ ਭਾਰੀ ਰੌਲਾ ਪੈ ਗਿਆ, ਇਸਤਰੀ-ਪੁਰਸ਼ ਵਿਸ਼ੇਸ਼ ਤੌਰ ਤੇ ਭੱਜ ਚਲੇ ਸਨ। ਬੰਦਾ ਸਿੰਘ ਨਾਲ ਬਹੁਤ ਦਲ ਇਕੱਠਾ ਹੋ ਗਿਆ। ਲੁੱਟਣ ਦਾ ਹੀ ਇਕ ਆਸਰਾ ਲਿਆ॥ ੧੪॥

ਕਈ ਹਜ਼ਾਰ ਚਮੂੰ ਹੁਇ ਗਈ। ਜਿਤ ਕਿਤ ਧੂਮ ਧਾਮ ਪ੍ਰਗਟਈ।
ਗੁਰ ਕੋ ਕਹਯੋ ਸਿਮਰਿ ਕਰਿ ਬੰਦਾ। ਨਿਕਟ ਸਢੌਰਾ ਦੁਸ਼ਟ ਬਿਲੰਦਾ॥ ੧੫॥

ਕਈ ਹਜ਼ਾਰ ਸੈਨਾ ਹੋ ਗਈ, ਜਿੱਥੇ ਕਿੱਥੇ ਧੂਮ-ਧਾਮ ਪ੍ਰਗਟ ਹੋਈ। ਗੁਰੂ ਜੀ ਦੇ ਕਹੇ ਨੂੰ ਯਾਦ ਕਰਕੇ, ਇਹ ਜਾਣਿਆ ਕਿ ਨੇੜੇ ਹੀ ਸਢੌਰੇ ਵਿਚ ਵੱਡਾ ਦੁਸ਼ਟ ਰਹਿੰਦਾ ਹੈ॥ ੧੫॥

ਤਿਸ ਮਾਰਨ ਕੋ ਚਿਤ ਉਮਗਾਯੋ। ਕਰਯੋ ਕੂਚ ਨਿਜ ਹੁਕਮ ਅਲਾਯੋ।
'ਗੁਰ ਦ੍ਰੋਹੀ ਇਹ ਨਗਰ ਕੁਚਾਲਾ। ਬੁੱਧੂ ਸ਼ਾਹੁ ਜੁ ਸਾਧੁ ਬਿਸਾਲਾ॥ ੧੬॥

ਉਸ ਨੂੰ ਮਾਰਨ ਵਾਸਤੇ ਚਿੱਤ ਵਿਚ ਉਮੰਗ ਪੈਦਾ ਹੋਈ ਤੇ ਕੂਚ ਕਰਕੇ ਆਪਣਾ ਹੁਕਮ ਸੁਣਾਇਆ, ''ਇਹ ਪੁੱਠੀਆਂ ਚਾਲਾਂ ਵਾਲਾ ਨਗਰ ਗੁਰੂ-ਧ੍ਰੋਹੀ ਹੈ। ਬੁੱਧੂ ਸ਼ਾਹ ਜਿਹੜਾ ਮਹਾਨ ਸਾਧੂ ਸੀ॥ ੧੬॥

ਗੁਰ ਪੱਖੀ ਲਖਿ ਕੁਟੰਬ ਸਮੇਤ। ਕਤਲ ਕਰਯੋ ਤਿਹ ਸਕਲ ਨਿਕੇਤ।
ਸੋ ਪਲਟਾ ਪੂਰਬ ਹੀ ਲੀਜੈ। ਹੇਲਾ ਘਾਲਿ ਕਤਲ ਕਰਿ ਦੀਜੈ॥ ੧੭॥

ਪਰਿਵਾਰ ਸਮੇਤ ਗੁਰੂ-ਪੱਖੀ ਜਾਣ ਕੇ, ਉਸ ਨੂੰ ਹਾਕਮ ਨੇ ਘਰ ਦੇ ਸਾਰੇ ਜੀਆਂ ਸਮੇਤ ਕਤਲ ਕਰ ਦਿੱਤਾ ਸੀ। ਉਹ ਬਦਲਾ ਪਹਿਲਾਂ ਹੀ ਲੈ ਲਵੇ ਤੇ ਹਮਲਾ ਕਰਕੇ ਹਾਕਮ ਨੂੰ ਕਤਲ ਕਰ ਦੇਵੇ'' ॥ ੧੭ ॥

ਦਲ ਮਹਿਂ ਭੇ ਦੁੰਦਭਿ ਸਮੁਦਾਏ। ਕਰਜੋ ਹੁਕਮ 'ਗਹਿ ਡੰਕ ਬਜਾਏ'।
ਸਾਵਧਾਨ ਸਗਰੇ ਜਬਿ ਭਏ। ਚਢੇ ਤੁਰੰਗਨ ਆਯੁਧ ਲਏ ॥ ੧੮ ॥

ਦਲ ਵਿਚ ਬਹੁਤ ਨਗਾਰੇ ਇਕੱਠੇ ਹੋਏ ਸਨ, ਬਾਬਾ ਬੰਦਾ ਸਿੰਘ ਨੇ ਹੁਕਮ ਕੀਤਾ, ''ਸਾਰੇ ਨਗਾਰੇ ਫੜ ਕੇ ਡੱਗੇ ਵਜਾਓ।'' ਜਦ ਸਾਰੇ ਸਾਵਧਾਨ ਹੋ ਗਏ ਤਾਂ ਹਥਿਆਰ ਲੈ ਕੇ ਘੋੜਿਆਂ ਉੱਪਰ ਸਵਾਰ ਹੋ ਗਏ ॥ ੧੮ ॥

ਬੰਦਾ ਹੋਇਸਿ ਹਯ ਅਸਵਾਰ। ਬਾਬੇ ਜੁਗਮ ਸੰਗ ਮਹਿਂ ਧਾਰਿ।
ਜਾਇ ਸਢੋਰੇ ਕਹੁ ਤਬਿ ਘੇਰਾ। ਤੁਪਕ ਤੋਪ ਚਾਲੀ ਤਿਸ ਬੇਰਾ ॥ ੧੯ ॥

ਬਾਬਾ ਬੰਦਾ ਸਿੰਘ ਵੀ ਘੋੜੇ ਉੱਪਰ ਸਵਾਰ ਹੋ ਗਿਆ ਤੇ ਦੋਵੇਂ ਬਾਬੇ ਵੀ ਆਪਣੇ ਨਾਲ ਲੈ ਲਏ। ਜਾ ਕੇ ਸਢੋਰੇ ਨੂੰ ਫਿਰ ਘੇਰਾ ਪਾ ਲਿਆ। ਉਸ ਸਮੇਂ ਬੰਦੂਕਾਂ ਅਤੇ ਤੋਪਾਂ ਚਲ ਪਈਆਂ ॥ ੧੯ ॥

ਪਹਿਲੇ ਵਹਿਰ ਨਿਕਸਿ ਕਰਿ ਲਰੇ। ਸੱਯਦ ਖਾਨ ਮੁਗ਼ਲ ਗਨ ਅਰੇ।
ਕੜਾਕੜੀ ਮਾਚਜੋ ਘਮਸਾਨਾ। ਗੋਰੀ ਚਲੀ ਧਨੁਖ ਤੇ ਬਾਨਾ ॥ ੨੦ ॥

ਤੁਰਕ ਪਹਿਲਾਂ ਬਾਹਰ ਨਿਕਲ ਕੇ ਲੜੇ, ਸੱਯਦ, ਖਾਨ ਅਤੇ ਮੁਗ਼ਲ ਬਹੁਤ ਆ ਕੇ ਅੱਗੇ ਅੜੇ। ਕੜਕੜ ਕਰਦਾ ਘਮਸਾਨ ਮੱਚ ਗਿਆ, ਗੋਲੀਆਂ ਅਤੇ ਧਨੁੱਖ ਬਾਣ ਚਲੇ ॥ ੨੦ ॥

ਪੁਨ ਚਹੂੰ ਓਰ ਘਾਲਿ ਕਰਿ ਜ਼ੋਰ। ਦਏ ਤੁਰਕ ਗਨ ਕੇ ਮੁਖ ਮੋਰਿ।
ਬਾਹਰ ਠਹਿਰ ਨ ਸਕੇ ਲਰਾਈ। ਬਰੇ ਦੁਰਗ ਮਹਿਂ ਹ੍ਵੈ ਸਮੁਦਾਈ ॥ ੨੧ ॥

ਫਿਰ ਚਾਰੇ ਪਾਸੇ ਜ਼ੋਰ ਪਾ ਕੇ ਬਹੁਤ ਤੁਰਕਾਂ ਦਾ ਮੂੰਹ ਮੋੜ ਦਿੱਤਾ। ਬਾਹਰ ਲੜਾਈ ਕਰਨ ਵਾਸਤੇ ਉਹ ਠਹਿਰ ਨਾ ਸਕੇ ਤੇ ਇਕੱਠੇ ਹੋ ਕੇ ਕਿਲ੍ਹੇ ਅੰਦਰ ਜਾ ਵੜੇ ॥ ੨੧ ॥

ਪਾਕੀ ਕੰਧ ਸਥਾਨ ਉਤੰਗ। ਬਡੋ ਮਵਾਸੀ ਹੋਹਿ ਨ ਭੰਗ।
ਤਿਸ ਕੋ ਲਾਇ ਮੋਰਚੇ ਥਿਰੇ। ਗੋਰਾ ਚਲਨਿ ਸ਼ੁਰੂ ਗਨ ਕਰੇ ॥ ੨੨ ॥

ਪੱਕੀ ਕੰਧ ਸੀ ਤੇ ਥਾਂ ਬਹੁਤ ਉੱਚਾ ਸੀ, ਵੱਡਾ ਕਿਲ੍ਹਾ ਟੁੱਟਦਾ ਨਹੀਂ ਸੀ। ਉਥੇ ਮੋਰਚੇ ਲਾ ਕੇ ਬੈਠ ਗਏ। ਬਹੁਤ ਗੋਲੇ ਛੱਡਣੇ ਸ਼ੁਰੂ ਕੀਤੇ ॥ ੨੨ ॥

'ਸ਼ਾਹਿ ਕੁਮੈਤਾ' ਪੀਰ ਇਕ ਤਹਾਂ। ਜਿਸਕੀ ਕਬਰ ਸਕੰਚਨ ਮਹਾਂ।
ਚਾਮੀਕਰ ਭੀਤਰ ਬਹੁ ਲਾਗਾ। ਬਹੁ ਊਚੋ ਜਗ ਮਹਿਂ ਜਿਹ ਜਾਗਾ ॥ ੨੩ ॥

ਉਥੇ ਇਕ 'ਸ਼ਾਹ ਕੁਮੈਤਾ' ਪੀਰ ਸੀ, ਜਿਸ ਦੀ ਕਬਰ ਵਿਚ ਬਹੁਤ ਸੋਨਾ ਸੀ। ਉਸ ਦੇ ਅੰਦਰ ਕਬਰ ਵਿਚ ਬਹੁਤ ਸੋਨਾ ਲੱਗਾ ਸੀ। ਉਹ ਜਗ ਵਿਚ ਬੜਾ ਉੱਚਾ ਸਥਾਨ ਸੀ ॥ ੨੩ ॥

ਪਾਹਨ ਦੁਰਗ ਬੀਚ ਤੇ ਮਾਰੈਂ। ਦਲ ਪਰ ਬਰਖੈਂ ਭਟਨ ਪ੍ਰਹਾਰੈਂ।
ਨਿਤ ਪ੍ਰਤਿ ਜੁੱਧ ਹੋਤਿ ਬਹੁਤੇਰਾ। ਹੇਲਾ ਘਾਲਿ ਘਾਲਿ ਭਟ ਭੇਰਾ ॥ ੨੪ ॥

ਕਿਲ੍ਹੇ ਵਿਚੋਂ ਪੱਥਰ ਮਾਰਦੇ ਸਨ, ਦਲ ਉੱਪਰ ਵਰਖਾ ਕਰਕੇ ਸੂਰਮਿਆਂ ਨੂੰ ਮਾਰਦੇ ਸਨ। ਨਿਤਾਪ੍ਰਤੀ ਬਹੁਤ ਯੁੱਧ ਹੁੰਦਾ ਸੀ। ਹਮਲਾ ਕਰ ਕਰਕੇ ਸੂਰਮੇ ਭੇੜ ਕਰਦੇ ਸਨ ॥ ੨੪ ॥

ਅਰਜੋ ਦੁਰਗ ਟੂਟਜੋ ਜਬਿ ਨਾਂਹੀ। ਬੰਦੇ ਜਤਨ ਬਿਚਾਰਜੋ ਤਾਂਹੀ।
ਵਹਿਰ ਬਡੋ ਦਮਦਮਾ ਉਸਾਰਾ। ਤੂਰਨ ਲਾਗੇ ਮਨੁਜ ਹਜ਼ਾਰਾ॥ ੨੫॥

ਜਦ ਕਿਲ੍ਹਾ ਅੱਗੇ ਅੜ ਗਿਆ ਤੇ ਟੁੱਟਿਆ ਨਹੀਂ, ਫਿਰ ਬੰਦਾ ਸਿੰਘ ਨੇ ਇਕ ਯਤਨ ਉੱਪਰ ਵਿਚਾਰ ਕੀਤੀ। ਬਾਹਰ ਇਕ ਵੱਡਾ ਥੜ੍ਹਾ ਉਸਾਰਿਆ। ਉਸ ਨੂੰ ਬਣਾਉਣ ਵਾਸਤੇ ਤੁਰਤ ਹਜ਼ਾਰਾਂ ਮਨੁੱਖ ਲੱਗ ਗਏ॥ ੨੫॥

ਦਿਨ ਪ੍ਰਤਿ ਦਲ ਬ੍ਰਿਧਿ ਬਡ ਐਸੇ। ਹੋਇ ਸਵਾਯਾ ਡਜੋਢਾ ਜੈਸੇ।
ਦੂਰ ਦੂਰ ਲਗਿ ਲੂਟਨਿ ਧਾਵੈਂ। ਗਨ ਧਨ ਧਾਨ ਪੁਰਿਨਿ ਤੇ ਲਜਾਵੈਂ॥੨੬॥

ਦਿਨ ਪ੍ਰਤੀ ਦਲ ਇਸ ਪ੍ਰਕਾਰ ਵਧਦਾ ਹੀ ਜਾਂਦਾ ਸੀ, ਸਵਾਇਆ ਅਤੇ ਡੇਢ ਗੁਣਾ ਜਿਵੇਂ ਹੋ ਜਾਂਦਾ ਸੀ। ਦੂਰ-ਦੂਰ ਤਕ ਲੁੱਟਣ ਜਾਂਦੇ ਸਨ। ਬਹੁਤ ਧਨ ਅਤੇ ਅਨਾਜ ਨਗਰਾਂ ਤੋਂ ਲਿਆਉਂਦੇ ਸਨ॥ ੨੬॥

ਭਾ ਉਤੰਗ ਦਮਦਮਾ ਉਚੇਰਾ। ਚਢਿ ਬੰਦਾ ਊਪਰ ਤਿਸ ਬੇਰਾ।
ਦ੍ਰਿਸ਼ਟਿ ਦੁਰਗ ਕੇ ਬਿਖੈ ਲਗਾਈ। ਸਤਿਗੁਰ ਸਰ ਐਂਚਜੋ ਸਮੁਹਾਈ॥ ੨੭॥

ਫਿਰ ਉਹ ਥੜ੍ਹਾ ਬਹੁਤ ਉੱਚਾ ਬਣ ਗਿਆ। ਉਸ ਸਮੇਂ ਬੰਦਾ ਸਿੰਘ ਉਸ ਉੱਪਰ ਚੜ੍ਹ ਗਿਆ। ਉਸ ਨੇ ਆਪਣੀ ਦ੍ਰਿਸ਼ਟੀ ਕਿਲ੍ਹੇ ਉੱਪਰ ਲਾਈ ਤੇ ਸਾਹਮਣੇ ਸਤਿਗੁਰੂ ਜੀ ਵਲੋਂ ਦਿੱਤਾ ਤੀਰ ਖਿੱਚ ਕੇ ਮਾਰਿਆ॥ ੨੭॥

ਹੁਕਮ ਦਯੋ ਦਲ ਕੋ 'ਹੁਇ ਹੇਲਾ'। ਸੁਨਿ ਚਹੁੰ ਦਿਸ਼ਾ ਸ਼ੋਰ ਬਡ ਮੇਲਾ।
ਧਾਇ ਧਾਇ ਗਢ ਕੋ ਲਗਿ ਗਏ। ਤਤਛਿਨ ਸੁਭਟ ਅਰੂਢਤਿ ਭਏ॥ ੨੮॥

ਫਿਰ ਦਲ ਨੂੰ ਹੁਕਮ ਦਿੱਤਾ, "ਹੁਣ ਹਮਲਾ ਕਰੋ" ਇਹ ਸੁਣ ਕੇ ਦੋਵੀਂ ਪਾਸੀਂ ਬਹੁਤ ਰੌਲਾ ਮੱਚ ਗਿਆ। ਭੱਜ ਭੱਜ ਕੇ ਕਿਲ੍ਹੇ ਤਕ ਗਏ। ਤੁਰਤ ਸੂਰਬੀਰ ਘੋੜਿਆਂ ਉੱਪਰ ਸਵਾਰ ਹੋ ਗਏ॥ ੨੮॥

ਉਮਡ ਪਰਜੋ ਦਲ ਬੀਚ ਪ੍ਰਵੇਸ਼ੇ। ਬਜਜੋ ਖੜਗ ਰਿਪੁ ਕਦਨ ਬਿਸ਼ੇਸ਼ੇ।
ਤਛਾ ਮੁੱਛ ਕਰਿ ਅੰਗ ਘਨੇਰੇ। ਬਿਥਰੀ ਲੋਥ ਪੋਥ ਗਨ ਹੇਰੇ॥ ੨੯॥

ਕਿਲ੍ਹੇ ਵਿਚ ਪ੍ਰਵੇਸ਼ ਕਰਨ ਲਈ ਦਲ ਉਮਡ ਕੇ ਪੈ ਗਿਆ। ਤਲਵਾਰਾਂ ਵੱਜੀਆਂ ਤੇ ਵੈਰੀ ਨਾਲ ਵਿਸ਼ੇਸ਼ ਯੁੱਧ ਹੋਇਆ। ਕਈਆਂ ਦੇ ਅੰਗ ਕੱਟ-ਕੱਟ ਸੁੱਟ ਦਿੱਤੇ। ਲੋਥ-ਪੋਥ ਹੋਈਆਂ ਲਾਸ਼ਾਂ ਖਿਲਰੀਆਂ ਪਈਆਂ ਵੇਖਦੇ ਸਨ॥ ੨੯॥

ਏਕ ਬਾਰ ਹੀ ਸਕਲ ਬਿਨਾਸ਼ੇ। ਢਾਹਿ ਮਦਾਨ ਕੀਨਿ ਚਹੁੰ ਪਾਸੇ।
ਬਹੁਰ ਨਗਰ ਮਹਿਂ ਦਲ ਬਰਿ ਗਯੋ। ਜੋ ਦੇਖਜੋ ਤੂਰਨ ਕਟਿ ਦਯੋ॥ ੩੦॥

ਇਕ ਵਾਰ ਹੀ ਸਾਰੇ ਨਾਸ਼ ਕਰ ਦਿੱਤੇ, ਕਿਲ੍ਹਾ ਢਾਹ ਕੇ ਚਾਰੇ ਪਾਸੇ ਮੈਦਾਨ ਕਰ ਦਿੱਤਾ। ਫਿਰ ਵੱਡਾ ਦਲ ਨਗਰ ਵਿਚ ਪ੍ਰਵੇਸ਼ ਕਰ ਗਿਆ, ਜਿਹੜਾ ਵੀ ਵੇਖਿਆ ਉਸ ਨੂੰ ਤੁਰਤ ਕੱਟ ਦਿੱਤਾ॥ ੩੦॥

ਮੁਗਲ ਪਠਾਨ ਨ ਸੱਯਦ ਛੋਰਾ। ਸ਼ੇਖ ਮਰੇ ਥਲ ਦੀਖਤਿ ਘੋਰਾ।
ਲੂਟਜੋ ਬਰੇ ਸਦਨ ਮਹਿਂ ਜਾਈ। ਤਰਕਾਨੀ ਆਨੀ ਸਮੁਦਾਈ॥ ੩੧॥

ਕੋਈ ਵੀ ਮੁਗ਼ਲ ਪਠਾਣ ਤੇ ਸੱਯਦ ਨਾ ਛੱਡਿਆ। ਸ਼ੇਖ ਵੀ ਮਰੇ ਪਏ ਸਨ ਤਾਂ ਸਾਰਾ ਸਥਾਨ ਬੜਾ ਭਿਆਨਕ ਦਿਖਾਈ ਦੇ ਰਿਹਾ ਸੀ। ਘਰਾਂ ਵਿਚ ਵੜ ਕੇ ਸਾਰਾ ਮਾਲ ਧਨ ਲੁੱਟ ਲਿਆ। ਨੀਵੀਂਆਂ ਜਾਤੀਆਂ ਵਾਲੇ ਤੁਰਕਾਣੀਆਂ ਵੀ ਲੈ ਆਏ॥ ੩੧॥

ਨੀਚ ਜਾਤਿ ਕੇਤਿਕ ਕਰ ਲਈ। ਭੋਗੀ ਪਕਰਿ ਨ ਜਾਨੈ ਦਈ।
ਕੇਤੀ ਦਲ ਮਹਿਂ ਤਜਾਗੀ ਲਜਾਇ। ਸੁਥਨੀ ਮਹਿਂ ਮੂਖਕ ਪ੍ਰਵਿਸ਼ਾਇ॥ ੩੨॥

ਨੀਵੀਆਂ ਜਾਤੀਆਂ ਵਾਲਿਆਂ ਨੇ ਕਈ ਆਪਣੀਆਂ ਪਤਨੀਆਂ ਬਣਾ ਲਈਆਂ, ਫੜ ਕੇ ਸੰਭੋਗ ਕੀਤਾ ਤੇ ਜਾਣ ਨਾ ਦਿੱਤੀਆਂ। ਕਈ ਦਲ ਵਿਚ ਲਿਆ ਕੇ ਛੱਡੀਆਂ ਤੇ ਸੁਥਣੀਆਂ ਵਿਚ ਚੂਹੇ ਪ੍ਰਵੇਸ਼ ਕਰਵਾਏ॥ ੩੨॥

ਊਪਰ ਬਾਂਧੇ ਕਸ ਕਰਿ ਨੀਬੀ। ਉਛਰੀ ਫਿਰਤ ਉਤਹਿ ਇਤ ਬੀਬੀ।
ਤਰੇ ਪਾਉਂਚੇ ਬੰਧਨ ਕਰੇ। ਨਹਿ ਮੂਖਕ ਨਿਕਸੇ ਬਿਚ ਬਰੇ॥ ੩੩॥

ਪਾਉਂਚੇ ਚੰਗੀ ਤਰ੍ਹਾਂ ਕੱਸ ਕੇ ਬੰਨ੍ਹ ਕੇ ਉੱਪਰ ਬੰਨ੍ਹ ਦਿੱਤੇ, ਸਾਰੀਆਂ ਇਸਤਰੀਆਂ ਏਧਰ ਓਧਰ ਉਛਲਦੀਆਂ ਫਿਰਦੀਆਂ ਸਨ। ਥੱਲੇ ਪਾਉਂਚੇ ਚੰਗੀ ਤਰ੍ਹਾਂ ਬੰਨ੍ਹੇ ਹੋਣ ਕਰਕੇ ਵਿਚ ਵੜੇ ਚੂਹੇ ਨਿਕਲ ਨਹੀਂ ਸਕਦੇ ਸਨ॥ ੩੩॥

ਸਯਦਾਨੀ, ਮੁਗਲਾਨਿ, ਪਠਾਨੀ। ਕਰਾ ਤਿਨ ਕੀ ਗਤਿ ਕਰਹਿਂ ਬਖਾਨੀ।
ਜੋ ਕਬਿ ਨਰ ਨ ਹੇਰਨੇ ਪਾਈ। ਭਈ ਦਸ਼ਾ ਅਸ ਤਹਾਂ ਭ੍ਰਮਾਈ॥ ੩੪॥

ਸਯਦਾਨੀਆਂ, ਮੁਗਲਾਨੀਆਂ, ਪਠਾਣੀਆਂ ਦੀ ਕੀ ਗਤੀ ਕੀਤੀ ਉਸ ਬਾਰੇ ਬਿਆਨ ਕਰਦੇ ਹਾਂ। ਜਿਹੜੀਆਂ ਇਸਤਰੀਆਂ ਨੇ ਪਹਿਲਾਂ ਕਿਸੇ ਮਰਦ ਨੂੰ ਵੇਖਿਆ ਤਕ ਨਹੀਂ ਸੀ ਉਨ੍ਹਾਂ ਦੀ ਬਹੁਤ ਮਾੜੀ ਦਸ਼ਾ ਹੋਈ। ਇਸ ਪ੍ਰਕਾਰ ਉਥੇ ਉਨ੍ਹਾਂ ਨੂੰ ਭ੍ਰਮਾਇਆ ਗਿਆ॥ ੩੪॥

ਘੋਰ ਪਾਪ ਕੋ ਫਲ ਖਿਦਤਜੋ। ਨਾਸ਼ ਨਗਰ ਕੋ ਹੋਵਤਿ ਭਯੋ।
ਨਰ ਮਰਿ ਗਏ ਲਈ ਗਹਿ ਨਾਰੀ। ਹੋਯਹੁ ਕਾਲ ਭਯੰਕਰ ਭਾਰੀ॥ ੩੫॥

ਘੋਰ ਪਾਪਾਂ ਦਾ ਫਲ ਪ੍ਰਗਟ ਹੋਇਆ, ਸਾਰੇ ਨਗਰ ਨੂੰ ਨਾਸ਼ ਕੀਤਾ ਜਾ ਰਿਹਾ ਸੀ। ਜਦ ਮਨੁੱਖ ਮਰ ਗਏ ਤਾਂ ਉਨ੍ਹਾਂ ਦੀਆਂ ਇਸਤਰੀਆਂ ਫੜ ਲਈਆਂ। ਜਮ ਕਾਲ ਭਾਰੀ ਭਿਆਨਕ ਹੋ ਗਿਆ॥ ੩੫॥

ਪੁਨ ਬੰਦੇ ਚਿਤ ਬੀਚ ਬਿਚਾਰੀ। 'ਨਹੀਂ ਪੀਰ ਕੀ ਕਬਰ ਬਿਦਾਰੀ।
ਹਿੰਦੂ ਮ੍ਰਿਤਕ ਜਿਸ ਆਗੇ ਜਾਇ। ਨਹੀਂ ਅਗਨ ਮਹਿਂ ਜਰਹਿ ਕਦਾਇ॥੩੬॥

ਫਿਰ ਬੰਦਾ ਸਿੰਘ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ। "ਪੀਰ ਦੀ ਕਬਰ ਨਹੀਂ ਤੋੜੀ ਗਈ ਹੈ। ਜਿਸ ਅਗੋਂ ਦੀ ਜਦ ਹਿੰਦੂ ਮੁਰਦਾ ਜਾਂਦਾ ਸੀ ਤਾਂ ਉਹ ਅੱਗ ਵਿਚ ਜਾ ਕੇ ਸੜਦਾ ਨਹੀਂ ਸੀ॥ ੨੬॥

ਇਸਕੋ ਛੋਰਨ ਨਾਂਹਿਨ ਆਛੋ। ਰੁਚਿਰ ਮਸੀਤ ਬਿਦਾਰਨ ਬਾਂਛੋਂ।
ਗਯੋ ਆਪ ਤਹਿਂ ਜਿਸ ਥਲ ਖਰੀ। ਕੰਚਨ ਲਿਪੰਤ ਅਨਿਕ ਬਿਧਿ ਕਰੀ॥੩੭॥

ਇਸ ਕਬਰ ਨੂੰ ਛੱਡਣਾ ਚੰਗਾ ਨਹੀਂ। ਇਹ ਸੁੰਦਰ ਮਸੀਤ ਵੀ ਤੋੜਨੀ ਚਾਹੀਦੀ ਹੈ।" ਉਥੇ ਆਪ ਚਲ ਕੇ ਗਿਆ ਜਿੱਥੇ ਕਬਰ ਖੜੀ ਸੀ, ਜਿਹੜੀ ਅਨੇਕ ਪ੍ਰਕਾਰ ਸੋਨੇ ਨਾਲ ਲਿੰਬੀ ਹੋਈ ਸੀ॥ ੩੭॥

ਜਾਨਿ ਸੁ ਬੰਦੇ ਕੋ ਆਗਵਨੂ। ਡਗਮਗ ਕੰਪੀ ਕਬਰ ਸ ਭਵਨੂ।
ਗੁਰ ਸਰ ਕੀ ਤਬਿ ਨੋਕ ਧਸਾਈ। ਰਿਸ ਕਰਿ ਸਭਿ ਮਹਿਂ ਊਚ ਅਲਾਈ॥੩੮॥

ਉਹ ਕਬਰ ਬੰਦਾ ਸਿੰਘ ਦਾ ਆਉਣਾ ਜਾਣ ਕੇ ਭਵਨ ਸਹਿਤ ਡਗਮਗ ਕੰਬਣ ਲੱਗ ਗਈ। ਫਿਰ ਬੰਦਾ ਸਿੰਘ ਨੇ ਗੁਰੂ ਜੀ ਦੇ ਤੀਰ ਦੀ ਉਸ ਵਿਚ ਨੋਕ ਧਸਾਈ ਤੇ ਗੁੱਸਾ ਕਰਕੇ ਸਭ ਵਿਚ ਬੜੀ ਉੱਚੀ ਆਵਾਜ਼ ਨਾਲ ਕਿਹਾ॥ ੩੮॥

'ਅਬਿ ਗੀਦੀ ਕੰਬੇ ਕਯਾ ਹੋਇ। ਸਮੋ ਹਮਾਰੋ ਪਲਟਾ ਸੋਇ'।
ਠਹਿਰ ਗਈ ਕੰਪਨ ਤੇ ਫੇਰ। ਹੇਤੁ ਬਿਦਾਰਨ ਲਗੇ ਘਨੇਰ॥ ੩੯॥

"ਹੁਣ ਕਾਇਰੋ ਕੰਬਣ ਨਾਲ ਕੀ ਹੋਵੇਗਾ, ਹੁਣ ਸਮਾਂ ਸਾਡੇ ਬਦਲਾ ਲੈਣ ਦਾ ਹੈ।" ਫਿਰ ਉਹ ਕੰਬਣ ਤੋਂ ਹੱਟ ਗਈ। ਉਸ ਕਬਰ ਨੂੰ ਫਿਰ ਤੋੜਨ ਵਾਸਤੇ ਬਹੁਤ ਮਨੁੱਖ ਲੱਗ ਗਏ॥ ੩੯॥

ਸਰਬ ਕਬਰ ਜਬਿ ਤਿਹ ਖਨਵਾਈ। ਹਾਡ ਤਰੇ ਤੇ ਲੀਏ ਕਢਾਈ।
ਕਾਸ਼ਟ ਬਿਖੈ ਅਗਨਿ ਤੇ ਜਾਰੇ। ਲਗੇ ਮਸੀਤ ਬਿਦਾਰਤਿ ਸਾਰੇ॥ ੪੦॥

ਜਦ ਸਾਰੀ ਕਬਰ ਪੁਟਵਾਈ ਤਾਂ ਥੱਲੇ ਤੋਂ ਪੀਰ ਦੀਆਂ ਹੱਡੀਆਂ ਕਢਵਾ ਲਈਆਂ। ਉਨ੍ਹਾਂ ਹੱਡੀਆਂ ਨੂੰ ਫਿਰ ਲੱਕੜਾਂ ਲੈ ਕੇ ਅੱਗ ਵਿਚ ਸਾੜ ਦਿੱਤਾ। ਫਿਰ ਸਾਰੇ ਮਸੀਤ ਨੂੰ ਢਾਹੁਣ ਲੱਗੇ॥ ੪੦॥

ਢਾਹਿ ਕੀਨਿ ਮੈਦਾਨ ਸਥਾਨ। ਜੁਤਿ ਅਜ਼ਮਤ ਕੇ ਕੀਨਿ ਵਿਰਾਨ।
ਗੁਰੂ ਕਹਜੋ ਪਲਟਾ ਸੋ ਲੀਨਿ। ਸਹਿਤ ਪੀਰ ਪੁਰਿ ਨਰ ਤੇ ਹੀਨ॥ ੪੧॥

ਮਸੀਤ ਢਾਹ ਕੇ ਮੈਦਾਨ ਵਰਗਾ ਸਥਾਨ ਬਣਾ ਦਿੱਤਾ, ਕਰਾਮਾਤ ਸਹਿਤ ਉਹ ਵੈਰਾਨ ਕਰ ਦਿੱਤੀ। ਗੁਰੂ ਜੀ ਨੇ ਜੋ ਕਿਹਾ ਸੀ, ਉਹ ਬਦਲਾ ਅਸੀਂ ਲੈ ਲਿਆ ਹੈ। ਪੀਰ ਸਹਿਤ ਨਗਰ ਨੂੰ ਮਨੁੱਖਾਂ ਰਹਿਤ ਕਰ ਦਿੱਤਾ ਹੈ॥ ੪੧॥

ਕਈ ਹਜ਼ਾਰ ਜੁਰਜੋ ਦਲ ਆਇ। ਸ਼ਸਤ੍ਰ ਤੁਰੰਗ ਤੋਪ ਸਮੁਦਾਇ।
ਪਰੀ ਧਾਂਕ ਕੰਪਜੋ ਤੁਰਕਾਨਾ। ਸੁਨਿ ਸੁਨਿ ਸਭਿ ਕੇ ਧੀਰਜ ਹਾਨਾ॥ ੪੨॥

ਕਈ ਹਜ਼ਾਰ ਦਲ ਆ ਕੇ ਜੁੜ ਗਿਆ। ਸ਼ਸਤਰ, ਬੰਦੂਕਾਂ ਅਤੇ ਤੋਪਾਂ ਇਕੱਠੀਆਂ ਹੋ ਗਈਆਂ ਸਨ। ਸਾਰੇ ਧਾਂਕ ਪੈ ਗਈ ਤੇ ਸਾਰਾ ਤੁਰਕਾਣਾ ਕੰਬ ਗਿਆ। ਅਜਿਹੀਆਂ ਕਹਾਣੀਆਂ ਸੁਣ-ਸੁਣ ਕੇ ਸਾਰਿਆਂ ਦਾ ਧੀਰਜ ਜਾਂਦਾ ਰਿਹਾ॥ ੪੨॥

'ਕੋ ਇਹ ਭਯੋ ਨ ਜਾਨਜੋਂ ਜਾਈ। ਨਹਿਂ ਕਿਸ ਥਲ ਕੋ ਰਾਜਾ ਰਾਈ।
ਔਚਕ ਪ੍ਰਗਟਜੋ ਦੇਸ਼ ਬਿਨਾਸ਼ਾ। ਕਜਾ ਸੁਧ, ਆਗੇ ਕਰਹਿ ਬਿਲਾਸਾ ॥ ੪੩॥

"ਕੌਣ ਇਹ ਹੋਇਆ ਹੈ ਇਹ ਜਾਣਿਆ ਨਹੀਂ ਜਾਂਦਾ ਹੈ, ਇਹ ਕਿਸੇ ਸਥਾਨ ਦਾ ਰਾਜਾ ਰਾਣਾ ਵੀ ਨਹੀਂ ਹੈ। ਅਚਾਨਕ ਪ੍ਰਗਟ ਹੋ ਕੇ ਦੇਸ਼ ਦਾ ਵਿਨਾਸ਼ ਕਰ ਰਿਹਾ ਹੈ। ਕੀ ਪਤਾ ਹੈ ਅੱਗੇ ਕੈਸੇ ਕੌਤਕ ਕਰਦਾ ਹੈ"॥ ੪੩॥

*ਦੂਸਰੇ ਐਨ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥ ੮॥*

## ਅਧਿਆਇ ਨੌਵਾਂ

### ਵਜ਼ੀਰ ਖਾਂ ਨਾਲ ਮੁਕਾਬਲਾ

ਦੋਹਰਾ- ਇਸ ਬਿਧਿ ਕਰਜੋ ਉਜਾਰ ਪੁਰਿ ਤੁਰਕਾਨਾ ਸੰਘਾਰਿ।
ਭਯੋ ਮਹਾਂ ਦਲ ਆਨਿ ਤਬਿ ਕੀਨਹੁ ਕੂਚ ਬਿਚਾਰ॥ ੧॥

ਤੁਰਕਾਂ ਦੇ ਨਗਰ ਨੂੰ ਮਾਰ ਕੇ ਇਸ ਪ੍ਰਕਾਰ ਉਜਾੜ ਬਣਾ ਦਿੱਤਾ। ਫਿਰ ਬਹੁਤ ਵੱਡਾ ਮਹਾਂ ਦਲ ਬਣ ਗਿਆ, ਤਦ ਕੂਚ ਕਰਨ ਦਾ ਵਿਚਾਰ ਬਣਾਇਆ॥ ੧॥

ਚੌਪਈ- ਸ਼ਹਿਰ ਸਮਾਣਾ ਬ੍ਰਿੰਦ ਪਠਾਨ। ਜੋ ਸਿਵਕਾ ਪਰ ਕਰਹਿਂ ਪਯਾਨ।
ਨਿਜ ਨਿਜ ਰਖੀ ਬਾਹਨੀ ਪਾਸ। ਬਿਬਿਧ ਬਿਧਿਨ ਬਹੁ ਬਿਲਸ ਬਿਸਾਲਾ ॥੨॥

ਸਮਾਣੇ ਸ਼ਹਿਰ ਵਿਚ ਬਹੁਤ ਪਠਾਣ ਰਹਿੰਦੇ ਸਨ, ਜਿਹੜੇ ਪਾਲਕੀਆਂ ਵਿਚ ਚੜ੍ਹ ਕੇ ਜਾਂਦੇ ਸਨ। ਹਰ ਇਕ ਨੇ ਆਪਣੇ ਪਾਸ ਸਵਾਰੀ ਰੱਖੀ ਸੀ। ਉਹ ਬਹੁਤ ਵਿਧੀਆਂ ਨਾਲ ਅਨੰਦ ਵਿਲਾਸ ਕਰਦੇ ਸਨ॥ ੨॥

ਸੁਨਿ ਕੈ ਧਨ ਗਨ ਅਰੁ ਤੁਰਕਾਨਾ। ਨਿਜ ਦਲ ਜੋਰਿ ਕੀਨਿ ਪ੍ਰਸਥਾਨਾ।
ਦੁੰਜਭਿ ਪੁੰਜ ਬਜਾਵਤਿ ਚਾਲੇ। ਇਤ ਉਤ ਲੂਟਤਿ ਜਾਤਿ ਉਤਾਲੇ॥ ੩॥

ਇਹ ਸੁਣ ਕੇ ਕਿ ਉਨ੍ਹਾਂ ਤੁਰਕਾਂ ਪਾਸ ਬਹੁਤ ਧਨ ਦੌਲਤ ਹੈ ਤਾਂ ਬਾਬਾ ਬੰਦਾ ਸਿੰਘ ਆਪਣਾ ਦਲ ਇਕੱਠਾ ਕਰਕੇ ਚਲ ਪਿਆ। ਬਹੁਤ ਨਗਾਰੇ ਵਜਾਉਂਦੇ ਚਲ ਪਏ। ਏਧਰ ਓਧਰ ਉਤਾਵਲੇ ਹੋ ਕੇ ਲੁੱਟਦੇ ਜਾਂਦੇ ਸਨ॥ ੩॥

ਉਡੀ ਗਰਦ ਛਾਦਯੋ ਅਸਮਾਨਾ। ਤੋਪ ਤੁਪਕ ਗਨ ਸ਼ਬਦ ਮਹਾਨਾ।
ਰੌਰਾ ਪਰਯੋ ਦੇਸ਼ ਭਯ ਮਾਨੇ। ਭਾਜ ਚਲੇ ਜਿਮ ਪਾਤ ਪੁਰਾਨੇ॥ ੪॥

ਘੱਟਾ ਉਡ ਕੇ ਆਸਮਾਨ ਢੱਕਿਆ ਗਿਆ। ਤੋਪਾਂ ਬੰਦੂਕਾਂ ਦੀ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ। ਏਨਾ ਰੌਲਾ ਪਿਆ ਕਿ ਸਾਰਾ ਦੇਸ਼ ਡਰ ਮੰਨਦਾ ਸੀ, ਸਾਰੇ ਇਸ ਤਰ੍ਹਾਂ ਭੱਜ ਚਲੇ ਜਿਵੇਂ ਪੁਰਾਣੇ ਪੱਤੇ ਹੁੰਦੇ ਹਨ॥ ੪॥

ਕਰੇ ਕੂਚ ਦਰ ਕੂਚ ਸਿਧਾਰੇ। ਤੁਰਤ ਪਠਾਨ ਆਨਿ ਲਲਕਾਰੇ।
'ਜਜੌਂ ਕਜੌਂ ਕਰਿ ਮੈਂ ਸਰਬ ਸੰਘਰਿਹੌਂ। ਕਹਾਂ ਪਲਾਵੋ ਘੇਰਤਿ ਧਰਿ ਹੌਂ' ॥੫॥

ਬਾਬਾ ਬੰਦਾ ਸਿੰਘ ਕੂਚ ਦਰ ਕੂਚ ਕਰਦੇ ਚਲੇ ਗਏ ਤੇ ਤੁਰਤ ਆ ਕੇ ਪਠਾਣਾਂ ਨੂੰ ਲਲਕਾਰਿਆ, "ਜਿਵੇਂ ਕਿਵੇਂ ਕਰਕੇ ਮੈਂ ਸਾਰਿਆਂ ਨੂੰ ਮਾਰ ਦੇਵਾਂਗਾ, ਕਿੱਥੇ ਭੱਜ ਜਾਵੋਗੇ ਮੈਂ ਘੇਰਾ ਪਾ ਲਵਾਂਗਾ"॥ ੫॥

ਸਹਿ ਨ ਸਕੇ ਸਭਿ ਚਢੇ ਪਠਾਨ। ਲਸ਼ਕਰ ਅਪਨੋ ਜੋਰਿ ਮਹਾਨ।
ਰਣ ਮੁਕਾਬਲਾ ਸਨਮੁਖ ਹੋਵਾ। ਦੁਇ ਦਿਸ਼ਿ ਜੰਗ ਘਨੋ ਹੁਇ ਜੋਵਾ॥ ੬॥

ਪਠਾਣ ਸਹਿ ਨਾ ਸਕੇ ਤੇ ਆਪਣਾ ਮਹਾਨ ਲਸ਼ਕਰ ਜੋੜ ਕੇ ਸਾਰੇ ਚੜ੍ਹਾਈ ਕਰਕੇ ਆ ਗਏ। ਰਣਖੇਤਰ ਵਿਚ ਦੋਵਾਂ ਦਲਾਂ ਦਾ ਆਹਮੋ ਸਾਹਮਣੇ ਮੁਕਾਬਲਾ ਹੋਇਆ। ਦੋਵੀਂ ਪਾਸੀਂ ਬਹੁਤ ਵੱਡਾ ਜੰਗ ਹੋਇਆ ਵੇਖਿਆ॥ ੬॥

ਤੋਪ ਤੁਫੰਗੈਂ ਛੂਟਨਿ ਲਾਗੀ। ਕੜਕੀ ਮਨਹੁੰ ਕਾਲਕਾ ਜਾਗੀ।
ਬਰਖਹਿਂ ਗੋਰਾ ਅਰੁ ਗਨ ਗੋਰੀ। ਧੂਮ ਧਾਮ ਪਸਰੀ ਚਹੁੰ ਓਰੀ॥ ੭॥

ਤੋਪਾਂ ਬੰਦੂਕਾਂ ਚਲਣ ਲੱਗੀਆਂ, ਉਹ ਇਸ ਤਰ੍ਹਾਂ ਕੜਕੀਆਂ ਮਾਨੋ ਕਾਲਕਾ ਜਾਗ ਪਈ ਹੋਵੇ। ਗੋਲੇ ਅਤੇ ਗੋਲੀਆਂ ਬਹੁਤ ਵਰਖਾ ਕਰ ਰਹੀਆਂ ਸਨ। ਚਾਰੇ ਪਾਸੇ ਵੱਡੀ ਧੂਮ ਫੈਲ ਗਈ॥ ੭॥

ਧੁਖਹਿ ਪਲੀਤੇ ਉਠਹਿਂ ਅਵਾਜਾ। ਭੈਰਵ ਭੈਰਵ ਹੁਇ ਕਰਿ ਗਾਜਾ।
ਭੂਤ ਪ੍ਰੇਤ ਨਾਚਤਿ ਅਰੁ ਗਾਵਤਿ। ਰੁਧਰ ਪਿਯਤਿ ਜੋਗਨਿ ਕਿਲਕਾਵਤਿ॥ ੮॥

ਪਲੀਤੇ ਧੁਖਦੇ ਸਨ ਤੇ ਅਵਾਜ਼ਾਂ ਉਠਦੀਆਂ ਸਨ, ਮਾਨੋ ਭੈਰੋਂ ਭਿਆਨਕ ਹੋ ਕੇ ਗੱਜਿਆ ਹੋਵੇ। ਭੂਤ ਪ੍ਰੇਤ ਨੱਚਦੇ ਅਤੇ ਗਾਉਂਦੇ ਸਨ। ਲਹੂ ਪੀਣੀਆਂ ਜੋਗਨੀਆਂ ਕਿਲਕਾਰੇ ਮਾਰਦੀਆਂ ਸਨ॥ ੮॥

ਐਸੋ ਪਰਯੋ ਅਧਿਕ ਘਮਸਾਨਾ। ਲੋਥ ਪੋਥਨਾ ਭਈ ਮਹਾਨਾ।
ਚੀਕਤਿ ਚੁੰਚ ਚਾਂਵਡਾ ਭਰਿ ਭਰਿ। ਬਾਇਸ ਖਾਇਂ ਮਾਸ ਮਦ ਭਰਿ ਕਰਿ॥ ੯॥

ਐਸਾ ਵੱਡਾ ਘਮਸਾਨ ਹੋਇਆ, ਮਹਾਨ ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ। ਗਿੱਰਝਾਂ ਚੁੰਝਾਂ ਭਰ ਭਰ ਕੇ ਚੀਕਦੀਆਂ ਸਨ। ਗਿੱਦੜ ਖੁਸ਼ੀ ਨਾਲ ਭਰ ਕੇ ਮਨੁੱਖਾਂ ਦਾ ਮਾਸ ਖਾ ਰਹੇ ਸਨ॥ ੯॥

ਕੂਕ ਕੂਕ ਕੂਕਰ ਗੋਮਾਇ। ਸ਼੍ਰੋਣਤ ਆਮਿਖ ਕੋ ਬਹੁ ਖਾਇਂ।
ਭਯੋ ਭਯੰਕਰ ਭੀਰੂ ਭੂਰ। ਛੋਰਿ ਛੋਰਿ ਕਰਿ ਸਰਬ ਗ਼ਰੂਰ॥ ੧੦॥

ਕੁੱਤੇ ਅਤੇ ਗਿੱਦੜ ਭੌਂਕਦੇ ਫਿਰਦੇ ਸਨ, ਲਹੂ ਮਾਸ ਨੂੰ ਬਹੁਤ ਖਾਂਦੇ ਸਨ। ਕਾਇਰਾਂ ਵਾਸਤੇ ਇਹ ਸਮਾਂ ਬਹੁਤ ਭਿਆਨਕ ਹੋ ਗਿਆ। ਉਨ੍ਹਾਂ ਨੇ ਸਭ ਪ੍ਰਕਾਰ ਦੇ ਗ਼ਰੂਰ ਅਤੇ ਘੁਮੰਡ ਤਿਆਗ ਦਿੱਤੇ॥ ੧੦॥

ਕਹਿਂ ਲਗ ਬਰਨੌਂ ਜੰਗ ਬਿਸਾਲਾ। ਮਾਰੇ ਪਰੇ ਪਠਾਨ ਕਰਾਲਾ।
ਅਰਹਿ ਲਰਾਈ ਹੇਰਹਿ ਬੰਦਾ। ਗੁਰ ਸਰ ਕੋ ਸੰਭਾਰਿ ਬਿਲੰਦਾ॥ ੧੧॥

ਇਸ ਵਿਸ਼ਾਲ ਜੰਗ ਦਾ ਕਿਥੋਂ ਤਕ ਹਾਲ ਵਰਣਨ ਕਰਾਂ, ਵਿਕਰਾਲ ਪਠਾਣ ਮਾਰੇ ਪਏ ਸਨ। ਜਦੋਂ ਵੀ ਬਾਬਾ ਬੰਦਾ ਸਿੰਘ ਇਹ ਵੇਖੇ ਕਿ ਲੜਾਈ ਵਿਚ ਅੜ ਪੈ ਗਈ ਹੈ ਤਾਂ ਗੁਰੂ ਜੀ ਦੇ ਤੀਰ ਨੂੰ ਚੰਗੀ ਤਰ੍ਹਾਂ ਸੰਭਾਲਦਾ ਸੀ॥ ੧੧॥

ਰਿਪੁ ਲਸ਼ਕਰ ਕੇ ਐਂਚਹਿ ਸਨਮੁਖ। ਬਿਨਾ ਪ੍ਰਹਾਰ ਹੋਤਿ ਗਨ ਬੇਮੁਖ।
ਇਸੀ ਰੀਤਿ ਦੁਰਗ ਜੁ ਅਰਿ ਜਾਇ। ਤਹਿਂ ਸਰ ਐਂਚਹਿ ਦ੍ਰਿਸ਼ਟਿ ਲਗਾਇ॥੧੨॥

ਵੈਰੀ ਦੇ ਸਾਹਮਣੇ ਹੋ ਕੇ ਤੀਰ ਨੂੰ ਖਿੱਚਦਾ ਸੀ ਤਾਂ ਗੁਰੂ ਜੀ ਤੋਂ ਬੇਮੁਖ ਸਮੂਹਾਂ ਦਾ ਬਿਨਾਂ ਮਾਰੇ ਨਾਸ਼ ਹੋ ਜਾਂਦਾ ਸੀ। ਇਸੇ ਰੀਤੀ ਨਾਲ ਕਿਲ੍ਹਾ ਜਿਹੜਾ ਅੜ ਜਾਂਦਾ ਸੀ, ਉਥੇ ਵੀ ਬਾਬਾ ਬੰਦਾ ਸਿੰਘ ਨਜ਼ਰ ਲਾ ਕੇ ਗੁਰੂ ਜੀ ਦਾ ਤੀਰ ਖਿੱਚਦਾ ਸੀ॥ ੧੨॥

ਛੂਟਿ ਜਾਇ, ਨਹਿਂ ਰਹੈ ਮਵਾਸੀ। ਜੇ ਲਸ਼ਕਰ ਅਰਿ ਹੋਹਿ ਬਿਨਾਸ਼ੀ।
ਸਰ ਮਹਿਂ ਕਰਾਮਾਤ ਇਸ ਭਾਂਤਿ। ਨਹਿਂ ਠਹਿਰਹਿ ਸ਼ੱਤ੍ਰੂ ਹੁਇ ਘਾਤ॥੧੩॥

ਤੀਰ ਚਲ ਜਾਣ ਨਾਲ ਫਿਰ ਕੋਈ ਵੀ ਪਨਾਹ ਵਿਚ ਲੁਕ ਕੇ ਨਹੀਂ ਸੀ ਰਹਿੰਦਾ, ਜਿਹੜਾ ਵੀ ਲਸ਼ਕਰ ਅੜਦਾ ਹੈ, ਉਹ ਨਾਸ਼ ਹੋ ਜਾਂਦਾ ਹੈ। ਗੁਰੂ ਜੀ ਦੇ ਤੀਰ ਵਿਚ ਇਸ ਪ੍ਰਕਾਰ ਦੀ ਕਰਾਮਾਤ ਹੈ ਕਿ ਵੈਰੀ ਅੱਗੇ ਠਹਿਰਦਾ ਨਹੀਂ ਸੀ, ਮਾਰਿਆ ਜਾਂਦਾ ਸੀ॥ ੧੩॥

ਲੂਟ ਕੂਟ ਕਰਿ ਸ਼ਹਿਰ ਸਮਾਨਾ। ਬਲੀ ਪਠਾਨਨ ਕੋ ਕਰਿ ਹਾਨਾ।
ਤੁਰਕਾਨੀ ਬਹੁ ਗਹਿ ਗਹਿ ਆਨੀ। ਨੀਚਨ ਭੋਗੀ ਰਾਖਨਿ ਠਾਨੀ॥ ੧੪॥

ਸਮਾਣੇ ਸ਼ਹਿਰ ਨੂੰ ਲੁੱਟ ਕੁੱਟ ਕੇ ਅਤੇ ਬਲਵਾਨ ਪਠਾਣਾਂ ਨੂੰ ਖਤਮ ਕਰਕੇ, ਬਹੁਤ ਤੁਰਕਾਣੀਆਂ ਫੜ ਫੜ ਕੇ ਲਿਆਂਦੀਆਂ। ਨੀਚ ਜਾਤੀ ਵਾਲਿਆਂ ਨੇ ਭੋਗਣ ਵਾਸਤੇ ਰੱਖ ਲਈਆਂ ਸਨ॥ ੧੪॥

ਪਸਰਯੋ ਦਲ ਲੂਟਯੋ ਸਭਿ ਦੇਸ਼। ਜੰਗਲ ਭਰ ਜਾਂਗੁਲਕ ਵਿਸ਼ੇਸ਼।
ਸਭਿ ਪੁਆਧ ਕੋ ਲੂਟਿ ਉਜਾਰਾ। ਠੌਰ ਠੌਰ ਰੌਰਾ ਪਰਿ ਭਾਰਾ॥ ੧੫॥

ਬਾਬਾ ਬੰਦਾ ਸਿੰਘ ਦਾ ਦਲ ਸਾਰੇ ਫੈਲ ਗਿਆ ਤੇ ਸਾਰਾ ਦੇਸ਼ ਲੁੱਟ ਲਿਆ। ਸਾਰਾ ਮਾਲਵਾ ਲੁੱਟ ਲਿਆ, ਪਰ ਛੋਟਾ ਮਾਲਵਾ ਭਾਵ ਸਮਾਣੇ ਦਾ ਇਲਾਕਾ ਵਿਸ਼ੇਸ਼ ਕਰਕੇ ਲੁੱਟਿਆ। ਪੁਆਧ ਦੇ ਸਾਰੇ ਇਲਾਕੇ ਨੂੰ ਲੁੱਟ ਕੇ ਉਜਾੜ ਦਿੱਤਾ, ਥਾਂ-ਥਾਂ ਬਹੁਤ ਭਾਰੀ ਰੌਲਾ ਪੈ ਗਿਆ॥ ੧੫॥

ਗੁਰ ਬਰਜਯੋ ਮਾਰੀ ਨ ਸੁਨਾਮ। ਰਹੈ ਸਾਧ ਮੂਲਾ ਜਿਸ ਨਾਮ।
ਦੇਸ਼ ਬਿਦੇਸ਼ ਬਿਖੈ ਸਮੁਦਾਏ। ਹੁਤੇ ਸਿੰਘ ਜੋ ਸੁਨਿ ਸੁਨਿ ਆਏ॥ ੧੬॥

ਜਿਵੇਂ ਗੁਰੂ ਜੀ ਨੇ ਵਰਜਿਆ ਸੀ, ਸੁਨਾਮ ਨੂੰ ਨਾ ਮਾਰਿਆ, ਜਿਥੇ ਮੂਲਾ ਨਾਮ ਦਾ ਸਾਧ ਰਹਿੰਦਾ ਸੀ। ਦੇਸ਼ਾਂ ਵਿਦੇਸ਼ਾਂ ਵਿਚ ਵੀ ਜਿਹੜੇ ਸਿੰਘ ਰਹਿੰਦੇ ਸਨ ਉਹ ਸਾਰੇ ਸੁਣ ਸੁਣ ਕੇ ਆਏ॥ ੧੬॥

'ਭਯੋ ਹਮਨ ਕੋ ਦਲ ਬਲ ਭਾਰਾ। ਮਾਰ ਲੂਟ ਬਿਨ ਅਵਰ ਨ ਕਾਰਾ।
ਫਿਟਕੀ ਪੁਰੀ ਸਿਰੰਦ ਬਿਸਾਲੀ। ਤਿਸ ਕੋ ਮਾਰਨ ਜਹੈਂ ਉਤਾਲੀ'॥ ੧੭॥

"ਸਾਡੇ ਖਾਲਸੇ ਦਾ ਬਹੁਤ ਭਾਰੀ ਬਲ ਅਤੇ ਦਲ ਹੋਇਆ ਹੈ, ਲੁੱਟ ਮਾਰ ਤੋਂ ਬਗੈਰ ਹੋਰ ਕੋਈ ਕੰਮ ਨਹੀਂ ਹੈ। ਸਿਰਹੰਦ ਦੀ ਨਗਰੀ ਬਹੁਤ ਫਿਟਕਾਰੀ ਹੋਈ ਹੈ। ਉਸ ਨੂੰ ਬੜੇ ਉਤਾਵਲੇ ਹੋ ਕੇ ਮਾਰਨ ਜਾਵਾਂਗੇ" ॥ ੧੭॥

ਬਸਹਿ ਬਜ਼ੀਦਖਾਨ ਜਹਿਂ ਪਾਪੀ। ਸਾਹਿਬਜ਼ਾਦਨਿ ਕੋ ਸੰਤਾਪੀ।
ਤਿਸ ਹਤਿਬੇ ਨਿਜ ਹਾਥਨਿ ਲਾਲਸ। ਬੰਦਾ ਭਯੋ ਸੁਚੇਤ ਅਨਾਲਸ॥ ੧੮ ॥

ਜਿੱਥੇ ਪਾਪੀ ਬਜੀਦ ਖਾਨ ਰਹਿੰਦਾ ਹੈ, ਜਿਸ ਨੇ ਸਾਹਿਬਜ਼ਾਦਿਆਂ ਨੂੰ ਬਹੁਤ ਦੁਖ ਦੇ ਕੇ ਸ਼ਹੀਦ ਕੀਤਾ ਸੀ। ਉਸ ਨੂੰ ਆਪਣੇ ਹੱਥਾਂ ਨਾਲ ਮਾਰਨ ਦੀ ਲਾਲਸਾ ਹੈ, ਬਾਬਾ ਬੰਦਾ ਸਿੰਘ ਆਲਸ ਛੱਡ ਕੇ ਸਾਵਧਾਨ ਹੋ ਗਿਆ॥ ੧੮॥

ਨਿਸ ਦਿਨ ਉੱਦਮ ਕਰਤੇ ਰਹੈ। ਗੁਰ ਕੋ ਪਲਟਾ ਲੈਬੇ ਚਹੈ।
ਤ੍ਰਾਸ ਮਾਨਿ ਕਰਿ ਪੁਰਿਜਨ ਸਾਰੇ। ਨਿਜ ਸੂਬੇ ਕੇ ਨਿਕਟ ਸਿਧਾਰੇ॥ ੧੯ ॥

ਦਿਨ ਰਾਤ ਉੱਦਮ ਕਰਦਾ ਰਹਿੰਦਾ ਸੀ, ਗੁਰੂ ਜੀ ਦਾ ਬਦਲਾ ਲੈਣਾ ਚਾਹੁੰਦੇ ਸਨ। ਨਗਰ ਦੇ ਸਾਰੇ ਵਸਨੀਕ ਡਰ ਮੰਨ ਕੇ ਆਪ ਸੂਬੇ ਦੇ ਪਾਸ ਫਰਿਆਦ ਕਰਨ ਵਾਸਤੇ ਗਏ॥ ੧੯॥

ਪਰਜੋ ਫਤੂਰ ਦੇਸ਼ ਮਹਿਂ ਭਾਰਾ। ਗੁਰ ਸੁਤ ਹਤੇ ਨ ਤਨਕ ਬਿਚਾਰਾ।
ਤਿਸ ਅਘ ਕੋ ਫਲ ਅਬਿ ਪ੍ਰਗਟਾਯੋ। ਲਾਖਹੁਂ ਲੋਕਨ ਬਹੁ ਦੁਖ ਪਾਯੋ॥੨੦॥

ਉਹ ਕਹਿਣ ਲੱਗੇ, "ਦੇਸ਼ ਵਿਚ ਭਾਰੀ ਫਤੂਰ ਪੈ ਗਿਆ ਹੈ, ਗੁਰੂ ਜੀ ਦੇ ਪੁੱਤਰ ਮਾਰਦੇ ਸਮੇਂ ਰਤੀ ਭਰ ਵੀ ਤੁਸੀਂ ਵਿਚਾਰ ਨਹੀਂ ਸੀ ਕੀਤੀ। ਉਸ ਪਾਪ ਦਾ ਫਲ ਹੁਣ ਪ੍ਰਗਟ ਹੋਇਆ ਹੈ। ਲੱਖਾਂ ਲੋਕਾਂ ਨੇ ਬਹੁਤ ਦੁਖ ਪਾਇਆ ਹੈ॥ ੨੦॥

ਸਾਵਧਾਨ ਹੁਇ ਰੋਕਿ ਅਗਾਰੀ। ਲਸ਼ਕਰ ਕਰੋ ਬਟੋਰਨਿ ਭਾਰੀ।
ਲਰੇ ਘਨੇ ਪਰ ਅਰੇ ਨ ਕੋਈ। ਗੁਰ ਦਲ ਪ੍ਰਬਲ ਭਯੋ ਅਤਿ ਸੋਈ' ॥ ੨੧ ॥

ਹੁਣ ਸਾਵਧਾਨ ਹੋ ਕੇ ਅੱਗੇ ਜਾ ਕੇ ਰੋਕੋ ਤੇ ਬਹੁਤ ਭਾਰੀ ਲਸ਼ਕਰ ਇਕੱਠਾ ਕਰੋ। ਉਨ੍ਹਾਂ ਨਾਲ ਬਹੁਤ ਹਾਕਮਾਂ ਨੇ ਯੁੱਧ ਕੀਤਾ ਹੈ ਪਰ ਅੱਗੇ ਕੋਈ ਨਹੀਂ ਅੜਿਆ ਹੈ। ਗੁਰੂ ਦਲ ਬਹੁਤ ਬਲਵਾਨ ਹੋ ਗਿਆ ਹੈ" ॥ ੨੧॥

ਸੁਨਤਿ ਵਜ਼ੀਦ ਖਾਨ ਹੰਕਾਰੀ। ਪੁਰਿਜਨ ਸਨ ਬਹੁ ਧੀਰ ਉਚਾਰੀ।
'ਜਬਿ ਲੌ ਮੇਰੇ ਹਾਥ ਨ ਹੇਰੇ। ਤਬਿ ਲੌ ਸੈਨਾ ਮਿਲੀ ਬਡੇਰੇ॥ ੨੨ ॥

ਹੰਕਾਰੀ ਵਜੀਦ ਖਾਨ ਨੇ ਨਗਰ ਦੇ ਲੋਕਾਂ ਪਾਸੋਂ ਬੇਨਤੀ ਸੁਣ ਕੇ ਉਨ੍ਹਾਂ ਨੂੰ ਧੀਰਜ ਦੇਣ ਵਾਸਤੇ ਉਚਾਰਨ ਕੀਤਾ, "ਜਦ ਤਕ ਮੇਰੇ ਹੱਥ ਨਹੀਂ ਵੇਖੇ ਹਨ, ਤਦ ਤਕ ਵੱਡੀ ਸੈਨਾ ਮਿਲ ਕੇ ਇਕੱਠੀ ਹੋਈ ਹੈ॥ ੨੨॥

ਹਤੌਂ ਜਾਇ ਜਬਿ ਏਕ ਲਰਾਈ। ਮਿਲੇ ਜਿ ਨਰ ਨਹਿਂ ਪਰਹਿਂ ਦਿਖਾਈ।
ਏਕ ਏਕ ਕਰਿ ਮਾਰਿ ਬਿਦਾਰੌਂ। ਅਰੈ ਕੌਨ ਅਸ ਨਹੀਂ ਨਿਹਾਰੌਂ' ॥ ੨੩ ॥

ਜਦ ਇਕ ਲੜਾਈ ਵਿਚ ਜਾ ਕੇ ਮਾਰ ਦੇਵਾਂਗਾ ਤਾਂ ਜਿਹੜੇ ਮਨੁੱਖ ਮਿਲ ਕੇ ਇਕੱਠੇ ਹੋਏ ਹਨ, ਉਨ੍ਹਾਂ ਵਿਚੋਂ ਇਕ ਵੀ ਵਿਖਾਈ ਨਹੀਂ ਦੇਵੇਗਾ। ਇਕ-ਇਕ ਕਰਕੇ ਮਾਰ ਦੇਵਾਂਗਾ, ਮੇਰੇ ਅੱਗੇ ਕੌਣ ਅੜ ਸਕਦਾ ਹੈ, ਐਸਾ ਕੋਈ ਨਹੀਂ ਵੇਖਦਾ ਹਾਂ" ॥ ੨੩॥

ਇਮ ਕਹਿ ਨਿਜ ਕਰਿਵਾਯਸਿ ਤਯਾਰੀ। ਹਯਨਿ ਹਜ਼ਾਰਹੁਂ ਪਾਖਰ ਡਾਰੀ।
ਲਵਪੁਰਿ ਆਦਿ ਜਿ ਲਸ਼ਕਰ ਅਹੇ। ਸਕਲ ਬਟੋਰਿ ਅਨਾਵਨ ਚਹੇ॥ ੨੪ ॥

ਇਸ ਪ੍ਰਕਾਰ ਕਹਿ ਕੇ ਆਪਣੀ ਤਿਆਰੀ ਕਰਵਾਈ, ਹਜ਼ਾਰਾਂ ਘੋੜਿਆਂ ਉੱਪਰ ਕਾਠੀਆਂ ਪਵਾਈਆਂ। ਲਾਹੌਰ ਆਦਿ ਜਿਹੜੇ ਲਸ਼ਕਰ ਰਹਿੰਦੇ ਸਨ, ਸਾਰਿਆਂ ਨੂੰ ਇਕੱਠੇ ਕਰਕੇ ਮੰਗਵਾਉਣਾ ਚਾਹੁੰਦਾ ਸੀ॥ ੨੪॥

ਦੁੰਦਭਿ ਬਜਤਿ ਸੈਂਕਰੇ ਆਏ। ਜਿਮ ਜਲਨਿਧਿ ਕੋ ਜਲ ਫੈਲਾਏ।
ਪੁਰਿ ਸਿਰੰਦ ਕੇ ਚਹੁੰ ਦਿਸ਼ਿ ਡੇਰੇ। ਗਜ ਬਾਜੀ ਜੁਤਿ ਸੁਭਟ ਘਨੇਰੇ॥ ੨੫॥

ਨਗਾਰੇ ਵਜਦਿਆਂ ਸੈਂਕੜੇ ਦਲ ਆਏ, ਜਿਵੇਂ ਸਾਗਰ ਦਾ ਜਲ ਉੱਪਰ ਵਲ ਫੈਲਦਾ ਹੈ। ਸਿਰਹੰਦ ਨਗਰੀ ਦੇ ਚਾਰੇ ਪਾਸੇ ਡੇਰੇ ਲਾ ਦਿੱਤੇ, ਹਾਥੀ, ਘੋੜਿਆਂ ਸਹਿਤ ਬਹੁਤ ਸੂਰਬੀਰ ਸਨ॥ ੨੫॥

ਬੰਦੇ ਕੀ ਸੁਧਿ ਲੈ ਕਰਿ ਚਢਜੋ। ਚਮੂੰ ਬਿਲੋਕਿ ਗਰਬ ਉਰ ਬਢਜੋ।
ਅਲਪ ਮਜ਼ਲ ਤੇ ਚਲਤਿ ਅਗਾਰੀ। ਸੁਨਹਿ ਹਤਸੁ ਤੁਰਕਾਨਾ ਭਾਰੀ॥ ੨੬॥

ਬਾਬਾ ਬੰਦਾ ਸਿੰਘ ਦੀ ਖ਼ਬਰ ਸੁਣ ਕੇ ਚੜ੍ਹਾਈ ਕਰ ਦਿੱਤੀ, ਆਪਣੀ ਵੱਡੀ ਸੈਨਾ ਨੂੰ ਵੇਖ ਕੇ ਦਿਲ ਵਿਚ ਬੜਾ ਹੰਕਾਰ ਵਧਿਆ। ਥੋੜੀ ਮੰਜ਼ਲ ਤੇ ਅੱਗੇ ਚਲ ਕੇ ਗਿਆ ਤੇ ਤੁਰਕਾਂ ਦੇ ਭਾਰੀ ਗਿਣਤੀ ਵਿਚ ਮਾਰੇ ਜਾਣ ਬਾਰੇ ਸੁਣਿਆ॥ ੨੬॥

ਇਤ ਇਹ ਲੂਟ ਕੂਟ ਬਹੁ ਦੇਸ਼। ਪੁਰਿ ਗ੍ਰਾਮਨਿ ਚਲਿ ਨਵੇਂ ਹਮੇਸ਼।
ਕਿਤਹੁੰ ਉਜਾਰਤਿ ਕਿਤ ਅਪਨਾਵੈ। ਅੰਨ ਬਸਨ ਬਾਸਨਿ ਧਨ ਲਜਾਵੈਂ॥੨੭॥

ਏਧਰ ਇਸ ਨੇ ਬਹੁਤ ਦੇਸ਼ ਲੁੱਟੇ ਅਤੇ ਕੁੱਟੇ ਹਨ, ਨਵੇਂ ਨਗਰਾਂ ਅਤੇ ਪਿੰਡਾਂ ਵੱਲ ਹਮੇਸ਼ਾਂ ਚਲ ਕੇ ਜਾਂਦਾ ਹੈ। ਕਿਸੇ ਨੂੰ ਉਜਾੜ ਦਿੰਦਾ ਹੈ ਤੇ ਕਿਸੇ ਨੂੰ ਆਪਣਾ ਬਣਾ ਲੈਂਦਾ ਹੈ, ਅਨਾਜ, ਵਸਤਰ, ਬਰਤਨ ਅਤੇ ਧਨ ਲੁੱਟ ਕੇ ਲਿਆਉਂਦੇ ਹਨ॥ ੨੭॥

ਉਤਰਹਿਂ ਨਹੀਂ ਕਹੂੰ ਬਿਨ ਜੰਗ। ਆਯੁਧ ਧਰੇ ਰਹੈਂ ਸਰਬੰਗ।
ਬੰਦੇ ਸੁਨਜੋਂ ਸਿਰੰਦ ਪਤਿ ਆਯੋ। ਲਸ਼ਕਰ ਲੈ ਤਹਿਂ ਤਹਿਂ ਤੇ ਨਿਕਸਾਯੋ॥੨੮॥

ਕਿਤੇ ਵੀ ਜੰਗ ਤੋਂ ਬਗੈਰ ਉਤਾਰਾ ਨਹੀਂ ਕਰਦੇ ਹਨ, ਸਾਰੇ ਅੰਗਾਂ ਉੱਪਰ ਹਥਿਆਰ ਧਾਰ ਕੇ ਰੱਖਦੇ ਹਨ। ਜਦ ਬੰਦਾ ਸਿੰਘ ਨੇ ਸੁਣਿਆ ਕਿ ਸਿਰਹੰਦ ਦਾ ਸੂਬਾ ਚੜ੍ਹਾਈ ਕਰਕੇ ਆਇਆ ਹੈ, ਆਪਣਾ ਲਸ਼ਕਰ ਲੈ ਕੇ ਉਹ ਸਿਰਹੰਦ ਵਿਚੋਂ ਬਾਹਰ ਨਿਕਲ ਆਇਆ ਹੈ॥ ੨੮॥

ਹਿਤ ਮਾਰਨ ਕਰਿ ਚੌਂਪ ਬਿਸਾਲਾ। ਚਢਿ ਇਤ ਤੇ ਪੁਰਿ ਲੂਟਿ ਅੰਬਾਲਾ।
ਦੀਰਘ ਅਲਪ ਗ੍ਰਾਮ ਕੈ ਨਗਰੀ। ਛੀਨੇ ਬਸਤੁ ਉਜਾਰਹਿਂ ਸਗਰੀ॥ ੨੯॥

ਤਾਂ ਉਸ ਨੂੰ ਮਾਰਨ ਵਾਸਤੇ ਵਿਸ਼ਾਲ ਸ਼ੌਕ ਉਤਪੰਨ ਹੋਇਆ। ਏਧਰੋਂ ਚੜ੍ਹਾਈ ਕਰਕੇ ਫਿਰ ਅੰਬਾਲੇ ਸ਼ਹਿਰ ਨੂੰ ਲੁੱਟਿਆ। ਛੋਟੇ ਵੱਡੇ ਪਿੰਡ ਅਤੇ ਸ਼ਹਿਰ ਵਸਤਾਂ ਖੋਹ ਕੇ ਸਭ ਉਜਾੜ ਦਿੱਤੇ॥ ੨੯॥

ਸਮੁਖ ਤੁਰਕ ਕੇ ਕੂਚ ਕਰੰਤੇ। ਚਾਹਤਿ ਲਰਿਬੋ ਸ਼ਸਤ੍ਰ ਧਰੰਤੇ।
ਛਤ ਬਾਨੂੜ ਨਗਰ ਜਿਸ ਥਾਨਾ। ਤਹਿਂ ਮੁਕਾਬਲਾ ਦੋਨਹੁਂ ਠਾਨਾ॥ ੩੦॥

ਤੁਰਕ ਦੇ ਸਾਹਮਣੇ ਕੂਚ ਕਰਦੇ ਜਾ ਰਹੇ ਸਨ, ਉਸ ਨਾਲ ਯੁੱਧ ਕਰਨਾ ਚਾਹੁੰਦੇ ਸਨ, ਇਸ ਕਰਕੇ ਸ਼ਸਤਰ ਧਾਰਨ ਕਰਦੇ ਸਨ। ਜਿਸ ਥਾਂ ਛੱਤ ਬਨੂੜ ਨਗਰ ਹੈ, ਉਥੇ ਦੋਵਾਂ ਨੇ ਮੁਕਾਬਲਾ ਕਰਨਾ ਚਾਹਿਆ॥ ੩੦॥

ਇਤ ਗੁਰ ਦਲ ਉਤ ਲਸ਼ਕਰ ਆਵਾ। ਲਖਹੁਂ ਸੁਭਟਨ ਲਰਿਬੇ ਚਾਵਾ।
ਬੰਦਾ ਅਰੁ ਵਜ਼ੀਦ ਖਾਂ ਦੋਊ। ਜੈ ਅਭਿਲਾਖੀ ਹ੍ਵੈ ਕਰਿ ਸੋਊ॥ ੩੧॥

ਏਧਰ ਗੁਰੂ ਜੀ ਦਾ ਦਲ ਸੀ, ਉਧਰ ਤੁਰਕਾਂ ਦਾ ਲਸ਼ਕਰ ਸੀ, ਲੱਖਾਂ ਸੂਰਬੀਰ ਯੁੱਧ ਕਰਨਾ ਚਾਹੁੰਦੇ ਸਨ। ਬਾਬਾ ਬੰਦਾ ਸਿੰਘ ਅਤੇ ਵਜ਼ੀਦ ਖਾਨ ਦੋਵੇਂ, ਆਪਣੀ ਜਿੱਤ ਦੀ ਅਭਿਲਾਸ਼ਾ ਕਰਦੇ ਸਨ॥ ੩੧॥

ਨਿਸ ਮਹਿਂ ਬਜੋਂਤ ਲਰਨ ਕੋ ਕਰਿ ਕੈ। ਮਿਸਲ ਮਿਸਲ ਮਹਿਂ ਉਤਸਵ ਧਰਿ ਕੈ।
ਬਹੁ ਬਰੂਦ ਗੋਰੀ ਬਰਤਾਈ। ਆਪੋ ਅਪਨੀ ਕਰਿ ਤਕਰਾਈ॥ ੩੨॥

ਰਾਤ ਸਮੇਂ ਲੜਾਈ ਦੀ ਵਿਉਂਤ ਬਣਾ ਕੇ, ਹਰ ਮਿਸਲ-ਮਿਸਲ ਵਿਚ ਉਤਸ਼ਾਹ ਭਰ ਕੇ, ਬਹੁਤ ਬਰੂਦ ਤੇ ਗੋਲੀ ਵਰਤਾਈ ਤੇ ਆਪੋ ਆਪਣੀ ਤਕੜਾਈ ਕੀਤੀ॥ ੩੨॥

ਪ੍ਰਾਤਿ ਹੋਤਿ ਰਣ ਚਾਹਤਿ ਕਰਜੇ। ਦੋਊ ਦਿਸ਼ਿਨਿ ਕ੍ਰੋਧ ਕੋ ਧਰਜੇ।
ਹੁਕਮ ਕੀਨਿ 'ਧੌਂਸੇ ਧੁੰਕਾਰੇ'। ਗੋਮੁਖ ਪਟਹ ਢੋਲ ਢਮਕਾਰੇ॥ ੩੩॥

ਸਵੇਰ ਹੁੰਦਿਆਂ ਹੀ ਯੁੱਧ ਕਰਨਾ ਚਾਹੁੰਦੇ ਸਨ, ਦੋਵਾਂ ਪਾਸਿਆਂ ਨੇ ਵੱਡਾ ਕ੍ਰੋਧ ਧਾਰਨ ਕੀਤਾ। ਹੁਕਮ ਕੀਤਾ ਤਾਂ ਨਗਾਰੇ ਗਰਜ ਪਏ। ਗਊਮੁਖੇ, ਪਟਹਿ ਅਤੇ ਢੋਲ ਖੜਕ ਗਏ॥ ੩੩॥

ਤੋਪ ਪੁੰਜ ਕੀ ਸ਼ਲਖ ਚਲਾਈ। ਸੈਨ ਓਰੜੀ ਛਿਤ ਕੰਪਾਈ।
ਪਰ੍ਹੇ ਦੂਰ ਲਗਿ ਬੰਧਨ ਕਰੇ। ਤਜਾਰ ਤੁਫੰਗ ਬਾਨ ਧਨੁ ਧਰੇ॥ ੩੪॥

ਬਹੁਤ ਤੋਪਾਂ ਦੀਆਂ ਸ਼ਲਖਾਂ ਚਲਾਈਆਂ, ਸੈਨਾ ਚੜ੍ਹ ਕੇ ਆਈ ਹੈ, ਸਾਰੀ ਧਰਤੀ ਕੰਬਾ ਦਿੱਤੀ। ਦੂਰ ਤਕ ਸੈਨਕਾਂ ਨੇ ਕਤਾਰਾਂ ਬੰਨ੍ਹ ਲਈਆਂ ਤੇ ਬੰਦੂਕਾਂ, ਧਨੁੱਖ ਬਾਣ ਤਿਆਰ ਕਰਕੇ ਧਾਰਨ ਕਰ ਲਏ॥ ੩੪॥

ਪਰਜੋ ਨੇਰ ਹੋਯਸਿ ਭਟ ਭੇਰ। ਛੂਟੇ ਗੋਰੀ ਗੋਰ ਬਡੇਰ।
ਤੜਭੜ ਸ਼ਲਖ ਅਵਾਜ਼ ਬਿਸਾਲੇ। ਫੂਟੇ ਬੀਰਨਿ ਅੰਗ ਉਤਾਲੇ॥ ੩੫॥

ਨੇੜੇ ਨੇੜੇ ਹੋ ਕੇ ਸੂਰਬੀਰਾਂ ਦਾ ਭੇੜ ਹੋ ਗਿਆ, ਫਿਰ ਗੋਲੇ ਗੋਲੀਆਂ ਬਹੁਤ ਚਲੇ। ਤੜਭੜ ਸਲਖਾਂ ਦੀ ਬੜੀ ਉੱਚੀ ਆਵਾਜ਼ ਉੱਠਦੀ ਸੀ ਤੇ ਸੂਰਬੀਰਾਂ ਦੇ ਝੱਟ ਅੰਗ ਪਾਟ ਜਾਂਦੇ ਸਨ॥ ੩੫॥

ਹਯਨ ਧਵਾਇ ਪ੍ਰਹਾਰੈਂ ਸੂਰੇ। ਲਾਲ ਬਦਨ ਕਰਿ ਕ੍ਰੂਰ ਗਰੂਰੇ।
ਕੇਤਿਕ ਤੋਮਰ ਮਾਰਿ ਪਰੋਏ। ਕੇਤਿਕ ਮਰੇ ਖੇਤ ਰਣ ਸੋਏ॥ ੩੬॥

ਘੋੜੇ ਭਜਾ ਕੇ ਸੂਰਬੀਰ ਵਾਰ ਕਰਦੇ ਸਨ, ਲਾਲ ਚਿਹਰੇ ਬਣਾ ਕੇ ਵਿਕਰਾਲ ਘੁਮੰਡ ਕਰਦੇ ਸਨ। ਕਈ ਸੂਰਬੀਰ ਨੇਜ਼ੇ ਮਾਰ ਕੇ ਪਰੋ ਲਏ, ਕਈ ਯੁੱਧ ਖੇਤਰ ਵਿਚ ਮਰ ਕੇ ਸੌਂ ਗਏ॥ ੩੬॥

ਕਹੀ ਬਾਤ ਕੁਛ ਸੁਨਿਯ ਨ ਕਾਨਾ। ਦਿਖੀਯਤਿ ਨਹੀਂ ਸਮੀਪ ਸਥਾਨਾ।
ਹੇਲ ਮੇਲਿ ਦੁਇ ਦਿਸ਼ਿ ਲਰ ਪਰੇ। ਕਾਢਿ ਖੜਗ ਅਰਿ ਕਾਟਨ ਕਰੇ॥ ੩੭॥

ਕਹੀ ਹੋਈ ਗੱਲ ਕੰਨਾਂ ਨਾਲ ਸੁਣਾਈ ਨਹੀਂ ਸੀ ਦਿੰਦੀ, ਨੇੜੇ ਦੇ ਸਥਾਨ ਵਿਖਾਈ ਨਹੀਂ ਸੀ ਦਿੰਦੇ। ਹੇਲ ਮੇਲ ਕਰਦੇ ਦੋਵੇਂ ਪਾਸੇ ਆਪਸ ਵਿਚ ਲੜ ਪਏ, ਤਲਵਾਰਾਂ ਕੱਢ ਕੇ ਵੈਰੀ ਨੂੰ ਕੱਟਣ ਲੱਗੇ॥ ੩੭॥

ਹਥਾਵੱਥ ਹ੍ਵੈਗੀ ਇਕ ਬਾਰਾ। ਘਾਵ ਪਰਸਪਰ ਕਰਹਿਂ ਪ੍ਰਹਾਰਾ।
ਸਿਪਰ ਸੰਭਾਰ ਨ ਗਿਨਤੀ ਰਹੀ। ਕਰਾਚੋਲ ਧਾਰਾ ਇਮ ਬਹੀ॥ ੩੮॥

ਇਕ ਵਾਰ ਹੱਥੋ-ਹੱਥੀ ਲੜਾਈ ਹੋ ਗਈ। ਆਪਸ ਵਿਚ ਵਾਰ ਕਰਕੇ ਮਾਰਦੇ ਸਨ। ਢਾਲ ਸੰਭਾਲਣ ਦੀ ਸੋਝੀ ਨਾ ਰਹੀ, ਤਲਵਾਰ ਦੀ ਧਾਰ ਇਸ ਪ੍ਰਕਾਰ ਚੱਲੀ॥ ੩੮॥

ਤੋਪਨ ਤੇ ਮਰਿ ਗਏ ਹਜ਼ਾਰੋਂ। ਜੰਗ ਤੁਫੰਗਨ ਸੰਗ ਪ੍ਰਹਾਰੇ।
ਨੇਜ਼ੇ ਭਾਲੇ ਸਾਂਗ ਪਰੋਵਨ। ਜਮਧਰ ਖੜਗ ਖਾਇ ਕਰਿ ਸੋਵਨ॥ ੩੯॥

ਤੋਪਾਂ ਚਲਣ ਨਾਲ ਹਜ਼ਾਰਾਂ ਮਰ ਗਏ, ਜੰਗ ਵਿਚ ਬੰਦੂਕਾਂ ਨਾਲ ਵਾਰ ਕਰਦੇ ਸਨ। ਨੇਜ਼ਿਆਂ, ਭਾਲਿਆਂ ਅਤੇ ਸਾਂਗਾਂ ਨਾਲ ਪਰੋਂਦੇ ਸਨ, ਕਟਾਰ, ਤਲਵਾਰ ਖਾ ਕੇ ਸੌਂ ਜਾਂਦੇ ਸਨ॥ ੩੯॥

ਛੂਛੇ ਅਨਿਕ ਤੁਰੰਗਮ ਡੋਲੈਂ। ਮਾਰਿ ਮਾਰਿ ਕੇਤਿਕ ਭਟ ਬੋਲੈਂ।
ਲੋਥ ਪੋਥਨਾ ਰਣ ਥਲ ਹੋਈ। ਸ਼੍ਰੋਣਿਤ ਲਿਪਤਿ ਫਿਰਤਿ ਨਰ ਕੋਈ॥ ੪੦॥

ਅਨੇਕਾਂ ਘੋੜੇ ਖਾਲੀ ਹੀ ਡੋਲਦੇ ਫਿਰਦੇ ਸਨ, ਮਾਰ ਲਵੋ ਮਾਰ ਲਵੋ, ਕਈ ਸੂਰਬੀਰ ਬੋਲਦੇ ਸਨ। ਰਣਖੇਤਰ ਵਿਚ ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ। ਲਹੂ ਨਾਲ ਲਿਬੜੇ ਕਈ ਮਨੁੱਖ ਫਿਰਦੇ ਸਨ॥ ੪੦॥

ਅਰਣ ਬਰਣ ਕੀ ਧਰਣਿ ਕਰਾਲਾ।ਨਾਚੈਂ ਭੂਤ, ਪ੍ਰੇਤ, ਬੈਤਾਲਾ।
ਕਹੂੰ ਰੁੰਡ ਕਟਿ ਮੁੰਡ ਪਰੇ ਹੈਂ। ਹਾਥ ਪਾਂਵ ਕਟਿ ਧਰਾ ਗਿਰੇ ਹੈਂ॥ ੪੧॥

ਸਾਰੀ ਧਰਤੀ ਵਿਕਰਾਲ ਲਾਲ ਰੰਗ ਦੀ ਹੋਈ ਸੀ। ਭੂਤ, ਪ੍ਰੇਤ ਅਤੇ ਬੇਤਾਲ ਨੱਚ ਰਹੇ ਸਨ। ਕਿਤੇ ਸਿਰ ਕੱਟ ਕੇ ਮੂੰਹ ਪਏ ਹਨ, ਕਿਤੇ ਹੱਥ ਪੈਰ ਕੱਟ ਕੇ ਧਰਤੀ ਉੱਪਰ ਡਿੱਗੇ ਹਨ॥ ੪੧॥

ਕਹੌਂ ਕਹਾਂ ਲਗਿ ਜੁੱਧ ਅਖਾਰਾ। ਬਰਨਨ ਕਰਿ ਹੌਂ ਜੇ ਬਿਸਥਾਰਾ।
ਗ੍ਰੰਥ ਬਿਸਾਲ ਇਸੀ ਕੋ ਹੋਇ। ਲਾਖਹੁੰ ਮਾਰਨ ਮਰਨੋ ਜੋਇ॥ ੪੨॥

ਯੁੱਧ ਦੇ ਅਖਾੜੇ ਨੂੰ ਕਿਥੋਂ ਤਕ ਬਿਆਨ ਕਰਾਂ, ਜੇ ਇਸ ਨੂੰ ਵਿਸਥਾਰ ਵਿਚ ਵਰਣਨ ਕਰਦਾ ਹਾਂ, ਤਾਂ ਇਸ ਨਾਲ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ। ਲੱਖਾਂ ਮਰਨ ਮਾਰਨ ਵਾਸਤੇ ਆਏ ਸਨ॥ ੪੨॥

*ਦੂਸਰੇ ਐਨ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥*

# *ਅਧਿਆਇ ਦਸਵਾਂ*

## *ਵਜ਼ੀਰ ਖਾਂ ਨੂੰ ਮਾਰਨਾ, ਸਰਹਿੰਦ ਨੂੰ ਉਜਾੜਨਾ*

ਦੋਹਰਾ- ਬਰਜੇ ਜੋਧਾ ਆਪਨੇ ਬੰਦੇ ਪ੍ਰਥਮ ਬਖਾਨਿ।
'ਨਹਿਂ ਕੋ ਹਤੈ ਵਜ਼ੀਦ ਕੋ ਮੈਂ ਮਾਰੌਂ ਨਿਜ ਪਾਨਿ'॥ ੧॥

ਬਾਬਾ ਬੰਦਾ ਸਿੰਘ ਨੇ ਪਹਿਲਾਂ ਕਹਿ ਕੇ ਆਪਣੇ ਯੋਧਿਆਂ ਨੂੰ ਵਰਜ ਦਿੱਤਾ, 'ਵਜੀਦੇ ਨੂੰ ਕੋਈ ਵੀ ਨਾ ਮਾਰੇ, ਮੈਂ ਉਸ ਨੂੰ ਆਪਣੇ ਹੱਥਾਂ ਨਾਲ ਮਾਰਾਂਗਾ'॥ ੧॥

ਚੌਪਈ- ਇਮ ਕਹਿ ਪੂਰਬ ਸਕਲ ਹਟਾਏ। ਲਰਤਜੋਂ ਮਰੇ ਸੁਭਟ ਸਮੁਦਾਏ।
ਤਬਿ ਬੰਦੇ ਨਿਜ ਹਯ ਫੰਧਾਯੋ। ਖਾਂ ਵਜ਼ੀਦ ਕੇ ਸਨਮੁਖ ਆਯੋ॥ ੨॥

ਇਸ ਪ੍ਰਕਾਰ ਕਹਿ ਕੇ ਪਹਿਲਾਂ ਸਾਰੇ ਯੋਧੇ ਹਟਾ ਦਿੱਤੇ, ਸੂਰਬੀਰ ਸਾਹਮਣੇ ਹੋ ਕੇ ਲੜਦਾ ਹੋਇਆ ਮਰੇ। ਫਿਰ ਬੰਦਾ ਸਿੰਘ ਨੇ ਆਪਣੇ ਘੋੜੇ ਨੂੰ ਕੁਦਵਾਇਆ ਤੇ ਵਜ਼ੀਰ ਖਾਂ ਦੇ ਸਾਹਮਣੇ ਆ ਗਿਆ॥ ੨॥

'ਸੁਨਿ ਸਾਹਿਬਜ਼ਾਦਨ ਕੇ ਦ੍ਰੋਹੀ! ਸਲਤਨ ਸਕਲ ਬਿਨਾਸ਼ੀ ਤੋਹੀ।
ਮਹਾਂ ਅਧਮ ਕ੍ਰਿਤ ਪਾਪ ਬਿਸਾਲਾ। ਤਿਸ ਕੋ ਫਲ ਪ੍ਰਾਪਤਿ ਇਸ ਕਾਲਾ॥੩॥

ਬਾਬਾ ਬੰਦਾ ਸਿੰਘ ਨੇ ਲਲਕਾਰ ਕੇ ਕਿਹਾ, "ਓ ਸਾਹਿਬਜ਼ਾਦਿਆਂ ਦੇ ਧਰੋਹੀ! ਸੁਣੋ, ਤੇਰੀ ਸਾਰੀ ਹਕੂਮਤ ਦਾ ਨਾਸ਼ ਕਰ ਦੇਵਾਂਗੇ, ਤੂੰ ਮਹਾਂ ਅਧਰਮ ਕਰਕੇ ਵੱਡਾ ਪਾਪ ਕੀਤਾ ਸੀ, ਉਸ ਦਾ ਫਲ ਇਸ ਸਮੇਂ ਪ੍ਰਾਪਤ ਕਰੋ॥ ੩॥

ਲਸ਼ਕਰ ਦੇਸ਼ ਨਗਰ ਕੇ ਸਾਥ। ਹੋਹਿ ਬਿਨਾਸ਼ ਮਾਨ ਮਮ ਹਾਥ।
ਗੁਰ ਕੋ ਅਦਬ ਤੈਂ ਕੁਛ ਰਾਖਾ'। ਸੁਨਤਿ ਵਜ਼ੀਦਖਾਨ ਤਬਿ ਭਾਖਾ॥ ੪॥

ਲਸ਼ਕਰ, ਦੇਸ਼ ਅਤੇ ਨਗਰ ਦੇ ਨਾਲ ਤੇਰਾ ਮਾਣ ਮੇਰੇ ਹੱਥੋਂ ਹੁਣ ਵਿਨਾਸ਼ ਹੋ ਜਾਵੇਗਾ, ਇਸ ਗੱਲ ਨੂੰ ਦਿਲ ਵਿਚ ਚੰਗੀ ਤਰ੍ਹਾਂ ਮੰਨ ਲਵੋ। ਤੂੰ ਗੁਰੂ ਜੀ ਦਾ ਕੁਝ ਵੀ ਅਦਬ ਨਹੀਂ ਰੱਖਿਆ ਹੈ।" ਇਹ ਸੁਣ ਕੇ ਫਿਰ ਵਜ਼ੀਰ ਖਾਨ ਨੇ ਕਿਹਾ॥ ੪॥

'ਮੇਰੇ ਸੁਭਟਨ ਕੋ ਕਜਾ ਹੋਵਾ। ਸ਼ੱਤ੍ਰ ਸਮੀਪ ਖਰੋ ਰਨ ਜੋਵਾ।
ਸਭਿ ਦਲ ਕੋ ਇਹ ਰਿਪੁ ਸਰਦਾਰ। ਤਜੋ ਤੁਫੰਗ ਕਜੋਂ ਨ ਲਿਹੁ ਮਾਰ॥ ੫॥

'ਮੇਰੇ ਸੂਰਬੀਰਾਂ ਨੂੰ ਕੀ ਹੋ ਗਿਆ ਹੈ, ਵੈਰੀ ਕੋਲ ਖੜਾ ਯੁੱਧ ਕਰਨਾ ਚਾਹੁੰਦਾ ਹੈ। ਸਾਰੇ ਦਲ ਦਾ ਇਹ ਵੈਰੀ ਸਰਦਾਰ ਹੈ, ਬੰਦੂਕਾਂ ਚਲਾ ਕੇ ਇਸ ਨੂੰ ਕਿਉਂ ਨਹੀਂ ਮਾਰ ਲੈਂਦੇ ਹੋ॥ ੫॥

ਬਰਛੀ ਖੜਗ ਪ੍ਰਹਾਰਨ ਬ੍ਰਿੰਦ। ਕਰਿ ਲੀਜੈ ਇਹੁ ਤੁਰਤ ਨਿਕੰਦ'।
ਇਮ ਸੁਨਿ ਹੇਲ ਕਰੇ ਗਨ ਧਾਏ। ਗੋਰੀ ਤੀਰ ਸਭਿਨਿ ਬਰਖਾਏ॥ ੬॥

ਬਰਛੀਆਂ ਤਲਵਾਰਾਂ ਦਾ ਬਹੁਤ ਵਾਰ ਕਰੋ ਤੇ ਇਸ ਨੂੰ ਤੁਰਤ ਮਾਰ ਲਵੋ।" ਇਸ ਪ੍ਰਕਾਰ ਸੁਣ ਕੇ ਕਈ ਹਮਲਾ ਕਰਕੇ ਦੌੜੇ ਤੇ ਗੋਲੀਆਂ ਤੀਰਾਂ ਦੀ ਸਾਰਿਆਂ ਨੇ ਵਰਖਾ ਕੀਤੀ॥ ੬॥

ਇਤ ਤੇ ਸਨਮੁਖ ਬੰਦਾ ਭਯੋ। ਸਰ ਧਰਿ ਧਨੁ ਪਰ ਐਂਚਨ ਕਯੋ।
ਦੁਇ ਦਿਸ਼ਿ ਤੇ ਗਨ ਛੁਟੀ ਤੁਫੰਗੈਂ। ਗਿਰੇ ਹਜ਼ਾਰਹੁਂ ਤੁਰਕ ਤੁਰੰਗੈਂ॥ ੭॥

ਏਧਰੋਂ ਬਾਬਾ ਬੰਦਾ ਸਿੰਘ ਸਾਹਮਣੇ ਹੋ ਗਿਆ, ਧਨੁੱਖ ਉੱਪਰ ਤੀਰ ਧਰ ਕੇ ਉਸ ਨੇ ਖਿੱਚਿਆ। ਦੋਵਾਂ ਪਾਸਿਆਂ ਤੋਂ ਬੰਦੂਕਾਂ ਚੱਲੀਆਂ। ਹਜ਼ਾਰਾਂ ਤੁਰਕ ਅਤੇ ਘੋੜੇ ਡਿੱਗ ਪਏ॥ ੭॥

ਹੇਲ ਦੁਦਿਸ਼ਿਨਿ ਘਾਲਿ ਘਮਸਾਨਾ। ਸ੍ਰੀ ਗੁਰ ਸਰ ਐਂਚਯੋ ਬਲਵਾਨਾ।
ਕਿਸ ਮਹਿਂ ਸ਼ਕਤਿ ਰਹੈ ਦਿਢ ਆਗੇ। ਬੇਮੁਖ ਹੋਇ ਜੰਗ ਤਜਿ ਭਾਗਾ॥ ੮॥

ਦੋਵਾਂ ਪਾਸਿਆਂ ਨੇ ਹਮਲਾ ਕਰਕੇ ਬੜੇ ਘਮਸਾਨ ਦਾ ਯੁੱਧ ਕੀਤਾ। ਫਿਰ ਬਲਵਾਨ ਬੰਦਾ ਸਿੰਘ ਨੇ ਸਤਿਗੁਰੂ ਜੀ ਦਾ ਬਲਵਾਨ ਤੀਰ ਚਿੱਲੇ ਵਿਚ ਰੱਖ ਕੇ ਖਿੱਚਿਆ। ਫਿਰ ਕਿਸ ਵਿਚ ਦ੍ਰਿੜ੍ਹ ਸ਼ਕਤੀ ਅੱਗੇ ਰਹਿ ਸਕਦੀ ਸੀ, ਸਾਰੇ ਬੇਮੁਖ ਹੋ ਕੇ ਜੰਗ ਛੱਡ ਕੇ ਭੱਜ ਗਏ॥ ੮॥

ਪਿਖਿ ਲਸ਼ਕਰ ਕੀ ਦਸ਼ਾ ਪਲਾਵਨ। ਚਹੇ ਵਜ਼ੀਦੇ ਪ੍ਰਾਨ ਬਚਾਵਨ।
ਤਬਿ ਬੰਦੇ ਚਿਤ ਬਿਖੈ ਬਿਚਾਰਾ। 'ਹਤੋਂ ਕੁਮੌਤ ਅਘੀ ਇਹ ਭਾਰਾ॥ ੯॥

ਆਪਣੇ ਲਸ਼ਕਰ ਦੀ ਭੱਜਣ ਵਾਲੀ ਦਸ਼ਾ ਵੇਖ ਕੇ, ਵਜ਼ੀਰਾ ਹੁਣ ਆਪਣੇ ਪ੍ਰਾਣ ਬਚਾਉਣਾ ਚਾਹੁੰਦਾ ਸੀ। ਤਦ ਬੰਦਾ ਸਿੰਘ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ, "ਇਸ ਨੂੰ ਮਾੜੀ ਮੌਤੇ ਮਾਰਦਾ ਹਾਂ, ਇਹ ਭਾਰਾ ਪਾਪੀ ਹੈ॥ ੯॥

ਜੋ ਆਯੁਧ ਤੇ ਕਰੋਂ ਪ੍ਰਹਾਰਾ। ਸ਼ੁਭ ਗਤਿ ਪ੍ਰਾਪਤ ਹੋਹਿ ਸੁਖਾਰਾ।
ਉਚਿਤ ਨਰਕ ਮਹਿਂ ਲਹੈਂ ਸਜ਼ਾਇ'। ਇਮ ਚਿਤਵਤਿ ਢਿਗ ਪਹੁੰਚਯੋ ਜਾਇ॥੧੦॥

ਜੇ ਉਸ ਨੂੰ ਹਥਿਆਰ ਨਾਲ ਮਾਰਦਾ ਹਾਂ ਤਾਂ ਇਸ ਦੀ ਸੁਖਾਲੀ ਹੀ ਸ਼ੁਭ ਗਤੀ ਪ੍ਰਾਪਤ ਹੋ ਜਾਵੇਗੀ। ਇਸ ਵਾਸਤੇ ਉਚਿਤ ਹੈ ਕਿ ਨਰਕ ਵਿਚ ਜਾ ਕੇ ਸਜ਼ਾ ਪ੍ਰਾਪਤ ਕਰੇ।" ਇਸ ਪ੍ਰਕਾਰ ਸੋਚਦਾ ਹੋਇਆ, ਉਸ ਦੇ ਪਾਸ ਪਹੁੰਚਿਆ॥ ੧੦॥

ਬਲ ਤੇ ਪਕਰਿ ਟਾਂਗ ਰਿਪੁ ਕੇਰੀ। ਤਰੇ ਗੇਰਿ ਲੀਨਸਿ ਤਿਸ ਬੇਰੀ।
ਘੋਰਾ ਬਲੀ ਫੇਰ ਤਿਸ ਊਪਰਿ। ਪ੍ਰਾਨ ਨਿਕਾਸੇ ਤਤਛਿਨ ਭੂ ਪਰਿ॥ ੧੧॥

ਵੱਡੀ ਸ਼ਕਤੀ ਨਾਲ ਵੈਰੀ ਦੀ ਲੱਤ ਫੜ ਲਈ ਤੇ ਉਸ ਵੇਲੇ ਉਸ ਨੂੰ ਥੱਲੇ ਡੇਗ ਲਿਆ। ਫਿਰ ਬਲਵਾਨ ਘੋੜੇ ਨੂੰ ਉਸ ਉੱਪਰ ਫੇਰ ਕੇ ਉਸ ਦੇ ਤੁਰਤ ਧਰਤੀ ਉੱਪਰ ਪ੍ਰਾਣ ਕੱਢ ਦਿੱਤੇ॥ ੧੧॥

ਕਾਇਰ ਹੋਇ ਮਰਜੋ ਬਡ ਪਾਪੀ। ਸਾਹਿਬਜ਼ਾਦਨ ਕੋ ਸੰਤਾਪੀ।
ਜਬਹਿ ਵਜ਼ੀਦਾ ਕਿਤਹੁਂ ਨ ਹੇਰਾ। ਭਾਜਜੋ ਲਸ਼ਕਰ ਤ੍ਰਾਸ ਬਡੇਰਾ॥ ੧੨॥

ਕਾਇਰ ਹੋ ਕੇ ਵੱਡਾ ਪਾਪੀ ਮਰ ਗਿਆ, ਜਿਸ ਨੇ ਸਾਹਿਬਜ਼ਾਦਿਆਂ ਨੂੰ ਦੁਖ ਦਿੱਤੇ ਸਨ। ਜਦ ਵਜ਼ੀਰੇ ਨੂੰ ਕਿਸੇ ਥਾਂ ਵੀ ਨਾ ਵੇਖਿਆ ਤਾਂ ਲਸ਼ਕਰ ਵੱਡਾ ਡਰ ਮੰਨ ਕੇ ਭੱਜ ਗਿਆ॥ ੧੨॥

ਬੰਦੇ ਕੀ ਸੈਨਾ ਪਸ਼ਚਾਤੀ। ਲੂਟਿ ਕੂਟਿ ਤੁਰਕਾਨੇ ਘਾਤੀ।
ਹਯਸੁ ਹਜ਼ਾਰਹੁਂ ਦਲ ਮਹਿਂ ਆਏ। ਸ਼ਸਤ੍ਰਨਿ ਕੀ ਕੋ ਗਿਨਤੀ ਪਾਏ॥ ੧੩॥

ਬਾਅਦ ਵਿਚ ਬੰਦਾ ਸਿੰਘ ਦੀ ਸੈਨਾ ਲੁੱਟ ਕੁੱਟ ਕੇ ਤੁਰਕਾਂ ਨੂੰ ਮਾਰਨ ਲੱਗੀ। ਹਜ਼ਾਰਾਂ ਘੋੜੇ ਬੰਦਾ ਸਿੰਘ ਦੇ ਦਲ ਵਿਚ ਆ ਗਏ, ਸ਼ਸਤਰਾਂ ਦੀ ਕੌਣ ਗਿਣਤੀ ਕਰ ਸਕਦਾ ਸੀ॥ ੧੩॥

ਲੂਟਿ ਬਜ਼ਾਰ ਲੀਨਿ ਤਿਸ ਬੇਰੇ। ਤੰਬੂ, ਤੋਪ, ਦੁਰਦ ਬਹੁਤੇਰੇ।
ਗ੍ਰਾਮ ਨਗਰ ਕੇ ਨਰ ਭਟ ਭਾਰੇ। ਜਹਿਂ ਕਹਿਂ ਕੇ ਨਿਤ ਮਿਲੇ ਹਜ਼ਾਰੇ॥ ੧੪॥

ਉਸ ਸਮੇਂ ਬਜ਼ਾਰ ਨੂੰ ਲੁੱਟ ਲਿਆ। ਤੰਬੂ, ਤੋਪਾਂ ਅਤੇ ਬਹੁਤ ਹਾਥੀ ਲੁੱਟ ਲਏ। ਪਿੰਡਾਂ ਨਗਰਾਂ ਦੇ ਸੂਰਬੀਰ, ਜਿੱਥੋਂ ਕਿੱਥੋਂ ਆ ਕੇ ਨਿਤ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੇ ਸਨ॥ ੧੪॥

ਫਿਟਕੀ ਪੁਰੀ ਭਗੈਲ ਪਲਾਏ। ਠਹਿਰ ਨਹੀਂ ਕਿਤ ਪਾਂਇ ਜਮਾਏ।
ਪਾਛੇ ਦਲ ਬੰਦੇ ਕੋ ਭਯੋ। ਲੂਟਤਿ ਮਾਰਤਿ ਧਾਵਤਿ ਗਯੋ॥ ੧੫॥

ਫਿਟਕਾਰੀ ਹੋਈ ਨਗਰੀ ਦੇ ਲੋਕ ਭੱਜ ਉਠੇ, ਉਹ ਕਿਤੇ ਵੀ ਠਹਿਰਦੇ ਨਹੀਂ ਸਨ ਤੇ ਨਾ ਹੀ ਕਿਤੇ ਉਨ੍ਹਾਂ ਦੇ ਪੈਰ ਜੰਮਦੇ ਸਨ। ਉਨ੍ਹਾਂ ਦੇ ਪਿੱਛੇ ਬੰਦਾ ਸਿੰਘ ਦਾ ਦਲ ਲੱਗਾ ਸੀ, ਉਹ ਲੁੱਟਦਾ ਮਾਰਦਾ ਭੱਜਾ ਜਾਂਦਾ ਸੀ॥ ੧੫॥

ਲਾਖਹੁਂ ਸੁਭਟ ਲੂਟਿਬੇ ਹੇਤੁ। ਚਲੇ ਚੌਂਪ ਕਰਿ ਭਏ ਸੁਚੇਤ।
ਰਾਤ ਦਿਵਸ ਕੇ ਦੌਰਨ ਕਰਿਕੈ। ਪਹੁਂਚੇ ਨਿਕਟ ਸ਼ੱਤ੍ਰੁ ਗਨ ਦਰਿਕੈ॥ ੧੬॥

ਲੱਖਾਂ ਸੂਰਬੀਰ ਲੁੱਟਣ ਵਾਸਤੇ, ਸੁਚੇਤ ਹੋ ਕੇ ਬੜੇ ਚਾਅ ਨਾਲ ਚਲ ਪਏ। ਰਾਤ ਦਿਨ ਦੌੜਦੇ ਅਤੇ ਲੁਕਦੇ ਹੋਏ ਕਈ ਵੈਰੀ ਦਰਵਾਜ਼ੇ ਦੇ ਨੇੜੇ ਪਹੁੰਚੇ॥ ੧੬॥

ਪੁਰਿ ਜਨ ਕਹਾਂ ਪਲਾਇਂ ਬਿਚਾਰੇ। ਦਰਬ ਕਰੋਰਹੁਂ ਵਸਤੁ ਉਦਾਰੇ।
ਲਸ਼ਕਰ ਪ੍ਰਬਲ ਵਹਿਰ ਹੀ ਮਾਰਜੋ। ਬਚੇ ਅਰੇ ਤਹਿਂ ਤੁਰਤ ਬਿਦਾਰਜੋ॥ ੧੭॥

ਨਗਰ ਦੇ ਮਨੁੱਖ ਵਿਚਾਰੇ ਕਿੱਥੇ ਦੌੜ ਕੇ ਜਾਂਦੇ, ਉਨ੍ਹਾਂ ਪਾਸ ਕਰੋੜਾਂ ਦਾ ਧਨ ਸੀ, ਬਹੁਤ ਵਸਤਾਂ ਸਨ। ਬਲਵਾਨ ਲਸ਼ਕਰ ਨੂੰ ਸਿਰਹੰਦ ਤੋਂ ਬਾਹਰ ਹੀ ਮਾਰ ਦਿੱਤਾ। ਜਿਹੜੇ ਬਚ ਕੇ ਅੜੇ ਵੀ ਉਨ੍ਹਾਂ ਨੂੰ ਤੁਰਤ ਹੀ ਮਾਰ ਦਿੱਤਾ॥ ੧੭॥

ਬਰੇ ਨਗਰ ਮਹਿਂ ਲੂਟ ਮਚਾਈ। ਕੰਚਨ ਰਜਤ ਲੀਨਿ ਸਮੁਦਾਈ।
ਬਡੇ ਬਜ਼ਾਰਨ ਕੋ ਬਹੁ ਲੂਟਾ। ਅਰੇ ਅੱਗ੍ਰ ਸੋ ਤਤਛਿਨ ਕੂਟਾ॥ ੧੮॥

ਵੱਡੇ ਨਗਰ ਵਿਚ ਫਿਰ ਲੁੱਟ ਮਚਾਈ, ਸੋਨਾ ਚਾਂਦੀ ਸਭ ਲੈ ਲਿਆ। ਵੱਡੇ ਬਜ਼ਾਰਾਂ ਨੂੰ ਬਹੁਤ ਲੁੱਟਿਆ, ਜਿਹੜੇ ਵੀ ਅੱਗੇ ਅੜਦੇ ਸਨ, ਉਨ੍ਹਾਂ ਨੂੰ ਤੁਰਤ ਹੀ ਕੁੱਟਿਆ ਮਾਰਿਆ॥ ੧੮॥

ਬਹੁਰ ਸਦਨ ਮਹਿਂ ਸੁਭਟ ਪ੍ਰਵੇਸ਼ੇ। ਲੂਟਤਿ ਵਸਤੂ ਦਰਬ ਵਿਸ਼ੇਸ਼ੇ।
ਮੁਗ਼ਲਾਨੀ, ਸਯਦਾਨਿ, ਪਠਾਨੀ। ਗਹਿ ਲੀਨਿ ਨੀਚਨ ਰਤਿ ਮਾਨੀ॥ ੧੯॥

ਫਿਰ ਸੂਰਬੀਰ ਘਰਾਂ ਵਿਚ ਪ੍ਰਵੇਸ਼ ਕਰ ਗਏ, ਵਸਤਾਂ ਅਤੇ ਧਨ ਵਿਸ਼ੇਸ਼ ਤੌਰ 'ਤੇ ਲੁੱਟਦੇ ਸਨ। ਮੁਗ਼ਲਾਣੀਆਂ, ਸਯਦਾਣੀਆਂ, ਪਠਾਣੀਆਂ ਫੜ ਲਈਆਂ ਤੇ ਨੀਚਾਂ ਨੇ ਫੜ ਕੇ ਭੋਗੀਆਂ॥ ੧੯॥

ਇਕ ਖੱਤ੍ਰੀ ਜਿਸ ਕਰਮ ਚੰਡਾਰ। ਝੂਠਾਨੰਦ ਮਹਾਂ ਬੁਰਿਆਰ।
ਸਾਹਿਬਜ਼ਾਦੇ ਜਿਨ ਮਰਿਵਾਏ। ਕਰਿਬੇ ਸਾਕ ਦ੍ਵੈਸ਼ ਉਪਜਾਏ॥ ੨੦॥

ਇਕ ਖੱਤਰੀ, ਜਿਸ ਦੇ ਕੰਮ ਚੰਡਾਲਾਂ ਵਾਲੇ ਸਨ, ਉਹ ਝੂਠਾ ਨੰਦ ਮਹਾਂ ਬਦੀ ਕਰਨ ਵਾਲਾ ਸੀ। ਜਿਸ ਨੇ ਸਾਹਿਬਜ਼ਾਦੇ ਮਰਵਾਏ ਸਨ ਤੇ ਸਾਰਿਆਂ ਵਿਚ ਵੱਡੀ ਈਰਖਾ ਅਤੇ ਦ੍ਵੈਸ਼ ਪ੍ਰਗਟ ਕੀਤਾ ਸੀ॥ ੨੦॥

ਸਿੰਘਨ ਤਿਸ ਕੀ ਬਾਤ ਬਿਚਾਰੀ। ਬੂਝਿ ਸਦਨ ਗਹਿ ਲੀਨਿ ਕੁਚਾਰੀ।
ਬੀਧ ਨਾਕ ਮਹਿਂ ਛੇਦ ਕਰਾਯੋ। ਲੋਹ ਕੜਾ ਵਿਚ ਤਿਸ ਕੇ ਪਾਯੋ॥ ੨੧॥

ਸਿੰਘਾਂ ਨੇ ਉਸ ਝੂਠਾ ਨੰਦ ਬਾਰੇ ਵਿਚਾਰ ਕੀਤੀ, ਉਸ ਦਾ ਘਰ ਪੁੱਛ ਕੇ ਉਸ ਦੁਸ਼ਟ ਨੀਚ ਨੂੰ ਫੜ ਲਿਆ। ਉਸ ਦਾ ਨੱਕ ਵਿੰਨ੍ਹ ਕੇ ਵਿਚ ਛੇਕ ਕਰਵਾਇਆ ਤੇ ਲੋਹੇ ਦਾ ਕੜਾ ਉਸ ਦੇ ਵਿਚ ਪਾਇਆ॥ ੨੧॥

ਸਦਨ ਸਿਰੰਦ ਨਗਰ ਕੇ ਸਾਰੇ। ਲੂਟਿ ਕੂਟਿ ਕਰੀ ਦੀਨ ਉਜਾਰੇ।
ਮਨ ਭਾਵਤਿ ਭਟ ਗਹਿ ਗਹਿ ਨਾਰੀ। ਨਿਜ ਡੇਰਨ ਮਹਿਂ ਆਨਿ ਉਤਾਰੀ॥੨੨॥

ਸਿਰਹੰਦ ਨਗਰੀ ਦੇ ਸਾਰੇ ਘਰ, ਲੁੱਟ ਕੁੱਟ ਕੇ ਉਜਾੜ ਦਿੱਤੇ। ਸੂਰਬੀਰਾਂ ਨੇ ਮਨ-ਭਾਉਂਦੀਆਂ ਇਸਤਰੀਆਂ ਫੜ ਫੜ ਕੇ ਆਪਣੇ ਡੇਰਿਆਂ ਵਿਚ ਲਿਆ ਕੇ ਉਤਾਰ ਲਈਆਂ॥ ੨੨॥

ਤ੍ਰਿਪਤੇ ਲੂਟਿ ਅਧਿਕ ਧਨ ਪਾਯੋ। ਨਿਕਸੇ ਵਹਿਰ ਸਿਵਰ ਕੋ ਛਾਯੋ।
ਪਰਜੇ ਦੂਰ ਲਗਿ ਹੋਤਿ ਪੁਕਾਰੀ। ਸੰਕਟ ਅਧਿਕ ਰੁਦਤਿ ਨਰ ਨਾਰੀ॥੨੩॥

ਉਹ ਲੁੱਟ ਕੇ ਬਹੁਤ ਧਨ ਪਾ ਕੇ ਤ੍ਰਿਪਤ ਹੋ ਗਏ ਸਨ। ਉਹ ਬਾਹਰ ਨਿਕਲ ਕੇ ਆਪਣੇ ਡੇਰਿਆਂ ਵਿਚ ਚਲੇ ਗਏ। ਬਹੁਤ ਦੂਰ ਤਕ ਲੋਕ ਉੱਚੀ-ਉੱਚੀ ਪੁਕਾਰ ਰਹੇ ਸਨ, ਵੱਡਾ ਸੰਕਟ ਪੈਣ ਕਰਕੇ ਇਸਤਰੀ ਪੁਰਸ਼ ਰੋ ਰਹੇ ਸਨ॥ ੨੩॥

ਤੁਰਕ ਵਜ਼ੀਦ ਖਾਨ ਤੇ ਆਦਿ। ਗਾਰੀ ਦੇਤਿ 'ਗਈ ਬੁਨਿਯਾਦ।
ਸ੍ਰੀ ਗੁਰ ਕੇ ਸੁਤ ਬਾਲਕ ਮਾਰੇ। ਸੋ ਅਬਿ ਪਾਪ ਪ੍ਰਗਟ ਦੁਖ ਭਾਰੇ'॥ ੨੪॥

ਤੁਰਕ ਵਜ਼ੀਰ ਖਾਨ ਆਦਿ ਨੂੰ ਗਾਲ੍ਹਾਂ ਦਿੰਦੇ ਸਨ ਤੇ ਕਹਿੰਦੇ ਸਨ, 'ਇਸ ਦੀ ਜੜ੍ਹ ਪੁੱਟੀ ਗਈ ਹੈ। ਗੁਰੂ ਜੀ ਦੇ ਮਾਸੂਮ ਪੁੱਤਰਾਂ ਨੂੰ ਇਸ ਨੇ ਮਾਰਿਆ ਹੈ ਤੇ ਹੁਣ ਪਾਪ ਪ੍ਰਗਟ ਹੋਣ ਕਰਕੇ ਭਾਰੀ ਦੁਖ ਪਾਇਆ ਹੈ'॥ ੨੪॥

ਪੁਰਿ ਜਨ ਦੀਨ ਹੋਇ ਘਿਘਿਆਏ। ਸਭਿ ਕਿਛ ਤਜਾਗਤਿ ਤੁਰਤ ਪਲਾਏ।
ਤ੍ਰਸਤਿ ਕਹੈਂ 'ਬਚ ਰਹੈਂ ਜਿ ਪ੍ਰਾਨ। ਕਹੂੰ ਪਹੁੰਚਿ ਕਰਿ ਲੈਂ ਗੁਜ਼ਰਾਨ'॥੨੫॥

ਨਗਰੀ ਦੇ ਲੋਕ ਦੀਨ ਹੋ ਕੇ ਰੋਂਦੇ ਸਨ, ਸਭ ਕੁਝ ਛੱਡ ਉਹ ਤੁਰਤ ਭੱਜ ਗਏ। ਉਹ ਡਰਦੇ ਹੋਏ ਕਹਿੰਦੇ ਸਨ, 'ਜੇ ਪ੍ਰਾਣ ਬਚੇ ਰਹਿਣਗੇ ਤਾਂ ਕਿਤੇ ਵੀ ਪਹੁੰਚ ਕੇ ਗੁਜ਼ਾਰਾ ਕਰ ਲਵਾਂਗੇ'॥ ੨੫॥

ਕਹੌਂ ਕਹਾ ਲਗਿ ਪੁਰਿ ਜਨ ਦਸ਼ਾ। ਸਭਿ ਕਿਛ ਤਜਾਗਿ ਭਗੇ ਚਹੁਂ ਦਿਸ਼ਾ।
ਦਰਬ ਕਰੋਰਹੁਂ ਦਲ ਮਹਿਂ ਆਯੋ। ਵਸਤੁਨਿ ਕੋ ਸੰਚੈ ਸਭਿ ਪਾਯੋ॥ ੨੬॥

ਕਿੱਥੋਂ ਤਕ ਨਗਰ ਦੀ ਹਾਲਤ ਬਾਰੇ ਕਹਾਂ, ਨਗਰ ਵਾਸੀ ਸਭ ਕੁਝ ਛੱਡ ਕੇ ਚਾਰੇ ਪਾਸੇ ਭੱਜ ਗਏ। ਕਰੋੜਾਂ ਦਾ ਧਨ ਦਲ ਵਿਚ ਆਇਆ ਤੇ ਵਸਤਾਂ ਦਾ ਢੇਰ ਸਭ ਨੇ ਪਾਇਆ॥ ੨੬॥

ਬਡੇ ਬਡੇ ਉਮਰਾਵ ਪ੍ਰਹਾਰੇ। ਜੇ ਸਿਵਕਾ ਗਜ ਪਰ ਅਸਵਾਰੇ।
ਖੋਜੇ ਕਹੂੰ ਨ ਪਾਯਤਿ ਸੋਇ। ਤਿਨਕੇ ਸਦਨ ਬਰੇ ਸਭਿ ਕੋਇ॥ ੨੭॥

ਸਭ ਵੱਡੇ-ਵੱਡੇ ਉਮਰਾਵ ਮਾਰ ਦਿੱਤੇ, ਜਿਹੜੇ ਪਾਲਕੀਆਂ ਅਤੇ ਹਾਥੀਆਂ ਦੀ ਸਵਾਰੀ ਕਰਦੇ ਸਨ। ਉਹ ਖੋਜਣ ਨਾਲ ਵੀ ਕਿਤੇ ਲੱਭਦੇ ਨਹੀਂ ਸੀ, ਉਨ੍ਹਾਂ ਦੇ ਘਰਾਂ ਵਿਚ ਹਰ ਕੋਈ ਪ੍ਰਵੇਸ਼ ਕਰਦਾ ਸੀ॥ ੨੭॥

ਸਕਲ ਪਦਾਰਥ ਲੂਟਤਿ ਲਜਾਏ। ਤਿਨ ਕੀ ਤ੍ਰਿਯਾ ਗਹੀ ਸਮੁਦਾਏ।
ਰੰਕ ਲੋਕ ਮਿਲਿ ਲਾਲਚ ਪਾਗੇ। ਧਨੀ ਸਦਨ ਸਭਿ ਖੋਦਨ ਲਾਗੇ॥ ੨੮॥

ਉਨ੍ਹਾਂ ਦੇ ਸਾਰੇ ਪਦਾਰਥ ਲੁੱਟ ਲਿਆਏ ਤੇ ਉਨ੍ਹਾਂ ਦੀਆਂ ਸਾਰੀਆਂ ਇਸਤਰੀਆਂ ਫੜ ਲਈਆਂ। ਗ਼ਰੀਬ ਲੋਕਾਂ ਨੇ ਮਿਲ ਕੇ ਲਾਲਚ ਧਾਰਨ ਕੀਤਾ ਤੇ ਧਨੀ ਲੋਕਾਂ ਦੇ ਘਰਾਂ ਦੀ ਧਨ ਪ੍ਰਾਪਤ ਕਰਨ ਵਾਸਤੇ ਖੁਦਾਈ ਕਰਨ ਲੱਗੇ॥ ੨੮॥

ਗਾਡਯੋ ਦਰਬ ਨਿਕਾਸਿ ਵਿਸ਼ੇਖਾ। ਘਰਨ ਬਿਦਾਰਨ ਲਗੇ ਅਸ਼ੇਖਾ।
ਦੁਰਗ ਆਦਿ ਮੈਂ ਜੇਤਿਕ ਮਾਇਆ। ਖੋਦਤ ਖੋਜਤ ਨਿਕਸਤਿ ਆਇਆ॥੨੯॥

ਅੰਦਰ ਦੱਬਿਆ ਹੋਇਆ ਧਨ ਵਿਸ਼ੇਸ਼ ਤੌਰ ਤੇ ਕੱਢਿਆ ਤੇ ਬਾਕੀ ਘਰਾਂ ਨੂੰ ਤੋੜਨ ਲੱਗੇ। ਕਿਲ੍ਹੇ ਆਦਿ ਵਿਚ ਜਿੰਨੀ ਵੀ ਮਾਇਆ ਸੀ, ਲੱਭ-ਲੱਭ ਕੇ ਕੱਢ ਲਈ॥ ੨੯॥

ਦਰਬ ਕਰੋਰਹੁਂ ਬੰਦੇ ਲੀਨ। ਆਦਿ ਵਜੀਦੇ ਸੰਚ ਜੁ ਕੀਨ।
ਬਡੇ ਧਨਾਢਿ ਜਹਾਂ ਨਰ ਗਨ ਹੈਂ। ਛੀਨ ਲੀਨਿ ਤਿਨ ਜੇਤਿਕ ਧਨ ਹੈ॥ ੩੦॥

ਬਾਬਾ ਬੰਦਾ ਸਿੰਘ ਨੇ ਕਰੋੜਾਂ ਦਾ ਧਨ ਪ੍ਰਾਪਤ ਕੀਤਾ, ਜਿਹੜਾ ਵਜ਼ੀਰੇ ਆਦਿ ਨੇ ਇਕੱਠਾ ਕਰਕੇ ਰੱਖਿਆ ਸੀ। ਜਿੱਥੇ ਬਹੁਤ ਧਨਾਢ ਲੋਕ ਰਹਿੰਦੇ ਸਨ, ਉਨ੍ਹਾਂ ਪਾਸੋਂ ਸਾਰਾ ਹੀ ਧਨ ਖੋਹ ਲਿਆ ਸੀ॥ ੩੦॥

ਪੁਰਿ ਜਨ ਕੋ ਬਡ ਤ੍ਰਾਸ ਉਪੰਨੇ। ਭਰੇ ਸਦਨ ਵਸਤੂ ਤਜਿ, ਭੰਨੇ।
ਪ੍ਰਾਨ ਬਚਾਵਨਿ ਕੋ ਇਕ ਚਾਹਾ। ਅਪਰ ਸਰਬ ਕੁਛ ਤਹਾਂ ਲੁਟਾਹਾ॥ ੩੧॥

ਨਗਰ ਦੇ ਲੋਕਾਂ ਨੂੰ ਵੱਡਾ ਡਰ ਉਤਪੰਨ ਕੀਤਾ ਤੇ ਉਹ ਆਪਣੇ ਘਰਾਂ ਨੂੰ ਛੱਡ ਕੇ ਭੱਜ ਗਏ। ਇਕ ਪ੍ਰਾਣਾਂ ਨੂੰ ਹੀ ਬਚਾਉਣਾ ਚਾਹਿਆ, ਹੋਰ ਸਭ ਕੁਝ ਉਥੇ ਹੀ ਲੁਟਾ ਦਿੱਤਾ॥ ੩੧॥

ਸੰਕਟ ਪਰਮ ਸਭਿਨਿ ਕੇ ਭਏ। ਜੇ ਕੁਛ ਅਰੇ ਮਾਰ ਕਰਿ ਲਏ।
ਗੁਰ ਸੁਤ ਹਤੇ ਪਾਪ ਫਲ ਭਾਰੇ। ਪਰੇ ਪੁਰੀ ਪਰ, ਕੌਨ ਉਬਾਰੇ॥ ੩੨॥

ਸਾਰਿਆਂ ਨੇ ਹੀ ਵੱਡਾ ਸੰਕਟ ਪਾਇਆ, ਜਿਹੜੇ ਕੁਝ ਅੜੇ ਸਨ ਤਾਂ ਉਹ ਮਾਰ ਲਏ ਸਨ। ਗੁਰੂ ਜੀ ਦੇ ਪੁੱਤਰਾਂ ਨੂੰ ਮਾਰਨ ਦੇ ਪਾਪ ਦਾ ਭਾਰੀ ਫਲ ਸੀ, ਜਿਹੜਾ ਸਾਰੀ ਨਗਰੀ ਉੱਪਰ ਆ ਪਿਆ, ਹੁਣ ਨਗਰੀ ਨੂੰ ਕੌਣ ਬਚਾਉਂਦਾ॥ ੩੨॥

ਕੇਤਿਕ ਦਿਨ ਡੇਰਾ ਤਹਿਂ ਰਾਖਾ। 'ਘਰ ਢਾਹਹੁ' ਇਮ ਹੁਕਮ ਸੁ ਭਾਖਾ।
'ਜੜ੍ਹਾਂ ਪੁਰੀ ਕੀ ਸਤੁਦ੍ਰਵ ਪਾਵਹੁ। ਗੁਰੂ ਸ੍ਰਾਪ ਕੋ ਅਬਿ ਸਫਲਾਵਹੁ॥ ੩੩॥

ਬਾਬਾ ਬੰਦਾ ਸਿੰਘ ਨੇ ਕਈ ਦਿਨ ਉਥੇ ਡੇਰਾ ਰੱਖਿਆ। ਫਿਰ ਉਨ੍ਹਾਂ ਨੇ ਹੁਕਮ ਕੀਤਾ, "ਸਾਰੇ ਘਰ ਢਾਹ ਦੇਵੋ। ਇਸ ਨਗਰੀ ਦੀਆਂ ਜੜ੍ਹਾਂ ਸਤਲੁਜ ਦਰਿਆ ਵਿਚ ਪਾ ਦੇਵੋ ਤੇ ਗੁਰੂ ਜੀ ਦੇ ਸ੍ਰਾਪ ਨੂੰ ਹੁਣ ਸਫਲ ਕਰੋ॥ ੩੩॥

ਜੋ ਇਸ ਪੁਰਿ ਘਰ ਢਾਹਤਿ ਰਹੈ। ਸੋ ਜਬਿ ਕਬਿ ਧਨ ਕੋ ਬਹੁ ਲਹੈ।
ਦਲ ਕੇ ਲੋਕ ਅਪਰ ਨਰ ਰੰਕੇ। ਲਗੇ ਬਿਦਾਰਨ ਘਰ ਬਰ ਬੰਕੇ॥ ੩੪॥

ਜਿਹੜਾ ਵੀ ਇਸ ਨਗਰ ਦੇ ਘਰ ਢਾਹੁੰਦਾ ਰਹੇਗਾ, ਉਹ ਵੀ ਜਦ ਕਦ ਬਹੁਤ ਧਨ ਪ੍ਰਾਪਤ ਕਰਦਾ ਰਹੇਗਾ।" ਦਲ ਦੇ ਲੋਕ ਤੇ ਹੋਰ ਗ਼ਰੀਬ ਲੋਕ, ਸ੍ਰੇਸ਼ਟ ਬਾਂਕੇ ਘਰਾਂ ਨੂੰ ਢਾਹੁਣ ਲੱਗੇ॥ ੩੪॥

ਬਡੇ ਪੌਰ ਚੌਪਖੀ ਅਟਾਰੀ। ਛੱਜੇ ਛਾਤ ਰਾਂਵਟੀ ਭਾਰੀ।
ਰੁਚਿਰ ਦਰੀਚੀ ਚੂਨਾ ਖਚੇ। ਅਨਿਕ ਰੀਤਿ ਕੇ ਦਰ ਗਨ ਰਚੇ॥ ੩੫॥

ਵੱਡੇ ਦਰਵਾਜ਼ੇ ਤੇ ਜਿੱਥੇ ਚਾਰ ਛੱਤੀਆਂ ਅਟਾਰੀਆਂ ਸਨ, ਜਿੱਥੇ ਮਮਟੀਆਂ, ਖਸ ਦੀ ਟੱਟੀ ਦੀਆਂ ਰਾਵੱਟੀਆਂ ਤੇ ਭਾਰੀ ਛੋਲਦਾਰੀਆਂ ਸਨ ਤੇ ਸੁੰਦਰ ਚੂਨੇ ਦੀ ਦਰੀਚੀ ਖੜੀ ਸੀ। ਜਿਸ ਦੇ ਅਨੇਕਾਂ ਰੀਤੀਆਂ ਨਾਲ ਬਹੁਤ ਦਰਵਾਜ਼ੇ ਬਣਾਏ ਸਨ॥ ੩੫॥

ਕੇਤਿਕ ਕੰਚਨ ਲਿਪਤਿ ਸੁਹਾਏ। ਚਿੱਤ੍ਰ ਬਚਿੱਤ੍ਰ ਰਚੇ ਸਮੁਦਾਏ।
ਸੁੰਦਰ ਬੈਠਕ ਤਨੇ ਬਿਤਾਨਾ। ਅਚਰਜ ਭੌਨ ਰਚੇ ਬਿਧਿ ਨਾਨਾ॥ ੩੬॥

ਕਈ ਘਰ ਸੋਨੇ ਦੀ ਭਾਲ ਸਹਿਤ ਸ਼ੋਭ ਰਹੇ ਸਨ ਤੇ ਕਈਆਂ ਉੱਪਰ ਵਚਿੱਤਰ ਚਿੱਤਰ ਬਣਾਏ ਹੋਏ ਸਨ। ਸੁੰਦਰ ਬੈਠਕਾਂ ਉੱਪਰ ਸੁੰਦਰ ਚੰਦੋਏ ਤਾਣੇ ਹੋਏ ਸਨ ਤੇ ਭਿੰਨ-ਭਿੰਨ ਪ੍ਰਕਾਰ ਦੇ ਅਸਚਰਜ ਭਵਨ ਬਣਾਏ ਹੋਏ ਸਨ॥ ੩੬॥

ਅਮਰਾਵਤਿ ਕੇ ਸਮਸਰ ਪਰੀ। ਢਾਹਿ ਫੋਰਿ ਕਰਿ ਦੀਨੀ ਬਰੀ।
ਖੋਦਤਿ ਨਿਕਸਤਿ ਦਰਬ ਮਹਾਨਾ। ਯਾਂਤੇ ਕੀਨ ਬਿਦਾਰ ਮਦਾਨਾ॥ ੩੭॥

ਇੰਦਰਪੁਰੀ ਦੇ ਬਰਾਬਰ ਨਗਰੀ ਬਣੀ ਹੋਈ ਸੀ, ਜਿਸ ਨੂੰ ਢਾਹ ਕੇ ਤੋੜ ਕੇ ਬਰਾਬਰ ਕਰ ਦਿੱਤਾ। ਉਸ ਨਗਰੀ ਨੂੰ ਪੁੱਟਣ ਨਾਲ ਬਹੁਤ ਧਨ ਨਿਕਲਦਾ ਸੀ, ਇਸ ਕਰਕੇ ਹੀ ਉਸ ਨੂੰ ਬਹੁਤ ਬੁਰੀ ਤਰ੍ਹਾਂ ਢਾਹ ਕੇ ਮੈਦਾਨ ਕਰ ਦਿੱਤਾ॥ ੩੭॥

ਗੁਰ ਸੁਤ ਅਘ ਤੇ ਅਸ ਗਤਿ ਹੋਈ। ਮਨਹੁਂ ਇਹਾ ਨਹਿਂ ਬਾਸਜੋ ਕੋਈ।
ਬੰਦੇ ਸੋ ਖੱਤ੍ਰੀ ਮੰਗਵਾਯੋ। ਲੋਹ ਕੜੇ ਸੋਂ ਨਾਕ ਬਿਧਾਯੋ॥ ੩੮॥

ਗੁਰੂ ਜੀ ਦੇ ਪੁੱਤਰਾਂ ਦੇ ਪਾਪ ਕਰਕੇ ਨਗਰੀ ਦੀ ਐਸੀ ਗਤੀ ਹੋਈ ਮਾਨੋ ਏਥੇ ਕੋਈ ਰਹਿੰਦਾ ਹੀ ਨਹੀਂ ਸੀ। ਫਿਰ ਬੰਦਾ ਸਿੰਘ ਨੇ ਉਸ ਸੁੱਚਾ ਨੰਦ ਖੱਤਰੀ ਨੂੰ ਮੰਗਵਾਇਆ, ਜਿਸ ਦੇ ਨੱਕ ਵਿਚ ਲੋਹੇ ਦੇ ਕੜੇ ਦੀ ਨਕੇਲ ਪਾਈ ਸੀ॥ ੩੮॥

ਬਡੋ ਜੇਵੜੋ ਬੰਧਨ ਕੀਨ। ਐਂਚਿ ਚੰਡਾਲ ਹਵਾਲੇ ਦੀਨ।
'ਦਲ ਕੋ ਜੋ ਬਜਾਰ ਹੈ ਸਾਰਾ। ਲੇ ਇਸ ਫੇਰਹੁ ਸਕਲ ਮਝਾਰਾ॥ ੩੯॥

ਜਿਸ ਨੂੰ ਬਹੁਤ ਬੁਰੀ ਤਰ੍ਹਾਂ ਬੰਨ੍ਹਿਆ ਹੋਇਆ ਸੀ, ਉਸ ਨੂੰ ਨੱਕ ਤੋਂ ਖਿੱਚ ਕੇ ਚੰਡਾਲ ਦੇ ਹਵਾਲੇ ਕਰ ਦਿੱਤਾ ਤੇ ਕਿਹਾ, "ਦਲ ਦਾ ਜਿਹੜਾ ਸਾਰਾ ਬਜ਼ਾਰ ਹੈ, ਇਸ ਨੂੰ ਲੈ ਕੇ ਸਾਰੇ ਬਜ਼ਾਰ ਵਿਚ ਫੇਰੋ॥ ੩੯॥

ਇਕ ਖਿਰਾਟਕਾ ਹਾਟ ਮੰਗਾਵਹੁ। ਪਨਹੀ ਪੰਚ ਸੀਸ ਪਰ ਲਾਵਹੁ।
ਇਸ ਬਿਧਿ ਫੇਰੇ ਸਦਾ ਫਿਰਾਵਹੁ। ਮਾਰਿ ਮਾਰਿ ਕਰਿ ਪ੍ਰਾਨ ਗਵਾਵਹੁ' ॥੪੦॥

ਇਕ-ਇਕ ਕੌਡੀ ਇਸ ਤੋਂ ਦੁਕਾਨਾਂ ਤੋਂ ਮੰਗਵਾਵੇ ਤੇ ਪੰਜ-ਪੰਜ ਜੁੱਤੀਆਂ ਇਸ ਦੇ ਸਿਰ ਵਿਚ ਲਾਵੋ। ਇਸ ਪ੍ਰਕਾਰ ਫੇਰਦੇ ਹੋਏ ਸਦਾ ਘੁਮਾਵੋ ਤੇ ਫਿਰ ਜੁੱਤੀਆਂ ਮਾਰ-ਮਾਰ ਕੇ ਹੀ ਇਸ ਦੇ ਪ੍ਰਾਣ ਗਵਾਵੋ" ॥ ੪੦॥

ਸੁਨਿ ਕਰਿ ਹੁਕਮ ਫੇਰ ਤਿਸ ਰੀਤਿ। ਮਾਰ ਹੋਤਿ ਜੂਤਨ ਕੀ ਨੀਤ।
ਇਮ ਗੁਰ ਦ੍ਰੋਹੀ ਮਾਰਜੇ ਮਰਜੋ। ਸੰਕਟ ਭੋਗਿ ਨਰਕ ਮਹਿਂ ਪਰਜੋ॥ ੪੧ ॥

ਇਸ ਰੀਤੀ ਨਾਲ ਕਰਨ ਵਾਸਤੇ ਹੁਕਮ ਸੁਣ ਕੇ, ਫਿਰ ਉਸ ਨੂੰ ਨਿਤ ਜੁੱਤੀਆਂ ਦੀ ਮਾਰ ਪੈਂਦੀ ਸੀ। ਇਸ ਪ੍ਰਕਾਰ ਗੁਰੂ ਧਰੋਹੀ ਜੁੱਤੀਆਂ ਮਾਰ ਮਾਰ ਕੇ ਮਾਰਿਆ ਤੇ ਵੱਡਾ ਸੰਕਟ ਭੋਗ ਕੇ ਨਰਕਾਂ ਵਿਚ ਜਾ ਪਿਆ॥ ੪੧ ॥

ਅਸ਼ਟ ਬਰਸ ਕੀ ਕੰਨਜਾ ਯਾਂ ਕੀ। ਦਲ ਮਹਿਂ ਪਕਰੀ ਸੁਨਿ ਸੁਧ ਤਾਂਕੀ।
ਕੇਤਿਕ ਦਯਾ ਸਹਤ ਨਰ ਹੋਇ। ਬੰਦੇ ਨਿਕਟ ਸੁਨਾਵਤਿ ਸੋਇ॥ ੪੨ ॥

ਅੱਠਾਂ ਸਾਲਾਂ ਦੀ ਉਸ ਦੀ ਇਕ ਕੰਨਿਆ ਸੀ, ਉਸ ਬਾਰੇ ਜਾਣਕਾਰੀ ਪਾ ਕੇ ਦਲ ਵਿਚ ਫੜ ਕੇ ਲਿਆਂਦੀ। ਕਈ ਮਨੁੱਖ ਉਸ ਵੇਲੇ ਦਇਆ ਸਹਿਤ ਹੋ ਗਏ ਤੇ ਬਾਬਾ ਬੰਦਾ ਸਿੰਘ ਨੂੰ ਸੁਣਾ ਕੇ ਕਹਿਣ ਲੱਗੇ॥ ੪੨ ॥

'ਇਸ ਕੋ ਕਹਾਂ ਦੋਸ਼ ਅਘ ਮਾਂਹੀ। ਜਿਸ ਕੋ ਅਬਿ ਲਗਿ ਸੁਧਿ ਕਿਛੁ ਨਾਂਹੀ।
ਤਜਿਬੇ ਉਚਿਤ ਜਾਨਿ ਕਰਿ ਤਾਂਹਿ। ਦੇਹੁ ਛੁਰਾਇ ਗਹੈ ਕੋ ਨਾਂਹਿ' ॥ ੪੩ ॥

"ਇਸ ਵਿਚਾਰੀ ਦਾ ਕੀ ਦੋਸ਼ ਅਤੇ ਪਾਪ ਹੈ, ਜਿਸ ਨੂੰ ਹੁਣ ਤਕ ਕੋਈ ਸੁਝ-ਬੁਝ ਨਹੀਂ ਹੈ। ਇਸ ਨੂੰ ਇਹ ਜਾਣ ਕੇ ਛੱਡਣਾ ਹੀ ਉਚਿਤ ਹੈ, ਇਸ ਕਰਕੇ ਇਸ ਨੂੰ ਛੁਡਵਾ ਦੇਵੋ ਤੇ ਫਿਰ ਕੋਈ ਵੀ ਨਾ ਫੜੇ" ॥ ੪੩ ॥

ਸੁਨਿ ਬੰਦੇ ਬਡ ਕ੍ਰੋਧ ਉਪਾਯੋ। 'ਇਹ ਤੁਮ ਨੇ ਕਯਾ ਹਮਹਿਂ ਸੁਨਾਯੋ।
ਸ਼ੀਰ ਖੋਰ ਜੋ ਸਾਹਿਬਜ਼ਾਦੇ। ਜਿਨ ਕੋ ਸੁਧਿ ਨਹਿਂ ਮਿਲਨ ਕਿ ਬਾਦੇ॥ ੪੪ ॥

ਇਹ ਸੁਣ ਕੇ ਬੰਦਾ ਸਿੰਘ ਨੇ ਵੱਡਾ ਕ੍ਰੋਧ ਧਾਰਨ ਕੀਤਾ, "ਇਹ ਤੁਸੀਂ ਮੈਨੂੰ ਕੀ ਸੁਣਾਇਆ ਹੈ। ਜਿਹੜੇ ਦੁੱਧ ਪੀਂਦੇ ਸਾਹਿਬਜ਼ਾਦੇ ਸਨ, ਜਿਨ੍ਹਾਂ ਨੂੰ ਕੋਈ ਸਮਝ ਨਹੀਂ ਸੀ ਕਿ ਮਿਲਣਾ ਹੈ ਕਿ ਜੰਗ ਕਰਨੀ ਹੈ॥ ੪੪ ॥

ਤਿਨ ਕੋ ਦੋਸ਼ ਕਹਾਂ ਇਨ ਜਾਨੇ। ਸਭਾ ਹਜ਼ਾਰਨਿ ਕੀ ਨਰ ਸਜਾਨੇ।
ਨਹਿਂ ਮਤਿਮੰਦਨਿ ਕਛੂ ਬਿਚਾਰੇ। ਖੱਤ੍ਰੀ ਕਹੇ ਸੁਨਤਿ ਸੋ ਮਾਰੇ॥ ੪੫ ॥

ਉਨ੍ਹਾਂ ਦਾ ਦੋਸ਼ ਇਨ੍ਹਾਂ ਨੇ ਕੀ ਜਾਣਿਆ ਹੈ, ਹਜ਼ਾਰਾਂ ਦੀ ਸਭਾ ਵਿਚ ਸਾਰੇ ਸਿਆਣੇ ਮਨੁੱਖ ਬੈਠੇ ਸਨ। ਮਾੜੀ ਮੱਤ ਵਾਲਿਆਂ ਨੇ ਕੁਝ ਵੀ ਵਿਚਾਰ ਨਹੀਂ ਕੀਤੀ ਸੀ, ਜਿਨ੍ਹਾਂ ਸਾਹਿਬਜ਼ਾਦਿਆਂ ਨੂੰ ਇਸ ਖੱਤਰੀ ਦੇ ਕਹਿਣ ਸੁਣਨ ਤੇ ਹੀ ਮਾਰਿਆ ਸੀ॥ ੪੫ ॥

ਝੂਠਾਨੰਦ ਨੰਦਨੀ ਜੋਇ। ਯਾਂਤੇ ਉਚਿਤ ਨ ਤਜਾਗਨਿ ਸੋਇ।
ਮਮ ਹਦੂਰ ਤਿਸ ਕੋ ਲੇ ਆਵਹੁ। ਚੰਡਾਲਨ ਕੇ ਹਾਥ ਗਹਾਵਹੁ॥ ੪੬ ॥

ਜਿਹੜੀ ਝੂਠਾ ਨੰਦ ਦੀ ਪੁੱਤਰੀ ਹੈ, ਇਸ ਲਈ ਇਸ ਨੂੰ ਛੱਡਣਾ ਉਚਿਤ ਨਹੀਂ ਹੈ। ਮੇਰੀ ਹਾਜ਼ਰੀ ਵਿਚ ਉਸ ਨੂੰ ਲੈ ਕੇ ਆਵੋ ਤੇ ਚੰਡਾਲਾਂ ਦੇ ਹੱਥ ਵਿਚ ਫੜਵਾ ਦੇਵੋ॥ ੪੬ ॥

ਸੋ ਅਪਨੇ ਮਹਿਂ ਲੇਹਿਂ ਮਿਲਾਈ। ਪਾਪੀ ਕੇ ਬਨਿ ਜਾਹਿਂ ਜਮਾਈ'।
ਇਮ ਕਹਿ ਤੁਰਤ ਹਕਾਰਨਿ ਕਰੀ। ਹੁਕਮ ਚੰਡਾਲਨ ਸੋਂ ਕਰਿ, ਧਰੀ॥ ੪੭ ॥

ਉਹ ਇਸ ਨੂੰ ਆਪਣੇ ਵਿਚ ਮਿਲਾ ਲੈਣ ਤੇ ਇਸ ਪਾਪੀ ਦੇ ਜਵਾਈ ਬਣ ਜਾਣ।" ਇਹ ਕਹਿ ਕੇ ਉਸ ਲੜਕੀ ਨੂੰ ਤੁਰਤ ਬੁਲਾਇਆ ਤੇ ਹੁਕਮ ਕਰਕੇ ਚੰਡਾਲਾਂ ਦੇ ਹੱਥ ਵਿਚ ਫੜਵਾ ਦਿੱਤੀ॥ ੪੭ ॥

ਲੇ ਕਰਿ ਅਪਨੇ ਧਾਮ ਸਿਧਾਰੇ। ਇਮ ਪਾਪੀ ਨਰ ਚੁਨਿ ਚੁਨਿ ਮਾਰੇ।
ਜੇ ਜੇ ਗੁਰਨਿੰਦਕ ਪੁਰਿ ਮਾਂਹੀ। ਕਰੇ ਸੁਨਾਵਨਿ ਬੰਦੇ ਪਾਹੀ॥ ੪੮ ॥

ਚੰਡਾਲ ਉਸ ਨੂੰ ਲੈ ਕੇ ਆਪਣੇ ਘਰ ਚਲੇ ਗਏ, ਇਸ ਪ੍ਰਕਾਰ ਪਾਪੀ ਮਨੁੱਖ ਚੁਣ-ਚੁਣ ਕੇ ਮਾਰੇ। ਜਿਹੜੇ ਵੀ ਨਗਰੀ ਵਿਚ ਗੁਰੂ ਜੀ ਦੇ ਨਿੰਦਕ ਰਹਿੰਦੇ ਸਨ, ਜਿਨ੍ਹਾਂ ਬਾਰੇ ਬਾਬਾ ਬੰਦਾ ਸਿੰਘ ਪਾਸ ਆ ਕੇ ਸੁਣਾਇਆ ਗਿਆ॥ ੪੮॥

ਖੋਜਿ ਖੋਜਿ ਕਰਿ ਸੋ ਮੰਗਵਾਏ। ਹਾਥ ਪਾਵ ਕੈ ਨਾਕ ਕਟਾਏ।
ਕੇਤਿਕ ਕੇ ਕਰਿ ਕਰਿ ਮੁਖ ਕਾਰੇ। ਗਧੇ ਚਢਾਏ ਵਹਿਰ ਨਿਕਾਰੇ॥ ੪੯॥

ਲੱਭ-ਲੱਭ ਕੇ ਉਹ ਮਨੁੱਖ ਮੰਗਵਾਏ ਗਏ, ਉਨ੍ਹਾਂ ਦੇ ਹੱਥ ਪੈਰ ਜਾਂ ਨੱਕ ਕੱਟ ਦਿੱਤੇ। ਕਈਆਂ ਦੇ ਮੁਖ ਕਾਲੇ ਕਰ ਕਰਕੇ ਗਧਿਆਂ ਉੱਪਰ ਚੜ੍ਹਾ ਕੇ ਬਾਹਰ ਨਗਰ ਵਿਚ ਫੇਰੇ॥ ੪੯॥

ਕੇਤਿਕ ਪਕਰਿ ਕੂਪ ਮਹਿਂ ਡਾਰੇ। ਸਭਿ ਕੁਮ੍ਰਿਤੁ ਮਹਿਂ ਕਰਿ ਕਰਿ ਮਾਰੇ।
ਪਾਪ ਸਮੇਂ ਕੋ ਕਰਿ ਕਰਿ ਯਾਦ। ਚੁਨਿ ਚੁਨਿ ਹਨਿ ਕਰਿ ਬਿਨ ਬੁਨਿਯਾਦ॥੫੦॥

ਕਈ ਫੜ ਕੇ ਖੂਹਾਂ ਵਿਚ ਸੁੱਟੇ, ਸਾਰਿਆਂ ਨੂੰ ਬਹੁਤ ਬੁਰੀ ਮੌਤੇ ਮਾਰਿਆ। ਪਾਪ ਸਮੇਂ ਨੂੰ ਯਾਦ ਕਰ-ਕਰ ਚੁਣ-ਚੁਣ ਕੇ ਮਾਰ ਕੇ ਜੜ੍ਹਾਂ ਰਹਿਤ ਕਰ ਦਿੱਤੇ॥ ੫੦॥

ਇਮ ਸਿਰੰਦ ਕੋ ਮਾਰਿ ਉਜਾਰਾ। ਦਰਬ ਕਰੋਰਹੁਂ ਖੋਦਿ ਨਿਕਾਰਾ।
ਨਿੰਦਕ ਦ੍ਰੋਹੀ ਗੁਰ ਕੇ ਹਤੇ। ਲੇ ਪਲਟਾ ਬੋਲੇ ਕਰਿ ਫਤੇ॥ ੫੧॥

ਇਸ ਪ੍ਰਕਾਰ ਸਿਰਹੰਦ ਨੂੰ ਮਾਰ ਕੇ ਉਜਾੜ ਦਿੱਤਾ ਤੇ ਕਰੋੜਾਂ ਰੁਪਏ ਦਾ ਧਨ ਪੁੱਟ ਕੇ ਕੱਢਿਆ। ਗੁਰੂ ਜੀ ਦੇ ਸਾਰੇ ਨਿੰਦਕਾਂ ਅਤੇ ਧਰੋਹੀਆਂ ਨੂੰ ਮਾਰ ਦਿੱਤਾ ਤੇ ਬਦਲਾ ਲੈ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ॥੫੧॥

*ਦੂਸਰੇ ਐਨ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥*

## *ਅਧਿਆਇ ਗਿਆਰ੍ਹਵਾਂ*

### *ਪਹਾੜੀਆਂ ਤੇ ਚੜ੍ਹਾਈ*

ਦੋਹਰਾ- ਇਮ ਉਜਾਰਿ ਸਿਰਹੰਦ ਕੋ ਗੁਰ ਨਿੰਦਕ ਚੁਨਿ ਮਾਰਿ।
ਪੁਨ ਅਰੂਢ ਆਗੇ ਚਲਯੋ ਚਮੂੰ ਭਈ ਬਿਸ਼ੁਮਾਰ॥ ੧॥

ਇਸ ਪ੍ਰਕਾਰ ਸਿਰਹੰਦ ਨੂੰ ਉਜਾੜ ਕੇ ਤੇ ਗੁਰੂ ਜੀ ਦੇ ਨਿੰਦਕਾਂ ਨੂੰ ਚੁਣ-ਚੁਣ ਮਾਰ ਕੇ ਫਿਰ ਘੋੜੇ ਉੱਪਰ ਚੜ੍ਹ ਕੇ ਅੱਗੇ ਚਲ ਪਏ, ਫੌਜਾਂ ਹੁਣ ਬੇਸ਼ੁਮਾਰ ਹੋ ਗਈਆਂ ਸਨ॥ ੧॥

ਚੌਪਈ- ਜਹਿਂ ਕਹਿਂ ਤੇ ਭਟ ਗਨ ਚਲਿ ਆਵਹਿਂ। ਆਪੋ ਅਪਨੇ ਜਥੇ ਬਨਾਵਹਿਂ।
ਹਯ ਹਾਥੀ ਦੁੰਦਭਿ ਬਹੁ ਭਏ। ਲੂਟਹਿਂ ਮੁਲਖ ਜਿਤੇ ਕਿਤ ਗਏ॥੨॥

ਜਿੱਥੋਂ ਕਿੱਥੋਂ ਬਹੁਤ ਸੂਰਬੀਰ ਚਲ ਕੇ ਆਉਂਦੇ ਸਨ ਤੇ ਉਹ ਆਪੋ ਆਪਣੇ ਜੱਥੇ ਬਣਾ ਲੈਂਦੇ ਸਨ। ਘੋੜੇ, ਹਾਥੀ ਅਤੇ ਬਹੁਤ ਨਗਾਰੇ ਹੋ ਗਏ। ਜਿੱਥੇ ਕਿੱਥੇ ਜਾ ਕੇ ਮੁਲਕ ਨੂੰ ਲੁੱਟਦੇ ਸਨ॥ ੨॥

ਸਤੁਦ੍ਰਵ ਕੇ ਪੂਰਬ ਦਿਸ਼ਿ ਦੇਸ਼। ਲੂਟਿ ਉਜਾਰਯੋ ਚਮੂੰ ਵਿਸ਼ੇਸ਼।
ਭੀਮ ਚੰਦ ਸੈਲਿੰਦ੍ਰ ਬਿਸਾਲਾ। ਗੁਰ ਕੋ ਦ੍ਰੋਹੀ ਲਰਯੋ ਬਿਸਾਲਾ॥ ੩॥

ਸਤਲੁਜ ਦੇ ਪੂਰਬ ਵਾਲੇ ਪਾਸੇ ਇਕ ਦੇਸ਼ ਸੀ, ਉਹ ਸੈਨਾ ਨੇ ਲੁੱਟ ਕੇ ਵਿਸ਼ੇਸ਼ ਤੌਰ ਤੇ ਉਜਾੜ ਦਿੱਤਾ। ਭੀਮ ਚੰਦ ਇਕ ਵੱਡਾ ਪਹਾੜੀ ਰਾਜਾ ਸੀ। ਉਸ ਗੁਰੂ ਧਰੋਹੀ ਨੇ, ਗੁਰੂ ਜੀ ਨਾਲ ਬਹੁਤ ਯੁੱਧ ਕੀਤੇ ਸਨ॥ ੩॥

ਪ੍ਰਥਮ ਅਨੰਦਪੁਰੇ ਕੋ ਆਵਾ। ਸਤਿਗੁਰ ਥਲ ਕੋ ਸੀਸ ਨਿਵਾਵਾ।
ਦਰਸ਼ਨ ਕਰਿ ਕਰਿ ਹਰਖਜੋ ਤਹਾਂ। ਕਰੇ ਬਿਲਾਸ ਪਰਮ ਗੁਰ ਜਹਾਂ॥ ੪॥

ਪਹਿਲਾਂ ਬਾਬਾ ਬੰਦਾ ਸਿੰਘ ਅਨੰਦਪੁਰ ਵਲ ਆਇਆ ਤੇ ਸਤਿਗੁਰੂ ਜੀ ਦੇ ਸਥਾਨ ਨੂੰ ਆਪਣਾ ਸਿਰ ਨਿਵਾਇਆ। ਉਥੇ ਵੱਖ-ਵੱਖ ਸਥਾਨਾਂ ਦੇ ਦਰਸ਼ਨ ਕਰ-ਕਰ ਬਹੁਤ ਪ੍ਰਸੰਨ ਹੋਇਆ, ਜਿੱਥੇ ਸਤਿਗੁਰੂ ਜੀ ਪਰਮ ਵਿਲਾਸ ਕਰਦੇ ਸਨ॥੪॥

ਜਿਸ ਪ੍ਰਕਾਰ ਭੇ ਜੁੱਧ ਬਿਸਾਲਾ। ਸੋ ਦੇ ਕਾਨ ਸੁਨੇ ਤਿਸ ਕਾਲਾ।
ਖੋਟ ਗਿਰੇਸ਼ੁਨਿ ਕੋ ਬਹੁ ਜਾਨਾ। ਬੀਚ ਪਹਾਰਨਿ ਕੀਨਿ ਪਯਾਨਾ॥ ੫॥

ਜਿਸ ਪ੍ਰਕਾਰ ਵੱਡੇ-ਵੱਡੇ ਯੁੱਧ ਹੋਏ ਸਨ, ਉਹ ਉਸ ਸਮੇਂ ਸਾਰੇ ਕੰਨ ਲਾ ਕੇ ਸੁਣੇ। ਪਹਾੜੀ ਰਾਜਿਆਂ ਦੇ ਫਿਰ ਵੱਡੇ ਖੋਟ ਨੂੰ ਜਾਣਿਆ ਤੇ ਪਹਾੜਾਂ ਵੱਲ ਹੀ ਚਲ ਪਿਆ॥ ੫॥

ਭੀਮ ਚੰਦ ਕੀ ਬਡ ਰਜਧਾਨੀ। ਲੂਟਿ ਮਾਰਿ ਕਰਿ ਕੀਨਿ ਵਿਰਾਨੀ।
ਮੀਏਂ ਰਾਜੇ ਰਾਵ ਘਨੇਰੇ। ਭਾਜਿ ਮਿਲੇ ਇਕ ਥਲ ਤਿਸ ਬੇਰੇ॥ ੬॥

ਭੀਮ ਚੰਦ ਦੀ ਵੱਡੀ ਰਾਜਧਾਨੀ, ਲੁੱਟ ਮਾਰ ਕੇ ਵੈਰਾਨ ਕਰ ਦਿੱਤੀ। ਮੀਏਂ ਰਾਜੇ ਅਤੇ ਬਹੁਤ ਰਾਵ, ਉਸ ਸਮੇਂ ਭੱਜ ਕੇ ਇਕ ਥਾਂ ਇਕੱਠੇ ਹੋ ਗਏ॥ ੬॥

ਤਿਨ ਕੀ ਸੁਧਿ ਬੰਦੇ ਸੁਨਿ ਲੀਨਿ। ਜਹਾਂ ਗਿਰਿੰਦ੍ਰ ਇਕੱਤ੍ਰ ਪ੍ਰਬੀਨ।
ਗੁਰ ਕੋ ਬੈਰ ਲੈਨ ਕੋ ਕਾਜਾ। ਔਚਕ ਹੀ ਚਢਿਬੋ ਤਬਿ ਸਾਜਾ॥ ੭॥

ਉਨ੍ਹਾਂ ਬਾਰੇ ਖਬਰ ਬੰਦਾ ਸਿੰਘ ਨੇ ਸੁਣ ਲਈ, ਜਿੱਥੇ ਸਾਰੇ ਪਹਾੜੀ ਰਾਜੇ ਇਕੱਠੇ ਹੋਏ ਸਨ। ਗੁਰੂ ਜੀ ਦਾ ਵੈਰ ਲੈਣ ਦੇ ਕਾਰਜ ਵਾਸਤੇ, ਅਚਾਨਕ ਹੀ ਚੜ੍ਹਾਈ ਕਰਨ ਦੀ ਸਾਜਨਾ ਕੀਤੀ॥ ੭॥

ਸੁਧ ਬਿਹੀਨ ਪਹੁੰਚਜੋ ਤਹਿਂ ਜਾਈ। ਘੇਰ ਲੀਨ ਤਿਨ ਕੋ ਚਹੁੰ ਘਾਈ।
ਮਿਲਿ ਕਰਿ ਸਗਰੇ ਅਚਹਿਂ ਅਹਾਰਾ। ਗੁਰ ਦ੍ਰੋਹੀ ਜਿਨ ਅਘ ਕਿਯ ਭਾਰਾ॥੮॥

ਖ਼ਬਰ ਦੇਣ ਤੋਂ ਬਗੈਰ ਹੀ ਉਥੇ ਪਹੁੰਚ ਗਿਆ ਤੇ ਉਨ੍ਹਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਉਹ ਸਾਰੇ ਮਿਲ ਕੇ ਭੋਜਨ ਖਾ ਰਹੇ ਸਨ, ਜਿਨ੍ਹਾਂ ਨੇ ਗੁਰੂ ਧਰੋਹ ਦਾ ਵੱਡਾ ਪਾਪ ਕੀਤਾ ਸੀ॥ ੮॥

ਜਾਇ ਅਚਾਨਕ ਪਕਰੇ ਸਭਿ ਹੀ। ਮੁੰਡੀਆ ਨਾਂਗੇ ਬੈਠੇ ਤਬਿ ਹੀ।
ਗਿਨਤੀ ਮਹਿਂ ਬਾਈ ਸੈ ਗਿਨੇ। ਮੀਏਂ ਰਾਜੇ ਰਾਵ ਜਿ ਭਨੇ॥ ੯॥

ਅਚਾਨਕ ਜਾ ਕੇ ਉਨ੍ਹਾਂ ਸਭ ਨੂੰ ਫੜ ਲਿਆ, ਉਸ ਸਮੇਂ ਨੰਗੇ ਸਿਰ ਹੀ ਬੈਠੇ ਸਨ। ਗਿਣਤੀ ਵਿਚ ਉਹ ਬਾਈ ਸੌ ਗਿਣੇ, ਜਿਹੜੇ ਮੀਏਂ ਰਾਜੇ ਰਾਵ ਆਪਣੇ ਆਪ ਨੂੰ ਕਹਿੰਦੇ ਸਨ॥ ੯॥

ਪਕਰਿ ਨਾਕ ਸਭਿ ਕੇ ਕਟਿਵਾਏ। ਜੀਵਤਿ ਕੂਪ ਬਿਖੈ ਗਹਿ ਪਾਏ।
ਮੁਖ ਲੌ ਭਰਜੋ ਮਰੇ ਬਿਚ ਸੋਈ। ਗੁਰ ਦ੍ਰੋਹੀ ਅਘ ਫਲ ਅਸ ਹੋਈ॥ ੧੦॥

ਫੜ ਕੇ ਸਾਰਿਆਂ ਦੇ ਨੱਕ ਕੱਟ ਦਿੱਤੇ ਤੇ ਜੀਉਂਦੇ ਹੀ ਖੂਹ ਵਿਚ ਫੜ ਕੇ ਸੁੱਟ ਦਿੱਤੇ। ਖੂਹ ਮੂੰਹ ਤਕ ਭਰ ਗਿਆ ਤੇ ਉਹ ਵਿਚੇ ਹੀ ਮਰ ਗਏ। ਗੁਰੂ ਧਰੋਹੀਆਂ ਨੇ ਪਾਪ ਦਾ ਐਸਾ ਫਲ ਪ੍ਰਾਪਤ ਕੀਤਾ॥ ੧੦॥

ਪਰਬਤ ਅਪਰ ਸੁਨੇ ਜਹਿਂ ਜਹਾਂ। ਪਹੁੰਚਿ ਪਹੁੰਚਿ ਮਾਰੇ ਸਭਿ ਤਹਾਂ।
ਬਾਈਧਾਰਨਿ ਕੇ ਭਟ ਰਾਜੇ। ਗਹਿ ਗਹਿ ਮਾਰੇ ਜਹਿਂ ਜਹਿਂ ਭਾਜੇ॥ ੧੧॥

ਜਿੱਥੇ-ਜਿੱਥੇ ਹੋਰ ਪਹਾੜੀ ਰਾਜਿਆਂ ਬਾਰੇ ਸੁਣਿਆ, ਉਨ੍ਹਾਂ ਨੂੰ ਉਥੇ-ਉਥੇ ਪਹੁੰਚ ਕੇ ਮਾਰਿਆ। ਬਾਈਧਾਰ ਦੇ ਰਾਜੇ ਅਤੇ ਸੂਰਬੀਰ ਫੜ-ਫੜ ਕੇ ਮਾਰੇ ਜਿੱਥੇ-ਜਿੱਥੇ ਭੱਜ ਕੇ ਗਏ ਸਨ॥ ੧੧॥

ਤਬਿ ਚੰਬਜਾਲ ਗਿਰੇਸ਼ੁਰ ਤ੍ਰਾਸਾ। ਦੇਖਤੇ ਸਭਿ ਕੋ ਕਰਤਿ ਬਿਨਾਸ਼ਾ।
ਹੁਤੀ ਸੁੰਦਰੀ ਦੁਹਿਤਾ ਤਿਸ ਕੀ। ਚੰਦ ਮੁਖੀ ਕਟ ਛੀਨੀ ਜਿਸ ਕੀ॥ ੧੨॥

ਤਦ ਚੰਬੇ ਦਾ ਪਹਾੜੀ ਰਾਜਾ ਬਹੁਤ ਡਰ ਗਿਆ, ਉਸ ਨੇ ਇਹ ਵੇਖ ਲਿਆ ਕਿ ਸਭ ਦਾ ਹੀ ਨਿਵਾਸ਼ ਕਰ ਰਿਹਾ ਹੈ। ਉਸ ਦੀ ਪੁੱਤਰੀ ਬਹੁਤ ਸੁੰਦਰ ਸੀ, ਚੰਦ ਵਰਗਾ ਜਿਸਦਾ ਮੁਖੜਾ ਸੀ ਤੇ ਲੱਕ ਜਿਸਦਾ ਬਹੁਤ ਪਤਲਾ ਸੀ॥ ੧੨॥

ਕਮਲ ਪਾਂਖਰੀ ਆਂਖ ਬਿਸਾਲੀ। ਮਨਹੁਂ ਕਾਮ ਨੇ ਸੂਰਤ ਢਾਲੀ।
ਉੱਨਤ ਕੁਚਾ ਪੀਨ ਮ੍ਰਿਦੁ ਬੋਲ। ਮੁਕਰ ਬਦਨ ਜੁਗ ਲਸਤਿ ਕਪੋਲ॥ ੧੩॥

ਕੰਵਲ ਦੀਆਂ ਪੰਖੜੀਆਂ ਵਰਗੀਆਂ ਜਿਸ ਦੀਆਂ ਵਿਸ਼ਾਲ ਅੱਖਾਂ ਸਨ, ਮਾਨੋ ਕਾਮਦੇਵ ਨੇ ਉਸ ਦੀ ਸੂਰਤ ਆਪ ਬਣਾਈ ਹੋਵੇ। ਉੱਚੀ ਭਾਰੀ ਛਾਤੀ ਸੀ ਤੇ ਮਿੱਠੀ ਆਵਾਜ਼ ਸੀ। ਸ਼ੀਸ਼ੇ ਵਰਗਾ ਮੁਖੜਾ ਸੀ ਤੇ ਦੋਵੇਂ ਹੋਠ ਲਾਲ ਸਨ॥ ੧੩॥

ਨਿਜ ਪੁੱਤ੍ਰੀ ਕੋ ਅਧਿਕ ਸ਼ਿੰਗਾਰੇ। ਕੌਨ ਕੌਨ ਛਬਿ ਕਰੌਂ ਉਚਾਰੇ।
ਜਿਸ ਕੋ ਹੇਰਤਿ ਬਿਰਮਹਿਂ ਜੋਗੀ। ਗਿਨਤੀ ਕਹਾਂ ਜਿ ਲੰਪਟ ਭੋਗੀ॥ ੧੪॥

ਉਸ ਨੇ ਆਪਣੀ ਪੁੱਤਰੀ ਨੂੰ ਬਹੁਤ ਹਾਰ ਸ਼ਿੰਗਾਰ ਕਰਵਾਇਆ। ਉਸ ਦੀ ਕਿਹੜੀ-ਕਿਹੜੀ ਛਵੀ ਦਾ ਉਚਾਰਨ ਕਰਾਂ, ਜਿਸ ਨੂੰ ਵੇਖ ਕੇ ਜੋਗੀ ਵੀ ਭਰਮਾਂ ਵਿਚ ਪੈ ਜਾਵੇ। ਉਸ ਦੀ ਗਿਣਤੀ ਕੀ ਕਹਾਂ ਜਿਸ ਦੀ ਸੁੰਦਰਤਾ ਖੁਦ ਕਾਮ ਦਾ ਰੂਪ ਧਾਰਨ ਕਰ ਗਈ ਸੀ॥ ੧੪॥

ਕਜਰਾਰੇ ਮ੍ਰਿਗਨੈਨ ਸਵਾਰੇ। ਹਾਥ ਕਮਲ ਮਹਿੰਦੀ ਅਰੁਨਾਰੇ।
ਤਿਸ ਕੋ ਡੋਰੇ ਮਹਿਂ ਬੈਠਾਇ। ਸੰਗ ਸਖੀ ਗਨ ਬਯ ਤਰੁਨਾਇ॥ ੧੫॥

ਉਸ ਦੇ ਕਜਰਾਰੇ ਮ੍ਰਿਗਨੈਣਾਂ ਨੂੰ ਸਵਾਰਿਆ ਗਿਆ। ਕੰਵਲ ਵਰਗੇ ਹੱਥਾਂ ਨੂੰ ਮਹਿੰਦੀ ਲਾ ਕੇ ਲਾਲ ਕੀਤੇ। ਉਸ ਲੜਕੀ ਨੂੰ ਇਕ ਡੋਲੇ ਵਿਚ ਬੈਠਾਇਆ। ਬਹੁਤ ਸਖੀਆਂ ਨਾਲ ਦਿੱਤੀਆਂ, ਜਿਨ੍ਹਾਂ ਦੀ ਉਮਰ ਭਰ ਜਵਾਨੀ ਦੀ ਸੀ॥ ੧੫॥

ਸੋ ਬੰਦੇ ਕੇ ਨਿਕਟਿ ਪਠਾਈ। ਨਿਸਾ ਪਰੀ ਸਮ ਪਰੀ ਸੁ ਆਈ।
ਜਬਿ ਸੁੰਦਰ ਤਿਸ ਤਨ ਕੋ ਜੋਵਾ। ਗੁਰ ਬਚ ਬਿਸਰਿ ਮਦਨ ਬਸਿ ਹੋਵਾ॥੧੬॥

ਉਸ ਆਪਣੀ ਲੜਕੀ ਨੂੰ ਬੰਦਾ ਸਿੰਘ ਦੇ ਪਾਸ ਭੇਜਿਆ। ਰਾਤ ਪੈਣ ਉਤੇ ਉਹ ਪਰੀ ਵਾਂਗ ਬੰਦਾ ਸਿੰਘ ਦੇ ਪਾਸ ਆਈ। ਜਦ ਬੰਦਾ ਸਿੰਘ ਨੇ ਉਸ ਦੇ ਸੁੰਦਰ ਸਰੀਰ ਨੂੰ ਵੇਖਿਆ ਤਾਂ ਗੁਰੂ ਜੀ ਦੇ ਬਚਨ ਭੁੱਲ ਗਿਆ ਤੇ ਕਾਮ ਦੇ ਵੱਸ ਵਿਚ ਹੋ ਗਿਆ॥ ੧੬॥

ਭਯੋ ਬਿਬਸ ਧੀਰਜ ਕੋ ਛੋਰਾ। ਹੁਤੋ ਲੰਗੋਟ ਬੰਦ ਸੋ ਤੋਰਾ।
ਮਰਨ ਆਪਨੋ ਭੀ ਤਬਿ ਭੂਲਾ। ਚਢਿ ਮਨਮਥ ਹਿੰਡੋਲੇ ਝੂਲਾ॥ ੧੭॥

ਉਹ ਬੇਵੱਸ ਹੋ ਗਿਆ ਤੇ ਧੀਰਜ ਨੂੰ ਛੱਡ ਦਿੱਤਾ, ਉਸ ਸਮੇਂ ਤਕ ਲੰਗੋਟ ਬੰਦ ਸੀ, ਉਸ ਪ੍ਰਣ ਨੂੰ ਵੀ ਤੋੜਿਆ। ਉਸ ਸਮੇਂ ਆਪਣਾ ਮਰਨਾ ਵੀ ਭੁੱਲ ਗਿਆ ਤੇ ਕਾਮ ਦੇ ਪੰਘੂੜੇ ਚੜ੍ਹ ਕੇ ਝੂਲਿਆ॥ ੧੭॥

ਬਰੀ, ਕਰੀ ਤ੍ਰਿਯ, ਰਹਜੋ ਨ ਗਯੋ। ਕਾਮ ਨਦੀ ਮਹਿਂ ਬੂਡਤਿ ਭਯੋ।
ਸਭਿ ਬਸਿ ਕੀਨੇ ਪਰਬਤ ਬਾਸੀ। ਲਰਜੋ ਅਰਜੋ ਸੋ ਭਯੋ ਬਿਨਾਸ਼ੀ॥ ੧੮॥

ਉਸ ਇਸਤਰੀ ਨੂੰ ਵਿਆਹ ਕਰਕੇ ਆਪਣੀ ਬਣਾ ਲਿਆ ਤੇ ਉਸ ਪਾਸੋਂ ਰਿਹਾ ਨਾ ਗਿਆ, ਫਿਰ ਕਾਮ ਦੀ ਨਦੀ ਵਿਚ ਡੁੱਬ ਗਿਆ। ਫਿਰ ਸਾਰੇ ਪਹਾੜੀਆਂ ਨੂੰ ਵੱਸ ਵਿਚ ਕਰ ਲਿਆ, ਜਿਹੜਾ ਵੀ ਅੱਗੇ ਲੜ ਕੇ ਅੜਿਆ, ਉਸ ਨੂੰ ਖਤਮ ਕਰ ਦਿੱਤਾ॥ ੧੮॥

ਤੋਰਿ ਮਵਾਸ ਗਿਰੇਸ਼ੁਰ ਸਾਰੇ। ਹਟਜੋ ਬਹੁਰ ਦਲ ਲੈ ਨਿਜ ਨਾਰੇ।
ਸੈਲ ਸਮੂਹਨਿ ਕੀ ਕਰਿ ਸੈਲ। ਨਿਕਸਜੋ ਵਹਿਰ ਧਰੇ ਬਹੁ ਐਲ॥ ੧੯॥

ਸਾਰੇ ਪਹਾੜੀ ਰਾਜਿਆਂ ਦਾ ਆਕੀਪੁਣਾ ਭੰਨ ਕੇ ਤੇ ਫਿਰ ਆਪਣਾ ਵੱਡਾ ਦਲ ਨਾਲ ਲੈ ਕੇ ਵਾਪਸ ਮੁੜ ਆਇਆ। ਸਾਰੇ ਪਹਾੜਾਂ ਦੀ ਸੈਲ ਕਰਕੇ ਪ੍ਰਸੰਨਤਾ ਧਾਰ ਕੇ ਬਾਹਰ ਨਿਕਲਿਆ॥ ੧੯॥

ਸਤੁੱਦ੍ਰਵ ਸਲਿਤਾ ਉਤਰਜੋ ਪਾਰ। ਪ੍ਰਵਿਸ਼ਜੋ ਦੁਾਬੇ ਦੇਸ਼ ਮਝਾਰ।
ਨਗਰ ਗ੍ਰਾਮ ਲੂਟਤਿ ਅਰੁ ਮਾਰਤਿ। ਘਾਲਤਿ ਧੂਮ ਸ ਜ਼ੋਰ ਪਧਾਰਤਿ॥ ੨੦॥

ਸਤਲੁਜ ਦਰਿਆ ਦੇ ਪਾਰ ਉਤਾਰਾ ਕੀਤਾ ਤੇ ਫਿਰ ਦੁਆਬੇ ਦੇਸ਼ ਵਿਚ ਪ੍ਰਵੇਸ਼ ਕਰ ਗਿਆ। ਪਿੰਡਾਂ ਨਗਰਾਂ ਨੂੰ ਲੁੱਟਦਾ ਅਤੇ ਮਾਰਦਾ ਅਤੇ ਧੁੰਮਾਂ ਪਾਉਂਦਾ ਬੜੇ ਜ਼ੋਰ ਨਾਲ ਆਉਂਦਾ ਸੀ॥ ੨੦॥

ਪੁਰੀ ਜਲੰਧਰ ਜੋ ਤੁਰਕਾਨਾ। ਲੂਟਿ ਕੂਟਿ ਕੀਨੇ ਸਭਿ ਹਾਨਾ।
ਅਪਰ ਸ਼ਹਿਰ ਜੇਤਿਕ ਤਹਿਂ ਭਾਰੇ। ਸਕਲ ਚਮੂੰ ਨੇ ਛੀਨਿ ਉਜਾਰੇ॥ ੨੧॥

ਜਲੰਧਰ ਨਗਰੀ ਦੇ ਜਿਹੜੇ ਤੁਰਕ ਸਨ, ਉਹ ਲੁੱਟ ਕੁੱਟ ਕੇ ਸਭ ਮਾਰ ਦਿੱਤੇ। ਹੋਰ ਜਿਹੜੇ ਵੱਡੇ-ਵੱਡੇ ਸ਼ਹਿਰ ਸਨ, ਉਹ ਸਾਰੇ ਹੀ ਸੈਨਾ ਨੇ ਲੁੱਟ ਕੁੱਟ ਕੇ ਉਜਾੜ ਦਿੱਤੇ॥ ੨੧॥

ਜੋ ਸੈਨਾ ਤੁਰਕਨਿ ਕੀ ਆਵੈ। ਸੰਘਰ ਘਾਲਿ ਤੁਰਤ ਬਿਨਸਾਵੈ।
ਪੁਨ ਮਾਝੇ ਬਡ ਦੇਸ਼ ਪਧਾਰਾ। ਦੌਰਿ ਦੂਰ ਤੇ ਬਡ ਪੁਰਿ ਮਾਰਾ॥ ੨੨॥

ਜਿਹੜੀ ਵੀ ਤੁਰਕਾਂ ਦੀ ਸੈਨਾ ਆਉਂਦੀ ਸੀ, ਉਨ੍ਹਾਂ ਨਾਲ ਯੁੱਧ ਕਰਕੇ ਤੁਰਤ ਖਤਮ ਕਰ ਦਿੰਦਾ ਸੀ। ਫਿਰ ਮਾਝੇ ਦੇ ਵੱਡੇ ਦੇਸ਼ ਵਿਚ ਚਲਾ ਗਿਆ। ਦੌੜ ਦੌੜ ਕੇ ਬਹੁਤ ਵੱਡੇ ਨਗਰਾਂ ਨੂੰ ਮਾਰਿਆ॥ ੨੨॥

ਨਾਮ ਬਟਾਲਾ ਜਿਸ ਕੋ ਕਹੈਂ। ਛੀਨ ਲੀਨਿ ਜੇਤਿਕ ਧਨ ਅਹੈ।
ਲਵਪੁਰਿ ਆਦਿਕ ਬਡੇ ਸਥਾਨਾ। ਜਹਾਂ ਬਿਸਾਲ ਜੋਰ ਤੁਰਕਾਨਾ॥ ੨੩॥

ਜਿਸ ਸ਼ਹਿਰ ਦਾ ਨਾਮ ਬਟਾਲਾ ਕਹਿੰਦੇ ਸਨ, ਉਸ ਵਿਚ ਜਿੰਨਾ ਵੀ ਧਨ ਸੀ, ਸਾਰਾ ਖੋਹ ਲਿਆ। ਲਾਹੌਰ ਆਦਿਕ ਜਿਹੜੇ ਵੱਡੇ ਸਥਾਨ ਸਨ, ਜਿੱਥੇ ਤੁਰਕਾਂ ਦਾ ਵੱਡਾ ਜ਼ੋਰ ਸੀ॥ ੨੩॥

ਇਕਠੇ ਹੋਇ ਸੁ ਲਾਖਹੁਂ ਲਸ਼ਕਰਿ। ਲਰਿਬੇ ਹੇਤੁ ਸਮੁਖ ਭੇ ਬਲ ਧਰਿ।
ਚਪਾ ਚਿੜੀ ਨੱਗਰ ਜਿਹ ਥਾਨਾ। ਤਹਿਂ ਮੁਕਾਬਲਾ ਭਯੋ ਮਹਾਨਾ॥ ੨੪॥

ਉਨ੍ਹਾਂ ਦੇ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਇਕੱਠੇ ਹੋਏ ਤੇ ਉਹ ਬਲ ਧਾਰ ਕੇ ਲੜਨ ਵਾਸਤੇ ਸਾਹਮਣੇ ਹੋਏ। ਜਿਸ ਸਥਾਨ ਵਿਖੇ ਚਪਾਚਿੜੀ ਨਗਰ ਹੈ, ਉਥੇ ਬਹੁਤ ਵੱਡਾ ਮੁਕਾਬਲਾ ਹੋਇਆ॥ ੨੪॥

ਕਹੌਂ ਕਹਾਂ ਲਗਿ ਮਚੀ ਲਰਾਈ। ਤੁਰਕਾਨਾ ਮਾਰਜੋ ਸਮੁਦਾਈ।
ਲਰੇ ਅਨੰਦ ਪੁਰੇ ਜੋ ਜਾਇ। ਸੋ ਸੰਘਰ ਕਰਿ ਲੀਨੇ ਘਾਇ॥ ੨੫॥

ਕਿਥੋਂ ਤਕ ਕਹਾਂ ਕਿ ਕੈਸੀ ਲੜਾਈ ਮੱਚੀ, ਸਾਰੇ ਹੀ ਤੁਰਕ ਮਾਰੇ ਗਏ। ਜਿਹੜੇ ਸਤਿਗੁਰੂ ਜੀ ਨਾਲ ਅਨੰਦਪੁਰ ਜਾ ਕੇ ਲੜੇ ਸਨ, ਉਨ੍ਹਾਂ ਨੂੰ ਯੁੱਧ ਕਰਕੇ ਏਥੇ ਮਾਰ ਲਿਆ॥ ੨੫॥

ਜ਼ਬਰਦਸਤ ਸੂਬਾ ਬਡ ਭਾਰਾ। ਲਰਿ ਬੰਦੇ ਤਤਛਿਨ ਸੰਘਾਰਾ।
ਅਪਰ ਸੈਨ ਕੇ ਜੋ ਉਮਰਾਵ। ਘੇਰਿ ਘੇਰਿ ਮਾਰੇ ਕਰਿ ਘਾਵ॥ ੨੬॥

ਜ਼ਬਰਦਸਤ ਖਾਨ ਇਕ ਵੱਡਾ ਭਾਰੀ ਸੂਬਾ ਸੀ, ਬੰਦਾ ਸਿੰਘ ਨੇ ਉਸ ਨਾਲ ਯੁੱਧ ਕਰਕੇ ਤੁਰਤ ਮਾਰ ਲਿਆ। ਹੋਰ ਸੈਨਾ ਅਤੇ ਜਿਹੜੇ ਉਮਰਾਵ ਸਨ, ਘੇਰ ਘੇਰ ਕੇ ਜ਼ਖਮੀ ਕਰਕੇ ਮਾਰ ਦਿੱਤੇ॥ ੨੬॥

ਕਹੂੰ ਨ ਬਿਜੈ ਪਾਇ ਤੁਰਕਾਨਾ। ਜਹਿਂ ਜਹਿਂ ਲਰੇ ਤਹਾਂ ਤਹਿਂ ਹਾਨਾ।
ਗੁਰ ਤੀਰਥ ਕੋ ਅਧਿਕ ਪ੍ਰਤਾਪੂ। ਲਾਖਹੁਂ ਦੁਸ਼ਟਨ ਕੋ ਸੰਤਾਪੂ॥ ੨੭॥

ਕਿਤੇ ਵੀ ਤੁਰਕਾਂ ਨੇ ਜਿੱਤ ਪ੍ਰਾਪਤ ਨਾ ਕੀਤੀ, ਜਿੱਥੇ-ਜਿੱਥੇ ਲੜੇ ਉਥੇ-ਉਥੇ ਮਾਰੇ ਗਏ। ਗੁਰੂ ਤੀਰਥ ਦਾ ਵੱਡਾ ਪ੍ਰਤਾਪ ਸੀ। ਲੱਖਾਂ ਦੁਸ਼ਟਾਂ ਨੂੰ ਵੱਡਾ ਸੰਤਾਪ ਸਹਿਣਾ ਪਿਆ॥ ੨੭॥

ਕਹੌਂ ਕਹਾਂ ਲਗਿ ਰਿਪੁ ਗਨ ਮਾਰੇ। ਲਰਿ ਲਰਿ ਸਨਮੁਖ ਮਾਰਿ ਨਿਵਾਰੇ।
ਦੇਸ਼ਨਿ ਬਿਖੈ ਅਮਲ ਨਿਜ ਕਰਜੋ। ਭਈ ਪ੍ਰਜਾ ਹਾਲਾ ਗਨ ਭਰਜੋ॥ ੨੮॥

ਕਿਥੋਂ ਤਕ ਕਹਾਂ ਕਿ ਬਹੁਤ ਵੈਰੀਆਂ ਨੂੰ ਮਾਰਿਆ, ਸਾਹਮਣੇ ਹੋ ਕੇ ਲੜ ਲੜ ਕੇ ਮਾਰ ਕੇ ਦੂਰ ਕਰ ਦਿੱਤੇ। ਦੇਸ਼ਾਂ ਵਿਚ ਆਪਣੀ ਹਕੂਮਤ ਬਣਾਈ, ਸਾਰੀ ਖਲਕਤ ਪਰਜਾ ਹੋ ਗਈ ਤੇ ਉਹ ਬਹੁਤ ਹਾਲਾ ਭਰਦੇ ਸਨ॥ ੨੮॥

ਇਤਨੇ ਮਹਿਂ ਦਿੱਲੀ ਤੇ ਲਸ਼ਕਰ। ਆਏ ਲਾਖਹੁਂ ਸ਼ੋਰ ਮਹਾਂ ਧਰਿ।
ਸੁਨਿ ਬੰਦਾ ਸਨਮੁਖ ਹੀ ਗਯੋ। ਸਤੁੱਦ੍ਰਵ ਸਲਿਤਾ ਉਲੰਘਤਿ ਭਯੋ॥ ੨੯॥

ਏਨੇ ਵਿਚ ਦਿੱਲੀ ਤੋਂ ਬਹੁਤ ਵੱਡਾ ਲਸ਼ਕਰ ਲੱਖਾਂ ਦੀ ਗਿਣਤੀ ਵਿਚ ਵੱਡਾ ਸ਼ੋਰ ਧਾਰ ਕੇ ਆ ਗਿਆ। ਇਹ ਸੁਣ ਕੇ ਬੰਦਾ ਸਿੰਘ ਉਸ ਸੈਨਾ ਦੇ ਸਾਹਮਣੇ ਗਿਆ ਤੇ ਸਤਲੁਜ ਦਰਿਆ ਨੂੰ ਪਾਰ ਲੰਘ ਗਿਆ॥ ੨੯॥

ਲੁਦਵਣ ਨਗਰ ਮਾਰਿ ਕਰਿ ਲਰਜੋ। ਤੁਰਕਨਿ ਸੰਗ ਜੰਗ ਬਡ ਕਰਜੋ।
ਤੁਪਕ ਤੋਪ ਜੰਜੈਲ ਚਲਾਵੈ। ਤੀਰ ਤਬਰ ਤੋਮਰ ਸੁ ਭ੍ਰਮਾਵੈ॥ ੩੦॥

ਲੁਧਿਆਣੇ ਨਗਰ ਨੂੰ ਮਾਰ ਕੇ ਲੜਿਆ ਤੇ ਤੁਰਕਾਂ ਨਾਲ ਵੱਡਾ ਜੰਗ ਕੀਤਾ। ਬੰਦੂਕਾਂ, ਤੋਪਾਂ ਅਤੇ ਜੰਜੈਲ ਚਲਾਉਂਦਾ ਸੀ। ਤੀਰ ਤਬਰ ਅਤੇ ਨੇਜ਼ੇ ਭਵਾਉਂਦਾ ਸੀ॥ ੩੦॥

ਭਯੋ ਭੇੜ ਓੜਕ ਕੋ ਭਾਰਾ। ਸੋ ਲਸ਼ਕਰ ਭੀ ਲਰਿ ਕਰਿ ਮਾਰਾ।
ਤਿਸੀ ਦੇਸ਼ ਕੇ ਪੁਰਿ ਗਨ ਗ੍ਰਾਮੂ। ਲੂਟੇ ਕੂਟਿ ਉਜਾਰੇ ਧਾਮੂ॥ ੩੧॥

ਓੜਕ ਵਿਚ ਬਹੁਤ ਵੱਡਾ ਭੇੜ ਹੋਇਆ, ਉਹ ਲਸ਼ਕਰ ਵੀ ਲੜ ਕੇ ਮਾਰ ਲਿਆ। ਉਸੇ ਦੇਸ਼ ਦੇ ਕਈ ਨਗਰ ਅਤੇ ਪਿੰਡ ਲੁੱਟ ਕੁੱਟ ਲਏ ਅਤੇ ਘਰਾਂ ਨੂੰ ਉਜਾੜ ਦਿੱਤਾ॥ ੩੧॥

ਪੁਨ ਦ੍ਵਾਬੇ ਮਹਿਂ ਭਯੋ ਪ੍ਰਵੇਸ਼। ਛੀਨਤਿ ਧਨ ਰਿਪੁ ਹਤੇ ਅਸ਼ੇਸ਼।
ਨਗਰ ਦੱਖਣੀ ਕੋ ਤਬਿ ਮਾਰਜੋ। ਫਿਰੇ ਮਹਾਂਦਲ ਸਕਲ ਉਜਾਰਜੋ॥ ੩੨॥

ਫਿਰ ਦਵਾਬੇ ਵਿਚ ਪ੍ਰਵੇਸ਼ ਕਰ ਗਿਆ ਤੇ ਧਨ ਖੋਹ ਕੇ ਬਹੁਤ ਵੈਰੀਆਂ ਨੂੰ ਮਾਰਿਆ। ਫਿਰ ਦੱਖਣੀ ਨਗਰ ਨੂੰ ਤਦ ਮਾਰਿਆ ਤੇ ਫਿਰ ਮਹਾਂ ਦਲ ਨੇ ਫਿਰ ਕੇ ਸਾਰੇ ਦੇਸ਼ ਨੂੰ ਉਜਾੜ ਦਿੱਤਾ॥ ੩੨॥

ਪੁਨ ਗੁਰਦਾਸ ਪੁਰੇ ਕੋ ਲੂਟਾ। ਸਨਮੁਖ ਲਰ੍ਯੋ ਲੀਨ ਸੋ ਕੂਟਾ।
ਇਸ ਬਿਧਿ ਸਗਰੋ ਕਥਾ ਪ੍ਰਸੰਗ। ਰਾਮ ਕੁਇਰ ਕਹਿ ਸ਼੍ਰੋਤਨ ਸੰਗ॥ ੩੩॥

ਫਿਰ ਗੁਰਦਾਸਪੁਰ ਨੂੰ ਜਾ ਕੇ ਲੁੱਟਿਆ, ਜਿਹੜਾ ਵੀ ਸਾਹਮਣੇ ਹੋ ਕੇ ਲੜਿਆ, ਉਸ ਨੂੰ ਕੁੱਟ ਲਿਆ। ਇਸ ਵਿਧੀ ਨਾਲ ਸਾਰੀ ਕਥਾ ਦਾ ਪ੍ਰਸੰਗ ਹੋਇਆ ਹੈ। ਭਾਈ ਰਾਮ ਕੁਇਰ ਜੀ ਆਪਣੇ ਸ੍ਰੋਤਿਆਂ ਨੂੰ ਕਹਿ ਰਹੇ ਹਨ॥ ੩੩॥

ਬਡੇ ਜੁੱਧ ਕਰਿ ਦੁਰਜਨ ਘਾਏ। ਹਮ ਭੀ ਤਬਿ ਮਿਲਨੇ ਹਿਤ ਆਏ।
ਬਹੁ ਲੋਕਨਿ ਬਿਰਤੰਤ ਹਮਾਰਾ। ਬੰਦੇ ਕੋ ਸੁਨਾਇ ਕਰਿ ਸਾਰਾ॥ ੩੪॥

ਵੱਡੇ ਯੁੱਧ ਕਰਕੇ ਦੁਸ਼ਟਾਂ ਨੂੰ ਮਾਰਿਆ, ਅਸੀਂ ਵੀ ਤਦ ਬਾਬਾ ਬੰਦਾ ਸਿੰਘ ਨੂੰ ਮਿਲਣ ਵਾਸਤੇ ਆਏ। ਬਹੁਤ ਲੋਕਾਂ ਨੇ ਸਾਡਾ ਬਿਰਤਾਂਤ ਜਾ ਕੇ ਬੰਦਾ ਸਿੰਘ ਨੂੰ ਸੁਣਾਇਆ॥ ੩੪॥

ਸਾਦਰ ਮੇਲ ਭਯੋ ਹਰਖਾਏ। ਰਾਖ੍ਯੋ ਸੰਗ ਹਮੈਂ ਤਿਸ ਥਾਏਂ।
ਸਾਧੇ ਦੇਸ਼ ਮਵਾਸੀ ਸਾਰੇ। ਚਹ੍ਯੋ ਸੁਧਾਸਰ ਪੁਨ ਦੀਦਾਰੇ॥ ੩੫॥

ਸਾਡਾ ਬੜੇ ਆਦਰ ਨਾਲ ਬੰਦਾ ਸਿੰਘ ਨਾਲ ਜਦ ਮੇਲ ਹੋਇਆ ਤਾਂ ਅਸੀਂ ਬਹੁਤ ਪ੍ਰਸੰਨ ਹੋਏ, ਉਸ ਥਾਂ ਸਾਨੂੰ ਆਪਣੇ ਨਾਲ ਹੀ ਰੱਖਿਆ। ਜਿੰਨੇ ਵੀ ਆਕੀ ਦੇਸ਼ ਸਨ, ਉਨ੍ਹਾਂ ਸਾਰਿਆਂ ਨੂੰ ਸਾਧਿਆ। ਫਿਰ ਅੰਮ੍ਰਿਤਸਰ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥ ੩੫॥

ਘਟਾ ਮਨਿੰਦ ਬਿਲੰਦ ਚਮੂੰ ਅਤਿ। ਸਿੰਘ ਹਜ਼ਾਰਹੁਂ ਮਿਲੇ ਹਰਖ ਚਿਤ।
ਦੁੰਦਭਿ ਬਜੇ ਹਜ਼ਾਰਹੁਂ ਆਗੇ। ਦੂਰ ਦੂਰ ਕੇ ਨਰ ਗਨ ਭਾਗੇ॥ ੩੬॥

ਘਟਾ ਵਾਂਗ ਬਹੁਤ ਵੱਡੀ ਸੈਨਾ ਸੀ, ਹਜ਼ਾਰਾਂ ਸਿੰਘ ਪ੍ਰਸੰਨ ਹੋ ਕੇ ਮਿਲੇ ਸਨ। ਅੱਗੇ-ਅੱਗੇ ਹਜ਼ਾਰਾਂ ਨਗਾਰੇ ਵੱਜ ਰਹੇ ਸਨ। ਦੂਰ-ਦੂਰ ਦੇ ਮਨੁੱਖ ਬਹੁਤ ਭੱਜੇ॥ ੩੬॥

ਦਿੱਲੀ ਮਹਿਂ ਦਬਕਾ ਬਹੁ ਪਰਯੋ। ਜਿਤ ਕਿਤ ਦੇਸ਼ ਤ੍ਰਾਸ ਮਹਿਂ ਭਰਯੋ।
ਛੋਰਿ ਛੋਰਿ ਧਾਮਨ ਕੋ ਭਾਗੇ। ਅਰੈਂ ਨ ਲਰੈਂ ਤੁਰਕ ਰਣ ਤਜਾਗੇ॥ ੩੭॥

ਦਿੱਲੀ ਵਿਚ ਵੱਡਾ ਡਰ ਪੈਦਾ ਹੋਇਆ, ਜਿੱਥੇ ਕਿੱਥੇ ਦੇਸ਼ ਡਰ ਨਾਲ ਭਰ ਗਏ। ਉਹ ਘਰਾਂ ਨੂੰ ਛੱਡ-ਛੱਡ ਕੇ ਭੱਜ ਗਏ, ਨਾ ਅੜਦੇ ਸੀ ਨਾਂ ਲੜਦੇ ਸੀ, ਤੁਰਕ ਰਣਖੇਤਰ ਛੱਡ ਕੇ ਭੱਜ ਜਾਂਦੇ ਸੀ॥ ੩੭॥

ਦਿੱਲੀ ਮਹਿਂ ਨਿਤ ਅਤਿ ਤਕਰਾਈ। ਕਰਿ ਕਰਿ ਬੈਠਤਿ ਅਰਿ ਸਮੁਦਾਈ।
ਪਰੀ ਧਾਂਕ ਬਡ ਧੂਮ ਉਤਾਰੀ। ਸਭਿ ਤੁਰਕਾਨੇ ਮਹਿਂ ਡਰ ਭਾਰੀ॥ ੩੮॥

ਦਿੱਲੀ ਵਿਚ ਸਦਾ ਵੱਡੀ ਤਕੜਾਈ ਕਰ ਕਰਕੇ ਸਾਰੇ ਵੈਰੀ ਬੈਠਦੇ ਸਨ। ਬਾਬਾ ਬੰਦਾ ਸਿੰਘ ਦੀ ਵੱਡੀ ਧਾਂਕ ਪੈ ਗਈ ਤੇ ਵੈਰੀਆਂ ਦੀ ਵੱਡੀ ਚੜ੍ਹਤ ਲਾਹ ਕੇ ਰੱਖ ਦਿੱਤੀ ਤੇ ਸਾਰੇ ਤੁਰਕਾਂ ਵਿਚ ਵੱਡਾ ਭਾਰੀ ਡਰ ਬੈਠ ਗਿਆ॥ ੩੮॥

ਕਬਿ ਕਬਿ ਸੂਬੇ ਹ੍ਵੈ ਇਕ ਥਾਂਈ। ਲਸ਼ਕਰ ਮੇਲਿ ਮੇਲਿ ਸਮੁਦਾਈ।
ਸਨਮੁਖ ਅਰਿ ਅਰਿ ਲਰਿ ਲਰਿ ਮਾਰੈਂ। ਮਾਰ ਖਾਇ ਕੋ ਤ੍ਰਾਸ ਪਧਾਰੈਂ॥ ੩੯॥

ਕਦੀ-ਕਦੀ ਸੂਬੇ ਇਕ ਥਾਂ ਇਕੱਠੇ ਹੁੰਦੇ ਸਨ ਤੇ ਆਪਣੇ ਸਾਰੇ ਲਸ਼ਕਰ ਆਪਸ ਵਿਚ ਮੇਲਦੇ ਸਨ। ਉਹ ਕਹਿੰਦੇ ਸਨ ਕਿ ਸਾਹਮਣੇ ਹੋ ਕੇ ਅੜ-ਅੜ ਕੇ ਲੜ-ਲੜ ਕੇ ਮਾਰਾਂਗੇ, ਪਰ ਮਾਰ ਖਾ ਕੇ ਡਰ ਕੇ ਭੱਜ ਜਾਂਦੇ ਸਨ॥ ੩੯॥

ਲਾਖਹੁਂ ਲਸ਼ਕਰ ਲੀਨੇ ਘਾਇ। ਲਰ੍ਯੋ ਸੋ ਕ੍ਯੋਂਹੂੰ ਹ੍ਵੈ ਨ ਬਚਾਇ।
ਸ਼ੋਰ ਜ਼ੋਰ ਕੋ ਘਾਲਿ ਬਿਸਾਲਾ। ਪੁਨ ਭਾਜਹਿਂ ਹ੍ਵੈ ਕਾਲ ਦੁਖਾਲਾ॥ ੪੦॥

ਲੱਖਾਂ ਦੀ ਗਿਣਤੀ ਵਿਚ ਉਨ੍ਹਾਂ ਲਸ਼ਕਰ ਮਰਵਾ ਲਏ, ਜਿਹੜਾ ਵੀ ਲੜਦਾ ਸੀ, ਉਸ ਦਾ ਕਿਸੇ ਤਰ੍ਹਾਂ ਵੀ ਬਚਾ ਨਹੀਂ ਸੀ ਹੁੰਦਾ। ਉਹ ਜ਼ੋਰ ਸ਼ੋਰ ਵਿਸ਼ਾਲ ਘਾਲਦੇ ਸਨ, ਪਰ ਦੁਖਦਾਇਕ ਕਾਲ ਨੂੰ ਵੇਖ ਕੇ ਭੱਜ ਜਾਂਦੇ ਸਨ॥ ੪੦॥

ਕਈ ਬਾਰ ਤੁਰਕਾਨਾ ਮਿਲਿ ਮਿਲਿ। ਭੇ ਸਨਮੁਖ ਰਣ ਕੇ ਰਿਸ ਪਿਲਿ ਪਿਲਿ।
ਲਰੇ ਬੀਰ ਛਿਦ ਤਨ ਹ੍ਵੈ ਤਿਲ ਤਿਲ। ਬਿਜੈ ਲੇਨਿ ਹਿਤ ਆਗੇ ਠਿਲਿ ਠਿਲਿ॥੪੧॥

ਕਈ ਵਾਰ ਤੁਰਕ ਆਪਸ ਵਿਚ ਮਿਲ-ਮਿਲ, ਬਹੁਤ ਗੁੱਸਾ ਧਾਰ ਕੇ ਰਣਖੇਤਰ ਵਿਚ ਸਾਹਮਣੇ ਆਉਂਦੇ ਸਨ। ਪਰ ਬੰਦਾ ਸਿੰਘ ਦੇ ਸੂਰਬੀਰ ਸਰੀਰ ਛਲਣੀ-ਛਲਣੀ ਅਤੇ ਤਿਲ-ਤਿਲ ਹੋਣ ਤਕ ਲੜਦੇ ਸਨ ਤੇ ਜਿੱਤ ਪ੍ਰਾਪਤ ਕਰਨ ਵਾਸਤੇ ਉਹ ਭੱਜ-ਭੱਜ ਕੇ ਅੱਗੇ ਹੁੰਦੇ ਸਨ॥ ੪੧॥

ਇਮ ਬੰਦੇ ਦੇਸ਼ਨ ਜੈ ਪਾਈ। ਸਭਿ ਪਰ ਅਪਨਿ ਅਮਲ ਠਹਿਰਾਈ।
ਜਹਿਂ ਕਹਿਂ ਪਠਏ ਠਾਨੇਦਾਰ। ਨਯਾਂਇ ਨਿਬੇਰਨਿ ਕੀ ਕਰਿ ਕਾਰ॥ ੪੨॥

ਇਸ ਪ੍ਰਕਾਰ ਬੰਦਾ ਸਿੰਘ ਨੇ ਦੇਸ਼ਾਂ ਉੱਪਰ ਜਿੱਤ ਪ੍ਰਾਪਤ ਕੀਤੀ ਤੇ ਸਾਰੇ ਦੇਸ਼ਾਂ ਉੱਪਰ ਆਪਣੀ ਹਕੂਮਤ ਕਾਇਮ ਕੀਤੀ। ਜਿੱਥੇ ਕਿੱਥੇ ਆਪਣੇ ਠਾਣੇਦਾਰ ਭੇਜੇ, ਉਹ ਨਿਆਂ ਦੇ ਨਿਬੇੜੇ ਦਾ ਕੰਮ ਕਰਦੇ ਸਨ॥ ੪੨॥

ਕਰੈਂ ਹੁਕਮ, ਹਾਲਾ ਧਨੁ ਲੇਤ। ਬੰਦੇ ਨਿਕਟ ਪੁਚਾਇ ਸੁ ਦੇਤ।
ਦਿੱਲੀ ਮਹਿਂ ਮਿਲਿ ਕਰਿ ਤੁਰਕਾਨਾ। ਭਏ ਮਵਾਸੀ ਡਰ ਬਹੁ ਮਾਨਾ॥ ੪੩॥

ਉਹ ਹੁਕਮ ਕਰਕੇ ਹਾਲਾ ਅਤੇ ਧਨ ਲੈਂਦੇ ਸਨ ਤੇ ਫਿਰ ਉਹ ਬੰਦਾ ਸਿੰਘ ਦੇ ਪਾਸ ਪਹੁੰਚਾ ਦਿੰਦੇ ਸਨ। ਦਿੱਲੀ ਵਿਚ ਬਹੁਤ ਤੁਰਕਾਂ ਮਿਲ ਕੇ ਬਹੁਤ ਡਰ ਮੰਨ ਕੇ ਵੱਡੇ-ਵੱਡੇ ਕਿਲ੍ਹਿਆਂ ਵਿਚ ਜਾ ਕੇ ਪਨਾਹ ਲੈ ਲਈ॥ ੪੩॥

ਬਹੁ ਬਰੂਦ ਸੌਂ ਗੋਰਾ ਗੋਰੀ। ਕੋਟ ਸੁਧਾਰਜੋ ਪੁਰਿ ਚਹੁੰ ਓਰੀ।
ਤੋਪ ਸੁਧਾਰਿ ਧਰੀ ਬਹੁ ਥਾਨਾ। 'ਹਨੈਂ ਇਹਾਂ ਮਿਲਿ' ਕਰੈਂ ਬਖਾਨਾ॥ ੪੪॥

ਬਹੁਤ ਬਰੂਦ ਅਤੇ ਗੋਲਾ ਗੋਲੀਆਂ ਲੈ ਕੇ ਨਗਰ ਦੇ ਕਿਲ੍ਹੇ ਨੂੰ ਚਾਰੇ ਪਾਸਿਆਂ ਤੋਂ ਸੁਧਾਰਿਆ। ਬਹੁਤ ਸਥਾਨਾਂ ਤੇ ਤੋਪਾਂ ਸੁਧਾਰ ਕੇ ਰੱਖ ਦਿੱਤੀਆਂ। ਫਿਰ ਇਕ ਦੂਸਰੇ ਨੂੰ ਕਹਿੰਦੇ ਸਨ, "ਏਥੇ ਮਿਲ ਕੇ ਬੰਦਾ ਸਿੰਘ ਨੂੰ ਮਾਰਾਂਗੇ" ॥ ੪੪॥

*ਦੂਸਰੇ ਐਨ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥*

## ਅਧਿਆਇ ਬਾਰ੍ਹਵਾਂ

### ਬਾਬਾ ਬੰਦਾ ਸਿੰਘ ਦਾ ਹੋਰ ਹਾਲ

ਦੋਹਰਾ- ਸਾਧਜੋ ਸਗਰੇ ਦੇਸ਼ ਕੋ ਜੋ ਪੰਜਾਬ ਬਿਸਾਲ।
ਪਲਟਾ ਲੇ ਗੁਰ ਸੁਤਨਿ ਕੋ ਦ੍ਰੋਹੀ ਹਤੇ ਕਰਾਲ॥ ੧॥

ਸਾਰੇ ਦੇਸ਼ ਨੂੰ ਸਾਧਿਆ ਜਿਹੜਾ ਕਿ ਵਿਸ਼ਾਲ ਪੰਜਾਬ ਦੇਸ਼ ਸੀ। ਗੁਰੂ ਜੀ ਦੇ ਪੁੱਤਰਾਂ ਦਾ ਬਦਲਾ ਲੈ ਕੇ ਵਿਕਰਾਲ ਰੂਪ ਵਿਚ ਧਰੋਹੀਆਂ ਨੂੰ ਮਾਰਿਆ॥ ੧॥

ਚੌਪਈ- ਸ੍ਰੀ ਬਿਨੋਦ ਸਿੰਘ ਤੇਹਨ ਬਾਬਾ। ਸੰਗੀ ਬੰਦੇ ਕੋ ਰਿਪੁ ਦਾਬਾ।
ਹੇਤੁ ਸਹਾਇਕ ਸਤਿਗੁਰ ਦਯੋ। ਜਥਾ ਜੋਗ ਉਪਦੇਸ਼ਨਿ ਕਯੋ॥ ੨ ॥

ਸ੍ਰੀ ਬਿਨੋਦ ਸਿੰਘ ਭੱਲਾ ਅਤੇ ਤ੍ਰੇਹਣ ਬਾਬਾ ਵੈਰੀ ਨੂੰ ਦਬਾਉਣ ਵਾਲੇ ਬਾਬਾ ਬੰਦਾ ਸਿੰਘ ਦੇ ਸੰਗੀ ਸਨ। ਉਨ੍ਹਾਂ ਨੂੰ ਬੰਦਾ ਸਿੰਘ ਦੀ ਸਹਾਇਤਾ ਵਾਸਤੇ ਸਤਿਗੁਰੂ ਜੀ ਨੇ ਦਿੱਤਾ ਸੀ ਤੇ ਯਥਾ-ਯੋਗ ਉਨ੍ਹਾਂ ਨੂੰ ਉਪਦੇਸ਼ ਕੀਤਾ ਸੀ॥ ੨ ॥

ਜਹਿ ਕਹਿਂ ਕਰੀ ਸਹਾਇ ਬਿਸਾਲਾ। ਮਸਲਤ ਦੇਤਿ ਬਤਾਇ ਰਸਾਲਾ।
ਜਬਹਿ ਬਜਾਹ ਬੰਦੇ ਕਰਵਾਯੋ। ਕਹਿ ਕਹਿ ਗੁਰ ਬਚ ਬਹੁਤ ਹਟਾਯੋ ॥੩ ॥

ਜਿੱਥੇ ਕਿੱਥੇ ਉਨ੍ਹਾਂ ਵਿਸ਼ਾਲ ਸਹਾਇਤਾ ਕੀਤੀ, ਉਹ ਰਸੀਲੀ ਸਲਾਹ ਦੇ ਕੇ ਸਮਝਾਉਂਦੇ ਸਨ। ਜਦ ਬੰਦਾ ਸਿੰਘ ਨੇ ਵਿਆਹ ਕਰਵਾਇਆ ਸੀ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਬਚਨ ਬਹੁਤ ਕਹਿ ਕਹਿ ਕੇ ਉਸ ਨੂੰ ਹਟਾਇਆ ਸੀ॥ ੩ ॥

ਬਰਜਯੋ ਰਹਯੋ ਨ, ਸੁੰਦਰਿ ਹੇਰੀ। ਕਰੀ ਮੋਨ ਤਿਸੁ ਕਹਯੋ ਨ ਫੇਰੀ।
ਤਿਸੀ ਰੀਤਿ ਇਕ ਡੋਰਾ ਆਨ। ਲੇ ਕਰਿ ਪਹੁੰਚਯੋ ਰਿਪੁ ਡਰ ਮਾਨਿ ॥੪ ॥

ਪਰ ਉਹ ਵਰਜਿਆ ਨਾ ਰਿਹਾ, ਜਦ ਸੁੰਦਰੀ ਵੇਖੀ ਤਾਂ ਚੁੱਪ ਧਾਰਨ ਕਰ ਲਈ ਤੇ ਫਿਰ ਉਸ ਨੂੰ ਦੁਬਾਰਾ ਨਾ ਕਿਹਾ। ਉਸੇ ਰੀਤੀ ਨਾਲ ਇਕ ਹੋਰ ਡੋਲਾ ਵੈਰੀ ਡਰ ਮੰਨ ਕੇ ਲੈ ਕੇ ਪਹੁੰਚ ਗਿਆ॥ ੪ ॥

ਤਿਸ ਭੀ ਬਜਾਹਿ ਕਰਨ ਲਲਚਾਵਾ। ਸ੍ਰੀ ਬਿਨੋਦ ਸਿੰਘ ਝਿੜਕਿ ਹਟਾਵਾ।
ਭਯੋ ਗਰਬ ਸੋ ਨਾਹਿਨ ਮਾਨੈ। 'ਕਰੋਂ ਭਾਰਜਾ' ਲਾਲਚ ਠਾਨੈ॥ ੫ ॥

ਬੰਦਾ ਸਿੰਘ ਉਸ ਨਾਲ ਵੀ ਵਿਆਹ ਕਰਵਾਉਣ ਵਾਸਤੇ ਲਲਚਾਇਆ, ਪਰ ਸ੍ਰੀ ਬਿਨੋਦ ਸਿੰਘ ਨੇ ਝਿੜਕ ਕੇ ਹਟਾ ਦਿੱਤਾ। ਪਰ ਹੰਕਾਰ ਦੇ ਕਾਰਨ ਉਹ ਨਾ ਮੰਨਿਆ, "ਮੈਂ ਇਸ ਨੂੰ ਆਪਣੀ ਪਤਨੀ ਬਣਾਵਾਂਗਾ", ਲਾਲਚ ਧਾਰਨ ਕੀਤਾ॥ ੫ ॥

ਬੇਮੁਖ ਲਖਿ ਕਰਿ ਬਾਬੇ ਤਬੈ। ਬੈਠੇ ਹੁਤੇ ਬਿਲੋਕਤਿ ਸਬੈ।
ਹਤਿਬੇ ਹੇਤ ਕ੍ਰੋਧ ਕੇ ਸਾਥ। ਧਰਯੋ ਖੜਗ ਕਬਜ਼ੇ ਪਰ ਹਾਥ॥ ੬ ॥

ਬੇਮੁਖ ਸਮਝ ਕੇ ਬਾਬੇ ਨੇ ਤਦ ਸਾਰਿਆਂ ਦੇ ਬੈਠਿਆਂ ਅਤੇ ਵੇਖਦਿਆਂ, ਕ੍ਰੋਧ ਧਾਰ ਕੇ ਮਾਰਨ ਵਾਸਤੇ ਤਲਵਾਰ ਦੇ ਕਬਜ਼ੇ ਉੱਪਰ ਆਪਣਾ ਹੱਥ ਰੱਖਿਆ॥ ੬ ॥

ਮਾਰਯੋ ਚਹੈ ਜਾਨਿ ਹੰਕਾਰੀ। 'ਕਜਾ ਮੂਰਖ ਇਨ ਮਨ ਮਹਿਂ ਧਾਰੀ'।
ਤਬਿ ਲੌ ਕਾਹਨ ਸਿੰਘ ਸੁਤ ਆਯੋ। ਹਾਥ ਜੋਰਿ ਬਚ ਕਹਯੋ ਹਟਾਯੋ ॥੭ ॥

ਬੰਦਾ ਸਿੰਘ ਨੂੰ ਹੰਕਾਰੀ ਜਾਣ ਕੇ ਬਾਬਾ ਉਸ ਨੂੰ ਮਾਰਨਾ ਚਾਹੁੰਦਾ ਸੀ। ਕਹਿੰਦਾ ਸੀ, "ਇਸ ਮੂਰਖ ਨੇ ਮਨ ਵਿਚ ਕੀ ਧਾਰਨ ਕੀਤਾ ਹੈ।" ਤਦ ਤਕ ਉਸ ਦਾ ਕਾਹਨ ਸਿੰਘ ਪੁੱਤਰ ਆਇਆ। ਉਸ ਨੇ ਹੱਥ ਜੋੜ ਕੇ ਬਚਨ ਕਹਿ ਕੇ ਹਟਾ ਦਿੱਤਾ॥ ੭ ॥

'ਇਸਹਿ ਨ ਮਾਰਹੁ ਉਚਿਤ ਨ ਹਮੈਂ। ਘਟਹਿਂ ਤੇਜ ਪੁਜਯੋ ਅਬਿ ਸਮੈਂ।
ਸਤਿਗੁਰ ਹਿਤ ਸਹਾਇ ਸੰਗ ਕੀਨੇ। ਸਾਹਿਬਜ਼ਾਦਨਿ ਪਲਟਾ ਲੀਨੇ॥ ੮ ॥

"ਇਸ ਨੂੰ ਨਾ ਮਾਰੋ, ਸਾਡੇ ਵਾਸਤੇ ਉਚਿਤ ਨਹੀਂ ਹੈ। ਇਸ ਦਾ ਤੇਜ ਹੁਣ ਆਪੇ ਘਟ ਜਾਵੇਗਾ, ਹੁਣ ਸਮਾਂ ਪੁੱਜ ਗਿਆ ਹੈ। ਸਤਿਗੁਰੂ ਜੀ ਨੇ ਸਹਾਇਤਾ ਵਾਸਤੇ ਨਾਲ ਭੇਜੇ ਸਨ, ਉਨ੍ਹਾਂ ਦੀ ਸਹਾਇਤਾ ਨਾਲ ਸਾਹਿਬਜ਼ਾਦਿਆਂ ਦਾ ਬਦਲਾ ਲਿਆ ਸੀ॥ ੮ ॥

ਅਪਨੋ ਹਾਥ ਜਿ ਛੋਡਹੁ ਯਾਂ ਪਰ। ਭਲੀ ਨ ਬਾਤ ਬਿਚਾਰ ਲਿਹੋ ਉਰ।
ਗੁਰ ਕੀ ਆਗਜ਼ਾ ਹੋਵਤਿ ਭੰਗ। ਨਿਫਲਹਿ ਬਲ ਕੀਨੇ ਬਿਚ ਜੰਗ॥ ੯॥

ਆਪਣੇ ਹੱਥੀਂ ਜੇ ਏਥੇ ਹੁਣ ਮਾਰ ਦਿਆਂਗੇ, ਇਹ ਚੰਗੀ ਗੱਲ ਨਹੀਂ ਹੈ, ਤੁਸੀਂ ਆਪਣੇ ਦਿਲ ਵਿਚ ਵਿਚਾਰ ਲਵੋ। ਫਿਰ ਗੁਰੂ ਜੀ ਦੀ ਆਗਿਆ ਭੰਗ ਹੁੰਦੀ ਹੈ। ਜਿਹੜਾ ਅਸੀਂ ਜੰਗ ਵਿਚ ਬਲ ਕੀਤਾ ਹੈ ਉਹ ਨਿਸਫਲ ਹੋ ਜਾਵੇਗਾ'' ॥ ੯॥

ਕਹੈ ਬਿਨੋਦ ਸਿੰਘ ਕਰਿ ਰੋਸ। 'ਦੇਖਹੁ ਕਹਾਂ ਕਰਹਿ ਬਹੁ ਦੋਸ਼।
ਇਸ ਕੋ ਮਾਰਨ ਹੀ ਬਨਿ ਆਵੈ। ਗੁਰ ਕੋ ਕਹਿਬੋ ਸਕਲ ਮਿਟਾਵੈ॥ ੧੦॥

ਬਾਬਾ ਬਿਨੋਦ ਸਿੰਘ ਗੁੱਸਾ ਕਰਕੇ ਕਹਿਣ ਲੱਗਾ, ''ਵੇਖੋ ਇਹ ਕਿੱਥੇ ਬਹੁਤ ਪਾਪ ਕਰਨ ਲੱਗਾ ਹੈ, ਇਸ ਨੂੰ ਮਾਰਨਾ ਹੀ ਬਣਦਾ ਹੈ, ਗੁਰੂ ਜੀ ਦੇ ਕਹੇ ਹੋਏ ਨੂੰ ਮੋੜਦਾ ਹੈ॥ ੧੦॥

ਏ ਕਾਫਰ ਬੇਮੁਖ ਅਤਿ ਭਯੋ। ਦੁਤੀ ਬਯਾਹ ਕਰਿਬੇ ਲਲਚਯੋ।
ਕਹੈ ਕੁਲੀਨ ਤ੍ਰਿਯਾ ਕੋ ਬਯਾਹੋਂ। ਔਰ ਪੁੱਤ੍ਰ ਤਿਸਤੇ ਉਪਜਾਹੋਂ॥ ੧੧॥

ਇਹ ਕਾਫਰ ਵੱਡਾ ਬੇਮੁਖ ਹੋ ਗਿਆ ਹੈ, ਦੂਸਰਾ ਵਿਆਹ ਕਰਵਾਉਣ ਵਾਸਤੇ ਲਲਚਾਇਆ ਹੈ। ਕਹਿੰਦਾ ਹੈ ਇਕ ਮਲੇਸ਼ ਤੇ ਕੁਲੀਨ ਇਸਤਰੀ ਨਾਲ ਵਿਆਹ ਕਰਵਾਵਾਂਗਾ ਤੇ ਉਸ ਤੋਂ ਪੁੱਤਰ ਪੈਦਾ ਕਰਾਂਗਾ॥ ੧੧॥

ਕਰਤਿ ਢੀਠਤਾ ਮਨਮੁਖ ਹੋਯੋ। ਬਸ ਮਨਮਥ ਕੇ ਜਤ ਸਤ ਖੋਯੋ।
ਕਾਹਨ ਸਿੰਘ ਕਰਿ ਪਿਤ ਸੋਂ ਬਿਨਤੀ। ਬਰਜਨ ਕਰਜੋ ਤਜੀ ਰਿਸ ਗਿਨਤੀ॥੧੨॥

ਵੱਡੀ ਢੀਠਤਾ ਕਰਕੇ ਮਨਮੁਖ ਹੋਇਆ ਹੈ, ਭੋਗ ਵਿਲਾਸ ਕਰਕੇ ਆਪਣਾ ਜਤ ਸਤ ਗਵਾ ਬੈਠਾ ਹੈ।'' ਕਾਹਨ ਸਿੰਘ ਨੇ ਆਪਣੇ ਪਿਤਾ ਜੀ ਨੂੰ ਬੇਨਤੀ ਕਰਕੇ ਰੋਕ ਦਿੱਤਾ ਤੇ ਉਸ ਨੇ ਕ੍ਰੋਧ ਦੀ ਗਿਣਤੀ ਛੱਡ ਦਿੱਤੀ॥ ੧੨॥

ਇਸ ਪ੍ਰਕਾਰ ਹੀ ਭਯੋ ਬਖੇਰਾ। ਚਲੇ ਸੁਧਾਸਰ ਕੋ ਤਬਿ ਡੇਰਾ।
ਦਰਸ਼ਨ ਕਰਨ ਹੇਤੁ ਸਭਿ ਗਏ। ਲਾਖਹੁਂ ਦਲ ਉਤਰਤਿ ਭਟ ਭਏ॥ ੧੩॥

ਇਸ ਪ੍ਰਕਾਰ ਹੀ ਬਖੇੜਾ ਖੜਾ ਹੋ ਗਿਆ, ਫਿਰ ਸਾਰਾ ਡੇਰਾ ਅੰਮ੍ਰਿਤਸਰ ਨੂੰ ਚਲਿਆ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਸਾਰੇ ਗਏ, ਲੱਖਾਂ ਦਲ ਦੇ ਸੂਰਬੀਰਾਂ ਨੇ ਉਥੇ ਉਤਾਰਾ ਕੀਤਾ॥ ੧੩॥

ਸਿੰਘ ਹਜ਼ਾਰਹੁਂ ਸੰਗੀ ਬੀਰ। ਧਰਹਿਂ ਤੁਫੰਗਨ ਤੋਮਰ ਤੀਰ।
ਸਭਿਨਿ ਸ਼ਨਾਨ ਜਾਇ ਕਰਿ ਕਰਯੋ। ਹਰਿਮੰਦਰ ਦਰਸੇ ਮੁਦ ਭਰਯੋ॥ ੧੪॥

ਹਜ਼ਾਰਾਂ ਸਿੰਘ ਸੂਰਬੀਰ ਸੰਗੀ ਸਨ, ਜਿਨ੍ਹਾਂ ਨੇ ਬੰਦੂਕਾਂ, ਨੇਜ਼ੇ ਅਤੇ ਧਨੁੱਖ ਬਾਣ ਧਾਰਨ ਕੀਤੇ ਹੋਏ ਸਨ। ਸਾਰਿਆਂ ਨੇ ਜਾ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਪ੍ਰਸੰਨਤਾ ਨਾਲ ਭਰ ਗਏ॥ ੧੪॥

ਸਭਿ ਕੇ ਅੱਗ੍ਰ ਬੈਠਿ ਤਿਸ ਥਾਂਇਂ। ਚਹੈ ਕਿ 'ਮੋ ਪਰ ਚਮਰ ਫਿਰਾਇ।
ਸਭਿ ਮਹਿਂ ਮੁਖਿ ਸਿਖ ਹੌਂ ਮੈਂ ਗੁਰ ਕੋ। ਪੂਰਨ ਕਰਜੋ ਮਨੋਰਥ ਉਰ ਕੋ॥੧੫॥

ਉਸ ਥਾਂ ਸਾਰਿਆਂ ਦੇ ਅੱਗੇ ਬੈਠ ਕੇ ਬੰਦਾ ਸਿੰਘ ਚਾਹੁੰਦਾ ਸੀ ਕਿ ''ਮੇਰੇ ਉੱਪਰ ਚੌਰ ਕੀਤਾ ਜਾਵੇ। ਮੈਂ ਗੁਰੂ ਜੀ ਦਾ ਸਾਰਿਆਂ ਵਿਚ ਮੁੱਖੀ ਸਿੱਖ ਹਾਂ, ਮੈਂ ਗੁਰੂ ਜੀ ਦੇ ਦਿਲ ਦੇ ਮਨੋਰਥ ਨੂੰ ਪੂਰਨ ਕੀਤਾ ਹੈ॥ ੧੫॥

ਸਭਿ ਕੇ ਕਰਜੋ ਮੋਹਿ ਅਗਵਾਨੀ। ਮੇਰੀ ਘਾਲ ਗੁਰੂ ਉਰ ਭਾਨੀ।
ਯਾਂਤੇ ਸਭਿ ਸਨ ਚਹੌਂ ਗੁਰਾਈ। ਮੁਖਤਾ ਪੰਥ ਭਲੇ ਬਨਿ ਆਈ॥ ੧੬॥

ਮੈਂ ਸਾਰਿਆਂ ਦੀ ਅਗਵਾਈ ਕੀਤੀ ਹੈ, ਮੇਰੀ ਘਾਲ ਕਮਾਈ ਗੁਰੂ ਜੀ ਨੂੰ ਚੰਗੀ ਲੱਗੀ ਸੀ। ਇਸ ਕਰਕੇ ਮੈਂ ਸਾਰਿਆਂ ਪਾਸੋਂ ਗੁਰਿਆਈ ਚਾਹੁੰਦਾ ਹਾਂ, ਮੇਰੀ ਪੰਥ ਵਿਚ ਮੁੱਖਤਾ ਭਲੀ ਪ੍ਰਕਾਰ ਬਣਦੀ ਹੈ॥ ੧੬॥

ਗੁਰਤਾ ਕੋ ਲੱਛਨ ਮੁਝ ਦੇਹਿ। ਸਕਲ ਖਾਲਸਾ ਦਰਸ਼ਨ ਲੇਹਿ'।
ਇਹ ਜਬਿ ਕਹੀ ਲਹੀ ਸਭਿ ਪੰਥਾ। ਕਰੀ ਤਰਕ, 'ਨਹਿਂ ਮਾਨਹਿਂ ਸੰਥਾ ॥੧੭॥

ਗੁਰਤਾ ਦੇ ਲੱਛਣ ਮੈਨੂੰ ਦੇਵੋ ਤੇ ਸਾਰਾ ਖਾਲਸਾ ਮੇਰਾ ਮੱਤ ਧਾਰਨ ਕਰੇ।" ਇਹ ਗੱਲ ਜਦ ਬੰਦਾ ਸਿੰਘ ਨੇ ਕਹੀ ਤਾਂ ਸਾਰੇ ਪੰਥ ਨੇ ਸਮਝ ਲਈ ਤੇ ਖਾਲਸੇ ਨੇ ਤਰਕ ਕੀਤਾ, "ਬੰਦੇ ਨਾਲ ਮਿਲਣਾ ਅਸੀਂ ਨਹੀਂ ਮੰਨਦੇ॥ ੧੭॥

ਨਹੀਂ ਖਾਲਸੇ ਸੌਂ ਇਸ ਮੇਲ। ਗੁਰ ਬਿਨ ਅਪਰ ਚਲਾਯੋ ਗੈਲ।
ਖੰਡੇ ਕਾ ਅੰਮ੍ਰਿਤ ਨਹਿਂ ਲੀਨ। ਰਹਤਿ ਨਹੀਂ ਇਨ ਧਰੀ ਪ੍ਰਬੀਨ॥ ੧੮॥

ਖਾਲਸੇ ਨਾਲ ਇਸ ਦਾ ਕੋਈ ਮੇਲ ਨਹੀਂ ਹੈ, ਗੁਰੂ ਬਗੈਰ ਇਸ ਨੇ ਕੋਈ ਹੋਰ ਹੀ ਪੰਥ ਚਲਾਇਆ ਹੈ। ਇਸ ਨੇ ਖੰਡੇ ਦਾ ਅੰਮ੍ਰਿਤ ਨਹੀਂ ਛੱਕਿਆ ਹੈ ਤੇ ਇਸ ਨੇ ਸੱਚੀ-ਸੁੱਚੀ ਰਹਿਤ ਨਹੀਂ ਧਾਰਨ ਕੀਤੀ ਹੈ॥ ੧੮॥

*ਨੋਟ : ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਭੰਗੀ ਮਿਸਲ ਦਾ ਸੰਸਥਾਪਿਕ, ਛਜਾ ਸਿੰਘ ਅੰਮ੍ਰਿਤਸਰ ਦੇ ਲਾਗੇ ਪੰਜਵੜ ਪਿੰਡ ਦਾ ਰਹਿਣ ਵਾਲਾ ਸੀ। ਉਸ ਨੇ ਖੰਡੇ ਬਾਟੇ ਦਾ ਅੰਮ੍ਰਿਤ ਬਾਬਾ ਬੰਦਾ ਸਿੰਘ ਬਹਾਦਰ ਤੋਂ ਛਕਿਆ ਸੀ, ਜੇ ਬਾਬਾ ਬੰਦਾ ਸਿੰਘ ਨੇ ਅੰਮ੍ਰਿਤ ਨਹੀਂ ਛਕਿਆ ਸੀ ਤੇ ਛਜਾ ਸਿੰਘ ਵਰਗਾ ਸੂਰਬੀਰ ਉਸ ਪਾਸੋਂ ਅੰਮ੍ਰਿਤ ਕਿਵੇਂ ਛਕ ਸਕਦਾ ਸੀ?*

ਜੇ ਹਮ ਤੇ ਇਹ ਚਹੈ ਬਡਾਈ। ਧਰੇ ਮਾਸ ਮਦ ਅੱਗ੍ਰ ਬਨਾਈ।
ਸ਼ਜਾਮ ਬਸਤ੍ਰ ਜੁਤਿ ਅੰਗੀਕਾਰਹੁ। ਪੁਨ ਮਿਲਿਬੇ ਹਿਤ ਬਾਕ ਉਚਾਰਹੁ ॥੧੯॥

ਇਸ ਦੇ ਅਰਥ ਵਿਵਾਦ ਗ੍ਰੱਸਤ ਹੋਣ ਕਰਕੇ ਨਹੀਂ ਦਿੱਤੇ ਗਏ ਹਨ॥ ੧੯॥

ਸਕਲ ਖਾਲਸੇ ਜਬਿ ਇਮ ਕੀਨਾ। ਧਰਮ ਬੈਸ਼ਨੋ ਅਪਨੋ ਚੀਨਾ।
ਅੰਗੀਕਾਰ ਨਹੀਂ ਕਿਯ ਤੀਨੋ। ਸਿੰਘਨ ਸੰਗ ਸਪਰਧਾ ਭੀਨੋ॥ ੨੦॥

ਸਾਰੇ ਖਾਲਸੇ ਨੇ ਜਦ ਇਸ ਪ੍ਰਕਾਰ ਕੀਤਾ ਤੇ ਆਪਣਾ ਧਰਮ ਵੈਸ਼ਨੋ ਹੋਣ ਕਰਕੇ ਮਾਸ ਖਾਣਾ ਚੰਗਾ ਨਾ ਜਾਣਿਆ। ਮਦ, ਮਾਸ ਤੇ ਕਾਲੇ ਵਸਤਰ ਤਿੰਨੇ ਅੰਗੀਕਾਰ ਨਾ ਕੀਤੇ ਤੇ ਸਿੰਘਾਂ ਨਾਲ ਆਪਣਾ ਮੇਲ ਚੰਗਾ ਜਾਣਿਆ॥ ੨੦॥

ਦ੍ਵੈਸ਼ ਭਾਵ ਦੋਨਹੁਂ ਮਹਿਂ ਜਾਗਾ। ਡੇਰਾ ਪ੍ਰਿਥਕ ਉਤਰਿਬੇ ਲਾਗਾ।
ਗ੍ਰਾਮ ਅਨਿਕ ਮਹਿਂ ਸਿਘ ਪ੍ਰਵੇਸ਼ੇ। ਤਿਸ ਤੇ ਸੰਗ ਮਿਲਹਿਂ ਨਹਿਂ ਕੈਸੇ॥੨੧॥

ਫਿਰ ਦੋਹਾਂ ਵਿਚ ਈਰਖਾ ਭਾਵ ਜਾਗ ਪਿਆ, ਫਿਰ ਸਿੰਘਾਂ ਦਾ ਅਤੇ ਬੰਦਈਆਂ ਦਾ ਵੱਖਰਾ ਡੇਰਾ ਲੱਗਣ ਲੱਗ ਗਿਆ। ਅਨੇਕ ਪਿੰਡਾਂ ਵਿਚ ਸਿੰਘ ਪ੍ਰਵੇਸ਼ ਕਰ ਗਏ ਤੇ ਬਾਬਾ ਬੰਦਾ ਸਿੰਘ ਨਾਲ ਕਦੀ ਵੀ ਮੇਲ ਨਹੀਂ ਸੀ ਕਰਦੇ॥ ੨੧॥

ਕੇਤਿਕ ਸਿੰਘਨਿ ਮਸਲਤ ਧਾਰੀ। ਗਮਨੇ ਗੁਰ ਢਿਗ ਕਰਤਿ ਪੁਕਾਰੀ।
'ਭਯੋ ਮੂਢ ਕੇ ਗਰਬ ਮਹਾਨਾ। ਚਾਹਤਿ ਬੈਠਸਿ ਗੁਰੂ ਸਥਾਨਾਂ ॥ ੨੨॥

ਕਈ ਸਿੰਘਾਂ ਨੇ ਸਲਾਹ ਬਣਾਈ ਕਿ ਗੁਰੂ ਜੀ ਪਾਸ ਜਾ ਕੇ ਪੁਕਾਰ ਕਰੀਏ, "ਮੂਰਖ ਨੂੰ ਬਹੁਤ ਵੱਡਾ ਹੰਕਾਰ ਹੋ ਗਿਆ ਹੈ ਤੇ ਗੁਰੂ ਜੀ ਦੇ ਸਥਾਨ ਤੇ ਬੈਠਣਾ ਚਾਹੁੰਦਾ ਹੈ" ॥ ੨੨॥

ਇਤਨੇ ਮਹਿਂ ਲਸ਼ਕਰ ਬਹੁ ਆਏ। ਭਯੋ ਇਕਾਕੀ ਜੰਗ ਮਚਾਏ।
ਸੱਤਾ ਤੀਰਨ ਮਹਿਂ ਨਹਿਂ ਰਹੀ। ਸਿੰਘ ਘਨੇ ਦਲ ਜਾਨਹਿਂ ਸਹੀ॥ ੨੩॥

ਏਨੇ ਵਿਚ ਸ਼ਾਹੀ ਲਸ਼ਕਰ ਬਹੁਤ ਆਏ, ਬੰਦਾ ਸਿੰਘ ਇਕੱਲਾ ਹੋ ਕੇ ਜੰਗ ਮਚਾਉਂਦਾ ਸੀ। ਉਸ ਦੇ ਤੀਰਾਂ ਵਿਚ ਉਹ ਤਾਕਤ ਨਾ ਰਹੀ। ਬਹੁਤ ਸਿੰਘ ਦਲ ਨੂੰ ਸਹੀ ਜਾਣਦੇ ਸਨ॥ ੨੩॥

ਇਮ ਬੰਦੇ ਕੋ ਭਯੋ ਪ੍ਰਸੰਗ। ਨਿਤ ਪ੍ਰਤਿ ਹੋਤਿ ਘਨੇਰੇ ਜੰਗ।
ਅਬਿ ਗੁਰ ਕਥਾ ਸੁਨਹੁ ਜਿਮ ਭਈ। ਅਬਿਚਲ ਨਗਰ ਸਥਿਰਤਾ ਕਈ॥੨੪॥

ਇਸ ਪ੍ਰਕਾਰ ਬੰਦਾ ਸਿੰਘ ਦਾ ਪ੍ਰਸੰਗ ਹੋਇਆ ਹੈ, ਨਿਤਪ੍ਰਤੀ ਵੱਡੇ ਜੰਗ ਹੁੰਦੇ ਸਨ। ਹੁਣ ਗੁਰੂ ਜੀ ਦੀ ਕਥਾ ਸੁਣੋ ਜਿਵੇਂ ਹੋਈ ਹੈ। ਸਤਿਗੁਰੂ ਜੀ ਅਬਚਲ ਨਗਰ ਵਿਚ ਰਹਿ ਰਹੇ ਸਨ॥ ੨੪॥

ਕਬਹਿ ਅਰੂਢਿ ਅਖੇਰ ਸਿਧਾਵੈਂ। ਬਿਚਰਹਿਂ ਬਨ ਮਹਿਂ ਪੁਨ ਚਲਿ ਆਵੈਂ।
ਧਰਹਿਂ ਭਾਉ ਕੋ ਪਰਹਿਂ ਜੁ ਸ਼ਰਨੀ। ਤਿਸਹਿ ਤਰਾਇਂ ਜਥਾ ਨਦ ਤਰਨੀ॥੨੫॥

ਕਦੀ ਘੋੜੇ ਉੱਪਰ ਸਵਾਰ ਹੋ ਕੇ ਸ਼ਿਕਾਰ ਖੇਡਣ ਜਾਂਦੇ ਸਨ, ਜੰਗਲ ਵਿਚ ਵਿਚਰਦੇ ਸਨ, ਫਿਰ ਚਲ ਕੇ ਆ ਜਾਂਦੇ ਸਨ। ਜਿਹੜਾ ਵੀ ਭਾਵਨਾ ਧਰ ਕੇ ਸ਼ਰਨੀ ਪੈ ਜਾਂਦਾ ਸੀ, ਉਸ ਨੂੰ ਬੇੜੀ ਵਾਂਗ ਤਾਰ ਕੇ ਪਾਰ ਕਰ ਦਿੰਦੇ ਸਨ॥ ੨੫॥

ਸ਼ਾਹ ਬਹਾਦਰ ਦੱਖਣ ਦੇਸ਼। ਫਿਰ ਕਰਿ ਸਾਧਯੋ ਸਕਲ ਵਿਸ਼ੇਸ਼।
'ਦੇਸ਼ ਪੰਜਾਬ ਗਰਦ ਕਰਿ ਦੀਨਿ। ਸੂਬੇ ਕਿਤਿਕ ਮਾਰ ਕਰਿ ਲੀਨਿ॥੨੬॥

ਬਹਾਦਰ ਸ਼ਾਹ ਦੱਖਣ ਦੇਸ਼ ਵਿਚ ਫਿਰ ਕੇ ਵਿਸ਼ੇਸ਼ ਤੌਰ ਤੇ ਸਭ ਕੁਝ ਸਾਧ ਰਿਹਾ ਸੀ, "ਪੰਜਾਬ ਦੇਸ਼ ਮਿੱਟੀ ਵਿਚ ਮਿਲਾ ਦਿੱਤਾ ਸੀ, ਕਈ ਸੂਬੇ ਮਾਰ ਲਏ ਸਨ॥ ੨੬॥

ਲਾਖਹੁਂ ਲਸ਼ਕਰ ਲਰਿ ਲਰਿ ਹਨੇ। ਜਨਨੀ ਮਨਹੁ ਨਹੀਂ ਕਬਿ ਜਨੇ।
ਸਤਿਗੁਰ ਐਸੋ ਸਿੱਖ ਪਠਾਯੋ। ਦੇਸ਼ ਉਜਾਰਯੋ ਧੂਲ ਮਿਲਾਯੋ'॥ ੨੭॥

ਲੱਖਾਂ ਲਸ਼ਕਰ ਲੜ-ਲੜ ਮਾਰੇ, ਮਾਵਾਂ ਨੇ ਜਿਵੇਂ ਉਨ੍ਹਾਂ ਨੂੰ ਕਦੇ ਜੰਮਿਆ ਹੀ ਨਹੀਂ ਸੀ। ਸਤਿਗੁਰੂ ਜੀ ਨੇ ਐਸੇ ਸਿੱਖ ਨੂੰ ਭੇਜਿਆ ਸੀ, ਜਿਸ ਨੇ ਦੇਸ਼ ਨੂੰ ਉਜਾੜ ਕੇ ਮਿੱਟੀ ਵਿਚ ਮਿਲਾ ਦਿੱਤਾ ਸੀ"॥ ੨੭॥

ਇੱਤ੍ਯਾਦਿਕ ਸੁਧ ਸ਼ਾਹ ਸਮੀਪ। ਪਹੁੰਚਹਿ ਨਿਤ 'ਮਾਰਹਿ ਅਵਨੀਪ।
ਸੂਬਾ ਖਾਨ ਵਜੀਦ ਸੰਘਾਰਯੋ। ਜ਼ਬਰਦਸਤ ਦੂਜਾ ਲਰਿ ਮਾਰਯੋ॥ ੨੮॥

ਇਸ ਪ੍ਰਕਾਰ ਦੀਆਂ ਖ਼ਬਰਾਂ ਬਾਦਸ਼ਾਹ ਦੇ ਪਾਸ ਨਿਤ ਪਹੁੰਚਦੀਆਂ ਸਨ, "ਬਹੁਤ ਰਾਜੇ ਮਾਰੇ ਹਨ, ਸੂਬਾ ਵਜ਼ੀਦ ਖਾਨ ਮਾਰ ਦਿੱਤਾ ਹੈ, ਦੂਸਰਾ ਜ਼ਬਰਦਸਤ ਖਾਨ ਵੀ ਯੁੱਧ ਕਰਕੇ ਮਾਰ ਦਿੱਤਾ ਹੈ॥ ੨੮॥

ਸੱਯਦ ਖਾਂਨ ਮੁਗ਼ਲ ਗਨ ਭਾਰੇ। ਕੌਨ ਗਨੇ ਸੰਘਰ ਮਹਿਂ ਮਾਰੇ'।
ਦਿੱਲੀ ਮਹਿਂ ਦਬਕਾ ਬਹੁ ਪਰਯੋ। 'ਲੂਟਹਿਂ ਆਨਿ' ਸਭਿਨਿ ਉਰ ਡਰਯੋ॥੨੯॥

ਸੱਯਦ, ਖਾਨ, ਮੁਗ਼ਲ ਬਹੁਤ ਭਾਰੀ ਗਿਣਤੀ ਵਿਚ ਮਾਰੇ ਹਨ, ਉਨ੍ਹਾਂ ਦੀ ਕੌਣ ਗਿਣਤੀ ਕਰ ਸਕਦਾ ਹੈ, ਜਿਹੜੇ ਯੁੱਧ ਦੇ ਮੈਦਾਨ ਵਿਚ ਮਾਰੇ ਹਨ।" ਦਿੱਲੀ ਵਿਚ ਡਰ ਬਹੁਤ ਪਿਆ ਹੈ, "ਆ ਕੇ ਲੁੱਟ ਲੈਣਗੇ' ਸਾਰਿਆਂ ਨੇ ਦਿਲ ਵਿਚ ਡਰ ਧਾਰਨ ਕੀਤਾ ਹੈ॥ ੨੯॥

ਪ੍ਰਥਮ ਸ਼ਾਹੁ ਬਹੁ ਸੁਭਟ ਪਠਾਏ। 'ਲਰਿ ਕਰਿ ਮਾਰਹੁ' ਜਤਨ ਬਤਾਏ।
ਪੁਨ ਪੁਨ ਸੁਧ ਇਸ ਬਿਧਿ ਕੀ ਗਈ। 'ਚਮੂੰ ਘਨੀ ਤੁਮਰੀ ਹਤਿ ਲਈ॥੩੦॥

ਪਹਿਲਾਂ ਬਾਦਸ਼ਾਹ ਨੇ ਬਹੁਤ ਸੂਰਬੀਰ ਭੇਜੇ, "ਲੜ ਕੇ ਮਾਰੋ" ਤੇ ਕਈ ਜਤਨ ਵੀ ਦੱਸੇ। ਫਿਰ ਇਸ ਵਿਧੀ ਦੀਆਂ ਖ਼ਬਰਾਂ ਗਈਆਂ, "ਤੁਹਾਡੀ ਬਹੁਤ ਸੈਨਾ ਮਾਰ ਲਈ ਹੈ॥ ੩੦॥

ਮਹਾਂ ਪ੍ਰਬਲ ਇਹ ਜਾਇ ਨ ਮਾਰਯੋ। ਲਸ਼ਕਰ ਪਤਿਸ਼ਾਹੀ ਲਰਿ ਹਾਰਯੋ'।
ਸੁਨਿ ਸੁਨਿ ਸੁਧ ਕੋ ਸ਼ਾਹੁ ਹਿਰਾਨਾ। ਜਾਨੀ 'ਗੁਰ ਕੀ ਬਖਸ਼ ਮਹਾਨਾ॥੩੧॥

ਇਹ ਮਹਾਂ ਪ੍ਰਬਲ ਹੈ ਤੇ ਮਾਰਿਆ ਨਹੀਂ ਜਾਂਦਾ ਹੈ, ਬਾਦਸ਼ਾਹੀ ਲਸ਼ਕਰ ਲੜ ਕੇ ਹਾਰ ਗਿਆ ਹੈ।" ਬਾਦਸ਼ਾਹ ਖ਼ਬਰਾਂ

ਸੁਣ-ਸੁਣ ਹੈਰਾਨ ਰਹਿੰਦਾ ਸੀ, ਉਹ ਜਾਣ ਗਿਆ ਕਿ "ਇਸ ਨੂੰ ਗੁਰੂ ਜੀ ਦੀ ਮਹਾਨ ਬਖਸ਼ਿਸ਼ ਹੋਈ ਹੈ॥ ੩੧॥

ਅਪਰ ਜਤਨ ਤਿਸ ਕੋ ਨਹਿਂ ਕੋਈ। ਗੁਰ ਢਿਗ ਜਾਉਂ ਹਟਾਵੈਂ ਸੋਈ'।
ਇਮ ਬਿਚਾਰਿ ਕਰਿ ਕੂਚ ਬਡੇਰੇ। ਪਹੁੰਚਯੋ ਆਨਿ ਪ੍ਰਭੂ ਕੇ ਨੇਰੇ॥ ੩੨॥

ਇਸ ਬਾਰੇ ਹੁਣ ਕੋਈ ਹੋਰ ਯਤਨ ਨਹੀਂ ਚਲੇਗਾ, ਗੁਰੂ ਜੀ ਪਾਸ ਜਾਂਦਾ ਹਾਂ, ਉਹ ਹੀ ਇਸ ਨੂੰ ਹਟਾਉਣਗੇ।" ਇਸ ਪ੍ਰਕਾਰ ਵਿਚਾਰ ਕਰਕੇ, ਬਹੁਤ ਵੱਡਾ ਕੂਚ ਕੀਤਾ ਤੇ ਸਤਿਗੁਰੂ ਜੀ ਦੇ ਨੇੜੇ ਪਹੁੰਚ ਗਿਆ॥ ੩੨॥

ਪਠੇ ਵਕੀਲ ਬਿਸਾਲ ਮੁਸਾਹਿਬ। ਆਨਿ ਕਰਯੋ ਡੇਰਾ ਜਹਿਂ ਸਾਹਿਬ।
ਮਿਲਿਬੇ ਕਾਰਨ ਚਾਹਤਿ ਰਹੇ। ਸ੍ਰੀ ਸਤਿਗੁਰ ਨਹਿਂ ਕਯੋਹੂੰ ਕਹੇ॥ ੩੩॥

ਉਸ ਨੇ ਕਈ ਵਕੀਲ ਅਤੇ ਵੱਡੇ-ਵੱਡੇ ਮੁਸਾਹਿਬ ਭੇਜੇ ਤੇ ਉਨ੍ਹਾਂ ਉਥੇ ਆ ਕੇ ਡੇਰਾ ਲਾ ਲਿਆ, ਜਿਥੇ ਸਤਿਗੁਰੂ ਜੀ ਰਹਿੰਦੇ ਸਨ। ਮਿਲਣ ਵਾਸਤੇ ਚਾਹੁੰਦੇ ਰਹੇ। ਪਰ ਸ੍ਰੀ ਸਤਿਗੁਰੂ ਜੀ ਕਿਸੇ ਪ੍ਰਕਾਰ ਵੀ ਮਿਲਣਾ ਨਹੀਂ ਚਾਹੁੰਦੇ ਸਨ॥ ੩੩॥

'ਹਮ ਸੋਂ ਅਹਿਦ ਕਰਯੋ ਫਿਰਿ ਗਯੋ। ਏਕ ਸ੍ਵਾਲ ਕੋ ਦੇਤਿ ਨ ਭਯੋ।
ਤਬਿ ਹਮ ਅਪਨੋ ਸਿੱਖ ਪਠਾਯੋ। ਹਤਿ ਦ੍ਰੋਹੀ ਨਿਜ ਪਲਟਾ ਪਾਯੋ॥ ੩੪॥

ਉਹ ਕਹਿੰਦੇ ਸਨ, "ਬਾਦਸ਼ਾਹ ਨੇ ਸਾਡੇ ਨਾਲ ਵਾਹਦਾ ਕੀਤਾ ਸੀ, ਪਰ ਉਹ ਵਾਹਦੇ ਤੋਂ ਮੁਕਰ ਗਿਆ ਹੈ, ਸਾਡੀ ਇਕ ਮੰਗ ਵੀ ਨਹੀਂ ਮੰਨੀ ਹੈ। ਤਦ ਅਸੀਂ ਆਪਣਾ ਇਕ ਸਿੱਖ ਭੇਜਿਆ ਸੀ ਕਿ ਧ੍ਰੋਹੀਆਂ ਨੂੰ ਮਾਰ ਕੇ ਆਪਣਾ ਬਦਲਾ ਲਵੇ॥ ੩੪॥

ਕਰਯੋ ਫ੍ਰੇਬ ਹਮ ਦਿਯੋ ਜਵਾਬ। 'ਬਿਗਰਹਿ ਸਲਤਨ ਕਰਹਿ ਸ਼ਿਤਾਬ।
ਮੇਰੋ ਜੋਰ ਪਰਹਿ ਜਬਿ ਭਾਰਾ। ਤਬਿ ਚਾਹਯੋ ਦੇ ਸ੍ਵਾਲ ਹਮਾਰਾ॥ ੩੫॥

ਜਦ ਬਾਦਸ਼ਾਹ ਨੇ ਫਰੇਬ ਕਰਕੇ ਸਾਨੂੰ ਜਵਾਬ ਦੇ ਦਿੱਤਾ ਸੀ ਤਾਂ ਅਸੀਂ ਫੁਰਮਾਇਆ ਸੀ ਕਿ ਛੇਤੀ ਹੀ ਤੇਰੀ ਸਲਤਨਤ ਵਿਗੜ ਜਾਵੇਗੀ। ਜਦ ਮੇਰਾ ਭਾਰੀ ਜ਼ੋਰ ਪਿਆ ਤਦ ਸਾਡੀ ਮੰਗ ਨੂੰ ਮੰਨਣਾ ਚਾਹਿਆ॥ ੩੫॥

ਸਮੁਝਿ ਸ਼ਾਹੁ ਕੀ ਟਾਲ ਬਿਸਾਲਾ। ਨਿਜ ਸੇਵਕ ਉਤ ਪਠਯੋ ਕਰਾਲਾ।
ਗੁਰ ਦ੍ਰੋਹੀ ਸਭਿਹਿਨਿ ਕੋ ਮਾਰੈ। ਤੇਜ ਬਿਲੰਦ ਦੇਸ਼ ਬਿਸਤਾਰੈ'॥ ੩੬॥

ਅਸੀਂ ਬਾਦਸ਼ਾਹ ਦੇ ਟਾਲੇ ਨੂੰ ਸਮਝ ਕੇ, ਉਧਰ ਆਪਣੇ ਵਿਕਰਾਲ ਸੇਵਕ ਨੂੰ ਭੇਜਿਆ ਹੈ। ਉਹ ਸਾਰੇ ਗੁਰੂ ਧਰੋਹੀਆਂ ਨੂੰ ਮਾਰੇਗਾ ਤੇ ਆਪਣੇ ਉੱਚੇ ਤੇਜ ਨੂੰ ਦੇਸ਼ ਵਿਚ ਫੈਲਾਵੇਗਾ"॥ ੩੬॥

ਇਮ ਕਹਿ ਤਿਨ ਢਿਗ ਸਿੰਘ ਪਠਾਯੋ। ਗੁਰ ਕੋ ਕਹਿਬੋ ਸਕਲ ਸੁਨਾਯੋ।
ਸੁਨਯੋਂ ਵਕੀਲ ਮੁਸਾਹਿਬ ਜਬੈ। ਆਸ਼ੈ ਜਾਨ ਲੀਨਿ ਮਨ ਸਬੈ॥ ੩੭॥

ਇਸ ਪ੍ਰਕਾਰ ਕਹਿ ਕੇ ਉਨ੍ਹਾਂ ਪਾਸ ਇਕ ਸਿੰਘ ਨੂੰ ਭੇਜਿਆ, ਉਸ ਨੇ ਆ ਕੇ ਗੁਰੂ ਜੀ ਵਲੋਂ ਕਹੀ ਗਈ ਸਾਰੀ ਗੱਲ ਸੁਣਾਈ। ਜਦ ਵਕੀਲ ਅਤੇ ਮੁਸਾਹਿਬ ਨੇ ਸਾਰੀ ਗੱਲ ਸੁਣ ਲਈ ਤਾਂ ਉਨ੍ਹਾਂ ਨੇ ਸਾਰੇ ਆਸ਼ੇ ਆਪਣੇ ਮਨ ਵਿਚ ਜਾਣ ਲਏ॥ ੩੭॥

ਪੁਨ ਕਹਿ ਪਠਯੋ 'ਦਯਾ ਸਿੰਘ ਸੰਗ। ਹਮ ਸੋਂ ਦੀਜੈ, ਕਹੈ ਪ੍ਰਸੰਗ।
ਜਿਸ ਤੇ ਸ਼ਾਹੁ ਸੁਨੈ ਮਨ ਭਾਵੈ। ਉਚਿਤ ਜਾਨਿ ਕਰਿ ਜਤਨ ਬਨਾਵੈ'॥ ੩੮॥

ਬਾਦਸ਼ਾਹ ਦੇ ਮੁਸਾਹਿਬਾਂ ਨੇ ਫਿਰ ਕਹਿ ਭੇਜਿਆ ਕਿ ਭਾਈ ਦਇਆ ਸਿੰਘ ਜੀ ਨੂੰ ਸਾਡੇ ਨਾਲ ਭੇਜੋ ਜੋ ਬਾਦਸ਼ਾਹ ਨੂੰ ਇਹ ਸਾਰਾ ਪ੍ਰਸੰਗ ਸੁਣਾਵੇ। ਜਿਸ ਤੋਂ ਸੁਣ ਕੇ ਬਾਦਸ਼ਾਹ ਨੂੰ ਜਿਹੜੀ ਗੱਲ ਚੰਗੀ ਲੱਗੇ ਉਹ ਯੋਗ ਜਾਣ ਕੇ ਬੰਦਾ ਸਿੰਘ ਨੂੰ ਰੋਕਣ ਦਾ ਕੋਈ ਉਪਾਅ ਬਣਾ ਸਕੇ"॥ ੩੮॥

ਸੁਨਿ ਕਰਿ ਸਤਿਗੁਰ ਤਿਨ ਬਚ ਦੀਨ। ਭੇਜਯੋ ਦਯਾ ਸਿੰਘ ਸੰਗ ਕੀਨਿ।
ਚੜ੍ਹਿ ਕਰਿ ਸ਼ਾਹੁ ਸਮੀਪ ਸਿਧਾਏ। ਉਤਰਿ ਜਾਮਨੀ ਤਹਾਂ ਬਿਤਾਏ॥ ੩੯॥

ਸਤਿਗੁਰੂ ਜੀ ਨੇ ਉਨ੍ਹਾਂ ਦੇ ਨਿੰਮ੍ਰਤਾ ਦੇ ਬਚਨ ਸੁਣ ਕੇ, ਭਾਈ ਦਇਆ ਸਿੰਘ ਨੂੰ ਉਨ੍ਹਾਂ ਦੇ ਨਾਲ ਭੇਜਿਆ। ਉਹ ਘੋੜ ਸਵਾਰ ਹੋ ਕੇ ਬਾਦਸ਼ਾਹ ਦੇ ਨੇੜੇ ਚਲੇ ਗਏ ਤੇ ਉਤਾਰਾ ਕਰਕੇ ਰਾਤ ਉਥੇ ਬਤੀਤ ਕੀਤੀ॥ ੩੯॥

ਭਈ ਪ੍ਰਭਾਤਿ ਹਕਾਰਨ ਕੀਨੇ। ਸਰਬ ਬ੍ਰਿਤਾਂਤ ਸ਼ਾਹੁ ਕਹਿ ਦੀਨੇ।
'ਏਕ ਸੁਾਲ ਦੈਬੇ ਕੀ ਟਾਲ। ਕੀਨੀ ਤਬਿ ਫਰੇਬ ਕੇ ਨਾਲ॥ ੪੦॥

ਜਦ ਸਵੇਰ ਹੋਈ ਤਾਂ ਬਾਦਸ਼ਾਹ ਨੇ ਉਨ੍ਹਾਂ ਨੂੰ ਬੁਲਾ ਲਿਆ, ਉਨ੍ਹਾਂ ਨੇ ਸਾਰਾ ਬ੍ਰਿਤਾਂਤ ਬਾਦਸ਼ਾਹ ਨੂੰ ਕਹਿ ਕੇ ਸੁਣਾਇਆ, "ਤਦ ਫਰੇਬ ਕਰਕੇ ਇਕ ਸਵਾਲ ਦੇਣ ਤੋਂ ਟਾਲਾ ਕੀਤਾ ਸੀ॥ ੪੦॥

ਸ਼੍ਰੀ ਪ੍ਰਭੁ ਪਲਟਾ ਚਹਯੋ ਜ਼ਰੂਰ। ਪਠਿ ਦੀਨੋ ਨਿਜ ਸੇਵਕ ਸੂਰ।
ਪਾਇ ਧੂਮ ਦ੍ਰੋਹੀ ਸਭਿ ਮਾਰੇ। ਕਿਮ ਬਚ ਸਕਹਿਂ ਕਰੇ ਅਘ ਭਾਰੇ॥ ੪੧॥

ਸਤਿਗੁਰੂ ਜੀ ਆਪਣਾ ਬਦਲਾ ਜ਼ਰੂਰ ਲੈਣਾ ਚਾਹੁੰਦੇ ਸਨ, ਇਸ ਕਰਕੇ ਉਨ੍ਹਾਂ ਨੇ ਇਕ ਸੂਰਬੀਰ ਸੇਵਕ ਨੂੰ ਓਧਰ ਭੇਜ ਦਿੱਤਾ। ਉਸ ਨੇ ਧੂੰਮਾਂ ਪਾ ਕੇ ਸਾਰੇ ਧਰੋਹੀ ਮਾਰ ਦਿੱਤੇ ਹਨ, ਉਹ ਕਿਵੇਂ ਬਚ ਸਕਦੇ ਸਨ ਜਿਨ੍ਹਾਂ ਨੇ ਭਾਰੀ ਪਾਪ ਕੀਤੇ ਸਨ॥ ੪੧॥

ਆਦਿ ਸਿਰੰਦ ਸੁ ਨਗਰ ਉਜਾਰੇ। ਦੇਸ਼ ਪੰਜਾਬ ਰੋਰ ਕੋ ਡਾਰੇ।
ਗਮਨਹੁ ਤੁਮ ਸਤਿਗੁਰੂ ਹਦੂਰ। ਕਰਹੁ ਅਰਜ਼ ਜਿਮ ਬਨੀ ਜ਼ਰੂਰ॥ ੪੨॥

ਸਿਰਹੰਦ ਆਦਿ ਨਗਰ ਵੀ ਉਜਾੜ ਦਿੱਤੇ ਹਨ ਤੇ ਪੰਜਾਬ ਦੇਸ਼ ਵਿਚ ਵੱਡਾ ਊਧਮ ਮਚਾਇਆ ਹੈ। ਤੁਸੀਂ ਹੁਣ ਸਤਿਗੁਰੂ ਜੀ ਦੇ ਪਾਸ ਜਾਵੋ, ਉਸ ਪ੍ਰਕਾਰ ਬੇਨਤੀ ਕਰੋ, ਜਿਵੇਂ ਜ਼ਰੂਰੀ ਬਣਦਾ ਹੈ॥ ੪੨॥

ਛਿਮਾ ਧਰਹਿਂ ਬਖਸ਼ਹਿਂ ਤੁਮ ਤਾਈਂ। ਦੇਸ਼ ਉਜਾਰਤਿ ਮਿਟਹਿਂ ਤਦਾਈ'।
ਇਮ ਕਹਿ ਦਯਾ ਸਿੰਘ ਮਨ ਭਾਯੋ। ਸੰਗ ਆਪਨੈ ਸ਼ਾਹੁ ਚਢਾਯੋ॥ ੪੩॥

ਉਹ ਖਿਮਾ ਕਰਕੇ ਤੁਹਾਨੂੰ ਬਖਸ਼ ਦੇਣਗੇ ਤੇ ਫਿਰ ਦੇਸ਼ ਉਜੜਨਾ ਬੰਦ ਹੋ ਜਾਵੇਗਾ।" ਇਸ ਪ੍ਰਕਾਰ ਦਇਆ ਸਿੰਘ ਨੇ ਮਨ-ਭਾਉਂਦਾ ਕਹਿ ਕੇ ਸੁਣਾਇਆ ਤੇ ਆਪਣੇ ਨਾਲ ਬਾਦਸ਼ਾਹ ਨੂੰ ਚੜ੍ਹਾ ਲਿਆ॥ ੪੩॥

ਅਬਚਲ ਨਗਰ ਸਮੀਪੀ ਡੇਰੇ। ਉਤਰੇ ਕਹਿ ਕਹਿ ਪਰੇ ਘਨੇਰੇ।
ਤੰਬੂ, ਸ਼ਮਿਯਾਨੇ ਗਨ ਤਾਨੇ। ਦ੍ਰਿਸ਼ਟੀ ਪਰੇ ਦੂਰ ਲਗ ਜਾਨੇ॥ ੪੪॥

ਅਬਚਲ ਨਗਰ ਦੇ ਨੇੜੇ ਜਾ ਕੇ ਡੇਰਾ ਲਾ ਲਿਆ ਤੇ ਕਹਿ ਕੇ ਉਥੇ ਉਤਾਰਾ ਕਰ ਲਿਆ। ਤੰਬੂ ਸ਼ਾਮਿਆਨੇ ਬਹੁਤ ਲਾਏ, ਜਿੱਥੋਂ ਬਹੁਤ ਦੂਰ ਤਕ ਦ੍ਰਿਸ਼ਟੀ ਜਾਂਦੀ ਸੀ॥ ੪੪॥

*ਦੂਸਰੇ ਐਨ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥*

★★★

# ਅਧਿਆਇ ਤੇਰ੍ਹਵਾਂ

## ਬਾਦਸ਼ਾਹ ਨੇ ਮੁਆਫੀ ਮੰਗੀ

ਦੋਹਰਾ- ਉਤਰਿ ਬਿਤਾਈ ਜਾਮਨੀ ਪ੍ਰਾਤਿ ਭਈ ਜਬਿ ਆਇ।
ਗੁਰਜਦਾਰ ਪਠਏ ਤਬੈ ਦਯਾ ਸਿੰਘ ਬੁਲਿਵਾਇ॥ ੧॥

ਉਥੇ ਉਤਾਰਾ ਕਰਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਬਾਦਸ਼ਾਹ ਨੇ ਗੁਰਜਦਾਰ ਨੂੰ ਭੇਜ ਕੇ ਭਾਈ ਦਇਆ ਸਿੰਘ ਨੂੰ ਬੁਲਾਇਆ॥ ੧॥

ਚੌਪਈ- 'ਗੁਰ ਦਰਸ਼ਨ ਕੋ ਭੇਤ ਬਤਾਵਹੁ। ਕਬਿ ਪਹੁੰਚਹਿਂ ਮਨ ਕੋਪ ਮਿਟਾਵਹੁ।
ਨਹਿਂ ਚਾਹਤਿ ਗੁਰ ਮੇਲ ਹਮਾਰਾ। ਜਾਨਜੌਂ ਪੂਰਬ ਕੂਰ ਉਚਾਰਾ॥ ੨॥

ਬਾਦਸ਼ਾਹ ਨੇ ਕਿਹਾ, "ਹੇ ਭਾਈ ਦਇਆ ਸਿੰਘ ਜੀ! ਗੁਰੂ ਜੀ ਦੇ ਦਰਸ਼ਨਾਂ ਦਾ ਭੇਦ ਦੱਸੋ, ਕਿ ਉਨ੍ਹਾਂ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ। ਉਨ੍ਹਾਂ ਦੇ ਪਾਸ ਕਦ ਪਹੁੰਚੀਏ। ਉਨ੍ਹਾਂ ਦੇ ਮਨ ਦੇ ਕ੍ਰੋਧ ਨੂੰ ਦੂਰ ਕਰੋ। ਗੁਰੂ ਜੀ ਸਾਡੇ ਨਾਲ ਮੇਲ ਕਰਨਾ ਨਹੀਂ ਚਾਹੁੰਦੇ ਹਨ, ਉਹ ਜਾਣਦੇ ਹਨ, ਪਹਿਲਾਂ ਅਸੀਂ ਝੂਠ ਬੋਲਿਆ ਹੈ॥ ੨॥

ਅਬਿ ਕਰਿ ਬਿਨਤੀ ਮੈਂ ਬਖਸ਼ਾਵੌਂ। ਰਿਸ ਮਿਟਾਇ ਕਰਿ ਰਿਦੈ ਰਿਝਾਵੌਂ।
ਸੁਨਿ ਕਰਿ ਦਯਾ ਸਿੰਘ ਤਬਿ ਕਹਜੋ। 'ਆਛੋ ਏਕ ਸਮੋਂ ਮੈਂ ਲਹਜੋ॥ ੩॥

ਹੁਣ ਮੈਂ ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾ ਲਵਾਂਗਾ, ਉਨ੍ਹਾਂ ਦਾ ਗੁੱਸਾ ਦੂਰ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਾਂਗਾ।" ਇਹ ਸੁਣ ਕੇ ਫਿਰ ਦਇਆ ਸਿੰਘ ਨੇ ਕਿਹਾ, "ਚੰਗਾ ਇਕ ਸਮਾਂ ਮੈਂ ਜਾਣਿਆ ਹੈ॥ ੩॥

ਕੇਤਿਕ ਦਿਨ ਤੇ ਇਮ ਕ੍ਰਿਤ ਠਾਨੈਂ। ਪ੍ਰਾਤਿ ਹੋਤਿ ਤਟ ਨਦੀ ਪਯਾਨੈਂ।
ਕਰੈਂ ਸ਼ਨਾਨ ਖਰੇ ਹੁਇ ਰਹੈਂ। ਤਪ ਕੋ ਤਾਪਤਿ ਵਾਕ ਨ ਕਹੈਂ॥ ੪॥

ਕਈ ਦਿਨ ਤੋਂ ਗੁਰੂ ਜੀ ਇਸ ਤਰ੍ਹਾਂ ਕਰਦੇ ਹਨ, ਸਵੇਰ ਹੁੰਦਿਆਂ ਹੀ ਉਹ ਨਦੀ ਦੇ ਕਿਨਾਰੇ 'ਤੇ ਚਲੇ ਜਾਂਦੇ ਹਨ। ਇਸ਼ਨਾਨ ਕਰਕੇ ਫਿਰ ਖਲੋਤੇ ਰਹਿੰਦੇ ਹਨ, ਤਪ ਕਰਦੇ ਹਨ, ਪਰ ਬਚਨ ਕੋਈ ਨਹੀਂ ਬੋਲਦੇ ਹਨ॥ ੪॥

ਤਹਾਂ ਅਚਾਨਕ ਦਰਸ਼ਨ ਕਰਕੈ। ਪ੍ਰਭੁ ਰਿਝਾਵੈਂ ਬਿਨੈ ਉਚਰਿਕੈ।
ਤਿਸ ਪਰਹਰਹਿ ਕਰਹਿਂ ਰਿਸ ਬਰਜਨ। ਹੋਹਿ ਅਰਾਮ ਤਮਾਮ ਸਿ ਪੁਰਿਜਨ॥ ੫॥

ਉਥੇ ਅਚਾਨਕ ਦਰਸ਼ਨ ਕਰਕੇ ਤੇ ਬੇਨਤੀ ਉਚਾਰ ਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਾਂਗਾ ਤਾਂ ਬੰਦਾ ਸਿੰਘ ਨੂੰ ਵਰਜ ਦੇਣਗੇ ਕਿ ਉਹ ਗੁੱਸਾ ਤਿਆਗ ਦੇਵੇ, ਪਿੰਡਾਂ ਸ਼ਹਿਰਾਂ ਦੇ ਲੋਕ ਫਿਰ ਆਰਾਮ ਨਾਲ ਰਹਿਣ ਲੱਗ ਜਾਣ" ॥ ੫॥

ਦਯਾ ਸਿੰਘ ਕੀ ਮਸਲਤ ਸੁਨਿ ਕਰਿ। ਮਾਨੀ ਭਲੇ ਬਿਲਮ ਕੋ ਪਰਿਹਰਿ।
ਤਯਾਰ ਭਯੋ ਗੋਦਾਵਰਿ ਤੀਰ। ਦਰਸ਼ਨ ਹੇਰਨਿ ਸਤਿਗੁਰ ਧੀਰ॥ ੬॥

ਦਇਆ ਸਿੰਘ ਦੀ ਸਲਾਹ ਸੁਣ ਕੇ, ਕਿਸੇ ਪ੍ਰਕਾਰ ਦੀ ਦੇਰੀ ਛੱਡ ਕੇ ਬਾਦਸ਼ਾਹ ਨੇ ਸਾਰੀ ਗੱਲ ਮੰਨ ਲਈ। ਬਾਦਸ਼ਾਹ ਫਿਰ ਗੋਦਾਵਰੀ ਨਦੀ ਦੇ ਕਿਨਾਰੇ ਵੱਲ ਜਾਣ ਲਈ ਤਿਆਰ ਹੋ ਗਿਆ। ਉਹ ਧੀਰਜਵਾਨ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥ ੬॥

ਲੇਕਰਿ ਸੰਗ ਭਲੇ ਨਰ ਥੋਰੇ। ਜਹਿਂ ਥਿਰ ਗੁਰ ਗਮਨਜੋਂ ਤਿਤ ਓਰੇ।
ਕਰਿ ਸ਼ਨਾਨ ਗੋਦਾਵਰਿ ਕੂਲ। ਖਰੇ ਪ੍ਰਭੂ ਤਪ ਕੇ ਅਨੁਕੂਲ॥ ੭॥

ਉਹ ਭਲੀ ਪ੍ਰਕਾਰ ਥੋੜੇ ਮਨੁੱਖ ਆਪਣੇ ਨਾਲ ਲੈ ਕੇ ਗਿਆ, ਜਿੱਥੇ ਸਤਿਗੁਰੂ ਜੀ ਖੜੇ ਸਨ, ਉਸ ਪਾਸੇ ਵੱਲ ਚਲੇ ਗਿਆ। ਗੁਦਾਵਰੀ ਦੇ ਕਿਨਾਰੇ ਇਸ਼ਨਾਨ ਕਰਕੇ ਸਤਿਗੁਰੂ ਜੀ ਤਪ ਦੇ ਅਨੁਸਾਰ ਖੜੇ ਸਨ॥ ੭॥

ਤਜੀ ਦੂਰ ਤੇ ਨਿਜ ਅਸਵਾਰੀ। ਚਰਨ ਨਗਨ ਗਮਨਜੋਂ ਅਗਵਾਰੀ।
ਦਯਾ ਸਿੰਘ ਕੋ ਸੰਗ ਮਿਲਾਯੋ। ਅਪਰ ਸਾਥ ਸਗਰੋ ਠਹਿਰਾਯੋ॥ ੮॥

ਬਾਦਸ਼ਾਹ ਨੇ ਦੂਰ ਤੋਂ ਹੀ ਘੋੜੇ ਦੀ ਸਵਾਰੀ ਛੱਡ ਦਿੱਤੀ ਤੇ ਨੰਗੇ ਪੈਰੀਂ ਹੀ ਅੱਗੇ ਚਲ ਪਿਆ। ਫਿਰ ਉਸ ਨੇ ਦਇਆ ਸਿੰਘ ਨੂੰ ਆਪਣੇ ਨਾਲ ਮਿਲਾਇਆ। ਬਾਕੀ ਸਾਰੇ ਸਾਥੀਆਂ ਨੂੰ ਉਥੇ ਹੀ ਖੜੇ ਰਹਿਣ ਦਿੱਤਾ॥ ੮॥

ਮੰਦ ਮੰਦ ਚਲਿ ਪਹੁੰਚਜੋ ਜਾਈ। ਖਰੋ ਭਯੋ ਪ੍ਰਭੁ ਕੇ ਅਗਵਾਈ।
ਹੀਰਾ ਏਕ ਅਧਿਕ ਦਿਪਤਾਵੈਂ। ਖਰਚੇ ਕਈ ਲਾਖ ਧਨ ਪਾਵੈ॥ ੯॥

ਬਾਦਸ਼ਾਹ ਬਹਾਦਰ ਸ਼ਾਹ ਅਤੇ ਭਾਈ ਦਇਆ ਸਿੰਘ ਹੌਲੀ-ਹੌਲੀ ਚਲ ਕੇ ਉਥੇ ਪਹੁੰਚ ਗਏ ਤੇ ਬਾਦਸ਼ਾਹ ਜਾ ਕੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ। ਇਕ ਹੀਰਾ ਬਹੁਤ ਚਮਕਦਾ ਸੀ, ਜਿਸ ਦੀ ਕੀਮਤ ਇਕ ਲੱਖ ਦੀਨਾਰਾਂ ਤੋਂ ਵੀ ਵੱਧ ਸੀ॥ ੯॥

ਤਾਨੇ ਸ਼ਾਹ ਧਰੇ ਸਿਰ ਜੋਊ। ਮਾਰਿ ਨੁਰੰਗੇ ਲੀਨਹੁ ਸੋਊ।
ਜਬਰ ਜ਼ਿਬਾਇਸ਼ ਜ਼ਾਹਰ ਜਾਂਹੂ। ਸੋ ਨਿਜ ਕਰ ਪਰ ਧਰਿ ਕਰਿ ਸ਼ਾਹੂ॥੧੦॥

ਉਸ ਅਸਲੀ ਹੀਰੇ ਨੂੰ ਬਾਦਸ਼ਾਹ ਤਾਨੇਸ਼ਾਹ ਆਪਣੇ ਸਿਰ ਦੇ ਤਾਜ ਵਿਚ ਰੱਖਦਾ ਸੀ। ਨੌਰੰਗੇ ਨੇ ਤਾਨੇਸ਼ਾਹ ਨੂੰ ਮਾਰ ਕੇ ਉਹ ਹੀਰਾ ਲੈ ਲਿਆ ਸੀ। ਉਹ ਹੀਰਾ ਵੱਡੀ ਸ਼ੋਭਾ ਵਾਲਾ ਜ਼ਾਹਰਾ ਤੌਰ ਤੇ ਪ੍ਰਗਟ ਸੀ। ਬਾਦਸ਼ਾਹ ਨੇ ਉਸ ਹੀਰੇ ਨੂੰ ਗੁਰੂ ਜੀ ਨੂੰ ਭੇਟ ਕਰਨ ਲਈ ਆਪਣੇ ਹੱਥ ਵਿਚ ਲਿਆ॥ ੧੦॥

ਆਗੇ ਖਰੋ ਗੁਰੂ ਕੇ ਹੋਵਾ। ਰੁਖ ਕਰਿ ਜਬਹਿ ਪ੍ਰਭੁ ਢਿਗ ਜੋਵਾ।
ਤਿਸ ਕਰ ਪਰ ਤੇ ਗਹਿ ਕਰਿ ਹਾਥ। ਸਲਿਤਾ ਬਿਖੈ ਬਗਾਯੋ ਨਾਥ॥ ੧੧॥

ਬਾਦਸ਼ਾਹ ਫਿਰ ਹੱਥ ਅੱਗੇ ਕਰਕੇ ਗੁਰੂ ਜੀ ਵਲ ਹੋਇਆ। ਜਦ ਸਤਿਗੁਰੂ ਜੀ ਨੇ ਉਸ ਪਾਸੇ ਰੁਖ ਕਰਕੇ ਉਸ ਹੀਰੇ ਨੂੰ ਵੇਖਿਆ ਤਾਂ ਉਨ੍ਹਾਂ ਨੇ ਬਾਦਸ਼ਾਹ ਦੇ ਹੱਥ ਵਿਚੋਂ ਹੀਰਾ ਫੜ ਕੇ ਨਦੀ ਦੇ ਵਿਚ ਵਗਾਹ ਕੇ ਮਾਰਿਆ॥੧੧॥

ਹੇਰਿ ਬਹਾਦਰ ਸ਼ਾਹੁ ਹਿਰਾਨਾ। ਕਰਿ ਬੰਦਨ ਕਰ ਬੰਦਿ ਬਖਾਨਾ।
'ਛਿਮਹੁ ਪ੍ਰਭੁ ਅਬਿ ਕ੍ਰਿਪਾ ਕਰੀਜੈ। ਬਖਸ਼ਹੁ ਜਾਨਿ ਆਪਨੋ ਲੀਜੈ॥ ੧੨॥

ਇਹ ਵੇਖ ਕੇ ਬਹਾਦਰ ਸ਼ਾਹ ਬਹੁਤ ਹੈਰਾਨ ਹੋਇਆ ਤੇ ਹੱਥ ਜੋੜ ਕੇ ਬੰਦਨਾ ਕਰਕੇ ਕਹਿਣ ਲੱਗਾ, "ਹੇ ਸਤਿਗੁਰੂ ਜੀ! ਹੁਣ ਕਿਰਪਾ ਕਰਕੇ ਖਿਮਾਂ ਕਰੋ, ਆਪਣਾ ਜਾਣ ਕੇ ਮੈਨੂੰ ਬਖਸ਼ ਲਵੋ॥੧੨॥

ਲਖਿ ਕਾਸ਼ਟ ਅਪਨੋ ਪ੍ਰਿਤਪਾਰਜੋ। ਜਲ ਨ ਡਬੋਵਹਿ ਊਪਰ ਤਾਰਜੋ।
ਹੈ ਬਡਿਅਨਿ ਕੀ ਅਸ ਬਡਿਆਈ। ਤਰੀ ਅਲੰਬ ਜਿਸ, ਦੇਹ ਤਰਾਈ॥੧੩॥

ਆਪਣੀ ਲਕੜੀ ਜਾਣ ਕੇ ਪ੍ਰਿਤਪਾਲਣਾ ਕਰੋ, ਜਲ ਵਿਚ ਨਾ ਡੋਬੋ ਉੱਪਰ ਤਾਰੋ। ਵੱਡਿਆਂ ਦੀ ਐਸੀ ਵਡਿਆਈ ਹੈ। ਬੇੜੀ ਜਿਸ ਜਲ ਦੇ ਆਸਰੇ ਹੈ, ਜਲ ਉਸ ਨੂੰ ਤਾਰ ਦਿੰਦਾ ਹੈ॥੧੩॥

ਮੈਂ ਭੂਲਜੋ ਤੁਮ ਬਖਸ਼ਨਹਾਰੇ। ਬੋਲਜੋ ਕੂਰ ਤ੍ਰਾਸ ਉਰ ਧਾਰੇ।
ਬਿਗਰੈਂ ਸੂਬੇ ਹੋਹਿਂ ਮਵਾਸੀ। ਪੁਨ ਗਨ ਪਰੀ ਸ਼ਰ੍ਹਾ ਦਿਢ ਫਾਸ਼ੀ॥ ੧੪॥

ਮੈਥੋਂ ਭੁੱਲ ਹੋ ਗਈ ਹੈ ਤੁਸੀਂ ਬਖਸ਼ਣਹਾਰ ਹੋ, ਮੈਂ ਦਿਲ ਵਿਚ ਬਹੁਤ ਡਰ ਮੰਨ ਕੇ ਝੂਠ ਬੋਲਿਆ ਸੀ। ਮੈਂ ਡਰਦਾ ਸੀ ਕਿ ਸੂਬੇ ਵਿਗੜ ਕੇ ਆਕੀ ਹੋ ਜਾਣਗੇ, ਫਿਰ ਮੇਰੇ ਗਲ ਵਿਚ ਸ਼ਰ੍ਹਾ ਦੀ ਫਾਂਸੀ ਪਈ ਹੋਈ ਸੀ॥੧੩॥

ਇੱਤਜਾਦਿਕ ਜੇ ਬਿਘਨ ਬਿਸਾਲਾ। ਇਨ ਬਚਾਇ ਪੂਰਵਤਿ ਤੁਮ ਸ੍ਵਾਲਾ।
ਪਲਟਾ ਸਭਿ ਤੇ ਮੈਂ ਲੇ ਦੇਤਿ। ਮਾਰਤਿ ਗੁਰ ਦ੍ਰੋਹੀ ਜਗ ਜੇਤ॥ ੧੫॥

ਇਸ ਪ੍ਰਕਾਰ ਦੇ ਕਈ ਵਿਸ਼ਾਲ ਵਿਘਨ ਸਨ, ਇਨ੍ਹਾਂ ਗੱਲਾਂ ਤੋਂ ਬਚਾ ਕੇ ਤੁਹਾਡਾ ਸਵਾਲ ਪੂਰਾ ਹੁੰਦਾ ਸੀ। ਮੈਂ ਸਾਰਿਆਂ ਪਾਸੋਂ ਬਦਲਾ ਲੈ ਦਿੰਦਾ, ਇਸ ਜਗਤ ਵਿਚ ਜਿੰਨੇ ਵੀ ਗੁਰੂ ਧਰੋਹੀ ਸਨ, ਸਾਰਿਆਂ ਨੂੰ ਮਾਰ ਦਿੰਦਾ॥੧੫॥

ਤੁਮ ਸਮਰਥ ਸਭਿ ਬਿਧਿ ਬਲ ਧਰੇ। ਚਹਹੁ ਜਥਾ ਤਤਛਿਨ ਲਿਹੁ ਕਰੇ।
ਦੈਬੇ ਹੇਤੁ ਮੋਹਿ ਬਡਿਆਈ। ਜਾਚਜੋ ਏਕ ਸ੍ਵਾਲ ਗੋਸਾਈਂ॥ ੧੬॥

ਤੁਸੀਂ ਸਮਰੱਥ ਹੋ ਸਾਰੀਆਂ ਵਿਧੀਆਂ ਨਾਲ ਬਲ ਧਾਰਨ ਕੀਤਾ ਹੈ, ਜਿਵੇਂ ਵੀ ਚਾਹੁੰਦੇ ਹੋ ਤੁਰਤ ਕਰ ਲੈਂਦੇ ਹੋ। ਮੈਨੂੰ ਵਡਿਆਈ ਦੇਣ ਵਾਸਤੇ, ਸਤਿਗੁਰੂ ਜੀ! ਤੁਸੀਂ ਇਕ ਸਵਾਲ ਮੰਗਿਆ ਹੈ॥੧੬॥

ਡਰਤਜੋਂ ਮੁਝ ਤੇ ਨਹਿਂ ਬਨਿ ਆਯੋ। ਨਿਜ ਸਿਖ ਪਠਿ ਪਲਟਾ ਤੁਮ ਪਾਯੋ।
ਅਬਿ ਕਰੁਨਾ ਕਰਿ ਦੇਹੁ ਹਟਾਇ। ਸਭਿ ਦ੍ਰੋਹੀ ਲੀਨੇ ਤਿਨ ਘਾਇ॥ ੧੭॥

ਮੇਰੇ ਪਾਸੋਂ ਡਰ ਕਾਰਨ ਇਹ ਮੰਗ ਨਹੀਂ ਮੰਨੀ ਗਈ ਹੈ, ਜਿਸ ਕਰਕੇ ਆਪਣਾ ਸਿੱਖ ਭੇਜ ਕੇ ਤੁਸੀਂ ਬਦਲਾ ਲੈ ਲਿਆ ਹੈ। ਹੁਣ ਕਿਰਪਾ ਕਰਕੇ ਉਸ ਸਿੱਖ ਨੂੰ ਰੋਕ ਲਵੋ, ਉਸ ਨੇ ਹੁਣ ਸਾਰੇ ਧਰੋਹੀ ਮਾਰ ਲਏ ਹਨ'॥੧੭॥

ਮੋਨ ਧਰੇ ਪ੍ਰਭੁ ਸੁਨਤੇ ਰਹੇ। ਪੁਨ ਪ੍ਰਸੰਨ ਹ੍ਵੈ ਕਰਿ ਬਚ ਕਹੇ।
'ਤੁਝ ਪ੍ਰਤਿ ਕਹਿਨ ਹੁਤੋ ਹਮ ਜੋਇ। ਕਹਿ ਦੀਨੋ ਅਬਿ ਆਪਹੁ ਸੋਇ॥ ੧੮॥

ਮੋਨ ਧਾਰ ਕੇ ਸਤਿਗੁਰੂ ਜੀ ਬਹਾਦਰ ਸ਼ਾਹ ਨੂੰ ਸੁਣਦੇ ਰਹੇ, ਫਿਰ ਪ੍ਰਸੰਨ ਹੋ ਕੇ ਬਚਨ ਕਹੇ, "ਤੇਰੇ ਬਾਰੇ ਜੋ ਕੁਝ ਅਸੀਂ ਆਪ ਕਹਿਣਾ ਸੀ, ਉਹ ਕੁਝ ਹੁਣ ਤੂੰ ਆਪੇ ਹੀ ਕਹਿ ਦਿੱਤਾ ਹੈ॥੧੮॥

ਅਪਨੋ ਕਹਜੋ ਕਰਜੋ ਨਹਿਂ ਸਾਚਾ। ਸ਼ਰ੍ਹਾਵਾਨ ਤੇ ਚਿਤ ਡਰ ਰਾਚਾ।
ਸਲਤਨ ਤੁਮਰੀ ਸ੍ਰਾਪਤਿ ਅਹੈ।ਨਹੀਂ ਸਥਿਰਤਾ ਆਗੈ ਰਹੈ॥ ੧੯॥

ਆਪਣਾ ਕਿਹਾ ਸੱਚਾ ਨਹੀਂ ਕੀਤਾ ਹੈ, ਸ਼ਰ੍ਹਾਵਾਨਾਂ ਤੋਂ ਚਿੱਤ ਵਿਚ ਵੱਡਾ ਡਰ ਮੰਨਿਆ ਹੈ। ਤੇਰੀ ਹਕੂਮਤ ਹੁਣ ਸਰਾਪੀ ਗਈ ਹੈ, ਹੁਣ ਅੱਗੇ ਜਾ ਕੇ ਬਾਦਸ਼ਾਹੀ ਨਹੀਂ ਠਹਿਰੇਗੀ॥੧੯॥

ਸ਼ਰਨ ਪਰਜੋ ਤੋਕੋ ਹਮ ਜਾਨਾ। ਜਬਿ ਲੌ ਜਿਯਹਿ ਦਿਯੋ ਇਹ ਦਾਨਾ।
ਤੁਮ ਪਿਤ ਬਡ ਅਪਰਾਧ ਕਮਾਏ। ਰਾਜ ਤੇਜ ਤੁਰਕਾਨ ਗਵਾਏ॥ ੨੦॥

ਅਸੀਂ ਤੈਨੂੰ ਆਪਣੀ ਸ਼ਰਨ ਪਿਆ ਜਾਣਿਆ ਹੈ, ਇਸ ਲਈ ਜਦ ਤਕ ਜੀਉਂਦੇ ਰਹੋਗੇ ਤਦ ਤਕ ਇਸ ਹਕੂਮਤ ਦਾ ਦਾਨ ਦਿੱਤਾ ਹੈ। ਤੁਹਾਡੇ ਪਿਤਾ ਨੇ ਵੱਡੇ ਅਪਰਾਧ ਕਮਾਏ ਸਨ, ਉਹ ਤੁਰਕਾਂ ਦੇ ਰਾਜ ਤੇਜ ਨੂੰ ਗਵਾ ਗਏ ਸਨ॥ ੨੦॥

ਨਹੀਂ ਬਹੋਰ ਸਕੈ ਅਬਿ ਕੋਈ। ਈਸ਼ੁਰ ਕੀ ਇੱਛਾ ਅਸ ਹੋਈ।
ਅਬਿ ਭੀ ਉਤਰ ਸਕਜੋ ਨਹਿਂ ਪੂਰਾ। ਤ੍ਰਸਤਿ ਬਹੁਤ ਬਿਧਿ ਹੋਯਸ ਕੂਰਾ॥੨੧॥

ਹੁਣ ਕੋਈ ਵੀ ਬਾਦਸ਼ਾਹ ਠਹਿਰ ਨਹੀਂ ਸਕੇਗਾ, ਈਸ਼ਵਰ ਦੀ ਐਸੀ ਇੱਛਾ ਹੋ ਗਈ ਹੈ। ਹੁਣ ਵੀ ਤੂੰ ਪੂਰਾ ਨਹੀਂ ਉੱਤਰ ਸਕਿਆ ਹੈਂ। ਡਰਦਾ ਮਾਰਾ ਬਹੁਤ ਵਿਧੀਆਂ ਨਾਲ ਝੂਠਾ ਹੋਇਆ ਹੈਂ'' ॥ ੨੧ ॥

ਸੁਨਤਿ ਬਹਾਦਰ ਸ਼ਾਹੁ ਲਜਾਯੋ। 'ਪ੍ਰਭੂ ਜੀ ਦੀਜੈ ਰੌਰ ਹਟਾਯੋ।
ਜਬਿਲੌ ਸਲਤਨ ਮੁਝ ਪ੍ਰਤਿ ਦੀਨਿ। ਕਰਹੁ ਕ੍ਰਿਪਾ ਹੁਇ ਸੰਕਟ ਹੀਨ ॥ ੨੨ ॥

ਇਹ ਸੁਣ ਕੇ ਬਹਾਦਰ ਸ਼ਾਹ ਲਜਿਤ ਹੋ ਗਿਆ ਤੇ ਕਹਿਣ ਲੱਗਾ, ''ਇਸ ਰੌਲੇ ਨੂੰ ਹਟਾ ਦੇਵੋ, ਜਦ ਤਕ ਮੈਨੂੰ ਹਕੂਮਤ ਦਿੱਤੀ ਹੈ, ਮੇਰੇ ਉੱਪਰ ਕਿਰਪਾ ਕਰੋ ਕਿ ਉਹ ਸੰਕਟਹੀਣ ਰਹੇ ॥ ੨੨ ॥

ਦਿਨ ਪ੍ਰਤਿ ਲਿਖਯੋ ਆਇ ਅਹਿਵਾਲ। ਪਰੀ ਸਰਬ ਦੇਸ਼ਨ ਚਲ ਚਾਲ।
ਨਹਿਂ ਦਿੱਲੀ ਲਗਿ ਕਰਹਿਂ ਅਰਾਮੂ। ਅਤਿ ਚਿੰਤਾ ਸੁਪਤੈਂ ਨ ਤਮਾਮੂ ॥ ੨੩ ॥

ਪ੍ਰਤੀ ਦਿਨ ਮੈਨੂੰ ਲਿਖਿਆ ਹੋਇਆ ਸਾਰਾ ਸਮਾਚਾਰ ਮਿਲਦਾ ਹੈ, ਜਿਸ ਤੋਂ ਇਹੋ ਪਤਾ ਚਲਦਾ ਹੈ ਕਿ ਸਾਰੇ ਹੀ ਵੱਡੀ ਹਲਚਲ ਮੱਚੀ ਹੋਈ ਹੈ। ਦਿੱਲੀ ਤਕ ਕੋਈ ਵੀ ਅਰਾਮ ਨਾਲ ਨਹੀਂ ਰਹਿ ਰਿਹਾ, ਅਤੀ ਚਿੰਤਾ ਕਰਕੇ ਸਾਰੇ ਲੋਕ ਸੌਂਦੇ ਨਹੀਂ ਹਨ ॥ ੨੩ ॥

ਏਤੀ ਬਾਤ ਕਰਤਿ ਥੇ ਖਰੇ। ਪਹੁੰਚੇ ਪੰਚ ਸਿੰਘ ਰਿਸ ਭਰੇ।
ਚਰਨ ਸਰੋਜਨ ਕੋ ਲਪਟਾਏ। ਗੁਰ ਬੂਝੇ 'ਕਿਤ ਤੇ ਤੁਮ ਆਏ ?' ॥ ੨੪ ॥

ਖੜੇ ਹੋ ਕੇ ਏਨੀ ਗੱਲ ਕਰਦੇ ਪਏ ਸਨ, ਕਿ ਰੋਸ ਨਾਲ ਭਰੇ ਪੰਜ ਸਿੰਘ ਉਥੇ ਪਹੁੰਚ ਗਏ। ਉਨ੍ਹਾਂ ਨੇ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕੀਤੀ ਤਾਂ ਗੁਰੂ ਜੀ ਨੇ ਪੁੱਛਿਆ, ''ਤੁਸੀਂ ਕਿਥੋਂ ਆਏ ਹੋ ?'' ॥ ੨੪ ॥

ਸੁਨਿ ਤਿਨ ਸਰਬ ਬ੍ਰਿਤੰਤ ਬਖਾਨਾ। 'ਗਰਬਯੋ ਬੰਦਾ ਰਿਦੈ ਮਹਾਨਾ।
ਸਿੰਘਨ ਕੀ ਸਹਾਇਤਾ ਪਾਇ। ਦੇਸ਼ ਪੰਜਾਬ ਸੁ ਜੀਤਯੋ ਜਾਇ ॥ ੨੫ ॥

ਇਹ ਸੁਣ ਸਾਰਿਆਂ ਨੇ ਬ੍ਰਿਤਾਂਤ ਸੁਣਾਇਆ, ''ਬੰਦਾ ਸਿੰਘ ਨੇ ਹਿਰਦੇ ਵਿਚ ਵੱਡਾ ਹੰਕਾਰ ਧਾਰਨ ਕੀਤਾ ਹੈ। ਸਿੰਘਾਂ ਦੀ ਸਹਾਇਤਾ ਪ੍ਰਾਪਤ ਕਰਕੇ, ਉਸ ਪੰਜਾਬ ਦੇਸ਼ ਨੂੰ ਜਿੱਤ ਲਿਆ ਹੈ ॥ ੨੫ ॥

ਗੁਰ ਕੇ ਕਾਰਜ ਸਕਲ ਸਵਾਰੇ। ਜੋ ਦ੍ਰੋਹੀ ਸੇ ਚੁਨਿ ਚੁਨਿ ਮਾਰੇ।
ਮਾਰਿ ਵਜ਼ੀਦਾ ਧੂਲ ਮਿਲਾਯੋ। ਪੁਰਿ ਸਿਰੰਦ ਲੂਟਯੋ ਮਨ ਭਾਯੋ ॥ ੨੬ ॥

ਗੁਰੂ ਜੀ ਦੇ ਸਾਰੇ ਕੰਮ ਸਵਾਰ ਦਿੱਤੇ ਹਨ ਤੇ ਜਿਹੜੇ ਵੀ ਗੁਰੂ-ਧਰੋਹੀ ਸਨ, ਸਾਰੇ ਚੁਣ-ਚੁਣ ਮਾਰ ਦਿੱਤੇ ਹਨ। ਵਜ਼ੀਦੇ ਨੂੰ ਮਾਰ ਕੇ ਮਿੱਟੀ ਵਿਚ ਮਿਲਾ ਦਿੱਤਾ ਹੈ ਤੇ ਸਿਰਹੰਦ ਦੀ ਨਗਰੀ ਨੂੰ ਦਿਲ ਖੋਲ੍ਹ ਕੇ ਲੁੱਟਿਆ ਹੈ ॥ ੨੬ ॥

ਆਦਿ ਸਢੌਰਾ ਕਤਲ ਕਰੇ ਹੈਂ। ਤੁਰਕ ਸਿੰਘ ਕਰਿ ਜੋਰ ਲਰੇ ਹੈਂ।
ਭਏ ਅਨਿਕ ਹੀ ਜੰਗ ਅਖਾੜੇ। ਹਤਿ ਤੁਰਕਾਨਾ ਸਤਰ ਉਘਾੜੇ ॥ ੨੭ ॥

ਸਢੌਰਾ ਆਦਿ ਸਾਰੇ ਕਤਲ ਕਰ ਦਿੱਤੇ ਹਨ, ਤੁਰਕ ਸਿੰਘ ਬੜਾ ਜ਼ੋਰ ਪਾ ਕੇ ਲੜੇ ਹਨ। ਅਨੇਕਾਂ ਹੀ ਜੰਗੀ ਅਖਾੜੇ ਲੱਗੇ ਹਨ, ਤੁਰਕਾਂ ਨੂੰ ਮਾਰ ਕੇ ਉਨ੍ਹਾਂ ਦੇ ਪੜਦੇ ਨੰਗੇ ਕੀਤੇ ਹਨ ॥ ੨੭ ॥

ਮਹਾਂ ਰੌਰ ਮਾਚਯੋ ਤਿਸ ਦੇਸ਼। ਕਰੇ ਮਾਰਿਕੈ ਬਿਜੈ ਅਸ਼ੇਸ਼।
ਭਯੋ ਪ੍ਰਤਾਪ ਅਮਲ ਠਹਿਰਾਯੋ। ਜਿਤ ਕਿਤ ਤੇ ਹਾਲਾ ਗਨ ਆਯੋ ॥ ੨੮ ॥

ਉਸ ਦੇਸ਼ ਵਿਚ ਮਹਾਨ ਰੌਲਾ ਮੱਚਿਆ ਹੈ, ਸਾਰੇ ਮਾਰ ਕੇ ਵਿਜੇ ਪ੍ਰਾਪਤ ਕੀਤੀ ਹੈ। ਸਾਰੇ ਪ੍ਰਤਾਪ ਹੋ ਜਾਣ ਨਾਲ ਆਪਣੀ ਹਕੂਮਤ ਠਹਿਰਾਈ ਹੈ, ਜਿਥੋਂ ਕਿਥੋਂ ਹਾਲਾ ਬਹੁਤ ਆਇਆ ਹੈ ॥ ੨੮ ॥

ਸੁਧਾ ਸਰੋਵਰ ਪੁਨ ਚਲਿ ਗਏ। ਮੱਜਨ ਕਰੇ ਕਲੁਖਤਿ ਹਏ।
ਸੁੰਦਰ ਹਰਿਮੰਦਰ ਕੇ ਅੰਦਰ। ਦਰਸ਼ਨ ਕਰਜੋ ਥਿਰੇ ਸੁਭ ਨੰਦਰ॥ ੨੯॥

ਫਿਰ ਅੰਮ੍ਰਿਤ ਸਰੋਵਰ ਵਲ ਚਲ ਕੇ ਗਏ, ਇਸ਼ਨਾਨ ਕਰਕੇ ਪਾਪ ਦੂਰ ਕੀਤੇ। ਫਿਰ ਸੁੰਦਰ ਹਰਿਮੰਦਰ ਸਾਹਿਬ ਦੇ ਅੰਦਰ ਗਏ। ਫਿਰ ਦਰਸ਼ਨ ਕਰਕੇ ਸਾਰੇ ਅੰਦਰ ਸ਼ੋਭ ਰਹੇ ਸਨ॥ ੨੯॥

ਤਹਿਂ ਗਰਬਤਿ ਚਾਹਤਿ ਬਡਿਆਈ। ਪਾਸ ਖਾਲਸੇ ਤੇ ਗੁਰਿਆਈ।
ਚਮੂੰ ਪਦਾਰਥ ਦਰਬ ਬਿਸਾਲਾ। ਨਿਜ ਢਿਗ ਜਾਨਜੋ ਚਲਜੋ ਕੁਚਾਲਾ॥ ੩੦॥

ਉਥੇ ਬੰਦਾ ਸਿੰਘ ਨੇ ਵੱਡਾ ਹੰਕਾਰ ਧਾਰਨ ਕੀਤਾ ਤੇ ਆਪਣੀ ਵਡਿਆਈ ਚਾਹੀ, ਉਹ ਖਾਲਸੇ ਪਾਸੋਂ ਗੁਰਿਆਈ ਲੈਣੀ ਚਾਹੁੰਦਾ ਸੀ। ਸੈਨਾ, ਪਦਾਰਥ ਅਤੇ ਧਨ ਬਹੁਤ ਹੈ। ਜਦ ਸਿੰਘਾਂ ਨੇ ਇਹ ਜਾਣਿਆ ਕਿ ਇਹ ਤਾਂ ਪੁੱਠੀ ਚਾਲੇ ਚਲ ਪਿਆ ਹੈ॥ ੩੦॥

ਸਿੰਘ ਮਿਲੇ ਮਸਲਤ ਕਰਿ ਸਬੈ। ਕਰਜੋ ਅਨਾਦਰ ਤਿਸ ਕੋ ਤਬੈ।
ਨਹੀਂ ਮੇਲ ਤੁਝ ਸੰਗ ਹਮਾਰੋ। ਪੰਥ ਗੁਰੂ ਕੋ ਅਪਰ ਅਚਾਰੋ॥ ੩੧॥

ਤਾਂ ਸਾਰਿਆਂ ਮਿਲ ਕੇ ਸਲਾਹ ਕੀਤੀ ਤੇ ਉਸਦਾ ਉਸੇ ਸਮੇਂ ਅਨਾਦਰ ਕਰ ਦਿੱਤਾ। ਸਿੰਘ ਕਹਿਣ ਲੱਗੇ ਕਿ ਸਾਡਾ ਤੇਰੇ ਨਾਲ ਕੋਈ ਮੇਲ ਨਹੀਂ ਹੈ। ਕਿਉਂਕਿ ਗੁਰੂ ਪੰਥ ਦਾ ਹੋਰ ਹੀ ਆਚਾਰ ਹੈ, ਉਹ ਦਸਵੇਂ ਗੁਰੂ ਤੋਂ ਬਾਅਦ ਕਿਸੇ ਦੇਹਧਾਰੀ ਗੁਰੂ ਨੂੰ ਗੁਰੂ ਨਹੀਂ ਮੰਨ ਸਕਦੇ॥ ੩੧॥

ਸ਼ਜਾਮ ਬਰਨ ਮਦ ਆਮਿਖ ਲਜਾਏ। ਨਾਕ ਦਬਾਯੋ ਨਹਿਂ ਮਨ ਭਾਏ।
ਏਵ ਬੋਲ ਕਰਿ ਭਏ ਨਿਰਾਲੇ। ਨਿਜ ਨਿਜ ਗ੍ਰਾਮਨਿ ਬਰੇ ਸੁਖਾਲੇ॥ ੩੨॥

ਕਾਲੇ ਰੰਗ ਦੇ ਕੱਪੜੇ, ਸ਼ਰਾਬ ਤੇ ਮਾਸ ਲਿਆਏ, ਉਨ੍ਹਾਂ ਨੂੰ ਵੇਖ ਕੇ ਸਾਰਿਆਂ ਆਪਣੇ ਨੱਕ ਦਬਾ ਲਏ, ਭਾਵ ਸਾਰੇ ਨਫਰਤ ਨਾਲ ਭਰ ਗਏ ਤੇ ਉਹ ਕਿਸੇ ਦੇ ਵੀ ਮਨ ਨੂੰ ਚੰਗੇ ਨਾ ਲੱਗੇ। ਇਸ ਪ੍ਰਕਾਰ ਬੋਲ ਕੇ ਵੱਖ ਹੋ ਗਏ ਤੇ ਆਪਣੇ-ਆਪਣੇ ਪਿੰਡਾਂ ਵਿਚ ਆਰਾਮ ਨਾਲ ਚਲੇ ਗਏ॥ ੩੨॥

ਬ੍ਰਹਮਚਰਜ ਤਿਸ ਨਾਂਹਿਨ ਰਾਖਜੋ। ਕਰਜੋ ਬਜਾਹ ਬਿਸ਼ਜਾਨੰਦ ਕਾਂਖਜੋ।
ਸ਼੍ਰੀ ਬਿਨੋਦ ਸਿੰਘ ਝਿਰਕਨ ਕਰਜੋ। ਸੁਤ ਉਪਜਾਯੋ ਨਾਂਹਿਨ ਡਰਜੋ॥ ੩੩॥

ਬੰਦਾ ਸਿੰਘ ਨੇ ਆਪਣੇ ਆਪ ਨੂੰ ਬ੍ਰਹਮਚਾਰੀ ਨਹੀਂ ਰੱਖਿਆ ਹੈ। ਵਿਆਹ ਕਰਵਾਇਆ ਹੈ ਤੇ ਵਿਸ਼ੇ ਭੋਗ ਦੀ ਇੱਛਾ ਪ੍ਰਗਟ ਕੀਤੀ ਹੈ। ਬਾਬਾ ਬਿਨੋਦ ਸਿੰਘ ਨੇ ਝਿੜਕਿਆ ਹੈ, ਪਰ ਇਕ ਪੁੱਤਰ ਪੈਦਾ ਕੀਤਾ ਹੈ, ਡਰਿਆ ਨਹੀਂ ਹੈ॥ ੩੩॥

ਅਬਿ ਤਿਸਕੀ ਚਹਿ ਗਲੀ ਕੁਠਾਲੀ। ਬਚਨ ਆਪਕੋ ਜਾਇ ਨ ਖਾਲੀ।
ਪ੍ਰਿਥਕ ਭਏ ਸੁਨਿ ਕ੍ਰੋਧ ਨ ਧਰੇ। ਨਹੀਂ ਖਾਲਸੇ ਸ੍ਰਾਪਤਿ ਕਰੇ॥ ੩੪॥

ਹੁਣ ਉਸਦੀ ਕੁਠਾਲੀ ਗਲਣ ਵਾਲੀ ਹੈ, ਆਪ ਜੀ ਦੇ ਬਚਨ ਖਾਲੀ ਨਹੀਂ ਜਾਣਗੇ। ਬਾਬਾ ਬਿਨੋਦ ਸਿੰਘ ਜੀ ਜੁਦਾ ਹੋ ਗਏ ਹਨ, ਭਾਵ ਚਲੇ ਗਏ ਹਨ, ਇਹ ਗੱਲ ਸੁਣ ਕੇ ਖਾਲਸੇ ਨੇ ਕ੍ਰੋਧ ਨਹੀਂ ਕੀਤਾ ਹੈ ਤੇ ਨਾ ਹੀ ਬੰਦਾ ਸਿੰਘ ਨੂੰ ਸ੍ਰਾਪ ਦਿੱਤਾ ਹੈ॥ ੩੪॥

ਯਾਂਤੇ ਸੁਧ ਹਿਤ ਹਮੈਂ ਪਠਾਯੋ। ਬਿਗਰ ਗਯੋ ਜਿਮ ਸਰਬ ਸੁਨਾਯੋ'।
ਸੁਨਿਕੈ ਗੁਰੂ ਸ਼ਾਹੂ ਸੋਂ ਕਹਜੋ। 'ਸੋ ਅਬਿ ਤੇਜ ਹੀਨ ਹੀ ਰਹਜੋ॥ ੩੫॥

ਇਸ ਵਾਸਤੇ ਆਪ ਜੀ ਨੂੰ ਖ਼ਬਰ ਦੇਣ ਵਾਸਤੇ ਸਾਨੂੰ ਭੇਜਿਆ ਹੈ, ਜਿਵੇਂ ਉਸ ਨਾਲ ਵਿਗੜ ਗਈ ਹੈ, ਸਾਰੀ ਗੱਲ ਸੁਣਾ ਦਿੱਤੀ ਹੈ।'' ਇਹ ਸੁਣ ਕੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ, ''ਬੰਦਾ ਸਿੰਘ ਹੁਣ ਤੇਜਹੀਣ ਹੀ ਰਹੇਗਾ॥ ੩੫॥

ਨਹਿਂ ਚਿੰਤਾ ਧਰਿ, ਪੁਜਜੋ ਸਮੋਂ ਤਿਹ। ਭਯੋ ਬਿਕਾਰੀ ਗਰਬ ਵਧਜੋ ਜਿਹ।
ਹਟਿ ਜੈਹੈ ਅਬਿ ਬਿਨਾ ਹਟਾਏ। ਹਮਨੇ ਪਲਟਾ ਲੀਨਸਿ ਪਾਏ॥ ੩੬॥

ਹੁਣ ਚਿੰਤਾ ਨਾ ਧਾਰਨ ਕਰੋ, ਉਸ ਦਾ ਸਮਾਂ ਪੁੱਜ ਗਿਆ ਹੈ, ਹੰਕਾਰ ਵਧਣ ਨਾਲ ਉਹ ਵਿਕਾਰੀ ਹੋ ਗਿਆ ਹੈ। ਹੁਣ ਸਾਡੇ ਹਟਾਉਣ ਤੋਂ ਬਗੈਰ ਹੀ ਹਟ ਜਾਵੇਗਾ। ਅਸੀਂ ਆਪਣਾ ਬਦਲਾ ਪ੍ਰਾਪਤ ਕਰ ਲਿਆ ਹੈ॥ ੩੬॥

ਕਾਰਨ ਇਤਿਕ ਹੁਤੋ ਅਬਿ ਗਯੋ। ਗਲਨ ਕੁਠਾਲਿ ਸਮੋਂ ਅਬਿ ਭਯੋ।
ਪੁਨ ਸਿੰਘਨ ਸਨ ਗੁਰੂ ਉਚਾਰਾ। 'ਮੋਹਿ ਪੰਥ ਨਹਿਂ ਕਾਚ ਅਚਾਰਾ॥ ੩੭॥

ਏਨਾ ਹੀ ਕਾਰਨ ਸੀ, ਉਹ ਹੁਣ ਹੋ ਗਿਆ ਹੈ, ਹੁਣ ਉਸ ਦਾ ਕੁਠਾਲੀ ਵਿਚ ਗਲ਼ਣ ਦਾ ਸਮਾਂ ਆ ਗਿਆ ਹੈ।'' ਫਿਰ ਸਿੰਘਾਂ ਨੂੰ ਗੁਰੂ ਜੀ ਨੇ ਕਿਹਾ, ''ਮੇਰੇ ਪੰਥ ਦਾ ਕੱਚਾ ਆਚਰਨ ਨਹੀਂ ਹੈ॥ ੩੭॥

ਨਹਿਂ ਬਿਗਰੇ, ਕੋ ਸਕੈ ਬਿਗਾਰੇ। ਰਹਹੁ ਦੇਸ਼ ਤਿਸ ਬਨਹੁ ਜੁਝਾਰੇ।
ਬੇਮੁਖ ਕੋ ਤਜਿ ਦੀਜੈ ਸੰਗ। ਆਪ ਸ਼ਿਰੋਮਣਿ ਬਨਹੁਂ ਨਿਸੰਗ॥ ੩੮॥

ਨਾ ਆਪ ਵਿਗੜੇਗਾ ਤੇ ਨਾ ਹੀ ਕੋਈ ਵਿਗਾੜ ਸਕਦਾ ਹੈ, ਉਸ ਦੇਸ਼ ਵਿਚ ਰਹਿ ਕੇ ਜੁਝਾਰੂ ਬਣੋ। ਬੇਮੁਖ ਦਾ ਸਾਥ ਛੱਡ ਦੇਵੋ, ਆਪ ਬੇਸ਼ਕ ਸ਼ਿਰੋਮਣੀ ਬਣੋ॥ ੩੮॥

ਸੰਮਤ ਕਿਤਿਕ ਸਮਾ ਜਬਿ ਆਵੈ। ਰਾਜ ਖਾਲਸੇ ਕੋ ਹੁਇ ਜਾਵੈ।
ਅਵਨੀ ਕੇ ਮਾਲਿਕ ਬਨਿ ਜੈ ਹੈਂ। ਮਾਰਤਿ ਮਰਤਿ ਤਬਹਿ ਬਿਦਤੈ ਹੈਂ॥ ੩੯॥

ਕੁਝ ਸਾਲਾਂ ਬਾਅਦ ਜਦ ਸਮਾਂ ਆਵੇਗਾ ਤਾਂ ਖਾਲਸੇ ਦਾ ਰਾਜ ਹੋ ਜਾਵੇਗਾ। ਉਸ ਧਰਤੀ ਦੇ ਮਾਲਕ ਬਣ ਜਾਣਗੇ, ਮਾਰਦੇ ਮਰਦੇ ਤਦ ਹੀ ਪ੍ਰਗਟ ਹੋਣਗੇ'' ॥ ੩੯॥

ਇਮ ਸਤਿਗੁਰ ਸ਼੍ਰੀ ਬਚਨ ਉਚਾਰੇ। ਸੁਨਿਕੈ ਭਏ ਅਨੰਦਤਿ ਸਾਰੇ।
ਸ਼ਾਹੁ ਬਹਾਦਰ ਸੀਸ ਨਿਵਾਇ। ਡੇਰੇ ਗਮਨਜੋ ਸਹਿਜ ਸੁਭਾਇ॥ ੪੦॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਬਚਨ ਉਚਾਰਨ ਕੀਤੇ, ਜਿਸ ਨੂੰ ਸੁਣ ਕੇ ਸਾਰੇ ਪ੍ਰਸੰਨ ਹੋ ਗਏ। ਫਿਰ ਬਹਾਦਰ ਸ਼ਾਹ ਨੇ ਸਿਰ ਨਿਵਾਇਆ ਤੇ ਸਹਿਜ ਸੁਭਾਏ ਆਪਣੇ ਡੇਰੇ ਵਿਚ ਚਲੇ ਗਿਆ॥ ੪੦॥

ਜਹਿਂ ਕਹਿਂ ਲਿਖਿ ਭੇਜੇ ਪਰਵਾਨੇ। 'ਲਸ਼ਕਰ ਚੜ੍ਹੇ ਮਹਿਦ ਮਹੀਯਾਨੇ।
ਤੇਜ ਹੀਨ ਰਿਪੁ ਹੋਯਸਿ ਮਾਰਹੁ। ਜਾਨਿ ਨ ਦੀਜੈ ਬਹੁ ਪਰਵਾਰਹੁ॥ ੪੧॥

ਜਿੱਥੇ ਕਿੱਥੇ ਪਰਵਾਨੇ ਲਿਖ ਕੇ ਭੇਜ ਦਿੱਤੇ, ''ਬਹੁਤ ਵੱਡਾ ਲਸ਼ਕਰ ਇਕੱਠਾ ਹੋ ਕੇ ਚੜ੍ਹਾਈ ਕਰੇ। ਵੈਰੀ ਹੁਣ ਤੇਜਹੀਣ ਹੋ ਗਿਆ ਹੈ, ਉਸ ਨੂੰ ਮਾਰ ਲਵੋ, ਜਾਣ ਨਾ ਦੇਵੋ, ਬਹੁਤ ਵੱਡੇ-ਵੱਡੇ ਘੇਰੇ ਪਾਵੋ॥ ੪੧॥

ਸਰਬ ਭੇਤ ਸ਼੍ਰੀ ਗੁਰੂ ਸੁਨਾਯੋ। ਗਹਿ ਲੀਜੈ ਕਰਿ ਬਿਬਿਧਿ ਉਪਾਯੋ'।
ਸ਼੍ਰੀ ਪ੍ਰਭੁ ਪਹੁਚੇ ਅਪਨਿ ਸਥਾਨਾ। ਅਬਿ ਲੌ ਹੀਰਾ ਘਾਟ ਬਖਾਨਾ॥ ੪੨॥

ਸਾਰਾ ਭੇਦ ਸਤਿਗੁਰੂ ਜੀ ਨੇ ਸੁਣਾਇਆ ਹੈ, ਭਿੰਨ-ਭਿੰਨ ਉਪਾਅ ਕਰਕੇ ਫੜ ਲਵੋ।'' ਸਤਿਗੁਰੂ ਜੀ ਆਪਣੇ ਸਥਾਨ 'ਤੇ ਪਹੁੰਚ ਗਏ। ਹੁਣ ਤਕ ਜਿਸ ਹੀਰੇ ਬਾਰੇ ਘਾਟ ਵਿਚ ਜ਼ਿਕਰ ਕੀਤਾ ਸੀ, ਉਸ ਨੂੰ ਹੀਰਾ ਘਾਟ ਕਹਿੰਦੇ ਹਨ॥ ੪੨॥

ਹੀਰਾ ਗੁਰੂ ਬਗਾਵਨਿ ਕਰਜੋ। ਨਾਮ ਗੁਦਾਵਰਿ ਤਟ ਕੋ ਪਰਜੋ।
ਗੇਰਤਿ ਹੇਰਤਿ ਬਿਸਮਜੋ ਸ਼ਾਹੂ॥ ਹੁਤੋ ਬਿਕੀਮਤ ਗਾ ਜਲ ਮਾਂਹੂ॥ ੪੩॥

ਜਿਸ ਹੀਰੇ ਨੂੰ ਗੁਰੂ ਜੀ ਨੇ ਵਗਾਹ ਕੇ ਸੁੱਟ ਦਿੱਤਾ ਸੀ, ਉਸ ਹੀਰੇ ਦੇ ਨਾਮ ਉੱਪਰ, ਉਸ ਕਿਨਾਰੇ ਦਾ ਨਾਮ ਹੀ ਹੀਰਾ

ਘਾਟ ਹੋ ਗਿਆ ਹੈ। ਡੇਗਦਿਆਂ ਵੇਖ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਸੀ। ਹੀਰਾ ਬਹੁਤ ਕੀਮਤੀ ਸੀ, ਪਰ ਗੁਰੂ ਜੀ ਨੇ ਉਸ ਨੂੰ ਜਲ ਵਿਚ ਸੁੱਟ ਦਿੱਤਾ ਸੀ॥ ੪੩॥

**ਕੇਤਿਕ ਦਿਨ ਪ੍ਰਭੁ ਪਾਸ ਬਿਤਾਏ। ਸਿੰਘ ਪੰਜਾਬ ਦੇਸ਼ ਚਲਿ ਆਏ।**
**ਗੁਰ ਕੀ ਕਹਿਵਤ ਸਕਲ ਸੁਨਾਈ। ਸ਼ਾਂਤਿ ਖਾਲਸੇ ਕੇ ਚਿਤ ਆਈ॥ ੪੪॥**

ਬਾਦਸ਼ਾਹ ਨੇ ਕਈ ਦਿਨ ਸਤਿਗੁਰੂ ਜੀ ਦੇ ਪਾਸ ਹੀ ਬਤੀਤ ਕੀਤੇ ਤੇ ਪੰਜੇ ਸਿੰਘ ਪੰਜਾਬ ਦੇਸ਼ ਵੱਲ ਚਲ ਕੇ ਆ ਗਏ। ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਸੁਣਾਈ। ਇਹ ਸੁਣ ਕੇ ਖਾਲਸੇ ਦੇ ਚਿੱਤ ਵਿਚ ਸ਼ਾਂਤੀ ਆਈ॥ ੪੪॥

*ਦੂਸਰੇ ਐਨ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

## ਅਧਿਆਇ ਚੌਦਵਾਂ

*ਸ਼ਿਕਾਰ ਘਾਟ, ਨਗੀਨਾ ਘਾਟ*

**ਦੋਹਰਾ-ਇਤ ਸੈਨਾ ਲਾਖਹੁਂ ਮਿਲੀ ਬੰਦੇ ਕੇ ਪਸ਼ਚਾਤ।**
**ਹਟੇ ਸਿੰਘ ਅਰੁ ਤੇਜ ਬਿਨ ਹੋਤਿ ਭਟਨ ਕੋ ਘਾਤ॥ ੧॥**

ਏਧਰ ਬੰਦਾ ਸਿੰਘ ਦੇ ਪਿੱਛੇ ਜਾਣ ਵਾਸਤੇ ਲੱਖਾਂ ਦੀ ਗਿਣਤੀ ਵਿਚ ਸੈਨਾ ਇਕੱਠੀ ਹੋ ਗਈ। ਸਿੰਘ ਹਟ ਗਏ ਤੇ ਬੰਦਾ ਸਿੰਘ ਤੇਜ ਬਗੈਰ ਹੋ ਗਿਆ, ਸੂਰਬੀਰ ਵੱਡੀ ਗਿਣਤੀ ਵਿਚ ਕਤਲ ਹੋ ਰਹੇ ਸਨ॥੧॥

**ਚੌਪਈ- ਠਹਿਰ ਨ ਸਕੈ ਜੰਗ ਕੋ ਠਾਂਨਤਿ। ਲਰਤਿ ਸੁ ਕਬੈ ਪਲਾਇ ਪਯਾਨਤਿ।**
**ਸਨੇ ਸਨੇ ਹਾਰਤਿ ਚਲਿ ਗਯੋ। ਜਾਇ ਗਿਰਨਿ ਮਹਿਂ ਪ੍ਰਾਪਤਿ ਭਯੋ॥੨॥**

ਜੰਗ ਕਰਦੇ ਸਮੇਂ ਕੋਈ ਵੀ ਠਹਿਰ ਨਹੀਂ ਸੀ ਸਕਦਾ, ਕਦੇ ਲੜਦੇ ਸਨ, ਕਦੇ ਭੱਜ ਜਾਂਦੇ ਸਨ। ਹੌਲੀ-ਹੌਲੀ ਬੰਦਾ ਸਿੰਘ ਹਾਰਦਾ ਚਲੇ ਗਿਆ ਤੇ ਫਿਰ ਪਹਾੜਾਂ ਵਿਚ ਜਾ ਕੇ ਲੁਕ ਗਿਆ॥ ੨॥

**ਦੁਰਗ ਲੋਹਗੜ੍ਹ ਰਚਜੋ ਬਨਾਇ। ਲਰਤਿ ਰਹੇ ਲਸ਼ਕਰ ਅਟਕਾਇ।**
**ਤਹਿਂ ਪ੍ਰਵੇਸ਼ ਹੁਇ ਜੁੱਧ ਮਚਾਵੈ। ਸੁਭਟ ਹਜ਼ਾਰਹੁਂ ਸੰਘਰ ਘਾਵਹਿ॥੩॥**

ਉਸ ਨੇ ਲੋਹਗੜ੍ਹ ਦਾ ਵੱਡਾ ਕਿਲ੍ਹਾ ਬਣਾਇਆ, ਉਥੇ ਲੜ ਕੇ ਸ਼ਾਹੀ ਲਸ਼ਕਰਾਂ ਨੂੰ ਰੋਕਦਾ ਸੀ। ਉਸ ਵਿਚ ਪ੍ਰਵੇਸ਼ ਕਰਕੇ ਯੁੱਧ ਮਚਾਉਂਦਾ ਸੀ। ਹਜ਼ਾਰਾਂ ਸੂਰਬੀਰ ਸ਼ਹੀਦੀਆਂ ਪਾ ਜਾਂਦੇ ਸਨ॥ ੩॥

**ਘੇਰਾ ਪਰਜੋ ਚਹੂੰ ਦਿਸ਼ਿ ਮਾਂਹੀ। ਐਬੇ ਜੈਬੇ ਮਾਰਗ ਨਾਂਹੀ।**
**ਇਤੈ ਪ੍ਰਸੰਗ ਭਯੋ ਇਸ ਰੀਤਿ। ਉਤ ਗੁਰ ਕਥਾ ਸੁਨਹੁਂ ਧਰਿ ਪ੍ਰੀਤਿ॥੪॥**

ਚਾਰੇ ਪਾਸਿਆਂ ਤੋਂ ਘੇਰਾ ਪਿਆ ਸੀ, ਆਉਣ ਜਾਣ ਵਾਸਤੇ ਕੋਈ ਰਾਹ ਨਹੀਂ ਸੀ। ਇਹ ਪ੍ਰਸੰਗ ਇਸ ਰੀਤੀ ਨਾਲ ਏਨਾ ਹੀ ਹੋਇਆ। ਹੁਣ ਗੁਰੂ ਜੀ ਬਾਰੇ ਪ੍ਰੀਤ ਧਾਰਨ ਕਰਕੇ ਕਥਾ ਸੁਣੋ॥ ੪॥

**ਪਰਜੋ ਸ਼ਾਹੁ ਕੋ ਸਿਵਰ ਸਮੀਪ। ਸੰਗ ਹਜ਼ਾਰਹੁਂ ਜਿਸ ਅਵਨੀਪ।**
**ਚਢਹਿਂ ਅਖੇਰ ਪ੍ਰਭੂ ਬਹੁ ਬਾਰੀ। ਜਾਂਹਿ ਗੁਦਾਵਰਿ ਸਰਿਤਾ ਪਾਰੀ॥੫॥**

ਬਾਦਸ਼ਾਹ ਬਹਾਦਰ ਸ਼ਾਹ ਦਾ ਡੇਰਾ ਗੁਰੂ ਜੀ ਦੇ ਨੇੜੇ ਹੀ ਸੀ, ਬਾਦਸ਼ਾਹ ਦੇ ਨਾਲ ਹਜ਼ਾਰਾਂ ਛੋਟੇ ਵੱਡੇ ਰਾਜੇ ਸਨ। ਸਤਿਗੁਰੂ ਜੀ ਕਈ ਵਾਰ ਸ਼ਿਕਾਰ ਖੇਡਣ ਜਾਂਦੇ ਸਨ। ਜਿਥੇ ਗੁਦਾਵਰੀ ਨਦੀ ਦਾ ਪਾਰਲਾ ਕਿਨਾਰਾ ਸੀ॥ ੫॥

ਨਾਮ ਸ਼ਿਕਾਰ ਘਾਟ ਤਹਿਂ ਭਯੋ। ਐਬੇ ਜੈਬੇ ਕੋ ਮਗ ਥਯੋ।
ਬਿਚਰਹਿਂ ਬਨ ਮਹਿਂ ਗਨ ਮ੍ਰਿਗ ਘਾਵੈਂ। ਛੱਤ੍ਰੀ ਧਰਮ ਭਲੇ ਨਿਬਹਾਵੈਂ॥ ੬॥

ਉਸ ਦਾ ਨਾਮ ਸ਼ਿਕਾਰ ਘਾਟ ਪੈ ਗਿਆ, ਉਹ ਗੁਰੂ ਜੀ ਦੇ ਸ਼ਿਕਾਰ ਖੇਡਣ ਦਾ ਆਉਣ ਜਾਣ ਦਾ ਮਾਰਗ ਸੀ। ਗੁਰੂ ਜੀ ਜੰਗਲ ਵਿਚ ਫਿਰ ਕੇ ਬਹੁਤ ਹਿਰਨਾਂ ਨੂੰ ਮਾਰਦੇ ਸਨ, ਗੁਰੂ ਜੀ ਭਲੀ ਪ੍ਰਕਾਰ ਖੱਤਰੀ ਧਰਮ ਦਾ ਨਿਰਬਾਹ ਕਰਦੇ ਸਨ॥ ੬॥

ਤੀਰਨ ਕੀ ਤਰੀਫ ਸੁਨਿ ਕਾਨ। ਆਵਤਿ ਸੱਯਦ, ਮੁਗ਼ਲ, ਪਠਾਨ।
ਪੁਰਿ ਅਨੰਦ ਚਮਕੌਰ ਮਝਾਰੇ। ਬੀਰ ਹਜ਼ਾਰਹੁਂ ਜਿਨ ਤੇ ਮਾਰੇ॥ ੭॥

ਗੁਰੂ ਜੀ ਦੇ ਤੀਰਾਂ ਦੀ ਤਾਰੀਫ ਆਪਣੇ ਕੰਨਾਂ ਨਾਲ ਸੁਣ ਕੇ ਕਈ ਸੱਯਦ, ਮੁਗ਼ਲ ਅਤੇ ਪਠਾਣ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ। ਅਨੰਦਪੁਰ ਅਤੇ ਚਮਕੌਰ ਵਿਚ, ਹਜ਼ਾਰਾਂ ਸੂਰਬੀਰ ਜਿਸ ਧਨੁੱਖ ਬਾਣ ਨਾਲ ਮਾਰੇ ਸਨ॥ ੭॥

ਇਕ ਸਰ ਗਨ ਨਰ ਤੇ ਪਰਿ ਪਾਰ। ਤੁਰਤ ਮਰਤਿ ਨਹਿਂ ਜਾਚਤਿ ਬਾਰ।
ਲਗਤ ਹੁਤੇ ਤਬਿ ਚਲਤਿ ਨਿਹਾਰੇ। ਨਹੀਂ ਚਲਾਵਤਿ ਪਿਖੇ ਉਦਾਰੇ॥ ੮॥

ਗੁਰੂ ਜੀ ਦਾ ਇਕ ਤੀਰ ਬਹੁਤ ਮਨੁੱਖਾਂ ਨੂੰ ਵਿੰਨ੍ਹ ਕੇ ਪਾਰ ਹੋ ਜਾਂਦਾ ਸੀ, ਉਹ ਤੁਰਤ ਮਰ ਜਾਂਦੇ ਸਨ ਤੇ ਪਾਣੀ ਵੀ ਨਹੀਂ ਮੰਗਦੇ ਸਨ। ਜੰਗ ਵਿਚ ਬਾਣ ਲੱਗਦੇ ਸਨ ਤਾਂ ਉਸ ਸਮੇਂ ਉਹ ਚਲਦੇ ਦਿਖਾਈ ਦਿੰਦੇ ਸਨ, ਪਰ ਸਤਿਗੁਰੂ ਜੀ ਬਾਣ ਚਲਾਉਂਦੇ ਹੋਏ ਆਪ ਦਿਖਾਈ ਨਹੀਂ ਸੀ ਦਿੰਦੇ॥ ੮॥

ਸੋ ਭਟ ਆਵਤਿ ਬਿਨੈ ਸੁਨਾਵੈਂ। 'ਹਮਰੇ ਹੇਰਤਿ ਅਬਹਿ ਚਲਾਵੈਂ'।
ਸੁਨਿ ਅਰਜ਼ੀ ਮਰਜ਼ੀ ਤਿਨ ਜਾਨਿ। ਐਂਚਿ ਸਰਾਸਨ ਛੋਰਹਿਂ ਬਾਨ॥ ੯॥

ਇਸ ਕਰਕੇ ਸੂਰਬੀਰ ਆ ਕੇ ਬੇਨਤੀ ਕਰਦੇ ਸਨ, "ਸਾਡੇ ਵੇਖਦਿਆਂ ਹੁਣ ਚਲਾਵੋ, ਉਨ੍ਹਾਂ ਸੂਰਬੀਰਾਂ ਦੀ ਬੇਨਤੀ ਅਤੇ ਮਰਜ਼ੀ ਜਾਣ ਕੇ, ਗੁਰੂ ਜੀ ਧਨੁੱਖ ਬਾਣ ਨੂੰ ਖਿੱਚ ਕੇ ਤੀਰ ਛੱਡਦੇ ਸਨ॥ ੯॥

ਚੁਟਕੀ ਚਾਂਪਨਿ ਮੁਸ਼ਟ ਗ੍ਰਹਿਨ ਕੋ। ਨਵਟੰਕਨ ਧਨੁ ਤਾਨ ਕਰਨ ਕੋ।
ਲਾਘਵਤਾ ਧਰਿ ਤਾਕ ਨਿਸ਼ਾਨਾ। ਤਜਨਿ ਅਚੂਕ ਪ੍ਰਹਾਰਨਿ ਬਾਨਾ॥ ੧੦॥

ਹੱਥ ਵਿਚ ਧਨੁੱਖ ਦੀ ਮੁੱਠੀ ਫੜਨੀ ਤੇ ਚੁਟਕੀ ਨਾਲ ਨੌ ਟੰਕਾਂ ਦੇ ਧਨੁੱਖ ਨੂੰ ਖਿੱਚਣਾ, ਫੁਰਤੀ ਨਾਲ ਨਿਸ਼ਾਨਾ ਤੱਕ ਕੇ ਤੀਰ ਨੂੰ ਛੱਡਣਾ ਤੇ ਤੀਰ ਦਾ ਅਚੂਕ ਜਾ ਕੇ ਨਿਸ਼ਾਨੇ ਉੱਪਰ ਵੱਜਣਾ॥੧੦॥

ਇੱਤਜਾਦਿਕ ਧਨੁ ਵਿੱਦਜਾ ਭਾਰੀ। ਰੀਝਹਿਂ ਭਟ ਜਬਿ ਕਰਤਿ ਨਿਹਾਰੀ।
'ਧੰਨ ਧੰਨ' ਕਰਿ ਬੰਦਨ ਠਾਨਤਿ। ਜਾਹਿਂ ਸਿਵਰ ਮਹਿਂ,ਅਪਰ ਬਖਾਨਤਿ॥੧੧॥

ਇਸ ਪ੍ਰਕਾਰ ਭਾਰੀ ਧਨੁੱਖ ਵਿਦਿਆ ਸਾਰੇ ਸੂਰਬੀਰ ਵੇਖ ਕੇ ਰੀਝ ਜਾਂਦੇ ਸਨ ਤਾਂ 'ਧੰਨ ਧੰਨ' ਕਹਿ ਕੇ ਬੰਦਨਾ ਕਰਦੇ ਸਨ ਤੇ ਆਪਣੇ ਡੇਰਿਆਂ ਵਿਚ ਜਾ ਕੇ ਹੋਰਨਾਂ ਨੂੰ ਸੁਣਾਉਂਦੇ ਸਨ॥੧੧॥

ਮਹਿਮਾ ਇਮ ਪਸਰੀ ਸਭਿ ਬਿਖੈ। ਪਿਖੈਂ ਘਨੋ ਸੁਨਿ ਸੁਨਿ ਕਵਿ ਲਿਖੈ।
ਇਕ ਦਿਨ ਥਿਰ ਗੋਦਾਵਰਿ ਤੀਰ। ਬੈਠੇ ਪ੍ਰਭੂ ਨਰਨ ਕੀ ਭੀਰ॥ ੧੨॥

ਸਭ ਵਿਚ ਗੁਰੂ ਜੀ ਦੀ ਇਸ ਪ੍ਰਕਾਰ ਮਹਿਮਾ ਫੈਲ ਗਈ। ਬਹੁਤ ਲੋਕ ਵੇਖਦੇ ਸਨ ਤੇ ਕਵੀ ਸੁਣ ਸੁਣ ਕੇ ਕਵਿਤਾਵਾਂ

ਜੋੜਦੇ ਸਨ। ਇਕ ਦਿਨ ਸਤਿਗੁਰੂ ਜੀ ਗੋਦਾਵਰੀ ਦੇ ਕਿਨਾਰੇ ਬੈਠੇ ਸਨ, ਉਸ ਸਮੇਂ ਉਥੇ ਮਨੁੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ॥੧੨॥

ਏਕ ਸਿੱਖ ਆਯੋ ਤਿਹ ਸਮੇਂ। ਭੇਟ ਨਗੀਨਾ ਧਰਿ ਕਿਯ ਨਮੇਂ।
ਅਵਲੋਕਯੋ ਲੇ ਕਰਿ ਨਿਜ ਹਾਥ। ਗੇਰਿ ਗੁਦਾਵਰਿ ਮੈਂ ਦਿਯ ਨਾਥ॥੧੩॥

ਉਸ ਸਮੇਂ ਇਕ ਸਿੱਖ ਆਇਆ ਤੇ ਉਸ ਨੇ ਇਕ ਨਗੀਨਾ ਭੇਟਾ ਕਰਕੇ ਬੰਦਨਾ ਕੀਤੀ। ਗੁਰੂ ਜੀ ਨੇ ਨਗੀਨੇ ਨੂੰ ਆਪਣੇ ਹੱਥ ਵਿਚ ਲੈ ਕੇ ਵੇਖਿਆ। ਫਿਰ ਸਤਿਗੁਰੂ ਜੀ ਨੇ ਉਸ ਨੂੰ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ॥੧੩॥

ਬਿਸਮਯੋ ਸਿਖ ਮਨ ਚਿਤਵਨਿ ਠਾਨੀ। 'ਕੀਮਤਿ ਨਹੀਂ ਗੁਰੂ ਇਸ ਜਾਨੀ।
ਹਲਕੋ ਜਾਨਿ ਗੁਦਾਵਰਿ ਗੇਰਾ। ਕਹਿਨੋ ਬਨੈ ਕਹਾਂ ਅਬਿ ਮੇਰਾ'॥੧੪॥

ਉਹ ਸਿੱਖ ਬਹੁਤ ਹੈਰਾਨ ਹੋਇਆ ਤੇ ਚਿੱਤ ਵਿਚ ਸੋਚਣ ਲੱਗਾ, "ਗੁਰੂ ਜੀ ਨੇ ਇਸ ਹੀਰੇ ਦੀ ਕੀਮਤ ਨਹੀਂ ਜਾਣੀ ਹੈ। ਮਾੜਾ ਜਾਣ ਕੇ ਗੁਦਾਵਰੀ ਵਿਚ ਸੁੱਟ ਦਿੱਤਾ ਹੈ। ਹੁਣ ਮੇਰਾ ਕੁਝ ਵੀ ਕਹਿਣਾ ਨਹੀਂ ਬਣਦਾ ਹੈ"॥੧੪॥

ਪਸ਼ਚਾਤਾਪ ਕਰਤਿ ਚਿਤ ਲਹਯੋ। ਕ੍ਰਿਪਾ ਨਿਧਾਨ ਤਾਂਹਿ ਸੋਂ ਕਹਯੋ।
'ਜੇ ਬਹੁ ਕੀਮਤ ਕੇਰ ਨਗੀਨਾ। ਨਿਕਟ ਨਿਹਾਰਿ ਨਿਕਾਰ ਪ੍ਰਬੀਨਾ!॥੧੫॥

ਜਦ ਸਤਿਗੁਰੂ ਜੀ ਨੇ ਉਸ ਨੂੰ ਚਿੱਤ ਵਿਚ ਪਸ਼ਚਾਤਾਪ ਕਰਦਾ ਵੇਖਿਆ ਤਾਂ ਕਿਰਪਾ ਨਿਧਾਨ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਜੇ ਤੇਰਾ ਨਗੀਨਾ ਬਹੁਤ ਕੀਮਤੀ ਸੀ ਤਾਂ ਨੇੜੇ ਹੀ ਵੇਖ ਕੇ ਕੱਢ ਲਵੇ॥੧੫॥

ਉੱਤਮ ਹੁਤੋ ਹਮਹਿਂ ਨਹੀਂ ਜਾਨਾ। ਬਹੁਤ ਮੋਲ ਕੋ ਤੈਂ ਨ ਬਖਾਨਾ'।
ਇਮ ਸੁਨਿ ਸਿੱਖ ਉਤਾਇਲ ਕੀਨਿ। ਬਰਯੋ ਗੁਦਾਵਰਿ ਹ੍ਵੈ ਪਟ ਹੀਨ॥੧੬॥

ਤੁਹਾਡਾ ਨਗੀਨਾ ਬਹੁਤ ਉੱਤਮ ਸੀ, ਇਹ ਅਸੀਂ ਨਹੀਂ ਜਾਣਿਆ ਹੈ, ਤੂੰ ਇਸ ਬਾਰੇ ਦੱਸਿਆ ਨਹੀਂ ਕਿ ਬਹੁਤ ਕੀਮਤੀ ਹੈ।" ਇਹ ਸੁਣ ਕੇ ਸਿੱਖ ਨੇ ਬੜੀ ਕਾਹਲੀ ਕੀਤੀ ਤੇ ਕੱਪੜੇ ਉਤਾਰ ਕੇ ਗੁਦਾਵਰੀ ਨਦੀ ਦੇ ਵਿਚ ਵੜ ਗਿਆ॥੧੬॥

ਜਲ ਅੰਤਰ ਜਬਿ ਦ੍ਰਿਸ਼ਟਿ ਲਗਾਈ। ਪਿਖੇ ਨਗੀਨ ਪਰੇ ਸਮੁਦਾਈ।
ਗਨ ਹੀਰਨਿ ਕੇ ਗੰਜ ਲਗਾਏ। ਲਖੀ ਪ੍ਰਭੁ ਮਾਇਆ ਬਿਸਮਾਏ॥੧੭॥

ਜਲ ਦੇ ਅੰਦਰ ਜਾ ਕੇ ਜਦ ਉਸ ਦ੍ਰਿਸ਼ਟੀ ਲਾ ਕੇ ਵੇਖਿਆ ਤਾਂ ਉਥੇ ਬਹੁਤ ਨਗੀਨੇ ਪਏ ਹੋਏ ਵੇਖੇ। ਉਥੇ ਬਹੁਤ ਹੀਰਿਆਂ ਦੇ ਢੇਰ ਲੱਗੇ ਹੋਏ ਸਨ। ਸਤਿਗੁਰੂ ਜੀ ਦੀ ਮਾਇਆ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ॥੧੭॥

ਕਹਾਂ ਨਗੀਨੇ ਕੇਰ ਗੁਮਾਨਾ। ਜਬਰ ਜਵਾਹਰ ਜ਼ਾਹਰ ਨਾਨਾ।
ਸਭਿ ਤਜਿ ਸ਼ੀਘ੍ਰ ਨਿਕਸਿ ਕਰਿ ਆਯੋ। ਪਗ ਪੰਕਜ ਸ੍ਰੀ ਗੁਰ ਲਪਟਾਯੋ॥੧੮॥

ਮੈਂ ਕਿੱਥੇ ਕੀਮਤੀ ਹੀਰੇ ਦਾ ਘੁਮੰਡ ਕਰਦਾ ਸੀ, ਉਥੇ ਸੈਂਕੜੇ ਹੀਰੇ ਜਵਾਹਰਾਤ ਚਮਕ ਰਹੇ ਸਨ। ਸਾਰੇ ਉਥੇ ਹੀ ਛੱਡ ਛੇਤੀ-ਛੇਤੀ ਨਿਕਲ ਕੇ ਬਾਹਰ ਆਇਆ ਤੇ ਆ ਕੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਬੰਦਨਾ ਕੀਤੀ॥੧੮॥

'ਮੈਂ ਅਜਾਨ ਮਹਿਮਾ ਨਹੀਂ ਜਾਨੀ। ਤੀਨ ਲੋਕ ਮਾਲਿਕ ਗੁਨ ਖਾਨੀ!।
ਬਖਸ਼ਹੁ ਭੂਲ ਸੁ ਬਖਸ਼ਨ ਹਾਰੇ।' ਮੁਸਕਾਵਤਿ ਸ੍ਰੀ ਮੁਖਹੁਂ ਉਚਾਰੇ॥੧੯॥

ਸਿੱਖ ਫਿਰ ਕਹਿਣ ਲੱਗਾ, "ਮੈਂ ਮੂਰਖ ਨੇ ਤੁਹਾਡੀ ਮਹਿਮਾ ਨਹੀਂ ਜਾਣੀ ਹੈ, ਆਪ ਸਤਿਗੁਰੂ ਜੀ ਤਿੰਨ ਲੋਕਾਂ ਦੇ ਮਾਲਕ ਹੋ। ਮੇਰੀ ਭੁੱਲ ਬਖਸ਼ ਲਵੋ, ਤੁਸੀਂ ਬਖਸ਼ਣਹਾਰ ਹੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ॥੧੯॥

'ਹਰਿ ਹਰਿ ਸਿਮਰੋ ਨਿਸ਼ਚਾ ਧਰਜੋ'। ਨਾਮ 'ਨਗੀਨਾ ਘਾਟ' ਸੁ ਪਰਜੋ।
ਇਮ ਬਿਲਾਸ ਪ੍ਰਭੁ ਕਰਤਿ ਅਨੇਕ। ਪੁਨ ਦਿਵਾਨ ਮੈਂ ਥਿਰਿ ਦਿਨ ਏਕ ॥੨੦॥

"ਨਿਸ਼ਚਾ ਧਾਰ ਕੇ ਹਰਿ-ਹਰਿ ਦਾ ਸਿਮਰਨ ਕਰੋ", ਉਸ ਸਮੇਂ ਤੋਂ ਇਸ ਘਾਟ ਦਾ ਨਾਮ 'ਨਗੀਨਾ ਘਾਟ' ਪੈ ਗਿਆ ਹੈ। ਇਸ ਪ੍ਰਕਾਰ ਸਤਿਗੁਰੂ ਜੀ ਅਨੇਕਾਂ ਪ੍ਰਕਾਰ ਦੇ ਅਨੰਦ ਬਿਲਾਸ ਕਰਦੇ ਸਨ। ਫਿਰ ਇਕ ਦਿਨ ਗੁਰੂ ਜੀ ਦੀਵਾਨ ਵਿਚ ਬੈਠੇ ਸਨ॥ ੨੦॥

ਧਨੀ ਪਾਠਾਨ ਆਇ ਤਿਹ ਸਮੇਂ। ਬੈਠਜੋ ਹਾਥ ਜੋਰਿ ਕਰਿ ਨਮੇ।
ਦਸਤਾਵੇਜ਼ ਖਾਸ ਪ੍ਰਭੁ ਕੇਰੀ। ਸੋ ਨਿਕਾਸਿ ਕਰਿ ਧਰੀ ਅਗੇਰੀ॥ ੨੧॥

ਉਸ ਸਮੇਂ ਇਕ ਬਹੁਤ ਅਮੀਰ ਪਠਾਣ ਆਇਆ। ਉਹ ਹੱਥ ਜੋੜ ਕੇ ਬੰਦਨਾ ਕਰਕੇ ਬੈਠ ਗਿਆ। ਸਤਿਗੁਰੂ ਜੀ ਦੀ ਇਕ ਖਾਸ ਹੱਥ ਲਿਖਤ, ਉਸ ਨੇ ਕੱਢ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ॥ ੨੧॥

'ਲਿਖਤ ਸਹੰਸ੍ਰ ਇਕਾਦਸ਼ ਜਾਨੋ। ਮੋਲ ਤੁਰੰਗਮ ਕੋ ਪਹਿਚਾਨੋ।
ਰਾਵਰਿ ਸੰਗ ਜੰਗ ਬਹੁ ਪਰੇ। ਹਮ ਨਹਿਂ ਆਏ, ਲੇਨਿ ਨ ਕਰੇ॥ ੨੨॥

ਉਹ ਕਹਿਣ ਲੱਗਾ, "ਗਿਆਰ੍ਹਾਂ ਹਜ਼ਾਰ ਲਿਖਿਆ ਹੋਇਆ ਜਾਣੋ, ਇਕ ਘੋੜੇ ਦਾ ਮੁੱਲ ਪਹਿਚਾਣੋ। ਆਪ ਜੀ ਨੂੰ ਬਹੁਤ ਜੰਗ ਲੜਨੇ ਪਏ ਹਨ, ਇਸ ਕਰਕੇ ਅਸੀਂ ਨਹੀਂ ਆਏ ਹਾਂ ਤੇ ਧਨ ਹੁਣ ਤਕ ਨਹੀਂ ਲਿਆ ਹੈ॥ ੨੨॥

ਬੀਤਜੋ ਚਿਰੰਕਾਲ ਇਮ ਨਾਥ। ਪਰੀ ਨਿਸ਼ਾਨੀ ਰਾਵਰਿ ਹਾਥ।
ਲਏ ਅਨੰਦ ਪੁਰੀ ਮਹਿਂ ਬਾਜ। ਤਬਿ ਤੇ ਮੈਂ ਦਿਖਰਾਈ ਆਜ॥ ੨੩॥

ਇਸ ਪ੍ਰਕਾਰ ਮਾਲਕ, ਬਹੁਤ ਲੰਮਾ ਸਮਾਂ ਬੀਤ ਗਿਆ ਹੈ, ਆਪ ਜੀ ਦੇ ਹੱਥ ਦੀ ਇਹ ਨਿਸ਼ਾਨੀ ਪਈ ਹੈ। ਅਨੰਦਪੁਰ ਵਿਚ ਆਪ ਜੀ ਨੇ ਘੋੜੇ ਲਏ ਸਨ, ਉਸ ਸਮੇਂ ਤੋਂ ਬਾਅਦ ਮੈਂ ਅੱਜ ਤੁਹਾਨੂੰ ਇਹ ਤੁਹਾਡੀ ਹੱਥ ਲਿਖਤ ਵਿਖਾਈ ਹੈ॥ ੨੩॥

ਲੇਨ ਉਮੈਦਵਾਰ ਧਨ ਕੇਰਾ। ਪੂਰਬ ਭਯੋ ਨ ਆਵਨ ਮੇਰਾ'।
ਸੁਨਿ ਸ੍ਰੀ ਮੁਖ ਤੇ ਤਿਸੇ ਉਚਾਰਾ। 'ਨਿਸ਼ਚੈ ਲੈਨੋ ਦਰਬ ਉਦਾਰਾ॥ ੨੪॥

ਮੈਂ ਧਨ ਲੈਣ ਦਾ ਉਮੀਦਵਾਰ ਹਾਂ, ਪਹਿਲਾਂ ਮੇਰਾ ਆਉਣਾ ਨਹੀਂ ਹੋਇਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਉਚਾਰਨ ਕੀਤਾ, "ਠੀਕ ਹੀ ਤੂੰ ਏਨਾ ਧਨ ਲੈਣਾ ਹੈ॥ ੨੪॥

ਮੋਲ ਹਯਨਿ ਕੋ ਹੈ ਹਮ ਯਾਦ। ਤਊ ਕੀਨਿ ਤੈਨੇ ਪਰਮਾਦ।
ਲੈਬੇ ਹੇਤੁ ਨਹੀਂ ਕਿਤ ਆਯੋ। ਅਪਰ ਅਪਰ ਕਾਰਜ ਬਿਰਮਾਯੋ॥ ੨੫॥

ਸਾਨੂੰ ਘੋੜਿਆਂ ਦਾ ਮੁੱਲ ਯਾਦ ਹੈ, ਫਿਰ ਵੀ ਤੂੰ ਬਹੁਤ ਆਲਸ ਕੀਤਾ ਹੈ। ਧਨ ਲੈਣ ਵਾਸਤੇ ਏਧਰ ਨਹੀਂ ਆਇਆ ਹੈਂ, ਹੋਰ-ਹੋਰ ਕਾਰਜਾਂ ਵਿਚ ਭਰਮਿਆ ਰਿਹਾ ਹੈਂ॥ ੨੫॥

ਅਬਿ ਭੀ ਜੇ ਲਿਖ ਦੇਂ ਇਕ ਥਾਏਂ। ਪ੍ਰਾਪਤਿ ਦਰਬ ਹੋਇ ਤਹਿਂ ਜਾਏ।
ਜੇ ਨਿਸ਼ਚਾ ਧਰਨੋਂ ਉਰ ਭਾਰੀ। ਹਮ ਤੇ ਸੰਮਤ ਤੀਸ ਪਿਛਾਰੀ॥ ੨੬॥

ਹੁਣ ਵੀ ਜੇ ਇਕ ਥਾਂ ਤੇ ਤੈਨੂੰ ਧਨ ਲਿਖ ਦੇਈਏ ਤਾਂ ਜਿੱਥੇ ਵੀ ਜਾਵਾਂਗੇ ਉਥੇ ਹੀ ਤੈਨੂੰ ਧਨ ਪ੍ਰਾਪਤ ਹੋ ਜਾਵੇਗਾ। ਜੇ ਹਿਰਦੇ ਵਿਚ ਭਾਰੀ ਨਿਸ਼ਚਾ ਧਾਰਨ ਕੀਤਾ ਹੈ ਤਾਂ ਸਾਡੇ ਤੋਂ ਤੀਹ ਸਾਲ ਬਾਅਦ॥ ੨੬॥

ਬਿਦਤਹਿਂ ਤਬਹਿ ਨਿਸ਼ਾਨ ਨਗਾਰੇ। ਪੰਥ ਖਾਲਸੇ ਕੋ ਬਲ ਭਾਰੇ।
ਅਵਨੀ ਰਾਜ ਲੇਹਿੰਗੇ ਲਰਿਕੈ। ਸ਼ੱਤ੍ਰੂ ਸੰਗ ਸੰਘਰ ਮਹਿਂ ਜੁਝ ਕੈ॥ ੨੭॥

ਫਿਰ ਝੰਡੇ ਅਤੇ ਨਗਾਰੇ ਪ੍ਰਗਟ ਹੋਣਗੇ ਤੇ ਪੰਥ ਖਾਲਸਾ ਭਾਰੀ ਬਲਵਾਨ ਹੋ ਜਾਵੇਗਾ। ਅਸੀਂ ਯੁੱਧ ਕਰਕੇ ਧਰਤੀ ਦਾ ਰਾਜ ਲਵਾਂਗੇ ਤੇ ਵੈਰੀ ਦੇ ਨਾਲ ਸੰਘਰਸ਼ ਵਿਚ ਭੇੜ ਕਰਾਂਗੇ॥ ੨੭॥

ਤਬਿ ਸਿੰਘਨਿ ਮਹਿਂ ਜੋ ਸਿਰਦਾਰ। ਦੇਗ ਤੇਗ ਕੋ ਧਨੀ ਉਦਾਰ।
ਤਿਸ ਕੋ ਲਿਖਤਿ ਇਹੀ ਦਿਖਰਾਵੇ। ਬਜਾਜ ਸਮੇਤ ਦਰਬ ਕੋ ਪਾਵੇ' ॥ ੨੮ ॥

ਤਦ ਸਿੰਘਾਂ ਵਿਚ ਜਿਹੜਾ ਸਿਰਦਾਰ ਹੋਵੇਗਾ, ਉਹ ਦੇਗ ਤੇਗ ਦਾ ਮਹਾਨ ਧਨੀ ਹੋਵੇਗਾ, ਉਸ ਨੂੰ ਇਹੋ ਲਿਖਤ ਵਿਖਾਵੇ ਤੇ ਵਿਆਜ ਸਹਿਤ ਧਨ ਪ੍ਰਾਪਤ ਕਰੇ' ॥ ੨੮ ॥

ਸੁਨਿ ਕਰ ਜੋਰਿ ਪਠਾਨ ਬਖਾਨੈ। 'ਬਜਾਜ ਲੈਨਿ ਹਮ ਹੈ ਨ ਇਮਾਨੈ।
ਰਾਵਰਿ ਆਇਸੁ ਨਹੀਂ ਬਹੋਰੈਂ। ਮੋਲ ਹਯਨਿ ਕੋ ਸੋ ਹਮ ਲੈਰੈਂ' ॥ ੨੯ ॥

ਇਹ ਸੁਣ ਕੇ ਪਠਾਣ ਨੇ ਹੱਥ ਜੋੜ ਕੇ ਕਿਹਾ, "ਵਿਆਜ ਲੈਣਾ ਸਾਡਾ ਈਮਾਨ ਨਹੀਂ ਹੈ। ਆਪ ਜੀ ਦੀ ਆਗਿਆ ਅਸੀਂ ਮੋੜਦੇ ਨਹੀਂ ਹਾਂ, ਜਿਹੜਾ ਘੋੜਿਆਂ ਦਾ ਮੁੱਲ ਹੈ, ਕੇਵਲ ਉਹੀ ਸਾਨੂੰ ਚਾਹੀਦਾ ਹੈ' ॥ ੨੯ ॥

ਭਏ ਪ੍ਰਸੰਨ ਭਨੀ ਪੁਨ ਬਾਨੀ। 'ਸਾਧੂ ਸਾਧੂ ਇਮਾਨ ਮਹਾਨੀ।
ਇਹ ਕਾਗਦ ਜੋ ਲਿਖਯੋ ਹਮਾਰਾ। ਮਾਨਹਿਂ ਸਭਿ ਸਿੰਘਨਿ ਸਰਦਾਰਾ ॥ ੩੦ ॥

ਸਤਿਗੁਰੂ ਜੀ ਪ੍ਰਸੰਨ ਹੋ ਗਏ ਤੇ ਫਿਰ ਕਹਿਣ ਲੱਗੇ, "ਸ਼ਾਬਾਸ਼, ਸ਼ਾਬਾਸ਼ ਤੇਰਾ ਈਮਾਨ ਮਹਾਨ ਹੈ। ਇਹ ਜਿਹੜਾ ਸਾਡਾ ਲਿਖਿਆ ਹੋਇਆ ਕਾਗਜ਼ ਹੈ, ਇਸ ਨੂੰ ਸਭ ਸਿੰਘ ਸਰਦਾਰ ਮੰਨਣਗੇ॥ ੩੦॥

ਦੁਗਨ ਚਗੁਨਾ ਦਸ ਗੁਨ ਧਨ ਕੋ। ਲੈ ਹੈਂ ਤਬਹਿ ਰਖੋ ਥਿਰ ਮਨ ਕੋ।
ਤੁਵ ਸੰਤਤ ਕੋ ਮਹਿਦ ਗੁਜ਼ਾਰਾ। ਹੁਇ ਹੈ ਬਿਨ ਸੰਸੈ ਸੁਖ ਭਾਰਾ' ॥ ੩੧ ॥

ਦੂਣਾ, ਚੌਣਾ, ਦਸ ਗੁਣਾ ਧਨ ਤੂੰ ਉਸ ਸਮੇਂ ਲਵੇਂਗਾ, ਆਪਣੇ ਮਨ ਨੂੰ ਸਥਿਰ ਰੱਖ। ਤੇਰੀ ਸੰਤਾਨ ਦਾ ਵੱਡਾ ਗੁਜ਼ਾਰਾ ਚਲੇਗਾ ਤੇ ਸੰਸਾ ਰਹਿਤ ਹੋ ਕੇ ਭਾਰੀ ਸੁਖ ਪ੍ਰਾਪਤ ਕਰਨਗੇ' ॥ ੩੧ ॥

ਸੁਨਤਿ ਖਾਨ ਪਗ ਟੇਕਯੋ ਮਾਥਾ। ਰੁਖਸਦ ਭਯੋ ਜੋਰਿ ਕਰਿ ਹਾਥਾ।
ਜਬੈ ਖਾਲਸਾ ਬਿਦਤਯੋ ਭਾਰੀ। ਭਯੋ ਰਾਜ ਲੀਨੋ ਰਿਪੁ ਮਾਰੀ॥ ੩੨ ॥

ਇਹ ਸੁਣ ਕੇ ਪਠਾਣ ਨੇ ਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ ਤੇ ਹੱਥ ਜੋੜ ਕੇ ਰੁਖਸਤ ਹੋ ਗਿਆ। ਜਦ ਭਾਰੀ ਖਾਲਸਾ ਪ੍ਰਗਟ ਹੋਇਆ, ਵੈਰੀ ਨੂੰ ਮਾਰ ਕੇ ਖਾਲਸੇ ਨੇ ਰਾਜ ਲੈ ਲਿਆ॥ ੩੨ ॥

ਤਬਿ ਸਰਦਾਰਨਿ ਕੇ ਢਿਗ ਗਯੋ। ਧਨ ਗਨ ਸੁਖ ਸੋਂ ਪ੍ਰਾਪਤਿ ਭਯੋ।
ਸੰਤਤਿ ਧਨੀ ਬਿਸਾਲ ਭਏ ਹੈਂ। ਆਦਰ ਸਿੰਘਨ ਸਭਿਨਿ ਦਏਂ ਹੈਂ॥ ੩੩ ॥

ਤਦ ਉਹ ਪਠਾਣ ਸਰਦਾਰਾਂ ਦੇ ਪਾਸ ਗਿਆ ਤਾਂ ਬਹੁਤ ਧਨ ਸੁਖ ਨਾਲ ਹੀ ਪ੍ਰਾਪਤ ਹੋ ਗਿਆ। ਉਸ ਦੀ ਸੰਤਾਨ ਵਿਸ਼ਾਲ ਧਨਵਾਨ ਹੋ ਗਈ। ਸਾਰੇ ਸਿੰਘਾਂ ਨੇ ਉਸ ਨੂੰ ਬਹੁਤ ਆਦਰ ਦਿੱਤਾ॥ ੩੩ ॥

ਇਸ ਬਿਧਿ ਸਤਿਗੁਰ ਦਿਵਸ ਬਿਤਾਏ। ਚਲਨ ਬਿਕੁੰਠ ਸਮੇਂ ਨਿਯਰਾਏ।
ਆਵਤਿ ਸਾਧ ਜਮਾਤ ਉਦਾਸੀ। ਦਰਸ਼ਨ ਕਰ ਬੰਦੇ ਰਹਿ ਪਾਸੀ॥ ੩੪ ॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਦਿਨ ਬਤੀਤ ਕੀਤੇ, ਫਿਰ ਬੈਕੁੰਠ ਜਾਣ ਦਾ ਸਮਾਂ ਨੇੜੇ ਆ ਗਿਆ। ਇਕ ਉਦਾਸੀ ਸਾਧੂਆਂ ਦੀ ਜਮਾਤ ਆਈ ਸੀ, ਉਹ ਦਰਸ਼ਨ ਕਰਕੇ ਬੰਦਨਾ ਕਰਕੇ, ਪਾਸ ਹੀ ਰਹਿੰਦੇ ਸਨ॥ ੩੪ ॥

ਲੇਹਿਂ ਤਿਹਾਵਲ ਰਸਤ ਹਮੇਸ਼। ਸਿਮਰਹਿਂ ਸਤਿਗਰ ਕੋ ਉਪਦੇਸ਼।
ਦੇਗ ਹੋਤਿ ਬਰਤੈ ਜਿਸ ਬਾਰੀ। ਤਾਂਹਿ ਸਮੈਂ ਰੌਰਾ ਪਰਿ ਭਾਰੀ॥ ੩੫॥

ਉਹ ਹਮੇਸ਼ਾ ਕੜਾਹ ਪ੍ਰਸ਼ਾਦਿ ਦੀ ਰਸਤ ਲੈਂਦੇ ਸਨ ਤੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਯਾਦ ਕਰਦੇ ਸਨ। ਲੰਗਰ ਤਿਆਰ ਹੋਕੇ ਜਿਸ ਸਮੇਂ ਵਰਤਦਾ ਸੀ, ਉਸ ਸਮੇਂ ਬਹੁਤ ਰੌਲਾ ਪੈਂਦਾ ਸੀ॥ ੩੫॥

ਇਕ ਦਿਨ ਸ਼ਾਹੁ ਬਹਾਦਰ ਸੁਨਜੋਂ। ਅਪਨੇ ਉਮਰਾਵਨਿ ਮਹਿਂ ਭਨਜੋਂ।
'ਯਹਿ ਸੁਨਿਯਤਿ ਕੈਸੋ ਬਡ ਰੌਰਾ। ਲਖੀਅਤਿ ਗੁਰੂ ਸਿਵਰ ਕੀ ਠੌਰਾ'॥ ੩੬॥

ਇਕ ਦਿਨ ਬਹਾਦਰ ਸ਼ਾਹ ਨੇ ਸੁਣਿਆ ਤਾਂ ਆਪਣੇ ਉਮਰਾਵਾਂ ਵਿਚ ਕਿਹਾ, "ਇਹ ਕੈਸਾ ਬੜਾ ਉੱਚੀ ਰੌਲਾ ਸੁਣਾਈ ਦੇ ਰਿਹਾ ਹੈ, ਲੱਗਦਾ ਹੈ ਇਹ ਗੁਰੂ ਜੀ ਦੇ ਡੇਰੇ ਵਾਲੇ ਪਾਸੇ ਹੈ"॥ ੩੬॥

ਸੁਧਿ ਹਿਤ ਮਾਨਵ ਸ਼ੀਘ੍ਰ ਪਠਾਯੋ। ਸੁਨਿ ਕਾਰਨਿ ਕੋ ਹਟਿ ਕਰਿ ਆਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਬਰਤਹਿ ਦੇਗ ਗੁਰੂ ਕੀ ਭਾਰੀ॥ ੩੭॥

ਖਬਰ ਲੈਣ ਵਾਸਤੇ ਉਸ ਨੇ ਤੁਰਤ ਇਕ ਮਨੁੱਖ ਨੂੰ ਭੇਜਿਆ, ਉਹ ਰੌਲੇ ਦੇ ਕਾਰਨ ਬਾਰੇ ਸੁਣ ਕੇ ਵਾਪਸ ਗਿਆ। ਫਿਰ ਉਸ ਬਹਾਦਰ ਸ਼ਾਹ ਦੇ ਸਾਹਮਣੇ ਜਾ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਜੀ ਦਾ ਭਾਰੀ ਲੰਗਰ ਵਰਤ ਰਿਹਾ ਹੈ॥ ੩੭॥

ਲੇਤਿ ਸੁ ਦੇਤਿ ਖਾਲਸਾ ਬ੍ਰਿੰਦ। ਬੋਲਤਿ ਆਪਸ ਬਿਖੈ ਬਿਲੰਦ।
ਕੋ ਜਾਚਤਿ ਠਹਿਰਾਵਤਿ ਕੋਈ। ਕੋ ਬਰਜਤਿ ਕੋ ਰਿਸ ਮਹਿਂ ਹੋਈ'॥ ੩੮॥

ਬਹੁਤ ਖਾਲਸਾ ਲੰਗਰ ਲੈ ਦੇ ਰਿਹਾ ਹੈ, ਆਪਸ ਵਿਚ ਬਹੁਤ ਉੱਚੀ-ਉੱਚੀ ਬੋਲਦੇ ਹਨ। ਕੋਈ ਭੋਜਨ ਮੰਗਦਾ ਹੈ, ਕੋਈ ਠਹਿਰਾਉਂਦਾ ਹੈ, ਕੋਈ ਵਰਜਦਾ ਹੈ, ਕੋਈ ਗੁੱਸੇ ਵਿਚ ਆ ਜਾਂਦਾ ਹੈ"॥ ੩੮॥

ਸੁਨਿ ਬ੍ਰਿਤੰਤ ਕੋ ਸ਼ਾਹੁ ਬਿਚਾਰਾ। 'ਛੁਧਾ ਸਹਿਤ ਰਹਿ ਪੰਥ ਉਦਾਰਾ।
ਅਲਪ ਆਮਦਨ ਹੈ ਇਸ ਦੇਸ਼। ਅਚਨ ਹਾਰ ਨਰ ਮਿਲੇ ਵਿਸ਼ੇਸ਼॥ ੩੯॥

ਇਹ ਬ੍ਰਿਤਾਂਤ ਸੁਣ ਕੇ ਬਾਦਸ਼ਾਹ ਨੇ ਵਿਚਾਰ ਕੀਤੀ, "ਇਹ ਸਾਰਾ ਪੰਥ ਵੱਡੀ ਭੁੱਖ ਸਹਿਤ ਰਹਿੰਦਾ ਹੈ। ਇਸ ਦੇਸ਼ ਵਿਚ ਬਹੁਤ ਥੋੜ੍ਹੀ ਆਮਦਨ ਹੈ, ਪਰ ਭੋਜਨ ਖਾਣ ਵਾਲੇ ਬਹੁਤ ਮਨੁੱਖ ਇਕੱਠੇ ਹੋਏ ਹਨ॥ ੩੯॥

ਦਰਬ ਰੋਜ਼ ਕੋ ਕਛੁ ਕਰ ਦੀਨੋ। ਲੰਗਰ ਹੇਤੁ ਸੁਨਾਵਨ ਕੀਨੋ।
ਲੈ ਲੈ ਰਸਦ ਖਰੀਦਿ ਬਿਸਾਲਾ। ਬਲੇ ਤਿਹਾਵਲ ਕਰਜੋ ਕ੍ਰਿਪਾਲਾ॥ ੪੦॥

ਬਾਦਸ਼ਾਹ ਨੇ ਰੋਜ਼ ਦੇ ਲੰਗਰ ਵਾਸਤੇ ਕੁਝ ਧਨ ਮੁਕੱਰਰ ਕਰ ਦਿੱਤਾ, ਇਹ ਵੀ ਸੁਣਾ ਦਿੱਤਾ ਕਿ ਇਹ ਧਨ ਲੰਗਰ ਵਾਸਤੇ ਦਿੱਤਾ ਹੈ। ਸਤਿਗੁਰੂ ਜੀ ਨੇ ਖਰੀਦ-ਖਰੀਦ ਕੇ ਬਹੁਤ ਰਸਦ ਮੰਗਵਾਈ ਤੇ ਬਹੁਤ ਕੜਾਹ ਪ੍ਰਸ਼ਾਦ ਤਿਆਰ ਹੋਇਆ॥ ੪੦॥

ਬਰਤਨ ਲਾਗਿ ਮਚਜੋ ਬਡ ਰੌਰਾ। ਸੁਨਿਯਤਿ ਦੂਰ ਦੂਰ ਕੀ ਠੌਰਾ।
ਆਇ ਨਿਤਾਪ੍ਰਤਿ ਦਰਬ ਘਨੇਰਾ। ਹੋਤਿ ਕੁਲਾਹਲ ਤਥਾ ਬਡੇਰਾ॥ ੪੧॥

ਲੰਗਰ ਵਰਤਾਉਣ ਸਮੇਂ ਫਿਰ ਬਹੁਤ ਰੌਲਾ ਮਚ ਗਿਆ ਤੇ ਉਹ ਰੌਲਾ ਬਹੁਤ ਦੂਰ-ਦੂਰ ਤਕ ਸੁਣਾਈ ਦਿੰਦਾ ਸੀ। ਨਿਤਾਪ੍ਰਤੀ ਬਹੁਤ ਧਨ ਆਉਂਦਾ ਸੀ ਤੇ ਉਸ ਤੋਂ ਵੀ ਵੱਧ ਉੱਚੀ ਰੌਲਾ ਪੈਂਦਾ ਸੀ॥ ੪੧॥

ਦਿਨ ਆਠਕ ਮਹਿਂ ਪੁਨ ਸੁਨਿ ਸ਼ਾਹੂ। ਜਾਨਜੋ ਖਰਚ ਬਢਜੋ ਗੁਰ ਪਾਹੂ।
ਦਰਬ ਪ੍ਰਥਮ ਤੇ ਘਨੋ ਪਠਾਯੋ। 'ਲੰਗਰ ਕਰੋ ਜਿਤਿਕ ਮਨ ਭਾਯੋ॥ ੪੨॥

ਅੱਠਾਂ ਕੁ ਦਿਨਾਂ ਬਾਅਦ ਫਿਰ ਬਾਦਸ਼ਾਹ ਨੇ ਸੁਣਿਆ ਅਤੇ ਇਹ ਜਾਣਿਆ ਕਿ ਗੁਰੂ ਜੀ ਦਾ ਖਰਚਾ ਬਹੁਤ ਵੱਧ ਗਿਆ ਹੈ। ਉਸ ਨੇ ਪਹਿਲਾਂ ਨਾਲੋਂ ਵੀ ਜ਼ਿਆਦਾ ਧਨ ਭੇਜਿਆ, "ਜਿੰਨਾ ਵੀ ਮਨ-ਭਾਉਂਦਾ ਹੈ, ਲੰਗਰ ਤਿਆਰ ਕਰੋ" ॥ ੪੨ ॥

ਅਧਿਕ ਦਰਬ ਕੋ ਪਠਵਤਿ ਜਜੋਂ ਜਜੋਂ। ਰੌਰਾ ਵਧਤ ਦੇਗ਼ ਮਹਿਂ ਤਜੋਂ ਤਜੋਂ।
ਦਯਾ ਸਿੰਘ ਪਹੁੰਚਜੋ ਕਿਸ ਕਾਰਨ। ਏ ਪ੍ਰਸੰਗ ਸਭਿ ਕੀਨਿ ਉਚਾਰਨ ॥ ੪੩ ॥

ਬਾਦਸ਼ਾਹ ਜਿਵੇਂ-ਜਿਵੇਂ ਜ਼ਿਆਦਾ ਧਨ ਭੇਜਦਾ ਸੀ, ਤਿਵੇਂ-ਤਿਵੇਂ ਲੰਗਰ ਵਿਚ ਰੌਲਾ ਵਧਦਾ ਜਾਂਦਾ ਸੀ। ਬਾਦਸ਼ਾਹ ਪਾਸ ਕਿਸੇ ਕਾਰਨ ਦਇਆ ਸਿੰਘ ਪਹੁੰਚਿਆ, ਇਹ ਪ੍ਰਸੰਗ ਉਸ ਨੇ ਕਹਿ ਕੇ ਸੁਣਾਇਆ॥ ੪੩ ॥

'ਛੁਧਤ ਰਹਤਿ ਲਖਿ ਦਰਬ ਪਠਾਵੋਂ। ਤਜੋਂ ਤਜੋਂ ਅਧਿਕ ਰੌਰ ਸੁਨਿ ਪਾਵੋਂ।
ਇਹ ਕਾਰਨ ਕਜਾ ਦੇਹੁ ਬਤਾਈ'। ਦਯਾ ਸਿੰਘ ਤਬਿ ਕਹਜੋ ਸੁਨਾਈ ॥ ੪੪ ॥

"ਭੁੱਖੇ ਰਹਿੰਦੇ ਸਮਝ ਕੇ ਅਸੀਂ ਧਨ ਭੇਜਦੇ ਹਾਂ, ਪਰ ਤਿਵੇਂ-ਤਿਵੇਂ ਰੌਲਾ ਹੋਰ ਉੱਚੀ ਸੁਣਦੇ ਹਾਂ। ਇਹ ਕੀ ਕਾਰਨ ਹੈ, ਇਹ ਸਾਨੂੰ ਦੱਸ ਦੇਵੋ।" ਦਇਆ ਸਿੰਘ ਨੇ ਫਿਰ ਕਹਿ ਕੇ ਸੁਣਾਇਆ॥ ੪੪ ॥

'ਪੰਥ ਖਾਲਸੇ ਮਹਿਂ ਬਡ ਰੌਰਾ। ਕਰਜੋ ਬਚਨ ਸੋਢੀ ਸਿਰਮੌਰਾ।
ਕਜੋਂਹੂੰ ਮਿਟਤਿ ਨਹੀਂ ਅਬਿ ਸੋਈ। ਬਰਤਹਿ ਕਛੂ, ਸ਼ੋਰ ਬਡ ਹੋਈ ॥ ੪੫ ॥

"ਪੰਥ ਖਾਲਸੇ ਵਿਚ ਵੱਡਾ ਰੌਲਾ ਪੈਣ ਦਾ ਬਚਨ, ਸਤਿਗੁਰੂ ਜੀ ਨੇ ਆਪ ਕੀਤਾ ਹੈ। ਉਹ ਹੁਣ ਕਿਸੇ ਪ੍ਰਕਾਰ ਵੀ ਹਟਦਾ ਨਹੀਂ ਹੈ। ਜਦ ਵੀ ਕੁਝ ਵਰਤਾਇਆ ਜਾਂਦਾ ਹੈ ਤਾਂ ਬਹੁਤ ਰੌਲਾ ਪੈਂਦਾ ਹੈ" ॥ ੪੫ ॥

ਬਿਸਮਜੋ ਸੁਨਤਿ ਬਹਾਦਰ ਸ਼ਾਹੂ। ਜਾਨਜੋਂ ਦਲ ਦੀਰਘ ਗੁਰ ਪਾਹੂ।
ਰਹਜੋ ਪੁਚਾਵਤਿ ਦਰਬ ਘਨੇਰਾ। ਲੰਗਰ ਬਰਤਹਿ ਬਡਹੁਂ ਬਡੇਰਾ ॥ ੪੬ ॥

ਬਹਾਦਰ ਸ਼ਾਹ ਇਹ ਸੁਣ ਕੇ ਬਹੁਤ ਹੈਰਾਨ ਹੋਇਆ, ਇਹ ਜਾਣਿਆ ਕਿ ਗੁਰੂ ਜੀ ਪਾਸ ਸੈਨਾ ਦਾ ਬਹੁਤ ਵੱਡਾ ਦਲ ਹੈ। ਫਿਰ ਵੀ ਬਹਾਦਰ ਸ਼ਾਹ ਬਹੁਤ ਧਨ ਪਹੁੰਚਾਉਂਦਾ ਰਿਹਾ ਤੇ ਵੱਡੇ ਤੋਂ ਵੱਡਾ ਲੰਗਰ ਵਰਤਦਾ ਸੀ॥ ੪੬ ॥

*ਦੂਸਰੇ ਐਨ ਦਾ ਚੌਦਵਾਂ ਅਧਿਆਇ ਸਮਾਪਤ ਹੋਇਆ॥੧੪॥*

## *ਅਧਿਆਇ ਪੰਦਰ੍ਹਵਾਂ*

### *ਰਾਮ ਕੁਇਰ ਜੀ ਦਾ ਪਿੱਛੇ ਮੁੜਨਾ, ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ*

ਦੋਹਰਾ-ਗਮਨ ਕਰਨ ਬੈਕੁੰਠ ਕੋ ਲਖਜੋ ਸਮਾ ਨਿਯਰਾਇ।
ਸਾਹਿਬ ਦੇਵੀ ਨਿਕਟ ਰਹਿ ਇਹ ਗੁਰ ਸਹਿ ਨ ਸਕਾਇਂ॥ ੧ ॥

ਜਦ ਸਤਿਗੁਰੂ ਜੀ ਨੇ ਇਹ ਸਮਝਿਆ ਕਿ ਬੈਕੁੰਠ ਜਾਣ ਦਾ ਸਮਾਂ ਨੇੜੇ ਆ ਗਿਆ ਹੈ ਤਾਂ ਮਾਤਾ ਸਾਹਿਬ ਦੇਵਾਂ ਗੁਰੂ ਜੀ ਪਾਸ ਰਹਿ ਕੇ ਇਹ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦੇ॥੧॥

*ਚੌਪਈ*- ਰਾਮਕੁਇਰ ਭਾਈ ਕਹਿ ਕਥਾ। 'ਸੁਨਿ ਸ਼੍ਰੋਤਾ ਬੀਤੀ ਸ਼ੁਭ ਜਥਾ।
ਅਬਚਲ ਨਗਰ ਜਾਤਿ ਮਗ ਮਾਂਹੀ। ਮੈਂ ਭੀ ਸੰਗ ਤਜਜੋ ਤਹਿਂ ਨਾਂਹੀ ॥੨ ॥

ਭਾਈ ਰਾਮ ਕੁਇਰ ਜੀ ਕਥਾ ਕਹਿੰਦੇ ਹਨ, ਹੇ ਸ੍ਰੋਤਾ ਗਨ ਸੁਣੋ, ਜਿਵੇਂ ਕਥਾ ਹੋਈ ਬੀਤੀ ਹੈ। ਅਬਚਲ ਨਗਰ ਨੂੰ ਜਾਂਦਿਆਂ, ਮੈਂ ਵੀ ਗੁਰੂ ਜੀ ਦਾ ਸਾਥ ਨਹੀਂ ਛੱਡਿਆ ਸੀ॥ ੨॥

ਮਮ ਮਾਤਾ ਪੀਛੇ ਤੇ ਧਾਈ। ਕੇਤਿਕ ਦੂਰ ਮਿਲੀ ਤਹਿਂ ਆਈ।
ਕਰਿ ਬੰਦਨ ਕੋ ਅਰਜ਼ ਗੁਜ਼ਾਰੀ। 'ਏਕ ਪੁੱਤ੍ਰ ਹੈ ਮੋਹਿ ਅਗਾਰੀ॥ ੩॥

ਪਰ ਮੇਰੇ ਮਾਤਾ ਜੀ ਪਿੱਛੇ-ਪਿੱਛੇ ਬਹੁਤ ਕਾਹਲੀ-ਕਾਹਲੀ ਆਏ, ਕਾਫੀ ਦੂਰ ਆ ਕੇ ਉਹ ਸਾਨੂੰ ਮਿਲ ਪਈ। ਉਸ ਨੇ ਬੰਦਨਾ ਕਰਕੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ, "ਅੱਗੇ ਮੇਰਾ ਇਕ ਹੀ ਪੁੱਤਰ ਹੈ॥ ੩॥

ਦੱਖਿਣ ਦੇਸ਼ ਦੂਰ ਹੈ ਜਾਨਾ। ਪਿਖਨ ਕਹਾਂ, ਸੁਧ ਸੁਨਿਯ ਨ ਕਾਨਾ।
ਜਾਨਿ ਦੀਨ ਮੁਝ ਕੋ ਦੁਖ ਪਰੈ। ਪੁੱਤ੍ਰ ਬਿਰਹਿ ਤੇ ਨਹਿਂ ਕਿਮ ਸਰੈ॥ ੪॥

ਤੁਸੀਂ ਦੱਖਣ ਦੇਸ਼ ਵਿਚ ਬਹੁਤ ਦੂਰ ਜਾਣਾ ਹੈ, ਮੈਂ ਪੁੱਤਰ ਨੂੰ ਵੇਖਣਾ ਤਾਂ ਕਿਤੇ ਰਿਹਾ, ਉਸ ਦੀ ਖਬਰ ਵੀ ਕੰਨ ਨਾਲ ਨਹੀਂ ਸੁਣ ਸਕਾਂਗੀ। ਪੁੱਤਰ ਨੂੰ ਜਾਣ ਦਿੱਤਿਆਂ ਮੈਨੂੰ ਬਹੁਤ ਦੁਖ ਸਹਿਣਾ ਪਵੇਗਾ। ਪੁੱਤਰ ਦੇ ਵਿਛੋੜੇ ਵਿਚ ਕਿਸੇ ਪ੍ਰਕਾਰ ਵੀ ਰਿਹਾ ਨਹੀਂ ਜਾ ਸਕਦਾ ਹੈ॥ ੪॥

ਕ੍ਰਿਪਾ ਸਿੰਧੁ ਇਹੁ ਕ੍ਰਿਪਾ ਕਰੀਜੈ। ਮੇਰੋ ਪੁੱਤ੍ਰ ਸੰਗ ਮੁਝ ਦੀਜੈ'।
ਇੱਤਯਾਦਿਕ ਮਾਤਾ ਤੇ ਸੁਨੇ। ਸੁਤ ਸਨੇਹ ਤੇ ਸੰਕਟ ਗੁਨੇ॥ ੫॥

ਹੇ ਕਿਰਪਾ ਦੇ ਸਾਗਰ, ਇਹ ਕਿਰਪਾ ਕਰੋ, ਮੇਰੇ ਪੁੱਤਰ ਨੂੰ ਮੇਰੇ ਨਾਲ ਭੇਜੋ।" ਇਸ ਪ੍ਰਕਾਰ ਮਾਤਾ ਜੀ ਪਾਸੋਂ ਸੁਣ ਕੇ, ਸਤਿਗੁਰੂ ਜੀ ਨੇ ਪੁੱਤਰ ਦੇ ਪਿਆਰ ਦਾ ਸੰਕਟ ਜਾਣਿਆ॥ ੫॥

ਮੁਝ ਸੋਂ ਕਹਯੋ 'ਜਾਹੁ ਤੁਮ ਭਾਈ! ਜਨਨੀ ਹੇਤੁ ਲੈਨ ਕੇ ਆਈ।
ਮਾਰਗ ਦੂਰ ਉਲੰਘਤਿ ਧਾਈ। ਅਬਿ ਕੈਸੇ ਏਕਲਿ ਫਿਰਿ ਜਾਈ॥ ੬॥

ਮੈਨੂੰ ਕਹਿਣ ਲੱਗੇ, "ਹੇ ਭਾਈ ਤੂੰ ਚਲੇ ਜਾ, ਤੇਰੇ ਮਾਤਾ ਬੜਾ ਸਨੇਹ ਕਰਕੇ ਤੈਨੂੰ ਲੈਣ ਆਏ ਹਨ, ਬਹੁਤ ਲੰਮਾ ਪੈਂਡਾ ਉਲੰਘ ਕੇ ਆਈ ਹੈ, ਹੁਣ ਦੁਬਾਰਾ ਇਕੱਲੀ ਕਿਵੇਂ ਜਾਵੇਗੀ॥ ੬॥

ਇਕ ਪੁੱਤ੍ਰਾ ਬ੍ਰਿਹੁ ਨਹੀਂ ਸਹਾਰੈ। ਨਾਂਹਿ ਤ ਹਮਰੇ ਸੰਗ ਸਿਧਾਰੈਂ'।
ਸੁਨਿ ਮੈਂ ਗੁਰ ਕੇ ਖਰੋ ਅਗਾਰੀ। ਭਯੋ ਦੀਨ ਇਮ ਬਿਨੈ ਉਚਾਰੀ॥ ੭॥

ਇਕ ਪੁੱਤਰ ਦਾ ਵਿਛੋੜਾ ਨਹੀਂ ਸਹਾਰਿਆ ਜਾਂਦਾ, ਨਹੀਂ ਤਾਂ ਸਾਡੇ ਨਾਲ ਚਲੇ ਜਾਂਦਾ।" ਇਹ ਸੁਣ ਕੇ ਮੈਂ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ ਤੇ ਦੀਨ ਹੋ ਕੇ ਇਸ ਪ੍ਰਕਾਰ ਬੇਨਤੀ ਕੀਤੀ॥ ੭॥

'ਮੇਰੋ ਨੇਮ ਹੋਇ ਨਿਰਬਾਹੂ। ਰਹਨਿ ਹਮੇਸ਼ ਆਪ ਕੇ ਪਾਹੂ।
ਦਰਸ਼ਨ ਕਰੌ ਤ ਅਚੋਂ ਅਹਾਰਾ। ਬਿਨ ਹੇਰੇ ਰਹਿਂ ਹੌਂ ਨਿਰਹਾਰਾ॥ ੮॥

"ਮੇਰੇ ਇਸ ਨੇਮ ਦਾ ਨਿਰਬਾਹ ਹੋਵੇ, ਮੈਂ ਇਹ ਪ੍ਰਣ ਕੀਤਾ ਹੈ ਕਿ ਸਦਾ ਤੁਹਾਡੇ ਪਾਸ ਰਹਿਣਾ ਹੈ। ਆਪ ਜੀ ਦੇ ਦਰਸ਼ਨ ਕਰਕੇ ਭੋਜਨ ਛਕਾਂਗਾ ਤੇ ਦਰਸ਼ਨ ਕਰਨ ਤੋਂ ਬਗੈਰ ਅਹਾਰ ਰਹਿਤ ਹੀ ਰਹਾਂਗਾ॥ ੮॥

ਤੁਮ ਬਿਛਰੇ ਜਬਿ ਅੰਨ ਨ ਖੈਹੋਂ। ਕਿਹ ਬਿਧਿ ਇਹ ਸਰੀਰ ਨਿਰਬੈਹੋਂ।
ਪ੍ਰਥਮ ਕਰਹੁ ਕੋ ਅਸ ਉਪਚਾਰਾ। ਬਹੁਰ ਹਟਾਵਹੁ ਦੇਸ਼ ਮਝਾਰਾ॥ ੯॥

ਤੁਹਾਡਾ ਵਿਛੋੜਾ ਕਰਕੇ ਜਦ ਭੋਜਨ ਨਹੀਂ ਖਾਵਾਂਗਾ, ਫਿਰ ਕਿਸ ਵਿਧੀ ਨਾਲ ਇਸ ਸਰੀਰ ਦਾ ਨਿਰਬਾਹ ਕਰਾਂਗਾ। ਪਹਿਲਾਂ ਇਸ ਦਾ ਕੋਈ ਇਲਾਜ ਕਰੋ, ਬਾਅਦ ਵਿਚ ਮੈਨੂੰ ਦੇਸ਼ ਵਲ ਭੇਜੋ' ॥ ੯॥

ਸੁਨਿ ਸਤਿਗੁਰ ਨੇ ਰਿਦੇ ਬਿਚਾਰੀ। ਸਭਿਨਿ ਸੁਨਾਵਨਿ ਗਿਰਾ ਉਚਾਰੀ।
'ਚਢਹੁ ਅਖੇਰ ਹੇਤੁ ਜਬਿ ਬਾਹਰ। ਹਮਰੋ ਦਰਸ਼ਨ ਪਿਖਿ ਤਹਿਂ ਜ਼ਾਹਰ ॥੧੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤੇ, "ਤੁਸੀਂ ਜਦ ਵੀ ਬਾਹਰ ਸ਼ਿਕਾਰ ਖੇਡਣ ਜਾਵੋਗੇ ਤਾਂ ਜੰਗਲ ਵਿਚ ਜਾ ਕੇ ਸਾਡੇ ਪ੍ਰਗਟ ਰੂਪ ਵਿਚ ਦਰਸ਼ਨ ਕਰੋਗੇ॥੧੦॥

ਜਬਿ ਚਾਹੋ ਤਬਿ ਨਿਕਸਿ ਪਧਾਰਹੁ। ਕਾਨਨ ਮਹਿਂ ਹਮ ਦਰਸ ਨਿਹਾਰਹੁ'।
ਇਮ ਮੁਝ ਸੋਂ ਕਹਿ ਕੀਨਸਿ ਤਜਾਰੀ। ਸਾਹਿਬ ਦੇਵੀ ਸਾਥ ਉਚਾਰੀ॥੧੧॥

ਜਦ ਵੀ ਦਰਸ਼ਨ ਚਾਹੋ, ਬਾਹਰ ਜੰਗਲ ਵਲ ਨਿਕਲ ਜਾਵੋ, ਜੰਗਲ ਵਿਚ ਜਾ ਕੇ ਸਾਡੇ ਦਰਸ਼ਨ ਕਰੋ।" ਇਸ ਪ੍ਰਕਾਰ ਮੈਨੂੰ ਕਹਿ ਨੇ ਉਨ੍ਹਾਂ ਤਿਆਰੀ ਕੀਤੀ ਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਕਿਹਾ॥੧੧॥

'ਤੁਮ ਭੀ ਹਟਿ ਦਿੱਲੀ ਪੁਰਿ ਜਾਹੂ। ਬਸਹੁ ਸਪਤਨੀ ਕੇ ਨਿਤ ਪਾਹੂ।
ਸਭਿ ਸੰਗਤਿ ਤੁਮ ਸੇਵ ਕਮਾਵੈ। ਹਮ ਸਮ ਦੁਹੂੰਅਨਿ ਦਰਸ਼ਨ ਪਾਵੈ' ॥੧੨॥

"ਤੁਸੀਂ ਵੀ ਵਾਪਸ ਮੁੜ ਕੇ ਦਿੱਲੀ ਜਾਵੋ ਤੇ ਸਦਾ ਸਾਡੀ ਸੁਪਤਨੀ ਸੁੰਦਰੀ ਦੇ ਪਾਸ ਨਿਤ ਰਹੋ। ਸਾਰੀ ਸੰਗਤ ਤੁਹਾਡੀ ਸੇਵਾ ਕਰੇਗੀ ਤੇ ਸਾਡੇ ਵਾਂਗ ਤੁਹਾਡੇ ਦੋਹਾਂ ਦੇ ਦਰਸ਼ਨ ਕਰੇਗੀ' ॥੧੨॥

ਇੱਤਜਾਦਿਕ ਬਹੁਤੀ ਸਮੁਝਾਈ। ਤਜਜੋ ਨ ਸੰਗ ਬਿਸਾਲ ਹਟਾਈ।
ਦਰਸ਼ਨ ਕਰਿ ਅਹਾਰ ਸੋ ਖਾਈ। ਮੋਹਿ ਸਮਾਨ ਨੇਮ ਨਿਬਹਾਈ॥ ੧੩॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਮਾਤਾ ਸਾਹਿਬ ਦੇਵਾਂ ਜੀ ਨੂੰ ਬਹੁਤ ਸਮਝਾਇਆ, ਫਿਰ ਵੀ ਉਸ ਨੇ ਸਾਥ ਨਾ ਛੱਡਿਆ, ਬਹੁਤ ਸਮਝਾ ਰਹੇ। ਉਹ ਗੁਰੂ ਜੀ ਦੇ ਦਰਸ਼ਨ ਕਰਕੇ ਭੋਜਨ ਛਕਦੀ ਸੀ, ਮੇਰੇ ਵਾਂਗ ਨੇਮ ਨਿਭਾ ਰਹੀ ਸੀ॥੧੩॥

ਮਾਤ ਸੰਗ ਮੈਂ ਹੁਇ ਹਟ ਪਰਜੋ। ਆਵਨ ਮੱਦ੍ਰ ਦੇਸ਼ ਮਹਿਂ ਕਰਜੋ।
ਨਿਤ ਅਖੇਰ ਹਿਤ ਗਮਨੌਂ ਬਾਹਰ। ਦਰਸ਼ਨ ਗੁਰ ਦਰਸਹੁਂ ਤਬਿ ਜ਼ਾਹਰ॥੧੪॥

ਮੈਂ ਆਪਣੇ ਮਾਤਾ ਜੀ ਨਾਲ ਮਿਲ ਕੇ ਵਾਪਸ ਆ ਗਿਆ ਤੇ ਪੰਜਾਬ ਦੇਸ ਵਿਚ ਪੁੱਜ ਗਿਆ। ਮੈਂ ਸਦਾ ਸ਼ਿਕਾਰ ਖੇਡਣ ਵਾਸਤੇ ਬਾਹਰ ਜਾਂਦਾ ਸੀ ਤਾਂ ਉਸ ਸਮੇਂ ਪ੍ਰਗਟ ਰੂਪ ਵਿਚ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥੧੪॥

ਅਬਚਲ ਨਗਰ ਗਏ ਗੁਰ ਰਹੇ। ਸਮਾ ਅੰਤ ਤਨ ਕੋ ਤਬਿ ਲਹੇ।
'ਸੰਗ ਸਤੀ ਹੁਇ ਸਾਹਿਬ ਦੇਵੀ'। ਚਿਤ ਮਹਿਂ ਚਿਤਵਤਿ ਭੇ ਪ੍ਰਭੁ ਏਵੀ॥੧੫॥

ਗੁਰੂ ਜੀ ਅਬਚਲ ਨਗਰ ਵਿਚ ਹੀ ਰਹੇ ਤੇ ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਸਰੀਰ ਦੇ ਅੰਤ ਹੋਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਸੋਚਿਆ "ਜੇ ਸਾਹਿਬ ਦੇਵਾਂ ਏਥੇ ਰਹੇਗੀ ਤਾਂ ਪਤੀ ਦੇ ਨਾਲ ਹੀ ਸਤੀ ਹੋ ਜਾਵੇਗੀ", ਉਸ ਸਮੇਂ ਪ੍ਰਭੂ ਜੀ ਆਪਣੇ ਚਿੱਤ ਵਿਚ ਇਸ ਪ੍ਰਕਾਰ ਸੋਚ ਰਹੇ ਸਨ॥੧੫॥

ਅਪਨੇ ਤੇ ਤਬਿ ਚਹਤਿ ਬਿਛੋਰੀ। ਪਠਨ ਹੇਤੁ ਦਿੱਲੀ ਪੁਰਿ ਓਰੀ।
ਕਹਜੋ 'ਜਾਹੁ ਅਬਿ ਦੇਰ ਨ ਲਾਉ। ਬਸਹੁ ਸਪਤਨੀ ਹੈ ਜਿਸ ਥਾਊਂ' ॥੧੬॥

ਅਜਿਹਾ ਕਾਰਜ ਸਿੱਖ ਧਰਮ ਦੀ ਮਰਯਾਦਾ ਦੇ ਉਲਟ ਹੋਣ ਕਰਕੇ, ਉਹ ਕਿਸੇ ਪ੍ਰਕਾਰ ਵੀ ਸ੍ਰੀ ਸਾਹਿਬ ਦੇਵਾਂ ਨੂੰ ਆਪਣੇ ਆਪ ਤੋਂ ਵਿਛੋੜਨਾ ਚਾਹੁੰਦੇ ਸਨ, ਉਨ੍ਹਾਂ ਨੇ ਫਿਰ ਉਸ ਨੂੰ ਦਿੱਲੀ ਭੇਜਣ ਵਾਸਤੇ ਕਿਹਾ, "ਹੁਣ ਜਾਵੋ ਦੇਰ ਨਾ ਲਾਵੋ, ਉਥੇ ਜਾ ਕੇ ਵੱਸੋ ਜਿਥੇ ਮੇਰੀ ਸੁਪਤਨੀ ਰਹਿੰਦੀ ਹੈ"॥੧੬॥

ਸੁਨਿ ਸਾਹਿਬ ਦੇਵੀ ਕਰ ਜੋਰੇ। 'ਦੀਨਮਨਾ ਹੁਇ ਚਰਨ ਨਿਹੋਰੇ।
ਤੁਮ ਬਿਨ ਮੋਰ ਅਲੰਬ ਨ ਕੋਈ। ਦੇਖਿ ਅਚੋਂ ਜਲ ਭੋਜਨ ਦੋਈ॥ ੧੭॥

ਇਹ ਸੁਣ ਕੇ ਸਾਹਿਬ ਦੇਵਾਂ ਨੇ ਹੱਥ ਜੋੜੇ, "ਦੀਨ ਮਨ ਹੋ ਕੇ ਮੈਂ ਆਪ ਜੀ ਦੇ ਚਰਨਾਂ ਉੱਪਰ ਬੇਨਤੀ ਕਰਦੀ ਹਾਂ ਕਿ ਤੁਹਾਡੇ ਬਗੈਰ ਮੇਰਾ ਹੋਰ ਕੋਈ ਆਸਰਾ ਨਹੀਂ ਹੈ, ਮੈਂ ਭੋਜਨ ਅਤੇ ਜਲ ਦੋਵੇਂ ਤੁਹਾਡੇ ਦਰਸ਼ਨ ਕਰਕੇ ਛਕਦੀ ਹਾਂ॥੧੭॥

ਬਿਛੁਰੇ ਤੇ ਦਰਸ਼ਨ ਕਿਮ ਹੋਇ। ਸਹੌਂ ਕਸ਼ਟ ਪ੍ਰਾਨਨ ਕੋ ਖੋਇ।
ਕੌਨ ਗਤੀ ਪ੍ਰਭੁ ਹੋਇ ਹਮਾਰੀ। ਬਨਿ ਲਚਾਰ ਮਰਿ ਰਹਊਂ ਬਿਚਾਰੀ' ॥ ੧੮॥

ਤੁਹਾਡੇ ਨਾਲੋਂ ਵਿਛੜਣ ਉੱਪਰ, ਦਰਸ਼ਨ ਕਿਵੇਂ ਹੋਣਗੇ, ਮੈਂ ਪ੍ਰਾਣ ਗਵਾ ਕੇ ਕਸ਼ਟ ਬਰਦਾਸ਼ਤ ਕਰਾਂਗੀ। ਹੇ ਸਤਿਗੁਰੂ ਜੀ ! ਮੇਰੀ ਫਿਰ ਕੈਸੀ ਹਾਲਤ ਹੋਵੇਗੀ, ਲਚਾਰ ਬਣ ਕੇ ਮਰ ਰਹਾਂਗੀ' ॥੧੮॥

ਖੜਗ ਆਦਿ ਖਟ ਆਯੁਧ ਧਰੇ। ਖਸ਼ਟਮ ਗੁਰੂ ਸਜਾਵਨ ਕਰੇ।
ਸ੍ਰੀ ਗੋਬਿੰਦ ਸਿੰਘ ਨਿਕਟ ਮੰਗਾਏ। ਸਾਹਿਬ ਦੇਵੀ ਸਉਂਪਿ ਅਲਾਏ॥ ੧੯॥

ਫਿਰ ਸਤਿਗੁਰੂ ਜੀ ਨੇ ਜਿਹੜੇ ਛੇ ਸ਼ਸਤਰ ਰੱਖੇ ਹੋਏ ਸਨ ਤੇ ਛੇਵੇਂ ਹੀ ਇਕ ਸਥਾਨ ਤੇ ਸਜਾ ਕੇ ਰੱਖੇ ਸਨ, ਉਹ ਸਤਿਗੁਰੂ ਜੀ ਨੇ ਆਪਣੇ ਪਾਸ ਮੰਗਵਾ ਲਏ ਤੇ ਸਾਰੇ ਸ਼ਸਤਰ ਸਾਹਿਬ ਦੇਵਾਂ ਨੂੰ ਸੌਂਪ ਕੇ ਕਹਿਣ ਲੱਗੇ॥੧੯॥

'ਦਰਸ਼ਨ ਕਰੈਂ ਹਮਾਰੋ ਯਥਾ। ਇਨ ਕੋ ਅਵਲੋਕਨ ਲਖਿ ਤਥਾ।
ਕਰਹੁ ਪ੍ਰਾਤਿ ਕੋ ਜਬਿ ਇਸ਼ਨਾਨਾ। ਦਰਸ਼ਨ ਕਰਹੁ ਧਯਾਨ ਮਮ ਠਾਨਾ ॥੨੦॥

"ਜਿਵੇਂ ਏਥੇ ਸਾਡੇ ਦਰਸ਼ਨ ਕਰਦੀ ਹੈਂ, ਇਨ੍ਹਾਂ ਨੂੰ ਵੇਖਣ ਨਾਲ ਉਸ ਪ੍ਰਕਾਰ ਹੀ ਸਾਡੇ ਦਰਸ਼ਨ ਹੋ ਜਾਣਗੇ। ਜਦ ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰੋਗੇ ਤਾਂ ਸਾਡਾ ਧਿਆਨ ਲਾ ਕੇ ਸਾਡੇ ਦਰਸ਼ਨ ਕਰੋ॥ ੨੦॥

ਇਮ ਨਿਬਹੈਗੋ ਨੇਮ ਤੁਹਾਰਾ। ਲੇ ਕਰਿ ਪਹੁੰਚਹੁ ਪੁਰੀ ਮਝਾਰਾ।
ਇੱਤਜਾਦਿਕ ਕਹਿ ਬਹੁ ਸਮੁਝਾਈ। ਕੀਨੇ ਦਾਸ ਸੰਗ ਸਮੁਦਾਈ॥ ੨੧॥

ਇਸ ਪ੍ਰਕਾਰ ਤੇਰਾ ਨੇਮ ਨਿਭ ਜਾਵੇਗਾ, ਇਨ੍ਹਾਂ ਹਥਿਆਰਾਂ ਨੂੰ ਲੈ ਕੇ ਦਿੱਲੀ ਨਗਰੀ ਵਿਚ ਪਹੁੰਚ ਜਾਵੋ।" ਇਸ ਪ੍ਰਕਾਰ ਕਹਿ ਕੇ ਬਹੁਤ ਸਮਝਾਇਆ ਤੇ ਬਹੁਤ ਸੇਵਕ ਮਾਤਾ ਜੀ ਦੇ ਨਾਲ ਭੇਜ ਦਿੱਤੇ॥ ੨੧॥

ਭਈ ਬਿਬਸ ਬਿਛਰੀ ਪਤਿ ਸਾਥ। ਪਤਿਬਰਤਾ ਚਿਤਵਤਿ ਤਨੁ ਨਾਥ।
ਆਗਜਾ ਮੇਟੀ ਜਾਇ ਨ ਕੋਈ। ਪੁਨਿ ਬਿਕੁੰਠ ਕੋ ਚਲਿਬੋ ਹੋਈ॥ ੨੨॥

ਮਾਤਾ ਜੀ ਬੜੇ ਬੇਬਸ ਹੋ ਕੇ ਪਤੀ ਜੀ ਨਾਲੋਂ ਵਿਛੜ ਗਏ। ਪਤੀਬ੍ਰਤਾ ਇਸਤਰੀ ਆਪਣੇ ਮਾਲਕ ਦਾ ਸਰੀਰ ਆਪਣੇ ਮਨ ਵਿਚ ਚਿਤਾਰ ਰਹੀ ਸੀ। ਵਾਹਿਗੁਰੂ ਦੀ ਆਗਿਆ ਨੂੰ ਕੌਣ ਮੇਟ ਸਕਦਾ ਹੈ, ਫਿਰ ਸਤਿਗੁਰੂ ਜੀ ਬੈਕੁੰਠ ਨੂੰ ਚਲੇ ਜਾਣਗੇ॥ ੨੨॥

ਸੰਗ ਸਤੀ ਕੋ ਹੋਵਨ ਮੇਰੋ। ਨਹਿਂ ਚਾਹਿਤ ਨੀਕੀ ਬਿਧਿ ਹੇਰੋਂ।
ਯਾਂਤੇ ਚਿੰਤ ਸ਼ੋਕ ਕੀ ਅਗਨਿ। ਕੇਤਿਕ ਦਿਨ ਮਹਿਂ ਰਹੌਂ ਨਿਮਗਨ॥ ੨੩॥

ਸਤਿਗੁਰੂ ਜੀ ਮੇਰੇ ਨਾਲ ਸਤੀ ਹੋਣਾ ਨਹੀਂ ਚਾਹੁੰਦੇ ਹਨ, ਇਹ ਮੈਂ ਚੰਗੀ ਤਰ੍ਹਾਂ ਵੇਖ ਲਿਆ ਹੈ, ਇਸ ਚਿੰਤਾ ਅਤੇ ਸ਼ੋਕ ਦੀ ਅੱਗ ਵਿਚ ਕਈ ਦਿਨ ਲਿਵਲੀਨ ਰਹਿ ਕੇ ਦੂਰ ਕਰਾਂਗੀ॥ ੨੩॥

ਤਨ ਸੁਕਾਇ ਪਿੰਜਰ ਕਰਿ ਦੇਊਂ। ਮਰੌਂ ਅੰਤ ਕੋ ਬਹੁ ਦੁਖ ਹੋਊ।
ਇਮ ਬਿਚਾਰ ਹੁਇ ਸੰਕਟ ਸਾਥ। ਤਜਾਗ ਨ ਸਕਹਿ ਪਰਮ ਪ੍ਰਿਯ ਨਾਥ ॥੨੪॥

ਜੇ ਤਨ ਸੁਕਾ ਕੇ ਪਿੰਜਰ ਵੀ ਕਰ ਦੇਵਾਂਗੀ ਤਾਂ ਅੰਤ ਵਿਚ ਬਹੁਤ ਦੁਖ ਪਾ ਕੇ ਮਰਾਂਗੀ। ਇਸ ਪ੍ਰਕਾਰ ਵਿਚਾਰ ਕਰਕੇ ਉਹ ਸੰਕਟ ਸਹਿਤ ਹੋ ਗਈ, ਆਪਣੇ ਪਰਮ ਪਿਆਰੇ ਮਾਲਕ ਨੂੰ ਛੱਡ ਨਹੀਂ ਸੀ ਸਕਦੀ॥ ੨੪॥

ਦੀਨ ਮਨਾ ਬੰਦੇ ਜੁਗ ਹਾਥ। ਅੱਸ਼੍ਰੂ ਬਿਮੋਚਤਿ ਪਗ ਧਰਿ ਮਾਥ।
ਕਰਜੋ ਗਮਨ ਕੋ ਬੇਬਸ ਹੋਈ। ਹੇਰਿ ਹੇਰਿ ਪਤਿ ਕੋ ਬਹੁ ਰੋਈ॥ ੨੫॥

ਫਿਰ ਸ੍ਰੀ ਸਾਹਿਬ ਦੇਵਾਂ ਜੀ ਨੇ ਮਨ ਵਿਚ ਦੀਨ ਹੋ ਕੇ ਦੋਵੇਂ ਹੱਥ ਜੋੜੇ ਤੇ ਹੰਝੂ ਡੇਗਦਿਆਂ, ਸਤਿਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਧਰਿਆ ਤੇ ਬੇਬਸ ਹੋ ਕੇ ਚਲ ਪਈ। ਪਤੀ ਨੂੰ ਵੇਖ-ਵੇਖ ਕੇ ਬਹੁਤ ਰੋਈ॥ ੨੫॥

ਦਾਸ ਪਾਸ ਆਯੁਧ ਉਠਵਾਏ। ਨਿਜ ਆਗੇ ਕਹਿ ਕਰਿ ਚਲਿਵਾਏ।
ਚਢਿ ਡੋਰੇ ਗਮਨੀ ਮਗ ਮਾਂਹੂ। ਮਨ ਤੇ ਰਹਜੋ ਨਾਥ ਕੇ ਪਾਹੂ॥ ੨੬॥

ਸੇਵਕਾਂ ਪਾਸੋਂ ਸ਼ਸਤਰ ਚੁਕਵਾ ਲਏ ਤੇ ਉਨ੍ਹਾਂ ਨੂੰ ਕਹਿ ਕੇ ਆਪਣੇ ਅੱਗੇ ਚਲਣ ਲਈ ਕਿਹਾ। ਡੋਲੇ ਵਿਚ ਚੜ੍ਹ ਕੇ ਰਾਹ ਵਿਚ ਗਈ, ਪਰ ਮਨ ਕਰਕੇ ਉਹ ਸਤਿਗੁਰੂ ਜੀ ਦੇ ਪਾਸ ਹੀ ਰਹੀ॥ ੨੬॥

ਜਿਯਤ ਮੇਲ ਕੀ ਆਸ ਚੁਕਾਈ। ਇਨ ਦੇਹਿਨਿ ਕੀ ਇਹੀ ਬਡਾਈ।
ਜੋ ਸਮ ਬ੍ਰਿਤਿ ਰਾਖੈਂ ਸੋ ਧੀਰ। ਅੰਤਵੰਤ ਹੈਂ ਸਕਲ ਸਰੀਰ॥ ੨੭॥

ਹੁਣ ਜੀਵਨ ਵਿਚ ਮੇਲ ਦੀ ਆਸ ਮੁਕ ਗਈ ਸੀ, ਇਨ੍ਹਾਂ ਸਰੀਰਾਂ ਦੀ ਇਹੋ ਵਡਿਆਈ ਹੈ। ਜਿਹੜੇ ਸਮਾਨ ਬ੍ਰਿਤੀ ਰੱਖਦੇ ਹਨ, ਉਹ ਧੀਰਜਵਾਨ ਹਨ। ਸਾਰੇ ਸਰੀਰਾਂ ਦਾ ਅੰਤ ਹੋ ਜਾਣਾ ਹੈ॥ ੨੭॥

ਮਿਲਿਨਿ ਸੁ ਬਿਛੁਰਨਿ ਜਨਮ ਰੁ ਮਰਨਾ। ਬਾਲਕ ਬਿਰਧ ਹੋਇ ਕੈ ਤਰੁਨਾ।
ਨਹੀਂ ਅਵਸਥਾ ਥਿਰਹਿ ਕਦਾਈ। ਜਲ ਸਲਿਤਾ ਜਿਮ ਨਿਤ ਬਹਿ ਜਾਈ॥੨੮॥

ਜਿਹੜੇ ਮਿਲਦੇ ਹਨ, ਉਹ ਵਿਛੜਦੇ ਹਨ, ਜਿਹੜੇ ਜਨਮ ਲੈਂਦੇ ਹਨ, ਉਹ ਮਰਦੇ ਹਨ। ਬੇਸ਼ਕ ਕੋਈ ਬਾਲਕ ਹੋਵੇ, ਬਿਰਧ ਹੋਵੇ ਜਾਂ ਜਵਾਨ ਹੋਵੇ। ਕੋਈ ਵੀ ਅਵਸਥਾ ਕਿਤੇ ਵੀ ਖਲੋਂਦੀ ਨਹੀਂ ਹੈ, ਜਿਵੇਂ ਨਦੀ ਦਾ ਜਲ ਸਦਾ ਹੀ ਵਹਿੰਦਾ ਰਹਿੰਦਾ ਹੈ॥ ੨੮॥

ਬਨਜੋਂ ਜਗਤ ਸਭਿ ਝੂਠ ਪਸਾਰਾ। ਜੋ ਬਿਦਤਹਿ ਸੋ ਨਹੀਂ ਨਿਹਾਰਾ।
ਇਮ ਚਿਤਵਤਿ ਮਾਰਗ ਮੇਂ ਆਈ। ਸਨੇ ਸਨੇ ਦਿੱਲੀ ਨਿਯਰਾਈ॥ ੨੯॥

ਇਹ ਸਾਰਾ ਜਗਤ ਦਾ ਝੂਠਾ ਪਸਾਰਾ ਬਣਿਆ ਹੈ, ਜੋ ਪ੍ਰਗਟ ਹੈ, ਉਹ ਦਿਖਾਈ ਨਹੀਂ ਦਿੰਦਾ ਹੈ। ਮਾਤਾ ਸਾਹਿਬ ਦੇਵਾਂ ਜੀ ਇਸ ਪ੍ਰਕਾਰ ਸੋਚਦੀ ਰਾਹ ਵਿਚ ਚਲੀ ਆਈ। ਹੌਲੀ-ਹੌਲੀ ਦਿੱਲੀ ਨੇੜੇ ਆ ਗਈ॥ ੨੯॥

ਸੁਧਿ ਸੁਨਿਕੈ ਮਾਤਹਿ ਆਗਵਨੂ। ਸੰਗਤਿ ਗਈ ਅੱਗ੍ਰ ਤਜਿ ਭਵਨੂ।
ਨਮੋ ਕਰੀ ਸਭਿ ਨੇ ਕਰ ਜੋਰਿ। ਦੇ ਕਰਿ ਨਾਨਾ ਭਾਂਤਿ ਅਕੋਰ॥ ੩੦॥

ਜਦ ਸੰਗਤ ਨੂੰ ਇਹ ਪਤਾ ਲੱਗਾ ਕਿ ਮਾਤਾ ਸਾਹਿਬ ਦੇਵਾਂ ਜੀ ਆ ਰਹੇ ਹਨ, ਤਾਂ ਸਾਰੇ ਆਪਣੇ ਘਰ ਛੱਡ ਕੇ ਅਗਾਊਂ ਲੈਣ ਵਾਸਤੇ ਆਏ। ਸਾਰਿਆਂ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਕਈ ਪ੍ਰਕਾਰ ਦੇ ਉਪਹਾਰ ਅਰਪਣ ਕੀਤੇ॥ ੩੦॥

ਸਨਮਾਨਿਤ ਪੁਰਿ ਮਹਿਂ ਲੈ ਆਏ। ਸੀਸ ਸੁੰਦਰੀ ਅੱਗ੍ਰ ਨਿਵਾਏ।
ਮਿਲੀ ਸਪਤਨੀ ਆਪਸ ਮਾਂਹੀ। ਸਿਮਰਤਿ ਪਤਿ ਸੁਤ ਰੁਦਨ ਕਰਾਹੀਂ॥ ੩੧॥

ਬੜਾ ਸਨਮਾਨ ਕਰਕੇ ਸੰਗਤਾਂ ਉਨ੍ਹਾਂ ਨੂੰ ਨਗਰ ਵਿਚ ਲੈ ਆਈਆਂ। ਘਰ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੇ ਮਾਤਾ ਸੁੰਦਰੀ ਜੀ ਅੱਗੇ ਸਿਰ ਨਿਵਾਇਆ। ਸਤਿਗੁਰੂ ਜੀ ਦੀਆਂ ਦੋਵੇਂ ਪਤਨੀਆਂ ਆਪਸ ਵਿਚ ਮਿਲੀਆਂ ਤੇ ਪਤੀ ਅਤੇ ਪੁੱਤਰਾਂ ਨੂੰ ਯਾਦ ਕਰਕੇ ਰੋਣ ਲੱਗ ਗਈਆਂ॥ ੩੧॥

'ਦੈਵ ਕਰੀ ਗਤਿ ਕਹਾਂ ਹਮਾਰੀ। ਅੰਤ ਸਮੈਂ ਗੁਰ ਬਿਰ੍ਹ ਮਹਿਂ ਡਾਰੀ।
ਅਤਿ ਕਠੋਰ ਧਿਕ ਰਿਦੇ ਹਮਾਰੇ। ਸੁਤਿ ਪਤਿ ਬਿਛਰੇ, ਭੇ ਤਨ ਧਾਰੇ' ॥ ੩੨ ॥

"ਕਿਸਮਤ ਨੇ ਸਾਡੀ ਕੀ ਗਤੀ ਕੀਤੀ ਹੈ, ਅੰਤ ਸਮੇਂ ਗੁਰੂ ਜੀ ਦੇ ਵਿਛੋੜੇ ਵਿਚ ਪਾ ਦਿੱਤਾ ਹੈ। ਧ੍ਰਿਕਾਰ ਹੈ ਸਾਡੇ ਉੱਪਰ ਅਤੀ ਕਠੋਰ ਹਿਰਦਿਆਂ ਸਹਿਤ ਪੁੱਤਰ ਪਤੀ ਵਿਛੜ ਗਏ ਹਨ, ਫਿਰ ਵੀ ਅਸੀਂ ਸਰੀਰ ਧਾਰਨ ਕੀਤੇ ਹੋਏ ਹਨ" ॥ ੩੨ ॥

ਮਿਲੀ ਪਰਸਪਰ ਦੋਨਹੁਂ ਰੋਈ। ਤ੍ਰਿਯ ਸਿੱਖਨਿ ਕੀ ਗਤਿ ਤਸ ਹੋਈ।
ਬਿਨੈ ਸਮੇਤ ਪ੍ਰਬੋਧਤਿ ਘਨੀ। 'ਗੁਰ ਪਤਨੀ ਤੁਮ ਨਹਿਂ ਇਮ ਬਨੀ ॥ ੩੩ ॥

ਦੋਵੇਂ ਆਪਸ ਵਿਚ ਮਿਲ ਕੇ ਰੋਈਆਂ, ਸਿੱਖਾਂ ਦੀਆਂ ਇਸਤਰੀਆਂ ਦੀ ਵੀ ਵੈਸੀ ਹੀ ਗਤੀ ਹੋਈ। ਬੇਨਤੀ ਸਹਿਤ ਕਈ ਸਮਝਾਉਂਦੀਆਂ ਸਨ, "ਹੇ ਗੁਰੂ ਪਤਨੀ ਜੀਓ ! ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ ਬਣਦਾ ਨਹੀਂ ਹੈ ॥ ੩੩ ॥

ਸੇਵਾ ਕਰਹਿਂ ਸਰਬ ਹਮ ਦਾਸੀ। ਨਿਸ ਬਾਸੁਰ ਪਰਚਹਿਂ ਰਹਿਂ ਪਾਸੀ'।
ਇੱਤਜਾਦਿਕ ਬਹੁ ਭਾਖਨਿ ਕਰਜੇ। ਮਾਤ ਸੁੰਦਰੀ ਧੀਰਜ ਧਰਜੇ ॥ ੩੪ ॥

ਅਸੀਂ ਸਾਰੀਆਂ ਦਾਸੀਆਂ ਤੁਹਾਡੀ ਸੇਵਾ ਕਰਦੀਆਂ ਹਾਂ, ਦਿਨ ਰਾਤ ਤੁਹਾਡੇ ਪਾਸ ਰਹਿ ਕੇ ਤੁਹਾਡਾ ਦਿਲ-ਪ੍ਰਚਾਵਾ ਕਰਾਂਗੀਆਂ।" ਇਸ ਪ੍ਰਕਾਰ ਸਿੱਖਣੀਆਂ ਨੇ ਬਹੁਤ ਕਿਹਾ ਤਾਂ ਮਾਤਾ ਸੁੰਦਰੀ ਜੀ ਨੇ ਧੀਰਜ ਧਾਰਨ ਕੀਤਾ ॥ ੩੪ ॥

ਮੰਜੀ ਪਰ ਬਿਛਾਵਨੋ ਛਾਏ। ਸੋ ਆਯੁਧ ਕਰਿ ਨਮੋ ਟਿਕਾਏ।
ਦੋਨੋ ਸੌਤ ਪ੍ਰਭਾਤਿ ਸ਼ਨਾਨੈਂ। ਗਰ ਸਰੂਪ ਕਰਿ ਤਿਨ ਕੋ ਮਾਨੈਂ ॥ ੩੫ ॥

ਇਕ ਮੰਜੀ ਉੱਪਰ ਸੁੰਦਰ ਵਸਤਰ ਵਿਛਾਏ ਤੇ ਉਸ ਦੇ ਉੱਪਰ ਬੰਦਨਾ ਕਰਕੇ ਸ਼ਸਤਰ ਸਜਾ ਦਿੱਤੇ। ਦੋਵੇਂ ਸੌਂਕਣਾਂ ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰਦੀਆਂ ਸਨ, ਗੁਰੂ ਜੀ ਦਾ ਸਰੂਪ ਜਾਣ ਕੇ ਉਨ੍ਹਾਂ ਸ਼ਸਤਰਾਂ ਨੂੰ ਮੰਨਦੀਆਂ ਸਨ ॥ ੩੫ ॥

ਪੁਸ਼ਪ ਧੂਪ ਚੰਦਨ ਚਰਚਾਵੈਂ। ਦਰਸ਼ਨ ਕਰਿ ਭੋਜਨ ਕੋ ਖਾਵੈਂ।
ਸਿਖ ਸੰਗਤਿ ਕਿਤ ਤੇ ਚਲਿ ਆਵੈ। ਗੁਰ ਸਮਾਨ ਅਵਿਲੋਕ ਮਨਾਵੈ ॥ ੩੬ ॥

ਉਨ੍ਹਾਂ ਸ਼ਸਤਰਾਂ ਅੱਗੇ ਫੁੱਲ ਚੜ੍ਹਾਉਂਦੀਆਂ ਸਨ, ਧੂਪ ਧੁਖਾਉਂਦੀਆਂ ਸਨ ਤੇ ਚੰਦਨ ਦਾ ਛਿੜਕਾ ਕਰਦੀਆਂ ਸਨ ਤੇ ਉਨ੍ਹਾਂ ਦੇ ਦਰਸ਼ਨ ਕਰਕੇ ਭੋਜਨ ਛਕਦੀਆਂ ਸਨ। ਸਿੱਖ ਸੰਗਤ ਜਦ ਕਿਸੇ ਪਾਸੇ ਤੋਂ ਚਲ ਕੇ ਆਉਂਦੀ ਸੀ ਤਾਂ ਉਨ੍ਹਾਂ ਸ਼ਸਤਰਾਂ ਨੂੰ ਗੁਰੂ ਸਮਾਨ ਜਾਣ ਕੇ ਪੂਜਾ ਕਰਦੀ ਸੀ ॥ ੩੬ ॥

ਅਰਪਤਿ ਗਨ ਉਪਹਾਰ ਅਛੇਰੇ। ਨਿਤ ਪ੍ਰਤਿ ਪੂਜਾ ਹੋਤਿ ਬਡੇਰੇ।
ਮਹਿਮਾਂ ਸ਼ਸਤ੍ਰਨਿ ਕੀ ਬਹੁ ਭਈ। ਧਰੀ ਕਾਮਨਾ ਸੋ ਸਿਖ ਲਈ ॥ ੩੭ ॥

ਬਹੁਤ ਚੰਗੇ-ਚੰਗੇ ਉਪਹਾਰ ਅਰਪਣ ਕਰਦੇ ਸਨ ਤੇ ਨਿਤਾਪ੍ਰਤੀ ਬਹੁਤ ਪੂਜਾ ਹੁੰਦੀ ਸੀ। ਉਨ੍ਹਾਂ ਸ਼ਸਤਰਾਂ ਦੀ ਬਹੁਤ ਮਹਿਮਾਂ ਹੋ ਗਈ, ਸਿੱਖ ਜਿਹੜੀ ਵੀ ਕਾਮਨਾ ਧਾਰਨ ਕਰਦੇ ਸਨ, ਪ੍ਰਾਪਤ ਕਰਦੇ ਸਨ ॥ ੩੭ ॥

ਸਾਹਿਬ ਦੇਵੀ ਸਦਾ ਸਚਿੰਤ। ਸੌਤ ਸੁੰਦਰੀ ਨਿਕਟ ਬਸੰਤਿ।
ਗੁਰ ਸ਼ਰੀਰ ਕੋ ਚਿਤਵਨ ਕਰਤੀ। ਨਿਸ ਦਿਨ ਧਯਾਨ ਰਿਦੇ ਪਤਿ ਧਰਤੀ ॥ ੩੮ ॥

ਮਾਤਾ ਸਾਹਿਬ ਦੇਵਾਂ ਜੀ ਸਦਾ ਚਿੰਤਾ ਸਹਿਤ ਰਹਿੰਦੇ ਸਨ ਤੇ ਆਪਣੀ ਸੌਂਕਣ ਮਾਤਾ ਸੁੰਦਰੀ ਜੀ ਪਾਸ ਰਹਿੰਦੇ ਸਨ। ਉਹ ਗੁਰੂ ਜੀ ਦੇ ਸਰੀਰ ਨੂੰ ਸਦਾ ਯਾਦ ਕਰਦੀ ਰਹਿੰਦੀ ਸੀ ਤੇ ਦਿਨ ਰਾਤ ਧਿਆਨ ਆਪਣੇ ਪਤੀ ਵਿਚ ਧਾਰਨ ਕਰਕੇ ਰੱਖਦੀ ਸੀ ॥ ੩੮ ॥

ਦੁਰਬਲ ਤਨ ਜਿਸ ਕੋ ਹੁਇ ਗਯੋ। ਸ਼ੋਕ ਪਰਾਇਨ ਚਿਤ ਨਿਤ ਥਯੋ।
ਪੀਤ ਬਦਨ ਆਂਸੂ ਦ੍ਰਿਗ ਗੇਰਤਿ। ਨਹੀਂ ਸਮੀਪ ਕੰਤ ਕੋ ਹੇਰਤਿ॥ ੩੯॥

ਜਿਸ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ, ਉਸ ਦਾ ਚਿੱਤ ਸਦਾ ਹੀ ਦੁਖੀ ਰਹਿੰਦਾ ਸੀ। ਪੀਲਾ ਮੂੰਹ ਹੋ ਗਿਆ ਤੇ ਸਦਾ ਅੱਥਰੂ ਡੇਗਦੀ ਰਹਿੰਦੀ ਸੀ। ਉਹ ਆਪਣੇ ਮਾਲਕ ਪਤੀ ਨੂੰ ਪਾਸ ਨਹੀਂ ਵੇਖਦੀ ਸੀ॥ ੩੯॥

ਸ਼ਸਤ੍ਰ ਦਰਸ ਕੈ ਭੋਜਨ ਖਾਵੈ। ਅਲਪ ਅਹਾਰ ਕਛੂ ਨਹਿੰ ਭਾਵੈ।
ਇਮ ਅਪਨੀ ਬਯ ਸਕਲ ਬਿਤਾਈ। ਪ੍ਰਿਯ ਪਤਿ ਮਹਿਂ ਚਿਤ ਬ੍ਰਿਤਿ ਲਗਾਈ॥੪੦॥

ਸ਼ਸਤਰਾਂ ਦੇ ਦਰਸ਼ਨ ਕਰਕੇ ਭੋਜਨ ਖਾਂਦੀ ਸੀ, ਬਹੁਤ ਥੋੜਾ ਭੋਜਨ ਕਰਦੀ ਸੀ, ਹੋਰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਇਸ ਪ੍ਰਕਾਰ ਉਸ ਨੇ ਆਪਣੀ ਸਾਰੀ ਉਮਰ ਬਤੀਤ ਕੀਤੀ, ਆਪਣੇ ਪਿਆਰੇ ਪਤੀ ਵਿਚ ਬ੍ਰਿਤੀ ਲਾਈ ਸੀ॥੪੦॥

ਮਾਤ ਸੁੰਦਰੀ ਸਭਿ ਬਿਵਹਾਰ। ਲੇਨਿ ਦੇਨਿ ਕੀ ਜੇਤਿਕ ਕਾਰ।
ਸੁਤ ਕੇ ਸਮ ਅਜੀਤ ਸਿੰਘ ਪਾਰੈ। ਬਹੁ ਸਨੇਹ ਕਰਿ ਭੋਜਨ ਖੁਾਰੈ॥ ੪੧॥

ਮਾਤਾ ਸੁੰਦਰੀ ਜੀ ਸਾਰੇ ਕਾਰ-ਵਿਹਾਰ ਕਰਦੀ ਸੀ, ਲੈਣ-ਦੇਣ ਦੇ ਜਿੰਨੇ ਵੀ ਕਾਰਜ ਹੁੰਦੇ ਸਨ, ਉਹ ਨਿਭਾਉਂਦੀ ਸੀ। ਪੁੱਤਰ ਵਾਂਗ ਉਸ ਪਾਲਕ ਅਜੀਤ ਸਿੰਘ ਪਾਲਿਆ ਸੀ, ਬਹੁਤ ਪਿਆਰ ਕਰਕੇ ਉਸ ਨੂੰ ਭੋਜਨ ਖਵਾਉਂਦੀ ਸੀ॥ ੪੧॥

ਨਾਨਾ ਬਿਧਿ ਕੇ ਬਸਤ੍ਰ ਬਨਾਵੈ। ਨਿਕਟ ਬਿਠਾਇ ਹੇਰਿ ਪਹਿਰਾਵੈ।
ਹੇਮ ਬਿਭੂਖਨ ਬਹੁ ਘਰਿਵਾਏ। ਲੇ ਮੁਕਤਾ ਕਾਨਨ ਮਹਿਂ ਪਾਏ॥ ੪੨॥

ਕਈ ਪ੍ਰਕਾਰ ਦੇ ਕੱਪੜੇ ਬਣਵਾਉਂਦੀ ਸੀ ਤੇ ਆਪਣੇ ਪਾਸ ਬਿਠਾ ਕੇ ਵੇਖ ਕੇ ਪਵਾਉਂਦੀ ਸੀ। ਸੋਨੇ ਦੇ ਬਹੁਤ ਗਹਿਣੇ ਘੜਵਾਉਂਦੀ ਸੀ। ਹੀਰੇ ਮੋਤੀ ਲੈ ਕੇ ਕੰਨਾਂ ਵਿਚ ਪਵਾਉਂਦੀ ਸੀ॥ ੪੨॥

ਪਰਚੈ ਤਿਹ ਸੋਂ ਕਰਤਿ ਸਨੇਹੂ। ਸੂਰਤਿ ਜਨੁ ਅਜੀਤ ਸਿੰਘ ਏਹੂ।
ਮੋਲ ਤੁਰੰਗਮ ਚੰਚਲ ਲੀਨਿ। ਬਹੁ ਧਨ ਦੇ ਕਰਵਾਇਸ ਜ਼ੀਨ॥ ੪੩॥

ਉਸ ਨਾਲ ਸਨੇਹ ਕਰਕੇ ਪਰਚੀ ਰਹਿੰਦੀ ਸੀ, ਮਾਨੋ ਇਹ ਅਜੀਤ ਸਿੰਘ ਦੀ ਹੀ ਸੂਰਤ ਹੈ। ਕਈ ਚੰਚਲ ਘੋੜੇ ਮੁੱਲ ਲਏ ਤੇ ਬਹੁਤ ਧਨ ਖਰਚ ਕੇ ਕਾਠੀਆਂ ਤਿਆਰ ਕਰਵਾਈਆਂ ਸਨ॥ ੪੩॥

ਹਯ ਚਢਾਇ ਕਰਿ ਪੁਰਿ ਮਹਿਂ ਫੇਰਹਿ। ਗੁਰੂ ਪੁੱਤ੍ਰ ਕਹਿ ਸਗਰੇ ਹੇਰਹਿ।
ਇਸ ਪ੍ਰਕਾਰ ਦਿੱਲੀ ਪੁਰਿ ਕਥਾ। ਸ਼੍ਰੋਤਾ ਸੁਨਹੁਂ ਪ੍ਰੀਤਿ ਧਰਿ ਤਥਾ॥ ੪੪॥

ਪਾਲਕ ਅਜੀਤ ਸਿੰਘ ਘੋੜੇ ਉੱਪਰ ਚੜ੍ਹ ਕੇ ਨਗਰ ਵਿਚ ਘੁੰਮਦਾ ਸੀ। ਗੁਰੂ ਪੁੱਤਰ ਕਹਿ ਕੇ ਸਾਰੇ ਵੇਖਦੇ ਸਨ। ਇਸ ਪ੍ਰਕਾਰ ਦਿੱਲੀ ਨਗਰੀ ਦੀ ਕਥਾ ਹੋਈ। ਹੇ ਸ੍ਰੋਤਾ ਗਨ ! ਉਸ ਪ੍ਰਕਾਰ ਹੀ ਪ੍ਰੀਤ ਧਾਰ ਕੇ ਸੁਣੋ॥ ੪੪॥

*ਦੂਸਰੇ ਐਨ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

☆☆☆

# ਅਧਿਆਇ ਸੋਲ੍ਹਵਾਂ

## *ਹਿੰਦੂ ਤੁਰਕ ਮਤਿ ਦਾ ਮੁਕਾਬਲਾ, ਖਾਲਸਾ ਤੀਜਾ*

ਦੋਹਰਾ-ਗਾਥਾ ਅਬਚਲ ਨਗਰ ਕੀ ਸੁਨਹੁਂ ਸਿਖ ਮਨ ਲਾਇ।
ਸਿੰਘ ਨਿਕਟ ਪ੍ਰਭੁ ਕੇ ਰਹੈਂ ਇਕ ਆਵੈਂ ਇਕ ਜਾਇ॥ ੧॥

ਹੇ ਸਿੱਖੋ ! ਅਬਚਲ ਨਗਰ ਦੀ ਕਥਾ ਮਨ ਲਾ ਕੇ ਸੁਣੋ। ਸਿੰਘ ਸਤਿਗੁਰੂ ਜੀ ਦੇ ਪਾਸ ਰਹਿੰਦੇ ਸਨ, ਕੋਈ ਆਉਂਦਾ ਸੀ ਕੋਈ ਜਾਂਦਾ ਸੀ॥੧॥

ਸੈਯਾ-ਸ਼ਾਹਿ ਬਹਾਦਰ ਏਕ ਦਿਨਾ ਢਿਗ ਆਇ ਬਿਦਾ ਹਿਤ ਸ੍ਰੀ ਗੁਰ ਪਾਸੀ।
ਸੰਗ ਸਮੂਹ ਲੀਏ ਉਮਰਾਵ ਬਡੇ ਉਲਮਾਉ ਮੁਲਾਨਨਿ ਰਾਸੀ।
ਜ਼ੇਵਰ ਜ਼ੇਬ ਜਵਾਹਰ ਜ਼ਾਹਰ ਯੌਂ ਝਮਕੇਂ, ਉਡ ਜੈਸੇ ਅਕਾਸ਼ੀ।
ਸੂਖਮ ਪੋਸ਼ਿਸ਼ ਪਾਇ ਸ਼ਰੀਰਹਿਂ ਬੀਰ ਸਧੀਰਜ ਬੁੱਧਿ ਪ੍ਰਕਾਸ਼ੀ॥ ੨॥

ਇਕ ਦਿਨ ਬਹਾਦਰ ਸ਼ਾਹ ਬਾਦਸ਼ਾਹ ਵਿਦਾ ਹੋਣ ਵਾਸਤੇ ਗੁਰੂ ਜੀ ਦੇ ਪਾਸ ਆਇਆ। ਉਹ ਆਪਣੇ ਨਾਲ ਵੱਡੇ-ਵੱਡੇ ਉਮਰਾਵ, ਆਲਮ ਫਾਜ਼ਲ ਅਤੇ ਮੁਲਾਣੇ ਲੈ ਕੇ ਆਇਆ। ਸਾਰਿਆਂ ਦੇ ਪਹਿਣੇ ਹੋਏ ਹੀਰੇ ਜਵਾਹਰਾਤ ਅਤੇ ਗਹਿਣੇ ਇਸ ਪ੍ਰਕਾਰ ਚਮਕਦੇ ਸਨ ਜਿਵੇਂ ਅਕਾਸ਼ ਵਿਚ ਤਾਰੇ ਚਮਕਦੇ ਹੋਣ। ਉਨ੍ਹਾਂ ਸਾਰਿਆਂ ਨੇ ਬੜੀਆਂ ਸੂਖਮ ਅਤੇ ਮੁਲਾਇਮ ਪੁਸ਼ਾਕਾਂ ਪਾਈਆਂ ਹੋਈਆਂ ਸਨ। ਬੜੇ ਧੀਰਜਵਾਨ ਸੂਰਬੀਰ ਅਤੇ ਉਨ੍ਹਾਂ ਦੀਆਂ ਬੁੱਧੀਆਂ ਬੜੀਆਂ ਪ੍ਰਕਾਸ਼ਮਈ ਸਨ॥ ੨॥

ਹਾਥਨਿ ਬੰਦਿ ਕਰੀ ਅਭਿਬੰਦਨ ਨੌਰੰਗ ਨੰਦਨ ਬੈਠਿ ਗਯੋ।
ਕੈ ਸਨਮਾਨ ਬਖਾਨਤਿ ਸ੍ਰੀ ਗੁਰ 'ਸ਼ਾਹੁ ਕਹੋ ਸ਼ੁਭ ਰਾਜ ਥਜੇ ?।
ਸਾਧ ਮਵਾਸ ਲਏ ਸਭਿ ਕੈ ਨਹਿਂ, ਦੱਛਿਣ ਆਇਸੁ ਮਾਨ ਭਯੋ ?।
ਕੌਨ ਮਨੋਰਥ ਔਰ ਰਿਦੇ ਅਬਿ, ਤੋਰ ਪਿਤਾ ਸਮ ਜ਼ੇਰ ਕਯੋ' ॥ ੩ ॥

ਬਹਾਦਰ ਸ਼ਾਹ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਤਿਗੁਰੂ ਜੀ ਦੇ ਪਾਸ ਬੈਠ ਗਿਆ। ਸਤਿਗੁਰੂ ਜੀ ਨੇ ਸਨਮਾਨ ਕਰਕੇ ਕਿਹਾ, "ਬਾਦਸ਼ਾਹ ਕਹੋ, ਸ਼ੁਭ ਰਾਜ ਦਾ ਕੀ ਹਾਲ ਹੈ ? ਸਾਰੇ ਆਕੀ ਸਥਾਨ ਸੋਧ ਲਏ ਹਨ ਕਿ ਨਹੀਂ, ਕੀ ਸਾਰੇ ਦੱਖਣ ਨੇ ਆਗਿਆ ਮੰਨ ਲਈ ਹੈ ? ਹੁਣ ਹਿਰਦੇ ਵਿਚ ਹੋਰ ਕੀ ਮਨੋਰਥ ਹੈ, ਤੇਰੇ ਪਿਤਾ ਵਾਂਗ ਸਾਰੇ ਅਧੀਨ ਹੋ ਗਏ ਹਨ' ॥ ੩ ॥

'ਸ੍ਰੀ ਗੁਰ ਰਾਵਰ ਕੀ ਕਰੁਨਾ ਮੁਹਿ, ਦਾਤ ਦਈ ਪਤਿਸ਼ਾਹਤਿ ਸਾਰੀ।
ਕੌਨ ਸਕੈ ਅਰ, ਮਾਰ ਲੀਏ ਅਰਿ, ਸੈਨ ਫਿਰੈ ਜਿਤ ਹੂੰ ਕਿਤ ਭਾਰੀ।
ਦੱਛਿਨ ਦੇਸ਼ ਅਸ਼ੇਸ਼ ਲਿਯੋ, ਬਸ ਹੌਂ ਦਿਨ ਕੇਤਿਕ ਔਰ ਅਗਾਰੀ।
ਫੇਰ ਚਲੌਂ ਦਿੱਲੀ ਪੁਰਿ ਕੋ ਤਹਿਂ ਬੈਠਿ ਸਭੈ ਸੁਧਿ ਲੈ ਹੌਂ ਸੰਭਾਰੀ॥ ੪ ॥

ਬਹਾਦਰ ਸ਼ਾਹ ਨੇ ਕਿਹਾ, "ਹੇ ਸਤਿਗੁਰੂ ਜੀ ! ਆਪ ਜੀ ਦੀ ਮੇਰੇ ਉੱਪਰ ਕਿਰਪਾ ਹੈ, ਸਾਰੀ ਪਾਤਸ਼ਾਹੀ ਦੀ ਦਾਤ ਇਹ ਮੈਂ ਆਪ ਜੀ ਪਾਸੋਂ ਲਈ ਹੈ। ਹੁਣ ਕੌਣ ਅੜ ਸਕਦਾ ਹੈ, ਸਾਰੇ ਵੈਰੀ ਮਾਰ ਲਏ ਹਨ, ਜਿੱਥੇ ਕਿੱਥੇ ਭਾਰੀ ਸੈਨਾ ਫਿਰਦੀ

ਹੈ। ਸਾਰਾ ਦੱਖਣ ਦੇਸ਼ ਲੈ ਲਿਆ ਹੈ, ਕੁਝ ਦਿਨ ਹੋਰ ਐਗ ਰਹਾਂਗਾ। ਫਿਰ ਦਿੱਲੀ ਨਗਰ ਵੱਲ ਚੱਲਾਂਗਾ, ਉਥੇ ਬੈਠ ਕੇ ਸਾਰੀ .ਖਬਰ ਸਾਰ ਸੰਭਾਲ ਲਵਾਂਗਾ॥ ੪॥

ਹੈਦਰਾਬਾਦ ਕੋ ਜਾਉਂ ਅਬੈ, ਹਿਤ ਹੋਨਿ ਬਿਦਾ ਤੁਮ ਤੀਰ ਅਯੋ।
ਕੁਛ ਕਰੌਂ ਪੁਨ ਦੇਸ਼ ਪੰਜਾਬ ਕੋ ਕਾਰਜ ਸਾਰੇ ਸੁਧਾਰ ਲਯੋ।
ਸ੍ਰੀ ਪ੍ਰਭੁ! ਬੂਝਤਿ ਹੌਂ, ਮਤ ਹਿੰਦ ਕੇ ਕਾਚੇ ਅਹੈ ਇਹ ਕੈਸੇ ਕਿਯੋ?।
ਪਾਥਰ ਕੋ ਘਰ ਮੂਰਤਿ ਕੋ ਕਰਿ ਚਿੱਤ੍ਰ ਕਿਧੋਂ ਲਿਖਿ ਭੀਤ ਦਿਯੋ॥ ੫॥

ਹੁਣ ਮੈਂ ਹੈਦਰਾਬਾਦ ਨੂੰ ਜਾਵਾਂਗਾ, ਹੁਣ ਵਿਦਾ ਹੋਣ ਵਾਸਤੇ ਤੁਹਾਡੇ ਪਾਸ ਆਇਆ ਹਾਂ। ਫਿਰ ਮੈਂ ਦੇਸ਼ ਪੰਜਾਬ ਵੱਲ ਕੁਛ ਕਰਾਂਗਾ, ਹੁਣ ਸਾਰਾ ਕਾਰਜ ਸੁਧਾਰ ਲਿਆ ਹੈ। ਹੇ ਸਤਿਗੁਰੂ ਜੀ! ਮੈਂ ਪੁੱਛਦਾ ਹਾਂ, ਹਿੰਦੂਆਂ ਦਾ ਮੱਤ ਕੱਚਾ ਹੈ, ਇਹ ਕਿਵੇਂ ਹੋਇਆ ਹੈ? ਪੱਥਰ ਨੂੰ ਘੜ ਕੇ ਉਸ ਦੀ ਮੂਰਤੀ ਬਣਾਉਂਦੇ ਹਨ ਤੇ ਉਸ ਨੂੰ ਮੰਦਰ ਦੇ ਅੰਦਰ ਟਿਕਾ ਦਿੰਦੇ ਹਨ॥੫॥

ਪੂਜਤਿ ਹੈਂ ਤਿਹ ਸੀਸ ਨਿਵਾਵਤਿ ਭੋਜਨ ਕੋ ਧਰਿ ਦੇਤਿ ਅਗਾਰੀ।
ਕਾਰਜ ਕੋਨ ਭਯੋ ਤਿਸ ਤੇ ਜੁਊ ਆਪ ਰਚੀ ਬਹੁ ਭਾਂਤ ਸੁਧਾਰੀ।
ਸੀਂਚਤਿ ਹਾਥਨ ਤੇ ਛਿਤਿ ਪੈ, ਕਿਮ ਜਾਇ ਬਡੇਰਨ ਪੈ ਚਲਿ ਬਾਰੀ।
ਸ੍ਰਾਧ ਕਰੈਂ ਪਿੱਤ੍ਰਾਨਿ ਕੇ ਹੇਤੁ ਅਚਾਵਤਿ ਹੈਂ ਦਿਜ ਪੁੰਜ ਅਹਾਰੀ॥ ੬॥

ਫਿਰ ਉਸ ਪੱਥਰ ਦੀ ਪੂਜਾ ਕਰਦੇ ਹਨ, ਸਿਰ ਨਿਵਾਉਂਦੇ ਹਨ ਤੇ ਉਸ ਮੂਰਤੀ ਅੱਗੇ ਫਿਰ ਭੋਜਨ ਧਰਦੇ ਹਨ। ਅਜਿਹਾ ਕਰਨ ਨਾਲ ਫਿਰ ਕਿਹੜਾ ਕਾਰਜ ਸਰਦਾ ਹੈ, ਜਦ ਆਪ ਜੀ ਨੇ ਇਹ ਰਚਨਾ ਬੜੀ ਸੁਧਾਰ ਕੇ ਬਣਾਈ ਹੈ। ਇਹ ਹੱਥਾਂ ਨਾਲ ਧਰਤੀ ਤੇ ਛਿੱਟੇ ਮਾਰਦੇ ਹਨ, ਉਹ ਪਾਣੀ ਇਨ੍ਹਾਂ ਦੇ ਵੱਡੇ ਵਡੇਰਿਆਂ ਪਾਸ ਕਿਵੇਂ ਪਹੁੰਚ ਜਾਵੇਗਾ। ਇਹ ਆਪਣੇ ਪਿੱਤਰਾਂ ਦੇ ਸਰਾਧ ਕਰਵਾਉਂਦੇ ਹਨ ਤੇ ਬਹੁਤ ਬ੍ਰਾਹਮਣ ਬੁਲਾ ਕੇ ਉਨ੍ਹਾਂ ਨੂੰ ਰੋਟੀ ਖਵਾਉਂਦੇ ਹਨ॥ ੬॥

ਤੀਸਰੇ ਔਰ ਸੁਨੋ ਗੁਰ ਸਾਹਿਬ! ਹਿੰਦੁਨਿ ਕੋ ਮਤਿ ਹੈ ਜਿਮ ਕਾਚਾ।
ਮੇਵਾ ਅਮੇਜ਼ਿ ਕੈ ਖੰਡ ਔ ਘੀਉ ਮੈਂ ਜੌਂ ਤਿਲ ਡਾਲਤਿ, ਏਕ ਜਜੌਂ ਰਾਚਾ।
ਆਗ ਮਹਿਂ ਪਾਇਕੈ ਸ੍ਵਾਹ ਕਰੈਂ ਤਿਹ ਲੈਂ ਫਲ ਫੇਰ ਮੁਨੀਨ ਉਬਾਚਾ।
ਕੌਤਕ ਹੋਵਤਿ ਹੈ ਹਮਰੇ ਉਰ ਕੂਰ ਹੀ ਕੋ ਏਹ ਮਾਨਤਿ ਸਾਚਾ'॥ ੭॥

ਹੇ ਗੁਰੂ ਸਾਹਿਬ! ਤੀਸਰੀ ਗੱਲ ਹੋਰ ਸੁਣੋ, ਜਿਵੇਂ ਹਿੰਦੂਆਂ ਦਾ ਕੱਚਾ ਮੱਤ ਹੈ। ਖੰਡ ਘਿਉ ਵਿਚ ਮੇਵੇ ਮਿਲਾ ਕੇ ਜਿਹੜੇ ਤਿਲ ਪਾ ਕੇ ਇਕਮਿਕ ਕਰਦੇ ਹਨ। ਫਿਰ ਅੱਗ ਵਿਚ ਪਾ ਕੇ ਸਵਾਹ ਕਰਦੇ ਹਨ, ਫਿਰ ਮੁਨੀਆਂ ਦੇ ਕਹਿਣ ਅਨੁਸਾਰ ਇਹ ਫਲ ਪ੍ਰਾਪਤ ਕਰਦੇ। ਸਾਡੇ ਦਿਲ ਵਿਚ ਤਾਂ ਇਹ ਝੂਠ ਦਾ ਹੀ ਕੌਤਕ ਹੁੰਦਾ ਹੈ, ਪਰ ਉਸ ਨੂੰ ਇਹ ਸੱਚਾ ਮੰਨਦੇ ਹਨ'॥ ੭॥

ਸ੍ਰੀ ਗੁਰ ਉੱਤਰ ਦੇਤਿ ਭਏ 'ਮਤ ਹਿੰਦੁਨ ਕੇ ਸਭਿ ਕਰਮ ਕਮਾਵੈਂ।
ਖੇਤ ਕੀ ਸੇਵ ਕ੍ਰਿਸਾਨ ਕਰੈ ਬਹੁ ਅੰਨ ਪਕੈ ਸੁਖ ਸੋਂ ਘਰ ਖਾਵੈ।
ਧੇਨੁ ਕੀ ਸੇਵ ਕਰੈ ਹਿਤ ਸੋਂ ਦਿਨ ਕੇਤਿਕ ਮੈਂ ਪੈ ਸ੍ਵਾਦਲ ਪਾਵੈ।
ਭੂਪਤਿ ਸੇਵਤਿ ਲੇ ਧਨ ਕੋ ਬਹੁ ਸੇਵਨ ਤੇ ਸਭਿਹੂੰ ਬਨਿ ਆਵੈ॥ ੮॥

ਸਤਿਗੁਰੂ ਜੀ ਨੇ ਉੱਤਰ ਦਿੱਤਾ, "ਹਿੰਦੂਆਂ ਦੇ ਸਾਰੇ ਮੱਤ ਕਰਮ ਕਮਾਉਂਦੇ ਹਨ। ਜਿਵੇਂ ਖੇਤ ਦੀ ਸੇਵਾ ਕਰਨ ਨਾਲ ਕਿਸਾਨ ਅਨਾਜ ਪ੍ਰਾਪਤ ਕਰਦਾ ਹੈ ਤੇ ਸੁਖ ਨਾਲ ਘਰ ਵਿਚ ਬੈਠ ਕੇ ਖਾਂਦਾ ਹੈ। ਗਾਂ ਦੀ ਪਿਆਰ ਨਾਲ ਸੇਵਾ ਕਰਨ ਨਾਲ ਸਵਾਦੀ ਦੁੱਧ ਮਿਲਦਾ ਹੈ ਅਤੇ ਰਾਜ ਦੀ ਸੇਵਾ ਕਰਨ ਨਾਲ ਧਨ ਮਿਲਦਾ ਹੈ। ਭਾਵ ਬਹੁਤ ਸੇਵਾ ਕਰਨ ਨਾਲ ਸਾਰੇ ਕਾਰਜ ਬਣ ਜਾਂਦੇ ਹਨ ਤੇ ਚਿੱਤ ਦਾ ਨਿਸ਼ਚਾ ਸਫਲ ਹੋ ਜਾਂਦਾ ਹੈ॥ ੮॥

ਇਸ਼ਟ ਅਰੋਪਿ ਕੈ ਮੂਰਤ ਮਹਿਂ ਉਰ ਧਜਾਨ ਧਰੈ ਮਨ ਪ੍ਰੇਮ ਲਗਾਵੈ।
ਪਾਵਤਿ ਹੈ ਧਰਿ ਕਾਮਨ ਕੋ, ਚਿਤ ਕੋ ਨਿਸ਼ਚਾ ਨਹਿਂ ਕਜੋਂ ਸਫਲਾਵੈ।
ਆਸਤ ਨਾਸਤ ਦੋਇ ਰਚੇ ਨਰ ਸ੍ਰੀ ਪਰਮੇਸ਼ੁਰ ਕੋ ਚਿਤ ਭਾਵੈ।
ਆਸਤਿ ਤੇ ਗਨ ਹਿੰਦੁ ਭਏ ਤੁਰਕੇਸ਼ ਭਿ ਨਾਸਤ ਤੇ ਬਨਿ ਆਵੈ॥ ੯॥

ਆਪਣੇ ਇਸ਼ਟ ਨੂੰ ਮੂਰਤੀ ਵਿਚ ਟਿਕਾ ਕੇ ਜਿਹੜਾ ਪ੍ਰੇਮ ਨਾਲ ਆਪਣੇ ਮਨ ਦਾ ਧਿਆਨ ਲਾਉਂਦਾ ਹੈ, ਉਹ ਧਾਰਨ ਕੀਤੀਆਂ ਹੋਈਆਂ ਸਾਰੀਆਂ ਕਾਮਨਾਂ ਪਾਉਂਦਾ ਹੈ ਤੇ ਉਸ ਦੇ ਚਿੱਤ ਦਾ ਨਿਸ਼ਚਾ ਸਫਲ ਹੁੰਦਾ ਹੈ। ਆਸਤਿਕ ਨਾਸਤਿਕ ਦੋਵਾਂ ਪ੍ਰਕਾਰ ਦੇ ਮਨੁੱਖ ਪੈਦਾ ਕੀਤੇ ਹਨ, ਸ੍ਰੀ ਪ੍ਰਮੇਸ਼ਰ ਦੇ ਇਹ ਚਿੱਤ ਨੂੰ ਚੰਗਾ ਲੱਗਦਾ ਹੈ। ਬਹੁਤ ਹਿੰਦੂ ਆਸਤਿਕ ਹੋਏ ਹਨ ਤੇ ਤੁਰਕ ਸਾਰੇ ਨਾਸਤਿਕ ਹੋਏ ਹਨ॥ ੯॥

ਮੂਲ ਤਰੋਵਰੁ ਕੇ ਜਲ ਸਿੰਚਤ ਊਪਰ ਤੇ ਲੁਨੀਏ ਫਲ ਤਾਸਾ।
ਤਜੋਂ ਚਿਤ ਜਾਨਹੁ ਭੂਤਲ ਕੀ ਕ੍ਰਿਤ, ਲੇਤਿ ਸਭੈ ਫ਼ਲ ਜਾਇ ਅਕਾਸ਼ਾ।
ਕਾਚੋ ਮਤੋ ਅਪਨੋ ਤੁਮ ਦੇਖਹੁ, ਮਾਨਤਿ ਹੋ ਕਬਰੈਂ, ਜਿਨ ਨਾਸ਼ਾ।
ਕਜਾ ਤਿਨ ਤੇ ਕਹੁ ਕਾਜ ਸਰੈ, ਮ੍ਰਿਤਕਾ ਮਿਲਿ ਗੇ ਤਨ, ਕਜਾ ਧਰਿ ਆਸਾ? ॥੧੦॥

ਜਿਵੇਂ ਦਰੱਖਤ ਦੀਆਂ ਜੜ੍ਹਾਂ ਨੂੰ ਪਾਣੀ ਦੇਈਦਾ ਹੈ, ਪਰ ਇਸ ਦਾ ਫਲ ਉੱਪਰ ਟਹਿਣੀਆਂ 'ਤੇ ਲਈਦਾ ਹੈ, ਉਸ ਪ੍ਰਕਾਰ ਹੀ ਚਿੱਤ ਵਿਚ ਇਹ ਚੰਗੀ ਤਰ੍ਹਾਂ ਸਮਝੋ, ਪ੍ਰਿਥਵੀ ਉੱਪਰ ਕੀਤੇ ਕਰਮਾਂ ਦਾ ਫਲ ਅਕਾਸ਼ (ਪ੍ਰਲੋਕ) ਵਿਚ ਮਿਲਦਾ ਹੈ। ਕੱਚਾ ਮੱਤ ਤੁਸੀਂ ਆਪਣਾ ਵੇਖੋ, ਤੁਸੀਂ ਕਬਰਾਂ ਨੂੰ ਮੰਨਦੇ ਹੋ, ਜਿਹੜੀਆਂ ਵਿਨਾਸ਼ ਹੋਏ ਮੁਰਦਿਆਂ ਦੇ ਸਥਾਨ ਹਨ। ਉਨ੍ਹਾਂ ਕਬਰਾਂ ਨਾਲ ਕਿਹੜਾ ਕੰਮ ਸੌਰਦਾ ਹੈ, ਉਨ੍ਹਾਂ ਦੇ ਸਰੀਰ ਤਾਂ ਮਰ ਗਏ ਹਨ, ਉਨ੍ਹਾਂ ਉੱਪਰ ਹੁਣ ਕਿਹੜੀ ਆਸ ਧਾਰਨ ਕਰਦੇ ਹੋ?॥੧੦॥

ਦੋਹਰਾ- ਕਰਹੁ ਬੰਦਗੀ ਰੋਜ਼ ਤੁਮ ਬੰਦਾ ਬਨਿ ਕਰਿ ਆਪ।
ਦੇਖਜੋ ਸੁਨਜੋਂ ਨ ਰਬ ਕਿਤੇ, ਕਰਹੁ ਨਿਵਾਜ ਕਲਾਪ॥ ੧੧॥

ਤੁਸੀਂ ਆਪ ਬੰਦੇ ਬਣ ਕੇ ਰੋਜ਼ ਬੰਦਗੀ ਕਰੋ, ਰੱਬ ਨੂੰ ਕਿਤੇ ਵੀ ਵੇਖਿਆ ਸੁਣਿਆ ਨਹੀਂ ਹੈ ਫਿਰ ਵੀ ਸਮੂਹ ਮਿਲ ਕੇ ਨਿਮਾਜ਼ ਪੜ੍ਹਦੇ ਹੋ॥੧੧॥

ਰੂਪ ਨ ਰੰਗ ਨ ਠੌਰ ਕਿਤ ਪਾਕ ਅੱਲਾਹਿ ਅਪਾਜ।
ਸਿਜਦਾ ਕਰਹੁ, ਦਰੂਦ ਦਿਹੁ, ਰੋਜਾ ਕੂਰ ਨਿਵਾਜ਼॥ ੧੨॥

ਉਸ ਦਾ ਨਾ ਕੋਈ ਰੂਪ ਹੈ, ਨਾ ਰੰਗ ਹੈ, ਨਾ ਟਿਕਾਣਾ ਹੈ, ਅੱਲਾਹ ਪਾਕ ਅਸਲ ਹੈ ਅਤੇ ਪਾਜ ਰਹਿਤ ਹੈ। ਉੱਪਰੋਂ ਉੱਪਰੋਂ ਇਹ ਕਹਿਣਾ ਸਿਜਦੇ ਕਰੋ, ਦਰੂਦ ਦੇਵੋ, ਰੋਜ਼ੇ ਰੱਖੋ ਤੇ ਫਿਰ ਕਹਿਣਾ ਸਭ ਝੂਠੇ ਹਨ॥੧੨॥

ਕਹਿਨਾ ਕਜਾ ਅਰੁ ਹਿਰਸ ਕਜਾ ਬਾਦ ਜਾਤਿ ਬਰਬਾਦ।
ਨੀਕੀ ਕਰਨੀ ਜਿਨ ਕਰੀ ਕਰਜੋ ਖੁਦਾਇ ਸੁ ਯਾਦ॥ ੧੩॥

ਉਤੋਂ ਕੀ ਕਹਿਣਾ ਭਾਵ ਕਹਿਣਾ ਕਿ ਰੱਬ ਹੈ ਫਿਰ ਸਿਜਦੇ ਕਰੇ ਦਰੂਦ ਦੇਵੇ, ਰੋਜ਼ੇ ਰੱਖੇ, ਨਿਮਾਜ਼ ਪੜ੍ਹੇ ਤੇ ਫਿਰ ਹਿਰਸ ਹੋਣੀ ਇਸ ਪ੍ਰਕਾਰ ਸਭ ਕੁਝ ਬਕਵਾਸ ਹੈ ਤੇ ਵਿਅਰਥ ਜਾਂਦਾ ਹੈ। ਜਿਹੜੇ ਚੰਗਾ ਕੰਮ ਕਰਦੇ ਹਨ, ਉਹ ਖ਼ੁਦਾ ਨੂੰ ਯਾਦ ਕਰਦੇ ਹਨ॥੧੩॥

ਚੌਪਈ- ਪੀਰ ਪੈਕੰਬਰ ਜਾਨਿ ਸਜੂਦ। ਦੇਤ ਫਾਇਤਾ ਬਹੁਰ ਦਰੂਦ।
ਰੋਜ਼ਾ ਬਾਂਗ ਨਿਵਾਜ ਸੁਜਾਨ। ਮੁਸਲਮਾਨ ਇਨ ਕਰਹਿ ਪ੍ਰਮਾਨ॥੧੪॥

ਮੁਸਲਮਾਨ ਪੀਰ ਪੈਗੰਬਰਾਂ ਨੂੰ ਸਿਜਦੇ ਕਰਦੇ ਹਨ ਭਾਵ ਮੱਥੇ ਟੇਕਦੇ ਹਨ। ਫਾਤਿਹਾ ਪੜ੍ਹਦੇ ਤੇ ਦਰੂਦ ਦਿੰਦੇ ਹਨ। ਰੋਜ਼ੇ ਰੱਖਦੇ ਹਨ, ਬਾਂਗ ਦਿੰਦੇ ਹਨ ਤੇ ਨਿਮਾਜ਼ ਪੜ੍ਹਦੇ ਹਨ, ਇਸ ਪ੍ਰਕਾਰ ਇਹ ਮੁਸਲਮਾਨ ਕਹਾਉਂਦੇ ਹਨ॥੧੪॥

ਤ੍ਰੈ ਸੰਧਜਾ ਕਰਨੀ ਧਰਿ ਪ੍ਰੀਤ। ਦੇਵਲ ਪਾਹਿਨ ਪੂਜਨ ਰੀਤਿ।
ਇੱਤਜਾਦਿਕ ਹਿੰਦੁਨਿ ਪਰਵਾਨਾ। ਹਮ ਦੋਨਹੁਂ ਕੋ ਜਾਨਿ ਸਮਾਨਾ॥੧੫॥

ਤਿੰਨ ਵਾਰ ਸੰਧਿਆ ਕਰਨੀ, ਮੰਦਰ ਵਿਚ ਜਾ ਕੇ ਪੱਥਰ ਪੂਜਣੇ ਇਹ ਹਿੰਦੂਆਂ ਦੀ ਰੀਤੀ ਹੈ। ਇਸ ਪ੍ਰਕਾਰ ਇਹ ਹਿੰਦੂਆਂ ਨੂੰ ਪ੍ਰਵਾਨ ਹੈ, ਅਸੀਂ ਹਿੰਦੂਆਂ ਅਤੇ ਤੁਰਕਾਂ ਦੋਵਾਂ ਨੂੰ ਇਕੋ ਜੇਹਾ ਜਾਣਿਆ ਹੈ॥੧੫॥

ਤਜਾਗਨ ਕਰੇ ਭਾਉ ਲਖਿ ਬੀਜਾ। ਉਤਪਤਿ ਕਰਜੋ ਖਾਲਸਾ ਤੀਜਾ।
ਝੂਠੇ ਲਖਿ ਦੋਨਹੁਂ ਹਮ ਛੋਰੇ। ਪੰਥ ਅਕਾਲ ਪੁਰਖ ਕੋ ਲੋਰੇ॥੧੬॥

ਇਨ੍ਹਾਂ ਨੂੰ ਦੂਜਾ ਭਾਉ ਜਾਣ ਕੇ ਦੋਵੇਂ ਛੱਡ ਦਿੱਤੇ ਹਨ, ਹੁਣ ਤੀਸਰਾ ਪੰਥ ਖਾਲਸਾ ਉਤਪੰਨ ਕੀਤਾ ਹੈ। ਝੂਠੇ ਸਮਝ ਕੇ ਅਸੀਂ ਦੋਵੇਂ ਛੱਡ ਦਿੱਤੇ ਹਨ ਤੇ ਅਕਾਲ ਪੁਰਖ ਦਾ ਪੰਥ ਬਣਾਉਣਾ ਚਾਹੁੰਦੇ ਹਾਂ॥੧੬॥

ਬਾਦ ਪੱਖ ਕੋ ਸਕਲ ਬਿਨਾਸ਼ਾ। ਧਰੀ ਅਕਾਲ ਪੁਰਖ ਕੀ ਆਸਾ।
ਜਨਮਜੋ ਅਬੈ ਖਾਲਸਾ ਨਯੋ। ਬਾਲਕ ਕੇ ਮਨਿੰਦ ਜਗ ਥਿਯੋ॥੧੭॥

ਝਗੜੇ ਵਾਲੇ ਸਾਰੇ ਪੱਖ ਨੂੰ ਖਤਮ ਕਰ ਦਿੱਤਾ ਹੈ ਤੇ ਇਕ ਸੱਚੇ ਅਕਾਲ ਪੁਰਖ ਦੀ ਆਸ ਧਾਰਨ ਕੀਤੀ ਹੈ। ਖਾਲਸਾ ਹੁਣੇ-ਹੁਣੇ ਨਵਾਂ ਜੰਮਿਆਂ ਹੈ, ਇਹ ਇਸ ਸਮੇਂ ਇਕ ਬਾਲਕ ਸਮਾਨ ਹੈ॥੧੭॥

ਜੁਵਾ ਹੋਇ ਜਬਿ ਜ਼ੋਰ ਸੰਭਾਰੇ। ਕਬਰ ਮੜੀ ਕੋ ਫੋੜਿ ਉਖਾਰੇ।
ਦੇਵਲ ਬੁਤ ਪ੍ਰਸਤੀ ਨਹਿਂ ਮਾਨੈ। ਏਕ ਅਕਾਲ ਅਕਾਲ ਬਖਾਨੈ॥੧੮॥

ਜਵਾਨ ਹੋ ਕੇ ਜਦ ਜ਼ੋਰ ਧਾਰਨ ਕਰੇਗਾ ਤਾਂ ਕਬਰਾਂ ਮੜ੍ਹੀਆਂ ਨੂੰ ਭੰਨ ਕੇ ਉਖਾੜ ਦੇਵੇਗਾ। ਦੇਵੀ ਦੇਵਤਿਆਂ ਦੀ ਬੁੱਤ-ਪ੍ਰਸਤੀ ਨੂੰ ਨਹੀਂ ਮੰਨੇਗਾ, ਇਕ ਅਕਾਲ ਅਕਾਲ ਹੀ ਕਹੇਗਾ॥੧੮॥

ਬਸਜੋ ਬਿਦੇਸ਼ ਜੁ ਬਾਪ ਤੁਹਾਰਾ। ਪਰੇਸ਼ਾਨ ਬਿਨ ਖਰਚ ਲਚਾਰਾ।
ਬਿਚ ਦਰਗਾਹਿ ਬਿਖਰਚ ਖੁਆਰੀ। ਹਿੰਦੁਨਿ ਕੇ ਦੈਂ ਖਰਚ ਪਿਛਾਰੀ॥੧੯॥

ਜਿਹੜਾ ਤੇਰਾ ਬਾਪ ਹੁਣ ਪਰਲੋਕ ਵਿਚ ਜਾ ਵੱਸਿਆ ਹੈ, ਹੁਣ ਖਰਚ ਤੋਂ ਬਗੈਰ ਲਾਚਾਰ ਹੋ ਕੇ ਬੜਾ ਪ੍ਰੇਸ਼ਾਨ ਹੈ। ਦਰਗਾਹ ਦੇ ਵਿਚ ਖਰਚ ਤੋਂ ਬਗੈਰ ਖੁਆਰੀ ਹੁੰਦੀ ਹੈ। ਹਿੰਦੂਆਂ ਵਿਚ ਪਿੱਤਰਾਂ ਨੂੰ ਖਰਚ ਪਿੱਛੋਂ ਦਿੰਦੇ ਹਨ॥੧੯॥

ਦੀਰਘ ਸ੍ਵਾਸ ਭਰੇ ਦੁਖ ਪਾਵੈ। ਪਦਰ ਤੁਹਾਰ ਬਹੁਤ ਬਿਲਲਾਵੈ।
ਹੋਇ ਬਿਖਰਚ ਕਹਾਇ ਗ਼ੁਲਾਮ। ਕਰੈ ਬਿਖਰਚ ਬੁਰੇ ਬਹੁ ਕਾਮ॥੨੦॥

ਲੰਮੇ-ਲੰਮੇ ਸਾਹ ਭਰਦਾ ਹੈ ਤੇ ਦੁਖ ਪਾਉਂਦਾ ਹੈ, ਤੁਹਾਡਾ ਪਿਤਾ ਬਹੁਤ ਵਿਲਕਦਾ ਹੈ। ਖਰਚ ਰਹਿਤ ਹੋ ਕੇ ਗ਼ੁਲਾਮ ਕਹਾਉਂਦਾ ਹੈ। ਖਰਚਾ ਰਹਿਤ ਹੋ ਕੇ ਮਨੁੱਖ ਬਹੁਤ ਬੁਰੇ ਕੰਮ ਕਰਦਾ ਹੈ॥੨੦॥

ਬਨੈ ਚੋਰ ਬਟਪਾਰੀ ਕਰੈ। ਹਾਥਨਿ ਖਰਚ ਨ ਮਾਂਗੈ ਪਰੈ।
ਹੇਰਿ ਲੇਹੁ ਜਗ ਕੋ ਬਿਉਹਾਰਾ। ਤਿਮ ਆਗੇ ਲਖਿ ਬਨਜ ਕਰਾਰਾ॥੨੧॥

ਚੋਰ ਬਣ ਜਾਂਦਾ ਹੈ ਅਤੇ ਡਾਕੇ ਮਾਰਦਾ ਹੈ, ਹੱਥਾਂ ਵਿਚ ਮੰਗਿਆ ਹੋਇਆ ਖਰਚ ਵੀ ਹੱਥ ਨਹੀਂ ਲੱਗਦਾ ਹੈ। ਜਗਤ ਦੇ ਇਹ ਵਿਹਾਰ ਵੇਖ ਲਵੋ, ਤਿਵੇਂ ਅੱਗੇ ਕਰਾਰਾ ਵਣਜ ਵਪਾਰ ਸਮਝੋ॥੨੧॥

ਸੁਨਿ ਕਰਿ ਸ਼ਾਹੁਬਹਾਦਰ ਤਬੈ। ਬੋਲਜੋ ਗਯੋ ਨ, ਹੇਰਤਿ ਸਭੈ।
ਉੱਤਰ ਜਾਨਿ ਕਛੁਕ ਮੁਸਕਾਨਜੋ। ਗੁਰ ਬੋਲਨ ਮਹਿਂ ਸਮਰਥ ਮਾਨਜੋ॥੨੨॥

ਤਦ ਇਹ ਸੁਣ ਕੇ ਬਹਾਦਰ ਸ਼ਾਹ ਪਾਸੋਂ ਸਾਰਿਆਂ ਦੇ ਵੇਖਦਿਆਂ ਬੋਲਿਆ ਨਾ ਗਿਆ। ਉੱਤਰ ਜਾਣ ਕੇ ਕੁਝ ਮੁਸਕਰਾਇਆ ਤੇ ਗੁਰੂ ਜੀ ਨੂੰ ਬੋਲਣ ਵਿਚ ਸਮਰੱਥ ਜਾਣਿਆ॥ ੨੨॥

ਅਪਰ ਮੁਲਾਨੇ ਅਰੁ ਉਲਮਾਊ। ਸੂਬੇ ਕਿਤਿਕ ਥਿਰੇ ਉਮਰਾਊ।
ਸੁਮਤਿ ਪ੍ਰਬੀਨ ਆਨ ਮਨ ਮੋਨੇ। ਗੁਰ ਸਨਮੁਖਿ ਨਹਿਂ ਬੋਲਜੋ ਕੋਨੇ॥੨੩॥

ਹੋਰ ਮੁਲਾਣੇ ਅਤੇ ਬੁੱਧੀਵਾਨ, ਕਈ ਸੂਬੇ ਅਤੇ ਉਮਰਾਉ ਵੀ ਬੈਠੇ ਸਨ। ਉਹ ਸਾਰੇ ਸ੍ਰੇਸ਼ਟ ਬੁੱਧੀ ਵਾਲੇ ਚੁੱਪ ਰਹੇ। ਗੁਰੂ ਜੀ ਦੇ ਸਾਹਮਣੇ ਕੋਈ ਵੀ ਨਾ ਬੋਲਿਆ॥ ੨੩॥

ਸਭਾ ਬੀਚ ਜੇ ਆਇ ਨ ਬਾਤ। ਹੋਤਿ ਅਨਾਦਰ ਮ੍ਰਿਤੁ ਜਿਸ ਭਾਂਤ।
ਪ੍ਰਸ਼ਨ ਕਰਹਿ ਉੱਤਰ ਦੇਂ ਤੂਰਨ। ਸਰਬ ਕਲਾ ਸਮਰਥ ਗੁਰ ਪੂਰਨ॥੨੪॥

ਸਭਾ ਵਿਚ ਜੇ ਗੱਲ ਨਾ ਆਵੇ ਤਾਂ ਬੜਾ ਅਨਾਦਰ ਹੁੰਦਾ ਹੈ, ਜਿਸ ਪ੍ਰਕਾਰ ਕੋਈ ਮਰਿਆ ਹੋਇਆ ਹੋਵੇ। ਉਹ ਸਵਾਲ ਕਰਦੇ ਸਨ, ਗੁਰੂ ਜੀ ਤੁਰਤ ਉੱਤਰ ਦਿੰਦੇ ਸਨ। ਸਤਿਗੁਰੂ ਜੀ ਸਰਬ ਕਲਾ ਸਮਰੱਥ ਸਨ॥ ੨੪॥

ਸਮੁਝਿ ਸਮੁਝਿ ਇੱਤਜਾਦਿਕ ਮਨ ਮੈਂ। ਕੋ ਨਹਿਂ ਬੋਲਜੋ ਕੁਛ ਤਿਸ ਛਿਨ ਮੈਂ।
ਪੁਨ ਬੰਦੇ ਕੀ ਬੂਝੀ ਗਾਥਾ। ਲਾਖਹੁਂ ਕਰੇ ਜਿਨਹਿਂ ਬਿਨ ਮਾਥਾ॥ ੨੫॥

ਇਸ ਪ੍ਰਕਾਰ ਮਨ ਵਿਚ ਸਮਝ ਸਮਝ ਕੇ, ਕੋਈ ਵੀ ਉਸ ਸਮੇਂ ਕੁਝ ਵੀ ਨਾ ਬੋਲਿਆ। ਫਿਰ ਬੰਦਾ ਸਿੰਘ ਦੀ ਕਹਾਣੀ ਪੁੱਛੀ, ਜਿਨ੍ਹਾਂ ਨੇ ਲੱਖਾਂ ਨੂੰ ਸਿਰ ਰਹਿਤ ਕਰ ਦਿੱਤਾ ਸੀ, ਭਾਵ ਮਾਰ ਦਿੱਤਾ ਸੀ॥ ੨੫॥

'ਸ੍ਰੀ ਪ੍ਰਭੁ! ਅਬਿ ਕੀਜੈ ਉਤ ਸ਼ਾਂਤੀ। ਦ੍ਵੈਸ਼ੀ ਭਏ ਆਪ ਕੇ ਘਾਤੀ।
ਆਦਿ ਵਜ਼ੀਦੇ ਖੋਜ ਨ ਪਾਏ। ਜ਼ਬਰਦਸਤ ਸੇ ਸਕਲ ਖਪਾਏ॥ ੨੬॥

"ਹੇ ਸਤਿਗੁਰੂ ਜੀ! ਓਧਰ ਹੁਣ ਸ਼ਾਂਤੀ ਵਰਤਾਓ, ਆਪ ਜੀ ਦੇ ਸਾਰੇ ਦ੍ਵੈਸ਼ੀ ਮਾਰੇ ਗਏ ਹਨ। ਵਜੀਦਾ ਆਦਿ ਹੁਣ ਲੱਭਣ ਨਾਲ ਵੀ ਨਹੀਂ ਲੱਭਦੇ ਹਨ, ਜ਼ਬਰਦਸਤ ਖਾਨ ਵਰਗੇ ਸਾਰੇ ਖਪਾ ਦਿੱਤੇ ਹਨ॥ ੨੬॥

ਖੱਤ੍ਰੀ ਝੂਠਾਨੰਦ ਪ੍ਰਹਾਰਾ। ਸੈਲ ਦੇਸ਼ ਸਭਿ ਮਾਰਿ ਉਜਾਰਾ।
ਦਿਨ ਪ੍ਰਤਿ ਸੁਧਿ ਪਹੁੰਚਤਿ ਮੁਝ ਪਾਸੀ। ਸਭਿ ਪੰਜਾਬ ਬਿਸਾਲ ਬਿਨਾਸ਼ੀ' ॥੨੭॥

ਖੱਤ੍ਰੀ ਝੂਠਾਨੰਦ ਵੀ ਮਾਰ ਦਿੱਤਾ ਹੈ, ਪਹਾੜੀ ਦੇਸ਼ ਸਾਰਾ ਮਾਰ ਕੇ ਉਜਾੜ ਦਿੱਤਾ ਹੈ। ਹਰ ਰੋਜ਼ ਦੀ ਮੈਨੂੰ ਖ਼ਬਰ ਪਹੁੰਚਦੀ ਹੈ, ਸਾਰਾ ਪੰਜਾਬ ਬੁਰੀ ਤਰ੍ਹਾਂ ਵਿਨਾਸ਼ ਹੋ ਗਿਆ ਹੈ"॥ ੨੭॥

ਸ੍ਰੀ ਮੁਖ ਤੇ ਫੁਰਮਾਵਨ ਕਰਜੋ। 'ਬਜਾਹ ਭਏ ਤੇ ਤੇਜ ਪ੍ਰਹਰਜੋ।
ਬਹੁਰ ਖਾਲਸਾ ਹੋਇ ਨਿਆਰਾ। ਹੇਤੁ ਨਾਸ਼ ਕੋ ਭਾ ਹੰਕਾਰਾ॥ ੨੮॥

ਫਿਰ ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਬੰਦੇ ਦਾ ਨਾਸ਼ ਵਿਆਹ ਕਰਨ ਨਾਲ ਹੋਵੇਗਾ। ਫਿਰ ਖਾਲਸਾ ਵੱਖਰਾ ਹੋ ਜਾਵੇਗਾ, ਨਾਸ਼ ਹੋਣ ਵਾਸਤੇ ਹੀ ਉਸ ਹੰਕਾਰ ਧਾਰਨ ਕੀਤਾ ਹੈ॥ ੨੮॥

ਪ੍ਰਾਪਤਿ ਪਲਟੇ ਸਕਲ ਹਮਾਰੇ। ਗਿਰਪਤਿ ਦੁਸ਼ਟ ਅਨਿਸ਼ਟ ਪ੍ਰਹਾਰੇ।
ਪੁਰਿ ਸਿਰੰਦ ਕੋ ਮਾਰਿ ਉਜਾਰਾ। ਅਬਿ ਨਿਕਸੇ ਕਰਿ ਜੰਗ ਅਖਾਰਾ॥ ੨੯॥

ਸਾਡੇ ਸਾਰੇ ਬਦਲੇ ਪ੍ਰਾਪਤ ਹੋ ਗਏ ਹਨ, ਝਗੜਾ ਕਰਨ ਵਾਲੇ ਦੁਸ਼ਟ ਪਹਾੜੀ ਰਾਜੇ ਸਾਰੇ ਮਾਰ ਦਿੱਤੇ ਹਨ। ਸਿਰਹੰਦ ਦੀ ਨਗਰੀ ਨੂੰ ਮਾਰ ਕੇ ਉਜਾੜ ਦਿੱਤਾ ਹੈ। ਹੁਣ ਜੰਗ ਦਾ ਅਖਾੜਾ ਕਰਕੇ ਨਿਕਲੇਗਾ॥ ੨੯॥

ਲਸ਼ਕਰ ਤੇ ਸੋ ਗਯੋ ਪਲਾਈ। ਦੁਰਗ ਬਿਖੇ ਘੇਰੋ ਪਰਿ ਜਾਈ।
ਤੋਹਿ ਬੈਸ ਲਗਿ ਸਲਤਨ ਸਾਰੀ। ਬਨੀ ਰਹੈ ਹਮ ਜਥਾ ਉਚਾਰੀ॥ ੩੦॥

ਜਿਹੜਾ ਉਸ ਦਾ ਲਸ਼ਕਰ ਸੀ, ਉਹ ਸਾਰਾ ਭੱਜ ਗਿਆ ਹੈ, ਕਿਲ੍ਹੇ ਦੇ ਦੁਆਲੇ ਘੇਰਾ ਪੈ ਜਾਵੇਗਾ। ਤੇਰੀ ਉਮਰ ਤਕ ਸਾਰੀ ਸਲਤਨਤ ਬਣੀ ਰਹੇਗੀ, ਜਿਵੇਂ ਅਸੀਂ ਪਹਿਲਾਂ ਉਚਾਰਨ ਕੀਤਾ ਹੈ॥ ੩੦॥

ਪਾਛੇ ਘਨੇ ਉਠਹਿਂ ਉਤਪਾਤਾ। ਉਜਰਹਿ ਦੇਸ਼ ਹੋਹਿਂ ਨਰ ਘਾਤਾ।
ਜਿਨ ਕੋ ਕੋਇ ਨ ਸਕਹਿ ਮਿਟਾਈ। ਐਸੇ ਪਰਹਿ ਰੋਰ ਸਮੁਦਾਈ॥ ੩੧॥

ਤੇਰੇ ਬਾਅਦ ਵਿਚ ਬਹੁਤ ਉਪੱਦਰ ਉੱਠਣਗੇ, ਸਾਰਾ ਦੇਸ਼ ਉੱਜੜ ਜਾਵੇਗਾ ਤੇ ਮਨੁੱਖਾਂ ਦਾ ਕਤਲੇਆਮ ਹੋ ਜਾਵੇਗਾ। ਜਿਸ ਰੌਲੇ ਨੂੰ ਕੋਈ ਵੀ ਨਹੀਂ ਮਿਟਾ ਸਕੇਗਾ, ਸਾਰੇ ਦੇਸ਼ ਵਿਚ ਐਸਾ ਰੌਲਾ ਪੈ ਜਾਵੇਗਾ॥ ੩੧॥

ਤੋਹਿ ਬਾਪ ਕਿਯ ਪਾਪ ਕਲਾਪੇ। ਤਿਸ ਕਰਿ ਕੁਲ ਤੇ ਸਲਤਨ ਖਾਪੇ।
ਅਵਨੀ ਪਤਿ ਹ੍ਵੈਂ ਅਨਿਕ ਪ੍ਰਕਾਰੇ। ਅਰਨਿ ਲਰਨਿ ਅਰੁ ਅਰਿਨਿ ਪ੍ਰਹਾਰੇ' ॥੩੨॥

ਤੁਹਾਡੇ ਬਾਪ ਦੇ ਸਾਰੇ ਪਾਪਾਂ ਕਰਕੇ ਤੁਹਾਡੀ ਕੁਲ ਅਤੇ ਸਲਤਨਤ ਖਤਮ ਹੋ ਜਾਵੇਗੀ। ਅਨੇਕ ਪ੍ਰਕਾਰ ਦੇ ਹੋਰ ਲੋਕ ਧਰਤੀ ਦੇ ਮਾਲਕ ਹੋ ਜਾਣਗੇ, ਅੜ ਕੇ ਲੜਨਗੇ ਅਤੇ ਵੈਰੀਆਂ ਨੂੰ ਮਾਰਨਗੇ'' ॥ ੩੨॥

ਸੁਨਿ ਕਰਿ ਸ਼ਾਹੁ ਬਹਾਦਰ ਹਰਖਜੇ। ਮੋਹਿ ਰਾਜ ਥਿਰ ਹੁਇ ਉਰ ਪਰਖਜੇ।
ਪਾਛੇ ਕੀ ਪਾਛੇ ਹੁਇ ਜੈਸੇ। ਕਰਹਿ ਖ਼ੁਦਾਇ ਲਖਹਿ ਕੋ ਕੈਸੇ॥ ੩੩॥

ਇਹ ਸੁਣ ਕੇ ਬਹਾਦਰ ਸ਼ਾਹ ਬਹੁਤ ਪ੍ਰਸੰਨ ਹੋਇਆ, ਹਿਰਦੇ ਵਿਚ ਇਹ ਜਾਣਿਆ ਕਿ ਮੇਰਾ ਰਾਜ ਸਥਿਰ ਰਹੇਗਾ। ਬਾਅਦ ਵਿਚ ਜੋ ਕੁਝ ਹੋਣਾ ਹੈ, ਹੁੰਦਾ ਰਹੇ, ਉਹ ਸਭ ਖ਼ੁਦਾ ਕਰੇਗਾ, ਕੋਈ ਕਿਵੇਂ ਸਮਝੇਗਾ॥ ੩੩॥

'ਸ੍ਰੀ ਸਤਿਗੁਰ ਤੁਮ ਮੋਹਿ ਸਹਾਇਕ। ਭੂਤ ਭਵਿੱਖ ਵਿਘਨ ਕੇ ਘਾਇਕ।
ਸ਼ਰਨ ਪਰੇ ਕੀ ਪਤਿ ਮਮ ਰਾਖਾ। ਭਈ ਸਾਚ ਜਿਮ ਰਾਵਰ ਭਾਖੀ॥ ੩੪॥

''ਹੇ ਸਤਿਗੁਰੂ ਜੀ! ਤੁਸੀਂ ਮੇਰੇ ਸਹਾਇਕ ਹੋ, ਭੂਤ ਭਵਿੱਖ ਦੇ ਵਿਘਨਾਂ ਦਾ ਨਾਸ਼ ਕਰਨ ਵਾਲੇ ਹੋ। ਮੇਰੀ ਸ਼ਰਨ ਪਏ ਦੀ ਇੱਜ਼ਤ ਰੱਖੀ ਹੈ, ਉਸ ਪ੍ਰਕਾਰ ਹੀ ਸੱਚੀ ਗੱਲ ਹੋਈ ਹੈ, ਜਿਵੇਂ ਆਪ ਜੀ ਨੇ ਕਿਹਾ ਸੀ॥ ੩੪॥

ਦਿਹੁ ਆਇਸੁ ਅਬਿ ਕਰੌਂ ਚਢਾਈ। ਦਰਸ਼ਨ ਕਰੌਂ ਬਹੁਰ ਮੈਂ ਆਈ'।
ਸ੍ਰੀ ਮੁਖ ਤੇ ਮੁਸਕਤਿ ਫੁਰਮਾਯੋ। 'ਦਰਸ਼ਨ ਹੋਇ ਰਹੇ ਜਿਮ ਭਾਯੋ॥ ੩੫॥

ਹੁਣ ਆਗਿਆ ਦੇਵੋ ਚੜ੍ਹਾਈ ਕਰਾਂ, ਫਿਰ ਮੈਂ ਆ ਕੇ ਆਪ ਜੀ ਦੇ ਦਰਸ਼ਨ ਕਰਾਂਗਾ।'' ਸਤਿਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਫੁਰਮਾਇਆ, ''ਹੁਣ ਦਰਸ਼ਨ ਹੋ ਰਹੇ ਹਨ, ਅਗੋਂ ਜਿਵੇਂ ਮਾਲਕ ਨੂੰ ਭਾਵੇਗਾ॥ ੩੫॥

ਗਮਨਹੁ ਬਿਚਰਹੁ ਦੱਖਿਣ ਦੇਸ਼। ਕਰਿ ਲੀਜੈ ਅਨੁਸਾਰਿ ਅਸ਼ੇਸ਼।
ਪੁਨ ਦਿੱਲੀ ਕੇ ਤਖਤ ਸੁਹਾਵਹੁ। ਆਰਬਲਾ ਲਗਿ ਰਾਜ ਕਮਾਵਹੁ ॥ ੩੬॥

ਦੱਖਣ ਦੇਸ਼ ਵਿਚ ਜਾਵੋ ਅਤੇ ਵਿਚਰੋ, ਬਾਕੀਆਂ ਨੂੰ ਵੀ ਆਪਣੀ ਆਗਿਆ ਅਨੁਸਾਰ ਕਰ ਲਵੋ। ਫਿਰ ਦਿੱਲੀ ਦੇ ਤਖਤ ਉੱਪਰ ਬੈਠ ਕੇ ਸ਼ੋਭਾ ਪਾਵੋ ਤੇ ਆਪਣੀ ਉਮਰ ਤਕ ਰਾਜ ਕਮਾਉ'' ॥ ੩੬॥

ਉਠਜੋ ਬੰਦਨਾ ਕਰਿ ਤਬਿ ਸ਼ਾਹੂ। ਸਿਰੋਪਾਉ ਦੀਨਾ ਗੁਰ ਤਾਹੂ।
ਅਪਰ ਨਮੋ ਕਰਿ ਸੰਗ ਸਿਧਾਰੇ। ਸਿਫਤ ਉਚਰਿਤੇ ਸਿਵਰ ਪਧਾਰੇ॥ ੩੭॥

ਫਿਰ ਬਾਦਸ਼ਾਹ ਬੰਦਨਾ ਕਰਕੇ ਉੱਠ ਪਿਆ, ਫਿਰ ਗੁਰੂ ਜੀ ਨੇ ਉਸ ਨੂੰ ਸਿਰੋਪਾ ਬਖਸ਼ਿਆ। ਦੂਸਰੇ ਲੋਕ ਵੀ ਬੰਦਨਾ ਕਰਕੇ, ਬਹਾਦਰ ਸ਼ਾਹ ਦੇ ਨਾਲ ਚਲੇ ਗਏ ਤੇ ਸਤਿਗੁਰੂ ਜੀ ਦੀਆਂ ਸਿਫਤਾਂ ਕਰਦੇ ਡੇਰੇ ਚਲੇ ਗਏ॥ ੩੭॥

ਨਿਸ ਬਿਤਾਇ ਪ੍ਰਾਤੀ ਚਢਿ ਗਯੋ। ਦੱਖਿਣ ਦੇਸ਼ ਬਿਚਰਤੋ ਭਯੋ।
ਅਬਚਲ ਨਗਰ ਗੁਰੂ ਥਿਰ ਰਹੇ। ਕਰਨਿ ਪਯਾਨ ਬੈਕੁੰਠੇ ਚਹੇ॥ ੩੮॥

ਰਾਤ ਉਥੇ ਹੀ ਬਤੀਤ ਕਰਕੇ, ਸਵੇਰੇ ਚੜ੍ਹਾਈ ਕਰਕੇ ਚਲੇ ਗਿਆ ਤੇ ਦੱਖਣ ਦੇਸ ਵਿਚ ਵਿਚਰਨ ਲੱਗਾ। ਗੁਰੂ ਜੀ ਅਬਚਲ ਨਗਰ ਵਿਚ ਸਥਿਤ ਰਹੇ। ਹੁਣ ਬੈਕੁੰਠ ਜਾਣਾ ਚਾਹੁੰਦੇ ਸਨ॥ ੩੮॥

*ਦੂਸਰੇ ਐਨ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥*

## *ਅਧਿਆਇ ਸਤਾਰ੍ਹਵਾਂ*

### *ਗੁਲ ਖ਼ਾਂ ਪਠਾਣ*

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਦੋਇ ਸਮੈਂ ਮਹਿਂ ਖਾਲਸਾ ਆਵੈ ਦਰਸ਼ਨ ਪਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਦੋਵੇਂ ਸਮੇਂ ਖਾਲਸਾ ਆ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ॥੧॥

ਚੌਪਈ- ਚਹੁੰਦਿਸ਼ਿ ਲਗਹਿ ਦਿਵਾਨ ਬਿਸਾਲਾ। ਗੁਰਬਾਣੀ ਧੁਨਿ ਸੁਨਤਿ ਰਸਾਲਾ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ। ਸ੍ਰੀ ਗੋਬਿੰਦ ਸਿੰਘ ਬੀਚ ਸੁਹਾਵਹਿਂ॥੨॥

ਚਾਰੇ ਪਾਸੇ ਵਿਸ਼ਾਲ ਦੀਵਾਨ ਲੱਗਦਾ ਸੀ ਤੇ ਗੁਰਬਾਣੀ ਦੀ ਰਸੀਲੀ ਧੁਨੀ ਸੁਣਾਈ ਦਿੰਦੀ ਸੀ। ਗੁਰੂ ਜੀ ਵਸਤਰ ਸ਼ਸਤਰ ਆਪਣੇ ਅੰਗਾਂ ਉੱਪਰ ਸਜਾਉਂਦੇ ਸਨ, ਸਤਿਗੁਰੂ ਜੀ ਸਭ ਦੇ ਵਿਚ ਬੈਠ ਕੇ ਸ਼ੋਭਦੇ ਸਨ॥ ੨॥

ਜਿਮ ਜੱਛਨ ਮਹਿਂ ਥਿਰੇ ਕੁਬੇਰ। ਦੇਤਿ ਕਾਮਨਾ ਸਭਿਨਿ ਬਡੇਰ।
ਕਿਧੌਂ ਦੇਵਤਾ ਬ੍ਰਿੰਦਨਿ ਬਿਖੈ। ਰਾਜ ਸਚੀ ਜੁਤ ਸੁਰਪਤਿ ਪਿਖੈ॥ ੩॥

ਜਿਵੇਂ ਜੱਛਾਂ ਵਿਚ ਕੁਬੇਰ ਬੈਠਦਾ ਹੈ ਤੇ ਸਾਰਿਆਂ ਨੂੰ ਮੂੰਹ ਮੰਗੀਆਂ ਕਾਮਨਾਂ ਦਿੰਦਾ ਹੈ। ਜਿਵੇਂ ਬਹੁਤ ਸਾਰੇ ਦੇਵਤਿਆਂ ਵਿਚ, ਇੰਦ੍ਰਾਣੀ ਸਚੀ ਸਹਿਤ ਰਾਜਾ ਇੰਦਰ ਜੀ ਦਿੱਸਦੇ ਹਨ॥ ੩॥

ਮੁਨਿਨ ਸਭਾ ਮਹਿਂ ਕੈ ਰਘੁਬੀਰਾ। ਧਰਿ ਕਟ ਖੜਗ ਹਾਥ ਧਨੁ ਤੀਰਾ।
ਕੈ ਜਾਦਵ ਪੁੰਜਨਿ ਕੇ ਸਹਤ। ਥਿਰੇ ਸ਼ਯਾਮਘਨ ਸੁੰਦਰ ਮਹਤ॥ ੪॥

ਜਿਵੇਂ ਮੁਨੀਆਂ ਦੀ ਸਭਾ ਵਿਚ ਰਾਮਚੰਦਰ ਜੀ ਬੈਠੇ ਹੋਣ। ਕਮਰਕੱਸੇ ਨਾਲ ਤਲਵਾਰ ਬੰਨ੍ਹਦੇ ਸਨ ਤੇ ਧਨੁੱਖ ਬਾਣ ਹੱਥ ਵਿਚ ਫੜਦੇ ਸਨ। ਜਾਂ ਯਾਦਵਾਂ ਦੇ ਸਮੂਹ ਵਿਚ ਸੁੰਦਰ ਕ੍ਰਿਸ਼ਨ ਜੀ ਬੈਠੇ ਸਨ॥ ੪॥

ਕ੍ਰਿਪਾ ਕਟਾਛਨਿ ਤੇ ਅਵਿਲੋਕ। ਕਰਤਿ ਛਿਨਕ ਮਹਿਂ ਦਾਸ ਅਸ਼ੋਕ।
ਸੁਭ ਉਪਦੇਸ਼ ਦੇਤਿ ਸਭਿ ਕਾਹੂੰ। ਜਥਾ ਕਪਲਮੁਨਿ ਨਿਜ ਸਿਖ ਮਾਹੂੰ॥੫॥

ਸਤਿਗੁਰੂ ਜੀ ਕਿਰਪਾ-ਦ੍ਰਿਸ਼ਟੀ ਨਾਲ ਸਭ ਵੱਲ ਵੇਖ ਰਹੇ ਸਨ, ਉਹ ਇਕ ਛਿਣ ਵਿਚ ਆਪਣੇ ਦਾਸਾਂ ਨੂੰ ਸ਼ੋਕ ਰਹਿਤ ਕਰ ਦਿੰਦੇ ਸਨ। ਸਾਰਿਆਂ ਨੂੰ ਸ਼ੁਭ ਉਪਦੇਸ਼ ਦਿੰਦੇ ਸਨ, ਜਿਵੇਂ ਕਪਲਮੁਨੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ॥ ੫॥

ਬ੍ਰਹਮ ਗ੍ਯਾਨ ਕੋ ਕਰਤਿ ਉਚਾਰਨ। ਜਿਮ ਚਤੁਰਾਨਨ ਕੈਵਲ ਕਾਰਨ।
ਜਹਿਂ ਕਹਿਂ ਸੇਵਕ ਹੋਤਿ ਸਹਾਈ। ਜਿਮ ਪਦਮਾਪਤਿ ਤੂਰਨ ਧਾਈ॥ ੬॥

ਬ੍ਰਹਮ-ਗਿਆਨ ਦਾ ਉਚਾਰਨ ਕਰਦੇ ਸਨ, ਜਿਵੇਂ ਬ੍ਰਹਮਾ ਪਰਮਗਤੀ ਦੇਣ ਵਾਸਤੇ ਬ੍ਰਹਮ-ਗਿਆਨ ਦਾ ਉਚਾਰਨ ਕਰਦੇ ਹਨ। ਜਿੱਥੇ ਕਿੱਥੇ ਆਪਣੇ ਸੇਵਕਾਂ ਦੇ ਸਹਾਇਕ ਹੁੰਦੇ ਹਨ, ਜਿਵੇਂ ਵਿਸ਼ਨੂੰ ਜੀ ਤੁਰਤ ਦੌੜ ਕੇ ਜਾਂਦੇ ਹਨ॥ ੬॥

ਅਨੰਦਾਤਮ ਮਹਿਂ ਨਿਸ਼ਚਾ ਨਿਸ ਦਿਨ। ਜਥਾ ਅਡੋਲ ਸ਼ੰਭੂ ਕੋ ਦਿਢ ਮਨ।
ਕਵਿਤਾ ਕਰਨਿ ਚਹਤਿ ਸਮ ਬ੍ਯਾਸਾ। ਰਚੇ ਗ੍ਰੰਥੇ ਬਰਨੇ ਇਤਿਹਾਸਾ॥ ੭॥

ਆਤਮਾ ਦੇ ਆਨੰਦ ਵਿਚ ਦਿਨ ਰਾਤ ਨਿਸ਼ਚਾ ਰੱਖਦੇ ਹਨ, ਜਿਵੇਂ ਸ਼ੰਭੂ ਦਾ ਦ੍ਰਿੜ੍ਹ ਮਨ ਸਦਾ ਅਡੋਲ ਰਹਿੰਦਾ ਹੈ। ਵੇਦ ਵਿਆਸ ਵਾਂਗ ਕਵਿਤਾ ਕਰਨੀ ਚਾਹੁੰਦੇ ਹਨ, ਜਿਵੇਂ ਗ੍ਰੰਥ ਰਚ ਕੇ ਉਨ੍ਹਾਂ ਇਤਿਹਾਸ ਵਰਣਨ ਕੀਤਾ ਸੀ॥ ੭॥

ਧਨੁ ਬਿੱਦਯਾ ਮਹਿਂ ਪ੍ਰੀਤਿ ਨਿਬਾਹੀ। ਜਿਮ ਅਰਜਨ ਸਗਰੀ ਬਯ ਮਾਂਹੀ।
ਦਏ ਕਵਿਨਿ ਕੋ ਦਾਨ ਘਨੇਰੇ। ਮੁਕਤਾ ਹੀਰੇ ਚੀਰ ਅਛੇਰੇ॥ ੮॥

ਧਨੁੱਖ ਵਿਦਿਆ ਵਿਚ ਪ੍ਰੀਤ ਨਿਭਾਹੀ ਹੈ, ਜਿਵੇਂ ਅਰਜਨ ਨੇ ਸਾਰੀ ਉਮਰ ਲੰਘਾਈ ਸੀ। ਕਵੀਆਂ ਨੂੰ ਬਹੁਤ ਦਾਨ ਦਿੱਤੇ ਹਨ। ਮੋਤੀ, ਹੀਰੇ ਅਤੇ ਚੰਗੇ ਵਸਤਰ ਦਿੱਤੇ ਹਨ॥ ੮॥

ਬਾਵਨ ਕਵਿ ਸਮੀਪ ਹੀ ਰਹੈਂ। ਪਾਯੋ ਦਰਬ ਜਿਤਿਕ ਚਿਤ ਚਹੈਂ।
ਭਾਰਥ ਆਦਿਕ ਗ੍ਰਿੰਥ ਬਨਾਏ। ਛੰਦ ਬੰਦ ਗੁਨੀਅਨਿ ਮਨ ਭਾਏ॥ ੯॥

ਬਵੰਜਾ ਕਵੀ ਸਦਾ ਪਾਸ ਹੀ ਰਹਿੰਦੇ ਹਨ, ਜਿੰਨਾ ਚਿੱਤ ਵਿਚ ਚਾਹੁੰਦੇ ਹਨ, ਓਨਾ ਹੀ ਧਨ ਪਾਉਂਦੇ ਹਨ। ਭਾਰਥ ਆਦਿ ਗ੍ਰੰਥ ਬਣਾਏ ਹਨ। ਛੰਦਾਬੰਦੀ ਗੁਣਵਾਨਾਂ ਦੇ ਮਨ ਨੂੰ ਚੰਗੀ ਲੱਗਦੀ ਹੈ॥ ੯॥

ਜਥਾ ਬਿੱਕ੍ਰਮਾਜੀਤ ਉਦਾਰਾ। ਦਿਯੋ ਦਾਨ ਤਿਮ ਜਸੁ ਬਿਸਤਾਰਾ।
ਸਤਿਗੁਰ ਕੇ ਗੁਨ ਕਵਿਨਿ ਬਖਾਨੇ। ਸ਼ੇਸ਼ ਸ਼ਾਰਦਾ ਲਖਿ ਸੁਕਚਾਨੇ॥ ੧੦॥

ਜਿਵੇਂ ਬਿਕ੍ਰਮਾਜੀਤ ਵੱਡਾ ਸਖੀ ਸੀ, ਉਸ ਪ੍ਰਕਾਰ ਹੀ ਦਾਨ ਦਿੱਤਾ ਹੈ ਤੇ ਜੱਸ ਸਾਰੇ ਫੈਲਿਆ ਹੈ। ਸਤਿਗੁਰੂ ਜੀ ਦੇ ਗੁਣ ਕਵੀਆਂ ਨੇ ਕੀ ਬਿਆਨ ਕਰਨੇ ਹਨ, ਸ਼ਾਰਦਾ ਆਪ ਵੀ ਜਾਣ ਕੇ ਸੁੰਘੜ ਜਾਂਦੀ ਹੈ॥੧੦॥

ਲੀਲਾ ਕਰੀ ਮਾਨਵੀ ਜੈਸੇ। ਕੁਛਕੁ ਕਰੀ ਬਰਨਨ ਮੈਂ ਤੈਸੇ।
ਮਿਸਰੀ ਗਿਰਿ ਪਪੀਲਕਾ ਪਾਵੈ। ਜਿਤਿਕ ਸ਼ਕਤਿ ਸੋ ਬਦਨ ਉਠਾਵੈ॥੧੧॥

ਜਿਵੇਂ ਸਤਿਗੁਰੂ ਜੀ ਨੇ ਮਾਨਵੀ ਲੀਲ੍ਹਾ ਕੀਤੀ ਸੀ, ਉਸ ਪ੍ਰਕਾਰ ਮੈਂ ਵੀ ਕੁਝ ਵਰਣਨ ਕੀਤੀ। ਮਿਸਰੀ ਦਾ ਪਹਾੜ ਜਿਵੇਂ ਕੀੜੀ ਪਾ ਲੈਂਦੀ ਹੈ, ਜਿੰਨੀ ਉਸ ਵਿਚ ਸ਼ਕਤੀ ਹੈ, ਉਸ ਨਾਲ ਹੀ ਮੂੰਹ ਖੋਲ੍ਹ ਕੇ ਚੁੱਕ ਸਕਦੀ ਹੈ॥੧੧॥

ਇਕ ਦਿਨ ਬੈਠੇ ਸਹਜ ਸੁਭਾਇ। ਚਹੁਂ ਦਿਸ਼ਿ ਬਿਖੈ ਸਿੰਘ ਸਮੁਦਾਇ।
ਪੁੱਤ੍ਰ ਪਠਾਨ ਤਬੈ ਚਲਿ ਆਯੋ। ਕਰਿ ਸਲਾਮ ਕੋ ਸੀਸ ਨਿਵਾਯੋ॥ ੧੨॥

ਇਕ ਦਿਨ ਸਤਿਗੁਰੂ ਜੀ ਸਹਿਜ ਸੁਭਾਅ ਬੈਠੇ ਸਨ, ਚਾਰੇ ਪਾਸੇ ਸਾਰੇ ਸਿੱਖ ਫਿਰ ਰਹੇ ਸਨ। ਇਕ ਪਠਾਣ ਦਾ ਪੁੱਤਰ ਫਿਰ ਚਲ ਕੇ ਆਇਆ ਤੇ ਸਲਾਮ ਕਰਕੇ ਉਸ ਸਿਰ ਨਿਵਾਇਆ॥੧੨॥

ਸ਼ਮਸ਼ ਨਹੀਂ ਜਿਸ ਮੁਖ ਪਰ ਆਈ। ਭਰੀ ਨਹੀਂ ਬਹੁ ਤਨ ਤਰੁਨਾਈ।
ਅਦਬ ਸਾਥ ਆਗੇ ਰਹਿ ਖਰਜੋ। ਸ੍ਰੀ ਮੁਖ ਤੇ ਕਹਿ ਬੂਝਨਿ ਕਰਜੋ॥ ੧੩ ॥

ਉਸ ਦੇ ਮੂੰਹ ਉੱਪਰ ਹਾਲੀਂ ਦਾੜ੍ਹੀ ਨਹੀਂ ਸੀ ਆਈ, ਸਰੀਰ ਉੱਪਰ ਹਾਲੇ ਪੂਰੀ ਜਵਾਨੀ ਪ੍ਰਗਟ ਨਹੀਂ ਸੀ ਹੋਈ। ਬੜੇ ਅਦਬ ਨਾਲ ਉਹ ਗੁਰੂ ਜੀ ਦੇ ਅੱਗੇ ਖੜਾ ਰਿਹਾ। ਸਤਿਗੁਰੂ ਜੀ ਨੇ ਮੁਖ ਤੋਂ ਕਹਿ ਕੇ ਉਸ ਨੂੰ ਪੁੱਛਿਆ॥੧੩॥

'ਕੌਨ ਮਰਦ ਦੀਨੋ ਕਿਤ ਆਵਨ? ਕੌਨ ਨਾਮ ਹੈ ਕਰਹੁ ਬਤਾਵਨ?।
ਕੌਨ ਦੇਸ਼ ਕਿਸ ਪੁਰਿ ਘਰ ਤੇਰੇ? ਕੌਨ ਮਨੋਰਥ ਕੋ ਉਰ ਲੇਰੇ॥ ੧੪ ॥

"ਤੂੰ ਕੌਣ ਹੈਂ ਅਤੇ ਕਿਸ ਵਾਸਤੇ ਆਇਆ ਹੈਂ, ਤੇਰਾ ਨਾਮ ਕੀ ਹੈ, ਇਹ ਦੱਸੋ? ਕਿਹੜਾ ਦੇਸ਼ ਹੈ ਜਿੱਥੇ ਤੇਰਾ ਘਰ ਹੈ, ਕਿਹੜਾ ਮਨੋਰਥ ਤੂੰ ਦਿਲ ਵਿਚ ਧਾਰਨ ਕੀਤਾ ਹੈ॥੧੪॥

ਕੌਨ ਨਾਮ ਹੈ ਪਿਤਾ ਪਿਤਾਮਾ? ਕਹੁ ਪ੍ਰਸੰਗ ਕੈਸੇ ਤਜਿ ਧਾਮਾ?'।
ਸੁਨਿ ਪਠਾਨ ਕੇ ਪੂਤ ਉਚਾਰਾ। 'ਹੁਤੋ ਪੈਦ ਖਾਂ ਦਾਦ ਹਮਾਰਾ॥ ੧੫ ॥

ਤੇਰੇ ਪਿਤਾ ਪਿਤਾਮਾ ਦਾ ਕੀ ਨਾਮ ਹੈ, ਸਾਰਾ ਪ੍ਰਸੰਗ ਦੱਸੋ ਕਿਵੇਂ ਘਰ ਛੱਡਿਆ ਹੈ?" ਇਹ ਸੁਣ ਕੇ ਪਠਾਣ ਦੇ ਪੁੱਤ ਨੇ ਕਿਹਾ, "ਪੈਂਦੇ ਖਾਂ ਮੇਰਾ ਦਾਦਾ ਸੀ॥੧੫॥

*ਨੋਟ :- ਹੁਣ ਤਕ ਪ੍ਰਾਪਤ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਜੀ ਨੂੰ ਮਾਰਨ ਵਾਸਤੇ ਵਜੀਰ ਖਾਂ ਨੇ ਇਕ ਸਿਰਹੰਦੀ ਪਠਾਣ ਨੂੰ ਭੇਜਿਆ ਸੀ। ਉਹ ਪਹਿਲਾਂ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਨੂੰ ਮਿਲਿਆ ਸੀ ਤਾਂ ਉਨ੍ਹਾਂ ਪਾਸੋਂ ਗੁਰੂ ਜੀ ਦਾ ਟਿਕਾਣਾ ਪੁੱਛ ਕੇ ਆਇਆ ਸੀ। ਪੈਂਦੇ ਖਾਂ ਦੇ ਪੋਤਰੇ ਵਾਲੀ ਕਹਾਣੀ ਸਰਾਸਰ ਗ਼ਲਤ ਹੈ।*

ਨਾਮ ਪਦਰ ਕੋ ਸੰਧੇਖਾਨਾ। ਗੁਲਖਾਂ ਮੇਰੋ ਨਾਮ ਬਖਾਨਾ।
ਮਰਦ ਪਠਾਨ ਆਪ ਪਹਿਚਾਨੋ। ਦੇਸ਼ ਨਗਰ ਘਰ ਦੂਰ ਮਹਾਨੋ॥ ੧੬ ॥

ਮੇਰੇ ਪਿਤਾ ਜੀ ਦਾ ਨਾਮ ਸੰਧੇ ਖਾਨ ਹੈ ਤੇ ਗੁਲ ਖਾਂ ਨਾਮ ਨਾਲ ਮੈਨੂੰ ਪੁਕਾਰਦੇ ਹਨ। ਮੈਂ ਪਠਾਣ ਮਰਦ ਹਾਂ, ਆਪ ਜੀ ਪਹਿਚਾਣ ਲਵੋ, ਮੇਰਾ ਦੇਸ਼ ਤੇ ਨਗਰ ਬਹੁਤ ਦੂਰ ਹੈ॥੧੬॥

*ਨੋਟ :- ਕਵੀ ਜੀ ਨੇ ਇਹ ਆਪ ਹੀ ਕਹਾਣੀ ਘੜੀ ਹੈ, ਕਵੀ ਜੀ ਦੇ ਸਮੇਂ ਤਕ ਅਸਲ ਸਚਾਈ ਦਾ ਪਤਾ ਨਹੀਂ ਸੀ ਲੱਗ ਸਕਿਆ। ਪਠਾਣ ਸਿਰਹੰਦ ਤੋਂ ਆਇਆ ਹੈ ਤੇ ਗੁਰੂ ਜੀ ਦਾ ਪੁਰਾਣਾ ਵਿਸ਼ਵਾਸ ਪ੍ਰਾਪਤ ਮਿੱਤਰ ਹੈ। ਕਾਤਲ ਦੇ ਇਸ ਯਤਨ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਢੇ ਦਿਲ ਨਾਲ ਨਹੀਂ ਗਿਣੀ ਮਿਥੀ ਸਾਜ਼ਿਸ਼ ਨਾਲ ਹੋਇਆ ਹੈ ਤੇ ਸਾਜ਼ਿਸ਼ ਦਾ ਟਿਕਾਣਾ ਸਿਰਹੰਦ ਹੈ।*

ਦ੍ਵਾਬੇ ਬੀਚ ਜਲੰਧਰ ਜ਼ਾਹਿਰ। ਛੋਟਾ ਮੀਰ ਗ੍ਰਾਮ ਤਿਸ ਠਾਹਰ।
ਚਿਰੰਕਾਲ ਚਾਕਰ ਪਤਿਸ਼ਾਹੀ। ਲੇ ਕਰਿ ਦਰਬ ਗੁਜ਼ਰ ਨਿਰਬਾਹੀ॥ ੧੭ ॥

ਦਵਾਬੇ ਵਿਚ ਜਲੰਧਰ ਸ਼ਹਿਰ ਪ੍ਰਗਟ ਹੈ, ਉਸ ਜ਼ਿਲ੍ਹੇ ਵਿਚ ਛੋਟਾ ਮੀਰ ਮੇਰੇ ਪਿੰਡ ਦਾ ਨਾਮ ਹੈ। ਬਹੁਤ ਦੇਰ ਤੋਂ ਬਾਦਸ਼ਾਹ ਦੀ ਨੌਕਰੀ ਕਰ ਰਿਹਾ ਹਾਂ ਤੇ ਧਨ ਲੈ ਕੇ ਗੁਜ਼ਾਰਾ ਕਰਦਾ ਹਾਂ॥੧੭॥

*ਨੋਟ :- ਸ਼ੁਰੂ ਵਿਚ ਲਿਖਿਆ ਹੈ ਕਿ ਮੁੰਡਾ ਹਾਲੇ ਅਣਦਾੜ੍ਹਿਆ ਅਤੇ ਜਵਾਨ ਨਹੀਂ ਸੀ ਹੋਇਆ, ਪਰ ਏਥੇ ਲਿਖਿਆ ਹੈ ਕਿ ਕਾਫ਼ੀ ਸਮੇਂ ਤੋਂ ਉਹ ਬਾਦਸ਼ਾਹ ਦੀ ਨੌਕਰੀ ਕਰ ਰਿਹਾ ਸੀ। ਇਹ ਦੋਵੇਂ ਗੱਲਾਂ ਇਕ ਦੂਸਰੇ ਦੇ ਵਿਰੁੱਧ ਹਨ।*

ਜਨਨੀ ਕਹਿ ਕਰਿ ਮੋਹਿ ਸਿਖਾਯੋ। ਸਭਿ ਗਾਵਰ ਕੋ ਭੇਦ ਬਤਾਯੋ।
ਦਿਲ ਜਮਾਲ ਭਾ ਦਰਸ਼ਨ ਕਰਿਬੇ। ਸਰਬ ਗੁਨਾਹਿ ਸ਼ੀਘ੍ਰ ਪਰਿਹਰਿਬੇ॥੧੮॥

ਮੇਰੀ ਮਾਤਾ ਜੀ ਨੇ ਕਹਿ ਕੇ ਮੈਨੂੰ ਸਿਖਾਇਆ ਹੈ ਤੇ ਆਪ ਜੀ ਬਾਰੇ ਸਾਰਾ ਭੇਦ ਦੱਸਿਆ ਹੈ। ਆਪ ਜੀ ਦੇ ਜਮਾਲ ਦੇ ਦਰਸ਼ਨ ਕਰਨ ਨੂੰ ਦਿਲ ਕੀਤਾ। ਮੇਰੇ ਸਾਰੇ ਗੁਨਾਹ ਬਹੁਤ ਛੇਤੀ ਦੂਰ ਹੋ ਗਏ ਹਨ॥੧੮॥

ਭਯੋ ਪਾਕ ਮੈਂ ਲਹਜੋ ਦਿਦਾਰਾ। ਤੁਮ ਪੀਰਨ ਕੇ ਪੀਰ ਉਦਾਰਾ'।
ਸੁਨਿ ਸਤਿਗੁਰੂ ਖਾਨ ਸਨਮਾਨਾ। ਕਹਜੋ ਸਮੀਪ ਬਿਠਾਵਨਿ ਠਾਨਾ॥੧੯॥

ਮੈਂ ਆਪ ਜੀ ਦੇ ਦਰਸ਼ਨ ਕਰਕੇ ਪਵਿੱਤਰ ਹੋ ਗਿਆ ਹਾਂ, ਤੁਸੀਂ ਵੱਡੇ ਪੀਰਾਂ ਦੇ ਪੀਰ ਹੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਖਾਨ ਦਾ ਸਨਮਾਨ ਕੀਤਾ ਤੇ ਕਹਿ ਕੇ ਆਪਣੇ ਪਾਸ ਬਿਠਾ ਲਿਆ॥੧੯॥

'ਆਵਨ ਕਰਹੁ ਹਮੇਸ਼ ਇਥਾਈਂ। ਦਰਸ਼ਹੁ ਪਰਚਹੁ ਜਿਮ ਉਰ ਭਾਈ'।
ਬੈਠਜੋ ਚਤੁਰ ਘਟੀ ਲਗਿ ਖਾਨ। ਬਹੁਰ ਉਠਜੋ ਧਰਿ ਮਸਤਕ ਪਾਨ॥੨੦॥

ਫਿਰ ਸਤਿਗੁਰੂ ਜੀ ਨੇ ਕਿਹਾ, ''ਏਥੇ ਸਦਾ ਆਇਆ ਕਰੋ ਤੇ ਜਿਵੇਂ ਦਿਲ ਵਿਚ ਚੰਗਾ ਲੱਗੇ ਦਰਸ਼ਨ ਕਰੋ ਅਤੇ ਵਾਕਫੀਅਤ ਪ੍ਰਾਪਤ ਕਰੋ।'' ਚਾਰ ਘੜੀਆਂ ਤਕ ਪਠਾਣ ਉਥੇ ਬੈਠਾ ਰਿਹਾ ਤੇ ਫਿਰ ਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕ ਕੇ ਉੱਠ ਪਿਆ॥ ੨੦॥

ਝੁਕਿ ਸਲਾਮ ਕੀਨੀ ਹੁਇ ਖਰੇ। ਗੁਰਨਿ ਬਿਲੋਕਜੋ ਕਰੁਨਾ ਧਰੇ।
ਪੰਚ ਅਸ਼ਰਫੀ ਬਖਸ਼ਨ ਕੀਨਿ। ਲੇ ਕਰਿ ਗੁਲਖਾਂ ਹਰਖਜੋ ਪੀਨ॥ ੨੧॥

ਖੜੇ ਹੋ ਕੇ ਫਿਰ ਝੁਕ ਕੇ ਸਲਾਮ ਕੀਤੀ ਤੇ ਗੁਰੂ ਜੀ ਨੇ ਕਿਰਪਾ ਕਰਕੇ ਉਸ ਵੱਲ ਵੇਖਿਆ। ਗੁਰੂ ਜੀ ਨੇ ਉਸ ਨੂੰ ਪੰਜ ਅਸ਼ਰਫੀਆਂ ਬਖਸ਼ੀਆਂ, ਇਹ ਲੈ ਕੇ ਪਠਾਣ ਬਹੁਤ ਪ੍ਰਸੰਨ ਹੋਇਆ॥ ੨੧॥

ਪੁਨ ਚਲਿ ਗਯੋ ਆਪਨੇ ਥਾਨਾ। ਜਨਨੀ ਸੰਗ ਪ੍ਰਸੰਗ ਬਖਾਨਾ।
'ਮਿਹਰਬਾਨਗੀ ਕਰੀ ਕ੍ਰਿਪਾਲਾ। ਬਖਸ਼ਜੋ ਆਵਤਿ ਦਰਬ ਬਿਸਾਲਾ॥ ੨੨॥

ਫਿਰ ਚਲ ਕੇ ਆਪਣੇ ਡੇਰੇ ਚਲੇ ਗਿਆ ਤੇ ਆਪਣੇ ਮਾਤਾ ਨੂੰ ਜਾ ਕੇ ਗੁਰੂ ਜੀ ਨਾਲ ਹੋਇਆ ਬੀਤਿਆ ਸਾਰਾ ਪ੍ਰਸੰਗ ਸੁਣਾਇਆ। ਕਹਿਣ ਲੱਗਾ, ''ਕ੍ਰਿਪਾਲੂ ਸਤਿਗੁਰੂ ਜੀ ਨੇ ਬੜੀ ਮਿਹਰਬਾਨੀ ਕੀਤੀ ਹੈ, ਆਉਣ ਲਗਿਆਂ ਮੈਨੂੰ ਬਹੁਤ ਧਨ ਬਖਸ਼ਿਆ ਹੈ॥ ੨੨॥

ਹੁਕਮ ਕਰਜੋ ਇਮ ਆਉ ਹਮੇਸ਼ੂ। ਸੁਨਿ ਮਾਤਾ ਤਿਹ ਹਰਖ ਵਿਸ਼ੇਸ਼ੂ।
ਦਿਵਸ ਆਗਲੇ ਪੁਨ ਚਲਿ ਗਯੋ। ਝੁਕਿ ਸਲਾਮ ਕੋ ਠਾਨਤਿ ਭਯੋ॥ ੨੩॥

ਇਹ ਹੁਕਮ ਵੀ ਕੀਤਾ ਹੈ ਕਿ ਹਮੇਸ਼ਾਂ ਇਸ ਪ੍ਰਕਾਰ ਆਵੇ।'' ਇਹ ਸੁਣ ਕੇ ਮਾਤਾ ਬਹੁਤ ਪ੍ਰਸੰਨ ਹੋਈ। ਅਗਲੇ ਦਿਨ ਪਠਾਣ ਫਿਰ ਚਲ ਕੇ ਗਿਆ ਤੇ ਝੁਕ ਕੇ ਗੁਰੂ ਜੀ ਨੂੰ ਸਲਾਮ ਕੀਤਾ॥ ੨੩॥

ਸਤਿਗੁਰ ਸਾਦਰ ਨਿਕਟਿ ਬਿਠਾਯੋ। ਥਿਰਜੋ ਘਰੀ ਸ੍ਰੀ ਬਦਨ ਅਲਾਯੋ।
'ਚੌਪਰ ਖੇਲ ਲਖਹਿਂ ਕੈ ਨਾਂਹੀਂ'। ਸੁਨਿ ਕੈ ਕਹਜੋ 'ਆਇ ਮਮ ਪਾਹੀ' ॥੨੪॥

ਸਤਿਗੁਰੂ ਜੀ ਨੇ ਫਿਰ ਬੜੇ ਆਦਰ ਨਾਲ ਪਾਸ ਬਿਠਾਇਆ, ਇਕ ਘੜੀ ਬੈਠਾ ਤਾਂ ਸਤਿਗੁਰੂ ਜੀ ਬੋਲੇ, ''ਚੌਪੜ ਦੀ ਖੇਡ ਜਾਣਦਾ ਹੈਂ ਕਿ ਨਹੀਂ।'' ਇਹ ਸੁਣ ਕੇ ਪਠਾਣ ਬੋਲਿਆ, ''ਮੈਨੂੰ ਆਉਂਦੀ ਹੈ'' ॥ ੨੪॥

ਕੋਸ਼ ਬਿਖੈ ਤੇ ਕਹਿ ਅਨਵਾਯੋ। ਤਿਸ ਨਿਜ ਮਹਿਂ ਸੋ ਖੇਲ ਬਿਛਾਯੋ।
ਡਲ ਕੰਚਨ ਕੇ ਚੂੰਨੀ ਜਰੇ। ਤਿਮ ਹੀ ਨਰਦ ਜਗਮਗਾ ਕਰੇ॥ ੨੫॥

ਗੁਰੂ ਜੀ ਨੇ ਖਜ਼ਾਨੇ ਵਿਚੋਂ ਚੌਪੜ ਦੀ ਖੇਡ ਮੰਗਵਾਈ ਤੇ ਆਪਣੇ ਅਤੇ ਉਸ ਪਠਾਣ ਦੇ ਵਿਚਕਾਰ ਵਿਛਾਈ। ਚੌਪੜ ਦੇ ਸਾਰੇ ਨਰਦ ਸੋਨੇ ਚਾਂਦੀ ਨਾਲ ਜੜੇ ਹੋਏ ਸਨ, ਉਸ ਪ੍ਰਕਾਰ ਹੀ ਸਾਰੇ ਨਰਦ ਜਗਮਗਾ ਰਹੇ ਸਨ॥ ੨੫॥

ਚਲੇ ਦਾਵ ਡਲ ਕੋ ਛਿਤ ਮੇਲਿ। ਪਰਚੇ ਇਕ ਦੁਇ ਬਾਜੀ ਖੇਲ।
ਬਹੁਰ ਬਾਰਤਾ ਗੁਰੂ ਚਲਾਈ। 'ਕਬਿ ਤੇ ਕਰੀ ਚਾਕਰੀ ਪਾਈ॥ ੨੬॥

ਦਾਅ ਚਲ ਕੇ ਨਰਦਾਂ ਨੂੰ ਜ਼ਮੀਨ ਤੇ ਸੁਟਿਆ ਤੇ ਇਕ ਦੋ ਬਾਜ਼ੀਆਂ ਖੇਡ ਕੇ ਦਿਲ-ਪ੍ਰਚਾਵਾ ਕੀਤਾ। ਫਿਰ ਬਾਅਦ ਵਿਚ ਗੁਰੂ ਜੀ ਨੇ ਵਾਰਤਾ ਚਲਾਈ, "ਕਦ ਤੋਂ ਤੂੰ ਸ਼ਾਹੀ ਨੌਕਰੀ ਪਾਈ ਹੈ॥ ੨੬॥

ਸ਼ਾਹੁ ਨਿਕਟ ਕਬਿ ਕੇ ਤੁਮ ਰਹੇ। ਕਿਤਿਕ ਦਰਬ ਕੋ ਤਹਿਂ ਤੇ ਲਹੇ'।
ਸੁਨਿ ਕਰ ਜੋਰਿ ਪਠਾਨ ਬਖਾਨੀ। 'ਚਿਰੰਕਾਲ ਕੀ ਲਗੀ ਮਹਾਨੀ॥ ੨੭॥

ਬਾਦਸ਼ਾਹ ਦੇ ਪਾਸ ਕਦ ਦਾ ਤੂੰ ਰਿਹਾ ਹੈਂ, ਉਨ੍ਹਾਂ ਪਾਸੋਂ ਤੂੰ ਕਿੰਨਾ ਧਨ ਲੈਂਦਾ ਹੈਂ।" ਇਹ ਸੁਣ ਕੇ ਹੱਥ ਜੋੜ ਕੇ ਪਠਾਣ ਨੇ ਕਿਹਾ, "ਬਹੁਤ ਦੇਰ ਦੀ ਇਹ ਵੱਡੀ ਨੌਕਰੀ ਲੱਗੀ ਹੋਈ ਹੈ॥ ੨੭॥

ਮਮ ਜਨਨੀ ਸਭਿ ਭਨਜੋਂ ਪ੍ਰਸੰਗ। ਸੋ ਮੈਂ ਕਹੌਂ ਆਪਕੇ ਸੰਗ।
ਸ਼ਾਹੁ ਸਮੀਪ ਮਿਲਜੋ ਮਮ ਦਾਦਾ। ਕਿਸ ਕਾਰਨ ਤੇ ਗੁਰ ਸੰਗ ਬਾਦਾ॥੨੮॥

ਮੇਰੇ ਮਾਤਾ ਜੀ ਨੇ ਸਾਰਾ ਪ੍ਰਸੰਗ ਮੇਰੇ ਪਾਸ ਕਿਹਾ ਹੈ, ਉਹ ਪ੍ਰਸੰਗ ਹੁਣ ਮੈਂ ਆਪ ਜੀ ਪਾਸ ਕਹਿੰਦਾ ਹਾਂ। ਬਾਦਸ਼ਾਹ ਨੂੰ ਮੇਰਾ ਬਾਬਾ ਜਾ ਕੇ ਮਿਲਿਆ ਸੀ, ਉਸ ਦਾ ਕਿਸੇ ਕਾਰਨ ਗੁਰੂ ਜੀ ਨਾਲ ਝਗੜਾ ਹੋ ਗਿਆ ਸੀ॥ ੨੮॥

ਮਰਜੋ ਜੁੱਧ ਮਹਿਂ ਸੋ ਤਤਕਾਲਾ। ਪਿਤਾ ਰਹਜੋ ਧਨ ਲਹਜੋ ਬਿਸਾਲਾ।
ਕਰਤਿ ਚਾਕਰੀ ਹਜ਼ਰਤ ਕੇਰੀ। ਸ਼ਾਹੁ ਜਹਾਂ ਪੁਨ ਅਵਿਰੰਗ ਨੇਰੀ॥ ੨੯॥

ਮੇਰੇ ਦਾਦਾ ਜੀ ਯੁੱਧ ਵਿਚ ਤੁਰਤ ਮਰ ਗਏ, ਪਰ ਮੇਰੇ ਪਿਤਾ ਜੀ ਬਚ ਗਏ ਤੇ ਉਨ੍ਹਾਂ ਨੇ ਬਾਦਸ਼ਾਹ ਪਾਸੋਂ ਬਹੁਤ ਧਨ ਲਿਆ। ਉਹ ਬਾਦਸ਼ਾਹ ਦੀ ਨੌਕਰੀ ਕਰਦਾ ਸੀ। ਪਹਿਲਾਂ ਸ਼ਾਹਜਹਾਂ ਬਾਦਸ਼ਾਹ ਸੀ ਫਿਰ ਨੌਰੰਗੇ ਦੇ ਬਹੁਤ ਨੇੜੇ ਹੋ ਗਿਆ॥ ੨੯॥

ਪੂਰਨ ਬਯ ਤੇ ਪਿਤ ਮਰਿ ਗਯੋ। ਮੈਂ ਚਾਕਰ ਪੁਨ ਤਿਮ ਹੀ ਭਯੋ।
ਲਗਜੋ ਪ੍ਰਥਮ ਦਰਮਾਹੋਂ ਜੇਤਾ। ਲੇਤੇ ਰਹੇ ਸਦਾ ਹਮ ਤੇਤਾ'॥ ੩੦॥

ਪੂਰੀ ਉਮਰ ਕਰਕੇ ਫਿਰ ਪਿਤਾ ਮਰ ਗਿਆ, ਮੈਂ ਫਿਰ ਉਨ੍ਹਾਂ ਦੀ ਹੀ ਨੌਕਰੀ ਪ੍ਰਾਪਤ ਕੀਤੀ। ਜਿੰਨਾ ਵੀ ਮਾਸਕ ਵੇਤਨ ਪਹਿਲਾਂ ਲੱਗਾ ਸੀ, ਉਨਾ ਹੀ ਵੇਤਨ ਅਸੀਂ ਫਿਰ ਲੈਂਦੇ ਰਹੇ"॥ ੩੦॥

ਕਿਤਿਕ ਸਮੇਂ ਇਮ ਕਹਤਿ ਬਿਤਾਯੋ। ਉਠਿ ਸਲਾਮ ਹਿਤ ਸੀਸ ਝੁਕਾਯੋ।
ਪੰਚ ਰੁਪੱਯੇ ਪ੍ਰਭੁ ਦਿਵਾਏ। ਲੇ ਇਨਾਮ ਗਮਨਜੋਂ ਹਰਖਾਏ॥ ੩੧॥

ਕਾਫੀ ਸਮੇਂ ਤਕ ਇਸ ਪ੍ਰਕਾਰ ਕਹਿ ਕੇ ਦੱਸਿਆ, ਫਿਰ ਉੱਠ ਕੇ ਸਲਾਮ ਵਾਸਤੇ ਸਿਰ ਝੁਕਾਇਆ। ਉਸ ਦਿਨ ਸਤਿਗੁਰੂ ਜੀ ਨੇ ਉਸ ਨੂੰ ਪੰਜ ਰੁਪਏ ਦਿਵਾਏ, ਇਨਾਮ ਲੈ ਕੇ ਪ੍ਰਸੰਨ ਹੋ ਕੇ ਚਲੇ ਗਿਆ॥ ੩੧॥

ਸਿੰਘਨਿ ਪਰਖਜੋ ਗੁਰ ਕੋ ਖਜਾਲੁ। ਬਾਤ ਬਿਪਰਜੈ ਕਰਤਿ ਬਿਸਾਲੁ।
ਹਾਥ ਜੋਰਿ ਤਬਿ ਅਰਜ਼ ਗੁਜ਼ਾਰੀ। 'ਤੁਰਕ ਲਖਹੁ ਰਿਪੁ ਤੁਮਹਿਂ ਉਚਾਰੀ॥੩੨॥

ਸਿੰਘਾਂ ਨੇ ਗੁਰੂ ਜੀ ਦੇ ਖਿਆਲ ਦੀ ਪਰਖ ਕੀਤੀ, ਇਹ ਪਠਾਣ ਬਹੁਤ ਉਲਟ ਗੱਲਾਂ ਕਰਦਾ ਹੈ। ਫਿਰ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਨੇ ਇਹ ਉਚਾਰਨ ਕੀਤਾ ਹੈ ਕਿ ਹਰ ਤੁਰਕ ਨੂੰ ਆਪਣਾ ਵੈਰੀ ਜਾਣੋ॥ ੩੨॥

ਆਇਸੁ ਅਚਲ ਆਪ ਕੀ ਅਹੈ। ਜਥਾ ਬਾਯੁ ਤੇ ਭੂਧਰ ਰਹੇ।
ਅਬਿ ਇਹ ਖਾਨ ਆਪ ਸਨਮਾਨਾ। ਨਿਕਟ ਬਿਠਾਰਿ ਸਨੇਹ ਮਹਾਨਾ॥੩੩॥

ਇਹ ਆਪ ਜੀ ਦੀ ਅਟੱਲ ਆਗਿਆ ਹੈ, ਜਿਵੇਂ ਹਵਾ ਨਾਲ ਪਹਾੜ ਨਹੀਂ ਚਲ ਸਕਦਾ। ਹੁਣ ਇਸ ਖਾਨ ਦਾ ਆਪ ਨੇ ਸਨਮਾਨ ਕੀਤਾ ਹੈ ਤੇ ਨੇੜੇ ਬਿਠਾ ਕੇ ਬਹੁਤ ਸਨੇਹ ਵਿਖਾਇਆ ਹੈ॥ ੩੩॥

ਚੋਪਰ ਖੇਲਤਿ ਦੇਤਿ ਇਨਾਮੂ। ਰੁਖ ਕਰਿ ਮਾਨਹੁਂ ਤਾਂਹਿ ਸਲਾਮੂ।
ਸੰਸੈ ਸਭਿ ਸਿੰਘਨ ਕੈ ਹੋਵਾ। ਨਯੋ ਸੁਭਾਵ ਆਪ ਕੋ ਜੋਵਾ'॥ ੩੪॥

ਚੋਪੜ ਖੇਡ ਕੇ ਉਸ ਨੂੰ ਇਨਾਮ ਦਿੱਤਾ ਹੈ, ਉਸ ਵੱਲ ਰੁਖ ਕਰਕੇ ਉਸ ਦੇ ਸਲਾਮ ਨੂੰ ਮੰਨਦੇ ਹੋ। ਸਾਰੇ ਸਿੰਘਾਂ ਨੂੰ ਇਸ ਬਾਰੇ ਸ਼ੰਕਾ ਹੋਇਆ ਹੈ। ਆਪ ਜੀ ਦਾ ਇਹ ਨਵਾਂ ਸੁਭਾਵ ਵੇਖਿਆ ਹੈ''॥ ੩੪॥

ਸ੍ਰੀ ਮੁਖ ਹਸੇ ਤਬਹਿ ਗੁਨਖਾਨੀ। ਸਾਦਰ ਸਭਿ ਸਨ ਕੀਨਿ ਬਖਾਨੀ।
'ਸੁਨਹੁ ਖਾਲਸਾ ਕਾਮ ਹਮਾਰਾ। ਪਰਜੋ ਇਸੀ ਕੇ ਹਾਥ ਉਦਾਰਾ॥ ੩੫॥

ਤਦ ਸਤਿਗੁਰੂ ਜੀ ਹੱਸ ਪਏ ਤੇ ਸਾਰਿਆਂ ਨੂੰ ਆਦਰ ਸਹਿਤ ਕਹਿਣ ਲੱਗੇ, ''ਹੇ ਖਾਲਸਾ! ਸੁਣੋ, ਇਸ ਦੇ ਹੱਥ ਸਾਡਾ ਵੱਡਾ ਕੰਮ ਪਿਆ ਹੈ॥ ੩੫॥

*ਨੋਟ :- ਇਹ ਗੱਲ ਬੜੀ ਹਾਸੋਹੀਣੀ ਲੱਗਦੀ ਹੈ, ਸਤਿਗੁਰੂ ਜੀ ਵਰਗੇ ਸੂਰਬੀਰ ਜਿਹੜੇ ਲੱਖਾਂ ਸੂਰਬੀਰਾਂ ਨੂੰ ਮਾਰ ਚੁੱਕੇ ਸਨ, ਉਹ ਆਪਣੇ ਆਪ ਨੂੰ ਇਕ ਅਦਨਾ ਤੁਰਕ ਤੋਂ ਮਰਵਾਉਣਾ ਚਾਹੁੰਦੇ ਸਨ ? ਇਕ ਪਾਸੇ ਤਾਂ ਸਤਿਗੁਰੂ ਜੀ ਨੂੰ ਤਿੰਨਾਂ ਲੋਕਾਂ ਦਾ ਮਾਲਕ ਦੱਸਿਆ ਹੈ ਤੇ ਦੂਸਰੇ ਪਾਸੇ ਉਹ ਇਕ ਮਾਮੂਲੀ ਤੁਰਕ ਪਾਸੋਂ ਮਰਨਾ ਚਾਹੁੰਦੇ ਹਨ ?*

ਇਸ ਕੋ ਦਦਾ ਸੂਰਮਾ ਬਲੀ। ਗੁਰ ਨਿਜ ਢਿਗ ਰਾਖਯੋ ਬਿਧਿ ਭਲੀ।
ਦਈ ਜੰਗ ਕੀ ਅਧਿਕ ਬਡਾਈ। ਤਿਸ ਹੀ ਪਰ ਸ਼ਮਸ਼ੇਰ ਚਲਾਈ॥ ੩੬॥

ਇਸ ਦਾ ਦਾਦਾ ਵੱਡਾ ਸੂਰਬੀਰ ਸੀ, ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਭਲੀ ਪ੍ਰਕਾਰ ਆਪਣੇ ਪਾਸ ਰੱਖਿਆ ਸੀ। ਜੰਗ ਵਿਚ ਉਸ ਨੂੰ ਬਹੁਤ ਵਡਿਆਈ ਦਿੱਤੀ ਸੀ, ਫਿਰ ਸਤਿਗੁਰੂ ਜੀ ਨੇ ਉਸ ਉੱਪਰ ਹੀ ਤਲਵਾਰ ਚਲਾਈ ਸੀ॥੩੬॥

ਯਾਂਤੇ ਉਪਜੀ ਮਨ ਹਮ ਕਰੁਨਾ। ਲਰਕਾ ਭਯੋ ਸਨੇਹੈ ਕਰਨਾ'।
ਇਮ ਕਹਿ ਸਿੰਘਨ ਕੋ ਸੰਤੋਸ਼ਾ। ਦਾਸਨ ਕੇ ਭਰੋਸ ਬਿਨ ਦੋਸ਼ਾ॥ ੩੭॥

ਇਸ ਕਰਕੇ ਸਾਡੇ ਮਨ ਵਿਚ ਕਿਰਪਾ ਪ੍ਰਗਟ ਹੋਈ ਹੈ। ਪੈਂਦੇ ਖਾਨ ਦੀ ਕੁਲ ਵਿਚ ਲੜਕਾ ਪੈਦਾ ਹੋਇਆ ਹੈ, ਇਸ ਲਈ ਇਸ ਨੂੰ ਪਿਆਰ ਕਰਨਾ ਚਾਹੀਦਾ ਹੈ।'' ਇਸ ਪ੍ਰਕਾਰ ਕਹਿ ਕੇ ਸਿੰਘਾਂ ਦੀ ਤਸੱਲੀ ਕਰਵਾਈ। ਸਤਿਗੁਰੂ ਜੀ ਨੇ ਬਿਨ ਦੋਸ਼ ਆਪਣੇ ਦਾਸਾਂ ਨੂੰ ਭਰੋਸਾ ਦਿੱਤਾ॥ ੩੭॥

ਲਖੇ ਨ ਜਾਹਿਂ ਚਰਿਤ ਜਿਨ ਰੂਰੇ। ਦੁਖ ਦਾਰਿਦ ਹਰਤਾ ਗੁਰ ਪੂਰੇ।
ਨਿਸਾ ਪਰੀ ਕਿਯ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ॥ ੩੮॥

ਜਿਨ੍ਹਾਂ ਦੇ ਸੁੰਦਰ ਚਰਿਤਰਾਂ ਨੂੰ ਸਮਝਿਆ ਨਹੀਂ ਜਾ ਸਕਦਾ ਹੈ, ਪੂਰਨ ਗੁਰੂ ਜੀ ਦੁਖਾਂ ਦਲਿਦਰਾਂ ਨੂੰ ਦੂਰ ਕਰਨ ਵਾਲੇ ਹਨ। ਰਾਤ ਪੈਣ ਉੱਪਰ ਖਾਣ ਪੀਣ ਕੀਤਾ, ਸਤਿਗੁਰੂ ਜੀ ਸੁਖ ਸਹਿਤ ਸੌਂ ਗਏ॥ ੩੮॥

ਬਡੀ ਪ੍ਰਾਤਿ ਤੇ ਸੋਚ ਸ਼ਨਾਨੇ। ਅਨੰਦਾਤਮ ਮਹਿਂ ਲਾਇਸਿ ਧਯਾਨੇ।
ਦਿਨ ਕਰ ਉਦੈ ਭਯੋ ਨਭ ਜਬੈ। ਕਮਲ ਬਿਲੋਚਨ ਬਿਕਸੇ ਤਬੈ॥ ੩੯॥

ਸਵੇਰੇ ਸਵੱਖਤੇ ਉੱਠ ਕੇ ਸੋਚ ਇਸ਼ਨਾਨ ਕੀਤਾ ਤੇ ਆਤਮਕ ਆਨੰਦ ਵਿਚ ਫਿਰ ਧਿਆਨ ਲਾਇਆ। ਜਦ ਅਕਾਸ਼ ਉੱਪਰ ਸੂਰਜ ਪ੍ਰਗਟ ਹੋਇਆ ਤਾਂ ਸਤਿਗੁਰੂ ਜੀ ਦੇ ਕੰਵਲ ਨੈਣ ਖਿੜ ਗਏ॥ ੩੯॥

ਸ਼ਸਤ੍ਰ ਬਸਤ੍ਰ ਕੋ ਅੰਗ ਸਜਾਇ। ਬੈਠਹਿਂ ਬੀਚ ਖਾਲਸੇ ਆਇ।
ਸਵਾਜਾਮ ਦਿਨ ਚਢੇ ਅਹਾਰਾ। ਅਚਹਿਂ ਪ੍ਰਭੂ ਗਨ ਸਿੰਘ ਮਝਾਰਾ॥ ੪੦॥

ਫਿਰ ਉਨ੍ਹਾਂ ਨੇ ਸ਼ਸਤਰ ਵਸਤਰ ਆਪਣੇ ਸਰੀਰ ਉੱਪਰ ਸਜਾਏ ਤੇ ਆ ਕੇ ਖਾਲਸੇ ਦੇ ਵਿਚ ਬੈਠ ਗਏ। ਸਵਾ ਪਹਿਰ ਦਿਨ ਚੜ੍ਹਨ 'ਤੇ ਭੋਜਨ ਛਕਿਆ। ਸਤਿਗੁਰੂ ਜੀ ਬਹੁਤ ਸਿੰਘਾਂ ਵਿਚ ਬੈਠ ਕੇ ਭੋਜਨ ਛਕਦੇ ਸਨ॥ ੪੦॥

ਢਰੇ ਦੁਪਹਿਰੇ ਕਰਤਿ ਅਰਾਮੂ। ਸੁੱਖਾ ਛਕਹਿਂ ਤ੍ਰਿਤੀਏ ਜਾਮੂ।
ਸੰਗ ਅਫੀਮ ਖਾਇਂ ਤਿਸ ਬੇਰ। ਸ਼ੌਚ ਸ਼ਨਾਨ ਕਰਤਿ ਹੈਂ ਫੇਰ॥ ੪੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਦਿੱਤੇ ਗਏ ਹਨ॥ ੪੧॥

*ਦੂਸਰੇ ਐਨ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥*

## *ਅਧਿਆਇ ਅਠਾਰ੍ਹਵਾਂ*

### *ਗੁਲ ਖਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ*

ਦੋਹਰਾ- ਪੁਰਿ ਪਾਲੀ ਮਹਿਂ ਬਸਤ ਦ੍ਵੈ ਗੁਰ ਕੇ ਸਿੱਖ ਸੁਜਾਨ।
ਦਰਸ਼ਨ ਗੁਰ ਅਭਿਲਾਖਤੇ ਧਾਰਤਿ ਪ੍ਰੇਮ ਮਹਾਨ॥ ੧॥

ਪਾਲੀ ਨਗਰ ਵਿਚ ਗੁਰੂ ਜੀ ਦੇ ਦੋ ਚਤੁਰ ਸਿੱਖ ਰਹਿੰਦੇ ਸਨ। ਉਹ ਵੱਡਾ ਪ੍ਰੇਮ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧॥

*ਨੋਟ :- ਪਾਲੀ ਨਗਰ ਨਾਦੇੜ ਤੋਂ ਲਗਪਗ ੫੦੦ ਮੀਲ ਉੱਤਰ ਵਲ ਹੈ।*

ਚੌਪਈ- ਸੋ ਚਲਿ ਕਰਿ ਸ੍ਰੀ ਪ੍ਰਭੁ ਢਿਗ ਆਏ। ਦ੍ਵੈ ਜਮਧਰ ਅਕੋਰ ਕਹੁ ਲਜਾਏ।
ਕੰਚਨ ਲਿਪਤਿ ਚਾਰੁ ਚਮਕੰਤੀ। ਉੱਤਮ ਲੋਹ ਫੁਲਾਦਿਨਿਵੰਤੀ॥੨॥

ਉਹ ਚਲ ਕੇ ਸਤਿਗੁਰੂ ਜੀ ਦੇ ਪਾਸ ਆਏ, ਉਹ ਦੋ ਕਟਾਰਾਂ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਲਿਆਏ। ਸੋਨੇ ਦੀ ਝਾਲ ਵਾਲੀ ਸੁੰਦਰ ਕਟਾਰ ਬਹੁਤ ਚਮਕਦੀ ਸੀ, ਬੜਾ ਉੱਤਮ ਉਸ ਨੂੰ ਫੁਲਾਦੀ ਲੋਹਾ ਲੱਗਿਆ ਹੋਇਆ ਸੀ॥ ੨॥

ਤੀਛਨ ਭੀਛਨ ਕਰੀ ਨਿਰੀਛਨ। ਭਏ ਪ੍ਰਸੰਨ ਕ੍ਰਿਪਾ ਧਰਿ ਈਛਨ।
ਪੂਰੀ ਕਾਮਨਾ ਸਿੱਖਨਿ ਕੇਰੀ। ਤਿਨ ਊਪਰ ਕਰਿ ਖੁਸ਼ੀ ਬਡੇਰੀ॥ ੩॥

ਉਸ ਕਟਾਰ ਦੇ ਤਿੱਖੇ ਹੋਣ ਬਾਰੇ, ਉਸ ਦੀ ਪਰਖ ਕੀਤੀ। ਸਤਿਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋ ਗਏ ਤੇ ਆਪਣੇ ਨੇਤਰਾਂ ਵਿਚ ਉਨ੍ਹਾਂ ਨੇ ਕਿਰਪਾ ਧਾਰਨ ਕੀਤੀ। ਉਨ੍ਹਾਂ ਨੇ ਉਨ੍ਹਾਂ ਸਿੱਖਾਂ ਦੀ ਕਾਮਨਾ ਪੂਰੀ ਕੀਤੀ ਤੇ ਉਨ੍ਹਾਂ ਉੱਪਰ ਖੁਸ਼ੀ ਪ੍ਰਗਟ ਕੀਤੀ॥ ੩॥

ਇਤਨੇ ਮਹਿਂ ਪਠਾਨ ਚਲਿ ਆਯੋ। ਥਿਰ ਹੁਇ ਸਨਮੁਖ ਸੀਸ ਝੁਕਾਯੋ।
ਸਾਦਰ ਨਿਕਟ ਬਿਠਾਵਨ ਕੀਨਾ। ਜਮਧਰ ਤਿਸ ਕੇ ਕਰ ਮਹਿਂ ਦੀਨਾ॥ ੪॥

ਏਨੇ ਵਿਚ ਉਹ ਪਠਾਣ ਚਲ ਕੇ ਆ ਗਿਆ, ਸਾਹਮਣੇ ਹੋ ਕੇ ਖੜੇ ਹੋ ਕੇ ਉਸ ਸਿਰ ਨਿਵਾਇਆ। ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾ ਲਿਆ ਤੇ ਕਟਾਰ ਨੂੰ ਉਸ ਦੇ ਹੱਥ ਵਿਚ ਦਿੱਤਾ॥ ੪॥

*ਨੋਟ :- ਜਿਵੇਂ ਪਹਿਲਾਂ ਕਿਹਾ ਜਾ ਚੁਕਾ ਹੈ ਕਿ ਸਤਿਗੁਰੂ ਜੀ ਨੂੰ ਇਕ ਸਿਰਹੰਦੀ ਪਠਾਣ ਨੇ ਘਾਇਲ ਕੀਤਾ ਸੀ। ਗੁਲ ਖਾਂ ਵਾਲਾ ਇਹ ਨਾਟਕ ਕਵੀ ਜੀ ਕਿਸੇ ਆਧਾਰ ਤੋਂ ਬਗੈਰ ਹੀ ਪੇਸ਼ ਕਰ ਰਹੇ ਹਨ।*

'ਗੁਲ ਖਾਂ ! ਦੇਖਿ ਵਾਰ ਕੈ ਕਰੈ। ਨਿਜ ਸ਼ੱਤ੍ਰੂ ਕੇ ਪ੍ਰਾਨਨ ਹਰੈਂ।
ਲਗੇ ਘਾਵ ਕੇ ਸਨਮੁਖ ਹੋਇ। ਵਾਰ ਕਰਹਿ ਕੈਧੋ ਨਹਿਂ ਸੋਇ'॥ ੫॥

ਸਤਿਗੁਰੂ ਜੀ ਨੇ ਕਿਹਾ, 'ਹੇ ਗੁਲ ਖਾਂ! ਵੇਖ ਕੇ ਦੱਸ ਕਿ ਇਸ ਨਾਲ ਕਿੰਨੇ ਵਾਰ ਕੀਤਿਆਂ ਵੈਰੀ ਦੇ ਪ੍ਰਾਣ ਦੂਰ ਹੋ ਸਕਦੇ ਹਨ। ਜੇ ਵੈਰੀ ਨੂੰ ਇਸ ਦਾ ਜ਼ਖਮ ਲੱਗ ਜਾਵੇ ਤਾਂ ਕੀ ਉਹ ਸਾਹਮਣੇ ਹੋ ਕੇ ਉਲਟਵਾਂ ਵਾਰ ਕਰ ਸਕਦਾ ਹੈ ਕਿ ਨਹੀਂ'॥ ੫॥

*ਨੋਟ :- ਕੀ ਸਤਿਗੁਰੂ ਜੀ ਵਰਗੇ ਸੂਰਬੀਰ ਕਿਸੇ ਪਠਾਣ ਨੂੰ ਆਪਣੇ ਉੱਪਰ ਵਾਰ ਕਰਨ ਵਾਸਤੇ ਕਹਿ ਸਕਦੇ ਹਨ ? ਸਤਿਗੁਰੂ ਜੀ ਨੂੰ ਕੀ ਦੁਖ ਸੀ ਕਿ ਉਹ ਆਪਣੇ ਆਪ ਨੂੰ ਮਰਵਾਉਣਾ ਚਾਹੁੰਦੇ ਸਨ ? ਉਨ੍ਹਾਂ ਤਾਂ ਆਪਣਾ ਸਾਰਾ ਪਰਿਵਾਰ ਹੀ ਖਾਲਸੇ ਲਈ ਵਾਰ ਦਿੱਤਾ ਸੀ ਤੇ ਫਿਰ ਵੀ ਚੜ੍ਹਦੀ ਕਲਾ ਵਿਚ ਰਹੇ ਸਨ।*

ਸੁਨਿ ਪਠਾਨ ਇਮ ਬਾਕ ਬਖਾਨਾ। 'ਅਸ ਜਮਧਰ ਜੇ ਹੁਇ ਮਮ ਪਾਨਾ।
ਬਲ ਤੇ ਕਰੌਂ ਵਾਰ ਇਕ ਐਸੇ। ਉਕਸਨ ਦੇਉਂ ਨਹੀਂ ਰਿਪੁ ਕੈਸੇ॥ ੬॥

ਇਹ ਸੁਣ ਕੇ ਪਠਾਣ ਨੇ ਇਸ ਪ੍ਰਕਾਰ ਕਿਹਾ, "ਜੇ ਐਸੀ ਕਟਾਰ ਮੇਰੇ ਹੱਥ ਵਿਚ ਹੋਵੇ ਤਾਂ ਜ਼ੋਰ ਨਾਲ ਇਕ ਐਸਾ ਵਾਰ ਕਰਾਂਗਾ ਕਿ ਵੈਰੀ ਨੂੰ ਕਿਸੇ ਪ੍ਰਕਾਰ ਵੀ ਕੁਸਕਣ ਨਹੀਂ ਦੇਵਾਂਗਾ॥ ੬॥

ਉੱਤਮ ਲੋਹਾ ਲਖਿਯਤਿ ਖਰ ਹੈ। ਨਹੀਂ ਧਾਰ ਪਰ ਠਹਿਰਤਿ ਕਰ ਹੈ।
ਇਸ ਤੇ ਵਾਰ ਬਹੁਤ ਕਜਾ ਕਰੈ। ਲਗੈ ਏਕ ਤੇ ਸ਼ੱਤ੍ਰੂ ਮਰੈ'॥ ੭॥

ਇਸ ਨੂੰ ਉੱਤਮ ਲੋਹਾ ਲੱਗਾ ਹੈ ਤੇ ਬੜੀ ਤੇਜ਼ ਹੈ, ਇਸ ਦੀ ਧਾਰ ਉੱਪਰ ਹੱਥ ਨਹੀਂ ਠਹਿਰਦਾ ਹੈ। ਇਸ ਨਾਲ ਬਹੁਤੇ ਵਾਰ ਕੀ ਕਰਨੇ ਹਨ, ਇਕ ਵਾਰ ਨਾਲ ਹੀ ਵੈਰੀ ਮਰ ਜਾਵੇਗਾ"॥ ੭॥

*ਨੋਟ :- ਕਵੀ ਜੀ ਨੇ ਕੈਸੀ ਨਾਟਕੀ ਕਹਾਣੀ ਬਣਾਈ ਹੈ, ਉਸ ਸਮੇਂ ਦੋ ਸਿੱਖ ਦੋ ਤਿੱਖੀਆਂ ਕਟਾਰਾਂ ਅਰਪਣ ਕਰਦੇ ਹਨ, ਉਸੇ ਵੇਲੇ ਉਹ ਪਠਾਣ ਵੀ ਆ ਜਾਂਦਾ ਹੈ, ਗੁਰੂ ਜੀ ਉਸ ਦੇ ਹੱਥ ਵਿਚ ਆਪ ਕਟਾਰ ਦੇ ਦਿੰਦੇ ਹਨ। ਵੈਰੀ ਨੂੰ ਕਟਾਰ ਲਿਆਉਣ ਦੀ ਵੀ ਲੋੜ ਨਹੀਂ ਰਹਿੰਦੀ ਹੈ। ਚੜ੍ਹਦੀ ਕਲਾ ਵਾਲੇ ਸਤਿਗੁਰੂ ਜੀ ਨੂੰ ਏਨਾ ਨਿਰਾਸ਼ਾਵਾਦੀ ਬਣਾਉਣਾ ਬਹੁਤ ਮਾੜੀ ਗੱਲ ਹੈ।*

ਜਮਧਰ ਤਿਮ ਹੀ ਨਿਕਟ ਰਖਾਯੋ। ਹਿਤ ਖੇਲਨ ਚੌਪਰ ਅਨੁਵਾਯੋ।
ਲਾਗੇ ਡਲ ਆਪਸ ਮਹਿਂ ਗੇਰਨ। ਇਤੈ ਉਤੈ ਨਰਦਨ ਕੌ ਫੇਰਨਿ॥ ੮॥

ਕਟਾਰ ਨੂੰ ਉਸ ਪ੍ਰਕਾਰ ਹੀ ਆਪਣੇ ਪਾਸ ਰਖਵਾ ਲਿਆ ਤੇ ਚੌਪੜ ਖੇਡਣ ਵਾਸਤੇ ਮੰਗਵਾਇਆ। ਆਪਸ ਵਿਚ ਨਰਦਾਂ ਨੂੰ ਡੇਗਣ ਲੱਗੇ, ਏਧਰ ਓਧਰ ਨਰਦਾਂ ਨੂੰ ਫੇਰਨ ਲੱਗੇ॥ ੮॥

ਪਰਹਿ ਦਾਵ ਕੌ ਨਰਦ ਉਠਾਵੈ। ਮਾਰਤਿ ਮੁਖ ਤੇ ਬਾਕ ਅਲਾਵੈ।
'ਪਿਤਾ ਪਿਤਾਮਾ ਪਲਟਾ ਲੇਯ ਨ। ਬ੍ਰਿਕ ਜਨਮ ਤਿਸ ਕੇ ਸੁਤ ਗੇਯ ਨ॥ ੯॥

ਜਦ ਦਾਵ ਲੱਗ ਜਾਂਦਾ ਸੀ ਤਾਂ ਕੋਈ ਨਰਦ ਚੁੱਕ ਲੈਂਦੇ ਸਨ। ਨਰਦਾਂ ਮਾਰਦੇ ਹੋਏ ਸਤਿਗੁਰੂ ਜੀ ਨੇ ਕਿਹਾ, "ਜਿਸ ਨੇ ਪਿਤਾ ਪਿਤਾਮਾ ਦਾ ਬਦਲਾ ਨਹੀਂ ਲਿਆ ਹੈ, ਐਸੇ ਪੁੱਤਰ ਨੂੰ ਪੁੱਤਰ ਨਹੀਂ ਜਾਣਨਾ ਚਾਹੀਦਾ॥ ੯॥

*ਨੋਟ :- ਏਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰੂ ਜੀ ਕਟਾਰ ਮਾਰਨ ਵਾਸਤੇ ਪਠਾਣ ਨੂੰ ਉਕਸਾ ਰਹੇ ਸਨ। ਸਤਿਗੁਰੂ ਜੀ ਕਿਉਂ ਆਪਣੀ ਜਾਨ ਵਾਰਨਾ ਚਾਹੁੰਦੇ ਸਨ, ਕਵੀ ਜੀ ਨੇ ਇਸ ਬਾਰੇ ਕੁਝ ਨਹੀਂ ਕਿਹਾ ਹੈ। ਕੇਵਲ ਇਹੋ ਲਿਖਿਆ ਹੈ ਕਿ ਸਤਿਗੁਰੂ ਜੀ ਨੇ ਆਪਣਾ ਬੈਕੁੰਠ ਵਿਚ ਜਾਣ ਦਾ ਸਮਾਂ ਨੇੜੇ ਜਾਣਿਆ। ਬੈਕੁੰਠ ਵਿਚ ਤਾਂ ਉਹ ਕਿਸੇ ਪ੍ਰਕਾਰ ਸਮਾਧੀ ਲਾ ਕੇ ਵੀ ਜਾ ਸਕਦੇ ਸਨ।*

ਹਾਥ ਸ਼ਸਤ੍ਰ ਸ਼ੱਤ੍ਰੂ ਢਿਗ ਹੋਇ। ਮਾਰਹਿ ਨਹਿਂ ਕਪੂਤ ਹੈ ਸੋਇ'।
ਇਮ ਸੁਨਿ ਖਾਨ ਬਿਮਨ ਹ੍ਵੈ ਰਹਜੋ। ਮੋਹਿ ਸੁਨਾਇ ਰਿਸਾਵਤਿ ਲਹਜੋ॥੧੦॥

ਜੇ ਹੱਥ ਵਿਚ ਸ਼ਸਤਰ ਹੋਵੇ ਤੇ ਵੈਰੀ ਵੀ ਪਾਸ ਹੋਵੇ, ਜੇ ਫਿਰ ਵੀ ਵੈਰੀ ਨੂੰ ਨਾ ਮਾਰੇ ਤਾਂ ਕਪੁੱਤਰ ਹੁੰਦਾ ਹੈ।" ਇਹ ਸੁਣ ਕੇ ਖਾਨ ਬਹੁਤ ਹੈਰਾਨ ਹੋਇਆ, ਮੈਨੂੰ ਸੁਣਾ ਕੇ ਮੇਰੇ ਵਿਚ ਰੋਸ ਭਰਨਾ ਚਾਹੁੰਦੇ ਹਨ, ਉਹ ਸਮਝ ਗਿਆ॥੧੦॥

ਇਨਹੁ ਪਿਤਾਮੇ ਮੋਰ ਪਿਤਾਮਾ। ਰਣ ਮੋਹਿ ਮਾਰਿ ਪਠਯੋ ਜਮ ਧਾਮਾ।
ਸੋ ਸਿਮਰਤਿ ਅਰੁ ਮੋਹਿ ਸੁਨਾਵੈ। ਕਜਾ ਕਾਰਨ ਕੁਛ ਲਖਯੋ ਨ ਜਾਵੈ॥੧੧॥

ਇਨ੍ਹਾਂ ਦੇ ਪਿਤਾਮਾ ਨੇ ਮੇਰੇ ਪਿਤਾਮਾ ਨੂੰ ਰਣਖੇਤਰ ਵਿਚ ਮਾਰ ਕੇ ਜਮਾਂ ਦੇ ਘਰ ਭੇਜ ਦਿੱਤਾ ਸੀ। ਇਹ ਯਾਦ ਕਰਵਾਕੇ ਵੈਰੀ ਮੈਨੂੰ ਸੁਣਾਉਂਦਾ ਹੈ, ਇਸ ਵਿਚ ਕੀ ਕਾਰਨ ਹੈ, ਕੁਝ ਵੀ ਸਮਝ ਨਹੀਂ ਆਉਂਦੀ ਹੈ॥੧੧॥

ਜਥਾ ਜੋਗ ਭਾਖਹਿਂ ਬਚ ਭਲਾ। ਹੋਇ ਕਪੂਤ ਜੋ ਲਏ ਨ ਬਦਲਾ।
ਇੱਤਜਾਦਿਕ ਬਿਚਾਰ ਬਹੁ ਰਹਜੋ। ਨਹਿਂ ਮਾਰਨ ਕੋ ਨਿਸ਼ਚੇ ਲਹਜੋ॥੧੨॥

ਉਹ ਯਥਾ-ਯੋਗ ਚੰਗੇ ਬਚਨ ਕਹਿ ਰਹੇ ਹਨ, ਉਹ ਕਪੁੱਤਰ ਹੈ ਜਿਹੜਾ ਬਦਲਾ ਨਹੀਂ ਲੈਂਦਾ ਹੈ। ਇਸ ਪ੍ਰਕਾਰ ਬਹੁਤ ਵਿਚਾਰ ਕਰਦਾ ਰਿਹਾ, ਪਰ ਮਾਰਨ ਦਾ ਨਿਸ਼ਚਾ ਨਾ ਪ੍ਰਾਪਤ ਕੀਤਾ॥੧੨॥

*ਨੋਟ :- ਇਕ ਪੋਤੇ ਨੂੰ ਐਸੇ ਦਾਦੇ ਦਾ ਬਦਲਾ ਲੈਣ ਦੀ ਕੀ ਲੋੜ ਸੀ, ਜਿਹੜਾ ਖੁਦ ਇਕ ਯੁੱਧ ਲੜਦਾ ਹੋਇਆ ਮਾਰਿਆ ਗਿਆ ਸੀ। ਇਸ ਪ੍ਰਕਾਰ ਤਾਂ ਗੁਰੂ ਜੀ ਨੇ ਲੱਖਾਂ ਤੁਰਕ ਮਾਰੇ ਸਨ, ਕੀ ਉਹ ਸਾਰੇ ਗੁਰੂ ਜੀ ਪਾਸੋਂ ਬਦਲਾ ਲੈਂਦੇ? ਇਹ ਬਦਲਾ ਲੈਣ ਵਾਲੀ ਸੋਚ ਠੀਕ ਨਹੀਂ ਜਾਪਦੀ ਹੈ।*

ਇਕ ਦੁਇ ਬਾਜੀ ਖੇਲ ਹਟਾਈ। ਪੁਨ ਚੋਪਰ ਕੋ ਕੀਨਿ ਉਠਾਈ।
'ਹਾਥ ਸ਼ਸਤ ਸ਼ੱਤ੍ਰ ਹੁਇ ਪਾਸੀ। ਹੁਇ ਕਪੂਤ ਕਰਿ ਸਕਹਿ ਨ ਨਾਸ਼ੀ॥੧੩॥

ਇਕ ਦੋ ਬਾਜ਼ੀਆਂ ਖੇਡ ਕੇ, ਚੋਪੜ ਦੀ ਖੇਡ ਬੰਦ ਕਰ ਦਿੱਤੀ, ਫਿਰ ਚੋਪੜ ਨੂੰ ਵੀ ਉਥੋਂ ਉਠਵਾ ਦਿੱਤਾ। ਪਠਾਣ ਨੇ ਫਿਰ ਸੋਚਿਆ "ਜੇ ਹੱਥ ਵਿਚ ਸ਼ਸਤਰ ਹੋਵੇ ਤੇ ਵੈਰੀ ਵੀ ਪਾਸ ਹੋਵੇ, ਫਿਰ ਤਾਂ ਉਹ ਕਪੁੱਤਰ ਹੀ ਹੈ ਜਿਹੜਾ ਵੈਰੀ ਦਾ ਨਾਸ਼ ਨਾ ਕਰੇ॥੧੩॥

ਜੇ ਕੁਲੀਨ, ਟਾਰਤਿ ਨਹਿਂ ਕਾਲਾ। ਮਾਰ ਲੇਤਿ ਹੈਂ ਕਰਤਿ ਉਤਾਲਾ'।
ਸੁਨਿ ਪਠਾਨ ਕੈ ਕੋਪ ਘਨੇਰੇ। ਜਥਾ ਸਰਪ ਸੁਪਤੇ ਕਹੁ ਛੇਰੇ॥ ੧੪॥

ਜਿਹੜੇ ਚੰਗੀ ਕੁਲ ਵਾਲੇ ਹਨ, ਉਹ ਸਮਾਂ ਨਹੀਂ ਟਾਲਦੇ ਤੇ ਉਤਾਵਲੇ ਹੋ ਕੇ ਮਾਰ ਲੈਂਦੇ ਹਨ।" ਇਹ ਸੁਣ ਕੇ ਪਠਾਣ ਬਹੁਤ ਗੁੱਸੇ ਵਿਚ ਆ ਗਿਆ, ਜਿਵੇਂ ਕੋਈ ਸੁੱਤੇ ਹੋਏ ਸੱਪ ਨੂੰ ਛੇੜ ਦੇਵੇ॥੧੪॥

ਜਿਮ ਗਜ ਖੂਨੀ ਤੋਮਰ ਪ੍ਰੇਰੇ। ਕੰਕਰ ਸੋਂ ਜਿਮ ਕੇਹਰਿ ਛੇਰਹਿ।
ਤਿਮ ਪਠਾਨ ਲੇ ਦੀਰਘ ਸ੍ਵਾਸਾ। ਸੋਚਤਿ ਰਹਜੋ ਤਊ ਗੁਰ ਪਾਸਾ॥ ੧੫॥

ਜਿਵੇਂ ਹਾਥੀ ਨੂੰ ਖੂਨੀ ਨੇਜ਼ਾ ਪ੍ਰੇਰਦਾ ਹੈ, ਜਿਵੇਂ ਰੋੜਾ ਜਾਂ ਵੱਟਾ ਸ਼ੇਰ ਨੂੰ ਛੇੜਦਾ ਹੈ, ਉਸ ਪ੍ਰਕਾਰ ਪਠਾਣ ਲੰਮੇ-ਲੰਮੇ ਸਾਹ ਲੈਣ ਲੱਗਾ। ਸੋਚਦਾ ਰਿਹਾ, ਪਰ ਫਿਰ ਵੀ ਗੁਰੂ ਜੀ ਦੇ ਪਾਸ ਹੀ ਰਿਹਾ॥੧੫॥

ਜਾਨਾ ਸਮਾ ਜਾਨਿ ਕੋ ਧਾਮੂ। ਉਠਯੋ ਕੋਪ ਦ੍ਰਿਗ ਕੀਨਿ ਸਲਾਮੂ।
ਸਮੁਖ ਨ ਦੇਖਿ ਸਕੈ ਮਨ ਫਿਰਯੋ। ਤਬੈ ਇਨਾਮ ਦਿਵਾਵਨਿ ਕਰਯੋ॥੧੬॥

ਫਿਰ ਉਸ ਜਾਣਿਆ ਕਿ ਘਰ ਜਾਣ ਦਾ ਸਮਾਂ ਹੋ ਗਿਆ ਹੈ ਤਾਂ ਲਾਲ ਨੈਣ ਕਰਕੇ ਉਠਿਆ ਤੇ ਗੁਰੂ ਜੀ ਨੂੰ ਸਲਾਮ ਕੀਤਾ। ਸਾਹਮਣੇ ਵੇਖ ਨਹੀਂ ਸਕਦਾ ਸੀ, ਉਸ ਦਾ ਮਨ ਫਿਰਿਆ ਹੋਇਆ ਸੀ। ਫਿਰ ਸਤਿਗੁਰੂ ਜੀ ਨੇ ਉਸ ਨੂੰ ਇਨਾਮ ਦਿਵਾਇਆ॥੧੬॥

ਪੰਜ ਰਜਤਪਣ ਲੇ ਚਲਿ ਆਯੋ। ਚਿਤ ਚਿੰਤਾ ਬਡ ਨਦੀ ਬਹਾਯੋ।
ਬੈਠਜੋ ਜਨਨੀ ਕੇ ਢਿਗ ਜਾਯੋ। ਨਹਿਂ ਬੋਲਤਿ ਮਨ, ਮਨਹੁਂ ਹਰਾਯੋ ॥ ੧੭ ॥

ਪੰਜ ਰੁਪਏ ਲੈ ਕੇ ਚਲ ਕੇ ਆ ਗਿਆ, ਚਿੱਤ ਚਿੰਤਾ ਦੀ ਨਦੀ ਵਿਚ ਬਹਿ ਗਿਆ। ਫਿਰ ਜਾ ਕੇ ਆਪਣੇ ਮਾਤਾ ਜੀ ਪਾਸ ਬੈਠ ਗਿਆ। ਕੁਝ ਵੀ ਬੋਲਦਾ ਨਹੀਂ ਸੀ, ਮਾਨੋ ਹਾਰਿਆ ਹੋਇਆ ਸੀ॥੧੭॥

ਬੂਝਤਿ 'ਹੇ ਸੁਤ ਕਜੋਂ ਅਨਮਨੋਂ। ਕਹਾਂ ਬਿਗਾਰਜੋ ਕਾਰਜ ਘਨੋ।
ਨਹੀਂ ਬਦਨ ਪੂਰਬ ਸਮ ਹੇਰੋਂ। ਚਿੰਤਾ ਬਸੀ ਕਹਾਂ ਚਿਤ ਤੇਰੋ' ॥ ੧੮ ॥

ਮਾਤਾ ਪੁੱਛਣ ਲੱਗੀ, "ਹੇ ਪੁੱਤਰ ! ਅੱਜ ਬੇਚੈਨ ਕਿਉਂ ਹੈਂ, ਕਿਹੜਾ ਕਾਰਜ ਵਿਗੜ ਗਿਆ ਹੈ। ਤੇਰਾ ਪਹਿਲਾਂ ਵਾਲਾ ਚਿਹਰਾ ਨਹੀਂ ਵੇਖਦੀ ਹਾਂ। ਤੇਰੇ ਚਿੱਤ ਵਿਚ ਚਿੰਤਾ ਕੈਸੀ ਵੱਸ ਗਈ ਹੈ" ॥੧੮॥

ਸੁਨਿ ਮਾਤਾ ਤੇ ਸਰਬ ਬ੍ਰਿਤੰਤ। ਕਰਜੋ ਸੁਨਾਵਨ ਅਪਨਿ ਮਤੰਤ।
'ਹਮ ਪਠਾਨ ਕੇ ਪੂਤ ਗੁਸੈਲੇ। ਸ੍ਰੀ ਗੁਰ ਪੂਰਬ ਬਾਤ ਚਿਤੈਲੇ॥ ੧੯ ॥

ਆਪਣੇ ਮਾਤਾ ਪਾਸੋਂ ਸਾਰਾ ਬ੍ਰਿਤਾਂਤ ਸੁਣ ਕੇ, ਪਠਾਣ ਨੇ ਉਸ ਨੂੰ ਆਪਣੇ ਦਿਲ ਦੀ ਗੱਲ ਸਾਰੀ ਸੁਣਾਈ। "ਅਸੀਂ ਪਠਾਣ ਦੇ ਗੁਸੈਲੇ ਪੁੱਤਰ ਹਾਂ, ਸ੍ਰੀ ਗੁਰੂ ਜੀ ਨੇ ਪਿਛਲੀ ਗੱਲ ਯਾਦ ਕਰਵਾਈ ਹੈ॥੧੯॥

ਬੈਨ ਬਾਨ ਤੇ ਬੀਧਨ ਕੀਨਾ। ਛੇਕ ਕਰੇਜੇ ਮਹਿਂ ਕਰਿ ਦੀਨਾ।
ਘਾਤ ਕਰਤਿ ਮੈਂ ਸੋਚਤਿ ਰਹਜੋ। ਕਈ ਬਾਰ ਮੋਸੋਂ ਅਸ ਕਹਜੋ' ॥ ੨੦ ॥

ਉਨ੍ਹਾਂ ਨੇ ਬਚਨਾਂ ਦੇ ਵਾਰ ਨਾਲ ਵਿੰਨ੍ਹ ਦਿੱਤਾ ਹੈ, ਜਿਸ ਨੇ ਮੇਰੇ ਕਲੇਜੇ ਵਿਚ ਛੇਕ ਕਰ ਦਿੱਤਾ ਹੈ। ਦਾਵ ਲਾਉਂਦਾ ਮੈਂ ਸੋਚਦਾ ਰਿਹਾ ਹਾਂ, ਕਈ ਵਾਰ ਮੈਨੂੰ ਇਸ ਪ੍ਰਕਾਰ ਕਿਹਾ ਹੈ" ॥ ੨੦॥

*ਨੋਟ :- ਇਤਿਹਾਸ ਵਿਚ ਇਹ ਪਹਿਲਾ ਤੱਥ ਹੈ ਕਿ ਕੋਈ ਸੂਰਬੀਰ ਆਪਣੇ ਵੈਰੀ ਨੂੰ ਹਥਿਆਰ ਮਾਰਨ ਵਾਸਤੇ ਦੇਣਾ ਉਕਸਾਵੇ। ਇਸ ਨਾਲ ਪਤਾ ਨਹੀਂ ਕਵੀ ਜੀ ਸਤਿਗੁਰੂ ਜੀ ਦੀ ਕਿਹੜੀ ਸੂਰਬੀਰਤਾ ਪ੍ਰਗਟ ਕਰਨੀ ਚਾਹੁੰਦੇ ਹਨ। ਅਸਲ ਵਿਚ ਕਵੀ ਜੀ ਸੱਚ ਬਾਰੇ ਹੀ ਨਹੀਂ ਜਾਣਦੇ ਹਨ ਕਿ ਸਤਿਗੁਰੂ ਜੀ ਨੂੰ ਕਟਾਰ ਮਾਰਨ ਵਾਲਾ ਇਕ ਸਿਰਹੰਦੀ ਪਠਾਣ ਸੀ।*

ਸੁਨਤਿ ਪਠਾਨੀ ਸੁਤ ਕੋ ਬਰਜਜੋ। ਮਾਰਨ ਮਰਨੇ ਤੇ ਚਿਤ ਲਰਜ਼ਜੋ।
'ਗੁਰ ਕੋ ਕਹਿਨ ਦੇਹੁ ਜਿਮ ਕਹੇ। ਸਦਾ ਪਾਲਤੇ ਹਮ ਕੋ ਰਹੇ॥ ੨੧ ॥

ਇਹ ਸੁਣ ਕੇ ਪਠਾਣੀ ਨੇ ਆਪਣੇ ਪੁੱਤਰ ਨੂੰ ਵਰਜਿਆ, ਮਾਰਨ ਮਰਨ ਤੋਂ ਚਿੱਤ ਕੰਬ ਗਿਆ, "ਗੁਰੂ ਜੀ ਨੂੰ ਕਹਿਣ ਦੇਵੋ ਜਿਵੇਂ ਕਹਿੰਦੇ ਹਨ, ਉਹ ਸਦਾ ਸਾਨੂੰ ਪਾਲਦੇ ਰਹੇ ਹਨ॥ ੨੧॥

ਸੁਨਿਕੈ ਰਿਸਹੁ ਨ, ਮ੍ਰਿਦੁ ਬਚ ਕਹੋ। ਗੁਰ ਸੋਂ ਸੰਧਿ ਸਦਾ ਸੁਖ ਲਹੋ।
ਅਲਪ ਬੈਸ ਤੂੰ ਤਰੁਨ ਨ ਭਯੋ। ਚਹੁ ਜੀਵਨ ਅਪਨੋ ਹਿਤ ਲਯੋ॥ ੨੨ ॥

ਸੁਣ ਕੇ ਗੁੱਸਾ ਨਾ ਕਰੋ, ਮਿੱਠੇ ਬਚਨ ਬੋਲੋ। ਗੁਰੂ ਜੀ ਨਾਲ ਮਿਲਾਪ ਨਾਲ ਸਦਾ ਸੁਖ ਮਿਲਦਾ ਹੈ। ਤੇਰੀ ਹਾਲੇ ਛੋਟੀ ਉਮਰ ਹੈ ਤੇ ਤੂੰ ਜਵਾਨ ਵੀ ਨਹੀਂ ਹੋਇਆ ਹੈਂ ਤੇ ਹਿਤ ਧਾਰ ਕੇ ਆਪਣਾ ਜੀਵਨ ਚਾਹੋ॥ ੨੨॥

ਜੋ ਸ੍ਰੀ ਗੁਰ ਕੇ ਤੀਰ ਬਿਗਾਰੈ। ਸਿੰਘ ਅਨੇਕ ਤੁਰਤ ਹੀ ਮਾਰੈਂ।
ਤੁਝ ਕੋ ਦੇਤਿ ਦਰਬ ਹਿਤ ਕਰੈਂ। ਹਸਤ ਹੋਇਂ, ਕੁਛ ਕੋਪ ਨ ਧਰੈਂ' ॥ ੨੩ ॥

ਜਿਹੜਾ ਵੀ ਗੁਰੂ ਜੀ ਦੇ ਪਾਸ ਵਿਗਾੜ ਕਰਦਾ ਹੈ, ਅਨੇਕਾਂ ਸਿੰਘ ਉਸਨੂੰ ਤੁਰਤ ਹੀ ਮਾਰ ਦਿੰਦੇ ਹਨ। ਤੈਨੂੰ ਹਿਤ ਕਰਕੇ ਧਨ ਦਿੰਦੇ ਹਨ, ਜਿਹੜਾ ਕੁਝ ਵੀ ਹੱਸਦੇ ਹੋਏ ਕਹਿੰਦੇ ਹਨ, ਉਸ ਦਾ ਕੁਝ ਵੀ ਗੁੱਸਾ ਨਾ ਧਾਰਨ ਕਰੋ" ॥ ੨੩॥

ਇੱਤਜਾਦਿਕ ਬਹੁਤੇ ਸਮੁਝਾਯੋ। ਤਊ ਨ ਤਿਸ ਨੇ ਮਨ ਠਹਿਰਾਯੋ।
ਚਿਤਵਤਿ ਚਿਤ ਸੁਪਤਜੋ ਪਰਿ ਰਾਤੀ। ਚਿਤ ਮਹਿਂ ਰੜਕਤਿ ਉਠਤਜੋ ਪ੍ਰਾਤੀ ॥੨੪॥

ਇਸ ਪ੍ਰਕਾਰ ਮਾਤਾ ਨੇ ਬਹੁਤ ਸਮਝਾਇਆ, ਫਿਰ ਵੀ ਪੁੱਤਰ ਦੇ ਮਨ ਵਿਚ ਗੱਲ ਨਾ ਠਹਿਰ ਸਕੀ। ਰਾਤ ਪੈਣ 'ਤੇ ਇਸ ਬਾਰੇ ਸੋਚਦਾ ਹੋਇਆ ਹੀ ਸੌਂ ਗਿਆ ਤੇ ਸਵੇਰੇ ਉਹੋ ਗੱਲ ਚਿੱਤ ਵਿਚ ਰੜਕਦਿਆਂ ਹੀ ਉੱਠ ਪਿਆ॥ ੨੪॥

ਥ੍ਰਕ ਜਨਮ ਭਾਖਜੋ ਬਹੁ ਬਾਰੀ। ਹੋਤਿ ਕੁਪੂਤ ਸੁਨਾਇ ਉਚਾਰੀ।
ਖਾਨ ਪਾਨ ਕਰਿ ਦਿਵਸ ਗੁਜ਼ਾਰਾ। ਢਰਜੋ ਦੁਪਹਿਰੋ ਸਮੋਂ ਨਿਹਾਰਾ॥ ੨੫॥

ਅਜਿਹੇ ਜਨਮ 'ਤੇ ਲਾਅਨਤ ਹੈ, ਬਹੁਤ ਵਾਰ ਕਿਹਾ ਤੇ ਅਜਿਹਾ ਪੁੱਤਰ ਕਪੁੱਤਰ ਹੁੰਦਾ ਹੈ, ਉਚਾਰਨ ਕਰਕੇ ਸੁਣਾਇਆ ਹੈ। ਖਾ ਪੀ ਕੇ ਦਿਨ ਗੁਜ਼ਾਰਿਆ, ਢਲਦੀ ਦੁਪਹਿਰ ਦਾ ਸਮਾਂ ਜਾਣਿਆ॥ ੨੫॥

ਏਕ ਜਾਮ ਦਿਨ ਤੇ ਚਲਿ ਗਯੋ। ਕਰਿ ਸਲਾਮ ਕੋ ਹੇਰਤਿ ਭਯੋ।
ਭਾਵੀ ਪ੍ਰੇਰਜੋ ਦਰਸ਼ਨ ਕੀਨ। ਸ੍ਰੀ ਪ੍ਰਭੁ ਕਹਿ ਕੈ ਆਦਰ ਦੀਨ॥ ੨੬॥

ਜਦ ਇਕ ਪਹਿਰ ਦਿਨ ਰਹਿੰਦਾ ਸੀ, ਤਦ ਚਲ ਕੇ ਗਿਆ, ਸਲਾਮ ਕਰਕੇ ਵੇਖਦਾ ਪਿਆ ਸੀ। ਭਾਵੀ ਦੇ ਪ੍ਰੇਰੇ ਹੋਏ ਨੇ ਦਰਸ਼ਨ ਕੀਤੇ ਤੇ ਸਤਿਗੁਰੂ ਜੀ ਨੇ ਕਹਿ ਕੇ ਆਦਰ ਦਿੱਤਾ॥ ੨੬॥

ਨਿਕਟ ਬਿਠਾਇ ਸਰਾਹਨਿ ਲਾਗੇ। 'ਖਾਨਨਿ ਬੰਸ ਨ ਤਜਿ ਰਨ ਭਾਗੇ।
ਲਰਤੇ ਕਰਿ ਹੈਂ ਪ੍ਰਾਨ ਨ ਪਜਾਰੇ। ਕਟੂ ਬਾਕਨ ਕੋ ਨਹੀਂ ਸਹਾਰੇ॥ ੨੭॥

ਸਤਿਗੁਰੂ ਜੀ ਪਾਸ ਬਿਠਾ ਕੇ ਸ਼ਲਾਘਾ ਕਰਨ ਲੱਗੇ, "ਪਠਾਣਾਂ ਦੇ ਵੰਸ਼ ਵਿਚ ਕੋਈ ਰਣਖੇਤਰ ਛੱਡ ਕੇ ਨਹੀਂ ਭੱਜਦਾ। ਯੁੱਧ ਸਮੇਂ ਇਹ ਪ੍ਰਾਣ ਪਿਆਰੇ ਨਹੀਂ ਕਰਦੇ ਹਨ ਤੇ ਮਾੜੇ ਬਚਨਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਹਨ॥ ੨੭॥

*ਨੋਟ :- ਕਵੀ ਜੀ ਜਾਣ ਬੁਝ ਕੇ ਅਜਿਹਾ ਵਾਤਾਵਰਨ ਸਿਰਜ ਰਹੇ ਹਨ। ਅਸਲ ਵਿਚ ਉਹ ਇਸ ਤੱਥ ਤੋਂ ਅਣਜਾਣ ਹਨ ਕਿ ਗੁਰੂ ਜੀ ਦਾ ਹਤਿਆਰਾ ਇਕ ਸਿਰਹੰਦੀ ਪਠਾਣ ਸੀ। ਉਸ ਨੇ ਵਿਸਾਹ ਕੇ ਗੁਰੂ ਜੀ ਉੱਤੇ ਵਾਰ ਕੀਤਾ ਸੀ ਤੇ ਗੁਰੂ ਜੀ ਨੇ ਉਸੇ ਸਮੇਂ ਉਸ ਨੂੰ ਕਤਲ ਕਰ ਦਿੱਤਾ ਸੀ।*

ਕਬਹੁਂ ਸਮਾ ਔਚਕ ਬਨਿ ਜਾਵੈ। ਸ਼ਸਤ੍ਰ ਸਭਾ ਮਹਿਂ ਰਿਪੁ ਕੋ ਘਾਵੈ'।
ਐਸੀ ਬਾਤਨ ਤੇ ਬਿਰਮਾਇ। ਪੁਨ ਚੋਪਰ ਕੋ ਦਈ ਵਿਛਾਇ॥ ੨੮॥

ਕਦੀ ਅਚਾਨਕ ਸਮਾਂ ਬਣ ਜਾਵੇ ਤਾਂ ਸ਼ਸਤਰ ਨਾਲ ਵੈਰੀ ਨੂੰ ਮਾਰੀਏ।" ਐਸੀਆਂ ਗੱਲਾ ਸੁਣ ਕੇ ਬਹੁਤ ਹੈਰਾਨ ਹੋਇਆ, ਫਿਰ ਚੌਪੜ ਦੀ ਖੇਡ ਵਿਛਾ ਦਿੱਤੀ॥ ੨੮॥

ਖੇਲਤਿ ਬਾਜੀ ਨਰਦ ਪ੍ਰਹਾਰੈਂ। ਕਟੂ ਬਾਕਨ ਤੇ ਤਰਕ ਉਚਾਰੈਂ।
'ਪਿਤਾ ਪਤਾਮੇ ਲੇਇ ਨ ਬਦਲਾ। ਥ੍ਰਕ ਜਨਮ ਤਿਹ ਕਾਯਰ ਦਿੱਲਾ॥ ੨੯॥

ਬਾਜੀ ਖੇਡਦਿਆਂ ਨਰਦਾਂ ਨੂੰ ਮਾਰਦੇ ਸਨ। ਕਟੀਲੇ ਬਚਨ ਨਾਲ ਤਰਕ ਉਚਾਰਨ ਕਰਦੇ ਸਨ, "ਜਿਹੜਾ ਪਿਤਾ ਪਿਤਾਮਾ ਦਾ ਬਦਲਾ ਨਹੀਂ ਲੈਂਦਾ ਹੈ ਅਜਿਹੇ ਕਾਇਰ ਦਿਲ ਵਾਲੇ ਦੇ ਜਨਮ 'ਤੇ ਲਾਅਨਤ ਹੈ॥ ੨੯॥

*ਨੋਟ:- ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਠਾਣ ਤਾਂ ਮਾਰਨਾ ਨਹੀਂ ਚਾਹੁੰਦਾ ਪਰ ਗੁਰੂ ਜੀ ਅਜਿਹੇ ਉਕਸਾਹਟ ਵਾਲੇ ਬਚਨ ਬੋਲ ਬੋਲ ਉਸ ਨੂੰ ਪ੍ਰੇਰ ਰਹੇ ਹਨ। ਸਤਿਗੁਰੂ ਜੀ ਜਿਹੜੇ ਪ੍ਰਭੂ ਦੀ ਰਜ਼ਾ ਅਤੇ ਭਾਣੇ ਨੂੰ ਮੰਨਣ ਵਾਲੇ ਸਨ, ਐਸਾ ਤਰਕ ਕਿਵੇਂ ਕਰ ਸਕਦੇ ਸਨ ? ਕਵੀ ਜੀ ਅਜਿਹੇ ਝੂਠੇ ਤੱਥ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕਰ ਰਹੇ ਹਨ।*

ਡਰਹਿ ਮਰਣ ਤੇ ਲਾਨਤਿ ਥੀਂਦੀ। ਕਜੋਂ ਜਨਮਜੋ ਜਨਨੀ ਤੇ ਗੀਦੀ।
ਨਹੀਂ ਸੂਰਮੇ ਕੋ ਸੁਤਿ ਸੋਈ। ਦਿਲ ਗੀਦੀ ਤੇ ਪਰਖਨਿ ਹੋਈ॥ ੩੦॥

ਮਰਨ ਤੋਂ ਡਰਦਾ ਹੈ, ਇਸ ਉੱਪਰ ਲਾਅਨਤ ਹੈ, ਅਜਿਹੇ ਕਾਇਰ ਨੂੰ ਇਸ ਦੀ ਮਾਂ ਨੇ ਕਿਉਂ ਜੰਮਿਆ ਹੈ। ਇਹ ਕਿਸੇ ਸੂਰਮੇ ਦਾ ਪੁੱਤਰ ਨਹੀਂ ਹੈ। ਇਸ ਦਾ ਕਾਇਰ ਦਿਲ ਪਰਖ ਲਿਆ ਹੈ॥ ੩੦॥

**ਕਰਹਿ ਪ੍ਰਾਨ ਪ੍ਰਿਯ ਮਾਰਨ ਮਰੈ। ਥੂਕ ਜਨਮ ਕਜੋਂ ਆਯੁਧ ਧਰੈ।**
**ਇਮ ਛੇਰਤਿ ਬਹੁ ਜਿਮ ਗਜ ਖੂਨੀ। ਜਾਗਤਿ ਰਿਸ ਮਨ ਦੂਨ ਚਊਨੀ॥ ੩੧॥**

ਆਪਣੇ ਪ੍ਰਾਣ ਪਿਆਰੇ ਕਰਦਾ ਹੈ, ਮਾਰ ਕੇ ਮਰਦਾ ਨਹੀਂ, ਲਾਅਨਤ ਇਸ ਜਨਮ ਨੂੰ ਕਿਉਂ ਸ਼ਸਤਰ ਧਾਰਨ ਕਰਦਾ ਹੈ।" ਇਸ ਪ੍ਰਕਾਰ ਛੇੜ ਰਹੇ ਸਨ ਜਿਵੇਂ ਵੱਡਾ ਖੂਨੀ ਹਾਥੀ ਹੋਵੇ। ਉਸ ਦੇ ਮਨ ਵਿਚ ਦੂਣਾ ਚੌਣਾ ਗੁੱਸਾ ਜਾਗਿਆ॥ ੩੧॥

**ਦੋ ਘਟਕਾ ਜਬਿਹੂੰ ਦਿਨ ਰਹਜੋ। ਚੌਪਰ ਤਜਜੋ ਬਿਰਨ ਕੋ ਚਹਜੋ।**
**ਗੁਲਖਾਂ ਸੁਨਿ ਸੁਨਿ ਧੀਰਜ ਛੋਰੈ। ਤਕਹਿ ਮਾਰਿਬੇ ਗੁਰ ਕੀ ਓਰੈ॥ ੩੨॥**

ਜਦ ਦੋ ਘੜੀਆਂ ਦਿਨ ਰਿਹਾ ਤਾਂ ਸਤਿਗੁਰੂ ਜੀ ਨੇ ਚੌਪੜ ਛੱਡਿਆ ਤੇ ਲੰਮੇ ਪੈਣਾ ਚਾਹਿਆ। ਗੁਲ ਖਾਂ ਸੁਣ-ਸੁਣ ਧੀਰਜ ਛੱਡੀ ਜਾਂਦਾ ਸੀ ਤੇ ਮਾਰਨ ਵਾਸਤੇ ਗੁਰੂ ਜੀ ਵੱਲ ਤੱਕਦਾ ਸੀ॥ ੩੨॥

**ਜਕ ਤਕ ਕਰਿ ਤਿਨ ਖੜਗ ਸੰਭਾਰਜੋ। ਮਾਰਨ ਕੋ ਮਨ ਬਜੋਂਤ ਬਿਚਾਰਜੋ।**
**ਹੇਰਿ ਸਿੰਘ ਗਨ ਇਤ ਉਤ ਤਾਕੈ। 'ਹਤੋਂ ਆਜ ਜਬਿ ਹੋਇਂ ਇਕਾਂਕੈ' ॥ ੩੩॥**

ਜਕੋ ਤਕੋ ਕਰਕੇ ਉਸ ਨੇ ਆਪਣੀ ਤਲਵਾਰ ਸੰਭਾਲੀ ਤੇ ਮਾਰਨ ਵਾਸਤੇ ਆਪਣੇ ਮਨ ਵਿਚ ਵਿਉਂਤ ਵਿਚਾਰੀ। ਫਿਰ ਬਹੁਤ ਸਿੰਘਾਂ ਨੂੰ ਏਧਰ ਓਧਰ ਵੇਖਿਆ ਤਾਂ ਸੋਚਿਆ, "ਅੱਜ ਮਾਰਾਂਗਾ ਜਦ ਇਕੱਲੇ ਹੋਣਗੇ"॥ ੩੩॥

**ਪਠਿ ਸੋਦਰ ਅਰਦਾਸ ਉਚਾਰੀ। ਸਭਿਨਿ ਗੁਰੂ ਕੋ ਬੰਦਨ ਧਾਰੀ।**
**ਰੁਖ ਲਖਿ ਕੈ ਨਿਜ ਨਿਜ ਥਲ ਗਏ। ਉਠਤਿ ਪਠਾਨ ਬਿਠਾਵਤਿ ਭਏ॥ ੩੪॥**

ਸਿੰਘਾਂ ਨੇ ਸੋਦਰ ਦਾ ਪਾਠ ਕਰਕੇ ਅਰਦਾਸ ਕੀਤੀ, ਸਾਰਿਆਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ। ਆਪਣਾ-ਆਪਣਾ ਰੁਖ ਵੇਖ ਕੇ ਆਪਣੇ-ਆਪਣੇ ਸਥਾਨਾਂ ਤੇ ਚਲੇ ਗਏ। ਉੱਠੇ ਹੋਏ ਪਠਾਣ ਨੂੰ ਬਿਠਾਉਣ ਲੱਗੇ॥ ੩੪॥

**ਥਿਰੇ ਪ੍ਰਯੰਕ ਊਪਰੇ ਫੇਰ। ਇਕ ਜਮਧਰ ਲੀਨੀ ਕਰ ਹੇਰ।**
**'ਗੁਲ ਖਾਂ ! ਨਿਕਟ ਹੋਇ ਇਸ ਦੇਖਿ। ਪਰਖਹੁ ਕੀਮਤਿ ਇਸਹਿ ਵਿਸ਼ੇਖ' ॥ ੩੫॥**

ਫਿਰ ਸਤਿਗੁਰੂ ਜੀ ਪਲੰਘ ਉੱਪਰ ਲੇਟ ਗਏ, ਇਕ ਕਟਾਰ ਵੇਖ ਕੇ ਆਪਣੇ ਹੱਥ ਵਿਚ ਲੈ ਲਈ, "ਕਹਿਣ ਲੱਗੇ, ਗੁਲ ਖਾਂ ! ਨੇੜੇ ਹੋ ਕੇ ਇਸ ਕਟਾਰ ਨੂੰ ਵੇਖੋ, ਵਿਸ਼ੇਸ਼ ਤੌਰ ਤੇ ਇਸ ਦੀ ਕੀਮਤ ਦੀ ਪਰਖ ਕਰੋ"॥ ੩੫॥

*ਨੋਟ : ਇਸ ਤੋਂ ਤਾਂ ਇਹ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਆਪਣੇ ਪੇਟ ਵਿਚ ਕਟਾਰ ਮਰਵਾਉਣ ਵਾਸਤੇ ਬਹੁਤ ਕਾਹਲੇ ਸਨ। ਉਹ ਪਠਾਣ ਨੂੰ ਆਪ ਕਟਾਰ ਫੜਾ ਕੇ ਮਾਰਨ ਦਾ ਮੌਕਾ ਦਿੰਦੇ ਹਨ। ਇਹ ਤਾਂ ਸਤਿਗੁਰੂ ਜੀ ਵਾਲੀ ਆਪ ਆਪਣੇ ਆਪ ਨੂੰ ਮਰਵਾਉਣ ਵਾਲੀ ਗੱਲ ਹੋ ਜਾਂਦੀ ਹੈ।*

**ਕਰਿ ਕੈ ਨਗਨ ਦਈ ਤਿਸ ਹਾਥ। ਪੁਨ ਪ੍ਰੇਰਨ ਲਾਗੇ ਕਹਿ ਨਾਥ।**
**'ਪਿਸਰ ਪਦਰ ਕੋ ਬਦਲਾ ਲੇਵੈ। ਹੱਕ ਉਤਾਰ ਆਪਨੋ ਦੇਵੈ॥ ੩੬॥**

ਕਟਾਰ ਨੰਗੀ ਕਰਕੇ ਉਸ ਦੇ ਹੱਥ ਵਿਚ ਦਿੱਤੀ, ਫਿਰ ਸਤਿਗੁਰੂ ਜੀ ਉਸ ਨੂੰ ਕਹਿ ਕੇ ਪ੍ਰੇਰਨ ਲੱਗੇ, "ਜਿਹੜਾ ਪਿਉ ਦਾਦੇ ਦਾ ਬਦਲਾ ਲੈ ਲਵੇ, ਉਹ ਆਪਣਾ ਹੱਕ ਉਤਾਰ ਦਿੰਦਾ ਹੈ॥ ੩੬॥

**ਵੈਰੀ ਮਿਲਹਿਂ ਇਕਾਂਤ ਸਥਾਨੀ। ਆਪ ਹੋਹਿ ਤਬਿ ਆਯੁਧ ਪਾਨੀ।**
**ਮਾਰਹਿ ਨਹੀਂ ਥੂਕ ਮੁਖ ਵਾਂਕੇ। ਜੀਵਨ ਪਰ ਲਾਨਤ ਬਹੁ ਤਾਂਕੇ' ॥ ੩੭॥**

ਵੈਰੀ ਜਦ ਇਕਾਂਤ ਵਿਚ ਮਿਲੇ ਤੇ ਜੇ ਆਪ ਹਥਿਆਰ ਧਾਰਨ ਕੀਤੇ ਹੋਣ ਤੇ ਜੇ ਫਿਰ ਵੀ ਨਾ ਮਾਰੇ ਤਾਂ ਉਸ ਦੇ ਮੂੰਹ ਉੱਪਰ ਥੁਕਣ ਬਰਾਬਰ ਹੈ। ਅਜਿਹੇ ਮਨੁੱਖ ਦੇ ਜਨਮ ਲੈਣ 'ਤੇ ਹੀ ਬਹੁਤ ਬਹੁਤ ਲਾਅਨਤਾਂ ਹਨ'॥ ੩੭॥

*ਨੋਟ :- ਅਜਿਹੇ ਬਚਨ ਸਤਿਗੁਰੂ ਜੀ ਵਰਗੇ ਸੂਰਬੀਰ ਦੇ ਮੁਖ ਤੋਂ ਕਹਾਉਣੇ ਯੋਗ ਨਹੀਂ ਹਨ। ਅਜਿਹੇ ਸ਼ਬਦ ਸਤਿਗੁਰੂ ਜੀ ਦੀ ਸ਼ਾਨ ਦੇ ਉਲਟ ਹਨ।*

ਇਮ ਕਹਿ ਲੀਨੇ ਮੂੰਦ ਬਿਲੋਚਨ। ਅਮਲ ਅਫੀਮ ਆਇ ਜਿਮ ਝੋਕਨ।
ਗੁਲ ਖਾਂ ਸਮੈਂ ਬਿਚਾਰਜੋ ਮਾਰਨ। ਤਮ ਬਿਥਰਜੋ ਹੁਇ ਦੀਪਕ ਜਾਰਨ॥ ੩੮॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੩੮॥

ਦ੍ਰਿਗ ਮੂੰਦੇ ਅਥਿ ਦੇਖਤਿ ਨਾਂਹੀ। ਥਿਰੇ ਸਿੰਘ ਕੋ ਨਾਂਹਿਨ ਪਾਹੀ।
ਜਮਧਰ ਨੰਗੀ ਤੀਖਨ ਹਾਥ। ਇਤ ਉਤ ਅਵਲੋਕਤਿ ਡਰ ਸਾਥ॥ ੩੯॥

ਅੱਖਾਂ ਬੰਦ ਹਨ ਤੇ ਵੇਖਦੇ ਵੀ ਨਹੀਂ ਹਨ ਤੇ ਕੋਈ ਸਿੰਘ ਵੀ ਪਾਸ ਨਹੀਂ ਖੜਾ ਹੈ। ਪਠਾਣ ਨੇ ਨੰਗੀ ਕਟਾਰ ਹੱਥ ਵਿਚ ਫੜੀ ਸੀ ਤੇ ਡਰ ਨਾਲ ਏਧਰ ਓਧਰ ਵੇਖਦਾ ਸੀ॥ ੩੯॥

ਇਤਨੇ ਮਹਿਂ ਦ੍ਰਿਗ ਪੰਕਜ ਖੋਲੇ। ਸਮੁਖ ਪਠਾਨ ਨਿਕਟ ਕਰਿ ਬੋਲੇ।
'ਸਮਾ ਸ਼ੱਤ੍ਰੂ ਹਤਿਬੇ ਕਹੁ ਪਾਵੈ। ਚੂਕ ਜਾਇ ਫਿਰ ਹਾਥ ਨ ਆਵੈ॥ ੪੦॥

ਏਨੇ ਵਿਚ ਗੁਰੂ ਜੀ ਨੇ ਆਪਣੇ ਨੈਣ ਖੋਲ੍ਹੇ ਤੇ ਸਾਹਮਣੇ ਖੜੇ ਪਠਾਣ ਨੂੰ ਕਹਿਣ ਲੱਗੇ, "ਜਦ ਵੈਰੀ ਨੂੰ ਮਾਰਨ ਦਾ ਸਮਾਂ ਪਾਵੇ ਤਾਂ ਜੇ ਚੂਕ ਜਾਵੇ ਤਾਂ ਫਿਰ ਸਮਾਂ ਹੱਥ ਨਹੀਂ ਆਉਂਦਾ ਹੈ॥ ੪੦॥

ਰਹੈ ਬਿਸੂਰਤਿ ਗੀਦੀ ਹੋਇ। ਥੁਕ ਜਨਮ ਲਾਨਤ ਲੇ ਸੋਇ'।
ਬਾਰ ਬਾਰ ਇਮ ਕਹਜੋ ਗੁਸਾਈਂ। ਬਾਰਿ ਬਾਰਿ ਦ੍ਰਿਗ ਮੂੰਦਤ ਜਾਈਂ॥ ੪੧॥

ਫਿਰ ਉਹ ਕਾਇਰ ਹੋ ਕੇ ਝੂਰਦਾ ਹੈ, ਅਜਿਹਾ ਜਨਮ ਫੋਕਾ ਹੈ ਤੇ ਉਸ ਉੱਪਰ ਲੱਖ ਲਾਅਨਤ ਹੈ।" ਬਾਰ-ਬਾਰ ਇਸ ਪ੍ਰਕਾਰ ਸਤਿਗੁਰੂ ਜੀ ਨੇ ਕਿਹਾ ਤੇ ਬਾਰ-ਬਾਰ ਅੱਖਾਂ ਬੰਦ ਕਰਦੇ ਜਾਂਦੇ ਸਨ॥ ੪੧॥

*ਨੋਟ :- ਗੁਰੂ ਜੀ ਪਾਸੋਂ ਬਾਰ-ਬਾਰ ਇਸ ਪ੍ਰਕਾਰ ਕਹਾ ਕੇ ਪਤਾ ਨਹੀਂ ਕਵੀ ਜੀ ਕੀ ਸਿੱਧ ਕਰਨਾ ਚਾਹੁੰਦੇ ਹਨ ? ਗੁਰੂ ਜੀ ਸਰਬ ਪ੍ਰਕਾਰ ਸਮਰੱਥ ਸਨ, ਉਹ ਜੋ ਕੁਝ ਵੀ ਕਰਨਾ ਚਾਹੁੰਦੇ ਸਨ, ਕਰ ਲੈਂਦੇ ਸਨ। ਇਸ ਪ੍ਰਕਾਰ ਉਨ੍ਹਾਂ ਨੂੰ ਬਾਰ-ਬਾਰ ਕਹਿਣ ਦੀ ਕੀ ਲੋੜ ਸੀ ?*

ਬਾਰ ਬਾਰ ਗੁਲ ਖਾਂ ਕੋ ਪ੍ਰੇਰਾ। ਸਭਿ ਬਿਧਿ ਦਾਵ ਬਨਜੋਂ ਤਿਸ ਹੇਰਾ।
ਜਮਧਰ ਨਗਨ ਹਾਥ ਮਹਿਂ ਧਰੀ। ਪ੍ਰਭੁ ਕੋ ਤਾਕਿ ਪ੍ਰਹਾਰਨ ਕਰੀ॥ ੪੨॥

ਬਾਰ-ਬਾਰ ਗੁਲ ਖਾਂ ਨੂੰ ਪ੍ਰੇਰਿਆ, ਜਦ ਸਾਰੀਆਂ ਵਿਧੀਆਂ ਨਾਲ ਦਾਵ ਬਣਿਆ, ਉਸ ਵੇਖਿਆ ਤਾਂ ਨੰਗੀ ਕਟਾਰ ਹੱਥ ਵਿਚ ਧਾਰਨ ਕੀਤੀ ਤੇ ਸਤਿਗੁਰੂ ਜੀ ਨੂੰ ਤੱਕ ਕੇ ਵਾਰ ਕਰ ਦਿੱਤਾ॥ ੪੨॥

ਸਮੁਖ ਰਿਦੈ ਕੋ ਜਬੈ ਚਲਾਈ। ਗਈ ਨਿਫਲ ਨਹਿਂ ਪ੍ਰਵਿਸ਼ੀ ਜਾਈ।
ਤ੍ਰਾਸਤਿ ਹਾਥ ਕੰਪ ਕਰਿ ਗਯੋ। ਤਨ ਕੋ ਤਨਕ ਘਾਵ ਨਹਿਂ ਭਯੋ॥ ੪੩॥

ਸਾਹਮਣੇ ਹਿਰਦੇ ਉੱਪਰ ਜਦ ਹੀ ਕਟਾਰ ਚਲਾਈ ਤਾਂ ਉਹ ਨਿਸਫਲ ਗਈ, ਗੁਰੂ ਜੀ ਦੇ ਪੇਟ ਵਿਚ ਪ੍ਰਵੇਸ਼ ਨਾ ਕਰ ਸਕੀ। ਡਰਦਾ ਹੋਇਆ ਹੱਥ ਕੰਬਦਿਆਂ ਚਲਾ ਗਿਆ, ਗੁਰੂ ਜੀ ਦੇ ਸਰੀਰ ਨੂੰ ਮਾੜਾ ਜੇਹਾ ਜ਼ਖਮ ਵੀ ਨਾ ਆਇਆ॥ ੪੩॥

ਪੁਨ ਏਕਲ ਹੀ ਪ੍ਰਭ ਕੋ ਹੇਰਿ। ਜਮਧਰ ਮਾਰੀ ਦੂਸਰ ਬੇਰ।
ਭੁਜ ਕੇ ਤਰੇ ਗਯੋ ਸੋ ਵਾਰ। ਲਗੀ ਨ ਤਨ ਕੋ ਥਿਰੇ ਜੁਝਾਰ॥ ੪੪॥

ਫਿਰ ਸਤਿਗੁਰੂ ਜੀ ਨੂੰ ਇਕੱਲਿਆਂ ਵੇਖ ਕੇ, ਕਟਾਰ ਗੁਰੂ ਜੀ ਦੇ ਦੂਸਰੀ ਵਾਰ ਮਾਰੀ। ਉਹ ਵਾਰ ਬਾਂਹ ਦੇ ਥੱਲੇ ਗਿਆ, ਪਰ ਸਰੀਰ ਨੂੰ ਨਾ ਲੱਗੀ, ਸਤਿਗੁਰੂ ਜੀ ਲੰਮੇ ਪਏ ਰਹੇ॥ ੪੪ ॥

ਪੁਨ ਧਰਿ ਧੀਰ ਤੀਸਰੋ ਮਾਰਾ। ਲਾਗ ਉਦਰ ਮਹਿਂ ਕੇਤਿਕ ਫਾਰਾ।
ਲਗੇ ਘਾਵ ਤੇ ਕੋਪ ਬਿਸਾਲੇ। ਜਮਧਰ ਦੂਜੀ ਧਰੀ ਸੰਭਾਲੇ॥ ੪੫ ॥

ਫਿਰ ਧੀਰਜ ਧਾਰ ਕੇ ਤੀਜਰਾ ਵਾਰ ਕੀਤਾ, ਪੇਟ ਵਿਚ ਲੱਗ ਕੇ ਉਸ ਕਾਫੀ ਪੇਟ ਪਾੜ ਦਿੱਤਾ। ਜ਼ਖਮ ਲੱਗਣ ਨਾਲ ਸਤਿਗੁਰੂ ਜੀ ਵੱਡੇ ਗੁੱਸੇ ਵਿਚ ਭਰ ਗਏ ਤੇ ਜਿਹੜੀ ਕਟਾਰ ਆਪਣੇ ਪਾਸ ਦੂਸਰੀ ਰੱਖੀ ਹੋਈ ਸੀ॥ ੪੫ ॥

ਤਤਛਿਨ ਸ੍ਰੀ ਪ੍ਰਭੁ ਵਾਰ ਪ੍ਰਹਾਰਜੋ। ਉਦਰ ਪਠਾਨ ਸ਼ੱਤ੍ਰੂ ਕੋ ਫਾਰਜੋ।
ਊਚੀ ਧੁਨਿ ਭਾਖਜੋ ਤਿਸ ਬੇਰੇ। 'ਹੈ ਕੋ ਸਿੰਘ ਹਮਾਰੇ ਨੇਰੇ?' ॥ ੪੬ ॥

ਸਤਿਗੁਰੂ ਜੀ ਨੇ ਤੁਰਤ ਉਸ ਦਾ ਵਾਰ ਕੀਤਾ ਤੇ ਵੈਰੀ ਪਠਾਣ ਦਾ ਢਿੱਡ ਪਾੜ ਦਿੱਤਾ। ਉਸ ਸਮੇਂ ਗੁਰੂ ਜੀ ਨੇ ਫਿਰ ਉੱਚੀ ਆਵਾਜ਼ ਵਿਚ ਕਿਹਾ, "ਕੋਈ ਸਿੰਘ ਸਾਡੇ ਨੇੜੇ ਹੈ?" ॥ ੪੬ ॥

ਸੁਨਤਿ ਸ਼ਬਦ ਕੋ ਤਤਛਿਨ ਆਏ। ਨਾਂਗੇ ਖੜਗ ਗਹੇ ਕਰ ਧਾਏ।
ਪਿਖਿ ਲੱਖਾ ਸਿੰਘ ਧਰਜੋ ਪਠਾਨ। ਬਲ ਤੇ ਹਨੀ ਕ੍ਰਿਪਾਨ ਮਹਾਨ॥ ੪੭ ॥

ਗੁਰੂ ਜੀ ਦੀ ਆਵਾਜ਼ ਸੁਣ ਕੇ ਸਿੰਘ ਤੁਰਤ ਆਏ ਤੇ ਨੰਗੀਆਂ ਤਲਵਾਰਾਂ ਫੜ ਕੇ ਭੱਜੇ ਆਏ। ਲੱਖਾ ਸਿੰਘ ਵੇਖ ਕੇ ਪਠਾਣ ਨੂੰ ਪੈ ਗਿਆ ਤੇ ਵੱਡੀ ਕਿਰਪਾਨ ਦਾ ਉਸ ਸਾਰੇ ਜ਼ੋਰ ਨਾਲ ਵਾਰ ਕੀਤਾ॥ ੪੭ ॥

ਕਾਟਿ ਗ੍ਰੀਵ ਤੇ ਸੀਸ ਉਤਾਰਾ। ਪਰਜੋ ਰੌਰ ਸੁਨਿ ਇਤ ਉਤ ਭਾਰਾ।
ਪ੍ਰਭੁ ਜੀ ਕਹਜੋ 'ਪ੍ਰਥਮ ਹੀ ਮਰਜੋ। ਕਾਹੇ ਖੜਗ ਪ੍ਰਹਾਰਨਿ ਕਰਜੋ' ॥ ੪੮ ॥

ਧੌਣ ਤੋਂ ਉਸ ਦਾ ਸਿਰ ਕੱਟ ਕੇ ਉਤਾਰ ਦਿੱਤਾ। ਇਹ ਸੁਣ ਕੇ ਏਧਰ ਓਧਰ ਭਾਰੀ ਰੌਲਾ ਪੈ ਗਿਆ, ਫਿਰ ਸਤਿਗੁਰੂ ਜੀ ਨੇ ਕਿਹਾ, "ਪਹਿਲਾਂ ਹੀ ਮਰ ਗਿਆ ਹੈ, ਤਲਵਾਰ ਕਿਉਂ ਮਾਰੀ ਹੈ" ॥ ੪੮ ॥

*ਦੂਸਰੇ ਐਨ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

## ਅਧਿਆਇ ਉਨੀਂਵਾਂ

### ਜ਼ਖਮ ਸਿਊਣੇ

ਦੋਹਰਾ- ਪ੍ਰਥਮ ਤੁਰਕ ਕੀ ਛਾਂਵ ਕੋ ਛੁਵਨ ਦੇਤਿ ਨਹਿਂ ਨੇਰ।
ਕਾਰਨ ਕਰਿਬੇ ਹੇਤੁ ਅਸ ਆਦਰ ਕਰਤਿ ਬਡੇਰ॥ ੧ ॥

ਪਹਿਲਾਂ ਤੁਰਕ ਦੀ ਛਾਂ ਨੂੰ ਨੇੜੇ ਵੀ ਛੂਹਣ ਨਹੀਂ ਦਿੰਦੇ ਸਨ। ਅਜਿਹਾ ਕਾਰਜ ਕਰਨ ਵਾਸਤੇ ਉਸ ਦਾ ਵੱਡਾ ਆਦਰ ਕਰਦੇ ਸਨ॥੧॥

ਚੌਪਈ- ਕੌਤਕ ਰਚਜੋ ਸਕਹਿ ਕੋ ਜਾਨ। ਜਮਧਰ ਖਾਈ ਪਾਨ ਪਠਾਨ।
ਗੁਲ ਖਾਂ ਪਰਜੋ ਨਿਹਾਰੈਂ ਤਿਸੇ। ਪ੍ਰਭੁ ਕੋ ਘਾਵ ਲਖਜੋ ਨਹਿਂ ਕਿਸੇ॥੨॥

ਐਸਾ ਕੌਤਿਕ ਰਚਿਆ ਸੀ, ਕੋਈ ਜਾਣ ਨਹੀਂ ਸੀ ਸਕਦਾ। ਪਠਾਣ ਦੇ ਹੱਥੋਂ ਕਟਾਰ ਖਾਧੀ। ਗੁਲ ਖਾਂ ਦੀ ਲਾਸ਼ ਪਈ ਸੀ, ਉਸ ਨੂੰ ਸਾਰੇ ਵੇਖਦੇ ਸਨ, ਪਰ ਸਤਿਗੁਰੂ ਜੀ ਦੇ ਜ਼ਖਮ ਨੂੰ ਕਿਸੇ ਵੀ ਨਾ ਜਾਣਿਆ॥ ੨॥

ਜਬਿ ਸੰਤੋਖ ਸਿੰਘ ਢਿਗ ਗਯੋ। ਰੁਧਰ ਪ੍ਰਵਾਹ ਬਿਲੋਕਤਿ ਭਯੋ।
ਬਾਗਾ ਸਗਰੋ ਲਾਲ ਸੁ ਬਰਨ। ਹੇਰਯੋ ਆਸਤਰਣ ਭੀ ਅਰੁਣ॥ ੩॥

ਜਦ ਸੰਤੋਖ ਸਿੰਘ ਪਾਸ ਗਿਆ ਤਾਂ ਉਸ ਨੇ ਖ਼ੂਨ ਦੇ ਪ੍ਰਵਾਹ ਨੂੰ ਵੇਖਿਆ। ਚਿੱਟਾ ਪੋਸ਼ਾਕਾ ਸਾਰਾ ਲਾਲ ਹੋ ਗਿਆ, ਹੇਠਲੇ ਵਸਤਰ ਵੀ ਲਾਲ ਰੰਗ ਦੇ ਹੋ ਗਏ ਹਨ॥ ੩॥

'ਮਹਾਂਰਾਜ! ਨਿਜ ਲਖਹੁ ਸਰੀਰ। ਨਿਕਸਤਿ ਰੁਧਰ ਭੀਜਗੇ ਚੀਰ'।
ਧੀਰਜ ਧਾਰਿ ਰਹੇ ਬਰ ਬੀਰ। ਲਗ੍ਯੋ ਘਾਵ ਨਹਿਂ ਮਾਨਤਿ ਪੀਰ॥੪॥

ਸੰਤੋਖ ਸਿੰਘ ਨੇ ਕਿਹਾ, "ਮਹਾਰਾਜ ਆਪਣੇ ਸਰੀਰ ਨੂੰ ਵੇਖੋ, ਖ਼ੂਨ ਨਿਕਲ ਕੇ ਸਾਰੇ ਕੱਪੜੇ ਭਿੱਜ ਗਏ ਹਨ।" ਧੀਰਜ ਧਾਰ ਕੇ ਸ੍ਰੇਸ਼ਟ ਸੂਰਬੀਰ ਸਤਿਗੁਰੂ ਜੀ ਪਏ ਰਹੇ। ਜ਼ਖਮ ਹੋਇਆ ਸੀ, ਪਰ ਉਹ ਪੀੜ ਨਹੀਂ ਸੀ ਮੰਨਦੇ॥ ੪॥

ਸੁਨਿ ਪਿਖਿ ਸਰਬ ਖਾਲਸਾ ਆਯੋ। ਘਾਵ ਬਸਤ੍ਰ ਟਾਰਤਿ ਦਰਸਾਯੋ।
'ਪ੍ਰਭੁ ਜੀ! ਜਮਧਰ ਘਾਵ ਘਨੇਰਾ। ਲਗ੍ਯੋ ਆਪ ਕੇ ਹਮ ਅਬਿ ਹੇਰਾ॥ ੫॥

ਵੇਖ ਸੁਣ ਕੇ ਸਾਰਾ ਖਾਲਸਾ ਆਇਆ। ਵਸਤਰ ਚੁੱਕਣ ਨਾਲ ਜ਼ਖਮ ਦਿਖਾਈ ਦਿੱਤਾ। ਸਿੰਘ ਕਹਿਣ ਲੱਗੇ, "ਹੇ ਸਤਿਗੁਰੂ ਜੀ, ਕਟਾਰ ਦਾ ਬਹੁਤ ਗਹਿਰਾ ਜ਼ਖਮ ਹੈ, ਇਹ ਆਪ ਜੀ ਦੇ ਲੱਗਾ ਹੈ, ਜਿਸ ਨੂੰ ਅਸੀਂ ਹੁਣ ਵੇਖਿਆ ਹੈ॥ ੫॥

ਕਿਸ ਬਿਧਿ ਕੋ ਬਿਸਤਾਰਯੋ ਖੇਲ। ਰੋਜ ਤੁਰਕ ਸੋਂ ਰਾਖ੍ਯੋ ਮੇਲ।
ਰਹ੍ਯੋ ਹਜ਼ੂਰ ਸਿੰਘ ਨਹਿਂ ਕੋਈ। ਤਊ ਤੁਰਕ ਢਿਗ ਰਾਖਾ ਸੋਈ॥ ੬॥

ਇਹ ਕਿਸ ਵਿਧੀ ਨਾਲ ਖੇਡ ਫੈਲਾਇਆ ਹੈ, ਰੋਜ਼ ਉਸ ਤੁਰਕ ਨਾਲ ਬਹੁਤ ਮੇਲ ਰੱਖਦੇ ਸੀ। ਕੋਈ ਵੀ ਸਿੰਘ ਹਜ਼ੂਰੀ ਵਿਚ ਨਹੀਂ ਰਿਹਾ ਸੀ, ਫਿਰ ਵੀ ਉਸ ਤੁਰਕ ਨੂੰ ਆਪਣੇ ਪਾਸ ਰੱਖਿਆ॥ ੬॥

ਆਪ ਕਰਹੁ ਉਪਦੇਸ਼ ਪ੍ਰਕਾਸ਼ਾ। ਕੀਜਹਿ ਨਹੀਂ ਤੁਰਕ ਭਰਵਾਸਾ।
ਇਹ ਰਾਵਰ ਨੇ ਕਜਾ ਕਰਿ ਲਯੋ। ਕਾਰੀ ਘਾਵ ਖਾਨ ਤੇ ਖਯੋ॥ ੭॥

ਆਪ ਹੀ ਰੋਜ਼ ਉਪਦੇਸ਼ ਕਰਦੇ ਹੋ ਕਿ ਤੁਰਕ ਦਾ ਕਦੀ ਵੀ ਭਰਵਾਸਾ ਨਾ ਕਰੋ। ਇਹ ਆਪ ਜੀ ਨੇ ਕੀ ਕਰ ਲਿਆ ਹੈ, ਵੱਡਾ ਜ਼ਖਮ ਉਸ ਖਾਨ ਤੋਂ ਖਾਧਾ ਹੈ"॥ ੭॥

*ਨੋਟ :- ਕਵੀ ਜੀ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਤਿਗੁਰੂ ਜੀ ਨੇ ਆਪ ਹੀ ਇਹ ਸਾਰੀ ਖੇਡ ਬਣਾਈ ਸੀ। ਉਹ ਆਪ ਹੀ ਪਠਾਣ ਪਾਸੋਂ ਜ਼ਖਮੀ ਹੋਣਾ ਚਾਹੁੰਦੇ ਸਨ, ਇਸ ਲਈ ਉਸ ਦਾ ਆਦਰ ਕਰਦੇ ਸਨ, ਪਰ ਅਸਲ ਤੱਥ ਨੂੰ ਨਹੀਂ ਜਾਣਦੇ ਕਿ ਗੁਰੂ ਜੀ ਨੂੰ ਜ਼ਖਮੀ ਸਿਰਹੰਦੀ ਪਠਾਣ ਨੇ ਵਜ਼ੀਰ ਖਾਨ ਸੂਬੇ ਦੇ ਕਹਿਣ ਤੇ ਕੀਤਾ ਸੀ।*

ਸਿੰਘ ਸੰਤੋਖ ਸਿੰਘ ਤੇ ਆਦਿ। ਹੇਰਿ ਹੇਰਿ ਸਭਿ ਲਹੇ ਬਿਖਾਦ।
ਧੀਰ ਦੇਨਿ ਕੋ ਗੁਰੂ ਉਚਾਰੀ। 'ਭਯੋ ਅਕਾਲ ਪੁਰਖ ਰਖਵਾਰੀ॥ ੮॥

ਸੰਤੋਖ ਸਿੰਘ ਆਦਿ ਸਾਰੇ ਸਿੰਘ ਵੇਖ ਵੇਖ ਕੇ ਬਿਪਤਾ ਨੂੰ ਸਮਝਦੇ ਸਨ। ਉਨ੍ਹਾਂ ਨੂੰ ਧੀਰਜ ਦੇਣ ਵਾਸਤੇ ਗੁਰੂ ਜੀ ਨੇ ਉਚਾਰਨ ਕੀਤਾ, "ਅਕਾਲ ਪੁਰਖ ਸਾਡਾ ਰਖਵਾਲਾ ਬਣਿਆ ਹੈ॥ ੮॥

ਕਰਹੁ ਨ ਚਿੰਤਾ ਚਿਤ ਮਹਿਂ ਕਾਈ। ਘਾਵ ਅਲਪ ਅਸਿਕੇਤ ਸਹਾਈ।
ਖਾਨ ਖੋਰ ਕਰਿ ਜਮਧਰ ਮਾਰੀ। ਬਹੁਤ ਸਮੈਂ ਕੋ ਦ੍ਵੈਸ਼ ਚਿਤਾਰੀ॥ ੯॥

ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ, ਛੋਟਾ ਜ਼ਖਮ ਹੈ, ਅਕਾਲ ਪੁਰਖ ਨੇ ਸਾਡੀ ਸਹਾਇਤਾ ਕੀਤੀ ਹੈ। ਖਾਨ ਨੇ ਦੁਸ਼ਮਣੀ ਯਾਦ ਕਰਕੇ ਕਟਾਰ ਮਾਰੀ ਹੈ, ਬਹੁਤ ਪੁਰਾਣੀ ਦੁਸ਼ਮਣੀ ਯਾਦ ਕੀਤੀ ਹੈ॥ ੯॥

**ਖਸ਼ਟਮ ਗੁਰੂ ਮਹਾਂ ਬਲਿ ਧਾਮਾ। ਹਤਜੋ ਜੁੱਧ ਮਹਿਂ ਜਾਂਹਿ ਪਿਤਾਮਾ।**
**ਸੁਨਤਿ ਰਹਜੋ ਪੂਰਬ ਕੀ ਬਾਤ। ਅਬਿ ਲਖਿ ਘਾਤ ਚਹਜੋ ਮਮ ਘਾਤ॥੧੦॥**

ਛੇਵੇਂ ਗੁਰੂ ਸਾਹਿਬ ਮਹਾਨ ਬਲ ਦਾ ਘਰ ਸਨ, ਉਨ੍ਹਾਂ ਨੇ ਯੁੱਧ ਵਿਚ ਇਸ ਦੇ ਪਿਤਾਮੇ ਨੂੰ ਮਾਰਿਆ ਸੀ। ਇਹ ਪਹਿਲਾਂ ਹੋਈ ਗੱਲ ਨੂੰ ਸੁਣਦਾ ਰਿਹਾ, ਹੁਣ ਮੌਕਾ ਮਿਲਣ 'ਤੇ ਮੈਨੂੰ ਮਾਰਨਾ ਚਾਹੁੰਦਾ ਸੀ॥੧੦॥

*ਨੋਟ :- ਗੁਰੂ ਹਰਿਗੋਬਿੰਦ ਸਾਹਿਬ ਦਾ ਬਦਲਾ ਗੁਰੂ ਗੋਬਿੰਦ ਸਿੰਘ ਪਾਸੋਂ ਕਿਉਂ ਲੈਣਾ ਸੀ ? ਸਿਰਹੰਦ ਦੇ ਸੂਬੇ ਵਜ਼ੀਰ ਖਾਨ ਨੇ ਜਦ ਵੇਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਬਹੁਤ ਵੱਧ ਗਈ ਹੈ ਤਾਂ ਉਸ ਨੇ ਆਪਣੀ ਜਾਨ ਨੂੰ ਖ਼ਤਰਾ ਜਾਣਿਆ। ਇਸ ਕਰਕੇ ਉਸ ਸਿਰਹੰਦੀ ਪਠਾਣ ਨੂੰ ਗੁਰੂ ਜੀ ਨੂੰ ਮਾਰਨ ਵਾਸਤੇ ਭੇਜਿਆ। ਉਹ ਪਠਾਣ ਪਹਿਲਾਂ ਮਾਤਾ ਸੁੰਦਰੀ ਜੀ ਨੂੰ ਮਿਲ ਕੇ ਏਧਰ ਆਇਆ ਤੇ ਘਾਤ ਪਾ ਕੇ ਉਸ ਹਮਲਾ ਕੀਤਾ।*

**ਭਯੋ ਅਕਾਲ ਪੁਰਖ ਰਖਵਾਰੇ। ਤਨਕ ਘਾਵ ਭਾ ਜਮਧਰ ਮਾਰੇ।**
**ਦੂਜੀ ਜਮਧਰ ਹਮਹੁਂ ਪ੍ਰਹਾਰੀ। ਜਾਨਿ ਨ ਦੀਨਿ ਲੀਨ ਅਰਿ ਮਾਰੀ' ॥੧੧॥**

ਅਕਾਲ ਪੁਰਖ ਸਾਡਾ ਰਖਵਾਲਾ ਬਣਿਆ ਹੈ, ਕਟਾਰ ਮਾਰਨ ਨਾਲ ਬਹੁਤ ਛੋਟਾ ਜ਼ਖਮ ਹੋਇਆ ਹੈ। ਦੂਸਰੀ ਕਟਾਰ ਅਸੀਂ ਮਾਰੀ ਸੀ, ਵੈਰੀ ਨੂੰ ਜਾਣ ਨਹੀਂ ਦਿੱਤਾ, ਉਥੇ ਹੀ ਮਾਰ ਲਿਆ'' ॥੧੧॥

**ਸੁਨਿ ਸਿੰਘਨਿ ਤਤਛਿਨ ਜਲ ਲਜਾਏ। ਕਰਜੋ ਪਖਾਰਨ ਸ਼੍ਰੋਣਤ ਜਾਏ।**
**ਸੂਚੀ ਲਈ ਲੋਹਿ ਬਰ ਜੋਵਾ। ਰੇਸ਼ਮ ਤਾਗਾ ਬੰਦ ਪਰੋਵਾ॥ ੧੨॥**

ਇਹ ਸੁਣ ਕੇ ਸਿੰਘ ਤੁਰਤ ਜਲ ਲਿਆਏ ਤੇ ਖ਼ੂਨ ਵਹਾ ਰਹੇ ਜ਼ਖਮ ਨੂੰ ਧੋਤਾ। ਫਿਰ ਇਕ ਚੰਗੀ ਸੂਈ ਲੈ ਕੇ, ਉਸ ਵਿਚ ਰੇਸ਼ਮ ਦਾ ਧਾਗਾ ਪਰੋਇਆ॥੧੨॥

**ਸਨੇ ਸਨੇ ਸੀਵਨ ਕਰਿ ਸਾਰਾ। ਪਾਟੀ ਬੰਧਿ ਕੀਨਿ ਦਿਢ ਭਾਰਾ।**
**ਆਛੀ ਰੀਤਿ ਪਲੰਘ ਪਰ ਆਏ। ਰੁਚਿ ਅਨੁਸਾਰ ਅਹਾਰਨਿ ਖਾਏ॥ ੧੩॥**

ਹੌਲੀ-ਹੌਲੀ ਸਾਰੇ ਜ਼ਖਮ ਨੂੰ ਸੀਊ ਦਿੱਤਾ। ਫਿਰ ਪੱਟੀ ਬੰਨ੍ਹ ਕੇ ਜ਼ਖਮ ਨੂੰ ਘੁੱਟ ਕੇ ਬੰਨ੍ਹ ਦਿੱਤਾ। ਫਿਰ ਚੰਗੀ ਰੀਤੀ ਨਾਲ ਪਲੰਘ ਤੇ ਆ ਕੇ, ਆਪਣੀ ਰੁਚੀ ਅਨੁਸਾਰ ਭੋਜਨ ਛੱਕਿਆ॥੧੩॥

**ਸੁਪਤਿ ਰਾਤਿ ਬੀਤੀ ਹੁਇ ਪ੍ਰਾਤੀ। ਲਿਖੀ ਖਾਲਸੇ ਮਿਲਿ ਕਰਿ ਪਾਤੀ।**
**ਸ਼ਾਹੁ ਬਹਾਦਰ ਢਿਗ ਸੁਧ ਪਠੀ। ਹੁਤੋ ਨਿਕਟ ਉਤ ਖੋਲਤਿ ਪਠੀ॥ ੧੪॥**

ਰਾਤ ਸੌਂ ਕੇ ਬਤੀਤ ਕੀਤੀ। ਫਿਰ ਸਵੇਰ ਹੋ ਗਈ ਤੇ ਫਿਰ ਖਾਲਸੇ ਨੇ ਮਿਲ ਕੇ ਚਿੱਠੀ ਲਿਖੀ ਤੇ ਬਹਾਦਰ ਸ਼ਾਹ ਪਾਸ ਖ਼ਬਰ ਭੇਜੀ। ਬਹਾਦਰ ਸ਼ਾਹ ਦੇ ਨੇੜੇ ਕੋਈ ਅਹਿਲਕਾਰ ਮੌਜੂਦ ਸੀ, ਉਸ ਨੇ ਚਿੱਠੀ ਖੋਲ੍ਹ ਕੇ ਪੜ੍ਹੀ॥੧੪॥

**ਇਹ ਕਜਾ ਭਯੋ ਰਹਜੋ ਬਿਸਮਾਇ। ਤੁਰਤ ਜਰਾਹਨ ਕੋ ਬੁਲਵਾਇ।**
**ਕਰਿ ਤਾਗੀਦ ਦਏ ਹਯ ਬਲੀ। 'ਰਾਜ਼ੀ ਕਰਹੁ ਜ਼ਖਮ ਬਿਧਿ ਭਲੀ' ॥ ੧੫॥**

ਇਹ ਕੀ ਹੋਇਆ ਹੈ, ਉਹ ਬਹੁਤ ਹੈਰਾਨ ਹੋਇਆ ਤੇ ਤੁਰਤ ਆਪਣੇ ਜਰਾਹਾਂ ਨੂੰ ਬੁਲਵਾਇਆ। ਉਨ੍ਹਾਂ ਨੂੰ ਤਾਕੀਦ ਕਰਕੇ ਬੜੇ ਬਲਵਾਨ ਘੋੜੇ ਦਿੱਤੇ, ''ਜ਼ਖਮਾਂ ਨੂੰ ਭਲੀ ਵਿਧੀ ਨਾਲ ਠੀਕ ਕਰੋ'' ॥੧੫॥

**ਤੁਰੰਗ ਧਵਾਵਤਿ ਸੋ ਚਲਿ ਆਏ। ਦਰਸ਼ਨ ਕਰਿਕੈ ਸੀਸ ਨਿਵਾਏ।**
**ਖੋਲਿ ਜ਼ਖਮ ਕੋ ਸਭਿ ਬਿਧਿ ਹੇਰਾ। ਸ਼ੁਭ ਉਪਚਾਰ ਕਰੇ ਤਿਸ ਬੇਰਾ॥ ੧੬॥**

ਉਹ ਘੋੜੇ ਭਜਾਉਂਦੇ ਚਲ ਕੇ ਆ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਸਿਰ ਨਿਵਾਏ। ਫਿਰ ਉਨ੍ਹਾਂ ਜ਼ਖਮ ਨੂੰ ਖੋਲ੍ਹ ਕੇ ਸਾਰੀਆਂ ਵਿਧੀਆਂ ਨਾਲ ਵੇਖਿਆ, ਤੇ ਉਸ ਸਮੇਂ ਸ਼ੁਭ ਉਪਰਾਲੇ ਕੀਤੇ॥੧੬॥

ਪੀਛੈ ਸ਼ਾਹੁ ਲਿਖਯੋ ਪਰਵਾਨਾ। ਤਿਨ ਖ਼ਾਨਨ ਪਰ ਕੁਪਯੋ ਮਹਾਨਾ।
'ਜੇ ਰਾਵਰ ਕੀ ਆਇਸੁ ਪਾਊਂ। ਇਨ ਸਭਿਹਿਨਿ ਕੇ ਹਾਥ ਕਟਾਊਂ' ॥੧੭॥

ਬਾਅਦ ਵਿਚ ਬਾਦਸ਼ਾਹ ਨੇ ਪਰਵਾਨਾ ਲਿਖਿਆ, ਉਨ੍ਹਾਂ ਖਾਨਾਂ ਉੱਪਰ ਉਸ ਮਹਾਨ ਕ੍ਰੋਧ ਧਾਰਨ ਕੀਤਾ, "ਆਪ ਜੀ ਦੀ ਆਗਿਆ ਪਾਵਾਂ, ਤਾਂ ਇਨ੍ਹਾਂ ਸਾਰਿਆਂ ਦੇ ਹੱਥ ਕੱਟਵਾ ਦੇਵਾਂ" ॥੧੭॥

ਕੈ ਨੌਕਾ ਕੇ ਬੀਚ ਚਢਾਊਂ। ਜਲ ਗੰਭੀਰ ਮਹਿਂ ਸਭਿਨਿ ਡੁਬਾਊਂ'।
ਸ੍ਰੀ ਗੁਰ ਢਿਗ ਆਯੋ ਪਠਵਾਯੋ। ਕ੍ਰਿਪਾ ਕਰਤਿ ਹੀ ਹੁਕਮ ਅਲਾਯੋ॥੧੮॥

ਜਾਂ ਇਨ੍ਹਾਂ ਨੂੰ ਬੇੜੀ ਦੇ ਵਿਚ ਚੜ੍ਹਾਵਾਂ, ਡੂੰਘੇ ਪਾਣੀ ਵਿਚ ਸਭ ਨੂੰ ਡੋਬ ਦੇਵਾਂ।" ਗੁਰੂ ਜੀ ਪਾਸ ਲਿਖਿਆ ਹੋਇਆ ਪੱਤਰ ਆਇਆ। ਸਤਿਗੁਰੂ ਜੀ ਨੇ ਕਿਰਪਾ ਕਰਕੇ ਹੁਕਮ ਕੀਤਾ॥੧੮॥

'ਇਹ ਸਭਿ ਕਾਰ ਹਮਹੁਂ ਕਰਵਾਈ। ਤਿਲ ਭਰ ਦੋਸ਼ ਨ ਇਨਹੁਂ ਕਦਾਈ'।
ਲਿਖਿ ਉੱਤਰ ਭੇਜਯੋ ਤਤਕਾਲਾ। ਜਹਿਂ ਕਹਿ ਪਸਰਯੋ ਸੁਜਸੁ ਬਿਸਾਲਾ॥੧੯॥

"ਇਹ ਸਾਰਾ ਕਾਰਜ ਅਸੀਂ ਆਪ ਕਰਵਾਇਆ ਹੈ, ਇਨ੍ਹਾਂ ਦਾ ਕਦੀ ਵੀ ਇਕ ਤਿਲ ਭਰ ਜਿੰਨਾ ਵੀ ਦੋਸ਼ ਨਹੀਂ ਹੈ।" ਇਹ ਉੱਤਰ ਲਿਖ ਕੇ ਤੁਰਤ ਭੇਜ ਦਿੱਤਾ, ਜਿੱਥੇ ਕਿੱਥੇ ਗੁਰੂ ਜੀ ਦਾ ਬਹੁਤ ਜੱਸ ਫੈਲਿਆ॥੧੯॥

ਸਤਿਗੁਰ ਖੋਟਨਿ ਪਰ ਉਪਕਾਰੀ। ਮਹਾਂ ਕ੍ਰਿਪਾਲ ਧੀਰ ਧਰਿ ਭਾਰੀ।
ਹੁਤੇ ਜਰਾਹੁ ਸੁਮਤਿ ਪਤਿਸ਼ਾਹੀ। ਕਰਿ ਉਪਚਾਰ ਥਿਰੇ ਪ੍ਰਭੁ ਪਾਹੀ॥੨੦॥

ਸਤਿਗੁਰੂ ਜੀ ਖੋਟਿਆਂ ਉੱਪਰ ਵੀ ਉਪਕਾਰ ਕਰਦੇ ਹਨ, ਮਹਾਂ ਕ੍ਰਿਪਾਲੂ ਨੇ ਭਾਰੀ ਧੀਰਜ ਧਾਰਨ ਕੀਤਾ। ਕੁਝ ਸ਼ਾਹੀ ਜਰਾਹੁ ਬਹੁਤ ਬੁਧੀਵਾਨ ਸਨ, ਉਹ ਇਲਾਜ ਕਰਨ ਵਾਸਤੇ ਸਤਿਗੁਰੂ ਜੀ ਦੇ ਪਾਸ ਹੀ ਠਹਿਰ ਗਏ॥ ੨੦॥

ਐਸੋ ਮੱਲ੍ਹਮ ਕਰਯੋ ਲਗਾਯੋ। ਤੂਰਨ ਜ਼ਖਮ ਮੇਲ ਹ੍ਵੈ ਆਯੋ।
ਪੰਦਰਹਿ ਦਿਵਸਨ ਮਹਿਂ ਕਰਿ ਨੀਕਾ। ਮੱਜਨ ਕਰਿਵਾਯੋ ਗੁਰ ਜੀ ਕਾ॥੨੧॥

ਐਸੀ ਮੱਲ੍ਹਮ ਤਿਆਰ ਕਰਕੇ ਲਾਈ ਕਿ ਤੁਰਤ ਹੀ ਜ਼ਖਮ ਮਿਲ ਗਏ। ਪੰਦਰਾਂ ਦਿਨਾਂ ਬਾਅਦ ਜ਼ਖਮ ਠੀਕ ਕਰਕੇ ਗੁਰੂ ਜੀ ਦਾ ਸ਼ੁਭ ਇਸ਼ਨਾਨ ਕਰਵਾਇਆ ਗਿਆ॥ ੨੧॥

ਪੋਸ਼ਿਸ਼ ਨਈ ਪਹਿਰ ਕਰਿ ਬੈਸੇ। ਦਯੋ ਦਰਸ ਬਰ ਪੂਰਬ ਜੈਸੇ।
ਅਖਿਲ ਖਾਲਸਾ ਚਲਿ ਕਰਿ ਆਯੋ। ਸੀਸ ਨਿਵਾਇ ਅਨੰਦ ਕੋ ਪਾਯੋ॥੨੨॥

ਨਵੀਂ ਪੋਸ਼ਾਕ ਪਹਿਣ ਕੇ ਬੈਠ ਗਏ ਤੇ ਸਤਿਗੁਰੂ ਜੀ ਨੇ ਪਹਿਲਾਂ ਵਾਂਗ ਦਰਸ਼ਨ ਦਿੱਤੇ। ਸਾਰਾ ਖਾਲਸਾ ਚਲ ਕੇ ਆਇਆ ਤੇ ਸੀਸ ਨਿਵਾ ਕੇ ਆਨੰਦ ਪਾਇਆ॥ ੨੨॥

ਅਖਿਲ ਲੋਕ ਸੁਨਿ ਸੁਨਿ ਸੁਧਿ ਨੀਕੇ। ਪਹੁੰਚੇ ਨਿਕਟ ਪੁੰਜ ਪ੍ਰਭੁ ਜੀ ਕੇ।
ਪੰਚਾਂਮ੍ਰਿਤ ਅਧਿਕੈ ਕਰਿਵਾਯੋ। ਉਤਸਵ ਦੀਰਘ ਸਭਿ ਮਹਿਂ ਛਾਯੋ॥੨੩॥

ਸਾਰੇ ਲੋਕਾ ਚੰਗੀ ਖਬਰ ਸੁਣ ਸੁਣ ਕੇ, ਇਕੱਠੇ ਹੋ ਕੇ ਗੁਰੂ ਜੀ ਪਾਸ ਪਹੁੰਚੇ। ਫਿਰ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਇਕ ਵੱਡਾ ਉਤਸਵ ਸਾਰਿਆਂ ਵਿਚ ਛਾ ਗਿਆ॥ ੨੩॥

ਦਰਬ ਬ੍ਰਿੰਦ ਸਿਰੁਪਾਉ ਬਿਸਾਲੇ। ਹੁਕਮ ਕਰਜੋ ਲਜਾਏ ਤਤਕਾਲੇ।
ਬਖਸ਼ੇ ਤਬਹਿ ਜਰਾਹਨਿ ਤਾਈਂ। ਲੇ ਕਰਿ ਬਹੁਤ ਰਹੇ ਹਰਖਾਈ॥ ੨੪ ॥

ਬਹੁਤ ਧਨ ਅਤੇ ਵਿਸ਼ਾਲ ਸਿਰੋਪੇ, ਹੁਕਮ ਕਰਨ ਨਾਲ ਤੁਰਤ ਲੈ ਕੇ ਆਏ। ਉਹ ਸਿਰੋਪੇ ਫਿਰ ਜਰਾਹਾਂ ਨੂੰ ਬਖਸ਼ੇ, ਉਹ ਸਿਰੋਪੇ ਲੈ ਕੇ ਬਹੁਤ ਪ੍ਰਸੰਨ ਹੋਏ॥ ੨੪॥

ਸੁਜਸ ਉਚਾਰਨ ਕਰਤਿ ਬਿਸਾਲੇ। ਸ਼੍ਰੇਯ ਕਹਨ ਹਜ਼ਰਤ ਢਿਗ ਚਾਲੇ।
ਮਿਲੇ ਜਾਇ ਸੁਧ ਅਖਿਲ ਸੁਨਾਈ। 'ਧਨ ਗਨ ਦੀਨਸਿ ਹਮ ਹਰਖਾਈ' ॥੨੫ ॥

ਬੜਾ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ। ਇਸ ਬਾਰੇ ਕਹਿਣ ਵਾਸਤੇ ਬਾਦਸ਼ਾਹ ਦੇ ਪਾਸ ਗਏ। ਬਾਦਸ਼ਾਹ ਨੂੰ ਮਿਲ ਕੇ ਸਾਰੀ ਖ਼ਬਰ ਸੁਣਾਈ, "ਗੁਰੂ ਜੀ ਨੇ ਸਾਨੂੰ ਬਹੁਤ ਧਨ ਦੇ ਕੇ ਪ੍ਰਸੰਨ ਕੀਤਾ ਹੈ"॥ ੨੫॥

ਪੁਨ ਗਮਨੇ ਦਿੱਲੀ ਸੁ ਜਰਾਹੂ। ਕਹਜੋ ਸੁਜਸੁ ਸਗਰੇ ਪੁਰਿ ਮਾਂਹੂ।
ਇਮ ਸਤਿਗੁਰ ਹ੍ਵੈਗੇ ਸਵਧਾਨਾ। ਦਿਨ ਖੋੜਸਮੋਂ ਚਢਜੋ ਜਹਾਨਾ॥ ੨੬ ॥

ਫਿਰ ਉਹ ਜਰਾਹ ਦਿੱਲੀ ਨੂੰ ਚਲੇ ਗਏ ਤੇ ਸਾਰੇ ਨਗਰ ਵਿਚ ਗੁਰੂ ਜੀ ਦਾ ਸ੍ਰੇਸ਼ਟ ਜੱਸ ਕੀਤਾ। ਇਸ ਪ੍ਰਕਾਰ ਸਤਿਗੁਰੂ ਜੀ ਦੁਬਾਰਾ ਸਾਵਧਾਨ ਹੋ ਗਏ। ਛੇਵੇਂ ਦਿਨ ਜਦ ਸੂਰਜ ਚੜ੍ਹਿਆ॥ ੨੬॥

ਹੁਤੀ ਪ੍ਰਭਾਤਿ ਸਭਾ ਮਹਿਂ ਬੈਸੇ। ਸ਼ੋਭਤਿ ਹੈਂ ਕੁਬੇਰ ਬਰ ਜੈਸੇ।
ਨਵ ਟੰਕਨ ਕੇ ਧਨੁਖ ਬਿਸਾਲੇ। ਆਨੇ ਕਾਰੀਗਰ ਤਿਸ ਕਾਲੇ॥ ੨੭ ॥

ਸਵੇਰ ਹੁੰਦਿਆਂ ਹੀ ਸਭਾ ਵਿਚ ਬੈਠ ਗਏ ਤੇ ਕੁਬੇਰ ਵਾਂਗ ਸਭਾ ਵਿਚ ਸ਼ੋਭਾ ਪਾ ਰਹੇ ਸਨ। ਨਵ ਟੰਕਣ ਦੇ ਵਿਸ਼ਾਲ ਧਨੁੱਖ ਉਸ ਸਮੇਂ ਕਾਰੀਗਰ ਲੈ ਕੇ ਆਏ॥ ੨੭॥

ਹੇਰਤਿ ਗੁਰੂ ਹਰਖ ਕੋ ਪਾਯੋ। ਦੀਰਘ ਦਰਬ ਇਨਾਮ ਦਿਵਾਯੋ।
ਸਰਬ ਸ਼ਸਤ੍ਰ ਨਿਤ ਨਿਕਟ ਰਖਾਵਤਿ। ਪੁਸ਼ਪ ਧੂਪ ਚੰਦਨ ਚਰਚਾਵਤਿ॥੨੮ ॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ, ਬਹੁਤ ਧਨ ਉਨ੍ਹਾਂ ਨੂੰ ਇਨਾਮ ਦਿਵਾਇਆ। ਸਾਰੇ ਸ਼ਸਤਰ ਸਦਾ ਆਪਣੇ ਪਾਸ ਰੱਖਦੇ ਸਨ ਤੇ ਉਨ੍ਹਾਂ ਨੂੰ ਫੁੱਲ ਭੇਟ ਕਰਕੇ ਧੂਪ ਧੁਖਾਉਂਦੇ ਸਨ ਤੇ ਚੰਦਨ ਦਾ ਛਿੜਕਾਅ ਕਰਦੇ ਸਨ॥ ੨੮॥

ਤਿਨ ਮਹਿਂ ਦੋਨ ਸਰਾਸਨ ਧਰੇ। ਦਿਢ ਦਰਾਜ਼ ਦੀਖਤਿ ਬਰ ਕਰੇ।
ਕਾਤਕ ਮਾਸ ਅਮਾਵਸ਼ ਨਿਸ ਮਹਿਂ। ਦੀਪ ਮਾਲ ਘਰਿ ਘਰ ਜਿਸ ਕਿਸ ਮਹਿਂ ॥੨੯ ॥

ਉਨ੍ਹਾਂ ਵਿਚ ਦੋਵੇਂ ਧਨੁੱਖ ਧਰੇ ਸਨ। ਉਹ ਬੜੇ ਦ੍ਰਿੜ੍ਹ ਵੱਡੇ ਅਤੇ ਸ੍ਰੇਸ਼ਟ ਦਿਖਾਈ ਦਿੰਦੇ ਸਨ। ਕੱਤਕ ਮਹੀਨੇ ਦੀ ਮੱਸਿਆ ਵਾਲੀ ਰਾਤ ਵਿਚ, ਜਿਸ ਕਿਸ ਦੇ ਘਰ-ਘਰ ਦੀਪਮਾਲਾ ਹੋ ਰਹੀ ਸੀ॥ ੨੯॥

ਘ੍ਰਿੱਤ ਸਨੇਹ ਜਲਾਇ ਬਿਸਾਲਾ। ਬਿਬਿਧ ਬਿਧਿਨਿ ਧਰਿ ਦੀਪਕ ਮਾਲਾ।
ਗੁਰੂ ਸਦਨ ਕੇ ਚਹੁਂ ਦਿਸ਼ਿ ਜੋਤਿ। ਭਾ ਪ੍ਰਕਾਸ਼ ਦਿਨ ਮਨਹੁਂ ਉਦੋਤਿ॥ ੩੦ ॥

ਪਿਆਰ ਨਾਲ ਘਿਉ ਦੇ ਦੀਵੇ ਬਹੁਤ ਜਗਾਏ, ਭਿੰਨ-ਭਿੰਨ ਵਿਧੀਆਂ ਨਾਲ ਦੀਪਮਾਲਾ ਸਜਾਈ ਗਈ। ਗੁਰੂ ਘਰ ਦੇ ਚਾਰੇ ਪਾਸੇ ਜੋਤਾਂ ਜਗ ਰਹੀਆਂ ਸਨ। ਏਨਾ ਪ੍ਰਕਾਸ਼ ਹੋਇਆ ਸੀ, ਮਾਨੋ ਦਿਨ ਚੜ੍ਹ ਗਿਆ ਹੈ॥ ੩੦॥

ਪੰਚਾਂਮ੍ਰਿਤ ਕਰਿਵਾਇ ਬ੍ਰਤਾਏ। ਉਤਸਵ ਰਚਜੋ ਅਨੰਦ ਸਮੁਦਾਏ।
ਬਿਤਜੋ ਸੁ ਦਿਨ ਪ੍ਰਤਿਪਦਾ ਬਿਤਾਈ। ਜਮਦੁਤੀਆ ਉਦਤਜੋ ਗ੍ਰਿਹਰਾਈ॥੩੧ ॥

ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾ ਦਿੱਤਾ, ਉਤਸਵ ਰਚ ਕੇ ਸਾਰੇ ਬਹੁਤ ਪ੍ਰਸੰਨ ਹੋਏ। ਉਹ ਦਿਨ ਬੀਤਿਆ ਤਾਂ ਏਕਮ ਵੀ ਬਤੀਤ ਕੀਤੀ। ਕੱਤਕ ਸੁਦੀ ਦੂਜ ਵੀ ਪ੍ਰਗਟ ਹੋਇਆ, ਇਸ ਦਿਨ ਯਮ ਨੇ ਆਪਣੀ ਭੈਣ ਜਮਨਾ ਦੇ ਘਰ ਭੋਜਨ ਪਾਇਆ ਸੀ। ਟਿੱਕਾ ਭਾਈ ਦੂਜ ਏਸੇ ਨੂੰ ਕਹਿੰਦੇ ਹਨ, ਭੈਣਾਂ ਭਰਾਵਾਂ ਨੂੰ ਟਿੱਕਾ ਏਸੇ ਦਿਨ ਲਾਉਂਦੀਆਂ ਹਨ॥ ੩੧॥

ਸੁੰਦਰ ਤੰਬੂ ਇਕ ਲਗਵਾਯੋ। ਬੀਚ ਦੁਚੋਬੇ ਸਹਿਤ ਸੁਹਾਯੋ।
ਚਹੁੰ ਦਿਸ਼ਿ ਮਹਿਂ ਕਨਾਤ ਤਨਵਾਈ। ਰੰਗਾ ਰੰਗ ਫਰਸ਼ ਛਿਤ ਛਾਈ॥ ੩੨॥

ਸੁੰਦਰ ਤੰਬੂ ਇਕ ਲਗਵਾਇਆ। ਇਸ ਵਿਚ ਦੁਚੋਬੇ ਰੱਖ ਕੇ ਸ਼ੋਭਾ ਪਾਈ। ਚਾਰੇ ਪਾਸੇ ਕਨਾਤ ਤਣਵਾਈ, ਰੰਗ-ਬਰੰਗੇ ਫਰਸ਼ ਨਾਲ ਧਰਤੀ ਢੱਕ ਦਿੱਤੀ॥ ੩੨॥

ਬੀਚ ਪ੍ਰਵੇਸ਼ ਭਏ ਤਿਸ ਜਾਇ। ਰੱਛਕ ਦੂਰ ਦੂਰ ਬੈਠਾਇ।
'ਜਾਮ ਏਕ ਲਗਿ ਥਿਰੀਯਹੁ ਖਰੇ। ਅੰਤਰ ਨਹਿਂ ਪ੍ਰਵੇਸ਼ ਕੋ ਕਰੇ'॥ ੩੩॥

ਸਤਿਗੁਰੂ ਜੀ ਉਸ ਦੇ ਵਿਚ ਜਾ ਪ੍ਰਵੇਸ਼ ਕੀਤੇ। ਰਖਿਅਕ ਬਹੁਤ ਦੂਰ-ਦੂਰ ਬੈਠਾਏ। ਉਨ੍ਹਾਂ ਨੂੰ ਕਿਹਾ ਇਕ ਪਹਿਰ ਤਕ ਖੜੇ ਰਹੋ। ਕੋਈ ਵੀ ਉਨ੍ਹਾਂ ਵਿਚੋਂ ਅੰਦਰ ਨਾ ਪ੍ਰਵੇਸ਼ ਕਰੇ॥ ੩੩॥

ਇਮ ਕਰਿਕੈ ਚਹੁੰ ਦਿਸ਼ਿ ਤਕਰਾਈ। ਆਪ ਸਥਿਰ ਭੇ ਬੀਚ ਗੁਸਾਈਂ।
ਤਿਸ ਛਿਨ ਦਮਕਯੋ ਮਹਿਦ ਅਕਾਸ਼ਾ। ਪਿਖਿਯਤਿ ਭਯੋ ਬਿਸਾਲ ਪ੍ਰਕਾਸ਼ਾ॥ ੩੪॥

ਇਸ ਪ੍ਰਕਾਰ ਕਰਕੇ ਚਾਰੇ ਪਾਸੇ ਤਕੜਾਈ ਕਰ ਦਿੱਤੀ, ਆਪ ਸਤਿਗੁਰੂ ਜੀ ਵਿਚ ਬੈਠ ਗਏ। ਉਸ ਸਮੇਂ ਅਕਾਸ਼ ਉੱਪਰ ਬਹੁਤ ਚਾਨਣਾ ਹੋਇਆ। ਸਾਰੇ ਲੋਕਾਂ ਨੇ ਵਿਸ਼ਾਲ ਪ੍ਰਕਾਸ਼ ਵੇਖਿਆ॥ ੩੪॥

ਦੋਇ ਪੁਰਖ ਉਤਰੇ ਤਰ ਆਏ। ਗੁਰ ਦਰਸ਼ਨ ਕਰਿ ਸੀਸ ਨਿਵਾਏ।
ਸਾਦਰ ਕਹਿ ਨਿਕਟ ਬਿਠਾਰੇ। ਕੁਸ਼ਲ ਅਖਿਲ ਕੇ ਬਾਕ ਉਚਾਰੇ॥ ੩੫॥

ਦੋ ਪੁਰਖ ਉੱਤਰ ਕੇ ਥੱਲੇ ਆਏ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਸਿਰ ਨਿਵਾਏ। ਆਦਰ ਨਾਲ ਕਹਿ ਕੇ ਪਾਸ ਬਿਠਾਏ ਤੇ ਹਰ ਪ੍ਰਕਾਰ ਦੀ ਕੁਸ਼ਲਤਾ ਦਾ ਬਚਨ ਉਚਾਰਨ ਕੀਤਾ॥ ੩੫॥

ਤਿਨਹੁਂ ਪੱਤ੍ਰਿਕਾ ਦਈ ਨਿਕਾਸਿ। ਗ੍ਰਹਣ ਕਰੀ ਕਰ ਮਾਂਹਿ ਹੁਲਾਸ।
ਤਤਛਿਨ ਖੋਲਿ ਭਲੀ ਬਿਧਿ ਹੇਰੇ। ਅਮਰਾਵਤੀ ਬਰਣ ਜਿਸ ਕੇਰੇ॥ ੩੬॥

ਉਨ੍ਹਾਂ ਨੇ ਇਕ ਚਿੱਠੀ ਕੱਢ ਕੇ ਦਿੱਤੀ, ਗੁਰੂ ਜੀ ਨੇ ਉਹ ਚਿੱਠੀ ਬਹੁਤ ਪ੍ਰਸੰਨ ਹੋ ਕੇ ਗ੍ਰਹਿਣ ਕੀਤੀ। ਚਿੱਠੀ ਖੋਲ੍ਹ ਕੇ ਭਲੀ ਵਿਧੀ ਨਾਲ ਵੇਖੀ, ਜਿਸ ਦਾ ਸਵਰਗ ਦੇ ਅੱਖਰਾਂ ਵਰਗਾ ਰੰਗ ਸੀ॥ ੩੬॥

ਪੜ੍ਹਿ ਕਰਿ ਸਮੁਝੇ ਸਰਬ ਬ੍ਰਿਤੰਤ। ਤਿਨ ਸਨ ਬਾਤ ਕਰੀ ਭਗਵੰਤ।
'ਪ੍ਰਭੁ ਜੀ ! ਅਬਿ ਬੈਕੁੰਠ ਸਿਧਾਰੋ। ਕਾਰਜ ਇਹਾਂ ਲੀਨ ਕਰਿ ਸਾਰੇ॥ ੩੭॥

ਸਤਿਗੁਰੂ ਜੀ ਪੜ੍ਹ ਕੇ ਸਾਰਾ ਬ੍ਰਿਤਾਂਤ ਸਮਝ ਗਏ। ਉਨ੍ਹਾਂ ਨੇ ਫਿਰ ਸਤਿਗੁਰੂ ਜੀ ਨਾਲ ਗੱਲ ਕੀਤੀ, "ਹੇ ਪ੍ਰਭੂ ਜੀ ! ਹੁਣ ਬੈਕੁੰਠ ਜਾਵੋ ਏਥੇ ਸਾਰੇ ਕਾਰਜ ਕਰ ਲਏ ਹਨ॥ ੩੭॥

ਜੇਕਰਿ ਰਹਿਬੋ ਚਹਹੁ ਕ੍ਰਿਪਾਲਾ। ਰਹਹੁ ਧਰਾਤਲ ਕਰਹੁ ਨਿਹਾਲਾ।
ਹੁਕਮ ਅਕਾਲ ਪੁਰਖ ਕੋ ਕਹਯੋ। ਆਗੇ ਕਰਹੁ ਜਥਾ ਚਿਤ ਚਹਯੋ॥ ੩੮॥

ਹੇ ਕ੍ਰਿਪਾਲੂ ਜੀ ! ਜੇ ਰਹਿਣਾ ਚਾਹੁੰਦੇ ਹੋ ਤਾਂ ਧਰਤੀ ਤੇ ਰਹਿ ਕੇ ਨਿਹਾਲ ਕਰੋ। ਤੁਹਾਨੂੰ ਅਕਾਲ ਪੁਰਖ ਦਾ ਹੁਕਮ ਸੁਣਾਇਆ ਹੈ, ਅੱਗੇ ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਕਰੋ॥ ੩੮॥

ਕਰਤਾਪੁਰਖ ਅਕਾਲ ਕ੍ਰਿਪਾਲਾ। ਤਿਸ ਪਿਤ ਕੇ ਹੋ ਪੁੱਤ੍ਰ ਬਿਸਾਲਾ।
ਦੁਸ਼ਟ ਤੁਰਕ ਕੀ ਜੜ੍ਹਾਂ ਉਖਾਰੀ। ਪੰਥ ਖਾਲਸਾ ਉਤਪਤਿ ਭਾਰੀ॥ ੩੯॥

ਕਰਤਾਰ ਪੁਰਖ ਅਕਾਲ ਵੱਡਾ ਕ੍ਰਿਪਾਲੂ ਹੈ, ਉਸ ਪਿਤਾ ਜੀ ਦੇ ਤੁਸੀਂ ਮਹਾਨ ਪੁੱਤਰ ਹੋ। ਦੁਸ਼ਟ ਤੁਰਕ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਹਨ, ਤੁਸੀਂ ਵੱਡਾ ਪੰਥ ਖਾਲਸਾ ਉਤਪੰਨ ਕਰ ਦਿੱਤਾ ਹੈ॥ ੩੯॥

ਸੂਧਾ ਮਾਰਗ ਜਗ ਬਿਸਤਾਰਾ। ਕਰਤਾ ਪੁਰਖ ਭਜਨ ਨਿਸਤਾਰਾ।
ਕਰਿ ਕਰਿ ਜੁੱਧ ਕ੍ਰੁੱਧ ਭਟ ਭਾਰੇ। ਦੁਸ਼ਟ ਅਨਿਸ਼ਟੀ ਚੁਨਿ ਚੁਨਿ ਮਾਰੇ॥ ੪੦॥

ਜਗਤ ਵਿਚ ਇਕ ਸਿੱਧੇ ਮਾਰਗ ਦਾ ਵਿਸਤਾਰ ਕੀਤਾ ਹੈ। ਕਰਤਾ ਪੁਰਖ ਦਾ ਭਜਨ ਸੇਵਕਾਂ ਦਾ ਕਲਿਆਣ ਕਰਦਾ ਹੈ। ਯੁੱਧ ਕਰ-ਕਰ ਕੇ ਕ੍ਰੋਧ ਧਾਰ ਕੇ ਭਾਰੀ ਸੂਰਬੀਰ ਅਤੇ ਦੁਸ਼ਟ ਅਤੇ ਪਾਪੀ ਚੁਣ-ਚੁਣ ਕੇ ਮਾਰੇ ਹਨ"॥ ੪੦॥

ਸੁਨਿ ਕ੍ਰਿਪਾਲ ਤਿਨ ਸੰਗ ਉਚਾਰੀ। 'ਹਮ ਨੇ ਕਰੀ ਅੱਗ੍ਰ ਹੀ ਤਯਾਰੀ।
ਹੁਕਮ ਅਕਾਲ ਪੁਰਖ ਕੋ ਜੈਸੇ। ਸਿਰ ਪਰ ਧਰਿ ਹਮ ਮਾਨਹਿਂ ਤੈਸੇ'॥ ੪੧॥

ਇਹ ਸੁਣ ਕੇ ਕ੍ਰਿਪਾਲੂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਅਸੀਂ ਪਹਿਲਾਂ ਹੀ ਤਿਆਰੀ ਕੀਤੀ ਹੋਈ ਹੈ, ਜਿਵੇਂ ਅਕਾਲ ਪੁਰਖ ਦਾ ਹੁਕਮ ਹੈ ਅਸੀਂ ਸਿਰ ਉੱਪਰ ਧਾਰ ਕੇ ਉਸ ਤਰ੍ਹਾਂ ਹੀ ਮੰਨਦੇ ਹਾਂ"॥ ੪੧॥

ਇੱਤ੍ਯਾਦਿਕ ਕਹਿ ਸੁਨਿ ਕਰਿ ਭਲੇ। ਨਭ ਕੇ ਮਗ ਹੀ ਤੂਰਨ ਚਲੇ।
ਏਕ ਜਾਮ ਲਗਿ ਰਹੇ ਇਕੰਤ। ਨਿਕਸੇ ਵਹਿਰ ਬਹੁਰ ਭਗਵੰਤ॥ ੪੨॥

ਇਸ ਪ੍ਰਕਾਰ ਭਲੀ ਪ੍ਰਕਾਰ ਕਹਿ ਸੁਣ ਕੇ, ਉਹ ਦੋਵੇਂ ਪੁਰਖ ਅਕਾਸ਼ ਦੀ ਰਾਹ ਤੁਰਤ ਚਲੇ ਗਏ। ਫਿਰ ਸਤਿਗੁਰੂ ਜੀ ਇਕ ਪਹਿਰ ਤਕ ਇਕੱਲੇ ਰਹੇ, ਫਿਰ ਸਤਿਗੁਰੂ ਜੀ ਬਾਹਰ ਨਿਕਲੇ॥ ੪੨॥

ਬਦਨ ਪ੍ਰਫੁਲਿਤ ਕਮਲ ਸਮਾਨਾ। ਪਦਮ ਪਾਂਖਰੀ ਆਂਖ ਮਹਾਨਾ।
ਰਿਦੇ ਅਨੰਦਤਿ ਦੁਗਨ ਚਗੁਨੇ। ਬੈਸੇ ਸਭਿਨਿ ਬਿਖੈ ਦੁਤਿ ਦੂਨੇ॥ ੪੩॥

ਉਨ੍ਹਾਂ ਦਾ ਚਿਹਰਾ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਇਆ ਸੀ, ਕੰਵਲ ਦੀਆਂ ਪੱਤੀਆਂ ਵਾਂਗ ਵੱਡੇ-ਵੱਡੇ ਨੇਤਰ ਸਨ ਤੇ ਹਿਰਦੇ ਵਿਚ ਦੂਣੇ ਚੋਗਣੇ ਪ੍ਰਸੰਨ ਸਨ, ਸਾਰਿਆਂ ਵਿਚ ਬੈਠੇ ਸਨ ਤੇ ਦੂਣੀ ਆਭਾ ਨਾਲ ਸੋਭਾ ਪਾ ਰਹੇ ਸਨ॥ ੪੩॥

*ਦੂਸਰੇ ਐਨ ਦਾ ਉਨ੍ਹੀਂਵਾਂ ਅਧਿਆਇ ਸਮਾਪਤ ਹੋਇਆ॥੧੯॥*

## *ਅਧਿਆਇ ਵੀਹਵਾਂ*

### *ਜ਼ਖਮ ਦੇ ਤੋਪੇ ਟੁੱਟੇ*

ਦੋਹਰਾ- ਸ਼ਾਹ ਬਹਾਦਰ ਸਾਦਰਹਿ ਦ੍ਵੈ ਉਮਰਾਵ ਬੁਲਾਇ।
ਜ਼ਖਮ ਲਗੇ ਸੁਧਿ ਲੇਨਿ ਹਿਤ ਸ਼੍ਰੀ ਗੁਰ ਤੀਰ ਪਠਾਇ॥ ੧॥

ਬਾਦਸ਼ਾਹ ਬਹਾਦਰ ਸ਼ਾਹ ਨੇ ਬੜੇ ਅਦਬ ਨਾਲ ਦੋ ਉਮਰਾਵ ਆਪਣੇ ਪਾਸ ਬੁਲਾਏ ਤੇ ਗੁਰੂ ਜੀ ਨੂੰ ਲੱਗੇ ਜ਼ਖਮਾਂ ਦੀ ਖਬਰ ਲੈਣ ਵਾਸਤੇ ਉਨ੍ਹਾਂ ਨੂੰ ਭੇਜਿਆ॥੧॥

ਚੌਪਈ- ਕੁੰਚਰ ਪਰ ਅਰੂਢਿ ਤਤਕਾਲੇ। ਅਬਚਲ ਨਗਰ ਪੰਥ ਮਹਿਂ ਚਾਲੇ।
ਕੇਤਿਕ ਚਮੂੰ ਸੰਗ ਮਹਿਂ ਆਈ। ਦਰਸਹਿੰਗੇ ਸ੍ਰੀ ਗੁਰ ਮੁਦ ਪਾਈ॥੨॥

ਉਹ ਤੁਰਤ ਘੋੜਿਆਂ ਉੱਪਰ ਸਵਾਰ ਹੋ ਗਏ ਤੇ ਅਬਚਲ ਨਗਰ ਦੇ ਰਾਹੇ ਚਲ ਪਏ। ਕੁਝ ਸੈਨਾ ਵੀ ਉਨ੍ਹਾਂ ਦੇ ਨਾਲ ਆਈ। ਸਾਰੇ ਕਹਿੰਦੇ ਸੀ ਪ੍ਰਸੰਨ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਾਂਗੇ॥ ੨॥

ਅਸਵਾਰੀ ਤੇ ਤੂਰਨ ਆਏ। ਅਬਚਲ ਨਗਰ ਪਹੁਂਚਿ ਸਮੁਦਾਏ।
ਉਚਿਤ ਸਥਲ ਪਿਖਿਕੈ ਤਟ ਸਲਿਤਾ। ਉਤਰਿ ਪਰੇ ਦੇਖਤਿ ਜਲ ਚਲਤਾ॥੩॥

ਘੋੜ-ਸਵਾਰ ਹੋ ਕੇ ਉਹ ਤੁਰਤ ਆ ਗਏ ਤੇ ਸਾਰੇ ਅਬਚਲ ਨਗਰ ਪਹੁੰਚ ਗਏ। ਨਦੀ ਦੇ ਕਿਨਾਰੇ ਉਚਿਤ ਸਥਾਨ 'ਤੇ ਚਲਦੇ ਪਾਣੀ ਨੂੰ ਵੇਖ ਕੇ ਉਹ ਉੱਤਰ ਆਏ॥ ੩॥

ਸਿਵਰ ਕਰਜੋ ਸੁਧ ਤਬਹਿ ਪਠਾਈ। ਸ੍ਰੀ ਸਤਿਗੁਰ ਢਿਗ ਅਰਜ਼ ਸੁਨਾਈ।
'ਸ਼ਾਹੁ ਪਠਾਏ ਜੁਗ ਉਮਰਾਵ। ਸੁਧਿ ਲੈਬੇ ਹਿਤ ਦਰਸ਼ਨ ਚਾਵ'॥ ੪॥

ਡੇਰਾ ਲਾ ਕੇ ਫਿਰ ਉਨ੍ਹਾਂ ਖ਼ਬਰ ਪਹੁੰਚਾਈ ਤੇ ਸਤਿਗੁਰੂ ਜੀ ਪਾਸ ਆਪਣੀ ਬੇਨਤੀ ਸੁਣਾਈ, "ਬਾਦਸ਼ਾਹ ਨੇ ਦੋ ਉਮਰਾਵ ਭੇਜੇ ਹਨ, ਜਿਹੜੇ ਆਪ ਜੀ ਦੀ ਖ਼ਬਰ ਸਾਰ ਲੈਣ ਅਤੇ ਦਰਸ਼ਨਾਂ ਦੀ ਚਾਹਤ ਨਾਲ ਆਏ ਹਨ"॥ ੪॥

ਸੁਨਿਕੈ ਤ੍ਰਿਣ ਦਾਨਾ ਅਰੁ ਖਾਨਾ। ਕੇ ਪਠਾਵਨ ਬਾਂਛਤਿ ਨਾਨਾ।
ਸਭਿ ਲੇ ਕਰਿ ਅਚਵਜੋ ਮਨ ਭਾਏ। ਥਿਰ ਹੁਇ ਸ਼੍ਰਮਹਿ ਸ਼ਰੀਰ ਬਿਹਾਏ॥੫॥

ਇਹ ਸੁਣ ਕੇ ਗੁਰੂ ਜੀ ਨੇ ਘਾਹ, ਦਾਨੇ, ਖਾਣਾ ਅਤੇ ਕਈ ਹੋਰ ਲੋੜ ਵਾਲੀਆਂ ਵਸਤਾਂ ਭੇਜੀਆਂ। ਸਾਰਿਆਂ ਨੇ ਮਨ-ਭਾਉਂਦਾ ਭੋਜਨ ਲੈ ਕੇ ਛਕਿਆ ਤੇ ਉਥੇ ਆਰਾਮ ਕਰਕੇ ਆਪਣੀ ਸਰੀਰ ਦੀ ਸਾਰੀ ਥਕਾਵਟ ਉਤਾਰੀ॥ ੫॥

ਢਰਜੋ ਦੁਪਹਿਰਾ ਭੇ ਸਵਧਾਨਾ। ਸ੍ਰੀ ਪ੍ਰਭੁ ਪਠਜੋ ਦੂਤ ਅਗਵਾਨਾ।
ਜਾਮ ਦਿਵਸ ਰਹਿ ਤਬਿ ਚਲਿ ਆਏ। ਸੰਗ ਭਲੇ ਨਰ ਕਰਿ ਸਮੁਦਾਏ॥੬॥

ਜਦ ਦੁਪਹਿਰਾ ਢਲਿਆ ਤਾਂ ਸਾਰੇ ਸਾਵਧਾਨ ਹੋ ਗਏ, ਸਤਿਗੁਰੂ ਜੀ ਨੇ ਆਪਣਾ ਇਕ ਦੂਤ ਅਗਾਊਂ ਭੇਜਿਆ। ਜਦ ਇਕ ਪਹਿਰ ਦਿਨ ਰਹਿੰਦਾ ਸੀ ਤਦ ਚਲ ਕੇ ਆਏ ਤੇ ਆਪਣੇ ਨਾਲ ਹੋਰ ਵੀ ਕਈ ਭਲੇ ਪੁਰਸ਼ ਲਿਆਏ॥ ੬॥

ਆਗੇ ਪ੍ਰਭੁ ਦਿਵਾਨ ਲਗਾਯੋ। ਰੰਗਾ ਰੰਗ ਫਰਸ਼ ਡਸਵਾਯੋ।
ਥਿਰਜੋ ਖਾਲਸਾ ਸ਼ਸਤ੍ਰ ਸੁਹਾਏ। ਤੁਪਕ ਧਨੁਖ ਅਰੁ ਸਿਪਰ ਲਗਾਏ॥ ੭॥

ਅੱਗੇ ਸਤਿਗੁਰੂ ਜੀ ਨੇ ਦੀਵਾਨ ਲਾਇਆ ਸੀ ਤੇ ਰੰਗ-ਬਰੰਗਾ ਫਰਸ਼ ਵਿਛਵਾਇਆ ਸੀ। ਸਾਰਾ ਖਾਲਸਾ ਉਥੇ ਬੈਠਾ ਸੀ, ਜਿਨ੍ਹਾਂ ਦੇ ਸ਼ਸਤਰ ਸੋਭ ਰਹੇ ਸਨ। ਉਨ੍ਹਾਂ ਨੇ ਬੰਦੂਕਾਂ, ਧਨੁੱਖ ਅਤੇ ਢਾਲਾਂ ਪਹਿਣੀਆਂ ਹੋਈਆਂ ਸਨ॥ ੭॥

ਦੇਖਿ ਦੂਰ ਹੀ ਤੇ ਉਮਰਾਊ। ਝੁਕੇ ਸਲਾਮ ਕੀਨਿ ਅਗਵਾਊ।
ਸਨਮਾਨਤਿ ਲੇ ਨਾਮ ਬੁਲਾਏ। ਕ੍ਰਿਪਾ ਕਰੀ ਗੁਰ ਨਿਕਟ ਬਿਠਾਏ॥ ੮॥

ਉਮਰਾਵਾਂ ਨੇ ਦੂਰ ਤੋਂ ਹੀ ਵੇਖ ਕੇ ਝੁਕ ਕੇ, ਅੱਗੇ ਆ ਕੇ ਸਲਾਮ ਕੀਤਾ। ਗੁਰੂ ਜੀ ਨੇ ਸਨਮਾਨ ਵਜੋਂ, ਉਨ੍ਹਾਂ ਦੇ ਨਾਮ ਲੈ ਕੇ ਬੁਲਵਾਏ ਤੇ ਗੁਰੂ ਜੀ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਬਿਠਾ ਲਿਆ॥ ੮॥

ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਹਜ਼ਰਤ ਪਠੇ ਸਮੀਪ ਉਚਾਰੀ।
ਲੇਨਿ ਜ਼ਖਮ ਕੀ ਸੁਧਿ ਹਮ ਆਏ। ਭਈ ਖੁਸ਼ੀ ਸੁਨਿ ਆਪ ਨਹਾਏ॥ ੯॥

ਉਨ੍ਹਾਂ ਉਮਰਾਵਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਬਾਦਸ਼ਾਹ ਨੇ ਸਾਨੂੰ ਭੇਜਿਆ ਹੈ, ਅਸੀਂ ਆਪ ਜੀ ਦੇ ਜ਼ਖਮ ਦੀ

ਖ਼ਬਰ ਲੈਣ ਵਾਸਤੇ ਆਏ ਹਾਂ, ਸਾਨੂੰ ਬਹੁਤ ਖ਼ੁਸ਼ੀ ਹੋਈ ਹੈ ਕਿ ਆਪ ਜੀ ਨੇ ਇਸ਼ਨਾਨ ਕਰ ਲਿਆ ਹੈ॥ ੯॥

ਸ਼ਾਹੁ ਸਚਿੰਤ ਭਯੋ ਸੁਧ ਪਾਈ। ਇਹ ਮੂਢਨ ਕਜਾ ਕੀਨ ਖੁਟਾਈ।
ਸਭਿ ਪਠਾਨ ਸੰਗੀ ਬੁਲਵਾਏ। ਦੇ ਸਜ਼ਾਇ ਕੋ ਸੋ ਬੂਝਵਾਏ॥ ੧੦॥

ਬਾਦਸ਼ਾਹ ਇਹ ਖ਼ਬਰ ਸੁਣ ਕੇ ਬਹੁਤ ਚਿੰਤਤ ਹੋ ਗਿਆ ਸੀ, ਇਹ ਮੂਰਖਾਂ ਨੇ ਕੈਸੀ ਖੁਟਾਈ ਕੀਤੀ ਹੈ। ਫਿਰ ਸਾਰੇ ਪਠਾਣ ਸਾਥੀ ਬੁਲਵਾਏ ਤੇ ਸਜ਼ਾਵਾਂ ਦਾ ਡਰ ਦੇ ਕੇ ਉਨ੍ਹਾਂ ਤੋਂ ਪੁੱਛਿਆ ਤੇ ਕਿਹਾ ਸੱਚੋ-ਸੱਚ ਦੱਸ ਦੇਵੋ ਨਹੀਂ ਤਾਂ ਸਜ਼ਾ ਦੇਵਾਂਗੇ॥੧੦॥

ਕਸਮ ਕੁਰਾਨ ਮਹਾਨ ਬਖਾਨੀ। 'ਅਪਰ ਨ ਕਿਸ ਕੋ ਸੁਧਿ ਹਮ ਜਾਨੀ।
ਲਰਕਾ ਮਹਿਮਾ ਤੇ ਅਨਜਾਨਾ। ਕਿਯ ਬਦਕਾਰ ਆਪ ਹੀ ਪਜਾਨਾ॥੧੧॥

ਉਨ੍ਹਾਂ ਨੇ ਮਹਾਨ ਕੁਰਾਨ ਦੀਆਂ ਕਸਮਾਂ ਚੁੱਕੀਆਂ, "ਸਾਨੂੰ ਹੋਰ ਕਿਸੇ ਬਾਰੇ ਕੋਈ ਖ਼ਬਰ ਨਹੀਂ। ਲੜਕਾ ਮਹਿਮਾ ਤੋਂ ਅਣਜਾਣ ਹੈ ਕਿ ਬਦਕਾਰ ਆਪ ਹੀ ਚਲੇ ਗਿਆ ਹੈ"॥੧੧॥

ਸੁਨਿ ਕੈ ਸ੍ਰੀ ਮੁਖ ਤੇ ਫੁਰਮਾਯੋ। 'ਭਯੋ ਅਕਾਲ ਪੁਰਖ ਜਿਮ ਭਾਯੋ।
ਹ੍ਵੈ ਨ ਸਕਹਿ ਕੁਛ ਹੁਕਮ ਬਿਹੀਨਾ। ਨਰਨ ਬਿਖੈ ਆਪਹਿ ਕ੍ਰਿਤ ਕੀਨਾ॥੧੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ, "ਉਸ ਪ੍ਰਕਾਰ ਹੀ ਹੋਇਆ ਹੈ, ਜਿਵੇਂ ਅਕਾਲ ਪੁਰਖ ਨੂੰ ਭਾਇਆ ਹੈ। ਪ੍ਰਭੂ ਦੇ ਹੁਕਮ ਬਗੈਰ ਕੁਝ ਵੀ ਨਹੀਂ ਹੋ ਸਕਦਾ ਹੈ। ਪੁਰਸ਼ਾਂ ਵਿਚ ਦਾਖਲ ਹੋ ਕੇ ਆਪੇ ਹੀ ਵਾਹਿਗੁਰੂ ਨੇ ਇਹ ਕਾਰ ਕੀਤੀ ਹੈ॥੧੨॥

ਕਹਹੁ ਸ਼ਾਹੁ ਸਨ 'ਹਮ ਸੁਖ ਹੋਵਾ। ਘਾਵ ਮਿਲਜੋ ਸੰਕਟ ਨਹਿਂ ਜੋਵਾ।
ਕਰਤਿ ਬਾਰਤਾਲਾਪ ਬਿਤਾਇ। ਦ੍ਵੈ ਘਟਿਕਾ ਦਿਨ ਰਹਜੋ ਸੁ ਆਇ॥੧੩॥

ਬਾਦਸ਼ਾਹ ਨੂੰ ਜਾ ਕੇ ਕਹੋ "ਅਸੀਂ ਠੀਕ-ਠਾਕ ਹੋ ਗਏ ਹਾਂ, ਜ਼ਖ਼ਮ ਮਿਲ ਗਏ ਹਨ, ਕਿਸੇ ਪ੍ਰਕਾਰ ਦਾ ਸੰਕਟ ਨਹੀਂ ਰਿਹਾ ਹੈ।" ਇਸ ਪ੍ਰਕਾਰ ਵਾਰਤਾਲਾਪ ਕਰਕੇ ਬਤੀਤ ਕੀਤੇ, ਜਦ ਦੋ ਘੜੀਆਂ ਦਿਨ ਰਹਿ ਗਿਆ ਤਾਂ ਆ ਗਏ॥੧੩॥

ਸ਼ਸਤ੍ਰ ਸਮੀਪ ਸਮੂਹ ਸੁਹਾਏ। ਬੀਚ ਸਰਾਸਨ ਦੋਇ ਟਿਕਾਏ।
ਤਿਨ ਪਰ ਦ੍ਰਿਸ਼ਟਿ ਗਈ ਉਮਰਾਵਨਿ। ਪਿਖੈਂ ਦਰਾਜ਼ ਭਏ ਬਿਸਮਾਵਨ॥੧੪॥

ਸਾਰੇ ਸ਼ਸਤਰ ਪਾਸ ਸ਼ੋਭ ਰਹੇ ਸਨ, ਵਿਚ ਦੋਵੇਂ ਧਨੁੱਖ ਵੀ ਟਿਕਾਏ ਸਨ। ਉਨ੍ਹਾਂ ਉੱਪਰ ਉਮਰਾਵਾਂ ਦੀ ਦ੍ਰਿਸ਼ਟੀ ਗਈ। ਬਹੁਤ ਭਾਰੀ ਅਤੇ ਵੱਡੇ ਧਨੁੱਖ ਵੇਖ ਕੇ ਉਹ ਬਹੁਤ ਹੈਰਾਨ ਹੋਏ॥੧੪॥

ਚੋੜੀ ਪਾਟੀ ਬਡੇ ਕਠੋਰ। ਇਸ ਐਂਚਨ ਕੋ ਕਿਸ ਮਹਿਂ ਜ਼ੋਰ।
ਮਹਾਂ ਮੁਸ਼ਟ ਜੁਗ ਗੋਸ਼ੇ ਕਠਨੰ। ਤੈਸੇ ਪਨਚਿ ਸਿਲੇ ਸਮ ਗਠਨੰ॥ ੧੫॥

ਬਹੁਤ ਚੋੜੀ ਪੱਟੀ ਵਾਲੇ, ਬਹੁਤ ਕਰੜੇ ਸਨ, ਉਨ੍ਹਾਂ ਨੂੰ ਖਿੱਚਣ ਦਾ ਕਿਸ ਵਿਚ ਜ਼ੋਰ ਸੀ। ਮਹਾਨ ਮੁੱਠੀ ਸੀ ਤੇ ਦੋਵੇਂ ਕਿਨਾਰੇ ਬਹੁਤ ਕਠਨ ਸਨ, ਉਸ ਪ੍ਰਕਾਰ ਚਿੱਲੇ ਵੀ ਪੱਥਰ ਵਰਗੇ ਗੱਠੇ ਹੋਏ ਸਨ॥੧੫॥

ਇਹ ਗੁਰ ਪੀਰ ਦਾਵ ਕਰਿ ਨਾਨਾ। ਰਖਹਿ ਦਿਖਾਵਾ ਲੋਕਨ ਨਾਨਾ।
ਸਮਰਥ ਲਖਹਿਂ, ਮਾਨ ਹੈਂ ਆਨ। ਅਰਪਿ ਉਪਾਇਨ ਅਨਿਕ ਮਹਾਨ॥੧੬॥

ਇਹ ਗੁਰੂ ਪੀਰ ਦਾਵ ਕਰਕੇ ਅਨੇਕ ਪ੍ਰਕਾਰ ਦੇ ਲੋਕਾਂ ਵਾਸਤੇ ਵਿਖਾਵਾ ਕਰਕੇ ਰੱਖਦੇ ਹਨ। ਫਿਰ ਉਹ ਸਮਰੱਥ ਜਾਣ ਕੇ ਈਨ ਮੰਨਦੇ ਹਨ ਤੇ ਅਨੇਕਾਂ ਪ੍ਰਕਾਰ ਦੇ ਕੀਮਤੀ ਉਪਹਾਰ ਅਰਪਣ ਕਰਦੇ ਸਨ॥੧੬॥

ਨਾਂਹਿ ਤ ਇਹ ਕੁਦੰਡ ਬਡ ਭਾਰੇ। ਨਰ ਐਂਚਹਿ ਬਲ ਕਹਾਂ ਬਿਚਾਰੇ।
ਜੋ ਫਰੇਸ਼ਤੇ ਬਲੀ ਬਿਸਾਲਾ। ਸੋ ਖੈਂਚਹਿਂ ਜਿਨ ਓਜ ਕਰਾਲਾ॥ ੧੭॥

ਨਹੀਂ ਤਾਂ ਇਹ ਵੱਡਾ ਭਾਰਾ ਧਨੁੱਖ, ਮਨੁੱਖ ਕਿਵੇਂ ਖਿੱਚ ਸਕਦੇ, ਉਨ੍ਹਾਂ ਵਿਚਾਰਿਆਂ ਵਿਚ ਏਨਾ ਬਲ ਕਿੱਥੇ ਹੈ। ਜਿਹੜੇ ਫਰਿਸ਼ਤੇ ਮਹਾਨ ਬਲਵਾਨ ਹਨ, ਉਹ ਖਿੱਚ ਸਕਦੇ ਹਨ, ਜਿਨ੍ਹਾਂ ਵਿਚ ਵਿਕਰਾਲ ਸ਼ਕਤੀ ਹੈ॥੧੭॥

ਮਾਨੁਖ ਕੌਨ ਆਜ ਜਗ ਸਾਰੇ। ਧਨੁਖ ਐਂਚਿ ਇਨ ਤੇ ਸਰ ਮਾਰੇ।
ਇੱਤਜਾਦਿਕ ਚਿਤ ਬਿਖੇ ਬਿਚਾਰਤਿ। ਹੇਰਿ ਹੇਰਿ ਕਰਿ ਤਰਕ ਉਠਾਰਤਿ॥੧੮॥

ਅੱਜ ਸਾਰੇ ਜਗਤ ਵਿਚ ਐਸਾ ਕਿਹੜਾ ਮਨੁੱਖ ਹੈ, ਜਿਹੜਾ ਅਜਿਹਾ ਧਨੁੱਖ ਖਿੱਚ ਕੇ ਤੀਰ ਮਾਰੇ। ਦੋਵੇਂ ਉਮਰਾਵ ਇਸ ਪ੍ਰਕਾਰ ਚਿੱਤ ਵਿਚ ਵਿਚਾਰ ਕਰ ਰਹੇ ਸਨ ਤੇ ਧਨੁੱਖ ਨੂੰ ਵੇਖ-ਵੇਖ ਕੇ ਤਰਕ ਕਰ ਰਹੇ ਸਨ॥੧੮॥

ਸ੍ਰੀ ਸਤਿਗੁਰ ਸਭਿ ਅੰਤਰਜਾਮੀ। ਤਰਕਤਿ ਉਮਰਾਵਨ ਲਖਿ ਖਾਮੀ।
ਹਮ ਕੋ ਜਾਨਹਿਂ ਦੰਭ ਕਮਾਵਹਿਂ। ਹੇਤੁ ਦਿਖਾਵਨ ਧਨੁਖ ਟਿਕਾਵਹਿਂ॥੧੯॥

ਸ੍ਰੀ ਸਤਿਗੁਰੂ ਜੀ ਸਭ ਪ੍ਰਕਾਰ ਅੰਤਰਜਾਮੀ ਸਨ, ਉਹ ਉਨ੍ਹਾਂ ਉਮਰਾਵਾਂ ਦੀ ਖੋਟ ਨੂੰ ਸਮਝ ਗਏ। ਸਾਨੂੰ ਦੰਭ ਕਮਾਉਣ ਵਾਲਾ ਜਾਣਦੇ ਹਨ, ਲੋਕਾਂ ਨੂੰ ਵਿਖਾਉਣ ਵਾਸਤੇ ਧਨੁੱਖ ਟਿਕਾਉਂਦੇ ਹਨ॥੧੯॥

ਇਹ ਰਣ ਮਹਿਂ ਪਹੁੰਚੇ ਨਹਿਂ ਆਏ। ਆਨੰਦ ਪੁਰਿ ਚਮਕੌਰ ਜੁ ਘਾਏ।
ਦਸ ਦਸ ਮਹਿਂ ਕੋ ਤੀਰ ਨਿਕਾਸਾ। ਸ਼ੱਤ੍ਰੁ ਬ੍ਰਿੰਦ ਕੋ ਤਤਛਿਨ ਨਾਸ਼ਾ॥੨੦॥

ਇਹ ਸਾਡੇ ਪਿਛਲੇ ਜੰਗਾਂ ਵਿਚ ਪਹੁੰਚੇ ਨਹੀਂ ਤੇ ਨਾ ਹੀ ਆਏ ਹਨ। ਅਨੰਦਪੁਰ ਅਤੇ ਚਮਕੌਰ ਵਿਚ ਅਸੀਂ ਜਿਹੜੇ ਤੁਰਕ ਮਾਰੇ ਹਨ। ਦਸਾਂ-ਦਸਾਂ ਵਿਚੋਂ ਦੀ ਇਕੋ ਤੀਰ ਕੱਢਿਆ ਹੈ, ਬੇਅੰਤ ਵੈਰੀਆਂ ਨੂੰ ਤੁਰਤ ਹੀ ਮਾਰ ਦਿੱਤਾ ਹੈ॥ ੨੦॥

ਇਨ ਕੋ ਨਿਜ ਬਲ ਚਹਿਯ ਦਿਖਾਵਨਿ। ਨਤੁ ਬਲ ਅਪਰਨ ਕਰਹਿਂ ਬਤਾਵਨ।
ਇਤਜਾਦਿਕ ਬਿਚਾਰਿ ਗੁਰ ਉਰ ਮਹਿਂ। ਦੋਨਹੁਂ ਧਨੁਖ ਉਠਾਏ ਕਰ ਮਹਿਂ॥੨੧॥

ਇਨ੍ਹਾਂ ਨੂੰ ਆਪਣਾ ਬਲ ਵਿਖਾਉਣਾ ਚਾਹੀਦਾ ਹੈ। ਨਹੀਂ ਤਾਂ ਹੋਰਨਾਂ ਪਾਸ ਜਾ ਕੇ ਸਾਨੂੰ ਫਰੇਬੀ ਦੱਸਣਗੇ, ਭਾਵ ਇਹ ਕਿ ਹੋਰ ਲੋਕਾਂ ਨੂੰ ਵੀ ਇਹ ਕਹਿਣਗੇ ਕਿ ਛਲ ਵਾਸਤੇ ਭਾਰੇ ਧਨੁੱਖ ਰੱਖੇ ਹੋਏ ਹਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਦਿਲ ਵਿਚ ਵਿਚਾਰ ਕਰਕੇ, ਦੋਵੇਂ ਧਨੁੱਖ ਆਪਣੇ ਹੱਥ ਵਿਚ ਚੁਕ ਲਏ॥ ੨੧॥

ਦੋਨਹੁਂ ਮੁਸ਼ਟ ਹਾਥ ਇਕ ਧਰੀ। ਦੋਨ ਪਨਚ ਇਕ ਚੁਟਕੀ ਧਰੀ।
ਬਲ ਤੇ ਐਂਚੀ ਕੋਣ ਨਿਵਾਏ। ਚਾਂਪ ਪ੍ਰਚੰਡ ਖਿਚੇ ਚਿਰੜਾਏ॥ ੨੨॥

ਦੋਵੇਂ ਮੁੱਠੀਆਂ ਇਕ ਹੱਥ ਧਾਰਨ ਕੀਤੀਆਂ, ਦੋਵਾਂ ਚਿੱਲਿਆਂ ਉੱਪਰ ਇਕ ਚੁਟਕੀ ਧਰੀ ਤੇ ਜ਼ੋਰ ਨਾਲ ਖਿੱਚ ਕੇ ਕੋਣ ਨਿਵਾ ਦਿੱਤੇ ਤੇ ਪ੍ਰਚੰਡ ਚਿੱਲਾ ਖਿੱਚਣ ਨਾਲ ਚਿਰੜਾਇਆ॥ ੨੨॥

ਖੈਂਚਿ ਖੈਂਚਿ ਇਕ ਦ੍ਵੈ ਦੈ ਬਾਲੇ। ਸਭਿਨਿ ਦਿਖਾਏ ਕਰਤਿ ਉਤਾਲੇ।
ਲਗਯੋ ਬਡੋ ਬਲ ਐਂਚਤ ਧਨੁ ਕੋ। ਨਹਿਂ ਬਚਾਵ ਕਿਯ ਘਾਵ ਜੁ ਤਨ ਕੋ॥੨੩॥

ਖਿੱਚ-ਖਿੱਚ ਇਕ ਦੋ ਬਾਲੇ ਦਿੱਤੇ, ਸਾਰਿਆਂ ਨੂੰ ਵਿਖਾ ਕੇ ਬਹੁਤ ਛੇਤੀ-ਛੇਤੀ ਕਰਦੇ ਸਨ। ਧਨੁੱਖ ਨੂੰ ਖਿੱਚਣ ਨਾਲ ਬਹੁਤ ਬਲ ਲੱਗਿਆ, ਆਪਣੇ ਸਰੀਰ ਨੂੰ ਜਿਹੜਾ ਘਾਵ ਲੱਗਾ ਸੀ, ਉਸਦਾ ਬਚਾਅ ਨਾ ਕੀਤਾ॥ ੨੩॥

ਲਗੇ ਜ਼ਖਮ ਤੋਪੇ ਤੁਟਿ ਗਏ। ਰੁਧਰ ਨਿਕਸਿ ਪਟ ਭੀਜਤ ਭਏ।
ਪੂਰਬ ਤੇ ਭੀ ਘਾਵ ਬਡੇਰਾ। ਭਯੋ ਤੁਰਤ ਹੀ ਤਨ ਮਹਿਂ ਹੇਰਾ॥ ੨੪॥

ਜਿਹੜਾ ਜ਼ਖ਼ਮ ਸੀਤਾ ਹੋਇਆ ਸੀ ਉਸਦੇ ਤੋਪੇ ਟੁੱਟ ਗਏ। ਖ਼ੂਨ ਨਿਕਲ ਕੇ ਕੱਪੜੇ ਭਿੱਜ ਗਏ। ਪਹਿਲਾਂ ਵੀ ਘਾਵ ਬਹੁਤ ਵੱਡਾ ਸੀ। ਜਦ ਝੱਟਪੱਟ ਇਹ ਹੋ ਗਿਆ ਤਾਂ ਫਿਰ ਆਪਣੇ ਸਰੀਰ ਨੂੰ ਵੇਖਿਆ॥ ੨੪॥

ਬਿਸਮਤਿ ਮਨ ਕਿਯੋ ਹਾਹਾਕਾਰਾ। 'ਕਹਾਂ ਭਯੋ' ਕਹਿਂ ਸਕਲ ਨਿਹਾਰਾ।
ਹਾਥ ਜੋਰਿ ਉਮਰਾਵਨ ਭਾਖਾ। 'ਸ੍ਰੀ ਪ੍ਰਭੁ ਕਹਾਂ ਕੀਨ ਇਹ ਕਾਂਖਾ'॥ ੨੫॥

ਮਨ ਵਿਚ ਹੈਰਾਨ ਹੋ ਕੇ ਸਾਰਿਆਂ ਨੇ ਆਪਣੀਆਂ ਅੱਖਾਂ ਨਾਲ ਵੇਖ ਕੇ ਕਿਹਾ, "ਇਹ ਕੀ ਹੋ ਗਿਆ ਹੈ?" ਹੱਥ ਜੋੜ ਕੇ ਫਿਰ ਉਮਰਾਵਾਂ ਨੇ ਆਖਿਆ, "ਹੇ ਸਤਿਗੁਰੂ ਜੀ! ਇਸ ਪ੍ਰਕਾਰ ਦੀ ਅਭਿਲਾਸ਼ਾ ਕਰਕੇ ਇਹ ਤੁਸੀਂ ਕੀ ਕੀਤਾ ਹੈ"॥ ੨੫॥

ਦੇ ਸਿਰੁਪਾਉ ਬਿਦਾ ਤਬਿ ਕਰੇ। ਸੰਧਯਾ ਭਈ ਦੀਪ ਤਬਿ ਜਰੇ।
ਜਮਦੁਤੀਆ ਸਸਿ ਦਿਨ ਤਬਿ ਹੋਤੋ। ਬਡੇ ਜਤਨ ਤੇ ਬੰਧਨ ਕਿਤੋ॥ ੨੬॥

ਫਿਰ ਉਨ੍ਹਾਂ ਨੂੰ ਸਿਰੋਪੇ ਦੇ ਕੇ ਵਿਦਾ ਕੀਤਾ। ਜਦ ਸ਼ਾਮ ਹੋ ਗਈ ਤਾਂ ਫਿਰ ਦੀਵੇ ਜਗ ਗਏ। ਉਸ ਦਿਨ ਕਤਕ ਸੁਦੀ ਦੂਜ, ਸੋਮਵਾਰ ਦਾ ਦਿਨ ਸੀ, ਬੜੇ ਜਤਨਾਂ ਨਾਲ ਫਿਰ ਜ਼ਖਮਾਂ ਨੂੰ ਬੰਨ੍ਹਿਆ॥ ੨੬॥

ਰਾਤਿ ਬਿਤੀਤ ਪ੍ਰਾਤਿ ਹੁਇ ਆਈ। ਦਿਵਸ ਤੀਜ ਆਇ ਸੁ ਫੁਰਮਾਈ।
'ਲੇਹੁ ਪੰਚ ਸੈ ਕੋਸ਼ ਰਜਤਪਣ। ਕਰਹੁ ਤਿਹਾਵਲ ਰਸਦ ਖਰੀਦਨ॥ ੨੭॥

ਰਾਤ ਬੀਤ ਗਈ ਤਾਂ ਫਿਰ ਸਵੇਰ ਹੋ ਗਈ, ਜਦ ਤੀਜ ਦਾ ਦਿਨ ਆਇਆ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਖਜ਼ਾਨਚੀ ਪਾਸੋਂ ਪੰਜ ਸੌ ਰੁਪਏ ਲਵੋ ਤੇ ਕੜਾਹ ਪ੍ਰਸ਼ਾਦਿ ਦੀ ਰਸਦ ਖਰੀਦ ਕੇ ਲਿਆਵੋ॥ ੨੭॥

ਇਕ ਸੌ ਕੋ ਚੰਦਨ ਅਨਵਾਵਹੁ। ਗਮਨ ਪ੍ਰਲੋਕ ਸੌਜ ਸਭਿ ਲ੍ਯਾਵਹੁ।
ਮਾਨਹੁਂ ਬਚਨ, ਕਰਹੁ ਨਹੀਂ ਟਾਰਾ। ਰਿਦੇ ਅਨੰਦ ਭਜੋ ਕਰਤਾਰਾ॥ ੨੮॥

ਇਕ ਸੌ ਰੁਪਏ ਦਾ ਚੰਦਨ ਮੰਗਵਾਵੋ ਤੇ ਪ੍ਰਲੋਕ ਜਾਣ ਦੀ ਸਾਰੀ ਸਮੱਗਰੀ ਲਿਆਵੋ। ਮੇਰਾ ਬਚਨ ਮੰਨੋ ਤੇ ਟਾਲਾ ਨਾ ਕਰੋ ਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਕਰਤਾਰ ਦਾ ਸਿਮਰਨ ਕਰੋ॥ ੨੮॥

ਕਰਹੁ ਆਜ ਤੇ ਤਯਾਰ ਅਹਾਰਾ। ਪ੍ਰਾਤ ਚਤੁਰਥੀ ਹੈ ਬੁਧਿਵਾਰਾ।
ਦਿਹੁ ਸਭਿ ਕੋ ਭੋਜਨ ਮਨ ਭਾਯੋ। ਉੱਦਮ ਕਰਹੁ ਸਿੰਘ ਸਮੁਦਾਯੋ'॥ ੨੯॥

ਅੱਜ ਤੋਂ ਭੋਜਨ ਤਿਆਰ ਕਰੋ, ਸਵੇਰ ਚੌਥ ਦਾ ਬੁਧਵਾਰ ਹੈ। ਸਾਰਿਆਂ ਨੂੰ ਮਨ-ਭਾਉਂਦਾ ਭੋਜਨ ਦੇਵੋ, ਸਾਰੇ ਸਿੰਘ ਰਲ ਕੇ ਉੱਦਮ ਕਰੋ"॥ ੨੯॥

ਅਪਰ ਦਰਬ ਘ੍ਰਿਤ ਹਿਤ ਮਿਸ਼ਟਾਨਾ। ਮੇਵਾ ਚੂਨ ਸੁਪੈਦਾ ਆਨਾ।
ਲੰਗਰ ਕਰਨ ਲਗੇ ਨਰ ਘਨੇ। ਬਾਸੁਰ ਅਰੁ ਸਗਰੀ ਨਿਸ ਬਨੇ॥ ੩੦॥

ਘਿਉ ਅਤੇ ਮਿੱਠੇ ਵਾਸਤੇ ਹੋਰ ਧਨ ਲਿਆ, ਮੇਵੇ, ਆਟਾ ਅਤੇ ਸੁਪੈਦਾ ਲਿਆਂਦਾ। ਬਹੁਤ ਮਨੁੱਖ ਮਿਲ ਕੇ ਲੰਗਰ ਤਿਆਰ ਕਰਨ ਲੱਗੇ। ਦਿਨ ਅਤੇ ਸਾਰੀ ਰਾਤ ਕਈ ਪ੍ਰਕਾਰ ਦੇ ਪਦਾਰਥ ਤਿਆਰ ਹੁੰਦੇ ਰਹੇ॥ ੩੦॥

ਪੂਪ ਪੂਰਿਕਾ ਚਢਹਿਂ ਕਰਾਹੇ। ਕਰਿ ਤਿਆਰ ਧਰਿ ਕੋਸ਼ਠ ਮਾਂਹੇ।
ਬਨੇ ਕਚੌਰੀ ਬਰੇ ਪਕੌਰੇ। ਡਾਰਿ ਮਸਾਲੇ ਦਧਿ ਮਹਿਂ ਬੋਰੇ॥ ੩੧॥

ਮਾਲ ਪੂੜੇ ਅਤੇ ਪੂੜੀਆਂ ਕੜਾਹੀਆਂ ਵਿਚ ਤਲ ਰਹੇ ਸਨ, ਇਹ ਸਭ ਪਦਾਰਥ ਤਿਆਰ ਕਰਕੇ ਇਕ ਸਥਾਨ ਤੇ ਰੱਖ ਦਿੱਤੇ। ਕਚੌਰੀਆਂ, ਬੜੇ ਅਤੇ ਪਕੌੜੇ ਵੀ ਤਿਆਰ ਹੋਏ, ਜਿਹੜੇ ਦਹੀਂ ਵਿਚ ਮਸਾਲੇ ਪਾ ਕੇ ਡੋਬ ਦਿੱਤੇ॥ ੩੧॥

'ਬਿਲਮ ਨ ਕਰਹੁ ਧਾਇ ਸਭਿ ਜਾਵਹੁ। ਪੁਰਿ ਤੇ ਸੌਜ ਖਰੀਦ ਲਿਆਵਹੁ'।
ਦਯਾ ਸਿੰਘ ਅਰੁ ਧਰਮ ਸਿੰਘ ਸੁਨਿ। ਆਦਿ ਸੰਤੋਖ ਸਿੰਘ ਸਭਿ ਗੁਨਿ ਗੁਨਿ ॥੩੨॥

''ਦੇਰ ਨਾ ਕਰੋ, ਸਾਰੇ ਦੌੜ ਕੇ ਜਾਵੋ ਤੇ ਨਗਰ ਤੋਂ ਸਾਰੀ ਸਮੱਗਰੀ ਖਰੀਦ ਕੇ ਲਿਆਵੋ।'' ਦਇਆ ਸਿੰਘ ਅਤੇ ਧਰਮ ਸਿੰਘ ਸੁਣ ਕੇ, ਸੰਤੋਖ ਸਿੰਘ ਆਦਿ ਸਾਰੇ ਵਿਚਾਰਾਂ ਕਰਦੇ ਹੋਏ॥ ੩੨॥

ਲੇ ਗਨ ਧਨ ਕੋ ਨਗਰ ਪ੍ਰਵੇਸ਼ੇ। ਰਸਦ ਖਰੀਦਨ ਕੀਨਿ ਵਿਸ਼ੇਸ਼ੇ।
ਬੰਧਿ ਪੋਟ ਪੋਟੀਨ ਉਠਾਇ। ਦੀਨਸਿ ਅਬਚਲ ਨਗਰ ਪੁਚਾਇ॥ ੩੩॥

ਬਹੁਤ ਧਨ ਲੈ ਕੇ ਨਗਰ ਵਿਚ ਦਾਖਲ ਹੋ ਗਏ, ਉਹ ਵਿਸ਼ੇਸ਼ ਤੌਰ ਤੇ ਰਸਦ ਖਰੀਦਣ ਲੱਗੇ। ਪੋਟਲੀਆਂ ਬੰਨ੍ਹ ਬੰਨ੍ਹ ਕੇ ਚੁੱਕਦੇ ਸਨ ਤੇ ਸਾਰੀ ਰਸਦ ਅਬਚਲ ਨਗਰ ਵਿਚ ਪਹੁੰਚਾ ਦਿੱਤੀ॥ ੩੩॥

ਬ੍ਰਿੰਦ ਕਰਾਹੇ ਦਏ ਚਢਾਈ। ਲਗਿ ਪਕਵਾਨ ਹੋਨਿ ਸਮੁਦਾਈ।
ਕਰਿ ਸ਼ਨਾਨ ਸੁਚ ਤੇ ਸਭਿ ਲਜਾਇ। ਕਰਹਿਂ ਤਜਾਰ ਕੋ ਧਰਹਿਂ ਟਿਕਾਇ ॥੩੪॥

ਬਹੁਤ ਕੜਾਹੇ ਚੜ੍ਹਾ ਦਿੱਤੇ ਤੇ ਸਾਰੇ ਪਕਵਾਨ ਤਿਆਰ ਹੋਣ ਲੱਗੇ। ਸਾਰੇ ਇਸ਼ਨਾਨ ਕਰਕੇ ਸੁਚਮ ਨਾਲ ਸਾਰੇ ਪਦਾਰਥ ਤਿਆਰ ਕਰਦੇ ਸਨ ਤੇ ਕਈ ਤਿਆਰ ਕਰਕੇ ਇਕ ਸਥਾਨ ਤੇ ਟਿਕਾਅ ਦਿੰਦੇ ਸਨ॥ ੩੪॥

ਚਿਤ ਸਚਿੰਤ ਸਭਿ ਕੇ ਹੁਇ ਰਹੇ। 'ਗੁਰ ਬੈਕੁੰਠ ਗਮਨ ਕੋ ਲਹੇ।
ਕੋ ਵਾਲੀ ਅਬਿ ਇਹਾਂ ਹਮਾਰੋ। ਕਿਸਕੋ ਦਰਸ਼ਨ ਕਰਹਿਂ ਨਿਹਾਰੋ'॥ ੩੫॥

ਸਾਰਿਆਂ ਦੇ ਚਿੱਤ ਚਿੰਤਾ ਸਹਿਤ ਹੋਏ ਸਨ, ''ਗੁਰੂ ਜੀ ਬੈਕੁੰਠ ਜਾਣਾ ਚਾਹੁੰਦੇ ਹਨ। ਹੁਣ ਸਾਡਾ ਕੌਣ ਵਾਲੀ ਬਣੇਗਾ। ਕਿਸ ਦੇ ਦਰਸ਼ਨ ਕਰਕੇ ਵੇਖਾਂਗੇ''॥ ੩੫॥

ਸ੍ਰਵਤ ਸ੍ਰੌਣ ਘਾਵ ਜੁ ਗੁਰ ਤਨ ਮੈਂ। ਪਿਖਹਿਂ ਬਿਖਾਦਮਾਨ ਹੁਇ ਮਨ ਮੈਂ।
ਪਾਟੀ ਬੰਧ ਕਰਹਿਂ ਉਪਚਾਰ। ਚਹੁੰਦਿਸ਼ਿ ਜੁਗਮ ਚਵਰ ਕੋ ਧਾਰਿ॥ ੩੬॥

ਜਿਹੜਾ ਆਪਣੇ ਕੰਨਾਂ ਨਾਲ ਗੁਰੂ ਜੀ ਦੇ ਸਰੀਰ ਨੂੰ ਲੱਗੇ ਜ਼ਖਮ ਬਾਰੇ ਸੁਣਿਆ ਸੀ, ਉਸ ਨੂੰ ਵੇਖ ਕੇ ਮਨ ਵਿਚ ਬਹੁਤ ਦੁਖੀ ਹੁੰਦੇ ਸਨ। ਪੱਟੀਆਂ ਬੰਨ੍ਹ ਕੇ ਇਲਾਜ ਕਰਦੇ ਸਨ ਤੇ ਦੋ ਚੌਰ ਫੜ ਕੇ ਚਾਰੇ ਪਾਸੇ ਚੌਰ ਕਰਦੇ ਸਨ॥ ੩੬॥

ਦਿਵਸ ਤੀਜ ਕੋ ਜਬਹਿ ਬਿਤਾਯੋ। ਪੁਨ ਨਿਸ ਮਹਿਂ ਪਕਵਾਨ ਪਕਾਯੋ।
ਕਰਤਿ ਰਹੇ ਮਿਲਿ ਨਰ ਸਮੁਦਾਯਾ। ਪ੍ਰਾਤਿ ਹੋਤਿ ਲਗਿ ਪੁੰਜ ਕਰਾਯਾ॥ ੩੭॥

ਜਦ ਤੀਜ ਦਾ ਦਿਨ ਬੀਤ ਗਿਆ ਤਾਂ ਫਿਰ ਰਾਤ ਨੂੰ ਵੀ ਪਕਵਾਨ ਤਿਆਰ ਕੀਤਾ। ਸਾਰੇ ਮਿਲ ਕੇ ਪਕਵਾਨ ਤਿਆਰ ਕਰਦੇ ਰਹੇ, ਸਵੇਰ ਹੋਣ ਤਕ ਬਹੁਤ ਪਕਵਾਨ ਤਿਆਰ ਹੋ ਗਏ॥ ੩੭॥

ਸਭਿਹਿਨਿ ਕੀਨੋ ਸੋਚ ਸ਼ਨਾਨਾ। ਤਿਸ ਛਿਨ ਸ੍ਰੀ ਗੁਰ ਹੁਕਮ ਬਖਾਨਾ।
'ਚਾਰੋਂ ਬਰਣ ਜੁ ਆਸ਼੍ਰਮ ਚਾਰ। ਸਭਿ ਸੋਂ ਕਹਿ ਦੀਜੈ ਇਕ ਵਾਰ॥ ੩੮॥

ਫਿਰ ਸਾਰਿਆਂ ਨੇ ਸੋਚ ਇਸ਼ਨਾਨ ਕੀਤਾ, ਉਸ ਸਮੇਂ ਸਤਿਗੁਰੂ ਜੀ ਨੇ ਹੁਕਮ ਕੀਤਾ, ''ਜਿਹੜੇ ਚਾਰੇ ਵਰਨ ਹਨ ਤੇ ਚਾਰ ਆਸ਼ਰਮ ਹਨ, ਸਾਰਿਆਂ ਨੂੰ ਇਕ ਵਾਰ ਕਹਿ ਦੇਵੋ॥ ੩੮॥

ਕਰਹੁ ਹਕਾਰਨਿ ਦੇਹੁ ਬਿਠਾਇ। ਦੇਰ ਨ ਕੀਜੈ ਅਸਨ ਅਚਾਇ'।
ਸੁਨਿ ਗੁਰ ਹੁਕਮ ਪੁੰਜ ਨਰ ਧਾਏ। ਜਾਇ ਸਭਿਨਿ ਕੋ ਸ੍ਰੌਨ ਸੁਨਾਏ॥ ੩੯॥

ਉਨ੍ਹਾਂ ਨੂੰ ਬੁਲਾ ਕੇ ਬੈਠਾ ਦੇਵੇ ਤੇ ਉਨ੍ਹਾਂ ਨੂੰ ਭੋਜਨ ਛਕਾਉਣ ਵਿਚ ਕੋਈ ਦੇਰ ਨਾ ਲਾਵੇ।" ਗੁਰੂ ਜੀ ਦਾ ਹੁਕਮ ਸੁਣ ਕੇ ਬਹੁਤ ਮਨੁੱਖ ਭੱਜੇ ਗਏ ਤੇ ਜਾ ਕੇ ਸਾਰਿਆਂ ਨੂੰ ਸੁਣਾਇਆ॥ ੩੯॥

'ਅਚਨ ਅਹਾਰ ਜੱਗ ਕੋ ਆਵਹੁ। ਲਖਹੁ ਤਯਾਰ ਨਹਿਂ ਬਿਲਮ ਲਗਾਵਹੁ'।
ਸੁਨਿ ਸੁਨਿ ਸਾਧ ਫਕੀਰ ਅਤੀਤ। ਦਿਜ ਆਦਿਕ ਆਏ ਧਰਿ ਪ੍ਰੀਤ॥੪੦॥

"ਜੱਗ ਵਿਚ ਭੋਜਨ ਛਕਣ ਵਾਸਤੇ ਆਵੋ, ਭੋਜਨ ਨੂੰ ਤਿਆਰ ਸਮਝੋ, ਇਸ ਕਰਕੇ ਕਿਸੇ ਪ੍ਰਕਾਰ ਦੀ ਦੇਰ ਨਾ ਲਾਵੋ।" ਇਹ ਸੁਣ ਸੁਣ ਕੇ ਸਾਧ, ਫਕੀਰ, ਅਤੀਤ, ਬ੍ਰਾਹਮਣ ਆਦਿ ਪ੍ਰੀਤ ਧਾਰ ਕੇ ਆਏ॥ ੪੦॥

'ਗੁਰ ਘਰ ਕੋ ਕੁਨਕਾ ਜੋ ਖਾਇ। ਪਾਵਨ ਤਨ ਮਨ ਤੇ ਹੁਇ ਜਾਇ'।
ਇਮ ਮਨ ਜਾਇ ਬਰਣ ਜੇ ਚਾਰ। ਆਸ਼੍ਰਮ ਚਾਰੋਂ ਕਰਨ ਅਹਾਰ॥ ੪੧॥

"ਗੁਰੂ ਘਰ ਦਾ ਜਿਹੜਾ ਕੜਾਹ ਪ੍ਰਸ਼ਾਦਿ ਖਾਂਦਾ ਹੈ, ਉਸ ਦਾ ਤਨ ਮਨ ਪਵਿੱਤਰ ਹੋ ਜਾਂਦਾ ਹੈ।" ਇਸ ਪ੍ਰਕਾਰ ਮਨ ਵਿਚ ਜਾਣ ਕੇ ਜਿਹੜੇ ਚਾਰ ਵਰਨ ਅਤੇ ਜਿਹੜੇ ਚਾਰ ਆਸ਼ਰਮ ਹਨ, ਉਨ੍ਹਾਂ ਨੇ ਆ ਕੇ ਭੋਜਨ ਛਕਿਆ॥ ੪੧॥

ਅਪਰ ਬੇਖ ਧਾਰੀ ਸਭਿ ਆਏ। ਅਬਚਲ ਨਗਰ ਭੀਰ ਸਮੁਦਾਏ।
ਇਕ ਦਰਸਹਿਂ ਇਕ ਆਵਹਿਂ ਚਲੇ। ਇਕ ਬੈਠੇ ਪੰਕਤਿ ਕਰਿ ਭਲੇ॥੪੨॥

ਹੋਰ ਭੇਖਧਾਰੀ ਵੀ ਸਾਰੇ ਆਏ, ਅਬਚਲ ਨਗਰ ਵਿਚ ਬਹੁਤ ਭੀੜ ਹੋ ਗਈ। ਕਈ ਦਰਸ਼ਨ ਕਰਦੇ ਸਨ, ਕਈ ਦਰਸ਼ਨ ਕਰਨ ਵਾਸਤੇ ਚਲੇ ਆਉਂਦੇ ਸਨ, ਕਈ ਭਲੀ ਪ੍ਰਕਾਰ ਪੰਗਤਾਂ ਵਿਚ ਬੈਠ ਜਾਂਦੇ ਸਨ॥ ੪੨॥

*ਦੂਸਰੇ ਐਨ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

## *ਅਧਿਆਇ ਇੱਕੀਵਾਂ*

### *ਸਤਿਗੁਰੂ ਜੀ ਵਲੋਂ ਉਪਦੇਸ਼*

ਦੋਹਰਾ- ਬਰਣਾਸ਼੍ਰਮ ਕੀ ਪੰਕਤਾਂ ਪ੍ਰਿਥਕ ਪ੍ਰਿਥਕ ਬੈਠਾਇ।
ਸਾਦਰ ਦੇਤਿ ਅਹਾਰ ਕੋ ਨੀਰ ਪ੍ਰਿਥਕ ਕਰਿ ਪਾਇ॥ ੧॥

ਵਰਨ ਆਸ਼੍ਰਮ ਦੀਆਂ ਪੰਗਤਾਂ ਵੱਖਰੀਆਂ-ਵੱਖਰੀਆਂ ਬੈਠਾ ਦਿੱਤੀਆਂ। ਫਿਰ ਬੜੇ ਆਦਰ ਨਾਲ ਭੋਜਨ ਦਿੰਦੇ ਸਨ ਤੇ ਪਹਿਲਾਂ ਪਾਣੀ ਨਾਲ ਹੱਥ ਧਵਾਉਂਦੇ ਸਨ॥੧॥

ਚੌਪਈ- ਪੂਰਬ ਪੰਚਾਂਮ੍ਰਿਤ ਬਰਤਾਯੋ। ਦੇਤਿ ਸ਼ੀਘ੍ਰਤਾ ਸਭਿਹਿਨਿ ਪਾਯੋ।
ਧੂਪ ਪੂਰਿਕਾ ਪੁੰਜ ਕਚੋਰੀ। ਬਰੇ ਪਕੋਰੇ ਦੇ ਸਭਿ ਠੌਰੀ॥ ੨॥

ਸਭ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਰਤਾਇਆ, ਜਿਸਨੂੰ ਬੜੀ ਛੇਤੀ ਵੰਡਦੇ ਸਨ ਤੇ ਸਾਰਿਆਂ ਨੇ ਪ੍ਰਾਪਤ ਕਰ ਲਿਆ। ਮਾਲਪੂੜੇ, ਪੂੜੀਆਂ, ਕਚੌਰੀਆਂ, ਬੜੇ, ਪਕੌੜੇ ਆਦਿ ਸਭ ਥਾਈਂ ਦੇ ਰਹੇ ਸਨ॥ ੨॥

ਅਤਿ ਸ੍ਵਾਦਲ ਗੁਰ ਜੱਗਜ ਅਹਾਰਾ। ਅਚਹਿਂ ਸਰਾਹੈਂ ਬਿਬਿਧ ਪਕਾਰਾ।
ਰੁਚਿ ਅਨੁਸਾਰ ਅੱਗ੍ਰ ਸਭਿ ਧਰੈਂ। ਤ੍ਰਿਪਤ ਭਏ ਭੀ ਖੈਬੋ ਕਰੈਂ॥ ੩॥

ਗੁਰੂ ਜੀ ਦੇ ਯੱਗ ਦਾ ਭੋਜਨ ਬਹੁਤ ਸਵਾਦੀ ਸੀ, ਖਾਂਦੇ ਸਨ ਤੇ ਕਈ ਪ੍ਰਕਾਰ ਸ਼ਲਾਘਾ ਕਰਦੇ ਸਨ। ਰੁਚੀ ਅਨੁਸਾਰ ਸਾਰਿਆਂ ਦੇ ਅੱਗੇ ਧਰਦੇ ਸਨ, ਜਿਹੜੇ ਤ੍ਰਿਪਤ ਹੋ ਜਾਂਦੇ ਸਨ, ਉਹ ਵੀ ਹੋਰ ਖਾਂਦੇ ਸਨ॥ ੩॥

ਫਿਰੈਂ ਸ਼ੀਘ੍ਰ ਤੇ ਪ੍ਰੋਸਨਹਾਰੇ। 'ਲੇਹੁ ਲੇਹੁ' ਸਭਿਹੂੰਨਿ ਉਚਾਰੇਂ।
ਮਨ ਭਾਵਤਿ ਕੋ ਭੋਜਨ ਦੀਨਿ। ਆਛੀ ਰੀਤਿ ਅਚਵਨੋ ਕੀਨਿ॥ ੪॥

ਪ੍ਰੋਸਣ ਵਾਲੇ ਬੜੀ ਛੇਤੀ-ਛੇਤੀ ਫਿਰਦੇ ਸਨ, "ਲਵੋ ਲਵੋ" ਸਭ ਨੂੰ ਉਚਾਰਨ ਕਰਦੇ ਸਨ। ਮਨ-ਭਾਉਂਦਾ ਭੋਜਨ ਦਿੱਤਾ, ਸਾਰਿਆਂ ਨੇ ਚੰਗੀ ਰੀਤੀ ਨਾਲ ਖਾਧਾ॥ ੪॥

ਸ੍ਵਾਦ ਪਾਇ ਸਭਿਹੂੰਨਿ ਸਰਾਹੈਂ। ਪਾਨ ਪਖਾਰੈਂ ਤ੍ਰਿਪਤੀ ਪਾਹੈਂ।
ਸੁਜਸੁ ਕਰਤਿ ਗੁਰ ਕੋ ਲਹਿਂ ਦਰਸ਼ਨ। ਕਦਮ ਪਦਮ ਕੋ ਹਾਥ ਸਪਰਸ਼ਨ ॥੫॥

ਸਵਾਦੀ ਭੋਜਨ ਪ੍ਰਾਪਤ ਕਰਕੇ ਸਾਰੇ ਸ਼ਲਾਘਾ ਕਰਦੇ ਸਨ, ਫਿਰ ਹੱਥ ਧੋ ਕੇ ਤ੍ਰਿਪਤੀ ਪ੍ਰਾਪਤ ਕਰਦੇ ਸਨ। ਸ੍ਰੇਸ਼ਟ ਜੱਸ ਕਰਕੇ ਗੁਰੂ ਜੀ ਦੇ ਦਰਸ਼ਨ ਪਾਉਂਦੇ ਸਨ ਤੇ ਫਿਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਆਪਣੇ ਹੱਥ ਨਾਲ ਸਪਰਸ਼ ਕਰਦੇ ਸਨ॥ ੫॥

ਆਪ ਆਪਨੇ ਥਾਨ ਪਧਾਰੇ। ਸੋ ਦਿਨ ਬੀਤਯੋ ਦੇਤਿ ਅਹਾਰੇ।
ਸਭਿ ਕੇ ਸੰਗ ਭਨੀ ਗੁਰਬਾਨੀ। 'ਸਿਮਰਹੁ ਪਰਮੇਸ਼੍ਵਰ ਗੁਨ ਖਾਨੀ॥ ੬॥

ਸਾਰੇ ਫਿਰ ਆਪਣੇ-ਆਪਣੇ ਸਥਾਨ 'ਤੇ ਚਲੇ ਗਏ। ਉਹ ਦਿਨ ਭੋਜਨ ਛਕਾਉਣ ਵਿਚ ਹੀ ਬੀਤ ਗਿਆ। ਸਾਰਿਆਂ ਨੂੰ ਫਿਰ ਗੁਰੂ ਜੀ ਨੇ ਫੁਰਮਾਇਆ, "ਗੁਣਾਂ ਦੀ ਖਾਣ, ਪ੍ਰਮੇਸ਼ਵਰ ਦਾ ਸਿਮਰਨ ਕਰੋ॥ ੬॥

ਪ੍ਰਾਤਿ ਪੰਚਮੀ ਸੁਰ ਗੁਰ ਵਾਰ। ਦਿਵਸ ਭਲੋ ਉਰ ਲੀਨਿ ਬਿਚਾਰ।
ਹੁਇ ਤਯਾਰੀ ਹਮਰੀ ਪਰਲੋਕ। ਧਰਹੁ ਅਨੰਦ ਨ ਕੀਜਹਿ ਸ਼ੋਕ॥ ੭॥

ਪੰਚਮੀ ਦੀ ਸਵੇਰ ਨੂੰ ਦੇਵਤਿਆਂ ਅਤੇ ਗੁਰੂਆਂ ਦਾ ਵਾਰ ਹੈ, ਉਹ ਭਲਾ ਦਿਨ ਹੈ, ਹਿਰਦੇ ਵਿਚ ਵਿਚਾਰ ਲਵੋ। ਉਸ ਦਿਨ ਸਾਡੀ ਪਰਲੋਕ ਵਾਸਤੇ ਤਿਆਰੀ ਹੋਵੇਗੀ, ਸਾਰੇ ਆਨੰਦ ਧਾਰਨ ਕਰੋ, ਕੋਈ ਵੀ ਸੋਗ ਨਾ ਕਰੇ॥ ੭॥

ਜਾਗ੍ਰਣ ਕਰੋ ਜਪਹੁ ਗੁਰਬਾਨੀ। ਸੰਚ ਲੇਹੁ ਸਭਿ ਸੌਜ ਮਹਾਨੀ।
ਚੰਦਨ ਆਦਿ ਸਕਲ ਹੀ ਲਯਾਏ। ਕਿਧਹੁਂ ਨਹੀਂ, ਸੁਧ ਦੇਹੁ ਬਤਾਏ ॥ ੮॥

ਜਾਗ੍ਰਣ ਕਰੋ ਤੇ ਗੁਰਬਾਣੀ ਜਪੋ ਤੇ ਸਾਰੀ ਮਹਾਨ ਸੌਜ ਇਕੱਠੀ ਕਰ ਲਵੋ। ਚੰਦਨ ਆਦਿ ਸਭ ਕੁਝ ਲਿਆਏ, ਜਿਹੜੀ ਚੀਜ਼ ਨਹੀਂ ਮਿਲਦੀ ਹੈ, ਉਸ ਬਾਰੇ ਦੱਸ ਦੇਵੋ"॥ ੮॥

ਸੁਨਿ ਸੰਤੋਖ ਸਿੰਘ ਸੁਧਿ ਲੀਨ। ਜਹਿਂ ਕਹਿਂ ਫਿਰਿ ਕਰਿ ਹੇਰਨ ਕੀਨ।
ਜੋ ਜੋ ਵਸਤੁ ਪਹੂਚੀ ਆਇ। ਕਰੀ ਨਿਵੇਦਨ ਗੁਰ ਢਿਗ ਜਾਇ॥ ੯॥

ਇਹ ਸੁਣ ਕੇ ਸੰਤੋਖ ਸਿੰਘ ਨੇ ਖਬਰ ਲਈ, ਜਿੱਥੇ ਕਿੱਥੇ ਫਿਰ ਕੇ ਵੇਖੀ। ਜਿਹੜੀ-ਜਿਹੜੀ ਵਸਤੂ ਹੁਣ ਤਕ ਪਹੁੰਚ ਗਈ ਸੀ, ਉਸ ਬਾਰੇ ਗੁਰੂ ਜੀ ਦੇ ਅੱਗੇ ਜਾ ਕੇ ਬੇਨਤੀ ਕਰ ਦਿੱਤੀ॥ ੯॥

'ਪ੍ਰਭੁ ਜੀ ! ਸੋ ਮਨ ਚੰਦਨ ਆਯੋ। ਅਤਰ ਗੁਲਾਬ ਧਰਯੋ ਸਮੁਦਾਯੋ।
ਸੂਖਮ ਚੀਰ ਮੋਲ ਬਹੁਤ ਕੇਰਾ। ਸੀਵਨਹਾਰ ਸਿਵਤ ਇਸ ਬੇਰਾ॥ ੧੦॥

ਸੰਤੋਖ ਸਿੰਘ ਨੇ ਜਾ ਕੇ ਦੱਸਿਆ, "ਹੇ ਸਤਿਗੁਰੂ ਜੀ ! ਸੌ ਮਣ ਚੰਦਨ ਆਇਆ ਹੈ, ਅਤਰ ਗੁਲਾਬ ਸਾਰਾ ਧਰ ਦਿੱਤਾ

ਹੈ। ਬਹੁਤ ਕੀਮਤੀ ਸੂਖਮ ਪੋਸ਼ਾਕਾ ਇਸ ਸਮੇਂ ਦਰਜ਼ੀ ਸਿਲਾਈ ਕਰ ਰਿਹਾ ਹੈ॥੧੦॥

ਪ੍ਰਾਤਿ ਹੋਤਿ ਲਗਿ ਪੋਸ਼ਿਸ਼ ਸਾਰੀ। ਬਨਹਿ ਨਵੀਨ ਆਪ ਕੀ ਤਜਾਰੀ॥
ਭਾਰ ਕੁਸ਼ਾ ਕੋ ਆਨਿ ਧਰਾਯੋ। ਜਵ ਤਿਲ ਘ੍ਰਿਤ ਕੋ ਪੁੰਜ ਅਨਾਯੋ॥ ੧੧॥

ਸਵੇਰ ਹੋਣ ਤਕ ਆਪ ਜੀ ਦੀ ਸਾਰੀ ਪੋਸ਼ਾਕ ਨਵੀਂ ਬਣ ਕੇ ਤਿਆਰ ਹੋ ਜਾਵੇਗੀ। ਦਭ ਦੀ ਪੰਡ ਲਿਆ ਕੇ ਧਰ ਦਿੱਤੀ ਹੈ। ਜਵੀ, ਤਿਲ, ਘਿਉ ਬਹੁਤ ਮੰਗਵਾਇਆ ਹੈ' ॥੧੧॥

ਇੱਤਜਾਦਿਕ ਸਭਿ ਵਸਤੁ ਬਤਾਈ। ਦੀਪਮਾਲ ਜਹਿਂ ਕਹਿਂ ਕਰਿਵਾਈ।
ਪੌਰ ਪੌਰ ਪਰ ਘਰ ਘਰ ਪਰ ਧਰਿ। ਕਰਜੋ ਪ੍ਰਕਾਸ਼ ਤਿਮਰ ਕੋ ਪਰਿਹਰ॥੧੨॥

ਇਸ ਪ੍ਰਕਾਰ ਸਾਰੀਆਂ ਵਸਤਾਂ ਬਾਰੇ ਦੱਸਿਆ ਤੇ ਜਿੱਥੇ ਕਿੱਥੇ ਦੀਪਮਾਲਾ ਕਰਵਾਈ। ਦਰਵਾਜ਼ੇ-ਦਰਵਾਜ਼ੇ 'ਤੇ ਘਰ-ਘਰ ਵਿਚ ਦੀਵੇ ਧਰਾਏ ਤੇ ਪ੍ਰਕਾਸ਼ ਕਰਵਾ ਕੇ ਹਨੇਰੇ ਨੂੰ ਦੂਰ ਕੀਤਾ॥੧੨॥

ਜਹਿਂ ਕਹਿਂ ਗੁਰਬਾਣੀ ਕੋ ਜਪੈਂ। ਪ੍ਰੇਮ ਪ੍ਰਮੇਸ਼ਰ ਕੇ ਮਨ ਰਪੈਂ।
ਥਿਰੇ ਇਕੰਤ ਆਪ ਭਗਵੰਤ। ਮਿਲੇ ਪੁੰਜ ਸਿਖ ਸੰਤ ਮਹੰਤ॥ ੧੩॥

ਜਿੱਥੇ ਕਿੱਥੇ ਗੁਰਬਾਣੀ ਦਾ ਜਾਪ ਕਰਦੇ ਸਨ, ਆਪਣੇ ਮਨਾਂ ਨੂੰ ਪ੍ਰਮੇਸ਼ਰ ਦੇ ਪ੍ਰੇਮ ਵਿਚ ਰੰਗਦੇ ਸਨ। ਆਪ ਭਗਵੰਤ ਸਤਿਗੁਰੂ ਜੀ ਇਕਾਂਤ ਵਿਚ ਲੇਟੇ ਹੋਏ ਸਨ, ਬਹੁਤ ਸਿੱਖ ਅਤੇ ਸੰਤ ਮਹੰਤ ਉਨ੍ਹਾਂ ਨੂੰ ਆ ਕੇ ਮਿਲੇ॥੧੩॥

'ਦੁਰਲਭ ਦਰਸ਼ਨ ਕਰਿ ਲਿਹੁ ਅਬੈ'। ਕਹਿ ਆਪਸ ਮਹਿਂ ਪਹੁਂਚੇ ਸਭੈ।
ਰਾਤਿ ਬਿਤਾਈ ਜਾਗ੍ਰਨ ਕਰਿ ਕੈ। ਸਤਿਗੁਰ ਕੇ ਗੁਨ ਸਿਮਰਿ ਸਿਮਰਿ ਕੇ॥੧੪॥

ਉਹ ਆਪਸ ਵਿਚ ਕਹਿੰਦੇ ਸਨ, "ਦੁਰਲੱਭ ਦਰਸ਼ਨ ਹਨ, ਹੁਣ ਕਰ ਲਵੋ" ਇਹ ਕਹਿ ਕੇ ਉਹ ਸਾਰੇ ਉਥੇ ਪਹੁੰਚੇ ਸਨ। ਰਾਤ ਜਾਗ੍ਰਣ ਕਰਕੇ ਬਤੀਤ ਕੀਤੀ। ਸਤਿਗੁਰੂ ਜੀ ਦੇ ਗੁਣਾਂ ਨੂੰ ਬਾਰ-ਬਾਰ ਯਾਦ ਕਰਦੇ ਸਨ॥੧੪॥

ਜਾਮ ਰਹੀ ਜਬਿ ਸੋਚ ਸ਼ਨਾਨੇ। ਸ੍ਰੀ ਪ੍ਰਭੁ ਕਰਿ ਕੈ ਲਾਯਸ ਧਜਾਨੇ।
ਸਤਿ ਚੇਤਨ ਆਨੰਦ ਬਿਸਾਲਾ। ਨਿਜ ਸਰੂਪ ਮਨ ਥਿਰੇ ਕ੍ਰਿਪਾਲਾ॥ ੧੫॥

ਜਦ ਪਹਿਰ ਰਾਤ ਰਹਿੰਦੀ ਸੀ ਤਾਂ ਸਤਿਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ ਤੇ ਉਸ ਤੋਂ ਬਾਅਦ ਉਹ ਆਪਣੇ ਆਪ ਵਿਚ ਧਿਆਨ ਲਾ ਕੇ ਬੈਠ ਗਏ। ਵਿਸ਼ਾਲ ਸਤ ਚੇਤਨ ਆਨੰਦ ਨਾਲ ਜੁੜ ਗਏ ਤੇ ਕ੍ਰਿਪਾਲੂ ਸਤਿਗੁਰੂ ਜੀ ਨੇ ਆਪਣਾ ਮਨ ਆਪਣੇ ਨਿਜੀ ਸਰੂਪ ਨਾਲ ਠਹਿਰਾ ਲਿਆ॥੧੫॥

ਨਭ ਸਮ ਬਜਾਪਕ ਜੋ ਸਭਿ ਮਾਂਹੀ। ਅਸ ਪ੍ਰਮਾਤਮਾ ਬਿਨ ਕੋ ਨਾਂਹੀ।
ਭੂਤ ਭਵਿੱਖ ਨ ਨਾਸ਼ ਪ੍ਰਣਾਮ। ਯਾਂਤੇ 'ਸੱਤਿ' ਕਹਤਿ ਸ੍ਰੁਤਿ ਨਾਮ॥ ੧੬॥

ਅਕਾਸ਼ ਵਾਂਗ ਜਿਹੜਾ ਸਾਰਿਆਂ ਵਿਚ ਵਿਆਪਕ ਹੈ, ਐਸੇ ਪਰਮਾਤਮਾ ਬਗੈਰ ਹੋਰ ਕੁਝ ਨਹੀਂ ਹੈ। ਪਿੱਛੇ ਅੱਗੇ ਬੀਤ ਚੁੱਕੇ ਤੇ ਆਉਣ ਵਾਲੇ ਸਮੇਂ ਵਿਚ ਜਿਸ ਦਾ ਨਾਸ਼ ਪ੍ਰਣਾਮ ਨਹੀਂ ਹੁੰਦਾ, ਭਾਵ ਜਾ ਸਕਦਾ ਹੈ, ਇਸ ਕਰਕੇ ਸ਼੍ਰੁਤੀ ਉਸ ਪਰਮਾਤਮਾ ਦਾ ਨਾਮ ਸੱਤਿ ਕਹਿੰਦੀ ਹੈ॥੧੬॥

ਮਾਇਆ ਜਗਤ ਅਵਿੱਦਜਾ। ਜਿਸ ਬਿਹੀਨ ਜੜ ਸਹਤ ਬਿਖਾਦ।
ਮੇਲੇ ਭਏ ਤੇ ਦੇਹ ਜਿਤੇਕ। ਕ੍ਰਿਯਾਵਾਨ ਹ੍ਵੈਂ ਸਹਤ ਬਿਬੇਕ॥ ੧੭॥

ਚੇਤਨ ਚਲਿਆ ਜੋ ਅਵਿਦਿਆ, ਮਾਇਆ ਤੇ ਜਗਤ ਆਦਿਕ ਹਨ, ਜਿਸ ਦੇ ਚੇਤਨ ਤੋਂ ਬਿਨਾਂ ਇਹ ਸਾਰੇ ਜੜ੍ਹ ਅਤੇ ਨਿਸ਼ਚੇਸ਼ਟ ਹਨ। ਜਿਸ ਦੇ ਮੇਲ ਦੀਆਂ ਜਿੰਨੀਆਂ ਦੇਹਾਂ ਹਨ, ਉਹ ਸਾਰੀਆਂ ਗਿਆਨ ਸਹਿਤ ਅਤੇ ਕ੍ਰਿਆਸ਼ੀਲ ਹੋ ਜਾਂਦੀਆਂ ਹਨ॥੧੭॥

ਯਾਂਤੇ ਚੇਤਨ ਨਾਮ ਬਤਾਵੈਂ। ਮਨ ਆਦਿਕ ਚੰਚਲ ਹ੍ਵੈ ਜਾਵੈਂ।
ਜਿਸ ਬਿਹੀਨ ਦੁਖਿ ਸਗਰੇ ਹੇਰੀ। ਬਿਸ਼ਯਾਨੰਦ ਬੂੰਦ ਜਿਸ ਕੇਰੀ॥ ੧੮॥

ਇਸ ਕਰਕੇ ਉਸ ਦਾ ਨਾਮ ਚੇਤਨ ਦੱਸਦੇ ਹਨ, ਜਿਸ ਦੀ ਚੇਤਨਤਾ ਕਰਕੇ ਮਨ ਆਦਿਕ ਸਫੁਰਨ ਹੋ ਜਾਂਦੇ ਹਨ। ਜਿਸ ਅਨੰਦ ਰੂਪ ਤੋਂ ਬਿਨਾਂ ਸਾਰੇ ਦੁਖੀ ਦਿਖਾਈ ਦਿੰਦੇ ਹਨ। ਵਿਸ਼ੇ ਵਿਚ ਜੋ ਆਨੰਦ ਆਉਂਦਾ ਹੈ ਉਹ ਉਸ ਆਨੰਦ ਸਾਗਰ ਦੀ ਬੂੰਦ ਮਾਤ੍ਰ ਹੈ॥੧੮॥

ਸੋ ਆਨੰਦ ਕੋ ਉਦਧਿ ਅਪਾਰਾ। ਤਿਸ ਮਹਿਂ ਬ੍ਰਿੱਤਿ ਟਿਕੀ ਇਕ ਸਾਰਾ।
ਜੋ ਮਾਨਵ ਅੱਗਜਾਨ ਬਿਨਾਸ਼ੇ। ਪਾਇ ਕ੍ਰਿਪਾ ਸਮਝੈਂ ਗੁਰ ਆਸ਼ੇ॥ ੧੯॥

ਉਹ ਜੋ ਆਨੰਦ ਦਾ ਅਪਾਰ ਸਮੁੰਦਰ ਹੈ, ਸਤ ਚੇਤਨ ਆਨੰਦ ਵਿਚ ਜਿਨ੍ਹਾਂ ਦੀ ਬਿਰਤੀ ਇਕ ਸਾਰ ਟਿਕ ਗਈ ਹੈ। ਇਸ ਪ੍ਰਕਾਰ ਜਿਹੜੇ ਮਨੁੱਖ ਅਗਿਆਨਤਾ ਦਾ ਨਾਸ਼ ਕਰ ਲੈਂਦੇ ਹਨ, ਉਹ ਕਿਰਪਾ ਪਾ ਕੇ ਗੁਰੂ ਜੀ ਦਾ ਆਸ਼ਾ ਸਮਝ ਗਏ ਹਨ॥੧੯॥

ਬ੍ਰਿਤਿ ਸਥੂਲ ਤੇ ਲੀਨਿ ਹਟਾਇ। ਸੂਖਮ ਕੇ ਬਿਚਾਰ ਮਨ ਲਾਇ।
ਰੱਜੂ ਸਰਪ ਜਗਤ ਕੋ ਜਾਨਾ। ਸੱਤਿ ਸਰੂਪ ਆਪਨੋ ਮਾਨਾ॥ ੨੦॥

ਜਿਹੜਾ ਸਥੂਲ ਤੋਂ ਆਪਣੀ ਬ੍ਰਿਤੀ ਹਟਾ ਲਵੇ, ਸੂਖਮ ਵਿਚਾਰਾਂ ਨਾਲ ਆਪਣੇ ਮਨ ਨੂੰ ਲਾਵੇ। ਰੱਸੀ ਦੇ ਸੱਪ ਵਾਂਗ ਇਸ ਜਗਤ ਨੂੰ ਜਾਣਿਆ ਤੇ ਆਪਣੇ ਸੱਤਿ ਸਰੂਪ ਨੂੰ ਮੰਨਿਆ ਹੈ॥ ੨੦॥

ਬਾਲਕ, ਤਰੁਨ ਬ੍ਰਿੱਧ ਨਹਿਂ ਹੋਵਾ। ਜਨਮਹਿ ਨਹੀਂ, ਮਰਨ ਨਹਿਂ ਜੋਵਾ।
ਦੇਹਾਦਿਕ ਹੰਤਾ ਨਿਰਵਾਰ। ਸੋ ਸਰੂਪ ਜਾਨਜੋਂ ਨਿਰਧਾਰ॥ ੨੧॥

ਉਹ ਬਾਲਕ, ਜਵਾਨ ਬ੍ਰਿਧ ਨਹੀਂ ਹੁੰਦਾ, ਉਹ ਜਨਮ ਨਹੀਂ ਧਾਰਨ ਕਰਦਾ ਤੇ ਦੁਬਾਰਾ ਮਰਨਾ ਵੀ ਨਹੀਂ ਵੇਖਦਾ ਹੈ। ਜਿਨ੍ਹਾਂ ਦੇਹ ਆਦਿ ਦੀ ਹੰਤਾ ਦੂਰ ਕਰ ਦਿੱਤੀ ਹੈ, ਉਨ੍ਹਾਂ ਨੇ ਨਿਸ਼ਚੇ ਕਰਕੇ ਆਪਣਾ ਸਰੂਪ ਜਾਣ ਲਿਆ ਹੈ॥ ੨੧॥

ਹਰਖ ਸ਼ੋਕ ਤਿਨ ਕਹੁ ਕਿਮ ਹੋਵੈ। ਰੂਪ ਅਨਾਸ਼ੀ ਬਿਨ ਦੁਖ ਜੋਵੈ।
ਅੰਮ੍ਰਿਤ ਵੇਲੇ ਨੈਨ ਉਘਾਰੇ। ਸਿੰਘਨ ਸਕਲ ਬੰਦਨਾ ਧਾਰੇ॥ ੨੨॥

ਉਨ੍ਹਾਂ ਨੂੰ ਖ਼ੁਸ਼ੀ ਗ਼ਮੀਂ ਕਿਵੇਂ ਹੋਵੇਗੀ, ਜਿਹੜੇ ਆਪਣੇ ਸਰੂਪ ਨੂੰ ਸਤਿ, ਚੇਤਨ, ਆਨੰਦ ਵੇਖਦੇ ਹਨ। ਅੰਮ੍ਰਿਤ ਵੇਲੇ ਸਤਿਗੁਰੂ ਜੀ ਨੇ ਨੈਣ ਖੋਲ੍ਹੇ, ਇਹ ਵੇਖ ਕੇ ਸਾਰੇ ਸਿੰਘਾਂ ਨੇ ਬੰਦਨਾ ਕੀਤੀ॥ ੨੨॥

ਹਾਥ ਜੋਰਿ ਅਰਦਾਸ ਬਖਾਨੀ। 'ਕਹਹੁ ਆਪ ਉਪਦੇਸ਼ਨਿ ਬਾਨੀ।
ਅਬਿ ਤੋ ਦਰਸ਼ਨ ਤੇ ਸੁਖ ਪਾਵੈਂ। ਜਿਹ ਸੁਨਿ ਪੀਛੈ ਮਨ ਠਹਿਰਾਵੈਂ'॥੨੩॥

ਫਿਰ ਖਾਲਸੇ ਨੇ ਹੱਥ ਜੋੜ ਕੇ ਬੰਦਨਾ ਕੀਤੀ, 'ਹੇ ਸਤਿਗੁਰੂ ਜੀ! ਆਪ ਜੀ ਉਪਦੇਸ਼ ਵਾਲੇ ਬਚਨ ਕਹੋ। ਹੁਣ ਤਾਂ ਦਰਸ਼ਨ ਕਰਕੇ ਸੁਖ ਪਾਵਾਂਗੇ, ਜਿਨ੍ਹਾਂ ਉਪਦੇਸ਼ਾਂ ਨੂੰ ਸੁਣ ਕੇ ਬਾਅਦ ਵਿਚ ਆਪਣੇ ਮਨ ਨੂੰ ਟਿਕਾਵਾਂਗੇ'॥ ੨੩॥

ਸ੍ਰੀ ਗੁਰ ਗੋਬਿੰਦ ਸਿੰਘ ਉਚਾਰੇ। 'ਸੁਨਹੁੰ ਖਾਲਸਾ! ਤੁਮ ਮਮ ਪਜਾਰੇ!
ਨੇਤਿ ਰਚੀ ਪਰਮੇਸ਼ੁਰ ਜੈਸੇ। ਭੂਤ ਭਵਿੱਖ ਨ ਮਿਟੈ ਸੁ ਕੈਸੇ॥ ੨੪॥

ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਨ ਕੀਤਾ, 'ਹੇ ਮੇਰੇ ਅਤੀ ਪਿਆਰੇ ਖਾਲਸਾ ਜੀ! ਸੁਣੋ, ਜਿਵੇਂ ਪਰਮੇਸ਼ਵਰ ਨੇ ਹੋਣਹਾਰ ਭਾਵੀ ਰਚੀ ਹੈ, ਇਹ ਨੀਯਤ ਕੀਤੀ ਹੋਈ ਗੱਲ ਹੈ। ਇਹ ਭੂਤ ਭਵਿੱਖ ਵਿਚ ਕਿਸੇ ਤਰ੍ਹਾਂ ਵੀ ਟਲਦੀ ਨਹੀਂ ਹੈ॥ ੨੪॥

ਜੋ ਜਨਮੈ ਹੁਇ ਹੈ ਤਿਨ ਮਰਨਾ। ਦ੍ਰਿਸ਼ਟਮਾਨ ਲਹਿ ਨਾਸ਼ ਪ੍ਰਹਰਨਾ।
ਨਿਸ ਦਿਨ ਸੂਰਜ ਚੰਦ ਉਪਾਏ। ਆਰਬਲਾ ਇਨ ਗਿਨਤਿ ਬਿਤਾਏ॥੨੫॥

ਜਿਹੜਾ ਵੀ ਜਨਮ ਲੈਂਦਾ ਹੈ, ਉਸ ਨੇ ਅੰਤ ਵਿਚ ਮਰਨਾ ਹੀ ਹੈ। ਜੋ ਵੀ ਸਾਨੂੰ ਦਿਖਾਈ ਦੇ ਰਿਹਾ ਹੈ, ਸਭ ਨੇ ਨਾਸ਼ ਹੋ ਜਾਣਾ ਹੈ। ਦਿਨ ਰਾਤ ਸੂਰਜ ਚੰਦ ਪੈਦਾ ਕੀਤੇ ਹਨ। ਚੰਦ ਦੀ ਗਿਣਤੀ ਤਿੱਥਾਂ ਤੇ ਸੂਰਜ ਦੀ ਗਿਣਤੀ ਦਿਨ ਵਾਰ ਦਿੰਦੀ ਹੈ। ਇਸ ਗਿਣਤੀ ਨਾਲ ਆਰਬਲਾ ਘਟ ਰਹੀ ਹੈ॥ ੨੫॥

ਸਦਾ ਅਕਾਲ ਕਾਲ ਭਗਵਾਨਾ। ਪੁਜੈ ਅਉਧ ਸਭਿ ਕੋ ਕਰਿ ਖਾਨਾ।
ਚਉਦਹਿ ਲੋਕ ਬਿਖੈ ਥਿਰ ਕੋਇ ਨ। ਕੋ ਅਸ, ਕਾਲ ਬਸੀ ਜੋ ਹੋਇ ਨ॥੨੬॥

ਅਕਾਲ ਭਗਵਾਨ ਸਦਾ ਕਾਲ ਰਹਿਤ ਹੈ। ਉਮਰ ਪੂਰੀ ਹੋਣ ਨਾਲ ਕਾਲ ਸਭ ਨੂੰ ਖਾ ਜਾਂਦਾ ਹੈ। ਚੌਦਾਂ ਲੋਕਾਂ ਵਿਚ ਕੋਈ ਸਦਾ ਲਈ ਨਹੀਂ ਰਹਿੰਦਾ, ਕਿਹੜਾ ਐਸਾ ਹੈ, ਜਿਹੜਾ ਕਾਲ ਦੇ ਵੱਸ ਵਿਚ ਨਹੀਂ ਹੈ॥ ੨੬॥

ਪੰਚ ਤੱਤ ਕੋ ਜਗ ਬਿਸਤਾਰਾ। ਤਿਨ ਭੀ ਭੱਖਹਿ ਕਾਲ ਕਰਾਰਾ।
ਜਬਿ ਕਾਰਨ ਹੀ ਲਹਜੋ ਬਿਨਾਸ਼ਾ। ਕਾਰਜ ਥਿਰਿਬੇ ਕੀ ਕਿਤ ਆਸਾ ?॥੨੭॥

ਪੰਜਾਂ ਤੱਤਾਂ ਦਾ ਇਹ ਜਗਤ ਪਸਾਰਾ ਕੀਤਾ ਹੈ, ਇਨ੍ਹਾਂ ਨੂੰ ਵੀ ਕਰਾਰਾ ਕਾਲ ਖਾ ਜਾਂਦਾ ਹੈ। ਜਦ ਵਿਨਾਸ਼ ਦਾ ਹੀ ਕਾਰਨ ਜਾਣ ਲਿਆ ਹੈ, ਫਿਰ ਕਿਸੇ ਵਿਅਰਥ ਕਾਰਜ ਦੀ ਕੀ ਆਸ ਹੈ ? ਭਾਵ ਪੰਜ ਤਤ ਤੋਂ ਜਗਤ ਬਣਿਆ ਹੈ, ਸੋ ਪੰਜ ਤਤ ਜਗਤ ਦਾ ਕਾਰਨ ਹੋਏ, ਤਦ ਬਿਨਾਸ਼ ਸਰੂਪ ਦਾ ਕਾਰਜ, ਜੋ ਜਗਤ ਹੈ, ਉਹ ਕਿਵੇਂ ਅਵਿਨਾਸ਼ ਹੋ ਸਕਦਾ ਹੈ॥੨੭॥

ਸਭਿ ਕੋ ਰਚਨਹਾਰ ਕਮਲਾਸਨ। ਕਾਲ ਪੁਰਖ ਭਖਿ ਕਰਹਿ ਬਿਨਾਸ਼ਨ।
ਤਿਮ ਹੀ ਬਿਸ਼ਨੁ ਸ਼ੰਭੁ ਬਡ ਦੋਊ। ਪੁਜੇ ਔਧ ਥਿਰ ਰਹੈ ਨ ਕੋਊ॥ ੨੮॥

ਸਾਰਿਆਂ ਦੀ ਰਚਨਾ ਕਰਨ ਵਾਲਾ ਬ੍ਰਹਮਾ ਹੈ। ਕਾਲ ਪੁਰਖ ਸਾਰਿਆਂ ਨੂੰ ਖਾ ਕੇ ਖਤਮ ਕਰ ਦਿੰਦਾ ਹੈ। ਬ੍ਰਹਮਾ ਬਿਸ਼ਨ ਅਤੇ ਸ਼ਿਵ ਸਦਾ ਕਾਇਮ ਇਹ ਵੀ ਨਹੀਂ ਰਹਿੰਦੇ, ਫਿਰ ਇਨ੍ਹਾਂ ਚੌਦ੍ਹਾਂ ਭਵਨਾਂ ਵਿਚ ਹੋਰ ਕੌਣ ਠਹਿਰ ਸਕਦਾ ਹੈ। ਉਮਰ ਪੂਰੀ ਹੋ ਜਾਣ ਬਾਅਦ ਕੋਈ ਨਹੀਂ ਰਹਿੰਦਾ ਹੈ॥ ੨੮॥

ਅਪਰਨ ਕੀ ਗਿਨਤੀ ਕਹੁ ਕੌਨ। ਜੋ ਥਿਰ ਰਹੈ ਚੌਦਹੂੰ ਭੌਨ।
ਯਾਂਤੇ ਥੂਲ ਦ੍ਰਿਸ਼ਟਿ ਕੋ ਨੇਹੁ। ਨਹਿਂ ਆਛੋ ਦੇ ਕਸ਼ਟ ਅਛੇਹੁ॥ ੨੯॥

ਹੋਰਨਾਂ ਦੀ ਕੋਈ ਗਿਣਤੀ ਕੀ ਕਰੇ, ਜਿਹੜਾ ਚੌਦਾਂ ਭਵਨਾਂ ਵਿਚ ਸਦਾ ਲਈ ਠਹਿਰ ਸਕਦਾ ਹੈ। ਇਸ ਕਰਕੇ ਨਾ ਰਹਿਣ ਵਾਲੇ ਨਾਲ ਪਿਆਰ ਕਰਨਾ ਚੰਗਾ ਨਹੀਂ, ਇਸ ਨਾਲ ਬਹੁਤ ਦੁਖ ਹੀ ਪ੍ਰਾਪਤ ਹੁੰਦਾ ਹੈ॥ ੨੯॥

ਸਤਿ ਚੇਤਨ ਆਦਿਕ ਜੋ ਕਹੀਜਤਿ। ਸੂਖਮ ਤੇ ਅਤਿ ਸੂਖਮ ਲਹੀਜਤਿ।
ਤਿਸ ਢਿਗ ਕਾਲ ਨ ਪਹੁੰਚੈ ਖਾਇ। ਅਬਿਨਾਸ਼ੀ ਜੋ ਨੀਤ ਰਹਾਇ॥ ੩੦॥

ਸਤਿ ਚੇਤਨ ਆਦਿ ਜੋ ਕਹੇ ਜਾਂਦੇ ਹਨ, ਉਹ ਸੂਖਮ ਤੋਂ ਅਤੀ ਸੂਖਮ ਵੇਖੇ ਜਾ ਸਕਦੇ ਹਨ। ਉਨ੍ਹਾਂ ਦੇ ਪਾਸ ਕਾਲ ਪਹੁੰਚ ਕੇ ਉਨ੍ਹਾਂ ਨੂੰ ਖਾਂਦਾ ਨਹੀਂ ਹੈ। ਜਿਹੜਾ ਅਬਿਨਾਸ਼ੀ ਹੈ, ਉਹ ਸਦਾ ਰਹਿੰਦਾ ਹੈ॥ ੩੦॥

ਸੋ ਸਰੂਪ ਅਪਨੋ ਪਹਿਚਾਨੋ। ਰਹੋ ਅਨਦ ਸ਼ੋਕ ਨਹਿਂ ਠਾਨੋ।
ਇਸ ਸਮ ਸਦਾ, ਬਾਲ ਨਹਿਂ ਤਰੁਨਾ। ਬ੍ਰਿੱਧ ਨ ਜਨਮ ਨ ਹੁਇ ਕਬਿ ਮਰਨਾ॥੩੧॥

ਇਸ ਕਰਕੇ ਆਪਣਾ ਸਰੂਪ ਪਹਿਚਾਣੋ, ਅਨੰਦ ਵਿਚ ਰਹੋ ਤੇ ਦੁਖ ਨਾ ਧਾਰਨ ਕਰੋ। ਜਿਹੜਾ ਆਪਣਾ ਰੂਪ ਪਹਿਚਾਣ ਲੈਂਦਾ ਹੈ ਤੇ ਇਕ ਸਮਾਨ ਰਹਿੰਦਾ ਹੈ, ਉਹ ਫਿਰ ਕਦੀ ਵੀ ਨਾ ਬਾਲਕ ਹੁੰਦਾ ਹੈ, ਨਾ ਜਵਾਨ ਹੁੰਦਾ ਹੈ, ਨਾ ਬੁੱਢਾ ਹੁੰਦਾ ਹੈ ਤੇ ਫਿਰ ਨਾ ਹੀ ਉਸਦਾ ਕਦੀ ਜਨਮ ਹੁੰਦਾ ਹੈ ਅਤੇ ਨਾ ਹੀ ਫਿਰ ਉਹ ਕਦੀ ਮਰਦਾ ਹੈ॥ ੩੧॥

ਦੁਖ ਦਾਰਿੱਦ੍ਰ ਨਹੀਂ ਜਿਸ ਮਾਂਹੀ। ਰੂਪ ਅਨੰਦ ਬਿਘਨ ਕੋ ਨਾਂਹੀ।
ਸ੍ਰੀ ਸਤਿਗੁਰ ਕੋ ਤਹਾਂ ਨਿਵਾਸੁ। ਜਿਹ ਠਾਂ ਹਰਖ ਨ ਸ਼ੋਕ ਨ ਨਾਸ਼॥ ੩੨ ॥

ਜਿਸ ਵਿਚ ਕਿਸੇ ਪ੍ਰਕਾਰ ਦਾ ਦੁੱਖ ਦਲਿਦਰ ਨਹੀਂ ਹੈ, ਅਨੰਦ ਸਰੂਪ ਕਿਸੇ ਪ੍ਰਕਾਰ ਦੇ ਵਿਘਨ ਤੋਂ ਬਗੈਰ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦਾ ਉਥੇ ਨਿਵਾਸ ਹੈ, ਜਿੱਥੇ ਨਾ ਕੋਈ ਖੁਸ਼ੀ ਹੈ, ਨਾ ਗ਼ਮੀ ਹੈ, ਨਾ ਹੀ ਕਿਸੇ ਪ੍ਰਕਾਰ ਦਾ ਨਾਸ਼ ਹੁੰਦਾ ਹੈ॥ ੩੨॥

ਪਰਮ ਦੁਖੀ ਲਖਿ ਜਗ ਕੋ ਜੀਵ। ਜਿਨ ਕੇ ਮਨ ਸੁਖ ਸ਼ਾਂਤਿ ਨ ਥੀਵ।
ਦੇਹ ਅਹੰਤਾ ਧਰਿ ਧਰਿ ਗਾਢੇ। ਦਿਨ ਪ੍ਰਤਿ ਰਾਗ ਦ੍ਵੈਖ ਬਹੁ ਬਾਢੇ॥ ੩੩ ॥

ਜਗਤ ਦੇ ਜੀਵਾਂ ਨੂੰ ਪਰਮ ਦੁਖੀ ਜਾਣੋ, ਜਿਨ੍ਹਾਂ ਦੇ ਮਨਾਂ ਵਿਚ ਕਦੀ ਵੀ ਸੁਖ ਸ਼ਾਂਤੀ ਨਹੀਂ ਆਉਂਦੀ ਹੈ। ਦੇਹ ਦਾ ਹੰਕਾਰ ਧਾਰ ਧਾਰ ਕੇ ਪੱਕੇ ਹੋਏ ਹਨ ਤੇ ਦਿਨ ਪ੍ਰਤੀ ਪ੍ਰੇਮ ਦਵੈਖ ਬਹੁਤ ਵਧਦਾ ਜਾਂਦਾ ਹੈ॥ ੩੩॥

ਪੰਚ ਕਲੇਸ਼ਨ ਬਸੀ ਹਮੇਸ਼। ਭਰਮਤਿ ਮਾਇਆ ਲਗੇ ਹਮੇਸ਼।
ਬਾਦ ਬਿਰੋਧੀ ਪਚਿਪਚਿ ਮਰੈਂ। ਸੰਕਟ ਸਹੈਂ ਨਰਕ ਮਹੁਂ ਪਰੈਂ॥ ੩੪ ॥

ਪੰਜ ਕਲੇਸ਼ਾਂ, ਅਵਿਦਿਆ, ਅਸਿਮਤਾ, ਪ੍ਰੇਮ, ਦ੍ਵੈਖ ਅਤੇ ਅਭਿਨਿਵੇਸ਼ ਦੇ ਸਦਾ ਵੱਸ ਵਿਚ ਰਹਿੰਦੇ ਹਨ। ਮਾਇਆ ਵਿਚ ਹਮੇਸ਼ਾਂ ਭਰਮਦੇ ਫਿਰਦੇ ਹਨ। ਝੂਠੇ ਝਗੜਿਆਂ ਵਿਚ ਪਚ-ਪਚ ਮਰਦੇ ਹਨ ਤੇ ਨਰਕ ਵਿਚ ਪੈ ਕੇ ਸੰਕਟ ਬਰਦਾਸ਼ਤ ਕਰਦੇ ਹਨ॥ ੩੪॥

ਤਿਨ ਜੀਵਨ ਕੇ ਹਿਤ ਕੋ ਕਰਿਬੇ। ਸਤਿਗੁਰ ਕਰੈਂ ਦੇਹ ਜਗ ਧਰਿਬੇ।
ਅਪਨੀ ਸ਼ਕਤਿ ਸਹਿਤ ਉਪਦੇਸ਼ੈਂ। ਉਰ ਤੇ ਹਰਹਿਂ ਬਿਕਾਰ ਬਿਸ਼ੇਸ਼ੈਂ॥ ੩੫ ॥

ਉਨ੍ਹਾਂ ਦੇ ਜੀਵਨ ਦਾ ਹਿਤ ਧਾਰ ਕੇ ਸਤਿਗੁਰੂ ਜੀ ਮਨੁੱਖੀ ਸਰੀਰ ਧਾਰ ਕੇ ਇਸ ਜਗਤ ਵਿਚ ਆਉਂਦੇ ਹਨ। ਫਿਰ ਆਪਣੀ ਸ਼ਕਤੀ ਸਹਿਤ ਉਪਦੇਸ਼ ਕਰਦੇ ਹਨ ਤੇ ਦਿਲਾਂ ਵਿਚੋਂ ਵਿਸ਼ੇਸ਼ ਵਿਕਾਰਾਂ ਨੂੰ ਦੂਰ ਕਰਦੇ ਹਨ॥ ੩੫॥

ਭਲੇ ਪੰਥ ਕੋ ਚਲਨ ਬਤਾਵੈਂ। ਸ਼੍ਰੇਯ ਲਹੈਂ, ਤਿਸ ਰੀਤਿ ਚਲਾਵੈਂ।
ਕਸ਼ਟ ਨਰਕ ਤੇ ਲੇਤਿ ਬਚਾਇ। ਜਗੇ ਭਾਗ ਨਰ ਸੋ ਗੁਰ ਪਾਇਂ॥ ੩੬ ॥

ਭਲੇ ਪੰਥ ਤੇ ਚਲਣ ਵਾਸਤੇ ਸਿੱਖਿਆ ਦਿੰਦੇ ਹਨ, ਜਿਸ ਪ੍ਰਕਾਰ ਸਿੱਖ ਸੰਗਤਾਂ ਦਾ ਕਲਿਆਣ ਹੋਵੇ, ਉਹ ਰੀਤੀ ਚਲਾਉਂਦੇ ਹਨ। ਨਰਕਾਂ ਦੇ ਕਸ਼ਟ ਤੋਂ ਬਚਾ ਲੈਂਦੇ ਹਨ, ਜਿਨ੍ਹਾਂ ਮਨੁੱਖਾਂ ਦੇ ਭਾਗ ਜਾਗ ਪੈਂਦੇ ਹਨ, ਉਹ ਗੁਰੂ ਜੀ ਨੂੰ ਪਾਉਂਦੇ ਹਨ॥ ੩੬॥

ਲੇ ਉਪਦੇਸ਼ ਤਰੈ ਜਗ ਸਾਗਰ। ਅਪਰ ਤਰਾਵਹਿਂ ਹੋਤਿ ਉਜਾਗਰ।
ਸੁਭ ਮਗ ਕੋ ਬਤਾਇ ਕਰਿ ਕਾਰਜ। ਅਪਨਿ ਥਾਨ ਪਹੁਚੇ ਗੁਰ ਆਰਜ॥ ੩੭ ॥

ਉਹ ਫਿਰ ਸਤਿਗੁਰੂ ਜੀ ਪਾਸੋਂ ਉਪਦੇਸ਼ ਲੈ ਕੇ ਭਵਸਾਗਰ ਪਾਰ ਕਰ ਜਾਂਦੇ ਹਨ ਤੇ ਹੋਰਨਾਂ ਨੂੰ ਵੀ ਤਾਰ ਕੇ ਉਜਾਗਰ ਹੁੰਦੇ ਹਨ। ਸਤਿਗੁਰੂ ਜੀ ਸ਼ੁਭ ਮਾਰਗ ਦੱਸਣ ਦਾ ਕਾਰਜ ਕਰਕੇ ਫਿਰ ਸ੍ਰੇਸ਼ਟ ਗੁਰੂ ਜੀ ਆਪਣੇ ਅਸਲੀ ਸਥਾਨ ਉੱਪਰ ਪਹੁੰਚ ਜਾਂਦੇ ਹਨ॥ ੩੭॥

ਜਿਮ ਛਿਤਿ ਪਰ ਦੁਰਭਿੱਛ ਕਰਾਲਾ। ਜਹਿਂ ਕਹਿਂ ਉਪਜਹਿਂ ਤਪਤ ਬਿਸਾਲਾ।
ਜੀਵ ਦੁਖੀ ਪਿਖਿ ਕੈ ਤਤਕਾਲਾ। ਬਿਦਤਹਿ ਨਭ ਮਹਿਂ ਮੇਘਨਿ ਮਾਲਾ॥੩੮ ॥

ਜਿਵੇਂ ਧਰਤੀ ਉੱਪਰ ਵਿਕਰਾਲ ਕਾਲ ਪਿਆ ਹੋਵੇ, ਜਿਥੇ ਕਿਥੇ ਵਿਕਰਾਲ ਤਪਸ਼ ਪੈ ਰਹੀ ਹੋਵੇ ਤਾਂ ਜੀਵਾਂ ਨੂੰ ਦੁਖੀ ਦੇਖ ਕੇ ਤੁਰਤ ਅਕਾਸ਼ ਵਿਚ ਬੱਦਲ ਪ੍ਰਗਟ ਹੁੰਦੇ ਹਨ॥ ੩੮॥

ਬਰਖਾ ਕਰਿਕੈ ਤਪਤਿ ਮਿਟਾਵੈ। ਅੰਨ ਉਪਾਵਨ ਤੇ ਤ੍ਰਿਪਤਾਵੈ।
ਪੁਨ ਸੋ ਮੇਘ ਲੀਨ ਹੁਇ ਜਾਇਂ। ਜਹਿਂ ਤੇ ਆਵਹਿਂ ਤਹਾਂ ਸਮਾਇਂ॥ ੩੯॥

ਉਹ ਵਰਖਾ ਕਰਕੇ ਤਪਸ਼ ਮਿਟਾ ਦਿੰਦੇ ਹਨ, ਅਨਾਜ ਪੈਦਾ ਕਰਕੇ ਲੋਕਾਂ ਨੂੰ ਤ੍ਰਿਪਤ ਕਰਦੇ ਹਨ, ਫਿਰ ਉਹ ਬੱਦਲ ਲੀਨ ਹੋ ਜਾਂਦੇ ਹਨ, ਜਿੱਥੋਂ ਆਉਂਦੇ ਹਨ, ਉੱਥੇ ਹੀ ਸਮਾ ਜਾਂਦੇ ਹਨ॥ ੩੯॥

ਤਿਮ ਸਤਿਗੁਰ ਕੇ ਲਖਹੁ ਸ਼ਰੀਰਾ। ਸ਼ੁਭ ਮਗ ਉਪਦੇਸ਼ਤਿ ਕਰਿ ਧੀਰਾ।
ਨਿਜ ਸਥਾਨ ਮਹਿਂ ਪਹੁੰਚਹਿਂ ਜਾਇ। ਨਿਤ ਸਿੱਖਨ ਕੇ ਰਹੈਂ ਸਹਾਇ॥ ੪੦॥

ਉਸ ਪ੍ਰਕਾਰ ਹੀ ਸਤਿਗੁਰੂ ਜੀ ਦਾ ਸਰੀਰ ਜਾਣੋ, ਧੀਰਜ ਵਾਲੇ ਸ਼ੁਭ ਮਾਰਗ ਦੇ ਉਪਦੇਸ਼ ਕਰਕੇ ਉਹ ਆਪਣੇ ਨਿਜੀ ਸਥਾਨ ਵਿਚ ਪਹੁੰਚ ਜਾਂਦੇ ਹਨ ਤੇ ਸਦਾ ਸਿੱਖਾਂ ਦੇ ਸਹਾਇਕ ਰਹਿੰਦੇ ਹਨ॥ ੪੦॥

ਉਪਜਹਿ ਪ੍ਰੇਮ ਭਾਉ ਮਨ ਜਾਂਕੇ। ਅੰਗ ਸੰਗ ਸਤਿਗੁਰ ਹੈਂ ਤਾਂਕੇ।
ਸੱਤਿਨਾਮ ਸਿਮਰਨ ਕੋ ਦੀਨ। ਜਿਸ ਤੇ ਬਨਹੁ ਨਹੀਂ ਕਬਿ ਦੀਨ॥ ੪੧॥

ਜਿਨ੍ਹਾਂ ਦੇ ਮਨ ਵਿਚ ਪ੍ਰੇਮ ਭਾਉ ਪ੍ਰਗਟ ਹੁੰਦਾ ਹੈ, ਸਤਿਗੁਰੂ ਜੀ ਹਮੇਸ਼ਾਂ ਉਨ੍ਹਾਂ ਦੇ ਅੰਗ-ਸੰਗ ਰਹਿੰਦੇ ਹਨ। ਸੱਚਾ ਨਾਮ ਸਿਮਰਨ ਕਰਨ ਵਾਸਤੇ ਦਿੰਦੇ ਹਨ, ਜਿਸ ਕਾਰਨ ਮਨੁੱਖ ਕਦੀ ਵੀ ਦੀਨ ਨਹੀਂ ਬਣਦਾ॥ ੪੧॥

ਧਰਾ ਰਾਜ ਹਿਤ ਸ਼ਸਤ੍ਰ ਗਹਾਏ। ਮਰਹਿਂ ਜੰਗ ਮਹਿਂ ਸੁਰਗ ਸਿਧਾਏ।
ਦੇਵੀ ਮਾਤ ਅੰਕ ਮਹਿਂ ਪਾਏ। ਸਕਲ ਅਕਾਲ ਪੁਰਖ ਲੜ ਲਾਏ॥ ੪੨॥

ਸਤਿਗੁਰੂ ਜੀ ਧਰਤੀ ਦੇ ਰਾਜ ਵਾਸਤੇ ਸ਼ਸਤਰ ਫੜਾਉਂਦੇ ਹਨ, ਜਿਹੜੇ ਵੀ ਜੰਗ ਵਿਚ ਮਰ ਜਾਂਦੇ ਹਨ, ਉਹ ਸਵਰਗਾਂ ਵਿਚ ਜਾਂਦੇ ਹਨ। ਅਕਾਲ ਪੁਰਖ ਨੂੰ ਅੰਗ-ਸੰਗ ਪਾਉਂਦੇ ਹਨ ਤੇ ਸਾਰੇ ਅਕਾਲ ਪੁਰਖ ਦੇ ਲੜ ਲੱਗ ਜਾਂਦੇ ਹਨ॥ ੪੨॥

ਬੇਦ ਸ਼ਾਸਤ੍ਰ ਤੇ ਸਾਰ ਨਿਕਾਸਾ। ਨਿਜ ਬਾਣੀ ਮਹਿਂ ਗੁਰਨਿ ਪ੍ਰਕਾਸ਼ਾ।
ਪਠਹੁ ਸੁਨਹੁਂ ਉਪਦੇਸ਼ ਕਮਾਵਹੁ। ਗੁਰ ਕੇ ਲੋਕ ਨਿਸੰਸੈ ਜਾਵਹੁ॥ ੪੩॥

ਬੇਦ ਸ਼ਾਸਤਰਾਂ ਦਾ ਨਿਚੋੜ ਕੱਢ ਕੇ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਪ੍ਰਕਾਸ਼ ਕੀਤਾ ਹੈ। ਪੜ੍ਹੋ ਸੁਣੋ, ਉਪਦੇਸ਼ ਕਮਾਵੋ, ਗੁਰੂ ਜੀ ਦੇ ਲੋਕ ਵਿਚ ਨਿਸ਼ਚਿੰਤ ਹੋ ਕੇ ਜਾਵੋ॥ ੪੩॥

*ਨੋਟ :- ਸਤਿਗੁਰੂ ਜੀ ਦੀ ਬਾਣੀ ਵੇਦਾਂ ਦਾ ਨਿਚੋੜ ਨਹੀਂ ਹੈ, ਇਹ ਬਾਣੀ ਧੁਰੋਂ ਪ੍ਰਗਟ ਹੋਈ ਹੈ। "ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (ਪੰਨਾ ੬੨੮)*

ਤਨ ਕੀ ਗਤਿ ਐਸੇ ਹੀ ਹੋਤਿ। ਬਿਨਸ ਜਾਤਿ ਹੈ ਜਿਤਿਕ ਉਦੋਤ।
ਜਿਨਹੁਂ ਨਰਹੁਂ ਸਿਮਰਜੋ ਸਤਿਨਾਮੁ। ਆਤਮ ਗਜਾਨੀ ਥਿਰ ਨਿਜ ਧਾਮੁ॥ ੪੪॥

ਤਨ ਦੀ ਗਤੀ ਇਸ ਤਰ੍ਹਾਂ ਹੀ ਹੁੰਦੀ ਹੈ, ਜਿੰਨਾ ਵੀ ਪ੍ਰਗਟ ਹੁੰਦਾ ਹੈ, ਓਨਾ ਹੀ ਖਤਮ ਹੋ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਨੇ ਸਤਿਨਾਮ ਦਾ ਸਿਮਰਨ ਕੀਤਾ ਹੈ, ਉਹ ਆਤਮ ਗਿਆਨ ਪ੍ਰਾਪਤ ਕਰਕੇ ਆਪਣੇ ਅਸਲੀ ਘਰ ਜਾਂਦੇ ਹਨ॥ ੪੪॥

ਤਿਨਹੁਂ ਆਪਨੋ ਜਨਮ ਸੁਧਾਰਾ। ਪਰੇ ਪਾਰ ਜਗ ਪਾਰਾਵਾਰਾ।
ਬਹੁਰ ਨ ਜਨਮ ਮਰਨ ਮਹਿਂ ਆਏ। ਸਤਿ ਚੇਤਨ ਆਨੰਦ ਸਮਾਏ॥ ੪੫॥

ਉਨ੍ਹਾਂ ਨੇ ਆਪਣਾ ਜਨਮ ਸਵਾਰ ਲਿਆ ਹੈ, ਉਹ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ। ਫਿਰ ਉਹ ਦੁਬਾਰਾ ਜਨਮ ਮਰਨ ਵਿਚ ਨਹੀਂ ਆਉਂਦੇ ਹਨ, ਸੱਤ ਚੇਤਨ ਆਨੰਦ ਵਿਚ ਸਮਾ ਜਾਂਦੇ ਹਨ॥ ੪੫॥

*ਦੂਸਰੇ ਐਨ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

# ਅਧਿਆਇ ਬਾਈਵਾਂ

### *ਜੋਤੀ ਜੋਤ ਸਮਾਉਣ ਦੀ ਤਿਆਰੀ*

ਦੋਹਰਾ- ਵੀਰਵਾਰ ਤਿਥ ਪੰਚਮੀ ਕਾਤਿਕ ਸੁਦੀ ਸੁਜਾਨ।
ਭਈ ਪ੍ਰਭਾਤਿ ਅਨੰਦ ਚਿਤ ਸ੍ਰੀ ਮੁਖ ਕਮਲ ਸਮਾਨ॥ ੧॥

ਕੱਤਕ ਸੁਦੀ ਪੰਚਮੀ ਵੀਰਵਾਰ ਵਾਲੇ ਦਿਨ ਜਦ ਸਵੇਰ ਹੋਈ ਤਾਂ ਸਤਿਗੁਰੂ ਜੀ ਦਾ ਮੁਖੜਾ ਅਨੰਦ ਨਾਲ ਕੰਵਲ ਵਾਂਗ ਖਿੜ ਗਿਆ॥੧॥

ਚੌਪਈ-ਗਿਰਾ ਸੁਗੰਧਿ ਲੇਨਿ ਕੇ ਕਾਰਨ। ਮਿਲੇ ਚਾਹਿੰ ਨਰ ਮਧੁਪ ਹਜ਼ਾਰਨਿ।
ਜੱਗਜ ਬਿਖੈ ਸੁਨਿ ਸੁਨਿ ਗਨ ਗਏ। ਅਪਰਨਿ ਸੰਗ ਜਨਾਵਤਿ ਭਏ॥੨॥

ਬਾਣੀ ਰੂਪੀ ਸੁਗੰਧੀ ਨੂੰ ਲੈਣ ਵਾਸਤੇ ਹਜ਼ਾਰਾਂ ਮਨੁੱਖ ਰੂਪੀ ਭੌਰੇ ਸਤਿਗੁਰੂ ਜੀ ਨੂੰ ਮਿਲਣਾ ਚਾਹੁੰਦੇ ਸਨ। ਯੱਗ ਵਿਚ ਬਹੁਤ ਲੋਕ ਸੁਣ ਸੁਣ ਕੇ ਗਏ, ਉਹ ਬਾਹਰ ਜਾ ਕੇ ਹੋਰਨਾਂ ਨੂੰ ਵੀ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਦੱਸਦੇ ਸਨ॥੩॥

ਜਹਿਂ ਜਹਿਂ ਸੁਧਿ ਪਹੁੰਚੀ ਗੁਰ ਕੇਰੀ। ਮਹਿਮਾ ਭਾਖਤਿ ਬਡਹੁੰ ਬਡੇਰੀ।
'ਦਸਮ ਗੁਰੂ ਸੋਢੀ ਸੁਲਤਾਨ। ਸ੍ਰੀ ਗੋਬਿੰਦ ਸਿੰਘ ਬਿਦਤ ਜਹਾਨ॥੩॥

ਜਿੱਥੇ-ਜਿੱਥੇ ਵੀ ਗੁਰੂ ਜੀ ਦੀ ਖ਼ਬਰ ਪਹੁੰਚੀ, ਉੱਥੇ-ਉੱਥੇ ਹੀ ਗੁਰੂ ਜੀ ਦੀ ਵੱਡੀ ਤੋਂ ਵੱਡੀ ਮਹਿਮਾ ਕਹਿੰਦੇ ਸਨ, ''ਦਸਮ ਗੁਰੂ ਸੋਢੀ ਸੁਲਤਾਨ, ਜਿਹੜੇ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜਹਾਨ ਵਿਚ ਪ੍ਰਸਿੱਧ ਹਨ॥ ੩॥

ਬੈਰੀ ਬਨ ਕੋ ਬੰਨ੍ਹਿ ਬਿਸਾਲਾ। ਬੀਰਨ ਬੀਚ ਬਡੇ ਬਲਵਾਲਾ।
ਲਰੇ ਅਸੰਖ ਸੰਗ ਘਨ ਸ਼ਜਾਮੂ। ਤਿਮ ਅਤਿਰਥੀ ਭਯੋ ਇਨ ਨਾਮੂ॥੪॥

ਬਣ ਰੂਪੀ ਵੈਰੀ ਵਾਸਤੇ ਉਹ ਅਗਨੀ ਸਮਾਨ ਹੈ ਤੇ ਸੂਰਬੀਰਾਂ ਵਿਚ ਵੱਡੇ ਸੂਰਬੀਰ ਹਨ। ਜਿਵੇਂ ਕ੍ਰਿਸ਼ਨ ਜੀ ਅਸੰਖਾਂ ਨਾਲ ਲੜੇ ਸਨ, ਉਸ ਤਰ੍ਹਾਂ ਹੀ ਮਹਾਨ ਯੋਧੇ ਦੇ ਰੂਪ ਵਿਚ ਇਨ੍ਹਾਂ ਦਾ ਨਾਮ ਪ੍ਰਗਟ ਹੋਇਆ ਹੈ॥ ੪॥

ਕਿਤਿਕ ਦਿਵਸ ਸੁਧਿ ਪ੍ਰਥਮ ਸੁਨਾਈ। ਕਰੈਂ ਪ੍ਰਲੋਕ ਗਮਨ ਗਤਿ ਦਾਈ।
ਔਧ ਪੰਚਮੀ ਤਿਥਿ ਲੌ ਆਜ। ਕਰਜੋ ਸਕੇਲਨ ਸਕਲ ਸਮਾਜ॥੫॥

ਕਈ ਦਿਨ ਪਹਿਲਾਂ ਹੀ ਖ਼ਬਰ ਸੁਣਾ ਦਿੱਤੀ, ਹੁਣ ਮੁਕਤੀਦਾਤਾ ਪਰਲੋਕ ਜਾਣਗੇ। ਅੱਜ ਪੰਚਮੀ ਤਿਥੀ ਤਕ ਮੁਨਿਆਦ ਹੈ, ਸਾਰਾ ਸਾਮਾਨ ਅਤੇ ਸਮਾਜ ਇਕੱਠਾ ਕਰ ਲਿਆ ਹੈ॥ ੫॥

ਦੌਰਿ ਦੌਰਿ ਪਹੁੰਚਹੁ ਤਿਨ ਪੌਰ। ਦਰਸਹੁ ਅਬਿ ਸੋਢੀ ਸਿਰਮੌਰ।
ਦੁਰਲਭ ਹੈ ਜਿਨ ਦਰਸ਼ਨ ਪਾਵਨ। ਪਰਸੇ ਚਤੁਰ ਪਦਾਰਥ ਪਾਵਨ॥੬॥

ਦੌੜ-ਦੌੜ ਕੇ ਲੋਕ ਦਰਵਾਜ਼ੇ ਤੇ ਪਹੁੰਚ ਰਹੇ ਹਨ, ਹੁਣ ਸੋਢੀ ਸ਼ਿਰੋਮਣੀ ਦੇ ਦਰਸ਼ਨ ਕਰੋ, ਜਿਨ੍ਹਾਂ ਦੇ ਪਵਿੱਤਰ ਦਰਸ਼ਨ ਬੜੇ ਦੁਰਲੱਭ ਹਨ। ਜਿਨ੍ਹਾਂ ਦੇ ਚਰਨ ਪਰਸਣ ਨਾਲ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ'॥ ੬॥

ਧਾਇ ਧਾਇ ਅਸ ਕਹਿ ਕਹਿ ਆਏ। ਚਹੁੰ ਓਰ ਤੇ ਨਰ ਸਮੁਦਾਏ।
ਨਿਕਟ ਦੂਰ ਤੇ ਉਰ ਬਿਸਮਾਏ। ਮਿਲੇ ਆਨਿ ਕਰਿ ਆਨੰਦ ਪਾਏ॥ ੭॥

ਭੱਜ ਭੱਜ ਕੇ ਇਸ ਪ੍ਰਕਾਰ ਕਹਿ ਕੇ ਆਏ, ਚਾਰੇ ਪਾਸਿਆਂ ਤੋਂ ਬਹੁਤ ਲੋਕ ਇਕੱਠੇ ਹੋ ਗਏ। ਨੇੜੇ ਦੂਰ ਦੇ ਲੋਕਾਂ ਦੇ ਦਿਲ ਬਹੁਤ ਹੈਰਾਨ ਹੋਏ, ਉਨ੍ਹਾਂ ਨੇ ਆ ਕੇ ਮਿਲ ਕੇ ਅਨੰਦ ਪ੍ਰਾਪਤ ਕੀਤਾ॥ ੭॥

ਜੋਗੀ ਜਤੀ ਪੁੰਜ ਬ੍ਰਹਮਚਾਰੀ। ਬੈਰਾਗੀ ਬਹੁ ਭੇਖਨ ਧਾਰੀ।
ਹਿੰਦੂ ਤੁਰਕ ਸੁਨੇ ਜਬਿ ਜਿਸ ਕਿਸ। ਉਤਲਾਵਤਿ ਆਵਤਿ ਗਨ ਸਭਿ ਦਿਸ਼ਿ॥੮॥

ਜੋਗੀ, ਜਤੀ, ਬ੍ਰਹਮਚਾਰੀ, ਬੈਰਾਗੀ ਅਤੇ ਬਹੁਤ ਭੇਖਧਾਰੀ ਹਿੰਦੂ ਤੁਰਕ ਜਿਸ ਕਿਸੇ ਵੀ ਜਦ ਸੁਣਿਆ, ਉਹ ਸਾਰੇ ਬਹੁਤ ਉਤਾਵਲੇ ਹੋ ਕੇ ਸਾਰਿਆਂ ਪਾਸਿਆਂ ਤੋਂ ਆ ਰਹੇ ਸਨ॥ ੮॥

ਪੀਰ ਫਕੀਰ ਸਾਧ ਸਭਿ ਆਏ। ਦਰਸਹਿਂ ਚੌਂਪ ਵਧਾਵਤਿ ਧਾਏ।
'ਧੰਨ ਧੰਨ ਗੁਰ ਸਤਿਗੁਰ ਪੂਰੇ'। ਕਹੈਂ ਸਕਲ ਇਮ ਨਿਕਟ ਕਿ ਦੂਰੇ॥ ੯॥

ਪੀਰ ਫਕੀਰ ਸਾਰੇ ਸਾਧ ਆਏ। ਦਰਸ਼ਨ ਕਰੀਏ ਖੁਸ਼ੀ ਵਧਾਉਣ ਵਾਸਤੇ ਭੱਜੇ ਆਉਂਦੇ ਸਨ। ਕਹਿੰਦੇ ਹਨ, "ਧੰਨ ਧੰਨ ਪੂਰਨ ਸਤਿਗੁਰੂ ਜੀ ਹਨ।" ਦੂਰ ਨੇੜੇ ਦੇ ਸਭ ਲੋਕ ਇਸ ਪ੍ਰਕਾਰ ਕਹਿੰਦੇ ਸਨ॥ ੯॥

ਚਹੁੰਦਿਸ਼ਿਨਿ ਤੇ ਮੇਲਾ ਭਯੋ। ਸਤਿਗੁਰ ਸਭਿ ਕੋ ਦਰਸ਼ਨ ਦਯੋ।
ਚਾਰ ਘਰੀ ਲਗਿ ਥਿਰੇ ਦਿਵਾਨ। ਪੁਨ ਇਕੰਤ ਭੇ ਪ੍ਰਭੁ ਸੁਜਾਨ॥ ੧੦॥

ਚਾਰੇ ਪਾਸੇ ਮੇਲਾ ਲੱਗ ਗਿਆ ਸੀ, ਸਤਿਗੁਰੂ ਜੀ ਸਭ ਨੂੰ ਦਰਸ਼ਨ ਦੇ ਰਹੇ ਸਨ। ਚਾਰ ਘੜੀਆਂ ਤਕ ਦੀਵਾਨ ਵਿਚ ਬੈਠੇ, ਫਿਰ ਸੁਜਾਨ ਸਤਿਗੁਰੂ ਜੀ ਇਕਾਂਤ ਵਿਚ ਚਲੇ ਗਏ॥੧੦॥

ਦੇਗ ਸਭਿਨਿ ਕੋ ਤਹਿਂ ਬਰਤਾਈ। ਬਾਂਛਤਿ ਲੇ ਕਰਿ ਅਚਿ ਸਮੁਦਾਈ।
ਸ੍ਰੀ ਗੁਰ ਅਪਨੋ ਥਾਰ ਅਨਾਯੋ। ਅਚਯੋ ਅਹਾਰ ਜਥਾ ਰੁਚਿ ਭਾਯੋ॥ ੧੧॥

ਉਥੇ ਸਾਰਿਆਂ ਨੂੰ ਲੰਗਰ ਵਰਤਾਇਆ। ਸਾਰਿਆਂ ਨੇ ਮਨ-ਭਾਉਂਦਾ ਭੋਜਨ ਲੈ ਕੇ ਛਕਿਆ। ਸਤਿਗੁਰੂ ਜੀ ਨੇ ਆਪਣਾ ਥਾਲ ਮੰਗਵਾਇਆ ਤੇ ਆਪਣੀ ਰੁਚੀ ਅਨੁਸਾਰ ਭੋਜਨ ਛਕਿਆ॥੧੧॥

ਪੁਨਹਿ ਪਾਨ ਹਿਤ ਪਾਨ ਕਟੋਰਾ। ਪਾਨ ਗਹਯੋ ਕਿਯ ਆਨਨ ਓਰਾ।
ਕੁਛਕ ਪੀਯੋ ਪੁਨ ਚੁਰਾ ਸੁਧਾਰਾ। ਪਾਨ ਪਖਾਰੇ ਥਿਰੇ ਉਦਾਰਾ॥ ੧੨॥

ਪੀਣ ਲਈ ਪਾਣੀ ਦਾ ਕਟੋਰਾ ਹੱਥ ਵਿਚ ਫੜਿਆ ਤੇ ਫਿਰ ਮੂੰਹ ਵੱਲ ਕੀਤਾ। ਕੁਝ ਪਾਣੀ ਪੀਤਾ ਤੇ ਬਾਕੀ ਨਾਲ ਚੁਲ੍ਹਾ ਕੀਤਾ। ਫਿਰ ਹੱਥ ਧੋ ਕੇ ਸਤਿਗੁਰੂ ਜੀ ਬੈਠ ਗਏ॥੧੨॥

ਕਿਤਿਕ ਸਮੇਂ ਪੌਢੇ ਪਰਯੰਕਾ। ਸਾਗਰ ਸੋਢੀ ਬੰਸ ਮਯੰਕਾ।
ਡੇਢ ਜਾਮ ਜਬਿਹੂੰ ਦਿਨ ਰਹਯੋ। ਸੁੱਖੇ ਅਰੁ ਅਫੀਮ ਹਿਤ ਕਹਯੋ॥ ੧੩॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥੧੩॥

ਮਾਦਿਕ ਛਕੇ ਸੌਚ ਕੋ ਧਰੇ। ਪੁਨ ਸ਼ਨਾਨ ਆਦਿ ਬਿਧਿ ਕਰੇ।
ਪੋਸ਼ਿਸ਼ ਸਭਿ ਨਵੀਨ ਅਨਵਾਈ। ਸ਼ੁਸ਼ਕ ਕਾਛ ਕਟਿਕਸੀ ਸੁਹਾਈ॥ ੧੪॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਚੌਪਈ ਦੇ ਅਰਥ ਨਹੀਂ ਕੀਤੇ ਗਏ ਹਨ॥੧੪॥

ਕੇਸਨ ਤੇ ਸਭਿ ਨੀਰ ਨਿਚੋਰਾ। ਧੂਪ ਧੁਖਾਇ ਗੰਧ ਝਕਝੋਰਾ।
ਜੂਰਾ ਨੀਕੀ ਰੀਤਿ ਬਨਾਯੋ। ਸ਼ਮਸ਼ ਮੂਛ ਕੇਸ਼ਨ ਚਿਕਨਾਯੋ॥ ੧੫॥

ਕੇਸਾਂ ਵਿਚੋਂ ਸਾਰੇ ਪਾਣੀ ਨੂੰ ਨਚੋੜਿਆ ਤੇ ਧੂਪ ਧੁਖਾ ਕੇ ਸੁਗੰਧੀ ਵਿਚ ਮਿਲਾਇਆ। ਚੰਗੀ ਰੀਤ ਅਨੁਸਾਰ ਸਿਰ ਦਾ ਜੂੜਾ ਬਣਾਇਆ ਤੇ ਦਾੜ੍ਹੀ ਮੁੱਛਾਂ ਅਤੇ ਕੇਸਾਂ ਨੂੰ ਸਾਫ ਕੀਤਾ॥੧੫॥

ਸੂਖਮ ਨੀਕ ਨਈ ਉਸ਼ਨੀਕ। ਚਿਨ ਕਰਿ ਧਰਿ ਖਿਰ ਦਾਸ ਨਜੀਕ।
ਜੂਰੇ ਸੰਗ ਛੋਰ ਅਟਕਾਯੋ। ਪੁਨ ਚਹੂੰ ਓਰ ਪੇਚ ਲਪਟਾਯੋ॥ ੧੬॥

ਸੂਖਮ ਵਧੀਆ ਨਵੀਂ ਦਸਤਾਰ ਲਈ, ਜਿਸ ਨੂੰ ਚਿਣ ਕੇ ਦਾਸ ਨੇੜੇ ਰੱਖ ਗਿਆ। ਜੂੜੇ ਨਾਲ ਪੱਲਾ ਅਟਕਾਇਆ, ਫਿਰ ਚਾਰੇ ਪਾਸੇ ਪੇਚ ਲਪੇਟ ਲਿਆ॥੧੬॥

ਸਨੇ ਸਨੇ ਸਭਿ ਪੇਚ ਪ੍ਰਵਾਰੇ। ਪੁਨ ਜੂਰੇ ਪਰ ਲਜਾਇ ਸੁਧਾਰੇ।
ਮੁਕਰ ਮਹਾਨ ਦਿਖਾਇ ਅਗਾਰੀ। ਬਹੁ ਬਿਧਿ ਤੇ ਦਸਤਾਰ ਸਵਾਰੀ॥ ੧੭॥

ਹੌਲੀ-ਹੌਲੀ ਸਾਰੇ ਪੇਚ ਲਪੇਟ ਲਏ, ਫਿਰ ਦਸਤਾਰ ਜੂੜੇ ਉੱਪਰ ਲਿਆ ਕੇ ਸੁਧਾਰੀ। ਸਾਹਮਣੇ ਮਹਾਨ ਸ਼ੀਸ਼ਾ ਵੇਖ ਰਹੇ ਸਨ। ਬਹੁਤ ਵਿਧੀਆਂ ਨਾਲ ਦਸਤਾਰ ਨੂੰ ਸਵਾਰਿਆ॥੧੭॥

ਪੁਨ ਖਜ਼ਾਨਚੀ ਜਿਗਾ ਦਿਖਾਈ। ਬਹੁਤ ਮੋਲ ਕੀ ਰੁਚਿਰ ਬਨਾਈ।
ਪਾਗ ਭਾਲ ਪਰ ਬੰਧਿ ਸਜਾਈ। ਪੰਕਤਿ ਹੀਰਨ ਕੀ ਦਮਕਾਈ॥ ੧੮॥

ਫਿਰ ਖਜ਼ਾਨਚੀ ਨੇ ਜਿਗਾ ਵਿਖਾਈ, ਜਿਹੜੀ ਬਹੁਤ ਕੀਮਤ ਖਰਚ ਕੇ ਬਹੁਤ ਸੁੰਦਰ ਬਣਵਾਈ ਸੀ। ਪੱਗੜੀ ਦੇ ਮੱਥੇ ਉੱਪਰ ਬੰਨ੍ਹ ਕੇ ਉਸ ਨੂੰ ਸਜਾਇਆ, ਜਿਸ ਵਿਚ ਹੀਰਿਆਂ ਦੀਆਂ ਪੰਗਤੀਆਂ ਬਹੁਤ ਚਮਕ ਰਹੀਆਂ ਸਨ॥੧੮॥

ਜ਼ਬਰ ਜਵਾਹਰ ਜ਼ਾਹਰ ਜੋਤਿ। ਜਗਮਗ ਜਗਮਗ ਸ਼ੋਭ ਉਦੋਤਿ।
ਮੁਕਤਾ ਗੁੱਛਨ ਸੁਭਤਿ ਉਜਾਲਾ। ਸੁੰਦਰ ਕਲਗ਼ੀ ਬਨੀ ਬਿਸਾਲਾ॥ ੧੯॥

ਹੀਰੇ ਜਵਾਹਰਾਤ ਦੀਆਂ ਜੋਤਾਂ ਜ਼ਾਹਰਾ ਤੌਰ ਤੇ ਚਮਕ ਰਹੀਆਂ ਸਨ। ਉਨ੍ਹਾਂ ਦੀ ਜਗਮਗ-ਜਗਮਗ ਸ਼ੋਭਾ ਪ੍ਰਗਟ ਹੋ ਰਹੀ ਸੀ। ਉੱਜਲ ਮੋਤੀਆਂ ਦੇ ਗੁੱਛੇ ਸ਼ੋਭ ਰਹੇ ਸਨ ਤੇ ਕਲਗ਼ੀ ਬਹੁਤ ਸੁੰਦਰ ਬਣੀ ਹੋਈ ਸੀ॥੧੯॥

ਨਾਨਾ ਰੰਗ ਜਵਾਹਰ ਲਾਗੇ। ਘੜਤ ਅਨੂਠੀ ਜ਼ੇਬ ਸੁ ਜਾਗੇ।
ਲੇ ਕਰਿ ਸੰਗ ਉਤੰਗ ਸਜਾਈ। ਹਾਲੇ ਸਿਰ ਝੂਲਤਿ ਦਮਕਾਈ॥ ੨੦॥

ਅਨੇਕਾਂ ਰੰਗਾਂ ਦੇ ਹੀਰੇ ਜਵਾਹਰਾਤ ਲੱਗੇ ਸਨ। ਅਨੂਠੀ ਘੜਤ ਸ਼ੋਭਾ ਜਗਮਗਾ ਰਹੀ ਸੀ। ਕਲਗੀ ਬਹੁਤ ਉੱਚੀ ਸਜਾਈ ਸੀ, ਜਦ ਸਿਰ ਉੱਪਰ ਝੂਲਦੀ ਹੋਈ ਹਿਲਦੀ ਸੀ ਤਾਂ ਅਨੂਠੇ ਢੰਗ ਨਾਲ ਚਮਕਾਂ ਮਾਰਦੀ ਸੀ॥ ੨੦॥

ਸੂਖਮ ਤੇ ਸੂਖਮ ਬਰ ਚੀਰ। ਜਾਮਾ ਪਹਿਰਜੋ ਦਿਪੈ ਸਰੀਰ।
ਬਹੁ ਪਾਲਨ ਕੋ ਸਜਜੋ ਬਿਸਾਲਾ। ਬੰਦ ਬੰਦ, ਲਰਕਾਇ ਸੁ ਢਾਲਾ॥ ੨੧॥

ਸੂਖਮ ਤੋਂ ਸੂਖਮ ਸ੍ਰੇਸ਼ਟ ਕੱਪੜੇ ਪਹਿਣੇ ਹੋਏ ਸਨ, ਪਹਿਣਿਆ ਹੋਇਆ ਜਾਮਾ ਸਰੀਰ ਉੱਪਰ ਬਹੁਤ ਚਮਕਦਾ ਅਤੇ ਸੋਹਣਾ ਲੱਗਦਾ ਸੀ। ਬਹੁਤ ਪੱਲਿਆਂ ਵਾਲਾ ਜਾਮਾ ਵਿਸ਼ਾਲ ਸੱਜ ਰਿਹਾ ਸੀ, ਜਿਸ ਦੀਆਂ ਸਾਰੀਆਂ ਤਣੀਆਂ ਬੰਨ੍ਹੀਆਂ ਹੋਈਆਂ ਹਨ ਤੇ ਢਾਲ ਲਟਕਾਈ ਹੋਈ ਹੈ॥ ੨੧॥

ਤੀਖਨ ਧਾਰਾ ਖੜਗ ਕਰਾਲੇ। ਕੰਚਨ ਮੁਸ਼ਟ ਜੜਤ ਨਗ ਨਾਲੇ।
ਜਿਸ ਕੇ ਲਗੇ ਮੁਨਾਲਿ ਤਨਾਲਾ। ਕੜੀਆਂ ਅਰ ਚਪੜਾਸੁ ਬਿਸਾਲਾ॥ ੨੨॥

ਤਿੱਖੀ ਧਾਰ ਵਾਲੀ ਵਿਕਰਾਲ ਤਲਵਾਰ ਹੈ, ਜਿਸ ਦੀ ਸੋਨੇ ਦੀ ਮੁੱਠੀ ਨਗਾਂ ਨਾਲ ਜੜੀ ਹੋਈ ਹੈ। ਤਲਵਾਰ ਦੇ ਮਿਆਨ ਦੇ ਉੱਪਰ ਸੋਨੇ ਦਾ ਸੰਮ ਲੱਗਾ ਹੋਇਆ ਹੈ, ਜਿਸ ਨੂੰ ਕਈ ਕੁੰਡੇ ਲੱਗੇ ਹੋਏ ਹਨ, ਜਿਨ੍ਹਾਂ ਵਿਚੋਂ ਤਸਮੇ ਕੱਢ ਕੇ ਤਲਵਾਰ ਪੇਟੀ ਨਾਲ ਬੰਨ੍ਹੀ ਹੋਈ ਹੈ। ਵਿਸ਼ਾਲ ਮਿਆਨ ਦੇ ਕੁੰਡੇ ਅਤੇ ਬਕਸੂਏ ਲੱਗੇ ਹੋਏ ਹਨ॥ ੨੨॥

ਚਾਮੀਕਰ ਕੇ ਚਮਕਤਿ ਚਾਰੁ। ਜ਼ਰੀ ਗਾਤਰਾ ਜਿਹ ਗੁਲਜ਼ਾਰ।
ਸ੍ਰੀ ਸਤਿਗੁਰ ਲੇ ਕਰਿ ਤਿਹ ਸਮੇਂ। ਪਹਿਰਨ ਤੇ ਪੂਰਬ ਕਰਿ ਨਮੇ॥ ੨੩॥

ਸੋਨੇ ਦੇ ਬਣੇ ਹੋਏ ਸੁੰਦਰ ਗਹਿਣੇ ਚਮਕ ਰਹੇ ਸਨ। ਜ਼ਰੀਦਾਰ ਗਾਤਰਾ ਜਿਸ ਵਿਚ ਵੇਲ ਬੂਟੇ ਕੱਢੇ ਹੋਏ ਹਨ, ਸਤਿਗੁਰੂ ਜੀ ਨੇ ਉਸ ਨੂੰ ਲੈ ਕੇ ਪਹਿਣਨ ਤੋਂ ਪਹਿਲਾਂ ਨਮਸਕਾਰ ਕੀਤੀ॥ ੨੩॥

ਭਰਜੋ ਨਿਖੰਗ ਖਤੰਗਨ ਖਰਨਿ। ਕੰਚਨ ਲਗੇ ਭਏ ਸੁਭ ਬਰਨ।
ਜਰੇ ਕੰਕ ਕੇ ਦੀਰਘ ਪਰਨ। ਜਨੁ ਸਰਪਨ ਕੇ ਘਰ ਹਿਤ ਥਿਰਨ॥ ੨੪॥

ਭੱਥਾ ਤਿੱਖੇ ਤੀਰਾਂ ਨਾਲ ਭਰਿਆ ਹੋਇਆ ਸੀ। ਸੋਨਾ ਲੱਗਾ ਹੋਣ ਕਰਕੇ ਤੀਰ ਬੜੇ ਸੁੰਦਰ ਰੰਗ ਦੇ ਹੋ ਗਏ ਸਨ। ਬਾਣਾਂ ਨਾਲ ਕੰਕ ਦੇ ਵੱਡੇ-ਵੱਡੇ ਖੰਭ ਜੜੇ ਹੋਏ ਸਨ, ਭੱਥਾ ਮਾਨੋ ਸੱਪਾਂ ਦੇ ਠਹਿਰਣ ਲਈ ਉਨ੍ਹਾਂ ਦਾ ਘਰ ਹੈ॥ ੨੪॥

ਲੇ ਕਰਿ ਗਰੇ ਬਿਖੇ ਤਬਿ ਪਾਯੋ। ਦੁਇ ਦਿਸ਼ਿ ਤਰਕਸ਼ ਖੜਗ ਸੁਹਾਯੋ।
ਲੇ ਦੁਕੂਲ ਬਹੁ ਮੋਲਾ ਹਾਥ। ਕਮਰ ਕਸੀ ਦ੍ਰਿਢ ਬਲ ਕੇ ਸਾਥ॥ ੨੫॥

ਭੱਥਾ ਲੈ ਕੇ ਉਸ ਸਮੇਂ ਆਪਣੇ ਗਲ ਵਿਚ ਪਾ ਲਿਆ, ਦੋਵੀਂ ਪਾਸੀ ਭੱਥਾ ਅਤੇ ਤਲਵਾਰ ਸ਼ੋਭ ਰਹੇ ਸਨ। ਇਕ ਬਹੁਤ ਕੀਮਤੀ ਦੁਪੱਟਾ ਹੱਥ ਵਿਚ ਲਿਆ ਤੇ ਉਸ ਨਾਲ ਦ੍ਰਿੜ੍ਹ ਤਾਕਤ ਦੇ ਨਾਲ ਆਪਣੀ ਕਮਰ ਕੱਸ ਲਈ॥ ੨੫॥

ਬਿਛੂਆ, ਖੰਜਰੁ, ਬਾਂਕ, ਕਟਾਰ। ਪੇਸ਼ ਕਬਜ਼ ਇਹ ਧਰੇ ਸੁਧਾਰਿ।
ਕਮਰਕਸਾ ਆਛੀ ਬਿਧਿ ਕਰਜੋ। ਜਥਾ ਜੋਗ ਆਯੁਧ ਗਨ ਧਰਜੋ॥ ੨੬॥

ਬਿਛੂਆ, ਖੰਜਰ, ਬਾਂਕ, ਕਟਾਰ ਅਤੇ ਪੇਸ਼ ਕਬਜ਼ ਇਹ ਸੁਧਾਰ ਕੇ ਧਾਰਨ ਕਰ ਲਏ। ਕਮਰਕੱਸਾ ਚੰਗੀ ਵਿਧੀ ਨਾਲ ਬੰਨ੍ਹਿਆ, ਯਥਾ-ਯੋਗ ਬਹੁਤ ਹਥਿਆਰ ਧਾਰਨ ਕਰ ਲਏ॥ ੨੬॥

ਮਨਹੁਂ ਸਰਦ ਰਿਤੁ ਕੋ ਘਨ ਠਟਾ। ਕੰਚਨ ਲਿਪਤ ਸ਼ਸਤ੍ਰ, ਦੁਤਿ ਛਟਾ।
ਉੱਜਲ ਮੁਕਤਾਹਲ ਕੀ ਮਾਲਾ। ਮਨਹੁ ਬਲਾਕਾ ਸੁਭਤਿ ਬਿਸਾਲਾ॥ ੨੭॥

ਮਾਨੋ ਸਰਦ ਰੁੱਤ ਵਿਚ ਬੱਦਲ ਦਾ ਠਾਟ ਹੋਇਆ ਹੈ। ਸੋਨੇ ਦੀ ਝਾਲ ਵਾਲੇ ਸ਼ਸਤਰ, ਇਸ ਪ੍ਰਕਾਰ ਚਮਕ ਰਹੇ ਸਨ, ਮਾਨੋ ਬਿਜਲੀ ਦਾ ਪ੍ਰਕਾਸ਼ ਹੋ ਰਿਹਾ ਹੈ। ਉੱਜਲ ਮੋਤੀਆਂ ਦੀ ਮਾਲਾ ਪਹਿਣੀ ਹੋਈ ਸੀ, ਉਹ ਇੰਝ ਲੱਗਦੀ ਸੀ ਮਾਨੋ ਬਗਲਿਆਂ ਦੀ ਡਾਰ ਵਿਸ਼ਾਲ ਸ਼ੋਭ ਰਹੀ ਹੋਵੇ॥ ੨੭॥

ਕਰ ਮਹਿਂ ਧਨੁਖ ਇੰਦ੍ਰਧਨੁ ਸ਼ੋਭਾ। ਸਿੱਖੀ ਸਿਖ ਮਨ ਆਨੰਦ ਗੋਭਾ।
ਬੋਲਨ ਮਧੁਰੀ ਧੁਨਿ ਗੰਭੀਰ। ਸੁਨਿ ਹਰਖਤਿ ਜਨੁ ਚਾਤ੍ਰਿਕ ਤੀਰ॥ ੨੮॥

ਹੱਥ ਵਿਚ ਧਨੁੱਖ ਬਾਣ ਸ਼ੋਭ ਰਿਹਾ ਹੈ, ਜਿਸ ਦੀ ਸ਼ੋਭਾ ਅਕਾਸ਼ੀ ਪੀਂਘ ਵਰਗੀ ਹੈ। ਸਿੱਖਾਂ ਦੇ ਮਨ ਰੂਪੀ ਮੋਰ ਅਨੰਦ ਰੂਪੀ ਲਗਰਾਂ ਉੱਪਰ ਲੁਭਾਇਮਾਨ ਹੋ ਰਹੇ ਹਨ। ਮਿੱਠੀ ਧੁਨੀ ਵਿਚ ਬਹੁਤ ਗੰਭੀਰ ਬੋਲਦੇ ਹਨ। ਸੁਣ ਕੇ ਸੇਵਕ ਪ੍ਰਸੰਨ ਹੁੰਦੇ ਹਨ ਮਾਨੋ ਚਾਤ੍ਰਿਕ ਪਾਸ ਬੈਠੇ ਹੋਣ॥ ੨੮॥

ਜਾਚਤਿ ਬੂੰਦ ਗਜਾਨ ਉਪਦੇਸ਼। ਹਰਨ ਤ੍ਰਿਖਾ ਬਿਸ਼ਯਾਨਿ ਕਲੇਸ਼।
ਚਹੁੰਦਿਸ਼ਿ ਤੇ ਦਰਸ਼ਨ ਹਿਤ ਆਏ। ਲਖਹਿਂ ਮਹਾਤਮ ਕੋ ਮੁਦ ਪਾਏ॥੨੯॥

ਉਹ ਸਾਰੇ ਉਪਦੇਸ਼ ਦੇ ਗਿਆਨ ਦੀ ਬੂੰਦ ਮੰਗਦੇ ਹਨ। ਵਿਸ਼ਿਆਂ ਦੇ ਤਿੱਖੇ ਕਲੇਸ਼ ਨੂੰ ਦੂਰ ਕਰਨਾ ਚਾਹੁੰਦੇ ਹਨ। ਚਾਰੇ ਪਾਸਿਆਂ ਤੋਂ ਦਰਸ਼ਨਾਂ ਵਾਸਤੇ ਆਏ ਹਨ। ਪ੍ਰਸੰਨ ਹੋ ਕੇ ਮਹਾਤਮ ਨੂੰ ਸਮਝਦੇ ਹਨ॥ ੨੯॥

ਵਹਿਰ ਸਿੰਘਾਸਨ ਪਰ ਪ੍ਰਭੁ ਥਿਰੇ। ਸਭਿਨਿ ਕਾਮਨਾ ਪੂਰਵਨਿ ਕਰੇ।
ਹਾਥ ਬੰਦਿ ਕਰਿ ਨਾਥਹਿ ਬੰਦਹਿਂ। ਕੇਚਿਤ ਸਿਰ ਧਰਿ ਪਦ ਅਰਬਿੰਦਹਿਂ॥੩੦॥

ਬਾਹਰ ਸਿੰਘਾਸਣ ਉੱਪਰ ਸਤਿਗੁਰੂ ਜੀ ਬੈਠੇ ਹਨ, ਸਾਰਿਆਂ ਦੀਆਂ ਕਾਮਨਾਂ ਪੂਰੀਆਂ ਕਰ ਰਹੇ ਹਨ। ਹੱਥ ਜੋੜ ਕੇ ਸਿੱਖ ਗੁਰੂ ਜੀ ਨੂੰ ਬੰਦਨਾ ਕਰਦੇ ਸਨ, ਕਈ ਸਤਿਗੁਰੂ ਜੀ ਦੇ ਚਰਨ ਕੰਵਲਾਂ ਉੱਪਰ ਬੰਦਨਾ ਕਰਦੇ ਹਨ॥ ੩੦॥

ਉਚਰਹਿਂ ਉਸਤਤਿ ਕਰਹਿਂ ਸੁਨਾਵਨ। 'ਜਗਤ ਉਧਾਰਨ ਹਿਤ ਤੁਮ ਆਵਨ।
ਲਾਖਨ ਕੋ ਦੇਕਰਿ ਬ੍ਰਹਮ ਗਜਾਨ। ਲਾਖਹੁਂ ਲਾਗੇ ਭਗਤਿ ਮਹਾਨ॥ ੩੧॥

ਉਹ ਉਸਤਤ ਕਰਕੇ ਸੁਣਾਉਂਦੇ ਹਨ, "ਜਗਤ ਦਾ ਉਧਾਰ ਕਰਨ ਵਾਸਤੇ ਤੁਸੀਂ ਆਏ ਹੋ। ਲੱਖਾਂ ਨੂੰ ਤੁਸੀਂ ਬ੍ਰਹਮ-ਗਿਆਨ ਦਿੱਤਾ ਹੈ, ਲੱਖਾਂ ਮਹਾਨ ਭਗਤੀ ਕਰਨ ਲੱਗ ਗਏ ਹਨ॥ ੩੧॥

ਗੁਰ ਸਿੱਖ ਜਿਤ ਕਿਤ ਬਿਸਤਾਰੀ। ਦੇ ਉਪਦੇਸ਼ ਬਿਸ਼ਯ ਬਿਖ ਟਾਰੀ।
ਪੰਥ ਖਾਲਸਾ ਉਤਪਤਿ ਕਰਜੋ। ਤੁਰਕ ਤੇਜ ਜਗ ਤੇ ਪਰਿਹਰਜੋ॥ ੩੨॥

ਗੁਰਸਿੱਖੀ ਦਾ ਜਿੱਥੇ ਕਿੱਥੇ ਵਿਸਥਾਰ ਕੀਤਾ ਹੈ। ਉਪਦੇਸ਼ ਦੇ ਕੇ ਤੁਸੀਂ ਵਿਸ਼ਿਆਂ ਦੀ ਜ਼ਹਿਰ ਦੂਰ ਕੀਤੀ ਹੈ। ਪੰਥ ਖਾਲਸਾ ਤੁਸੀਂ ਉਤਪੰਨ ਕੀਤਾ ਹੈ ਤੇ ਤੁਰਕਾਂ ਦਾ ਤੇਜ ਜਗਤ ਵਿਚੋਂ ਦੂਰ ਕੀਤਾ ਹੈ"॥ ੩੨॥

ਇੱਤਯਾਦਿਕ ਜਸੁ ਕਰਹਿਂ ਉਚਾਰਨ। ਦਰਸ਼ਨ ਪ੍ਰਾਪਤਿ ਨਰਨ ਹਜ਼ਾਰਨ।
ਸ਼੍ਰੀ ਮੁਖ ਸਭਿਨਿ ਸੁਨਾਇ ਬਖਾਨਾ। 'ਸੁਨਹੁਂ ਖਾਲਸਾ ਬਨੁ ਸਵਧਾਨਾ॥ ੩੩॥

ਇਸ ਪ੍ਰਕਾਰ ਜੱਸ ਉਚਾਰਨ ਕਰਦੇ ਹਨ, ਹਜ਼ਾਰਾਂ ਮਨੁੱਖ ਦਰਸ਼ਨ ਪ੍ਰਾਪਤ ਕਰਦੇ ਹਨ। ਸਤਿਗੁਰੂ ਜੀ ਸਾਰਿਆਂ ਨੂੰ ਸੁਣ ਕੇ ਕਹਿੰਦੇ ਹਨ, "ਹੇ ਖਾਲਸਾ ਜੀ ! ਸੁਣੋ ਅਤੇ ਸਾਵਧਾਨ ਬਣੋ॥ ੩੩॥

ਤਨਹੁਂ ਕਨਾਤ ਚੁਗਿਰਦੇ ਭਲੇ। ਜਿਸ ਤੇ ਦੂਰ ਹੋਇ ਨਰ ਖਲੇ।
ਸਭਿ ਚੰਦਨ ਈਂਧਨ ਤਿਸ ਮਾਂਹੀ। ਪਹੁੰਚਹੁ ਲੇਹੁ ਚਿਤਾ ਰਚਿ ਤਾਂਹੀ॥ ੩੪॥

ਸਸਕਾਰ ਵਾਲੇ ਸਥਾਨ ਦੇ ਚਾਰ-ਚੁਫੇਰੇ ਭਲੀ ਪ੍ਰਕਾਰ ਕਨਾਤਾਂ ਤਾਣ ਦੇਵੋ, ਜਿਸ ਕਾਰਨ ਖਲੋਤੇ ਹੋਏ ਮਨੁੱਖ ਦੂਰ ਹੋ ਜਾਣ। ਸਾਰਾ ਚੰਦਨ ਅਤੇ ਬਾਲਣ, ਉੱਥੇ ਲੈ ਕੇ ਪਹੁੰਚੋ ਤੇ ਉੱਥੇ ਜਾ ਕੇ ਚਿਤਾ ਬਣਾਓ॥ ੩੪॥

ਪ੍ਰਥਮ ਭੂਮ ਕੋ ਲੇਪਹੁ ਸਾਰੇ। ਤਿਸ ਪਰ ਕੁਸ਼ਾ ਦੇਹੁ ਬਿਸਤਾਰੇ।
ਚੰਦਨ ਚਿਤਾ ਰਚਹੁ ਤਹਿਂ ਫੇਰ। ਜਵ ਤਿਲ ਘ੍ਰਿਤ ਆਦਿਕ ਵਿਚ ਗੇਰਿ॥ ੩੫॥

ਪਹਿਲਾਂ ਜਾ ਕੇ ਉਸ ਧਰਤੀ ਦੀ ਲਿਪਾਈ ਕਰੋ ਤੇ ਉਸ ਉੱਪਰ ਫਿਰ ਦਭ ਨੂੰ ਵਿਛਾ ਦੇਵੋ। ਫਿਰ ਉਸ ਉੱਪਰ ਚੰਦਨ ਦੀ ਚਿਤਾ ਬਣਾਓ, ਫਿਰ ਜੌਂ, ਤਿਲ, ਘਿਉ ਆਦਿ ਵਿਚ ਸੁੱਟੋ॥ ੩੫॥

ਸ਼ੌਰਭਿ ਧਰਹੁ ਸਕਲ ਤਹਿਂ ਜਾਈ। ਕੀਜਹਿ ਤਯਾਰੀ ਬਿਲਮ ਬਿਹਾਈ।
ਸ਼ੌਚ ਸ਼ਨਾਨ ਸਰਬ ਹਮ ਕੀਨਿ। ਪੋਸ਼ਿਸ਼ ਨਵੀ ਪਹਿਰ ਤਨ ਲੀਨ॥ ੩੬॥

ਉੱਥੇ ਜਾ ਕੇ ਸਾਰੀਆਂ ਸੁਗੰਧੀਆਂ ਧਰੋ ਤੇ ਕਿਸੇ ਦੇਰ ਤੋਂ ਬਗੈਰ ਤਿਆਰੀ ਕਰੋ। ਸੋਚ ਇਸ਼ਨਾਨ ਅਸੀਂ ਸਭ ਕੁਝ ਕੀਤਾ ਹੈ ਤੇ ਸਰੀਰ ਉੱਪਰ ਅਸੀਂ ਨਵੀਂ ਪੋਸ਼ਾਕ ਪਹਿਣ ਲਈ ਹੈ॥ ੩੬॥

ਨਹਿਂ ਬਾਂਛੋ ਤੁਮ ਅਪਰ ਕਰਨ ਕੋ। ਬਸਤ੍ਰ ਪਹਿਰ ਕਿਯ ਸ਼ਸਤ੍ਰ ਧਰਨ ਕੋ।
ਇਹੀ ਰਹੈਂਗੇ ਸੰਗ ਹਮਾਰੇ। ਭਲੀ ਭਾਂਤਿ ਸਭਿ ਅੰਗੀਕਾਰੇ'॥ ੩੭॥

ਤੁਸੀਂ ਹੋਰ ਕੁਝ ਕਰਨ ਦੀ ਇੱਛਾ ਨਾ ਧਾਰਨ ਕਰੋ, ਅਸੀਂ ਵਸਤਰ ਪਹਿਣ ਕੇ ਹਥਿਆਰ ਧਾਰਨ ਕਰ ਲਏ ਹਨ। ਇਹੀ ਹਥਿਆਰ ਸਾਡੇ ਨਾਲ ਰਹਿਣਗੇ। ਭਲੀ ਪ੍ਰਕਾਰ ਸਾਰੇ ਅੰਗੀਕਾਰ ਕਰ ਲਏ ਹਨ''॥ ੩੭॥

ਸੁਨਿ ਆਇਸੁ ਕੋ ਸਿੰਘ ਸਿਧਾਰੇ। ਤਨੀ ਕਨਾਤ ਚੁਗਿਰਦੇ ਸਾਰੇ।
ਗਾਡੀ ਕਰਿ ਗਾਢੀ ਗਨ ਮੇਖ। ਡੋਰੈਂ ਬੰਧਨ ਕੀਨਿ ਅਸ਼ੇਖ॥ ੩੮॥

ਆਗਿਆ ਸੁਣ ਕੇ ਕਈ ਸਿੰਘ ਚਲੇ ਗਏ ਤੇ ਉਸ ਸਥਾਨ ਦੇ ਚਾਰ-ਚੁਫੇਰੇ ਕਨਾਤ ਤਾਣ ਦਿੱਤੀ। ਬਹੁਤ ਕਿੱਲੇ ਠੋਕ ਕੇ ਕਨਾਤਾਂ ਰੱਸਿਆਂ ਨਾਲ ਚੰਗੀ ਤਰ੍ਹਾਂ ਬੰਨ੍ਹ ਦਿੱਤੀਆਂ॥ ੩੮॥

ਲੇਪਨ ਕਰਿ ਅੰਤਰ ਕੋ ਥਾਏ। ਚੰਦਨ ਕੋ ਉਚਾਇ ਕਰਿ ਲਜਾਏ।
ਗਨ ਈਂਧਨ ਤੇ ਚਿਖਾ ਮਹਾਨੀ। ਰਚੀ ਭਲੀ ਬਿਧਿ ਦਿਢ ਬਹੁ ਠਾਨੀ॥ ੩੯॥

ਅੰਦਰ ਵਾਲੇ ਸਥਾਨ ਦੀ ਲਿਪਾਈ ਕਰਕੇ, ਚੰਦਨ ਦੀ ਲੱਕੜੀ ਨੂੰ ਚੁੱਕ ਕੇ ਲਿਆਏ। ਬਹੁਤ ਲੱਕੜਾਂ ਪਾ ਕੇ ਵੱਡੀ ਚਿਖਾ ਤਿਆਰ ਕੀਤੀ। ਇਸ ਪ੍ਰਕਾਰ ਬਹੁਤ ਪੱਕੀ ਚਿਖਾ ਬਣਾਈ॥ ੩੯॥

ਜ੍ਵਲਿਤ ਹੁਤਾਸਨ ਪਰਹਿ ਨ ਗਿਰਿਕੈ। ਇਸ ਪ੍ਰਕਾਰ ਰਚਿ ਕਾਸ਼ਟ ਧਰਿਕੈ।
ਸ਼ੀਸ਼ੇ ਬਹੁ ਗੁਲਾਬ ਕੇ ਛਿਰਕੇ। ਸਹਤ ਕਨਾਤ ਭਿਗੋਵਨ ਕਰਿਕੇ॥ ੪੦॥

ਜਲਦੇ ਹੋਏ ਅੰਗਾਰੇ ਡਿੱਗ ਨਾ ਪੈਣ, ਲੱਕੜਾਂ ਧਰ ਕੇ ਇਸ ਪ੍ਰਕਾਰ ਚਿਖਾ ਬਣਾ ਕੇ ਲੱਕੜਾਂ ਧਰੀਆਂ। ਗੁਲਾਬ ਦੀਆਂ ਬਹੁਤ ਬੋਤਲਾਂ ਦਾ ਛਿੜਕਾ ਕੀਤਾ। ਕਨਾਤਾਂ ਸਹਿਤ ਗੁਲਾਬ ਨਾਲ ਭਿਜਵਾ ਦਿੱਤੀਆਂ॥ ੪੦॥

ਅਤਰ ਫੁਲੇਲ ਚਿਖਾ ਮਹੁਂ ਡਾਰਾ। ਜਹਿਂ ਕਹਿਂ ਉਠੀ ਅਧਿਕ ਮਹਿਕਾਰਾ।
ਇੱਤਜਾਦਿਕ ਸਭਿ ਕਾਰਜ ਕਰਿਕੈ। ਸਤਿਗੁਰ ਕੋ ਪਰਲੋਕ ਸਿਮਰਿਕੈ॥ ੪੧॥

ਅਤਰ ਫੁਲੇਲ ਨੂੰ ਚਿਖਾ ਵਿਚ ਪਾਇਆ, ਜਿੱਥੇ ਕਿੱਥੇ ਬਹੁਤ ਮਹਿਕ ਉਠੀ। ਇਸ ਪ੍ਰਕਾਰ ਸਾਰੇ ਕਾਰਜ ਕਰਕੇ ਤੇ ਸਤਿਗੁਰੂ ਜੀ ਦੇ ਪਰਲੋਕ ਜਾਣ ਬਾਰੇ ਯਾਦ ਕਰਕੇ॥ ੪੧॥

ਸ਼ੋਕ ਸਹਿਤ ਸੋਗਨਿ ਤੇ ਸੋਚਤਿ। ਬੂੰਦ ਬਿਲੋਚਨ ਤੇ ਜਲ ਮੋਚਤਿ।
'ਕਿਸ ਅਲੰਬ ਅਬਿ ਕਰਿ ਹੈਂ ਬਾਸਾ। ਕਿਤ ਦਰਸ਼ਨ ਪ੍ਰਾਪਤਿ ਸੁਖ ਰਾਸਾ॥੪੨॥

ਦੁਖ ਸਹਿਤ ਸੋਗੀ ਹੋ ਕੇ ਸੋਚਦੇ ਸਨ ਤੇ ਨੈਣਾਂ ਵਿਚੋਂ ਜਲ ਦੀਆਂ ਬੂੰਦਾਂ ਡਿੱਗਦੀਆਂ ਸਨ। ''ਕਿਸ ਦੇ ਆਸਰੇ ਹੁਣ ਵਾਸਾ ਕਰਾਂਗੇ। ਸਤਿਗੁਰੂ ਜੀ ਦੇ ਕਿਵੇਂ ਹੁਣ ਦਰਸ਼ਨ ਹੋਣਗੇ॥ ੪੨॥

ਕਰਹਿ ਕੌਨ ਹਮ ਕੋ ਉਪਦੇਸ਼। ਤਜਜੋ ਦੇਸ਼ ਨਿਜ ਬੀਚ ਬਿਦੇਸ਼'।
ਇੱਤਜਾਦਿਕ ਉਰ ਬਿਖੈ ਬਿਚਾਰੈਂ। ਹਾਥ ਸਾਥ ਸਭਿ ਕਾਜ ਸੁਧਾਰੈਂ॥ ੪੩॥

ਸਾਨੂੰ ਹੁਣ ਕੌਣ ਉਪਦੇਸ਼ ਕਰੇਗਾ, ਆਪਣਾ ਦੇਸ਼ ਛੱਡ ਕੇ ਵਿਦੇਸ਼ ਵਿਚ ਆ ਕੇ ਰਹਿ ਰਹੇ ਹਾਂ।'' ਇਸ ਪ੍ਰਕਾਰ ਹਿਰਦੇ ਵਿਚ ਵਿਚਾਰ ਕਰਦੇ ਸਨ, ਪਰ ਆਪਣੇ ਹੱਥਾਂ ਨਾਲ ਸਾਰਾ ਕਾਰਜ ਸੁਧਾਰੀ ਜਾਂਦੇ ਸਨ॥ ੪੩॥

*ਦੂਸਰੇ ਐਨ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥*

☆☆☆

# ਅਧਿਆਇ ਤੇਈਵਾਂ

## ਸੰਗਤ ਨੂੰ ਉਪਦੇਸ਼

ਦੋਹਰਾ- ਕਰਿ ਤਯਾਰੀ ਸਭਿ ਰੀਤਿ ਕੀ ਸਿਖ ਸਗਰੇ ਚਲਿ ਆਇ।
ਹਾਥ ਬੰਦਿ ਬੋਲਤਿ ਭਏ ਗਦ ਗਦ ਗਿਰਾ ਸੁਨਾਇ॥ ੧॥

ਸਭ ਰੀਤੀਆਂ ਦੀ ਤਿਆਰੀ ਕਰਕੇ ਸਾਰੇ ਸਿੱਖ ਚਲ ਕੇ ਆ ਗਏ। ਹੱਥ ਜੋੜ ਕੇ ਉਹ ਭਰੇ ਹੋਏ ਗਲ੍ਹੇ ਨਾਲ ਅਸਪੱਸ਼ਟ ਆਵਾਜ਼ ਵਿਚ ਬੋਲਣ ਲੱਗੇ॥੧॥

ਚੌਪਈ- 'ਮਹਾਂਰਾਜ ਕੀ ਆਇਸੁ ਜੈਸੀ। ਮਿਲੇ ਸਕਲ ਕੀਨੀ ਕ੍ਰਿਤ ਤੈਸੀ'।
ਸਤਿਗੁਰ ਹੇਰਿ ਖਾਲਸੇ ਓਰੀ। ਜਿਨਹੁਂ ਦ੍ਰਿਗਨਿ ਤੇ ਆਂਸੂ ਛੋਰੀ॥ ੨॥

"ਸਤਿਗੁਰੂ ਜੀ ਦੀ ਜਿਵੇਂ ਆਗਿਆ ਹੋਈ ਹੈ, ਅਸੀਂ ਸਾਰਿਆਂ ਨੇ ਮਿਲ ਕੇ ਉਸ ਤਰ੍ਹਾਂ ਹੀ ਕੀਤਾ ਹੈ।" ਸਤਿਗੁਰੂ ਜੀ ਨੇ ਫਿਰ ਖਾਲਸੇ ਵਲ ਵੇਖਿਆ, ਜਿਨ੍ਹਾਂ ਦੇ ਨੈਣ ਹੰਝੂ ਵਹਾ ਰਹੇ ਸਨ ਤਾਂ ਸਤਿਗੁਰੂ ਜੀ ਨੇ ਸੋਚਿਆ॥ ੨॥

'ਮਮ ਸਰੂਪ ਕੇ ਪ੍ਰੇਮੀ ਮਹਾਂ। ਸਰਬਸ ਤਜਾਗੇ ਪਹੁਚੇ ਇਹਾਂ'।
ਇਸ ਬਿਧਿ ਕਰਤੇ ਸੰਧਜਾ ਹੋਈ। ਸ੍ਰੀ ਪ੍ਰਭੁ ਦਰਸ ਦੀਯੋ ਸਭਿ ਕੋਈ॥ ੩॥

"ਮੇਰੇ ਸਰੂਪ ਦੇ ਮਹਾਂ ਪ੍ਰੇਮੀ ਹਨ, ਸਾਰੇ ਪਰਿਵਾਰ ਨੂੰ ਛੱਡ ਕੇ ਏਥੇ ਪਹੁੰਚੇ ਹਨ।" ਇਹ ਵਿਧੀ ਕਰਦਿਆਂ ਸ਼ਾਮ ਹੋ ਗਈ। ਸਤਿਗੁਰੂ ਜੀ ਨੇ ਸਾਰਿਆਂ ਨੂੰ ਦਰਸ਼ਨ ਦਿੱਤੇ॥ ੩॥

ਤਬਿ ਸਾਦਰ ਸਭਿ ਨਿਕਟ ਬਿਠਾਰੇ। ਕਹਜੋ 'ਸ਼ੋਕ ਨਹਿਂ ਕਰੀਯਹਿ ਪਜਾਰੇ।
ਥੂਲ ਸ਼ਰੀਰ ਸੰਜੋਗ ਵਿਜੋਗ। ਈਸ਼ੁਰ ਨੇਤਿ ਚੋਦਹੂੰ ਲੋਗ॥ ੪॥

ਫਿਰ ਸਾਰੇ ਸਿੰਘਾਂ ਨੂੰ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ ਤੇ ਕਿਹਾ, "ਹੇ ਪਿਆਰੇ! ਸੋਗ ਨਾ ਕਰੋ, ਸਥੂਲ ਸਰੀਰ ਮਿਲਦੇ ਅਤੇ ਵਿਛੜਦੇ ਰਹਿੰਦੇ ਹਨ। ਈਸ਼ਵਰ ਨੇ ਇਹ ਗੱਲ ਚੌਦ੍ਹਾਂ ਲੋਕਾਂ ਵਿਚ ਨੀਯਤ ਕੀਤੀ ਹੈ॥ ੪॥

ਤਨ ਸਨੇਹੁ ਨਹਿਂ ਨਿਭਿ ਹੈ ਕਜੋਂ ਹੂੰ। ਸਿਕਤਾ ਸਦਨ ਨਦੀ ਤਟ ਜਜੋਂ ਹੂੰ।
ਨਿਸ਼ਚੈ ਸ਼ਬਦ ਰਿਦਾ ਹੈ ਮੇਰੋ। ਤਿਹ ਸੋਂ ਮਿਲੀਯਹਿ ਸੰਝ ਸਵੇਰੋ॥ ੫॥

ਸਰੀਰ ਨਾਲ ਸਨੇਹ ਕਿਸੇ ਪ੍ਰਕਾਰ ਵੀ ਨਿਭ ਨਹੀਂ ਸਕਦਾ ਹੈ। ਰੇਤ ਦਾ ਘਰ ਜਿਵੇਂ ਨਦੀ ਦਾ ਕਿਨਾਰਾ ਹੈ। ਮੇਰੇ ਸ਼ਬਦ ਨੂੰ ਹਿਰਦੇ ਵਿਚ ਨਿਸ਼ਚੇ ਕਰੋ ਤੇ ਉਸ ਸ਼ਬਦ ਨੂੰ ਸਵੇਰੇ ਸ਼ਾਮ ਮਿਲੋ॥ ੫॥

ਹਰਿ ਗੁਰ ਗੁਨ ਮਹਿਂ ਮਨਹਿ ਪਰੋਵਹੁ। ਤਿਹ ਸੋਂ ਮਿਲਿ ਨਜਾਰੇ ਨਹਿਂ ਹੋਵਹੁ।
ਹਲਤ ਰੁ ਪਲਤ ਸਹਾਇਕ ਜੋਵਹੁ। ਜਮ ਆਦਿਕ ਕੋ ਡਰ ਉਰ ਖੋਵਹੁ॥੬॥

ਹਰੀ ਅਤੇ ਗੁਰੂ ਦੇ ਗੁਣ ਆਪਣੇ ਮਨ ਵਿਚ ਪਰੋਵੋ, ਉਸ ਨਾਲ ਮਿਲ ਕੇ ਫਿਰ ਵੱਖਰੇ ਨਾ ਹੋਵੋ, ਜਿਹੜਾ ਲੋਕ ਪਰਲੋਕ ਵਿਚ ਸਹਾਇਕ ਹੋਵੇਗਾ, ਜਮ ਆਦਿ ਦਾ ਡਰ ਦਿਲ ਵਿਚੋਂ ਗਵਾ ਦੇਵੇਗਾ"॥ ੬॥

**ਸੁਨਤਿ ਖਾਲਸੇ ਕੀਨਸਿ ਬਿਨਤੀ। ਸ੍ਰੀ ਪ੍ਰਭੁ ! ਹਮ ਸਭਿ ਕੇ ਮਨ ਗਿਨਤੀ।**
**ਨੌ ਪਤਿਸ਼ਾਹਿ ਅੰਤ ਕੋ ਸਾਰੇ। ਸੰਗਤਿ ਲਰ ਪਕਰਾਇ ਉਦਾਰੇ॥ ੭॥**

ਇਹ ਸੁਣ ਕੇ ਖਾਲਸੇ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਸਾਡੇ ਸਾਰਿਆਂ ਦੇ ਮਨਾਂ ਵਿਚ ਕੁਝ ਗਿਣਤੀਆਂ ਹਨ। ਨੌਵੀਂ ਪਾਤਸ਼ਾਹੀ ਤਕ ਸਾਰੇ ਅੰਤ ਸਮੇਂ ਕਿਸੇ ਸਤਿਗੁਰੂ ਜੀ ਦਾ ਲੜ ਸੰਗਤ ਨੂੰ ਫੜਾ ਕੇ ਜਾਂਦੇ ਸਨ॥ ੭॥

**ਪੁਨ ਬੈਕੁੰਠ ਗਮਨ ਕੋ ਕਰੈਂ। ਹਮ ਕਿਸ ਕੇ ਪਗ ਪਰ ਸਿਰ ਧਰੈਂ?।**
**ਕਿਹ ਕੇ ਕਰਿ ਅਲੰਬ ਕੋ ਚਲੇ? ਪੰਥ ਖਾਲਸਾ ਤੁਮਰੋ ਭਲੇ?'॥ ੮॥**

ਫਿਰ ਬੈਕੁੰਠ ਨੂੰ ਚਲੇ ਜਾਂਦੇ ਸਨ, ਅਸੀਂ ਹੁਣ ਕਿਸ ਦੇ ਚਰਨਾਂ ਉੱਪਰ ਸਿਰ ਧਰਾਂਗੇ ? ਸਾਨੂੰ ਕਿਸ ਦੇ ਆਸਰੇ ਛੱਡ ਕੇ ਚੱਲੇ ਹੋ ? ਤੁਹਾਡਾ ਪੰਥ ਖਾਲਸਾ ਭਲੀ ਪ੍ਰਕਾਰ ਹੈ ?"॥ ੮॥

**ਸ੍ਰੀ ਮੁਖ ਤੇ ਤਬਿ ਧੀਰਜ ਦੀਨ। 'ਹਮ ਸਭਿ ਬਾਤ ਪ੍ਰਥਮ ਕਰਿ ਲੀਨਿ।**
**ਗੰਢ ਅਕਾਲ ਪੁਰਖ ਸੌਂ ਪਾਯੋ। ਸੌਂਪਨ ਕਰਿ ਅੰਚਰ ਪਕਰਾਯੋ॥ ੯॥**

ਸਤਿਗੁਰੂ ਜੀ ਨੇ ਫਿਰ ਮੁਖ ਤੋਂ ਧੀਰਜ ਦਿੱਤਾ, "ਅਸੀਂ ਸਾਰੀਆਂ ਗੱਲਾਂ ਪਹਿਲਾਂ ਹੀ ਕਰ ਲਈਆਂ ਹਨ। ਗੰਢ ਅਕਾਲ ਪੁਰਖ ਤੋਂ ਪਾਈ ਹੈ, ਸੌਂਪਣਾ ਕਰਕੇ ਪੱਲਾ ਫੜਵਾਇਆ ਹੈ॥ ੯॥

**ਸਦਾ ਰਹਹੁ ਪ੍ਰਭੁ ਚਰਨਨਿ ਸ਼ਰਨੀ। ਅਪਰਨ ਕੀ ਆਸਾ ਨਹਿਂ ਕਰਨੀ।**
**ਲੋਕ ਸੁਖੀ ਪਰਲੋਕ ਸੰਤੋਸ਼ਾ। ਨਿਤ ਪ੍ਰਤਿ ਰਾਖਹੁ ਗੁਰੂ ਭਰੋਸਾ॥ ੧੦॥**

ਸਦਾ ਪ੍ਰਭੂ ਦੇ ਚਰਨਾਂ ਦੀ ਸ਼ਰਨ ਵਿਚ ਰਹੋ, ਹੋਰ ਕਿਸੇ ਦੀ ਆਸ ਨਹੀਂ ਕਰਨੀ ਹੈ। ਇਸ ਲੋਕ ਵਿਚ ਸੁਖ ਮਿਲਦਾ ਹੈ ਤੇ ਪਰਲੋਕ ਵਿਚ ਸੰਤੋਸ਼ ਮਿਲਦਾ ਹੈ। ਸਦਾ ਹੀ ਗੁਰੂ ਦਾ ਭਰੋਸਾ ਰੱਖੋ॥੧੦॥

**ਪਢੀਯਹਿ ਸਰਬ ਗੁਰਨਿ ਕੀ ਬਾਨੀ। ਰਖੀਯਹਿ ਰਹਤ ਜੁ ਹਮਹੁਂ ਬਖਾਨੀ।**
**ਪਾਯਹੁ ਮਾਤ ਕਾਲਿਕਾ ਗੋਦਿ। ਪੰਥ ਖਾਲਸਾ ਲਹੈ ਪ੍ਰਮੋਦ॥ ੧੧॥**

ਸਾਰੇ ਗੁਰੂ ਸਾਹਿਬਾਨ ਦੀ ਬਾਣੀ ਪੜ੍ਹੋ, ਉਸ ਪ੍ਰਕਾਰ ਰਹਿਤ ਰੱਖੋ ਜਿਵੇਂ ਅਸੀਂ ਕਿਹਾ। ਤੁਹਾਨੂੰ ਕਾਲਕਾ ਮਾਤਾ ਦੀ ਗੋਦ ਵਿਚ ਪਾਇਆ ਹੈ, ਪੰਥ ਖਾਲਸਾ ਖੁਸ਼ੀਆਂ ਪ੍ਰਾਪਤ ਕਰੇਗਾ॥੧੧॥

*ਨੋਟ :- ਇਹ ਕਵੀ ਦਾ ਇਕ ਭੁਲੇਖਾ ਹੈ, ਸਤਿਗੁਰੂ ਜੀ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਸਨ। ਉਹ ਲਿਖਦੇ ਹਨ, "ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨ੍ਯੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨ੍ਯੋ॥"*

**ਸਿੰਘ ਸੁ ਰਹਤ ਪੰਚ ਜਹਿਂ ਮਿਲੇਂ। ਮਮ ਸਰੂਪ ਸੋ ਦੇਖਹੁ ਭਲੇ।**
**ਭੋਜਨ ਛਾਦਨ ਜੋ ਤਿਨ ਦੇਹਿ। ਮੋਕਹੁ ਕਹੁੰਚਾਵਤਿ ਸਿਖ ਸੋਇ॥ ੧੨॥**

ਸ੍ਰੇਸ਼ਟ ਰਹਿਤ ਵਾਲੇ ਜੇ ਪੰਜ ਸਿੰਘ ਮਿਲਣ, ਉਨ੍ਹਾਂ ਪੰਜਾਂ ਸਿੰਘਾਂ ਨੂੰ ਭਲੀ ਪ੍ਰਕਾਰ ਮੇਰਾ ਹੀ ਸਰੂਪ ਜਾਣੋ। ਜਿਹੜਾ ਉਨ੍ਹਾਂ ਨੂੰ ਭੋਜਨ ਕੱਪੜਾ ਦੇਵੇਗਾ, ਉਹ ਸਿੱਖ ਇਹ ਵਸਤਾਂ ਮੈਨੂੰ ਹੀ ਪਹੁੰਚਾ ਰਿਹਾ ਹੋਵੇਗਾ॥੧੨॥

**ਮਨਹੁਂ ਕਾਮਨਾ ਤਿਨ ਤੇ ਪ੍ਰਾਪਤਿ। ਸ਼ਰਧਾ ਧਰੇ ਚਿੰਤ ਦੁਖ ਖਾਪਤਿ।**
**ਸਿਖ ਪੰਚਨ ਮਹਿਂ ਮੇਰੋ ਬਾਸਾ। ਪੂਰਨ ਕਰੋਂ ਧਰਹਿਂ ਜੋ ਆਸਾ॥ ੧੩॥**

ਉਨ੍ਹਾਂ ਤੋਂ ਸਾਰੀਆਂ ਮਨੋਕਾਮਨਾਂ ਪ੍ਰਾਪਤ ਹੋਣਗੀਆਂ। ਜਿਹੜਾ ਵੀ ਸ਼ਰਧਾ ਧਾਰਨ ਕਰਦਾ ਹੈ, ਉਸ ਦੇ ਚਿੰਤਾ ਅਤੇ ਸਾਰੇ ਦੁਖ ਖਤਮ ਹੋ ਜਾਂਦੇ ਹਨ। ਪੰਜਾਂ ਸਿੰਘਾਂ ਵਿਚ ਸਦਾ ਮੇਰਾ ਵਾਸਾ ਹੋਵੇਗਾ, ਉਹ ਜਿਹੜੀ ਵੀ ਆਸ ਧਾਰਨਗੇ ਮੈਂ ਪੂਰੀ ਕਰਾਂਗਾ॥੧੩॥

ਆਯੁਧ ਬਿੱਦਜਾ ਕੋ ਅੱਭਜਾਸਹੁ। ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ।
ਜਗਤ ਪਦਾਰਥ ਸਗਰੇ ਪਾਵਹੁ। ਭੋਗਹੁ ਆਪ ਭਿ ਅਵਰ ਭੁਗਾਵਹੁ॥ ੧੪॥

ਸ਼ਸਤਰ ਵਿਦਿਆ ਦਾ ਅਭਿਆਸ ਕਰੋ, ਸੂਰਬੀਰ ਬਣੋ ਅਤੇ ਸਾਹਮਣੇ ਆਏ ਦਾ ਵਿਨਾਸ਼ ਕਰੋ। ਜਗਤ ਦੇ ਸਾਰੇ ਪਦਾਰਥ ਪਾਵੋ, ਆਪ ਭੋਗੋ ਤੇ ਹੋਰਨਾਂ ਨੂੰ ਵੀ ਭੁਗਾਵੋ॥੧੪॥

ਮਰਹੁ ਜੁੱਧ ਮਹਿਂ ਸੁਰਗ ਸਿਧਾਰਹੁ। ਸਹਿਕਾਮੀ ਸੁਖ ਸਕਲ ਬਿਹਾਰਹੁ।
ਨਿਹਕਾਮੀ ਹੁਇ ਮੁਝ ਸੋਂ ਮੇਲ। ਪਰਹਿ ਨ ਜਨਮ ਮਰਨ ਕੇ ਗੈਲ॥ ੧੫॥

ਯੁੱਧ ਵਿਚ ਮਰ ਕੇ ਸਵਰਗਾਂ ਵਿਚ ਜਾਵੋ। ਸਹਿ ਕਾਮੀ ਸਾਰੇ ਸੁਖ ਪਾਵੋ, ਨਿਹਕਾਮੀ ਦਾ ਮੇਰੇ ਨਾਲ ਮੇਲ ਹੋਵੇਗਾ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪਵੇਗਾ॥੧੫॥

ਕਰੋ ਸ਼ਨਾਨ ਨਾਮ ਅਰੁ ਦਾਨ। ਪ੍ਰੇਮ ਸਮੇਤ ਲਹਹੁ ਕੱਲਜਾਨ।
ਬਿਦਤ ਖਾਲਸਾ ਪੰਥ ਭਵਿੱਖਜ। ਅਵਨੀ ਰਾਜ ਕਰਹਿਂ ਮਿਲਿ ਸਿੱਖਜ॥੧੬॥

ਇਸ਼ਨਾਨ ਕਰੋ, ਨਾਮ ਜਪੋ ਅਤੇ ਦਾਨ ਦੇਵੋ ਤਾਂ ਪ੍ਰੇਮ ਸਮੇਤ ਕਲਿਆਣ ਪ੍ਰਾਪਤ ਕਰੋ। ਭਵਿੱਖ ਵਿਚ ਖਾਲਸਾ ਪੰਥ ਬਹੁਤ ਪ੍ਰਗਟ ਹੋਵੇਗਾ, ਸਾਰੇ ਸਿੱਖ ਮਿਲ ਕੇ ਧਰਤੀ 'ਤੇ ਰਾਜ ਕਰਨਗੇ॥੧੬॥

ਦਿਨ ਪ੍ਰਤਿ ਤੁਰਕ ਨਾਸ਼ ਕੋ ਪ੍ਰਾਪਤਿ। ਬਚਹਿਂ ਜਿ, ਰੰਕ ਹੋਹਿਂ ਲਹਿਂ ਆਪਤਿ।
ਕੀਨੇ ਗਨ ਅਪਰਾਧ ਬਿਸਾਲਾ। ਤਿਨ ਕੋ ਫਲ ਹ੍ਵੈ ਹੈ ਇਨ ਕਾਲਾ॥ ੧੭॥

ਦਿਨੋ-ਦਿਨ ਤੁਰਕ ਨਾਸ਼ ਨੂੰ ਪ੍ਰਾਪਤ ਹੋਣਗੇ, ਜੋ ਬਚਣਗੇ ਉਹ ਕੰਗਾਲ ਹੋ ਕੇ ਦੁਖੀ ਹੋਣਗੇ। ਇਨ੍ਹਾਂ ਨੇ ਬਹੁਤ ਵੱਡੇ ਅਪਰਾਧ ਕੀਤੇ ਹਨ, ਇਨ੍ਹਾਂ ਅਪਰਾਧਾਂ ਦੇ ਫਲ ਰੂਪ ਇਨ੍ਹਾਂ ਨੂੰ ਮੌਤ ਮਿਲੇਗੀ॥੧੭॥

ਅੰਗ ਸੰਗ ਮੁਝਕੋ ਨਿਤ ਜਾਨਹੁਂ। ਸਦਾ ਸਹਾਇਕ ਅਪਨੋ ਮਾਨਹੁਂ।
ਨਿਤ ਪ੍ਰਤਿ ਗੁਰਬਾਣੀ ਅੱਭਜਾਸਹੁ। ਕੈ ਸ਼ਸਤ੍ਰਨਿ ਸਨ ਸ਼ੱਤ੍ਰ ਬਿਨਾਸ਼ਹੁ॥ ੧੮॥

ਮੈਨੂੰ ਸਦਾ ਆਪਣੇ ਅੰਗ-ਸੰਗ ਜਾਣੋ ਤੇ ਸਦਾ ਮੈਨੂੰ ਆਪਣਾ ਮੰਨੋ। ਸਦਾ ਗੁਰਬਾਣੀ ਦਾ ਅਭਿਆਸ ਕਰੋ ਜਾਂ ਸ਼ਸਤਰਾਂ ਦੇ ਨਾਲ ਵੈਰੀਆਂ ਦਾ ਨਾਸ਼ ਕਰੋ॥੧੮॥

ਦਸਹੁਂ ਗੁਰੁਨਿ ਜਿਮ ਕਰੇ ਬਿਲਾਸਾ। ਸੁਨਹੁਂ ਪ੍ਰੇਮ ਧਰਿ ਸਭਿ ਇਤਿਹਾਸਾ।
ਅਭਿਮਤਿ ਦੇਤਿ ਸਹਤ ਕੱਲਜਾਨ। ਸੁਖ ਪ੍ਰਾਪਤਿ ਪਾਠਕ ਸ਼੍ਰੋਤਾਨਿ॥ ੧੯॥

ਦਸ ਗੁਰੂ ਸਾਹਿਬਾਨ ਨੇ ਜਿਵੇਂ ਵਿਲਾਸ ਕੀਤੇ ਸਨ, ਪ੍ਰੇਮ ਧਾਰ ਕੇ ਇਹ ਸਾਰਾ ਇਤਿਹਾਸ ਸੁਣੋ। ਕਲਿਆਣ ਸਹਿਤ ਚੰਗੀ ਮੱਤ ਦਿੰਦੇ ਸਨ, ਪਾਠਕ ਅਤੇ ਸ੍ਰੋਤੇ ਸੁਖ ਪ੍ਰਾਪਤ ਕਰਦੇ ਸਨ॥੧੯॥

ਗੁਰੂ ਖਾਲਸਾ ਖਾਲਸਾ ਗੁਰੂ। ਅਬਿ ਤੇ ਹੁਇ ਐਸੀ ਬਿਧਿ ਸ਼ੁਰੂ।
ਅਪਨੀ ਜੋਤਿ ਖਾਲਸੇ ਬਿਖੈ। ਹਮ ਨੇ ਧਰੀ ਸਕਲ ਜਗ ਪਿਖੈ॥ ੨੦॥

ਗੁਰੂ ਖਾਲਸਾ ਹੈ ਤੇ ਖਾਲਸਾ ਗੁਰੂ ਹੈ, ਹੁਣ ਐਸੀ ਵਿਧੀ ਸ਼ੁਰੂ ਹੋ ਗਈ ਹੈ। ਆਪਣੀ ਜੋਤ ਖਾਲਸੇ ਵਿਚ ਜਿਵੇਂ ਅਸੀਂ ਧਰੀ ਹੈ, ਸਾਰੇ ਜਗਤ ਨੇ ਇਸ ਨੂੰ ਵੇਖਿਆ ਹੈ"॥ ੨੦॥

ਇਮ ਕਹਿ ਸ੍ਰੀ ਪ੍ਰਭ ਸ਼ੋਕ ਨਿਵਾਰਾ। ਸਭਿ ਕੇ ਰਿਦੇ ਹਰਖ ਕੋ ਧਾਰਾ।
ਦੀਰਘ ਸ਼ਮਸ਼ ਉਦਰ ਲਗਿ ਆਈ। ਹਾਥਨ ਸਾਥ ਸੁਧਾਰ ਗੁਸਾਈਂ॥ ੨੧॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਨੇ ਸਾਰਾ ਦੁਖ ਦੂਰ ਕੀਤਾ, ਸਾਰਿਆਂ ਨੇ ਆਪਣੇ ਹਿਰਦਿਆਂ ਵਿਚ ਪ੍ਰਸੰਨਤਾ ਧਾਰਨ ਕੀਤੀ। ਗੁਰੂ ਜੀ ਦਾ ਲੰਮਾ ਦਾੜ੍ਹਾ ਪੇਟ ਤਕ ਆ ਗਿਆ ਹੈ, ਸਤਿਗੁਰੂ ਜੀ ਨੇ ਉਸ ਨੂੰ ਹੱਥਾਂ ਨਾਲ ਸੁਧਾਰਿਆ॥ ੨੧॥

ਵਧਿ ਕਰਿ ਭਈ ਅਗਾਰੀ ਦੋਇ। ਕੁਛਕ ਫਰਕ ਤੇ ਦੀਖਤਿ ਸੋਇ।
ਕੋ ਕੋ ਕੇਸ ਸੇਤ ਹੁਇ ਆਵਾ। ਦ੍ਵੈ ਮੁਛਨਿ ਪਰ ਹਾਥ ਉਠਾਵਾ॥ ੨੨॥

ਅੱਗੇ ਵਧ ਕੇ ਭਾਵ ਹੇਠਾਂ ਨੂੰ ਆ ਕੇ ਦਾੜ੍ਹਾ ਦੋ ਭਾਗਾਂ ਵਿਚ ਹੋ ਗਿਆ ਹੈ ਤੇ ਉਹ ਭਾਗ ਹੋਰ ਹੇਠਾਂ ਆ ਕੇ ਇਕ ਦੂਜੇ ਤੋਂ ਕੁਝ ਫਰਕ ਤੇ ਦਿਖਾਈ ਦਿੰਦੇ ਹਨ। ਕੋਈ ਕੋਈ ਵਾਲ ਸਫੇਦ ਹੋ ਗਿਆ। ਗੁਰੂ ਜੀ ਨੇ ਦੋਵਾਂ ਮੁੱਛਾਂ ਉੱਪਰ ਹੱਥ ਧਰਿਆ॥ ੨੨॥

ਇਮ ਬੈਠੇ ਸਤਿਗੁਰੂ ਅਨੰਦਤਿ। ਬਾਰਿ ਬਾਰਿ ਦਰਸਤਿ ਸਿਖ ਬੰਦਤਿ।
ਕਹਤਿ ਸੁਨਤਿ ਸਭਿ ਆਧੀ ਰਾਤਿ। ਬੀਤ ਗਈ ਬੈਠੇ ਚਿਤ ਸ਼ਾਂਤਿ॥ ੨੩॥

ਇਸ ਪ੍ਰਕਾਰ ਸਤਿਗੁਰੂ ਜੀ ਅਨੰਦ ਵਿਚ ਬੈਠੇ ਹੋਏ ਸਨ। ਬਾਰ-ਬਾਰ ਸਿੱਖ ਦਰਸ਼ਨ ਕਰਕੇ ਬੰਦਨਾ ਕਰਦੇ ਸਨ। ਕਹਿੰਦਿਆਂ ਸੁਣਦਿਆਂ ਫਿਰ ਅੱਧੀ ਰਾਤ ਸ਼ਾਂਤ ਚਿੱਤ ਬੈਠਿਆਂ ਬੀਤ ਗਈ॥ ੨੩॥

ਲਖਿ ਬਿਕੁੰਠ ਸਤਿਗੁਰ ਆਗਵਨੂ। ਸੁਰਗਨ ਆਏ ਤਜਿ ਕਰਿ ਭਵਨੂ।
ਪਾਵਕ, ਮਘਵਾ, ਬਰਨ, ਧਨੇਸ਼ੂ। ਮੂਰਤ ਧਰੀ ਨਿਸੇਸ਼, ਦਿਨੇਸ਼ੂ॥ ੨੪॥

ਸਤਿਗੁਰੂ ਜੀ ਦਾ ਬੈਕੁੰਠ ਆਉਣਾ ਸਮਝ ਕੇ ਬਹੁਤ ਦੇਵਤੇ ਆਪਣੇ ਭਵਨ ਛੱਡ ਕੇ ਆਏ। ਅਗਨੀ, ਇੰਦਰ, ਵਰੁਣ, ਕੁਬੇਰ ਤੇ ਚੰਦ ਅਤੇ ਸੂਰਜ ਵੀ ਰੂਪ ਧਾਰ ਕੇ ਆਏ॥ ੨੪॥

ਅਸ਼ਟੋ ਬਸੁ ਪਹੁੰਚੇ ਸ਼ਿਵ ਗਜਾਰਾ। ਆਯਹੁ ਬਾਯੁ ਰੂਪ ਨਿਜ ਧਾਰਾ।
ਅਸਨਿ ਕੁਮਾਰ ਸੁ ਵਿਸਵੇ ਦੇਵਾ। ਪਹੁੰਚੇ ਸਨਮਾਨਤਿ ਗੁਰਦੇਵਾ॥ ੨੫॥

ਅੱਠੇ ਵਸੂ ਤੇ ਗਿਆਰਾਂ ਸ਼ਿਵ ਪੁੱਜੇ। ਵਾਯੂ ਵੀ ਆਪਣਾ ਰੂਪ ਧਾਰ ਕੇ ਆਇਆ। ਅਸਨਿ ਕੁਮਾਰੀ ਅਤੇ ਵਿਸ਼ਵੇ ਦੇਵਾ ਵੀ ਗੁਰੂ ਜੀ ਦੇ ਸਨਮਾਨ ਵਾਸਤੇ ਪੁੱਜੇ॥ ੨੫॥

ਕਮਲਾਸਨ ਨਾਰਦ ਤੇ ਆਦਿ। ਗੋਰਖਾਦਿ ਪਹੁੰਚੇ ਅਹਿਲਾਦਿ।
ਸਭਿਨਿ ਗਗਨ ਮਹਿਂ ਥਿਰਤਾ ਧਾਰੀ। ਆਏ ਅਪਰ ਜਿ ਅਜ਼ਮਤਿ ਭਾਰੀ॥੨੬॥

ਬ੍ਰਹਮਾ, ਨਾਰਦ ਆਦਿ ਗੋਰਖ ਵੀ ਬਹੁਤ ਪ੍ਰਸੰਨ ਹੋ ਕੇ ਪਹੁੰਚੇ। ਸਾਰਿਆਂ ਨੇ ਅਕਾਸ਼ ਵਿਚ ਸਥਿਰਤਾ ਧਾਰਨ ਕੀਤੀ, ਹੋਰ ਵੀ ਆਏ ਜਿਹੜੇ ਭਾਰੀ ਕਰਾਮਾਤਾਂ ਵਾਲੇ ਸਨ॥ ੨੬॥

ਸਿੱਧ ਪੀਰ ਜੇ ਦੂਰ ਕਿ ਨੇਰੇ। ਬਿੱਦਜਾਧਰ ਗੰਧਰਬ ਘਨੇਰੇ।
ਕਿੰਨਰ ਜੱਛ ਅਪੱਸਰਾ ਆਈ। ਥਿਰਿ ਸੁਰਗਨ ਮਹਿਂ ਕਰਤਿ ਵਧਾਈ॥ ੨੭॥

ਸਿੱਧ ਪੀਰ ਜਿਹੜੇ ਦੂਰ ਜਾਂ ਨੇੜੇ ਸਨ। ਵਿਦਿਆਧਰ ਅਤੇ ਦੇਵਤਿਆਂ ਦੇ ਰਾਗੀ ਬਹੁਤ ਆਏ। ਕਿੰਨਰ ਜੱਛ ਅਤੇ ਪਰੀਆਂ ਆਈਆਂ। ਬਹੁਤ ਦੇਵਤੇ ਵਧਾਈ ਦੇਣ ਵਾਸਤੇ ਰਾਹ ਵਿਚ ਖੜੇ ਸਨ॥ ੨੭॥

ਬਹੁ ਉਤਸਵ ਕੋ ਧਾਰਤਿ ਸਾਰੇ। 'ਜੈ ਜੈ ਸ੍ਰੀ ਗੁਰਦੇਵ' ਉਚਾਰੇ।
ਚਾਰਹੁਂ ਵੇਦ ਰੂਪ ਧਰਿ ਆਏ। ਜਥਾ ਕ੍ਰਿਸ਼ਨ ਕੇ ਪਾਸ ਸਿਧਾਏ॥ ੨੮॥

ਸਾਰਿਆਂ ਨੇ ਵੱਡਾ ਉਤਸਵ ਧਾਰਨ ਕੀਤਾ ਹੋਇਆ ਸੀ ਤੇ ਸਾਰੇ ਉੱਚੀ-ਉੱਚੀ ਕਹਿ ਰਹੇ ਸਨ, "ਜੈ ਜੈ ਸ੍ਰੀ ਗੁਰਦੇਵ।" ਚਾਰੇ ਵੇਦ ਰੂਪ ਧਾਰ ਕੇ ਆਏ ਸਨ, ਜਿਵੇਂ ਸ੍ਰੀ ਕ੍ਰਿਸ਼ਨ ਜੀ ਦੇ ਪਾਸ ਗਏ ਸਨ॥ ੨੮॥

ਸੁਰ ਗੁਰ ਸ਼ੁੱਕ੍ਰ, ਗਨੇਸ਼, ਸਪਤਿ ਰਿਖਿ। ਥਿਰੇ ਗਗਨ ਮਹਿਂ, ਹੇਰਨ ਗੁਰ ਸਿਖਿ।
ਕੁਛਕ ਕੁਲਾਹਲ ਸਹਿਤ ਪ੍ਰਕਾਸ਼। ਸੁਨਜੋਂ ਪਿਖਜੋ ਜੋ ਥਿਰ ਗੁਰ ਪਾਸ॥੨੯॥

ਦੇਵਤਿਆਂ ਦਾ ਗੁਰੂ ਸ਼ੁੱਕਰ, ਗਨੇਸ਼, ਸਤ ਰਿੱਖੀ ਅਕਾਸ਼ ਵਿਚ ਗੁਰੂ ਤੇ ਸਿੱਖਾਂ ਨੂੰ ਵੇਖਣ ਵਾਸਤੇ ਖੜੇ ਸਨ। ਅਕਾਸ਼ ਵਿਚ ਕੁਝ ਕੁਲਾਹਲ ਸਹਿਤ ਪ੍ਰਕਾਸ਼ ਹੋਇਆ। ਉਨ੍ਹਾਂ ਸਿੱਖਾਂ ਨੇ ਸੁਣਿਆਂ ਜਿਹੜੇ ਗੁਰੂ ਜੀ ਪਾਸ ਖੜੇ ਸਨ॥ ੨੯॥

ਇਤਨੇ ਮਹਿਂ ਜਪੁਜੀ ਪਠਿ ਕਰਿ ਕੈ। ਪੰਚ ਦੋਹਰੇ ਬਹੁਰ ਉਚਰਿਕੈ।
'ਹਰਿ ਹਰਿ ਜਨ ਦੁਈ ਏਕ' ਉਚਾਰਾ। ਐਸੋ ਆਸ਼ੈ ਜਿਨਹੁਂ ਮਝਾਰਾ॥ ੩੦॥

ਏਨੇ ਵਿਚ ਜਪੁਜੀ ਪੜ੍ਹ ਕੇ, ਪੰਜ ਦੋਹਰੇ ਫਿਰ ਉਚਾਰਨ ਕਰਕੇ "ਹਰਿ ਹਰਿ ਜਨ ਦੁਈ ਏਕ" ਉਚਾਰਨ ਕੀਤਾ। ਇਸ ਪ੍ਰਕਾਰ ਦੇ ਆਸ਼ੇ ਜਿਨ੍ਹਾਂ ਦੇ ਵਿਚ ਸਨ॥ ੩੦॥

'ਪ੍ਰਥਮ ਭਗਉਤੀ ਸਿਮਰਨ ਕਰੀਐ। ਸ੍ਰੀ ਨਾਨਕ ਕੋ ਧਜਾਇ ਸੰਭਰੀਐ।
ਇਹ ਪਉੜੀ ਪਠਿ ਕਰਿ ਪੁਨ ਸਾਰੀ ਖਰੇ ਭਏ ਅਰਦਾਸ ਉਚਾਰੀ॥ ੩੧॥

"ਪਹਿਲਾਂ ਭਗਉਤੀ ਦਾ ਸਿਮਰਨ ਕੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆ ਕੇ ਸੰਭਾਲਿਆ।" ਫਿਰ ਇਹ ਸਾਰੀ ਪਉੜੀ ਪੜ੍ਹ ਕੇ ਸਾਰੇ ਖੜੇ ਹੋ ਗਏ ਤੇ ਫਿਰ ਅਰਦਾਸ ਉਚਾਰਨ ਕੀਤੀ॥ ੩੧॥

ਕਰਦ ਕਮਾਨ ਪਾਨ ਮਹਿਂ ਧਰੀ। ਪਠਿ ਅਰਦਾਸ ਸੰਪੂਰਨ ਕਰੀ।
ਪੁਨ ਮਖਮਲੀ ਕਮਰਕਸ ਲੀਨੀ। ਕੰਧੇ ਧਨੁਖ ਟਿਕਾਵਨ ਕੀਨੀ॥ ੩੨॥

ਫਿਰ ਸਤਿਗੁਰੂ ਜੀ ਨੇ ਛੋਟੀ ਕਿਰਪਾਨ ਅਤੇ ਧਨੁੱਖ ਆਪਣੇ ਹੱਥ ਵਿਚ ਧਾਰਨ ਕੀਤਾ ਤੇ ਅਰਦਾਸ ਪੜ੍ਹ ਕੇ ਸੰਪੂਰਨ ਕੀਤੀ। ਫਿਰ ਮਖਮਲੀ ਕਮਰਕੱਸਾ ਲਿਆ ਤੇ ਮੋਢੇ ਉੱਪਰ ਧਨੁੱਖ ਟਿਕਾ ਲਈ॥ ੩੨॥

ਕਰਦ ਪਾਗ ਮਹਿਂ ਧਰੀ ਬਨਾਇ। ਲਈ ਹਾਥ ਮਹਿਂ ਤੁਪਕ ਉਠਾਇ।
ਕਮਰਕਸਾ ਸੰਪੂਰਨ ਕਰਿਕੈ। ਡੇਢ ਜਾਮ ਨਿਸ ਰਹੀ ਬਿਚਰਿਕੈ॥ ੩੩॥

ਫਿਰ ਸਤਿਗੁਰੂ ਜੀ ਨੇ ਛੋਟੀ ਕਿਰਪਾਨ ਚੰਗੀ ਤਰ੍ਹਾਂ ਪੱਗ ਵਿਚ ਰੱਖ ਲਈ ਤੇ ਹੱਥ ਵਿਚ ਬੰਦੂਕ ਚੁੱਕ ਲਈ। ਕਮਰਕੱਸਾ ਸੰਪੂਰਨ ਕਰਕੇ ਤੇ ਡੇਢ ਪਹਿਰ ਰਾਤ ਰਹਿੰਦੀ ਵਿਚਾਰ ਕੇ॥ ੩੩॥

ਦੋਹਰਾ-ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ।
ਸ੍ਰੀ ਮੁਖ ਤੇ ਉਚਰਨ ਕਰਜੋ ਜੋਤਿ ਜਾਗਤੀ ਅਤੇ॥ ੩੪॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਅਤੇ ਜੋਤ ਜਾਗਦੀ ਹੈ ਆਪਣੇ ਮੁਖ ਤੋਂ ਉਚਾਰਨ ਕੀਤਾ॥ ੩੪॥

ਚੌਪਈ- ਪਿਖੇ ਦਿਨਿੰਦ ਪ੍ਰਾਤਿ ਅਰਵਿੰਦੇ। ਬਦਨ ਪ੍ਰਫੁੱਲਤਿ ਤਿਨਹਾਂ ਮਨਿੰਦੇ।
ਜਨੁ ਰਾਂਕਾ ਸ਼ਾਰਦ ਕੋ ਚੰਦ। ਆਪਿ ਅਨੰਦਤਿ ਦੇਤਿ ਅਨੰਦ॥ ੩੫॥

ਸਵੇਰੇ ਸੂਰਜ ਵੇਖ ਕੇ ਜਿਵੇਂ ਕੰਵਲ ਦੇ ਫੁੱਲ ਖਿੜਦੇ ਹਨ, ਉਨ੍ਹਾਂ ਵਾਂਗ ਗੁਰੂ ਜੀ ਦਾ ਮੁਖੜਾ ਖਿੜ ਗਿਆ, ਮਾਨੋ ਸਰਦ ਰੁੱਤ ਦੀ ਪੁੰਨਿਆਂ ਦਾ ਚੰਦ ਹੈ। ਆਪ ਆਨੰਦਤ ਸਨ ਤੇ ਹੋਰਨਾਂ ਨੂੰ ਵੀ ਆਨੰਦ ਬਖਸ਼ਦੇ ਸਨ॥ ੩੫॥

ਹਜਨਿ ਦਾਸ ਕੋ ਨਿਕਟ ਨਿਹਾਰਾ। ਸ੍ਰੀ ਮੁਖਿ ਸੋਂ ਤਿਹ ਸਾਥ ਉਚਾਰਾ।
'ਖਾਸ ਤਬੇਲੇ ਜਿਤੇ ਤੁਰੰਗ। ਤੂਰਨ ਸੰਗ ਸੁਧਾਰਹੁ ਅੰਗ॥ ੩੬॥

ਫਿਰ ਜਦ ਘੋੜਿਆਂ ਦੇ ਸੇਵਕਾਂ ਨੂੰ ਆਪਣੇ ਪਾਸ ਵੇਖਿਆ ਤਾਂ ਸਤਿਗੁਰੂ ਜੀ ਉਨ੍ਹਾਂ ਨੂੰ ਕਹਿਣ ਲੱਗੇ, "ਤਬੇਲੇ ਵਿਚ ਜਿੰਨੇ ਵੀ ਖਾਸ ਘੋੜੇ ਹਨ, ਤੁਰਤ ਜਾ ਕੇ ਉਨ੍ਹਾਂ ਦੇ ਅੰਗਾਂ ਨੂੰ ਸੁਧਾਰੋ॥ ੩੬॥

ਜ਼ੀਨ ਜ਼ਰੀ ਕੇ ਸਭਿ ਪਰ ਡਾਲਹੁ। ਕਰਿ ਰਾਖਹੁ ਥਿਰ ਤਜਾਰ ਉਤਾਲਹੁ।
ਸੁਨਿ ਆਇਸੁ ਕੋ ਤੁਰਤ ਸਿਧਾਰੇ। ਸਰਬੰਗਨ ਮਹਿਂ ਕੀਨਸਿ ਤਜਾਰੇ॥ ੩੭॥

ਕਾਠੀਆਂ ਅਤੇ ਜ਼ਰੀਆਂ ਸਾਰਿਆਂ ਉੱਪਰ ਪਾਵੋ ਤੇ ਬਹੁਤ ਛੇਤੀ ਉਨ੍ਹਾਂ ਨੂੰ ਤਿਆਰ ਕਰਕੇ ਰੱਖੋ।" ਆਗਿਆ ਪਾ ਕੇ ਘੋੜਿਆਂ ਦੇ ਸੇਵਕ ਤੁਰਤ ਚਲੇ ਗਏ, ਸਾਰਿਆਂ ਘੋੜਿਆਂ ਨੂੰ ਸਰਬ ਪੱਖੋਂ ਤਿਆਰ ਕੀਤਾ॥ ੩੭॥

ਬਸਨ ਬਿਭੂਖਨ ਸੁੰਦਰ ਪਾਏ। ਦੇ ਕਵਿਕਾ ਤਿਸ ਥਾਨ ਫਿਰਾਏ।
ਆਪ ਉਤਾਯਲ ਪਹੁੰਚੇ ਤਹਾਂ। ਪ੍ਰਾਪਤਿ ਭਈ ਭੀਰ ਬਹੁ ਜਹਾਂ॥ ੩੮॥

ਘੋੜਿਆਂ ਉੱਪਰ ਸੁੰਦਰ ਵਸਤਰ ਅਤੇ ਗਹਿਣੇ ਪਾਏ ਤੇ ਲਗਾਮਾਂ ਦੇ ਕੇ ਉਸ ਥਾਂ ਉੱਪਰ ਹੀ ਫਿਰਾਏ। ਆਪ ਸਤਿਗੁਰੂ ਜੀ ਬੜੇ ਛੇਤੀ ਉਥੇ ਪਹੁੰਚੇ, ਜਿੱਥੇ ਬਹੁਤ ਭੀੜ ਲੱਗੀ ਹੋਈ ਸੀ॥ ੩੮॥

ਕੌਤਕ ਦਰਸਹਿਂ ਮਨ ਬਿਸਮਾਏ। ਜਲਤ ਮਸਾਲ ਝਾਰ ਸਮੁਦਾਏ।
ਸ੍ਰੀ ਪ੍ਰਭੁ ਖਰੇ ਸਭਿਨਿ ਮਹਿਂ ਸ਼ੋਭੈਂ। ਕਿਸਕੀ ਸਮ ਕਹੁਂ ਕੌਨ ਨ ਲੋਭੈ ? ॥ ੩੯॥

ਸਤਿਗੁਰੂ ਜੀ ਦਾ ਇਹ ਕੌਤਕ ਵੇਖ ਕੇ ਮਨ ਵਿਚ ਸਾਰੇ ਬਹੁਤ ਹੈਰਾਨ ਹੋ ਰਹੇ ਸਨ। ਬਹੁਤ ਮਸਾਲਾਂ ਅਤੇ ਝਾੜ ਜਗ ਰਹੇ ਸਨ। ਸਤਿਗੁਰੂ ਜੀ ਸਾਰਿਆਂ ਵਿਚ ਖੜੇ ਹੋ ਕੇ ਸ਼ੋਭ ਰਹੇ ਸਨ। ਕਿਸ ਦੀ ਸਮਾਨਤਾ ਕਹਾਂ, ਆਖੋ ਉਸ ਵੇਲੇ ਕੌਣ ਨਹੀਂ ਵੇਖ ਕੇ ਲੁਭਾਇਮਾਨ ਹੋਇਆ ਸੀ॥ ੩੯॥

ਮੁਖ ਪਰ ਜੋਤਿ ਚਗੁਨੀ ਲਸੇ। ਸ਼ਸਤ੍ਰਨਿ ਸਹਤ ਖਰੇ ਕਟ ਕਸੇ।
ਦਰਸ਼ਨ ਦੀਨਸਿ ਭਲੀ ਪ੍ਰਕਾਰਾ। ਸਭਿ ਕੋ ਉਪਜਜੋ ਅਨੰਦ ਉਦਾਰਾ॥ ੪੦॥

ਸਤਿਗੁਰੂ ਜੀ ਦੇ ਮੁਖ ਉੱਪਰ ਜੋਤ ਚਾਰ ਗੁਣਾ ਲੱਸ ਰਹੀ ਹੈ, ਸ਼ਸਤਰਾਂ ਸਹਿਤ ਕਮਰਕੱਸਾ ਕੱਸ ਕੇ ਖੜੇ ਸਨ। ਭਲੀ ਪ੍ਰਕਾਰ ਦਰਸ਼ਨ ਦੇ ਰਹੇ ਸਨ, ਸਾਰਿਆਂ ਨੇ ਵੱਡਾ ਅਨੰਦ ਪ੍ਰਾਪਤ ਕੀਤਾ॥ ੪੦॥

ਬਿਚ ਕਨਾਤ ਕੇ ਚਹਤਿ ਪ੍ਰਵੇਸ਼ਾ। ਦੇ ਉਪਦੇਸ਼ ਵਿਸ਼ੇਸ਼ ਅਸ਼ੇਸ਼ਾ।
'ਧੰਨ ਧੰਨ ਸਤਿਗੁਰ ਸੁਖਦਾਈ'। ਉਚਰਹਿਂ ਚਹੁੰਦਿਸ਼ ਨਰ ਸਮੁਦਾਈ॥ ੪੧॥

ਕਨਾਤ ਦੇ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਸਨ ਤੇ ਵਿਸ਼ੇਸ਼ ਉਪਦੇਸ਼ ਦੇਣਾ ਚਾਹੁੰਦੇ ਸਨ। ਚਾਰੇ ਪਾਸੇ ਸਾਰੇ ਮਨੁੱਖ ਖੜੇ ਉਚਾਰਨ ਕਰ ਰਹੇ ਸਨ, "ਧੰਨ ਧੰਨ ਸੁਖਦਾਈ ਸਤਿਗੁਰੂ ਜੀ ਹਨ" ॥ ੪੧॥

ਦੋਹਰਾ-ਦ੍ਰਿਸ਼ਟ ਪਰਤਿ ਹੈਂ ਸਭਿਨਿਕੇ ਸ੍ਰੀ ਸਤਿਗੁਰ ਤਿਸ ਕਾਲ।
ਨਹੀਂ ਸਪਰਸ਼ਨ ਹੋਤਿ ਹੈ ਇਮ ਲਖਿ ਬਿਸਮ ਬਿਸਾਲ॥ ੪੨॥

ਉਸ ਸਮੇਂ ਸਤਿਗੁਰੂ ਜੀ ਨਜ਼ਰ ਤਾਂ ਸਾਰਿਆਂ ਨੂੰ ਆ ਰਹੇ ਸਨ, ਪਰ ਨੇੜੇ ਹੋ ਕੇ ਛੋਹ ਪ੍ਰਾਪਤ ਨਹੀਂ ਸੀ ਹੋ ਸਕਦੀ, ਇਸ ਪ੍ਰਕਾਰ ਜਾਣ ਕੇ ਸਾਰੇ ਬਹੁਤ ਹੈਰਾਨ ਹੋ ਰਹੇ ਸਨ॥ ੪੨॥

*ਦੂਸਰੇ ਐਨ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥*

★★★

# ਅਧਿਆਇ ਚੌਵੀਵਾਂ

### ਜੋਤੀ ਜੋਤ ਸਮਾਉਣਾ

ਦੋਹਰਾ- ਦੀਪਮਾਲਕਾ ਜਹਿਂ ਕਹਾਂ ਜ੍ਵਲਤਿ ਮਸਾਲ ਕਿ ਝਾਰ।
ਪਾਵਤਿ ਧਾਰ ਫੁਲੇਲ ਕੀ ਕਿਧੌਂ ਘ੍ਰਿੱਤ ਕੋ ਜਾਰਿ॥ ੧॥

ਦੀਪਮਾਲਾ ਜਿੱਥੇ ਕਿੱਥੇ ਹੋ ਰਹੀ ਸੀ, ਬਹੁਤ ਮਸਾਲਾਂ ਅਤੇ ਝਾੜ ਜਗ ਰਹੇ ਸਨ। ਕਿਤੇ ਅਤਰ ਫੁਲੇਲ ਦੀਆਂ ਧਾਰਾਂ ਪਾਉਂਦੇ ਸਨ, ਕਿਤੇ ਘਿਉ ਨੂੰ ਬਾਲ ਰਹੇ ਸਨ॥੧॥

ਚੌਪਈ- ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ। ਤਿਮਰ ਸਘਨ ਚਹੁਨੂੰ ਦਿਸ਼ ਚਾਲਾ।
ਚੰਚਲ ਚਰਨ ਚਿਖਾ ਦਿਸ਼ਿ ਚਲੇ। ਬਸਤ੍ਰ ਸ਼ਸਤ੍ਰ ਸਭਿ ਸ਼ੋਭਿਤਿ ਭਲੇ॥੨॥

ਦਿਨ ਵਾਂਗ ਸਾਰੇ ਵਿਸ਼ਾਲ ਪ੍ਰਕਾਸ਼ ਹੋਇਆ ਸੀ, ਸੰਘਣਾ ਹਨੇਰਾ ਚਾਰੇ ਪਾਸਿਆਂ ਤੋਂ ਅਲੋਪ ਹੋ ਗਿਆ ਸੀ। ਫਿਰ ਸਤਿਗੁਰੂ ਜੀ ਦੇ ਚੰਚਲ ਚਰਨ ਚਿਖਾ ਵਾਲੇ ਪਾਸੇ ਚਲ ਪਏ। ਸ਼ਸਤਰ ਵਸਤਰ ਸਾਰੇ ਭਲੀ ਪ੍ਰਕਾਰ ਸ਼ੋਭ ਰਹੇ ਸਨ॥ ੨॥

ਤਨੀ ਕਨਾਤ ਪੌਰ ਜਿਸ ਥਾਨਾ। ਤਹਿਂ ਥਿਰ ਹ੍ਵੈ ਕਰਿ ਬਾਕ ਬਖਾਨਾ।
'ਜਾਇ ਚਿਖਾ ਪਰ ਬੈਠੈਂ ਜਬੈ। ਤਰਤ ਪ੍ਰਦਛਿਨਾ ਦੈ ਕਰਿ ਸਬੈ॥ ੩॥

ਤਾਣੀ ਹੋਈ ਕਨਾਤ ਦਾ ਜਿੱਥੇ ਅੰਦਰ ਪ੍ਰਵੇਸ਼ ਕਰਨ ਵਾਲਾ ਦਰਵਾਜ਼ਾ ਸੀ, ਉਥੇ ਖੜੇ ਹੋ ਕੇ ਸਤਿਗੁਰੂ ਜੀ ਨੇ ਕਿਹਾ, "ਜਦ ਚਿਖਾ ਉੱਪਰ ਜਾ ਕੇ ਬੈਠ ਜਾਵਾਂਗੇ ਤਾਂ ਸਾਰੇ ਪਰਿਕਰਮਾ ਕਰਕੇ॥ ੩॥

ਬਹੁਰ ਹੁਤਾਸਨ ਕੋ ਜ੍ਵਲਤਾਵਹੁ। ਨਮੋ ਕਰਤਿ ਹੀ ਵਹਿਰ ਸਿਧਾਵਹੁ।
ਇਸ ਕਾਰਜ ਮਹਿਂ ਬਿਲਮ ਨ ਕਰਨੀ। ਜਪਹੁ ਪ੍ਰਮੇਸ਼ਰ ਧੀਰਜ ਧਰਨੀ' ॥੪॥

ਬਾਅਦ ਵਿਚ ਅੱਗ ਨੂੰ ਬਾਲੋ ਤੇ ਨਮਸ਼ਕਾਰ ਕਰਦੇ ਹੋਏ ਬਾਹਰ ਚਲੇ ਜਾਵੋ। ਇਸ ਕਾਰਜ ਵਿਚ ਦੇਰ ਨਹੀਂ ਕਰਨੀ ਹੈ ਤੇ ਧੀਰਜ ਧਾਰ ਕੇ ਪ੍ਰਮੇਸ਼ਰ ਦਾ ਜਾਪ ਕਰੋ" ॥ ੪॥

ਇਮ ਕਹਿ ਸ੍ਰੀ ਪ੍ਰਭੁ ਕ੍ਰਿਪਾ ਨਿਧਾਨਾ। ਪਹੁੰਚੇ ਜਾਇ ਚਿਤਾ ਜਿਸ ਥਾਨਾ।
ਧਨੁਖ ਸਿਕੰਧ ਤੁਫੰਗ ਟਿਕਾਈ। ਬਰਛੀ ਦਹਿਨੇ ਹਾਥ ਉਠਾਈ॥ ੫॥

ਇਸ ਪ੍ਰਕਾਰ ਕਹਿ ਕੇ ਕ੍ਰਿਪਾ ਨਿਧਾਨ ਸਤਿਗੁਰੂ ਜੀ, ਉਥੇ ਪਹੁੰਚ ਗਏ, ਜਿੱਥੇ ਚਿਤਾ ਵਾਲਾ ਸਥਾਨ ਸੀ। ਧਨੁੱਖ, ਮੋਢੇ ਵਾਲੀ ਬੰਦੂਕ ਟਿਕਾਈ ਤੇ ਸੱਜੇ ਹੱਥ ਵਿਚ ਬਰਛੀ ਚੁੱਕ ਲਈ॥ ੫॥

ਪੇਸ਼ ਕਬਜ਼ ਜਮਦਾੜ ਕੁਠਾਰਾ। ਕਮਰ ਕਸੇ ਮਹਿਂ ਧਰੇ ਸੁਧਾਰਾ।
ਖੰਜਰ ਤਰਕਸ਼ ਖਰ ਸ਼ਮਸ਼ੇਰ। ਰੂਪ ਬੀਰਰਸ ਕੇ ਸਮ ਸ਼ੇਰ॥ ੬॥

ਪੇਸ਼ ਕਬਜ਼, ਬਰਛੀ, ਕੁਹਾੜਾ, ਸਾਰੇ ਸੁਧਾਰ ਕੇ ਕਮਰਕੱਸੇ ਵਿਚ ਧਰ ਲਏ। ਖੰਜਰ, ਭੱਥਾ ਅਤੇ ਤਿੱਖੀ ਤਲਵਾਰ ਧਾਰ ਕੇ ਸ਼ੇਰ ਵਾਂਗ ਬੀਰ-ਰਸ ਦਾ ਰੂਪ ਹੋ ਗਏ॥ ੬॥

ਬਦਨ ਅਦੀਨ ਸੁ ਨਯਨ ਪ੍ਰਫੁਲੇ। ਜਿਗਾ ਦਮਕਤੀ ਕਲਗੀ ਝੂਲੇ।
ਤਿਸ ਛਿਨ ਬਦਨ ਚੰਦ੍ਰਮਾ ਓਰੇ। ਲੋਚਨ ਸਭਿਨਿ ਚਕੋਰਨਿ ਜੋਰੇ॥ ੭॥

ਕਦੇ ਵੀ ਦੀਨ ਨਾ ਹੋਣ ਵਾਲਾ ਭਾਵ ਸਦਾ ਹੀ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮੁਖੜਾ ਅਤੇ ਨੈਣ ਖਿੜ ਉੱਠੇ, ਜਿਗਾ ਚਮਕਦੀ ਸੀ ਤੇ ਕਲਗੀ ਝੂਲਦੀ ਸੀ। ਉਸ ਸਮੇਂ ਮੁਖੜਾ ਚੰਦ ਵਰਗਾ ਹੋ ਗਿਆ ਤੇ ਸਾਰੇ ਸਿੱਖਾਂ ਨੇ ਚਕੋਰਾਂ ਵਾਂਗ ਓਧਰ ਆਪਣੇ ਨੈਣ ਜੋੜ ਲਏ॥ ੭॥

ਦਿਪਤਿ ਤੇਜ ਕੋ ਪਿਖਿ ਪਿਖਿ ਸਾਰੇ। ਸਮ ਸੂਰਜ ਕੇ ਗੁਰੂ ਬਿਚਾਰੇ।
ਕਮਲ ਨਯਨ ਬਿਕਸਤਿ ਬਿਸਮਾਏ। ਬਿਨਾਂ ਨਿਮੇਖ ਤਿਸੀ ਦਿਸ਼ਿ ਲਾਏ॥੮॥

ਚਮਕਦੇ ਤੇਜ ਨੂੰ ਵੇਖ ਵੇਖ ਕੇ ਸਾਰੇ ਸਤਿਗੁਰੂ ਜੀ ਨੂੰ ਸੂਰਜ ਵਾਂਗ ਸਮਝਦੇ ਸਨ। ਕੰਵਲ ਨੈਣ ਖਿੜ ਜਾਣ ਨਾਲ ਸਾਰੇ ਬਹੁਤ ਹੈਰਾਨ ਹੋਏ। ਸਾਰਿਆਂ ਅੱਖਾਂ ਝਮਕਣ ਤੋਂ ਬਗੈਰ ਹੀ ਓਧਰ ਆਪਣੇ ਨੈਣ ਲਾਏ ਹੋਏ ਸਨ॥ ੮॥

ਗਨ ਚੰਦਨ ਅਗਰਾਦਿ ਘਨੇਰੇ। ਚਿਖਾ ਬਿਸਾਲ ਰਚੀ ਸਭਿ ਹੇਰੇ।
ਭਏ ਅਰੂਢਨਿ ਗੁਰ ਭਗਵਾਨ। ਚਹੁੰਦਿਸ਼ਿ ਈਂਧਨ ਜਹਾਂ ਮਹਾਂਨ॥ ੯॥

ਬਹੁਤ ਚੰਦਨ ਅਤੇ ਅਗਰ ਆਦਿ ਪਾਇਆ ਸੀ, ਵਿਸ਼ਾਲ ਬਲਦੀ ਹੋਈ ਚਿਖਾ ਨੂੰ ਸਾਰਿਆਂ ਨੇ ਵੇਖਿਆ। ਗੁਰੂ ਜੀ ਉਸ ਚਿਖਾ ਦੇ ਉੱਪਰ ਬੈਠ ਗਏ, ਚਾਰੇ ਪਾਸੇ ਜਿਥੇ ਬਹੁਤ ਬਾਲਣ ਆਦਿ ਪਿਆ ਸੀ॥ ੯॥

ਸਿੱਖਨ ਕੋ ਆਇਸੁ ਤਬਿ ਦੀਨਿ। ਸਭਿ ਦੇਸ਼ਨ ਕੋ ਰੁਖਸਦ ਕੀਨਿ।
ਇਕ ਸੰਤੋਖ ਸਿੰਘ ਜੁਤਿ ਰਹਿਤ। ਤਿਸ ਸੰਗ ਬੋਲੇ ਕਰੁਨਾ ਸਹਿਤ॥੧੦॥

ਫਿਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਆਗਿਆ ਕੀਤੀ ਤੇ ਉਨ੍ਹਾਂ ਨੂੰ ਆਪਣੇ ਦੇਸ਼ਾਂ ਨੂੰ ਚਲੇ ਜਾਣ ਵਾਸਤੇ ਕਿਹਾ। ਇਕ ਸੰਤੋਖ ਸਿੰਘ ਏਥੇ ਰਹੇ। ਗੁਰੂ ਜੀ ਸੰਤੋਖ ਸਿੰਘ ਨੂੰ ਕਿਰਪਾ ਸਹਿਤ ਕਹਿਣ ਲੱਗੇ॥੧੦॥

'ਇਸ ਥਲ ਰਹਹੁ ਦੇਗ ਬਰਤਾਵਹੁ। ਸ਼ਰਧਾ ਜੁਤਿ ਸੋ ਸਿੰਘ ਟਿਕਾਵਹੁ।
ਦਰਬ ਅਸੰਖ ਇਹਾਂ ਜੋ ਆਇ। ਤਿਸ ਤੇ ਨਹਿੰ ਮੰਦਿਰ ਚਿਨਵਾਇ॥੧੧॥

''ਇਸ ਥਾਂ ਰਹਿ ਕੇ ਲੰਗਰ ਚਲਾਵੋ, ਜਿਹੜਾ ਸ਼ਰਧਾ ਸਹਿਤ ਸਿੰਘ ਆਵੇ, ਉਸ ਨੂੰ ਏਥੇ ਟਿਕਾਵੋ। ਅਸੰਖਾਂ ਦੀ ਗਿਣਤੀ ਵਿਚ ਜਿਹੜਾ ਏਥੇ ਧਨ ਆਵੇਗਾ, ਉਸ ਤੋਂ ਏਥੇ ਕਿਸੇ ਗੁਰਦੁਆਰੇ ਆਦਿ ਦੀ ਚਿਣਵਾਈ ਨਾ ਕਰਵਾਵੋ॥੧੧॥

ਸਕਲ ਦੇਗ਼ ਪਰ ਦੇਹੁ ਲਗਾਈ। ਪੰਚਾਂਮ੍ਰਿਤ ਆਦਿਕ ਕਰਿਵਾਈ।
ਚਿਨਹਿ ਮਹਿਲ ਤਿਸ ਕੁਲ ਗਲ ਜਾਇ। ਯਾਂਤੇ ਕਹੀ ਨਹੀਂ ਬਿਸਰਾਇ' ॥੧੨॥

ਸਾਰਾ ਧਨ ਲੰਗਰ ਉੱਪਰ ਹੀ ਖਰਚ ਕਰ ਦੇਵੋ ਤੇ ਕੜਾਹ ਪ੍ਰਸ਼ਾਦਿ ਆਦਿ ਤਿਆਰ ਕਰਵਾਓ। ਜਿਹੜਾ ਏਥੇ ਭਵਨ ਦੀ ਉਸਾਰੀ ਕਰਵਾਏਗਾ, ਉਸ ਦੀ ਕੁਲ ਗਲ ਜਾਵੇਗੀ, ਇਸ ਕਰਕੇ ਸਾਡੀ ਕਹੀ ਹੋਈ ਗੱਲ ਨੂੰ ਭੁੱਲਣਾ ਨਹੀਂ'' ॥੧੨॥

ਤਬਿ ਸੰਤੋਖ ਸਿਘ ਕਰ ਜੋਰੇ। 'ਸਿਖ ਸੰਗਤ ਨਾਂਹਿਨ ਇਤ ਓਰੇ।
ਕਿਸ ਤੇ ਲੇ ਧਨ ਦੇਗ਼ ਚਲਾਵੈਂ। ਰਹੈਂ ਸਿੰਘ ਸੋ ਕਿਸ ਤੇ ਖਾਵੈਂ?' ॥੧੩॥

ਤਦ ਸੰਤੋਖ ਸਿੰਘ ਨੇ ਹੱਥ ਜੋੜ ਕੇ ਕਿਹਾ, ''ਇਸ ਪਾਸੇ ਕਿਸੇ ਪ੍ਰਕਾਰ ਦੀ ਸਿੱਖ ਸੰਗਤ ਨਹੀਂ ਹੈ। ਕਿਸ ਪਾਸੋਂ ਧਨ ਲੈ ਕੇ ਲੰਗਰ ਚਲਾਵਾਂਗਾ। ਜਿਹੜਾ ਏਥੇ ਸਿੰਘ ਰਹੇਗਾ, ਉਹ ਕਿਸ ਪਾਸੋਂ ਖਾਵੇਗਾ?'' ॥੧੩॥

ਸ੍ਰੀ ਮੁਖ ਤੇ ਤਬਿ ਧੀਰਜ ਦੀਨ। 'ਦੇਸ਼ ਨ ਰਹੈ ਸਿੰਘ ਤੇ ਹੀਨ।
ਇਕ ਦੁਇ ਬ੍ਰਿੰਦਕ ਇਹਾਂ ਬਨੈ ਹੈਂ। ਜੋ ਸੰਪੂਰਨ ਦੇਗ਼ ਚਲੈ ਹੈਂ॥ ੧੪॥

ਸਤਿਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਧੀਰਜ ਦਿੱਤਾ, ''ਇਹ ਦੇਸ਼ ਸਿੰਘਾਂ ਤੋਂ ਬਗੈਰ ਨਹੀਂ ਰਹੇਗਾ। ਇਕ ਦੋ ਟੋਲੇ ਏਥੇ ਬਣਨਗੇ ਤੇ ਏਥੇ ਸੰਪੂਰਣ ਲੰਗਰ ਚੱਲੇਗਾ॥੧੪॥

ਕਰਹੁ ਪਕਾਵਨ ਦਿਹੁ ਵਰਤਾਇ। ਧਨ ਕੀ ਚਿੰਤ ਨ ਕਰੀਯਹਿ ਕਾਇ।
ਇਮ ਸੁਨਿ ਸਭਿਹਿਨਿ ਸੀਸ ਨਿਵਾਏ। ਦਈ ਪ੍ਰਦਛਿਨਾ ਫਿਰ ਚਹੁੰ ਘਾਏ॥੧੫॥

ਏਥੇ ਲੰਗਰ ਪਕਵਾ ਕੇ ਵਰਤਾ ਦੇਵੇ, ਧਨ ਦੀ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ।'' ਇਸ ਪ੍ਰਕਾਰ ਸੁਣ ਕੇ ਸਾਰਿਆਂ ਨੇ ਸਿਰ ਨਿਵਾਏ। ਫਿਰ ਚਾਰੇ ਪਾਸੇ ਘੁੰਮ ਕੇ ਪਰਿਕਰਮਾਂ ਕੀਤੀਆਂ॥੧੫॥

ਜ੍ਵਲਤਿ ਹੁਤਾਸਿਨ ਕੀਨ ਬਿਸਾਲਾ। ਨਿਕਸੇ ਵਹਿਰ ਸਕਲ ਤਤਕਾਲਾ।
ਜਬਹਿ ਕਨਾਤ ਪੌਰ ਤਜਿ ਆਏ। ਸ਼ਬਦ ਸ਼੍ਰੌਨ ਮਹਿਂ ਤਬਿ ਸੁਨਿ ਪਾਏ॥੧੬॥

ਜਲਦੀ ਅਗਨੀ ਨੂੰ ਫਿਰ ਬਹੁਤ ਤੇਜ਼ ਕੀਤਾ, ਫਿਰ ਸਾਰੇ ਤੁਰਤ ਬਾਹਰ ਨਿਕਲ ਆਏ। ਜਦ ਕਨਾਤ ਦਾ ਦਰਵਾਜ਼ਾ ਛੱਡ ਕੇ ਆਏ। ਤਦ ਕੰਨਾਂ ਵਿਚ ਬਹੁਤ ਉੱਚੀ ਆਵਾਜ਼ ਸੁਣਾਈ ਦਿੱਤੀ॥੧੬॥

ਵਾਹਿਗੁਰੂ ਜੀ ਕੀ ਬਹੁ ਫਤੇ। ਬਾਰ ਬਾਰ ਬੋਲਤਿ ਸੁਖਿ ਮਤੇ।
ਜਬਿ ਭੀ ਅਗਨਿ ਪ੍ਰਚੰਡ ਬਡੇਰੇ। ਨਹਿਂ ਸ਼ਰੀਰ ਕੇ ਪਰਸੀ ਨੇਰੇ॥ ੧੭॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ, ਬਾਰ-ਬਾਰ ਸੁਖ ਵਿਚ ਰੰਗੇ ਹੋਏ ਬੋਲ ਰਹੇ ਸਨ। ਤਦ ਵੀ ਪ੍ਰਚੰਡ ਅਗਨੀ, ਜਿਹੜੀ ਉਸ ਸਮੇਂ ਭਿਆਨਕ ਰੂਪ ਧਾਰ ਚੁੱਕੀ ਸੀ, ਗੁਰੂ ਜੀ ਦੇ ਸਰੀਰ ਦੇ ਨੇੜੇ ਜਾ ਕੇ ਵੀ ਉਸ ਸਪਰਸ਼ ਨਾ ਕੀਤਾ॥੧੭॥

ਤਬਿ ਸਮਾਧਿ ਸਤਿਗੁਰੂ ਲਗਾਈ। ਜੋਗ ਅਗਨਿ ਤੂਰਨ ਉਪਜਾਈ।
ਚਢਿ ਅਕਾਸ਼ ਕੇ ਪੰਥ ਪਧਾਰੇ। 'ਹਾਇ ਹਾਇ' ਨਰ ਖਰੇ ਪੁਕਾਰੇ॥ ੧੮॥

ਤਦ ਸਤਿਗੁਰੂ ਜੀ ਨੇ ਸਮਾਧੀ ਲਾਈ ਤੇ ਆਪਣੀ ਇੱਛਾ ਅਨੁਸਾਰ ਬ੍ਰਹਮਰੰਧਰ ਦੇ ਰਸਤੇ ਆਤਮਾ ਨੂੰ ਸਰੀਰ ਤੋਂ ਵੱਖ ਕਰ ਲਿਆ। ਫਿਰ ਅਕਾਸ਼ ਉੱਪਰ ਚੜ੍ਹ ਕੇ ਆਪਣਾ ਮਾਰਗ ਫੜਿਆ। ਉਥੇ ਖੜੇ ਮਨੁੱਖ 'ਹਾਇ ਹਾਇ' ਪੁਕਾਰ ਰਹੇ ਸਨ॥੧੮॥

'ਜੈ ਜੈ' ਸ਼ਬਦ ਗਗਨ ਮਹਿਂ ਹੋਵਾ। ਸੁਨਜੋਂ ਸ਼੍ਰੌਨ ਕੁਛ ਨੈਨ ਨ ਜੋਵਾ।
ਗਨ ਦੇਵਨ ਮਹਿਂ ਨੌਬਤ ਬਾਜੇ। ਸੁਨਤਿ ਸਕਲ ਜਿਮ ਨੀਰਧ ਗਾਜੇ॥੧੯॥

ਉਸ ਸਮੇਂ ''ਜੈ ਜੈ'' ਸ਼ਬਦ ਅਕਾਸ਼ ਵਿਚ ਹੋਇਆ, ਸਾਰਿਆਂ ਸਿੰਘਾਂ ਨੇ ਆਪਣੇ ਕੰਨਾਂ ਨਾਲ ਸੁਣਿਆ ਪਰ ਅੱਖਾਂ ਨਾਲ ਕੁਝ ਨਾ ਵੇਖਿਆ। ਦੇਵਤਿਆਂ ਦੇ ਫਿਰ ਬਹੁਤ ਨਗਾਰੇ ਵੱਜੇ, ਸਾਰੇ ਸੁਣ ਰਹੇ ਸਨ, ਇੰਝ ਲਗਦਾ ਸੀ, ਜਿਵੇਂ ਬੱਦਲ ਗੱਜ ਰਹੇ ਹੋਣ॥੧੯॥

ਪਰੀ ਗੂੰਜ ਇਕਬਾਰ ਬਿਸਾਲਾ। ਜਨੁ ਗਾਜਤਿ ਮਧੁਰੀ ਘਨ ਮਾਲਾ।
ਭਯੋ ਅਕਾਸ਼ ਪ੍ਰਕਾਸ਼ ਮਹਾਨਾ। ਲਾਲ ਬਰਣ ਸਭਿ ਕੋ ਦ੍ਰਿਸ਼ਟਾਨਾ॥ ੨੦॥

ਇਕ ਵਾਰ ਵਿਸ਼ਾਲ ਗੂੰਜ ਪੈ ਗਈ, ਜਿਵੇਂ ਬੱਦਲਾਂ ਦੀ ਇਕ ਲੜੀ ਬਹੁਤ ਮਿੱਠੀ ਆਵਾਜ਼ ਵਿਚ ਗੱਜ ਰਹੀ ਹੋਵੇ। ਅਕਾਸ਼ ਵਿਚ ਮਹਾਨ ਪ੍ਰਕਾਸ਼ ਹੋਇਆ। ਲਾਲ ਰੰਗ ਸਭ ਨੂੰ ਦਿਖਾਈ ਦਿੱਤਾ॥ ੨੦॥

ਜਨੁ ਬਰਖਾ ਕਰਿ ਕੁਛ ਘਨ ਲਟੇ। ਸਾਵਣ ਕੀ ਸੰਧਜਾ ਮਹਿਂ ਫਟੇ।
ਸੂਰਜ ਕਿਰਣ ਸਜਲ ਤੇ ਬਰਣ। ਤਿਸ ਬਿਧਿ ਦਿਖਿਯਤਿ ਪੀਤ ਕਿ ਅਰਣ॥੨੧॥

ਜਿਵੇਂ ਬਹੁਤ ਵਰਖਾ ਕਰਕੇ ਬੱਦਲ ਹੱਟ ਜਾਂਦੇ ਹਨ ਤੇ ਸਾਵਣ ਦੀ ਸ਼ਾਮ ਹੋਣ ਸਮੇਂ ਪਾਟ ਜਾਂਦੇ ਹਨ। ਜਲ ਸਹਿਤ ਸੂਰਜ ਦੀਆਂ ਕਿਰਣਾਂ ਦਾ ਰੰਗ ਲਾਲ ਹੋ ਜਾਂਦਾ ਹੈ, ਉਸ ਵਿਧੀ ਅਨੁਸਾਰ ਅਕਾਸ਼ ਵਿਚ ਪੀਲਾ ਜਾਂ ਲਾਲ ਰੰਗ ਦਿਖਾਈ ਦਿੱਤਾ॥ ੨੧॥

ਭੀਰ ਬਿਮਾਨਨ ਕੀ ਬਹੁ ਹੋਈ। ਗੁਰ ਆਗਵਨ ਜਾਨਿ ਸਭਿ ਕੋਈ।
ਗੀਰਬਾਣ ਪਹੁੰਚੇ ਸਮੁਦਾਏ। ਜੈ ਜੈ ਧੁਨਿ ਤੇ ਰੌਰ ਉਠਾਏ॥ ੨੨॥

ਵਿਮਾਣਾਂ ਦੀ ਬਹੁਤ ਭੀੜ ਲੱਗ ਗਈ, ਗੁਰੂ ਜੀ ਦੇ ਆਉਣ ਬਾਰੇ ਸਾਰਿਆਂ ਨੇ ਜਾਣ ਲਿਆ। ਸਾਰੇ ਦੇਵਤੇ ਇਕੱਠੇ ਹੋ ਕੇ ਉਥੇ ਪਹੁੰਚੇ। ਉਹ ਜੈ ਜੈ ਦੀ ਧੁਨੀ ਕਰਕੇ ਰੌਲਾ ਪਾਉਂਦੇ ਸਨ॥ ੨੨॥

ਵਾਹਿਗੁਰੂ ਜੀ ਕੀ ਕਹਿ ਫਤੇ। ਮਿਲੇ ਦੇਵਤਾ ਕੇ ਗਨ ਜਿਤੇ।
'ਧੰਨ ਗੁਰੂ ਸਭਿ ਕਾਰਜ ਕਰੇ। ਦੁਸ਼ਟਨ ਕੁਲ ਬਲ ਤੇ ਪਰਿਹਰੇ'॥ ੨੩॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਕਹਿ ਕਹਿ ਦੇਵਤਿਆਂ ਦੇ ਬਹੁਤ ਸਮੂਹ ਮਿਲੇ ਤੇ ਕਹਿਣ ਲੱਗੇ, ''ਧੰਨ ਸਤਿਗੁਰੂ ਜੀ ਸਾਰੇ ਕਾਰਜ ਕਰ ਆਏ ਹਨ, ਕੁਲ ਦੁਸ਼ਟਾਂ ਨੂੰ ਆਪਣੀ ਸ਼ਕਤੀ ਨਾਲ ਦੂਰ ਕਰ ਦਿੱਤਾ ਹੈ''॥ ੨੩॥

*ਸ੍ਵੈਯਾ*-ਪੰਕਜ ਪੂਤ, ਵਿਭੂਤ ਮਿਲੇ ਸ਼ਿਵ, ਆਨਿ ਮਿਲੇ ਪੁਰਹੂਤ ਸਮੇਤਾ।
ਨਾਰਦ ਗਾਵਤਿ ਬਣ ਲਏ ਗੁਰ ਨਾਨਕ ਕੇ ਪਦ ਜੋ ਸੁਖ ਹੇਤਾ।
ਆਦਿ ਹੁਤਾਸਨ ਦੇਵ ਸਬੈ ਬਰ ਦੇਵਵਧੂ ਹੁਇ ਮੋਦਨਿਕੇਤਾ।
ਕੌਤਕ ਭਾਂਤਿ ਅਨੇਕ ਨਿਹਾਰਹਿਂ ਕੈ ਦਿਖਰਾਇਂ ਬਿਬੇਕ ਸੰਕੇਤਾ॥ ੨੪॥

ਬ੍ਰਹਮਾ, ਸ਼ਿਵਜੀ, ਇੰਦਰ ਸਮੇਤ ਸਾਰੇ ਆ ਮਿਲੇ। ਨਾਰਦ ਵੀਣਾ ਲੈ ਕੇ ਗਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਦੀ ਪਦਵੀ ਬਹੁਤ ਸੁਖਾਂ ਵਾਸਤੇ ਹੈ, ਹੋਰ ਅਗਨੀ ਦੇਵਤਾ ਆਦਿ ਸਾਰੇ ਆਏ ਤੇ ਦੇਵਤਿਆਂ ਦੀਆਂ ਪਤਨੀਆਂ ਤਾਂ ਖੁਸ਼ੀ ਦਾ ਘਰ ਹੋ ਗਈਆਂ ਭਾਵ ਬਹੁਤ ਪ੍ਰਸੰਨ ਹੋਈਆਂ। ਅਨੇਕ ਤਰ੍ਹਾਂ ਦੇ ਅਦਬ ਸਤਿਕਾਰ ਤੇ ਗੁਣਾਂ ਵਾਲੇ ਕੌਤਕ ਕਈ ਦੇਵਤੇ ਤਾਂ ਕਰ ਰਹੇ ਸਨ ਤੇ ਕਈ ਵੇਖ ਰਹੇ ਸਨ, ਪਰ ਉਨ੍ਹਾਂ ਕੌਤਕਾਂ ਵਿਚ ਅਨੇਕ ਪ੍ਰਕਾਰ ਦੇ ਬਿਬੇਕ ਦੇ ਇਸ਼ਾਰੇ ਸਨ॥ ੨੪॥

'ਸ੍ਰੀ ਗੁਰ ਤੇਗ ਬਹਾਦਰ ਨੰਦਨ ਬੰਦਨ ਜੋਗ ਨਿਕੰਦਨ ਹੇ ਦੁਖ।
ਪੰਥ ਰਚਜੋ, ਸੁਭ ਗ੍ਰੰਥ ਸਚਜੋ, ਅਰਿ ਪੁੰਜ ਪਚਜੋ ਅਰ ਕੈਠ ਲਹਜੋ ਸੁਖ।
ਤੇਜ ਬਿਸਾਲ ਕ੍ਰਿਪਾਲ ਸਦਾ ਬਿਕਸਜੋ ਅਰਬਿੰਦ ਬਿਲੰਦ ਦਿਪੈ ਮੁਖ।
ਹਿੰਦਨ ਬ੍ਰਿੰਦ ਕੀ ਲਾਜ ਰਖੀ, ਤੁਰਕਾਨ ਪ੍ਰਤਾਪ ਖਪਾਇ ਰਿਸੇ ਚੁਖ॥ ੨੫॥

ਕਹਿੰਦੇ ਸਨ, ''ਸ੍ਰੀ ਗੁਰੂ ਤੇਗ ਬਹਾਦਰ ਦੇ ਪੁੱਤਰ ਬੰਦਨਾ ਯੋਗ ਹਨ, ਜਿਨ੍ਹਾਂ ਕਰਕੇ ਸਾਰੇ ਦੁਖ ਦੂਰ ਹੁੰਦੇ ਹਨ। ਇਕ ਨਵੇਂ ਪੰਥ ਦੀ ਰਚਨਾ ਕੀਤੀ ਹੈ, ਸ਼ੁਭ ਗ੍ਰੰਥ ਤਿਆਰ ਕੀਤਾ ਹੈ ਤੇ ਬਹੁਤ ਵੈਰੀਆਂ ਨੂੰ ਮਾਰ ਖਪਾਇਆ ਹੈ ਅਤੇ ਬੜਾ ਸੁਖ ਇਕੱਠਾ ਕਰ ਲਿਆ ਹੈ। ਕ੍ਰਿਪਾਲੂ ਸਤਿਗੁਰੂ ਜੀ ਦਾ ਸਦਾ ਵਿਸ਼ਾਲ ਤੇਜ ਹੈ, ਮੁਖੜਾ ਇੰਝ ਚਮਕ ਰਿਹਾ ਹੈ ਮਾਨੋ ਕੰਵਲ ਦਾ ਫੁੱਲ ਖਿੜਿਆ ਹੈ। ਬਹੁਤ ਹਿੰਦੂਆਂ ਦੀ ਲਾਜ ਰੱਖੀ ਹੈ, ਤੁਰਕਾਂ ਦੇ ਪ੍ਰਤਾਪ ਨੂੰ ਰਤੀ ਕੁ ਭਰ ਗੁੱਸੇ ਨਾਲ ਖਪਾ ਦਿੱਤਾ ਹੈ॥ ੨੫॥

ਹੋਤਿ ਕੁਲਾਹਲ ਦੇਵਨ ਮਹਿਂ ਗਨ ਦੇਵਵਧੂ ਬਹੁ ਨਾਚਤਿ ਹੈਂ।
ਮੰਗਲ ਕੋ ਸਰਬੰਗ ਧਰੈਂ ਜੈ ਬਾਕ ਉਤੰਗ ਉਬਾਚਤਿ ਹੈਂ।
ਬਾਜਤਿ ਬ੍ਰਿੰਦ ਮ੍ਰਿਦੰਗ, ਉਪੰਗ, ਮਚੰਗ, ਸੁਰੰਗਨਿ ਰਾਚਤਿ ਹੈਂ।
ਜਾਚਤਿ ਹੈਂ ਦਰਸੰਨ ਪ੍ਰਸੰਨਹਿਂ 'ਧੰਨ ਗੁਰੂ' ਮੁਦ ਮਾਚਤਿ ਹੈਂ॥ ੨੬॥

ਦੇਵਤਿਆਂ ਵਿਚ ਵੱਡਾ ਕੁਲਾਹਲ ਮਚਿਆ ਹੋਇਆ ਸੀ ਤੇ ਦੇਵਤਿਆਂ ਦੀਆਂ ਬਹੁਤ ਪਤਨੀਆਂ ਨੱਚ ਰਹੀਆਂ ਸਨ।

ਸਾਰਿਆਂ ਨੇ ਅਨੰਦ ਮੰਗਲ ਧਾਰਨ ਕੀਤਾ ਹੋਇਆ ਸੀ ਤੇ ਬਹੁਤ ਉੱਚੀ-ਉੱਚੀ 'ਜੈ ਜੈ' ਬੋਲਦੇ ਸਨ। ਬਹੁਤ ਮ੍ਰਿਦੰਗ, ਗਲ ਵਿਚ ਪਾਉਣ ਵਾਲੇ ਨਸਤੂੰਗ, ਸਾਰੰਗੀਆਂ ਵੱਜ ਰਹੀਆਂ ਸਨ। ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਤੇ 'ਧੰਨ ਗੁਰੂ ਜੀ' ਕਹਿ ਕੇ ਖ਼ੁਸ਼ੀ ਵਿਚ ਮਚਦੇ ਸਨ॥ ੨੬॥

ਸ੍ਰੀ ਗੁਰ ਤੇਗ ਬਹਾਦਰ ਨੰਦ ਕੇ ਆਦਰ ਕਾਰਨ ਦੇਵ ਮਿਲੇ।
ਧੀਰ ਬਹਾਦਰ ਕੋ ਅਵਿਲੋਕ ਅਸ਼ੋਕ ਭਏ ਗਨ ਸੰਗ ਚਲੇ।
ਸ੍ਰੀ ਪ੍ਰਭੁ ਹੇਰਿ ਸਮੂਹਨ ਕੋ ਮਿਲਿ ਰੀਤਿ ਜਥੋਚਿਤ ਕੀਨ ਭਲੇ।
ਕੌਤਕ ਹ੍ਵੈ ਉਤਸਾਹਨ ਕੇ ਇਮ ਆਪਸ ਮਹਿਂ ਹਰਖਾਇ ਚਲੇ॥ ੨੭॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਦਾ ਆਦਰ ਕਰਨ ਵਾਸਤੇ ਦੇਵਤੇ ਇਕੱਠੇ ਹੋਏ ਸਨ। ਧੀਰ ਬਹਾਦਰ ਨੂੰ ਵੇਖ ਕੇ ਸ਼ੋਕ ਰਹਿਤ ਹੋ ਗਏ ਤੇ ਬਹੁਤ ਨਾਲ ਹੀ ਚਲ ਪਏ। ਸਤਿਗੁਰੂ ਜੀ ਨੇ ਸਾਰਿਆਂ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਮਿਲ ਕੇ ਭਲੀ ਪ੍ਰਕਾਰ ਉਨ੍ਹਾਂ ਦੇ ਚਿੱਤ ਅਨੁਸਾਰ ਰੀਤੀ ਕੀਤੀ। ਉਤਸਾਹ ਭਰਪੂਰ ਬਹੁਤ ਕੌਤਕ ਹੋਏ, ਇਸ ਪ੍ਰਕਾਰ ਆਪਸ ਵਿਚ ਪ੍ਰਸੰਨ ਹੋ ਕੇ ਚੱਲ ਪਏ॥ ੨੭॥

ਦੋਹਰਾ- ਇਸ ਪ੍ਰਕਾਰ ਸੁਰਲੋਕ ਮਹਿਂ ਦੇਵਨ ਉਤਸਵ ਕੀਨ।
ਪੌਰ ਪੌਰ ਸਭਿ ਠੌਰ ਮਹਿਂ ਮੰਗਲ ਮੋਦ ਪ੍ਰਬੀਨ॥ ੨੮॥

ਇਸ ਪ੍ਰਕਾਰ ਦੇਵ ਲੋਕ, ਦੇਵਤਿਆਂ ਨੇ ਬਹੁਤ ਵੱਡਾ ਉਤਸਵ ਕੀਤਾ। ਦਰਵਾਜ਼ੇ-ਦਰਵਾਜ਼ੇ, ਸਭ ਸਥਾਨਾਂ 'ਤੇ ਬਹੁਤ ਅਨੰਦ ਮੰਗਲ ਹੋਇਆ॥ ੨੮॥

ਸੈਯਾ-ਛੋਰਿਕੈ ਪੌਰ ਕੀ ਠੌਰ ਕਨਾਤ ਤੇ ਬਾਹਿਰ ਆਨਿ ਥਿਰੇ ਸਮੁਦਾਯਾ।
ਬੈਠਿ ਗਏ ਗਨ ਸਿੰਘ ਚਹੂੰਦਿਸ਼ਿ ਲੋਚਨ ਤੇ ਜਲ ਪੁੰਜ ਬਹਾਯਾ।
ਸੂਰਤਿ ਸ੍ਰੀ ਗੁਰ ਕੀ ਮ੍ਰਿਦੁ ਮੂਰਤਿ ਧ੍ਯਾਨ ਧਰੇ ਮਨ ਕੋ ਠਹਿਰਾਯਾ।
ਬ੍ਰਿੰਦ ਭਲੇ ਗੁਨ ਕੋ ਸਿਮਰੈਂ ਸ਼ੁਭ ਸ਼ੀਲ ਸਰਾਹਿਤਿ ਦੀਰਘ ਦਾਯਾ॥੨੯॥

ਕਨਾਤ ਵਿਚ ਦਰਵਾਜ਼ੇ ਵਾਲਾ ਥਾਂ ਛੱਡ ਕੇ, ਸਿੰਘ ਬਾਹਰ ਆ ਕੇ ਇਕੱਠੇ ਹੋ ਕੇ ਬੈਠ ਗਏ ਤੇ ਉਨ੍ਹਾਂ ਨੇ ਨੈਣਾਂ ਵਿਚੋਂ ਬਹੁਤ ਜਲ ਬਹਾਇਆ। ਫਿਰ ਸਤਿਗੁਰੂ ਜੀ ਦੀ ਮਿੱਠੀ ਮੂਰਤ ਦਾ ਧਿਆਨ ਧਰ ਆਪਣੇ ਮਨਾਂ ਨੂੰ ਠਹਿਰਾਇਆ। ਸਾਰੇ ਗੁਰੂ ਜੀ ਦੇ ਭਲੇ ਗੁਣਾਂ ਨੂੰ ਯਾਦ ਕਰਦੇ ਸਨ। ਸ਼ੁਭ ਸ਼ੀਲ ਕਹਿ ਕੇ ਸ਼ਲਾਘਾ ਕਰਦੇ ਸਨ, ਜਿਹੜੇ ਵੱਡੇ ਦਾਈਏ ਵਾਲੇ ਸਨ॥ ੨੯॥

'ਸ੍ਰੀ ਪ੍ਰਭੁ! ਸਿੰਘ ਕਦੰਬ ਪੰਜਾਬ ਕੇ ਕੌਨ ਅਲੰਬ ਇਹਾਂ ਹਮ ਕੇਰਾ।
ਕੌਨ ਕੇ ਹੋਇ ਸਮੀਪ ਥਿਰੈਂ ਨਿਤ, ਕਾਹਿ ਪਿਖੈਂ ਸਭਿ ਸੰਝ ਸਵੇਰਾ।
ਸ੍ਰੀ ਮੁਖ ਤੇ ਬਿਨ ਚਾਰੁ ਗਿਰਾ ਕਿਸ ਤੇ ਉਪਦੇਸ਼ ਸੁਨੈਂ ਕਰਿ ਘੇਰਾ।
ਦੇਖਿ ਕਿਸੇ ਹਮ ਆਨੰਦ ਪਾਵਹਿਂ ਲੋਕ ਦੁਹੂੰ ਵਿਸ਼ਵਾਸ਼ ਵਡੇਰਾ ?'॥੩੦॥

"ਹੇ ਸਤਿਗੁਰੂ ਜੀ! ਅਸੀਂ ਸਾਰੇ ਪੰਜਾਬ ਦੇ ਸਿੰਘ ਹਾਂ, ਹੁਣ ਸਾਡਾ ਏਥੇ ਆਸਰਾ ਕੌਣ ਹੈ। ਹੁਣ ਨਿਤ ਕਿਸ ਦੇ ਨੇੜੇ ਹੋ ਕੇ ਖਲੋਈਏ, ਹੁਣ ਸ਼ਾਮ ਸਵੇਰੇ ਕਿਸ ਨੂੰ ਵੇਖੀਏ। ਆਪ ਜੀ ਦੇ ਮੁਖ ਤੋਂ ਬਗੈਰ ਹੁਣ ਸੁੰਦਰ ਆਵਾਜ਼ ਵਿਚ ਕਿਸ ਪਾਸੋਂ ਉਪਦੇਸ਼ ਸੁਣੀਏ। ਹੁਣ ਕਿਸ ਨੂੰ ਵੇਖ ਕੇ ਅਨੰਦ ਪਾਈਏ, ਹੁਣ ਦੋਹਾਂ ਲੋਕਾਂ ਵਿਚ ਕਿਸ ਉੱਪਰ ਵੱਡਾ ਵਿਸ਼ਵਾਸ ਕਰੀਏ?"॥ ੩੦॥

ਲੋਚਨ ਤੇ ਜਲ ਮੋਚਤਿ ਸੋਚਤਿ ਨਿੰਮ੍ਰਿ ਕਰੈਂ ਮੁਖਿ, ਹੀ ਦੁਚਿਤਾਈ।
ਏਕ ਕੇ ਸੰਗ ਨ ਦੂਸਰ ਬੋਲਤਿ ਦੇਖਨ ਕੋ ਨਹਿਂ ਦ੍ਰਿਸ਼ਟਿ ਚਲਾਈ।

ਜਯੋਂ ਬਹੁ ਨਾਗਨ ਕੀ ਮਣਿ ਏਕ, ਭਈ ਕਿਤ ਲੋਪ, ਨਹੀਂ ਪੁਨ ਪਾਈ।
'ਭਾਗ ਬਿਹੀਨ ਬਿਯੋਗ ਸਹਯੋ, ਗੁਰ ਸੰਗ ਗਏ ਨ ਸਰੀਰ ਬਿਹਾਈ॥ ੩੧॥

ਨੈਣਾਂ ਵਿਚੋਂ ਜਲ ਵੱਗਦਾ ਹੈ, ਸੋਚ ਕੇ ਮੂੰਹ ਨੀਵੇਂ ਕਰਦੇ ਹਨ ਤੇ ਹਿਰਦੇ ਵਿਚ ਚਿੰਤਾ ਹੈ। ਇਕ ਦੇ ਨਾਲ ਦੂਸਰਾ ਨਹੀਂ ਬੋਲਦਾ ਹੈ, ਏਥੋਂ ਤਕ ਕਿ ਕੋਈ ਵੇਖਣ ਵਾਸਤੇ ਵੀ ਦ੍ਰਿਸ਼ਟੀ ਨਹੀਂ ਚਲਾਉਂਦਾ ਹੈ। ਜਿਵੇਂ ਬਹੁਤ ਨਾਗਾਂ ਦੀ ਇਕ ਮਣੀ ਹੋਵੇ ਜਿਹੜੀ ਅਲੋਪ ਹੋ ਗਈ ਹੋਵੇ ਤੇ ਫਿਰ ਮੁੜ ਕੇ ਪ੍ਰਾਪਤ ਨਾ ਹੋਈ ਹੋਵੇ। "ਅਸੀਂ ਮਾੜੇ ਭਾਗਾਂ ਵਾਲਿਆਂ ਨੇ ਵਿਛੋੜਾ ਬਰਦਾਸ਼ਤ ਕੀਤਾ ਹੈ, ਆਪਣੇ ਸਰੀਰ ਛੱਡ ਕੇ ਗੁਰੂ ਜੀ ਨਾਲ ਨਹੀਂ ਚਲੇ ਗਏ ਹਾਂ॥ ੩੧॥

ਪੇਖਹੁ ਪ੍ਰੀਤਿ ਪਤੰਗਨ ਕੀ ਛਿਨਮੈਂ ਤਨ ਦੇਤਿ ਬਿਲੋਕਿ ਪ੍ਰਕਾਸ਼ਾ।
ਨਾਦ ਸੁਨੇ ਅਹਿਲਾਦ ਰਿਦੈ ਕਰਿ ਹ੍ਵੈ ਵਿਸਮਾਦ ਤੇ ਏਣੁ ਬਿਨਾਸਾ।
ਏਕ ਸੁਗੰਧਿ ਤੇ ਅੰਧ ਮਧੂ ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ ਮਹਿਂ ਫਾਸਾ।
ਮੀਨ ਰਹੈ ਜਲ ਤੇ ਸੁਚ ਸੋਂ, ਬਿਛਰੇ ਮਰਿ ਜਾਤਿ, ਸੁ ਪ੍ਰੇਮ ਉਪਾਸਾ॥ ੩੨॥

ਪਤੰਗਿਆਂ ਦੀ ਪ੍ਰੀਤ ਵੇਖੋ, ਇਕ ਛਿਣ ਵਿਚ ਪ੍ਰਕਾਸ਼ ਵੇਖ ਕੇ ਸਰੀਰ ਵਾਰ ਦਿੰਦਾ ਹੈ। ਹਿਰਨ ਘੰਟੀ ਦੀ ਆਵਾਜ਼ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦਾ ਹੈ ਤੇ ਇਸ ਪ੍ਰਕਾਰ ਹਿਰਨ ਆਪਣਾ ਆਪ ਨਾਸ਼ ਕਰਵਾ ਲੈਂਦਾ ਹੈ। ਇਕ ਸੁਗੰਧੀ ਨਾਲ ਅੰਨ੍ਹਾ ਹੋਇਆ ਭੋਰਾ ਆਨੰਦ ਵਿਚ ਆ ਕੇ ਕੰਵਲ ਫੁੱਲ ਦੇ ਉੱਤੋਂ ਉਠਦਾ ਨਹੀਂ ਤੇ ਰਾਤ ਨੂੰ ਉਸ ਦੀ ਲਪੇਟ ਵਿਚ ਆਇਆ ਉਥੇ ਹੀ ਫਸ ਕੇ ਮਰ ਜਾਂਦਾ ਹੈ। ਮੱਛੀ ਸਦਾ ਜਲ ਵਿਚ ਰਹਿੰਦੀ ਹੈ, ਪਰ ਜਲ ਤੋਂ ਵਿਛੜਦੀ ਹੈ ਤਾਂ ਮਰ ਜਾਂਦੀ ਹੈ, ਐਸਾ ਵਿਸ਼ੇਸ਼ ਪ੍ਰੇਮ ਉਸ ਪਾਸ ਹੈ॥ ੩੨॥

ਕਹਾ ਇਹ ਜੰਤੁ ਮਲੀਨ ਮਹਾਂ, ਕਰਿ ਪ੍ਰੇਮ ਕੋ ਦੇਤਿ ਹੈਂ ਆਪਨੇ ਪ੍ਰਾਨਾ।
ਹੈ ਹਮਰੋ ਤਨ ਮਾਨੁਖ ਕੋ ਸਭਿ ਜਾਨਤਿ ਹੈਂ ਮਨ ਲਾਭ ਰੁ ਹਾਨਾ।
ਸ੍ਰੀ ਗੁਰ ਪ੍ਰੀਤਿ ਸਦਾ ਸੁਖਦਾ ਦੁਹਿ ਲੋਕਨ ਮੈਂ ਕਰਤੀ ਸੁ ਕਲਜਾਨਾ।
ਸੋ ਹਮ ਜਾਨਿ ਮਹਾਤਮ ਕੋ ਨਿਰਬਾਹਿ ਨ ਕੀਨ ਭਏ ਅਨਜਾਨਾ॥ ੩੩॥

ਇਹ ਜੀਵ ਜੰਤੂ ਕੈਸੇ ਮਹਾਂ ਮਲੀਨ ਹਨ, ਪ੍ਰੇਮ ਵਾਸਤੇ ਆਪਣੀ ਜਾਨ ਦੇ ਦਿੰਦੇ ਹਨ। ਸਾਡਾ ਤਨ ਮਨੁੱਖ ਦਾ ਹੈ, ਸਾਰੇ ਮਨ ਵਿਚ ਲਾਭ ਹਾਣ ਜਾਣਦੇ ਹਾਂ। ਸਤਿਗੁਰੂ ਜੀ ਦੀ ਪ੍ਰੀਤ ਸਦਾ ਸੁਖਦਾਈ ਹੈ, ਇਹ ਦੋਵਾਂ ਲੋਕਾਂ ਵਿਚ ਕਲਿਆਣ ਕਰਦੀ ਹੈ। ਇਸ ਕਰਕੇ ਅਸੀਂ ਮਹਾਤਮ ਜਾਣ ਕੇ ਪ੍ਰੇਮ ਦਾ ਨਿਰਬਾਹ ਨਾ ਕੀਤਾ, ਅਨਜਾਣ ਬਣੇ ਰਹੇ॥ ੩੩॥

ਪਾਹਨ ਤੇ ਨਿਠਰੋ ਹਮਰੋ ਉਰ ਪ੍ਰੀਤਮ ਕੇਰ ਬਿਯੋਗ ਸਹਾਰਾ।
ਜਾਂਹਿ ਬਿਨਾਂ ਸੁਖ ਲੇਸ਼ ਨਹੀਂ ਦੁਹਿਂ ਲੋਕਨ ਕੋ ਪ੍ਰਭੁ ਮਾਲਿਕ ਭਾਰਾ।
ਤਾਂ ਬਿਨ ਬੈਠਿ ਰਹੇ ਬਨਿ ਦੀਨ, ਗਏ ਨਹਿਂ ਸਾਥ ਜੁ ਨਾਥ ਉਦਾਰਾ।
ਭੂਰ ਬਿਮੂਰਤਿ ਹੈਂ ਬਨ ਮੂਰਤਿ ਅੰਗ ਅਡੋਲ ਥਿਰੇ ਇਕਸਾਰਾ॥ ੩੪॥

ਪੱਥਰ ਤੋਂ ਵੀ ਸਖਤ ਸਾਡਾ ਦਿਲ ਹੈ, ਜਿਨ੍ਹਾਂ ਆਪਣੇ ਪ੍ਰੀਤਮ ਦਾ ਵਿਛੋੜਾ ਸਹਾਰਿਆ ਹੈ। ਜਿਸ ਤੋਂ ਬਗੈਰ ਲੇਸ਼ ਮਾਤ੍ਰ ਵੀ ਸੁਖ ਨਹੀਂ, ਪ੍ਰਭੂ ਜੀ ਦੋਵਾਂ ਲੋਕਾਂ ਦੇ ਮਾਲਕ ਹਨ। ਉਨ੍ਹਾਂ ਤੋਂ ਬਗੈਰ ਦੀਨ ਬਣ ਕੇ ਬੈਠ ਰਹੇ ਹਾਂ, ਉਨ੍ਹਾਂ ਦੇ ਨਾਲ ਨਹੀਂ ਗਏ, ਜਿਹੜੇ ਵੱਡੇ ਨਾਥ ਹਨ। ਮੁਰਝਾਏ ਹੋਏ ਮੂਰਤੀਆਂ ਬਣ ਕੇ ਬੈਠੇ ਹਾਂ ਤੇ ਸਾਡੇ ਅੰਗ ਅਡੋਲ, ਇਕਸਾਰ ਬੈਠੇ ਹਨ॥ ੩੪॥

ਸ੍ਰੀ ਗੁਰ ਆਇਸੁ ਕੇ ਬਸਿ ਹ੍ਵੈ ਕਰਿ ਪ੍ਰਾਤ ਲੌ ਚਾਰਹੁੰ ਓਰ ਖਿਰੇ।
ਦਾਸ ਤੁਰੰਗਨ ਮਹਿਂ ਗਮਨਜੋਂ ਇਕ, ਰੰਗ ਕੁਮੈਤ ਨ ਡੀਠ ਪਰੇ।
ਦਾਮ ਖੁਲੇ ਅਗਵਾਰ ਪਿਛਾਰਿ, ਬਿਲੋਕਤਿ ਭਾ ਤਿਸ ਥਾਨ ਪਰੇ।
'ਕੌਨਸੇ ਪੰਥ ਉਲੰਘ ਗਯੋ ਤਿਸ ਰੀਤ ਰਹੇ ਇਹ ਦ੍ਵਾਰ ਭਿਰੇ'॥ ੩੫॥

ਸਤਿਗੁਰੂ ਜੀ ਦੀ ਆਗਿਆ ਦੇ ਵੱਸ ਹੋ ਕੇ ਸਵੇਰ ਤਕ ਸਿੰਘ ਚਾਰੇ ਪਾਸੇ ਖੜੇ ਰਹੇ। ਇਕ ਸੇਵਕ ਘੋੜਿਆਂ ਵਿਚ ਗਿਆ, ਉਸ ਨੇ ਉਥੇ ਕੁਮੈਤ ਨਾਮ ਦਾ ਘੋੜਾ ਨਾ ਵੇਖਿਆ। ਘੋੜੇ ਦੇ ਅਗਲੇ ਪਿਛਲੇ ਰੱਸੇ ਖੁਲ੍ਹੇ ਸਨ ਤੇ ਉਹ ਰੱਸੇ ਉਸ ਥਾਂ ਹੀ ਪਏ ਹੋਏ ਉਸ ਨੇ ਵੇਖੇ। "ਕਿਹੜੇ ਰਾਹ ਥਾਣੀ ਲੰਘ ਕੇ ਚਲੇ ਗਿਆ ਹੈ, ਇਹ ਦਰਵਾਜ਼ੇ ਤਾਂ ਪੂਰੀ ਤਰ੍ਹਾਂ ਬੰਦ ਰਹੇ ਹਨ"॥ ੩੫॥

ਆਨਿ ਭਨਜੋਂ ਸਭਿ ਸਿੰਘਨ ਬੀਚ 'ਤੁਰੰਗ ਕੁਮੈਤ ਨਹੀਂ ਨਿਜ ਥਾਨੇ।
ਜ਼ੀਨ ਕੋ ਪਾਇਕੈ ਤਜਾਰ ਕਰੇ ਸਭਿ ਏਕ ਪੈ ਆਪ ਚਢੇ ਪ੍ਰਸਥਾਨੇ'।
ਸ੍ਰੌਨ ਸੁਨੇ ਬਿਸਮਾਇ ਬਿਲੋਕਤਿ 'ਏਕ ਨਹੀਂ, ਹਿਤ ਜਾਂ ਪਰ ਠਾਨੇ।
ਔਰ ਖਰੇ ਅਸੁ ਮੋਚਤਿ ਹੈਂ ਅਸੁ, ਹੀਯ ਸੰਦੇਹ ਭਏ, ਕਿਮ ਜਾਨੇ'॥ ੩੬॥

ਉਸ ਸੇਵਕ ਨੇ ਆ ਕੇ ਸਾਰੇ ਸਿੰਘਾਂ ਨੂੰ ਸੁਣਾਇਆ, "ਕੁਮੈਤ ਨਾਮ ਦਾ ਘੋੜਾ ਆਪਣੇ ਸਥਾਨ ਵਿਖੇ ਨਹੀਂ ਹੈ। ਕਾਠੀ ਪਾ ਕੇ ਪੂਰੀ ਤਰ੍ਹਾਂ ਤਿਆਰ ਕੀਤਾ ਹੈ, ਉਸ ਉੱਪਰ ਆਪ ਚੜ੍ਹ ਕੇ ਚਲੇ ਗਏ ਹਨ।" ਕੰਨਾਂ ਨਾਲ ਸੁਣ ਕੇ ਤੇ ਵੇਖ ਕੇ ਬਹੁਤ ਹੈਰਾਨ ਹੋਏ। "ਇਕ ਘੋੜਾ ਨਹੀਂ ਜਿਸ ਨਾਲ ਬਹੁਤ ਪਿਆਰ ਕਰਦੇ ਸਨ। ਹੋਰ ਖੜੇ ਘੋੜੇ ਵੀ ਅੱਥਰੂ ਕੇਰ ਰਹੇ ਹਨ, ਹਿਰਦੇ ਵਿਚ ਸੰਦੇਹ ਹੋਇਆ ਹੈ, ਹੁਣ ਕੀ ਜਾਣੀਏ"॥ ੩੬॥

ਦੋਇ ਘਰੀ ਜਬਿ ਦਜੋਸ ਚਢਜੋ ਬਹੁਰੋ ਚਿਤ ਸੋਚਤਿ ਸੰਕਟ ਪਾਏ।
ਈਂਧਨ ਲਜਾਵਨਿ ਹਾਰਿ ਹੁਤੋ ਤਿਨ ਬਾਹਰਿ ਸ੍ਰੀ ਪ੍ਰਭੁ ਕੋ ਦਰਸਾਏ।
ਆਇ ਗਯੋ ਪੁਨ ਸਿੰਘਨ ਮਹਿਂ ਜਹਿਂ ਸ਼ੋਕ ਸਮੇਤ ਰਿਦੈ ਸਮੁਦਾਏ।
ਹੇਰਿ ਖਰੋ ਹੁਇ ਦੀਨ ਸੰਦੇਸਹਿ 'ਮੋਹਿ ਮਿਲੇ ਗੁਰ ਦੂਰ ਸਥਾਏ॥ ੩੭॥

ਦੋ ਘੜੀਆਂ ਜਦ ਦਿਨ ਚੜ੍ਹੇ ਨੂੰ ਹੋ ਗਈਆਂ, ਚਿੱਤ ਵਿਚ ਸੋਚ-ਸੋਚ ਬਹੁਤ ਦੁਖ ਪਾ ਰਹੇ ਸਨ। ਇਕ ਲੱਕੜਾਂ ਲਿਆਉਣ ਵਾਲਾ ਸੀ, ਉਸ ਨੇ ਗੁਰੂ ਜੀ ਨੂੰ ਬਾਹਰ ਵੇਖਿਆ ਸੀ। ਉਹ ਫਿਰ ਸਿੰਘਾਂ ਵਿਚ ਆ ਗਿਆ, ਜਿੱਥੇ ਸਾਰੇ ਸਿੰਘ ਦੁਖ ਸਹਿਤ ਹਿਰਦੇ ਲੈ ਕੇ ਇਕੱਠੇ ਹੋ ਕੇ ਬੈਠੇ ਸਨ। ਉਸ ਨੇ ਵੇਖ ਕੇ ਖੜੇ ਹੋ ਕੇ ਸੁਨੇਹਾ ਦਿੱਤਾ, "ਮੈਨੂੰ ਗੁਰੂ ਜੀ ਇਕ ਦੂਰ ਸਥਾਨ ਤੇ ਮਿਲੇ ਹਨ॥ ੩੭॥

ਸ੍ਰੀ ਮੁਖ ਤੇ ਫੁਰਮਾਵਨ ਕੀਨਿ 'ਕਹੋ ਸਭਿ ਸਿੰਘਨ ਕੋ ਸਮੁਝਾਏ।
ਆਇ ਤੁਰੰਗਮ ਤੀਰ ਗਯੋ ਹਮ, ਵਾਹਿਨ ਬੇਗ ਬਲੀ ਚਪਲਾਏ।
ਸ਼ੋਕ ਨ ਚਿੰਤ ਕਰੋ ਚਿਤ ਮਹਿਂ ਸਤਿਨਾਮ ਜਪਹੁ ਹੁਇ ਅੰਤ ਸਹਾਏ'।
ਯੌਂ ਕਹਿ ਸ੍ਰੀ ਪ੍ਰਭੁ ਜਾਤਿ ਭਏ' ਸੁਨਿਕੈ ਗੁਰ ਬਾਤ ਸਬੈ ਬਿਸਮਾਏ॥ ੩੮॥

ਸਤਿਗੁਰੂ ਜੀ ਨੇ ਮੁਖ ਤੋਂ ਫੁਰਮਾਇਆ ਹੈ, "ਸਾਰੇ ਸਿੰਘਾਂ ਨੂੰ ਸਮਝਾ ਕੇ ਕਹੋ, ਘੋੜਾ ਸਾਡੇ ਪਾਸ ਆ ਗਿਆ ਹੈ, ਇਹ ਬਹੁਤ ਬਲਵਾਨ ਅਤੇ ਚੰਚਲ ਅਸਵਾਰੀ ਹੈ। ਚਿੱਤ ਵਿਚ ਕਿਸੇ ਪ੍ਰਕਾਰ ਦਾ ਦੁਖ ਨਾ ਮਨਾਓ, ਸਤਿਨਾਮ ਦਾ ਜਾਪ ਕਰੋ, ਜਿਹੜਾ ਅੰਤ ਸਮੇਂ ਸਹਾਇਕ ਹੋਵੇਗਾ।" ਇਸ ਪ੍ਰਕਾਰ ਕਹਿ ਕੇ ਪ੍ਰਭੂ ਜੀ ਚਲੇ ਗਏ। ਗੁਰੂ ਜੀ ਬਾਰੇ ਗੱਲ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ॥ ੩੮॥

ਦੋਹਰਾ- ਸੰਮਤ ਸੱਤ੍ਰਾ ਸੈਂ ਬਿਤੇ ਪੁਨ ਪੈਂਹਠ ਪਹਿਚਾਨ।
ਕਾਤਕ ਕੀ ਸੁਦਿ ਪੰਚਮੀ ਨਿਸ ਬੈਕੁੰਠ ਪਯਾਨ॥ ੩੯॥

ਸੰਮਤ ਸੱਤ੍ਰਾ ਸੋ ਬੀਤੀ ਫਿਰ ਪੈਂਠ ਪਹਿਚਾਣੋ, ਕੱਤਕ ਸੁੱਦੀ ਪੰਚਵੀਂ ਵਾਲੇ ਦਿਨ ਗੁਰੂ ਜੀ ਬੈਕੁੰਠ ਚਲੇ ਗਏ॥ ੩੯॥

*ਦੂਸਰੇ ਐਨ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥*

## *ਅਧਿਆਇ ਪੰਝੀਵਾਂ*

*ਇਕ ਸੰਤ ਨੂੰ ਦਰਸ਼ਨ, ਬਾਲੇ ਰਾਇ ਦੀ ਸਹਾਇਤਾ*

ਦੋਹਰਾ- ਸ਼ੋਕ ਕਰਹਿਂ ਬੈਠੇ ਸਕਲ ਸੁਨਿ ਤੁਰੰਗ ਕੀ ਬਾਤ।
ਨਿਜ ਵਾਹਨ ਕੋ ਲੇ ਗਏ ਗੁਰੂ ਬੀਰ ਬੱਖਜਾਤ॥ ੧॥

ਘੋੜੇ ਦੀ ਗੱਲ ਸੁਣ ਕੇ ਸਾਰੇ ਬੈਠੇ ਦੁਖੀ ਹੋ ਰਹੇ ਸਨ, ਸਤਿਗੁਰੂ ਜੀ ਆਪਣੇ ਘੋੜੇ ਨੂੰ ਲੈ ਗਏ ਹਨ, ਜਿਹੜੇ ਪ੍ਰਗਟ ਰੂਪ ਵਿਚ ਵੱਡੇ ਸੂਰਬੀਰ ਗੁਰੂ ਜੀ ਹਨ॥੧॥

ਚੌਪਈ-ਜਾਮ ਦਿਵਸ ਜਬਿ ਹੀ ਚਢਿ ਆਏ। ਚਿਤਵਹਿਂ ਗੁਰ ਚਰਿੱਤ੍ਰ ਬਿਸਮਾਏ।
ਏਕ ਸਾਧ ਪੁਨ ਚਲਿ ਕਰਿ ਆਯੋ। ਸਿੰਘਨ ਕੋ ਅਵਿਲੋਕ ਅਲਾਯੋ ॥੨ ॥

ਜਦ ਵੀ ਪਹਿਰ ਦਿਨ ਚੜ੍ਹ ਜਾਂਦਾ ਸੀ ਤਾਂ ਗੁਰੂ ਜੀ ਦੇ ਹੈਰਾਨੀ ਭਰੇ ਚਰਿੱਤ੍ਰਾਂ ਬਾਰੇ ਸੋਚਦੇ ਸਨ। ਇਕ ਸਾਧ ਫਿਰ ਚਲ ਕੇ ਆਇਆ ਤੇ ਉਹ ਸਿੰਘਾਂ ਨੂੰ ਵੇਖ ਕੇ ਬੋਲਿਆ॥ ੨ ॥

'ਤੁਮ ਕਿਮ ਬੈਠੇ ਹੋ ਮਿਲਿ ਕਰਿਕੈ? ਸ਼ੋਕ ਸਚਿੰਤ ਮੋਨ ਮੁਖ ਧਰਿਕੈ'।
ਸੁਨਿ ਕਰਿ ਕਹਯੋ ਪ੍ਰਸੰਗ ਉਦਾਰੇ। 'ਸ੍ਰੀ ਸਤਿਗੁਰ ਬੈਕੁੰਠ ਸਿਧਾਰੇ ॥੩ ॥

"ਤੁਸੀਂ ਕਿਵੇਂ ਮਿਲ ਕੇ ਇਕੱਠੇ ਹੋ ਕੇ ਬੈਠੇ ਹੋ, ਦੁਖ ਅਤੇ ਚਿੰਤਾ ਧਾਰ ਕੇ ਮੂੰਹ ਬੰਦ ਕਰਕੇ ਚੁੱਪ ਬੈਠੇ ਹੋ।" ਇਹ ਸੁਣ ਕੇ ਸਿੰਘਾਂ ਨੇ ਵੱਡੀ ਘਟਨਾ ਨੂੰ ਕਹਿ ਕੇ ਸੁਣਾਇਆ, "ਸਾਡੇ ਸਤਿਗੁਰੂ ਜੀ ਬੈਕੁੰਠ ਚਲੇ ਗਏ ਹਨ॥ ੩॥

ਸੈਨ ਦੀਨ ਜਿਮ ਮਹਿਪਤਿ ਹੀਨਾ। ਚੰਦ ਬਿਨਾ ਜਿਮ ਰਾਤਿ ਮਲੀਨਾ।
ਜਿਮ ਮਥੁਰਾ ਮਹਿਂ ਸ਼ਯਾਮ ਸਿਧਾਯੋ। ਪੀਛੇ ਗੋਪੀ ਗਨ ਬਿਕੁਲਾਯੋ ॥੪ ॥

ਸਾਰੀ ਸੈਨਾ ਹੁਣ ਸੈਨਾਪਤੀ ਰਹਿਤ ਦੀਨ ਹੋ ਗਈ ਹੈ, ਚੰਦ ਬਗੈਰ ਜਿਵੇਂ ਰਾਤ ਮੈਲੀ ਹੋ ਜਾਂਦੀ ਹੈ। ਜਿਵੇਂ ਮਥੁਰਾ ਵਿਚ ਸ੍ਰੀ ਕ੍ਰਿਸ਼ਨ ਜੀ ਚਲੇ ਗਏ ਸਨ ਤੇ ਪਿੱਛੇ ਗੋਪੀਆਂ ਵਿਲਕਦੀਆਂ ਰਹਿ ਗਈਆਂ ਸਨ॥ ੪॥

ਜਥਾ ਰਾਮ ਬਨ ਬਿਖੈ ਸਿਧਾਰੇ। ਔਧਪੁਰੀ ਕੇ ਨਰ ਦੁਖਿਯਾਰੇ।
ਤਿਮ ਸਤਿਗੁਰ ਬਿਨ ਸਿੰਘ ਰਹੇ ਹੈਂ। ਰਿਦੇ ਬਿਖਾਦ ਬਿਸਾਲ ਲਹੇ ਹੈਂ ॥੫ ॥

ਜਿਵੇਂ ਰਾਮ ਚੰਦਰ ਜੀ ਜੰਗਲ ਵਿਚ ਚਲੇ ਗਏ ਸਨ ਤੇ ਅਯੁਧਿਆ ਦੇ ਮਨੁੱਖ ਬਹੁਤ ਦੁਖੀ ਹੋ ਗਏ ਸਨ। ਉਸ ਪ੍ਰਕਾਰ ਸਤਿਗੁਰੂ ਜੀ ਤੋਂ ਬਗੈਰ ਸਿੰਘ ਹੋ ਗਏ ਹਨ ਤੇ ਹਿਰਦੇ ਵਿਚ ਵੱਡਾ ਦੁਖ ਪਾ ਰਹੇ ਹਨ'॥ ੫॥

ਬੋਲਜੋ ਸਾਧ 'ਪੰਥ ਮਹਿਂ ਜਾਵਤਿ। ਦੇਖੇ ਤਹਿਂ ਗੁਰ ਅੱਗ੍ਰ ਸਿਧਾਵਤਿ।
ਮੈਂ ਕਰ ਬੰਦਿ ਕੀਨਿ ਪਗ ਨਮੋ। ਮੁਸਕਾਵਤਿ ਬੋਲੇ ਤਿਹ ਸਮੇਂ॥ ੬॥

ਇਹ ਸੁਣ ਕੇ ਸਾਧ ਬੋਲਿਆ, "ਮੈਂ ਰਾਹੇ-ਰਾਹ ਜਾ ਰਿਹਾ ਸੀ, ਉਥੇ ਮੈਂ ਵੇਖੇ ਗੁਰੂ ਜੀ ਅੱਗੇ ਜਾ ਰਹੇ ਸਨ। ਮੈਂ ਹੱਥ ਜੋੜ ਕੇ ਚਰਨਾਂ ਉੱਪਰ ਬੰਦਨਾ ਕੀਤੀ ਤਾਂ ਮੁਸਕਰਾਉਂਦੇ ਹੋਏ ਉਸ ਸਮੇਂ ਬੋਲੇ॥ ੬॥

'ਆਵਹੁ ਸੰਤ ਦਰਸ ਲਿਹੁ ਦੇਹੁ। ਹਰਿ ਜਨ ਮਿਲਿਨਿ ਅਨੰਦ ਅਛਹੁ।
ਅੰਤ ਸਮੇਂ ਕੋ ਮੇਲ ਤੁਹਾਰੋ। ਜਹਿਂ ਸੰਜੋਗ, ਬਿਯੋਗ ਬਿਚਾਰੋ'॥ ੭॥

"ਆਉ ਸੰਤ ਜੀ ਦਰਸ਼ਨ ਲਵੋ ਦੇਵੋ। ਹਰੀ ਦੇ ਪਿਆਰਿਆਂ ਨੂੰ ਮਿਲ ਕੇ ਬੜਾ ਅਨੰਦ ਮਿਲਦਾ ਹੈ। ਤੁਹਾਡਾ ਇਹ ਅੰਤ ਸਮੇਂ ਦਾ ਮੇਲ ਹੈ, ਜਿਥੇ ਸੰਜੋਗ ਵਿਜੋਗ ਦੀ ਵਿਚਾਰ ਹੁੰਦੀ ਹੈ"॥ ੭॥

ਮੈਂ ਸੁਨਿ ਕਰਿ ਬੂਝਜੋ ਕਰ ਜੋਰਿ। 'ਰਾਵਰ ਕੋ ਪਯਾਨ ਕਿਤ ਓਰ?।
ਦਾਸ ਨਹੀਂ ਕੋ ਸਾਥ ਤਿਹਾਰੇ? ਨਾਂਥ! ਇਕਾਕੀ ਕਹਾਂ ਪਧਾਰੇ?'॥ ੮॥

ਮੈਂ ਇਹ ਸੁਣ ਕੇ ਹੱਥ ਜੋੜ ਕੇ ਪੁੱਛਿਆ, "ਆਪ ਜੀ ਕਿਸ ਪਾਸੇ ਜਾ ਰਹੇ ਹੋ? ਤੁਹਾਡੇ ਨਾਲ ਕੋਈ ਵੀ ਸੇਵਕ ਨਹੀਂ ਹੈ? ਪ੍ਰਭੂ ਜੀ! ਤੁਸੀਂ ਇਕੱਲੇ ਕਿੱਥੇ ਜਾ ਰਹੇ ਹੋ?"॥ ੮॥

ਬੋਲੇ ਸ਼੍ਰੀ ਮੁਖ ਤੇ ਮੁਸਕਾਵਤਿ। 'ਹਮ ਅਖੇਰ ਹਿਤ ਬਨ ਕੋ ਜਾਵਤਿ।
ਕਰਹਿਂ ਸੈਲ ਜੇਤਕ ਮਨ ਭਾਵਤਿ। ਜਿਤ ਕਿਤ ਬਿਚਰਤਿ ਆਨੰਦ ਪਾਵਤਿ'॥੯॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾ ਕੇ ਬੋਲੇ, "ਅਸੀਂ ਸ਼ਿਕਾਰ ਖੇਡਣ ਵਾਸਤੇ ਜੰਗਲ ਨੂੰ ਜਾ ਰਹੇ ਹਾਂ। ਸੈਰ ਕਰਾਂਗੇ, ਜਿਥੋਂ ਤਕ ਮਨ-ਭਾਉਂਦਾ ਹੈ, ਜਿੱਥੇ ਕਿੱਥੇ ਫਿਰਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ"॥ ੯॥

ਇਮ ਕਹਿ ਸਤਿਗੁਰ ਅੱਗ੍ਰ ਸਿਧਾਰੇ। ਹਯ ਕੁਮੈਤ ਪਰ, ਆਯੁਧ ਧਾਰੇ।
ਅਬਿ ਹੀ ਮੈਂ ਬਿਲੋਕਿ ਚਲਿ ਆਯੋ। ਤੁਮਹੁਂ ਅਚਾਨਕ ਕਹਾਂ ਸੁਨਾਯੋ॥੧੦॥

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਅੱਗੇ ਚਲੇ ਗਏ, ਕੁਮੈਤ ਨਾਮ ਦੇ ਘੋੜੇ ਉੱਪਰ ਸ਼ਸਤਰ ਧਾਰ ਕੇ ਬੈਠੇ ਸਨ। ਹੁਣ ਹੀ ਮੈਂ ਵੇਖ ਕੇ ਚਲ ਕੇ ਆਇਆ ਹਾਂ, ਤੁਹਾਨੂੰ ਅਚਾਨਕ ਹੀ ਆ ਕੇ ਸੁਣਾ ਦਿੱਤਾ ਹੈ॥੧੦॥

ਜੇ ਤਿਨਿ ਹੋਤਿ ਗਮਨ ਪਰਲੋਕ। ਮੈਂ ਕਿਮ ਲੇਤੋ ਦਰਸ ਬਿਲੋਕਿ।
ਪੰਥ ਪਯਾਨਤਿ ਭਲਿ ਬਿਧਿ ਹੇਰੇ। ਤੋ ਪ੍ਰਲੋਕ ਕਿਮ? ਸੰਸੈ ਮੇਰੇ'॥ ੧੧॥

ਜੇ ਉਹ ਪਰਲੋਕ ਚਲੇ ਗਏ ਹੁੰਦੇ ਤਾਂ ਮੈਂ ਉਨ੍ਹਾਂ ਦੇ ਕਿਵੇਂ ਦਰਸ਼ਨ ਕਰ ਲੈਂਦਾ। ਰਾਹੇ-ਰਾਹ ਜਾਂਦੇ ਭਲੀ ਪ੍ਰਕਾਰ ਵੇਖੇ ਹਨ, ਪ੍ਰਲੋਕ ਫਿਰ ਕਿਵੇਂ ਚਲੇ ਗਏ ਹਨ? ਇਹ ਮੇਰਾ ਸ਼ੰਕਾ ਹੈ"॥੧੧॥

ਅਦਭੁਤ ਚਲਿਤ ਗੁਰੂ ਕੇ ਐਸੇ। ਕਹਿ ਸੁਨਿ ਕਰਿ ਬਿਸਮਤਿ ਸਭਿ ਬੈਸੇ।
ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ। 'ਗੁਰ ਇਕ ਸਮ ਸਭਿ ਬਿਖੈ ਸਮਾਯੋ॥੧੨॥

ਗੁਰੂ ਜੀ ਦੇ ਇਸ ਪ੍ਰਕਾਰ ਦੇ ਅਦਭੁਤ ਚਰਿੱਤ੍ਰ ਹਨ, ਕਹਿ ਸੁਣ ਕੇ ਸਾਰੇ ਹੈਰਾਨ ਹੋ ਕੇ ਬੈਠੇ ਸਨ। ਸਾਰਿਆਂ ਨੇ ਮਿਲ ਕੇ ਇਹ ਨਿਸ਼ਚਾ ਠਹਿਰਾਇਆ, "ਗੁਰੂ ਜੀ ਇਕ ਸਮਾਨ ਸਭ ਵਿਚ ਸਮਾਏ ਹੋਏ ਹਨ॥੧੨॥

ਜਹਿਂ ਸਿਮਰੇਂ ਤਹਿਂ ਹਾਜ਼ਰ ਅਹੈਂ। ਸਭਿ ਸਿੱਖਨ ਕੀ ਸ਼ਰਧਾ ਲਹੈਂ।
ਜਨਮ ਮਰਨ ਪ੍ਰਾਪਤਿ ਕੁਛ ਨਾਂਹੀ। ਸੁਤਹਿ ਸਿੱਧ ਤਨ ਧਰਹਿਂ ਬਿਲਾਹੀ॥੧੩॥

ਜਿੱਥੇ ਵੀ ਯਾਦ ਕਰਦੇ ਹਨ, ਉਥੇ ਹਾਜ਼ਰ ਹੁੰਦੇ ਹਨ, ਸਾਰੇ ਸਿੱਖਾਂ ਦੀ ਸ਼ਰਧਾ ਵੇਖਦੇ ਹਨ। ਉਨ੍ਹਾਂ ਨੂੰ ਜਨਮ ਮਰਨ ਕੁਝ ਵੀ ਪ੍ਰਾਪਤ ਨਹੀਂ ਹੈ। ਸੁਤੇ-ਸਿੱਧ ਹੀ ਤਨ ਧਾਰਦੇ ਹਨ ਤੇ ਲੀਨ ਹੋ ਜਾਂਦੇ ਹਨ॥੧੩॥

ਸੰਤਨ ਕੀ ਸਹਾਇਤਾ ਕਾਰਨ। ਦੁਸ਼ਟ ਨਰਨ ਕੀ ਜੜ੍ਹਾਂ ਉਖਾਰਨ।
ਸੁਭ ਮਗ ਜਗਤ ਬਿਖੈ ਬਿਸਤਾਰਨ। ਕਰਨ ਕੁਕਰਮਨਿ ਕੋ ਨਿਰਵਾਰਨ ॥੧੪॥

ਸੰਤਾਂ ਦੀ ਸਹਾਇਤਾ ਕਰਨ ਵਾਸਤੇ, ਦੁਸ਼ਟਾਂ ਮਨੁੱਖਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ, ਇਸ ਜਗਤ ਵਿਚ ਸ਼ੁਭ ਮਾਰਗ ਦਾ ਵਿਸਥਾਰ ਕਰਨ ਵਾਸਤੇ ਤੇ ਕੁਕਰਮ ਕਰਨ ਵਾਲਿਆਂ ਦਾ ਨਾਸ਼ ਕਰਨ ਵਾਸਤੇ ਆਉਂਦੇ ਹਨ॥੧੪॥

ਨਿਜ ਭਗਤਨ ਕੋ ਜਗਤ ਉਧਾਰਨ। ਧਰਾ ਭਾਰ ਗਨ ਤਾਪ ਬਿਦਾਰਨ।
ਹਰਿ ਸੰਤਨ ਦ੍ਰੋਹੀ ਬਹੁ ਮਾਰਨ। ਸੱਤਿਨਾਮ ਸਿਮਰਾਵਨਿ ਕਾਰਨ॥ ੧੫॥

ਆਪਣੇ ਭਗਤਾਂ ਦਾ ਜਗਤ ਵਿਚ ਉਧਾਰ ਕਰਨ ਵਾਸਤੇ, ਧਰਤੀ ਦੇ ਭਾਰ ਅਤੇ ਦੁਖਾਂ ਨੂੰ ਦੂਰ ਕਰਨ ਵਾਸਤੇ ਆਉਂਦੇ ਹਨ। ਹਰੀ ਦੇ ਸੰਤਾਂ ਦੇ ਧਰੋਹੀਆਂ ਨੂੰ ਬਹੁਤ ਮਾਰਨ ਵਾਸਤੇ ਅਤੇ ਸਤਿਨਾਮ ਦਾ ਸਿਮਰਨ ਕਰਵਾਉਣ ਵਾਸਤੇ ਧਰਤੀ 'ਤੇ ਆਉਂਦੇ ਹਨ॥੧੫॥

ਧੰਨ ਗੁਰੂ ਸਭਿ ਕਾਰਨ ਕਰਨ। ਜਿਨ ਕੇ ਸਮ ਨਹਿਂ ਤਾਰਨ ਤਰਨ।
ਅਦਭੁਤ ਚਲਿਤ ਲਖੇ ਨਹਿਂ ਜਾਹੀਂ। ਸ਼ੇਸ਼ ਗਨੇਸ਼ ਪਾਰ ਨਹਿਂ ਪਾਹੀਂ॥੧੬॥

ਧੰਨ ਸਤਿਗੁਰੂ ਜੀ ਹਨ, ਹਰ ਪ੍ਰਕਾਰ ਕਰਨ ਕਾਰਨ ਹਨ, ਉਨ੍ਹਾਂ ਦੇ ਬਰਾਬਰ ਕੋਈ ਤਾਰਨ ਵਾਲਾ ਨਹੀਂ ਹੈ। ਉਨ੍ਹਾਂ ਦੇ ਅਦਭੁਤ ਚਰਿੱਤ੍ਰ ਜਾਣੇ ਨਹੀਂ ਜਾ ਸਕਦੇ ਹਨ। ਸ਼ੇਸ਼ ਗਨੇਸ਼ ਉਸ ਦਾ ਪਾਰ ਨਹੀਂ ਪਾ ਸਕਦੇ॥੧੬॥

ਜੋਗੀਸ਼ਨ ਕੇ ਧਯਾਨ ਬਸੰਤੇ। ਸੁਰ ਨਰ ਮੁਨਿ ਜਨ ਸੇਵ ਕਰੰਤੇ।
ਕੇਤਿਕ ਕਾਰਨ ਤੇ ਤਨ ਧਾਰੈਂ। ਕਰਿ ਸਭਿ ਕੋ ਬੈਕੁੰਠ ਸਿਧਾਰੈਂ॥ ੧੭॥

ਜੋਗੀਆਂ ਦੇ ਉਹ ਧਿਆਨ ਵਿਚ ਵੱਸਦੇ ਹਨ, ਦੇਵਤੇ, ਮਨੁੱਖ, ਮੁਨੀ ਜਨ ਉਨ੍ਹਾਂ ਦੀ ਸੇਵਾ ਕਰਦੇ ਹਨ। ਕਿਸੇ ਕਾਰਨ ਕਰਕੇ ਸਰੀਰ ਧਾਰਨ ਕਰਦੇ ਹਨ, ਸਭ ਕੁਝ ਕਰਕੇ ਫਿਰ ਬੈਕੁੰਠ ਚਲੇ ਜਾਂਦੇ ਹਨ॥੧੭॥

ਤਿਨ ਕੇ ਹਿਤ ਕੁਛ ਸ਼ੋਕ ਨ ਬਨੈ। ਬੇਦ ਪੁਰਾਨ ਜਾਸ ਜਸੁ ਭਨੈਂ।
ਸਭਿ ਕੇ ਬੀਚ ਸਭਿਨਿ ਤੇ ਨਜਾਰੇ। ਭੋਗ ਭੋਗਤਾ ਲੇਪ ਨ ਧਾਰੇ॥ ੧੮॥

ਉਨ੍ਹਾਂ ਵਾਸਤੇ ਕਿਸੇ ਪ੍ਰਕਾਰ ਦਾ ਦੁਖ ਮੰਨਾਉਣਾ ਨਹੀਂ ਬਣਦਾ ਹੈ, ਵੇਦ ਪੁਰਾਣ ਜਿਵੇਂ ਉਨ੍ਹਾਂ ਦਾ ਜੱਸ ਕਰਦੇ ਹਨ। ਉਹ ਸਾਰਿਆਂ ਵਿਚ ਰਹਿ ਕੇ ਵੀ ਸਾਰਿਆਂ ਤੋਂ ਵੱਖਰੇ ਰਹਿੰਦੇ ਹਨ। ਭੋਗਾਂ ਨੂੰ ਭੋਗਦੇ ਹੋਏ ਵੀ ਲਿਪਾਇਮਾਨ ਨਹੀਂ ਹੁੰਦੇ॥੧੮॥

ਯਾਂਤੇ ਕਥਾ ਅਕਥ ਗੁਰ ਕੇਰੀ। ਹਾਰਹਿ ਜੇ ਬੁਧਿ ਧਰਤਿ ਬਡੇਰੀ'।
ਇਮ ਚਰਚਾ ਕਰਿ ਆਪਸ ਮਾਂਹੀ। 'ਗੁਰ ਹਿਤ ਸ਼ੋਕ ਉਪਾਵਹੁ ਨਾਂਹੀ' ॥੧੯॥

ਇਸ ਕਰਕੇ ਗੁਰੂ ਜੀ ਦੀ ਕਥਾ ਅਕੱਥ ਹੈ, ਜੇ ਬੁੱਧੀ ਵੱਡੀ ਵੀ ਧਾਰਨ ਕਰ ਲਵੇ ਤਦ ਵੀ ਉਹ ਹਾਰ ਜਾਂਦੀ ਹੈ।" ਇਸ ਪ੍ਰਕਾਰ ਆਪਸ ਵਿਚ ਚਰਚਾ ਕਰਕੇ ਕਹਿੰਦੇ ਸਨ, "ਗੁਰੂ ਜੀ ਵਾਸਤੇ ਦੁਖ ਪ੍ਰਗਟ ਕਰਨਾ ਨਹੀਂ ਬਣਦਾ ਹੈ"॥੧੯॥

ਢਰੇ ਦੁਪਹਿਰੇ ਲਗਿ ਥਿਰ ਰਹੇ। ਸੁੱਖਾ ਛਕਨਿ ਸਮੋ ਤਬਿ ਲਹੇ।
'ਕਰਹੁ ਦੇਗ ਉਠਿ ਪੁਨ ਸਵਧਾਨੇ। ਕਰਹੁ ਸੁਚੇਤਾ ਸਿਮਰਨ ਠਾਨੋ' ॥ ੨੦॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨੦॥

ਇਮ ਕਹਿ ਉਠੇ ਦੇਗ ਹਿਤ ਸਿੱਧ। ਗੁਰ ਹਿਤ ਸੁੱਖਾ ਕਰਜੋ ਤਿਸੀ ਬਿਧਿ।
ਭੋਗ ਲਗਾਇ ਆਪ ਪੁਨ ਛਕਜੋ। ਸੋਚ ਹੇਤੁ ਗਮਨੇ ਜਲ ਤਕਜੋ॥ ੨੧॥

ਵਿਵਾਦ ਗ੍ਰੱਸਤ ਹੋਣ ਕਰਕੇ ਇਸ ਦੇ ਅਰਥ ਨਹੀਂ ਕੀਤੇ ਗਏ ਹਨ॥ ੨੧॥

ਕਰਿ ਸ਼ਨਾਨ ਬੰਧੀ ਦਸਤਾਰ। ਪੁਨ ਸਭਿ ਮਿਲੇ ਗੁਰੂ ਦਰਬਾਰ।
ਪੂਰਬ ਪ੍ਰਭੁ ਕੋ ਭੋਗ ਲਗਾਯੋ। ਦੇਗ਼ ਅਹਾਰ ਬਹੁਰ ਬਰਤਾਯੋ॥ ੨੨॥

ਇਸ਼ਨਾਨ ਕਰਕੇ ਫਿਰ ਦਸਤਾਰਾਂ ਬੰਨ੍ਹੀਆਂ, ਫਿਰ ਸਾਰੇ ਗੁਰੂ ਦਰਬਾਰ ਵਿਚ ਜਾ ਕੇ ਮਿਲੇ। ਪਹਿਲਾਂ ਸਤਿਗੁਰੂ ਜੀ ਨੂੰ ਭੋਗ ਲਵਾਇਆ, ਫਿਰ ਸਾਰਿਆਂ ਨੂੰ ਲੰਗਰ ਵਰਤਾਇਆ॥ ੨੨॥

ਅਚਿ ਅਚਿ ਅਸਨ ਨਮੋ ਕਰ ਜੋਰਿ। ਬੈਠੇ ਪੁਨ ਕਨਾਤ ਚਹੁੰ ਓਰ।
ਕੇਤਿਕ ਪਢਤਿ ਸਿੰਘ ਗੁਰਬਾਨੀ। ਕੇਤਿਕ ਸੁਨਤਿ ਅਨੰਦ ਮਹਿਂ ਸਾਨੀ॥੨੩॥

ਭੋਜਨ ਛੱਕ ਛੱਕ ਕੇ ਹੱਥ ਜੋੜ ਕੇ ਨਮਸਕਾਰਾਂ ਕੀਤੀਆਂ, ਫਿਰ ਕਨਾਤ ਦੇ ਚਾਰੇ ਪਾਸੇ ਬੈਠ ਗਏ। ਕਈ ਸਿੰਘ ਗੁਰਬਾਣੀ ਪੜ੍ਹਦੇ ਸਨ। ਕਈ ਆਨੰਦ ਵਿਚ ਭਿੱਜੇ ਗੁਰਬਾਣੀ ਸੁਣ ਰਹੇ ਸਨ॥ ੨੩॥

ਨਿਸ ਮਹਿਂ ਅਲਪ ਕਿਤਿਕ ਚਿਰ ਸੋਏ। ਜਾਗ੍ਰਨ ਕੀਨਿ ਤਹਾਂ ਸਭਿ ਕੋਏ।
ਭਈ ਪ੍ਰਾਤਿ ਤੇ ਜਾਇ ਸ਼ਨਾਨੇ। ਸਭਿ ਮਿਲਿ ਗਏ ਗੁਰੂ ਇਸਥਾਨੇ॥ ੨੪॥

ਰਾਤ ਨੂੰ ਬਹੁਤ ਥੋੜ੍ਹੀ ਦੇਰ ਸੁੱਤੇ, ਉਥੇ ਸਾਰਿਆਂ ਨੇ ਜਾਗ੍ਰਣ ਕੀਤਾ। ਸਵੇਰ ਹੋਣ 'ਤੇ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਫਿਰ ਸਾਰੇ ਗੁਰੂ ਜੀ ਵਾਲੇ ਸਥਾਨ ਤੇ ਮਿਲ ਪਏ॥ ੨੪॥

ਪ੍ਰਥਮ ਕਨਾਤ ਸੁ ਖੋਲਿ ਹਟਾਈ। ਚਿਤਾ ਭਸਮ ਕੀਨਸਿ ਇਕ ਥਾਈਂ।
ਆਯੁਧ ਨਹੀਂ ਏਕ ਤਹਿਂ ਪਾਯੋ। ਹੇਰਿ ਸਭਿਨਿ ਕੋ ਮਨ ਬਿਸਮਾਯੋ॥ ੨੫॥

ਪਹਿਲੀ ਕਨਾਤ ਖੋਲ੍ਹ ਕੇ ਹਟਾ ਦਿੱਤੀ। ਚਿਤਾ ਦੀ ਭਸਮ ਇਕ ਥਾਂ ਕਰ ਦਿੱਤੀ। ਉਥੇ ਇਕ ਵੀ ਹਥਿਆਰ ਨਾ ਪਾਇਆ। ਸਾਰੇ ਵੇਖ ਕੇ ਬਹੁਤ ਹੈਰਾਨ ਹੋਏ॥ ੨੫॥

ਅਸਥੀ ਕੋ ਤਹਿਂ ਲੇਸ਼ ਨ ਕੋਈ। ਈਂਧਨ ਭਸਮ ਪਰੀ ਬਹੁ ਜੋਈ।
ਦੇਹਿ ਸਹਿਤ ਕੀਨਸਿ ਪ੍ਰਸਥਾਨਾ। ਮਗ ਗਮਨੇ ਪਿਖਿ ਨਿਸ਼ਚੈ ਠਾਨਾ॥੨੬॥

ਕੋਈ ਅਸਥੀ ਉਥੇ ਲੇਸ਼ ਮਾਤ੍ਰ ਵੀ ਨਹੀਂ ਸੀ, ਲੱਕੜਾਂ ਦੀ ਭਸਮ ਹੀ ਪਈ ਵੇਖੀ। ਗੁਰੂ ਜੀ ਸਰੀਰ ਸਹਿਤ ਹੀ ਚਲੇ ਗਏ ਸਨ। ਰਾਹ ਵਿਚ ਜਾਂਦੇ ਵੇਖਣ ਵਾਲਿਆਂ ਨੂੰ ਠੀਕ ਜਾਣਿਆ॥ ੨੬॥

'ਧੰਨ ਗੁਰੂ ਤੁਮਰੀ ਗਤਿ ਨ੍ਯਾਰੀ'। ਨਿਰਨੈ ਕਰਿ ਕਰਿ ਸਭਿਨਿ ਉਚਾਰੀ।
ਸਕਲ ਬਿਭੂਤਿ ਬਟੋਰਿ ਬਨਾਈ। ਰਚ੍ਯੋ ਸਿੰਘਾਸਨ ਪੁਨ ਤਿਸ ਥਾਈਂ॥੨੭॥

''ਧੰਨ ਗੁਰੂ ਜੀ, ਤੁਹਾਡੀ ਗਤੀ ਨਿਆਰੀ ਹੈ'' ਨਿਰਣਾ ਕਰ ਕਰ ਸਭ ਨੇ ਉਚਾਰਨ ਕੀਤਾ। ਸਾਰੀ ਸਵਾਹ ਇਕੱਠੀ ਕਰ ਲਈ ਤੇ ਉਸ ਅਸਥਾਨ ਉੱਪਰ ਇਕ ਸਿੰਘਾਸਣ ਬਣਾ ਦਿੱਤਾ॥ ੨੭॥

ਤਿਸ ਥਲ ਕੋ ਦਰਸ਼ਨ ਜੋ ਕਰੈ। ਜਨਮ ਜਨਮ ਕੇ ਪਾਤਕ ਟਰੈਂ।
ਅਧਿਕ ਪੁੰਨ ਕੋ ਪ੍ਰਾਪਤਿ ਹੋਇ। ਧਰੈਂ ਕਾਮਨਾ ਪੂਰਨ ਸੋਇ॥ ੨੮॥

ਉਸ ਸਥਾਨ ਦੇ ਜਿਹੜਾ ਦਰਸ਼ਨ ਕਰਦਾ ਹੈ, ਉਸ ਦੇ ਜਨਮਾਂ-ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ। ਉਹ ਬਹੁਤ ਪੁੰਨਾਂ ਨੂੰ ਪ੍ਰਾਪਤ ਹੁੰਦਾ ਹੈ ਤੇ ਜਿਹੜੀ ਵੀ ਕਾਮਨਾ ਧਾਰਨ ਕਰਦਾ ਹੈ, ਉਹ ਪੂਰੀ ਹੁੰਦੀ ਹੈ॥ ੨੮॥

*ਕਬਿੱਤ*-ਸੁੰਦਰ ਗੁਦਾਵਰੀ, ਬਿਹੀਨ ਮਲ ਚਲੈ ਜਲ, ਸਲਿਤਾ ਸੁ ਤੁਲ ਗੰਗਾ ਕੂਲ ਛਬਿ ਪਾਵਈ।
ਖਰੇ ਖਰੇ ਤਰੁ ਖਰੇ, ਹਰੇ ਹਰੇ ਪਾਤ ਜਰੇ, ਪਾਂਤਿ ਪਾਂਤਿ ਕਰੇ ਛਾਇ ਸੰਘਨੀ ਕੋ ਛਾਵਈ।

ਬੋਲਤਿ ਬਿਹੰਗ ਰੰਗ ਰੰਗ ਕੇ ਉਤੰਗ ਧੰਨ ਸ੍ਰੀ ਗੁਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ।
ਜਾਇ ਦਰਸਾਵਈ ਮਨੋਰਥ ਉਠਾਵਈ ਸੁ ਕਾਮਨਾ ਕੋ ਪਾਵਈ,ਸੰਤੋਖ ਸਿੰਘ ਗਾਵਈ ॥੨੯॥

ਸੁੰਦਰ ਗੁਦਾਵਰੀ ਜਿਸਦਾ ਮੈਲ ਰਹਿਤ ਜਲ ਚਲਦਾ ਹੈ, ਉਸ ਦੇ ਕਿਨਾਰੇ ਨੇ ਗੰਗਾ ਸਮਾਨ ਛਵੀ ਪਾਈ ਹੈ। ਚੰਗੇ-ਚੰਗੇ ਦਰੱਖਤ ਖੜੇ ਹਨ, ਉਨ੍ਹਾਂ ਨੂੰ ਹਰੇ ਹਰੇ ਪੱਤੇ ਜੜੇ ਹਨ। ਬਿਰਛ ਕਤਾਰਾਂ ਬਣਾ ਕੇ ਖੜੇ ਹਨ ਤੇ ਉਨ੍ਹਾਂ ਦੀ ਸੰਘਣੀ ਛਾਂ ਛਾਈ ਹੋਈ ਹੈ। ਰੰਗ-ਬਰੰਗੇ ਪੰਛੀ ਬੋਲਦੇ ਹਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਉੱਚਾ ਸਿੰਘਾਸਣ ਸ਼ੋਭਾ ਪਾ ਰਿਹਾ ਹੈ। ਜਿਹੜਾ ਵੀ ਉਸ ਸਥਾਨ ਦੇ ਜਾ ਕੇ ਦਰਸ਼ਨ ਕਰਦਾ ਹੈ ਤੇ ਜਿਹੜਾ ਵੀ ਮਨੋਰਥ ਧਾਰਨ ਕਰਦਾ ਹੈ, ਉਹੀ ਪ੍ਰਾਪਤ ਕਰ ਲੈਂਦਾ ਹੈ, ਇੰਝ ਭਾਈ ਸੰਤੋਖ ਸਿੰਘ ਜੀ ਕਵੀ ਸੁਣਾ ਰਹੇ ਹਨ॥ ੨੯॥

ਅਬਚਲ ਨਗਰ ਉਜਾਗਰ ਸਗਰ ਜਗ, ਜ਼ਾਹਿਰ ਜ਼ਹੂਰ, ਜਹਾਂ ਜੋਤਿ ਹੈ ਜਬਰ ਜਾਨਿ।
ਖੰਡੇ ਹੈਂ ਪ੍ਰਚੰਡ, ਖਰ ਖੜਗ, ਕੁਦੰਡ ਧਰੇ, ਖੰਜਰ, ਤੁਫੰਗ, ਪੁੰਜ ਕਰਦ, ਕ੍ਰਿਪਾਨ, ਬਾਨ।
ਸ਼ਕਤੀ,ਸਰੋਹੀ,ਸੈਫ,ਸਾਂਗ,ਜਮਦਾੜ,ਚੱਕ੍ਰ,ਢਾਲੇ,ਗਨ ਭਾਲੇ,ਰਿਪੁ ਘਾਲੇ ਛਿੱਪ੍ਰ ਜੰਗ ਠਾਨਿ।
ਚਮਕਤਿ ਚਾਰੋਂ ਓਰ ਘੋਰ ਰੂਪ ਕਾਲਕਾ ਕੋ,ਬੰਦਨਾ ਕਰਤਿ ਕਵਿ ਜੋਰਿ ਪਾਨ ਤਾਂਹੀ ਥਾਨ ॥੩੦॥

ਅਬਚਲ ਨਗਰ ਸਾਰੇ ਜਗਤ ਵਿਚ ਉਜਾਗਰ ਹੈ, ਜ਼ਾਹਰਾ ਜ਼ਹੂਰ ਹੈ, ਜਿੱਥੇ ਬਹਾਦਰ ਸੂਰਬੀਰ ਦੀ ਜੋਤ ਹੈ। ਪ੍ਰਚੰਡ ਖੰਡੇ ਹਨ, ਤਿੱਖੇ ਖੜਗ ਹਨ, ਭਾਰੀ ਧਨੁੱਖ ਧਰੇ ਹਨ, ਖੰਜਰ, ਬੰਦੂਕ ਅਤੇ ਕਈ ਛੋਟੀਆਂ ਤਲਵਾਰਾਂ ਹਨ ਤੇ ਕ੍ਰਿਪਾਨ ਅਤੇ ਤਿੱਖੇ ਤੀਰ ਹਨ। ਸ਼ਕਤੀ, ਸਰੋਹੀ, ਸੈਫ, ਸਾਂਗ, ਜਮਦਾੜ੍ਹ, ਚੱਕ੍ਰ, ਢਾਲੇ, ਕਈ ਭਾਲੇ ਜਿਨ੍ਹਾਂ ਨਾਲ ਜੰਗ ਕਰਕੇ ਵੈਰੀ ਬੜੀ ਸ਼ੀਘਰਤਾ ਨਾਲ ਮਾਰੇ ਹਨ। ਚਾਰੇ ਪਾਸੇ ਚੰਡੀ ਦਾ ਘੋਰ ਰੂਪ ਚਮਕਦਾ ਹੈ, ਕਵੀ ਇਸ ਸਥਾਨ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹੈ॥ ੩੦॥

ਚੌਪਈ-ਅਬਿ ਲਗਿ ਤਿਸ ਥਲ ਜੋਤਿ ਬਿਰਾਜਤਿ। ਦਰਸ਼ਨ ਕਰੇ ਪਾਪ ਗਨ ਭਾਜਤਿ।
ਕੰਚਨ ਦੇਤਿ ਕਸੌਟੀ ਜੈਸੇ। ਸਿਖ ਕੋ ਪਰਖਤਿ ਬਖਸ਼ਹਿਂ ਤੈਸੇ ॥ ੩੧ ॥

ਹੁਣ ਤਕ ਉਥੇ ਜੋਤ ਬਿਰਾਜਤ ਹੈ, ਜਿਸ ਦੇ ਦਰਸ਼ਨ ਕਰਨ ਨਾਲ ਬਹੁਤ ਪਾਪ ਭੱਜ ਜਾਂਦੇ ਹਨ। ਜਿਵੇਂ ਸੋਨੇ ਨੂੰ ਕਸੌਟੀ ਤੇ ਲਾਈਦਾ ਹੈ, ਉਸ ਤਰ੍ਹਾਂ ਏਥੇ ਸਿੱਖ ਨੂੰ ਪਰਖ ਕੇ ਬਖਸ਼ ਦਿੰਦੇ ਹਨ॥ ੩੧॥

ਗੁਰੂ ਬਿਕੁੰਠ ਗਮਨ ਕੇ ਪਾਛੇ। ਰਹੇ ਸਿੰਘ ਕੇਤਿਕ ਦਿਨ ਆਛੇ।
ਪੁਨ ਪੁਨ ਜਹਿਂ ਜਹਿਂ ਜਿਸ ਕੋ ਆਇਸੁ। ਕਰਿ ਕਰਿ ਬੰਦਨ ਤਿਤੇ ਸਿਧਾਇਸਿ ॥੩੨॥

ਗੁਰੂ ਜੀ ਦੇ ਬੈਕੁੰਠ ਜਾਣ ਤੋਂ ਬਾਅਦ ਵੀ ਕਈ ਦਿਨ ਸਿੰਘ ਉਥੇ ਰਹੇ। ਫਿਰ ਜਿੱਥੇ-ਜਿੱਥੇ ਕਿਸੇ ਨੂੰ ਆਗਿਆ ਹੋਈ ਸੀ, ਉਹ ਬੰਦਨਾ ਕਰ-ਕਰ ਉਥੇ-ਉਥੇ ਚਲੇ ਗਏ॥ ੩੨॥

ਰਹਜੋ ਸੰਤੋਖ ਸਿੰਘ ਤਿਸ ਥਾਨ। ਦੇਗ ਚਲਾਵਤਿ ਭਯੋ ਮਹਾਨ।
ਬਹੁਰ ਸਹਾਇਕ ਭੇ ਤਿਸ ਦੇਸ਼। ਸੁਨੀਜਹਿ ਸ਼੍ਰੋਤਾ ਕਥਾ ਵਿਸ਼ੇਸ਼ ॥੩੩॥

ਉਸ ਸਥਾਨ ਵਿਖੇ ਸੰਤੋਖ ਸਿੰਘ ਰਿਹਾ, ਉਹ ਮਹਾਨ ਲੰਗਰ ਚਲਾਉਂਦਾ ਸੀ। ਫਿਰ ਉਸ ਦੇਸ਼ ਵਿਚ ਜਿਹੜੇ ਸਹਾਇਕ ਹੋਏ, ਹੇ ਸ੍ਰੋਤਾ ਗਨ ਉਨ੍ਹਾਂ ਦੀ ਵਿਸ਼ੇਸ਼ ਕਥਾ ਸੁਣੋ॥ ੩੩॥

ਤਹਾਂ ਗ੍ਰਾਮ ਜਨਵਾਰਾ ਨਾਇ। ਰੁਸਤਮ ਰਾਇ ਰੁ ਬਾਲੇ ਰਾਇ।
ਦ੍ਵੈ ਭ੍ਰਾਤਾ ਜੋਧ ਬਡ ਬਲੀ। ਕੁਛਕ ਰਾਜ ਕਰਤੇ ਬਿਧਿ ਭਲੀ॥ ੩੪॥

ਉਥੇ ਇਕ ਜਨਵਾਰਾ ਨਾਮ ਦਾ ਪਿੰਡ ਸੀ, ਉਥੇ ਰੁਸਤਮ ਰਾਇ ਤੇ ਬਾਲੇ ਰਾਇ ਰਹਿੰਦੇ ਸਨ। ਦੋਵੇਂ ਭਰਾ ਵੱਡੇ ਯੋਧੇ ਅਤੇ ਸੂਰਬੀਰ ਸਨ। ਉਹ ਭਲੀ ਵਿਧੀ ਨਾਲ ਕੁਝ ਕੁ ਰਾਜ ਕਰਦੇ ਸਨ॥ ੩੪॥

ਦੇਸ਼ ਮਰਹਟਾ ਕੋ ਨਿਤ ਲੂਟੈਂ। ਜੋ ਲਰ ਪਰੈ ਤੁਰਤ ਤਿਸ ਕੂਟੈਂ।
ਪਰੀ ਧਾਂਕ ਡਰ ਸਗਰੇ ਮਾਨੈਂ। ਅੜੈ ਨ ਕੋਊ ਧਨ ਗਨ ਆਨੈਂ॥ ੩੫॥

ਉਹ ਮਰਾਠਾ ਦੇਸ਼ ਨੂੰ ਨਿਤ ਲੁੱਟਦੇ ਸਨ, ਜਿਹੜਾ ਲੜ ਪੈਂਦਾ ਸੀ, ਉਸਨੂੰ ਤੁਰਤ ਕੁੱਟ ਲੈਂਦੇ ਸਨ। ਉਨ੍ਹਾਂ ਦੀ ਸਾਰੇ ਧਾਂਕ ਪੈ ਗਈ ਤੇ ਸਾਰੇ ਉਨ੍ਹਾਂ ਪਾਸੋਂ ਡਰਦੇ ਸਨ, ਕੋਈ ਉਨ੍ਹਾਂ ਅੱਗੇ ਅੜਦਾ ਨਹੀਂ ਸੀ, ਤੇ ਉਹ ਬਹੁਤ ਧਨ ਲਿਆਉਂਦੇ ਸਨ॥ ੩੫॥

ਤਿਨ ਪਰ ਚਢ੍ਯੋ ਮਰਹਟਾ ਰਾਇ। ਚਮੂ ਲਾਖ ਇਕਠੀ ਕਰਿ ਲ੍ਯਾਇ।
ਤਿਨ ਕੇ ਸੰਗ ਜੰਗ ਬਹੁ ਭਏ। ਘੇਰਿ ਭ੍ਰਾਤ ਦੋਨਹੁਂ ਗਹਿ ਲਏ॥ ੩੬॥

ਉਨ੍ਹਾਂ ਉੱਪਰ ਮਰਹੱਟੇ ਰਾਜੇ ਨੇ ਚੜ੍ਹਾਈ ਕੀਤੀ, ਉਹ ਇਕ ਲੱਖ ਸੈਨਾ ਇਕੱਠੀ ਕਰਕੇ ਲਿਆਇਆ। ਉਨ੍ਹਾਂ ਨਾਲ ਬਹੁਤ ਜੰਗ ਹੋਈ। ਰਾਜੇ ਨੇ ਘੇਰ ਕੇ ਦੋਵਾਂ ਭਰਾਵਾਂ ਨੂੰ ਫੜ ਲਿਆ॥ ੩੬॥

ਕਰੇ ਕੈਦ ਸੰਗਲ ਪਗ ਡਾਰੇ। ਗੇਰੇ ਬਿਖਮ ਸੁ ਦੁਰਗ ਸਤਾਰੇ।
ਜਹਿਂ ਪੰਛੀ ਬੀ ਜਾਇ ਨ ਸਕੈ। ਮਾਨਸ ਬਪੁਰਾ ਕਹਾ ਤਿਸ ਤਕੈ॥ ੩੭॥

ਉਨ੍ਹਾਂ ਨੂੰ ਕੈਦ ਕਰਕੇ ਪੈਰਾਂ ਵਿਚ ਸੰਗਲ ਮਾਰ ਦਿੱਤੇ ਤੇ ਸਤਾਰੇ ਨਾਮ ਦੇ ਸ਼ਹਿਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤੇ। ਜਿੱਥੇ ਪੰਛੀ ਵੀ ਨਹੀਂ ਜਾ ਸਕਦਾ ਸੀ। ਮਨੁੱਖ ਵਿਚਾਰੇ ਨੇ ਤਾਂ ਉਥੇ ਕਿਵੇਂ ਜਾ ਸਕਣਾ ਸੀ॥ ੩੭॥

ਦੇਵ ਸੰਤ ਬਹੁ ਪੀਰ ਮਨਾਏ। ਕੋਇ ਨ ਤਿਨ ਕੋ ਸਕ੍ਯੋ ਛੁਰਾਏ।
ਰੱਛਕ ਦੁਰਗ ਸਿੰਘ ਬਿਚ ਏਕ। ਗੁਰਬਾਣੀ ਨਿਤ ਪਢੈ ਬਿਬੇਕ॥ ੩੮॥

ਉਨ੍ਹਾਂ ਦੋਵਾਂ ਭਰਾਵਾਂ ਨੇ ਬਹੁਤ ਦੇਵਤੇ, ਸੰਤ ਅਤੇ ਪੀਰ ਮਨਾਏ, ਪਰ ਕੋਈ ਵੀ ਉਨ੍ਹਾਂ ਨੂੰ ਛੁਡਵਾ ਨਾ ਸਕਿਆ। ਕਿਲ੍ਹੇ ਵਿਚ ਇਕ ਸਿੰਘ ਰਖਵਾਲੀ ਵਾਸਤੇ ਰਹਿੰਦਾ ਸੀ, ਉਹ ਨਿਤ ਗੁਰਬਾਣੀ ਪੜ੍ਹਦਾ ਸੀ॥ ੩੮॥

ਪਹਿਰਾ ਦੇਤਿ ਗਿਰਾ ਗੁਰ ਭਨੈ। ਬਾਲੇ ਰਾਇ ਸ਼੍ਰੋਨ ਦੇ ਸੁਨੈ।
ਹਿਤ ਬੂਝਨਿ ਕੇ ਤਬੈ ਬਖਾਨੀ। 'ਪਢਤਿ ਰਹਤਿ ਤੂੰ ਕਿਸ ਕੀ ਬਾਨੀ?'॥੩੯॥

ਪਹਿਰਾ ਦਿੰਦਾ ਹੋਇਆ ਉਹ ਗੁਰਬਾਣੀ ਪੜ੍ਹਦਾ ਸੀ, ਬਾਲੇ ਰਾਇ ਉਸ ਨੂੰ ਕੰਨ ਦੇ ਕੇ ਸੁਣਦਾ ਸੀ। ਉਸ ਨੇ ਫਿਰ ਪੁੱਛਣ ਵਾਸਤੇ ਕਿਹਾ, "ਤੁਸੀਂ ਕਿਸ ਦੀ ਬਾਣੀ ਪੜ੍ਹਦੇ ਰਹਿੰਦੇ ਹੋ?"॥ ੩੯॥

ਸੁਨਤਿ ਸਿੰਘ ਗੁਰ ਮਹਿਮਾਂ ਕਹੀ। 'ਬੰਦ ਖਲਾਸੀ ਸਮ ਕੋ ਨਹੀਂ।
ਦੁਰਗ ਗ੍ਵਾਲਿਯਰ ਮਹਿਂ ਨ੍ਰਿਪ ਕੈਦ। ਨਹਿਂ ਛੂਟਨ ਕੀ ਜਿਯਤਿ ਉਮੈਦ॥੪੦॥

ਇਹ ਸੁਣ ਕੇ ਸਿੰਘ ਨੇ ਗੁਰੂ ਜੀ ਦੀ ਮਹਿਮਾਂ ਕਹੀ, "ਉਨ੍ਹਾਂ ਵਰਗਾ ਬੰਦ-ਖਲਾਸੀ ਕਰਨ ਵਾਲਾ ਹੋਰ ਕੋਈ ਨਹੀਂ ਹੈ। ਗਵਾਲੀਅਰ ਕਿਲ੍ਹੇ ਵਿਚ ਬਹੁਤ ਰਾਜੇ ਕੈਦ ਸਨ, ਉਨ੍ਹਾਂ ਨੂੰ ਜੀਉਂਦਿਆਂ ਛੁਟਕਾਰੇ ਦੀ ਉਮੀਦ ਨਹੀਂ ਸੀ॥ ੪੦॥

ਅਸ ਰਾਜੇ ਰਜਪੂਤ ਛੁਡਾਏ। ਸਿਮਰੇ ਜਹਿਂ ਕਹਿਂ ਭਏ ਸਹਾਏ।
ਸ੍ਰੀ ਗੋਬਿੰਦ ਸਿੰਘ ਗੁਰੂ ਬਡੇਰਾ। ਅਬਚਲ ਨਗਰ ਥਾਨ ਜਿਨ ਕੇਰਾ॥ ੪੧॥

ਇਸ ਪ੍ਰਕਾਰ ਰਾਜਪੂਤ ਰਾਜੇ ਛੁਡਵਾਏ ਸਨ। ਯਾਦ ਕਰਨ ਨਾਲ ਜਿੱਥੇ ਕਿੱਥੇ ਸਹਾਇਕ ਬਣਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਗੁਰੂ ਹਨ, ਅਬਚਲ ਨਗਰ ਵਿਚ ਜਿਨ੍ਹਾਂ ਦਾ ਸਥਾਨ ਹੈ॥ ੪੧॥

ਦਸਮੇਂ ਪਾਤਸ਼ਾਹੁ ਸੋ ਭਏ। ਸਿੰਘ ਪੰਥ ਜਗ ਮਹਿਂ ਨਿਰਮਏ।
ਇਕ ਪਠਾਨ ਤਹਿਂ ਜਾਇ ਨਿਹਾਰਾ। ਸੁਨਿ ਤਿਸ ਨੇ ਗੁਰ ਸੁਜਸੁ ਉਚਾਰਾ॥੪੨॥

ਉਹ ਦਸਮੇਂ ਪਾਤਸ਼ਾਹ ਹੋਏ ਹਨ, ਉਨ੍ਹਾਂ ਨੇ ਜਗਤ ਵਿਚ ਸਿੰਘ ਪੰਥ ਦਾ ਨਿਰਮਾਣ ਕੀਤਾ ਹੈ।'' ਗੱਲਾਂ ਕਰਦਿਆਂ ਵੇਖ ਕੇ ਉਥੇ ਇਕ ਪਠਾਣ ਆ ਗਿਆ। ਉਸ ਨੇ ਸੁਣ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ॥ ੪੨॥

'ਸੋ ਗੁਰ ਬਡੋ ਬਹਾਦਰ ਹੇਰਾ। ਰਣ ਚਮਕੌਰ ਅਨੰਦਪੁਰਿ ਕੇਰਾ।
ਤਹਾਂ ਤੀਰ ਕਰਿ ਜੋਰ ਪ੍ਰਹਾਰੇ। ਇਕ ਤੇ ਦਸ ਹਜ਼ਾਰ ਅਰਿ ਮਾਰੇ॥ ੪੩॥

''ਉਹ ਗੁਰੂ ਜੀ ਵੱਡੇ ਬਹਾਦਰ ਵੇਖੇ ਹਨ, ਉਨ੍ਹਾਂ ਨੇ ਚਮਕੌਰ ਅਤੇ ਅਨੰਦਪੁਰ ਵਿਚ ਯੁੱਧ ਕੀਤੇ ਹਨ। ਉਥੇ ਬਹੁਤ ਜ਼ੋਰ ਨਾਲ ਤੀਰ ਚਲਾਏ। ਇਕ-ਇਕ ਤੀਰ ਨਾਲ ਦਸ-ਦਸ ਹਜ਼ਾਰ ਵੈਰੀ ਮਾਰ ਦਿੱਤੇ॥ ੪੩॥

ਕਰਾਮਾਤ ਕੋ ਧਨੀ ਬਿਸਾਲਾ। ਜੋ ਚਿਤ ਚਹੈ ਸੁ ਕਰਨੇ ਵਾਲਾ।
ਦ੍ਵੈ ਦ੍ਵੈ ਕੋਸ ਤੀਰ ਅਰਿ ਘਾਏ। ਦਸ ਲਾਖਨਿ ਸੋਂ ਜੰਗ ਮਚਾਏ'॥ ੪੪॥

ਕਰਾਮਾਤ ਦੇ ਵੱਡੇ ਧਨੀ ਹਨ, ਜੋ ਚਿੱਤ ਚਾਹੇ ਉਹੋ ਕਰਨ ਵਾਲੇ ਹਨ। ਦੋ-ਦੋ ਕੋਹਾਂ ਉੱਪਰ ਤੀਰ ਮਾਰ ਕੇ ਵੈਰੀ ਨੂੰ ਮਾਰ ਦਿੰਦੇ ਹਨ। ਦਸ ਲੱਖ ਵੈਰੀ ਨਾਲ ਇਕੱਲੇ ਜੰਗ ਮਚਾ ਦਿੰਦੇ ਹਨ'॥ ੪੪॥

ਕਹੈ ਸਿੰਘ 'ਕਜਾ ਨਰ ਕੀ ਬੰਦਾ। ਜਮ ਫਾਸੀ ਕੋ ਦੇਤਿ ਨਿਕੰਦਾ'।
ਬਾਲੇ ਰਾਇ ਸੁਨੀ ਚਿਤ ਲਾਇ! ਸ਼ਰਧਾ ਵਧੀ ਕਹਜੋ ਕਰਿ ਭਾਇ॥ ੪੫॥

ਸਿੰਘ ਕਹਿਣ ਲੱਗਾ, ''ਮਨੁੱਖ ਦੀ ਕੈਦ ਕੀ ਚੀਜ਼ ਹੈ, ਗੁਰੂ ਜੀ ਤਾਂ ਜਮਾਂ ਦੀ ਫਾਸੀ ਵੀ ਕੱਟ ਦਿੰਦੇ ਹਨ।'' ਬਾਲੇ ਰਾਇ ਨੇ ਇਹ ਗੱਲ ਚਿਤ ਲਾ ਕੇ ਸੁਣੀ ਤਾਂ ਉਸ ਵਿਚ ਸ਼ਰਧਾ ਵਧੀ ਤੇ ਪ੍ਰੇਮ ਨਾਲ ਕਿਹਾ॥ ੪੫॥

'ਕਰੋ ਸਿੰਘ ਜੀ ਉਠਿ ਅਰਦਾਸ। ਕਰਹਿਂ ਜਿ ਹਮਰੀ ਬੰਦ ਖਲਾਸ।
ਗੁਰ ਕੇ ਪਗ ਪੰਕਜ ਬਹੁ ਸੇਵੋਂ। ਪੰਚਾਮ੍ਰਿਤ ਉਪਾਇਨ ਦੇਵੋਂ'॥ ੪੬॥

''ਹੇ ਸਿੰਘ ਜੀ! ਉੱਠ ਕੇ ਅਰਦਾਸ ਕਰੋ, ਜੇ ਸਾਡੀ ਵੀ ਬੰਦ-ਖਲਾਸੀ ਕਰਵਾ ਦੇਣ ਤਾਂ ਅਸੀਂ ਗੁਰੂ ਜੀ ਦੇ ਚਰਨ ਕੰਵਲਾਂ ਦੀ ਬਹੁਤ ਸੇਵਾ ਕਰਾਂਗੇ, ਕੜਾਹ ਪ੍ਰਸ਼ਾਦਿ ਉਪਹਾਰ ਦੇ ਤੌਰ ਤੇ ਭੇਟ ਕਰਾਂਗਾ''॥ ੪੬॥

ਸੁਨਤਿ ਸਿੰਘ ਕੀਨੀ ਅਰਦਾਸ। ਸਿਮਰਨ ਲਗਜੋ ਨਾਮ ਸੁਖਰਾਸ।
ਪਰਮ ਪ੍ਰੇਮ ਮਨ ਮਹਿਂ ਉਪਜਾਯੋ। ਨਿਸ ਦਿਨ ਗੁਰ ਮਹਿਂ ਧਜਾਨ ਲਗਾਯੋ॥੪੭॥

ਸਿੰਘ ਨੇ ਸੁਣ ਕੇ ਅਰਦਾਸ ਕੀਤੀ ਤਾਂ ਬਾਲੇ ਰਾਇ ਸੁਖ ਦੇਣ ਵਾਲੇ ਨਾਮ ਦਾ ਸਿਮਰਨ ਕਰਨ ਲੱਗਾ। ਆਪਣੇ ਮਨ ਵਿਚ ਪਰਮ ਪ੍ਰੇਮ ਉਤਪੰਨ ਕੀਤਾ ਤੇ ਰਾਤ ਦਿਨ ਗੁਰੂ ਜੀ ਵਿਚ ਧਿਆਨ ਲਾਇਆ॥ ੪੭॥

ਅਰਧ ਰਾਤਿ ਸਿਮਰਤਿ ਉਰ ਜਬੈ। ਪ੍ਰਗਟੇ ਸ੍ਰੀ ਗੋਬਿੰਦ ਸਿੰਘ ਤਬੈ।
ਸ਼ਬਦ ਤੁਰੰਗਮ ਕੋ ਸੁਨਿ ਪਾਯੋ। ਉਠਜੋ ਰਾਇ ਤਿਤ ਨੈਨ ਲਗਾਯੋ॥ ੪੮॥

ਅੱਧੀ ਰਾਤ ਨੂੰ ਜਦ ਹਿਰਦੇ ਵਿਚ ਗੁਰੂ ਜੀ ਦਾ ਸਿਮਰਨ ਕਰ ਰਿਹਾ ਸੀ, ਤਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਥੇ ਪ੍ਰਗਟ ਹੋ ਗਏ। ਬਾਲੇ ਰਾਇ ਨੇ ਘੋੜੇ ਦੀ ਆਵਾਜ਼ ਸੁਣੀ ਤੇ ਉਸ ਨੇ ਉੱਠ ਕੇ ਤੁਰਤ ਉਸ ਪਾਸੇ ਆਪਣੇ ਨੈਣ ਲਾਏ॥ ੪੮॥

ਬਿਸਮਤਿ ਬੂਝਜੋ 'ਕਹੁ ਤੁਮ ਕੌਨ?'। ਸ੍ਰੀ ਪ੍ਰਭੁ ਕਹਹਿਂ 'ਅਰਾਧਹਿਂ ਜੌਨ।
ਸੋ ਪਹੁੰਚਜੋ ਤੁਵ ਕਰਨਿ ਸਹਾਇ। ਉਠਹੁ ਅਬਹਿ ਨਹਿਂ ਬਿਲਮ ਲਗਾਇ'॥੪੯॥

ਹੈਰਾਨ ਹੋ ਕੇ ਉਸ ਪੁੱਛਿਆ, ''ਦੱਸੋ ਤੁਸੀਂ ਕੌਣ ਹੋ?'' ਸਤਿਗੁਰੂ ਜੀ ਕਹਿਣ ਲੱਗੇ, ''ਜਿਨ੍ਹਾਂ ਦੀ ਅਰਾਧਣਾ ਕਰ ਰਿਹਾ ਹੈਂ ਉਹ ਹੁਣ ਤੇਰੀ ਸਹਾਇਤਾ ਕਰਨ ਵਾਸਤੇ ਪਹੁੰਚੇ ਹਨ। ਉਠੋ ਹੁਣ ਦੇਰ ਨਾ ਲਾਵੋ''॥ ੪੯॥

'ਸ੍ਰੀ ਗੁਰ ਮੋਹਿ ਪਗਹੁੰ ਮਹਿਂ ਬੇਰੀ। ਅਨੁਜ ਸੁਪਤਿ ਤਿਮ ਹੀ ਢਿਗ ਮੇਰੀ'।
'ਭ੍ਰਾਤ ਜਗਾਵਹੁ ਸੰਗ ਨ ਛੂਟੈ। ਵਾਹਿਗੁਰੂ ਕਹੁ ਬੇਰੀ ਟੂਟੈ'॥ ੫੦॥

"ਹੇ ਸਤਿਗੁਰੂ ਜੀ! ਮੇਰੇ ਪੈਰਾਂ ਵਿਚ ਬੇੜੀਆਂ ਪਈਆਂ ਹਨ, ਉਸ ਪ੍ਰਕਾਰ ਹੀ ਮੇਰਾ ਛੋਟਾ ਭਰਾ ਬੇੜੀਆਂ ਸਹਿਤ ਮੇਰੇ ਪਾਸ ਸੁੱਤਾ ਹੈ।" ਸਤਿਗੁਰੂ ਜੀ ਨੇ ਕਿਹਾ, "ਭਰਾ ਨੂੰ ਜਗਾਵੋ, ਉਹਦਾ ਸਾਥ ਨਾ ਹਟ ਜਾਵੇ। ਵਾਹਿਗੁਰੂ ਕਹੋ ਤਾਂ ਬੇੜੀਆਂ ਟੁੱਟ ਜਾਣਗੀਆਂ"॥ ੫੦॥

ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ। ਸੰਗਲ ਟੂਟੇ ਨਾਮ ਧਿਆਯੋ।
ਉਠਿ ਦੋਨਹੁਂ ਗੁਰ ਚਰਨੀ ਪਰੇ। 'ਧੰਨ ਗੁਰੂ ਕਿਰਤਾਰਥ ਕਰੇ'॥ ੫੧॥

ਸਤਿਗੁਰੂ ਜੀ ਪਾਸੋਂ ਸੁਣ ਕੇ ਉਸ ਆਪਣੇ ਭਰਾ ਨੂੰ ਜਗਾਇਆ ਤੇ ਵਾਹਿਗੁਰੂ ਦਾ ਨਾਮ ਲੈਣ ਨਾਲ ਸੰਗਲ ਟੁੱਟ ਗਏ। ਉੱਠ ਕੇ ਦੋਵੇਂ ਗੁਰੂ ਜੀ ਦੀ ਚਰਨੀਂ ਪੈ ਗਏ, "ਧੰਨ ਗੁਰੂ ਜੀ ਤੁਸੀਂ ਵੱਡਾ ਕਿਰਤਾਰਥ ਕੀਤਾ ਹੈ"॥ ੫੧॥

ਪ੍ਰਭੁ ਬੋਲੇ 'ਜੋ ਹੈਂ ਸਿਖ ਮੇਰੇ। ਸਿਮਰਤਿ ਸਤਿਗੁਰ ਸੰਝ ਸਵੇਰੇ।
ਨਰ ਤੇ ਕਹਾਂ ਬਚਾਵਨ ਗਾਥਾ। ਜਮ ਤੇ ਰਾਖੋਂ ਦੈ ਕਰਿ ਹਾਥਾ॥ ੫੨॥

ਸਤਿਗੁਰੂ ਜੀ ਕਹਿਣ ਲੱਗੇ, 'ਜਿਹੜੇ ਮੇਰੇ ਸਿੱਖ ਹਨ, ਉਹ ਸ਼ਾਮ ਸਵੇਰੇ ਸਤਿਗੁਰੂ ਜੀ ਦਾ ਸਿਮਰਨ ਕਰਦੇ ਹਨ। ਮਨੁੱਖ ਤੋਂ ਬਚਾਉਣ ਦੀ ਕੀ ਕਹਾਣੀ ਹੈ, ਮੈਂ ਜਮਾਂ ਤੋਂ ਵੀ ਹੱਥ ਦੇ ਕੇ ਬਚਾ ਲੈਂਦਾ ਹਾਂ॥ ੫੨॥

ਅਬਿ ਦੋਨਹੁਂ ਦਿਸ਼ਿ ਹ੍ਵੈ ਤੁਮ ਠਾਢੇ। ਗਹਹੁ ਰਕਾਬ ਦ੍ਵਾਲ ਦ੍ਰਿੜ੍ਹ ਗਾਢੇ।
ਚੌਂਕੀਦਾਰਨ ਦੇਹੁ ਜਗਾਇ। 'ਘੇਰ ਲੇਹੁ ਅਬਿ ਹਮ ਚਲਿ ਜਾਇ'॥ ੫੩॥

ਹੁਣ ਦੋਵੇਂ ਪਾਸੇ ਤੁਸੀਂ ਖੜੇ ਹੋ। ਹੁਣ ਦੋਵਾਂ ਰਕਾਬਾਂ ਦੀ ਦ੍ਵਾਲ ਘੁੱਟ ਕੇ ਫੜੋ। ਚੌਕੀਦਾਰਾਂ ਨੂੰ ਜਗਾ ਦੇਵੋ। ਹੁਣ ਸਾਨੂੰ ਘੇਰ ਲਵੋ, ਫੇਰ ਵੀ ਅਸੀਂ ਚਲੇ ਜਾਵਾਂਗੇ'॥ ੫੩॥

ਗਹਿ ਕੈ ਦ੍ਵਾਲ ਕਹਜੋ ਦ੍ਵੈ ਭਾਈ। 'ਅਬਿ ਹਮਰੇ ਗੁਰ ਭਏ ਸਹਾਈ।
ਜੇ ਬਲ ਹੈ ਤੋ ਲੀਜੈ ਘੇਰੇ। ਨਾਂਹਿ ਤ ਹਮ ਪਹੁੰਚਹਿਂ ਨਿਜ ਡੇਰੇ'॥ ੫੪॥

ਦੋਵਾਂ ਰਕਾਬਾਂ ਦੇ ਦ੍ਵਾਲ ਘੁੱਟ ਕੇ ਫੜ ਕੇ ਦੋਵੇਂ ਭਰਾ ਕਹਿਣ ਲੱਗੇ, "ਹੁਣ ਸਾਡੇ ਗੁਰੂ ਜੀ ਸਹਾਇਕ ਹੋਏ ਹਨ, ਜੇ ਤੇਰੇ ਵਿਚ ਤਾਕਤ ਹੈ ਘੇਰ ਲਵੋ, ਨਹੀਂ ਤਾਂ ਅਸੀਂ ਆਪਣੇ ਡੇਰੇ ਪਹੁੰਚ ਜਾਵਾਂਗੇ"॥ ੫੪॥

ਸੁਨਿ ਊਚੀ ਧੁਨਿ ਕੋ ਤਬਿ ਜਾਗੇ। ਉਠ ਕਰਿ ਘੇਰ ਪਕਰਨੇ ਲਾਗੇ।
ਤਬਿ ਸਤਿਗੁਰੂ ਤੁਰੰਗਮ ਪ੍ਰੇਰਾ। ਪੰਛੀ ਜਿਮ ਗਮਨੇ ਤਿਸ ਬੇਰਾ॥ ੫੫॥

ਜਦ ਬੜੀ ਉੱਚੀ ਆਵਾਜ਼ ਵਿਚ ਚੌਕੀਦਾਰਾਂ ਨੇ ਸੁਣਿਆ ਤਾਂ ਉਹ ਜਾਗ ਪਏ। ਉੱਠ ਕੇ ਘੇਰਾ ਪਾ ਕੇ ਫੜਨ ਲੱਗੇ। ਤਦ ਸਤਿਗੁਰੂ ਜੀ ਨੇ ਘੋੜੇ ਨੂੰ ਪ੍ਰੇਰਿਆ। ਉਸ ਸਮੇਂ ਇਕ ਪੰਛੀ ਵਾਂਗ ਉਡ ਕੇ ਚਲੇ ਗਏ॥ ੫੫॥

ਦ੍ਵਾਦਸ਼ ਕੋਸ ਬਿੰਧਾਚਲ ਗਏ। ਦ੍ਵਾਲ ਛੁਰਾਇ ਬਖਾਨਤਿ ਭਏ।
'ਇਹ ਦਰਸ਼ਨ ਕੋ ਹਠ ਨਹਿਂ ਕਰੀਅਹਿ। ਅਵਚਲ ਨਗਰ ਸਿਧਾਰਨ ਕਰੀਅਹਿ॥੫੬॥

ਬਿੰਧਿਆਚਲ ਪਰਬਤ ਵਲ ਬਾਰ੍ਹਾਂ ਕੋਹ ਦੇ ਫ਼ਾਸਲੇ ਤੇ ਗਏ, ਦ੍ਵਾਲ ਛੁੜਵਾ ਕੇ ਸਤਿਗੁਰੂ ਜੀ ਕਹਿਣ ਲੱਗੇ, "ਇਨ੍ਹਾਂ ਦਰਸ਼ਨਾਂ ਦਾ ਹੱਠ ਨਾ ਕਰੋ ਤੇ ਅਬਚਲ ਨਗਰ ਚਲੇ ਜਾਵੋ॥ ੫੬॥

ਅਰਪਨ ਚਹਹੁ ਸੁ ਅਰਪਹੁ ਤਹਾਂ। ਪੰਚ ਸਿੰਘ ਮੇਰੇ ਹੈਂ ਜਹਾਂ।
ਸ਼ਰਧਾ ਧਰਹੁ ਸਰੂਪ ਸੁ ਮੇਰਹੁ। ਪੂਰਹੁ ਕਾਮਨਾ ਪੂਜਹੁ ਹੇਰਹੁ'॥ ੫੭॥

ਜੋ ਕੁਝ ਵੀ ਅਰਪਣ ਕਰਨਾ ਚਾਹੁੰਦੇ ਹੋ, ਉਥੇ ਅਰਪਣ ਕਰੋ ਜਿੱਥੇ ਮੇਰੇ ਪੰਜ ਸਿੰਘ ਹਨ। ਜਦ ਸ਼ਰਧਾ ਧਾਰ ਕੇ ਉਨ੍ਹਾਂ ਨੂੰ ਵੇਖੋਗੇ ਤਾਂ ਉਹ ਮੇਰਾ ਸਰੂਪ ਹੀ ਦਿਖਾਈ ਦੇਣਗੇ। ਆਪਣੀਆਂ ਕਾਮਨਾਵਾਂ ਪੂਰੀਆਂ ਕਰੋ, ਪੂਜਾ ਕਰੋ, ਦਰਸ਼ਨ ਕਰੋ" ॥ ੫੭ ॥

**ਇਮ ਕਹਿ ਹੋਏ ਅੰਤਰ ਧ੍ਯਾਨ। ਸ੍ਰੀ ਗੁਰ ਗੋਬਿੰਦ ਸਿੰਘ ਸੁਜਾਨ।**
**ਬਨੇ ਸਹਾਇਕ ਬੰਦ ਖਲਾਸੀ। ਨਿਜ ਦਾਸਨ ਕਾਟਤ ਜਮ ਫਾਸੀ ॥ ੫੮ ॥**

ਇਸ ਪ੍ਰਕਾਰ ਕਹਿ ਕੇ ਸਤਿਗੁਰੂ ਜੀ ਅੰਤਰ-ਧਿਆਨ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਾਇਕ ਬਣ ਕੇ ਬੰਦ-ਖਲਾਸੀ ਕੀਤੀ। ਆਪਣੇ ਦਾਸਾਂ ਦੀ ਜਮਾਂ ਦੀ ਫਾਂਸੀ ਵੀ ਕੱਟ ਦਿੰਦੇ ਹਨ ॥ ੫੮ ॥

*ਦੂਸਰੇ ਐਨ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ ॥ ੨੫ ॥*

# *ਅਧਿਆਇ ਛੱਬੀਵਾਂ*

### *ਦੋਹਾਂ ਮਾਤਾ ਸਾਹਿਬਾਂ ਨੂੰ ਖਬਰ, ਬੰਦਾ ਸਿੰਘ ਦਾ ਘੇਰੇ ਵਿਚ ਆਉਣਾ*

ਦੋਹਰਾ- **ਬਾਲੇ ਰਾਇ ਬਿਚਾਰਿਕੈ ਲੇ ਸੰਗ ਰੁਸਤਮ ਰਾਇ।**
**ਪਹੁੰਚੇ ਅਪਨੇ ਸਦਨ ਮਹਿਂ ਧਨ ਗਨ ਸੰਗ ਲਵਾਇ ॥ ੧ ॥**

ਬਾਲੇ ਰਾਇ ਨੇ ਵਿਚਾਰ ਕਰਕੇ ਆਪਣੇ ਨਾਲ ਰੁਸਤਮ ਰਾਇ ਨੂੰ ਲਿਆ ਤੇ ਫਿਰ ਆਪਣੇ ਘਰ ਪਹੁੰਚੇ, ਓਥੋਂ ਜਾਕੇ ਉਨ੍ਹਾਂ ਬਹੁਤ ਧਨ ਆਪਣੇ ਪਾਸ ਲਿਆ ॥੧॥

ਚੌਪਈ- **ਅਵਚਲ ਨਗਰ ਗਏ ਹਰਖਾਇ। ਦਰਸ਼ਨ ਕਰਜੋ ਸੀਸ ਕੋ ਨਜਾਇ।**
**ਥਾਤੀ ਦਰਬ ਸਰਬ ਦੇ ਤਥਾ। ਕਹੀ ਸੰਤੋਖ ਸਿੰਘ ਸੰਗ ਕਥਾ ॥ ੨ ॥**

ਫਿਰ ਦੋਵੇਂ ਖ਼ੁਸ਼ ਹੋ ਕੇ ਅਬਚਲ ਨਗਰ ਪਹੁੰਚੇ। ਗੁਰੂ ਸਥਾਨ ਦੇ ਸਿਰ ਨਿਵਾ ਕੇ ਦਰਸ਼ਨ ਕੀਤੇ। ਸੋਨਾ ਧਨ ਸਾਰਾ ਦੇ ਦਿੱਤਾ ਤੇ ਫਿਰ ਸਾਰੀ ਕਥਾ ਸੰਤੋਖ ਸਿੰਘ ਨੂੰ ਸੁਣਾਈ ॥ ੨ ॥

**ਉਠਿ ਅਰਦਾਸ ਕਰੀ ਗੁਰ ਆਗੇ। 'ਧੰਨ ਪ੍ਰਭੂ ਸਗਰੇ ਥਲ ਜਾਗੇ।**
**ਸਿਮਰੇ ਹਾਜ਼ਰ ਹ੍ਵੈ ਜਹਿਂ ਕਹਾਂ। ਅਪਨੀ ਪੈਜ ਰਾਖਤੇ ਮਹਾਂ ॥ ੩ ॥**

ਉੱਠ ਕੇ ਉਸ ਨੇ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ, "ਧੰਨ ਸਤਿਗੁਰੂ ਜੀ ਹਨ, ਹਰ ਥਾਂ ਜਾਗਦੇ ਹਨ। ਯਾਦ ਕਰਨ ਨਾਲ ਜਿੱਥੇ ਕਿੱਥੇ ਹਾਜ਼ਰ ਹੋ ਜਾਂਦੇ ਹਨ ਤੇ ਆਪਣੇ ਧਰਮ ਦੀ ਪਾਲਣਾ ਕਰਦੇ ਹਨ" ॥ ੩ ॥

**ਕਿਤਿਕ ਤਿਹਾਵਨ ਕਰਿ ਵਰਤਾਯੋ। ਅਪਰ ਦੇਗ਼ ਕੋ ਕਾਰ ਚਲਾਯੋ।**
**ਪ੍ਰਚੁਰ ਪ੍ਰਸੰਗ ਦੇਸ਼ ਮਹਿਂ ਹੋਵਾ। ਗੁਰ ਦਰਬਾਰ ਬ੍ਰਿੰਦ ਹੀ ਜੋਵਾ ॥ ੪ ॥**

ਕੁਝ ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾ ਦਿੱਤਾ, ਹੋਰ ਲੰਗਰ ਦਾ ਕਾਰਜ ਚਲਾਇਆ। ਬਾਲੇ ਰਾਇ ਵਾਲਾ ਪ੍ਰਸੰਗ ਸਾਰੇ ਦੇਸ਼ ਵਿਚ ਫੈਲ ਗਿਆ ਤਾਂ ਬਹੁਤ ਲੋਕ ਗੁਰੂ ਦਰਬਾਰ ਦੇ ਦਰਸ਼ਨ ਕਰਨ ਵਾਸਤੇ ਆਉਣ ਲੱਗੇ ॥ ੪ ॥

ਜਥਾ ਸ਼ਕਤਿ ਸਭਿ ਭੇਟ ਚਢਾਵੈਂ। ਕਰਹਿਂ ਕਾਮਨਾਂ ਨਾਨਾ ਪਾਵੈਂ।
ਜੋ ਪੰਜਾਬ ਦੇਸ਼ ਕੋ ਆਏ। ਦਿਲੀਪੁਰਿ ਮਹਿਂ ਸੋ ਪ੍ਰਵਿਸ਼ਾਏ॥ ੫॥

ਜਥਾ ਸ਼ਕਤੀ ਅਨੁਸਾਰ ਉਹ ਭੇਟਾਂ ਚੜ੍ਹਾਉਂਦੇ ਸਨ, ਜਿਹੜੀਆਂ ਵੀ ਕਾਮਨਾਂ ਕਰਦੇ ਸਨ, ਉਹ ਪਾਉਂਦੇ ਸਨ। ਜਿਹੜੇ ਸਿੰਘ ਪੰਜਾਬ ਦੇਸ਼ ਨੂੰ ਗਏ ਸਨ, ਉਹ ਦਿੱਲੀ ਨਗਰੀ ਵਿਚ ਜਾ ਦਾਖਲ ਹੋਏ॥ ੫॥

ਮਾਤ ਸੁੰਦਰੀ ਸਾਹਿਬ ਦੇਵੀ। ਜਾਇ ਨਮੋ ਕੀਨੀ ਜੁਗ ਸੇਵੀ।
ਕੁਛ ਮਿਸ਼ਟਾਨ ਉਪਾਇਨ ਰਾਖੀ। ਪਿਖਿ ਸਿੰਘਨ ਕੋ ਬੂਝਨਿ ਕਾਂਖੀ॥ ੬॥

ਉਥੇ ਜਾ ਕੇ ਉਹ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਜਾ ਕੇ ਮਿਲੇ ਤੇ ਦੋਹਾਂ ਨੂੰ ਜਾ ਕੇ ਨਮਸ਼ਕਾਰ ਕੀਤੀ, ਜਿਹੜੀਆਂ ਦੋਵੇਂ ਇਸ ਜੁਗ ਵਿਚ ਸੇਵਨ ਯੋਗ ਹਨ। ਕੁਝ ਮਿੱਠਾ ਉਪਹਾਰ ਦੇ ਤੌਰ ਤੇ ਅੱਗੇ ਰੱਖਿਆ। ਦੋਵੇਂ ਮਾਤਾ ਸਾਹਿਬਾਂ, ਸਿੰਘਾਂ ਨੂੰ ਵੇਖ ਪੁੱਛਣ ਲੱਗੀਆਂ॥ ੬॥

'ਤੁਮ ਜਗ ਗੁਰ ਕੇ ਸੰਗੀ ਅਹੋ। ਕਬਿ ਤੇ ਤਜਿ ਆਏ ਸਚ ਕਹੋ'।
ਸੁਨਤਿ ਸਜਲ ਦ੍ਰਿਗ ਜੋਰਤਿ ਹਾਥਾ। ਗਾਥਾ ਕਹੀ ਮਾਤ ਕੇ ਸਾਥਾ॥ ੭॥

"ਤੁਸੀਂ ਜਗਤ ਗੁਰੂ ਜੀ ਦੇ ਸਾਥੀ ਰਹੇ ਹੋ, ਕਦ ਦੇ ਉਨ੍ਹਾਂ ਨੂੰ ਛੱਡ ਕੇ ਆਏ ਹੋ, ਸੱਚੋ-ਸੱਚ ਦੱਸੋ।" ਇਹ ਸੁਣ ਕੇ ਸਿੰਘਾਂ ਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਉਨ੍ਹਾਂ ਵਿਚ ਹੰਝੂ ਭਰ ਆਏ। ਫਿਰ ਉਨ੍ਹਾਂ ਹੱਥ ਜੋੜ ਕੇ ਮਾਤਾ ਜੀ ਨੂੰ ਗਾਥਾ ਸੁਣਾਈ॥ ੭॥

'ਸਤਿਗੁਰ ਅਪਨੇ ਸਦਨ ਸਿਧਾਰੇ। ਹਮ ਅਨਾਥ ਹੁਇ ਇਤਹਿਂ ਪਧਾਰੇ।
ਨਿਜ ਪਗ ਸੰਗ ਚਿਖਾ ਪਰ ਗਏ। ਨਰ ਗਨ ਮਿਲੇ ਅਚੰਭੇ ਭਏ॥ ੮॥

"ਸਤਿਗੁਰੂ ਜੀ ਆਪਣੇ ਘਰ ਚਲੇ ਗਏ ਹਨ, ਅਸੀਂ ਅਨਾਥ ਹੋਏ ਏਧਰ ਆਏ ਹਾਂ। ਆਪਣੇ ਚਰਨਾਂ ਸਹਿਤ ਚਿਖਾ ਉੱਪਰ ਜਾਕੇ ਬੈਠ ਗਏ ਹਨ। ਸਾਰੇ ਮਨੁੱਖ ਵੇਖ ਕੇ ਬਹੁਤ ਹੈਰਾਨ ਹੋਏ ਹਨ॥ ੮॥

ਭਸਮ ਬਿਖੈ ਤੇ ਕੁਛ ਨਹਿਂ ਪਾਯੋ। ਨਹਿਂ ਅਸਥੀ ਆਯੁਧ ਸਮੁਦਾਯੋ।
ਰਹਯੋ ਤਬੇਲੇ ਨਹਿਨ ਤੁਰੰਗ। ਜਾਨਯੋਂ ਸਭਿਨਿ, ਗਏ ਲੇ ਸੰਗ॥ ੯॥

ਭਸਮ ਵਿਚੋਂ ਕੁਝ ਵੀ ਨਹੀਂ ਮਿਲਿਆ ਹੈ, ਨਾ ਹੀ ਕੋਈ ਅਸਥੀ ਮਿਲੀ ਹੈ ਅਤੇ ਨਾ ਕੋਈ ਹਥਿਆਰ ਪਾਇਆ ਹੈ। ਘੋੜਾ ਵੀ ਤਬੇਲੇ ਵਿਚ ਨਹੀਂ ਰਿਹਾ ਹੈ, ਸਾਰਿਆਂ ਨੇ ਇਹ ਜਾਣਿਆ ਹੈ ਕਿ ਗੁਰੂ ਜੀ ਆਪਣੇ ਨਾਲ ਲੈ ਗਏ ਹਨ॥ ੯॥

ਰਾਮਚੰਦ ਸ੍ਰੀ ਕ੍ਰਿਸ਼ਨ ਉਦਾਰਾ। ਭਏ ਮੁੱਖਜ ਇਹ ਦਸ ਅਵਤਾਰਾ।
ਆਰਬਲਾ ਬੀਤੀ ਸਭਿ ਚਲੇ। ਨਹੀਂ ਸਥਿਰ ਨਰ ਤਨ ਇਸ ਥਲੇ॥ ੧੦॥

ਰਾਮ ਚੰਦਰ, ਸ੍ਰੀ ਕ੍ਰਿਸ਼ਨ ਆਦਿ ਇਹ ਜਿਹੜੇ ਮੁਖੀ ਦਸ ਅਵਤਾਰ ਹੋਏ ਹਨ, ਉਮਰ ਭੋਗਣ ਨਾਲ ਸਾਰੇ ਚਲੇ ਗਏ ਹਨ, ਇਸ ਦੁਨੀਆਂ ਵਿਚ ਕਿਸੇ ਦਾ ਸਰੀਰ ਵੀ ਸਥਿਰ ਨਹੀਂ ਰਿਹਾ ਹੈ॥੧੦॥

ਸਭਿਹਿਨਿ ਕੋ ਸ਼ੁਭ ਦੇ ਉਪਦੇਸ਼। ਤਿਮ ਸਤਿਗੁਰ ਪਹੁੰਚੇ ਨਿਜ ਦੇਸ਼'।
ਜਗ ਗੁਰ ਗ੍ਰਿਹਨੀ ਦੋਨਹੁਂ ਮਾਤ। ਸੁਨਯੋਂ ਚਲਾਣਾ ਬਹੁ ਬਿਲਲਾਤ॥ ੧੧॥

ਸਾਰਿਆਂ ਨੂੰ ਸ਼ੁਭ ਉਪਦੇਸ਼ ਦੇ ਕੇ, ਉਸ ਪ੍ਰਕਾਰ ਸਤਿਗੁਰੂ ਜੀ ਵੀ ਆਪਣੇ ਦੇਸ਼ ਵਿਚ ਪਹੁੰਚ ਗਏ ਹਨ।" ਜਦ ਜਗਤ ਗੁਰੂ ਜੀ ਦੀਆਂ ਦੋਵਾਂ ਪਤਨੀਆਂ ਨੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਸੁਣਿਆ ਤਾਂ ਦੋਵੇਂ ਬਹੁਤ ਵਿਲਕਣ ਲੱਗੀਆਂ॥੧੧॥

ਚਲੀ ਬਿਲੋਚਨ ਤੇ ਜਲ ਧਾਰਾ। ਧਾਰਾ ਸ਼ੋਕ ਰੁਦਤਿ ਬਹੁ ਬਾਰਾ।
ਬਾਰਾ ਖੋਲੇ ਕਰੀ ਪੁਕਾਰਾ। 'ਕਾਰਾ ਕਰਯੋ ਹਮਹੁਂ ਸੰਗ ਭਾਰਾ॥ ੧੨॥

ਉਨ੍ਹਾਂ ਦੇ ਨੈਣਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ ਉਨ੍ਹਾਂ ਨੇ ਬਹੁਤ ਸ਼ੋਕ ਕੀਤਾ, ਰੋਂਦੀਆਂ ਹਨ ਤਾਂ ਨੈਣਾਂ ਵਿਚੋਂ ਬਹੁਤ ਜਲ ਚਲਦਾ ਹੈ। ਦੋਵਾਂ ਮਾਤਾ ਸਾਹਿਬਾਂ ਨੇ ਮੁਖ ਦਵਾਰ ਖੋਲ੍ਹ ਕੇ ਬਹੁਤ ਉੱਚੀ-ਉੱਚੀ ਪੁਕਾਰ ਕੀਤੀ ਤੇ ਕਿਹਾ, "ਸਾਡੇ ਨਾਲ ਭਾਰੀ ਕਾਰਾ ਹੋਇਆ ਹੈ॥੧੨॥

ਅੰਤ ਸਮੈਂ ਨਹਿਂ ਦਰਸ ਨਿਹਾਰਾ। ਹਾਰਾ ਮਨ ਮਾਨਹੁਂ ਤਿਸ ਬਾਰਾ।
ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ। ਨਿਕਟ ਬੈਠਿ ਛੋਰੈਂ ਦ੍ਰਿਗ ਬਾਰੀ॥੧੩॥

ਸਤਿਗੁਰੂ ਜੀ ਨੇ ਅੰਤ ਸਮੇਂ ਸਾਨੂੰ ਦਰਸ਼ਨ ਨਹੀਂ ਦਿੱਤੇ ਹਨ, ਮਾਨੋ ਤਿਸ ਵੇਲੇ ਮਨ ਹਾਰ ਗਿਆ ਹੈ।" ਇਹ ਵਿਰਲਾਪ ਸੁਣ ਸੁਣ ਕੇ ਇਸਤਰੀ-ਪੁਰਸ਼ ਆਉਂਦੇ ਸਨ ਤੇ ਪਾਸ ਬੈਠ ਕੇ ਅੱਖਾਂ ਵਿਚੋਂ ਪਾਣੀ ਵਹਾਉਂਦੇ ਸਨ॥੧੩॥

'ਕਹਾਂ ਗਏ ਅਚਰਜ ਕਰਿ ਗੁਰੂ। ਰਿਦੇ ਸ਼ੋਕ ਹਮਰੇ ਕਰਿ ਸ਼ੁਰੂ।
ਸਿਮਰਹਿਂ ਪ੍ਰਭੁ ਕੇ ਗੁਨਨਿ ਅਨੇਕ। 'ਹਮ ਕੋ ਤਜਿ ਗੇ ਜਲਧਿ ਬਿਬੇਕ'॥੧੪॥

"ਗੁਰੂ ਜੀ ਅਸਚਰਜ ਕਰਕੇ ਕਿੱਥੇ ਚਲੇ ਗਏ ਹਨ, ਸਾਡੇ ਹਿਰਦੇ ਵਿਚ ਸ਼ੋਕ ਭਰ ਗਏ ਹਨ।" ਸਤਿਗੁਰੂ ਜੀ ਦੇ ਅਨੇਕਾਂ ਗੁਣ ਯਾਦ ਕਰਦੇ ਸਨ। "ਗਿਆਨ ਦੇ ਸਾਗਰ ਸਾਨੂੰ ਛੱਡ ਕੇ ਚਲੇ ਗਏ ਹਨ"॥੧੪॥

ਸਾਹਿਬ ਦੇਵੀ ਸੁਨਾ ਸੁ ਜਬਿ ਤੇ। ਸਾਧਨ ਲਗੀ ਨੇਮ ਬ੍ਰਤ ਤਬਿ ਤੇ।
ਜਪ ਤਪ ਕਰਤੇ ਦਿਵਸ ਬਿਤਾਵੈ। ਸੁਪਤੈ ਅਲਪ ਅਲਪ ਹੀ ਖਾਵੈ॥੧੫॥

ਮਾਤਾ ਸਾਹਿਬ ਦੇਵਾਂ ਨੇ ਜਦ ਤੋਂ ਸੁਣਿਆਂ ਤਾਂ ਉਹ ਨੇਮ ਬਰਤ ਸਾਧਣ ਲੱਗੀ। ਜਪ ਤਪ ਕਰਕੇ ਦਿਨ ਬਤੀਤ ਕਰਦੀ ਸੀ। ਥੋੜ੍ਹਾ ਸੌਂਦੀ ਸੀ ਤੇ ਥੋੜ੍ਹਾ ਹੀ ਖਾਂਦੀ ਸੀ॥੧੫॥

ਪਤਿ ਕੇ ਧਜਾਨ ਪਰਾਇਨ ਪੀਨੀ। ਦੁਰਬਲ ਦੇਹਿ ਦਸ਼ਾ ਬਹੁ ਕੀਨੀ।
ਕਹੈ ਸੁੰਦਰੀ ਬਹੁ ਸਮੁਝਾਇ। ਤਦਪਿ ਅਲਪ ਹੀ ਭੋਜਨ ਖਾਇ॥੧੬॥

ਆਪਣੇ ਪਤੀ ਜੀ ਦੇ ਧਿਆਨ ਵਿਚ ਮਘਨ ਰਹਿੰਦੀ ਸੀ ਤੇ ਦੁਰਬਲ ਸਰੀਰ ਦਾ ਬਹੁਤ ਮਾੜਾ ਹਾਲ ਕਰ ਦਿੱਤਾ ਸੀ। ਇਸ ਬਾਰੇ ਮਾਤਾ ਸੁੰਦਰੀ ਜੀ ਬਹੁਤ ਸਮਝਾਉਂਦੇ ਸਨ, ਫਿਰ ਵੀ ਥੋੜ੍ਹਾ ਹੀ ਭੋਜਨ ਖਾਂਦੀ ਸੀ॥੧੬॥

ਸਿੱਖ ਸਿੱਖਨੀ ਸੀਸ ਨਿਵਾਵਹਿਂ। ਬਹੁ ਬਿਧਿ ਕੀ ਸ਼ੁਭ ਸੇਵ ਕਮਾਵਹਿਂ।
ਸ੍ਰੀ ਗੁਰ ਕੀ ਨਿਤ ਕਥਾ ਬਖਾਨਹਿਂ। ਨਿਸ ਬਾਸੁਰ ਸਿਮਰਨ ਮਨ ਠਾਨਹਿਂ॥੧੭॥

ਸਿੱਖ ਸਿੱਖਣੀਆਂ ਸਿਰ ਨਿਵਾਉਂਦੀਆਂ ਸਨ ਤੇ ਬਹੁਤ ਵਿਧੀਆਂ ਨਾਲ ਸ਼ੁਭ ਸੇਵਾ ਕਮਾਉਂਦੀਆਂ ਸਨ। ਸ੍ਰੀ ਗੁਰੂ ਜੀ ਦੀ ਨਿਤ ਕਥਾ ਕਹਿੰਦੀਆਂ ਸਨ ਤੇ ਦਿਨ ਰਾਤ ਸਿਮਰਨ ਵਿਚ ਮਨ ਲਾਉਂਦੀਆਂ ਸਨ॥੧੭॥

ਬਰਨੈ ਰਾਮਕੁਇਰ ਕਥ ਭਾਈ। ਮੈਂ ਨਹਿਂ ਹੁਤੋ ਸੰਗ ਤਿਸ ਥਾਈਂ।
ਬਾਲੂ ਹਸਨੇ ਕੇਰ ਉਦਾਸੀ। ਰਹੀ ਜਮਾਤ ਗੁਰੂ ਕੇ ਪਾਸੀ॥੧੮॥

ਭਾਈ ਰਾਮਕੁਇਰ ਜੀ ਕਥਾ ਦਾ ਵਰਣਨ ਕਰਦੇ ਹਨ ਤੇ ਕਹਿੰਦੇ ਹਨ ਕਿ ਉਸ ਸਮੇਂ ਮੈਂ ਉਨ੍ਹਾਂ ਪਾਸ ਨਹੀਂ ਸੀ। ਬਾਲੂ ਹਸਨੇ ਉਦਾਸੀ ਦੀ ਜਮਾਤ ਦੇ ਸਾਧੂ ਗੁਰੂ ਜੀ ਪਾਸ ਰਹੇ ਹਨ॥੧੮॥

ਸਭਿ ਪ੍ਰਸੰਗ ਕੋ ਤਿਂਨਹੁਂ ਨਿਹਾਰਾ। ਪੰਚ ਬਾਰ ਮੁਝ ਸੰਗ ਉਚਾਰਾ।
ਜਬਿ ਸੋ ਮਿਲਤਿ ਆਨਿ ਕਰਿ ਪਾਸੀ। ਮੈਂ ਬੂਝਤਿ ਸੋ ਕਰਤਿ ਪ੍ਰਕਾਸ਼ੀ॥੧੯॥

ਸਾਰਾ ਪ੍ਰਸੰਗ ਉਨ੍ਹਾਂ ਨੇ ਵੇਖਿਆ ਸੀ, ਪੰਜ ਵਾਰ ਉਨ੍ਹਾਂ ਮੇਰੇ ਪਾਸ ਉਚਾਰਨ ਕੀਤਾ ਹੈ। ਜਦ ਵੀ ਉਹ ਮੇਰੇ ਪਾਸ ਆ ਕੇ ਮੈਨੂੰ ਮਿਲਦੇ ਸਨ ਤਾਂ ਮੈਂ ਉਨ੍ਹਾਂ ਨੂੰ ਪੁੱਛਦਾ ਸੀ ਤਾਂ ਉਹ ਸਾਰੀ ਕਥਾ ਸੁਣਾਉਂਦੇ ਸਨ॥੧੯॥

ਅਵਚਲ ਨਗਰ ਗੁਰੂ ਕੇ ਪਾਛੇ। ਦਿਨ ਕੇਤਿਕ ਰਹਿ ਚਲਿਬੋ ਬਾਛੇ।
ਸੋ ਆਏ ਇਸ ਦੇਸ਼ ਮਝਾਰੀ। ਮਾਤਨ ਕੀ ਭੀ ਬਾਤ ਉਚਾਰੀ॥ ੨੦॥

ਅਬਚਲ ਨਗਰ ਵਿਚ ਗੁਰੂ ਜੀ ਦੇ ਬਾਅਦ ਵਿਚ ਕਈ ਦਿਨ ਰਹੇ, ਫਿਰ ਉਥੋਂ ਚੱਲਣ ਦੀ ਇੱਛਾ ਪ੍ਰਗਟ ਕੀਤੀ। ਫਿਰ ਉਹ ਇਸ ਦੇਸ਼ ਵਿਚ ਆ ਗਏ। ਉਨ੍ਹਾਂ ਨੇ ਮਾਤਾ ਸਾਹਿਬਾਂ ਬਾਰੇ ਵੀ ਗੱਲ ਉਚਾਰਨ ਕੀਤੀ॥ ੨੦॥

ਸਾਹਿਬ ਦੇਵੀ ਹਿਤ ਮਨ ਭਾਵਨ। ਤਨ ਪਿੰਜਰ ਸਮ ਕੀਨ ਸੁਕਾਵਨ।
ਪਸ਼ਚਾਤਾਪ ਕਰਤਿ ਦੁਖਿਯਾਰੀ। 'ਕਜੌਂ ਨ ਪ੍ਰਭੁ ਕੇ ਸੰਗ ਸਿਧਾਰੀ॥ ੨੧॥

ਮਾਤਾ ਸਾਹਿਬ ਦੇਵਾਂ ਜੀ ਦੇ ਮਨ ਵਿਚ ਸਤਿਗੁਰੂ ਜੀ ਦਾ ਪ੍ਰੇਮ ਹੀ ਭਾਉਂਦਾ ਸੀ। ਉਸ ਨੇ ਆਪਣਾ ਸਰੀਰ ਸੁਕਾ ਕੇ ਪਿੰਜਰ ਵਾਂਗ ਕਰ ਲਿਆ ਸੀ। ਦੁਖਿਆਰੀ ਸਦਾ ਪਛਤਾਵਾ ਕਰਦੀ ਰਹਿੰਦੀ ਸੀ ਕਿ "ਕਿਉਂ ਮੈਂ ਵੀ ਸਤਿਗੁਰੂ ਜੀ ਨਾਲ ਨਹੀਂ ਚਲੀ ਗਈ॥ ੨੧॥

ਅਲਪ ਭਾਗ ਮੈਂ ਰਹੀ ਅਕੇਲੀ। ਬਿਛੁਰੀ ਪ੍ਰਭੁ ਤੇ ਸਦਾ ਦੁਹੇਲੀ।
ਜਰਨ ਚਿਖਾ ਪਤਿ ਜੁਤਿ ਇਕ ਬਾਰੀ। ਪਤਿ ਬਿਨ ਨਿਸ ਦਿਨ ਹੈ੍ ਦੁਖਿਯਾਰੀ' ॥੨੨॥

ਮਾੜੇ ਭਾਗ ਮੈਂ ਇਕੱਲੀ ਰਹੀ ਹਾਂ, ਸਤਿਗੁਰੂ ਜੀ ਪਾਸੋਂ ਵਿਛੜ ਕੇ ਸਦਾ ਦੁਖੀ ਹੋਈ ਹਾਂ। ਇਕ ਵਾਰ ਪਤੀ ਸਹਿਤ ਚਿਖਾ ਵਿਚ ਸੜਨਾ ਚਾਹੁੰਦੀ ਸੀ। ਪਤੀ ਬਗੈਰ ਦਿਨ ਰਾਤ ਦੁਖੀ ਰਹਿੰਦੀ ਹਾਂ"॥ ੨੨॥

ਇਸ ਬਿਧਿ ਕੇਤਿਕ ਸਮਾ ਬਿਤਾਵਾ। ਪੁਨ ਦਿਨ ਅੰਤ ਆਇ ਨਿਯਰਾਵਾ।
ਤਿਥਿ ਇਕਾਦਸ਼ੀ ਮਹਿਂ ਤਜਿ ਪ੍ਰਾਨ। ਪਹੁੰਚੀ ਪਤਿ ਢਿਗ ਠਾਨਤਿ ਧਯਾਨ॥੨੩॥

ਇਸ ਪ੍ਰਕਾਰ ਕੁਝ ਸਮਾਂ ਬਤੀਤ ਕੀਤਾ, ਫਿਰ ਅੰਤ ਸਮਾਂ ਨੇੜੇ ਆ ਗਿਆ। ਇਕਾਦਸ਼ੀ ਤਿਥੀ ਨੂੰ ਪ੍ਰਾਣ ਛੱਡ ਗਈ। ਸਤਿਗੁਰੂ ਵਿਚ ਧਿਆਨ ਲਾ ਕੇ ਉਨ੍ਹਾਂ ਪਾਸ ਪਹੁੰਚ ਗਈ॥ ੨੩॥

ਸ੍ਰੀ ਹਰਿ ਕ੍ਰਿਸ਼ਨ ਦੇਹੁਰੇ ਪਾਸ। ਤਹਿਂ ਸਸਕਾਰੀ ਹੁਇ ਗਨ ਦਾਸ।
ਪੀਛੇ ਮਾਤ ਸੁੰਦਰੀ ਰਹੀ। ਚਿਰੰਕਾਲ ਲਗਿ ਬਯ ਨਿਰਬਹੀ॥ ੨੪॥

ਸਤਿਗੁਰੂ ਹਰਿਕ੍ਰਿਸ਼ਨ ਜੀ ਦੇ ਦੇਹੁਰੇ ਪਾਸ, ਬਹੁਤ ਸੇਵਕਾਂ ਨੇ ਮਿਲ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਪਿੱਛੇ ਮਾਤਾ ਸੁੰਦਰੀ ਜੀ ਰਹੇ, ਉਨ੍ਹਾਂ ਨੇ ਕਾਫੀ ਲੰਮੀ ਉਮਰ ਬਤੀਤ ਕੀਤੀ॥ ੨੪॥

ਇਸ ਕੀ ਕਥਾ ਕਹੌਂ ਪੁਨ ਕੇਤਿਕ। ਸੁਨਿ ਸ਼੍ਰੋਤਾ ਬੰਦੇ ਕੀ ਜੇਤਿਕ।
ਚਹੁੰ ਦਿਸ਼ਿ ਤੇ ਲਸ਼ਕਰ ਘਿਰਿ ਆਏ। ਲਰਹਿਂ ਬਹੁਤ, ਨਹਿਂ ਪਾਇ ਜਮਾਏ॥੨੫॥

ਮਾਤਾ ਸੁੰਦਰੀ ਜੀ ਦੀ ਬਾਕੀ ਕਥਾ ਫਿਰ ਕਹਾਂਗਾ। ਹੁਣ ਸ਼੍ਰੋਤਾਗਨ ਬਾਬਾ ਬੰਦਾ ਸਿੰਘ ਦੀ ਕਥਾ ਸੁਣੋ। ਚਾਰੇ ਪਾਸਿਆਂ ਤੋਂ ਲਸ਼ਕਰ ਘਿਰ ਕੇ ਆ ਗਏ। ਬਹੁਤ ਯੁੱਧ ਕਰਦੇ ਸਨ, ਪਰ ਪੈਰ ਨਹੀਂ ਸੀ ਜੰਮਦੇ॥ ੨੫॥

ਦੇਸ਼ ਨਗਰ ਗਨ ਜੇ ਅਪਨਾਏ। ਤਿਨ ਕੋ ਬਿੰਦਾ ਰਾਜ ਕਮਾਏ।
ਕਿਤਿਕ ਪੰਥ ਭੀ ਅਪਨਿ ਚਲਾਯੋ। ਉਪਦੇਸ਼ਤਿ ਭਾ ਨਰ ਸਮੁਦਾਯੋ॥ ੨੬॥

ਜਿੰਨੇ ਦੇਸ਼ ਨਗਰ ਬੰਦਾ ਸਿੰਘ ਨੇ ਅਪਨਾਏ ਸਨ, ਉਨ੍ਹਾਂ ਉੱਪਰ ਬੰਦਾ ਸਿੰਘ ਰਾਜ ਕਰਦਾ ਸੀ, ਆਪਣਾ ਬੰਦਈ ਪੰਥ ਵੀ ਚਲਾਇਆ, ਬਹੁਤ ਮਨੁੱਖਾਂ ਨੂੰ ਉਪਦੇਸ਼ ਕਰਦੇ ਸਨ॥ ੨੬॥

ਮਿਲਹਿਂ ਫਤੇ ਦਰਸ਼ਨ ਕੋ ਕਹੈਂ। ਆਪਸ ਬਿਖੈ ਭਾਉ ਨਿਰਬਹੈਂ।
ਪੁਰਿ ਗ੍ਰਾਮਨ ਕੇ ਨਰ ਚਲਿ ਆਵੈਂ। ਸਿਖ ਬੰਦੇ ਕੇ ਹੁਇ ਹਰਖਾਵੈਂ॥ ੨੭॥

ਜਦ ਆਪਸ ਵਿਚ ਮਿਲਦੇ ਸਨ ਤਾਂ ਫ਼ਤਹਿ ਦਰਸ਼ਨ ਕਹਿੰਦੇ ਸਨ। ਆਪਸ ਵਿਚ ਪ੍ਰੇਮ ਦਾ ਨਿਰਬਾਹ ਕਰਦੇ ਸਨ। ਪਿੰਡਾਂ ਨਗਰਾਂ ਦੇ ਮਨੁੱਖ ਚਲ ਕੇ ਆਉਂਦੇ ਸਨ, ਉਹ ਬੰਦਾ ਸਿੰਘ ਦੇ ਸਿੱਖ ਬਣ ਕੇ ਪ੍ਰਸੰਨ ਹੁੰਦੇ ਸਨ॥ ੨੭॥

ਅਪਨੀ ਰਹਤਿ ਕਹਤਿ ਉਪਦੇਸ਼ਹਿ। ਪਦ ਪਾਹੁਲ ਕੋ ਦੇਤਿ ਹਮੇਸ਼ਹਿ।
ਬਨਿ ਕੈ ਸਿੱਖ ਅਕੋਰਨ ਲਜਾਵੈਂ। ਭਾਂਤਿ ਭਾਂਤਿ ਕੀ ਉਸਤਤਿ ਗਾਵੈਂ॥ ੨੮॥

ਆਪਣੀ ਰਹਿਤ ਦਾ ਕਹਿ ਕੇ ਉਪਦੇਸ਼ ਕਰਦਾ ਸੀ ਤੇ ਹਮੇਸ਼ਾਂ ਆਪਣੇ ਚਰਨਾਂ ਦੀ ਪਾਹੁਲ ਦਿੰਦਾ ਸੀ। ਉਸ ਦੇ ਸਿੱਖ ਬਣ ਕੇ ਫਿਰ ਉਪਹਾਰ ਲਿਆਉਂਦੇ ਸਨ ਤੇ ਭਾਂਤ-ਭਾਂਤ ਦੀ ਉਸਤਤਿ ਗਾਉਂਦੇ ਸਨ॥ ੨੮॥

ਸਿੰਘਨਿ ਸੰਗ ਸਪਰਧਾ ਠਾਨੈ। ਬੰਦੇ ਕੇ ਮਤ ਕੋ ਸਭਿ ਜਾਨੈਂ।
ਕਿਤਿਕ ਗ੍ਰਾਮ ਕੇ ਨਰ ਸਿਖ ਹੋਇ। ਦਰਸ਼ਨ ਫਤੇ ਬੁਲਾਵਹਿਂ ਸੋਇ॥ ੨੯॥

ਸਿੰਘਾਂ ਨਾਲ ਈਰਖਾ ਕਰਦਾ ਸੀ ਤੇ ਬੰਦੇ ਦੇ ਮੱਤ ਨੂੰ ਸਭ ਜਾਣਦੇ ਸਨ। ਕਈ ਪਿੰਡਾਂ ਦੇ ਮਨੁੱਖ ਉਸ ਦੇ ਸਿੱਖ ਹੋਏ, ਉਹ ਸਾਰੇ ਫ਼ਤਹਿ ਦਰਸ਼ਨ ਹੀ ਬੁਲਾਉਂਦੇ ਸਨ॥ ੨੯॥

ਪਤਿਸ਼ਾਹੀ ਲਸ਼ਕਰ ਸਮੁਦਾਏ। ਲਾਖਹੁਂ ਇਤ ਉਤ ਤੇ ਘਿਰਿ ਆਏ।
ਬ੍ਰਹਮਚਰਜ ਜਿਸ ਭਯੋ ਬਿਨਾਸ਼ੇ। ਰਣ ਮਹਿਂ ਰਹਿ ਤਹਿ ਕਿਤ ਭਰਵਾਸੇ॥੩੦॥

ਬਾਦਸ਼ਾਹ ਦੀਆਂ ਬਹੁਤ ਫ਼ੌਜਾਂ ਇਕੱਠੀਆਂ ਹੋਈਆਂ। ਲੱਖਾਂ ਦੀ ਗਿਣਤੀ ਵਿਚ ਏਧਰੋਂ ਓਧਰੋਂ ਘੇਰਾ ਪਾ ਕੇ ਆ ਗਏ। ਜਿਸ ਨੇ ਆਪਣਾ ਬ੍ਰਹਮਚਾਰੀ-ਪੁਣਾ ਨਾਸ਼ ਕਰ ਲਿਆ ਸੀ, ਫਿਰ ਉਹ ਯੁੱਧ ਵਿਚ ਕਿਸ ਦੇ ਭਰੋਸੇ ਰਹਿ ਸਕਦਾ ਸੀ॥ ੩੦॥

'ਸੋਨਾ ਗਲੈ ਕੁਠਾਲੀ ਜੈਸੇ। ਖੁਲਹਿ ਲੰਗੋਟ, ਗਲੈਗੋ ਤੈਸੇ'।
ਸੋ ਗੁਰ ਬਚਨ ਹੁਯੋ ਚਹਿ ਤਬੈ। ਹੇਰੇ ਲਸ਼ਕਰ ਉਮਡੇ ਸਬੈ॥ ੩੧॥

"ਜਿਵੇਂ ਸੋਨਾ ਕੁਠਾਲੀ ਵਿਚ ਪਿਆ ਗਲ਼ ਜਾਂਦਾ ਹੈ, ਖੁਲ੍ਹਾ ਹੋਇਆ ਲੰਗੋਟ ਵੀ ਉਸ ਤਰ੍ਹਾਂ ਗਲ਼ ਜਾਂਦਾ ਹੈ।" ਜੋ ਗੁਰੂ ਜੀ ਦਾ ਬਚਨ ਹੋਇਆ ਸੀ, ਉਹ ਪੂਰਾ ਹੋਣਾ ਸੀ, ਜਦ ਉਸ ਨੇ ਬਹੁਤ ਲਸ਼ਕਰ ਚੜ੍ਹ ਕੇ ਆਉਂਦੇ ਵੇਖੇ॥ ੩੧॥

ਨਾ ਰਣ ਕਰਜੋ ਪਲਾਇਨ ਭਯੋ। ਦੁਰਗ ਮਝਾਰ ਪ੍ਰਵੇਸ਼ਨਿ ਕਯੋ।
ਜਿਸ ਮਹਿਂ ਅੰਨ ਜਮਾ ਕੁਛ ਨਾਂਹੀ। ਹੁਤੇ ਸੰਗ ਲੇ ਬਰਜੋ ਸੁ ਤਾਂਹੀ॥ ੩੨॥

ਯੁੱਧ ਨਾ ਕੀਤਾ, ਭੱਜ ਗਿਆ ਤੇ ਇਕ ਕਿਲ੍ਹੇ ਵਿਚ ਪ੍ਰਵੇਸ਼ ਕਰ ਗਿਆ। ਜਿਸ ਵਿਚ ਕਿਸੇ ਪ੍ਰਕਾਰ ਦਾ ਵੀ ਅਨਾਜ ਜਮ੍ਹਾਂ ਨਹੀਂ ਸੀ ਕੀਤਾ। ਜਿਹੜੇ ਸਾਥੀ ਉਸ ਦੇ ਨਾਲ ਸਨ, ਉਨ੍ਹਾਂ ਨੂੰ ਲੈ ਕੇ ਕਿਲ੍ਹੇ ਵਿਚ ਦਾਖਲ ਹੋ ਗਿਆ॥ ੩੨॥

ਗਨ ਲਸ਼ਕਰ ਪਰਵਾਰਜੋ ਆਇ। ਸੰਘਰ ਮਚਜੋ ਦੁਰਗ ਕੇ ਥਾਇਂ।
ਥਿਰ ਅੰਤਰ ਤੇ ਤਜੈ ਤੁਫੰਗ। ਹੋਹਿ ਨਿਕਟ ਫੋਰਹਿ ਤਿਸ ਅਗ॥ ੩੩॥

ਬਹੁਤ ਲਸ਼ਕਰ ਇਕੱਠੇ ਹੋ ਕੇ ਆਏ ਤੇ ਕਿਲ੍ਹੇ ਵਾਲੇ ਸਥਾਨ 'ਤੇ ਵੱਡਾ ਸੰਘਰਸ਼ ਮਚ ਗਿਆ। ਅੰਦਰ ਖਲੋ ਕੇ ਬੰਦੂਕਾਂ ਛੱਡਦੇ ਸਨ। ਜਿਹੜਾ ਵੀ ਨੇੜੇ ਢੁਕਦਾ ਸੀ ਉਸ ਨੂੰ ਗੋਲੀ ਮਾਰਦੇ ਸਨ॥ ੩੩॥

ਤਬਹਿ ਚਮੂੰ ਨੇ ਘੇਰਾ ਪਾਇ। ਉਤਰੇ ਦੂਰ ਦੂਰ ਕੀ ਥਾਇਂ।
ਨਿਕਸੇ ਨਹਿਂ ਪ੍ਰਵੇਸ਼ਬੋ ਪਾਵੈ। ਨਿਕਟ ਨ ਪਹੁਂਚਹਿਂ ਰਣ ਨ ਮਚਾਵੈਂ॥ ੩੪॥

ਫਿਰ ਸ਼ਾਹੀ ਫ਼ੌਜ ਨੇ ਘੇਰਾ ਪਾ ਲਿਆ ਤੇ ਦੂਰ-ਦੂਰ ਤਕ ਉਨ੍ਹਾਂ ਨੇ ਉਤਾਰਾ ਕਰ ਲਿਆ। ਨਾ ਕੋਈ ਨਿਕਲ ਸਕਦਾ ਸੀ ਤੇ ਨਾ ਹੀ ਕੋਈ ਅੰਦਰ ਜਾ ਸਕਦਾ ਸੀ। ਸ਼ਾਹੀ ਫ਼ੌਜੀ ਨਾ ਨੇੜੇ ਜਾਂਦੇ ਸਨ ਤੇ ਨਾ ਹੀ ਯੁੱਧ ਕਰਦੇ ਸਨ॥ ੩੪॥

ਕੇਤਿਕ ਦਿਨ ਮੋਂ ਅੰਨ ਬਿਹੀਨੇ। ਅਧਿਕ ਛੁਧਾ ਨਰ ਬ੍ਯਾਕੁਲ ਕੀਨੇ।
ਬਾਬਾ ਤਬਿ ਬਿਨੋਦ ਸਿੰਘ ਸੰਗ। ਜਾਨ੍ਯੋ ਘੇਰਾ ਪਰ੍ਯੋ ਕੁਢੰਗ॥ ੩੫॥

ਕਈ ਦਿਨਾਂ ਬਾਅਦ ਅਨਾਜ ਰਹਿਤ ਹੋ ਗਏ, ਵੱਡੀ ਭੁੱਖ ਨੇ ਮਨੁੱਖਾਂ ਨੂੰ ਵਿਆਕੁਲ ਕਰ ਦਿੱਤਾ। ਬਾਬਾ ਬਿਨੋਦ ਸਿੰਘ ਤਦ ਉਥੇ ਨਾਲ ਸੀ, ਉਸਨੇ ਜਾਣਿਆ ਬੜਾ ਮਾੜਾ ਘੇਰਾ ਪਿਆ ਹੈ॥ ੩੫॥

ਪ੍ਰਾਨ ਛੁਧਾ ਤੇ ਜਾਇਂ ਬਿਲਾਇ। ਬਲ ਸੰਭਾਰਿ ਤਬਿ ਕੀਨਿ ਉਪਾਇ।
ਬੇਗੀ ਬਡੇ ਤੁਰੰਗਮ ਤਰੇ। ਜ਼ੀਨ ਪਵਾਇ ਸ਼ਸਤ੍ਰ ਗਹਿ ਚਰੇ॥ ੩੬॥

ਭੁੱਖ ਨਾਲ ਪ੍ਰਾਣ ਨਿਕਲਦੇ ਜਾਂਦੇ ਸਨ, ਫਿਰ ਉਸ ਨੇ ਤਾਕਤ ਸੰਭਾਲ ਕੇ ਉਪਾਅ ਕੀਤਾ। ਉਸ ਨੇ ਬਹੁਤ ਵੱਡੇ ਅਤੇ ਬਲਵਾਨ ਘੋੜੇ ਲਏ ਤੇ ਉਨ੍ਹਾਂ ਉੱਪਰ ਕਾਠੀ ਪਾ ਕੇ ਹਥਿਆਰ ਲੈ ਕੇ ਚੜ੍ਹ ਗਿਆ॥ ੩੬॥

ਬੀਸਕ ਅਪਰ ਸੰਗ ਮਹਿਂ ਲੀਨ। ਜਾਇ ਬਜ਼ਾਰ ਬਰੇ ਹਠ ਕੀਨ।
ਲੂਟ ਲੀਨ ਤਹਿਂ ਬਹੁਤ ਮਿਠਾਈ। ਰਣ ਕਰਿ ਦੁਰਗ ਪ੍ਰਵੇਸ਼੍ਯੋ ਜਾਈ॥ ੩੭॥

ਵੀਹ ਕੁ ਹੋਰ ਸਿੰਘ ਆਪਣੇ ਨਾਲ ਲਏ ਤੇ ਹਠ ਕਰਕੇ ਬਾਜ਼ਾਰ ਵਿਚ ਜਾ ਵੜੇ। ਉਥੋਂ ਬਹੁਤ ਮਿਠਿਆਈ ਲੁੱਟ ਲਈ ਤੇ ਯੁੱਧ ਕਰਕੇ ਫਿਰ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ॥ ੩੭॥

ਲਰੇ ਤੁਰਕ ਸਗਰੇ ਬਿਸਮਾਏ। ਪੁਨ ਦ੍ਰਿੜਤਾ ਕਰਿ ਥਿਰ ਸਮੁਦਾਏ।
ਦਿਨ ਦੋਇਕ ਮਹਿਂ ਫੇਰ ਸਿਧਾਰਾ। ਲੀਨਿ ਮਿਠਾਈ ਲੂਟ ਬਜਾਰਾ॥ ੩੮॥

ਤੁਰਕਾਂ ਨੇ ਬਹੁਤ ਹੈਰਾਨ ਹੋ ਕੇ ਯੁੱਧ ਕੀਤਾ, ਫਿਰ ਦ੍ਰਿੜ੍ਹਤਾ ਕਰਕੇ ਸਾਰੇ ਬੈਠ ਗਏ। ਦੋ ਇਕ ਦਿਨਾਂ ਬਾਅਦ ਬਾਬਾ ਬਿਨੋਦ ਸਿੰਘ ਫਿਰ ਚਲਾ ਗਿਆ ਤੇ ਬਾਜ਼ਾਰ ਵਿਚੋਂ ਮਿਠਿਆਈ ਲੁੱਟ ਲਈ॥ ੩੮॥

ਫੇਰ ਦੁਰਗ ਮਹਿਂ ਜਾਇ ਪ੍ਰਵੇਸ਼ਾ। ਅਚਰਜ ਧਾਰ ਤੁਰਕ ਅਸ਼ੇਸ਼ਾ।
ਬਾਯੁ ਬਗੀ ਬਲੀ ਤੁਰੰਗਾ। ਕੋਇ ਨ ਰੋਕਿ ਸਕਹਿ ਕਰਿ ਜੰਗ॥ ੩੯॥

ਫਿਰ ਕਿਲ੍ਹੇ ਵਿਚ ਜਾ ਪ੍ਰਵੇਸ਼ ਕੀਤਾ, ਸਾਰੇ ਤੁਰਕ ਵੇਖ ਕੇ ਬਹੁਤ ਹੈਰਾਨ ਹੋਏ। ਜਦ ਹਵਾ ਵਾਂਗ ਤੇਜ਼ ਬਲਵਾਨ ਤੁਰੰਗ ਹੋਣ, ਫਿਰ ਉਨ੍ਹਾਂ ਨੂੰ ਜੰਗ ਕਰਕੇ ਕੋਈ ਵੀ ਰੋਕ ਨਹੀਂ ਸਕਦਾ ਹੈ॥ ੩੯॥

ਅਪਰ ਚਮੂੰ ਭੀ ਛੁਧਤਿ ਬਿਸਾਲਾ। ਇਹ ਭੋਜਨ ਕਰਿ ਹਰਖ ਬਿਸਾਲਾ।
ਜੇ ਰਿਪੁ ਕਰੇ ਪ੍ਰਾਤਿ ਤਕਰਾਈ। ਸੰਧ੍ਯਾ ਧਾਰਿ ਛੀਨਿ ਲੇ ਜਾਈ॥ ੪੦॥

ਹੋਰ ਸੈਨਾ ਵੀ ਬਹੁਤ ਭੁੱਖੀ ਸੀ, ਬਾਬਾ ਬਿਨੋਦ ਸਿੰਘ ਦਾ ਟੋਲਾ ਭੋਜਨ ਕਰਕੇ ਬਹੁਤ ਖੁਸ਼ ਸੀ। ਜੇ ਵੈਰੀ ਸਵੇਰੇ ਤਕੜਾਈ ਕਰ ਦਿੰਦਾ ਸੀ ਤਾਂ ਸ਼ਾਮ ਨੂੰ ਧਾੜ ਵਾਂਗੂੰ ਪੈ ਕੇ ਲੈ ਜਾਂਦੇ ਸਨ॥ ੪੦॥

ਸੰਧ੍ਯਾ ਤਕੈਂ ਦੁਪਹਿਰੇ ਪਰੈਂ। ਥਿਰੈਂ ਦੁਪਹਿਰੇ ਨਿਸ ਲੇ ਬਰੈਂ।
ਅਨਿਕ ਜਤਨ ਪਕਰਨ ਹਿਤ ਕਰੈਂ। ਰੁਕਹਿਂ ਨਹੀਂ ਅਚਰਜ ਸਭਿ ਧਰੈਂ॥ ੪੧॥

ਜੇ ਵੈਰੀ ਸ਼ਾਮ ਨੂੰ ਖ਼ਬਰਦਾਰੀ ਕਰਦੇ ਸਨ ਤਾਂ ਉਹ ਦੁਪਹਿਰੇ ਉਨ੍ਹਾਂ ਉੱਤੇ ਜਾ ਪੈਂਦੇ ਸਨ। ਜੇ ਉਹ ਦੁਪਹਿਰੇ ਖੜੇ ਹੋ ਕੇ ਸਾਵਧਾਨੀ ਕਰਦੇ ਸਨ ਤਾਂ ਇਹ ਰਾਤੀਂ ਲੁੱਟ ਕੇ ਕਿਲ੍ਹੇ ਵਿਚ ਜਾ ਵੜਦੇ ਸਨ। ਅਨੇਕਾਂ ਯਤਨ ਫੜਨ ਵਾਸਤੇ ਕਰਦੇ ਸਨ, ਪਰ ਰੁਕਦੇ ਨਹੀਂ ਸਨ, ਸਾਰੇ ਹੈਰਾਨ ਰਹਿ ਜਾਂਦੇ ਸਨ॥ ੪੧॥

ਲਸ਼ਕਰ ਭਯੋ ਤਮਾਮ ਹਿਰਾਨਾ। 'ਮਾਰ੍ਯੋ ਜਾਇ ਨ ਪਕਰ੍ਯੋ ਪਾਨਾ।
ਮਹਾਂ ਮਰਦਮੀ ਤੇ ਸੁਖ ਪਾਵੈ। ਅਪਰ ਚਮੂੰ ਛੁਧਿ ਤੇ ਬਿਕੁਲਾਵੈ॥ ੪੨॥

ਸਾਰਾ ਲਸ਼ਕਰ ਬਹੁਤ ਹੈਰਾਨ ਹੋਇਆ, "ਨਾ ਮਾਰਿਆ ਜਾਂਦਾ ਹੈ ਤੇ ਨਾ ਹੀ ਹੱਥ ਵਿਚ ਫੜਿਆ ਜਾਂਦਾ ਹੈ। ਮਹਾਨ ਬਹਾਦਰੀ ਕਰਕੇ ਸੁਖ ਪਾਉਂਦੇ ਸਨ। ਹੋਰ ਸੈਨਾ ਭੁੱਖੀ ਹੋਣ ਕਰਕੇ ਵਿਲਕਦੀ ਸੀ" ॥ ੪੨ ॥

ਇਕ ਦਿਨ ਬੰਦੇ ਕੇ ਢਿਗ ਥਿਰੇ। ਝਿਰਕਜੋ ਤਰਜਜੋ 'ਤੈਂ ਦੁਖ ਕਰੇ।
ਗੁਰ ਕੇ ਬਾਕ ਬਿਖੈ ਨਹਿਂ ਰਹਜੋ। ਤੇ ਏਤਿਕ ਸੰਕਟ ਕੋ ਸਹਜੋ' ॥ ੪੩ ॥

ਬਾਬਾ ਬਿਨੋਦ ਸਿੰਘ ਇਕ ਦਿਨ ਬੰਦਾ ਸਿੰਘ ਪਾਸ ਜਾ ਕੇ ਖੜਾ ਹੋ ਗਿਆ ਤੇ ਉਸ ਨੂੰ ਝਿੜਕਿਆ ਤੇ ਡਾਂਟਿਆ ਅਤੇ ਕਿਹਾ, "ਹੇ ਬੰਦਾ ਸਿੰਘ ! ਤੂੰ ਸਾਨੂੰ ਬਹੁਤ ਦੁਖੀ ਕੀਤਾ ਹੈ। ਤੂੰ ਗੁਰੂ ਜੀ ਦੇ ਬਚਨਾਂ ਅਨੁਸਾਰ ਨਹੀਂ ਰਿਹਾ ਹੈਂ, ਇਸ ਕਰਕੇ ਏਨੇ ਸੰਕਟ ਸਹਿ ਰਿਹਾ ਹੈਂ" ॥ ੪੩ ॥

ਬੰਦੇ ਕਹਜੋ 'ਤੁਮੈਂ ਕਜਾ ਪਰਜੋ। ਬੁਰਾ ਕਿ ਭਲਾ ਹਮਹੂੰ ਨੇ ਕਰਜੋ।
ਤਜਿ ਕੈ ਜੰਗ ਚਹਹੁ ਜੇ ਜਾਨਾ। ਤਉ ਤੁਮ ਗਮਨਹੁੰ ਹੋਹੁ ਨ ਹਾਨਾ' ॥ ੪੪ ॥

ਬੰਦਾ ਸਿੰਘ ਨੇ ਕਿਹਾ, "ਤੈਨੂੰ ਕੀ ਪਈ ਹੈ, ਬੁਰਾ ਜਾਂ ਭਲਾ ਅਸੀਂ ਕੀਤਾ ਹੈ, ਜੇ ਲੜਾਈ ਛੱਡ ਕੇ ਜਾਣਾ ਚਾਹੁੰਦਾ ਹੈਂ, ਤਾਂ ਤੂੰ ਚਲੇ ਜਾ, ਸਾਨੂੰ ਕੋਈ ਨੁਕਸਾਨ ਨਹੀਂ ਹੋਣ ਵਾਲਾ ਹੈ" ॥ ੪੪ ॥

ਰਿਸ ਕਰਿ ਬਾਬੇ ਬਹੁਰ ਉਚਾਰੀ। 'ਤੁਵ ਕੁਕਰਮ ਤੇ ਸੰਕਟ ਭਾਰੀ।
ਸਗਰੇ ਭੋਗਹਿਂ ਹਮ ਨੇ ਜਾਨੀ। ਗਲਹਿ ਕੁਠਾਲੀ ਲੇਹੁ ਪਛਾਨੀ॥ ੪੫ ॥

ਗੁੱਸੇ ਵਿਚ ਆ ਕੇ ਬਾਬੇ ਨੇ ਫਿਰ ਕਿਹਾ, "ਤੇਰੇ ਕੁਕਰਮ ਕਰਕੇ ਭਾਰੀ ਸੰਕਟ ਆ ਪਿਆ ਹੈ। ਸਾਰੇ ਭੋਗਣਗੇ ਅਸੀਂ ਇਹ ਜਾਣਿਆ ਹੈ, ਇਹ ਕੁਠਾਲੀ ਹੀ ਗਲ਼ ਜਾਵੇਗੀ ਅਸੀਂ ਇਹ ਪਛਾਣ ਲਿਆ ਹੈ॥ ੪੫ ॥

ਹਤਿ ਕ੍ਰਿਪਾਨ ਤੇ ਤੋਹਿ ਜੁ ਦੇਤੇ। ਕਜੋਂ ਭੋਗਤਿ ਸਭਿ ਹੀ ਦੁਖ ਏਤੇ।
ਗੁਰ ਬਖਸ਼ਿਸ਼ ਤੇ ਤੋਹਿ ਨ ਮਾਰਾ। ਪਾਇ ਬਿਭੂਤਿ ਰਿਦੇ ਹੰਕਾਰਾ' ॥ ੪੬ ॥

ਤੈਨੂੰ ਜੇ ਕਿਰਪਾਨ ਨਾਲ ਪਹਿਲਾਂ ਮਾਰ ਦਿੰਦਾ ਤਾਂ ਸਾਰੇ ਏਨਾ ਦੁਖ ਕਿਉਂ ਭੋਗਦੇ। ਗੁਰ ਬਖਸ਼ਿਸ਼ ਕਰਕੇ ਤੈਨੂੰ ਨਹੀਂ ਮਾਰਿਆ ਹੈ। ਸੰਪਦਾ ਪਾ ਕੇ ਹਿਰਦੇ ਵਿਚ ਹੰਕਾਰ ਧਾਰਨ ਕਰ ਲਿਆ ਹੈ" ॥ ੪੬ ॥

ਇੱਤਜਾਦਿਕ ਬਹੁ ਕਹੇ ਕਹਾਏ। ਭਯੋ ਬਿਰੋਧ ਸੁ ਕ੍ਰੋਧ ਵਧਾਏ।
ਕਾਨ੍ਹ ਸਿੰਘ ਨੇ ਪਿਤਾ ਹਟਾਯੋ। ਛਿਮਾ ਕਰਾਵਤਿ ਡੇਰੇ ਲਜਾਯੋ॥ ੪੭ ॥

ਇਸ ਪ੍ਰਕਾਰ ਬਹੁਤ ਕਿਹਾ ਅਤੇ ਕਹਾਇਆ, ਕਰੋਧ ਵਧਾਉਣ ਕਰਕੇ ਵਿਰੋਧ ਪੈ ਗਿਆ। ਫਿਰ ਕਾਨ੍ਹ ਸਿੰਘ ਨੇ ਆਪਣੇ ਪਿਤਾ ਨੂੰ ਹਟਾਇਆ ਤੇ ਖਿਮਾਂ ਕਰਵਾ ਕੇ ਆਪਣੇ ਡੇਰੇ ਲਿਆਇਆ॥ ੪੭ ॥

*ਦੂਸਰੇ ਐਨ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬ ॥*

☆☆☆

# ਅਧਿਆਇ ਸਤਾਈਵਾਂ

## ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ

ਦੋਹਰਾ- ਕਾਨ੍ਹ ਸਿੰਘ ਸਮੁਝਾਇਕੈ ਪਿਤ ਸਨ ਕਹਜੋ ਬਨਾਇ।
'ਤੁਮ ਨਿਕਸਹੁ ਤਜਿ ਸੰਗ ਕੋ ਜੰਗ ਨ ਬਿਚ ਹੁਇ ਜਾਇ॥ ੧॥

ਕਾਨ੍ਹ ਸਿੰਘ ਨੇ ਆਪਣੇ ਪਿਤਾ ਜੀ ਨੂੰ ਸਮਝਾ ਕੇ ਬਣਾ ਕੇ ਕਿਹਾ, ''ਤੁਸੀਂ ਇਸ ਦਾ ਸਾਥ ਛੱਡ ਕੇ ਨਿਕਲ ਜਾਵੋ, ਕਿਲ੍ਹੇ ਦੇ ਅੰਦਰ ਹੀ ਲੜਾਈ ਨਾ ਹੋ ਜਾਵੇ॥੧॥

ਦੋਹਰਾ- ਗੋਇੰਦਵਾਲ ਸਦਨ ਪਹੁੰਚੀਜੈ। ਇਸ ਮੂਰਖ ਸੋਂ ਰਿਸ ਨਹਿਂ ਦੀਜੈ।
ਸਤਿਗੁਰ ਕਹਜੋ ਭੇਜਨੋ ਹਮੈ। ਹਿਤ ਸਹਾਇਤਾ ਕੇ ਸਭਿ ਸਮੈਂ॥ ੨॥

ਗੋਇੰਦਵਾਲ ਆਪਣੇ ਘਰ ਪਹੁੰਚ ਜਾਵੋ, ਇਸ ਮੂਰਖ ਉੱਪਰ ਗੁੱਸਾ ਨਾ ਕਰੋ। ਸਤਿਗੁਰੂ ਜੀ ਨੇ ਸਾਨੂੰ ਇਸ ਦੀ ਹਰ ਸਮੇਂ ਸਹਾਇਤਾ ਕਰਨ ਵਾਸਤੇ ਭੇਜਿਆ ਹੈ॥ ੨॥

ਗੁਰ ਕੀ ਆਗਜਾ ਭੰਗ ਨ ਕਰੌਂ। ਰਹੌਂ ਸੰਗ ਮੈਂ, ਤੁਮ ਚਢਿ ਪਰੋ।
ਪੁਜਜੋ ਅੰਤ ਇਸ ਕੋ ਅਬਿ ਆਈ। ਤੁਮ ਹਤਿ ਕਰਿ ਕਜੋਂ ਲੇਤਿ ਬੁਰਾਈ' ॥੩॥

ਮੈਂ ਗੁਰੂ ਜੀ ਦੀ ਆਗਿਆ ਭੰਗ ਨਹੀਂ ਕਰਾਂਗਾ, ਮੈਂ ਇਸ ਦੇ ਨਾਲ ਰਹਾਂਗਾ, ਤੁਸੀਂ ਘੋੜੇ ਤੇ ਚੜ੍ਹ ਕੇ ਚਲੇ ਜਾਵੋ। ਇਸ ਦਾ ਅੰਤ ਵੀ ਹੁਣ ਪੁੱਜ ਗਿਆ ਹੈ, ਤੁਸੀਂ ਇਸ ਨੂੰ ਮਾਰ ਕੇ ਕਿਉਂ ਬੁਰਿਆਈ ਲੈਂਦੇ ਹੋ'॥ ੩॥

ਸੁਨਿ ਬਿਨੋਦ ਸਿੰਘ ਭਲੇ ਬਿਚਾਰਾ। ਪਾਇ ਜ਼ੀਨ ਹੋਯੋ ਅਸਵਾਰਾ।
ਦੁਰਗ ਪੌਰ ਤੇ ਨਿਕਸਜੋ ਬਾਹਿਰ। ਸੰਧਜਾ ਸਮੈਂ ਜਾਨਿ ਤਿਸ ਠਾਹਿਰ॥ ੪॥

ਇਹ ਸੁਣ ਕੇ ਬਿਨੋਦ ਸਿੰਘ ਨੇ ਚੰਗਾ ਜਾਣਿਆ ਤੇ ਘੋੜੇ ਉੱਪਰ ਕਾਠੀ ਪਾ ਕੇ ਸਵਾਰ ਹੋ ਗਿਆ ਤੇ ਕਿਲ੍ਹੇ ਦੇ ਦਰਵਾਜ਼ੇ ਵਿਚੋਂ ਬਾਹਰ ਨਿਕਲਿਆ। ਸ਼ਾਮ ਦੇ ਸਮੇਂ ਬਾਹਰ ਨਿਕਲਣਾ ਉਸ ਚੰਗਾ ਜਾਣਿਆ॥ ੪॥

ਤੇਜ਼ ਤੁਰੰਗਮ ਕਰਤਿ ਪਲਾਯੋ। ਲਸ਼ਕਰ ਬੀਚ ਬਾਇ ਸਮ ਧਾਯੋ।
ਰਹੇ ਰੋਕ ਸਭਿ ਰੁਕਜੋ ਨ ਕੈਸੇ। ਮ੍ਰਿਗਨ ਬ੍ਰਿੰਦ ਤੇ ਕੇਹਰਿ ਜੈਸੇ॥ ੫॥

ਘੋੜੇ ਨੂੰ ਬਹੁਤ ਤੇਜ਼ ਕਰਕੇ ਭਜਾਇਆ ਤੇ ਲਸ਼ਕਰ ਦੇ ਵਿਚੋਂ ਦੀ ਹਵਾ ਵਾਂਗ ਭੱਜ ਉਠਿਆ। ਸ਼ਾਹੀ ਫ਼ੌਜੀ ਬਹੁਤ ਰੋਕ ਰਹੇ, ਪਰ ਕਿਸੇ ਪ੍ਰਕਾਰ ਵੀ ਨਾ ਰੁਕਿਆ, ਬਹੁਤ ਹਿਰਨਾਂ ਦੇ ਪਿੱਛੇ ਜਿਵੇਂ ਸ਼ੇਰ ਲੱਗਾ ਹੋਵੇ॥ ੫॥

ਗੋਇੰਦਵਾਲ ਪਹੂਚੇ ਜਾਇ। ਬਸੇ ਸਦਨ ਮਹਿ ਸਹਿਜ ਸੁਭਾਇ।
ਦੁਰਗ ਬਿਖੈ ਘੇਰੇ ਮਹਿਂ ਪਰੇ। ਛੁਧਤਿ ਹਲਾਕ ਹੋਇ ਨਰ ਮਰੇ॥ ੬॥

ਗੋਇੰਦਵਾਲ ਪਹੁੰਚ ਕੇ ਉਹ ਆਪਣੇ ਘਰ ਵਿਚ ਸਹਿਜ-ਸੁਭਾਅ ਰਹਿਣ ਲੱਗ ਪਿਆ। ਕਿਲ੍ਹੇ ਵਿਚ ਘੇਰੇ ਵਿਚ ਪਏ ਮਨੁੱਖ, ਭੁੱਖ ਦੇ ਮਾਰੇ ਹੋਏ ਹੀ ਬਹੁਤ ਮਰ ਗਏ॥ ੬॥

ਕੇਤਿਕ ਲਰਿ ਕਰਿ ਮਰੇ ਜੁਝਾਰੇ। ਜੇਤਿਕ ਮਾਰੇ ਗਏ ਸ ਮਾਰੇ।
ਪੁਨ ਓਰੜ ਲਸ਼ਕਰ ਕਿਯ ਹੇਲਾ। ਦੁਰਗ ਪੌਰ ਕੋ ਤੋੜਿ ਧਕੇਲਾ॥ ੭॥

ਕਈ ਜੁਝਾਰੂ ਲੜ ਕੇ ਮਰ ਗਏ, ਜਿੰਨੇ ਵੀ ਮਾਰੇ ਜਾ ਸਕੇ ਸੋ ਮਾਰੇ। ਫਿਰ ਓੜਕ ਸ਼ਾਹੀ ਲਸ਼ਕਰ ਨੇ ਹਮਲਾ ਕੀਤਾ, ਕਿਲ੍ਹੇ ਦੇ ਦਰਵਾਜ਼ੇ ਨੂੰ ਧੱਕ ਕੇ ਤੋੜ ਦਿੱਤਾ॥ ੭॥

*ਨੋਟ :- ਇਹ ਗ਼ਲਤ ਹੈ, ਤੁਰਕਾਂ ਗੜ੍ਹੀ ਨਹੀਂ ਤੋੜੀ ਸੀ। ਅਬਦੁਲ ਸਮੱਦ ਖਾਂ ਨੇ ਬੰਦਾ ਸਿੰਘ ਨੂੰ ਇਹ ਇਕਰਾਰ ਦੇ ਕੇ ਕਿ ਤੁਸੀਂ ਜੇ ਗੜ੍ਹੀ ਛੱਡ ਦੇਵੋਗੇ ਤਾਂ ਤੁਹਾਡੀ ਜਾਨ ਬਖ਼ਸ਼ੀ ਕੀਤੀ ਜਾਵੇਗੀ, ਵੱਡਾ ਵਿਸ਼ਵਾਸਘਾਤ ਕੀਤਾ ਸੀ। ਜਦ ਬਾਬਾ ਬੰਦਾ ਸਿੰਘ ਅਤੇ ਉਸ ਦੇ ਸਾਥੀ ਬਾਹਰ ਆਏ ਤਾਂ ਸਹੁੰ ਤੋੜ ਕੇ ਸਾਰੇ ਫੜ ਲਏ।*

ਸਨਮੁਖ ਭਏ ਸੁ ਤਤਛਿਨ ਮਾਰੇ। ਅਪਰ ਛੁਧਿਤ ਪਕਰੇ ਭਟ ਸਾਰੇ।
ਗਹਜੋ ਬੀਚ ਤੇ ਬੰਦਾ ਜਾਇ। ਲੋਹ ਪਿੰਜਰਾ ਦ੍ਰਿੜ੍ਹ ਘਰਿਵਾਇ॥ ੮॥

ਜਿਹੜੇ ਸਾਹਮਣੇ ਹੋਏ ਤੁਰਤ ਮਾਰ ਦਿੱਤੇ, ਹੋਰ ਸਾਰੇ ਭੁੱਖੇ ਸੂਰਬੀਰ ਫੜ ਲਏ। ਬੰਦਾ ਸਿੰਘ ਨੂੰ ਵੀ ਫੜ ਲਿਆ। ਉਸ ਵਾਸਤੇ ਮਜ਼ਬੂਤ ਲੋਹੇ ਦਾ ਪਿੰਜਰਾ ਤਿਆਰ ਕਰਵਾਇਆ॥ ੮॥

ਤਿਸ ਮਹਿਂ ਪਾਇ ਕੈਦ ਕਰਿ ਲੀਨ। ਅਪਰ ਜੇਲ ਸਭਿ ਕੋ ਤਹਿਂ ਕੀਨਿ।
ਲੇ ਕਰਿ ਪਾਤਸ਼ਾਹੁ ਕੇ ਤੀਰ। ਪਹੁੰਚਤਿ ਭਏ ਅਧਿਕ ਭਟ ਭੀਰ॥ ੯॥

ਉਸ ਨੂੰ ਪਿੰਜਰੇ ਵਿਚ ਪਾ ਕੇ ਕੈਦ ਕਰ ਲਿਆ, ਹੋਰ ਵੀ ਸਾਰਿਆਂ ਨੂੰ ਕੈਦ ਕਰ ਲਿਆ ਤੇ ਲੈ ਕੇ ਬਾਦਸ਼ਾਹ ਦੇ ਪਾਸ ਗਏ। ਪਰ ਬਾਦਸ਼ਾਹ ਪਾਸ ਪਹੁੰਚਣ ਤਕ ਸੂਰਮਿਆਂ ਦੀ ਵੱਡੀ ਭੀੜ ਹੋ ਗਈ ਸੀ॥ ੯॥

*ਨੋਟ : ਬੰਦਾ ਸਿੰਘ ਪਹਿਲਾਂ ਦੋ ਸੌ ਕੈਦੀਆਂ ਸਹਿਤ ਲਾਹੌਰ ਪੁੱਜਾ, ਉਥੋਂ ਅੱਗੇ ਹੋਰ ਬੇਗੁਨਾਹ ਸਿੰਘ ਫੜ-ਫੜ ਨਾਲ ਰਲਾਏ। ਅਖ਼ੀਰ ਤਕ ਕੁਲ ੭੮੦ ਸਿੰਘ ਦੱਸੇ ਗਏ ਹਨ।*

ਕੇਤਿਕ ਮਾਸ ਕੈਦ ਮਹਿਂ ਰਾਖਾ। ਪੁਨ ਪਤਿਸ਼ਾਹੁ ਹੁਕਮ ਅਸ ਭਾਖਾ।
ਹੇਤੁ ਬਿਲੋਕਨ ਨਿਕਟ ਹਕਾਰਾ। ਸ਼ਾਹੁ ਸੰਗ ਬੰਦੇ ਸੁ ਉਚਾਰਾ॥ ੧੦॥

ਕਈ ਮਹੀਨੇ ਉਨ੍ਹਾਂ ਨੂੰ ਕੈਦ ਵਿਚ ਰੱਖਿਆ, ਫਿਰ ਬਾਦਸ਼ਾਹ ਨੇ ਇਸ ਪ੍ਰਕਾਰ ਹੁਕਮ ਕੀਤਾ। ਮੇਰੇ ਵੇਖਣ ਵਾਸਤੇ ਮੇਰੇ ਪਾਸ ਲੈ ਕੇ ਆਵੋ। ਉਥੇ ਬੰਦਾ ਸਿੰਘ ਨੇ ਬਾਦਸ਼ਾਹ ਫਰੁੱਖਸੀਅਰ ਨੂੰ ਕਿਹਾ॥੧੦॥

'ਮੁਝ ਕੋ ਗਹਿ ਕੈ ਲਜਾਇ ਹਦੂਰ। ਐਸੋ ਹੁਤੋ ਸੁ ਕਿਸ ਮਕਦੂਰ।
ਕੋਇ ਨ ਸਕੈ ਮਾਰ ਮੁਝ ਤਾਂਈ। ਅਪਨੀ ਬਾਤ ਆਪ ਬਿਗਰਾਈ॥ ੧੧॥

'ਮੈਨੂੰ ਫੜ ਕੇ ਆਪ ਦੇ ਪਾਸ ਲਿਆਏ ਹਨ, ਐਸੀ ਤਾਕਤ ਕਿਸ ਵਿਚ ਸੀ ਕਿ ਮੈਨੂੰ ਫੜ ਸਕਦਾ। ਮੈਨੂੰ ਕੋਈ ਵੀ ਮਾਰ ਨਹੀਂ ਸੀ ਸਕਦਾ, ਮੈਂ ਆਪਣੀ ਗੱਲ ਆਪ ਵਿਗਾੜੀ ਹੈ॥੧੧॥

ਜਿਸ ਗੁਰ ਨੇ ਸਲਤਨ ਤੁਵ ਦੀਨ। ਤਿਸ ਪ੍ਰਭੁ ਨੇ ਮੋ ਕਊ ਬਡ ਕੀਨ।
ਤਿਨ ਕੇ ਬਚਨ ਬਿਖੈ ਨਹਿਂ ਰਹਜੋ। ਤੌ ਏਤਿਕ ਸੰਕਟ ਮੈਂ ਸਹਜੋ॥ ੧੨॥

ਜਿਸ ਗੁਰੂ ਜੀ ਨੇ ਤੈਨੂੰ ਸਲਤਨਤ ਦਿੱਤੀ ਹੈ, ਉਸੇ ਗੁਰੂ ਜੀ ਨੇ ਮੈਨੂੰ ਵੱਡਾ ਬਣਾਇਆ ਸੀ। ਮੈਂ ਉਨ੍ਹਾਂ ਦੇ ਬਚਨਾਂ ਅਨੁਸਾਰ ਨਹੀਂ ਰਿਹਾ ਹਾਂ, ਇਸ ਕਰਕੇ ਏਨੇ ਸੰਕਟ ਝੱਲੇ ਹਨ॥੧੨॥

*ਨੋਟ : ਕਵੀ ਜੀ ਨੂੰ ਇਹ ਭੁਲੇਖਾ ਲੱਗਾ ਹੈ ਕਿ ਉਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਅਜੇ ਜੀਊਂਦਾ ਸੀ। ਬਾਦਸ਼ਾਹ ਨੂੰ ਬਹਾਦਰ ਸ਼ਾਹ ਜਾਣ ਕੇ ਕਵੀ ਜੀ ਉਸ ਨਾਲ ਬੰਦਾ ਸਿੰਘ ਦੀ ਗੱਲ ਕਰਵਾ ਰਹੇ ਹਨ।*

ਸਪਤ ਬਰਖ ਤੇਰੀ ਬਜ ਜਾਨ। ਸ੍ਰੀ ਗੁਰ ਕਰਜੋ ਤੋਹਿ ਸੁਲਤਾਨ।
ਮੋਹਿ ਮਰਨ ਪੀਛੇ ਅਠ ਦਿਨ ਮੈਂ। ਤੇਰੀ ਮ੍ਰਿਤੁ ਹੋਇ ਲਖਿ ਮਨ ਮੈਂ॥ ੧੩॥

ਤੇਰੀ ਕੇਵਲ ਸੱਤ ਸਾਲ ਉਮਰ ਰਹਿੰਦੀ ਜਾਣ ਕੇ ਸਤਿਗੁਰੂ ਜੀ ਨੇ ਤੈਨੂੰ ਸੁਲਤਾਨ ਬਣਾਇਆ ਹੈ। ਮੇਰੇ ਮਰਨ ਪਿੱਛੋਂ ਅੱਠਾਂ ਦਿਨਾਂ ਬਾਅਦ ਤੇਰੀ ਮੌਤ ਹੋ ਜਾਵੇਗੀ, ਇਹ ਮਨ ਵਿਚ ਜਾਣ ਲਵੋ॥੧੩॥

ਜਬਿ ਤੂੰ ਮਰਹਿਂ ਜਾਹਿਂ ਜਮ ਧਾਮ। ਬਿਗਰਹਿ ਅਵਨੀ ਰਾਜ ਤਮਾਮ।
ਦਿਨ ਪ੍ਰਤਿ ਨਸੈ ਤੇਜ ਤੁਰਕਾਨਾ'। ਸੁਨਤਿ ਬਹਾਦਰਸ਼ਾਹਿ ਬਖਾਨਾ॥ ੧੪॥

ਜਦ ਤੂੰ ਮਰ ਕੇ ਜਮਾਂ ਦੇ ਘਰ ਜਾਵੇਂਗਾ ਤਾਂ ਇਸ ਧਰਤੀ ਤੇ ਸਾਰਾ ਰਾਜ ਵਿਗੜ ਜਾਵੇਗਾ। ਦਿਨ ਪ੍ਰਤੀ ਤੁਰਕਾਂ ਦਾ ਤੇਜ ਖਤਮ ਹੋਵੇਗਾ।'' ਇਹ ਸੁਣ ਕੇ ਬਹਾਦਰ ਸ਼ਾਹ ਨੇ ਕਿਹਾ॥੧੪॥

'ਇਸਕੋ ਮਾਰਹੁ ਵਹਿਰ ਲਿਜਾਇ। ਅਪਰ ਜਿ ਗਹੇ ਲੋਕ ਸਮੁਦਾਇ।
ਸਨੇ ਸਨੇ ਸਭਿ ਕੋ ਮਰਿਵਾਵਹੁ। ਕੋਇ ਨ ਬਚਿ ਹੈ ਪ੍ਰਾਨ ਗਵਾਵਹੁ'॥ ੧੫॥

''ਇਸ ਨੂੰ ਬਾਹਰ ਲੈ ਜਾ ਕੇ ਮਾਰ ਦੇਵੋ, ਹੋਰ ਜਿਹੜੇ ਸਮੂਹ ਲੋਕ ਫੜੇ ਹਨ ਹੌਲੀ-ਹੌਲੀ ਸਾਰੇ ਮਰਵਾ ਦੇਵੋ, ਕੋਈ ਵੀ ਨਾ ਬਚੇ, ਸਭ ਨੂੰ ਮਾਰ ਦੇਵੋ'॥੧੫॥

ਵਹਿਰ ਨਿਕਾਸਜੋ ਬੰਦਾ ਮਾਰਜੋ। ਸਿਖ ਸੰਗਤਿ ਸੁਨਿਕੈ ਦੁਖ ਧਾਰਜੋ।
ਮਾਤਾ ਸੁੰਦਰੀ ਢਿਗ ਚਲਿ ਗਏ। ਸਭਿ ਕਰ ਜੋਰਿ ਬਖਾਨਤਿ ਭਏ॥ ੧੬॥

ਬਾਹਰ ਕੱਢ ਕੇ ਬੰਦਾ ਸਿੰਘ ਨੂੰ ਮਾਰ ਦਿੱਤਾ ਹੈ। ਸਿੱਖ ਸੰਗਤ ਨੇ ਸੁਣ ਕੇ ਦੁਖ ਧਾਰਨ ਕੀਤਾ। ਮਾਤਾ ਸੁੰਦਰੀ ਜੀ ਪਾਸ ਚਲ ਕੇ ਗਏ, ਸਾਰੇ ਹੱਥ ਜੋੜ ਕੇ ਕਹਿਣ ਲੱਗੇ॥੧੬॥

'ਕਾਨ੍ਹ ਸਿੰਘ ਬਾਬਾ ਵਿਚ ਕੈਦ। ਜਿਨ ਛੂਟਨ ਕੀ ਨਹੀਂ ਉਮੈਦ।
ਮਾਰਨ ਹੁਮ ਸਭਿਨਿ ਦਿਯ ਸ਼ਾਹੂ। ਮਾਰ ਦਯੋ ਬੰਦਾ ਪਲ ਮਾਂਹੂ'॥ ੧੭॥

''ਕਾਨ੍ਹ ਸਿੰਘ ਬਾਬਾ ਕੈਦ ਵਿਚ ਹੈ, ਜਿਸ ਦੇ ਛੁਟਕਾਰੇ ਦੀ ਹੁਣ ਕੋਈ ਉਮੀਦ ਨਹੀਂ ਹੈ। ਬਾਦਸ਼ਾਹ ਨੇ ਸਭ ਨੂੰ ਮਾਰਨ ਦਾ ਹੁਕਮ ਦਿੱਤਾ ਹੈ, ਬੰਦਾ ਸਿੰਘ ਨੂੰ ਇਕ ਪਲ ਵਿਚ ਮਾਰ ਦਿੱਤਾ ਹੈ'॥੧੭॥

ਸੁਨਿਕੈ ਮਾਤ ਸਭਿਨਿ ਸੋਂ ਕਹਜੋ। 'ਕਾਨ੍ਹ ਸਿੰਘ ਛੁਰਵਾਯੋ ਚਹਜੋ।
ਜਨਮਜੋ ਗੁਰ ਕੇ ਬੰਸ ਮਝਾਰੀ। ਪੁਨ ਸੁਭ ਗੁਨ ਜੁਤਿ ਭਟ ਭੁਜ ਭਾਰੀ॥੧੮॥

ਇਹ ਸੁਣ ਕੇ ਮਾਤਾ ਜੀ ਨੇ ਸਭ ਨੂੰ ਕਿਹਾ, ''ਕਾਨ੍ਹ ਸਿੰਘ ਨੂੰ ਛੁਡਵਾਉਣਾ ਚਾਹੀਦਾ ਹੈ। ਉਹ ਗੁਰੂ ਜੀ ਦੇ ਵੰਸ਼ ਵਿਚ ਪੈਦਾ ਹੋਇਆ ਹੈ, ਫਿਰ ਸ਼ੁਭ ਗੁਣਾਂ ਸਹਿਤ ਵੱਡਾ ਭਾਰੀ ਸੂਰਬੀਰ ਹੈ॥੧੮॥

ਨਤੁ ਤਿਸ ਸ਼੍ਰੋਣ ਪਰੈ ਜਿਸ ਥਾਇਂ। ਬਡ ਅਪਰਾਧ ਹੋਇ ਤਹਿਂ ਜਾਇ।
ਅਰੁ ਸਿੰਘਨ ਕੀ ਸਿੱਖੀ ਮਾਂਹਿ। ਪਰਹਿ ਤਫਾਉਤ ਮਿਟਿ ਹੈ ਨਾਂਹਿ॥ ੧੯॥

ਨਹੀਂ ਤਾਂ ਜਿੱਥੇ ਵੀ ਉਸਦਾ ਖ਼ੂਨ ਡਿੱਗੇਗਾ, ਉਥੇ ਵੱਡਾ ਅਪਰਾਧ ਹੋ ਜਾਵੇਗਾ। ਅਤੇ ਸਿੰਘਾਂ ਦੀ ਸਿੱਖੀ ਵਿਚ ਫਰਕ ਪੈ ਜਾਵੇਗਾ, ਜਿਹੜਾ ਫਿਰ ਮਿਟੇਗਾ ਨਹੀਂ॥੧੯॥

ਦਸਮ ਗੁਰੂ ਕੇ ਰਹਜੋ ਹਜ਼ੂਰ। ਯਾਂਤੇ ਕਰਹੁ ਉਪਾਇ ਜ਼ਰੂਰ'।
ਸੁਨਿ ਮਾਤਾ ਕੀ ਆਇਸੁ ਸਾਰੇ। ਸਿੱਖਨ ਜਤਨ ਅਨੇਕ ਬਿਚਾਰੇ॥ ੨੦॥

ਉਹ ਦਸਵੇਂ ਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ ਹੈ, ਇਸ ਕਰਕੇ ਜ਼ਰੂਰ ਕੋਈ ਉਪਾਅ ਕਰੋ।'' ਇਸ ਪ੍ਰਕਾਰ ਮਾਤਾ ਜੀ ਦੀ ਆਗਿਆ ਸੁਣ ਕੇ, ਸਿੱਖਾਂ ਨੇ ਅਨੇਕਾਂ ਜਤਨ ਵਿਚਾਰੇ॥ ੨੦॥

ਸਭਿ ਇਕਠੇ ਹੁਇ ਤਹਾਂ ਸਿਧਾਰੇ। ਗਹੇ ਹੁਤੇ ਜਹਿਂ ਕੈਦੀ ਸਾਰੇ।
ਖਰੇ ਹੋਇ ਊਚੇ ਤਹਿਂ ਕਹੇ। 'ਨਾਮ ਕਾਨ੍ਹ ਸਿੰਘ ਕਿਸਕੋ ਅਹੇ ?' ॥ ੨੧ ॥

ਸਾਰੇ ਇਕੱਠੇ ਹੋ ਕੇ ਉਥੇ ਗਏ, ਜਿੱਥੇ ਸਾਰੇ ਕੈਦੀ ਫੜੇ ਹੋਏ ਸਨ। ਖੜੇ ਹੋ ਕੇ ਉਥੇ ਉੱਚੀ ਆਵਾਜ਼ ਵਿਚ ਕਿਹਾ, "ਕਾਨ੍ਹ ਸਿੰਘ ਕਿਸ ਦਾ ਨਾਮ ਹੈ ?" ॥ ੨੧ ॥

ਸੁਨਿ ਕਰਿ ਕਾਨ੍ਹ ਸਿੰਘ ਤਹਿਂ ਆਯੋ। ਖਿਰਜੋ ਪੌਰ ਢਿਗ ਸਭਿਨਿ ਜਨਾਯੋ।
ਆਵਤਿ ਸਿੰਘਨ ਪਿਖਜੋ ਮੁਲਾਨਾ। ਮੁਖ ਦਬਾਇ ਗਹਿ ਗਾਢ ਮਹਾਨਾ ॥੨੨ ॥

ਇਹ ਸੁਣ ਕੇ ਕਾਨ੍ਹ ਸਿੰਘ ਉਥੇ ਆਇਆ, ਦਰਵਾਜ਼ੇ ਪਾਸ ਖੜੇ ਹੋ ਕੇ ਸਾਰਿਆਂ ਨੂੰ ਜਤਾਇਆ। ਸਿੰਘਾਂ ਨੇ ਇਕ ਮੁਲਾਣੇ ਨੂੰ ਆਉਂਦੇ ਵੇਖਿਆ। ਮੁਲਾਣੇ ਨੂੰ ਚੰਗੀ ਤਰ੍ਹਾਂ ਕਾਬੂ ਕਰਕੇ ਮੂੰਹ ਘੁੱਟ ਕੇ ਫੜ ਲਿਆ॥ ੨੨ ॥

ਕਾਰਾਗ੍ਰਿਹ ਮਹਿਂ ਦਿਯੋ ਧਕਾਈ। ਕਾਨ੍ਹ ਸਿੰਘ ਲੀਨਸਿ ਨਿਕਸਾਈ।
ਰਥ ਚਢਾਇ ਆਛਾਦਨ ਕੀਨ। ਤੂਰਨ ਤੋਰਿ ਅਗਾਰੀ ਦੀਨ॥ ੨੩ ॥

ਫਿਰ ਉਸ ਨੂੰ ਜੇਲ੍ਹ ਦੇ ਅੰਦਰ ਧੱਕ ਦਿੱਤਾ ਤੇ ਕਾਨ੍ਹ ਸਿੰਘ ਨੂੰ ਬਾਹਰ ਕੱਢ ਲਿਆ। ਰੱਥ ਵਿਚ ਚੜ੍ਹਾ ਕੇ ਉਸਨੂੰ ਪਰਦੇ ਪਿੱਛੇ ਕਰ ਦਿੱਤਾ ਤੇ ਤੁਰਤ ਰੱਥ ਅੱਗੇ ਤੋਰ ਦਿੱਤਾ॥ ੨੩ ॥

ਦੁਇ ਸਿਖ ਚਲੇ ਸੰਗ ਮਹਿਂ ਜਾਇ। ਬੂਝੇ ਉੱਤਰ ਦੇਤਿ ਬਤਾਇ।
'ਨਰ ਬਿਸਾਲ ਕੀ ਬਿਚ ਹੈ ਦਾਰਾ'। ਇਮ ਲੇ ਗਮਨੇ ਸਭਿਨਿ ਮਝਾਰਾ ॥੨੪ ॥

ਦੋ ਸਿੱਖ ਉਸ ਦੇ ਨਾਲ ਚਲੇ ਗਏ। ਕਿਸੇ ਦੇ ਪੁੱਛਣ ਤੇ ਬਣਾ ਕੇ ਉੱਤਰ ਦਿੰਦੇ ਸਨ, "ਇਕ ਵੱਡੇ ਆਦਮੀ ਦੀ ਇਸ ਵਿਚ ਪਤਨੀ ਹੈ", ਇਸ ਪ੍ਰਕਾਰ ਸਾਰਿਆਂ ਵਿਚੋਂ ਲੈ ਕੇ ਚਲੇ ਗਏ॥ ੨੪ ॥

ਗਨ ਸਿੱਖਨ ਘਰਿ ਮਹਿਂ ਲੇ ਗਏ। ਕਾਨ੍ਹ ਸਿਘ ਤਬਿ ਬੂਝਤਿ ਭਏ।
'ਕੌਨ ਮੇਲ ਕੀ ਸੰਗਤ ਇਹਾਂ ?'। ਸੁਨਿ ਸਾਥੀ ਨੇ ਉੱਤਰ ਕਹਾ॥ ੨੫ ॥

ਜਿੱਥੇ ਸਿੱਖਾਂ ਦੇ ਬਹੁਤੇ ਘਰ ਸਨ ਉਥੇ ਇਕ ਘਰ ਵਿਚ ਲੈ ਗਏ। ਕਾਨ੍ਹ ਸਿੰਘ ਫਿਰ ਪੁੱਛਣ ਲੱਗਾ, "ਕਿਹੜੇ ਮੇਲ ਦੀ ਏਥੇ ਸੰਗਤ ਹੈ ?" ਇਹ ਸੁਣ ਕੇ ਸਾਥੀ ਨੇ ਉੱਤਰ ਦਿੱਤਾ॥ ੨੫ ॥

'ਰਾਜਾ ਰਾਮ ਮੇਲ ਕੀ ਸੰਗਤਿ। ਬੈਠਤਿ ਹੈ ਕਰਿ ਨਜਾਰੀ ਪੰਗਤਿ'।
ਕਾਨ੍ਹ ਸਿੰਘ ਕਹਿ 'ਨਹਿਨ ਉਤਾਰੋ। ਅਗਲੀ ਸੰਗਤਿ ਬਿਖੈ ਸਿਧਾਰੋ' ॥ ੨੬ ॥

"ਰਾਜਾ ਰਾਮ ਮੇਲ ਦੀ ਸੰਗਤ ਹੈ ਤੇ ਇਹ ਵੱਖਰੀ ਪੰਗਤ ਲਾ ਕੇ ਬੈਠਦੇ ਹਨ।" ਕਾਨ੍ਹ ਸਿੰਘ ਨੇ ਕਿਹਾ, "ਏਥੇ ਨਾ ਉਤਾਰੋ, ਅਗਲੀ ਸੰਗਤ ਵਿਚ ਚਲੋ" ॥ ੨੬ ॥

ਛਾਦਜੋ ਸਜੰਦਨ ਆਗੇ ਚਲੇ। ਗਏ ਦੁਤੀ ਜਹਿਂ ਸੰਗਤਿ ਭਲੇ।
ਤਿਨ ਕੇ ਘਰਨ ਉਤਾਰਜੋ ਜਾਇ। ਇਮ ਬਾਬਾ ਸੋ ਲੀਨਿ ਬਚਾਇ॥ ੨੭ ॥

ਰੱਥ ਨੂੰ ਢੱਕ ਕੇ ਅੱਗੇ ਚਲ ਪਏ ਤੇ ਉਥੇ ਚਲੇ ਗਏ ਜਿੱਥੇ ਦੂਸਰੀ ਸੰਗਤ ਸੀ। ਉਨ੍ਹਾਂ ਦੇ ਘਰਾਂ ਵਿਚ ਜਾ ਕੇ ਉਤਾਰ ਦਿੱਤਾ, ਇਸ ਪ੍ਰਕਾਰ ਬਾਬੇ ਨੂੰ ਬਚਾ ਲਿਆ॥ ੨੭ ॥

ਦਿਵਸ ਆਗਲੇ ਸ਼ਾਹੁ ਬੁਲਾਏ। ਜੇਤਿਕ ਸਿੰਘ ਕੈਦ ਮਹਿਂ ਆਏ।
ਆਨਿ ਖਰੇ ਜਬਿ ਸਿੰਘ ਅਗਾਰੀ। ਬੂਝੇ ਸਭਿ 'ਕੋ ਤੁਮਹਿ ਮਝਾਰੀ॥ ੨੮ ॥

ਅਗਲੇ ਦਿਨ ਬਾਦਸ਼ਾਹ ਨੇ ਉਹ ਸਾਰੇ ਸਿੰਘ ਬੁਲਾਏ ਜਿਹੜੇ ਕੈਦ ਵਿਚ ਆਏ ਸਨ। ਜਦ ਆ ਕੇ ਅੱਗੇ ਖੜੇ ਹੋ ਗਏ ਤਾਂ ਬਾਦਸ਼ਾਹ ਨੇ ਸਭ ਨੂੰ ਪੁੱਛਿਆ, "ਤੁਹਾਡੇ ਵਿਚ॥ ੨੮॥

ਬਾਜ ਸਿਘ ਬਡ ਜੋਧਾ ਕੌਨੇ? ਕਰਿ ਕੈ ਜੁਦੋ ਦਿਖਾਵਹੁ ਤੌਨੇ।
ਭਯੋ ਪ੍ਰਥਕ ਸੁਨਿਕੈ ਤਤਕਾਲਾ। ਬੋਲਯੋ ਧਰਿ ਕੈ ਧੀਰ ਬਿਸਾਲਾ॥ ੨੯॥

ਬਾਜ ਸਿੰਘ ਨਾਮ ਦਾ ਕਿਹੜਾ ਵੱਡਾ ਯੋਧਾ ਹੈ? ਉਸ ਨੂੰ ਵੱਖਰੇ ਕਰਕੇ ਵਿਖਾਵੋ।" ਬਾਜ ਸਿੰਘ ਇਹ ਸੁਣ ਕੇ ਤੁਰਤ ਵੱਖਰਾ ਹੋ ਗਿਆ। ਬਹੁਤ ਧੀਰਜ ਧਾਰ ਕੇ ਬੋਲਿਆ॥ ੨੯॥

'ਗੁਰ ਕੋ ਦਾਸ ਬਾਜ ਸਿੰਘ ਮੈਂ ਹੌਂ। ਜੋ ਤੁਮ ਕਹੋ ਦਿਖਾਵਨ ਕੈ ਹੌਂ'।
ਕਹੈ ਸ਼ਾਹ 'ਤੂੰ ਬੀਰ ਬਿਸਾਲਾ। ਕਰਿ ਭੀ ਸਕਹਿਂ ਕਿ ਨਹਿਂ ਇਸ ਕਾਲਾ' ॥੩੦॥

"ਗੁਰੂ ਦਾ ਦਾਸ, ਬਾਜ ਸਿੰਘ ਮੈਂ ਹਾਂ। ਜੋ ਤੁਸੀਂ ਕਹੋ, ਮੈਂ ਦਿਖਾ ਦਿੰਦਾ ਹਾਂ।" ਬਾਦਸ਼ਾਹ ਨੇ ਕਿਹਾ, "ਤੂੰ ਵੱਡਾ ਸੂਰਬੀਰ ਹੈਂ, ਇਸ ਸਮੇਂ ਕੁਝ ਕਰ ਵੀ ਸਕੇਂਗਾ ਕਿ ਨਹੀਂ"॥ ੩੦॥

ਬਾਜ ਸਿੰਘ ਕਹਿ 'ਅਬਹਿ ਨਿਹਾਰਹੁ। ਮਮ ਪਗ ਤੇ ਬੇਰੀ ਨਿਰਵਾਰਹੁ।
ਬੀਰ ਪਨੇ ਕੋ ਪਿਖਹੁ ਤਮਾਸ਼ਾ। ਲਰਹਿਂ ਕਿਤਿਕ ਮੈਂ ਕਰੋਂ ਬਿਨਾਸ਼ਾ' ॥ ੩੧॥

ਬਾਜ ਸਿੰਘ ਨੇ ਕਿਹਾ, "ਹੁਣੇ ਵੇਖੋ, ਮੇਰੇ ਪੈਰਾਂ ਵਿਚੋਂ ਬੇੜੀ ਲੁਹਾ ਦੇਵੋ, ਫਿਰ ਸੂਰਬੀਰਤਾ ਦਾ ਤਮਾਸ਼ਾ ਵੇਖੋ, ਲੜਾਈ ਕਰਕੇ ਮੈਂ ਕਈਆਂ ਨੂੰ ਮਾਰ ਦੇਵਾਂਗਾ"॥ ੩੧॥

ਹੁਕਮ ਸ਼ਾਹੁ ਦੇ ਨਿਗੜ ਨਿਕਾਰੀ। ਫਾਂਧਯੋ ਬਾਜ ਸਿੰਘ ਭੁਜ ਭਾਰੀ।
ਕੜੇ ਹਾਥ ਕੇ ਸੋ ਭੁਜ ਭਾਰੇ। ਤੀਨ ਸਿਪਾਹੀ ਤਤਛਿਨ ਮਾਰੇ॥ ੩੨॥

ਬਾਦਸ਼ਾਹ ਦਾ ਹੁਕਮ ਹੋਣ ਤੇ ਬੇੜੀ ਲਾਹ ਦਿੱਤੀ, ਫਿਰ ਭਾਰੀਆਂ ਬਾਹਾਂ ਵਾਲੇ ਬਾਜ ਸਿੰਘ ਨੇ ਛਾਲ ਮਾਰੀ। ਹੱਥ ਵਿਚ ਜਿਹੜੀ ਭਾਰੀ ਹੱਥਕੜੀ ਪਈ ਸੀ, ਉਸ ਨਾਲ ਤੇ ਭਾਰੀਆਂ ਬਾਹਾਂ ਨਾਲ ਓਸੇ ਵੇਲੇ ਤੁਰਤ ਤਿੰਨ ਸਿਪਾਹੀ ਮਾਰ ਦਿੱਤੇ॥ ੩੨॥

ਖਰੋ ਨਬਾਬ ਏਕ ਤਿਹ ਤਾੜਯੋ। ਹਾਥ ਉਠਾਇ ਨਹੀਂ ਕੁਛ ਮਾਰਯੋ।
ਪਿਖੀ ਚਲਾਕੀ ਸ਼ੇਰ ਮਨਿੰਦ। ਗਹਿਵਾਯੋ ਕਰਿ ਕੈ ਨਰ ਬ੍ਰਿੰਦ॥ ੩੩॥

ਉਥੇ ਇਕ ਨਵਾਬ ਖੜਾ ਉਸ ਵੇਖਿਆ ਪਰ ਉਸ ਨੂੰ ਹੱਥ ਚੁੱਕ ਕੇ ਕੁਝ ਨਹੀਂ ਮਾਰਿਆ। ਜਦ ਬਾਦਸ਼ਾਹ ਨੇ ਉਸਦੀ ਸ਼ੇਰ ਵਰਗੀ ਫੁਰਤੀ ਵੇਖੀ ਤਾਂ ਕੁਝ ਆਦਮੀਆਂ ਨੂੰ ਕਹਿ ਕੇ ਫੜਵਾ ਦਿੱਤਾ॥ ੩੩॥

ਸ਼ਾਹੁ ਪ੍ਰਸੰਨ ਹੋਇ ਛੁਟਵਾਯੋ। ਮਾਝੇ ਦੇਸ਼ ਛੁਟਯੋ ਚਲਿ ਆਯੋ।
ਕਾਨ੍ਹ ਸਿੰਘ ਜਿਹ ਸਿਖ ਘਰ ਮਾਂਹੀ। ਨੌਕਰ ਸੋ ਪਠਾਨ ਕੇ ਪਾਹੀ॥ ੩੪॥

ਬਾਦਸ਼ਾਹ ਨੇ ਉਸ ਉੱਪਰ ਪ੍ਰਸੰਨ ਹੋ ਕੇ ਉਸ ਨੂੰ ਛੁੜਵਾ ਦਿੱਤਾ। ਬਾਜ ਸਿੰਘ ਛੁਟਕਾਰਾ ਪਾ ਕੇ ਮਾਝੇ ਦੇਸ਼ ਵਲ ਚਲ ਕੇ ਆ ਗਿਆ। ਕਾਨ੍ਹ ਸਿੰਘ ਉਸ ਘਰ ਵਿਚ ਗਿਆ, ਜਿਸ ਘਰ ਵਿਚ ਪਠਾਣ ਦਾ ਇਕ ਸਿੱਖ ਨੌਕਰ ਸੀ॥ ੩੪॥

ਲਿਖਯੋ ਪਰਗਨਾ ਤਾਂਹਿ ਅਜਾਰੇ। ਤਿਸ ਆਗੇ ਸਿਖ ਕਾਰ ਸੁਧਾਰੇ।
ਦੇਤਿ ਚਾਕਰੀ ਹਾਥ ਉਠਾਈ। ਯਾਂਤੇ ਇਕ ਸਿਖ ਰਹਤਿ ਸਦਾਹੀ॥ ੩੫॥

ਉਸ ਪਠਾਣ ਨੇ ਪਰਗਣਾ ਠੇਕੇ ਉੱਪਰ ਲਿਆ ਹੋਇਆ ਸੀ, ਉਸ ਪਠਾਣ ਪਾਸ ਇਕ ਸਿੱਖ ਨੌਕਰੀ ਕਰਦਾ ਸੀ, ਜਿਹੜਾ ਉਸ ਦਾ ਸਾਰਾ ਕੰਮ-ਕਾਜ ਕਰਦਾ ਸੀ। ਪਰ ਪਠਾਣ ਤਨਖਾਹ ਦੇਣ ਸਮੇਂ ਕੰਜੂਸੀ ਕਰਦਾ ਤੇ ਪੂਰੇ ਪੈਸੇ ਨਹੀਂ ਦਿੰਦਾ ਸੀ, ਇਸ ਕਰਕੇ ਉਹ ਸਿੱਖ ਸਦਾ ਤੰਗੀ ਕੱਟਦਾ ਸੀ॥ ੩੫॥

ਸੁਨਤਿ ਬ੍ਰਿਤੰਤ ਕਾਨ੍ਹ ਸਿੰਘ ਕਹ੍ਯੋ। 'ਲੈ ਦੇਵੋਂ ਧਨ ਜੇਤੋ ਚਹ੍ਯੋ'।
ਸਿਖ ਨੈ ਭਨ੍ਯੋਂ 'ਕਹੌਂ ਕਜਾ ਅਰਜ਼ੀ। ਮੈਂ ਗਰਜ਼ੀ, ਕਰੀਅਹਿ ਨਿਜ ਮਰਜ਼ੀ' ॥੩੬॥

ਇਹ ਬ੍ਰਿਤਾਂਤ ਸੁਣ ਕੇ ਕਾਨ੍ਹ ਸਿੰਘ ਨੇ ਕਿਹਾ, "ਜਿੰਨਾ ਧਨ ਤੂੰ ਚਾਹੁੰਦਾ ਹੈਂ, ਓਨਾ ਲੈ ਦੇਵਾਂ।" ਇਹ ਸੁਣ ਕੇ ਸਿੱਖ ਨੇ ਕਿਹਾ, "ਮੈਂ ਕੀ ਬੇਨਤੀ ਕਰਨੀ ਹੈ, ਮੈਂ ਆਪ ਇਕ ਲੋੜਵੰਦ ਹਾਂ, ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੀ ਮਰਜ਼ੀ ਹੈ" ॥ ੩੬ ॥

ਕਾਨ੍ਹ ਸਿੰਘ ਰੁਖਸਦ ਹੁਇ ਗਯੋ। ਤਿਸੀ ਪਰਗਨੇ ਪ੍ਰਾਪਤਿ ਭਯੋ।
ਖਾਨ ਪੌਰ ਢਿਗ ਉਤਰੇ ਜਾਇ। ਤਾਕਹਿ ਅਪਨੀ ਘਾਤ ਲਗਾਇ॥ ੩੭॥

ਕਾਨ੍ਹ ਸਿੰਘ ਉਥੋਂ ਰੁਖਸਤ ਹੋ ਕੇ ਚਲਾ ਗਿਆ ਤੇ ਉਸੇ ਹੀ ਪਰਗਨੇ ਵਿਚ ਖਾਨ ਦੇ ਦਰਵਾਜ਼ੇ ਦੇ ਪਾਸ ਜਾ ਕੇ ਉੱਤਰ ਪਿਆ। ਫਿਰ ਆਪਣਾ ਦਾਅ ਲਾਉਣ ਬਾਰੇ ਇੰਤਜ਼ਾਰ ਕਰਨ ਲੱਗਾ॥ ੩੭॥

ਘਰ ਬਿਚ ਤੇ ਨਿਕਸੀ ਇਕ ਦਾਸੀ। ਬੂਝਨ ਕਰੀ ਲੋਕ ਜੇ ਪਾਸੀ।
'ਖਾਨ ਕੌਨ ਕਾਰਜ ਮਹਿਂ ਪਰੇ?'। ਦਾਸੀ ਭਾਖਤਿ 'ਦਾਤਨ ਕਰੇ॥ ੩੮॥

ਘਰ ਵਿਚੋਂ ਇਕ ਨੌਕਰਾਣੀ ਨਿਕਲੀ। ਪਾਸ ਦੇ ਲੋਕਾਂ ਨੇ ਦਾਸੀ ਤੋਂ ਪੁੱਛਿਆ, "ਖਾਨ ਸਾਹਿਬ ਇਸ ਸਮੇਂ ਕੀ ਕਰ ਰਹੇ ਹਨ?" ਦਾਸੀ ਨੇ ਦੱਸਿਆ ਕਿ ਉਹ ਇਸ ਸਮੇਂ ਦਾਤਨ ਕਰ ਰਹੇ ਹਨ॥ ੩੮॥

ਅਪਰ ਨੀਰ ਕੀਨਸਿ ਅਨਵਾਵਨ। ਚਾਹਤਿ ਹੈ ਪੁਨ ਤਿਸ ਤੇ ਨ੍ਹਾਵਨ'।
ਕਾਨ੍ਹ ਸਿੰਘ ਲਖਿ ਘਾਤੀ ਭਲੇ। ਦਾਸੀ ਸਾਥ ਅੰਤਰੇ ਚਲੇ॥ ੩੯॥

ਹੋਰ ਪਾਣੀ ਵੀ ਮੰਗਵਾਇਆ ਹੈ, ਉਸ ਪਾਣੀ ਨਾਲ ਫਿਰ ਇਸ਼ਨਾਨ ਕਰਨਾ ਚਾਹੁੰਦੇ ਹਨ।" ਕਾਨ੍ਹ ਸਿੰਘ ਨੇ ਇਹ ਚੰਗਾ ਮੌਕਾ ਜਾਣਿਆ ਤੇ ਦਾਸੀ ਦੇ ਨਾਲ ਅੰਦਰ ਚਲੇ ਗਿਆ॥ ੩੯॥

ਪਹੁੰਚੇ ਨਿਕਟ ਇਕਾਕੀ ਹੇਰਾ। ਬਲ ਤੇ ਪਕਰਿ ਤਰੇ ਸੋ ਗੇਰਾ।
ਤੁਰਤ ਖਾਨ ਕੀ ਛਾਤੀ ਚਢੇ। ਤੀਖਨ ਕਰਿ ਕਟਾਰ ਕੋ ਕਢੇ॥ ੪੦॥

ਖਾਨ ਦੇ ਪਾਸ ਜਾ ਕੇ ਉਸ ਵੇਖਿਆ ਕਿ ਖਾਨ ਇਕੱਲਾ ਹੀ ਸੀ। ਕਾਨ੍ਹ ਸਿੰਘ ਨੇ ਉਸ ਨੂੰ ਤਾਕਤ ਨਾਲ ਫੜ ਕੇ ਥੱਲੇ ਡੇਗ ਲਿਆ ਤੇ ਤੁਰਤ ਖਾਨ ਦੀ ਛਾਤੀ ਉੱਪਰ ਚੜ੍ਹ ਗਿਆ, ਫਿਰ ਤਿੱਖੀ ਕਟਾਰ ਨੂੰ ਕਢਿਆ॥ ੪੦॥

ਅਨੀ ਉਦਰ ਕੇ ਸਾਥ ਲਗਾਈ। ਧਾਇ ਲੋਕ ਆਏ ਸਮੁਦਾਈ।
ਨਗਨ ਕ੍ਰਿਪਾਨ ਮਾਰਨੋ ਚਹੈਂ। ਕਾਨ੍ਹ ਸਿੰਘ ਤਬਿ ਸਭਿ ਕੋ ਕਹੈ॥ ੪੧॥

ਕਟਾਰ ਦੀ ਨੋਕ ਫਿਰ ਖਾਨ ਦੇ ਢਿੱਡ ਨਾਲ ਲਾਈ, ਇਹ ਵੇਖ ਕੇ ਬਾਕੀ ਲੋਕ ਭੱਜੇ ਆਏ। ਨੰਗੀ ਕਿਰਪਾਨ ਕਾਨ੍ਹ ਸਿੰਘ ਦੇ ਮਾਰਨੀ ਚਾਹੁੰਦੇ ਸਨ। ਕਾਨ੍ਹ ਸਿੰਘ ਨੇ ਫਿਰ ਸਾਰਿਆਂ ਨੂੰ ਕਿਹਾ॥ ੪੧॥

'ਮੁਝ ਪਰ ਵਾਰ ਕਰਹੁ ਤੁਮ ਜਬੈ। ਖਾਨ ਪ੍ਰਾਨ ਹਾਨੌਂ ਮੈਂ ਤਬੈ'।
ਸੁਨਿ ਪਠਾਨ ਨੇ ਸਕਲ ਹਟਾਏ। ਬੂਝੇ 'ਕੌਨ ਕਾਜ ਤੁਮ ਆਏ?' ॥ ੪੨॥

"ਤੁਸੀਂ ਜਦ ਮੇਰੇ ਉੱਪਰ ਵਾਰ ਕਰੋਗੇ, ਮੈਂ ਉਸੇ ਵੇਲੇ ਖਾਨ ਦੇ ਪ੍ਰਾਣ ਕੱਢ ਦੇਵਾਂਗਾ।" ਇਹ ਸੁਣ ਕੇ ਪਠਾਣ ਨੇ ਸਾਰਿਆਂ ਨੂੰ ਹਟਾ ਦਿੱਤਾ ਤੇ ਪੁੱਛਣ ਲੱਗਾ, "ਤੁਸੀਂ ਕਿਹੜੇ ਕੰਮ ਆਏ ਹੋ?" ॥ ੪੨॥

ਬਾਬੇ ਕਹ੍ਯੋ 'ਸਿੱਖ ਜੋ ਅਮਕੋ। ਚਾਕਰ ਕਾਜ ਕਰੈ ਨਿਤ ਤੁਮਕੋ।
ਦਈ ਚਾਕਰੀ ਹਾਥ ਉਠਾਈ। ਗੁਜ਼ਰ ਤੰਗ ਤਿਸਕੀ ਹੁਇ ਆਈ॥ ੪੩॥

ਉਚ

ਬਾਬਾ ਕਾਨ੍ਹ ਸਿੰਘ ਨੇ ਕਿਹਾ, "ਮੇਰਾ ਜਿਹੜਾ ਸਿੱਖ ਹੈ, ਉਹ ਨਿੱਤ ਤੇਰੇ ਕੰਮ ਕਰਦਾ ਹੈ, ਪਰ ਤੂੰ ਉਸ ਨੂੰ ਪੂਰੀ ਤਨਖਾਹ ਨਹੀਂ ਦਿੰਦਾ ਹੈਂ, ਉਸਦਾ ਗੁਜ਼ਾਰਾ ਬਹੁਤ ਤੰਗੀ ਨਾਲ ਹੁੰਦਾ ਹੈ॥ ੪੩॥

ਤਿਸਕੋ ਦਰਬ ਦੀਜੀਐ ਸਾਰਾ। ਕਰਿ ਕਾਰਜ ਲਿਹੁ ਪ੍ਰਾਨ ਉਬਾਰਾ।
ਸੁਨਿ ਪਠਾਨ ਧਨ ਤੁਰਤ ਮੰਗਾਯੋ। ਕਾਨ੍ਹ ਸਿੰਘ ਪੁਨ ਬਾਕ ਅਲਾਯੋ॥ ੪੪॥

ਉਸ ਨੂੰ ਪੂਰਾ ਧਨ ਦੇਵੇ, ਇਹ ਕੰਮ ਕਰਕੇ ਆਪਣੇ ਪ੍ਰਾਣ ਬਚਾ ਲਵੇ।" ਇਹ ਸੁਣ ਕੇ ਪਠਾਣ ਨੇ ਤੁਰਤ ਧਨ ਮੰਗਵਾਇਆ। ਕਾਨ੍ਹ ਸਿੰਘ ਨੇ ਫਿਰ ਬਚਨ ਕੀਤਾ॥ ੪੪॥

'ਦਗਾ ਨ ਕਰਿ, ਦਿਹੁ ਬੀਚ ਕੁਰਾਨ। ਇਕ ਰਥ ਦੀਜਹਿ ਹਯਨ ਮਹਾਨ।
ਬਿਤ, ਸੁਤ, ਮੁਝਕੋ ਬੀਚ ਬਿਠਾਇ। ਅਪਰ ਰਾਜ ਮਹਿਂ ਦਿਹ ਪਹੁੰਚਾਇ' ॥੪੫॥

"ਦਗ਼ਾ ਨਾ ਕਰੀਂ, ਪਹਿਲਾਂ ਕੁਰਾਨ ਦੀ ਸਹੁੰ ਖਾਵੇ, ਇਕ ਵੱਡੇ ਘੋੜੇ ਵਾਲਾ ਰੱਥ ਦੇਵੇ। ਧਨ, ਆਪਣੇ ਪੁੱਤਰ ਤੇ ਮੈਨੂੰ ਵਿਚ ਬਿਠਾਓ ਤੇ ਹੋਰ ਕਿਸੇ ਰਾਜ ਵਿਚ ਪਹੁੰਚਾ ਦੇਵੇਂ" ॥ ੪੫॥

ਸੁਨਤਿ ਖਾਨ ਡਰ ਕੋ ਬਹੁ ਮਾਨਾ। ਕਰਜੋ ਤਥਾ ਸੁਭ ਜਥਾ ਬਖਾਨਾ।
ਪਹੁੰਚੇ ਜਬੇ ਰਾਜ ਬੇਗਾਨੇ। ਬਿਤ ਲੇ, ਸੁਤ ਰਥ ਦੀਯਸਿ ਜਾਨੇ॥ ੪੬॥

ਇਹ ਸੁਣ ਕੇ ਪਠਾਣ ਨੇ ਬਹੁਤ ਡਰ ਮੰਨਿਆ ਤੇ ਉਸ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਬਾਬਾ ਕਾਨ੍ਹ ਸਿੰਘ ਨੇ ਕਿਹਾ ਸੀ। ਜਦ ਬੇਗਾਨੇ ਰਾਜ ਵਿਚ ਪਹੁੰਚ ਗਏ ਤਾਂ ਕਾਨ੍ਹ ਸਿੰਘ ਨੇ ਧਨ ਲੈ ਕੇ ਖਾਨ ਦੇ ਪੁੱਤਰ ਨੂੰ ਰੱਥ ਲੈ ਕੇ ਵਾਪਸ ਜਾਣ ਦਿੱਤਾ॥ ੪੬॥

ਸਿਖ ਕੋ ਦਯੋ ਦਰਬ ਤਬਿ ਸਾਰਾ। ਆਪ ਸੁਧਾਸਰ ਓਰ ਪਧਾਰਾ।
ਇਮ ਤੀਨਹੁਂ ਜੀਵਤ ਹੀ ਛੁਟੇ। ਪਕਰੇ ਅਪਰ ਸਭਿਨਿ ਸਿਰ ਕਟੇ॥ ੪੭॥

ਬਾਬਾ ਕਾਨ੍ਹ ਸਿੰਘ ਨੇ ਫਿਰ ਸਿੱਖ ਨੂੰ ਸਾਰਾ ਧਨ ਦੇ ਦਿੱਤਾ ਤੇ ਆਪ ਅੰਮ੍ਰਿਤਸਰ ਵੱਲ ਚਲਾ ਗਿਆ। ਇਸ ਪ੍ਰਕਾਰ ਕੇਵਲ ਤਿੰਨਾਂ ਹੀ ਜੀਉਂਦਿਆਂ ਦਾ ਛੁਟਕਾਰਾ ਹੋਇਆ, ਬਾਕੀ ਹੋਰ ਜਿਹੜੇ ਫੜੇ ਸਨ ਉਨ੍ਹਾਂ ਸਾਰਿਆਂ ਦੇ ਸਿਰ ਕੱਟੇ ਗਏ॥ ੪੭॥

*ਦੂਸਰੇ ਐਨ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## ਅਧਿਆਇ ਅਠਾਈਵਾਂ

### ਅਜੀਤ ਸਿੰਘ ਪਾਲਕ ਪੁੱਤ੍ਰ

ਦੋਹਰਾ- ਅਬਿ ਅਜੀਤ ਸਿੰਘ ਕੀ ਕਥਾ ਸੁਨਿ ਸ੍ਰੋਤਾ ਸਵਧਾਨ।
ਪਾਲਕ ਮਾਤਾ ਸੁੰਦਰੀ ਭਾ ਬਾਲਕ ਤੇ ਜ੍ਵਾਨ॥ ੧॥

ਹੇ ਸ੍ਰੋਤਾ ਗਨ! ਹੁਣ ਪਾਲਕ ਪੁੱਤਰ ਅਜੀਤ ਸਿੰਘ ਦੀ ਸਾਵਧਾਨ ਹੋ ਕੇ ਕਥਾ ਸੁਣੋ। ਇਹ ਮਾਤਾ ਸੁੰਦਰੀ ਜੀ ਦਾ ਪਾਲਕ ਪੁੱਤਰ ਇਕ ਛੋਟੇ ਬਾਲਕ ਤੋਂ ਜਵਾਨ ਹੋ ਗਿਆ ਸੀ॥੧॥

ਚੌਪਈ- ਬਸਤ੍ਰ ਬਿਭੂਖਨ ਸੁੰਦਰ ਨਾਨਾ। ਚਪਲ ਤੁਰੰਗਮ ਮੋਲ ਮਹਾਨਾ।
ਮਾਤ ਦੁਲਾਰਤਿ ਬਿਬਿਧ ਪ੍ਰਕਾਰਾ। ਪਹਿਰਾਵਤਿ ਬਹੁ ਰਾਖਿ ਸੁਖਾਰਾ॥੨॥

ਉਹ ਬੜੇ ਸੁੰਦਰ ਕੱਪੜੇ ਅਤੇ ਗਹਿਣੇ ਪਾਉਂਦਾ ਸੀ ਤੇ ਇਕ ਬੜੇ ਕੀਮਤੀ ਘੋੜੇ ਦੀ ਸਵਾਰੀ ਕਰਦਾ ਸੀ। ਮਾਤਾ ਜੀ ਕਈ ਪ੍ਰਕਾਰ ਪੁੱਤਰ ਨੂੰ ਦੁਲਾਰਦੀ ਸੀ ਤੇ ਸੁੰਦਰ ਕਪੜੇ ਪਹਿਣਾ ਕੇ ਸੁਖੀ ਰੱਖਦੀ ਸੀ॥ ੨॥

ਸ੍ਰੀ ਅੰਮ੍ਰਿਤਸਰ ਆਦਿ ਸਥਾਨਾ। ਜਹਿਂ ਜਹਿਂ ਰਹੈਂ ਮਸੰਦ ਮਹਾਨਾ।
ਸਭਿ ਸੰਗਤ ਤੇ ਲੇ ਗੁਰ ਕਾਰ। ਧਨ ਆਦਿਕ ਸਭਿ ਵਸਤੁ ਸੰਭਾਰਿ॥੩॥

ਸ੍ਰੀ ਅੰਮ੍ਰਿਤਸਰ ਆਦਿ ਸਥਾਨ 'ਤੇ ਜਿੱਥੇ-ਜਿੱਥੇ ਵੀ ਵੱਡੇ-ਵੱਡੇ ਮਸੰਦ ਰਹਿੰਦੇ ਸਨ, ਉਹ ਸਾਰੀ ਸੰਗਤ ਪਾਸੋਂ ਗੁਰੂ ਜੀ ਦੀ ਕਾਰ ਭੇਟ ਲੈਂਦੇ ਸਨ ਤੇ ਧਨ ਆਦਿ ਸਭ ਵਸਤਾਂ ਸੰਭਾਲ ਲੈਂਦੇ ਸਨ॥ ੩॥

ਕੁਛਕ ਮਾਤ ਕੇ ਪਾਸ ਪਠਾਵੈ। ਇਮ ਚਹੁਂ ਦਿਸ਼ਿ ਤੇ ਧਨ ਗਨ ਆਵੈ।
ਦਰਬ ਕੋਸ਼ ਮਹਿਂ ਜੁਰਹਿ ਬਿਸਾਲੇ। ਖਰਚ ਅਜੀਤ ਸਿਘ ਕੋ ਚਾਲੇ॥੪॥

ਕੁਝ ਵਸਤਾਂ ਤਾਂ ਮਾਤਾ ਜੀ ਪਾਸ ਭੇਜ ਦਿੰਦੇ ਸਨ। ਇਸ ਪ੍ਰਕਾਰ ਚਾਰੇ ਪਾਸਿਆਂ ਤੋਂ ਬਹੁਤ ਧਨ ਆਉਂਦਾ ਸੀ। ਖਜ਼ਾਨੇ ਵਿਚ ਬਹੁਤ ਧਨ ਇਕੱਠਾ ਹੋ ਜਾਂਦਾ ਸੀ, ਜਿਸ ਨਾਲ ਪਾਲਕ ਪੁੱਤਰ ਅਜੀਤ ਸਿੰਘ ਦਾ ਖਰਚਾ ਚਲਦਾ ਸੀ॥ ੪॥

ਸਾਠਕ ਰਾਖੇ ਢਿਗ ਅਸਵਾਰਾ। ਲਏ ਤੁਰੰਗਮ ਮੋਲ ਉਦਾਰਾ।
ਸ਼ਸਤ੍ਰ ਬਸਤ੍ਰ ਦੇ ਬਰਨ ਬਰਨ ਕੇ। ਚਾਕਰ ਸੰਗਤਿ ਬੈਸ ਤਰੁਨਕੇ॥੫॥

ਸੱਠ ਦੇ ਕਰੀਬ ਉਹ ਨਾਲ ਘੋੜ ਸਵਾਰ ਰੱਖਦਾ ਸੀ, ਉਸ ਨੇ ਬਹੁਤ ਕੀਮਤੀ ਘੋੜੇ ਮੁੱਲ ਲੈ ਕੇ ਰੱਖੇ ਸਨ। ਉਹ ਉਨ੍ਹਾਂ ਨੂੰ ਕਈ ਰੰਗਾਂ ਦੇ ਸ਼ਸਤਰ ਵਸਤਰ ਦਿੰਦਾ ਸੀ। ਉਸ ਦੀ ਜਵਾਨ ਉਮਰ ਵਾਲੇ ਨੌਕਰਾਂ ਦੀ ਸੰਗਤ ਸੀ॥ ੫॥

ਚਢਹਿ ਤੁਰੰਗ ਅਖੇਰ ਸਿਧਾਰੇ। ਤੋਮਰ ਤੁਪਕ ਪ੍ਰਹਾਰਨ ਹਾਰੇ।
ਮਾਤਾ ਕੀ ਪ੍ਰਸੰਨਤਾ ਸੰਗ। ਬਿਲਸਹਿ ਅਨਿਕ ਬਿਲਾਸਨ ਰੰਗ॥੬॥

ਘੋੜਿਆਂ ਉੱਪਰ ਸਵਾਰ ਹੋ ਕੇ ਸ਼ਿਕਾਰ ਖੇਡਣ ਜਾਂਦੇ ਸਨ, ਨੇਜ਼ੇ ਬੰਦੂਕਾਂ ਦੇ ਵਾਰ ਕਰਦੇ ਸਨ। ਮਾਤਾ ਜੀ ਦੀ ਪ੍ਰਸੰਨਤਾ ਸਹਿਤ ਅਨੇਕ ਪ੍ਰਕਾਰ ਦੇ ਰੰਗ ਬਿਲਾਸ ਕਰਦਾ ਸੀ॥ ੬॥

ਬੈਠੈ ਵਹਿਰ ਦਿਵਾਨ ਲਗਾਵੈ। ਦਰਸ਼ਨ ਹੇਤੁ ਕਿਤਿਕ ਸਿਖ ਆਵੈਂ।
ਹੁਤੇ ਕਲਾਲ ਸਦਨ ਪੁਰਿ ਮਾਂਹੀ। ਸ੍ਰੀ ਗੁਰ ਸਿੱਖ ਕਰੇ ਸੋ ਨਾਂਹੀ॥੭॥

ਬਾਹਰ ਬੈਠ ਕੇ ਦੀਵਾਨ ਲਾਉਂਦਾ ਸੀ ਤੇ ਦਰਸ਼ਨਾਂ ਵਾਸਤੇ ਕੁਝ ਸਿੱਖ ਆਉਂਦੇ ਸਨ। ਓਥੇ ਦਿੱਲੀ ਨਗਰ ਵਿਚ ਕੁਝ ਕਲਾਲਾਂ ਦੇ ਘਰ ਸਨ, ਉਹ ਸਤਿਗੁਰੂ ਜੀ ਦੀ ਗੁਰਸਿੱਖੀ ਧਾਰਨ ਕਰਦੇ ਸਨ॥ ੭॥

ਸੋ ਅਜੀਤ ਸਿੰਘ ਕੇ ਸਿਖ ਹ੍ਵੈ ਕੈ। ਦੇਤਿ ਉਪਾਇਨ ਬੰਦਨ ਕੈ ਕੈ।
ਭੁਸ ਕੋ ਬੇਚਿ ਕਮਾਵੈਂ ਕਾਰ। ਜਿਨ ਕੇ ਸਿਦਕ ਨਹੀਂ ਇਤਬਾਰ॥੮॥

ਉਹ ਸਾਰੇ ਪਾਲਕ ਪੁੱਤਰ ਅਜੀਤ ਸਿੰਘ ਦੇ ਸਿੱਖ ਹੋ ਕੇ ਬੰਦਨਾ ਕਰ ਕਰ ਕੇ ਉਪਹਾਰ ਦਿੰਦੇ ਸਨ। ਉਹ ਤੂੜੀ ਵੇਚ ਕੇ ਕਮਾਈ ਕਰਦੇ ਸਨ, ਜਿਨ੍ਹਾਂ ਵਿਚ ਨਾ ਹੀ ਸਿਦਕ ਸੀ ਤੇ ਨਾ ਹੀ ਉਨ੍ਹਾਂ ਦਾ ਕੋਈ ਇਤਬਾਰ ਸੀ॥ ੮॥

ਇਨ ਤੇ ਆਦਿ ਅਪਰ ਭੀ ਕੇਤੇ। ਗੁਰ ਕਰਿ ਅਪਨੋ ਦਰਬ ਸੁ ਦੇਤੇ।
ਚਾਰ ਘਰੀ ਜਬਿ ਦਿਨ ਰਹਿ ਜਾਇ। ਸ਼ਸਤ੍ਰ ਬਸਤ੍ਰ ਕੋ ਭਲੇ ਸਜਾਇ॥੯॥

ਇਨ੍ਹਾਂ ਤੋਂ ਉਪਰੰਤ ਹੋਰ ਵੀ ਕਈ ਸਿੱਖ ਬਣਾਏ, ਜਿਹੜੇ ਆਪਣਾ ਗੁਰੂ ਸਮਝ ਕੇ ਧਨ ਦਿੰਦੇ ਸਨ। ਜਦ ਚਾਰ ਘੜੀਆਂ ਦਿਨ ਰਹਿ ਜਾਂਦਾ ਸੀ ਤਾਂ ਅਜੀਤ ਸਿੰਘ ਅਤੇ ਉਸ ਦੇ ਸਾਥੀ ਸ਼ਸਤਰ ਵਸਤਰ ਸਜਾ ਲੈਂਦੇ ਸਨ॥ ੯॥

ਪੁਰਿ ਕੀ ਸੈਲ ਹੇਤੁ ਬਿਚਰੰਤਾ। ਸਾਠ ਸਊਰਨ ਸੰਗ ਰਖੰਤਾ।
ਅੱਗ੍ਰ ਨਕੀਬ ਬੋਲਤੇ ਊਚੇ। ਜਿਤਿਕ ਚਹੈਂ ਪਿਖਿ ਤਿਤਿਕ ਪਹੁੰਚੇ॥੧੦॥

ਫਿਰ ਨਗਰ ਦੀ ਸੈਰ ਕਰਨ ਵਾਸਤੇ ਵਿਚਰਦਾ ਸੀ ਤੇ ਸੱਠ ਸਵਾਰ ਉਸ ਦੇ ਨਾਲ ਰਹਿੰਦੇ ਸਨ। ਅੱਗੇ-ਅੱਗੇ ਨਕੀਬ ਉੱਚੀ-ਉੱਚੀ ਬੋਲਦੇ ਜਾਂਦੇ ਸਨ, ਜਿੱਥੇ ਵੀ ਜਾਣਾ ਚਾਹੁੰਦੇ ਸਨ, ਉਥੇ ਹੀ ਪਹੁੰਚ ਜਾਂਦੇ ਸਨ॥੧੦॥

ਦੇਗ਼ ਬਿਸਾਲ ਹੋਤਿ ਨਿਤ ਰਹੈ। ਅਪਨ ਬਿਗਾਨਾ ਅਚਹਿ ਜੁ ਚਹੈ।
ਸੰਗਤਿ ਘਨੀ ਦਰਸ ਕੋ ਆਵੈ। ਦਰਸ਼ਨ ਮਾਤ ਸੁੰਦਰੀ ਪਾਵੈ॥ ੧੧॥

ਸਦਾ ਹੀ ਬਹੁਤ ਲੰਗਰ ਤਿਆਰ ਹੁੰਦਾ ਸੀ, ਆਪਣਾ ਬਿਗਾਨਾ ਜਿਹੜਾ ਵੀ ਚਾਹੁੰਦਾ ਸੀ ਲੰਗਰ ਛੱਕਦਾ ਸੀ। ਬਹੁਤ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ, ਉਹ ਆ ਕੇ ਮਾਤਾ ਸੁੰਦਰੀ ਜੀ ਦੇ ਦਰਸ਼ਨ ਕਰਦੇ ਸਨ॥੧੧॥

ਢਿਗ ਬੈਠਹਿ ਇਹ ਭੀ ਪੁਜਵਾਵੈ। ਕਿਤਿਕ ਭੇਟ ਸਿਖ ਆਨਿ ਚਢਾਵੈਂ।
ਸਿਰੋਪਾਉ ਸੰਗਤਿ ਕੋ ਦੇਤਿ। ਰੀਤਿ ਗੁਰਨਿ ਕੀ ਕਰਤਿ ਸੁਚੇਤ॥ ੧੨॥

ਮਾਤਾ ਜੀ ਪਾਸ ਬੈਠ ਕੇ ਅਜੀਤ ਸਿੰਘ ਵੀ ਆਪਣੀ ਪੂਜਾ ਕਰਵਾਉਂਦਾ ਸੀ। ਕਈ ਸਿੱਖ ਆ ਕੇ ਭੇਟਾ ਚੜ੍ਹਾਉਂਦੇ ਸਨ। ਉਹ ਸੰਗਤ ਨੂੰ ਸਿਰੋਪੇ ਦਿੰਦਾ ਸੀ ਤੇ ਸੁਚੇਤ ਹੋ ਕੇ ਗੁਰੂ ਸਾਹਿਬਾਨ ਦੀ ਰੀਤੀ ਕਰਦਾ ਸੀ॥੧੨॥

ਦੇਸ਼ ਬਿਦੇਸ਼ਨ ਬਿਦਤਯੋ ਘਨੋ। 'ਗੁਰ ਕੋ ਪੁੱਤ੍ਰ ਗੁਰੂ ਇਹ ਬਨੋ'।
ਕੋ ਕੋ ਸਜਾਨੇ ਸਿੱਖ ਨ ਮਾਨੈਂ। ਮਾਤਾ ਕੋ ਪਾਲਕ ਪਹਿਚਾਨੈਂ॥ ੧੩॥

ਦੇਸ਼ਾਂ ਵਿਦੇਸ਼ਾਂ ਵਿਚ ਬਹੁਤ ਮਸ਼ਹੂਰ ਹੋਇਆ, "ਗੁਰੂ ਦਾ ਪੁੱਤਰ ਇਹ ਗੁਰੂ ਬਣਿਆ ਹੈ।" ਕਈ-ਕਈ ਸਿਆਣੇ ਸਿੱਖ ਨਹੀਂ ਮੰਨਦੇ ਸਨ, ਉਹ ਇਸ ਨੂੰ ਮਾਤਾ ਜੀ ਦਾ ਪਾਲਕ ਪੁੱਤਰ ਹੀ ਪਹਿਚਾਣਦੇ ਸਨ॥੧੩॥

'ਗੁਰਤਾ ਕੋ ਪੱਜਤਿ ਨਹਿਂ ਲੱਛਨ'। ਸਮਝਤਿ ਗੁਰ ਕੇ ਸਿੱਖ ਬਿਚੱਛਨ।
ਕਿਤਿਕ ਸਮੇਂ ਇਸ ਰੀਤਿ ਬਿਤਾਯੋ। ਜ੍ਵਾਨ ਸੁ ਮਾਨਨੀਯ ਗਰਬਾਯੋ॥ ੧੪॥

"ਗੁਰਤਾ ਵਾਲੇ ਉਸ ਵਿਚ ਲੱਛਣ ਦਿਖਾਈ ਨਹੀਂ ਦਿੰਦੇ ਹਨ", ਗੁਰੂ ਜੀ ਦੇ ਸਿਆਣੇ ਸਿੱਖ ਇਸ ਪ੍ਰਕਾਰ ਹੀ ਸਮਝਦੇ ਸਨ। ਕਾਫੀ ਸਮਾਂ ਇਸ ਰੀਤੀ ਨਾਲ ਬਤੀਤ ਕੀਤਾ। ਜਵਾਨ ਹੋ ਕੇ ਵੱਡਾ ਹੰਕਾਰੀ ਅਤੇ ਘੁਮੰਡੀ ਹੋ ਗਿਆ॥੧੪॥

ਕੁਛ ਮਾਤਾ ਕੋ ਕਹਯੋ ਨ ਮਾਨੈਂ। ਜਯੋਂ ਮਨ ਆਇ ਤਥਾ ਕ੍ਰਿਤ ਠਾਨੈ।
ਬਰਜਹਿ ਬਾਰਿ ਬਾਰਿ ਕ੍ਰਿਤ ਖੋਟੀ। ਚਲੈ ਕੁਮਗ ਗਰਬਤਿ ਮਤਿ ਮੋਟੀ॥ ੧੫॥

ਮਾਤਾ ਜੀ ਦਾ ਕਿਸੇ ਪ੍ਰਕਾਰ ਵੀ ਕਿਹਾ ਨਹੀਂ ਸੀ ਮੰਨਦਾ, ਜਿਵੇਂ ਵੀ ਮਨ ਵਿਚ ਆਉਂਦਾ ਸੀ, ਉਸ ਪ੍ਰਕਾਰ ਹੀ ਕਰਦਾ ਸੀ। ਮਾਤਾ ਜੀ ਉਸ ਨੂੰ ਖੋਟੀ ਕਾਰ ਤੋਂ ਬਾਰ-ਬਾਰ ਵਰਜਦੇ ਸਨ। ਪਰ ਮਾੜੀ ਮੱਤ ਵਾਲਾ ਹੰਕਾਰ ਦਾ ਮਾਰਿਆ ਪੁੱਠੇ ਰਾਹ ਹੀ ਚਲਦਾ ਸੀ॥੧੫॥

ਸਾਹਿਬ ਦੇਵੀ ਭੇਜੀ ਜਬੈ। ਖਸ਼ਟ ਸ਼ਸਤ੍ਰ ਸੌਂਪੇ ਗੁਰ ਤਬੈ।
ਤਿਨ ਕੀ ਪੂਜਾ ਮਾਤ ਕਰਾਵੈ। ਪਤਿ ਸਮ ਜਾਨੈ ਸੀਸ ਨਿਵਾਵੈ॥ ੧੬॥

ਜਦ ਸਤਿਗੁਰੂ ਜੀ ਨੇ ਨੰਦੇੜ ਤੋਂ ਸ੍ਰੀ ਸਾਹਿਬ ਦੇਵਾਂ ਜੀ ਨੂੰ ਛੇ ਸ਼ਸਤਰ ਸੌਂਪ ਕੇ ਭੇਜਿਆ ਸੀ ਤੇ ਮਾਤਾ ਜੀ ਉਨ੍ਹਾਂ ਸ਼ਸਤਰਾਂ ਦੀ ਪੂਜਾ ਕਰਦੀ ਸੀ। ਉਹ ਉਨ੍ਹਾਂ ਸ਼ਸਤਰਾਂ ਨੂੰ ਪਤੀ ਸਮਾਨ ਜਾਣ ਕੇ ਮੱਥਾ ਟੇਕਦੀ ਸੀ॥੧੬॥

ਜੁਗ ਤਰਵਾਰ ਜੁਗਮ ਹੀ ਜਮਧਰ। ਪੇਸ਼ ਕਬਜ਼ ਖਸ਼ਟਮ ਖਰ ਖੰਜਰ।
ਅਜਬ ਮੀਰ ਮਾਹੀ ਕੇ ਦਸਤੇ। ਸ਼ੁਭਤਿ ਮਜਾਨ ਸ਼ੁਭ ਲੋਹਾ ਲਸਤੇ॥ ੧੭॥

ਉਸ ਵਿਚ ਦੋ ਤਲਵਾਰਾਂ ਅਤੇ ਦੋ ਕਟਾਰਾਂ ਸਨ, ਪੰਜਵੀਂ ਪੇਸ਼ ਕਬਜ਼ ਅਤੇ ਛੇਵੀਂ ਤੇਜ਼ ਖੰਜਰ ਸੀ। ਉਸ ਨੂੰ ਵੱਡੀ ਮੱਛੀ ਦੀ ਹੱਡੀ ਦੇ ਦਸਤੇ ਪਾਏ ਸਨ। ਸੁੰਦਰ ਮਿਆਨ ਸੀ, ਜਿਸ ਦਾ ਸੁੰਦਰ ਲੋਹਾ ਬਹੁਤ ਚਮਕਦਾ ਸੀ॥੧੭॥

ਚੰਦਨ ਧੂਪ ਪੁਸ਼ਪ ਅਰਪੰਤੇ। ਸਾਦਰ ਛਾਦਿਤ ਬਸਨ ਰਖੰਤੇ।
ਤਿਨਹੁੰ ਅਜੀਤ ਸਿੰਘ ਜਬਿ ਹੇਰੇ। 'ਧਰੌਂ ਅੰਗ ਮਹਿਂ' ਚਹਤਿ ਘਨੇਰੇ॥੧੮॥

ਮਾਤਾ ਸਾਹਿਬ ਦੇਵਾਂ ਜੀ ਇਨ੍ਹਾਂ ਹਥਿਆਰਾਂ ਦੇ ਪਾਸ ਧੂਪ ਧੁਖਾ ਕੇ ਚੰਦਨ ਦਾ ਛਿੜਕਾ ਕਰਕੇ ਬੜੀ ਸੁਗੰਧੀ ਵਾਲੇ ਫੁੱਲ ਅਰਪਣ ਕਰਦੇ ਸਨ। ਉਨ੍ਹਾਂ ਹਥਿਆਰਾਂ ਨੂੰ ਜਦ ਅਜੀਤ ਸਿੰਘ ਨੇ ਵੇਖਿਆ ਤਾਂ ਉਸ ਸੋਚਿਆ 'ਮੈਂ ਇਨ੍ਹਾਂ ਨੂੰ ਆਪਣੇ ਸਰੀਰ ਤੇ ਧਾਰਨ ਕਰਾਂਗਾ' ॥੧੮॥

ਸ਼ੰਕਤਿ ਮਨ ਮਾਤਾ ਤੇ ਰਹੈ। ਤਊ ਲੇਨ ਹਿਤ ਹੀ ਨਿਤ ਚਹੈ।
ਇਕ ਦਿਨ ਕਹਜੋ 'ਅੰਗ ਮੈਂ ਧਾਰੋਂ। ਪੁਰਿ ਬਿਚਰਹੁਂ ਧਰਿ ਇਹਾਂ ਸੰਭਾਰੋਂ॥੧੯॥

ਮਾਤਾ ਸੁੰਦਰੀ ਜੀ ਪਾਸੋਂ ਕੁਝ ਡਰਦਾ ਸੀ, ਪਰ ਫਿਰ ਵੀ ਸਦਾ ਹਥਿਆਰ ਲੈਣੇ ਚਾਹੁੰਦਾ ਸੀ। ਇਕ ਦਿਨ ਕਹਿਣ ਲੱਗਾ, 'ਮੈਂ ਇਨ੍ਹਾਂ ਨੂੰ ਆਪਣੇ ਸਰੀਰ ਤੇ ਧਾਰਨ ਕਰਾਂਗਾ, ਨਗਰ ਵਿਚ ਵਿਚਰ ਕੇ ਫਿਰ ਏਥੇ ਹੀ ਸੰਭਾਲ ਕੇ ਧਰ ਦੇਵਾਂਗਾ' ॥੧੯॥

ਮਨਤਾ ਮੇਰੀ ਹੋਇ ਸਵਾਈ। ਮਾਨਹਿਂ ਸਿਖ ਸੰਗਤਿ ਸਮੁਦਾਈ।
ਗੁਰ ਕੇ ਸ਼ਸਤ੍ਰ ਧਰੇ ਤਨ ਹੇਰੇ। ਜਾਨਹਿਂ ਸਕਲ ਪ੍ਰਤਾਪ ਬਡੇਰੇ' ॥ ੨੦॥

ਫਿਰ ਮੇਰੀ ਮਨਤਾ ਅੱਗੇ ਨਾਲੋਂ ਵੱਧ ਜਾਵੇਗੀ, ਫਿਰ ਮੈਨੂੰ ਸਾਰੀ ਸਿੱਖ ਸੰਗਤ ਮੰਨਣ ਲੱਗ ਜਾਵੇਗੀ। ਜਦ ਗੁਰੂ ਜੀ ਦੇ ਸ਼ਸਤਰ ਸਰੀਰ ਵਿਚ ਧਾਰੇ ਵੇਖਣਗੇ ਤਾਂ ਮੇਰਾ ਵੱਡਾ ਪ੍ਰਤਾਪ ਜਾਣਨਗੇ' ॥ ੨੦॥

ਕ੍ਰੁੱਧਤਿ ਮਾਤ ਸੁੰਦਰੀ ਬਰਜਜੋ। ਬਾਰ ਬਾਰ ਝਿਰਕਜੋ ਅਰੁ ਤਰਜਜੋ।
'ਇਹੁ ਆਯੁਧ ਸਭਿ ਪੂਜਨ ਜੋਗ। ਗੁਰ ਕੇ ਸਮ ਜਾਨਹਿਂ ਸਿਖ ਲੋਗ॥੨੧॥

ਮਾਤਾ ਸੁੰਦਰੀ ਜੀ ਨੇ ਗੁੱਸੇ ਵਿਚ ਆ ਕੇ ਉਸ ਨੂੰ ਵਰਜਿਆ, ਵਾਰ-ਵਾਰ ਝਿੜਕਿਆ ਅਤੇ ਰੋਕਿਆ, "ਇਹ ਸਾਰੇ ਹਥਿਆਰ ਪੂਜਣਯੋਗ ਹਨ, ਸਿੱਖ ਲੋਕ ਇਨ੍ਹਾਂ ਨੂੰ ਗੁਰੂ ਜੀ ਦੇ ਬਰਾਬਰ ਸਮਝਦੇ ਹਨ॥ ੨੧॥

ਮਮ ਪਤਿ ਕੇ ਜੋ ਅਹੈਂ ਪਿਤਾਮਾ। ਜਿਨ ਕੋ ਸੁਜਸੁ ਜਗਤ ਅਭਿਰਾਮਾ।
ਤਿਨ ਕੇ ਅੰਕ ਸ਼ਸਤ੍ਰ ਇਹੁ ਲਾਗੇ। ਯਾਂਤੇ ਪੂਜਨੀਯ ਅਨੁਰਾਗੇ॥ ੨੨॥

ਮੇਰੇ ਪਤੀ ਜੀ ਦੇ ਜਿਹੜੇ ਪਿਤਾਮਾ ਹੋਏ ਹਨ, ਉਨ੍ਹਾਂ ਦਾ ਇਸ ਜਗਤ ਵਿਚ ਸ੍ਰੇਸ਼ਟ ਸੁੰਦਰ ਜੱਸ ਹੈ। ਉਨ੍ਹਾਂ ਦੇ ਅੰਗਾਂ ਨੂੰ ਇਹ ਸਸਤਰ ਲੱਗੇ ਹਨ, ਇਸ ਲਈ ਇਹ ਬੜੇ ਪ੍ਰੇਮ ਨਾਲ ਪੂਜਣਯੋਗ ਹਨ॥ ੨੨॥

ਜਿਨ ਕੋ ਪੂਜਤਿ ਸਤਿਗੁਰ ਰਹੇ। ਕਿਮ ਸੋ ਮਾਨਨੀਯ ਨਹਿਂ ਲਹੇ?।
ਤੂੰ ਮਤਿਮੰਦ ਸ਼ਕਤਿ ਅਸ ਕਹਾਂ। ਤਨ ਸਜਾਇਬੇ ਗਰਬਤਿ ਮਹਾਂ॥ ੨੩॥

ਜਿਨ੍ਹਾਂ ਸ਼ਸਤਰਾਂ ਦੀ ਸਤਿਗੁਰੂ ਜੀ ਆਪ ਪੂਜਾ ਕਰਦੇ ਰਹੇ ਹਨ, ਉਨ੍ਹਾਂ ਸ਼ਸਤਰਾਂ ਨੂੰ ਕਿਵੇਂ ਤੂੰ ਪੂਜਣਯੋਗ ਨਹੀਂ ਜਾਣਦਾ? ਤੇਰੇ ਮਾੜੀ ਮੱਤ ਵਾਲੇ ਵਿਚ ਐਸੀ ਸ਼ਕਤੀ ਕਿੱਥੇ ਹੈ, ਸਰੀਰ ਉੱਪਰ ਸਜਾਉਣ ਵਾਸਤੇ ਮਹਾਨ ਹੰਕਾਰ ਧਾਰਨ ਕੀਤਾ ਹੈ॥ ੨੩॥

ਅਬਿ ਜੋ ਨਾਮ ਲੀਨਿ ਸੋ ਲੀਨਿ। ਕਹੋ ਨ ਪੁਨ, ਪੈਹੈਂ ਦੁਖ ਪੀਨ।
ਅਪਨੋ ਆਪ ਜਾਨਿ ਕਰਿ ਮੰਦਾ। ਕਜੋਂ ਨ ਹਟਤਿ ਤੈਂ ਮੂੜ ਬਿਲੰਦਾ॥੨੪॥

ਹੁਣ ਜਿਹੜਾ ਤੂੰ ਨਾਮ ਲਿਆ ਹੈ, ਸੋ ਲਿਆ ਹੈ, ਇਸ ਤੋਂ ਬਾਅਦ ਫਿਰ ਨਾ ਕਹਿਣਾ, ਨਹੀਂ ਤਾਂ ਬਹੁਤ ਦੁਖ ਪਾਵੇਂਗਾ। ਆਪਣੇ ਆਪ ਨੂੰ ਮਾੜਾ ਜਾਣ ਕੇ, ਹੇ ਵੱਡੇ ਮੂਰਖ! ਤੂੰ ਹਟਦਾ ਕਿਉਂ ਨਹੀਂ ਹੈਂ' ॥ ੨੪॥

ਇੱਤਜਾਦਿਕ ਕਹਿਕੈ ਕਟੁ ਬੈਨ। ਪਤਿ ਕੋ ਸਿਮਰਿ ਭਰੇ ਜੁਗ ਨੈਨ।
ਸੁਨਿ ਅਜੀਤ ਸਿੰਘ ਗਰਬ ਧਰੰਤਾ। ਕਟੁ ਬਾਕਨਿ ਕੋ ਨਹੀਂ ਸਹੰਤਾ॥੨੫॥

ਇਸ ਪ੍ਰਕਾਰ ਦੇ ਕਠੋਰ ਬਚਨ ਬੋਲ ਕੇ ਆਪਣੇ ਪਤੀ ਦੇਵ ਨੂੰ ਯਾਦ ਕਰਕੇ ਮਾਤਾ ਜੀ ਨੇ ਆਪਣੇ ਨੈਣਾਂ ਵਿਚ ਹੰਝੂ ਭਰ ਲਏ। ਇਹ ਸੁਣ ਕੇ ਅਜੀਤ ਸਿੰਘ ਨੇ ਵੱਡਾ ਹੰਕਾਰ ਧਾਰਨ ਕੀਤਾ ਤੇ ਮਾਤਾ ਜੀ ਦੇ ਕਠੋਰ ਬਚਨਾਂ ਨੂੰ ਬਰਦਾਸ਼ਤ ਨਾ ਕੀਤਾ॥ ੨੫॥

ਜਮਧਰ ਹਾਥ ਗਹੇ ਢਿਗ ਹੋਇ। ਮਾਤਾ ਕੀ ਛਾਤੀ ਕੋ ਜੋਇ।
ਮਾਰਨ ਚਹਤਿ ਧਰਿ ਦੁਰਮਤੀ। ਲਖੈ ਨ ਪੂਰਬ ਕੀਨਿ ਜੁ ਗਤੀ॥ ੨੬॥

ਕਟਾਰ ਨੂੰ ਹੱਥ ਵਿਚ ਫੜ ਕੇ ਨੇੜੇ ਹੋਇਆ ਤੇ ਮਾਤਾ ਜੀ ਦੀ ਛਾਤੀ ਵੱਲ ਕਟਾਰ ਤਾਣੀ। ਭੈੜੀ ਮੱਤ ਧਾਰ ਕੇ ਮਾਤਾ ਜੀ ਨੂੰ ਮਾਰਨਾ ਚਾਹੁੰਦਾ ਸੀ, ਇਹ ਨਹੀਂ ਸੀ ਜਾਣਦਾ ਕਿ ਮਾਤਾ ਜੀ ਨੇ ਪਹਿਲਾਂ ਕਿਵੇਂ ਪਾਲਿਆ ਸੀ॥ ੨੬॥

ਹੁਤੇ ਅਲਪ ਸਮੀਪੀ ਲੋਗ। ਅਵਲੋਕਤਿ ਬਹੁ ਬਨਤਿ ਅਜੋਗ।
ਧਾਇ ਅਜੀਤ ਸਿੰਘ ਕੋ ਗਹਜੋ। 'ਇਹ ਕ੍ਰਿਤ ਤੁਵ ਬਨਿ ਆਇ ਨਾ' ਕਹਜੋ॥੨੭॥

ਕੁਝ ਥੋੜੇ ਲੋਕ ਉਸ ਸਮੇਂ ਪਾਸ ਸਨ, ਉਨ੍ਹਾਂ ਨੇ ਵੇਖਿਆ ਕਿ ਇਹ ਬੜੀ ਅਯੋਗ ਗੱਲ ਬਣਦੀ ਹੈ। ਉਨ੍ਹਾਂ ਭੱਜ ਕੇ ਅਜੀਤ ਸਿੰਘ ਨੂੰ ਫੜ ਲਿਆ ਤੇ ਉਨ੍ਹਾਂ ਕਿਹਾ, "ਇਹ ਕ੍ਰਿਤ ਤੈਨੂੰ ਕਰਨੀ ਬਣਦੀ ਨਹੀਂ ਹੈ"॥ ੨੭॥

'ਪ੍ਰਤਿਪਾਲਜੋ ਜਿਨ ਕੀਨਿ ਬਡੇਰਾ। ਤਿਹ ਮਾਰਜੋ ਚਹਿਂ ਪਾਪ ਘਨੇਰਾ।
ਪੁਨ ਸਤਿਗੁਰ ਘਰਨੀ, ਬ੍ਰਿਧ ਮਾਈ। ਬੰਦਨੀਯ ਜਗ ਕੀ ਸੁਖਦਾਈ॥ ੨੮॥

"ਜਿਸ ਨੇ ਤੇਰੀ ਪਾਲਣਾ ਕਰਕੇ ਤੈਨੂੰ ਵੱਡਾ ਕੀਤਾ ਹੈ, ਉਸ ਨੂੰ ਹੀ ਮਾਰਨਾ ਚਾਹੁੰਦਾ ਹੈਂ, ਇਹ ਵੱਡਾ ਪਾਪ ਹੈ। ਫਿਰ ਸਤਿਗੁਰੂ ਜੀ ਦੀ ਪਤਨੀ, ਬਜ਼ੁਰਗ ਮਾਤਾ ਜੀ ਹਨ, ਜਿਹੜੇ ਸਾਰੇ ਜਗਤ ਲਈ ਸੁਖਦਾਈ ਬੰਦਨਯੋਗ ਹਨ॥ ੨੮॥

ਲਖਹਿਂ ਕਿ ਨਹੀਂ ਤੁਰਕ ਕੋ ਰਾਜ। ਕਰਹਿਂ ਆਜ ਹੀ ਤੋਹਿ ਕੁਕਾਜ'।
ਕੁਪਜੋ ਅਜੀਤ ਸਿੰਘ ਤਬਿ ਕਹੈ। 'ਮੁਝ ਕੋ ਬਰਜਤਿ ਤਰਜਤਿ ਰਹੈ॥ ੨੯॥

ਤੂੰ ਏਥੇ ਤੁਰਕ ਦੇ ਰਾਜ ਨੂੰ ਵੇਖਦਾ ਹੈਂ ਕਿ ਨਹੀਂ ਉਹ ਅੱਜ ਹੀ ਤੈਨੂੰ ਇਸ ਭੈੜੇ ਕਾਰਜ ਕਰਕੇ ਮਾਰ ਦੇਣਗੇ।" ਫਿਰ ਅਜੀਤ ਸਿੰਘ ਬਹੁਤ ਗੁੱਸੇ ਵਿਚ ਭਰ ਕੇ ਕਹਿਣ ਲੱਗਾ, "ਮੈਨੂੰ ਵਰਜ ਕੇ ਡਾਂਟਦੇ ਰਹਿੰਦੇ ਹਨ॥ ੨੯॥

ਮੈਂ ਇਕ ਬਾਰ ਦੇਉਂ ਇਸ ਮਾਰੀ। ਪਲਟਾ ਦੇਉਂ ਦੇਤਿ ਬਹੁ ਗਾਰੀ।
ਪੁਰਿ ਮਹਿਂ ਰਹੌਂ ਕਿ ਜਾਉਂ ਪਲਾਇ। ਕੈ ਧਨ ਦੇਉਂ ਲੇਉਂ ਬਖਸ਼ਾਇ॥ ੩੦॥

ਮੈਂ ਇਕ ਵਾਰ ਇਨ੍ਹਾਂ ਨੂੰ ਮਾਰ ਦੇਵਾਂਗਾ ਤੇ ਇਨ੍ਹਾਂ ਜਿਹੜੀਆਂ ਮੈਨੂੰ ਗਾਲ੍ਹਾਂ ਕੱਢੀਆਂ ਹਨ, ਉਨ੍ਹਾਂ ਦਾ ਬਦਲਾ ਲਵਾਂਗਾ। ਇਸ ਨਗਰ ਵਿਚ ਰਹਾਂਗਾ ਜਾਂ ਭੱਜ ਕੇ ਕਿਤੇ ਹੋਰਥੇ ਚਲੇ ਜਾਵਾਂਗਾ, ਜਾਂ ਬਹੁਤ ਧਨ ਦੇ ਕੇ ਆਪਣੇ ਆਪ ਨੂੰ ਬਖਸ਼ਾ ਲਵਾਂਗਾ॥ ੩੦॥

ਸ਼ਸਤ੍ਰ ਧਾਰਨੇ ਤਨ ਮਹਿਂ ਚਾਹਾ। ਕਜੋਂ ਇਨ ਕ੍ਰੋਧ ਕੀਨਿ ਮਨ ਮਾਂਹਾ?।
ਮੁਝ ਕੋ ਦੇਖਿ ਸਕਹਿ ਨਹਿਂ ਕੈਸੇ। ਪ੍ਰਭੁਤਾ ਸਹਿ ਨ ਸਕਹਿ ਮਨ ਤੈਸੇ' ॥੩੧॥

ਮੈਂ ਆਪਣੇ ਸਰੀਰ ਉੱਪਰ ਸ਼ਸਤਰ ਧਾਰਨੇ ਚਾਹੇ ਹਨ, ਇਨ੍ਹਾਂ ਨੇ ਮਨ ਵਿਚ ਕਿਉਂ ਕ੍ਰੋਧ ਕੀਤਾ ਹੈ? ਮੈਨੂੰ ਕਿਸੇ ਤਰ੍ਹਾਂ ਵੀ ਵੇਖ ਨਹੀਂ ਸਕਦੇ ਹਨ, ਮਨ ਵਿਚ ਮੇਰੀ ਵਡਿਆਈ ਨੂੰ ਸਹਿ ਨਹੀਂ ਸਕਦੇ ਹਨ"॥ ੩੧॥

ਸੁਨਿ ਮਾਤਾ ਸੁੰਦਰੀ ਰਿਸ ਧਾਰੀ। ਘੋਰ ਸ੍ਰਾਪ ਜੁਤ ਗਿਰਾ ਉਚਾਰੀ।
'ਨਹਿਂ ਜ੍ਵਾਨੀ ਕੋ ਭੋਗਨ ਕਰੈਂ। ਦੁਖ ਤੇ ਧਰਮ ਹਾਰਿ ਕਰਿ ਮਰੈਂ॥ ੩੨॥

ਇਹ ਸੁਣ ਕੇ ਮਾਤਾ ਜੀ ਨੇ ਗੁੱਸਾ ਧਾਰਨ ਕੀਤਾ ਤੇ ਵੱਡੇ ਸ੍ਰਾਪ ਸਹਿਤ ਬਚਨ ਕੀਤਾ, "ਤੂੰ ਜਵਾਨੀ ਨਾ ਭੋਗੇਂ, ਦੁਖ ਨਾਲ ਧਰਮ ਹਾਰ ਕੇ ਮਰ ਜਾਵੇਂ॥ ੩੨॥

ਹੋਹਿ ਦੁਰਦਸ਼ਾ ਪੁਰਿ ਮਹਿਂ ਤੇਰੀ। ਮਰਹਿਂ ਕੁਮੌਤ, ਨਾਰਿ ਨਰ ਹੇਰੀ'।
ਇੱਤਜਾਦਿਕ ਕਹਿ ਮਾਤਾ ਰੋਈ। ਪਤਿ ਕੀ ਗਿਰਾ ਸਿਮਰਿ ਦੁਖ ਪੋਈ॥ ੩੩॥

ਨਗਰ ਵਿਚ ਤੇਰੀ ਵੱਡੀ ਦੁਰਦਸ਼ਾ ਹੋਵੇ, ਭੈੜੀ ਮੌਤੇ ਮਰੇਂ ਜਿਸ ਨੂੰ ਸਾਰੇ ਇਸਤਰੀ ਪੁਰਸ਼ ਵੇਖਣ।'' ਇਸ ਪ੍ਰਕਾਰ ਕਹਿ ਕੇ ਮਾਤਾ ਜੀ ਰੋਣ ਲੱਗ ਗਏ। ਆਪਣੇ ਪਤੀ ਜੀ ਦੇ ਕਹੇ ਬਚਨ ਯਾਦ ਕਰਕੇ ਬਹੁਤ ਦੁਖ ਪਾਇਆ॥ ੩੩॥

'ਇਸਹਿ ਨ ਪਾਲਹੁ ਸੰਕਟਿ ਦੈ ਹੈ'। ਮੈਂ ਨਹਿਂ ਮਾਨੀ, ਚਿਤ ਪਛੁਤੈ ਹੈ'।
ਅਪਨੇ ਭਾਗ ਖੋਟ ਬਡ ਜਾਨੇ। ਨੀਚ ਗ੍ਰੀਵ ਕਰਿ ਤੂਸ਼ਨਿ ਠਾਨੇ॥ ੩੪॥

ਸਤਿਗੁਰੂ ਜੀ ਨੇ ਕਿਹਾ ਸੀ, ''ਇਸ ਨੂੰ ਨਾ ਪਾਲੋ, ਬੜਾ ਦੁਖ ਦੇਵੇਗਾ'', ਪਰ ਮੈਂ ਨਹੀ ਮੰਨੀ ਸੀ, ਹੁਣ ਚਿੱਤ ਪਛਤਾਉਂਦਾ ਹੈ।'' ਅਜੀਤ ਸਿੰਘ ਨੇ ਆਪਣੇ ਭਾਗਾਂ ਵਿਚ ਵੱਡਾ ਖੋਟ ਜਾਣਿਆ ਤੇ ਨੀਵੀਂ ਧੌਣ ਕਰਕੇ ਚੁੱਪ ਬੈਠਾ ਰਿਹਾ॥ ੩੪॥

ਸ਼ਸਤ੍ਰ ਉਠਾਇ ਸੁ ਅੰਤਰ ਰਾਖੇ। ਨਹਿਂ ਦੀਏ ਪੂਜਨ ਅਭਿਲਾਖੇ।
ਨਹਿਂ ਅਜੀਤ ਸਿੰਘ ਬੋਲਨ ਕੀਨਿ। ਬੈਠਜੋ ਵਹਿਰ ਕ੍ਰੋਧ ਮਨ ਲੀਨ॥ ੩੫॥

ਸ਼ਸਤਰਾਂ ਨੂੰ ਚੁੱਕ ਕੇ ਫਿਰ ਅੰਦਰ ਰੱਖ ਲਿਆ, ਉਹ ਪਾਲਕ ਅਜੀਤ ਸਿੰਘ ਨੂੰ ਨਹੀਂ ਦਿੱਤੇ, ਉਨ੍ਹਾਂ ਸ਼ਸਤਰਾਂ ਦੀ ਪੂਜਾ ਕਰਨ ਦੀ ਅਭਿਲਾਸ਼ਾ ਸੀ। ਅਜੀਤ ਸਿੰਘ ਫਿਰ ਨਹੀਂ ਬੋਲਿਆ, ਮਨ ਵਿਚ ਕ੍ਰੋਧ ਧਾਰ ਕੇ ਬਾਹਰ ਬੈਠਾ ਰਿਹਾ॥ ੩੫॥

ਤਿਸ ਦਿਨ ਮਾਤ ਨ ਕਿਯਸ ਅਹਾਰਾ। ਪਤਿ ਬਚ ਸਿਮਰਿ ਸਿਮਰਿ ਦੁਖ ਭਾਰਾ।
ਸਿਖ ਸੰਗਤਿ ਮਹਿਂ ਸੁਨਜੋ ਬ੍ਰਿਤੰਤ। ਇਕਠੇ ਹੁਇ ਆਏ ਬੁਧਿਵੰਤ॥ ੩੬॥

ਉਸ ਦਿਨ ਮਾਤਾ ਜੀ ਨੇ ਭੋਜਨ ਨਾ ਛਕਿਆ, ਆਪਣੇ ਪਤੀ ਜੀ ਦੇ ਬਚਨਾਂ ਨੂੰ ਯਾਦ ਕਰ-ਕਰ ਭਾਰੀ ਦੁਖ ਪਾਇਆ। ਸਿੱਖ ਸੰਗਤ ਨੇ ਜਦ ਇਹ ਬ੍ਰਿਤਾਂਤ ਸੁਣਿਆ ਤਾਂ ਬੁਧੀਵਾਨ ਸੱਜਣ ਇਕੱਠੇ ਹੋ ਕੇ ਆਏ॥ ੩੬॥

ਬੰਦਨ ਕਰਿ ਕਰਿ ਢਿਗ ਹੁਇ ਥਿਰੇ। ਬਾਰੰਬਾਰ ਪ੍ਰਬੋਧਨ ਕਰੇ।
'ਸੁਨਿ ਮਾਤਾ ਜੀ! ਲੀਨੋ ਸ੍ਰਾਪ। ਲਹਜੋ ਅਜੀਤ ਸਿੰਘ ਦੁਖ ਆਪ॥ ੩੭॥

ਬੰਦਨਾ ਕਰ-ਕਰ ਉਹ ਪਾਸ ਆ ਕੇ ਬੈਠਦੇ ਰਹੇ ਤੇ ਬਾਰ-ਬਾਰ ਤਸੱਲੀ ਦਿੰਦੇ ਸਨ, ''ਹੇ ਮਾਤਾ ਜੀ! ਸੁਣੋ, ਸ੍ਰੀ ਅਜੀਤ ਸਿੰਘ ਨੇ ਸ੍ਰਾਪ ਲੈ ਕੇ ਆਪ ਦੁਖ ਸਹੇੜਿਆ ਹੈ॥ ੩੭॥

ਤੁਮ ਨੇ ਪਾਲਜੋ ਏਤਿਕ ਹੋਵਾ। ਗੁਰ ਕੇ ਸੁਤ ਸਮ ਸੰਗਤਿ ਜੋਵਾ।
ਮਾਨਨੀਯ ਸਭਿਹਿਨਿ ਮਹਿਂ ਭਯੋ। ਲਖਜੋ ਨ ਕਛੁ ਕ੍ਰਿਤਘਨੀ ਥਯੋ॥ ੩੮॥

ਤੁਹਾਡੇ ਪਾਲਣ ਕਰਕੇ ਹੀ ਏਡਾ ਵੱਡਾ ਹੋਇਆ, ਸਾਰੀ ਸੰਗਤ ਨੇ ਉਸ ਨੂੰ ਗੁਰੂ ਜੀ ਦੇ ਪੁੱਤ ਵਾਂਗ ਜਾਣਿਆ ਹੈ। ਸਾਰਿਆਂ ਵਿਚ ਪੂਜਣਯੋਗ ਹੋ ਗਿਆ ਸੀ। ਕੁਝ ਸਮਝਿਆ ਨਹੀਂ ਹੈ, ਬੜਾ ਮਾੜਾ ਕੰਮ ਕੀਤਾ ਹੈ॥ ੩੮॥

ਉਰ ਕੋ ਪ੍ਰੇਮ ਕਰੋ ਅਬਿ ਥੋਰਾ। ਬਿਨਸਹਿ ਪਰਜੋ ਜਥਾ ਛਿਤ ਓਰਾ।
ਅਵਿਲੋਕਹੁ ਹਮ ਜੋਰਤਿ ਹਾਥ। ਭੋਜਨ ਅਚਹੁ ਸ਼ਾਂਤਿ ਚਿਤ ਸਾਥ॥ ੩੯॥

ਹੁਣ ਦਿਲ ਦੇ ਪ੍ਰੇਮ ਨੂੰ ਥੋੜਾ ਕਰੋ, ਹੁਣ ਖਤਮ ਹੋ ਜਾਵੇਗਾ, ਜਿਵੇਂ ਧਰਤੀ ਤੇ ਆ ਕੇ ਗੜਾ ਡਿੱਗਦਾ ਹੈ। ਵੇਖੋ ਅਸੀਂ ਹੱਥ ਜੋੜਦੇ ਹਾਂ। ਬੜੇ ਸ਼ਾਂਤ ਚਿੱਤ ਹੋ ਕੇ ਹੁਣ ਭੋਜਨ ਛਕੋ''॥ ੩੯॥

ਇੱਤਜਾਦਿਕ ਕਹਿ ਬਹੁ ਸਿਖ ਸਾਰੇ। ਨੀਠ ਨੀਠ ਕਰਿ ਅਚਜੋ ਅਹਾਰੇ।
ਬਹੁ ਪਛੁਤਾਵਤਿ ਰਾਤਿ ਬਿਤਾਈ। ਪ੍ਰੀਤਿ ਪੁੱਤ੍ਰ ਸਮ ਕਰਤਿ ਘਟਾਈ॥ ੪੦॥

ਇਸ ਪ੍ਰਕਾਰ ਸਾਰੇ ਸਿੱਖਾਂ ਨੇ ਬਹੁਤ ਕਿਹਾ, ਫਿਰ ਮਸੀਂ-ਮਸੀਂ ਮਾਤਾ ਜੀ ਨੇ ਭੋਜਨ ਛਕਿਆ। ਫਿਰ ਬਹੁਤ ਪਛੁਤਾਅ

ਕੇ ਰਾਤ ਬਤੀਤ ਕੀਤੀ, ਜਿਹੜੀ ਪੁੱਤਰਾਂ ਵਾਂਗ ਪ੍ਰੀਤ ਕਰਦੀ ਸੀ, ਉਹ ਘਟਾ ਲਈ॥ ੪੦॥

ਇਮ ਹੀ ਕੇਤਿਕ ਦਿਵਸ ਬਿਤਾਏ। ਤਿਮ ਹੀ ਲੇਤਿ ਦੇਤਿ ਸੁਖ ਪਾਏ।
ਚਢਹਿ ਅਜੀਤ ਸਿੰਘ ਹਿਤ ਸੈਲ। ਬਿਚਰਤਿ ਹੇਰਤਿ ਇਤ ਉਤ ਗੈਲ॥੪੧॥

ਇਸ ਪ੍ਰਕਾਰ ਹੀ ਕਈ ਦਿਨ ਬਤੀਤ ਕੀਤੇ, ਪਹਿਲਾਂ ਵਾਂਗ ਹੀ ਲੈਂਦਿਆਂ ਦਿੰਦਿਆਂ ਸੁਖ ਪਾਇਆ। ਫਿਰ ਅਜੀਤ ਸਿੰਘ ਸੈਰ ਵਾਸਤੇ ਘੋੜੇ ਤੇ ਸਵਾਰ ਹੋ ਗਿਆ ਤੇ ਏਧਰ ਓਧਰ ਨਾਲ ਵਿਚਰਦਾ ਵੇਖ ਰਿਹਾ ਸੀ॥ ੪੧॥

ਰਿਸ ਮਾਤਾ ਕੀ ਲਖਿ ਸਭਿ ਕਹੈਂ। 'ਬੰਦਨ ਕਰਤਿ ਰਹਹੁ ਚਿਤ ਚਹੈਂ'।
ਇਮ ਲੋਕਨ ਕੇ ਕਹੇ ਕਹਾਏ। ਮਸਤਕ ਟੇਕਤਿ ਹੈ ਢਿਗ ਜਾਏ॥ ੪੨॥

ਮਾਤਾ ਜੀ ਦਾ ਗੁੱਸਾ ਵੇਖ ਕੇ ਸਾਰੇ ਕਹਿੰਦੇ ਸਨ, "ਹੇ ਅਜੀਤ ਸਿੰਘ! ਮਾਤਾ ਜੀ ਨੂੰ ਮੱਥਾ ਟੇਕਦੇ ਰਹੋ, ਭਲਾ ਜੇ ਉਹ ਕਦੀ ਤੁਹਾਨੂੰ ਚਿੱਤੋਂ ਚਾਹੁਣ ਲੱਗ ਪੈਣ।" ਇਸ ਪ੍ਰਕਾਰ ਲੋਕਾਂ ਦੇ ਕਹੇ ਕਹਾਏ ਤੇ, ਉਹ ਮਾਤਾ ਜੀ ਦੇ ਪਾਸ ਜਾ ਕੇ ਮੱਥਾ ਟੇਕਦਾ ਸੀ॥ ੪੨॥

*ਦੂਸਰੇ ਐਨ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

## *ਅਧਿਆਇ ਉਣੱਤੀਵਾਂ*

### *ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ*

ਦੋਹਰਾ- ਕੇਤਿਕ ਦਿਨ ਬੀਤੇ ਜਬਹਿ ਭਰਿ ਜੁਾਨੀ ਗਰਬਾਇ।
ਚਢਹਿ ਤੁਰੰਗਮ ਸੈਲ ਹਿਤ ਸ਼ਸਤ੍ਰ ਸੁ ਬਸਤ੍ਰ ਸਜਾਇ॥ ੧॥

ਜਦ ਕਈ ਦਿਨ ਹੋਰ ਬੀਤ ਗਏ ਤਾਂ ਅਜੀਤ ਸਿੰਘ ਨੂੰ ਆਪਣੀ ਜਵਾਨੀ ਦਾ ਬਹੁਤ ਹੰਕਾਰ ਹੋ ਗਿਆ। ਸੈਰ ਨੂੰ ਜਾਣ ਵਾਸਤੇ ਸ਼ਸਤਰ, ਵਸਤਰ ਸਜਾ ਕੇ ਘੋੜੇ 'ਤੇ ਚੜ੍ਹ ਜਾਂਦਾ ਸੀ॥੧॥

ਚੌਪਈ- ਚਤੁਰਘਟੀ ਦਿਨ ਰਹੈ ਸਿਧਾਵੈ। ਬੀਚ ਬਜ਼ਾਰਨ ਕੇ ਫਿਰਿ ਆਵੈ।
ਸਾਠ ਸਊਰਨ ਸੰਗ ਚਢਾਇ। ਊਚ ਨਕੀਬ ਬੋਲਤੇ ਜਾਇਂ॥ ੨॥

ਜਦ ਚਾਰ ਘੜੀਆਂ ਦਿਨ ਰਹਿੰਦਾ ਸੀ ਤਾਂ ਚਲੇ ਜਾਂਦਾ ਸੀ ਤੇ ਬਜ਼ਾਰਾਂ ਦੇ ਵਿਚ ਫਿਰ ਕੇ ਆਉਂਦਾ ਸੀ। ਸੱਠ ਸਵਾਰਾਂ ਨੂੰ ਆਪਣੇ ਨਾਲ ਚੜ੍ਹਾਉਂਦਾ ਸੀ ਤੇ ਅੱਗੇ-ਅੱਗੇ ਨਕੀਬ ਉੱਚੀ-ਉੱਚੀ ਬੋਲਦੇ ਜਾਂਦੇ ਸਨ॥ ੨॥

ਮਾਤ ਪ੍ਰਥਮ ਤਿਹ ਬਜਾਹ ਕਰਾਯੋ। ਹਠੀ ਸਿੰਘ ਤਿਹ ਸੁਤ ਉਪਜਾਯੋ।
ਸੰਗਤਿ ਆਵਹਿ ਜਾਹਿ ਘਨੇਰੀ। ਅਰਪਹਿ ਭਲੇ ਅਕੋਰ ਬਡੇਰੀ॥ ੩॥

ਮਾਤਾ ਜੀ ਨੇ ਪਹਿਲਾਂ ਹੀ ਅਜੀਤ ਸਿੰਘ ਦਾ ਵਿਆਹ ਕਰਵਾ ਦਿੱਤਾ ਹੋਇਆ ਸੀ। ਹਠੀ ਸਿੰਘ ਉਸ ਦੇ ਘਰ ਪੁੱਤਰ ਪੈਦਾ ਹੋਇਆ ਸੀ। ਬਹੁਤ ਸੰਗਤ ਆਉਂਦੀ ਜਾਂਦੀ ਸੀ ਤੇ ਬਹੁਤ ਉਪਹਾਰ ਅਰਪਣ ਕਰਦੀ ਸੀ॥ ੩॥

ਮਾਤ ਸੁੰਦਰੀ ਕੋ ਸੁਤ ਜਾਨੈਂ। ਬਿਦਤਜੋ ਦੇਸ਼ ਬਿਦੇਸ਼ ਮਹਾਨੈ।
ਇਕ ਦਿਨ ਆਯੁਧ ਬਸਨ ਸਜਾਇ। ਗਮਨਜੋਂ ਸੈਲ ਕਰਨਿ ਚਿਤ ਚਾਇ॥੪॥

ਉਹ ਮਾਤਾ ਸੁੰਦਰੀ ਜੀ ਦਾ ਹੀ ਪੁੱਤਰ ਜਾਣਦੇ ਸਨ, ਦੇਸ਼ ਵਿਦੇਸ਼ਾਂ ਵਿਚ ਉਹ ਬਹੁਤ ਪ੍ਰਸਿੱਧ ਹੋਇਆ ਸੀ। ਇਕ ਦਿਨ ਅਜੀਤ ਸਿੰਘ ਨੇ ਹਥਿਆਰ ਅਤੇ ਵਸਤਰ ਸਜਾਏ ਤੇ ਚਿੱਤ ਵਿਚ ਚਾਹਿਤ ਧਾਰ ਕੇ ਸੈਰ ਕਰਨ ਵਾਸਤੇ ਚਲਾ ਗਿਆ॥ ੪॥

ਸੂਰਜ ਮੁਖੀ ਸੁਹਾਇ ਬਿਸਾਲਾ। ਅੱਗ੍ਰ ਨਕੀਬ ਬੋਲਤੇ ਚਾਲਾ।
ਸਾਠ ਸਊਰਨ ਹਯ ਸ਼ਿੰਗਾਰੇ। ਸ਼ਸਤ੍ਰ ਬਸਤ੍ਰ ਸਜਿ ਸੰਗ ਸਿਧਾਰੇ॥ ੫॥

ਸਿਰ ਉੱਪਰ ਫਿਰਦਾ ਗੋਲ ਪੱਖਾ ਬੜਾ ਸ਼ੋਭ ਰਿਹਾ ਸੀ ਤੇ ਅੱਗੇ-ਅੱਗੇ ਨਕੀਬ ਬੋਲਦੇ ਜਾਂਦੇ ਸਨ। ਸੱਠਾਂ ਸਵਾਰਾਂ ਨੇ ਆਪਣੇ-ਆਪਣੇ ਘੋੜੇ ਸ਼ਿੰਗਾਰੇ ਹੋਏ ਸਨ, ਉਹ ਵਸਤਰਾਂ ਸ਼ਸਤਰਾਂ ਨਾਲ ਸੱਜ ਕੇ ਨਾਲ-ਨਾਲ ਜਾ ਰਹੇ ਸਨ॥ ੫॥

ਬਿਚਰਤਿ ਮੰਦ ਮੰਦ ਹਯ ਪ੍ਰੇਰਤਿ। ਪੁਰਿ ਕੀ ਪਰਿਪ ਬਜਾਰਨ ਹੇਰਤਿ।
ਗਰਬਤਿ ਅਧਿਕ ਹਰਖ ਧਰਿ ਚੀਤ। ਚਲਿ ਆਯੋ ਜਹਿਂ ਜੁਮਾ ਮਸੀਤ॥ ੬॥

ਹੋਲੀ-ਹੋਲੀ ਘੋੜਿਆਂ ਨੂੰ ਪ੍ਰੇਰ ਕੇ ਤੁਰੇ ਫਿਰਦੇ ਸਨ। ਨਗਰ ਦੀਆਂ ਗਲੀਆਂ ਅਤੇ ਬਜ਼ਾਰਾਂ ਨੂੰ ਵੇਖਦੇ ਸਨ। ਚਿੱਤ ਵਿਚ ਵੱਡੀ ਖ਼ੁਸ਼ੀ ਭਰ ਕੇ ਹੰਕਾਰੇ ਹੋਏ ਸਨ ਤੇ ਉਥੇ ਚਲ ਕੇ ਆ ਗਏ ਜਿੱਥੇ ਜਾਮਾ ਮਸਜਦ ਸੀ॥ ੬॥

ਇਕ ਦਿਸ਼ ਤੇ ਦੂਸਰ ਦਿਸ਼ਿ ਆਵਾ। ਊਚੇ ਬਾਕ ਨਕੀਬ ਅਲਾਵਾ।
'ਸ੍ਰੀ ਗੁਰੁ ਮਹਿਜਿਤ ਜੁਮਾ ਅਗਾਰੀ। ਕਰਤਿ ਬੰਦਨਾ ਲੇਹੁ ਨਿਹਾਰੀ' ॥ ੭॥

ਇਕ ਪਾਸੇ ਤੋਂ ਦੂਸਰੇ ਪਾਸੇ ਆ ਗਏ, ਫਿਰ ਨਕੀਬ ਨੇ ਬਹੁਤ ਉੱਚੀ ਆਵਾਜ਼ ਵਿਚ ਕਿਹਾ, "ਹੇ ਲੋਕੋ ਵੇਖ ਲਵੋ ਜਾਮਿਆ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ" ॥ ੭॥

ਇਮ ਬੋਲਤਿ ਕੋ ਸੁਨਤਿ ਮੁਲਾਨੇ। ਮਹਾਂ ਕ੍ਰੋਧ ਕੋ ਮਨ ਮਹਿਂ ਠਾਨੇ।
ਮਿਲਿ ਮਸਲਤ ਕਰਿ ਸੋ ਚਲਿ ਗਏ। ਦੁਰਗ ਮਝਾਰ ਪ੍ਰਵੇਸ਼ਤਿ ਭਏ॥ ੮॥

ਨਕੀਬ ਨੂੰ ਇਸ ਪ੍ਰਕਾਰ ਬੋਲਦੇ ਨੂੰ ਮੁਲਾਣੇ ਨੇ ਸੁਣ ਲਿਆ। ਉਸ ਨੇ ਆਪਣੇ ਮਨ ਵਿਚ ਵੱਡਾ ਕ੍ਰੋਧ ਧਾਰਨ ਕੀਤਾ। ਉਹ ਮਿਲ ਕੇ ਸਲਾਹ ਕਰਕੇ ਚਲ ਕੇ ਗਏ ਤੇ ਕਿਲ੍ਹੇ ਅੰਦਰ ਪ੍ਰਵੇਸ਼ ਕਰ ਗਏ॥ ੮॥

ਤੁਰਕ ਸਭਾ ਮਹਿਂ ਸ਼ਾਹੁ ਨਿਹਾਰੇ। ਤਰਕਤਿ ਸਭਿ ਪ੍ਰਤਿ ਏਕ ਉਚਾਰੇ।
'ਅਬਿ ਲੌ ਸਭਿ ਬਿਧਿ ਤੇਜ ਤੁਹਾਰਾ। ਰਖਨਾ ਪਰਜੇ ਸ਼ਰ੍ਹਾ ਮਹਿਂ ਭਾਰਾ॥ ੯॥

ਤੁਰਕ ਸਭਾ ਦੇ ਵਿਚ ਬਾਦਸ਼ਾਹ ਨੂੰ ਜਾ ਵੇਖਿਆ। ਫਿਰ ਤਰਕ ਕਰਕੇ ਸਾਰਿਆਂ ਵਿਚ ਇਸ ਪ੍ਰਕਾਰ ਉਚਾਰਨ ਕੀਤਾ, "ਹੁਣ ਤਕ ਸਭ ਵਿਧੀਆਂ ਨਾਲ ਤੁਹਾਡਾ ਤੇਜ ਰਿਹਾ ਹੈ। ਹੁਣ ਤੁਹਾਡੀ ਸ਼ਰ੍ਹਾ ਵਿਚ ਭਾਰੀ ਫਰਕ ਪੈ ਗਿਆ ਹੈ॥ ੯॥

ਹਿੰਦੁਨਿ ਕੋ ਗੁਰ ਮਹਿਜਤ ਆਵੈ। ਇਤ ਉਤ ਤੇ ਬਿਲੋਕ ਹਰਖਾਵੈ।
ਸੰਗੀ ਕਹੈਂ ਪੁਕਾਰ ਪੁਕਾਰੀ। 'ਬੰਦੇ ਮਹਿਜਤ, ਲੇਹੁ ਨਿਹਾਰੀ' ॥ ੧੦॥

ਹਿੰਦੂਆਂ ਦਾ ਗੁਰੂ ਜਦ ਜਾਮਾ ਮਸਜਦ ਵਲ ਆਉਂਦਾ ਹੈ ਤਾਂ ਏਧਰ ਓਧਰ ਵੇਖ ਕੇ ਖ਼ੁਸ਼ ਹੁੰਦਾ ਹੈ ਤੇ ਉਸਦੇ ਸਾਥੀ ਪੁਕਾਰ ਪੁਕਾਰ ਕੇ ਕਹਿੰਦੇ ਹਨ, "ਹੇ ਲੋਕੋ ਵੇਖ ਲਵੋ ਜਾਮਾ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ" ॥੧੦॥

ਹਮ ਤੇ ਕਜੋਂਹੂ ਸਹੀ ਨ ਜਾਇ। ਆਜ ਕਹੀ ਸੁਧਿ ਤੁਮ ਢਿਗ ਆਇ।
ਸਭਿ ਤੁਰਕਾਨ ਕੀ ਘਟ ਆਨ। ਜੇ ਨ ਤਿਦਾਰਕ ਦੇਹੁ ਮਹਾਨ' ॥ ੧੧॥

ਸਾਥੋਂ ਇਹ ਗੱਲ ਕਿਸੇ ਪ੍ਰਕਾਰ ਵੀ ਬਰਦਾਸ਼ਤ ਨਹੀਂ ਹੁੰਦੀ ਹੈ, ਅੱਜ ਤੁਹਾਡੇ ਪਾਸ ਆ ਕੇ ਖ਼ਬਰ ਦਿੱਤੀ। ਸਾਰੇ ਤੁਰਕਾਂ ਦੀ ਇੱਜ਼ਤ ਘਟ ਜਾਵੇਗੀ, ਜਦ ਤਕ ਉਸ ਨੂੰ ਮਹਾਨ ਸਜ਼ਾ ਨਹੀਂ ਦਿੰਦੇ ਹੋ" ॥੧੧॥

ਸੁਨਿਕੈ ਸਭਿਨਿ ਸ਼ਾਹੁ ਸੋਂ ਕਹਜੋ। 'ਅਬਿ ਚਹਿਯਤਿ ਹੈ ਤਿਸ ਕੋ ਗਹਜੋ।
ਕਾਰਾਗ੍ਰਿਹ ਮਹਿਂ ਦੀਜੈ ਗੇਰਿ। ਕੋਇ ਨ ਕਰੈ ਅਵੱਗਜਾ ਫੇਰ॥ ੧੨॥

ਇਹ ਸੁਣ ਕੇ ਸਾਰਿਆਂ ਨੇ ਬਾਦਸ਼ਾਹ ਨੂੰ ਕਿਹਾ, "ਹੁਣ ਉਸ ਨੂੰ ਫੜਨਾ ਚਾਹੀਦਾ ਹੈ ਤੇ ਉਸਨੂੰ ਜੇਲ੍ਹ ਵਿਚ ਸੁੱਟ ਦੇਵੋ ਤਾਂਕਿ ਫਿਰ ਕੋਈ ਵੀ ਅਵੱਗਿਆ ਨਾ ਕਰੇ॥੧੨॥

ਕਿਧੋਂ ਆਪਨੀ ਆਨ ਮਨਾਵੈ। ਬਿਰਦ ਸੀਸ ਪਰ ਤੇ ਉਤਰਾਵਹੁ।
ਇਨ ਦੋਇਨ ਮਹਿਂ ਇਕ ਜਬਿ ਹੋਇ। ਬਹੁਰ ਅਦਾਬ ਕਰਹਿ ਸਭਿ ਕੋਇ' ॥੧੩॥

ਜਾਂ ਆਪਣੀ ਦੀਨ ਮਨਾਵੇ, ਕੇਸ ਸਿਰ ਤੋਂ ਉਤਰਵਾ ਦੇਵੇ। ਇਨ੍ਹਾਂ ਦੋਵਾਂ ਵਿਚੋਂ ਜਦ ਇਕ ਹੋਵੇਗੀ, ਫਿਰ ਸਾਰੇ ਆਦਰ ਕਰਨ ਲੱਗ ਜਾਣਗੇ" ॥੧੩॥

ਸੁਨਤਿ ਸ਼ਾਹੁ ਨਰ ਤੁਰਤ ਪਠਾਯੋ। 'ਮਹਿਜਤ ਨਿਕਟ ਕੁਬਾਕ ਅਲਾਯੋ।
ਯਾਂਤੇ ਗਰੇ ਕੁਹਾਰੀ ਪਾਇ। ਹਾਥ ਬੰਦਿ ਕਰਿ ਮੁਝ ਢਿਗ ਆਇ॥ ੧੪॥

ਇਹ ਸੁਣ ਕੇ ਬਾਦਸ਼ਾਹ ਨੇ ਤੁਰਤ ਮਨੁੱਖਾਂ ਨੂੰ ਭੇਜਿਆ। "ਜਾਮਾ ਮਸਜਦ ਨੇੜੇ ਮਾੜੇ ਬਚਨ ਬੋਲੇ ਹਨ, ਇਸ ਕਰਕੇ ਉਸ ਆਪਣੇ ਗਲ ਵਿਚ ਕੁਹਾੜੀ ਪਾ ਕੇ, ਹੱਥ ਜੋੜ ਕੇ ਮੇਰੇ ਪਾਸ ਆਵੇ॥੧੪॥

ਉਚਿਤ ਸਜ਼ਾਇ ਤੋਹਿ ਕੋ ਦੈ ਕੈ। ਤਜੋਂ ਮੁਲਾਨੇ ਬੂਝਨ ਕੈ ਕੈ।
ਨਾਂਹਿ ਤ ਬਿਰਦ ਉਤਾਰਿ ਪਠਾਵਹੁ। ਨਹਿਂ ਆਗੇ ਕਬਿ ਏਵ ਅਲਾਵਹੁ' ॥੧੫॥

ਉਸ ਨੂੰ ਉਚਿਤ ਸਜ਼ਾ ਦੇ ਕੇ ਫਿਰ ਮੁਲਾਣਿਆਂ ਪਾਸੋਂ ਪੁੱਛ ਕੇ ਛੱਡਾਂਗਾ। ਨਹੀਂ ਤਾਂ ਕੇਸ ਉਤਾਰ ਕੇ ਭੇਜ ਦੇਵਾਂਗਾ, ਤਾਂਕਿ ਫਿਰ ਕਦੀ ਇਸ ਤਰ੍ਹਾਂ ਨਾ ਬੋਲੇ" ॥੧੫॥

ਜਹਾਂ ਅਜੀਤ ਸਿੰਘ ਥਿਰ ਥਯੋ। ਹੁਕਮ ਸ਼ਾਹੁ ਕੋ ਤਿਸ ਕਹਿ ਦਯੋ।
'ਨਹਿਂ ਮਾਨਹੁ ਸੈਨਾ ਗਨ ਆਵੈ। ਮਾਰਿ ਪਕਰਿ ਕਰਿ ਤਹਿਂ ਲੈ ਜਾਵੈ' ॥੧੬॥

ਜਿੱਥੇ ਅਜੀਤ ਸਿੰਘ ਪਾਲਕ ਪੁੱਤਰ ਬੈਠਾ ਸੀ, ਉੱਥੇ ਜਾ ਕੇ ਬਾਦਸ਼ਾਹ ਦਾ ਹੁਕਮ ਕਹਿ ਕੇ ਸੁਣਾਇਆ, "ਜੇ ਨਹੀਂ ਮੰਨੋਗੇ ਤਾਂ ਸੈਨਾ ਬਹੁਤ ਆਵੇਗੀ ਤੇ ਉਹ ਕੁੱਟ ਮਾਰ ਕੇ ਆਪਣੇ ਨਾਲ ਲੈ ਜਾਵੇਗੀ" ॥੧੬॥

ਸੁਨਤਿ ਅਜੀਤ ਸਿੰਘ ਭੈ ਮਾਨਾ। ਨਿਜ ਸੰਗਨਿ ਕੈ ਸੰਗ ਬਖਾਨਾ।
'ਕਜਾ ਕਰਤੱਬ ਮੋਹਿ ਬਨਿ ਆਵੈ। ਕੈਸੇ ਬਚੋਂ, ਉਪਾਇ ਨ ਆਵੈ' ॥ ੧੭॥

ਇਹ ਸੁਣ ਕੇ ਅਜੀਤ ਸਿੰਘ ਨੇ ਡਰ ਮੰਨਿਆ ਤੇ ਆਪਣੇ ਸਾਥੀਆਂ ਨੂੰ ਕਹਿਣ ਲੱਗਾ, "ਮੈਨੂੰ ਹੁਣ ਕੀ ਕਰਨਾ ਬਣਦਾ ਹੈ, ਹੁਣ ਕਿਵੇਂ ਬਚਾਂ, ਕੋਈ ਉਪਾਅ ਨਹੀਂ ਸੁਝਦਾ ਹੈ" ॥੧੭॥

'ਸੁਨਹੁ ਗੁਰੂ ਸੁਤ! ਹਮ ਕਜਾ ਕਹੈਂ। ਭਾਜਨ ਕੋ ਉਪਾਵ ਨਹਿਂ ਲਹੈਂ।
ਥਿਰੇ ਜਹਾਂ ਅਸ ਠੌਰ ਨ ਕੋਈ। ਲਰਿਬੇ ਕੀ ਸਮਰੱਥ ਨ ਹੋਈ॥ ੧੮॥

ਸਾਥੀ ਕਹਿਣ ਲੱਗੇ, "ਹੇ ਗੁਰੂ ਪੁੱਤਰ! ਸੁਣੋ, ਅਸੀਂ ਕੀ ਕਹਿ ਸਕਦੇ ਹਾਂ ਭੱਜਣ ਵਾਸਤੇ ਕੋਈ ਉਪਾਅ ਦਿਖਾਈ ਨਹੀਂ ਦਿੰਦਾ ਹੈ। ਕਿੱਥੇ ਠਹਿਰੀਏ, ਐਸਾ ਟਿਕਾਣਾ ਵੀ ਕੋਈ ਨਹੀਂ ਹੈ, ਲੜਨ ਦੇ ਅਸੀਂ ਸਮਰੱਥ ਨਹੀਂ ਹਾਂ॥੧੮॥

ਕੈ ਨਿਜ ਬਿਰਦ ਉਤਾਰਿ ਪਠਾਵਹੁ। ਕਿਧੋਂ ਸ਼ਾਹ ਕੇ ਨਿਕਟ ਸਿਧਾਵਹੁ।
ਪ੍ਰਾਨ ਰਖਹੁ ਤਉ ਧਰਮ ਨ ਰਹੇ। ਧਰਮ ਰਖੋ ਤਉ ਪ੍ਰਾਨ ਨ ਲਹੈਂ' ॥੧੯॥

ਜਾਂ ਆਪਣੇ ਕੇਸ ਉਤਾਰ ਕੇ ਭੇਜ ਦੇਵੇ, ਜਾਂ ਬਾਦਸ਼ਾਹ ਦੇ ਪਾਸ ਚਲੇ ਜਾਵੇ। ਪ੍ਰਾਣ ਰੱਖੋਗੇ ਤਾਂ ਧਰਮ ਨਹੀਂ ਰਹੇਗਾ, ਜੇ ਧਰਮ ਰੱਖੋਗੇ ਤਾਂ ਪ੍ਰਾਣ ਨਹੀਂ ਰਹਿਣਗੇ" ॥੧੯॥

ਸੁਨਿ ਅਜੀਤ ਸਿੰਘ ਡਰ ਕਰਿ ਡੋਲਾ। ਧੀਰਜ ਤੇ ਬਿਹੀਨ ਹੁਇ ਬੋਲਾ।
'ਸ਼ਾਹੁ ਸਮੀਪ ਜਾਉਂ ਨਹਿਂ ਕੈਸੇ। ਦੇਤਿ ਹੁਕਮ ਦੁਖ ਤੇ ਮ੍ਰਿਤੁ ਜੈਸੇ' ॥ ੨੦ ॥

ਇਹ ਸੁਣ ਕੇ ਅਜੀਤ ਸਿੰਘ ਡਰ ਕੇ ਡੋਲ ਗਿਆ ਤੇ ਧੀਰਜ ਰਹਿਤ ਹੋ ਕੇ ਬੋਲਿਆ, "ਬਾਦਸ਼ਾਹ ਦੇ ਪਾਸ ਕਿਸੇ ਤਰ੍ਹਾਂ ਵੀ ਨਹੀਂ ਜਾਵਾਂਗਾ। ਬਾਦਸ਼ਾਹ ਐਸਾ ਹੁਕਮ ਦੇਵੇਗਾ ਜਿਸ ਦੁਖ ਨਾਲ ਮੇਰੀ ਮੌਤ ਹੋ ਜਾਵੇਗੀ" ॥ ੨੦ ॥

ਇਮ ਕਹਿ ਘਰ ਕੇ ਅੰਤਰ ਬਰਜੋ। ਕੇਸ ਜੂੜ ਕਤਰਾਵਨਿ ਕਰਜੋ।
ਥਾਲ ਅਨਾਇ ਤਾਂਹਿ ਮੋ ਧਰੇ। ਸੇਤ ਬਸਤ੍ਰ ਤੇ ਛਾਦਨ ਕਰੇ ॥ ੨੧ ॥

ਇਸ ਪ੍ਰਕਾਰ ਕਹਿ ਕੇ ਘਰ ਦੇ ਅੰਦਰ ਵੜ ਗਿਆ ਤੇ ਕੇਸਾਂ ਦਾ ਜੂੜਾ ਕਤਰਵਾ ਲਿਆ। ਥਾਲ ਮੰਗਵਾ ਕੇ ਉਸ ਵਿਚ ਵਾਲ਼ ਧਰ ਦਿੱਤੇ ਤੇ ਸਫੇਦ ਕੱਪੜੇ ਨਾਲ ਥਾਲ ਨੂੰ ਢੱਕ ਦਿੱਤਾ ॥ ੨੧ ॥

ਤੁਰਕੇਸ਼ੁਰ ਕੇ ਮਨੁਜ ਅਗਾਰੀ। ਬਹੁ ਬਿਨਤੀ ਕਰ ਜੋਰਿ ਉਚਾਰੀ।
'ਹੁਕਮ ਸ਼ਾਹੁ ਕੋ ਮੈਂ ਮਨ ਮਾਨਾ। ਅਪਨੋ ਕੁਛ ਅਪਰਾਧ ਨ ਜਾਨਾ ॥ ੨੨ ॥

ਤੁਰਕ ਬਾਦਸ਼ਾਹ ਦੇ ਮਨੁੱਖ ਅੱਗੇ, ਹੱਥ ਜੋੜ ਕੇ ਬਹੁਤ ਬੇਨਤੀਆਂ ਉਚਾਰਨ ਕੀਤੀਆਂ। ਬਾਦਸ਼ਾਹ ਦਾ ਹੁਕਮ ਮੈਂ ਮਨ ਵਿਚ ਮੰਨ ਲਿਆ ਹੈ। ਆਪਣਾ ਕੋਈ ਅਪਰਾਧ ਨਹੀਂ ਜਾਣਿਆ ਹੈ ॥ ੨੨ ॥

ਕਹਜੋ ਨਕੀਬ ਅਚਾਨਕ ਮੰਦ। ਅਬਿ ਮੈਂ ਰਹਜੋ ਜੋਰਿ ਕਰ ਬੰਦਿ।
ਹੁਕਮ ਅਦੂਲ ਨਹੀਂ ਮੈਂ ਕੀਨ। ਹਜ਼ਰਤਿ ਕਹੀ ਸੀਸ ਧਰਿ ਲੀਨ' ॥ ੨੩ ॥

ਨਕੀਬ ਨੇ ਅਚਾਨਕ ਮਾੜਾ ਕਿਹਾ ਹੈ, ਹੁਣ ਮੈਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ। ਮੈਂ ਕਿਸੇ ਪ੍ਰਕਾਰ ਦੀ ਹੁਕਮ-ਅਦੂਲੀ ਨਹੀਂ ਕੀਤੀ ਹੈ, ਬਾਦਸ਼ਾਹ ਦੀ ਕਹੀ ਹੋਈ ਗੱਲ, ਸਿਰ ਉੱਪਰ ਧਰ ਲਈ ਹੈ" ॥ ੨੩ ॥

ਇੱਤਜਾਦਿਕ ਕਹਿ ਧਨ ਕੁਛ ਦਯੋ। ਸ਼ਾਹੁ ਸਮੀਪ ਪਠਾਵਨ ਕਯੋ।
ਲੇ ਕਰਿ ਗਯੋ ਬਖਾਨਿ ਸੁਨਾਯੋ। ਹਜ਼ਰਤ ਕੋ ਰਿਸ ਤੇ ਬਿਸਰਾਯੋ ॥ ੨੪ ॥

ਇਸ ਪ੍ਰਕਾਰ ਕਹਿ ਕੇ ਕੁਝ ਧਨ ਦਿੱਤਾ ਤੇ ਬਾਦਸ਼ਾਹ ਦੇ ਪਾਸ ਭੇਜ ਦਿੱਤਾ। ਦੂਤ ਲੈ ਕੇ ਗਿਆ ਤੇ ਕਹਿ ਕੇ ਸੁਣਾਇਆ ਤੇ ਬਾਦਸ਼ਾਹ ਦੇ ਗੁੱਸੇ ਨੂੰ ਦੂਰ ਕੀਤਾ ॥ ੨੪ ॥

ਮਾਤ ਸੁੰਦਰੀ ਸੁਨਿ ਕਰਤੂਤ। ਧਰਮ ਬਿਨਾਸ਼ਜੋ ਭਯੋ ਕਪੂਤ।
ਮਹਾਂ ਕ੍ਰੋਧ ਜਾਗਜੋ ਜਿਸ ਰਿਦੇ। ਗਾਰੀ ਦੇਨਿ ਲਗੀ ਬਹੁ ਤਦੇ ॥ ੨੫ ॥

ਮਾਤਾ ਸੁੰਦਰੀ ਜੀ ਨੇ ਜਦ ਆਪਣੇ ਪਾਲਕ ਪੁੱਤਰ ਦੀ ਕਰਤੂਤ ਸੁਣੀ ਕਿ ਉਹ ਧਰਮ ਦਾ ਨਾਸ਼ ਕਰਕੇ ਕਪੁੱਤਰ ਹੋ ਗਿਆ ਹੈ ਤਾਂ ਉਸ ਦੇ ਹਿਰਦੇ ਵਿਚ ਬਹੁਤ ਕ੍ਰੋਧ ਜਾਗਿਆ। ਉਹ ਉਸੇ ਵੇਲੇ ਬਹੁਤ ਗਾਲ੍ਹਾਂ ਦੇਣ ਲੱਗੀ ॥ ੨੫ ॥

'ਕੀਨ ਤਹਾਂ ਤੈਂ ਖੋਟੋ ਕਰਮ। ਦਏ ਬਿਗਾਰ ਦੁਲੋਕ ਬਿਸ਼ਰਮ!।
ਮਹਾਂ ਮੂਢ ਤੈਂ ਕਛੂ ਨ ਜਾਨੀ। ਕੇਸਨ ਮਹਿਮਾ ਮਹਿਦ ਮਹਾਨੀ ॥ ੨੬ ॥

ਤੂੰ ਬਹੁਤ ਖੋਟਾ ਕਰਮ ਕੀਤਾ ਹੈ, ਹੇ ਬੇਸ਼ਰਮ! ਤੂੰ ਆਪਣੇ ਦੋਵੇਂ ਲੋਕ ਵਿਗਾੜ ਲਏ ਹਨ। ਮਹਾਂ ਮੂਰਖ ਤੂੰ ਕੁਝ ਨਹੀਂ ਜਾਣਿਆ ਹੈ, ਕੇਸਾਂ ਦੀ ਵੱਡੀ ਮਹਿਮਾ ਹੈ ॥ ੨੬ ॥

ਸਤਿਗੁਰ ਮੋਰ ਸਸੁਰ ਸਿਰ ਦੀਨ। ਧਰਮ ਨਹੀਂ ਕਿਮ ਖੋਵਨ ਕੀਨ।
ਪੁਨ ਦੀਰਘ ਸੰਗ੍ਰਾਮ ਅਖਾਰੇ। ਦਸਮ ਗੁਰੂ ਕੇ ਬਿਦਤ ਪਵਾਰੇ॥ ੨੭॥

ਸਤਿਗੁਰੂ ਮੇਰੇ ਸਹੁਰਾ ਜੀ ਨੇ ਸਿਰ ਦੇ ਦਿੱਤਾ ਸੀ, ਪਰ ਆਪਣਾ ਧਰਮ ਨਹੀਂ ਸੀ ਗਵਾਇਆ, ਫਿਰ ਬਹੁਤ ਵੱਡੇ-ਵੱਡੇ ਸੰਗ੍ਰਾਮ ਹੋਏ ਹਨ। ਦਸਮ ਗੁਰੂ ਜੀ ਦੇ ਵੱਡੇ-ਵੱਡੇ ਯੁੱਧ ਸਾਰੇ ਪ੍ਰਗਟ ਹਨ॥ ੨੭॥

ਚਾਰਹੁੰ ਸਾਹਿਬਜ਼ਾਦੇ ਮਰੇ। ਧਰਮ ਰਾਖਿਬੋ ਅਪਨੋ ਕਰੇ।
ਸੰਕਟ ਅਨਿਕ ਪ੍ਰਕਾਰ ਸਹਾਰੇ। ਲਾਖਹੁੰ ਸੰਗ ਜੰਗ ਕਰਿ ਮਾਰੇ॥ ੨੮॥

ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ ਹਨ, ਉਨ੍ਹਾਂ ਸਾਰਿਆਂ ਨੇ ਆਪਣਾ ਧਰਮ ਰੱਖਿਆ ਹੈ। ਅਨੇਕਾਂ ਪ੍ਰਕਾਰ ਦੇ ਦੁਖ ਸਹਾਰੇ ਹਨ ਤੇ ਲੱਖਾਂ ਹੀ ਵੈਰੀ ਜੰਗ ਕਰਕੇ ਮਾਰੇ ਹਨ॥ ੨੮॥

ਕਹਾਂ ਫਤੇ ਸਿੰਘ ਸਾਹਿਬਜ਼ਾਦਾ। ਅਲਪ ਬੈਸ ਕਜਾ ਲਖਹਿ ਮ੍ਰਿਜਾਦਾ।
ਦੁਸ਼ਟ ਸਭਾ ਮਹਿਂ ਦ੍ਰਿਢ ਹੁਇ ਬੋਲਾ। ਤ੍ਰਾਸ ਦਿਖਾਵਨ ਤੇ ਨਹਿਂ ਡੋਲਾ॥੨੯॥

ਸਾਹਿਬਜ਼ਾਦਾ ਫ਼ਤਹਿ ਸਿੰਘ ਕੀ ਸੀ, ਛੋਟੀ ਉਮਰ ਵਿਚ ਉਹ ਮਰਯਾਦਾ ਕੀ ਸਮਝਦਾ ਸੀ। ਪਰ ਦੁਸ਼ਟਾਂ ਦੀ ਸਭਾ ਵਿਚ ਉਹ ਬੜੀ ਦ੍ਰਿੜ੍ਹਤਾ ਨਾਲ ਬੋਲਿਆ, ਵੱਡਾ ਡਰ ਵਿਖਾਉਣ ਨਾਲ ਵੀ ਡੋਲਿਆ ਨਹੀਂ ਹੈ॥ ੨੯॥

ਧਰਮ ਨ ਅਪਨੋ ਤਜਾਗਨ ਕੀਨਿ। ਤ੍ਰਿਣ ਸਮ ਜਾਨਿ ਸੀਸ ਕੋ ਦੀਨ।
ਤੈਂ ਮਤਿਮੰਦ ! ਕਹਾਂ ਇਹ ਕਰਜੋ। ਤੁਰਤ ਧਰਮ ਤ੍ਰਾਸਤਿ ਪਰਿਹਰਜੋ॥ ੩੦॥

ਆਪਣਾ ਧਰਮ ਨਹੀਂ ਛੱਡਿਆ ਹੈ, ਇਹ ਤੀਲੇ ਵਾਂਗ ਸਿਰ ਜਾਣ ਕੇ ਦੇ ਦਿੱਤਾ ਹੈ। ਤੂੰ ਮਾੜੀ ਮੱਤ ਵਾਲੇ ! ਇਹ ਕੀ ਕੀਤਾ ਹੈ। ਤੁਰਤ ਡਰ ਕੇ ਆਪਣਾ ਧਰਮ ਛੱਡ ਦਿੱਤਾ ਹੈ॥ ੩੦॥

ਕਜੋਂ ਨਹਿਂ ਮਰਜੋ ਜਾਇ ਕਰਿ ਮੂੜ੍ਹੇ। ਇਹ ਕੁਕਰਮ ਕਜਾ ਕੀਨਸਿ ਕੂੜੇ ?'।
ਇੱਤਜਾਦਿਕ ਦੁਰਬਾਕ ਬਿਸਾਲੇ। ਕਹੇ ਮਾਤ ਬਹੁ ਧਿਕ ਧਿਕ ਨਾਲੇ॥ ੩੧॥

ਮੂਰਖਾ ! ਉਥੇ ਜਾ ਕੇ ਮਰਿਆ ਕਿਉਂ ਨਹੀਂ ਹੈਂ, ਝੂਠਿਆ ਇਹ ਕੈਸਾ ਕੁਕਰਮ ਕੀਤਾ ਹੈ ?'' ਇਸ ਪ੍ਰਕਾਰ ਬਹੁਤ ਫਿਟਕਾਰਾਂ ਪਾਈਆਂ, ਮਾਤਾ ਜੀ ਬਹੁਤ ਧਿਰਕਾਰਾਂ ਪਾ ਪਾ ਕਹਿੰਦੇ ਸਨ॥ ੩੧॥

ਅਧਿਕ ਕ੍ਰੋਧ ਜਾਗਜੋ ਦੁੱਖਜਾਰੀ। ਕੁਛ ਨ ਸਕੈ ਕਰਿ, ਭਈ ਲਚਾਰੀ।
ਨਹਿਂ ਕੁਕਰਮ ਕੋ ਸਕਹਿ ਸਹਾਰੇ। ਬਾਰਿ ਬਾਰਿ ਬਹੁ ਗਾਰਿ ਨਿਕਾਰੇ॥ ੩੨॥

ਬਹੁਤ ਕ੍ਰੋਧ ਜਾਗਣ ਕਰਕੇ ਬਹੁਤ ਦੁਖੀ ਹੋਈ, ਹੁਣ ਕੁਝ ਵੀ ਨਹੀਂ ਕਰ ਸਕਦੀ ਸੀ, ਅਖੀਰ ਲਾਚਾਰ ਹੋ ਗਈ। ਇਸ ਕੁਕਰਮ ਨੂੰ ਸਹਾਰ ਨਹੀਂ ਸੀ ਸਕਦੀ, ਇਸ ਕਰਕੇ ਬਾਰ-ਬਾਰ ਗਾਲ੍ਹਾਂ ਕੱਢਦੀ ਸੀ॥ ੩੨॥

ਸੁਨਤਿ ਸਭਿਨਿ ਕੇ ਪ੍ਰਨ ਕੋ ਠਾਨਾ। 'ਸੁਨਿ ਮੂਰਖ ਤੂੰ ਮੰਦ ਅਜਾਨਾ।
ਬਦਨ ਆਪਨੋ ਮੁਹਿ ਨ ਦਿਖਾਵਹੁ। ਰਹਹੁ ਦੂਰ ਕਬਿ ਨਿਕਟ ਨ ਆਵਹੁ॥੩੩॥

ਮਾਤਾ ਜੀ ਨੇ ਸਾਰਿਆਂ ਨੂੰ ਸੁਣਾ ਕੇ ਇਹ ਪ੍ਰਣ ਧਾਰਨ ਕੀਤਾ, ''ਹੇ ਮੂਰਖ ! ਸੁਣ ਤੂੰ ਵੱਡੀ ਮੂਰਖ ਬੁੱਧੀ ਵਾਲਾ ਹੈਂ, ਹੁਣ ਮੈਨੂੰ ਆਪਣਾ ਮੂੰਹ ਨਾ ਵਿਖਾਵੀਂ, ਮੈਥੋਂ ਦੂਰ ਹੀ ਰਹੇ, ਕਦੀ ਵੀ ਮੇਰੇ ਪਾਸ ਨਾ ਆਵੀਂ॥ ੩੩॥

ਨਹੀਂ ਆਜ ਤੇ ਤੋਹਿ ਨਿਹਾਰੋਂ। ਧਾਰਨ ਕਰਜੋ ਤ ਕਸ਼ਟ ਸਹਾਰੋਂ।
ਬਰਜਿ ਰਹੇ ਪ੍ਰਭੁ, ਮੈਂ ਨਹਿਂ ਮਾਨਾ। ਤੁਝ ਧਾਰਨ ਤੇ ਭੇ ਦੁਖ ਨਾਨਾ॥ ੩੪॥

ਮੈਂ ਅੱਜ ਤੋਂ ਬਾਅਦ ਤੈਨੂੰ ਨਹੀਂ ਵੇਖਾਂਗੀ, ਮੈਂ ਵੱਡੇ ਦੁਖ ਸਹਾਰ ਕੇ ਤੇਰੀ ਪਾਲਣਾ ਕੀਤੀ ਹੈ। ਮੈਨੂੰ ਸਤਿਗੁਰੂ ਵਰਜਦੇ ਰਹੇ, ਪਰ ਮੈਂ ਨਾ ਮੰਨੀ, ਤੈਨੂੰ ਪਾਲਣ ਉੱਪਰ ਕਈ ਦੁਖ ਸਹਾਰੇ ਹਨ॥ ੩੪॥

ਲੱਜਿਤ ਹੋਇ ਨੀਚ ਕਰਿ ਗ੍ਰੀਵਾ। ਨਹਿਂ ਅਜੀਤ ਸਿੰਘ ਸਨਮੁਖ ਥੀਵਾ।
ਮਹਾਂ ਕੁਕਰਮ ਕਰਜੋ ਪਛੁਤਾਵੈ। ਭਯੋ ਕਲੇਸ਼ ਅਧਿਕ ਅਧਿਕਾਵੈ॥ ੩੫॥

ਸ਼ਰਮਿੰਦਾ ਹੋ ਕੇ ਤੇ ਨੀਵੀਂ ਪੌਣ ਕਰਕੇ, ਫਿਰ ਅਜੀਤ ਸਿੰਘ ਮਾਤਾ ਜੀ ਦੇ ਸਾਹਮਣੇ ਨਾ ਹੋਇਆ। ਮਹਾਂ ਕੁਕਰਮ ਕਰਕੇ ਫਿਰ ਪਛਤਾਉਂਦਾ ਸੀ, ਵੱਡੇ ਤੋਂ ਵੱਡਾ ਕਲੇਸ਼ ਖੜਾ ਹੋ ਗਿਆ ਸੀ॥ ੩੫॥

ਲਿਖਤ ਬਿਦਾਵੇ ਕੀ ਕਰਿ ਦੀਨ। 'ਪਾਰਕ ਹੁਤੋ, ਤਜਾਗ ਮੈਂ ਕੀਨਿ।
ਨਹੀਂ ਪੁੱਤ੍ਰ ਇਹ, ਮੈਂ ਨਹਿਂ ਮਾਈ'। ਇਮ ਕਹਿ ਸਗਰੇ ਪੁਰਿ ਬਿਦਤਾਈ॥ ੩੬॥

ਮਾਤਾ ਜੀ ਨੇ ਬਿਦਾਵੇ ਦੀ ਲਿਖਤ ਕਰ ਦਿੱਤੀ, ''ਮੇਰਾ ਇਹ ਪਾਲਕ ਪੁੱਤਰ ਸੀ, ਮੈਂ ਇਸ ਨੂੰ ਤਿਆਗ ਦਿੱਤਾ ਹੈ, ਨਾ ਇਹ ਮੇਰਾ ਪੁੱਤਰ ਹੈ ਤੇ ਨਾ ਮੈਂ ਇਸ ਦੀ ਮਾਤਾ ਹਾਂ।'' ਇਸ ਪ੍ਰਕਾਰ ਕਹਿ ਕੇ ਸਾਰੇ ਨਗਰ ਵਿਚ ਪ੍ਰਗਟ ਕਰ ਦਿੱਤਾ॥ ੩੬॥

*ਦੂਸਰੇ ਐਨ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

## *ਅਧਿਆਇ ਤੀਹਵਾਂ*

### *ਅਜੀਤ ਸਿੰਘ ਨੇ ਇਕ ਬੇਨਵਾ ਫਕੀਰ ਮਾਰਨਾ*

ਦੋਹਰਾ- ਮਾਤ ਸੁੰਦਰੀ ਬਹੁ ਦੁਖੀ ਥਿਰੇ ਨ ਸਦਨ ਮਝਾਰ।
ਬਸੌਂ ਨ ਦਿੱਲੀ ਪੁਰਿ ਬਿਖੈ ਨਿਸ਼ਚੇ ਕਰਜੋ ਬਿਚਾਰ॥ ੧॥

ਮਾਤਾ ਜੀ ਆਪਣੇ ਘਰ ਵਿਚ ਬਹੁਤ ਦੁਖੀ ਰਹਿਣ ਲੱਗੇ। ਫਿਰ ਉਨ੍ਹਾਂ ਨੇ ਨਿਸ਼ਚਾ ਕਰਕੇ ਵਿਚਾਰ ਕੀਤੀ ਮੈਂ ਦਿੱਲੀ ਸ਼ਹਿਰ ਵਿਚ ਨਹੀਂ ਰਹਾਂਗੀ॥੧॥

ਚੌਪਈ- ਲੇ ਕਰਿ ਸੰਗ ਸਕਲ ਦਾਸੀਨ। ਕੇਤਿਕ ਸੇਵਕ ਕੋ ਸੰਗ ਲੀਨ।
ਛੋਰਿ ਸਦਨ ਅਪਨੋ ਚਲਿ ਆਈ। ਜਹਾਂ ਬਸੈ ਸੰਗਤਿ ਸਮੁਦਾਈ॥ ੨॥

ਆਪਣੀਆਂ ਸਾਰੀਆਂ ਦਾਸੀਆਂ ਨੂੰ ਨਾਲ ਲੈ ਕੇ ਤੇ ਕਈ ਸੇਵਕਾਂ ਨੂੰ ਵੀ ਆਪਣੇ ਨਾਲ ਲਿਆ, ਆਪਣਾ ਘਰ ਛੱਡ ਕੇ ਚਲ ਕੇ ਉਥੇ ਆ ਗਈ ਜਿੱਥੇ ਸਮੂਹ ਸੰਗਤ ਰਹਿੰਦੀ ਸੀ॥ ੨॥

ਬਹੈ ਬਿਲੋਚਨ ਤੇ ਬਹੁ ਨੀਰ। ਪਤਿ ਕੋ ਸਿਮਰਤਿ ਭਈ ਅਧੀਰ।
ਸਿੱਖਨ ਕੋ ਇਕਠੇ ਕਰਿਵਾਯੋ। ਅਪਨ ਮਨੋਰਥ ਸਭਿਨਿ ਬਤਾਯੋ॥ ੩॥

ਨੈਣਾਂ ਵਿਚੋਂ ਬਹੁਤ ਜਲ ਵਗਦਾ ਸੀ, ਪਤੀ ਜੀ ਦੀ ਗੱਲ ਨੂੰ ਯਾਦ ਕਰਕੇ ਧੀਰਜ ਰਹਿਤ ਹੋ ਰਹੀ ਸੀ। ਫਿਰ ਸਾਰੇ ਸਿੱਖਾਂ ਨੂੰ ਇਕੱਠੇ ਕਰਵਾਇਆ ਤੇ ਆਪਣਾ ਮਨੋਰਥ ਸਾਰਿਆਂ ਨੂੰ ਦੱਸਿਆ॥ ੩॥

'ਇਕ ਸਜੰਦਨ ਕਰਿ ਦਿਹੁ ਮੁਝ ਭਾਰੇ। ਅਬਿ ਨ ਬਸੋਂ ਮੈਂ ਪੁਰੀ ਮਝਾਰੇ।
ਮਰੈ ਕੁਮੌਤ ਤਰੁਨ ਹੀ ਮੂੜ੍ਹ। ਦੀਨੇ ਸੰਕਟ ਮੋਕਹੁ ਗੂੜ੍ਹ॥ ੪॥

ਮੈਨੂੰ ਇਕ ਭਾਰਾ ਰੱਥ ਕਰ ਦੇਵੋ, ਮੈਂ ਹੁਣ ਇਸ ਸ਼ਹਿਰ ਵਿਚ ਨਹੀਂ ਰਹਾਂਗੀ। ਪਾਲਕ ਪੁੱਤਰ ਤਾਂ ਮੂਰਖ ਜਵਾਨੀ ਦੀ ਭੈੜੀ ਮੌਤੇ ਮਰੇਗਾ, ਇਸ ਨੇ ਮੈਨੂੰ ਬਹੁਤ ਦੁਖ ਦਿੱਤੇ ਹਨ॥ ੪॥

ਮੁਖ ਅਜੀਤ ਸਿੰਘ ਕੋ ਨ ਨਿਹਾਰੋਂ। ਨਹਿਂ ਤਿਸ ਕੋ ਨਿਜ ਦਰਸ ਦਿਖਾਰੋਂ।
ਅਪਰ ਨਗਰ ਮਹਿਂ ਉਠਿ ਕਰਿ ਜਾਊਂ। ਸ਼ੇਸ਼ ਆਰਬਲ ਤਹਾਂ ਬਿਤਾਊਂ ॥੫॥

ਮੈਂ ਹੁਣ ਪਾਲਕ ਪੁੱਤਰ ਦਾ ਮੂੰਹ ਨਹੀਂ ਵੇਖਾਂਗੀ, ਤੇ ਨਾ ਹੀ ਆਪਣਾ ਮੂੰਹ ਉਸ ਨੂੰ ਵਿਖਾਵਾਂਗੀ। ਕਿਸੇ ਹੋਰ ਨਗਰ ਵਿਚ ਉੱਠ ਕੇ ਚਲੀ ਜਾਵਾਂਗੀ। ਬਾਕੀ ਦੀ ਉਮਰ ਓਥੇ ਬਤੀਤ ਕਰਾਂਗੀ॥ ੫॥

ਸਭਿ ਸਿੱਖਨ ਕਰ ਜੋਰਿ ਬਖਾਨਾ। 'ਕਿਮ ਸੰਗਤਿ ਪਰ ਕੋਪ ਮਹਾਨਾ।
ਭਈ ਅਵੱਗਜਾ ਦੇਹੁ ਬਤਾਇ। ਕਰ ਬੰਦਹਿਂ ਹਮ ਲੇਂ ਬਖਸ਼ਾਇ॥ ੬॥

ਫਿਰ ਸਾਰੇ ਸਿੱਖਾਂ ਨੇ ਹੱਥ ਜੋੜ ਕੇ ਕਿਹਾ, ''ਸੰਗਤ ਉੱਪਰ ਕਿਉਂ ਏਨਾ ਗੁੱਸਾ ਕੀਤਾ ਹੈ। ਸਾਥੋਂ ਜਿਹੜੀ ਅਵੱਗਿਆ ਹੋ ਗਈ ਹੈ, ਉਸ ਬਾਰੇ ਦੱਸ ਦੇਵੋ ਅਸੀਂ ਹੱਥ ਜੋੜ ਕੇ ਬਖਸ਼ਾ ਲਵਾਂਗੇ॥ ੬॥

ਕਜੋਂ ਰਿਸ ਕਰਿ ਦਿੱਲੀ ਕੋ ਛੋਰਿ। ਚਾਹਤਿ ਗਮਨ ਅਬੈ ਕਿਤ ਓਰ।
ਸਤਿਗਰ ਕੀ ਆਗਜਾ ਤੁਮ ਤਾਂਈ। ਬਸਹੁ ਸਦਾ ਪੁਰਿ ਛੋਰ ਨ ਜਾਈ॥ ੭॥

ਕਿਉਂ ਗੁੱਸਾ ਕਰਕੇ ਦਿੱਲੀ ਨੂੰ ਛੱਡਣ ਲੱਗੇ ਹੋ, ਹੁਣ ਕਿਸੇ ਹੋਰ ਪਾਸੇ ਜਾਣ ਲੱਗੇ ਹੋ। ਸਤਿਗੁਰੂ ਜੀ ਦੀ ਤੁਹਾਨੂੰ ਆਗਿਆ ਹੈ, ਸਦਾ ਇਸ ਨਗਰੀ ਵਿਚ ਵਸੋ, ਇਸ ਨੂੰ ਛੱਡ ਕੇ ਨਹੀਂ ਜਾਣਾ ਹੈ॥ ੭॥

ਕਰੀ ਅਵੱਗਜਾ ਪੁੱਤ੍ਰ ਤੁਮਾਰੇ। ਸੰਗਤਿ ਤਜਾਗਹੁ ਕਹਾਂ ਬਿਚਾਰੇ?
ਅਟਕਜੋ ਕਾਜ ਆਪ ਕੋ ਕਰੈਂ। ਅਪਰ ਬਿਘਨ ਹੁਇ ਤਿਸ ਪਰਿਹਰੈਂ॥ ੮॥

ਤੁਹਾਡੇ ਪੁੱਤਰ ਨੇ ਅਵੱਗਿਆ ਕੀਤੀ ਹੈ, ਸੰਗਤ ਨੂੰ ਛੱਡ ਕੇ ਜਾਣ ਦਾ ਕੈਸਾ ਵਿਚਾਰ ਬਣਾਇਆ ਹੈ। ਤੁਹਾਡੇ ਅਟਕੇ ਹੋਏ ਕਾਰਜ ਨੂੰ ਪੂਰਾ ਕਰਦੇ ਹਾਂ, ਹੋਰ ਵੀ ਜੇ ਕੋਈ ਵਿਘਨ ਹੋਵੇ ਤਾਂ ਉਸ ਨੂੰ ਦੂਰ ਕਰਦੇ ਹਾਂ॥ ੮॥

ਹਮ ਕੋ ਤਜਾਗਹੁ ਦੋਸ਼ ਬਿਚਾਰਹੁ। ਨਤੁ ਪੁਰਿ ਬਸਨੋ ਅੰਗੀਕਾਰਹੁ'।
ਰਿਸ ਤੇ ਮਾਤ ਸੁੰਦਰੀ ਕਹੈ। 'ਮੁਝ ਅਜੀਤ ਸਿਘ ਕੋ ਦੁਖ ਅਹੈ॥ ੯॥

ਸਾਨੂੰ ਛੱਡਣ ਬਾਰੇ ਸਾਡਾ ਕਸੂਰ ਦੱਸੋ, ਨਹੀਂ ਤਾਂ ਏਸੇ ਸ਼ਹਿਰ ਵਿਚ ਰਹਿਣਾ ਅੰਗੀਕਾਰ ਕਰੋ।'' ਗੁੱਸੇ ਵਿਚ ਮਾਤਾ ਸੁੰਦਰੀ ਜੀ ਕਹਿਣ ਲੱਗੇ, ''ਮੈਨੂੰ ਅਜੀਤ ਸਿੰਘ ਬਾਰੇ ਵੱਡਾ ਦੁਖ ਹੈ॥ ੯॥

ਨਹਿਂ ਬਾਂਛਤਿ ਦੇਖਨ ਮੁਖ ਤਾਂਹੀ। ਯਾਂਤੇ ਬਸੋਂ ਨਹੀਂ ਪੁਰਿ ਮਾਂਹੀ।
ਸੰਗਤਿ ਬਿਖੈ ਦੋਸ਼ ਨਹਿਂ ਕੋਈ। ਪ੍ਰਭੁ ਬਚ ਨਹਿਂ ਮਾਨਜੋਂ ਦੁਖਿ ਹੋਈ॥੧੦॥

ਮੈਂ ਉਸਦਾ ਮੂੰਹ ਨਹੀਂ ਵੇਖਣਾ ਚਾਹੁੰਦੀ ਹਾਂ, ਇਸ ਕਰਕੇ ਇਸ ਨਗਰੀ ਵਿਚ ਨਹੀਂ ਵਸਾਂਗੀ। ਸੰਗਤ ਵਿਚ ਕੋਈ ਦੋਸ਼ ਨਹੀਂ ਹੈ, ਮੈਂ ਸਤਿਗੁਰੂ ਜੀ ਦੇ ਬਚਨਾਂ ਨੂੰ ਨਹੀਂ ਮੰਨਿਆ ਹੈ, ਇਸ ਕਰਕੇ ਮੈਨੂੰ ਬਹੁਤ ਦੁਖ ਹੋਇਆ ਹੈ॥੧੦॥

ਅਪਰ ਥਾਨ ਬਸਿ ਬੈਸ ਬਿਤਾਵੋਂ। ਅਪਨੇ ਨਿਕਟ ਨ ਰਾਖਿ ਬਸਾਵੋਂ'।
ਸੁਨਿ ਸੰਗਤਿ ਕਰ ਬੰਦਿ ਬਖਾਨਾ। 'ਨਹਿਂ ਦੇਖਨ ਸੁਤ ਕੋ ਪ੍ਰਣ ਠਾਨਾ॥੧੧॥

ਹੋਰ ਸਥਾਨ ਵਿਖੇ ਰਹਿ ਕੇ ਉਮਰ ਬਤੀਤ ਕਰਾਂਗੀ, ਆਪਣੇ ਨੇੜੇ ਰੱਖ ਕੇ ਉਸਨੂੰ ਨਹੀਂ ਵਸਾਵਾਂਗੀ।'' ਇਹ ਸੁਣ ਕੇ ਸੰਗਤ ਨੇ ਹੱਥ ਜੋੜ ਕੇ ਕਿਹਾ, ''ਤੁਸੀਂ ਆਪਣੇ ਪੁੱਤਰ ਨੂੰ ਨਾ ਵੇਖਣ ਦਾ ਪ੍ਰਣ ਧਾਰਨ ਕੀਤਾ ਹੈ॥੧੧॥

ਪੁਰਿ ਮਹਿਂ ਬਸਹੁ ਨਿਬਾਹਨ ਕਰੀਯਹਿ। ਗਮਨ ਮਨੋਰਥ ਰਿਦੇ ਨ ਧਰੀਯਹਿ।
ਕਰਿ ਸੰਗਤਿ ਤੇ ਇਕਠੀ ਕਾਰ। ਅਪਰ ਸਦਨ ਕੋ ਲੇਹੁ ਸੁਧਾਰ॥ ੧੨॥

ਉਸ ਪ੍ਰਣ ਨੂੰ ਤੁਸੀਂ ਇਸ ਨਗਰੀ ਵਿਚ ਰਹਿ ਕੇ ਵੀ ਪੂਰਾ ਕਰ ਸਕਦੇ ਹੋ, ਹੋਰਥੇ ਜਾਣ ਦਾ ਮਨੋਰਥ ਹਿਰਦੇ ਵਿਚ ਨਾ ਧਾਰਨ ਕਰੋ। ਸੰਗਤ ਪਾਸੋਂ ਕਾਰ ਸੇਵਾ ਇਕੱਠੀ ਕਰਕੇ, ਹੋਰ ਕੋਈ ਘਰ ਸੁਧਾਰ ਲਵੋ॥੧੨॥

ਤਿਸ ਮਹਿ ਬਸਹੁ ਸਦਾ ਸੁਖ ਪਾਈ। ਕਾਰਜ ਸਕਲ ਰਾਸ ਹੁਇ ਜਾਈਂ'।
ਮਾਤ ਸੁੰਦਰੀ ਇਹ ਬਿਧਿ ਮਾਨੀ। 'ਕਰਹੁ ਸਦਨ ਮੈਂ ਰਹੌਂ' ਬਖਾਨੀ॥ ੧੩॥

ਉਸ ਵਿਚ ਸਦਾ ਸੁਖ ਪਾ ਕੇ ਰਹੋ ਤਾਂ ਸਾਰੇ ਕਾਰਜ ਰਾਸ ਹੋ ਜਾਣਗੇ।'' ਮਾਤਾ ਸੁੰਦਰੀ ਜੀ ਇਸ ਵਿਧੀ ਅਨੁਸਾਰ ਦਿੱਲੀ ਵਿਚ ਰਹਿਣਾ ਮੰਨ ਗਏ, ਉਹ ਕਹਿਣ ਲੱਗੇ, ''ਘਰ ਤਿਆਰ ਕਰੋ ਮੈਂ ਰਹਾਂਗੀ॥੧੩॥

ਇਕ ਇਕ ਘਰ ਪ੍ਰਤਿ ਏਕ ਰਜਤਪਣ। ਸੰਗਤਿ ਮਿਲਿ ਅਰਦਾਸ ਸਭਿਨਿ ਭਨਿ।
ਸਦਨ ਸਤਾਰਾਂ ਸੈ ਸਿਖ ਕੇਰੇ। ਲਿਯੋ ਸਕੇਲ ਦਰਬ ਤਿਸ ਬੇਰੇ॥ ੧੪॥

ਇਕ-ਇਕ ਘਰ ਪ੍ਰਤਿ ਇਕ ਇਕ ਰੁਪਈਆ ਲਾਇਆ, ਸਾਰੀ ਸੰਗਤ ਨੇ ਮਿਲ ਕੇ ਅਰਦਾਸ ਕੀਤੀ। ਉਥੇ ਸਤਾਰਾਂ ਸੋ ਸਿੱਖਾਂ ਦੇ ਘਰ ਸਨ, ਉਸ ਸਮੇਂ ਸਤਾਰਾਂ ਸੋ ਰੁਪਏ ਇਕੱਠੇ ਕਰ ਲਏ॥੧੪॥

ਅਪਰ ਤੀਨਸੈ ਬੀਚ ਮਿਲਾਇ। ਦ੍ਵੈ ਹਜ਼ਾਰ ਕੀਨੇ ਇਕ ਠਾਇ।
ਪ੍ਰਥਮ ਸਦਨ ਪੁਰਿ ਤੇ ਕੁਛ ਬਾਹਿਰ। ਇਹ ਅੰਤਰ ਕੀਨੋ ਅਬਿ ਜ਼ਾਹਿਰ॥੧੫॥

ਹੋਰ ਤਿੰਨ ਸੋ ਉਨ੍ਹਾਂ ਵਿਚ ਮਿਲਾਏ ਤੇ ਦੋ ਹਜ਼ਾਰ ਰੁਪਏ ਇਕ ਥਾਂ ਇਕੱਠੇ ਕੀਤੇ। ਪਹਿਲਾਂ ਘਰ ਸ਼ਹਿਰ ਤੋਂ ਕੁਝ ਬਾਹਰ ਸੀ। ਇਹ ਘਰ ਹੁਣ ਸ਼ਹਿਰ ਦੇ ਅੰਦਰ ਤਿਆਰ ਕਰਵਾਇਆ॥੧੫॥

ਦੋਇ ਹਜ਼ਾਰ ਦਰਬ ਲਗਵਾਯੋ। ਹਿਤ ਮਾਤਾ ਕੇ ਸਦਨ ਕਰਾਯੋ।
ਤਿਸ ਮਹਿਂ ਥਿਰੀ ਜਾਇ ਕਰਿ ਹੇਰਿ। ਵਹਿਰ ਨ ਗਈ ਬਹੁਰ ਇਸ ਬੇਰ॥੧੬॥

ਦੋ ਹਜ਼ਾਰ ਉਸ ਉੱਪਰ ਧਨ ਲਵਾਇਆ ਤੇ ਮਾਤਾ ਜੀ ਵਾਸਤੇ ਘਰ ਤਿਆਰ ਕਰਵਾ ਲਿਆ। ਉਸ ਘਰ ਨੂੰ ਵੇਖ ਕੇ, ਮਾਤਾ ਜੀ ਉਥੇ ਰਹਿਣ ਲੱਗੇ, ਫਿਰ ਇਸ ਵਾਰ ਬਾਹਰ ਨਾ ਗਏ॥੧੬॥

ਘਰ ਕੋ ਸਰਬ ਸਮਾਜ ਕਰਾਯੋ। ਨਹਿਂ ਅਜੀਤ ਸਿੰਘ ਨਿਕਟ ਬੁਲਾਯੋ।
ਨਹਿਂ ਮੁਖ ਦੇਖਨ ਕਬਿਹੂੰ ਕਰਜੋ। ਨੇਮ ਨਿਬਾਹਜੋ ਅਪਨੋ ਧਰਜੋ॥ ੧੭॥

ਘਰ ਦਾ ਸਾਰਾ ਸਾਜ਼ੋ-ਸਾਮਾਨ ਤਿਆਰ ਕਰਵਾਇਆ, ਫਿਰ ਅਜੀਤ ਸਿੰਘ ਨੂੰ ਆਪਣੇ ਪਾਸ ਨਾ ਬੁਲਾਇਆ। ਉਸ ਦਾ ਫਿਰ ਕਦੀ ਵੀ ਮੂੰਹ ਨਾ ਵੇਖਿਆ। ਜਿਹੜਾ ਆਪਣਾ ਨੇਮ ਧਾਰਨ ਕੀਤਾ ਸੀ, ਉਸ ਨੂੰ ਪੂਰੀ ਤਰ੍ਹਾਂ ਨਿਭਾਇਆ॥੧੭॥

ਸਦਨ ਸਮੇਤ ਸਮੂਹ ਸਮਾਜਾ। ਤਜ਼ਾਗਜੋ, ਆਇ ਤਾਂਹਿ ਕੇ ਕਾਜਾ।
ਇਕ ਆਯੁਧ ਕੋ ਨਿਕਟ ਅਨਾਏ। ਗੁਰ ਸਮ ਸੰਗਤਿ ਤੇ ਪੁਜਵਾਏ॥ ੧੮॥

ਘਰ ਸਮੇਤ ਸਾਰਾ ਸਾਜ਼ੋ-ਸਾਮਾਨ ਵੀ ਉਸੇ ਘਰ ਵਿਚ ਛੱਡ ਆਏ। ਕੇਵਲ ਗੁਰੂ ਜੀ ਦੇ ਸ਼ਸਤਰ ਆਪਣੇ ਪਾਸ ਮੰਗਵਾਏ ਤੇ ਉਨ੍ਹਾਂ ਦੀ ਗੁਰੂ ਜੀ ਵਾਂਗ ਪੂਜਾ ਕਰਵਾਈ॥੧੮॥

ਸਭਿ ਮਹਿਂ ਭਯੋ ਤਾਂਹਿ ਅਪਮਾਨਾ। ਆਛੇ ਸਿੰਘਨਿ ਸੋ ਨਹਿਂ ਮਾਨਾ।
ਆਦਿ ਸੁਧਾਸਰ ਅਨਿਕ ਸਥਾਨਾ। ਦੇਂ ਧਨ ਮਾਤ ਸਮੀਪ ਮਹਾਨਾ॥ ੧੯॥

ਸਾਰਿਆਂ ਵਿਚ ਪਾਲਕ ਪੁੱਤਰ ਅਜੀਤ ਸਿੰਘ ਦਾ ਅਪਮਾਨ ਹੋਇਆ, ਚੰਗੇ ਸਿੰਘ ਉਸ ਨੂੰ ਨਹੀਂ ਮੰਨਦੇ ਸਨ। ਅੰਮ੍ਰਿਤਸਰ ਆਦਿ ਅਨੇਕ ਸਥਾਨਾਂ ਦੇ ਸਿੱਖ ਮਾਤਾ ਜੀ ਪਾਸ ਧਨ ਦਿੰਦੇ ਸਨ॥੧੯॥

ਖਰਚ ਕਹਾਂ ਤੇ ਬਹੁਰ ਚਲਾਵੈ। ਚਾਕਰ ਕਹਾਂ ਚਾਕਰੀ ਪਾਵੈਂ।
ਬੁਰਜੋ ਦਰਬ ਤੇ ਅਲਪ ਹੰਕਾਰਾ। 'ਗਈ ਮੰਨਤਾ ਮੋਹਿ' ਬਿਚਾਰਾ॥ ੨੦॥

ਅਜੀਤ ਸਿੰਘ ਫਿਰ ਆਪਣਾ ਖਰਚਾ ਕਿਥੋਂ ਚਲਾਉਂਦਾ, ਨੌਕਰ ਆਪਣੀ ਤਨਖਾਹ ਕਿਥੋਂ ਪਾਉਂਦੇ, ਧਨ ਬੁਝ ਜਾਣ ਨਾਲ ਹੰਕਾਰ ਵੀ ਘਟ ਗਿਆ। ਉਸ ਨੇ ਸੋਚਿਆ, "ਮੇਰੀ ਮੰਨਤਾ ਜਾਂਦੀ ਰਹੀ ਹੈ"॥ ੨੦॥

ਮਾਨਵ ਪਠਹਿ ਮਾਤ ਕੇ ਪਾਸ। ਅਨਿਕ ਭਾਂਤਿ ਠਾਨਤਿ ਅਰਦਾਸ।
'ਗਯੋ ਭੂਲ ਅਬਿ ਬਖਸ਼ਹੁ ਮੋਹੀ। ਨਾਮ ਤੁਮਾਰੋ ਜਹਿਂ ਕਹਿਂ ਹੋਹੀ॥ ੨੧॥

ਉਸ ਕਈ ਮਨੁੱਖ ਮਾਤਾ ਜੀ ਪਾਸ ਭੇਜੇ, ਉਹ ਅਨੇਕ ਪ੍ਰਕਾਰ ਅਰਦਾਸ ਕਰਦੇ ਸਨ, "ਮੈਥੋਂ ਭੁੱਲ ਹੋ ਗਈ ਹੈ, ਹੁਣ ਮੈਨੂੰ ਬਖਸ਼ ਦੇਵੋ ਤੁਹਾਡਾ ਹੀ ਜਿੱਥੇ ਕਿੱਥੇ ਨਾਮ ਹੋਵੇਗਾ॥ ੨੧॥

ਸੁਤ ਮਾਤਾ ਕੋ ਜਗਤ ਬਖਾਨੈ। ਤੁਮ ਤੇ ਹੀ ਮੁਝ ਕੋ ਜਗ ਮਾਨੈ'।
ਕਹਿ ਕਹਿ ਇਮ ਬਹੁ ਬਾਰਿ ਪਠਾਯੋ। ਜਨਨੀ ਪੁਨ ਸਨੇਹੁ ਹੁਇ ਆਯੋ॥੨੨॥

ਸਾਰਾ ਜਗਤ ਹੀ ਮੈਨੂੰ ਮਾਤਾ ਦਾ ਪੁੱਤਰ ਕਹਿੰਦਾ ਹੈ, ਤੁਹਾਡਾ ਕਰਕੇ ਹੀ ਜਗਤ ਵਾਲੇ ਮੈਨੂੰ ਜਾਣਦੇ ਹਨ।" ਇਸ ਪ੍ਰਕਾਰ ਕਹਿ ਕਹਿ ਕੇ ਬਹੁਤ ਵਾਰ ਮਨੁੱਖ ਭੇਜੇ। ਮਾਤਾ ਜੀ ਨੂੰ ਫਿਰ ਪਿਆਰ ਜਾਗ ਪਿਆ॥ ੨੨॥

ਕਹਯੋ ਕ੍ਰਿਪਾ ਕਰਿ ਅਸ ਬਿਵਹਾਰੇ। 'ਆਇ ਥਿਰਹਿ ਹਮ ਬਾਹਿਰ ਦ੍ਵਾਰੇ।
ਜੋ ਕੁਛ ਜਾਚਹਿ ਕਹਿ ਤਹਿਂ ਪਾਵੈ। ਅੰਤਰ ਨਹੀਂ ਮੋਹਿ ਢਿਗ ਆਵੈ'॥੨੩॥

ਮਾਤਾ ਜੀ ਨੇ ਕਿਰਪਾ ਕਰਕੇ ਐਸਾ ਵਿਹਾਰ ਕੀਤਾ, "ਸਾਡੇ ਘਰ ਦੇ ਬਾਹਰਲੇ ਦਵਾਰ ਤੇ ਆ ਕੇ ਰਹਿ ਪਵੇ, ਜੋ ਕੁਝ ਮੰਗਦੇ ਹੋ, ਉਥੋਂ ਹੀ ਕਹਿ ਕੇ ਪ੍ਰਾਪਤ ਕਰ ਲਵੇ, ਪਰ ਅੰਦਰ ਮੇਰੇ ਪਾਸ ਨਾ ਆਵੇ"॥ ੨੩॥

ਇਮ ਜਬਿ ਹੁਕਮ ਮਾਤ ਕਹਿ ਦਯੋ। ਤਬਿ ਅਜੀਤ ਸਿੰਘ ਆਵਤਿ ਭਯੋ।
ਪੌਰ ਠੌਰ ਬੰਦਹਿ ਥਿਰ ਰਹੈ। ਬਾਂਛਤਿ ਹੋਇ ਬਿਨੈ ਜੁਤਿ ਕਹੈ॥ ੨੪॥

ਇਸ ਪ੍ਰਕਾਰ ਜਦ ਮਾਤਾ ਜੀ ਨੇ ਹੁਕਮ ਕਰ ਦਿੱਤਾ ਤਦ ਅਜੀਤ ਸਿੰਘ ਆ ਗਿਆ। ਦਰਵਾਜ਼ੇ ਵਾਲੇ ਸਥਾਨ ਤੇ ਬੰਦਨਾ ਕਰਕੇ ਸਥਿਰ ਰਹਿੰਦਾ ਸੀ। ਜਿਸ ਵਸਤੂ ਦੀ ਵੀ ਲੋੜ ਹੁੰਦੀ ਸੀ, ਉਹ ਬੇਨਤੀ ਕਰਕੇ ਕਹਿੰਦਾ ਸੀ॥ ੨੪॥

ਸੋ ਨਰ ਮਾਤਾ ਨਿਕਟ ਸੁਨਾਵੈ। ਆਇਸੁ ਕਰੈ ਸੁ ਤਤਛਿਨ ਪਾਵੈ।
ਇਮ ਦਿਨ ਪ੍ਰਤਿ ਕਾਰਜ ਨਿਬਹੰਤਾ। ਨਮੋ ਕਰਹਿ ਨਿਜ ਸਦਨ ਬਸੰਤਾ॥੨੫॥

ਉਹ ਮਨੁੱਖ ਆ ਕੇ ਫਿਰ ਮਾਤਾ ਜੀ ਨੂੰ ਸੁਣਾ ਦਿੰਦਾ ਸੀ, ਜਦ ਮਾਤਾ ਜੀ ਆਗਿਆ ਕਰ ਦਿੰਦੇ ਸਨ ਤਾਂ ਉਹ ਤੁਰਤ ਪ੍ਰਾਪਤ ਕਰ ਲੈਂਦਾ ਸੀ। ਇਸ ਪ੍ਰਕਾਰ ਦੈਨਿਕ ਕਾਰਜਾਂ ਦਾ ਨਿਰਬਾਹ ਹੁੰਦਾ ਸੀ ਤੇ ਬੰਦਨਾ ਕਰਕੇ ਫਿਰ ਆਪਣੇ ਘਰ ਵਿਚ ਜਾ ਕੇ ਰਹਿੰਦਾ ਸੀ॥ ੨੫॥

ਆਵਨ ਲਗਯੋ ਨੇਮ ਤੇ ਨੀਤ। ਬੰਦਹਿ ਪੌਰ ਠੌਰ ਕਰਿ ਪ੍ਰੀਤਿ।
ਸਾਠ ਸਊਰ ਅਰੂਢਹਿਂ ਸੰਗ। ਗਮਨਹਿਂ ਫਾਂਦਤਿ ਚਪਲ ਤੁਰੰਗ॥ ੨੬॥

ਨਿਤ ਨੇਮ ਨਾਲ ਆਉਣ ਲੱਗਾ, ਦਰਵਾਜ਼ੇ ਵਾਲੇ ਸਥਾਨ ਤੇ ਆ ਕੇ ਬੰਦਨਾ ਕਰਦਾ ਸੀ। ਸੱਠ ਸਵਾਰ ਉਸ ਨਾਲ ਰਹਿੰਦੇ ਸਨ, ਚੰਚਲ ਘੋੜੇ ਛਾਲਾਂ ਮਾਰਦੇ ਜਾਂਦੇ ਸਨ॥ ੨੬॥

ਮਗ ਮਹਿਂ ਹੁਤੋ ਬੇਨਵਾ ਡੇਰਾ। ਆਵਤਿ ਜਬਿ ਅਜੀਤ ਸਿੰਘ ਹੇਰਾ।
ਊਚੇ ਬੋਲਤਿ ਜਾਚਤਿ ਭਯੋ। ਏਕ ਰਜਤਪਨ ਦੈਬ ਕਯੋ॥ ੨੭॥

ਰਾਹ ਦੇ ਵਿਚ ਇਕ ਬੇਨਵਾ ਫਕੀਰਾਂ ਦਾ ਡੇਰਾ ਸੀ, ਜਦ ਉਨ੍ਹਾਂ ਨੇ ਅਜੀਤ ਸਿੰਘ ਨੂੰ ਆਉਂਦੇ ਨੂੰ ਵੇਖਿਆ ਤਾਂ ਉਹ ਉੱਚੀ-ਉੱਚੀ ਬੋਲ ਕੇ ਮੰਗਣ ਲੱਗੇ। ਅਜੀਤ ਸਿੰਘ ਨੇ ਉਨ੍ਹਾਂ ਨੂੰ ਇਕ ਚਾਂਦੀ ਦਾ ਰੁਪਈਆ ਦਿੱਤਾ॥ ੨੭॥

ਇਸ ਹੀ ਰੀਤਿ ਕਈ ਦਿਨ ਲੀਨ। ਜਾਚੇ ਤੇ ਅਜੀਤ ਸਿੰਘ ਦੀਨ।
ਇਮ ਹੀ ਕੇਤਿਕ ਦਯੋਸ ਬਿਤੀਤੇ। ਆਵਤਿ ਜਾਤਿ ਤਿਸੀ ਮਗ ਨੀਤੇ॥੨੮॥

ਇਸ ਹੀ ਰੀਤ ਨਾਲ ਉਨ੍ਹਾਂ ਕਈ ਦਿਨ ਧਨ ਲਿਆ, ਮੰਗਣ ਨਾਲ ਅਜੀਤ ਸਿੰਘ ਧਨ ਦੇ ਦਿੰਦਾ ਸੀ। ਇਸ ਪ੍ਰਕਾਰ ਹੀ ਕਈ ਦਿਨ ਬੀਤ ਗਏ। ਨਿਤ ਉਸੇ ਹੀ ਰਾਹ ਥਾਣੀ ਆਉਂਦੇ ਜਾਂਦੇ ਸਨ॥ ੨੮॥

ਇਕ ਦਿਨ ਜਾਚਿ ਬੇਨਵੇ ਤੈਸੇ। ਦਏ ਅਜੀਤ ਸਿਘ ਜੁਗ ਪੈਸੇ।
ਲਏ ਨਹੀਂ ਤਿਨ ਦਏ ਬਗਾਈ। ਚਲਯੋ ਸੰਗ ਹ੍ਵੈ ਕੈ ਪਿਛਵਾਈ॥ ੨੯॥

ਇਕ ਦਿਨ ਉਸੇ ਰੀਤੀ ਨਾਲ ਬੇਨਵਾ ਫਕੀਰ ਮੰਗਣ ਲੱਗਾ, ਅਜੀਤ ਸਿੰਘ ਨੇ ਉਨ੍ਹਾਂ ਨੂੰ ਦੋ ਪੈਸੇ ਦਿੱਤੇ। ਉਸ ਬੇਨਵੇ ਫਕੀਰ ਨੇ ਪੈਸੇ ਨਾ ਲਏ ਤੇ ਵਗਾਹ ਕੇ ਮਾਰੇ ਤੇ ਪਿੱਛੇ ਹੋ ਕੇ ਨਾਲ-ਨਾਲ ਚਲ ਪਿਆ॥ ੨੯॥

ਮਾਤ ਪੌਰ ਪਰ ਬੈਠੇ ਜਾਇ। ਤਹਿਂ ਭੀ ਜਾਚਤਿ ਰਹਯੋ ਅਲਾਇ।
ਕਿਤਿਕ ਸਮੈਂ ਥਿਰ ਹ੍ਵੈ ਕਰਿ ਚਾਲੇ। ਉਠਿ ਕਰਿ ਗਯੋ ਬੇਨਵਾ ਨਾਲੇ॥ ੩੦॥

ਫਿਰ ਮਾਤਾ ਜੀ ਦੇ ਦਰਵਾਜ਼ੇ 'ਤੇ ਜਾ ਕੇ ਬੈਠ ਗਿਆ, ਉਥੇ ਵੀ ਅਜੀਤ ਸਿੰਘ ਨੂੰ ਕਹਿ ਕੇ ਮੰਗਦਾ ਰਿਹਾ। ਕੁਝ ਸਮਾਂ ਬੈਠ ਕੇ ਅਜੀਤ ਸਿੰਘ ਚਲ ਪਿਆ, ਬੇਨਵਾ ਵੀ ਉੱਠ ਕੇ ਉਸ ਦੇ ਨਾਲ ਚਲ ਪਿਆ॥ ੩੦॥

ਅਪਨੇ ਘਰ ਮਹਿਂ ਜਾਇ ਪ੍ਰਵੇਸ਼ਾ। ਖਾਨ ਪਾਨ ਕਰਿ ਕ੍ਰਿਯਾ ਅਸ਼ੇਸ਼ਾ।
ਕਰਯੋ ਅਰਾਮ ਦੁਪਹਿਰਾ ਢਰਯੋ। ਬਕਹਿ ਬੇਨਵਾ ਬਾਹਰ ਖਰਯੋ ॥ ੩੧॥

ਫਿਰ ਅਜੀਤ ਸਿੰਘ ਨੇ ਆਪਣੇ ਘਰ ਵਿਚ ਜਾ ਪ੍ਰਵੇਸ਼ ਕੀਤਾ, ਖਾ ਪੀ ਕੇ ਹੋਰ ਕ੍ਰਿਆਵਾਂ ਕੀਤੀਆਂ। ਦੁਪਹਿਰਾ ਢਲਦੇ ਤਕ ਆਰਾਮ ਕੀਤਾ। ਬੇਨਵਾ ਫਕੀਰ ਬਾਹਰ ਖੜਾ ਬਕਵਾਸ ਕਰ ਰਿਹਾ ਸੀ॥ ੩੧॥

ਪੁਨ ਸੁੱਖਾ ਛਕਿ ਬਾਹਰ ਗਯੋ। ਤਹਿਂ ਭੀ ਕਹਿਤਿ ਸੰਗ ਹੀ ਭਯੋ।
ਊਚ ਨੀਚ ਬਚ ਬਕਹਿ ਬਡੇਰੇ। ਜਿਨ ਕੇ ਸੁਨਤਿ ਦੁਖਤਿ ਬਹੁਤੇਰੇ॥ ੩੨॥

ਫਿਰ ਅਜੀਤ ਸਿੰਘ ਸੁੱਖਾ ਛਕ ਕੇ ਬਾਹਰ ਚਲਾ ਗਿਆ, ਬੇਨਵਾ ਉੱਚੀ-ਉੱਚੀ ਬਕਵਾਸ ਕਰਦਾ ਹੋਇਆ ਉਸ ਦੇ ਨਾਲ ਹੀ ਰਿਹਾ। ਉੱਚੇ ਨੀਵੇਂ ਬਹੁਤ ਬਚਨ ਬੋਲਦਾ ਸੀ, ਜਿਨ੍ਹਾਂ ਨੂੰ ਸੁਣ ਕੇ ਬਹੁਤ ਦੁਖ ਹੁੰਦਾ ਸੀ॥ ੩੨॥

ਪੁਰਿ ਤੇ ਵਹਿਰ ਕੋ ਨ ਨਰ ਜਹਾਂ। ਬੋਲਤਿ ਖਿਝਤਿ ਪਹੂੰਚੇ ਤਹਾਂ।
ਬਹੁ ਊਚੇ ਦੁਰਬਾਕ ਬਖਾਨੇ। ਜਹਿਂ ਗਮਨੇ ਤਹਿਂ ਸੰਗ ਪਯਾਨੇ॥ ੩੩॥

ਨਗਰ ਤੋਂ ਬਾਹਰ ਜਿਥੇ ਕੋਈ ਵੀ ਮਨੁੱਖ ਨਹੀਂ ਸੀ, ਬੋਲਦੇ ਖਿੱਝਦੇ ਉਥੇ ਪਹੁੰਚ ਗਏ। ਬਹੁਤ ਉੱਚੀ-ਉੱਚੀ ਦੁਰਬਚਨ ਕਹਿੰਦਾ ਸੀ, ਅਜੀਤ ਸਿੰਘ ਜਿਥੇ ਗਿਆ ਉਥੇ ਨਾਲ ਬੇਨਵਾ ਵੀ ਗਿਆ॥ ੩੩॥

ਕੁਪਜੋ ਅਜੀਤ ਸਿੰਘ ਸੁਨਿ ਕਰਿਕੈ। ਪੁਰਿ ਜਨ ਨਿਕਟ ਨ ਭਲੇ ਨਿਹਰਿਕੈ।
ਨਿਜ ਸਿੰਘਨ ਸੰਗ ਹੁਕਮ ਬਖਾਨਾ। 'ਪਕਰਿ ਬੇਨਵੇ ਹਨੀਯਹਿ ਪ੍ਰਾਨਾ॥ ੩੪॥

ਅਜੀਤ ਸਿੰਘ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ, ਨਗਰ ਦਾ ਕੋਈ ਵੀ ਮਨੁੱਖ ਨੇੜੇ ਨਾ ਵੇਖ ਕੇ, ਅਜੀਤ ਸਿੰਘ ਨੇ ਆਪਣੇ ਸਿੰਘਾਂ ਨੂੰ ਹੁਕਮ ਕੀਤਾ, "ਬੇਨਵੇ ਨੂੰ ਫੜ ਕੇ ਜਾਨੋਂ ਮਾਰ ਦੇਵੋ॥ ੩੪॥

ਕੂਪ ਸਮੀਪ ਬੀਚ ਦਿਹੁ ਗੇਰੀ। ਹਟਤਿ ਨ ਮੂਢ ਸੰਗ ਤੇ ਮੋਰੀ'।
ਜਹਿਂ ਦੁਰਬਾਕ ਬਖਾਨਤਿ ਖਰਜੋ। ਜੁਗ ਸਿੰਘਨ ਦਿਢ ਪਕਰਨ ਕਰਜੋ॥ ੩੫॥

ਲਾਗੇ ਨੇੜੇ ਦੇਖੋ ਖੂਹ ਹੈ, ਉਸ ਵਿਚ ਸੁੱਟ ਦੇਵੋ, ਇਹ ਮੂਰਖ ਮੇਰਾ ਪਿੱਛਾ ਨਹੀਂ ਛੱਡਦਾ ਹੈ।" ਜਿੱਥੇ ਬੇਨਵਾ ਦੁਰਬਚਨ ਬੋਲਦਾ ਹੋਇਆ ਖੜਾ ਸੀ, ਉਥੇ ਜਾ ਕੇ ਦੋ ਸਿੰਘਾਂ ਨੇ ਘੁੱਟ ਕੇ ਫੜ ਲਿਆ॥ ੩੫॥

ਪ੍ਰਾਨ ਹਾਨਿ ਤਤਛਿਨ ਕਰਿ ਦੀਨ। ਪੁਰਿ ਕੇ ਦੂਰ ਕੂਪ ਕੋ ਚੀਨ।
ਤਿਸ ਮਹਿਂ ਡਾਰਿ ਅਗਾਰੀ ਗਏ। ਕਰਿਕੈ ਸੋਚ ਅਪਰ ਮਗ ਅਏ॥ ੩੬॥

ਸਿੰਘਾਂ ਨੇ ਤੁਰਤ ਉਸ ਨੂੰ ਮਾਰ ਦਿੱਤਾ, ਨਗਰ ਤੋਂ ਦੂਰ ਇਕ ਖੂਹ ਨੂੰ ਵੇਖ ਕੇ, ਉਸ ਵਿਚ ਸੁੱਟ ਕੇ ਅੱਗੇ ਚਲੇ ਗਏ ਤੇ ਸੋਚ ਕਰਕੇ ਕਿਸੇ ਹੋਰ ਰਸਤੇ ਰਾਹੀਂ ਘਰ ਨੂੰ ਮੁੜ ਆਏ॥ ੩੬॥

ਅਪਨੇ ਸਦਨ ਪ੍ਰਵੇਸ਼ ਥਿਰਜੋ ਹੈ। ਖਾਨ ਪਾਨ ਨਿਜ ਕਰਮ ਕਰਜੋ ਹੈ।
ਸੰਧਜਾ ਭਈ ਪ੍ਰਤੀਖਤਿ ਡੇਰੇ। ਨਹੀਂ ਬੇਨਵਾ ਨਿਜ ਥਲ ਹੇਰੇ॥ ੩੭॥

ਆਪਣੇ ਘਰ ਵਿਚ ਪ੍ਰਵੇਸ਼ ਕਰਕੇ ਆਰਾਮ ਕੀਤਾ ਤੇ ਖਾ ਪੀ ਕੇ ਆਪਣਾ ਨਿਜੀ ਕਾਰਜ ਕੀਤਾ। ਸ਼ਾਮ ਹੋਈ ਤਾਂ ਡੇਰੇ ਵਾਲੇ ਬੇਨਵੇ ਫਕੀਰ ਦੀ ਇੰਤਜ਼ਾਰ ਕਰਨ ਲੱਗੇ ਤੇ ਬੇਨਵੇ ਨੂੰ ਆਪਣੇ ਸਥਾਨ ਤੇ ਨਾ ਵੇਖਿਆ॥ ੩੭॥

ਸੋਧਨ ਲਗੇ ਚੇਲਕਾ ਫਿਰੈਂ। ਇਤ ਉਤ ਦੇਖਤਿ ਬੂਝਨ ਕਰੈਂ।
ਰਾਤਿ ਅਰਧ ਲੌ ਖੋਜਨ ਕਰਜੋ। ਨਹਿਂ ਪੁਰਿ ਮਹਿਂ ਕਿਸ ਥਾਨ ਨਿਹਰਜੋ॥ ੩੮॥

ਉਸ ਫਕੀਰ ਦੇ ਚੇਲੇ ਫਿਰ ਫਿਰ ਕੇ ਢੂੰਡਣ ਲੱਗੇ, ਏਧਰ ਓਧਰ ਵੇਖ ਕੇ ਲੋਕਾਂ ਨੂੰ ਪੁੱਛਦੇ ਸਨ। ਅੱਧੀ ਰਾਤ ਤਕ ਉਸ ਫਕੀਰ ਦੀ ਖੋਜ ਕੀਤੀ, ਪਰ ਸ਼ਹਿਰ ਵਿਚ ਉਸ ਨੂੰ ਕਿਸੇ ਸਥਾਨ ਤੇ ਵੀ ਨਾ ਵੇਖਿਆ॥ ੩੮॥

ਪੁਨ ਪ੍ਰਭਾਤਿ ਉਠਿ ਗਰੀ ਬਜ਼ਾਰ। 'ਕਿਨਹੁਂ ਬਿਲੋਕਜੋ ਦਿਹੁ ਸੁਧ ਸਾਰ'।
ਕਿਹ ਕਹਿ ਦਯੋ ਸੁਨਾਇ ਪ੍ਰਸੰਗ। 'ਫਿਰਤਿ ਅਜੀਤ ਸਿੰਘ ਕੇ ਸੰਗ'॥ ੩੯॥

ਫਿਰ ਸਵੇਰੇ ਉੱਠ ਕੇ ਗਲੀਆਂ ਬਜ਼ਾਰਾਂ ਵਿਚ ਵੇਖਣ ਲੱਗੇ, "ਜੇ ਕਿਸੇ ਨੇ ਵੇਖਿਆ ਹੋਵੇ ਤਾਂ ਉਸ ਦੀ ਖ਼ਬਰ ਸਾਰ ਦੇਵੋ।" ਕਹਿ ਕਹਿ ਕੇ ਸਾਰੇ ਫਿਰ ਕੇ ਪ੍ਰਸੰਗ ਸੁਣਾ ਰਹੇ ਸਨ। ਫਿਰ ਕਿਸੇ ਨੇ ਦੱਸਿਆ, "ਅਜੀਤ ਸਿੰਘ ਦੇ ਨਾਲ ਫਿਰ ਰਿਹਾ ਸੀ"॥ ੩੯॥

ਬੂਝੇ ਸਿੰਘ ਨ ਕਹੂੰ ਬਤਾਯੋ। ਕਰਤਿ ਬ੍ਰਿਲਾਪ ਨਹੀਂ ਜਬਿ ਪਾਯੋ।
ਸਗਰੀ ਪੁਰੀ ਪ੍ਰਚੁਰਜੋ ਬ੍ਰਿਤੰਤ। ਨਹੀਂ ਬੇਨਵਾ ਕਹੂੰ ਲਭੰਤਿ॥ ੪੦॥

ਫਿਰ ਸਿੰਘਾਂ ਨੂੰ ਪੁੱਛਿਆ, ਪਰ ਕਿਸੇ ਨੇ ਵੀ ਨਾ ਦੱਸਿਆ। ਜਦ ਫਕੀਰ ਨਾ ਲੱਭਾ ਤਾਂ ਸਾਰੇ ਮਿਲ ਕੇ ਵਿਰਲਾਪ ਕਰਨ ਲੱਗੇ। ਸਾਰੀ ਨਗਰੀ ਵਿਚ ਇਹ ਬ੍ਰਿਤਾਂਤ ਫੈਲ ਗਿਆ, ਬੇਨਵਾ ਫਕੀਰ ਕਿਤੇ ਵੀ ਨਹੀਂ ਲੱਭ ਰਿਹਾ ਹੈ॥ ੪੦॥

*ਦੂਸਰੇ ਐਨ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

# ਅਧਿਆਇ ਇਕੱਤੀਵਾਂ

*ਬੇਨਵੇ ਦਿਵਾਨਿਆਂ ਦੀ ਪੁਕਾਰ, ਸ਼ਾਹੀ ਸੈਨਾ ਦਾ ਅਜੀਤ ਸਿੰਘ ਨੂੰ ਫੜਨ ਜਾਣਾ*

ਦੋਹਰਾ- ਚਾਰਤਿ ਛਾਗ ਉਜਾੜ ਮਹਿਂ ਬਿਚਰਤਿ ਹੁਤੋ ਅਯਾਲਿ।
ਕੂਪ ਗਿਰਾਯੋ ਬੇਨਵਾ ਤਿਨ ਦੇਖਯੋ ਤਿਸ ਕਾਲ॥ ੧॥

ਇਕ ਆਜੜੀ ਉਜਾੜ ਵਿਚ ਬੱਕਰੀਆਂ ਚਾਰਦਾ ਹੋਇਆ ਫਿਰ ਰਿਹਾ ਸੀ, ਉਸ ਨੇ ਉਸ ਸਮੇਂ ਖੂਹ ਵਿਚ ਬੇਨਵੇ ਨੂੰ ਡੇਗਦਿਆਂ ਹੋਇਆਂ ਵੇਖ ਲਿਆ॥੧॥

ਚੌਪਈ- ਪਿਖਯੋ ਬੇਨਵਾ ਖੋਜਨ ਕਰੈਂ। ਧਰਤਿ ਸ਼ੋਕ ਉਰ ਇਤ ਉਤ ਫਿਰੈਂ।
'ਤੋਹਿ ਬਤਾਵੌਂ' ਕਹਤਿ ਅਯਾਲੀ। 'ਪ੍ਰਾਨ ਹਾਨ ਕਰਿ ਦੀਨਸਿ ਕਾਲੀ ॥੨ ॥

ਉਸ ਨੇ ਵੇਖਿਆ ਕਿ ਬੇਨਵੇ ਫਕੀਰ ਨੂੰ ਲੱਭ ਰਹੇ ਹਨ, ਵੱਡਾ ਦੁਖ ਧਾਰ ਕੇ ਏਧਰ ਓਧਰ ਫਿਰਦੇ ਹਨ। ਆਜੜੀ ਕਹਿਣ ਲੱਗਾ, "ਤੁਹਾਨੂੰ ਦੱਸਾਂ, ਕੱਲ੍ਹ ਹੀ ਉਸ ਨੂੰ ਮਾਰ ਦਿੱਤਾ ਸੀ॥ ੨॥

ਸਿੰਘਨ ਤੇ ਮੈਂ ਡਰੌਂ ਬਡੇਰਾ। ਨਹੀਂ ਬਚਾਇ ਹੋਇਗੋ ਮੇਰਾ।
ਯਾਂਤੇ ਮੈ ਨਹਿਂ ਕਰਤਿ ਬਤਾਵਨ। ਸੰਧ੍ਯਾ ਪ੍ਰਾਤਿ ਅਚਾਨਕ ਘਾਵਨ ॥੩ ॥

ਸਿੰਘਾਂ ਤੋਂ ਮੈਂ ਬਹੁਤ ਡਰਦਾ ਹਾਂ, ਹੁਣ ਮੇਰਾ ਕੋਈ ਵੀ ਬਚਾਅ ਨਹੀਂ ਹੋਵੇਗਾ। ਇਸ ਕਰਕੇ ਮੈਂ ਦੱਸਦਾ ਨਹੀਂ ਸੀ, ਸ਼ਾਮ ਜਾਂ ਸਵੇਰੇ ਮੈਨੂੰ ਕਿਸੇ ਵੇਲੇ ਵੀ ਅਚਾਨਕ ਮਾਰ ਦੇਣਗੇ"॥ ੩॥

ਧੀਰ ਬੇਨਵੇ ਦਈ ਘਨੇਰੇ। 'ਹਮ ਸਭਿ ਰਹੈਂ ਸੰਗ ਹੀ ਤੇਰੇ।
ਮਾਰਨ ਦੇਹਿਂ ਨਹੀਂ ਕਿਸ ਭਾਂਤਿ। ਰੱਖ੍ਯਾ ਕਰਤਿ ਰਹੈਂ ਦਿਨ ਰਾਤਿ' ॥੪ ॥

ਬੇਨਵੇ ਫਕੀਰਾਂ ਨੇ ਉਸ ਨੂੰ ਬਹੁਤ ਧੀਰਜ ਦਿੱਤਾ, "ਅਸੀਂ ਸਾਰੇ ਤੇਰੇ ਨਾਲ ਹੀ ਰਹਾਂਗੇ। ਤੈਨੂੰ ਕਿਸੇ ਪ੍ਰਕਾਰ ਵੀ ਮਾਰਨ ਨਹੀਂ ਦੇਵਾਂਗੇ, ਦਿਨ ਰਾਤ ਤੇਰੀ ਰੱਖਿਆ ਕਰਦੇ ਰਹਾਂਗੇ"॥ ੪॥

ਦਿਯੋ ਦਿਲਾਸਾ ਸਰਬ ਪ੍ਰਕਾਰ। ਸੋ ਲੇ ਗਮਨਯੋਂ ਬੀਚ ਉਜਾਰ।
ਜਿਸ ਥਲ ਮਾਰਿ ਕੂਪ ਮਹਿਂ ਡਾਰਾ। ਪਰਯੋ ਮਰਯੋ ਤਿਹ ਸਭਿਨਿ ਨਿਹਾਰਾ ॥੫ ॥

ਉਸ ਆਜੜੀ ਨੂੰ ਸਰਬ ਪ੍ਰਕਾਰ ਦਿਲਾਸਾ ਦਿੱਤਾ, ਉਹ ਫਿਰ ਉਨ੍ਹਾਂ ਨੂੰ ਲੈ ਕੇ ਉਜਾੜ ਵਿਚ ਚਲੇ ਗਿਆ। ਜਿਸ ਥਾਂ ਮਾਰ ਕੇ ਖੂਹ ਵਿਚ ਸੁੱਟਿਆ ਸੀ, ਉਥੇ ਖੂਹ ਵਿਚ ਮਰਿਆ ਪਿਆ ਸਾਰਿਆਂ ਨੇ ਵੇਖਿਆ॥ ੫॥

ਮਿਲਿ ਕਰਿ ਬ੍ਰਿੰਦਨਿ ਤਬਹਿ ਨਿਕਾਰਾ। ਲਿਯੋ ਉਠਾਇ ਰੌਰ ਬਹੁ ਡਾਰਾ।
ਪੁਰਿ ਮਹਿਂ ਨਰ ਮਿਲਿ ਗੇ ਸਮੁਦਾਇ। ਦੇਖਤਿ ਬੋਲਤਿ ਸੰਗ ਸਿਧਾਇ ॥੬ ॥

ਫਿਰ ਸਾਰਿਆਂ ਨੇ ਮਿਲ ਕੇ ਉਸ ਬੇਨਵੇ ਫਕੀਰ ਦੀ ਲਾਸ਼ ਨੂੰ ਕੱਢਿਆ ਤੇ ਬਹੁਤ ਰੌਲਾ ਮਚਾ ਕੇ ਉਸ ਦੀ ਲਾਸ਼ ਨੂੰ ਚੁੱਕ ਲਿਆ। ਨਗਰ ਵਿਚ ਜਾ ਕੇ ਬਹੁਤ ਹੋਰ ਲੋਕ ਉਨ੍ਹਾਂ ਨਾਲ ਮਿਲ ਗਏ, ਵੇਖਦੇ ਬੋਲਦੇ ਉਹ ਨਾਲ ਚਲ ਪਏ॥ ੬॥

ਪਾਯੋ ਜਾਇ ਦੁਰਗ ਕੇ ਪੌਰ। ਮਿਲੇ ਹਜ਼ਾਰਹੁਂ ਮਾਚਯੋ ਰੌਰ।
ਜਿਤਿਕ ਬੇਨਵੇ ਪੁਰਿ ਮਹਿਂ ਤਬੈ। ਦੌਰਿ ਦੌਰਿ ਮਿਲਿਕੇ ਤਹਿਂ ਸਬੈ॥ ੭॥

ਕਿਲ੍ਹੇ ਦੇ ਦਰਵਾਜ਼ੇ ਵਿਚ ਜਾ ਕੇ ਉਸ ਬੇਨਵੇ ਫ਼ਕੀਰ ਦੀ ਲਾਸ਼ ਨੂੰ ਲਿਟਾ ਦਿੱਤਾ ਤੇ ਹਜ਼ਾਰਾਂ ਨੇ ਮਿਲ ਕੇ ਰੌਲਾ ਮਚਾ ਦਿੱਤਾ। ਉਸ ਸਮੇਂ ਜਿੰਨੇ ਵੀ ਬੇਨਵੇ ਨਗਰ ਵਿਚ ਮੌਜੂਦ ਸਨ, ਉਹ ਦੌੜ-ਦੌੜ ਕੇ ਉਥੇ ਆ ਕੇ ਮਿਲਦੇ ਸਨ॥ ੭॥

ਪਾਤਸ਼ਾਹ ਢਿਗ ਕਰੀ ਪੁਕਾਰ। 'ਦਿਯੋ ਬੇਨਵਾ ਸਿੰਘਨ ਮਾਰ।
ਨਜਾਉਂ ਲੇਹਿਂ ਗੇ ਕੈ ਦਰ ਮਰੈਂ। ਤਬਿ ਲੌ ਖਾਨ ਪਾਨ ਨਹਿਂ ਕਰੈਂ'॥ ੮॥

ਉਨ੍ਹਾਂ ਨੇ ਬਾਦਸ਼ਾਹ ਦੇ ਪਾਸ ਜਾ ਕੇ ਸ਼ਿਕਾਇਤ ਕੀਤੀ, ''ਸਿੰਘਾਂ ਨੇ ਇਕ ਬੇਨਵੇ ਫ਼ਕੀਰ ਨੂੰ ਮਾਰ ਦਿੱਤਾ ਹੈ, ਤੁਹਾਡੇ ਪਾਸੋਂ ਨਿਆਂ ਲਵਾਂਗੇ, ਨਹੀਂ ਤਾਂ ਤੁਹਾਡੇ ਦਰਵਾਜ਼ੇ ਉੱਪਰ ਮਰ ਜਾਵਾਂਗੇ, ਤਦ ਤਕ ਅਸੀਂ ਕੁਝ ਵੀ ਖਾਵਾਂ ਪੀਵਾਂਗੇ ਨਹੀਂ॥ ੮॥

ਖਰੇ ਪੌਰ ਆਗੇ ਅਰਰਾਵੈਂ। ਅੰਤਰ ਊਚੀ ਧੁਨੀ ਸੁਨਾਵੈਂ।
ਸ਼ਾਹੁ ਅਜੋਗ ਬਾਤ ਪਹਿਚਾਨੀ। 'ਡਰੇ ਨ ਮੁਝ ਤੇ ਕੀਨਸਿ ਹਾਨੀ॥ ੯॥

ਦਰਵਾਜ਼ੇ ਅੱਗੇ ਖੜੇ ਚਾਂਗਰਾਂ ਮਾਰਦੇ ਸਨ ਤੇ ਬਹੁਤ ਉੱਚੀ ਆਵਾਜ਼ ਵਿਚ ਸੁਣਾਉਂਦੇ ਸਨ। ਬਾਦਸ਼ਾਹ ਨੇ ਇਹ ਬੜੀ ਅਯੋਗ ਗੱਲ ਪਛਾਣੀ। ''ਮੈਥੋਂ ਡਰਦਾ ਨਹੀਂ ਹੈ ਤੇ ਵੱਡਾ ਨੁਕਸਾਨ ਕੀਤਾ ਹੈ॥ ੯॥

ਇਸ ਕੋ ਹੁਇ ਸਜ਼ਾਇ ਅਬਿ ਭਾਰੀ। ਛੁਟਯੋ ਸੁਖੇਨ ਜੁ ਖਤਾ ਅਗਾਰੀ'।
ਸੁਨਿ ਉਮਰਾਵਨ ਕੀਨਿ ਉਚਾਰਨ। 'ਫਿਰਤ ਸੈਲ ਹਿਤ ਬੀਚ ਬਜਾਰਨ॥੧੦॥

ਇਸ ਨੂੰ ਹੁਣ ਭਾਰੀ ਸਜ਼ਾ ਦੇਵਾਂਗੇ, ਪਹਿਲਾਂ ਇਸ ਨੇ ਜਿਹੜੀ ਗ਼ਲਤੀ ਕੀਤੀ ਸੀ, ਉਸ ਤੋਂ ਆਸਾਨੀ ਨਾਲ ਛੁਟਕਾਰਾ ਪਾ ਗਿਆ ਸੀ।'' ਉਮਰਾਵਾਂ ਨੇ ਸੁਣ ਕੇ ਕਿਹਾ, ''ਬਜ਼ਾਰਾਂ ਦੇ ਵਿਚ ਸੈਰ ਵਾਸਤੇ ਫਿਰਦਾ ਹੈ॥੧੦॥

ਸੰਗ ਚਢਹਿਂ ਸਾਠਕ ਅਸਵਾਰ। ਊਚ ਅਵਾਜ਼ ਨਕੀਬ ਉਚਾਰਿ।
ਪਿਖਹੁ ਪੁਰੀ ਬਸਿ ਤ੍ਰਾਸ ਨ ਮਾਨਾ। ਦੂਰ ਹੋਇ ਚਹਿ ਦੁੰਦ ਉਠਾਨਾ॥੧੧॥

ਉਸ ਦੇ ਨਾਲ ਸੱਠ ਸਵਾਰ ਚੜ੍ਹਦੇ ਹਨ ਤੇ ਉੱਚੀ ਆਵਾਜ਼ ਵਿਚ ਅੱਗੇ ਨਕੀਬ ਉਚਾਰਨ ਕਰਦਾ ਹੈ। ਵੇਖੋ ਇਸ ਸ਼ਹਿਰ ਵਿਚ ਵੱਸ ਕੇ ਬਾਦਸ਼ਾਹ ਦਾ ਡਰ ਨਹੀਂ ਮੰਨਿਆ ਹੈ, ਜੇ ਬਾਦਸ਼ਾਹ ਤੋਂ ਬਹੁਤ ਦੂਰ ਹੁੰਦਾ ਤਾਂ ਵੱਡਾ ਫ਼ਤੂਰ ਖੜਾ ਕਰਦਾ॥ ੧੧॥

ਪਕਰਿ ਸਜ਼ਾਇ ਦੀਜੀਯਹਿ ਗਾਢੀ। ਤਿਸ ਕੇ ਉਰ ਗ਼ਰੂਰਤਾ ਬਾਢੀ'।
ਸੁਨਤਿ ਸ਼ਾਹੁ ਤਬਿ ਹੁਕਮ ਉਚਾਰਾ। 'ਤੂਰਨ ਪਹੁੰਚਹੁ ਸਦਨ ਮਝਾਰਾ॥੧੨॥

ਇਸ ਨੂੰ ਫੜ ਕੇ ਵੱਡੀ ਸਜ਼ਾ ਦੇਵੋ, ਉਸ ਦੇ ਹਿਰਦੇ ਵਿਚ ਹੰਕਾਰ ਬਹੁਤ ਵੱਧ ਗਿਆ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਫਿਰ ਹੁਕਮ ਕੀਤਾ, ''ਤੁਰਤ ਉਸ ਦੇ ਘਰ ਵਿਚ ਪਹੁੰਚੋ॥੧੨॥

ਪਟ ਸੋਂ ਹਾਥ ਬੰਦਿ ਅਗਵਾਰ। ਆਵਹਿ ਗਰੇ ਕੁਹਾਰੀ ਡਾਰਿ।
ਉਚਿਤ ਸਜ਼ਾਇ ਹੋਇ ਹੈ ਤਾਂਹੀ। ਆਨਹੁਂ ਜਾਇ ਦੇਰ ਹ੍ਵੈ ਨਾਂਹੀ'॥ ੧੩॥

ਕੱਪੜੇ ਨਾਲ ਉਸ ਦੇ ਹੱਥ ਬੰਨ੍ਹ ਲਵੋ ਤੇ ਉਹ ਗਲ ਵਿਚ ਕੁਹਾੜੀ ਪਾ ਕੇ ਆਵੇ। ਉਸ ਨੂੰ ਉਚਿਤ ਸਜ਼ਾ ਦਿੱਤੀ ਜਾਵੇਗੀ। ਛੇਤੀ ਜਾ ਕੇ ਲਿਆਵੋ, ਹੁਣ ਦੇਰ ਨਹੀਂ ਹੋਣੀ ਚਾਹੀਦੀ'॥੧੩॥

ਸੁਨਿਕੈ ਨਰ ਦੌਰੇ ਤਬਿ ਦੋਇ। ਬੈਠਯੋ ਜਾਇ ਪਹੂਚੇ ਸੋਇ।
ਹੁਕਮ ਸ਼ਾਹੁ ਕੋ ਕਹਯੋ ਕਠੋਰ। 'ਨਿਕਸਹੁ ਚਲਹੁ ਦੁਰਗ ਕੀ ਓਰ॥ ੧੪॥

ਇਹ ਸੁਣ ਕੇ ਦੋ ਮਨੁੱਖ ਦੌੜ ਕੇ ਆਏ ਤੇ ਜਿੱਥੇ ਅਜੀਤ ਸਿੰਘ ਬੈਠਾ ਸੀ, ਉਥੇ ਪਹੁੰਚ ਗਏ। ਬਾਦਸ਼ਾਹ ਦੇ ਕਠੋਰ ਹੁਕਮ ਨੂੰ ਸੁਣਾਇਆ, "ਹੁਣ ਨਿਕਲ ਕੇ ਕਿਲ੍ਹੇ ਵੱਲ ਚਲੋ॥੧੪॥

ਹਤਜੋ ਬੇਨਵਾ ਸ਼ਾਹੁ ਰਿਸਾਯੋ। ਗੁਨਹਿਗਾਰ ਤੂ ਨਿਕਟ ਬੁਲਾਯੋ'।
ਸੁਨਿ ਕੈ ਤ੍ਰਾਸ ਮਾਨਿ ਘਰ ਥਿਰਜੋ। ਨਹੀਂ ਨਿਕਸਿ ਕੈ ਜਾਵਨ ਕਰਜੋ॥੧੫॥

ਤੁਸੀਂ ਇਕ ਬੇਨਵੇ ਨੂੰ ਮਾਰਿਆ ਹੈ, ਬਾਦਸ਼ਾਹ ਨੇ ਬਹੁਤ ਗੁੱਸਾ ਕੀਤਾ ਹੈ। ਤੂੰ ਗੁਨਾਹਗਾਰ ਹੈਂ ਇਸ ਲਈ ਉਨ੍ਹਾਂ ਆਪਣੇ ਪਾਸ ਬੁਲਾਇਆ ਹੈ।" ਇਹ ਸੁਣ ਕੇ ਡਰ ਮੰਨ ਕੇ ਘਰ ਵਿਚ ਹੀ ਰਿਹਾ, ਬਾਹਰ ਨਿਕਲ ਕੇ ਕਿਲ੍ਹੇ ਵੱਲ ਨਾ ਗਿਆ॥੧੫॥

'ਮੈਂ ਨਹਿੰ ਚਲੌਂ ਨ ਬੇਨਵ ਮਾਰਾ। ਤੁਹਮਤ ਦੇਤਿ ਤੁਫਾਨ ਉਠਾਰਾ'।
ਜਾਇ ਦੁਰਗ ਮਹਿੰ ਤਿਨਹਿੰ ਬਤਾਯੋ। 'ਰਹੇ ਹਕਾਰਿ ਸੰਗ ਨਹਿੰ ਆਯੋ' ॥੧੬॥

"ਮੈਂ ਨਹੀਂ ਚੱਲਾਂਗਾ, ਨਾ ਹੀ ਮੈਂ ਬੇਨਵਾ ਮਾਰਿਆ ਹੈ, ਤੁਹਮਤ ਲਾਉਂਦੇ ਹੋ, ਫਜ਼ੂਲ ਵਿਚ ਤੂਫਾਨ ਚੁੱਕਿਆ ਹੈ।" ਕਿਲ੍ਹੇ ਵਿਚ ਜਾ ਕੇ ਬਾਦਸ਼ਾਹ ਨੂੰ ਦੱਸਿਆ, "ਅਸੀਂ ਬੁਲਾਉਂਦੇ ਰਹੇ ਹਾਂ, ਨਾਲ ਨਹੀਂ ਆਏ ਹਨ" ॥੧੬॥

ਬਹੁਰ ਸ਼ਾਹੁ ਕਹਿ ਹੁਕਮ ਪਠਾਏ। 'ਇਹਾਂ ਆਉ ਤੁਵ ਨਜਾਉਂ ਕਰਾਏ।
ਨਿਸ਼ਚੈ ਸਾਚ ਝੂਠਿ ਸਭਿ ਹੋਇ। ਬੂਝੈਂ ਭਲੇ ਉਗਾਹ ਜਿ ਕੋਇ' ॥ ੧੭॥

ਬਾਦਸ਼ਾਹ ਨੇ ਫਿਰ ਹੁਕਮ ਦੇ ਕੇ ਭੇਜਿਆ, "ਏਥੇ ਆ ਕੇ ਤੁਸੀਂ ਨਿਆਂ ਕਰਵਾਓ। ਸੱਚ ਝੂਠ ਸਭ ਨਿਸ਼ਚੇ ਹੋਵੇਗਾ, ਭਲੀ ਪ੍ਰਕਾਰ ਪੁਛਾਂਗੇ ਜੇ ਕੋਈ ਗਵਾਹ ਹੋਵੇਗਾ" ॥੧੭॥

ਸੁਨਿ ਕੈ ਗਏ ਜਾਇ ਸਮੁਝਾਯੋ। 'ਹਠ ਨ ਕਰਹੁ ਤੁਝ ਨਿਕਟ ਬੁਲਾਯੋ।
ਸ਼ਾਹੁ ਕਹੈ ਸਭਿ ਨਿਰਨੈ ਕਰਿਕੈ। ਸਾਚੋ ਲੇਹਿ ਬਡਾਈ ਫਿਰਿਕੈ॥ ੧੮॥

ਇਹ ਸੁਣ ਕੇ ਬਾਦਸ਼ਾਹ ਦੇ ਕੁਝ ਦੂਤ ਗਏ ਤੇ ਜਾ ਕੇ ਸਮਝਾਇਆ, "ਹਠ ਨਾ ਕਰੋ, ਤੁਹਾਨੂੰ ਬਾਦਸ਼ਾਹ ਨੇ ਆਪਣੇ ਪਾਸ ਬੁਲਾਇਆ ਹੈ। ਬਾਦਸ਼ਾਹ ਦੇ ਕਹਿਣ ਉੱਪਰ ਸਭ ਪ੍ਰਕਾਰ ਨਿਰਣੇ ਕਰਕੇ ਫਿਰ ਕੇ ਸੱਚੀ ਵਡਿਆਈ ਲਵੋ॥੧੮॥

ਘਰ ਮਹਿੰ ਕਿਮ ਬੈਠਨ ਹੁਇ ਤੇਰੋ। ਦੁਰਗ ਪੌਰ ਪਰ ਰੌਰ ਬਡੇਰੋ।
ਭਲੇ ਚਹੈਂ ਜੇ ਅਪਨੋ ਕੈਸੇ। ਮਾਨੋ ਕਹਜੋ ਕਹਤਿ ਹਮ ਜੈਸੇ॥ ੧੯॥

ਤੂੰ ਘਰ ਵਿਚ ਲੁਕ ਕੇ ਕਿਵੇਂ ਬੈਠਾ ਹੈਂ, ਕਿਲ੍ਹੇ ਦੇ ਦਰਵਾਜ਼ੇ ਤੇ ਵੱਡਾ ਰੌਲਾ ਮੱਚਿਆ ਹੈਂ। ਜੇ ਆਪਣਾ ਕਿਸੇ ਪ੍ਰਕਾਰ ਭਲਾ ਚਾਹੁੰਦਾ ਹੈਂ ਤਾਂ ਸਾਡਾ ਕਿਹਾ ਮੰਨੋ, ਜਿਵੇਂ ਅਸੀਂ ਕਹਿੰਦੇ ਹਾਂ॥੧੯॥

ਨਾਂਹਿਤ ਸੈਨ ਆਇ ਕਰਿ ਗਹੈ। ਕਿਸ ਕੀ ਓਟ ਲੇਇ ਥਿਰ ਰਹੈਂ?'।
ਸੁਨਿ ਅਜੀਤ ਸਿੰਘ ਨਾਂਹਿਨ ਮਾਨਾ। 'ਗਮਨੋਂ ਨਹੀਂ' ਜਬਾਬ ਬਖਾਨਾ॥੨੦॥

ਨਹੀਂ ਤਾਂ ਸੈਨਾ ਆ ਕੇ ਫੜ ਲਵੇਗੀ, ਕਿਸ ਦਾ ਆਸਰਾ ਲੈ ਕੇ ਫਿਰ ਬੈਠਾ ਰਹੇਂਗਾ?" ਇਹ ਸੁਣ ਕੇ ਅਜੀਤ ਸਿੰਘ ਨਾ ਮੰਨਿਆ, "ਮੈਂ ਨਹੀਂ ਜਾਵਾਂਗਾ", ਉਸ ਨੇ ਜਵਾਬ ਦਿੱਤਾ॥ ੨੦॥

ਰਿਸੇ ਦੂਤ ਜੇ ਗਏ ਹਕਾਰਨ। ਹਟੇ ਸ਼ਾਹੁ ਢਿਗ ਕੀਨ ਉਚਾਰਨ।
'ਭਯੋ ਮਵਾਸੀ ਆਇ ਨ ਸੋਊ। ਮਿਲਿ ਸਮੁਝਾਇ ਰਹੇ ਸਭਿ ਕੋਊ' ॥ ੨੧॥

ਜਿਹੜੇ ਦੂਤ ਬੁਲਾਉਣ ਗਏ ਸਨ, ਉਹ ਇਹ ਸੁਣ ਕੇ ਗੁੱਸੇ ਵਿਚ ਆ ਗਏ, ਵਾਪਸ ਆ ਕੇ ਉਨ੍ਹਾਂ ਬਾਦਸ਼ਾਹ ਪਾਸ ਉਚਾਰਨ ਕੀਤਾ, "ਉਹ ਆਕੀ ਹੋ ਗਿਆ ਹੈ, ਉਹ ਹੁਣ ਨਹੀਂ ਆਵੇਗਾ, ਸਾਰੇ ਉਸ ਨੂੰ ਮਿਲ ਕੇ ਸਮਝਾਉਂਦੇ ਰਹੇ ਹਾਂ" ॥ ੨੧॥

ਮਾਤ ਨਿਕਟ ਨਰ ਭੇਜਯੋ ਭਲਾ। ਸ੍ਰੀ ਗੁਰ ਤੇਗ ਬਹਾਦਰ ਬਦਲਾ।
ਖੂਨ ਪੁੱਤ੍ਰ ਤੁਮਰੇ ਕਰਿ ਦਯੋ। ਸੋ ਬਖਸ਼ਹੁ ਕਹੁ ਹਮ ਲੇ ਲਯੋ'॥ ੨੨॥

ਫਿਰ ਬਾਦਸ਼ਾਹ ਨੇ ਇਕ ਭਲਾ ਪੁਰਸ਼ ਮਾਤਾ ਜੀ ਪਾਸ ਭੇਜਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਦਲਾ ਬਖਸ਼ੋ ਤੇ ਆਖੋ ਅਸੀਂ ਲੈ ਲਿਆ ਹੈ। ਤੁਹਾਡੇ ਪੁੱਤਰ ਨੇ ਖੂਨ ਕਰ ਦਿੱਤਾ ਹੈ, ਸੋ ਬਖਸ਼ੋ ਕਹੋ ਅਸੀਂ ਲੈ ਲਿਆ ਹੈ"॥ ੨੨॥

ਕਹਯੋ ਮਾਤ 'ਮੈਂ ਲਿਖਯੋ ਬਿਦਾਵਾ। ਪਾਰਕ ਹੁਤੋ ਤਜਯੋ, ਨਹਿਂ ਭਾਵਾ।
ਸੋ ਬਦਲਾ ਲੇਵੈਂਗੇ ਔਰ। ਜਹਾਂ ਹੋਇ ਲੈਬੇ ਕੀ ਠੌਰ॥ ੨੩॥

ਮਾਤਾ ਜੀ ਨੇ ਕਿਹਾ, "ਮੈਂ ਉਸ ਨੂੰ ਬਿਦਾਵਾ ਲਿਖ ਦਿੱਤਾ ਹੈ, ਮੇਰਾ ਪਾਲਕ ਪੁੱਤਰ ਸੀ, ਮੈਂ ਉਸ ਨੂੰ ਛੱਡ ਦਿੱਤਾ ਹੈ, ਮੈਨੂੰ ਨਹੀਂ ਚੰਗਾ ਲੱਗਾ ਹੈ। ਇਸ ਕਰਕੇ ਬਦਲਾ ਹੋਰ ਲਵਾਂਗੇ, ਜਿੱਥੇ ਬਦਲਾ ਲੈਣ ਦਾ ਸਥਾਨ ਹੋਵੇਗਾ॥ ੨੩॥

ਖਤਾ ਅਜੀਤ ਸਿੰਘ ਨੇ ਠਾਨੇ। ਸੋ ਤੁਮ ਜਾਨੋ ਕੈ ਉਹ ਜਾਨੇ।
ਹਮਰੇ ਲਗਿ ਤਿਸ ਕਾਰ ਨ ਕੋਈ। ਬਾਂਛਤਿ ਕਰੇ ਆਪ ਅਰੁ ਸੋਈ'॥ ੨੪॥

ਗ਼ਲਤੀ ਅਜੀਤ ਸਿੰਘ ਨੇ ਕੀਤੀ ਹੈ, ਉਹ ਤੁਸੀਂ ਜਾਣੋ ਜਾਂ ਉਹ ਜਾਣੇ, ਸਾਡੇ ਤਕ ਉਸ ਦਾ ਕੋਈ ਕੰਮ ਨਹੀਂ ਹੈ। ਆਪ ਵੀ ਤੇ ਉਹ ਵੀ ਆਪਣੀ-ਆਪਣੀ ਮਰਜ਼ੀ ਕਰੇ"॥ ੨੪॥

ਸੁਨਿਕੈ ਸ਼ਾਹੁ ਕੋਪ ਕਰਿ ਭਾਰੋ। ਸਭਿ ਮਹਿਂ ਬਿਦਤੀ ਹੁਕਮ ਉਚਾਰੋ।
'ਦੋ ਪਲਟਨ ਪਹੁੰਚਹਿ ਇਸ ਕਾਲਾ। ਲਰਹਿ ਲਰਹੁ, ਨਹਿਂ ਕੀਜੈ ਟਾਲਾ॥੨੫॥

ਇਹ ਸੁਣ ਕੇ ਬਾਦਸ਼ਾਹ ਨੇ ਬਹੁਤ ਗੁੱਸਾ ਕੀਤਾ, ਸਾਰਿਆਂ ਵਿਚ ਪ੍ਰਗਟ ਰੂਪ ਵਿਚ ਹੁਕਮ ਸੁਣਾਇਆ, "ਇਸ ਸਮੇਂ ਉਥੇ ਦੋ ਪਲਟਨਾਂ ਲੈ ਕੇ ਪਹੁੰਚੋ। ਜੇ ਲੜੇ ਤਾਂ ਲੜੋ, ਨਹੀਂ ਤਾਂ ਯੁੱਧ ਨਾ ਕਰੋ॥ ੨੫॥

ਜਬਿ ਲੌ ਪਕਰਯੋ ਜਾਇ ਨ, ਮਾਰੋ। ਭਿਰਹਿ ਆਪ, ਹੱਥਜਾਰ ਪ੍ਰਹਾਰੋ'।
ਤਤਛਿਨ ਸੈਨ ਚਲੀ ਤਹਿਂ ਆਈ। ਸੁਨੀ ਅਜੀਤ ਸਿੰਘ ਬਹਿਰਾਈ॥ ੨੬॥

ਜਦ ਤਕ ਫੜਿਆ ਨਹੀਂ ਜਾਂਦਾ ਹੈ, ਮਾਰੋ। ਜੇ ਆਪ ਭਿੜੇ ਤਾਂ ਹਥਿਆਰ ਚਲਾ ਕੇ ਵਾਰ ਕਰੋ।" ਤੁਰਤ ਸੈਨਾ ਉਥੇ ਚਲ ਕੇ ਆ ਗਈ, ਜਦ ਅਜੀਤ ਸਿੰਘ ਨੇ ਇਸ ਬਾਰੇ ਸੁਣਿਆ ਤਾਂ ਕੰਬ ਗਿਆ॥ ੨੬॥

ਸਿੰਘ ਸਕੇਲੇ ਮਸਲਤ ਕੀਨ। 'ਅਬਿ ਤੋ ਜੰਗ ਕਰਨ ਹੀ ਚੀਨ।
ਲਰਿ ਕਰਿ ਮਰਹਿਂ ਸੁ ਧਰਮ ਹਮਾਰਾ। ਗੀਦਰ ਮੌਤ ਮਰਨ ਬੁਰਿਆਰਾ'॥੨੭॥

ਫਿਰ ਸਿੰਘ ਇਕੱਠੇ ਕਰਕੇ ਉਸ ਸਲਾਹ ਕੀਤੀ, "ਹੁਣ ਤਾਂ ਜੰਗ ਕਰਨੀ ਹੀ ਬਣਦੀ ਹੈ, ਲੜ ਕੇ ਮਰਨਾ ਸਾਡਾ ਧਰਮ ਹੈ, ਗਿੱਦੜਾਂ ਦੀ ਮੌਤੇ ਮਰਨਾ ਬਹੁਤ ਬੁਰਾ ਹੈ"॥ ੨੭॥

ਇੱਤਜਾਦਿਕ ਕਹਿ ਹ੍ਵੈ ਕਰਿ ਗਾਢੇ। ਲਰਨ ਹੇਤੁ ਲੈ ਆਯੁਧ ਠਾਂਢੇ।
ਜਬਹਿ ਫੌਜ ਜਾਨੀ ਨਿਯਰਾਈ। ਪੁੰਜ ਤੁਫੰਗਨਿ ਸਮੁਖ ਚਲਾਈ॥ ੨੮॥

ਇਸ ਪ੍ਰਕਾਰ ਕਹਿ ਦ੍ਰਿੜ੍ਹ ਹੋ ਗਏ, ਯੁੱਧ ਕਰਨ ਵਾਸਤੇ ਹਥਿਆਰ ਲੈ ਕੇ ਖੜੇ ਹੋ ਗਏ। ਜਦ ਇਹ ਜਾਣਿਆ ਕਿ ਫੌਜ ਨੇੜੇ ਆ ਗਈ ਹੈ ਤਾਂ ਸਾਹਮਣੇ ਹੋ ਕੇ ਬਹੁਤ ਬੰਦੂਕਾਂ ਚਲਾਈਆਂ॥ ੨੮॥

ਬਰੇ ਨਿਕੇਤ ਸੁਚੇਤ ਬਿਸਾਲੇ। ਪਰਯੋ ਜੰਗ ਉਠਿ ਸ਼ਬਦ ਕਰਾਲੇ।
ਊਚੇ ਚਢਿ ਓਟੇ ਕਰਿ ਥਿਰੇ। ਜ੍ਵਾਲਾਬਮਣੀ ਛੋਰਤਿ ਖਰੇ॥ ੨੯॥

ਘਰ ਅੰਦਰ ਦਾਖਲ ਹੋ ਕੇ ਬਹੁਤ ਸੁਚੇਤ ਹੋ ਗਏ, ਜੰਗ ਸ਼ੁਰੂ ਹੋ ਗਿਆ ਤੇ ਵਿਕਰਾਲ ਬੰਦੂਕਾਂ ਦੀਆਂ ਉੱਚੀ ਆਵਾਜ਼ਾਂ ਉੱਠਣ ਲੱਗੀਆਂ। ਸਿੰਘ ਉੱਚੀਆਂ ਥਾਵਾਂ ਤੇ ਚੜ੍ਹ ਕੇ ਓਟਾਂ ਲੈ ਕੇ ਬੈਠ ਗਏ ਤੇ ਬੜੇ ਚੰਗੇ ਢੰਗ ਨਾਲ ਬੰਦੂਕਾਂ ਚਲਾਉਂਦੇ ਸਨ॥ ੨੯॥

ਉਤ ਤੇ ਵਹਿਰ ਤੁਰਕ ਸਮੁਦਾਏ। ਰਚੇ ਮੋਰਚੇ ਤੁਪਕ ਚਲਾਏ।
ਮਾਰਿ ਮਾਰਿ ਕਰਿ ਚਹੁੰਦਿਸ਼ਿ ਘੇਰੇ। ਅਧਿਕ ਵਧਹਿਂ ਫੇਰੇ ਫਿਰ ਨੇਰੇ॥ ੩੦॥

ਓਧਰ ਬਾਹਰ ਤੁਰਕ ਇਕੱਠੇ ਹੋਏ ਸਨ, ਉਹ ਵੀ ਮੋਰਚੇ ਬਣਾ ਕੇ ਬੰਦੂਕਾਂ ਚਲਾਉਣ ਲੱਗੇ। ਬੰਦੂਕਾਂ ਚਲਾ ਚਲਾ ਕੇ ਚਾਰੇ ਪਾਸਿਆਂ ਤੋਂ ਘੇਰ ਲਏ। ਬਹੁਤ ਅੱਗੇ ਵਧਦੇ ਸਨ, ਫਿਰ ਫਿਰ ਕੇ ਨੇੜੇ ਆ ਜਾਂਦੇ ਸਨ॥ ੩੦॥

ਅੰਤਰ ਮਾਰਨ ਮਰਨ ਅਰੰਭਾ। ਪਰੇ ਜੰਗ ਨਰ ਕਰੇ ਅਚੰਭਾ।
ਗੋਰੀ ਲਗਿ ਫੋਰੀ ਭਟ ਦੇਹ। ਛੋਰੀ ਤੁਪਕ ਤੁਰਤ ਭਰਿ ਲੇਹਿਂ॥ ੩੧॥

ਅੰਦਰ ਮਰਨ ਮਾਰਨ ਅਰੰਭ ਹੋ ਗਿਆ, ਵੱਡਾ ਯੁੱਧ ਛਿੜ ਗਿਆ ਤੇ ਮਨੁੱਖ ਅਸਚਰਜ ਕੌਤਕ ਕਰਨ ਲੱਗੇ। ਗੋਲੀਆਂ ਲੱਗਣ ਨਾਲ ਸੂਰਬੀਰਾਂ ਦੀਆਂ ਦੇਹੀਆਂ ਪਾਟ ਜਾਂਦੀਆਂ ਸਨ, ਗੋਲੀ ਚਲਾ ਕੇ ਫਿਰ ਦੁਬਾਰਾ ਤੁਰਤ ਹੋਰ ਗੋਲੀਆਂ ਭਰ ਲੈਂਦੇ ਸਨ॥ ੩੧॥

ਢੁਕਹਿਂ ਨੇਰ ਹੇਲਾ ਜਬਿ ਘਾਲਹਿਂ। ਸਮੁਖ ਨਿਕਸਿ ਬਾਹਤਿ ਕਰਵਾਲਹਿਂ।
ਭੁਜਦੰਡਨ ਅਰੁ ਗ੍ਰੀਵਾ ਕਾਟਹਿਂ। ਬਰਜਤਿ ਤਰਜਤਿ ਤਕਿ ਤਕਿ ਡਾਟਹਿਂ॥੩੨॥

ਜਦ ਹਮਲਾ ਕਰਦੇ ਸਨ ਤਾਂ ਨੇੜੇ-ਨੇੜੇ ਹੋ ਜਾਂਦੇ ਸਨ ਤੇ ਸਾਹਮਣੇ ਨਿਕਲ ਕੇ ਤਲਵਾਰਾਂ ਵਾਹੁੰਦੇ ਸਨ। ਬਾਹਾਂ ਅਤੇ ਧੌਣਾਂ ਕੱਟ ਦਿੰਦੇ ਸਨ। ਵਰਜਦੇ, ਰੋਕਦੇ ਸਨ ਤੇ ਤਕ ਤਕ ਕੇ ਡਾਂਟਦੇ ਸਨ॥ ੩੨॥

ਪ੍ਰਥਮ ਦਿਵਸ ਲਰਿ ਸੰਧਜਾ ਪਰੀ। ਭਏ ਤਿਮਰ ਸੈਨਾ ਤਹਿਂ ਥਿਰੀ।
ਟਿਕੇ ਮੋਰਚਨ ਤੁਪਕ ਚਲਾਵਹਿਂ। ਅੰਤਰ ਆਵਨ ਜਾਨ ਨ ਪਾਵਹਿਂ॥ ੩੩॥

ਪਹਿਲੇ ਦਿਨ ਯੁੱਧ ਕਰਦਿਆਂ ਸ਼ਾਮ ਹੋ ਗਈ। ਹਨੇਰਾ ਹੋ ਗਿਆ ਤਾਂ ਸੈਨਾ ਉਥੇ ਹੀ ਬੈਠ ਗਈ। ਮੋਰਚਿਆਂ ਵਿਚ ਟਿਕ ਕੇ ਬੰਦੂਕਾਂ ਚਲਾਉਂਦੇ ਸਨ, ਕੋਈ ਵੀ ਅੰਦਰ ਆ ਜਾ ਨਹੀਂ ਸਕਦਾ ਸੀ॥ ੩੩॥

ਮਾਤ ਸੁੰਦਰੀ ਚਿੰਤ ਘਨੇਰੀ। ਕਰਜੋ ਕੁਕਰਮ ਕੁਪੁੱਤ੍ਰ ਕੁਫੇਰੀ।
ਕੁਛ ਬਸ ਚਲਹਿ ਨ ਅਪਨੋ ਜਾਨਾ। ਦੀਨ ਮਨਾ ਦੁਖ ਲਹਤਿ ਮਹਾਨਾ॥ ੩੪॥

ਮਾਤਾ ਸੁੰਦਰੀ ਜੀ ਨੂੰ ਬੜੀ ਚਿੰਤਾ ਹੋਈ। ਕਪੁੱਤਰ ਨੇ ਵੱਡਾ ਕੁਕਰਮ ਕੀਤਾ ਹੈ। ਆਪਣਾ ਕੁਝ ਵੀ ਵੱਸ ਚਲਦਾ ਨਾ ਜਾਣਿਆ। ਮਨ ਵਿਚ ਦੀਨ ਹੋ ਕੇ ਵੱਡਾ ਦੁਖ ਪਾਉਂਦੇ ਸਨ॥ ੩੪॥

ਪਛੁਤਾਵਤਿ ਸਭਿ ਨਿਸਾ ਬਿਤਾਈ। ਸੰਗਤਿ ਮਿਲਿ ਆਨਿ ਸਮੁਦਾਈ।
ਮਸਤਕ ਟੇਕਿ ਮਾਤ ਸੋਂ ਕਹਜੋ। 'ਹਮਹੁ ਸ਼ਾਹੁ ਤੇ ਡਰ ਬਹੁ ਲਹਜੋ॥ ੩੫॥

ਪਛੁਤਾਉਂਦਿਆਂ ਸਾਰੀ ਰਾਤ ਬਤੀਤ ਕੀਤੀ, ਫਿਰ ਸੰਗਤ ਇਕੱਠੀ ਹੋ ਕੇ ਆ ਕੇ ਮਿਲੀ। ਉਨ੍ਹਾਂ ਨੇ ਮੱਥਾ ਟੇਕ ਕੇ ਮਾਤਾ ਜੀ ਨੂੰ ਕਿਹਾ, 'ਅਸੀਂ ਬਾਦਸ਼ਾਹ ਪਾਸੋਂ ਬਹੁਤ ਡਰ ਮੰਨਿਆ ਹੈ॥ ੩੫॥

ਕਹਾਂ ਕੁਕਰਮ ਕੀਨਿ ਸੁਖ ਹਾਨਾ। ਤੁਮਰੋ ਸ੍ਰਾਪ ਸਾਚ ਹੁਇ ਜਾਨਾ।
ਪ੍ਰਥਮ ਪ੍ਰਿਥਕ ਬੈਠੇ ਇਸ ਥਾਨ। ਕਹਾਂ ਚਿੰਤ, ਕਜੋਂ ਸੋਚਨ ਠਾਨਿ॥ ੩੬॥

ਕੈਸਾ ਕੁਕਰਮ ਕੀਤਾ ਹੈ, ਸੁਖ ਦੂਰ ਕੀਤਾ ਹੈ, ਤੁਹਾਡਾ ਸ੍ਰਾਪ ਸੱਚਾ ਹੋ ਜਾਵੇਗਾ, ਇਹ ਜਾਣਿਆ ਹੈ। ਪਹਿਲਾਂ ਵੱਖ ਹੋ ਕੇ ਆਪ ਇਸ ਥਾਂ ਬੈਠੇ ਸੀ। ਚਿੰਤਾ ਕਿਉਂ ਕਰਦੇ ਹੋ, ਕਿਉਂ ਇਸ ਬਾਰੇ ਸੋਚਦੇ ਹੋ'॥ ੩੬॥

ਇੱਤਜਾਦਿਕ ਦੇ ਧੀਰਜ ਗਏ। ਤਊ ਮਹਾਂ ਦੁਖ ਚਿਤ ਉਪਜਏ।
ਲਰਤਿ ਅਜੀਤ ਸਿੰਘ ਬਿਚ ਘਰ ਕੇ। ਵਹਿਰ ਤੁਰਕ ਘੇਰਤਿ ਫਿਰ ਫਿਰਿਕੇ ॥੩੭॥

ਇਸ ਪ੍ਰਕਾਰ ਉਹ ਧੀਰਜ ਦੇ ਕੇ ਗਏ, ਫਿਰ ਵੀ ਮਾਤਾ ਜੀ ਦੇ ਚਿੱਤ ਵਿਚ ਵੱਡਾ ਦੁਖ ਪ੍ਰਗਟ ਹੋਇਆ। ਅਜੀਤ ਸਿੰਘ ਘਰ ਦੇ ਵਿਚ ਲੜ ਰਿਹਾ ਹੈ, ਬਾਹਰ ਤੁਰਕਾਂ ਨੇ ਫਿਰ ਫਿਰ ਕੇ ਘੇਰਾ ਪਾਇਆ ਹੋਇਆ ਹੈ॥ ੩੭॥

ਕਿਤਿਕ ਗਏ ਮਰਿ ਬਾਹਿਰ ਲਰਿਤੇ। ਕਿਤਿਕ ਸਿੰਘ ਅੰਤਰ ਲਰਿ ਮਰਿਤੇ।
ਬਾਸੁਰ ਸਰਬ ਲਰੇ ਹਤਿ ਗੋਰੀ। ਢੁਕੇ ਨੇਰ ਦੇ ਤਨ ਕੋ ਫੋਰੀ॥ ੩੮॥

ਬਾਹਰ ਲੜਦੇ ਕਈ ਮਰ ਗਏ ਸਨ, ਕਈ ਸਿੰਘ ਲੜ ਕੇ ਅੰਦਰ ਮਰ ਜਾਂਦੇ ਸਨ। ਸਾਰਾ ਦਿਨ ਬਹੁਤ ਗੋਲੀਆਂ ਚਲਾ ਚਲਾ ਲੜਦੇ ਰਹੇ ਸਨ। ਨੇੜੇ ਢੁਕ ਕੇ ਸਰੀਰਾਂ ਨੂੰ ਪਾੜਦੇ ਸਨ॥ ੩੮॥

ਖੋਦਿ ਮੋਰਚੇ ਓਟੇ ਕਰਿ ਕੇ। ਨਿਕਟ ਹੋਤਿ ਘਰਿ ਕੇ ਦੁਰ ਦੁਰ ਕੇ।
ਦੂਸਰ ਦਿਵਸ ਬਿਤੀਤਜੋ ਲਰਤੇ। ਫਿਰਤ ਘਿਰਤ ਗਨ ਮਾਰਤਿ ਮਰਤੇ॥੩੯॥

ਮੋਰਚੇ ਪੁੱਟ ਕੇ ਓਟਾਂ ਬਣਾਉਂਦੇ ਸਨ ਤੇ ਲੁਕ ਲੁਕ ਕੇ ਘਰ ਦੇ ਨੇੜੇ ਹੁੰਦੇ ਸਨ। ਇਸ ਪ੍ਰਕਾਰ ਲੜਦਿਆਂ ਦੂਸਰਾ ਦਿਨ ਵੀ ਬੀਤ ਗਿਆ, ਫਿਰ ਤੁਰ ਕੇ ਘੇਰ ਕੇ ਮਾਰਦੇ ਅਤੇ ਮਰਦੇ ਸਨ॥ ੩੯॥

ਸੰਧਯਾ ਭਈ ਤਿਮਰ ਗਨ ਛਾਯੋ। ਜਾਨਯੋਂ ਸਿੰਘਨ 'ਮਰਨੋ ਆਯੋ।
ਲਸ਼ਕਰ ਕਹਾਂ ਦੀਹ ਪਤਿਸ਼ਾਹੀ। ਕਹਾਂ ਸਿੰਘ ਹਮ ਪੁਨ ਪੁਰਿ ਮਾਂਹੀ॥੪੦॥

ਸ਼ਾਮ ਹੋਣ ਤੇ ਬਹੁਤ ਹਨੇਰਾ ਛਾ ਗਿਆ, ਸਿੰਘਾਂ ਜਾਣਿਆ ਹੁਣ ਮਰਨਾ ਆ ਗਿਆ ਹੈ। ਬਾਦਸ਼ਾਹੀ ਬਹੁਤ ਵੱਡਾ ਲਸ਼ਕਰ ਹੈ, ਅਸੀਂ ਸਿੰਘ ਉਨ੍ਹਾਂ ਅੱਗੇ ਕੀ ਹਾਂ, ਫਿਰ ਸ਼ਹਿਰ ਵਿਚ ਹੋਰ ਕਿੰਨੇ ਕੁ ਸਿੰਘ ਹਨ॥ ੪੦॥

ਜੇਤਿਕ ਹਮ ਤੇ ਜੈ ਹਹਿਂ ਮਾਰੇ। ਹੱਥਜਾਰਨਿ ਤੇ ਕਰਹਿਂ ਪ੍ਰਹਾਰੇ।
ਪੁਨ ਮਰਿ ਰਹਹਿਂ ਨ ਹੁਇ ਕੁਛ ਫੇਰ। ਤੁਰਕਨਿ ਗਨ ਹਮ ਲੀਨੇ ਘੇਰ' ॥੪੧॥

ਜਿੰਨੇ ਵੈਰੀ ਸਾਥੋਂ ਮਾਰੇ ਜਾਣਗੇ, ਮਾਰਾਂਗੇ, ਹਥਿਆਰਾਂ ਦੇ ਵਾਰ ਕਰਾਂਗੇ। ਫਿਰ ਮਰ ਰਹਾਂਗੇ, ਫਿਰ ਹੋਰ ਕੁਝ ਵੀ ਨਹੀਂ ਹੋ ਸਕੇਗਾ, ਬਹੁਤ ਤੁਰਕਾਂ ਨੇ ਸਾਨੂੰ ਘੇਰ ਲਿਆ ਹੈ' ॥ ੪੧॥

ਅਸ ਹਠਿ ਕਰਿ ਕੈ ਭਿਰੇ ਜੁਝਾਰੇ। ਪਰਹਿਂ ਸ਼ੇਰ ਸਮ ਮੁਖ ਭਭਕਾਰੇ।
ਤੁਰਕ ਤੁਪਕ ਗਹਿ ਚਹੁਂ ਦਿਸ਼ਿ ਢੂਕੇ। ਪਾਵਤਿ ਨੇਰ ਮਾਰ ਕਹਿਂ ਕੂਕੇ॥੪੨॥

ਇਸ ਪ੍ਰਕਾਰ ਹਠ ਕਰਕੇ ਜੁਝਾਰੂਆਂ ਨੇ ਭੇੜ ਕੀਤਾ, ਮੂੰਹ ਤੋਂ ਭਭਕਾਰੇ ਮਾਰ ਕੇ ਸ਼ੇਰਾਂ ਵਾਂਗ ਪੈਂਦੇ ਸਨ। ਤੁਰਕ ਬੰਦੂਕਾਂ ਫੜ ਕੇ ਚਾਰੇ ਪਾਸੇ ਢੁਕ ਆਏ ਸਨ, ਜਦ ਨੇੜੇ ਹੁੰਦੇ ਸਨ ਤਾਂ ਮਾਰ ਕਹਿ ਕੇ ਕੂਕਦੇ ਸਨ॥ ੪੨॥

ਸਿੰਘ ਨਿਕਸਿ ਕੈ ਖੜਗ ਪ੍ਰਹਾਰੇਂ। ਹੁਤੇ ਨਿਕਟ ਸੇ ਕਟਿ ਕਟਿ ਡਾਰੇ।
ਪਹਿਲੀ ਰਾਤਿ ਮਚਯੋ ਘਮਸਾਨਾ। ਲੋਥ ਪੋਥਨ ਹਤਿ ਭੇ ਪ੍ਰਾਨਾ॥ ੪੩॥

ਸਿੰਘ ਬਾਹਰ ਨਿਕਲ ਕੇ ਤਲਵਾਰਾਂ ਚਲਾਉਂਦੇ ਸਨ, ਜਿਹੜੇ ਵੀ ਨੇੜੇ ਹੁੰਦੇ ਸਨ, ਉਨ੍ਹਾਂ ਨੂੰ ਕੱਟ-ਕੱਟ ਸੁੱਟ ਦਿੰਦੇ ਸਨ। ਪਹਿਲੀ ਰਾਤ ਘਮਸਾਨ ਦਾ ਜੰਗ ਮਚਿਆ ਸੀ। ਲੋਥਾਂ ਉੱਪਰ ਲੋਥਾਂ ਚੜ੍ਹ ਗਈਆਂ ਸਨ ਤੇ ਮਾਰ ਮਾਰ ਪ੍ਰਾਣ ਰਹਿਤ ਕਰ ਦਿੱਤੇ ਸਨ॥ ੪੩॥

ਨਿਜ ਨਿਜ ਥਾਨ ਥਿਰੇ ਹੁਇ ਠਾਂਢੇ। ਆਯੁਧ ਗਹੇ ਹਤਨ ਰਿਪੁ ਗਾਢੇ।
ਤੀਨ ਪਹਿਰ ਇਮ ਰਾਤਿ ਬਿਤਾਈ। ਕਿਤਿਕ ਮਰੇ ਭਟ ਕਿਹ ਦੁਚਿਤਾਈ॥੪੪॥

ਫਿਰ ਆਪਣੇ-ਆਪਣੇ ਸਥਾਨਾਂ ਤੇ ਬੈਠ ਕੇ ਆਰਾਮ ਕੀਤਾ। ਵੱਡੇ ਵੈਰੀ ਨੂੰ ਮਾਰਨ ਵਾਸਤੇ ਹਥਿਆਰ ਫੜੇ ਸਨ। ਤਿੰਨ ਪਹਿਰ ਇਸ ਪ੍ਰਕਾਰ ਰਾਤ ਬਤੀਤ ਕੀਤੀ। ਕਈ ਸੂਰਬੀਰ ਮਰ ਗਏ ਸਨ, ਕਈ ਬਹੁਤ ਘਬਰਾਏ ਹੋਏ ਸਨ॥ ੪੪॥

*ਦੂਸਰੇ ਐਨ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

## ਅਧਿਆਇ ਬੱਤੀਵਾਂ

*ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ, ਮਾਤਾ ਜੀ ਮਥਰਾ ਆਏ*

ਦੋਹਰਾ- ਚਿਤ ਅਜੀਤ ਸਿੰਘ ਦੁਖ ਲਹਜੋ ਲਖਜੋ 'ਮਰਨ ਬਨਿ ਆਇ।
ਕਿਮ ਬਚਿ ਹੋਂ ਅਬਿ ਸ਼ਾਹੁ ਤੇ ਘੇਰੋ ਪਰਜੋ ਜੁ ਆਇ'॥ ੧॥

ਅਜੀਤ ਸਿੰਘ ਨੇ ਚਿੱਤ ਵਿਚ ਬਹੁਤ ਦੁਖ ਪਾਇਆ, ਉਹ ਸਮਝ ਗਿਆ ਕਿ ਹੁਣ ਮਰਨਾ ਆ ਬਣਿਆ ਹੈ, ਹੁਣ ਕਿਵੇਂ ਬਚ ਸਕਦਾ ਹਾਂ, ਬਾਦਸ਼ਾਹੀ ਫੌਜਾਂ ਨੇ ਆ ਕੇ ਘੇਰਾ ਪਾਇਆ ਹੋਇਆ ਹੈ॥੧॥

ਚੌਪਈ- ਨਿਜ ਇਸਤ੍ਰੀ ਅਰੁ ਪੁੱਤ੍ਰ ਨਿਹਾਰਾ। ਤਿਨਹੁਂ ਸੰਗ ਹੁਇ ਨਿਕਟ ਉਚਾਰਾ।
'ਫਟੇ ਮਲੀਨ ਧਾਰਿ ਕੈ ਚੀਰ। ਤਿਨ ਤੇ ਲੇਹੁ ਅਛਾਦਿ ਸਰੀਰ॥ ੨॥

ਫਿਰ ਉਸ ਆਪਣੀ ਇਸਤਰੀ ਅਤੇ ਪੁੱਤਰ ਨੂੰ ਵੇਖਿਆ, ਉਨ੍ਹਾਂ ਦੇ ਪਾਸ ਹੋ ਕੇ ਉਚਾਰਨ ਕੀਤਾ, "ਮੈਲੇ ਫਟੇ ਕੱਪੜੇ ਪਹਿਣ ਕੇ, ਉਨ੍ਹਾਂ ਨਾਲ ਆਪਣਾ ਸਰੀਰ ਢੱਕ ਲਵੋ॥ ੨॥

ਨਿਕਸਿ ਜਾਹੁ ਮਾਤਾ ਕੇ ਪਾਸ। ਤਹਿਂ ਦੁਰਿ ਰਹੀਜਹਿ ਬੀਚ ਅਵਾਸ।
ਤੁਮਹਿ ਬਚਾਵਨ ਹੇਤੁ ਉਪਾਇ। ਮਾਤ ਬਿਨਾ ਤੇ ਹੋਇ ਨ ਕਾਇ'॥੩॥

ਨਿਕਲ ਕੇ ਮਾਤਾ ਜੀ ਦੇ ਪਾਸ ਚਲੇ ਜਾਵੋ, ਉਥੇ ਹੀ ਘਰ ਵਿਚ ਲੁਕ ਕੇ ਰਹੋ। ਤੁਹਾਨੂੰ ਬਚਾਉਣ ਵਾਸਤੇ ਹੋਰ ਕੋਈ ਉਪਾਅ ਮਾਤਾ ਜੀ ਤੋਂ ਬਗੈਰ ਨਹੀਂ ਹੈ"॥ ੩॥

ਸੁਨਿ ਦੋਨਹੁਂ ਖਿੰਥਰ ਤਨ ਧਾਰੇ। ਚੋਰੀ ਨਿਕਸੇ ਵਹਿਰ ਪਧਾਰੇ।
ਜਬਿ ਤੁਰਕਨ ਕੇ ਬੀਚ ਆਈ। 'ਕੋ ਹੈਂ ਤੂੰ ਕਹੁ ਕਹਾਂ ਸਿਧਾਈ?'॥੪॥

ਇਹ ਸੁਣ ਕੇ ਦੋਵਾਂ ਨੇ ਪਾਟੇ ਪੁਰਾਣੇ ਮੈਲੇ ਕੱਪੜੇ ਪਹਿਣ ਲਏ। ਚੋਰੀ-ਚੋਰੀ ਨਿਕਲ ਕੇ ਬਾਹਰ ਚਲੇ ਗਏ। ਜਦ ਤੁਰਕਾਂ ਦੇ ਵਿਚ ਆਏ ਤਾਂ ਉਨ੍ਹਾਂ ਨੇ ਪੁੱਛਿਆ, "ਤੁਸੀਂ ਕੌਣ ਹੋ ਤੇ ਦੱਸੋ ਕਿੱਥੇ ਚੱਲੇ ਹੋ?"॥ ੪॥

'ਹਮ ਗਰੀਬ ਜਮਨਾ ਕੇ ਤੀਰ। ਜਾਤਿ ਸਪਰਸ਼ਨ ਨੀਰ ਸਰੀਰ'।
ਇਮ ਕਹਿ ਸਦਨ ਮਾਤ ਕੇ ਆਈ। ਰੁਦਤਿ ਬ੍ਰਿਲਾਪਤਿ ਪਰੀ ਸੁ ਪਾਈ॥੫॥

ਅਸੀਂ ਗਰੀਬ ਜਮਨਾ ਦੇ ਕਿਨਾਰੇ ਤੇ ਚੱਲੇ ਹਾਂ, ਉਥੇ ਅਸੀਂ ਪਾਣੀ ਵਿਚ ਇਸ਼ਨਾਨ ਕਰਨ ਚੱਲੇ ਹਾਂ।" ਇਸ ਪ੍ਰਕਾਰ ਕਹਿ ਕੇ ਮਾਤਾ ਜੀ ਦੇ ਘਰ ਆ ਗਏ, ਉਸ ਨੂੰ ਰੋਂਦੀ ਵਿਰਲਾਪ ਕਰਦੀ ਹੋਈ ਨੂੰ ਪਾਇਆ॥ ੫॥

ਹਠੀ ਸਿੰਘ ਕੋ ਗੇਰਿ ਅਗਾਰੀ। ਕਹੀ 'ਪਰੀ ਹਮ ਸ਼ਰਣ ਤਿਹਾਰੀ।
ਰਾਖੇ ਜਾਇਂ ਅਬਹਿ ਜਿਸ ਭਾਂਤਿ। ਕਰਹੁ ਉਪਾਵ ਰਾਖੀਏ ਮਾਤ!'॥ ੬॥

ਹਠੀ ਸਿੰਘ ਨੂੰ ਮਾਤਾ ਜੀ ਅੱਗੇ ਡੇਗ ਕੇ ਅਜੀਤ ਸਿੰਘ ਦੀ ਪਤਨੀ ਕਹਿਣ ਲੱਗੀ, ''ਅਸੀਂ ਤੁਹਾਡੀ ਸ਼ਰਨ ਵਿਚ ਪਏ ਹਾਂ, ਹੁਣ ਜਿਸ ਪ੍ਰਕਾਰ ਰੱਖਿਆ ਜਾਵੇ, ਉਸ ਪ੍ਰਕਾਰ ਹੀ ਉਪਾਅ ਕਰਕੇ ਹੇ ਮਾਤਾ ਜੀ! ਸਾਨੂੰ ਰੱਖ ਲਵੋ''॥ ੬॥

ਘਰ ਪ੍ਰਵਿਸ਼ੇ ਅਵਿਲੋਕੇ ਜਬੈ। ਮਨ ਉਦਬਿਘਨ ਮਾਤ ਭਈ ਤਬੈ।
ਹੋਲ ਉਠਜੋ ਦਿਲ ਧੀਰ ਬਿਨਾਸ਼ੀ। 'ਮੁਹਿ ਬਿਖਾਦ ਦੇਂ ਲਖਿ ਕਰਿ ਪਾਸੀ॥੭॥

ਜਦ ਮਾਤਾ ਜੀ ਨੇ ਘਰ ਦੇ ਅੰਦਰ ਪ੍ਰਵੇਸ਼ ਕਰਦੇ ਵੇਖੇ ਤਾਂ ਮਾਤਾ ਜੀ ਚਿੱਤ ਵਿਚ ਚਿੰਤਾਤੁਰ ਹੋ ਗਈ। ਦਿਲ ਵਿਚ ਹੋਲ ਉੱਠਿਆ ਤੇ ਧੀਰਜ ਖਤਮ ਹੋ ਗਿਆ। ਹਠੀ ਸਿੰਘ ਨੂੰ ਮੇਰੇ ਪਾਸ ਵੇਖ ਕੇ ਤੁਰਕ ਮੈਨੂੰ ਦੁਖ ਦੇਣਗੇ॥ ੭॥

ਰਹਜੋ ਨ ਜਾਇ ਨਿਕਟ ਰਖਿ ਇਨ ਕੋ। ਕਰੋਂ ਨਿਕਾਸਨ, ਹੈਂ ਅਨ ਬਨ ਕੋ।
ਇੱਤਜਾਦਿਕ ਉਰ ਬਹੁਤ ਬਿਚਾਰਾ। ਤਤਛਿਨ ਮੁਖੀਆ ਸਿੱਖ ਹਕਾਰਾ॥ ੮॥

ਇਨ੍ਹਾਂ ਨੂੰ ਪਾਸ ਰੱਖ ਕੇ ਦਿੱਲੀ ਵਿਚ ਰਿਹਾ ਨਹੀਂ ਜਾ ਸਕਦਾ। ਜੇ ਕੱਢ ਦੇਵਾਂ ਤਾਂ ਫੇਰ ਵੀ ਅਣਬਣ ਹੈ ਭਾਵ ਵਾਜਬ ਨਹੀਂ ਬਣਦਾ ਹੈ। ਇਸ ਪ੍ਰਕਾਰ ਚਿੱਤ ਵਿਚ ਬਹੁਤ ਵਿਚਾਰ ਕੀਤੀ। ਤੁਰਤ ਸਿੱਖਾਂ ਦੇ ਮੁਖੀ ਨੂੰ ਬੁਲਾਇਆ॥ ੮॥

ਕਹਜੋ ਭੇਤ ਸਭਿ, ਸਜੰਦਨ ਚਰੀ। ਦੋਨ ਚਢਾਇ ਸੰਗ ਚਲਿ ਪਰੀ।
ਪੁਰਿ ਤੇ ਨਿਕਸੀ ਤੁਰਤ ਸਿਧਾਈ। ਦ੍ਵੈ ਦਿਨ ਬਿਤੇ ਭਰਤਗੜ੍ਹ ਆਈ॥ ੯॥

ਉਨ੍ਹਾਂ ਨੂੰ ਭੇਦ ਦੱਸ ਕੇ ਰੱਥ ਵਿਚ ਚੜ੍ਹ ਗਈ ਤੇ ਦੋਹਾਂ ਨੂੰ ਆਪਣੇ ਪਾਸ ਬਿਠਾ ਕੇ ਚਲ ਪਈ। ਨਗਰ ਵਿਚੋਂ ਨਿਕਲ ਕੇ ਤੁਰਤ ਚਲੀ ਗਈ। ਦੋ ਦਿਨ ਬੀਤਣ ਬਾਅਦ ਭਰਤਗੜ੍ਹ ਆ ਗਈ॥ ੯॥

ਭਈ ਪ੍ਰਭਾਤ ਲਰਤਿ ਪੁਰਿ ਮਾਂਹੀ। ਡਰਤਿ ਅਜੀਤ ਸਿੰਘ ਪਿਖਿ ਤਾਂਹੀ।
ਪਰਜੋ ਘਮੰਡ ਤੁਫੰਗਨਿ ਕੇਰਾ। ਅਰਧਕ ਸਿੰਘ ਮਰੇ ਤਿਸ ਬੇਰਾ॥ ੧੦॥

ਨਗਰ ਵਿਚ ਯੁੱਧ ਕਰਦਿਆਂ ਸਵੇਰ ਹੋ ਗਈ। ਇਸ ਨੂੰ ਵੇਖ ਕੇ ਅਜੀਤ ਸਿੰਘ ਬਹੁਤ ਡਰ ਗਿਆ। ਬੰਦੂਕਾਂ ਦਾ ਵੱਡਾ ਘਮਸਾਣ ਪੈ ਗਿਆ ਸੀ, ਉਸ ਸਮੇਂ ਅੱਧੇ ਸਿੰਘ ਮਰ ਗਏ ਸਨ॥੧੦॥

ਤ੍ਰਸਤਿ ਹਿਰਾਸਜੋ, ਧੀਰ ਨ ਰਹੀ। 'ਛਪੋਂ ਜਾਇ ਕਰਿ ਭਾਜੋਂ ਕਹੀਂ'।
ਬਹੁਤ ਬਿਚਾਰਤਿ ਕਾਤੁਰ ਹੋਵਾ। ਘੇਰੋ ਚਹੁੰ ਦਿਸ਼ਿ ਮਹਿਂ ਦਿਢ ਜੋਵਾ॥ ੧੧॥

ਡਰਦਾ ਹੋਇਆ ਅਜੀਤ ਸਿੰਘ ਬਹੁਤ ਘਬਰਾ ਗਿਆ ਤੇ ਧੀਰਜ ਨਾ ਰਿਹਾ। ਉਸ ਸੋਚਿਆ ''ਮੈਂ ਭੱਜ ਕੇ ਕਿਤੇ ਜਾ ਕੇ ਛੁੱਪ ਜਾਂਦਾ ਹਾਂ।'' ਇਹ ਵਿਚਾਰਦਾ ਬਹੁਤ ਕਾਇਰ ਬਣ ਗਿਆ, ਉਸ ਨੇ ਵੇਖਿਆ ਚਾਰੇ ਪਾਸੇ ਸਖਤ ਘੇਰਾ ਪਿਆ ਹੋਇਆ ਸੀ॥੧੧॥

ਰਹੇ ਨਿਕਟ ਭਟ ਰਣ ਹਿਤ ਥੋਰੇ। ਢੁਕੇ ਤੁਰਕ ਤੀਰ ਚਹੂੰ ਓਰੇ।
ਨੀਠ ਨੀਠ ਸੰਧਜਾ ਲਗਿ ਲਰੇ। ਦਸਕ ਸਿੰਘ ਰਹਿਗੇ, ਸਭਿ ਮਰੇ॥ ੧੨॥

ਯੁੱਧ ਵਾਸਤੇ ਪਾਸ ਬਹੁਤ ਥੋੜੇ ਸੂਰਬੀਰ ਰਹਿ ਗਏ ਸਨ, ਤੁਰਕ ਚਾਰੇ ਪਾਸੇ ਬਹੁਤ ਨੇੜੇ ਢੁਕ ਆਏ ਸਨ। ਮਸੀਂ-ਮਸੀਂ ਸ਼ਾਮ ਤਕ ਲੜੇ। ਦਸ ਕੁ ਸਿੰਘ ਰਹਿ ਗਏ, ਬਾਕੀ ਸਭ ਮਾਰੇ ਗਏ॥੧੨॥

ਕਰੀ ਸ਼ੀਘ੍ਰਤਾ ਚਰਨ ਅਜਾਹਰ। ਨਿਕਸਿ ਅਜੀਤ ਸਿੰਘ ਗਾ ਬਾਹਰ।
ਭੁਸ ਬੇਚਤਿ ਜੋ ਬ੍ਰਿੰਦ ਕਲਾਲ। ਹੁਤੇ ਸਿੱਖ ਤਿਸ ਕੇ ਪੁਰਿ ਜਾਲ॥ ੧੩॥

ਅਜੀਤ ਸਿੰਘ ਨੇ ਗੁਪਤ ਰੂਪ ਵਿਚ ਚਲਣ ਦੀ ਬੜੀ ਕਾਹਲੀ ਕੀਤੀ। ਉਹ ਨਿਕਲ ਕੇ ਬਾਹਰ ਚਲਾ ਗਿਆ। ਜਿਹੜੇ ਕਲਾਲ ਤੂੜੀ ਵੇਚਦੇ ਸਨ, ਉਹ ਸਾਰੇ ਹੀ ਉਸਦੇ ਸਿੱਖ ਸਨ॥੧੩॥

ਤਿਨਕੇ ਸਦਨ ਜਾਇ ਕਰਿ ਵਰਜੋ। ਕੋਸ਼ਠ ਮਹਿਂ ਭੁਸ ਤਿਸ ਬਿਚ ਦੁਰਜੋ।
ਪੀਛੇ ਸਿੰਘ ਕਤਲ ਸਭਿ ਕਰੇ। ਲੂਟਜੋ ਸਦਨ ਤੁਰਕ ਗਨ ਬਰੇ॥ ੧੪॥

ਉਨ੍ਹਾਂ ਵਿਚੋਂ ਕਿਸੇ ਇਕ ਦੇ ਘਰ ਜਾ ਵੜਿਆ, ਇਕ ਕੋਠੜੀ ਵਿਚ ਤੂੜੀ ਪਈ ਸੀ, ਉਸ ਵਿਚ ਜਾ ਕੇ ਲੁਕ ਗਿਆ। ਉਸ ਦੇ ਬਾਅਦ ਸਾਰੇ ਸਿੰਘ ਕਤਲ ਕਰ ਦਿੱਤੇ, ਬਹੁਤ ਤੁਰਕਾਂ ਨੇ ਅੰਦਰ ਵੜ ਕੇ ਘਰ ਨੂੰ ਲੁੱਟ ਲਿਆ॥੧੪॥

ਪ੍ਰਾਤ ਭਈ ਕਹਿ ਸ਼ਾਹੁ ਖੁਜਾਯੋ। ਮਰਜੋ ਅਜੀਤ ਸਿੰਘ ਨਹਿਂ ਪਾਯੋ।
ਬਹੁ ਲੋਗਨ ਮਿਲਿ ਤਬਹਿ ਬਿਚਾਰਾ। ਲਰਤਿ ਨ ਇਸ ਥਲ ਮਹਿਂ ਰਿਪੁ ਮਾਰਾ॥੧੫॥

ਸਵੇਰ ਹੋਈ ਤਾਂ ਬਾਦਸ਼ਾਹ ਨੂੰ ਕਹਿ ਕੇ ਖੋਜ ਕਰਵਾਈ। ਮਰੇ ਹੋਏ ਅਜੀਤ ਸਿੰਘ ਨੂੰ ਨਹੀਂ ਪਾਇਆ ਹੈ। ਬਹੁਤ ਤੁਰਕਾਂ ਨੇ ਫਿਰ ਮਿਲ ਕੇ ਵਿਚਾਰ ਕੀਤੀ। ਜੋ ਇਸ ਥਾਂ ਲੜਦਿਆਂ ਵੈਰੀ ਨੂੰ ਨਹੀਂ ਮਾਰਿਆ ਹੈ॥੧੫॥

ਨਿਕਸਿ ਛਪਜੋ ਕਿਸਕੇ ਘਰ ਜਾਈ। ਜੇ ਕਰਿ ਇਹਾਂ ਲੋਥ ਨਹਿਂ ਪਾਈ।
ਸਰਬ ਬ੍ਰਿਤੰਤ ਸੁਨਜੋ ਜਬਿ ਸ਼ਾਹੂ। ਦੁਰਜੋ ਨਿਕੇਤ ਕਿਸੀ ਪੁਰਿ ਮਾਂਹੂ॥ ੧੬॥

ਫਿਰ ਉਹ ਨਿਕਲ ਕੇ ਕਿਸੇ ਦੇ ਘਰ ਜਾ ਛੁਪਿਆ ਹੈ, ਜਦ ਕਿ ਏਥੇ ਉਸ ਦੀ ਲੋਥ ਵੀ ਨਹੀਂ ਪਾਈ ਹੈ। ਬਾਦਸ਼ਾਹ ਨੇ ਜਦ ਸਾਰਾ ਬ੍ਰਿਤਾਂਤ ਸੁਣਿਆ ਕਿ ਨਗਰ ਵਿਚ ਕਿਸੇ ਦੇ ਘਰ ਜਾ ਲੁਕਿਆ ਹੈ॥੧੬॥

ਕਹਿ ਕਰਿ ਤਬਿ ਡੌਂਡੀ ਪਿਟਵਾਈ। ਸਭਿ ਪੁਰਿਜਨ ਕੇ ਸ਼੍ਰੋਨਨ ਪਾਈ।
'ਦੁਰਜੋ ਸਦਨ ਜਿਸ, ਆਨ ਬਤਾਵੈ, ਅਬਿ ਬਚ ਰਹੈ, ਨ ਸੰਕਟ ਪਾਵੈ॥ ੧੭॥

ਫਿਰ ਬਾਦਸ਼ਾਹ ਨੇ ਕਹਿ ਕੇ ਡੌਂਡੀ ਪਿਟਵਾਈ, ਸਾਰੇ ਨਗਰ ਵਾਸੀਆਂ ਦੇ ਕੰਨਾਂ ਵਿਚ ਸੁਣਾਈ। ਅਜੀਤ ਸਿੰਘ ਜਿਸ ਦੇ ਵੀ ਘਰ ਵਿਚ ਲੁਕਿਆ ਹੈ, ਉਹ ਸਾਨੂੰ ਆ ਕੇ ਦੱਸੇ, ਹੁਣ ਉਹ ਬਚ ਰਹੇਗਾ ਤੇ ਦੁਖ ਨਹੀਂ ਪਾਵੇਗਾ॥੧੭॥

ਨਾਂਹਿਤ ਜਬਿ ਪੀਛੇ ਹੁਇ ਜ਼ਾਹਿਰ। ਦੈਹੋਂ ਦੰਡ ਨਿਕਾਸੋਂ ਬਾਹਿਰ।
ਫਾਸੀ ਦੇ ਦੇ ਹਤੌਂ ਕੁਟੰਬ। ਬਚਹਿ ਨ ਕੈਸੇ ਲੇਹਿ ਅਲੰਬ'॥ ੧੮॥

ਨਹੀਂ ਤਾਂ ਜਦ ਬਾਅਦ ਵਿਚ ਜ਼ਾਹਿਰ ਹੋਵੇਗਾ ਤਾਂ ਉਸ ਨੂੰ ਬਾਹਰ ਕੱਢ ਕੇ ਵੱਡੀ ਸਜ਼ਾ ਦੇਵਾਂਗੇ। ਫਾਂਸੀ ਦੇ ਕੇ ਸਾਰਾ ਪਰਿਵਾਰ ਮਾਰ ਦੇਵਾਂਗੇ, ਉਹ ਬਚੇਗਾ ਨਹੀਂ ਤੇ ਕਿਸੇ ਪ੍ਰਕਾਰ ਦਾ ਉਸ ਨੂੰ ਆਸਰਾ ਨਹੀਂ ਮਿਲੇਗਾ'॥੧੮॥

ਸੁਨਿ ਕਲਾਲ ਦਿਲ ਹੌਲ ਬਿਸਾਲਾ। ਜਾਇ ਬਤਾਇ ਦਿਯੋ ਤਿਸ ਕਾਲਾ।
'ਛਪਜੋ ਆਨਿ ਕਰਿ ਹੈ ਘਰਿ ਮੇਰੇ। ਪਠਿ ਦੀਜੈ ਮੁਝ ਸੰਗ ਘਨੇਰੇ'॥ ੧੯॥

ਜਦ ਉਸ ਕਲਾਲ ਨੇ ਸੁਣਿਆ ਜਿਸ ਦਾ ਦਿਲ ਪਹਿਲਾਂ ਹੀ ਬੜਾ ਹੌਲਾ ਸੀ, ਤਾਂ ਉਸ ਨੇ ਉਸੇ ਸਮੇਂ ਜਾ ਕੇ ਦੱਸ ਦਿੱਤਾ। ਉਹ ਕਹਿਣ ਲੱਗਾ, "ਮੇਰੇ ਘਰ ਵਿਚ ਆ ਕੇ ਛੁਪਿਆ ਹੈ, ਮੇਰੇ ਨਾਲ ਕੁਝ ਸਿਪਾਹੀ ਭੇਜ ਦੇਵੋ"॥੧੯॥

ਲੇ ਕਰਿ ਗਮਨਜੋ ਸਾਤ ਸਿਪਾਹੀ। ਜਾਇ ਦਿਖਾਯੋ ਨਿਜ ਘਰ ਮਾਂਹੀ।
ਗਹਿ ਲੀਨੋ ਤਹਿਂ ਤੇ ਤਤਕਾਲਾ। ਪਹੁੰਚੇ ਸ਼ਾਹੁ ਨਿਕਟ ਨਰ ਜਾਲਾ॥ ੨੦॥

ਉਹ ਸਤ ਸਿਪਾਹੀ ਲੈ ਕੇ ਚਲੇ ਗਿਆ ਤੇ ਅਜੀਤ ਸਿੰਘ ਨੂੰ ਆਪਣੇ ਘਰ ਵਿਚ ਜਾ ਵਿਖਾਇਆ। ਉਨ੍ਹਾਂ ਸਿਪਾਹੀਆਂ ਨੇ ਤੁਰਤ ਫੜ ਲਿਆ ਤੇ ਬਹੁਤ ਮਨੁੱਖ ਉਸ ਨੂੰ ਲੈ ਕੇ ਬਾਦਸ਼ਾਹ ਪਾਸ ਪਹੁੰਚ ਗਏ॥ ੨੦॥

ਹੇਰਤਿ ਹੁਕਮ ਦੀਨ ਰਿਸ ਧਰਿਕੈ। 'ਗਜ ਕੇ ਪਗ ਸੋਂ ਬੰਧਨ ਕਰਿਕੈ।
ਬਾਰਿ ਬਾਰਿ ਪੁਰਿ ਗਰੀਅਨਿ ਫੇਰੋ। ਨਿਕਸੈਂ ਪ੍ਰਾਨ ਵਹਿਰ ਤਬਿ ਗੇਰੋ' ॥ ੨੧ ॥

ਵੇਖ ਕੇ ਬਾਦਸ਼ਾਹ ਨੇ ਗੁੱਸਾ ਧਾਰ ਕੇ ਹੁਕਮ ਦਿੱਤਾ, "ਇਸ ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਦੇਵੋ। ਨਗਰ ਦੇ ਹਰ ਦਰਵਾਜ਼ੇ, ਹਰ ਗਲੀ ਵਿਚ ਇਸ ਨੂੰ ਫੇਰੋ। ਜਦ ਇਸ ਦੇ ਪ੍ਰਾਣ ਨਿਕਲ ਜਾਣ ਤਾਂ ਬਾਹਰ ਸੁੱਟ ਦੇਵੋ"॥ ੨੧॥

ਪਾਇ ਦਾਮ ਦਿਢ ਬੰਧਨ ਕਰਜੋ। ਕੁੰਚਰ ਸੰਗਿ ਬੰਧੇ ਪੁਰਿ ਫਿਰਜੋ।
ਐਂਚਤਿ ਚਰਨ ਘਸੀਟਤਿ ਚਲਜੋ। ਹੇਰਨ ਹੇਤ ਪੁੰਜ ਨਰ ਮਿਲਜੋ॥ ੨੨ ॥

ਸ਼ਾਹੀ ਸਿਪਾਹੀਆਂ ਨੇ ਰੱਸੇ ਲੈ ਕੇ ਉਸ ਨੂੰ ਹਾਥੀ ਦੇ ਪੈਰ ਨਾਲ ਚੰਗੀ ਤਰ੍ਹਾਂ ਬੰਨ੍ਹ ਦਿੱਤਾ। ਹਾਥੀ ਦੇ ਪੈਰ ਨਾਲ ਬੰਨ੍ਹਿਆ ਹੋਇਆ ਨਗਰ ਵਿਚ ਫਿਰਿਆ। ਹਾਥੀ ਉਸ ਨੂੰ ਖਿਚਦਾ ਪੈਰ ਘਸੀਟਦਾ ਤੁਰਿਆ ਜਾਂਦਾ ਸੀ, ਉਸ ਨੂੰ ਵੇਖਣ ਵਾਸਤੇ ਬਹੁਤ ਲੋਕ ਆ ਆ ਮਿਲੇ॥ ੨੨॥

ਹਾਇ ਹਾਇ ਕਰਿ ਬਹੁ ਬਿਲਲਾਯੋ। ਮਾਤਾ ਸ੍ਰਾਪ ਦੀਨ ਚਿਤ ਆਯੋ।
ਰਿਦੇ ਬਿਸੂਰਤਿ ਬਹੁ ਦੁਖ ਪਾਵੈ। ਉਤਰਜੋ ਮਾਸ ਹਾਡ ਦ੍ਰਿਸ਼ਟਾਵੈਂ॥ ੨੩ ॥

ਹਾਇ-ਹਾਇ ਕਰਕੇ ਬਹੁਤ ਚੀਕਿਆ, ਮਾਤਾ ਜੀ ਦਾ ਦਿੱਤਾ ਹੋਇਆ ਸ੍ਰਾਪ ਚਿੱਤ ਵਿਚ ਯਾਦ ਆਇਆ। ਮੁਰਝਾਏ ਹੋਏ ਹਿਰਦੇ ਨਾਲ ਬਹੁਤ ਦੁਖ ਪਾ ਰਿਹਾ ਸੀ। ਸਰੀਰ ਦਾ ਸਾਰਾ ਮਾਸ ਉੱਚੜ ਗਿਆ ਸੀ ਤੇ ਹੱਡ ਦਿਖਾਈ ਦਿੰਦੇ ਸਨ॥ ੨੩॥

ਸਗਰੇ ਦਿਨ ਮਹਿਂ ਫੇਰਨਿ ਕਰਜੋ। ਗਰੀ ਬਜਾਰਨ ਮਹਿਂ ਗਜ ਫਿਰਜੋ।
ਤਊ ਨ ਨਿਕਸੇ ਪ੍ਰਾਨ ਤਿਸੀ ਕੇ। ਬਹੁ ਦੁਖ ਪਾਵਨ ਸ੍ਰਾਪ ਜਿਸੀ ਕੇ॥ ੨੪ ॥

ਸਾਰਾ ਦਿਨ ਉਸ ਨੂੰ ਫੇਰਦੇ ਰਹੇ। ਗਲੀਆਂ ਬਜ਼ਾਰਾਂ ਵਿਚ ਹਾਥੀ ਫਿਰਿਆ। ਫਿਰ ਵੀ ਉਸ ਦੇ ਪ੍ਰਾਣ ਨਾ ਨਿਕਲੇ, ਜਿਸ ਨੂੰ ਬਹੁਤ ਦੁਖ ਪਾਉਣ ਦਾ ਸ੍ਰਾਪ ਦਿੱਤਾ ਹੋਇਆ ਸੀ॥ ੨੪॥

ਨਿਕਸਜੋ ਸੰਧਜਾ ਮੈਂ ਪੁਰਿ ਬਾਹਰ। ਗਏ ਪਹਾਰੀ ਲਘੁ ਜਿਸ ਠਾਹਰ।
ਊਚ ਨੀਚ ਥਲ ਪਰ ਜਬਿ ਫਿਰਜੋ। ਤਬਿ ਸਿਰ ਪਗ ਤਰਿ ਦਬਿ ਫੁਟ ਪਰਜੋ॥੨੫ ॥

ਹਾਥੀ ਫਿਰ ਸ਼ਾਮ ਨੂੰ ਨਗਰ ਵਿਚੋਂ ਬਾਹਰ ਨਿਕਲਿਆ ਤੇ ਇਕ ਛੋਟੀ ਪਹਾੜੀ ਤੇ ਚਲਾ ਗਿਆ, ਉਥੇ ਹਾਥੀ ਜਦ ਉੱਚੇ ਨੀਵੇਂ ਥਾਂ ਫਿਰਿਆ ਤਾਂ ਅਜੀਤ ਸਿੰਘ ਦਾ ਸਿਰ ਹਾਥੀ ਦੇ ਪੈਰ ਥੱਲੇ ਆ ਕੇ ਦੱਬ ਗਿਆ ਤੇ ਸਿਰ ਫੁਟ ਗਿਆ॥ ੨੫॥

ਇਮ ਦਿੱਲੀ ਪੁਰਿ ਮਹਿਂ ਸੋ ਮਾਰਾ। ਸਿੱਖਨਿ ਮਹਾਂ ਤ੍ਰਾਸ ਕੋ ਧਾਰਾ।
ਉਤ ਮਾਤਾ ਸੁੰਦਰੀ ਜਬਿ ਗਈ। ਦਿਨ ਦ੍ਵਾਦਸ਼ ਤਹਿਂ ਬਾਸਤਿ ਭਈ॥ ੨੬ ॥

ਇਸ ਪ੍ਰਕਾਰ ਦਿੱਲੀ ਵਿਚ ਉਸਨੂੰ ਮਾਰਿਆ, ਫਿਰ ਸਿੱਖਾਂ ਨੇ ਵੱਡਾ ਡਰ ਧਾਰਨ ਕੀਤਾ। ਓਧਰ ਮਾਤਾ ਸੁੰਦਰੀ ਜੀ ਜਦ ਭਰਤਗੜ੍ਹ ਗਏ ਤਾਂ ਬਾਰ੍ਹਾਂ ਦਿਨ ਉਥੇ ਠਹਿਰੇ॥ ੨੬॥

ਭਈ ਨਰੇਸ਼ੁਰ ਕੋ ਸੁਧਿ ਤਹਾਂ। ਗੁਰ ਪਤਨੀ ਪਹੁੰਚੀ ਪੁਰਿ ਇਹਾਂ।
ਸ਼ਾਹੁ ਸੰਗ ਕੁਛ ਬਿਗਰੀ ਬਾਤ। ਪਾਲਕ ਪਸ਼ਚਾਤੀ ਕਿਯ ਘਾਤ॥ ੨੭॥

ਉਥੇ ਦੇ ਰਾਜੇ ਨੂੰ ਜਦ ਖ਼ਬਰ ਮਿਲੀ ਕਿ ਗੁਰੂ ਜੀ ਦੀ ਪਤਨੀ ਏਥੇ ਨਗਰ ਵਿਚ ਪਹੁੰਚੀ ਹੈ। ਉਨ੍ਹਾਂ ਦੀ ਬਾਦਸ਼ਾਹ ਨਾਲ ਕੁਝ ਗੱਲਬਾਤ ਵਿਗੜੀ ਹੈ ਤੇ ਮਾਤਾ ਜੀ ਦੇ ਚਲੇ ਆਉਣ ਮਗਰੋਂ ਪਾਲਕ ਅਜੀਤ ਸਿੰਘ ਨੂੰ ਬਾਦਸ਼ਾਹ ਨੇ ਮਰਵਾ ਦਿੱਤਾ ਹੈ॥ ੨੭॥

ਡਰਜੋ ਮੂਢ ਨਿਜ ਮਨੁਜ ਪਠਾਯੋ। ਮਾਤ ਸੁੰਦਰੀ ਕੇ ਢਿਗ ਆਯੋ।
ਹਾਥ ਜੋਰਿ ਤਬਿ ਬਾਤ ਸੁਨਾਈ। 'ਕਰਹੁ ਨ ਅਪਨਿ ਬਾਸ ਇਸ ਥਾਂਈ॥੨੮॥

ਭਰਤਗੜ੍ਹ ਦਾ ਮੂਰਖ ਰਾਜਾ ਬਹੁਤ ਡਰ ਗਿਆ ਤੇ ਉਸ ਨੇ ਇਕ ਮਨੁੱਖ ਨੂੰ ਭੇਜਿਆ ਜਿਹੜਾ ਮਾਤਾ ਸੁੰਦਰੀ ਜੀ ਦੇ ਪਾਸ ਆਇਆ। ਉਸ ਨੇ ਹੱਥ ਜੋੜ ਕੇ ਗੱਲ ਸੁਣਾਈ, "ਏਥੇ ਆਪਣਾ ਵਾਸਾ ਨਾ ਕਰੋ॥ ੨੮॥

'ਸ਼ਾਹੁ ਕੇ ਸੰਗ ਬਿਗਾਰ ਤੁਹਾਰਾ'। ਸੁਨਿ ਭੂਪਤਿ ਨੇ ਤ੍ਰਾਸ ਬਿਚਾਰਾ।
ਅਪਰ ਸਥਾਨ ਬਾਸ ਕੋ ਕਰੀਯਹਿ। ਨਿਜ ਵਸਤੂ ਲੇ ਅਪਰ ਸਿਧਰੀਯਹਿ' ॥੨੯॥

ਬਾਦਸ਼ਾਹ ਦੇ ਨਾਲ ਤੁਹਾਡਾ ਵਿਗਾੜ ਹੈ, ਇਹ ਸੁਣ ਰਾਜੇ ਨੇ ਡਰ ਮੰਨਿਆ ਹੈ, ਕਿਸੇ ਹੋਰ ਥਾਂ ਜਾ ਕੇ ਆਪਣਾ ਵਾਸਾ ਕਰੋ ਤੇ ਆਪਣੀਆਂ ਵਸਤਾਂ ਲੈ ਕੇ ਕਿਸੇ ਹੋਰ ਥਾਂ ਚਲੇ ਜਾਵੋ'॥ ੨੯॥

ਸੁਨਿ ਮਾਤਾ ਮਨ ਚਿੰਤ ਉਪਾਈ। ਚਲਿਬੇ ਹਿਤ ਤਜਾਰੀ ਕਰਿਵਾਈ।
ਚਢਿ ਸਜੰਦਨ ਪਰ ਤੁਰਤ ਪਧਾਰੀ। ਪਹੁੰਚੀ ਮਥੁਰਾ ਪੁਰੀ ਮਝਾਰੀ॥ ੩੦॥

ਇਹ ਸੁਣ ਕੇ ਮਾਤਾ ਜੀ ਦੇ ਮਨ ਵਿਚ ਚਿੰਤਾ ਉਤਪੰਨ ਹੋਈ ਤੇ ਉਨ੍ਹਾਂ ਨੇ ਚੱਲਣ ਵਾਸਤੇ ਤਿਆਰੀ ਕਰਵਾਈ। ਰੱਥ ਵਿਚ ਚੜ੍ਹ ਕੇ ਤੁਰਤ ਚਲੇ ਗਈ ਤੇ ਮਥਰਾ ਨਗਰੀ ਦੇ ਵਿਚ ਪਹੁੰਚ ਗਈ॥ ੩੦॥

ਜਮਨਾ ਤੀਰ ਕਰਜੋ ਨਿਜ ਡੇਰਾ। ਤਹਿਂ ਪੁਰਿਪਾਲਕ ਸੁਨਿ ਤਿਸ ਬੇਰਾ।
ਲੈ ਕਰਿ ਭੇਟ ਮਿਲਿਨਿ ਕੋ ਆਵਾ। ਹਾਥ ਜੋਰਿ ਪਗ ਮਾਥ ਟਿਕਾਵਾ॥ ੩੧॥

ਜਮਨਾ ਦੇ ਕਿਨਾਰੇ ਆਪਣਾ ਡੇਰਾ ਕੀਤਾ। ਉਸ ਨਗਰੀ ਦੇ ਮਾਲਕ ਨੇ ਜਿਸ ਸਮੇਂ ਮਾਤਾ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਹ ਭੇਟਾ ਲੈ ਕੇ ਮਾਤਾ ਜੀ ਨੂੰ ਮਿਲਣ ਵਾਸਤੇ ਆਇਆ। ਉਸ ਨੇ ਹੱਥ ਜੋੜ ਕੇ ਮਾਤਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ॥ ੩੧॥

'ਕਰਹੁ ਮਾਤ ਜੀ! ਪੁਰਿ ਮਹਿਂ ਬਾਸਾ। ਲੈ ਦੇਵਹੁਂ ਮੈਂ ਰੁਚਿਰ ਅਵਾਸਾ।
ਜੈ ਪੁਰਿ ਕੇ ਰਾਜੇ ਤੁਮ ਦਾਸ। ਪਠਵੌਂ ਖ਼ਬਰ ਛਿੱਪ੍ਰ ਤਿਨ ਪਾਸ॥ ੩੨॥

ਉਹ ਕਹਿਣ ਲੱਗਾ, "ਹੇ ਮਾਤਾ ਜੀ! ਇਸ ਨਗਰੀ ਵਿਚ ਵਸੇਬਾ ਕਰੋ, ਮੈਂ ਤੁਹਾਨੂੰ ਇਕ ਸੁੰਦਰ ਘਰ ਲੈ ਦੇਵਾਂਗਾ। ਜੈਪੁਰ ਦੇ ਰਾਜੇ ਤੁਹਾਡੇ ਦਾਸ ਹਨ, ਮੈਂ ਛੇਤੀ ਹੀ ਉਨ੍ਹਾਂ ਦੇ ਪਾਸ ਖ਼ਬਰ ਭੇਜਾਂਗਾ॥ ੩੨॥

ਸਕਲ ਭਾਂਤਿ ਕੋ ਦੇਹਿਂ ਗੁਜ਼ਾਰਾ। ਸਮਾ ਬਿਤਾਵਹੁ ਬੈਠਿ ਸੁਖਾਰਾ'।
ਇਮ ਕਹਿ ਲੇ ਕਰਿ ਅੰਤਰ ਗਯੋ। ਸੁਭ ਅਵਾਸ ਮਹਿਂ ਬਾਸਾ ਦਯੋ॥ ੩੩॥

ਸਭ ਪ੍ਰਕਾਰ ਦਾ ਉਹ ਗੁਜ਼ਾਰਾ ਦੇਣਗੇ ਤੇ ਸੌਖੇ ਬੈਠ ਕੇ ਸਮਾਂ ਬਿਤਾਵੋ।" ਇਸ ਪ੍ਰਕਾਰ ਕਹਿ ਕੇ ਸ਼ਹਿਰ ਦੇ ਅੰਦਰ ਗਿਆ ਤੇ ਇਕ ਸੁੰਦਰ ਘਰ ਵਿਚ ਮਾਤਾ ਜੀ ਦਾ ਵਸੇਬਾ ਕਰਵਾਇਆ॥ ੩੩॥

ਬਾਂਛਿਤ ਸਰਬ ਵਸਤੁ ਪਹੁੰਚਾਈ। ਬਹੁਤ ਭਾਵ ਤੇ ਸੇਵ ਕਮਾਈ।
ਪੁਨ ਜੈ ਪੁਰਿ ਕੋ ਸੁਧਿ ਪਹੁੰਚਾਈ। 'ਮਾਤ ਤੁਹਾਰੇ ਪੁਰਿ ਮਹਿਂ ਆਈ' ॥ ੩੪॥

ਲੋੜੀਂਦੀਆਂ ਸਭ ਵਸਤਾਂ ਪਹੁੰਚਾਈਆਂ ਤੇ ਬਹੁਤ ਭਾਵਨਾ ਨਾਲ ਸੇਵਾ ਕਮਾਈ। ਫਿਰ ਉਸ ਨੇ ਜੈਪੁਰ ਨੂੰ ਖਬਰ ਭੇਜੀ, "ਮਾਤਾ ਜੀ ਤੁਹਾਡੇ ਨਗਰ ਵਿਚ ਆਏ ਹਨ" ॥ ੩੪ ॥

ਸੁਨਿ ਕਰਿ ਤਿਨਹੁਂ ਗ੍ਰਾਮ ਦੁਇ ਦੀਏ। ਲਿਖਿ ਕਰਿ ਪਟੇ ਪਠਾਵਨ ਕੀਏ।
ਅਪਰ ਤਗੀਦ ਕਰੀ ਬਹੁ ਭਾਂਤੀ। 'ਸੇਵਾ ਕਰਹੁ ਮਾਤ ਦਿਨ ਰਾਤੀ ॥ ੩੫ ॥

ਉਨ੍ਹਾਂ ਨੇ ਸੁਣ ਕੇ ਮਾਤਾ ਜੀ ਨੂੰ ਗੁਜ਼ਾਰੇ ਵਾਸਤੇ ਦੋ ਪਿੰਡ ਦੇ ਦਿੱਤੇ ਤੇ ਪਟਾ ਲਿਖ ਕੇ ਭੇਜ ਦਿੱਤਾ। ਹੋਰ ਵੀ ਬਹੁਤ ਪ੍ਰਕਾਰ ਤਾਕੀਦ ਕੀਤੀ, "ਮਾਤਾ ਜੀ ਦੀ ਦਿਨ ਰਾਤ ਸੇਵਾ ਕਰੋ ॥ ੩੫ ॥

ਸੁੰਦਰ ਘਰ ਦੀਜੈ ਬਨਵਾਇ। ਬਾਂਛਤਿ ਵਸਤੂ ਸਰਬ ਪੁਚਾਇ'।
ਪੁਰਿ ਪਾਲਕ ਢਿਗ ਪਠਜੋ ਸੁ ਆਯੋ। ਸਭਿ ਮਾਤਾ ਕੇ ਪਾਸ ਸੁਨਾਯੋ ॥ ੩੬ ॥

ਇਕ ਸੁੰਦਰ ਘਰ ਬਣਵਾ ਕੇ ਦੇਵੋ ਤੇ ਲੋੜੀਂਦੀਆਂ ਸਾਰੀਆਂ ਵਸਤਾਂ ਪਹੁੰਚਾਓ।" ਨਗਰਪਾਲਕ ਨੂੰ ਮਾਤਾ ਜੀ ਪਾਸ ਭੇਜਿਆ ਤੇ ਉਹ ਮਾਤਾ ਜੀ ਪਾਸ ਆਇਆ ਤੇ ਉਸ ਨੇ ਸਭ ਕੁਝ ਮਾਤਾ ਜੀ ਦੇ ਪਾਸ ਸੁਣਾਇਆ ॥ ੩੬ ॥

ਮਥਰਾ ਨਿਕਟ ਦਏ ਦੋ ਗ੍ਰਾਮੂ। ਸਦਨ ਬਨਾਇ ਦੀਨਿ ਅਭਿਰਾਮੂ।
ਅਬਿ ਲਗਿ ਮਥਰਾ ਮਹਿਂ ਸੁ ਹਵੇਲੀ। ਦਰਸਹਿਂ ਤਹਾਂ ਖਰੀ ਸੁ ਇਕੇਲੀ ॥ ੩੭ ॥

ਮਥਰਾ ਦੇ ਲਾਗੇ ਦੋ ਪਿੰਡ ਦਿੱਤੇ ਤੇ ਇਕ ਸੁੰਦਰ ਘਰ ਬਣਾ ਕੇ ਦਿੱਤਾ। ਹੁਣ ਤਕ ਉਹ ਹਵੇਲੀ ਮਥਰਾ ਵਿਚ ਮੌਜੂਦ ਹੈ, ਉਸ ਦੇ ਦਰਸ਼ਨ ਕਰਦੇ ਹਨ, ਜਿਹੜੀ ਹਾਲੇ ਵੀ ਇਕੱਲੀ ਖੜੀ ਹੈ ॥ ੩੭ ॥

ਮਾਤ ਸੁੰਦਰੀ ਬਾਸਾ ਕਰਜੋ। ਸਗਰੋ ਤ੍ਰਾਸ ਨਿਵਾਰ ਬਿਦਰਜੋ।
ਹਠੀ ਸਿੰਘ ਕੋ ਨਿਤ ਪ੍ਰਿਤਪਾਲੇ। ਰੁਚਿ ਤੇ ਆਛੇ ਅਸਨ ਖੁਆਲੇ ॥ ੩੮ ॥

ਮਾਤਾ ਸੁੰਦਰੀ ਜੀ ਨੇ ਉਥੇ ਵਾਸਾ ਕੀਤਾ ਤੇ ਸਾਰਾ ਡਰ ਦੂਰ ਹੋ ਗਿਆ। ਹਠੀ ਸਿੰਘ ਦੀ ਨਿਤ ਪਾਲਣਾ ਕਰਦੇ ਸਨ, ਸੁੰਦਰ ਤੇ ਚੰਗੇ ਭੋਜਨ ਖਵਾਉਂਦੇ ਸਨ ॥ ੩੮ ॥

ਅਪਰ ਦਰਬ ਸਿਖ ਸੰਗਤਿ ਕੇਰਾ। ਪਹੁੰਚਹਿ ਮਥੁਰਾ ਮਹਿਂ ਤਿਸ ਬੇਰਾ।
ਪ੍ਰਥਮ ਸਮਾਨ ਆਮਦਨ ਆਵੈ। ਤਿਮ ਹੀ ਖਰਚ ਹੋਤਿ ਨਿਤ ਜਾਵੈ ॥ ੩੯ ॥

ਸਿੱਖ ਸੰਗਤ ਵਲੋਂ ਆਇਆ ਹੋਰ ਧਨ, ਉਸ ਸਮੇਂ ਮਥੁਰਾ ਵਿਚ ਪਹੁੰਚਦਾ ਸੀ। ਪਹਿਲਾਂ ਬਰਾਬਰ ਆਮਦਨ ਆਉਂਦੀ ਸੀ ਤੇ ਉਸ ਪ੍ਰਕਾਰ ਹੀ ਨਿਤ ਖਰਚ ਹੋ ਜਾਂਦੀ ਸੀ ॥ ੩੯ ॥

ਹਠੀ ਸਿੰਘ ਕੇ ਹੇਤੁ ਤੁਰੰਗ। ਲੀਏ ਮੋਲ ਸੁੰਦਰ ਸਰਬੰਗ।
ਚਾਕਰ ਸਿੰਘ ਪਾਸ ਤਿਮ ਰਾਖੇ। ਜਥਾ ਅਜੀਤ ਸਿੰਘ ਅਭਿਲਾਖੇ ॥ ੪੦ ॥

ਹਠੀ ਸਿੰਘ ਵਾਸਤੇ, ਇਕ ਸਰਬ ਅੰਗਾਂ ਤੋਂ ਸੁੰਦਰ ਘੋੜਾ ਮੁਲ ਲੈ ਕੇ ਦਿੱਤਾ। ਕੁਝ ਸਿੰਘ ਉਸ ਆਪਣੇ ਪਾਸ ਨੌਕਰ ਰੱਖ ਲਏ, ਜਿਵੇਂ ਅਜੀਤ ਸਿੰਘ ਅਭਿਲਾਸ਼ਾ ਕਰਿਆ ਕਰਦਾ ਸੀ ॥ ੪੦ ॥

ਚਹਿਰ ਚਢੈ ਹਿਤ ਸੈਲ ਅਖੇਰਾ। ਖਰਚਨ ਲਗਜੋ ਦਰਬ ਬਹੁਤੇਰਾ।
ਪਿਤ ਕੇ ਸਮ ਸਭਿ ਕਛੂ ਬਨਾਯੋ। ਮਾਤਾ ਹੇਰਿ ਹੇਰਿ ਸੁਖ ਪਾਯੋ ॥ ੪੧ ॥

ਹਠੀ ਸਿੰਘ ਘੋੜੇ ਉੱਪਰ ਸਵਾਰ ਹੋ ਕੇ ਬਾਹਰ ਸੈਰ ਕਰਨ ਅਤੇ ਸ਼ਿਕਾਰ ਖੇਡਣ ਵਾਸਤੇ ਜਾਂਦਾ ਸੀ। ਉਹ ਬਹੁਤ ਧਨ ਖਰਚ ਕਰਨ ਲੱਗਾ, ਆਪਣੇ ਪਿਤਾ ਜੀ ਵਾਂਗ ਉਸ ਸਭ ਕੁਝ ਬਣਵਾਇਆ ਤੇ ਮਾਤਾ ਜੀ ਨੇ ਵੇਖ-ਵੇਖ ਸੁਖ ਪਾਇਆ ॥ ੪੧ ॥

ਕਰਯੋ ਦੇਹੁਰਾ ਗੁਰੂ ਨਵਮ ਕੋ। ਹੁਕਮ ਭਯੋ ਜਬਿ ਗੁਰੂ ਦਸਮ ਕੋ।
ਸਿਖ ਸੰਗਤਿ ਬਹੁ ਦਰਬ ਲਗਾਯੋ। ਊਚੋ ਮੰਡਪ ਚਾਰੁ ਸੁਹਾਯੋ॥ ੪੨॥

ਦੱਖਣ ਜਾਣ ਤੋਂ ਪਹਿਲਾਂ ਜਦ ਗੁਰੂ ਜੀ ਦਿੱਲੀ ਆਏ ਸਨ ਤਾਂ ਨੌਵੇਂ ਗੁਰੂ ਜੀ ਦੇ ਸੀਸ ਦੇਣ ਵਾਲੇ ਸਥਾਨ ਤੇ ਉਨ੍ਹਾਂ ਨੇ ਉਥੇ ਦੇਹੁਰਾ ਬਣਾਉਣ ਦਾ ਹੁਕਮ ਦਿੱਲੀ ਦੀ ਸੰਗਤ ਨੂੰ ਦਿੱਤਾ ਸੀ। ਸਿੱਖ ਸੰਗਤ ਨੇ ਉਸ ਦੇਹੁਰੇ ਨੂੰ ਬਣਾਉਣ ਵਿਚ ਬਹੁਤ ਧਨ ਲਾਇਆ ਤੇ ਉਸ ਦੇ ਸੁੰਦਰ ਉੱਚੇ ਮੰਡਪ ਬਹੁਤ ਸ਼ੋਭਦੇ ਸਨ॥ ੪੨॥

ਤੁਰਕੇਸ਼ੁਰ ਕੀ ਆਇਸੁ ਪਾਇ। ਛੀਨ ਬੇਨਵੇ ਲੀਨਿ ਸੁ ਥਾਇਂ।
ਸੋ ਸਭਿ ਢਾਹਿ ਮਸੀਤ ਚਿਨਾਈ। ਅਪਨੋ ਦਰਬ ਲਾਇ ਸਮੁਦਾਈ॥ ੪੩॥

ਤੁਰਕ ਬਾਦਸ਼ਾਹ ਦੀ ਆਗਿਆ ਪਾ ਕੇ, ਬੇਨਵੇ ਫ਼ਕੀਰਾਂ ਉਹ ਥਾਂ ਸਿੱਖਾਂ ਪਾਸੋਂ ਖੋਹ ਲਈ। ਉਨ੍ਹਾਂ ਨੇ ਸੁੰਦਰ ਦੇਹੁਰੇ ਨੂੰ ਢਾਹ ਕੇ ਉਥੇ ਆਪਣੀ ਮਸੀਤ ਬਣਾ ਲਈ, ਉਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਆਪ ਧਨ ਲਾਇਆ॥ ੪੩॥

*ਦੂਸਰੇ ਐਨ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥*

## *ਅਧਿਆਇ ਤੇਤੀਵਾਂ*

### *ਹਠੀ ਸਿੰਘ ਦੀ ਕਰਤੂਤ, ਮਾਤਾ ਜੀ ਫਿਰ ਦਿੱਲੀ ਆਏ*

ਦੋਹਰਾ- ਪ੍ਰਿਤਪਾਲਤਿ ਹੈ ਪੁੱਤ੍ਰ ਸਮ ਕਰਹਿ ਸਨੇਹ ਬਿਸਾਲ।
ਕਰਯੋ ਬਾਸ ਮਥੁਰਾ ਬਿਖੈ ਸ਼ਾਂਤਿ ਰਿਦੈ ਚਿਰਕਾਲ॥ ੧॥

ਮਾਤਾ ਜੀ ਹਠੀ ਸਿੰਘ ਦੀ ਪੁੱਤਰਾਂ ਵਾਂਗ ਪਾਲਣਾ ਕਰਦੀ ਹੈ ਤੇ ਉਸ ਨੂੰ ਬਹੁਤ ਪਿਆਰ ਕਰਦੀ ਹੈ। ਕਾਫ਼ੀ ਲੰਮੇ ਸਮੇਂ ਤਕ ਸ਼ਾਂਤ ਹਿਰਦੇ ਨਾਲ ਮਥਰਾ ਸ਼ਹਿਰ ਵਿਚ ਵਾਸਾ ਕੀਤਾ॥੧॥

ਚੌਪਈ- ਬਡੀ ਆਰਬਲ ਭੋਗਨ ਕਰੀ। ਬ੍ਰਿੱਧ ਦੇਹਿ ਹੋਈ ਜਰਜਰੀ।
ਦਿੱਲੀ ਆਦਿ ਸੰਗਤਾਂ ਬ੍ਰਿੰਦੰ। ਦੇਤਿ ਉਪਾਇਨ ਭਾਵ ਬਿਲੰਦੰ॥ ੨॥

ਬਹੁਤ ਲੰਮੀ ਉਮਰ ਭੋਗੀ, ਫਿਰ ਬ੍ਰਿੱਧ ਸਰੀਰ ਬਹੁਤ ਕਮਜ਼ੋਰ ਹੋ ਗਿਆ। ਦਿੱਲੀ ਆਦਿ ਵਿਚ ਬਹੁਤ ਸੰਗਤਾਂ ਸਨ, ਜਿਹੜੇ ਵੱਡੇ ਪ੍ਰੇਮ ਸਹਿਤ ਉਪਹਾਰ ਅਰਪਣ ਕਰਦੀਆਂ ਸਨ॥ ੨॥

ਪੂਜਹਿਂ ਮਾਤ ਸੁੰਦਰੀ ਦਰਸਹਿਂ। ਗੁਰ ਗੇਹਣ ਕਹਿ ਮਹਿਮਾ ਹਰਸ਼ਹਿਂ।
ਹੋਤਿ ਸਕੇਲਨ ਧਨ ਸਮੁਦਾਯਾ। ਦੂਰ ਦੂਰ ਤੇ ਆਵਤਿ ਮਾਯਾ॥ ੩॥

ਉਹ ਮਾਤਾ ਸੁੰਦਰੀ ਜੀ ਦੇ ਦਰਸ਼ਨ ਕਰਕੇ ਪੂਜਦੇ ਸਨ। ਗੁਰੂ ਜੀ ਦੀ ਪਤਨੀ ਕਹਿ ਕੇ ਪ੍ਰਸੰਨ ਹੁੰਦੇ ਸਨ। ਬਹੁਤ ਧਨ ਇਕੱਠਾ ਹੁੰਦਾ ਸੀ ਤੇ ਦੂਰ-ਦੂਰ ਤੋਂ ਮਾਇਆ ਆਉਂਦੀ ਸੀ॥ ੩॥

ਹਠੀ ਸਿੰਘ ਖਰਚਹਿ ਅਰੁ ਖਾਇ। ਪਹਿਰੇ ਜ਼ੇਵਰ ਰਤਨ ਜਰਾਇ।
ਪੋਸ਼ਿਸ਼ ਬਹੁਤ ਮੋਲ ਕੀ ਫਬੈ। ਮਾਨੈ ਸਿਖ ਸੰਗਤਿ ਮਿਲਿ ਸਬੈ॥ ੪॥

ਹਠੀ ਸਿੰਘ ਖਰਚਦਾ ਅਤੇ ਖਾਂਦਾ ਸੀ ਤੇ ਰਤਨਾਂ ਜੜੇ ਚੋਵਰ ਪਾਉਂਦਾ ਸੀ। ਬਹੁਤ ਕੀਮਤੀ ਪੋਸ਼ਾਕੇ ਫਬਦੇ ਸਨ, ਸਾਰੀ ਸਿੱਖ ਸੰਗਤ ਮਿਲ ਕੇ ਮੰਨਦੀ ਸੀ॥ ੪॥

ਜਥਾ ਸਮਾਜ ਪਿਤਾ ਕਾ ਸੁਨਜੌਂ। ਤਥਾ ਸਕਲ ਰਚਿ ਕੈ ਗੁਰ ਬਨਜੌਂ।
ਕਰਹਿ ਖਰੀਦਨ ਮੋਲ ਤੁਰੰਗ। ਸੁੰਦਰ ਜ਼ੀਨ ਜ਼ਰੀ ਬਹੁ ਸੰਗ॥ ੫॥

ਜਿਵੇਂ ਉਸ ਨੇ ਆਪਣੇ ਪਿਤਾ ਜੀ ਦੇ ਸਾਜ਼ੋ-ਸਾਮਾਨ ਅਤੇ ਸਮਾਜ ਬਾਰੇ ਸੁਣਿਆ ਸੀ, ਉਸ ਪ੍ਰਕਾਰ ਹੀ ਸਾਰਾ ਕੁਝ ਰਚ ਕੇ ਗੁਰੂ ਬਣ ਗਿਆ। ਘੋੜੇ ਮੁਲ ਖਰੀਦਦਾ ਸੀ ਤੇ ਉਨ੍ਹਾਂ ਉੱਪਰ ਸੁੰਦਰ ਕਾਠੀਆਂ ਅਤੇ ਜ਼ਰੀਆਂ ਪਾਉਂਦਾ ਸੀ॥ ੫॥

ਹੇਮ ਰਜਤ ਸ਼ਸਤ੍ਰਨਿ ਲਗਵਾਏ। ਸਿੰਘ ਚਾਕਰੀ ਹਿਤ ਰਖਵਾਏ।
ਸੰਗ ਅਰੂਢਹਿ ਜਿਤ ਕੋ ਜਾਤ। ਸਭਿ ਮਹਿਂ ਨਿਜ ਦਿਖਾਇ ਭਲਿ ਭਾਂਤਿ॥੬॥

ਸੋਨਾ ਚਾਂਦੀ ਆਪਣੇ ਸ਼ਸਤਰਾਂ ਨੂੰ ਲਵਾਉਂਦਾ ਸੀ ਤੇ ਨੌਕਰੀ ਵਾਸਤੇ ਸਿੰਘਾਂ ਨੂੰ ਰੱਖਦਾ ਸੀ। ਜਿਧਰ ਵੀ ਜਾਂਦਾ ਸੀ, ਉਹ ਸਵਾਰ ਹੋ ਕੇ ਨਾਲ ਜਾਂਦੇ ਸਨ। ਸਾਰਿਆਂ ਵਿਚ ਭਲੀ ਭਾਂਤ ਆਪਣੇ ਆਪ ਨੂੰ ਵਿਖਾਉਂਦਾ ਸੀ॥ ੬॥

ਕਰਹਿ ਸੈਲ ਕੋ ਚਢਹਿ ਅਖੇਰੇ। ਦੁੰਦਭਿ ਬਾਜਤਿ ਚਲਤਿ ਅਗੇਰੇ।
ਜ੍ਵਾਲਾਥਮਣੀ ਸੰਗ ਰਖਾਵੈ। ਕਾਨਨ ਕੇ ਪੰਛੀ ਮ੍ਰਿਗ ਘਾਵੈ॥ ੭॥

ਸੈਰ ਕਰਦਾ ਸੀ ਤੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰਦਾ ਸੀ, ਨਗਾਰੇ ਵੱਜਦੇ ਅੱਗੇ-ਅੱਗੇ ਜਾਂਦੇ ਸਨ। ਬੰਦੂਕਾਂ ਆਪਣੇ ਨਾਲ ਰੱਖਦਾ ਸੀ ਤੇ ਜੰਗਲ ਦੇ ਹਿਰਨ ਅਤੇ ਪੰਛੀ ਮਾਰਦਾ ਸੀ॥ ੭॥

ਮਾਤਾ ਪਾਸ ਆਇ ਜੁਗ ਸਮੈਂ। ਬੈਠਹਿ ਨਿਕਟ ਬੰਦਿ ਕਰ ਨਮੈਂ।
ਕਹਿ ਕਹਿ ਸਿੱਖਜਾ ਦੇਤਿ ਘਨੇਰੀ। 'ਨਿਜ ਪਿਤ ਦਸ਼ਾ ਬਿਲੋਚਨ ਹੇਰੀ॥ ੮॥

ਮਾਤਾ ਜੀ ਦੇ ਪਾਸ ਦੋ ਵਾਰ ਆਉਂਦਾ ਸੀ ਤੇ ਪਾਸ ਬੈਠ ਕੇ ਹੱਥ ਜੋੜ ਕੇ ਬੰਦਨਾ ਕਰਦਾ ਸੀ। ਮਾਤਾ ਜੀ ਕਹਿ ਕਹਿ ਕੇ ਬਹੁਤ ਸਿੱਖਿਆ ਦਿੰਦੇ ਸਨ ਤੇ ਕਹਿੰਦੇ ਸਨ, "ਆਪਣੇ ਪਿਤਾ ਦੀ ਦਸ਼ਾ ਤੂੰ ਆਪਣੀ ਨੇਤ੍ਰੀਂ ਵੇਖ ਲਈ ਹੈ"॥ ੮॥

ਗੁਰ ਪ੍ਰਤਾਪ ਤੇ ਕਮੀ ਨ ਕਾਈ। ਆਇ ਪਦਾਰਥ ਨਿਤ ਸਮੁਦਾਈ'।
ਅਧਿਕ ਪਢਾਵਹਿ ਸ੍ਰੀ ਗੁਰਬਾਣੀ। ਮਹਿਮਾ ਕੋ ਜਨਾਇ ਮਹੀਜਾਣੀ॥ ੯॥

ਗੁਰੂ ਜੀ ਦਾ ਪ੍ਰਤਾਪ ਕਰਕੇ ਕਿਸੇ ਪ੍ਰਕਾਰ ਦੀ ਘਾਟ ਨਹੀਂ ਹੈ, ਨਿਤ ਹੀ ਬਹੁਤ ਪਦਾਰਥ ਆਉਂਦੇ ਹਨ।" ਬਹੁਤ ਗੁਰਬਾਣੀ ਪੜ੍ਹਾਉਂਦੇ ਸਨ। ਬਜ਼ੁਰਗ ਮਾਤਾ ਜੀ ਦੀ ਮਹਿਮਾ ਨੂੰ ਕੌਣ ਜਣਾ ਸਕਦਾ ਹੈ॥ ੯॥

ਆਰਬਲਾ ਖੋੜਸ ਬਰਖਨ ਕੀ। ਤਰੁਨ ਅਵਸਥਾ ਤਨ ਕੀ ਦਮਕੀ।
ਕਬਿ ਕਬਿ ਦਿੱਲੀ ਕੇ ਸਿੱਖ ਜਾਇਂ। ਮਾਤਾ ਕੋ ਮਾਨਹਿਂ ਪਰਿ ਪਾਇ॥੧੦॥

ਜਦ ਹਠੀ ਸਿੰਘ ਦੀ ਸੋਲ੍ਹਾਂ ਵਰ੍ਹਿਆਂ ਦੀ ਉਮਰ ਹੋ ਗਈ ਤਦ ਸਰੀਰ ਦੀ ਜਵਾਨ ਅਵਸਥਾ ਬਹੁਤ ਚਮਕ ਗਈ। ਕਦੀ-ਕਦੀ ਉਥੇ ਦਿੱਲੀ ਦੇ ਸਿੰਘ ਜਾਂਦੇ ਸਨ, ਉਹ ਮਾਤਾ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਪੂਜਾ ਕਰਦੇ ਸਨ॥੧੦॥

ਗੁਰੂ ਦੇਹੁਰੇ ਕੀ ਬਹੁ ਗਾਥਾ। ਕਰਹਿਂ ਸੁਨਾਵਨਿ ਦੁਖ ਕੇ ਸਾਥਾ।
'ਬਡੋ ਕੁਕਾਜ ਬੇਨਵੇ ਕਰਜੋ। ਥਲ ਢਾਹਨਿ ਲਗਿ ਮਤਸਰ ਭਰਜੋਂ॥ ੧੧॥

ਫਿਰ ਉਹ ਸਤਿਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਦੀ ਗਾਥਾ ਤੋਰ ਲੈਂਦੇ ਸਨ ਤੇ ਬੜੇ ਦੁਖ ਨਾਲ ਮਾਤਾ ਸੁੰਦਰੀ ਜੀ ਨੂੰ ਸੁਣਾਉਂਦੇ ਸਨ। "ਵੱਡਾ ਕੁਕਾਜ ਬੇਨਵਿਆਂ ਕੀਤਾ ਹੈ, ਹੰਕਾਰ ਵਿਚ ਭਰ ਕੇ ਗੁਰੂ ਜੀ ਦੇ ਸਥਾਨ ਨੂੰ ਹੀ ਢਾਹ ਦਿੱਤਾ ਹੈ॥੧੧॥

ਆਪ ਦਰਾਜ਼ ਮਸੀਤ ਚਿਨਾਈ। ਜਿਸ ਕੋ ਲਗ੍ਯੋ ਦਰਬ ਸਮੁਦਾਈ।
ਸ੍ਰੀ ਗੁਰ ਗੋਬਿੰਦ ਸਿੰਘ ਬਨਾਯੋ। ਦੇ ਆਇਸੁ ਧਨ ਗਨ ਲਗਵਾਯੋ॥ ੧੨ ॥

ਆਪ ਬਹੁਤ ਵੱਡੀ ਮਸੀਤ ਬਣਵਾ ਲਈ ਹੈ, ਜਿਸ ਨੂੰ ਬਹੁਤ ਧਨ ਲੱਗਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਬਣਵਾਇਆ ਸੀ ਤੇ ਆਗਿਆ ਦੇ ਕੇ ਬਹੁਤ ਧਨ ਲਗਵਾਇਆ ਸੀ॥੧੨॥

ਕੋ ਜਾਨੈ ਅਬਿ ਗੁਰੂ ਸਥਾਨ। ਬਨਹਿ ਕਿ ਨਹੀਂ ਸੁ ਪ੍ਰਥਮ ਸਮਾਨ।
ਮਹਾਂ ਅਚਰਜ ਕਰ੍ਯੋ ਮਤਿਮੰਦੇ। ਸਿੱਖ ਬਿਬਸ ਭੇ ਬਸ ਨ ਚਲੰਦੇ'॥ ੧੩ ॥

ਕੋਣ ਜਾਣਦਾ ਹੈ ਕਿ ਗੁਰੂ ਜੀ ਦਾ ਸਥਾਨ ਪਹਿਲਾਂ ਵਾਂਗ ਬਣੇਗਾ ਕਿ ਨਹੀਂ। ਮਾੜੀ ਮੱਤ ਵਾਲਿਆਂ ਨੇ ਮਹਾਨ ਅਸਚਰਜ ਕੰਮ ਕੀਤਾ ਹੈ। ਸਾਰੇ ਸਿੱਖ ਬੇਵਸ ਹੋ ਗਏ ਹਨ, ਕੋਈ ਵੱਸ ਨਹੀਂ ਚਲਦਾ ਹੈ'॥੧੩॥

ਸੁਨਿਕੈ ਮਾਤ ਸੁੰਦਰੀ ਕਹੇ। 'ਸ੍ਰੀ ਗੁਰ ਅਸਥਿ ਤਹਾਂ ਅਬਿ ਰਹੇ।
ਗਾਡਨ ਕਰੇ ਬਹੁਤ ਹੀ ਨੀਵੇਂ। ਤਿਨ ਤੇ ਪੁਨ ਸਤਿਗੁਰ ਥਲ ਥੀਵੇ॥ ੧੪ ॥

ਇਹ ਸੁਣ ਕੇ ਮਾਤਾ ਸੁੰਦਰੀ ਜੀ ਨੇ ਕਿਹਾ, "ਸ੍ਰੀ ਗੁਰੂ ਜੀ ਦੀਆਂ ਅਸਥੀਆਂ ਉਥੇ ਹੀ ਦੱਬੀਆਂ ਹਨ, ਉਹ ਹੁਣ ਉਥੇ ਹੀ ਰਹਿਣਗੀਆਂ। ਉਹ ਬਹੁਤ ਡੂੰਘੀਆਂ ਦੱਬੀਆਂ ਹਨ, ਇਸ ਨੂੰ ਦੁਬਾਰਾ ਸਤਿਗੁਰੂ ਜੀ ਦਾ ਸਥਾਨ ਜਾਣਨਗੇ॥੧੪॥

ਪੰਥ ਖਾਲਸਾ ਬਿਦਤਹਿ ਜਬੈ। ਇਕ ਸਰਦਾਰ ਆਇ ਪੁਨ ਤਬੈ।
ਸੋ ਤੁਰਕੇਸੁਰ ਤੇ ਕਹਿਵਾਇ। ਸਭਿ ਮਸੀਤ ਕੋ ਦੇ ਢਹਿਵਾਇ॥ ੧੫ ॥

ਜਦ ਪੰਥ ਖਾਲਸਾ ਪ੍ਰਗਟ ਹੋਵੇਗਾ, ਇਕ ਸਰਦਾਰ ਫਿਰ ਦਿੱਲੀ ਵਿਚ ਆਵੇਗਾ। ਉਹ ਤੁਰਕ ਬਾਦਸ਼ਾਹ ਨੂੰ ਕਹਿ ਕੇ ਸਾਰੀ ਮਸੀਤ ਨੂੰ ਢੁਆ ਦੇਵੇਗਾ॥੧੫॥

ਸਤਿਗੁਰ ਅਸਥਿਨਿ ਕਾਢ ਦਿਖਾਵੈ। ਬਹੁਰ ਦੇਹੁਰਾ ਮਹਿਦ ਬਨਾਵੈ।
ਪੂਜਹਿ ਸਿਖ ਸੰਗਤ ਸਭਿ ਆਇ। ਪ੍ਰਭੁ ਮਨੋਰਥ ਨਿਫਲ ਨ ਜਾਇ'॥ ੧੬ ॥

ਫਿਰ ਉਹ ਸਤਿਗੁਰੂ ਜੀ ਦੀਆਂ ਅਸਥੀਆਂ ਕੱਢ ਕੇ ਵਿਖਾਵੇਗਾ, ਫਿਰ ਉਸ ਉੱਪਰ ਵੱਡਾ ਦੇਹੁਰਾ ਤਿਆਰ ਕਰਵਾਏਗਾ। ਸਾਰੀ ਸਿੱਖ ਸੰਗਤ ਆ ਕੇ ਪੂਜਾ ਕਰੇਗੀ, ਸਤਿਗੁਰੂ ਜੀ ਦਾ ਮਨੋਰਥ ਨਿਸਫਲ ਨਹੀਂ ਜਾਵੇਗਾ'॥੧੬॥

ਸੁਨਿ ਦਿਲਵਾਲੀ ਰਿਦੈ ਅਨੰਦਤਿ। ਬਾਰ ਬਾਰ ਮਾਤਹਿਂ ਪਦ ਬੰਦਤਿ।
ਅਬਿ ਅਜੀਤ ਸਿੰਘ ਕੀਨਿ ਕੁਕਰਮ। ਪਾਇ ਸ੍ਰਾਪ ਕੋ ਭਯੋ ਬਿਸ਼ਰਮ॥ ੧੭ ॥

ਦਿੱਲੀ ਵਾਲੇ ਮਾਤਾ ਜੀ ਦੀ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ, ਬਾਰ-ਬਾਰ ਮਾਤਾ ਜੀ ਦੇ ਚਰਨਾਂ ਉੱਪਰ ਬੰਦਨਾ ਕਰਦੇ ਸਨ। ਹੁਣ ਅਜੀਤ ਸਿੰਘ ਨੇ ਕੁਕਰਮ ਕੀਤਾ ਹੈ, ਸਰਾਪ ਪਾ ਕੇ ਬੇਸ਼ਰਮ ਮਾਰਿਆ ਗਿਆ ਹੈ॥੧੭॥

ਹਠੀ ਸਿੰਘ ਪਠਿ ਪਠਿ ਗਰਬਾਨੀ। 'ਮੈਂ ਭੀ ਕਰੋਂ' ਕਾਮਨਾ ਠਾਨੀ।
ਪਚਿ ਬਹੁ ਰਹੈ ਨ ਪਦ ਬਨਿ ਆਵੈ। ਲਿਖਤ ਬਿਚਾਰਤਿ ਸਮੋਂ ਬਿਤਾਵੈ॥੧੮॥

ਹਠੀ ਸਿੰਘ ਗੁਰਬਾਣੀ ਪੜ੍ਹ-ਪੜ੍ਹ ਕਹਿੰਦਾ, "ਮੈਂ ਵੀ ਐਸੀ ਬਾਣੀ ਲਿਖਾਂਗਾ", ਐਸੀ ਕਾਮਨਾ ਧਾਰਨ ਕਰਦਾ ਸੀ। ਬਹੁਤ ਜ਼ੋਰ ਲਾ ਲਾ ਕੇ ਲਿਖਦਾ ਸੀ, ਪਰ ਪਦ ਨਹੀਂ ਸੀ ਬਣਦਾ। ਲਿਖਤ ਵਿਚਾਰਦਾ ਹੋਇਆ ਹੀ ਸਮਾਂ ਬਤੀਤ ਕਰਦਾ ਰਹਿੰਦਾ ਸੀ॥੧੮॥

ਜਬਿ ਕਰਿ ਰਹ੍ਯੋ ਸ਼ਬਦ ਨਹਿਂ ਬਨ੍ਯੋਂ। ਤਬਿ ਸੋ ਲਿਖ੍ਯੋ ਗੁਰੂ ਜੋ ਭਨ੍ਯੋ।
ਤਿਸ ਮਹਿਂ ਸ੍ਰੀ ਨਾਨਕ ਕੋ ਨਾਮ। ਸੋਂ ਨਹਿਂ ਲਿਖਤਿ ਭਯੋ ਤਿਸ ਠਾਮ॥੧੯॥

ਜਦ ਇਸ ਪ੍ਰਕਾਰ ਬਹੁਤ ਕਰਦਾ ਰਿਹਾ ਤੇ ਜਦ ਕੋਈ ਵੀ ਸ਼ਬਦ ਨਾ ਬਣਿਆ ਤਦ ਗੁਰੂ ਜੀ ਦੀ ਕਹੀ ਹੋਈ ਬਾਣੀ ਹੀ ਲਿਖ ਦਿੰਦਾ ਸੀ ਤੇ ਉਸ ਵਿਚ ਸ੍ਰੀ ਨਾਨਕ ਦੇ ਨਾਮ ਨੂੰ ਨਹੀਂ ਲਿਖਦਾ ਸੀ॥੧੯॥

ਅਪਨੋ ਨਾਮ ਤਹਾਂ ਲਿਖਿ ਦੀਨ। ਸਿੱਖਨ ਪਾਸ ਸੁਨਾਵਨ ਕੀਨ।
ਕੇਤਿਕ ਦਿਵਸ ਕਰਤਿ ਇਮ ਭਯੋ। ਇਕ ਸਿਖ ਨਿਕਟ ਮਾਤ ਕੇ ਕਹ੍ਯੋ॥੨੦॥

ਉਥੇ ਸ੍ਰੀ ਨਾਨਕ ਦੇ ਸਥਾਨ 'ਤੇ ਆਪਣਾ ਹੀ ਨਾਮ ਲਿਖ ਦਿੰਦਾ ਸੀ ਤੇ ਸਿੱਖਾਂ ਨੂੰ ਉਹ ਸ਼ਬਦ ਸੁਣਾ ਦਿੰਦਾ। ਕਈ ਦਿਨ ਇਸ ਪ੍ਰਕਾਰ ਕਰਦਾ ਰਿਹਾ, ਫਿਰ ਇਕ ਸਿੱਖ ਨੇ ਮਾਤਾ ਜੀ ਪਾਸ ਕਿਹਾ॥ ੨੦॥

'ਸ੍ਰੀ ਨਾਨਕ ਕੋ ਨਾਮ ਹਟਾਇ। ਤਿਸ ਥਲ ਅਪਨੋ ਲਿਖਹਿ ਬਨਾਇ।
ਸਿੱਖਨ ਕੋ ਉਪਦੇਸ਼ਤਿ ਫੇਰ। ਇਸ ਬਿਧਿ ਪਢਹੁ ਲਿਖਹੁ ਬਹੁ ਬੇਰ' ॥ ੨੧॥

ਸ੍ਰੀ ਨਾਨਕ ਜੀ ਦਾ ਨਾਮ ਹਟਾ ਕੇ ਉਸ ਥਾਂ ਆਪਣਾ ਨਾਮ ਬਣਾ ਕੇ ਲਿਖ ਦਿੰਦਾ ਹੈ। ਫਿਰ ਸਿੱਖਾਂ ਨੂੰ ਉਪਦੇਸ਼ ਦਿੰਦਾ ਹੈ, "ਇਸ ਵਿਧੀ ਅਨੁਸਾਰ ਬਹੁਤ ਵਾਰ ਪੜ੍ਹੋ ਅਤੇ ਲਿਖੋ" ॥ ੨੧॥

ਸੁਨਤਿ ਸੁੰਦਰੀ ਨਿਕਟ ਹਕਾਰਾ। ਤਰਜਹਿ ਰਿਸ ਤੇ ਬਾਕ ਉਚਾਰਾ।
'ਇਹ ਕਹਾ ਕੀਨਿ ? ਕੁਮਤਿ ਤੈਂ ਧਾਰੀ। ਸ੍ਰੀ ਸਤਿਗੁਰ ਮਹਿਮਾ ਨ ਬਿਚਾਰੀ॥੨੨॥

ਇਹ ਸੁਣ ਕੇ ਮਾਤਾ ਸੁੰਦਰੀ ਜੀ ਨੇ ਪਾਸ ਬੁਲਾਇਆ ਤੇ ਵਰਜਣ ਵਾਸਤੇ ਬੜੇ ਗੁੱਸੇ ਨਾਲ ਬਚਨ ਕੀਤਾ, "ਤੂੰ ਕੀ ਕੀਤਾ ਹੈ, ਕੈਸੀ ਮਾੜੀ ਮੱਤ ਧਾਰਨ ਕੀਤੀ ਹੈ ਤੇ ਸਤਿਗੁਰੂ ਜੀ ਦੀ ਮਹਿਮਾ ਨਹੀਂ ਵਿਚਾਰੀ ਹੈ॥ ੨੨॥

ਜੋਤਿ ਜਾਗਤੀ ਜ਼ਾਹਰ ਜਿਨਕੀ। ਚਹੁਂ ਕੁੰਟਨ ਮਹਿਂ ਮਹਿਮਾ ਤਿਨ ਕੀ।
ਜਿਹ ਸਿਮਰੈਂ ਸਿਖ ਧਰਿ ਧਰਿ ਭਾਇ। ਪੂਰਵਹਿਂ ਕਾਰਜ ਹੋਹਿਂ ਸਹਾਇ॥੨੩॥

ਜਿਨ੍ਹਾਂ ਦੀ ਜਗਦੀ ਜੋਤੀ ਜ਼ਾਹਰ ਹੈ, ਚਾਰੇ ਕੂਟਾਂ ਵਿਚ ਉਨ੍ਹਾਂ ਦੀ ਮਹਿਮਾ ਹੈ। ਜਿਸ ਬਾਣੀ ਦਾ ਸਿੱਖ ਭਾਵਨਾ ਧਰ ਧਰ ਸਿਮਰਨ ਕਰਦੇ ਹਨ ਤੇ ਇਹ ਬਾਣੀ ਸਾਰੇ ਕਾਰਜ ਪੂਰੇ ਕਰਦੀ ਹੈ ਤੇ ਹਰ ਸਮੇਂ ਸਹਾਇਕ ਬਣਦੀ ਹੈ॥ ੨੩॥

ਤਿਨ ਕੋ ਨਾਮ ਹਟਾਵਨ ਕਰੈਂ। ਤਹਾਂ ਮੂਢ! ਲਿਖਿ ਅਪਨੋ ਧਰੈਂ।
ਪਠਨਿਹਾਰ ਜੇ ਹੈਂ ਸਿਖ ਸਜਾਨੇ। ਸੋ ਕਹਾ ਨਹੀਂ ਪਰਖ ਕਰਿ ਜਾਨੇਂ॥੨੪॥

ਉਸ ਬਾਣੀ ਵਿਚੋਂ ਉਨ੍ਹਾਂ ਗੁਰੂ ਸਾਹਿਬਾਨ ਦਾ ਨਾਮ ਹਟਾ ਦਿੰਦਾ ਹੈਂ ਤੇ ਉਥੇ ਮੂਰਖਾ ਆਪਣਾ ਨਾਮ ਲਿਖ ਕੇ ਧਰ ਦਿੰਦਾ ਹੈ। ਜਿਹੜੇ ਸਿਆਣੇ ਸਿੱਖ ਪੜ੍ਹਨ ਵਾਲੇ ਹਨ, ਉਹ ਪਰਖ ਕੇ ਕੀ ਕੁਝ ਨਹੀਂ ਜਾਣਦੇ ਹਨ॥ ੨੪॥

ਨਿੰਦਾ ਤੇਰੀ ਕਰਹਿਂ, ਕੁਕਰਮੀ! ਚਾਹਤਿ ਚਾਤੁਰ ਬਨ੍ਯੋ ਬਿਸ਼ਰਮੀ!।
ਸੁਨਿ ਪਿਖਿ ਸੀਸ ਨਿਵਾਵਹਿਂ ਜਿਨ ਕੋ। ਸੁਭ ਮਤਿ ਲਖਹਿਂ ਮਹਾਤਮ ਤਿਨ ਕੋ॥ ੨੫॥

ਹੇ ਕੁਕਰਮੀ! ਉਹ ਤੇਰੀ ਨਿੰਦਿਆ ਕਰਦੇ ਹਨ। ਤੂੰ ਆਪਣੇ ਆਪ ਵਿਚ ਚਾਤੁਰ ਬਣਨਾ ਚਾਹੁੰਦਾ ਹੈਂ, ਪਰ ਬਣਿਆ ਬੇਸ਼ਰਮ ਹੈਂ। ਜਿਸ ਬਾਣੀ ਨੂੰ ਸੁਣ ਕੇ ਵੇਖ ਕੇ ਸਾਰੇ ਸਿਰ ਨਿਵਾਉਂਦੇ ਹਨ, ਸ਼ੁਭ ਬੁਧੀਵਾਨ ਗੁਰਬਾਣੀ ਦੇ ਮਹਾਤਮ ਨੂੰ ਭਲੀ ਪ੍ਰਕਾਰ ਜਾਣਦੇ ਹਨ॥ ੨੫॥

ਪਾਲਯੋ ਨੀਠ ਨੀਠ ਲਖਿ ਈਠ। ਬਡੋ ਹੋਇ ਨਿਕਸ੍ਯੋ ਅਸ ਢੀਠ।
ਇੱਤ੍ਯਾਦਿਕ ਦੁਰਬਾਕ ਘਨੇਰੇ। ਕਹਿ ਕਰਿ ਤਰਜਨ ਕੀਨਿ ਬਡੇਰੇ॥ ੨੬॥

ਪ੍ਰਤੱਖ ਰੂਪ ਵਿਚ ਅਸੀਂ ਤੈਨੂੰ ਮਸੀਂ-ਮਸੀਂ ਜਿਵੇਂ-ਤਿਵੇਂ ਕਰਕੇ ਪਾਲਿਆ ਹੈ, ਵੱਡਾ ਹੋ ਕੇ ਤੂੰ ਐਸਾ ਢੀਠ ਨਿਕਲਿਆ ਹੈਂ।" ਇਸ ਪ੍ਰਕਾਰ ਕਈ ਪ੍ਰਕਾਰ ਦੇ ਦੁਰਬਚਨ ਕਹੇ ਤੇ ਕਹਿ ਕਹਿ ਕੇ ਬਹੁਤ ਵਰਜਿਆ॥ ੨੬॥

ਸੁਨਤਿ ਹਠੀ ਸਿੰਘ ਕਰਤਿ ਬਤਾਵਨਿ। 'ਮੈਂ ਤੋ ਕੀਨੇ ਨਏ ਬਨਾਵਨ।
ਸੁਨਹੁ ਮਾਤ ਜੀ! ਤੁਮਰੇ ਪਾਸ। ਕਰਜੋ ਕਿਸੂ ਨੇ ਕੂਰ ਪ੍ਰਕਾਸ਼' ॥ ੨੭॥

ਇਹ ਸੁਣ ਕੇ ਹਠੀ ਸਿੰਘ ਦੱਸਣ ਲੱਗਾ, "ਮੈਂ ਤਾਂ ਨਵੇਂ ਸ਼ਬਦ ਬਣਾਏ ਹਨ। ਹੇ ਮਾਤਾ ਜੀ! ਸੁਣੋ, ਤੁਹਾਡੇ ਪਾਸ ਕਿਸੇ ਨੇ ਝੂਠ ਬੋਲਿਆ ਹੈ"॥ ੨੭॥

ਇਮ ਕਹਿ ਢਿਗ ਤੇ ਉਠਿ ਕਰਿ ਗਯੋ। ਮਾਤ ਬ੍ਰਿਧਾ ਲਖਿ ਗਰਬਤਿ ਭਯੋ।
ਬਰਜਜੋ, ਕਛੂ ਨ ਮਨ ਮਹਿਂ ਆਨਾ। ਤਿਮ ਹੀ ਬਹੁਰ ਕਰਨ ਕੌ ਠਾਨਾ॥੨੮॥

ਇਸ ਪ੍ਰਕਾਰ ਕਹਿ ਕੇ ਮਾਤਾ ਜੀ ਪਾਸੋਂ ਉੱਠ ਕੇ ਚਲੇ ਗਏ। ਮਾਤਾ ਜੀ ਨੂੰ ਬ੍ਰਿਧ ਸਮਝ ਕੇ ਅਭਿਮਾਨ ਕਰਦਾ ਸੀ। ਜਿਹੜਾ ਉਸ ਨੂੰ ਵਰਜਿਆ ਸੀ, ਉਸ ਦੀ ਉਸ ਥੋੜੀ ਜਿਹੀ ਪ੍ਰਵਾਹ ਵੀ ਆਪਣੇ ਮਨ ਵਿਚ ਨਾ ਲਿਆਂਦੀ ਤੇ ਉਸ ਨੇ ਪਹਿਲਾਂ ਵਾਂਗ ਹੀ ਹੋਰ ਬਾਣੀ ਤਿਆਰ ਕਰਨ ਦੀ ਧਾਰ ਲਈ॥ ੨੮॥

ਅਪਨ ਨਾਮ ਗੁਰ ਸ਼ਬਦ ਮਝਾਰਾ। ਲਿਖੈ, ਸੁਨਾਵੈ ਅਨਿਕ ਪ੍ਰਕਾਰਾ।
ਸੁਨਿ ਸੁਨ ਮਾਤਿ ਖਿਝੈ ਬਹੁ ਬਾਰੀ। ਬਰਜਤਿ ਤਰਜਤਿ ਦੇ ਕਰਿ ਗਾਰੀ॥੨੯॥

ਗੁਰੂ ਸਾਹਿਬਾਨ ਦੇ ਸ਼ਬਦ ਵਿਚ ਆਪਣਾ ਨਾਮ ਦੇ ਕੇ ਲਿਖਦਾ ਸੀ ਤੇ ਅਨੇਕ ਪ੍ਰਕਾਰ ਸੁਣਾਉਂਦਾ ਸੀ। ਇਸ ਪ੍ਰਕਾਰ ਸੁਣ ਸੁਣ ਕੇ ਮਾਤਾ ਜੀ ਬਹੁਤ ਵਾਰ ਖਿਝਦੇ ਸਨ ਤੇ ਗਾਲ੍ਹਾਂ ਕੱਢ ਕੇ ਵਰਜਦੇ ਅਤੇ ਡਾਂਟਦੇ ਸਨ॥ ੨੯॥

'ਤੁਵ ਪਿਤ ਕਰਤਿ ਕੁਕਰਮਨ ਜੈਸੇ। ਜਾਨਜੌਂ ਨਿਸ਼ਚੈ ਤੂੰ ਹੁਇਂ ਤੈਸੇ।
ਕਜੋਂ ਨ ਬਿਚਾਰਤਿ ਕਜਾ ਗਤਿ ਹੋਈ। ਨਿਤ ਪ੍ਰਤਿ ਮੋਹਿ ਦੁਖਾਵਤਿ ਸੋਈ' ॥੩੦॥

ਮਾਤਾ ਜੀ ਕਹਿੰਦੇ ਸਨ, "ਜਿਵੇਂ ਤੇਰਾ ਪਿਤਾ ਕੁਕਰਮ ਕਰਦਾ ਰਿਹਾ ਹੈ, ਮੈਂ ਇਹ ਨਿਸ਼ਚਾ ਕਰਕੇ ਜਾਣਿਆ ਹੈ ਕਿ ਤੂੰ ਵੀ ਉਸ ਵਰਗਾ ਹੀ ਹੋਵੇਂਗਾ। ਇਹ ਕਿਉਂ ਨਹੀਂ ਵਿਚਾਰਦਾ ਹੈਂ ਕਿ ਉਸ ਦੀ ਕੀ ਹਾਲਤ ਹੋਈ ਸੀ। ਨਿਤਾਪ੍ਰਤੀ ਮੈਨੂੰ ਦੁਖੀ ਕਰਦਾ ਸੀ"॥ ੩੦॥

ਹਠੀ ਸਿੰਘ ਹਠ ਧਰੇ ਬਡੇਰਾ। ਨਹੀਂ ਟਰਜੋ ਸਮੁਝਾਇ ਘਨੇਰਾ।
ਨਿਕਟ ਮਾਤ ਕੇ ਕਬਿ ਕਬਿ ਆਵੈ। ਮਨ ਭਾਵਤਿ ਕਰਤੂਤ ਕਮਾਵੈ॥ ੩੧॥

ਪਰ ਹਠੀ ਸਿੰਘ ਨੇ ਹੋਰ ਵੱਡਾ ਹਠ ਧਾਰ ਲਿਆ, ਬਹੁਤ ਸਮਝਾਉਣ 'ਤੇ ਵੀ ਉਹ ਟਲਿਆ ਨਹੀਂ। ਕਦੀ-ਕਦੀ ਮਾਤਾ ਜੀ ਪਾਸ ਆਉਂਦਾ ਸੀ ਤੇ ਮਨ-ਭਾਉਂਦੀ ਕਰਤੂਤ ਕਮਾਉਂਦਾ ਸੀ॥ ੩੧॥

ਮਾਤ ਸੁੰਦਰੀ ਦੁਖਤਿ ਬਿਸਾਲੀ। ਜਾਨਿ ਲੀਨਿ ਮਨ ਖੋਟ ਕੁਚਾਲੀ।
ਸਹਿ ਨ ਸਕਹਿ ਕਰਤੂਤ ਕੁਢਾਲੀ। ਰਿਸਹਿ,ਚਲਹਿ ਨਹਿਂ ਬਸ ਤਿਸ ਨਾਲੀ॥੩੨॥

ਮਾਤਾ ਸੁੰਦਰੀ ਜੀ ਬਹੁਤ ਦੁਖੀ ਹੁੰਦੇ ਸਨ, ਉਨ੍ਹਾਂ ਨੇ ਹਠੀ ਸਿੰਘ ਦੇ ਖੋਟੇ ਮਨ ਨੂੰ ਜਾਣ ਲਿਆ। ਉਸ ਦੀ ਮਾੜੀ ਕਰਤੂਤ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ, ਬਹੁਤ ਗੁੱਸਾ ਕਰਦੇ ਸਨ, ਪਰ ਉਸ ਨਾਲ ਕੁਝ ਵੀ ਵੱਸ ਨਹੀਂ ਸੀ ਚਲਦਾ॥ ੩੨॥

ਸਮ ਅਜੀਤ ਸਿੰਘ ਕੇ ਤਿਹ ਮਾਨਾ। ਕਰਜੋ ਸਨੇਹ ਰਿਦੇ ਤੇ ਹਾਨਾ।
ਕੋਪ ਕਰਹਿ ਸੋ ਮਾਨਹਿ ਨਾਂਹੀ। ਚਹਜੋ ਜਾਉਂ ਦਿੱਲੀ ਪੁਰਿ ਮਾਂਹੀ॥ ੩੩॥

ਫਿਰ ਉਸ ਨੂੰ ਵੀ ਅਜੀਤ ਸਿੰਘ ਵਾਂਗ ਹੀ ਮੰਨ ਲਿਆ ਤੇ ਉਸ ਨਾਲ ਆਪਣੇ ਸਨੇਹ ਨੂੰ ਖਤਮ ਕਰ ਦਿੱਤਾ। ਗੁੱਸਾ ਕਰਨ ਨਾਲ ਜਦ ਉਹ ਮੰਨਦਾ ਨਹੀਂ ਸੀ ਤਾਂ ਮਾਤਾ ਜੀ ਨੇ ਚਾਹਿਆ ਹੁਣ ਮੈਂ ਦਿੱਲੀ ਹੀ ਚਲੀ ਜਾਂਦੀ ਹਾਂ॥ ੩੩॥

ਕੇਤਿਕ ਦਿਵਸ ਬਿਚਾਰਨ ਕਰੀ। ਤ੍ਯਾਰ ਹੋਇ ਸ੍ਯੰਦਨ ਪਰ ਚਰੀ।
ਹਾਥ ਜੋਰਿ ਪੁਨ ਰਹ੍ਯੋ ਹਟਾਇ। ਮਾਤ ਨ ਹਟੀ ਘਨੀ ਰਿਸ ਪਾਇ॥ ੩੪॥

ਕੁਝ ਦਿਨ ਵਿਚਾਰ ਕਰਦੀ ਰਹੀ, ਫਿਰ ਤਿਆਰ ਹੋ ਕੇ ਰੱਥ ਵਿਚ ਸਵਾਰ ਹੋ ਗਏ। ਫਿਰ ਹਠੀ ਸਿੰਘ ਹੱਥ ਜੋੜ ਕੇ ਰੋਕਦਾ ਰਿਹਾ, ਪਰ ਮਾਤਾ ਜੀ ਬਹੁਤ ਗੁੱਸਾ ਧਾਰਨ ਕਰਕੇ ਰੁਕੇ ਨਹੀਂ॥ ੩੪॥

ਚਲਿ ਕਰਿ ਪੰਥ ਉਲੰਘਤਿ ਸਾਰੇ। ਸੰਗਤਿ ਆਈ ਸੁਨਤਿ ਅਗਾਰੇ।
ਬਹੁ ਸਨਮਾਨ ਸਹਿਤ ਲੇ ਗਏ। ਧਰਹਿਂ ਅਕੋਰਨ ਬੰਦਨ ਕਏ॥ ੩੫॥

ਚਲ ਕੇ ਸਾਰਾ ਪੈਂਡਾ ਉਲੰਘ ਆਏ, ਜਦ ਦਿੱਲੀ ਦੀ ਸੰਗਤ ਨੂੰ ਮਾਤਾ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਅਗਾਊਂ ਲੈਣ ਵਾਸਤੇ ਆਏ। ਫਿਰ ਬਹੁਤ ਸਨਮਾਨ ਸਹਿਤ ਲੈ ਕੇ ਗਏ। ਉਨ੍ਹਾਂ ਨੇ ਫਿਰ ਮਾਤਾ ਜੀ ਅੱਗੇ ਉਪਹਾਰ ਰੱਖ ਕੇ ਬੰਦਨਾ ਕੀਤੀ॥ ੩੫॥

ਅਪਨੇ ਘਰ ਮਹਿਂ ਪ੍ਰਵਿਸ਼ੀ ਜਾਇ। ਦਰਸ਼ਨ ਕਰਹਿਂ ਸਿੱਖ ਸਮੁਦਾਇ।
ਆਯੁਧ ਖਸ਼ਟ ਗੁਰੂ ਕੇ ਜੋਊ। ਆਨੇ ਸੰਗ ਪੂਜ ਤਿਨ ਹੋਊ॥ ੩੬॥

ਮਾਤਾ ਜੀ ਜਾ ਕੇ ਆਪਣੇ ਘਰ ਅੰਦਰ ਪ੍ਰਵੇਸ਼ ਕਰ ਗਏ। ਸਾਰੇ ਸਿੱਖ ਮਾਤਾ ਜੀ ਦੇ ਦਰਸ਼ਨ ਕਰਦੇ ਸਨ। ਛੇਵੇਂ ਗੁਰੂ ਸਾਹਿਬ ਦੇ ਜਿਹੜੇ ਹਥਿਆਰ ਸਨ, ਉਨ੍ਹਾਂ ਨੂੰ ਆਪਣੇ ਨਾਲ ਲਿਆਏ ਸਨ, ਜਿਨ੍ਹਾਂ ਦੀ ਪੂਜਾ ਹੁੰਦੀ ਸੀ॥ ੩੬॥

ਰਾਜਾ ਰਾਮ ਸੁ ਸ਼ਾਹੁ ਵਜ਼ੀਰ। ਸੁਨਿ ਕਰਿ ਆਏ ਸੁੰਦਰੀ ਤੀਰ।
ਦਯੋ ਦਰਬ ਬੰਦਨ ਬਹੁ ਕੀਨਿ। ਮਾਤ ਖੁਸ਼ੀ ਕਰਿ ਆਸ਼ਿਖ ਦੀਨ॥ ੩੭॥

ਰਾਜਾ ਰਾਮ ਦਿੱਲੀ ਦੇ ਬਾਦਸ਼ਾਹ ਦਾ ਵਜ਼ੀਰ ਸੀ, ਉਸ ਨੂੰ ਜਦ ਮਾਤਾ ਜੀ ਦੇ ਦਿੱਲੀ ਆਉਣ ਬਾਰੇ ਪਤਾ ਲੱਗਾ ਤਾਂ ਉਹ ਮਾਤਾ ਜੀ ਪਾਸ ਆਇਆ। ਉਸ ਨੇ ਧਨ ਦੇ ਕੇ ਬਹੁਤ ਬੰਦਨਾ ਕੀਤੀ। ਮਾਤਾ ਜੀ ਨੇ ਪ੍ਰਸੰਨ ਹੋ ਕੇ ਉਸਨੂੰ ਅਸੀਸ ਦਿੱਤੀ॥ ੩੭॥

ਪੂਰਬ ਕੇ ਪ੍ਰਸੰਗ ਪੁਨ ਕਹੇ। 'ਕਹਾਂ ਅਜੀਤ ਸਿੰਘ ਮ੍ਰਿਤੁ ਲਹੇ?।
ਹੋਨਹਾਰ ਸੋ ਮਿਟਤਿ ਨ ਕਬੈ। ਬੁਧਿ ਬਲ ਤੇ ਪ੍ਰਯਾਸ ਕਰਿ ਸਬੇ'॥ ੩੮॥

ਫਿਰ ਪਹਿਲੇ ਵਾਲੇ ਕੁਝ ਪ੍ਰਸੰਗ ਕਹੇ, ''ਕਿਵੇਂ ਅਜੀਤ ਸਿੰਘ ਦੀ ਮੌਤ ਹੋ ਗਈ ਹੈ? ਜੋ ਹੋਣਾ ਹੈ, ਉਹ ਕਦੇ ਵੀ ਟਲਦਾ ਨਹੀਂ ਹੈ, ਭਾਵੇਂ ਕੋਈ ਬੁੱਧੀ ਬਲ ਨਾਲ ਕਿੰਨਾ ਵੀ ਯਤਨ ਕਰੇ''॥ ੩੮॥

ਪੁਨ ਮਾਤਾ ਨੇ ਭਨ੍ਯੋਂ ਬ੍ਰਿਤੰਤ। 'ਮੁਝ ਕੋ ਸੰਕਟ ਰਹੇ ਅਨੰਤ।
ਲਰਿ ਕਰ ਜਬਿ ਅਜੀਤ ਸਿੰਘ ਮਾਰਾ। ਪੀਛੇ ਲੁਟ੍ਯੋ ਮੋਹਿ ਘਰ ਸਾਰਾ॥ ੩੯॥

ਫਿਰ ਮਾਤਾ ਜੀ ਨੇ ਬ੍ਰਿਤਾਂਤ ਸੁਣਾਇਆ, ''ਮੈਨੂੰ ਬੇਅੰਤ ਸੰਕਟ ਪਏ ਹਨ, ਜਦ ਯੁੱਧ ਕਰਕੇ ਅਜੀਤ ਸਿੰਘ ਨੂੰ ਮਾਰਿਆ ਸੀ ਤਾਂ ਬਾਅਦ ਵਿਚ ਮੇਰਾ ਸਾਰਾ ਘਰ ਲੁੱਟ ਲਿਆ ਸੀ॥ ੩੯॥

ਵਸਤੁ ਸ਼ਾਹੁ ਕੇ ਗਈ ਖਜ਼ਾਨੇ। ਬਰਜ੍ਯੋ ਕਿਸੂ ਨ ਮਮ ਘਰ ਜਾਨੇ'।
ਰਾਜਾ ਰਾਮ ਸੁਨਤਿ ਕਹਿ ਧੀਰ। 'ਮੈਂ ਅਬਿ ਕਹੌਂ ਸ਼ਾਹੁ ਕੇ ਤੀਰ'॥ ੪੦॥

ਉਹ ਸਾਰੀਆਂ ਵਸਤਾਂ ਬਾਦਸ਼ਾਹ ਦੇ ਖਜ਼ਾਨੇ ਵਿਚ ਗਈਆਂ ਹਨ, ਮੇਰੇ ਘਰ ਵਿਚ ਜਾਣ ਤੋਂ ਕਿਸੇ ਨੇ ਵੀ ਨਹੀਂ ਰੋਕਿਆ ਹੈ।'' ਰਾਜਾ ਰਾਮ ਨੇ ਸੁਣ ਕੇ ਧੀਰਜ ਨਾਲ ਕਿਹਾ, ''ਮੈਂ ਹੁਣ ਬਾਦਸ਼ਾਹ ਦੇ ਪਾਸ ਕਹਾਂਗਾ''॥ ੪੦॥

ਇਮ ਸੁਨਾਇ ਬਿਚ ਦੁਰਗ ਪਯਾਨਾ। ਸ਼ਾਹੁ ਸਮੀਪ ਬ੍ਰਿਤੰਤ ਬਖਾਨਾ।
'ਪ੍ਰਥਮ ਬਹਾਦਰ ਸ਼ਾਹੁ ਬਡੇਰੇ। ਤਿਸ ਪਰ ਸਤਿਗੁਰ ਖੁਸ਼ੀ ਘਨੇਰੇ॥ ੪੧॥

ਇਸ ਪ੍ਰਕਾਰ ਸੁਣਾ ਕੇ ਕਿਲ੍ਹੇ ਦੇ ਵਿਚ ਚਲੇ ਗਿਆ ਤੇ ਬਾਦਸ਼ਾਹ ਦੇ ਪਾਸ ਜਾ ਕੇ ਸਾਰਾ ਬ੍ਰਿਤਾਂਤ ਸੁਣਾਇਆ, "ਆਪ ਜੀ ਦੇ ਵਡੇਰੇ ਬਹਾਦਰ ਸ਼ਾਹ ਬਾਦਸ਼ਾਹ ਉੱਪਰ ਸਤਿਗੁਰੂ ਜੀ ਨੇ ਵੱਡੀ ਖੁਸ਼ੀ ਕੀਤੀ ਸੀ॥ ੪੧॥

ਸਲਤਨ ਦੀਨਿ ਫੇਰ ਤੁਮ ਘਰ ਸੋਂ। ਤਾਰਾਆਜ਼ਮ ਹਤਿ ਇਕ ਸਰ ਸੋਂ।
ਤਿਸ ਗੁਰ ਕੀ ਗੇਹਨ ਬਿਚ ਪੁਰੀ। ਸਮਾ ਬਿਤਾਵਨ ਕੇ ਹਿਤ ਥਿਰੀ॥ ੪੨॥

ਤੁਹਾਡੇ ਘਰ ਵਿਚ ਫਿਰ ਸਲਤਨਤ ਦਿੱਤੀ, ਉਨ੍ਹਾਂ ਨੇ ਤਾਰਾ ਆਜ਼ਮ ਨੂੰ ਇਕ ਤੀਰ ਮਾਰ ਕੇ ਮਾਰ ਦਿੱਤਾ। ਉਸ ਗੁਰੂ ਜੀ ਦੀ ਪਤਨੀ ਇਸ ਨਗਰੀ ਵਿਚ ਰਹਿੰਦੀ ਹੈ, ਏਥੇ ਸਮਾਂ ਬਿਤਾਉਣ ਵਾਸਤੇ ਠਹਿਰੀ ਹੈ॥ ੪੨॥

ਤਿਹ ਘਰ ਲੂਟਿ ਖਜ਼ਾਨੇ ਡਾਰਾ। ਇਹ ਤੁਮ ਕੋ ਹੈ ਬਹੁ ਬੁਰਿਆਰਾਂ।
ਗੁਰ ਪੀਰਨ ਕੋ ਅਦਬ ਬਡੇਰਾ। ਸੁਖ ਪ੍ਰਾਪਤ ਹ੍ਵੈ ਲੋਕ ਘਨੇਰਾ॥ ੪੩॥

ਉਸ ਦਾ ਘਰ ਲੁੱਟ ਕੇ ਖਜ਼ਾਨੇ ਵਿਚ ਪਾ ਲਿਆ ਹੈ, ਇਹ ਤੁਹਾਡੇ ਵਾਸਤੇ ਬੜੀ ਮਾੜੀ ਗੱਲ ਹੈ। ਗੁਰੂ ਪੀਰਾਂ ਦਾ ਵੱਡਾ ਅਦਬ ਕਰਨ ਨਾਲ ਦੋਵਾਂ ਲੋਕਾਂ ਵਿਚ ਵੱਡਾ ਸੁਖ ਪ੍ਰਾਪਤ ਹੁੰਦਾ ਹੈ॥ ੪੩॥

ਸੁਨਤਿ ਸ਼ਾਹੁ ਉਰ ਤ੍ਰਾਸ ਬਿਚਾਰਾ। ਕਹਜੋ 'ਸਮਾਜ ਫੇਰ ਦਿਹੁ ਸਾਰਾ'।
ਤਤਛਿਨ ਰਾਜਾ ਰਾਮ ਅਨੰਦ। ਨਿਕਸਾਯੋ ਜਹਿਂ ਧਰਜੋ ਬਿਲੰਦ॥ ੪੪॥

ਇਹ ਸੁਣ ਕੇ ਬਾਦਸ਼ਾਹ ਨੇ ਦਿਲ ਵਿਚ ਡਰ ਮੰਨਿਆ ਤੇ ਕਿਹਾ, "ਸਾਰਾ ਸਾਮਾਨ ਫਿਰ ਦੇ ਦੇਵੋ।" ਤੁਰਤ ਰਾਜਾ ਰਾਮ ਪ੍ਰਸੰਨ ਹੋ ਗਿਆ ਤੇ ਖਜ਼ਾਨੇ ਵਿਚ ਧਰੇ ਹੋਏ ਸਾਰੇ ਸਾਮਾਨ ਨੂੰ ਕਢਵਾਇਆ॥ ੪੪॥

ਮਾਤ ਸੁੰਦਰੀ ਸਦਨ ਪੁਚਾਯੋ। ਬਿਨੈ ਬਖਾਨਿ ਹਰਖ ਉਪਜਾਯੋ।
ਦਿੱਲੀ ਪੁਰਿ ਮਹਿਂ ਪ੍ਰਥਮ ਸਮਾਨ। ਬਸਨਿ ਲਗੀ, ਭੀ ਬ੍ਰਿਧਾ ਮਹਾਨ॥ ੪੫॥

ਉਸ ਸਾਰੇ ਸਾਮਾਨ ਨੂੰ ਫਿਰ ਮਾਤਾ ਸੁੰਦਰੀ ਜੀ ਦੇ ਘਰ ਪਹੁੰਚਾ ਦਿੱਤਾ ਤੇ ਬੇਨਤੀ ਕਰਕੇ ਪ੍ਰਸੰਨਤਾ ਪ੍ਰਗਟ ਕੀਤੀ। ਮਾਤਾ ਜੀ ਦਿੱਲੀ ਨਗਰੀ ਵਿਚ ਪਹਿਲਾਂ ਵਾਂਗ ਰਹਿਣ ਲੱਗੇ, ਉਹ ਹੁਣ ਬਹੁਤ ਬ੍ਰਿਧ ਹੋ ਗਏ ਸਨ॥ ੪੫॥

*ਦੂਸਰੇ ਐਨ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

## *ਅਧਿਆਇ ਚੌਤੀਵਾਂ*

*ਮਾਤਾ ਜੀ ਦਾ ਗੁਰਪੁਰੀ ਗਮਨ*

ਦੋਹਰਾ-ਇਸ ਪ੍ਰਕਾਰ ਮਾਤਾ ਰਹੀ ਦਿੱਲੀ ਪੁਰਿ ਮਹਿਂ ਫੇਰ।
ਸੰਗਤਿ ਸੇਵੈ ਭਾਵ ਧਰਿ ਮੇਲ ਸਕੇਲ ਬਡੇਰ॥ ੧॥

ਇਸ ਪ੍ਰਕਾਰ ਮਾਤਾ ਜੀ ਫੇਰ ਦਿੱਲੀ ਨਗਰੀ ਵਿਚ ਰਹੇ। ਬਹੁਤ ਸੰਗਤ ਇਕੱਠੀ ਹੋ ਕੇ ਵੱਡੀ ਭਾਵਨਾ ਧਰ ਕੇ ਮਾਤਾ ਜੀ ਦੀ ਸੇਵਾ ਕਰਦੀ ਸੀ॥੧॥

ਚੌਪਈ- ਸਮਾ ਸਤਾਰਾ ਸਯਾ ਬਿਤਾਯੋ। ਚਢ੍ਯੋ ਅਠਾਰਾ ਸਯਾ ਗਿਨਾਯੋ।
ਨਾਦਰਸ਼ਾਹ ਆਇ ਚਲਿ ਗਇਊ। ਸਲਤਨ ਸਕਲ ਬਿਨਾਸੀ ਭਇਊ ॥੨॥

ਸੰਮਤ ਸਤਾਰਾਂ ਸੌ ਬਤੀਤ ਕੀਤਾ, ਫਿਰ ਸੰਮਤ ਅਠਾਰਾਂ ਸੌ ਚੜ੍ਹਿਆ ਗਿਣਾਇਆ। ਨਾਦਰ ਸ਼ਾਹ ਆ ਕੇ ਚਲਾ ਗਿਆ। ਬਾਦਸ਼ਾਹ ਦੀ ਸਾਰੀ ਸਲਤਨਤ ਵਿਨਾਸ਼ ਹੋ ਗਈ॥ ੨॥

ਮਾਤ ਬ੍ਰਿਧਾ ਜਰਜਰੀ ਸਰੀਰ। ਸੇਵਤਿ ਸੰਗਤਿ ਰਹਿ ਨਿਤ ਤੀਰ।
ਸੰਮਤ ਚਾਰ ਬੀਤਿਗੇ ਔਰ। ਅੰਤ ਸਮਾਂ ਪਹੁੰਚ੍ਯੋ ਤਿਸ ਠੌਰ॥ ੩॥

ਮਾਤਾ ਜੀ ਬਹੁਤ ਬ੍ਰਿਧ ਹੋ ਗਏ ਸਨ ਤੇ ਸਰੀਰ ਕਮਜ਼ੋਰ ਹੋ ਗਿਆ ਸੀ। ਸੰਗਤ ਸੇਵਾ ਕਰਦੀ ਸਦਾ ਪਾਸ ਰਹਿੰਦੀ ਸੀ। ਚਾਰ ਸਾਲ ਹੋਰ ਬੀਤ ਗਏ ਤੇ ਫਿਰ ਮਾਤਾ ਜੀ ਦਾ ਅੰਤ ਸਮਾਂ ਨੇੜੇ ਪਹੁੰਚ ਗਿਆ॥ ੩॥

ਤਿਥ ਇਕਾਦਸ਼ੀ ਮਹਿਂ ਤਜਿ ਪ੍ਰਾਨ। ਪਹੁੰਚੀ ਪਤਿ ਢਿਗ ਮੁਕਤਿ ਸਥਾਨ।
ਸ੍ਰੀ ਹਰਿਕ੍ਰਿਸ਼ਨ ਦੇਹੁਰਾ ਜਹਾਂ। ਸਾਹਿਬ ਦੇਵੀ ਦਾਹ ਭਿ ਤਹਾਂ ॥੪॥

ਇਕਾਦਸ਼ੀ ਦੀ ਤਿਥੀ ਨੂੰ ਪ੍ਰਾਣ ਛੱਡ ਗਏ ਤੇ ਮੁਕਤੀ ਵਾਲੇ ਸਥਾਨ ਆਪਣੇ ਪਤੀ ਜੀ ਪਾਸ ਪਹੁੰਚ ਗਏ। ਜਿੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦੇਹੁਰਾ ਹੈ, ਜਿੱਥੇ ਮਾਤਾ ਸਾਹਿਬ ਦੇਵਾਂ ਜੀ ਦਾ ਸਸਕਾਰ ਕੀਤਾ ਸੀ॥ ੪॥

ਦਿੱਲੀ ਕੀ ਸੰਗਤਿ ਮਿਲਿ ਸਾਰੀ। ਰਚ੍ਯੋ ਬਿਮਾਨ ਲਾਇ ਧਨ ਭਾਰੀ।
ਕੰਚਨ ਕੁਸਮ ਘਰਾਵਨਿ ਕਰੇ। ਬਹੁ ਮੋਲੇ ਪਟ ਊਪਰ ਪਰੇ॥ ੫॥

ਦਿੱਲੀ ਦੀ ਸਾਰੀ ਸਿੱਖ ਸੰਗਤ ਇਕੱਠੀ ਹੋਈ ਤੇ ਉਨ੍ਹਾਂ ਨੇ ਬਹੁਤ ਧਨ ਲਾ ਕੇ ਇਕ ਸੁੰਦਰ ਬਿਮਾਨ ਤਿਆਰ ਕੀਤਾ। ਸੋਨੇ ਦੇ ਫੂਲ ਘੜਵਾਏ ਤੇ ਬਹੁਤ ਕੀਮਤੀ ਕੱਪੜੇ ਉੱਪਰ ਪਾਏ॥ ੫॥

ਊਰਧ ਦੇਹਕ ਮਾਤਹਿ ਕੇਰਾ। ਨੀਕ ਕੀਨ ਧਨ ਲਾਇ ਬਡੇਰਾ।
ਗਰੀ ਬਜ਼ਾਰਨ ਮਹਿਂ ਬਰਖਾਇ। ਸਿਖ ਸੰਗਤਿ ਲੈਗੇ ਤਿਸ ਥਾਇ॥ ੬॥

ਮਾਤਾ ਜੀ ਦਾ ਮ੍ਰਿਤਕ ਸੰਸਕਾਰ, ਬਹੁਤ ਧਨ ਲਾ ਕੇ ਚੰਗੀ ਤਰ੍ਹਾਂ ਕੀਤਾ। ਗਲੀਆਂ ਬਜ਼ਾਰਾਂ ਵਿਚ ਧਨ ਦੀ ਵਰਖਾ ਕਰਕੇ ਸਿੱਖ ਸੰਗਤ ਮਾਤਾ ਜੀ ਦੇ ਸਰੀਰ ਨੂੰ ਉਸ ਥਾਂ ਲੈ ਗਏ॥ ੬॥

ਚੰਦਨ ਕੀ ਚਿਖ ਰਚੀ ਬਿਸਾਲਾ। ਬਹੁ ਘ੍ਰਿਤ ਲੇ ਕਰ ਤਿਸ ਮਹਿਂ ਡਾਲਾ।
ਊਪਰ ਧਰਿ ਸ਼ਰੀਰ ਕੋ ਤਬੈ। ਬਿਧਿ ਸੋਂ ਭਸਮ ਦਿਯੋ ਕਰਿ ਸਬੈ॥ ੭॥

ਚੰਦਨ ਦੀ ਵਿਸ਼ਾਲ ਚਿਤਾ ਤਿਆਰ ਕੀਤੀ ਤੇ ਬਹੁਤ ਘਿਉ ਲੈ ਕੇ ਉਸ ਵਿਚ ਪਾਇਆ। ਉਸ ਉੱਪਰ ਫਿਰ ਮਾਤਾ ਜੀ ਦਾ ਸਰੀਰ ਧਰ ਦਿੱਤਾ। ਫਿਰ ਵਿਧੀ ਅਨੁਸਾਰ ਸਾਰੇ ਸਰੀਰ ਨੂੰ ਭਸਮ ਕਰ ਦਿੱਤਾ॥ ੭॥

ਕ੍ਰਿਯਾ ਕਰਮ ਸਿੱਖਨ ਕਰਿਵਾਏ। ਜੱਗ ਬਿਸਾਲ ਕਰ੍ਯੋ ਧਨ ਲਾਏ।
ਬਿੱਪ੍ਰਨਿ ਸਾਧਨ ਦੀਨਿ ਅਹਾਰਾ। ਘਰ ਕੋ ਧਨ ਦਿਯ ਦਾਨ ਉਦਾਰਾ॥੮॥

ਸਿੱਖਾਂ ਨੇ ਫਿਰ ਕ੍ਰਿਆ ਕਰਮ ਕਰਵਾਇਆ ਤੇ ਬਹੁਤ ਧਨ ਲਾ ਕੇ ਵਿਸ਼ਾਲ ਯੱਗ ਲਾਇਆ। ਬ੍ਰਾਹਮਣਾਂ ਅਤੇ ਸਾਧਾਂ ਨੂੰ ਭੋਜਨ ਖਵਾਇਆ ਤੇ ਬਹੁਤ ਧਨ ਉਨ੍ਹਾਂ ਨੂੰ ਦਾਨ ਵਿਚ ਦਿੱਤਾ॥ ੮॥

ਜੋ ਮਾਤਾ ਕੇ ਸੇਵਕ ਅਹੇ। ਸਦਨ ਪਦਾਰਥ ਸਭਿ ਤਿਨ ਲਹੇ।
ਹਠੀ ਸਿੰਘ ਮਥਰਾ ਮਹਿਂ ਰਹ੍ਯੋ। ਗ੍ਰਾਮ ਦੁਹੂੰਨਿ ਮਾਮਲਾ ਲਹ੍ਯੋ॥ ੯॥

ਜਿਹੜੇ ਮਾਤਾ ਜੀ ਦੇ ਸੇਵਕ ਸਨ, ਉਨ੍ਹਾਂ ਨੇ ਮਾਤਾ ਜੀ ਦਾ ਘਰ ਅਤੇ ਹੋਰ ਸਾਰੇ ਪਦਾਰਥ ਲੈ ਲਏ। ਹਠੀ ਸਿੰਘ ਮਥਰਾ

ਵਿਚ ਹੀ ਰਿਹਾ, ਦੋ ਪਿੰਡਾਂ ਦਾ ਉਹ ਮਾਲੀਆ ਲੈਂਦਾ ਸੀ॥ ੯॥

**ਕੇਤਿਕ ਸੰਗਤਿ ਆਨਿ ਚਢਾਵੈ। ਕੇਚਿਤ ਸਿੱਖ ਬਨਨ ਕੋ ਆਵੈਂ।**
**ਤਿਸ ਕੀ ਭੀ ਸੰਗਤਿ ਕੁਛ ਹੋਈ। ਦਰਸ਼ਨ ਕਰਿ ਧਨ ਅਰਪਹਿ ਸੋਈ॥੧੦॥**

ਕਾਫੀ ਸੰਗਤ ਆ ਕੇ ਧਨ ਚੜ੍ਹਾਉਂਦੀ ਸੀ, ਕੁਝ ਲੋਕ ਸਿੱਖ ਬਣਨ ਵਾਸਤੇ ਆਉਂਦੇ ਸਨ। ਉਸ ਦੀ ਵੀ ਕੁਝ ਸੰਗਤ ਬਣ ਗਈ, ਉਹ ਦਰਸ਼ਨ ਕਰਕੇ ਧਨ ਅਰਪਣ ਕਰਦੇ ਸਨ॥੧੦॥

**ਸਾਠ ਸਉਰ ਜੁ ਸੰਗ ਬਨਾਏ। ਬਜਾਹ ਆਪਨੋ ਲੀਨਿ ਕਰਾਏ।**
**ਤਹਿਂ ਰਹਿ ਸੰਮਤ ਬਹੁਤ ਬਿਤਾਏ। ਕਾਬਲ ਕੇ ਗਿਲਜੇ ਪੁਨ ਆਏ॥ ੧੧॥**

ਸੱਠ ਸਵਾਰ ਉਸ ਨੇ ਆਪਣੇ ਨਾਲ ਬਣਾ ਲਏ ਸਨ ਤੇ ਉਸ ਨੇ ਆਪਣਾ ਵਿਆਹ ਵੀ ਕਰਵਾ ਲਿਆ। ਉਥੇ ਰਹਿ ਕੇ ਉਸ ਫਿਰ ਬਹੁਤ ਸਾਲ ਬਤੀਤ ਕੀਤੇ। ਕਾਬਲ ਦੇ ਫਿਰ ਗਿਲਜ਼ਈ ਪਠਾਣ ਆਏ॥੧੧॥

**ਕਾਲਜਮਨ ਜੋ ਕ੍ਰਿਸ਼ਨ ਸੰਘਾਰਾ। ਰਹਜੋ ਸੰਕਲਪ ਜਨਮ ਤਿਨ ਧਾਰਾ।**
**ਮਥਰਾ ਕਤਲ ਕਰੋਂ ਅਰੁ ਪੁਰਿ ਕੋ। ਮਰਤਜੋ ਰਹਜੋ ਮਨੋਰਥ ਉਰ ਕੋ॥ ੧੨॥**

ਕਾਲਜਮਨ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ, ਉਸ ਦਾ ਸੰਕਲਪ ਰਹਿ ਗਿਆ ਸੀ ਤੇ ਉਸ ਨੇ ਫਿਰ ਜਨਮ ਧਾਰਨ ਕੀਤਾ। ਮਥਰਾ ਨਗਰੀ ਨੂੰ ਫਿਰ ਕਤਲ ਕਰਾਂਗਾ। ਮਰਦੇ ਦਮ ਤਕ ਉਸ ਨੇ ਆਪਣੇ ਦਿਲ ਵਿਚ ਇਹ ਮਨੋਰਥ ਧਾਰਨ ਕੀਤਾ ਸੀ॥੧੨॥

**ਅਹਿਮਦਸ਼ਾਹੁ ਨਾਮ ਜਿਸ ਭਯੋ। ਪ੍ਰਥਮ ਗੁਰੂ ਦਸਮੇ ਕਹਿ ਦਯੋ।**
**ਮਾਝੇ ਬਿਖੈ ਪ੍ਰਥਮ ਬਲ ਘਾਲਾ। ਲੂਟਤਿ ਕੂਟਤਿ ਆਇ ਉਤਾਲਾ॥ ੧੩॥**

ਬਾਅਦ ਵਿਚ ਜਿਸ ਦਾ ਨਾਮ ਅਹਿਮਦ ਸ਼ਾਹ ਹੋਇਆ, ਪਹਿਲਾਂ ਦਸਵੇਂ ਗੁਰੂ ਜੀ ਨੇ ਇਸ ਬਾਰੇ ਕਹਿ ਦਿੱਤਾ ਸੀ। ਮਾਝੇ ਵਿਚ ਉਸ ਨੇ ਪਹਿਲਾਂ ਆਪਣੀ ਤਾਕਤ ਲਾਈ ਤੇ ਲੁੱਟਦਾ ਕੁੱਟਦਾ ਬੜਾ ਉਤਾਵਲਾ ਹੋ ਕੇ ਆਇਆ॥੧੩॥

**ਥੋਰੇ ਸਿੰਘ ਭਏ ਤਿਸ ਕਾਲਾ। ਸੂਰਬੀਰਤਾ ਧਰਹਿਂ ਬਿਸਾਲਾ।**
**ਰਣ ਘਾਲਜੋ ਸਨਮੁਖ ਰਿਪੁ ਹੋਇ। ਸੈਨਾ ਅਧਿਕ, ਕਰਹਿਂ ਕਜਾ ਸੋਇ॥੧੪॥**

ਉਸ ਸਮੇਂ ਸਿੰਘਾਂ ਦੀ ਗਿਣਤੀ ਹਾਲੇ ਬਹੁਤ ਥੋੜੀ ਸੀ ਪਰ ਉਹ ਵਿਸ਼ਾਲ ਸੂਰਬੀਰਤਾ ਧਾਰਨ ਕਰਦੇ ਸਨ। ਉਨ੍ਹਾਂ ਨੇ ਵੈਰੀ ਦੇ ਸਾਹਮਣੇ ਹੋ ਕੇ ਯੁੱਧ ਕੀਤਾ। ਸੈਨਾ ਬਹੁਤ ਵੱਡੀ ਸੀ ਤੇ ਸਿੰਘ ਬਹੁਤ ਥੋੜੇ ਸਨ, ਇਸ ਕਰਕੇ ਉਹ ਕੀ ਕਰ ਸਕਦੇ ਸਨ॥ ੧੪॥

**ਤਊ ਹਜ਼ਾਰਨ ਕੇ ਹਤਿ ਪ੍ਰਾਨਾ। ਕਰਜੋ ਦੁਸ਼ਟ ਕੋ ਕਸ਼ਟ ਮਹਾਨਾ।**
**ਥੋਰੇ ਬਹੁਤ ਗਿਨਹਿਂ ਨਹਿਂ ਸਿੰਘ। ਨ੍ਰਿਭੈ ਲਰਹਿਂ ਜਿਮ ਕਾਨਨ ਸਿੰਘ॥੧੫॥**

ਫਿਰ ਵੀ ਉਨ੍ਹਾਂ ਨੇ ਹਜ਼ਾਰਾਂ ਵੈਰੀਆਂ ਦੇ ਪ੍ਰਾਣ ਕੱਢ ਦਿੱਤੇ, ਉਸ ਦੁਸ਼ਟ ਨੂੰ ਉਨ੍ਹਾਂ ਨੇ ਬਹੁਤ ਦੁਖੀ ਕੀਤਾ। ਸਿੰਘ ਆਪਣੇ ਆਪ ਨੂੰ ਥੋੜੇ ਬਹੁਤੇ ਨਹੀਂ ਗਿਣਦੇ ਸਨ। ਉਹ ਨਿਰਭੈ ਹੋ ਕੇ ਲੜਦੇ ਸਨ, ਜਿਵੇਂ ਜੰਗਲ ਦੇ ਸ਼ੇਰ ਹੁੰਦੇ ਹਨ॥੧੫॥

**ਘੇਰ ਲੀਨਿ ਇਕ ਥਾਨ ਘਨੇਰੇ। ਸਿਰ ਕਾਟੇ ਸਭਿ ਕੇ ਤਿਸ ਬੇਰੇ।**
**ਬੀਸ ਹਜ਼ਾਰ ਗਿਨਤਿ ਮਹਿਂ ਆਏ। ਕਿਤ ਕਿਤ ਰਹੇ ਨ ਦ੍ਰਿਸ਼ਟੀ ਆਏ॥੧੬॥**

ਇਕ ਥਾਂ ਬਹੁਤ ਸਿੰਘਾਂ ਨੂੰ ਘੇਰ ਲਿਆ ਤੇ ਉਸ ਸਮੇਂ ਸਭ ਦੇ ਸਿਰ ਕੱਟ ਦਿੱਤੇ। ਇਨ੍ਹਾਂ ਸਿੰਘਾਂ ਦੀ ਗਿਣਤੀ ਵੀਹ ਹਜ਼ਾਰ ਦੇ ਕਰੀਬ ਹੋਈ। ਕਿਤੇ-ਕਿਤੇ ਕੋਈ ਸਿੰਘ ਬਚਿਆ, ਹੁਣ ਕਿਤੇ ਵੀ ਸਿੰਘ ਦਿਖਾਈ ਨਹੀਂ ਦਿੰਦੇ ਸਨ॥੧੬॥

ਤਿਸ ਰਣ ਕੋ ਅਬਿ ਲੋ ਨਰ ਲਹੈਂ। ਘੱਲੂਘਾਰਾ ਨਾਮ ਸੁ ਕਹੈਂ।
ਲਵਪੁਰਿ ਮਹਿਂ ਮਲੇਛ ਥਿਰ ਹੋਏ। ਸਿੰਘ ਹੋਨਿ ਨਹਿਂ ਪਾਵੈ ਕੋਏ॥ ੧੭॥

ਉਸ ਯੁੱਧ ਨੂੰ ਹੁਣ ਤਕ ਮਨੁੱਖ ਜਾਣਦੇ ਹਨ, ਉਸ ਨੂੰ ਘੱਲੂਘਾਰਾ ਦੇ ਨਾਮ ਨਾਲ ਯਾਦ ਕਰਦੇ ਹਨ। ਲਾਹੌਰ ਵਿਚ ਮਲੇਛ ਪੱਕੀ ਤਰ੍ਹਾਂ ਰਹਿ ਰਹੇ ਸਨ, ਇਸ ਕਰਕੇ ਕੋਈ ਵੀ ਡਰਦਾ ਸਿੰਘ ਨਹੀਂ ਸੀ ਬਣਦਾ॥੧੭॥

ਪੰਜ ਰਜਤਪਣ ਸਿਰ ਕੇ ਕਰੇ। ਬਾਢਹਿਂ ਦੁਸ਼ਟ ਦ੍ਰਿਸ਼ਟ ਜਹਿਂ ਪਰੇ।
ਲਵਪੁਰਿ ਕੇ ਬਜ਼ਾਰ ਮਹਿਂ ਫੇਰ। ਚਿਣੇ ਸੀਸ ਲਾਯੋ ਬਡ ਢੇਰ॥ ੧੮॥

ਹਰ ਸਿੰਘ ਦੇ ਸਿਰ ਦਾ ਮੁੱਲ ਪੰਜ ਰੁਪਏ ਰੱਖਿਆ ਸੀ, ਜਿੱਥੇ ਵੀ ਸਿੰਘ ਦਿਖਾਈ ਦਿੰਦਾ ਸੀ, ਉੱਥੇ ਹੀ ਉਸ ਦਾ ਸਿਰ ਕੱਟ ਦਿੰਦੇ ਸਨ। ਲਾਹੌਰ ਦੇ ਬਾਜ਼ਾਰ ਵਿਚ ਫੇਰ ਸਿਰਾਂ ਦੀ ਚਿਣਾਈ ਕਰਕੇ ਵੱਡਾ ਢੇਰ ਲਾ ਦਿੰਦੇ ਸਨ॥੧੮॥

ਸ੍ਰੀ ਅੰਮ੍ਰਿਤਸਰ ਜਬਹਿ ਉਸਾਰਾ। ਗੁਰ ਅਰਜਨ ਤਬਿ ਸ੍ਰਾਪ ਉਚਾਰਾ।
'ਉਖਰਹਿਂ ਜੜਾਂ ਮਸੰਦਨ ਕੇਰੀ। ਤੀਰਥ ਨੀਵ ਪੌਲੀਏ ਹੇਰੀ॥ ੧੯॥

ਸ੍ਰੀ ਅੰਮ੍ਰਿਤਸਰ ਦੀ ਜਦ ਉਸਾਰੀ ਹੋਈ ਸੀ ਤਾਂ ਗੁਰੂ ਅਰਜਨ ਦੇਵ ਜੀ ਨੇ ਸ੍ਰਾਪ ਉਚਾਰਨ ਕੀਤਾ ਸੀ, "ਮਸੰਦਾਂ ਦੀਆਂ ਜੜ੍ਹਾਂ ਉਖੜ ਜਾਣਗੀਆਂ। ਉਹ ਸਰੋਵਰ ਦੀ ਉਸਾਰੀ ਵਿਚ ਗਾਰਾ ਵਰਤਦੇ ਰਹੇ ਹਨ॥੧੯॥

ਇਹ ਭੀ ਬਿਨਸ ਜਾਇ ਇਕ ਬਾਰ। ਸਿਖ ਮੇਰੇ ਤਬਿ ਲੇਇਂ ਉਸਾਰ'।
ਇਸ ਹਿਤ ਅਹਿਮਦ ਤਹਿਂ ਚਲਿ ਆਯੋ। ਹਰਿ ਮੰਦਿਰ ਬਾਰੂ ਉਡਾਯੋ॥੨੦॥

ਇਹ ਵੀ ਇਕ ਵਾਰ ਢਹਿ ਜਾਵੇਗਾ, ਮੇਰੇ ਸਿੱਖ ਫਿਰ ਇਸ ਦੀ ਦੁਬਾਰਾ ਉਸਾਰੀ ਕਰ ਲੈਣਗੇ।" ਇਸ ਵਾਸਤੇ ਅਹਿਮਦਸ਼ਾਹ ਉੱਥੇ ਚਲ ਕੇ ਆਇਆ ਤੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ॥ ੨੦॥

ਸਭਿ ਸੁਪਾਨ ਭੀ ਦਈ ਉਖੇਰ। ਤਾਲ ਭਰਯੋ ਮ੍ਰਿਤਕਾ ਚਹੁੰ ਫੇਰ।
ਊਪਰ ਲਾਂਗੁਲ ਕੋ ਫਿਰਵਾਇ। ਖੇਤੀ ਤਿਸ ਥਲ ਦਈ ਬਿਜਾਇ॥ ੨੧॥

ਸਾਰੀਆਂ ਪੌੜੀਆਂ ਵੀ ਉਖੇੜ ਦਿੱਤੀਆਂ ਤੇ ਸਰੋਵਰ ਚਾਰ-ਚੁਫੇਰੇ ਮਿੱਟੀ ਨਾਲ ਭਰ ਦਿੱਤਾ, ਉਸ ਦੇ ਉੱਪਰ ਹਲ ਚਲਾ ਦਿੱਤਾ, ਤੇ ਉਸ ਸਥਾਨ ਵਿਚ ਖੇਤੀ ਬੀਜ ਦਿੱਤੀ॥ ੨੧॥

ਦੇਸ਼ ਉਜਾਰਤਿ ਲਾਂਘਤਿ ਧਾਯੋ। ਡੇਰਾ ਪੁਰਿ ਮਥੁਰਾ ਢਿਗ ਪਾਯੋ।
ਲੋਕ ਨਗਰ ਕੇ ਦਿਜ ਤਿਸ ਬੇਰੇ। ਬਨੀਏ ਆਦਿਕ ਆਇ ਘਨੇਰੇ॥ ੨੨॥

ਧਾ ਕੇ ਲੰਘਦਾ ਹੋਇਆ ਦੇਸ਼ ਉਜਾੜ ਗਿਆ, ਫਿਰ ਉਸ ਡੇਰਾ ਮਥਰਾ ਸ਼ਹਿਰ ਦੇ ਪਾਸ ਜਾ ਲਾਇਆ। ਮਥਰਾ ਨਗਰ ਦੇ ਉਸ ਸਮੇਂ ਬਹੁਤ ਬ੍ਰਾਹਮਣ ਅਤੇ ਬਾਣੀਏ ਆਦਿ ਅਹਿਮਦਸ਼ਾਹ ਪਾਸ ਆਏ॥ ੨੨॥

ਕਰ ਪਰ ਧਰੇ ਉਪਾਇਨ ਲਯਾਏ। ਉਤਰਯੋ ਵਹਿਰ ਤਹਾਂ ਨਿਯਰਾਏ।
ਈਂਟ ਅਚਾਨਕ ਇਕ ਚਲਿ ਗਈ। ਅਹਿਮਦ ਕੇ ਮੁਖ ਲਾਗਤਿ ਭਈ॥੨੩॥

ਉਹ ਬਹੁਤ ਉਪਹਾਰ ਆਪਣੇ ਹੱਥਾਂ ਵਿਚ ਫੜ ਕੇ ਲਿਆਏ। ਜਿੱਥੇ ਅਹਿਮਦਸ਼ਾਹ ਨੇ ਉਤਾਰਾ ਕੀਤਾ ਸੀ, ਉਸ ਦੇ ਨੇੜੇ ਪਹੁੰਚ ਗਏ। ਉਸ ਵੇਲੇ ਇਕ ਇੱਟ ਅਚਾਨਕ ਚਲ ਗਈ ਤੇ ਅਹਿਮਦਸ਼ਾਹ ਦੇ ਮੂੰਹ 'ਤੇ ਲੱਗੀ॥ ੨੩॥

ਰਿਸ ਕਰਿ ਲੋਕਨਿ ਕੀ ਦਿਸ਼ਿ ਹੇਰਾ। ਕਰਯੋ ਹੁਕਮ ਕਟੀਆ ਇਸ ਬੇਰਾ।
ਧਾਇ ਮਲੇਛ ਪਰੇ ਤਬਿ ਕੈਸੇ। ਮਿਰਗਾਵਲਿ ਪਰ ਕੇਹਰਿ ਜੈਸੇ॥ ੨੪॥

ਉਸ ਨੇ ਗੁੱਸੇ ਵਿਚ ਆ ਕੇ ਲੋਕਾਂ ਵੱਲ ਵੇਖਿਆ ਤੇ ਹੁਕਮ ਕੀਤਾ, ਇਸੇ ਸਮੇਂ ਕਤਲੇਆਮ ਕਰ ਦੇਵੋ। ਫਿਰ ਮਲੇਛ ਭੱਜ ਕੇ ਇਸ ਪ੍ਰਕਾਰ ਪੈ ਗਏ ਜਿਵੇਂ ਸ਼ੇਰ ਹਿਰਨਾਂ ਦੇ ਵੱਗ ਨੂੰ ਪੈ ਜਾਂਦਾ ਹੈ॥ ੨੪॥

ਪੁਰਿ ਜਨ ਕਤਲ ਲੁਟਜੋ ਪੁਰਿ ਸਾਰਾ। ਗਹਿ ਆਨੀ ਦਲ ਮਹਿਂ ਬਹੁ ਦਾਰਾ।
ਹਠੀ ਸਿੰਘ ਤਬਿ ਹੁਤੋ ਤਹਾਂ ਹੀ। ਗਾਢੋ ਰਹਜੋ ਅਪਨਿ ਘਰ ਮਾਂਹੀ॥ ੨੫॥

ਨਗਰ ਦੇ ਲੋਕਾਂ ਨੂੰ ਕਤਲ ਕਰ ਦਿੱਤਾ ਤੇ ਸਾਰਾ ਨਗਰ ਲੁੱਟ ਲਿਆ ਤੇ ਬਹੁਤ ਇਸਤਰੀਆਂ ਦਲ ਵਿਚ ਫੜ ਕੇ ਲੈ ਆਏ। ਹਠੀ ਸਿੰਘ ਉਸ ਵੇਲੇ ਉਥੇ ਹੀ ਸੀ, ਉਹ ਆਪਣੇ ਹੀ ਘਰ ਵਿਚ ਦ੍ਰਿੜ੍ਹਤਾ ਨਾਲ ਟਿਕਿਆ ਰਿਹਾ॥ ੨੫॥

ਨਿਕਟ ਆਵਨੇ ਦਿਯੋ ਨ ਕੋਈ। ਪੁੰਜ ਤੁਫੰਗ ਪ੍ਰਹਾਰਹਿ ਸੋਈ।
ਕੇਤਿਕ ਪੁਰਿ ਜਨ ਬੀਚ ਬਰੇ ਹੈਂ। ਕਿਤਿਕ ਵਹਿਰ ਢਿਗ ਭੀਤਿ ਪਰੇ ਹੈਂ॥੨੬॥

ਉਸ ਨੇ ਕਿਸੇ ਵੀ ਮਲੇਛ ਨੂੰ ਨੇੜੇ ਨਾ ਆਉਣ ਦਿੱਤਾ, ਕਈ ਬੰਦੂਕਾਂ ਦਾ ਇਕੱਠਾ ਵਾਰ ਕਰਵਾਉਂਦਾ ਸੀ। ਕਈ ਨਗਰ ਵਾਸੀ ਵੀ ਉਸ ਦੇ ਘਰ ਵਿਚ ਆ ਗਏ। ਕਈ ਬਾਹਰ ਹੀ ਦੀਵਾਰ ਪਾਸ ਮਰੇ ਪਏ ਸਨ॥ ੨੬॥

ਸਗਲ ਦਜੋਸ ਹ੍ਵੈ ਕਰਿ ਸਿੰਘ ਗਾਢੇ। ਗੁਲਕਾਂ ਹਤੀ ਦੂਰ ਅਰਿ ਠਾਂਢੇ।
ਇਸ ਬਿਧਿ ਆਧੀ ਰਾਤ ਬਿਤਾਈ। ਹਠੀ ਸਿੰਘ ਤਬਿ ਚਹੀ ਚਢਾਈ॥ ੨੭॥

ਸਾਰਾ ਦਿਨ ਸਿੰਘ ਬੜੀ ਦ੍ਰਿੜ੍ਹਤਾ ਨਾਲ ਲੜਦੇ ਰਹੇ, ਦੂਰ ਖੜੇ ਹੋ ਕੇ ਗੋਲੀਆਂ ਚਲਾਉਂਦੇ ਸਨ। ਇਸ ਪ੍ਰਕਾਰ ਅੱਧੀ ਰਾਤ ਬਤੀਤ ਕੀਤੀ। ਹਠੀ ਸਿੰਘ ਫਿਰ ਉਥੋਂ ਭੱਜ ਜਾਣਾ ਚਾਹੁੰਦਾ ਸੀ॥ ੨੭॥

ਜ਼ੀਨ ਤੁਰੰਗਨ ਪਰ ਤਬਿ ਪਾਏ। ਘਰ ਮਹਿਂ ਚੋਬੇ ਬਹੁਤ ਅਲਾਏ।
'ਜੇਕਰਿ ਗੁਰੂ ਕਹਾਵਨਿ ਆਛੇ। ਚੋਰੀ ਨਿਕਸਨ ਕੋ ਨਹਿਂ ਬਾਂਛੇ॥ ੨੮॥

ਜਦ ਉਸ ਘੋੜਿਆਂ ਉੱਪਰ ਕਾਠੀਆਂ ਪਵਾਈਆਂ ਤੇ ਘਰ ਵਿਚ ਚੋਬਦਾਰ ਬਹੁਤ ਉੱਚੀ-ਉੱਚੀ ਕਹਿਣ ਲੱਗੇ, "ਜੇ ਆਪਣੇ ਆਪ ਨੂੰ ਗੁਰੂ ਕਹਾਉਣਾ ਚਾਹੁੰਦੇ ਹੋ ਤਾਂ ਫਿਰ ਚੋਰੀ-ਚੋਰੀ ਨਿਕਲਣ ਦੀ ਇੱਛਾ ਨਾ ਧਾਰਨ ਕਰੋ॥ ੨੮॥

ਗਮਨਹੁ ਅਪਨਿ ਬਜਾਇ ਨਗਾਰਾ। ਦਸਮ ਗੁਰੂ ਕੋ ਲੇਹੁ ਨਿਹਾਰਾ।
ਅਲਪ ਬੈਸ ਕਛੁ ਨਹੀਂ ਬਿਚਾਰਾ।' ਚਢਿ ਹਯ ਪਰ ਤਬਿ ਹੁਕਮ ਉਚਾਰਾ॥੨੯॥

ਆਪਣਾ ਨਗਾਰਾ ਵਜਾ ਕੇ ਜਾਵੋ, ਦਸਮ ਗੁਰੂ ਜੀ ਦੇ ਪੂਰਨਿਆਂ 'ਤੇ ਚਲ ਕੇ ਵੇਖ ਲਵੋ। ਤੁਹਾਡੀ ਹਾਲੇ ਛੋਟੀ ਉਮਰ ਹੈ, ਇਸ ਕਰਕੇ ਕੁਝ ਵੀ ਵਿਚਾਰ ਨਹੀਂ ਕੀਤੀ ਹੈ।" ਹਠੀ ਸਿੰਘ ਨੇ ਫਿਰ ਘੋੜੇ ਉੱਪਰ ਚੜ੍ਹ ਕੇ ਹੁਕਮ ਕੀਤਾ॥ ੨੯॥

'ਦੁੰਦਭਿ ਧੁਨਿ ਊਚੀ ਬਜਵਾਯੋ। ਦੇਹਿ ਤਿਲਾਵਾ ਤਿਨ ਸੁਨਿ ਪਾਯੋ।
'ਦਿਨ ਮਹਿਂ ਜੋ ਮਵਾਸ ਦ੍ਰਿਢ ਰਹਜੋ। ਨਿਕਸਜੋ ਅਬਹਿ' ਮਲੇਛਨ ਲਹਜੋ॥੩੦॥

"ਨਗਾਰੇ ਨੂੰ ਉੱਚੀ ਧੁਨੀ ਵਿਚ ਵਜਾਓ, ਤਿਲਾਵਾ ਦੇਵੋ।" ਇਸ ਬਾਰੇ ਰਾਤ ਨੂੰ ਪਹਿਰਾ ਦੇਣ ਵਾਲੇ ਸੰਤਰੀ ਨੇ ਸੁਣ ਲਿਆ। ਦਿਨ ਸਮੇਂ ਜਿਹੜੇ ਦ੍ਰਿੜ੍ਹ ਆਕੀ ਹੋ ਕੇ ਰਹੇ ਹਨ, ਇਹ ਹੁਣ ਨਿਕਲ ਜਾਣਗੇ। ਮਲੇਛਾਂ ਨੇ ਉਨ੍ਹਾਂ ਨੂੰ ਵੇਖ ਲਿਆ॥ ੩੦॥

ਦਸਤਾ ਏਕ ਚਮੂੰ ਕੋ ਭਾਰੀ। ਓਰੜ ਆਨਿ ਪਰਜੋ ਬਲ ਧਾਰੀ।
ਸਾਠਹੁੰ ਸਿੰਘ ਘਿਰੇ ਤਿਨ ਮਾਂਹੀ। ਮਾਰਗ ਨਿਕਸਨ ਕੋ ਕਿਤ ਨਾਂਹੀ॥ ੩੧॥

ਸੈਨਾ ਦਾ ਇਕ ਵੱਡਾ ਦਸਤਾ, ਹਮਲਾ ਕਰਕੇ ਵੱਡਾ ਬਲ ਧਾਰ ਕੇ ਆਇਆ। ਸੱਠੇ ਸਿੰਘ ਉਨ੍ਹਾਂ ਵਿਚ ਘਿਰ ਗਏ, ਕਿਸੇ ਪਾਸੇ ਵੀ ਨਿਕਲਣ ਵਾਸਤੇ ਰਾਹ ਨਹੀਂ ਸੀ॥ ੩੧॥

ਹਠੀ ਸਿੰਘ ਕੋ ਰਿਸ ਕਰਿ ਕਹ੍ਯੋ। 'ਬਾਲ ਬੈਸ ਅਨਜਾਨ ਨ ਲਹ੍ਯੋ।
ਭਾਜ ਜਾਹੁ ਜੇ ਭਾਜ੍ਯੋ ਜਾਇ। ਹਮ ਤੇ ਮਰਹਿਂ ਹਜ਼ਾਰਨ ਘਾਇ' ॥ ੩੨ ॥

ਹਠੀ ਸਿੰਘ ਨੂੰ ਗੁੱਸੇ ਵਿਚ ਆ ਕੇ ਸਿੰਘਾਂ ਨੇ ਕਿਹਾ, "ਤੇਰੀ ਛੋਟੀ ਉਮਰ ਹੈ, ਤੂੰ ਅਣਜਾਣ ਕੁਝ ਜਾਣਦਾ ਨਹੀਂ ਹੈਂ, ਤੂੰ ਭੱਜ ਜਾ ਜੇ ਤੈਥੋਂ ਭੱਜਿਆ ਜਾਂਦਾ ਹੈ, ਅਸੀਂ ਤਾਂ ਹਜਾਰਾਂ ਨੂੰ ਮਾਰ ਕੇ ਮਰਾਂਗੇ" ॥ ੩੨ ॥

ਸੁਨਿ ਕਰਿ ਡਰ ਧਰਿ ਤੁਰਤ ਪਲਾਯੋ। ਬਚ੍ਯੋ ਭਰਥਗੜ ਮਹਿਂ ਪ੍ਰਵਿਸ਼ਾਯੋ।
ਰੁਪੇ ਸਿੰਘ ਹੱਥਜਾਰ ਸੰਭਾਰੇ। ਸਾਠਹੁੰ ਤੁਪਕ ਤੁਰਤ ਭਰਿ ਮਾਰੇ॥ ੩੩ ॥

ਇਹ ਸੁਣ ਕੇ ਹਠੀ ਸਿੰਘ ਡਰ ਧਾਰ ਕੇ ਤੁਰਤ ਭੱਜ ਗਿਆ ਤੇ ਬਚ ਕੇ ਭਰਥਗੜ੍ਹ ਵਿਚ ਪ੍ਰਵੇਸ਼ ਕਰ ਗਿਆ। ਸਿੰਘਾਂ ਨੇ ਕ੍ਰੋਧ ਵਿਚ ਆ ਕੇ ਹਥਿਆਰ ਸੰਭਾਲ ਲਏ, ਤੇ ਸੱਠੇ ਬੰਦੂਕਾਂ ਭਰ ਕੇ ਤੁਰਤ ਚਲਾਈਆਂ॥ ੩੩ ॥

ਬਹੁਰ ਕਰੀ ਨੰਗੀ ਸ਼ਮਸ਼ੇਰ। ਮਾਰਿ ਮਲੇਛਨ ਕੋ ਸਮ ਸ਼ੇਰ।
ਰਾਤ ਅੰਧੇਰੀ ਸੂਝ ਨ ਆਈ। ਆਪਸ ਮਹਿਂ ਤਰਵਾਰ ਚਲਾਈ॥ ੩੪ ॥

ਫਿਰ ਤਲਵਾਰਾਂ ਨੰਗੀਆਂ ਕੀਤੀਆਂ, ਫਿਰ ਸ਼ੇਰਾਂ ਵਾਂਗ ਮਲੇਛਾਂ ਨੂੰ ਮਾਰਦੇ ਸਨ। ਹਨੇਰੀ ਰਾਤ ਵਿਚ ਕੁਝ ਪਤਾ ਨਹੀਂ ਸੀ ਲਗਦਾ। ਮਲੇਛ ਆਪਸ ਵਿਚ ਹੀ ਤਲਵਾਰਾਂ ਚਲਾਉਣ ਲੱਗ ਗਏ॥ ੩੪ ॥

ਹੁਤੀ ਚਮੂੰ ਦਸ ਦੋਇ ਹਜ਼ਾਰ। ਆਪਸ ਮਹਿਂ ਕਟਿਗੇ ਤਿਸ ਬਾਰ।
ਸਿੰਘ ਜੰਗ ਮਹਿਂ ਸੁਰਗ ਸਿਧਾਰੇ। ਦੁਸ਼ਟ ਹਜ਼ਾਰਹੁੰ ਤਹਾਂ ਪ੍ਰਹਾਰੇ॥ ੩੫ ॥

ਉਨ੍ਹਾਂ ਦੇ ਪਾਸ ਕੁਲ ਬਾਰ੍ਹਾਂ ਹਜਾਰ ਸੈਨਾ ਸੀ, ਉਸ ਸਮੇਂ ਸਾਰੀ ਆਪਸ ਵਿਚ ਹੀ ਕੱਟ ਕੇ ਮਰ ਗਈ। ਸਿੰਘ ਯੁੱਧ ਕਰਦੇ ਸਵਰਗਾਂ ਨੂੰ ਚਲੇ ਗਏ, ਹਜਾਰਾਂ ਦੁਸ਼ਟ ਧਾੜਵੀ ਉਨ੍ਹਾਂ ਨੇ ਮਾਰੇ॥ ੩੫ ॥

ਹਠੀ ਸਿੰਘ ਤਹਿਂ ਤੇ ਨਿਕਸ੍ਯੋ। ਪੁਨ ਬੁਰਹਾਨ ਪੁਰੇ ਚਲਿ ਗਯੋ।
ਬਸ੍ਯੋ ਤਹਾਂ ਬਡ ਸਦਨ ਚਿਨਾਏ। ਸਿੱਖ ਸੰਗਤਿ ਕਰਿਕੈ ਸਮੁਦਾਏ॥ ੩੬ ॥

ਹਠੀ ਸਿੰਘ ਭਰਥਗੜ੍ਹ ਵਿਚੋਂ ਨਿਕਲ ਗਿਆ ਤੇ ਫਿਰ ਬੁਰਹਾਨਪੁਰ ਚਲਾ ਗਿਆ। ਉਥੇ ਇਕ ਵੱਡਾ ਘਰ ਬਣਵਾ ਕੇ ਰਿਹਾ ਤੇ ਉਸ ਨੇ ਆਪਣੀ ਵੱਡੀ ਸਿੱਖ ਸੰਗਤ ਬਣਾਈ॥ ੩੬ ॥

ਸੁਤ ਉਤਪੰਨ ਭਯੋ ਨਹਿਂ ਕੋਈ। ਬੈਸ ਬਿਤਾਈ ਤਹਿਂ ਬਸਿ ਸੋਈ।
ਏਕ ਸੁਤਾ ਉਪਜੀ ਤਿਸ ਕੇਰੇ। ਪੁਨ ਪ੍ਰਲੋਕ ਭਾ ਤਹਾਂ ਭਲੇਰੇ॥ ੩੭ ॥

ਉਸ ਦੇ ਘਰ ਕੋਈ ਪੁੱਤਰ ਪੈਦਾ ਨਾ ਹੋਇਆ, ਉਥੇ ਰਹਿ ਕੇ ਉਸ ਸਾਰੀ ਉਮਰ ਬਤੀਤ ਕੀਤੀ। ਉਸ ਦੇ ਘਰ ਵਿਚ ਲੜਕੀ ਪੈਦਾ ਹੋਈ, ਉਹ ਵੀ ਭਲੀ ਪ੍ਰਕਾਰ ਪ੍ਰਲੋਕ ਚਲੀ ਗਈ॥ ੩੭ ॥

ਅਬਿ ਲੌ ਚਿੰਨ੍ਹਤ ਪੁਰਿ ਬੁਰਹਾਨੇ। ਹਠੀ ਸਿੰਘ ਕੋ ਥਲ ਨਰ ਜਾਨੇ।
ਅਹਿਮਦਸ਼ਾਹ ਮੁਰ੍ਯੋ ਪੁਨ ਪਾਛੇ। ਲਰਹਿਂ ਸਿੰਘ ਜਿਤ ਕਿਤ ਤੇ ਆਛੇ॥ ੩੮ ॥

ਬੁਰਹਾਨਪੁਰ ਵਿਚ ਹੁਣ ਤਕ ਹਠੀ ਸਿੰਘ ਦੀਆਂ ਨਿਸ਼ਾਨੀਆਂ ਹਨ, ਹਠੀ ਸਿੰਘ ਦੇ ਸਥਾਨ ਨੂੰ ਲੋਕ ਜਾਣਦੇ ਹਨ। ਅਹਿਮਦਸ਼ਾਹ ਫਿਰ ਪਿੱਛੇ ਮੁੜ ਗਿਆ। ਜਿੱਥੇ ਕਿੱਥੇ ਉਸ ਨਾਲ ਸਿੰਘਾਂ ਨੇ ਚੰਗੇ ਯੁੱਧ ਕੀਤੇ॥ ੩੮ ॥

ਆਗਾ ਪਾਛਾ ਲੂਟਿ ਪਲਾਵੈਂ। ਰਿਪੁ ਕੋ ਕਸ਼ਟ ਮਹਾਂ ਦਿਖਰਾਵੈਂ।
ਇਮ ਹੀ ਮਾਰਤਿ ਅਟਕ ਉਤਾਰਾ। ਸ੍ਰੀ ਅੰਮ੍ਰਿਤਸਰ ਬਹੁਰ ਉਸਾਰਾ॥ ੩੯ ॥

ਅਹਿਮਦਸ਼ਾਹ ਦਾ ਅੱਗਾ ਪਿੱਛਾ ਲੁੱਟ ਕੇ ਭੱਜ ਜਾਂਦੇ ਸਨ, ਵੈਰੀ ਨੂੰ ਬਹੁਤ ਦੁਖੀ ਕਰਦੇ ਸਨ। ਸਿੰਘ ਇੰਝ ਹੀ ਮਾਰਦੇ ਉਸਨੂੰ ਅਟਕ ਤਕ ਲੈ ਗਏ। ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਦੁਬਾਰਾ ਉਸਾਰੀ ਕੀਤੀ ਗਈ॥ ੩੯॥

ਮ੍ਰਿਤਕਾ ਕਾਰ ਦੁਸਾਲਨਿ ਡਾਲੇ। ਗੁਰੂ ਨੀਵ ਤੇ ਚਨਜੋ ਉਤਾਲੇ।
ਮਹਾਂ ਪ੍ਰੇਮ ਤੇ ਤਾਲ ਬਨਾਯੋ। ਹਰਿਮੰਦਰ ਸੁੰਦਰ ਉਸਰਾਯੋ॥ ੪੦॥

ਮਿੱਟੀ ਬਾਹਰ ਕੱਢਣ ਦੀ ਕਾਰ ਸੇਵਾ ਦੋ ਸਾਲ ਤਕ ਚਲਦੀ ਰਹੀ। ਗੁਰੂ ਜੀ ਵਲੋਂ ਰੱਖੀ ਨੀਂਹ ਤੇ ਉਸਾਰੀ ਕੀਤੀ। ਵੱਡੇ ਪ੍ਰੇਮ ਨਾਲ ਫਿਰ ਸਰੋਵਰ ਬਣਾਇਆ ਤੇ ਸੁੰਦਰ ਹਰਿਮੰਦਰ ਸਾਹਿਬ ਤਿਆਰ ਕਰਵਾਇਆ॥ ੪੦॥

ਗੁਰ ਮ੍ਰਿਜਾਦ ਤੇ ਵਾਧ ਨ ਘਾਟ। ਪੂਰਬ ਸਮ ਹੀ ਕੀਨਸਿ ਠਾਟ।
ਅਬਿ ਲੌ ਦਰਸ ਲਗਹਿ ਬਹੁਤੇਰਾ। ਜਿਸ ਕੇ ਸਮ ਜਗ ਅਪਰ ਨ ਹੇਰਾ॥ ੪੧॥

ਗੁਰੂ ਜੀ ਦੀ ਮਰਯਾਦਾ ਅਨੁਸਾਰ ਹੀ ਸਭ ਕੁਝ ਕੀਤਾ, ਨਾ ਕੁਝ ਵਾਧਾ ਕੀਤਾ ਅਤੇ ਨਾ ਹੀ ਕੁਝ ਘਟਾਇਆ, ਪਹਿਲਾਂ ਵਾਂਗ ਹੀ ਤਿਆਰ ਕਰ ਦਿੱਤਾ। ਹੁਣ ਤਕ ਬਹੁਤ ਲੋਕ ਦਰਸ਼ਨ ਕਰਨ ਵਾਸਤੇ ਆਉਂਦੇ ਹਨ, ਜਿਸ ਵਰਗਾ ਜਗਤ ਵਿਚ ਕੋਈ ਹੋਰ ਸਥਾਨ ਨਹੀਂ ਵੇਖਿਆ ਹੈ॥ ੪੧॥

ਏਕ ਸਮੈਂ ਸਿੰਘ ਦਿੱਲੀ ਗਏ। ਸ਼ਾਹ ਸੰਗ ਰਸ ਰਾਖਤਿ ਭਏ।
ਗੁਰੂ ਨਵਮਿ ਥਲ ਖੋਜਨ ਕੀਤਿ। ਚਿਨੀ ਬੇਨਵੇ ਦੁਸ਼ਟ ਮਸੀਤ॥ ੪੨॥

ਇਕ ਸਮੇਂ ਸਿੰਘ ਦਿੱਲੀ ਗਏ, ਬਾਦਸ਼ਾਹ ਨਾਲ ਉਹ ਪ੍ਰੇਮ ਰੱਖਦੇ ਸਨ। ਨੌਵੇਂ ਪਾਤਸ਼ਾਹ ਦੇ ਸਥਾਨ ਦੀ ਉਨ੍ਹਾਂ ਨੇ ਖੋਜ ਕੀਤੀ, ਬੇਨਵੇ ਦੁਸ਼ਟ ਫਕੀਰਾਂ ਨੇ ਉਸ ਉੱਪਰ ਮਸੀਤ ਬਣਾਈ ਸੀ॥ ੪੨॥

ਬਡੇ ਜ਼ੋਰ ਸੌਂ ਤਬਿ ਢਹਿਵਾਈ। ਅਪਨੋ ਦੀਨੋ ਪਤਾ ਦਿਖਾਈ।
ਅਸਥੀ ਕੀ ਗਾਗਰ ਦੁਇ ਭਰੀ। ਸੋ ਨਿਕਸਾਇ ਦਿਖਾਵਨਿ ਕਰੀ॥ ੪੩॥

ਵੱਡੇ ਜ਼ੋਰ ਨਾਲ ਫਿਰ ਉਹ ਮਸੀਤ ਢਹਿਵਾਈ ਤੇ ਉਨ੍ਹਾਂ ਨੂੰ ਆਪਣੀਆਂ ਨਿਸ਼ਾਨੀਆਂ ਵਿਖਾ ਦਿੱਤੀਆਂ। ਅਸਥੀਆਂ ਦੀਆਂ ਦੋ ਗਾਗਰਾਂ ਭਰੀਆਂ ਸਨ, ਉਨ੍ਹਾਂ ਨੂੰ ਕੱਢ ਕੇ ਵਿਖਾ ਦਿੱਤਾ॥ ੪੩॥

ਝੂਠੋ ਭਯੋ ਬੇਨਵਾ ਜਬੈ। ਸਭਿਨਿ ਪ੍ਰਤੀਤ ਧਰੀ ਉਰ ਤਬੈ।
ਗੁਰੂ ਦੇਹੁਰਾ ਬਰ ਚਿਨਵਾਯੋ। ਅਬਿ ਲੌ ਜ਼ਾਹਰ ਖਰੋ ਦਿਖਾਯੋ॥ ੪੪॥

ਜਦ ਬੇਨਵੇ ਫਕੀਰ ਝੂਠੇ ਪੈ ਗਏ ਤਦ ਸਾਰਿਆਂ ਨੇ ਆਪਣੇ ਹਿਰਦੇ ਵਿਚ ਪ੍ਰਤੀਤ ਧਾਰਨ ਕਰ ਲਈ। ਗੁਰੂ ਜੀ ਦੇ ਦੇਹੁਰੇ ਦੀ ਸ੍ਰੇਸ਼ਟ ਚਿਣਵਾਈ ਕੀਤੀ, ਹੁਣ ਤਕ ਪ੍ਰਗਟ ਰੂਪ ਵਿਚ ਦੇਹੁਰਾ ਖੜ੍ਹਾ ਦਿਖਾਈ ਦਿੰਦਾ ਹੈ॥ ੪੪॥

ਬੀਚ ਬਜ਼ਾਰ ਥਾਨ ਤਿਹ ਲੀਨ। ਗੁਰੂ ਬੈਠਿ ਜਹਿੰ ਕਾਰਨ ਕੀਨਿ।
ਇਨ ਤੇ ਆਦਿ ਅਪਰ ਥਲ ਗੁਰ ਕੇ। ਜ਼ਾਹਰ ਕਰੇ ਹੁਤੇ ਜੋ ਧੁਰ ਕੇ॥ ੪੫॥

ਬਜ਼ਾਰ ਦੇ ਵਿਚ ਉਹ ਥਾਂ ਲੈ ਲਈ, ਗੁਰੂ ਜੀ ਨੇ ਜਿਸ ਸਥਾਨ ਵਿਖੇ ਬੈਠ ਕੇ ਜੋਤੀ ਜੋਤ ਸਮਾਉਣ ਦਾ ਸਾਕਾ ਕੀਤਾ ਸੀ। ਇਸ ਤੋਂ ਉਪਰੰਤ ਹੋਰ ਵੀ ਜਿਹੜੇ ਗੁਰਸਥਾਨ ਸਨ, ਉਹ ਸਾਰੇ ਪ੍ਰਗਟ ਕੀਤੇ, ਜਿਹੜੇ ਧੁਰੋਂ ਚਲੇ ਆਉਂਦੇ ਸਨ॥ ੪੫॥

*ਦੂਸਰੇ ਐਨ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥*

☆☆☆

# ਅਧਿਆਇ ਪੈਂਤੀਵਾਂ

*ਗੁਲਾਬ ਰਾਇ, ਸ਼ਿਆਮ ਸਿੰਘ*

ਦੋਹਰਾ- ਸ੍ਰੀ ਅਨੰਦ ਪੁਰਿ ਜਿਮ ਬਸਜੋ ਸ੍ਰੋਤਾ ਸੁਨਹੁਂ ਪ੍ਰਸੰਗ।
ਬਾਲ ਬੈਸ ਦਸਮੇਂ ਗੁਰੂ ਬਾਕ ਕਹਜੋ ਜਿਸ ਢੰਗ॥ ੧॥

ਸ੍ਰੀ ਅਨੰਦਪੁਰ ਜਿਵੇਂ ਵਸਿਆ ਸੀ ਹੇ ਸ੍ਰੋਤਾ ਗਨ, ਉਹ ਪ੍ਰਸੰਗ ਸੁਣੋ। ਬਾਲਕ ਉਮਰ ਵਿਚ ਦਸਵੇਂ ਗੁਰੂ ਜੀ ਨੇ ਜਿਸ ਢੰਗ ਨਾਲ ਬਚਨ ਕੀਤਾ ਸੀ॥੧॥

ਚੌਪਈ- ਛੀਂਟਨਿ ਸੰਗ ਭਿਰੇ ਬਹੁ ਬਾਲਕ। ਭਾਗ ਗੁਲਾਬਰਾਇ ਤਤਕਾਲਕ।
ਲੇ ਪਗੀਆ ਗੁਰ ਕੀ ਸਿਰਿ ਧਰੀ। ਭਿਰੇ ਕਛੂ ਨਹਿਂ ਜਾਨੀ ਪਰੀ॥੨॥

ਛਿੱਟਾਂ ਮਾਰ ਮਾਰ ਕੇ ਬਹੁਤ ਬਾਲਕਾਂ ਨੂੰ ਭਰ ਦਿੱਤਾ ਤੇ ਗੁਲਾਬ ਰਾਇ ਤੁਰਤ ਭੱਜ ਗਿਆ। ਉਸ ਨੇ ਗੁਰੂ ਜੀ ਦੀ ਪੱਗੜੀ ਲੈ ਕੇ ਆਪਣੇ ਸਿਰ ਉੱਪਰ ਧਰ ਲਈ। ਛਿੱਟਾਂ ਮਾਰਨ ਦਾ ਭੇੜ ਕਰਦਿਆਂ ਕੁਝ ਵੀ ਪਤਾ ਨਾ ਲੱਗਾ॥ ੨॥

ਅਪਰ ਨਰਨ ਸੋ ਬਰਜਨ ਕਰਜੋ। ਸਤੁੱਦ੍ਰਵ ਮਹਿਂ ਸਤਿਗੁਰੂ ਨਿਹਰਜੋ।
ਕਹਜੋ ਰਹਿਨ ਦਿਹੁ ਹੁਇ ਅਸ ਸਮੈਂ। ਗੁਰਤਾ ਪਾਗ ਅਰਪ ਹੈਂ ਤੁਮੈ॥੩॥

ਹੋਰ ਮਨੁੱਖਾਂ ਨੇ ਉਸ ਨੂੰ ਵਰਜਿਆ, ਸਤਿਗੁਰੂ ਜੀ ਨੇ ਉਸ ਨੂੰ ਸਤਿਲੁਜ ਵਿਚੋਂ ਵੇਖਿਆ ਤੇ ਕਿਹਾ, "ਰਹਿਣ ਦੇਵੋ ਕੋਈ ਐਸਾ ਸਮਾਂ ਵੀ ਆਵੇਗਾ, ਜਦ ਤੈਨੂੰ ਗੁਰਤਾ ਦੀ ਪੱਗੜੀ ਅਰਪਣ ਕਰਾਂਗੇ"॥ ੩॥

ਇਹ ਬਚ ਸਾਚ ਹੁਜੋ ਚਹਿ ਜਾਨੇ। ਜਬਿ ਅਨੰਦ ਪੁਰਿ ਤਜਾਗਿ ਪਯਾਨੇ।
ਸ਼ਯਾਮ ਸਿੰਘ ਅਰੁ ਰਾਇ ਗੁਲਾਬ। ਹੁਤੇ ਸੰਗ ਭਾ ਜੰਗ ਅਜਾਬ॥ ੪॥

ਇਹ ਬਚਨ ਸੱਚ ਹੋਏ ਜਾਣੇ, ਜਦ ਸਤਿਗੁਰੂ ਜੀ ਅਨੰਦਪੁਰ ਛੱਡ ਕੇ ਚਲੇ ਗਏ। ਸ਼ਿਆਮ ਸਿੰਘ ਅਤੇ ਗੁਲਾਬ ਰਾਇ ਵੀ ਨਾਲ ਸਨ, ਜਦ ਜੰਗ ਦਾ ਦੁਖ ਪਾ ਰਹੇ ਸਨ॥ ੪॥

ਇਨ ਕੀ ਦਿਸ਼ਿ ਸ੍ਰੀ ਸਤਿਗੁਰ ਹੇਰਾ। ਲਿਖਜੋ ਹੁਕਮਨਾਵਾਂ ਤਿਸ ਬੇਰਾ।
ਨਾਹਣੇਸ਼ ਰਾਜੇ ਕੇ ਸਾਥ। ਲਿਖਿ ਦ੍ਵੈ ਭ੍ਰਾਤ ਪਠੇ ਤਹਿਂ ਨਾਥ॥ ੫॥

ਇਨ੍ਹਾਂ ਵੱਲ ਫਿਰ ਸਤਿਗੁਰੂ ਜੀ ਨੇ ਵੇਖਿਆ ਤੇ ਉਸ ਸਮੇਂ ਹੁਕਮਨਾਮਾ ਲਿਖ ਕੇ ਦਿੱਤਾ। ਨਾਹਣ ਦੇ ਰਾਜੇ ਦੇ ਪਾਸ ਦੋਵਾਂ ਭਰਾਵਾਂ ਨੂੰ ਹੁਕਮਨਾਮਾ ਲਿਖ ਕੇ ਭੇਜ ਦਿੱਤਾ॥ ੫॥

'ਤੁਰਕਨਿ ਸੰਗ ਬਿਗਾਰ ਹਮਾਰੇ। ਰਖਹੁ ਰਾਜ ਨਿਜ ਬਿਖੈ ਸੁਖਾਰੇ'।
ਲੇ ਕਰਿ ਦੋਨਹੁਂ ਭ੍ਰਾਤ ਸਿਧਾਰੇ। ਔਰ ਸਕਲ ਅਪਨੋ ਪਰਵਾਰੇ॥ ੬॥

ਹੁਕਮਨਾਮੇ ਵਿਚ ਲਿਖਿਆ ਸੀ, "ਤੁਰਕਾਂ ਨਾਲ ਸਾਡਾ ਵਿਗਾੜ ਹੈ, ਆਪਣੇ ਰਾਜ ਵਿਚ ਇਨ੍ਹਾਂ ਨੂੰ ਸੁਖੀ ਰੱਖੋ।" ਹੁਕਮ ਲੈ ਕੇ ਦੋਵੇਂ ਭਰਾ ਚਲੇ ਗਏ ਅਤੇ ਸਾਰੇ ਆਪਣੇ ਪਰਿਵਾਰ ਵੀ ਲੈ ਗਏ॥ ੬॥

ਨਾਹਣੇਸ਼ ਕੇ ਢਿਗ ਜਬਿ ਗਏ। ਦਯੋ ਹੁਕਮਨਾਮਾ ਖਿਰ ਭਏ।
ਦੇਖਿ ਭੂਪ ਪਢਿ ਕਰਿ ਅਭਿਲਾਖੇ। ਗਿਰਵੀ ਗ੍ਰਾਮ ਨਾਮ ਦੇ ਰਾਖੇ॥ ੭॥

ਜਦ ਨਾਹਣ ਦੇ ਰਾਜੇ ਪਾਸ ਗਏ ਤਾਂ ਓਥੇ ਬੈਠ ਕੇ ਉਸ ਨੂੰ ਹੁਕਮਨਾਮਾ ਦਿੱਤਾ, ਉਸ ਨੇ ਪੜ੍ਹ ਕੇ ਹੁਕਮ ਨਾਮੇ ਦੀ ਅਭਿਲਾਸ਼ਾ ਜਾਣੀ ਤੇ ਗਿਰਵੀ ਨਾਮ ਦਾ ਪਿੰਡ ਉਨ੍ਹਾਂ ਨੂੰ ਦੇ ਦਿੱਤਾ॥ ੯॥

ਸਹਿਤ ਕੁਟੰਬ ਰਹੇ ਸੁਖ ਪਾਏ। ਤਿਸੀ ਗ੍ਰਾਮ ਮਹਿਂ ਧਾਮ ਬਨਾਏ।
ਬੰਦੇ ਆਦਿਕ ਕੇ ਉਤਪਾਤ। ਜਬਿ ਹਟਿ ਗਯੋ ਭਈ ਸੁਖ ਸ਼ਾਂਤਿ॥ ੮॥

ਪਰਿਵਾਰ ਸਹਿਤ ਉਥੇ ਰਹਿ ਕੇ ਉਨ੍ਹਾਂ ਸੁਖ ਪਾਇਆ ਤੇ ਉਸ ਪਿੰਡ ਵਿਚ ਹੀ ਆਪਣੇ ਘਰ ਬਣਾ ਲਏ। ਬੰਦਾ ਸਿੰਘ ਆਦਿ ਦਾ ਜਦ ਝਗੜਾ ਹਟ ਗਿਆ ਤਾਂ ਸਾਰੇ ਸੁਖ ਸ਼ਾਂਤੀ ਫੈਲ ਗਈ॥ ੮॥

ਤਬਹਿ ਗੁਲਾਬ ਰਾਇ ਚਲਿ ਆਯੋ। ਆਨੰਦ ਪੁਰਿ ਕੋ ਚਹਤਿ ਬਸਾਯੋ।
ਤਬਿ ਜੋ ਤਹਿਂ ਕਹਿਲੂਰੀ ਨਾਥ। ਮਿਲਜੋ ਜਾਇ ਕਰਿ ਤਿਸ ਕੇ ਸਾਥ॥ ੯॥

ਫਿਰ ਗੁਲਾਬ ਰਾਇ ਚਲ ਕੇ ਆਇਆ ਤੇ ਅਨੰਦਪੁਰ ਨੂੰ ਵਸਾਉਣਾ ਚਾਹੁੰਦਾ ਸੀ। ਉਸ ਸਮੇਂ ਜਿਹੜਾ ਉਥੇ ਕਹਿਲੂਰੀ ਰਾਜਾ ਸੀ, ਉਹ ਉਸ ਨੂੰ ਜਾ ਕੇ ਮਿਲਿਆ॥ ੯॥

'ਆਨੰਦ ਪੁਰਿ ਕੋ ਜੇਤਿਕ ਥੇਹ। ਕਰਿ ਕੈ ਮੋਲ ਮੋਹਿ ਕੋ ਦੇਹ'।
ਸਾਠ ਹਜ਼ਾਰ ਦਰਬ ਨ੍ਰਿਪ ਲੀਨਿ। ਸਾਠ ਘੁਮਾਉਂ ਧਰਾ ਤਿਹ ਦੀਨ॥੧੦॥

ਉਹ ਕਹਿਣ ਲੱਗਾ, "ਅਨੰਦਪੁਰ ਜਿੰਨਾ ਵੀ ਥੇਹ ਹੈ, ਮੁੱਲ ਕਰਕੇ ਉਹ ਮੈਨੂੰ ਦੇ ਦੇਵੋ।" ਸੱਠ ਹਜ਼ਾਰ ਧਨ ਰਾਜੇ ਨੇ ਲਿਆ ਤੇ ਸੱਠ ਘੁਮਾਂ ਉਸ ਨੂੰ ਧਰਤੀ ਦੇ ਦਿੱਤੀ' ॥੧੦॥

ਸ਼ਜਾਮ ਸਿੰਘ ਅਰੁ ਸਕਲ ਕੁਟੰਬ। ਆਨਿ ਬਸੇ ਲੇ ਨਰਨ ਕਦੰਬ।
ਕਿਤਿਕ ਸਦਨ ਹਿਤ ਅਪਨਿ ਬਨਾਏ। ਕੇਤਿਕ ਅਪਰ ਕੁਟੰਬੀ ਆਏ॥੧੧॥

ਸ਼ਿਆਮ ਸਿੰਘ ਅਤੇ ਸਾਰਾ ਪਰਿਵਾਰ ਤੇ ਹੋਰ ਕਈ ਮਨੁੱਖਾਂ ਨੂੰ ਲੈ ਕੇ ਉਥੇ ਆ ਵੱਸੇ। ਕਈ ਘਰ ਆਪਣੇ ਵਾਸਤੇ ਬਣਾਏ ਤੇ ਕਈ ਹੋਰ ਪਰਿਵਾਰ ਆਏ॥੧੧॥

ਦੀਪਮਾਲਕਾ ਦਿਵਸ ਬਿਸਾਖੀ। ਹੋਰੀ ਬਿਖੈ ਹੋਹਿ ਅਭਿਲਾਖੀ।
ਹਿਤ ਪੂਜਾ ਕੇ ਬਨਿ ਠਨਿ ਬੈਸੇ। ਦਸਮੇਂ ਗੁਰੂ ਬਿਰਾਜੈਂ ਜੈਸੇ॥ ੧੨॥

ਦੀਵਾਲੀ ਅਤੇ ਵੈਸਾਖੀ ਵਾਲੇ ਦਿਨ ਅਤੇ ਹੋਲੀ ਸਮੇਂ ਵੱਡੀ ਅਭਿਲਾਸ਼ਾ ਧਾਰਨ ਕਰਦਾ ਸੀ ਤੇ ਆਪਣੀ ਪੂਜਾ ਕਰਵਾਉਣ ਵਾਸਤੇ ਬਣ ਠਣ ਕੇ ਇਸ ਪ੍ਰਕਾਰ ਬੈਠ ਜਾਂਦਾ ਸੀ, ਜਿਵੇਂ ਦਸਵੇਂ ਗੁਰੂ ਸਾਹਿਬ ਬੈਠਦੇ ਸਨ॥੧੨॥

ਸੰਗਤਿ ਆਵਨ ਲਗੀ ਬਿਲੋਕਿ। ਦੇਖਾ ਦੇਖੀ ਹ੍ਵੈ ਗਨ ਲੋਕ।
ਲਜਾਇ ਉਪਾਇਨ ਪੂਜਹਿਂ ਪਾਇ। ਸ੍ਰੀ ਸਤਿਗੁਰ ਕੀ ਰੀਤਿ ਮਨਾਇ॥੧੩॥

ਵੇਖ ਕੇ ਸੰਗਤ ਆਉਣ ਲੱਗੀ, ਵੇਖਾ-ਵੇਖੀ ਬਹੁਤ ਲੋਕ ਆਉਣ ਲੱਗੇ। ਉਹ ਉਪਹਾਰ ਲਿਆ ਕੇ ਚਰਨਾਂ ਦੀ ਪੂਜਾ ਕਰਦੇ ਸਨ ਤੇ ਸ੍ਰੀ ਸਤਿਗੁਰੂ ਦੀ ਰੀਤੀ ਅਨੁਸਾਰ ਮੰਨਤਾ ਕਰਦੇ ਸਨ॥੧੩॥

ਆਵਨ ਲਗਜੋ ਦਰਬ ਸਮੁਦਾਇ। ਮੇਲਾ ਹੋਨਿ ਲਗਜੋ ਤਿਸ ਭਾਇ।
ਕਲਗ਼ੀ ਜਿਗਾ ਬਿਭੂਖਨ ਸਾਰੇ। ਜਿਮ ਸ੍ਰੀ ਗੋਬਿੰਦ ਸਿੰਘ ਤਨ ਧਾਰੇ॥੧੪॥

ਫਿਰ ਬਹੁਤ ਧਨ ਆਉਣ ਲੱਗਾ ਤੇ ਪਹਿਲਾਂ ਵਾਂਗ ਹੀ ਮੇਲਾ ਭਰਨ ਲੱਗਾ। ਗੁਲਾਬ ਰਾਇ ਕਲਗ਼ੀ ਜਿਗਾ ਲਾਉਣ ਲੱਗਾ ਅਤੇ ਸਾਰੇ ਗਹਿਣੇ ਪਾਉਣ ਲੱਗਾ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਰੀਰ ਉੱਪਰ ਧਾਰਨ ਕਰਦੇ ਸਨ॥੧੪॥

ਤਿਮ ਹੀ ਕਮਰ ਕਸਾ ਸ਼ੁਭ ਕਰਿਕੈ। ਸਭਿ ਮਹਿਂ ਬੈਠਤਿ ਮੰਜੀ ਚਰਿਕੈ।
ਸ੍ਰੀ ਗੁਰ ਸ਼ੋਭਤਿ ਜਿਸ ਅਸਥਾਨ। ਤਹਿਂ ਹੀ ਇਹ ਬੈਠੈ ਬਡ ਮਾਨਿ॥੧੫॥

ਉਸ ਪ੍ਰਕਾਰ ਹੀ ਸ਼ੁਭ ਕਮਰਕੱਸਾ ਕੱਸ ਕੇ ਸਾਰਿਆਂ ਵਿਚ ਪਲੰਘ ਉੱਪਰ ਚੜ੍ਹ ਕੇ ਬੈਠ ਜਾਂਦਾ ਸੀ। ਸਤਿਗੁਰੂ ਜੀ ਜਿਸ ਵੀ ਸਥਾਨ 'ਤੇ ਸ਼ੋਭਦੇ ਸਨ, ਉਥੇ ਹੀ ਵੱਡਾ ਹੰਕਾਰ ਧਾਰ ਕੇ ਬੈਠ ਜਾਂਦਾ ਸੀ॥੧੫॥

ਐਸ਼੍ਵਰਜ ਬਧ੍ਯੋ ਭਯੋ ਹੰਕਾਰ। ਗੁਰ ਕੀ ਸਮਤਾ ਮਹਿਂ ਚਿਤ ਧਾਰਿ।
ਹੁਤੋ ਦੇਹੁਰਾ ਨਵਮ ਗੁਰੂ ਜਹਿਂ। ਸੇਵਾ ਹਿਤ ਗੁਰਬਖਸ਼ ਸਾਧ ਤਹਿਂ॥੧੬॥

ਧਨ ਦੌਲਤ ਵਧਣ ਨਾਲ ਅਹੰਕਾਰ ਵੀ ਵਧ ਗਿਆ, ਗੁਰੂ ਜੀ ਦੀ ਬਰਾਬਰੀ ਵਿਚ ਚਿੱਤ ਧਾਰਨ ਕਰਦਾ ਸੀ। ਜਿੱਥੇ ਨੌਵੇਂ ਗੁਰੂ ਜੀ ਦਾ ਦੇਹੁਰਾ ਸੀ, ਉਥੇ ਸੇਵਾ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਗੁਰਬਖਸ਼ ਸਾਧ ਦੀ ਜ਼ਿੰਮੇਵਾਰੀ ਲਾ ਗਏ ਸਨ॥੧੬॥

ਆਪ ਗੁਰੂ ਥਿਰ ਕਰਿ ਤਿਹ ਗਏ। ਧੂਪ ਦੀਪ ਆਦਿਕ ਕ੍ਰਿਤ ਕਏ।
ਤਿਨ ਇਕ ਦਿਨ ਅਵਿਲੋਕ੍ਯੋ ਆਨਿ। ਥਿਰ੍ਯੋ ਗੁਲਾਬਰਾਇ ਗੁਰ ਥਾਨ॥੧੭॥

ਗੁਰੂ ਜੀ ਆਪ ਉਸ ਨੂੰ ਬਿਠਾ ਕੇ ਗਏ ਸਨ, ਉਹ ਧੂਪ ਦੀਪ ਆਦਿ ਕ੍ਰਿਤ ਕਰਦਾ ਸੀ। ਉਸ ਨੇ ਇਕ ਦਿਨ ਆ ਕੇ ਗੁਲਾਬ ਰਾਇ ਨੂੰ ਵੇਖਿਆ। ਗੁਲਾਬ ਰਾਇ ਸਤਿਗੁਰੂ ਵਾਲੇ ਸਥਾਨ ਉੱਪਰ ਬੈਠਾ ਸੀ॥੧੭॥

ਸਹੀ ਨ ਗਈ ਅਵੱਗ੍ਯਾ ਹੇਰਿ। ਹਾਥ ਜੋਰਿ ਬੋਲ੍ਯੋ ਤਿਸ ਬੇਰ।
'ਪੂਜਾ ਲੇਨਿ ਆਦਿ ਕ੍ਰਿਤ ਸਾਰੀ। ਸਭਿ ਕਰੀਜਹਿ ਨਹਿਂ ਕੋ ਹਟਕਾਰੀ॥੧੮॥

ਗੁਰਬਖਸ਼ ਸਾਧ ਪਾਸੋਂ ਇਹ ਅਵੱਗਿਆ ਵੇਖ ਕੇ ਸਹੀ ਨਾ ਗਈ, ਉਸ ਸਮੇਂ ਹੱਥ ਜੋੜ ਕੇ ਬੋਲਿਆ, "ਪੂਜਾ ਲੈਣ ਦੀ ਆਦਿ ਜੋ ਕ੍ਰਿਤ ਹੈ, ਉਹ ਸਾਰੀਆਂ ਕ੍ਰਿਤਾਂ ਕਰੋ, ਤੁਹਾਨੂੰ ਕੋਈ ਰੋਕੇਗਾ ਨਹੀਂ॥੧੮॥

ਬੈਠਨ ਉਚਿਤ ਨ ਗੁਰ ਕੇ ਥਾਨ। ਬੰਦਨ ਜੋਗ ਸਭਿਨਿ ਕੇ ਜਾਨ।
ਥਾਨ ਬਨਾਵਹੁ ਆਪਨ ਦੂਜਾ। ਤਹਾਂ ਬੈਠਿ ਲੀਜਹਿ ਸਭਿ ਪੂਜਾ'॥੧੯॥

ਪਰ ਗੁਰੂ ਜੀ ਦੇ ਸਥਾਨ ਉੱਪਰ ਬੈਠਣਾ ਉਚਿਤ ਨਹੀਂ ਹੈ, ਇਸ ਸਥਾਨ ਨੂੰ ਸਾਰਿਆਂ ਦੇ ਬੰਦਨਾ ਯੋਗ ਜਾਣੋ। ਆਪਣਾ ਕੋਈ ਦੂਸਰਾ ਅਸਥਾਨ ਬਣਾਵੋ, ਉਥੇ ਬੈਠ ਕੇ ਸਭ ਪ੍ਰਕਾਰ ਦੀ ਪੂਜਾ ਲਵੋ"॥੧੯॥

ਸੁਨਤਿ ਗੁਲਾਬ ਰਾਇ ਰਿਸ ਭਰ੍ਯੋ। 'ਕ੍ਯੋਂ ਫੁਕਰੇ ਮੁਹਿ ਦੇਖਤਿ ਜਰ੍ਯੋ।
ਪੁਰਿ ਉਜਰ੍ਯੋ ਨਹਿਂ ਕਿਨਹੁਂ ਬਸਾਯੋ। ਗੁਰ ਕੋ ਅਦਬ ਨ ਕਿਨ ਰਖਵਾਯੋ॥੨੦॥

ਇਹ ਸੁਣ ਕੇ ਗੁਲਾਬ ਰਾਇ ਗੁੱਸੇ ਨਾਲ ਭਰ ਗਿਆ, "ਹੇ ਫੁਕਰੇ! ਮੈਨੂੰ ਵੇਖ ਕੇ ਕਿਉਂ ਸੜ ਗਿਆ ਹੈਂ। ਉਜੜੇ ਹੋਏ ਨਗਰ ਨੂੰ ਕਿਸੇ ਵੀ ਨਹੀਂ ਵਸਾਇਆ ਹੈ, ਗੁਰੂ ਦਾ ਅਦਬ ਕਿਸੇ ਵੀ ਨਹੀਂ ਰਖਵਾਇਆ ਹੈ॥੨੦॥

ਮੈਂ ਉਪਾਇ ਕਰਿ ਦੇ ਕਰਿ ਦਰਬ। ਫਿਰ ਇਤ ਉਤਹਿ ਬਸਾਯੋ ਸਰਬ।
ਗੁਰ ਥਲ ਬਿਦਤ ਕਰੇ ਧਨ ਲਾਯੋ। ਲੋਕਨਿ ਤੇ ਤਹਿ ਮਾਥ ਟਿਕਾਯੋ॥੨੧॥

ਮੈਂ ਉਪਾਅ ਕਰਕੇ ਧਨ ਦੇ ਕੇ, ਫਿਰ ਏਧਰ ਓਧਰ ਸਾਰਾ ਸਥਾਨ ਵਸਾਇਆ ਹੈ। ਗੁਰੂ ਸਥਾਨ ਧਨ ਲਾ ਕੇ ਪ੍ਰਗਟ ਕੀਤਾ ਹੈ, ਲੋਕਾਂ ਪਾਸੋਂ ਉਥੇ ਮੱਥਾ ਟਿਕਾਇਆ ਹੈ॥੨੧॥

ਤੂੰ ਸੇਵਕ ਸੇਵਾ ਪਰ ਰਾਖਾ। ਸਮਤਾ ਹਿਤ ਕਹਿਬੇ ਕਿਮ ਕਾਂਖਾ।
ਕਾਰਜ ਕਰਿਬੇ ਸ਼ਕਤਿ ਨ ਕੋਈ। ਅਪਰ ਜਿ ਕਰ੍ਯੋ, ਈਰਖਾ ਹੋਈ॥੨੨॥

ਤੂੰ ਸੇਵਕ ਸੇਵਾ ਵਾਸਤੇ ਰੱਖਿਆ ਹੈਂ, ਫਿਰ ਬਰਾਬਰੀ ਵਾਸਤੇ ਕਹਿਣ ਦੀ ਕਿਵੇਂ ਅਭਿਲਾਸ਼ਾ ਕਰਦਾ ਹੈਂ। ਤੇਰੇ ਵਿਚ ਕੋਈ ਕਾਰਜ ਕਰਨ ਦੀ ਸ਼ਕਤੀ ਨਹੀਂ ਹੈ, ਹੋਰ ਨੇ ਕੀਤਾ ਹੈ ਤਾਂ ਈਰਖਾ ਹੋ ਗਈ ਹੈ॥ ੨੨॥

ਤਬਿ ਨ ਈਰਖਾ ਕਿਨਹੂੰ ਕਰੀ। ਆਮਦਨੀ ਪਿਖਿ ਅਬਿ ਮਤਿ ਜਰੀ।
ਮੁਝ ਆਗੇ ਅਬਿ ਦਿਹੁ ਨ ਦਿਖਾਈ। ਦੂਰ ਕਰਹੁਂ ਗਹਿ ਕੈ ਬਰਿਆਈ' ॥੨੩॥

ਉਸ ਸਮੇਂ ਕਿਸੇ ਨੇ ਈਰਖਾ ਨਾ ਕੀਤੀ, ਹੁਣ ਆਮਦਨ ਵੇਖ ਕੇ ਮੱਤ ਸੜ ਗਈ ਹੈ। ਮੇਰੇ ਸਾਹਮਣੇ ਹੁਣ ਵਿਖਾਈ ਨਾ ਦੇਵੇ ਹੇ ਭੈੜਿਆ ! ਮੈਂ ਫੜ ਕੇ ਦੂਰ ਕਰ ਦੇਵਾਂਗਾ'' ॥ ੨੩॥

ਤੀਨ ਚਾਰ ਨਰ ਉਠਿ ਤਤਕਾਲਾ। ਪਕਰਿ ਧਕੇਲਤਿ ਵਹਿਰ ਨਿਕਾਲਾ।
ਜਾਨਿ ਅਵੱਗਜਾ ਕੋ ਅਪਰਾਧੂ। ਦਿਯੋ ਸ੍ਰਾਪ ਕੋਪਜੋ ਤਬਿ ਸਾਧੂ॥ ੨੪॥

ਤਿੰਨ ਚਾਰ ਮਨੁੱਖ ਤੁਰਤ ਉੱਠੇ, ਫੜ ਕੇ ਧੱਕੇ ਦੇ ਕੇ ਬਾਹਰ ਕੱਢ ਦਿੱਤਾ। ਇਸ ਅਵੱਗਿਆ ਨੂੰ ਵੱਡਾ ਅਪਰਾਧ ਜਾਣ ਕੇ, ਤਦ ਸਾਧ ਨੇ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ॥ ੨੪॥

'ਕੇਤਿਕ ਦਿਨ ਮਹਿਂ ਜੜ੍ਹ ਉਖਰੈ ਹੈ। ਸੁਤ ਸਮੇਤ ਤੂਰਤ ਹੀ ਛੈ ਹੈਂ'।
ਇਮ ਕਹਿ ਗਯੋ ਆਪਨੇ ਡੇਰੇ। ਸੇਵ ਦੇਹੁਰੇ ਕਰਹਿ ਘਨੇਰੇ॥ ੨੫॥

''ਕੁਝ ਦਿਨਾਂ ਵਿਚ ਤੇਰੀ ਜੜ੍ਹ ਉੱਖੜ ਜਾਵੇਗੀ, ਪੁੱਤਰਾਂ ਸਮੇਤ ਤੇਰਾ ਤੁਰਤ ਵਿਨਾਸ਼ ਹੋ ਜਾਵੇਗਾ।'' ਇਸ ਪ੍ਰਕਾਰ ਕਹਿ ਕੇ ਆਪਣੇ ਡੇਰੇ ਚਲੇ ਗਿਆ। ਦੇਹੁਰੇ ਦੀ ਬਹੁਤ ਸੇਵਾ ਕਰਦਾ ਸੀ॥ ੨੫॥

ਚਿਤ ਮੈਂ ਤਪਹਿ ਸਾਧ ਬਹੁਤੇਰਾ। 'ਬਾਦ ਅਨਾਦਰ ਕੀਨਸਿ ਮੇਰਾ।
ਗੁਰੂ ਅਵੱਗਜਾ ਤੇ ਮੈਂ ਕਹਜੋ। ਗਰਬਤਿ ਮਨ ਤੇ ਨੀਕ ਨ ਲਹਜੋ' ॥ ੨੬॥

ਸਾਧ ਚਿੱਤ ਵਿਚ ਬਹੁਤ ਤਪਦਾ ਸੀ। ''ਝਗੜਾ ਕਰਕੇ ਮੇਰਾ ਅਨਾਦਰ ਕੀਤਾ ਹੈ। ਗੁਰੂ ਜੀ ਦੀ ਅਵੱਗਿਆ ਕਰਕੇ ਮੈਂ ਕਿਹਾ ਹੈ। ਅਭਿਮਾਨੀ ਮਨ ਹੋਣ ਕਰਕੇ ਚੰਗਾ ਨਹੀਂ ਜਾਣਿਆ ਹੈ'' ॥ ੨੬॥

ਕੇਤਿਕ ਦਿਨ ਬੀਤੇ ਤਿਸ ਪਾਛੇ। ਜੇਸ਼ਟ ਪੁੱਤ੍ਰ ਰਿਦੇ ਪ੍ਰਿਜ ਬਾਛੇ।
ਕਿਸ ਕਾਰਨ ਤੇ ਸੋ ਮਰਿ ਗਯੋ। ਦਾਹੁ ਕਰਜੋ ਅਤਿਸ਼ੈ ਦੁਖ ਭਯੋ॥ ੨੭॥

ਉਸ ਤੋਂ ਬਾਅਦ ਕਈ ਦਿਨ ਬੀਤ ਗਏ। ਵੱਡਾ ਪੁੱਤਰ ਜਿਹੜਾ ਗੁਲਾਬ ਰਾਇ ਦਾ ਬੜਾ ਪਿਆਰਾ ਪੁੱਤਰ ਸੀ, ਕਿਸੇ ਕਾਰਨ ਕਰਕੇ ਉਹ ਮਰ ਗਿਆ, ਉਸ ਦਾ ਸਸਕਾਰ ਕਰਕੇ ਗੁਲਾਬ ਰਾਇ ਨੇ ਵੱਡਾ ਦੁਖ ਪਾਇਆ॥ ੨੭॥

ਸ਼ੋਕ ਬਿਖੈ ਬਜਾਕੁਲ ਹੁਇ ਰਹਜੋ। ਖਾਨ ਪਾਨ ਕੋ ਚਿਤ ਨਹਿਂ ਚਹਜੋ।
ਤਿਸ ਕੀ ਮਾਤ ਬ੍ਰਿਲਾਪ ਬਡੇਰੀ। ਮੋਚਤਿ ਅੱਸ੍ਰੂ ਪਾਤ ਬਹੁਤੇਰੀ॥ ੨੮॥

ਫਿਰ ਦੁਖ ਨਾਲ ਵਿਆਕੁਲ ਹੋਇਆ ਰਿਹਾ, ਖਾਣ ਪੀਣ ਨੂੰ ਚਿੱਤ ਨਹੀਂ ਸੀ ਚਾਹੁੰਦਾ। ਉਸ ਦੀ ਮਾਤਾ ਬਹੁਤ ਵਿਰਲਾਪ ਕਰਦੀ ਸੀ, ਅੱਖਾਂ ਵਿਚ ਬਹੁਤ ਹੰਝੂ ਵਹਿ ਰਹੇ ਸਨ॥ ੨੮॥

ਦਿਵਸ ਤੀਸਰੇ ਜੋ ਸੁਤ ਮਰਜੋ। ਕਿਹ ਨਰ ਸੰਗ ਵਹਿਰ ਮਿਲਿ ਪਰਜੋ।
ਹਤਜੋ ਸਸਾ ਇਕ ਦੀਨਸਿ ਹਾਥ। ਕਹਜੋ ਸੰਦੇਸਾ ਪਿਤ ਕੇ ਸਾਥ॥ ੨੯॥

ਤੀਸਰੇ ਦਿਨ ਜਿਹੜਾ ਪੁੱਤ ਮਰਿਆ ਸੀ, ਉਹ ਕਿਸੇ ਮਨੁੱਖ ਨੂੰ ਬਾਹਰ ਮਿਲ ਪਿਆ। ਇਕ ਮਰੇ ਹੋਏ ਸਹੇ ਨੂੰ ਉਸ ਆਦਮੀ ਦੇ ਹੱਥ ਦਿੱਤਾ ਤੇ ਉਸ ਰਾਹੀਂ ਆਪਣੇ ਪਿਤਾ ਪਾਸ ਸੁਨੇਹਾ ਭੇਜਿਆ॥ ੨੯॥

'ਛੁਧਤਿ ਹੋਇ ਕਿਮ ਸੰਕਟ ਧਾਰੋ। ਮੁਝ ਕੋ ਜੀਵਤਿ ਹੀ ਨਿਰਧਾਰੋ।
ਬਿਨ ਆਮਿਖ ਨਹਿਂ ਅਚਹਿ ਅਹਾਰਾ। ਯਾਂਤੇ ਪਠਜੋ ਤਿਨਹੁਂ ਤਿਹ ਮਾਰਾ ॥੩੦॥

"ਭੁੱਖੇ ਰਹਿ ਕੇ ਕਿਵੇਂ ਸੰਕਟ ਧਾਰਨ ਕਰਦੇ ਹੋ, ਮੈਨੂੰ ਜੀਉਂਦਾ ਹੋਇਆ ਹੀ ਸਮਝੋ। ਮੇਰੇ ਪਿਤਾ ਜੀ ਮਾਸ ਤੋਂ ਬਗੈਰ ਭੋਜਨ ਨਹੀਂ ਖਾਂਦੇ, ਇਸ ਕਰਕੇ ਮੈਂ ਖਰਗੋਸ਼ ਮਾਰ ਕੇ ਭੇਜਿਆ ਹੈ॥ ੩੦॥

ਮੋਹਿ ਮਰਜੋ ਲਖਿ ਸ਼ੋਕ ਨ ਕੀਜੈ। ਖਾਨ ਪਾਨ ਕਰਿ ਆਨੰਦ ਥੀਜੈ'।
ਸੁਨਿ ਲੇ ਕਰਿ ਸੋ ਮਾਨਵ ਆਯੋ। ਸੁਤ ਕੋ ਕਹਿਬੋ ਸਕਲ ਸੁਨਾਯੋ॥ ੩੧॥

ਮੈਨੂੰ ਮਰਿਆ ਸਮਝ ਕੇ ਦੁਖੀ ਨਾ ਹੋਵੋ, ਖਾ ਪੀ ਕੇ ਆਨੰਦ ਕਰੋ।" ਇਹ ਸੁਣ ਕੇ ਉਹ ਮਨੁੱਖ ਖਰਗੋਸ਼ ਲੈ ਕੇ ਆਇਆ ਤੇ ਪੁੱਤਰ ਦਾ ਕਿਹਾ ਸਾਰਾ ਹਾਲ ਸੁਣਾਇਆ॥ ੩੧॥

ਸੁਨਤਿ ਗੁਲਾਬ ਰਾਇ ਸੋ ਹਰਖਜੋ। ਸ਼ਕਤਿ ਸਹਤ ਨਿਜ ਸੁਤ ਕੋ ਪਰਖਜੋ।
ਲੇ ਕਰਿ ਮਾਸ ਬਨਾਇ ਰਿੰਧਾਯੋ। ਨਿਜ ਘਰ ਮਹਿਂ ਤਿਮ ਭਾਖਿ ਪਠਾਯੋ ॥੩੨॥

ਸੁਣ ਕੇ ਗੁਲਾਬ ਰਾਇ ਬਹੁਤ ਖੁਸ਼ ਹੋਇਆ ਤੇ ਸ਼ਕਤੀ ਸਹਿਤ ਆਪਣੇ ਪੁੱਤਰ ਨੂੰ ਪਰਖਿਆ। ਮਾਸ ਲੈ ਕੇ ਰਿੰਨ੍ਹਾਇਆ ਤੇ ਆਪਣੇ ਘਰ ਉਸ ਪ੍ਰਕਾਰ ਹੀ ਕਹਿ ਕੇ ਭੇਜਿਆ॥ ੩੨॥

ਸੁਨਿ ਕਰਿ ਸੁਤ ਕੀ ਮਾਤ ਰਿਸਾਨੀ। ਭਈ ਕੋਪ ਤਿਹ ਨਿਠੁਰ ਬਖਾਨੀ।
'ਆਮਿਖ ਖਾਨ ਬਿਨਾ ਅਕੁਲਾਵੈ। ਅਨਿਕ ਫਰੇਬਨਿ ਬਾਤ ਬਨਾਵੈ॥ ੩੩॥

ਇਹ ਸੁਣ ਕੇ ਪੁੱਤਰ ਦੀ ਮਾਂ ਬਹੁਤ ਗੁੱਸੇ ਵਿਚ ਆਈ, ਗੁੱਸੇ ਵਿਚ ਆ ਕੇ ਉਸ ਭੈੜੇ ਬਚਨ ਕਹੇ, "ਮਾਸ ਖਾਣ ਬਿਨਾਂ ਵਿਆਕੁਲ ਹੋ ਗਿਆ ਹੈਂ। ਅਨੇਕਾਂ ਫਰੇਬ ਕਰਕੇ ਗੱਲ ਬਣਾਉਂਦਾ ਹੈ॥ ੩੩॥

ਪੁੱਤ੍ਰ ਨਹੀਂ ਪਜਾਰੇ ਜਿਹ ਰਿਦੈ। ਆਮਿਖ ਅਚਵਨ ਪ੍ਰਿਯ ਜਦ ਕਦੇ।
ਕਹਾਂ ਸ਼ੋਕ ਉਪਜਹਿ ਬਿਰਲਾਪਹਿ। ਛੁਧਤਿ ਕਹਾਂ, ਜਿਨ ਸੁਤ ਬ੍ਰਿਹ ਤਾਪਹਿ ॥੩੪॥

ਜਿਸ ਨੂੰ ਆਪਣੇ ਹਿਰਦੇ ਵਿਚ ਪੁੱਤਰ ਪਿਆਰੇ ਨਹੀਂ ਹਨ ਤੇ ਜਦ ਕਦੀ ਮਾਸ ਖਾਣਾ ਬਹੁਤ ਚੰਗਾ ਲੱਗਦਾ ਹੈ, ਕਿੱਥੇ ਦੁਖ ਪਾ ਕੇ ਵਿਰਲਾਪ ਕਰਦਾ ਹੈਂ। ਜਿਨ੍ਹਾਂ ਨੂੰ ਪੁੱਤਰਾਂ ਦਾ ਵਿਛੋੜਾ ਤਪਾ ਰਿਹਾ ਉਨ੍ਹਾਂ ਨੂੰ ਭੁੱਖ ਕਿਵੇਂ ਲੱਗਦੀ ਹੈ॥ ੩੪॥

ਸ਼ੁਭ ਗੁਨ ਸਹਤ ਪੁੱਤ੍ਰ ਅਸ ਮਰੈ। ਪਿਤਾ ਨਿਠੁਰ ਸ੍ਵਾਦਨਿ ਹਿਤ ਧਰੈ।
ਖਾਇ ਅਘਾਵਹਿ ਆਮਿਖ ਸੋਈ। ਹਮ ਕੋ ਸ਼ੋਕ ਦੁਖਤਿ ਬਹੁ ਹੋਈ' ॥ ੩੫॥

ਸ਼ੁਭ ਗੁਣਾਂ ਸਹਿਤ ਐਸਾ ਪੁੱਤਰ ਮਰ ਜਾਵੇ ਤੇ ਕਠੋਰ ਪਿਤਾ ਸਵਾਦਾਂ ਵਾਸਤੇ ਹਿਤ ਧਾਰਨ ਕਰੇ। ਉਹੀ ਮਾਸ ਖਾ ਕੇ ਤ੍ਰਿਪਤ ਹੋਵੇ, ਸਾਨੂੰ ਤਾਂ ਵੱਡਾ ਦੁਖ ਹੋਇਆ ਹੈ"॥ ੩੫॥

ਇੱਤਜਾਦਿਕ ਬਹੁ ਕਹਜੋ ਕਠੋਰ। ਗਯੋ ਗੁਲਾਬ ਰਾਇ ਕੀ ਓਰ।
ਘਰ ਕੀ ਕਹਿਵਤਿ ਸਕਲ ਸੁਨਾਈ। ਉਰ ਮਹਿਂ ਖਰ ਜਿਮ ਅਨੀ ਧਸਾਈ ॥੩੬॥

ਇਸ ਪ੍ਰਕਾਰ ਬਹੁਤ ਕਠੋਰ ਬਚਨ ਬੋਲੇ ਤੇ ਫਿਰ ਉਹ ਸੇਵਕ ਗੁਲਾਬ ਰਾਇ ਵੱਲ ਗਿਆ। ਘਰ ਵਿਚ ਉਸ ਦੀ ਪਤਨੀ ਵਲੋਂ ਕਹੀ ਸਾਰੀ ਗੱਲ ਸੁਣਾਈ ਹਿਰਦੇ ਵਿਚ ਜਿਵੇਂ ਕਿਸੇ ਨੇ ਤਿੱਖੀ ਨੋਕ ਧਸਾਈ ਹੋਵੇ॥ ੩੬॥

ਬਾਕ ਬਾਨਤੇ ਬੀਧਨ ਹੋਵਾ। ਬਹੁ ਬਜਾਕੁਲਤਾ ਰਿਦਾ ਪਰੋਵਾ।
ਖਾਇ ਨ ਜਾਇ ਹਟਜੋ ਨਹਿਂ ਜਾਇ। ਚਿਤ ਚਿੰਤਾ ਅਤਿਸ਼ੈ ਅਕੁਲਾਇ ॥੩੭॥

ਵਾਕਾਂ ਦੇ ਬਾਣਾਂ ਨਾਲ ਵਿੰਨ੍ਹਿਆ ਗਿਆ, ਵੱਡੀ ਵਿਆਕੁਲਤਾ ਨਾਲ ਹਿਰਦਾ ਪਰੋਇਆ ਗਿਆ। ਨਾ ਖਾਧਾ ਜਾਂਦਾ ਸੀ ਨਾ ਹਟਿਆ ਜਾਂਦਾ ਸੀ। ਚਿੱਤ ਚਿੰਤਾ ਕਰਕੇ ਬਹੁਤ ਵਿਆਕੁਲ ਹੋ ਗਿਆ॥ ੩੭॥

ਬਹੁ ਦੁਖ ਪਾਇ ਕ੍ਰੋਧ ਵਧਿ ਗਯੋ। ਸ੍ਰਾਪਤ ਸਹਤ ਸੁ ਦੁਰਬਚ ਕਹ੍ਯੋ।
'ਅਪਰ ਪੁੱਤ੍ਰ ਅਰੁ ਮੋਹਿ ਸਮੇਤ। ਨਹਿਂ ਕਿਸਹੂੰ ਕੋ ਪਿਖਹਿਂ ਨਿਕੇਤ॥ ੩੮॥

ਬਹੁਤ ਦੁਖ ਪਾ ਕੇ ਕ੍ਰੋਧ ਵੱਧ ਗਿਆ। ਸ੍ਰਾਪ ਸਹਿਤ ਜਿਹੜੇ ਸਾਧ ਨੇ ਦੁਰਬਚਨ ਕਹੇ ਸਨ, "ਹੋਰ ਪੁੱਤਰ ਅਤੇ ਅੰਹਕਾਰ ਸਮੇਤ, ਕਿਸੇ ਨੂੰ ਵੀ ਘਰ ਵਿਚ ਨਹੀਂ ਵੇਖੋਗੇ॥ ੩੮॥

ਕਰਤਿ ਸ਼ੋਕ ਹੀ ਬੈਠੇ ਰਹੀਯਹਿ। ਖਾਨ ਪਾਨ ਨਿਤ੍ਰ ਦੁਖ ਤੇ ਲਹੀਯਹਿ।
ਇਮ ਕਹਿ ਕੇਤਿਕ ਦਿਵਸ ਬਿਤਾਏ। ਅੰਤ ਸਮਾ ਤਬਿ ਲੋ ਨਿਯਰਾਏ॥ ੩੯॥

ਸ਼ੋਕ ਕਰਦੇ ਹੀ ਬੈਠੇ ਰਹੋਗੇ ਖਾਣ ਪੀਣ ਵਿਚ ਨਿਤ ਦੁਖ ਪ੍ਰਾਪਤ ਕਰੋਗੇ।" ਇਸ ਪ੍ਰਕਾਰ ਕਹਿ ਕੇ ਕਈ ਦਿਨ ਬਤੀਤ ਕੀਤੇ, ਫਿਰ ਅੰਤ ਸਮਾਂ ਨੇੜੇ ਆ ਗਿਆ॥ ੩੯॥

ਸੁਤ ਕੇ ਸਹਤ ਭਯੋ ਪਰਲੋਕ। ਪੀਛੇ ਵਧ੍ਯੋ ਅਧਿਕ ਹੀ ਸ਼ੋਕ।
ਸਭਿ ਕੋ ਅੰਤ ਭਯੋ ਇਹ ਭਾਂਤੀ। ਤਿਸ ਕੋ ਰਹ੍ਯੋ ਨ ਕੋ ਪਸ਼ਚਾਤੀ॥ ੪੦॥

ਪੁੱਤਰ ਦੇ ਨਾਲ ਹੀ ਪਰਲੋਕ ਚਲੇ ਗਿਆ, ਪਿੱਛੇ ਫਿਰ ਬਹੁਤ ਦੁਖ ਵੱਧ ਗਿਆ। ਸਾਰਿਆਂ ਦਾ ਇਸ ਪ੍ਰਕਾਰ ਅੰਤ ਹੋ ਗਿਆ। ਉਸ ਦੇ ਬਾਅਦ ਵਿਚ ਕੋਈ ਵੀ ਨਾ ਰਿਹਾ॥ ੪੦॥

ਬਹੁਰ ਗੁਲਾਬ ਰਾਇ ਕੀ ਦਾਰਾ। ਬੈਠਨ ਕੀ ਹੋਇਸਿ ਅਧਿਕਾਰਾ।
ਜੋ ਨਰ ਪੁੰਜ ਉਪਾਇਨ ਲ੍ਯਾਵੈਂ। ਮਿਸਤਕ ਟੇਕਹਿਂ ਤਿਹ ਅਰਪਾਵੈਂ॥ ੪੧॥

ਫਿਰ ਗੁਲਾਬ ਰਾਇ ਦੀ ਇਸਤਰੀ ਨੂੰ ਗੱਦੀ ਉੱਪਰ ਬੈਠਣ ਦਾ ਅਧਿਕਾਰ ਹੋਇਆ। ਜਿਹੜੇ ਮਨੁੱਖ ਉਪਹਾਰ ਲਿਆਉਂਦੇ ਸਨ, ਮੱਥਾ ਟੇਕ ਕੇ ਉਸ ਨੂੰ ਅਰਪਣ ਕਰ ਦਿੰਦੇ ਸਨ॥ ੪੧॥

ਜਬਹਿ ਬ੍ਰਿਧਾ ਬਯ ਬਹੁ ਤਨ ਹੋਈ। ਚਿਤਹਿ ਥਿਰਹਿ ਪਾਛੇ ਅਬਿ ਕੋਈ।
ਸ਼ਯਾਮ ਸਿੰਘ ਕੁਲ ਬ੍ਰਿਧਕ ਹੇਰਾ। ਸੁਰਜਨ ਸਿੰਘ ਨਾਮ ਜਿਸ ਕੇਰਾ॥ ੪੨॥

ਜਦ ਉਹ ਬ੍ਰਿਧ ਹੋ ਗਈ ਤੇ ਉਮਰ ਬਹੁਤ ਵਡੇਰੀ ਹੋ ਗਈ ਤਾਂ ਚਿੱਤ ਵਿਚ ਸੋਚਿਆ ਕਿ ਮੇਰੇ ਪਿੱਛੋਂ ਦੇਖੋ ਕੋਈ ਗੱਦੀ ਉੱਪਰ ਬੈਠੇ। ਸ਼ਿਆਮ ਸਿੰਘ ਦੀ ਕੁਲ ਨੂੰ ਬਹੁਤ ਵਧਿਆ ਵੇਖਿਆ। ਉਸ ਦੇ ਜਿਹੜੇ ਪੁੱਤਰ ਦਾ ਨਾਮ ਸੁਰਜਨ ਸਿੰਘ ਸੀ॥ ੪੨॥

ਨਿਜ ਉਛੰਗ ਸੋ ਪਾਵਨ ਕੀਨਿ। ਆਪ ਪ੍ਰਲੋਕ ਪਯਾਨੋ ਕੀਨਿ।
ਸੁਰਜਨ ਸਿੰਘ ਥਿਰ੍ਯੋ ਤਿਸ ਪਾਛੇ। ਸਭਿ ਸਿੰਘਨ ਮਹਿਂ ਬਿਦਤ੍ਯੋ ਆਛੇ॥੪੩॥

ਉਸ ਨੂੰ ਪੁੱਤਰ ਬਣਾ ਕੇ ਆਪਣੇ ਸਥਾਨ ਤੇ ਥਾਪਿਆ ਤੇ ਆਪ ਪਰਲੋਕ ਚਲੇ ਗਈ। ਬਾਅਦ ਵਿਚ ਸੁਰਜਨ ਸਿੰਘ ਗੱਦੀ ਤੇ ਬੈਠਾ ਤੇ ਸਾਰੇ ਸਿੰਘਾਂ ਵਿਚ ਉਹ ਬਹੁਤ ਪ੍ਰਸਿੱਧ ਹੋਇਆ॥ ੪੩॥

ਤਿਸ ਕੇ ਤੀਨ ਪੁੱਤ੍ਰ ਜਗ ਭਏ। ਅੰਤ ਸਮਾ ਜਬਿ ਹੂੰ ਨਿਯਰਏ।
ਜੇਸ਼ਟ ਸੁਤ ਤਿਲੋਕ ਸਿੰਘ ਥਿਰ੍ਯੋ। ਕੇਤਿਕ ਬਰਖਨ ਪੂਜਨ ਕਰ੍ਯੋ॥ ੪੪॥

ਉਸ ਦੇ ਅੱਗੇ ਤਿੰਨ ਪੁੱਤਰ ਹੋਏ, ਉਸ ਦਾ ਅੰਤ ਸਮਾਂ ਜਦ ਨੇੜੇ ਆਇਆ ਤਾਂ ਉਸ ਦਾ ਵੱਡਾ ਪੁੱਤਰ ਤਿਲੋਕ ਸਿੰਘ ਗੱਦੀ ਤੇ ਬੈਠਾ। ਕਈ ਸਾਲ ਉਸ ਆਪਣੀ ਪੂਜਾ ਕਰਵਾਈ॥ ੪੪॥

ਜਬਿ ਪ੍ਰਲੋਕ ਤਿਨ ਕੋ ਹੁਇ ਗਯੋ। ਗਾਦੀ ਪਰ ਦਿਦਾਰ ਸਿੰਘ ਥਯੋ।
ਸੁਰਜਨ ਸਿੰਘ ਕੇਰ ਸੁਤ ਦੂਜਾ। ਬਹੁਤ ਬਰਖ ਸੰਗਤਿ ਨੇ ਪੂਜਾ॥ ੪੫॥

ਜਦ ਤਿਲੋਕ ਸਿੰਘ ਪਰਲੋਕ ਚਲੇ ਗਿਆ ਤਾਂ ਗੱਦੀ ਉੱਪਰ ਦਿਦਾਰ ਸਿੰਘ ਬੈਠਾ। ਇਹ ਸੁਰਜਨ ਸਿੰਘ ਦਾ ਦੂਸਰਾ ਪੁੱਤਰ ਸੀ, ਬਹੁਤ ਸਾਲ ਉਸ ਦੀ ਸੰਗਤ ਨੇ ਪੂਜਾ ਕੀਤੀ॥ ੪੫॥

ਤਿਨ ਕੋ ਭੀ ਪ੍ਰਲੋਕ ਜਬਿ ਭਯੋ। ਤ੍ਰਿਤੀ ਦਿਵਾਨ ਸਿੰਘ ਪਦ ਲਯੋ।
ਅਬਿ ਬੈਠਤਿ ਹੈ ਗਾਦੀ ਊਪਰ। ਬਿਦਤ ਅਹੈ ਜਾਨਹਿਂ ਬਹੁ ਭੂਪਰ॥ ੪੬॥

ਉਹ ਵੀ ਜਦ ਪਰਲੋਕ ਚਲੇ ਗਿਆ ਤਾਂ ਤੀਸਰੇ ਪੁੱਤਰ ਦਿਵਾਨ ਸਿੰਘ ਨੇ ਉਹ ਪਦਵੀ ਪ੍ਰਾਪਤ ਕੀਤੀ। ਹੁਣ ਉਹ ਗੱਦੀ ਉੱਪਰ ਬੈਠਦਾ ਹੈ ਤੇ ਧਰਤੀ ਉੱਪਰ ਉਹ ਬੜਾ ਮਸ਼ਹੂਰ ਹੈ॥ ੪੬॥

ਸੋਢੀ ਆਨੰਦ ਪੁਰਿ ਮਹਿਂ ਜੇਈ। ਸ਼ਯਾਮ ਸਿੰਘ ਕੋ ਕੁਲ ਸਭਿ ਤੇਈ।
ਗਾਦੀ ਥਿਰੇ ਭਨੇ ਮੈਂ ਸੋਈ। ਅਪਰ ਸਿੰਘ ਜਾਨੈਂ ਸਭਿ ਕੋਈ॥ ੪੭॥

ਜਿਹੜੇ ਸੋਢੀ ਆਨੰਦਪੁਰ ਵਿਚ ਹਨ, ਉਹ ਸਾਰੇ ਸ਼ਿਆਮ ਸਿੰਘ ਦੀ ਕੁਲ ਵਿਚੋਂ ਹਨ। ਜਿਹੜੇ ਗੱਦੀ ਉੱਪਰ ਬੈਠੇ ਹਨ, ਉਨ੍ਹਾਂ ਬਾਰੇ ਮੈਂ ਕਿਹਾ ਹੈ। ਹੋਰ ਸਿੰਘ ਸਾਰੇ ਜਾਣਦੇ ਹਨ॥ ੪੭॥

*ਦੂਸਰੇ ਐਨ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

# *ਅਧਿਆਇ ਛੱਤੀਵਾਂ*

## *ਅੰਤਮ ਮੰਗਲ*

੧. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਸਾਰਸੁਤੀ ਨਿਜ ਦਾਸ ਪਰ ਭਈ ਸਹਾਇ ਅਪਾਰ।
ਪਾਰਦ ਬਰਨੀ ਪਾਰਦਾ ਗ੍ਰਿੰਥ ਸਿੰਧੁ ਤੇ ਪਾਰਿ॥ ੧॥

ਪਾਰੇ ਦੀ ਰੰਗ ਵਰਗੀ ਸਫੇਦ ਸਰਸਵਤੀ ਨੇ ਇਸ ਗ੍ਰੰਥ ਰੂਪੀ ਸਮੁੰਦਰ ਤੋਂ ਪਾਰ ਕਰਵਾਉਣ ਵਾਲੀ ਤਾਰਨਹਾਰ ਨੇ ਆਪਣੇ ਦਾਸ ਦੀ ਵੱਡੀ ਸਹਾਇਤਾ ਕੀਤੀ ਹੈ॥੧॥

ਚੌਪਈ- ਕਰਨੀ ਸੁਖ, ਦੁਖ ਦਾਰਿਦ ਹਰਨੀ। ਹਰਨੀ ਸੁਤ ਸਮ ਆਂਖਨਿ ਬਰਨੀ।
ਬਰਨੀ ਬੱਕ੍ਰ ਮਹਾਂ ਛਬਿ ਧਰਨੀ। ਧਰਨੀ ਬੁਧਿ ਕੀ ਬਯ ਤਨ ਤਰੁਨੀ॥੨॥

ਸੁਖਾਂ ਦੇ ਕਰਨਹਾਰੀ, ਦੁਖ ਦਲਿੱਦਰ ਨੂੰ ਦੂਰ ਕਰਨ ਵਾਲੀ, ਜਿਹੜੀ ਹਿਰਨੀ ਦੇ ਬੱਚੇ ਵਰਗੀਆਂ ਅੱਖਾਂ ਵਾਲੀ ਬਿਆਨ ਕੀਤੀ ਜਾਂਦੀ ਹੈ, ਉਸ ਦੀਆਂ ਟੇਢੀਆਂ ਭਵਾਂ ਵੱਡੀ ਛਵੀ ਧਾਰਨ ਵਾਲੀਆਂ ਹਨ, ਜਿਹੜੀ ਸ੍ਰੇਸ਼ਟ ਬੁੱਧੀ ਦੀ ਧਾਰਨ ਵਾਲੀ ਹੈ ਤੇ ਜਿਸ ਦੇ ਸਰੀਰ ਦੀ ਅਵਸਥਾ ਸਦਾ ਜਵਾਨੀ ਵਾਲੀ ਹੈ॥ ੨॥

ਤਰਨੀ ਬਿਘਨ ਸਿੰਧੁ ਜਿਹ ਸ਼ਰਨੀ। ਸਰ ਨੀਰਜ ਦੁਤਿ ਦ੍ਰਿਗ ਆਦਰਨੀ।
ਦਰਨੀ ਦੋਖਨਿ ਦਾਸ ਉਧਰਨੀ। ਧਰਨੀ ਕਰੁਨਾ ਗੁਨੀਅਨਿ ਬਰਨੀ॥੩॥

ਜਿਸ ਦੀ ਸ਼ਰਨ ਵਿਘਨਾਂ ਰੂਪੀ ਸਾਗਰ ਦੀ ਬੇੜੀ ਹੈ, ਜਿਸ ਦੇ ਨੈਣਾਂ ਦੀ ਸ਼ੋਭਾ ਕੰਵਲ ਫੁੱਲਾਂ ਵਰਗੀ ਸੋਹਣੀ ਅਤੇ ਆਦਰਯੋਗ ਹੈ। ਜਿਹੜੀ ਸਾਹਿਤ ਦੂਖਣਾਂ ਨੂੰ ਦਲਣ ਵਾਲੀ ਤੇ ਕਵੀ ਰੂਪੀ ਦਾਸਾਂ ਦਾ ਉਧਾਰ ਕਰਨ ਵਾਲੀ ਹੈ ਤੇ ਜਿਸ ਨੂੰ ਗੁਣੀ ਸੇਵਕਾਂ ਨੇ ਕਿਰਪਾ ਧਾਰਨ ਵਾਲੀ ਵਰਨਣ ਕੀਤਾ॥ ੩॥

ਬਰਨੀ ਕੁੰਦ ਇੰਦੂ ਆਭਰਨੀ। ਭਰਨੀ ਨਾਗ ਬਿਘਨ ਗਨ ਅਰਿਨੀ।
ਅਰਿਨੀ ਕਰੇ ਅਨੰਦ ਉਸਰਨੀ। ਸ਼ਰਨੀ ਪਰੇ ਕਲੇਸ਼ ਨਿਵਰਿਨੀ॥ ੪॥

ਕੁੰਦ ਦੇ ਫੁੱਲ ਵਰਗੀ ਸੁਫੈਦ ਰੰਗ ਵਾਲੀ ਹੈ, ਚੰਦ੍ਰਮਾ ਦੀ ਸ਼ੋਭਾ ਵਾਲੀ ਹੈ। ਸੱਪਾਂ ਰੂਪੀ ਵਿਘਨਾਂ ਦੀ ਮੋਰਨੀ ਵਾਂਗ ਵੈਰਨ ਹੈ। ਅਰਿਣੀ ਕਰਕੇ ਅਨੰਦ ਉਸਾਰਨ ਵਾਲੀ ਹੈ। ਆਪਣੀ ਸ਼ਰਨ ਪਿਆਂ ਦੇ ਸਾਰੇ ਕਲੇਸ਼ ਦੂਰ ਕਰਨ ਵਾਲੀ ਹੈ॥ ੪॥

*੨. ਕਥਾ ਮੰਗਲ*

ਹਰੀ ਸਿਮਰਿ ਕਥ ਪੂਰਨ ਕਰੀ। ਕਰੀ ਕਲੁਖ ਕੋ ਬਾਘਨਿ ਖਰੀ।
ਖਰੀ ਭਈ ਜਿਮ ਮੁਕਤਾ ਲਰੀ। ਲਰੀ ਕੁਮਤਿ ਸੋ ਤੂਰਨ ਹਰੀ॥ ੫॥

ਪਾਪ ਰੂਪੀ ਹਥਣੀ ਨੂੰ ਸੱਚ-ਮੁੱਚ ਸ਼ੇਰਨੀ ਹੋ ਕੇ ਟੱਕਰਣ ਵਾਲੀ ਇਹ ਕਥਾ ਮੈਂ ਵਾਹਿਗੁਰੂ ਨੂੰ ਸਿਮਰ-ਸਿਮਰ ਕੇ ਪੂਰੀ ਕੀਤੀ ਹੈ। ਇਹ ਕਥਾ ਮੋਤੀਆਂ ਦੀ ਸੁੱਚੀ ਲੜੀ ਵਾਂਗ ਤਿਆਰ ਹੋਈ ਹੈ। ਇਸ ਦੀ ਤਿਆਰੀ ਵਿਚ ਜਿਹੜੀ ਵੀ ਦੁਰਬੁੱਧੀ ਮੇਰੇ ਨਾਲ ਲੜਨ ਵਾਸਤੇ ਆਈ, ਉਸਨੂੰ ਮੈਂ ਤੁਰਤ ਦੂਰ ਕਰ ਦਿੰਦਾ ਰਿਹਾ ਹਾਂ॥ ੫॥

*੩. ਇਸ਼ਟ ਗੁਰੂ-ਗੁਰ ਅਵਤਾਰ ਦਾ ਮੰਗਲ*

ਪਾਰਬ੍ਰਹਮ ਕੇ ਗੁਰ ਅਵਤਾਰ। ਤਾਰਨ ਹਿਤ ਜਗ ਭਗਤ ਉਦਾਰ।
ਦਾਰੁਨ ਦੁਖ ਤੇ ਕੀਨਿ ਉਧਾਰ। ਧਾਰੇ ਸਿੱਖੀ ਪਰੇ ਸੁ ਪਾਰ॥ ੬॥

ਸਾਰੇ ਗੁਰੂ ਸਾਹਿਬ ਪਾਰਬ੍ਰਹਮ ਦੇ ਅਵਤਾਰ ਹਨ, ਜੋ ਜਗਤ ਦੇ ਭਗਤਾਂ ਨੂੰ ਤਾਰਨ ਵਾਸਤੇ ਬਹੁਤ ਉਦਾਰ ਹੋਏ ਹਨ। ਭਿਆਨਕ ਦੁਖਾਂ ਤੋਂ ਜਗਤ ਦਾ ਆਪ ਜੀ ਨੇ ਹੀ ਉਧਾਰ ਕੀਤਾ ਤੇ ਜਿਨ੍ਹਾਂ ਨੇ ਆਪ ਜੀ ਦੀ ਸਿੱਖੀ ਗ੍ਰਹਿਣ ਕੀਤੀ ਹੈ, ਸੋ ਭਵਸਾਗਰ ਤੋਂ ਪਾਰ ਹੋ ਗਏ ਹਨ॥ ੬॥

*੪. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ*

*ਸ੍ਵੈਯਾ-* ਧਾਰਿ ਅਪੂਰਬ ਪੂਰਬ ਰੂਪ ਭਏ ਗੁਰ ਨਾਨਕ ਜੋਤਿ ਉਦਾਰਹਿ।
ਦਾਰ ਕਿਧੌਂ ਨਰ ਪੰਥ ਪਰੇ ਤਿਨ ਸੇ ਜਗ ਸਾਗਰ ਤੇ ਪਰਿ ਪਾਰਹਿ।
ਪਾਰਤਿ ਹੈਂ ਗੁਨ, ਟਾਰਤਿ ਔਗੁਨ, ਗ੍ਯਾਨ ਸਿਖਾਰਤਿ ਬਾਕ ਬਿਚਾਰਹਿ।
ਚਾਰਹੁਂ ਬੇਦ ਉਚਾਰਹਿਂ ਸਾਰਹਿ, ਬੰਦਤਿ ਹੌਂ ਅਬਿ ਮੋਹਿ ਉਧਾਰਹਿਂ॥੭॥

ਅਸਚਰਜ ਬ੍ਰਹਮ ਹੀ ਰੂਪ ਧਾਰ ਕੇ ਉਦਾਰ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ। ਜਿਹੜੇ ਵੀ ਇਸਤਰੀ ਪੁਰਸ਼ ਉਨ੍ਹਾਂ ਦੇ ਪੰਥ ਸਿੱਖੀ ਮਾਰਗ ਵਿਚ ਆਏ, ਉਹ ਸੰਸਾਰ ਸਾਗਰ ਤੋਂ ਪਾਰ ਹੋ ਗਏ। ਸਤਿਗੁਰੂ ਜੀ ਆਪਣੇ ਸੇਵਕਾਂ ਦੇ ਗੁਣਾਂ ਨੂੰ ਪਾਲਦੇ ਹਨ, ਔਗੁਣਾਂ ਨੂੰ ਦੂਰ ਕਰਦੇ ਹਨ ਤੇ ਗਿਆਨ ਬਖਸ਼ਦੇ ਹਨ। ਜਿਹੜੇ ਵੀ ਉਨ੍ਹਾਂ ਦੇ ਬਚਨਾਂ ਨੂੰ ਵਿਚਾਰਦੇ ਹਨ ਉਹ ਚਾਰੇ ਵੇਦਾਂ ਦੇ ਤੱਤ ਨੂੰ ਉਚਾਰਨ ਲੱਗ ਜਾਂਦੇ ਹਨ। ਮੈਂ ਹੁਣ ਉਨ੍ਹਾਂ ਸਤਿਗੁਰੂ ਨੂੰ ਬੰਦਨਾ ਕਰਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੇਰਾ ਵੀ ਪਾਰਉਤਾਰਾ ਕਰਨ, ਭਾਵ ਮੇਰਾ ਵੀ ਉਧਾਰ ਕਰਨ॥ ੭॥

*੫. ਇਸ਼੍ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ*

ਚਿੱਤ੍ਰਪਦਾ ਛੰਦ- ਜਾਲ ਜੰਜਾਲ ਫਸੇ ਜੁ ਮਿਲੇ, ਤਿਨ ਦਾਸਨਿ ਬ੍ਰਿੰਦ ਬਿਕਾਰਨ ਜਾਲਿ।
ਜਾਲਨਿ ਕੋ ਉਪਦੇਸ਼ ਬਖਾਨਿਕੈ ਸ੍ਰੀ ਸਤਿਨਾਮ ਕੀ ਦੇ ਜਪੁਮਾਲ।
ਮਾਲਿਕ ਦੀਨ ਦੁਨੀ ਗੁਰ ਅੰਗਦ ਬੰਦਨ ਤੇ ਕਰਿ ਦੇਤਿ ਨਿਹਾਲ।
ਹਾਲ ਭਲੋ ਪਰਲੋਕ ਤਿਨੈ, ਨਹਿਂ ਫੇਰ ਫਸੈਂ ਕਬਿਹੂੰ ਜਮਜਾਲ॥ ੮॥

ਸਤਿਗੁਰੂ ਅੰਗਦ ਦੇਵ ਜੀ ਨੂੰ ਜਿਹੜੇ ਲੋਕ ਜੰਜਾਲਾਂ ਦੇ ਜਾਲ ਵਿਚ ਫਸੇ ਹੋਏ ਮਿਲੇ, ਤਿਨ੍ਹਾਂ ਸਾਰੇ ਦਾਸਾਂ ਦੇ ਵਿਕਾਰ ਆਪ ਜੀ ਨੇ ਨਾਸ਼ ਕਰ ਦਿੱਤੇ ਅਤੇ ਸਾਰਿਆਂ ਨੂੰ ਹੀ ਆਪਣਾ ਉਪਦੇਸ਼ ਸਮਝਾ ਕੇ ਸ੍ਰੀ ਸਤਿਨਾਮ ਦੀ ਜਪਮਾਲਾ ਦਿੱਤੀ ਭਾਵ ਨਾਮ ਦੀ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀਨ ਦੁਨੀ ਦੇ ਮਾਲਕ ਹਨ। ਐਸੇ ਦਾਤੇ ਹਨ ਕਿ ਬੰਦਨਾ ਕਰਨ ਤੇ ਹੀ ਇਸ ਜਗਤ ਵਿਚ ਵੀ ਨਿਹਾਲ ਕਰ ਦਿੰਦੇ ਹਨ ਤੇ ਪਰਲੋਕ ਵਿਚ ਵੀ ਸਹਾਇਕ ਬਣਦੇ ਹਨ। ਦੁਬਾਰਾ ਫਿਰ ਉਹ ਸਿੱਖ ਜਮਾਂ ਦੇ ਜਾਲ ਵਿਚ ਨਹੀਂ ਫਸਦੇ॥ ੮॥

*੬. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ*

ਸ੍ਵੈਯਾ-ਮੋਹਿ ਰਿਦੈ ਬਸਿ ਕੈ ਨਿਸ ਬਾਸੁਰ ਨਾਸ਼ ਕਲੇਸ਼ ਕਰੋ, ਹੁਇ ਮੋਹ ਨ।
ਮੋਹਨ ਕੇ ਪਿਤ ਸ੍ਰੀ ਗੁਰ ਪੂਰਨ! ਦਾਸਨ ਕੇ ਕਰਤਾ ਮਨ ਮੋਹਨ!।
ਹੋਹਿ ਨ ਲੋਭ ਕੋ ਲੋਭ ਕਬੈ, ਨਹਿਂ ਕਾਮ ਕੋ ਕਾਮ ਹੰਕਾਰ ਨ ਕ੍ਰੋਹਨ।
ਦੋਹ ਸੀ ਓਟ ਸਦਾ ਨਿਜ ਦਾਸਨਿ ਦਾਨ ਕੋ ਦੀਨ ਕਰੇ ਨਿਰਮੋਹਨ॥ ੯॥

ਹੇ ਮੋਹਨ ਜੀ ਦੇ ਪਿਤਾ ਪੂਰਨ ਸਤਿਗੁਰੂ ਅਮਰਦਾਸ ਜੀਓ! ਹੇ ਦਾਸਾਂ ਦੇ ਮਨਾਂ ਨੂੰ ਮੋਹਿਤ ਕਰ ਲੈਣ ਵਾਲੇ ਸਤਿਗੁਰੂ ਜੀਓ! ਮੇਰੇ ਹਿਰਦੇ ਵਿਚ ਰਾਤ ਦਿਨ ਵੱਸ ਕੇ ਕਲੇਸ਼ਾਂ ਦਾ ਐਸਾ ਨਾਸ਼ ਕਰੋ ਕਿ ਮੈਨੂੰ ਫਿਰ ਕਦੀ ਮੋਹ ਨਾ ਪ੍ਰਗਟ ਹੋਵੇ। ਨਾ ਹੀ ਪਦਾਰਥ ਦਾ ਕਦੀ ਲੋਭ ਉਪਜੇ, ਨਾ ਹੀ ਕਾਮ ਦੀ ਕਾਮਨਾ ਰਹੇ, ਨਾ ਹੀ ਹੰਕਾਰ ਤੇ ਨਾ ਹੀ ਕ੍ਰੋਧ ਰਹੇ। ਆਪ ਸਦਾ ਆਪਣੇ ਦਾਸਾਂ ਦੀ ਪਹਾੜ ਵਰਗੀ ਓਟ ਹੋ ਤੇ ਨਾਮ ਦਾ ਦਾਨ ਦੇ ਕੇ ਨਿਰਮੋਹ ਕਰ ਦਿੰਦੇ ਹੋ॥ ੯॥

*੭. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ*

ਹਰਿਦਾਸ ਤਨੈ ਹਰਿਦਾਸ ਭਨੈ ਹਰਿ ਰੂਪ ਬਨੈ ਹਰਿ ਪੂਜਤਿ ਹੈ ਜਿਨ।
ਹਰਿ ਦੋਸ਼ਨ ਦੈ ਸੁਖ ਦਾਸਨ ਕੋ ਉਰ ਮੋਹ ਤੇ ਆਦਿ ਬਿਕਾਰ ਭਰੇ ਜਿਨ।
ਬਰ ਦੇਤਿ ਜਿਨਹਿ ਬਰ ਮਾਨਵ ਸੇ ਬਰਬੰਡ ਭਏ ਜਮ ਰੂਪ ਪਿਖੈ ਜਿਨ।
ਕਰ ਬੰਦ ਤਿਨੈਂ ਕਰਿ ਬੰਦਨ ਕੋ, ਕਰਤਾਰ ਗੁਨਾਕਰ, ਗ੍ਯਾਨ ਅਮੇਜਿਨ॥ ੧੦॥

ਸ੍ਰੀ ਹਰਿਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਆਪ ਨੂੰ ਹਰੀ ਦਾ ਦਾਸ ਕਹਾਉਂਦੇ ਹਨ। ਪਰ ਆਪ ਪ੍ਰਤੱਖ ਨਿਰੰਕਾਰ ਦਾ ਰੂਪ ਹਨ, ਜਿਨ੍ਹਾਂ ਦੀ ਵਿਸ਼ਨੂੰ ਵੀ ਪੂਜਾ ਕਰਦਾ ਹੈ। ਆਪ ਆਪਣੇ ਦਾਸਾਂ ਦੇ ਦੋਸ਼ ਜਿਨ੍ਹਾਂ ਦੇ ਹਿਰਦੇ ਮੋਹ ਆਦਿ ਪੰਜਾਂ ਵਿਕਾਰਾਂ ਨਾਲ ਭਰੇ ਹੋਏ ਹਨ, ਨਾਸ਼ ਕਰਕੇ ਸੁਖ ਦਿੰਦੇ ਹਨ। ਜਿਨ੍ਹਾਂ ਸ੍ਰੇਸ਼ਟ ਪੁਰਸ਼ਾਂ ਨੂੰ ਆਪ ਨੇ ਵਰ ਦਿੱਤੇ ਹਨ, ਉਹ ਐਸੇ ਬਲਵਾਨ ਹੋ ਗਏ ਹਨ ਕਿ ਉਹ ਜਮਾਂ ਦਾ ਰੂਪ ਕਦੀ ਨਹੀਂ ਵੇਖਣਗੇ। ਮੈਂ ਵੀ ਵਾਹਿਗੁਰੂ ਸਰੂਪ ਗੁਣਾਂ ਦੀ ਖਾਣ, ਗਿਆਨ ਦੇ ਸਾਗਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥੧੦॥

*੮. ਇਸ੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ*

*ਕਬਿੱਤ-* ਅਰਜ਼ਨਿ ਸੁਨਿ ਮੇਰੀ ਸਤਿਗੁਰੂ ਅਰਜਨ ! ਅਰਿ ਜਨ ਹਨਿ ਅਰਜਨ ਜਸ ਦੀਨਿਓ।
ਕਵਿਤਾ ਪ੍ਰਪੂਰ ਮੇ ਚਰਿੱਤ੍ਰ ਭਰਪੂਰ ਨਿਜ, ਪੂਰਮੇ ਪਰੀ ਹੈ ਗ੍ਰੰਥ ਪੂਰਨ ਜਿ ਕੀਨਿਓ।
ਕਥਾ ਗੁਨ ਸਰੁਵਰ, ਔਗੁਨ ਕੋ ਸਰ ਖਰ, ਗੁਰੂ ਸਰ ਔਰ ਨਾ, ਸ਼ਰਨ ਯਾਂ ਤੇ ਲੀਨਿਓ।
ਨਾਮ ਲਿਵਤਾਰ ਦੇ ਉਚਾਰ ਭਵ ਪਾਰ ਦੇ, ਪਤਾਰ ਤੇ ਉਧਾਰਿ ਪਦ ਤਾਰਿਦੇ ਪ੍ਰਬੀਨਿਓ ॥੧੧॥

ਹੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀਓ ! ਮੇਰੀਆਂ ਬੇਨਤੀਆਂ ਸੁਣੋ। ਤੁਸੀਂ ਮੇਰੇ ਅੰਦਰਲੇ ਅਤੇ ਬਾਹਰਲੇ ਵੈਰੀਆਂ ਨੂੰ ਮਾਰ ਕੇ ਇਸ ਜਗਤ ਵਿਚ ਮੈਨੂੰ ਉੱਜਲ ਜੱਸ ਦਿਵਾ ਦਿੱਤਾ ਹੈ। ਮੇਰੇ ਦਾਸ ਪਾਸੋਂ ਨੌਂ ਰਸਾਂ ਤੇ ਅਲੰਕਾਰਾਂ ਆਦਿ ਨਾਲ ਪਰੀਪੂਰਣ ਕਵਿਤਾ ਵਿਚ ਗ੍ਰੰਥ ਪੂਰਨ ਕਰਵਾ ਲਿਆ ਹੈ। ਇਹ ਮੇਰੀ ਘਾਲ ਕਮਾਈ ਪੂਰੀ ਹੋ ਗਈ ਹੈ। ਇਹ ਕਥਾ ਗੁਣਾਂ ਦਾ ਸਰੋਵਰ ਤੇ ਔਗੁਣਾਂ ਵਾਸਤੇ ਤਿੱਖਾ ਤੀਰ ਹੈ, ਕਿਉਂਕਿ ਇਹ ਉਨ੍ਹਾਂ ਗੁਰਾਂ ਦੀ ਕਥਾ ਹੈ, ਜਿਨ੍ਹਾਂ ਗੁਰੂ ਸਾਹਿਬਾਨ ਦੇ ਤੁਲ ਹੋਰ ਕੋਈ ਨਹੀਂ ਹੈ। ਇਸ ਲਈ ਮੈਂ ਗੁਰਾਂ ਦੀ ਸ਼ਰਨ ਫੜੀ ਹੈ। ਹੇ ਪ੍ਰਬੀਨ ਸਤਿਗੁਰੂ ਜੀਓ ! ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦੇਵੋ, ਜਿਸ ਦੇ ਉਚਾਰਨ ਨਾਲ ਸੰਸਾਰ ਤੋਂ ਪਾਰ ਹੋ ਜਾਈਦਾ ਹੈ, ਜਿਹੜਾ ਨਰਕਾਂ ਤੋਂ ਬਚਾ ਕੇ ਮੁਕਤੀ ਪਦ ਬਖਸ਼ਦਾ ਹੈ॥੧੧॥

*੯. ਇਸ੍ਰ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੰਗਲ*

*ਸੈਯਾ-* ਸਾਰੰਗ ਪੈ ਕਬਿ ਸਾਰੰਗ ਪੈ ਚਢਿ, ਸਾਰੰਗ ਸ਼ੱਤ੍ਰਨਿ ਕੋ ਬਲਿ ਸਾਰੰਗ।
ਸਾਰੰਗ ਜਜੋਂ ਜਗ ਮੈਂ ਕੁਲ ਸਾਰੰਗ, ਸਾਰੰਗ, ਗਜਾਨ ਪ੍ਰਕਾਸ਼ਨਿ ਸਾਰੰਗ।
ਸਾਰੰਗ ਦਾਸਨਿ ਕੋ ਪ੍ਰਿਯ ਸਾਰੰਗ, ਸਾਰੰਗ ਦੋਸ਼ਨਿ ਕੋ ਸਮ ਸਾਰੰਗ।
ਸਾਰੰਗ ਪਾਨਿ ਭਯੋ ਨਰ ਸਾਰੰਗ, ਸਾਰੰਗ ਸ੍ਰੀ ਹਰਿ ਗੋਬਿੰਦ ਸਾਰੰਗ ॥੧੨॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਦੀ ਹਾਥੀ ਉੱਪਰ ਸਵਾਰ ਹੁੰਦੇ ਹਨ, ਕਦੀ ਘੋੜੇ ਉੱਪਰ, ਪਰ ਹਰ ਹਾਲਤ ਵਿਚ ਹਿਰਨਾਂ ਰੂਪੀ ਵੈਰੀਆਂ ਵਾਸਤੇ ਸ਼ੇਰ ਵਾਂਗ ਬਲਵਾਨ ਹਨ। ਪਰ ਮਿੱਤਰਾਂ ਵਾਸਤੇ ਆਪ ਕੰਵਲ ਦੇ ਫੁੱਲ ਲਈ ਸੂਰਜ ਵਾਂਗ ਹਨ। ਆਪਣੇ ਸਿੱਖਾਂ ਵਾਸਤੇ ਇਸ ਪ੍ਰਕਾਰ ਗਿਆਨ ਦਾ ਪ੍ਰਕਾਸ਼ ਦੇਣ ਵਾਲੇ ਹਨ ਜਿਵੇਂ ਦੀਪਕ ਨੂੰ ਅਗਨੀ ਪ੍ਰਕਾਸ਼ਦੀ ਹੈ। ਆਪਣੇ ਸੇਵਕਾਂ ਲਈ ਇਸ ਪ੍ਰਕਾਰ ਪਿਆਰੇ ਹਨ ਜਿਵੇਂ ਚਾਤ੍ਰਿਕ ਲਈ ਬੱਦਲ ਪਿਆਰਾ ਹੈ। ਪਾਪਾਂ ਲਈ ਇਸ ਪ੍ਰਕਾਰ ਹਨ, ਜਿਵੇਂ ਸੱਪਾਂ ਵਾਸਤੇ ਗਰੁੜ ਹੈ। ਇਹ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ, ਇਹ ਈਸ਼ਵਰ ਹੀ ਮਨੁੱਖੀ ਰੂਪ ਧਾਰ ਕੇ ਧਨੁੱਖਧਾਰੀ ਹੋ ਰਹੇ ਹਨ। ਪਰ ਮਨੁੱਖੀ ਰੂਪ ਧਾਰ ਕੇ ਵੀ ਉਹੋ ਇਲਾਹੀ ਰੰਗ ਹੈ, ਉਹੀ ਇਲਾਹੀ ਜੋਤ ਹੈ॥੧੨॥

*੧੦. ਇਸ੍ਰ ਗੁਰੂ-ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਮੰਗਲ*

ਭਵ ਪਾਵਕ ਸਿੰਧੁ ਅਗਾਧ ਜਿਨੈਂ ਸ਼ਰਨਾ ਸਰਨਾ ਤਰਨਾ ਤਰਨਾ।
ਪਰ ਐਸ਼੍ਰਰਜ ਹੇਰਿ ਰਿਦੇ ਜਰਨਾ ਨਿਜ ਓਜ ਮਹਾਂ ਜਰਨਾ ਜਰਨਾ।
ਹਰਿਰਾਇ ਪ੍ਰਭੁ ਸਮ ਕੇਹਰਿ ਕੇ ਜਨ ਦੋਸ਼ ਕਰੇ ਹਰਨਾ ਹਰਨਾ।
ਕਹਿਨਾ ਕਹਿਨਾ ਫੁਲ ਹ੍ਵੈ ਨ ਸੁਗੰਧਿ, ਗੁਰੂ ਕਰੁਨਾ ਕਰਨਾ ਕਰਨਾ ॥੧੩॥

ਇਹ ਸੰਸਾਰ ਮਾਨੋ ਅਗਨੀ ਦਾ ਅਗਾਧ ਸਾਗਰ ਹੈ, ਏਥੇ ਜਿਨ੍ਹਾਂ ਨੇ ਸ੍ਰੀ ਗੁਰੂ ਹਰਿਰਾਇ ਜੀ ਦੀ ਸ਼ਰਨ ਫੜ ਲਈ ਹੈ, ਉਨ੍ਹਾਂ ਨੇ ਤਰ ਕੇ ਪਾਰ ਹੋ ਜਾਣਾ ਹੈ। ਜਿਨ੍ਹਾਂ ਨੂੰ ਹਾਲੇ ਸ਼ਰਨ ਲੈਣ ਦੀ ਜਾਚ ਨਹੀਂ ਆਈ, ਉਨ੍ਹਾਂ ਨੇ ਤਰ ਨਹੀਂ ਸਕਣਾ ਹੈ।

ਉਨ੍ਹਾਂ ਨੇ ਪਰਾਏ ਧਨ ਦੌਲਤ ਨੂੰ ਵੇਖ ਕੇ ਦਿਲ ਵਿਚ ਸੜਨਾ ਹੈ ਤੇ ਆਪਣੇ ਬਲ ਨੂੰ ਵੱਡਾ ਜਾਣ ਕੇ ਜਰ ਨਹੀਂ ਸਕਣਾ ਹੈ। ਇਸ ਕਰਕੇ ਉਨ੍ਹਾਂ ਦੀ ਜੜ੍ਹ ਨਹੀਂ ਰਹਿਣੀ। ਪਰ ਸਤਿਗੁਰੂ ਹਰਿਰਾਇ ਜੀ ਨੇ ਆਪਣੇ ਸੇਵਕਾਂ ਦੇ ਦੋਖ ਇਸ ਪ੍ਰਕਾਰ ਖਤਮ ਕਰ ਦੇਣੇ ਹਨ, ਜਿਵੇਂ ਸ਼ੇਰ ਹਿਰਨਾਂ ਨੂੰ ਖਤਮ ਕਰ ਦਿੰਦਾ ਹੈ। ਕਥਨੀ ਮਾਤਰ ਜੋ ਕੁਝ ਹੈ, ਉਹ ਤਾਂ ਮੱਕੜੀ ਦੇ ਜਾਲੇ ਵਾਂਗ ਹੈ, ਜੋ ਨਾ ਫੁੱਲ ਹੈ ਤੇ ਨਾ ਸੁਗੰਧੀ ਹੈ। ਜਿਹੜਾ ਕਰਤਵ ਕਰਨਾ ਹੈ, ਉਹ ਗੁਰੂ ਜੀ ਦੀ ਮਿਹਰ ਨਾਲ ਹੋਣਾ ਹੈ ਤੇ ਉਹ ਸੰਗਤਰੇ ਦੇ ਫੁੱਲਾਂ ਵਾਂਗ ਸੁੰਦਰ ਅਤੇ ਸੁਗੰਧਤ ਹੈ॥੧੩॥

*੧੧. ਇਸ਼ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ*

*ਚੌਪਈ-* ਕ੍ਰਿਸ਼ਨ ਵਰਤਮਾ ਗੁਰ ਹਰਿ ਕ੍ਰਿਸ਼ਨ। ਕਾਨਨ ਕਲਿ ਕੇ ਕਲਮਲ ਕ੍ਰਿਸ਼ਨ।
ਨਾਮ ਸਰੂਪ ਬਿਸ਼ਨੁ ਹਰਿ ਕ੍ਰਿਸ਼ਨ। ਸਿਮਰਹੁ ਬੰਦਹੁ ਹ੍ਵੈ ਕਬਿ ਕ੍ਰਿਸ਼ਨ॥੧੪॥

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਲਜੁਗ ਦੇ ਕਾਲੇ ਵਣ ਨੂੰ ਬਲਦੀ ਅਗਨੀ ਵਾਂਗ ਨਾਸ਼ ਕਰਨ ਵਾਲੇ ਹਨ। ਕ੍ਰਿਸ਼ਨ ਨਾਮ ਤੋਂ ਤੇ ਪ੍ਰਭੁਤਾ ਵਾਲੇ ਸਰੂਪ ਤੋਂ ਵਿਸ਼ਨੂੰ ਜਾਪਦੇ ਹਨ, ਪਰ ਹਨ ਆਪ ਹਰਿ ਕ੍ਰਿਸ਼ਨ ਭਾਵ ਅਕਾਲ ਪੁਰਖ! ਜੇ ਉਨ੍ਹਾਂ ਨੂੰ ਸਿਮਰੀਏ ਅਤੇ ਬੰਦਨਾ ਕਰੀਏ ਤਾਂ ਕਦੀ ਵੀ ਹਾਨੀ ਨਹੀਂ ਹੁੰਦੀ ਹੈ॥੧੪॥

ਕ੍ਰਿਸ਼ਿਨਿ ਗੁਨਨ ਗਨ ਮਨਹੁ ਕ੍ਰਿਸਾਨ। ਬੰਧਨ ਬੰਸਨਿ ਬਿਪਨ ਕ੍ਰਿਸਾਨ।
ਜਿਨ ਕੇ ਪੂਜਕ ਰੇਤ ਕ੍ਰਿਸਾਨ। ਸੋ ਸਰੂਪ ਸਤਿਗੁਰ ਭਗਵਾਨ॥ ੧੫॥

ਆਪ ਗੁਰੂ ਜੀ ਸਮੂਹ ਗੁਣਾਂ ਰੂਪੀ ਖੇਤੀ ਦੀ ਰੱਖਿਆ ਅਤੇ ਪਾਲਣਾ ਕਰਨ ਵਾਸਤੇ ਕਿਸਾਨ ਵਾਂਗ ਹਨ। ਆਪਣੇ ਦਾਸਾਂ ਦੇ ਬੰਧਨਾਂ ਰੂਪੀ ਬਾਸਾਂ ਦੇ ਵਣ ਲਈ ਅਗਨੀ ਵਾਂਗ ਸਾੜ ਦੇਣ ਵਾਲੇ ਹਨ। ਸਤਿਗੁਰੂ ਜੀ ਭਗਵਾਨ ਦਾ ਸਰੂਪ ਹਨ, ਜਿਨ੍ਹਾਂ ਦੀ ਸ਼ਿਵਜੀ ਵੀ ਪੂਜਾ ਕਰਦੇ ਹਨ॥ ੧੫॥

*੧੨. ਇਸ਼ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

ਸਿਖ ਬਿਕਾਰ ਪਰਹਰਨ ਬਹਾਦੁਰ। ਜਿਸ ਕਰੁਨਾ ਸਭਿ ਥਾਨ ਮਹਾਦਰ।
ਹਿਯ ਤੇ ਸਿਮਰਤਿ ਜਤਕਤ ਹਾਦਰ। ਨਮੋ ਨਮੋ ਸ੍ਰੀ ਤੇਗ ਬਹਾਦਰ॥੧੬॥

ਸਤਿਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਵਿਕਾਰ ਨਾਸ਼ ਕਰਨ ਵਿਚ ਬੜੇ ਬਹਾਦਰ ਹਨ ਤੇ ਜਿਨ੍ਹਾਂ ਦੀ ਮਿਹਰ ਨਾਲ ਹਰ ਥਾਂ ਬੜਾ ਆਦਰ ਪਾਈਦਾ ਹੈ। ਉਨ੍ਹਾਂ ਦਾ ਹਿਰਦੇ ਵਿਚ ਸਿਮਰਨ ਕਰਨ ਨਾਲ, ਉਹ ਹਰ ਥਾਂ ਹਾਜ਼ਰ ਹੁੰਦੇ ਹਨ। ਐਸੇ ਸ੍ਰੀ ਤੇਗ ਬਹਾਦਰ ਜੀ ਨੂੰ ਮੇਰੀ ਨਮਸ਼ਕਾਰ ਹੈ, ਮੇਰੀ ਬੰਦਨਾ ਹੈ॥੧੬॥

*੧੩. ਇਸ਼ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

*ਸ੍ਵੈਯਾ-* ਬਾਰੀ ਰਚੀ ਜਸ ਉਜਲ ਕੀ ਬਿਕਸੇ ਜਿਮ ਫੂਲ ਸਦਾ ਸੁਖਬਾਰੀ।
ਬਾਰੀ ਏ ਬਾਰੀ ਰਟੇ ਜਿਸ ਨਾਮ ਉਧਾਰਤਿ ਹੈਂ ਜਗ ਜੇ ਨਿਧਿ ਬਾਰੀ।
ਬਾਰੀ ਗੁਰੂ ਪਰ, ਪੰਥ ਸ਼ੁਰੂ ਕਿਯ, ਪੈ ਸ਼ਰਨੀ, ਕਰੀਏ ਨ ਅਬਾਰੀ।
ਬਾਰੀ ਬਚਨ ਹਰੈ ਮਲ ਪਾਪਨਿ ਸ੍ਰੁਜਤਿ ਸਿੱਖ ਸਦਾ ਪਰਬਾਰੀ॥੧੭॥

ਸਾਹਿਬ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਸਦਾ ਸੁਖ ਦੇਣ ਵਾਲੀ ਉਜਲ ਜੱਸ ਦੀ ਬਗੀਚੀ ਰਚੀ ਹੈ, ਜੋ ਫੁੱਲਾਂ ਵਾਂਗ ਖਿੜੀ ਹੋਈ ਹੈ। ਸਤਿਗੁਰੂ ਜੀ ਦਾ ਪਰਮ ਪਵਿੱਤਰ ਨਾਮ ਬਾਰ-ਬਾਰ ਸਿਮਰਨ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ। ਐਸੇ ਸਤਿਗੁਰੂ ਜੀ ਉੱਪਰ ਮੈਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਖਾਲਸਾ ਪੰਥ ਨੂੰ ਜਨਮ ਦਿੱਤਾ। ਹੇ ਮੇਰੇ ਮਨ! ਹੁਣ ਦੇਰ ਨਾ ਕਰੇ ਤੇ ਤੁਰਤ ਸਤਿਗੁਰੂ ਜੀ ਦੀ ਸ਼ਰਨ ਵਿਚ ਪੈ ਜਾਵੇ। ਕਿਉਂਕਿ ਸਤਿਗੁਰੂ ਜੀ ਦਾ ਬਚਨਾਂ ਰੂਪੀ ਜਲ ਪਾਪਾਂ ਰੂਪੀ ਮੈਲ ਨੂੰ ਨਾਸ਼

ਕਰ ਦਿੰਦਾ ਹੈ। ਇਸ ਲਈ ਸਤਿਗੁਰੂ ਜੀ ਦੇ ਬਚਨ ਸਿੱਖ ਘੇਰਾ ਪਾ ਕੇ ਸਦਾ ਸੁਣਦੇ ਰਹਿੰਦੇ ਹਨ॥੧੭॥

*੧੪. ਇਸ਼ੁ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ*

*ਖਿੜ੍ਹਪਦਾ ਛੰਦ-* ਬਾਵਨ ਹ੍ਵੈ ਬਲ ਰਾਹਿ ਬੰਧਜੇ, ਬਲ ਬਾਲਿ ਬਧਜੇ, ਪੁਨ ਭੇ ਨਰ ਸਿੰਘ।
ਕੱਛਪ, ਮੱਛ, ਬਰਾਹ ਬਨੇ ਮ੍ਰਿਗ ਰਾਖਸ਼ ਦੈਤ ਹਤੇ ਜਿਮ ਸਿੰਘ।
ਰਾਮ ਭਏ, ਦਿਜ ਰਾਮ ਭਏ, ਘਨਸ਼ਜਾਮ ਭਏ ਧਰ ਮੈਂ ਨਰ ਸਿੰਘ।
ਸੋ ਕਲਿ ਮਹਿਂ ਗੁਰ ਨਾਨਕ ਰੂਪ ਦਸੋ ਤਨ ਭੇ ਲਗ ਗੋਬਿੰਦ ਸਿੰਘ ॥੧੮॥

ਪਹਿਲਾਂ ਬਾਵਨ ਰੂਪ ਹੋ ਕੇ ਬਲ ਰਾਜੇ ਨੂੰ ਬੰਨ੍ਹਿਆ, ਫਿਰ ਰਾਮ ਹੋ ਕੇ ਬਲਵਾਨ ਬਾਲੀ ਨੂੰ ਮਾਰਿਆ, ਫਿਰ ਨਰਸਿੰਘ ਰੂਪ ਹੋਏ। ਕੱਛ ਮੱਛ ਵੈਰਾਹ ਅਵਤਾਰ ਹੋ ਕੇ ਮ੍ਰਿਗਾਂ ਰੂਪ ਰਾਕਸ਼ਾਂ ਅਤੇ ਦੈਂਤਾਂ ਨੂੰ ਸ਼ੇਰ ਵਾਂਗ ਮਾਰਿਆ। ਫਿਰ ਰਾਮ ਚੰਦਰ ਰੂਪ ਹੋਏ, ਫਿਰ ਪਰਸਰਾਮ ਹੋਏ, ਫਿਰ ਕ੍ਰਿਸ਼ਨ ਰੂਪ ਵਿਚ ਧਰਤੀ ਤੇ ਨਰਾਂ ਵਿਚੋਂ ਸ਼ੇਰ ਰੂਪ ਪ੍ਰਗਟ ਹੋਏ। ਉਸ ਤਰ੍ਹਾਂ ਕਲਜੁਗ ਵਿਚ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤਕ ਵਾਹਿਗੁਰੂ ਜੀ ਦਾ ਰੂਪ ਹੋਏ ਹਨ॥੧੮॥

*ਭੂਮਿਕਾ ਤੇ ਅਰਦਾਸ*

*ਚੌਪਈ-* ਦਸਹੁਂ ਗੁਰਨਿ ਕੀ ਕਰੁਨਾ ਪਾਈ। ਦਸਹੁਂ ਗੁਰਨਿ ਕੀ ਕਥਾ ਬਨਾਈ।
ਪਨਪੁਨ ਧਰ ਪਰ ਧਰਿ ਧਰਿ ਸਿਰ ਕੋ। ਬੰਦਨ ਕਰੌਂ ਪ੍ਰੇਮ ਕਰਿ ਉਰ ਕੋ ॥੧੯॥

ਦਸਾਂ ਹੀ ਗੁਰੂ ਸਾਹਿਬਾਨ ਦੀ ਕਿਰਪਾ ਪਾ ਕੇ, ਦਸਾਂ ਹੀ ਸਤਿਗੁਰਾਂ ਜੀ ਦੀ ਕਥਾ ਬਣਾਈ ਹੈ। ਇਸ ਮਹਾਨ ਕਾਰਜ ਦੀ ਸਮਾਪਤੀ ਤੇ ਮੈਂ ਬਾਰ-ਬਾਰ ਧਰਤੀ 'ਤੇ ਸਿਰ ਧਰ-ਧਰ ਕੇ ਦਿਲੀ ਪ੍ਰੇਮ ਨਾਲ ਦਸ ਗੁਰੂ ਸਾਹਿਬਾਨ ਨੂੰ ਬੰਦਨਾ ਕਰਦਾ ਹਾਂ॥ ੧੯॥

ਪੂਰਬਾਰਧਿ ਉੱਤ੍ਰਾਰਧਿ ਦੋਇ। ਕਥਾ ਬਨੀ ਗੁਰ ਨਾਨਕ ਸੋਇ।
ਬਰਨੀ ਦ੍ਵਾਦਸ਼ ਰਾਸ਼ਿ ਅਗਾਰੀ। ਨਵਮ ਗੁਰੂ ਲਗ ਕਥਾ ਸੁਧਾਰੀ॥ ੨੦॥

ਪਹਿਲਾਂ ਪੂਰਬਾਰਧ ਅਤੇ ਉਤ੍ਰਾਰਧ ਦੋਵੇਂ ਰਚੇ, ਉਨ੍ਹਾਂ ਦੋਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਕਥਾ ਬਣਾਈ ਗਈ। ਫਿਰ ਬਾਰ੍ਹਾਂ ਰਾਸਾਂ ਉਸ ਤੋਂ ਬਾਅਦ ਕਥਨ ਕੀਤੀਆਂ, ਜਿਨ੍ਹਾਂ ਵਿਚ ਨੌਵੇਂ ਗੁਰੂ ਸਾਹਿਬਾਨ ਤਕ ਸਾਰੀ ਕਥਾ ਸੁਧਾਰ ਕੇ ਲਿਖੀ॥ ੨੦॥

ਖਟ ਰਿਤੁ ਜੁਗਤ ਬਨੇ ਜੁਗ ਐਨ। ਸ੍ਰੀ ਗੋਬਿੰਦ ਸਿੰਘ ਗਾਥਾ ਐਨ।
ਭਏ ਪ੍ਰਕਰਣ ਸਰਬ ਕੇ ਬਾਈ। ਨੌ ਰਸ ਤੇ ਪੂਰਨ ਮਤ ਥਾਂਈ॥ ੨੧॥

ਫਿਰ ਛੇ ਰੁੱਤਾਂ ਸਮੇਤ ਦੋ ਐਨ ਬਣਾਏ, ਜਿਨ੍ਹਾਂ ਵਿਚ ਠੀਕ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਰਚੀ ਹੈ। ਇਸ ਪ੍ਰਕਾਰ ਸਾਰੀ ਕਥਾ ਜਿਹੜੀ ਸਭ ਥਾਂ ਨੌਂ ਰਸਾਂ ਵਿਚ ਪੂਰਨ ਹੈ, ਦੋ ਬਾਈ ਪ੍ਰਕਰਣ ਹੋ ਗਏ ਹਨ॥ ੨੧॥

ਸ੍ਰੀ ਗੁਰ ਕੀ ਗਾਥਾ ਸ਼ੁਭ ਗੰਗਾ। ਛੰਦ ਉਮੰਗ ਉਤੰਗ ਤਰੰਗਾ।
ਕਰਾਮਾਤ ਬਰਨਨ ਜਹਿਂ ਕਹਾਂ। ਇਹੁ ਗੰਭੀਰਤਾ ਧਾਰਤਿ ਮਹਾਂ॥ ੨੨॥

ਗੁਰੂ ਸਾਹਿਬਾਨ ਦੀ ਸ੍ਰੇਸ਼ਟ ਕਥਾ ਗੰਗਾ ਸਮਾਨ ਹੈ, ਜਿਸ ਵਿਚ ਛੰਦ ਰੂਪੀ ਉੱਚੀਆਂ ਲਹਿਰਾਂ ਉੱਠ ਰਹੀਆਂ ਹਨ ਤੇ ਜਿੱਥੇ ਕਿੱਥੇ ਕਰਾਮਾਤਾਂ ਦਾ ਵਰਣਨ ਹੈ, ਉੱਥੇ ਇਹ ਗੰਗਾ ਰੂਪ ਕਥਾ, ਬੜੀ ਗੰਭੀਰਤਾ ਧਾਰ ਰਹੀ ਹੈ ਭਾਵੇਂ ਡੂੰਘੇ ਭਾਵ ਵਾਲੀ ਹੋ ਜਾਂਦੀ ਹੈ॥ ੨੨॥

ਰਾਮ ਕੁਇਰ ਗਿਰਵਰ ਤੇ ਨਿਕਸੀ। ਸਿੱਖਨ ਬਿਖੇ ਜਗਤ ਮਹਿਂ ਬਿਗਸੀ।
ਜੋਗ ਵਿਰਾਗ ਭਗਤਿ ਅਰੁ ਗ੍ਯਾਨ। ਬਸਹਿਂ ਚਾਰ ਜਲ ਜੰਤੁ ਮਹਾਨ॥੨੩॥

ਇਹ ਗੰਗਾ ਰੂਪੀ ਕਥਾ ਭਾਈ ਰਾਮ ਕੁਇਰ ਰੂਪੀ ਸ੍ਰੇਸ਼ਟ ਪਹਾੜ ਵਿਚੋਂ ਨਿਕਲੀ ਹੈ, ਤੇ ਜਗਤ ਵਿਚ ਆ ਕੇ ਸਿੱਖਾਂ ਵਿ
ਫੈਲੀ ਹੈ, ਜਿਸ ਵਿਚ ਯੋਗ, ਵੈਰਾਗ, ਭਗਤੀ ਤੇ ਗਿਆਨ ਰੂਪ ਚਾਰੇ ਹੀ ਵੱਡੇ-ਵੱਡੇ ਜਲਜੰਤੂ ਵਸਦੇ ਹਨ॥ ੨੩॥

ਜਪ ਤਪ ਸੰਜਮ ਦਾਨ ਸ਼ਨਾਨ। ਧੀਰਜ ਦਯਾ ਛਿਮਾ ਨਿਰਮਾਨ।
ਸਤਿ ਸੰਤੋਖ ਆਦਿ ਗੁਨ ਜੇਤੇ। ਲਘੁ ਜਲ ਜੰਤੁ ਵਾਸ ਕਰਿਂ ਤੇਤੇ॥੨੪॥

ਜਪ, ਤਪ, ਸੰਜਮ, ਦਾਨ, ਇਸ਼ਨਾਨ, ਧੀਰਜ, ਦਇਆ, ਛਿਮਾ, ਨਿਰਮਾਣਤਾ, ਸਤਿ ਸੰਤੋਖ ਆਦਿ ਜਿੰਨੇ ਵੀ
ਗੁਣ ਹਨ, ਇਹ ਸਾਰੇ ਛੋਟੇ ਜੀਵ ਜੰਤੂਆਂ ਦੇ ਰੂਪ ਵਿਚ ਇਸ ਵਿਚ ਵਾਸਾ ਕਰਦੇ ਹਨ॥ ੨੪॥

ਦਸ ਗੁਰ ਦਸਹੁਂ ਘਾਟ ਕੋ ਪਾਇ। ਪਾਵਨ ਭਏ ਲੋਕ ਸਮੁਦਾਇ।
ਜਨਮ ਮਰਨ ਤੇ ਆਦਿ ਕਲੇਸ਼ੂ। ਇਹ ਬਡ ਪਾਤ ਕਹਤੇ ਅਸ਼ੇਸ਼ੂ॥ ੨੫॥

ਫਿਰ ਦਸਾਂ ਗੁਰਾਂ ਦਾ ਜੋ ਵਰਣਨ ਹੈ, ਇਹ ਦਸ ਘਾਟ ਹਨ, ਇਨ੍ਹਾਂ ਨੂੰ ਪਾ ਕੇ ਬਹੁਤ ਲੋਕ ਪਵਿੱਤਰ ਹੋ ਰਹੇ ਹਨ, ਤੇ
ਜਨਮ ਮਰਨ ਆਦਿ ਜਿਹੜੇ ਕਲੇਸ਼ ਹਨ, ਇਨ੍ਹਾਂ ਵੱਡੇ-ਵੱਡੇ ਸਮੂਹ ਪਾਪਾਂ ਨੂੰ ਇਹ ਗੰਗਾ ਰੂਪ ਕਥਾ ਨਾਸ਼ ਕਰਦੀ ਹੈ॥ ੨੫॥

ਗੁਰਸਿਖ ਜੋਗੀ ਮੁਨਿ ਰਿਖਿ ਭਾਰੀ। ਗੁਰ ਮਹਿੰਮਾ ਗੰਗਾ ਤਿਨ ਪਜਾਰੀ।
ਪਠਨ ਸੁਨਨਿ ਸੁਭ ਅਰਥ ਵਿਚਾਰਨ। ਪਾਕ ਸ਼ਨਾਨ ਹਰਖ ਕਰਿ ਧਾਰਨ॥੨੬॥

ਗੁਰੂ ਜੀ ਦੇ ਸਿੱਖ ਜਿਹੜੇ ਜੋਗੀ, ਮੁਨੀ ਤੇ ਭਾਰੀ ਰਿਖੀਆਂ ਵਾਂਗ ਹਨ, ਇਨ੍ਹਾਂ ਨੂੰ ਗੁਰੂ ਮਹਿਮਾ ਰੂਪ ਗੰਗਾ ਵਾਂਗ
ਪਿਆਰੀ ਹੈ, ਪੜ੍ਹਨਾ, ਸੁਣਨਾ ਤੇ ਅਰਥਾਂ ਦਾ ਸੋਹਣਾ ਵਿਚਾਰ ਕਰਨਾ ਇਹ ਪੀਣ ਤੇ ਪ੍ਰਸੰਨਤਾ ਸਹਿਤ ਇਸ਼ਨਾਨ ਕਰਨ ਤੇ
ਸੀਸ ਤੇ ਧਾਰਨ ਦੇ ਤੁੱਲ ਹੈ॥ ੨੬॥

ਸਿਖ ਸੰਗਤ ਗੁਰ ਪ੍ਰੇਮੀ ਪਜਾਰੇ। ਲਿਖੈਂ ਸੁਨੈਂ ਜਸ ਗਾਵਨ ਹਾਰੇ।
ਗੁਰ ਮਹਿਮਾ ਗੰਗਾ ਕਉ ਪਾਇ। ਭਏ ਮੁਕਤਿ ਗੁਰ ਰੂਪ ਸਮਾਇ॥ ੨੭॥

ਸਿੱਖ ਸੰਗਤ ਤੇ ਗੁਰੂ ਜੀ ਦੇ ਪਿਆਰੇ ਪ੍ਰੇਮੀ, ਲਿਖਣ, ਸੁਣਨ ਤੇ ਜੱਸ ਗਾਉਣ ਵਾਲੇ ਗੁਰ ਮਹਿਮਾ ਰੂਪ ਗੰਗਾ ਨੂੰ ਪਾ ਕੇ
ਗੁਰਾਂ ਦੇ ਰੂਪ ਵਿਚ ਸਮਾ ਕੇ ਮੁਕਤ ਹੋ ਗਏ ਹਨ॥ ੨੭॥

ਅਬਿ ਮੈਂ ਸਭਿ ਆਗੇ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ।
ਅਸਿ ਤਿੱਖੀ ਸਿੱਖੀ ਅਸਿ ਜਾਚਿ। ਚਿਤ ਕੀ ਬ੍ਰਿਤੀ ਸਾਚ ਮਹਿਂ ਰਾਚ॥ ੨੮॥

ਹੁਣ ਮੈਂ ਸਾਰਿਆਂ ਅੱਗੇ ਹੱਥ ਜੋੜ ਕੇ ਬਾਰ-ਬਾਰ ਬੇਨਤੀ ਕਰਕੇ ਖੰਡੇ ਦੀ ਧਾਰ ਤੋਂ ਤਿੱਖੀ ਜੋ ਸਿੱਖੀ ਹੈ, ਐਸੀ ਸਿੱਖੀ ਨੂੰ
ਮੰਗਦਾ ਹਾਂ, ਤਾਂਕਿ ਮੇਰੀ ਬ੍ਰਿਤੀ ਸੱਤ ਸਰੂਪ ਵਾਹਿਗੁਰੂ ਵਿਚ ਰਹੇ ਜਾਂ ਉਸ ਵਿਚ ਰਚ ਜਾਵੇ॥ ੨੮॥

ਲਹੌਂ ਦਰਸ ਗੁਰ ਦਿਹੁ ਇਮ ਬਰ ਕੋ। ਜਿਸ ਤੇ ਬ੍ਰਹਮ ਬਜਾਨ ਹੁਇ ਉਰ ਕੋ।
ਜਨਮ ਮਰਨ ਕੌ ਕਸ਼ਟ ਬਡੇਰਾ। ਬਹੁਰ ਨ ਜਗ ਮੈਂ ਹੁਇ ਕਬਿ ਫੇਰਾ॥੨੯॥

ਮੈਨੂੰ ਗੁਰਾਂ ਦੇ ਦਰਸ਼ਨ ਪ੍ਰਾਪਤ ਹੋਣ, ਇਸ ਪ੍ਰਕਾਰ ਦਾ ਮੈਨੂੰ ਵਰ ਦੇਵੋ, ਜਿਸ ਕਰਕੇ ਬ੍ਰਹਮ ਦਾ ਗਿਆਨ ਮੇਰੇ ਹਿਰਦੇ
ਵਿਚ ਪ੍ਰਗਟ ਹੋਵੇ ਤੇ ਜਨਮ ਮਰਨ ਦਾ ਵੱਡਾ ਦੁਖ ਕੱਟਿਆ ਜਾਵੇ ਤੇ ਜਗਤ ਵਿਚ ਫਿਰ ਦੁਬਾਰਾ ਫੇਰਾ ਨਾ ਪਵੇ॥ ੨੯॥

ਜਿਨਹੁਂ ਗੁਰਨਿ ਲਾਖਹੁਂ ਨਿਸਤਾਰੇ। ਜੁਗ ਲੋਕਨਿ ਸੁਖ ਦਯੋ ਉਦਾਰੇ।
ਮਹਿ ਮਹਿਂ ਮਹਿਮਾ ਮਹਾਂ ਮਹਾਨ। ਛਪੀ ਨਹੀਂ ਸਭਿ ਲਖਹਿ ਜਹਾਨ॥੩੦॥

ਜਿਨ੍ਹਾਂ ਗੁਰੂ ਸਾਹਿਬਾਨ ਨੇ ਲੋਕਾਂ ਦਾ ਕਲਿਆਣ ਕੀਤਾ ਹੈ ਤੇ ਦੇਵਾ ਲੋਕਾਂ ਦਾ ਵੱਡਾ ਸੁਖ ਦਿੰਦੇ ਹਨ, ਫਿਰ ਜਿਨ੍ਹਾਂ ਦੀ ਧਰਤੀ ਉੱਪਰ ਵੱਡੀ ਤੋਂ ਵੱਡੀ ਮਹਿਮਾ ਹੈ, ਸਾਰਾ ਜਹਾਨ ਜਾਣਦਾ ਹੈ, ਇਹ ਗੱਲ ਲੁਕੀ ਛੁਪੀ ਨਹੀਂ ਹੈ, ਉਹ ਸਤਿਗੁਰੂ ਜੀ ਕੀ ਕਰਦੇ ਹਨ ? ॥ ੩੦ ॥

ਕਬਿੱਤ- ਸਾਚ ਰੂਪ ਆਪਨੋ ਪਛਾਨਿ ਉਦਦੇਸ਼ ਦੇਤਿ, ਕੂਰ ਤੇ ਅਹੰਤਾ ਤਾਤਕਾਲ ਬਿਨਸਾਵਈਂ।
ਚੇਤਨ ਬਤਾਇਕੈ ਅਚੇਤਨ ਕੋ ਤਜਾਗ ਕਰਿ ਸੂਖਮ ਸੁਮੌਤਿ ਤੇ ਅਲੱਖ ਕੋ ਲਖਾਵਈਂ।
ਆਨੰਦ ਬਿਲੰਦ ਕੋ ਉਦਧਿ ਮੈਂ ਸਮਾਇ ਕਰਿ ਸਿੱਖ ਕੋ ਉਧਾਰਿ, ਬੰਧ ਗਾਢੇ ਛੁਟਕਾਵਈਂ।
ਏਕ ਅਸਤਿ ਭਾਂਤਿ ਪ੍ਰਿਯ ਸਰਬਥਾ ਸੰਤੋਖ ਸਿੰਘ ਨਮੋ ਨਮੋਂ ਗੁਰ ਉਰ ਠੀਕ ਠਹਿਰਾਵਈਂ॥੩੧॥

ਉਹ ਸਤਿਗੁਰੂ ਜੀ ਐਸਾ ਉਪਦੇਸ਼ ਦਿੰਦੇ ਹਨ ਕਿ ਜੀਵ ਆਪਣਾ ਸੱਤ ਸਰੂਪ ਪਛਾਣ ਲੈਂਦਾ ਹੈ ਤੇ ਉਸਦੀ ਅਹੰਤਾ ਤੇ ਅਸੱਤ ਵਿਚ ਲਗਨ ਤੁਰਤ ਨਾਸ਼ ਕਰ ਦਿੰਦੇ ਹਨ। ਚੇਤਨ ਨੂੰ ਦੱਸ ਕੇ ਅਚੇਤਨ ਦਾ ਤਿਆਗ ਕਰਵਾ ਕੇ ਅਲੱਖ ਵਾਹਿਗੁਰੂ ਨੂੰ ਵਿਖਾ ਦਿੰਦੇ ਹਨ। ਬੜੇ ਅਨੰਦ ਵਿਚ ਸਮਾ ਕੇ ਸਿੱਖ ਦਾ ਉਧਾਰ ਕਰਦੇ ਹਨ ਤੇ ਉਸ ਦੇ ਕਰੜੇ ਬੰਧਨ ਸਦਾ ਲਈ ਛੁੜਵਾ ਦਿੰਦੇ ਹਨ। ਇਕ ਜੋ ਸਭ ਤਰ੍ਹਾਂ ਨਾਲ ਅਸਤੀ ਭਾਂਤੀ ਪਿਆਰਾ ਰੂਪ ਹੈ, ਉਸ ਨੂੰ ਹਿਰਦੇ ਵਿਚ ਠੀਕ ਠਹਿਰਾ ਦਿੰਦੇ ਹਨ। ਐਸੇ ਗੁਰੂ ਜੀ ਨੂੰ ਕਵੀ ਸੰਤੋਖ ਸਿੰਘ ਬਾਰ-ਬਾਰ ਬੰਦਨਾ ਕਰਦਾ ਹੈ॥ ੩੧ ॥

ਭੇਤ ਨ ਸਜਾਤੀ ਨ ਵਿਜਾਤੀ ਨ ਸੁਗਤਿ ਜਾਂ ਮੈ ਕਲਪਤਿ ਦ੍ਵੈਤ ਕੋ ਸਮੂਲ ਬਿਨਸਾਵਈਂ।
ਰੱਜੁ ਮੈਂ ਸਰਪ ਕੋ ਅਤਜੰਤਾ ਭਾਵ ਤੈਸੇ ਲਖਿ, ਏਕ ਪਰਮਾਤਮਾਂ ਅਨੇਕਤਾ ਉਠਾਵਈ।
ਸੱਤਿਨਾਮ ਜਾਪ ਦੀਨਿ ਤੀਨ ਤਾਪ ਕੀਨ ਹੀਨ, ਸ਼੍ਰਵਨਿ ਮਨਨਿ ਨਿੱਧਜਾਸਨਿ ਲੋ ਧਜਾਵਈ।
ਗੁਰੂ ਸ਼ਰਨਾਵਈ ਸੁ ਕਜੋਂ ਨ ਗਤਿ ਪਾਵਈ, ਭਗਤਿ ਜੋ ਕਮਾਵਈ ਕਲੇਸ਼ਨਿ ਮਿਟਾਵਈ॥੩੨॥

ਗੁਰੂ ਜੀ ਸਾਡੀ ਸਮਝ ਵਿਚੋਂ ਕਲਪੀ ਹੋਈ ਅਵਿਦਿਆ ਨੂੰ ਜੜ੍ਹਾਂ ਸਮੇਤ ਦੂਰ ਕਰ ਦਿੰਦੇ ਹਨ। ਇਹ ਅਨੁਭਵ ਕਰਕੇ ਕਿ ਬ੍ਰਹਮ ਵਿਚ ਨਾ ਸਜਾਤੀ, ਨਾ ਵਿਜਾਤੀ, ਨਾ ਸੁਗਤੀ ਭੇਦ ਕੁਝ ਵੀ ਨਹੀਂ ਹੈ। ਜਿਵੇਂ ਰੱਸੀ ਵਿਚ ਸੱਪ ਦਾ ਭਾਵ ਹੈ, ਉਸ ਪ੍ਰਕਾਰ ਪਰਮਾਤਮਾ ਨੂੰ ਹੀ ਇਕ ਤੱਤ ਸਰੂਪ ਸਮਝ ਲਵੇ ਤੇ ਇਸ ਵਿਚ ਕੀਤੀ ਅਨੇਕਤਾ ਜਗਤ ਦੀ ਕਲਪਨਾ ਦੂਰ ਕਰ ਦੇਵੇ। ਇਸ ਪ੍ਰਾਪਤੀ ਲਈ ਸਤਿਗੁਰਾਂ ਨੇ ਸਾਨੂੰ ਸਤਿਨਾਮ ਦਾ ਜਾਪ ਬਖਸ਼ਿਆ ਹੈ। ਜਿਸ ਨੇ ਸਾਡੇ ਤਿੰਨ ਤਾਪ ਦੂਰ ਕੀਤੇ ਅਤੇ ਸੁਣਨ ਮਨਨ ਤੋਂ ਲੈ ਨਿਧਆਸਨ ਤੱਕ ਨਾਮ ਦੇ ਧਿਆਨ ਵਿਚ ਲਾ ਦਿੱਤਾ। ਐਸੇ ਗੁਰੂ ਜੀ ਦੀ ਜੋ ਸ਼ਰਨ ਆਵੇਗਾ, ਉਹ ਫਿਰ ਕਿਉਂ ਨਾ ਮੁਕਤੀ ਪਾਵੇਗਾ। ਨਿਸ਼ਚੇ ਰੂਪ ਵਿਚ ਜਿਹੜਾ ਪ੍ਰਭੂ ਦੀ ਭਗਤੀ ਕਰੇਗਾ, ਉਹ ਸਾਰੇ ਕਲੇਸ਼ਾਂ ਨੂੰ ਮਿਟਾ ਲਵੇਗਾ॥ ੩੨ ॥

ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨਾ ਭਿਖਾਰੀ ਦੀਨ ਤੋ ਸੋ ਨਾ ਦਿਆਲ, ਦੁਖੀ ਮੋ ਸੋ ਨਾ ਅਲਾਈਏ।
ਮੋ ਸੋ ਨਹੀਂ ਕ੍ਰਿੱਤਘਣ, ਤੋ ਸੋ ਉਪਕਾਰੀ ਨਾਂਹਿ, ਮੋ ਸੋ ਨ ਅਨਾਥ, ਨਾਥ ਤੋ ਸੋ ਨਾ ਬਤਾਈਏ।
ਔਗੁਨੀ ਨ ਮੋ ਸੋ ਕੋਊ, ਗੁਣਵਾਨ ਤੋ ਸੋ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ।
ਕਵਿ ਆਇਓ ਹੈ ਸ਼ਰਨ, ਗਹੇ ਧਾਇਕੇ ਚਰਨ ਗੁਰ ਤਾਰਨ ਤਰਨ, ਨਿਜ ਹਾਥ ਦੈ ਬਚਾਈਏ ॥੩੩ ॥

ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ! ਤੁਹਾਡੇ ਵਰਗਾ ਹੋਰ ਕੋਈ ਦਾਤਾ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਗ਼ਰੀਬ ਕੰਗਾਲ ਨਹੀਂ ਹੈ। ਤੁਹਾਡੇ ਵਰਗਾ ਕੋਈ ਦਿਆਲੂ ਕਿਰਪਾਲੂ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਦੁਖੀ ਨਹੀਂ ਕਿਹਾ ਜਾ ਸਕਦਾ। ਮੇਰੇ ਵਰਗਾ ਕੋਈ ਕ੍ਰਿਤਘਣ ਨਹੀਂ ਅਤੇ ਤੁਹਾਡੇ ਵਰਗਾ ਕੋਈ ਉਪਕਾਰੀ ਨਹੀਂ। ਮੇਰੇ ਵਰਗਾ ਕੋਈ ਅਨਾਥ ਨਹੀਂ ਅਤੇ ਤੁਹਾਡੇ ਵਰਗਾ ਕੋਈ ਸੁਆਮੀ ਨਹੀਂ ਸੁਣਿਆ ਹੈ। ਮੇਰੇ ਵਰਗਾ ਕੋਈ ਗੁਣਹੀਣ ਨਹੀਂ ਅਤੇ ਤੁਹਾਡੇ ਵਰਗਾ ਕੋਈ ਗੁਣਵਾਨ

ਨਹੀਂ। ਮੇਰੇ ਵਿਚ ਕੋਈ ਵੀ ਦੈਵੀ ਗੁਣ ਜਿਵੇਂ ਜਪ, ਤਪ ਅਤੇ ਬ੍ਰਤ ਆਦਿ ਇਕ ਵੀ ਨਹੀਂ ਹੈ। ਇਸ ਕਰਕੇ ਇਹ ਕਵੀ ਤੁਹਾਡੀ ਸ਼ਰਨ ਆਇਆ ਹੈ ਅਤੇ ਭੱਜ ਕੇ ਤੁਹਾਡੇ ਚਰਨ ਆ ਫੜੇ ਹਨ। ਹੇ ਤਾਰਨਹਾਰ ਗੁਰੂ ਜੀ ! ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ॥ ੩੩ ॥

ਦੋਹਰਾ- ਸਤਿਗੁਰ ਮਮ ਬੇਰੀ ਕਟੋ ਨਿਜ ਬੇਰੀ ਪਰ ਚਾਰਿ।
ਇਹ ਬੇਰੀ ਹੁਇ ਭਵ ਸਫਲ ਬਿਨ ਬੇਰੀ ਕਰਿ ਪਾਰਿ॥ ੩੪ ॥

ਹੇ ਸਤਿਗੁਰੂ ਜੀ ! ਮੇਰੀਆਂ ਬੇੜੀਆਂ ਕੱਟ ਦੇਵੋ ਅਤੇ ਆਪਣੇ ਬੇੜੇ ਉੱਪਰ ਚੜ੍ਹਾ ਕੇ ਬਿਨਾਂ ਦੇਰੀ ਦੇ ਸੰਸਾਰ ਸਾਗਰ ਤੋਂ ਪਾਰ ਕਰ ਦੇਵੋ, ਤਾਂਕਿ ਇਸ ਵਾਰ ਮੇਰਾ ਜਨਮ ਸਫਲ ਹੋ ਜਾਵੇ॥ ੩੪ ॥

*(ਕੈਂਥਲ ਦੀ ਲੁੱਟ ਤੇ ਗ੍ਰੰਥ ਸਮਾਪਤੀ ਦਾ ਮਹੀਨਾ ਸੰਮਤ)*

ਦੋਹਰਾ- ਸ਼ੂਨ ਸ਼ੂਨ ਗ੍ਰੈਹ ਆਤਮਾ ਸੰਮਤ ਆਦਿ ਪਛਾਨ।
ਮਧੂ ਮਾਸ ਸ਼ੱਤ੍ਰੂਨਿ ਕਰਿ ਭਾ ਉਤਪਾਤ ਮਹਾਨ॥ ੩੫ ॥

ਸੰਮਤ ਬਿਕ੍ਰਮੀ ੧੯੦੦ ਦਾ ਆਰੰਭ ਪਛਾਣ ਲਵੋ ਜਦੋਂ ਚੇਤ ਦੇ ਮਹੀਨੇ ਵੈਰੀਆਂ ਕਰਕੇ ਵੱਡਾ ਉਪੱਦਰ ਹੋਇਆ॥ ੩੫ ॥

ਪਰੀ ਲੂਟ ਕਪਿਥਲ ਵਿਖੇ ਮਿਲੇ ਚੋਰ ਬਟਪਾਰ।
ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕਬਾਰ॥ ੩੬ ॥

ਕੈਂਥਲ ਵਿਖੇ (ਜਿੱਥੇ ਕਵੀ ਜੀ ਰਹਿੰਦੇ ਸਨ) ਲੁੱਟ ਮੱਚ ਗਈ, ਫਿਰ ਚੋਰ ਤੇ ਧਾੜਵੀ ਵੀ ਲੁੱਟਣ ਲਈ ਆ ਮਿਲੇ, ਲੋਕ ਸ਼ਹਿਰ ਨੂੰ ਛੱਡ ਕੇ ਇਕ ਵਾਰ ਆਪਣਾ ਆਪ ਲੈ ਕੇ ਭੱਜ ਨਿਕਲੇ॥ ੩੬ ॥

ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਖੁ ਛੀਨਿ।
ਸੰਤਨਿ ਕੇ ਅਸਥਾਨ ਭੀ ਲੂਟਿ ਕੂਟਿ ਭੈ ਦੀਨਿ॥ ੩੭ ॥

ਫਿਰੰਗੀਆਂ ਨੇ ਸਿੰਘ ਫੜ ਲਏ, ਉਹਨਾਂ ਦਾ ਧਨ ਅਤੇ ਘਰ ਖੋਹ ਕੇ ਕੈਦ ਕਰ ਲਏ ਤੇ ਸੰਤਾਂ ਦੇ ਅਸਥਾਨ ਵੀ ਕੁੱਟ ਦਾ ਡਰ ਦੇ ਦੇ ਕੇ ਲੁੱਟੇ॥ ੩੭ ॥

ਅਸ ਅਪਦਾ ਕੇ ਦਿਨਨਿ ਮਹਿਂ ਸਤਿਗੁਰ ਭਏ ਸਹਾਇ।
ਭਯੋ ਨ ਬੰਕੋ ਬਾਰ ਭੀ ਦੈ ਦੈ ਹਾਥ ਬਚਾਇ॥ ੩੮ ॥

ਐਸੀ ਬਿਪਤਾ ਦੇ ਦਿਨਾਂ ਵਿਚ ਸਤਿਗੁਰੂ ਜੀ ਮੇਰੇ ਸਹਾਈ ਹੋਏ ਤੇ ਮੇਰਾ ਵਾਲ ਵੀ ਵਿੰਗਾ ਨਾ ਹੋਇਆ ਤੇ ਗੁਰੂ ਜੀ ਨੇ ਹੱਥ ਦੇ ਕੇ ਮੈਨੂੰ ਬਚਾ ਲਿਆ॥ ੩੮ ॥

ਚਹੁੰ ਦਿਸ਼ ਅਪਨ ਬਿਰਾਨ ਨਰ ਦੁਸ਼ਮਨ ਭੇ ਤਿਸ ਕਾਲ।
ਮਮ ਰੱਛਾ ਸਤਿਗੁਰ ਕਰੀ ਸਭ ਮਹਿਂ ਬਿਦਤ ਹਵਾਲ ॥੩੯ ॥

ਉਸ ਵੇਲੇ ਚਾਰੇ ਪਾਸਿਆਂ ਦੇ ਆਪਣੇ ਤੇ ਪਰਾਏ ਮਨੁੱਖ ਦੁਸ਼ਮਣ ਹੋ ਗਏ ਸਨ, ਪਰ ਮੇਰੀ ਰੱਖਿਆ ਸਤਿਗੁਰੂ ਜੀ ਨੇ ਆਪ ਕਰ ਲਈ, ਇਹ ਹਾਲ ਸਭ ਲੋਕਾਂ ਵਿਚ ਪ੍ਰਗਟ ਹੈ॥ ੩੯ ॥

ਸਾਵਨ ਮਹਿਂ ਇਸ ਗ੍ਰੰਥ ਕੀ ਭਈ ਸਮਾਪਤਿ ਆਇ।
ਬਿਘਨ ਬ੍ਰਿੰਦ ਤੇ ਬਚ ਰਹੇ ਸ੍ਰੀ ਕਰਤਾਰ ਸਹਾਇ॥ ੪੦ ॥

ਉਸ ਤੋਂ ਪਿਛੋਂ ਸਾਉਣ ਦੇ ਮਹੀਨੇ ਉਸੇ ਸਾਲ ਵਿਚ ਇਸ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਮਾਪਤੀ ਹੋਈ। ਸ੍ਰੀ ਕਰਤਾਰ ਨੇ ਸਹਾਇਤਾ ਕੀਤੀ ਜਿਸ ਕਰਕੇ ਸਮੂਹ ਵਿਘਨਾਂ ਤੋਂ ਮੈਂ ਬਚਿਆ ਰਿਹਾ॥ ੪੦॥

ਦਾਸ ਜਾਨ ਕਰਿ ਆਪਨੋ ਜੁਗ ਲੋਕਨਿ ਸੁਖ ਦੈਨ।
ਰਾਖੇ ਦੇ ਕਰਿ ਹਾਥ ਗੁਰ ਭਈ ਕਸ਼ਲ ਸਭਿ ਚੈਨ॥ ੪੧॥

ਦੋਹਾਂ ਲੋਕਾਂ ਵਿਚ ਸੁਖ ਦੇਣ ਵਾਲੇ ਸਤਿਗੁਰੂ ਜੀ ਨੇ, ਮੈਨੂੰ ਆਪਣਾ ਦਾਸ ਜਾਣ ਕੇ ਆਪਣਾ ਹੱਥ ਦੇ ਕੇ ਰੱਖ ਲਿਆ ਤੇ ਸਭ ਤਰ੍ਹਾਂ ਕੁਸ਼ਲ ਤੇ ਆਰਾਮ ਹੋ ਗਿਆ॥ ੪੧॥

*ਦੂਸਰੇ ਐਨ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥*

*ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੩) ਸਮਾਪਤ ਹੋਇਆ॥*

## *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਗਿਆਰਵੀਂ ਸਮਾਪਤ ਹੋਈ॥*

## *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਸਮਾਪਤ ਹੋਇਆ॥*

☆☆☆